ਖੂਨ ਕੇ ਸੋਹਿਲੇ ਗਾਵੀਅਹਿ ਨਾਨਕ

ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਬਾਰੇ ਦਸਤਾਵੇਜ਼ੀ ਨਾਵਲ



ਜਸਵੰਤ ਸਿੰਘ ਕੰਵਲ

ਸੰਗਮ ਵਿਚ ਪ੍ਰਕਾਸ਼ਿਤ ਲੇਖਕ ਦੀਆਂ ਕੁੱਲ ਰਚਨਾਵਾਂ

ਨਾਵਲ:—

1. ਸੰਧੂਰਾਂ
2. ਲੱਧਾ ਪਰੀ ਨੇ ਚੰਨ ਉਜਾੜ ਵਿਚੋਂ
3. ਇਕ ਹੋਰ ਹੈਲਨ
4. ਸੱਚ ਨੂੰ ਫਾਂਸੀ
5. ਪਾਲੀ
6. ਪੂਰਨਮਾਸ਼ੀ
7. ਰਾਤ ਬਾਕੀ ਹੈ
8. ਸਿਵਲ ਲਾਈਨਜ਼
9. ਰੂਪਧਾਰਾ
10. ਹਾਣੀ
11. ਦੇਵਦਾਸ
12. ਭਵਾਨੀ
13. ਮਿੱਤਰ ਪਿਆਰੇ ਨੂੰ
14. ਤਾਰੀਖ ਵੇਖਦੀ ਹੈ
15. ਜੇਰਾ
16. ਬਰਫ਼ ਦੀ ਅੱਗ
17. ਲਹੂ ਦੀ ਲੋਅ
18. ਮੌੜਾ
19. ਸੂਰ-ਸਾਂਝ
20. ਐਨਿਆਂ 'ਚੋਂ ਉਠੋ ਸੂਰਮਾ
21. ਅਹਿਸਾਸ
22. ਖ਼ੂਬਸੂਰਤ ਦੁਸ਼ਮਣ
23. ਤੌਸ਼ਾਲੀ ਦੀ ਹੰਸੋ
24. ਮੂਮਲ
25. ਰੂਪਮਤੀ
26. ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ
27. ਮੁਕਤੀ ਮਾਰਗ

ਬੱਚਿਆਂ ਅਤੇ ਗਭਰੂਟਾਂ ਲਈ ਨਾਵਲ

1. ਹੁਨਰ ਦੀ ਜਿੱਤ
2. ਜੰਗਲ ਦੇ ਸ਼ੇਰ
3. ਸੂਰਮੇ
4. ਨਵਾਂ ਸੰਨਿਆਸ
4. ਕਾਲਾ ਹੰਸ
6. ਝੀਲ ਦੇ ਮੋਤੀ
7. ਕੀੜੀ ਦਾ ਹੰਕਾਰ

ਸਵੈ-ਜੀਵਨੀ:

1. ਪੁੰਨਿਆਂ ਦਾ ਚਾਨਣ

ਕਹਾਣੀਆਂ:—

1. ਮੇਰੀਆਂ ਸਾਰੀਆਂ ਕਹਾਣੀਆਂ (I ਤੋਂ IV)
2. ਕੰਡੇ
3. ਜ਼ਿੰਦਗੀ ਦੂਰ ਨਹੀਂ
4. ਸੰਧੂਰ
5. ਰੂਪ ਦੇ ਰਾਖੇ
6. ਫੁੱਲਾਂ ਦਾ ਮਾਲੀ
7. ਰੂਹ ਦਾ ਹਾਣ
8. ਗਵਾਚੀ ਪੱਗ
9. ਹਾਉਕਾ ਤੇ ਮੁਸਕਾਣ
10. ਮਾਈ ਦਾ ਲਾਲ
11. ਚਿੱਕੜ ਦੇ ਕੰਵਲ
12. ਲੰਮੇ ਵਾਲਾਂ ਦੀ ਪੀੜ
13. ਜੰਗ ਪੰਜਾਬ ਦਾ
14. ਜਸਵੰਤ ਸਿੰਘ ਕੰਵਲ ਦੀਆਂ ਸ੍ਰੇਸ਼ਟ ਕਹਾਣੀਆਂ

ਰਾਜਸੀ ਲੇਖ:—

1. ਕੌਮੀ ਵਸੀਅਤ
2. ਜਿੱਤ ਨਾਮਾ
3. ਸਿੱਖ ਜਦੋਜਹਿਦ
4. ਜਦੋਜਹਿਦ ਜਾਰੀ ਰਹੇ
5. ਕੰਵਲ ਕਹਿੰਦਾ ਰਿਹਾ
6. ਪੰਜਾਬ ਦਾ ਸੱਚ
7. ਆਪਣਾ ਕੌਮੀ ਘਰ
8. ਸਾਡੇ ਦੋਸਤ ਸਾਡੇ ਦੁਸ਼ਮਣ
9. ਹਾਲ ਮੁਰੀਦਾਂ ਦਾ
10. ਸਚੁ ਕੀ ਬੇਲਾ
11. ਪੰਜਾਬੀਓ! ਜੀਣਾ ਐ ਕਿ ਮਰਨਾ
12. ਕੌਮੀ ਲਲਕਾਰ
13. ਪੰਜਾਬ! ਤੇਰਾ ਕੀ ਬਣੂੰ

ਰੇਖਾ ਚਿੱਤਰ

1. ਗੋਰਾ ਮੁੱਖ ਸੱਜਣਾ ਦਾ
2. ਜ਼ਹੂ ਦਾ ਮੋਤੀ
3. ਮਰਨ ਮਿੱਤਰਾਂ ਦੇ ਅੱਗੇ

ਕਵਿਤਾ :

1. ਭਾਵਨਾ
2. ਸਾਧਨਾ

ਜ਼ਿੰਦਗੀ ਬਾਰੇ ਖਿਆਲ:

1. ਜੀਵਨ ਕਣੀਆਂ

ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਬਾਰੇ ਨਾਵਲ

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ

(ਦਸਤਾਵੇਜ਼ੀ ਨਾਵਲ)

ਜਸਵੰਤ ਸਿੰਘ ਕੰਵਲ

ਸੰਗਮ ਪਬਲੀਕੇਸ਼ਨਜ਼, ਸਮਾਣਾ

Khoon Ke Sohile Gaviaih Nanak

(a novel)

by

Jaswant Singh Kanwal
V.P.O. Dhudike, Distt. Moga
Ph. 01636-269303

ISBN 978-93-80918-40-2

Price Rs.350/-

Published by
Sangam Publications
Sekhon Colony, near bus stand
Samana-147101, Distt. Patiala (Pb.)
Ph. 01764-223047,222347
Mob. 9815243917

Printed at: Shiv Shakti Printers, Delhi

ਖ਼ਾਲਸੇ ਦੀ ਤਿੰਨ ਸੌ ਸਾਲਾ ਸ਼ਤਾਬਦੀ ਨੂੰ
ਅਤੇ
ਅਣਖ਼ੀਲੇ ਪੰਜਾਬੀਆਂ ਅਤੇ ਗੌਰਵ ਮੱਤੇ ਸਿਦਕੀ ਸਿੰਘਾਂ ਨੂੰ
ਜਿਹੜੇ ਪੰਜਾਬ ਦੀ ਹਸਤੀ ਨੂੰ ਹਰ ਪੱਖੋਂ ਆਜ਼ਾਦ ਵੇਖਣਾ ਚਾਹੁੰਦੇ ਹਨ;
ਬੜੇ ਹੀ ਮਾਣ ਤੇ ਸਤਿਕਾਰ ਨਾਲ ਭੇਟ ਕਰਦਾ ਹਾਂ।

ਸਮੁੱਚੇ ਪੰਜਾਬੀਆਂ ਦਾ ਬਾਈ
ਤੇ ਸਿੱਖ ਸੰਗਤ ਦਾ ਦਾਸਨ ਦਾਸ,

ਜਸਵੰਤ ਸਿੰਘ ਕੰਵਲ

ਵਾਹਿਗੁਰੂ !

ਮੈਂ ਤੇਰੀ ਅਪਾਰ ਸ਼ਕਤੀ ਵਿਚ ਭਰੋਸਾ ਰੱਖਦਾਂ,
ਸਾਇੰਸ ਨੂੰ ਲੋਕਾਂ ਦੀ ਸੇਵਕਾ ਸਮਝਦਾ ਆਂ।
ਧਰਮ ਨੇ ਕਿਤੇ ਨਹੀਂ ਆਖਿਆ, ਸਾਇੰਸ 'ਤੇ ਵਿਸ਼ਵਾਸ ਨਾ ਕਰੋ।
ਮਨੁੱਖਤਾ ਦੇ ਸੱਚੇ ਸਪੂਤ, ਸਾਇੰਸਦਾਨ।
ਗੁਰਬਾਣੀ ਹਰ ਤਰ੍ਹਾਂ ਮਾਨਸਿਕ ਬੰਦਨ ਕੱਟਣਹਾਰੀ ਹੈ।
ਤੇਰੀ ਬਖ਼ਸ਼ਿਸ਼ ਕਲਮ, ਮੈਂ ਲੋਕਾਂ ਦੀ ਅਰਾਧਨਾ ਵਿਚ,
ਸਮਰਪਿਤ ਕਰਦਾ ਹਾਂ, ਇੱਕ ਸ਼ਕਤੀ, ਇੱਕ ਭਗਤੀ।
ਗੁਰਦੇਵ ਸ਼ਕਤੀ ਬਖ਼ਸ਼ੋ?
ਸੱਚ ਦੇ ਰਾਹ ਤੁਰੇ ਸਿਰੜੀ ਲੋਕਾਂ ਨਾਲ ਖਲੋਤਾ ਰਹਿ ਸਕਾਂ।
ਛੋਹੇ ਕਾਰਜ ਨੂੰ ਪੂਰਿਆਂ ਕਰਨ ਲਈ ਮੇਰੀ ਪਿੱਠ 'ਤੇ ਆਓ।
ਲੋਕਾਂ ਦਾ ਕਰਜ਼ਾ ਲਾਹਾਂ, ਸੁਰਖ਼ਰੂ ਹੋਵਾਂ।
ਪਰਮਪੁਰਖ਼ ਦੇ ਦਾਸ, ਗੁਰੂ ਗੋਬਿੰਦ ਸਿੰਘ ਜੀ,
ਮੈਂ ਤੇਰੀ ਸੰਗਤ ਦਾ ਦਾਸ, ਜੋੜਿਆਂ ਵਿਚ ਖਲੋਤਾ,
ਸੂਝ ਦੀ ਭੀਖ ਮੰਗਦਾ ਹਾਂ।
ਲਾਜ ਰੱਖੋ, ਛੋਹਿਆ ਕਾਰਜ ਸਫ਼ਲ ਕਰੋ।

ਸਦ ਆਮੀਨ !

ਪੰਜਾਬ ਆਖਦਾ ਹੈ

"ਸੁਹਣੇ ਦੇਸਾਂ ਵਿਚੋਂ ਦੇਸ, ਪੰਜਾਬ ਨੀ ਸਈਓ!" (ਬਾਬੂ ਫ਼ਿਰੋਜ਼ਦੀਨ 'ਸ਼ਰਫ਼')

ਪੰਜਾਬ ਅਣਖੀਲੇ ਯੋਧਿਆਂ ਦਾ ਦੇਸ਼। ਆਪਣੀ ਆਨ-ਅਣਖ਼ ਲਈ ਮਰ-ਮਿਟਣ ਵਾਲੇ ਬਹਾਦਰਾਂ ਦੀ ਧਰਤੀ ਜਿਸ ਦਾ ਜ਼ੱਰਾ-ਜ਼ੱਰਾ ਸ਼ਹੀਦਾਂ ਦੇ ਲਹੂ ਵਿਚ ਰੰਗ-ਰੱਤਾ। ਇਸ ਦੀ ਸੂਰਮਤਾਈ ਨੂੰ ਵਰ ਤੇ ਸਰਾਪ ਦੋਵੇਂ ਵਿਰਾਸਤ ਵਿਚ ਮਿਲੇ। ਕਿਸੇ ਮਜ਼ਲੂਮ ਨੇ ਹਾਅ ਦਾ ਨਾਅਰਾ ਆ ਮਾਰਿਆ, ਉਹਦੀ ਬਾਂਹ ਬਣ ਕੇ ਜਾਨ 'ਤੇ ਖੇਲ ਗਏ। ਨਿੱਕੇ ਜਿਹੇ ਤਾਹਨੇ-ਮਿਹਣੇ ਤੋਂ ਭੜਕੇ, ਆਪਣੇ ਹੀ ਭਰਾਵਾਂ ਨਾਲ ਖ਼ੂਨੋ-ਖ਼ੂਨ। ਚੱਲਣ ਦੀ ਖ਼ਾਸੀਅਤ (ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ) ਸੁਭਾਅ, ਸਿੱਧੇ ਸਰਲ, ਹੰਨੇ ਜਾਂ ਬੰਨੇ। ਧਾੜਵੀ ਚੜ੍ਹ ਆਏ ਤਾਂ ਉਨ੍ਹਾਂ ਨੂੰ ਹਿੱਕਾਂ ਡਾਹ ਕੇ ਠੱਲਾਂ ਜਾ ਪਾਈਆਂ। ਵਿਦਵਾਨ, ਸੂਰਮਿਆਂ ਦੇ ਸੂਰਮੇ। ਮਹਿਮੂਦ, ਮੰਗੋਲ, ਗੌਰੀ, ਨਾਦਰ ਤੇ ਅਬਦਾਲੀ ਆਦਿ ਜਰਵਾਣੇ ਪੰਜਾਬ ਨੂੰ ਮਿੱਧ ਕੇ ਲੰਘ ਜਾਂਦੇ ਰਹੇ। ਉਨ੍ਹਾਂ ਦੇ ਮੁੜਦਿਆਂ ਨੂੰ ਲੇਖਾ ਬਰਾਬਰ ਕਰਨ ਲਈ ਯੋਧੇ ਤਿਆਰ-ਬਰ-ਤਿਆਰ, ਜੂਝਦੇ, ਅੱਗੋਂ-ਪਿੱਛੋਂ ਮਾਰਦੇ ਮਿਲਦੇ।

ਮੋਰ ਦੀ ਸ਼ਾਹੀ ਖ਼ੂਬਸੂਰਤੀ ਦਾ ਕੀ ਮੁਕਾਬਲਾ। ਵਿਚਾਰਾ ਪੈਰਾਂ ਨੂੰ ਵੇਖ-ਵੇਖ ਝੂਰੇ। ਪੰਜਾਬ ਗ਼ੈਰਤ ਤੇ ਬਹਾਦਰੀ ਪੱਖੋਂ ਟੀਸੀ ਦਾ ਬੇਰ, ਪਰ ਆਪਣੀ ਹੀ ਗ਼ਦਾਰੀ ਮੁੜ ਮੁੜ ਮੂਧਾ ਮਾਰਦੀ ਰਹੀ। ਪੰਜਾਬ ਆਪਣੇ ਹੀ ਬਲ ਨਾਲ ਪਿੱਠ ਪਰਨੇ ਡਿੱਗਦਾ। ਆਪਣਿਆਂ ਨੂੰ ਬੁਰਾ ਭਲਾ ਆਖਦਾ ਫਿਰ ਉੱਠਦਾ, ਮੁੜ ਜੂਝਦਾ, ਜ਼ਖ਼ਮਾਂ ਦੀ ਪੰਡ ਚੁੱਕੀ ਲੜਦਾ ਸ਼ਹੀਦ ਤਾਂ ਹੋ ਜਾਂਦਾ, ਪਰ ਮੋੜਿਆਂ ਨਾ ਮੁੜਦਾ।

ਇਹਦੀ ਮਿੱਟੀ ਦੀ ਤਾਸੀਰ ਹੀ ਕੁਝ ਅਵੱਲੀ ਜਦ ਬਲਕਾਰਦਾ, ਕਾਬਲ ਕੰਧਾਰ ਦੀਆਂ ਕੰਧਾਂ ਕੰਬ ਉੱਠਦੀਆਂ। ਆਪਣਿਆਂ ਦੇ ਪਿੱਠ ਛੁਰੇ ਨਾਲ ਨਢਾਲ, ਬੇਵੱਸ ਹੁੰਦਾ। ਅਜਿਹੀ ਇਲਾਹੀ ਸ਼ਾਂਤੀ ਦਾ ਅਵਤਾਰ, ਦੁਸ਼ਮਣ ਦੇ ਵਾਰ ਨਾਲ ਗਲ ਕਟਵਾ ਲੈਂਦਾ, ਪਰ ਅੱਗੋਂ ਹੱਥ ਨਾ ਚੁੱਕਦਾ। ਇਤਿਹਾਸ ਦੀਆਂ ਸਦੀਆਂ ਨੇ ਪੰਜਾਬ ਨੂੰ ਹਿੰਦੋਸਤਾਨ ਨਾਲੋਂ ਤੋੜੀ ਰੱਖਿਆ। ਪਰ ਪੰਜਾਬ ਹਿੰਦੋਸਤਾਨ ਦੀ ਆਈ ਅੱਗੇ ਹੋ ਕੇ ਮਾਰਦਾ ਅਤੇ ਦੇਸ਼ ਦੀ ਤਰੀਖ ਆਪਣੇ ਲਹੂ ਨਾਲ ਲਿਖਦਾ ਰਿਹਾ, ਪਰ ਹਿੰਦੋਸਤਾਨ ਇਹਦੇ ਵਖ਼ਤਾਂ ਵਿਚ ਕਦੇ ਸਹਾਈ ਨਾ ਹੋਇਆ। ਪੰਜਾਬ ਬੇਪ੍ਰਵਾਹੀ ਦਾ ਭੋਲਾ ਬਾਦਸ਼ਾਹ, ਜਿਗਰੇ ਨਾਲ ਸ਼ਰੀਕਾਂ ਦੀਆਂ ਜ਼ਿਆਦਤੀਆਂ ਮਾਫ਼ ਕਰ ਜਾਂਦਾ। ਰਾਜਨੀਤੀ ਤੋਂ ਅਸਲੋਂ ਕੋਰਾ ਜੱਟ, ਮੀਸਣੇ ਤੇ ਦੰਭੀ ਵੈਰੀਆਂ ਨੂੰ ਵੀ 'ਹਊ' ਕਹਿ ਕੇ ਛੱਡ ਦਿੰਦਾ। ਪਰ ਉਹੀ ਨੂੰਹੋਂ ਤੇ ਸੱਪ ਇਸ ਨੂੰ ਮੁੜ-ਮੁੜ ਡੰਗਦੇ। ਜ਼ਹਿਰ ਚੜ੍ਹਦੀ, ਬੁਰੀ ਤਰ੍ਹਾਂ ਤੜਪਦਾ, ਪਰ ਮਰਦਾ ਕਦੇ ਨਾ, ਸ਼ਿਵਾਂ ਦਾ ਲਾਡਲਾ।

ਪੰਜਾਬ ਦਾ ਚਲਨ ਖੁੱਲ੍ਹੀ ਕਿਤਾਬ, ਨਿਰਵੈਰ ਸੁਭਾਅ ਪਰ ਸ਼ਰੀਕ ਦੀ ਕਾਨੀ ਨਾ

ਸਹਿੰਦਾ, ਆਪਣਿਆਂ ਨਾਲ ਵੈਰ, ਬੇਗ਼ਾਨਿਆਂ ਨਾਲ ਮਿੱਤਰਤਾ। ਬਾਹਰੋਂ ਸਖ਼ਤ ਲਲੇਰ, ਅੰਦਰੋਂ ਕੂਲੀ ਗਿਰੀ। ਕਮਾਲ ਦੀ ਨਿਆਰੀ ਪਾਤਰਤਾ; ਸ਼ਾਇਦ ਦੁਨੀਆਂ ਵਿਚ ਭਾਲੀ ਨਾ ਮਿਲੇ। ਨਦੀ ਵਿਚ ਬਿੱਛੂ ਰੁੜ੍ਹਿਆ ਜਾ ਰਿਹਾ ਸੀ। ਪੰਜਾਬੀ ਸਾਧੂ ਨੇ ਪੈਰ ਨਾਲ ਬਾਹਰ ਕੱਢਣਾ ਚਾਹਿਆ। ਉਸ ਪੈਰ ਡੰਗ ਕੇ ਨਕਾਰਾ ਕਰ ਦਿੱਤਾ। ਪਹਿਲੇ ਡੰਗ ਤੋਂ ਕੋਈ ਸਬਕ ਨਹੀਂ ਸਿੱਖਿਆ। ਦੂਜਾ ਪੈਰ ਫਿਰ ਪਾਣੀ ਵਿਚ ਪਾ ਦਿੱਤਾ। ਬਿੱਛੂ ਨੇ ਉਸ ਨੂੰ ਵੀ ਚੱਕ ਮਾਰ ਲਿਆ। ਵਾਰੀ-ਵਾਰੀ ਦੋਵੇਂ ਹੱਥ-ਪੈਰ ਪੀੜੋ-ਪੀੜ ਹੋ ਗਏ। ਆਖ਼ਰ ਬਿੱਛੂ ਹੱਸ ਕੇ ਆਖਣ ਲੱਗਾ:

"ਵਾਹ ਓਏ ਦਰਿਆ ਦਿਲ ਭੋਲਿਆ ਸੂਰਮਿਆ! ਨਹੀਂ ਰੀਸਾਂ ਤੇਰੀ ਦਇਆ-ਦ੍ਰਿਸ਼ਟੀ ਦੀਆਂ। ਤੇਰੀ ਨਿਸ਼ਕਾਮ ਸੇਵਾ ਹਮਦਰਦੀ ਦਾ ਸ਼ੁਕਰੀਆ! ਜੇ ਆਪਣੇ ਕਰਤੱਵ ਨਾਲ ਸਮੇਂ ਦੀ ਸੋਚ ਨੂੰ ਨਾ ਜੋੜਿਆ ਤਾਂ ਸਾਰੀ ਉਮਰ ਜ਼ਹਿਰ ਦੀ ਪੀੜ ਵਿਚ ਤੜਫਦਾ ਰਹੇਂਗਾ, ਪਰ ਨਤੀਜਿਆਂ ਤੋਂ ਬੇਪ੍ਰਵਾਹ ਤੇਰੇ ਵਰਗਾ ਨਿਧੜਕ ਸੂਰਮਾ ਵੀ ਕਿਸੇ ਮਾਂ ਨੇ ਨਹੀਂ ਜੰਮਣਾ।"

ਨਸੀਹਤਾਂ ਅਤੇ ਸ਼ੁਕਰਾਨਿਆਂ ਦੇ ਢੇਰ ਪੰਜਾਬ ਦੁਆਲੇ ਉਸਰੇ ਰਹੇ, ਪਰ ਇਸ ਦੀ ਬੇਪ੍ਰਵਾਹੀ ਨੇ ਗੌਲਿਆ ਹੀ ਕੁਝ ਨਾ। ਊਂਧੀ ਮਸਤੀ ਵਿਚੋਂ ਵਗੀ ਗਿਆ, ਰਵਾਂ ਰਵੀਂ।

ਵਾਹ ਪਿਆਰੇ ਪੰਜਾਬ! ਤੇਰੀ ਕੁਦਰਤੀ ਸੁੰਦਰਤਾ ਤੋਂ ਤਪ, ਮੁਕਤੀਆਂ ਵਾਰੀਆਂ। ਪਹਿਲੋਂ ਜੋੜ ਜੋੜਨੇ, ਮੁੜ ਟਕਰਾਉਣੇ, ਇਹ ਵੀ ਤੇਰੀ ਵਿਲੱਖਣ ਮਹਿਮਾ ਹੈ। ਪੂਰਨ ਆਟਾ ਮੰਗਣ ਆਇਆ, ਉਹਦੀ ਖੱਪਰੀ ਹੀਰੇ ਮੋਤੀਆਂ ਨਾਲ ਭਰ ਦਿੱਤੀ।

"ਅਲੱਖ ਨਰੰਜਣ! ਰਾਣੀਏਂ, ਸੁਆਣੀਏਂ! ਇਹ ਸਾਡੇ ਫੱਕਰਾਂ ਦੇ ਕਿਸ ਕੰਮ? ਅੰਨ ਭਿੱਛਿਆ। ਹਰ ਹਰ ਗੁਰੂ ਗੋਰਖ ਨਾਥ!"

"ਜੋਗੀ ਰਾਣਿਆ ਮੈਂ ਵੀ ਈਮਾਨ ਹੀ ਪਰਖਿਆ ਸੀ, ਖ਼ਰਾ ਖੋਟਾ।" ਸੁੰਦਰਾਂ ਦਿਲ ਖੋਲ੍ਹ ਕੇ ਹੱਸ ਪਈ। ਮਹਿਕਦੀ ਸੁੰਦਰਤਾ ਨੇ ਜੋਗੀ ਦੁਆਲੇ ਪਰਵਾਰ ਪਾ ਲਿਆ।

"ਅਣਜਾਣਾ ਤੂੰ ਕੀ ਜਾਣੇਂ।" ਕੋਲ ਖਲੋਤੀ ਬਾਂਦੀ ਬੋਲ ਪਈ। "ਇਹ ਹੀਰੇ ਮੋਤੀ ਨਹੀਂ, ਰੂਪ ਇਸ਼ਕ 'ਤੇ ਡੁੱਲਿਆ ਏ।"

"ਭੈਣੇ! ਅਸੀਂ ਸੰਸਾਰ ਤਿਆਗ ਆਏ ਆਂ।" ਫੱਕਰ ਨੇ ਹੀਰੇ-ਮੋਤੀ ਗੋਲੀ ਦੀ ਝੋਲੀ ਉਲਟ ਦਿੱਤੇ। "ਸੁਆਹ ਲਿੱਬੜਿਆਂ ਦਾ ਸੁੰਦਰਤਾ ਨਾਲ ਕੀ ਮੇਲ।" ਉਹ ਅਗਲੇ ਦੁਆਰ ਨੂੰ ਤੁਰਨ ਲੱਗਾ।

ਸੁੰਦਰਾਂ ਅੱਗਾ ਵਲ ਖਲੋਤੀ।

"ਰਾਣਿਆ! ਤੂੰ ਸੁਆਹ ਮਲ੍ਹ ਕੇ ਸੁੰਦਰਤਾ ਨੂੰ ਧੋਖ਼ਾ ਨਹੀਂ ਦੇ ਸਕਦਾ। ਭਲਾ ਕੰਵਲ ਵੀ ਚਿੱਕੜ ਵਿਚ ਪਛਾਨਣੋਂ ਰਹਿੰਦਾ ਏ? ਤੇਰੀ ਜੋਗ ਸਾਧਨਾ, ਮੇਰੀ ਪਿਆਰ ਅਰਾਧਨਾ, ਆਪਣੀ ਆਪਣੀ ਥਾਂ ਅਧੂਰੀਆਂ, ਮੁਕਤੀ ਨਹੀਂ ਪਾ ਸਕਣਗੀਆਂ। ਜਿਵੇਂ ਮੈਂ ਤੇਰੇ ਦਰਸ਼ਨ ਕਰਕੇ ਨਿਹਾਲ ਹੋਈ ਆਂ, ਤੂੰ ਇੱਕ ਪਲ ਤਾਂ ਅੱਖਾਂ ਪੁੱਟ-ਕੇ ਵੇਖ।"

"ਭਲੀਏ! ਫੱਕਰਾਂ ਦੇ ਰਾਹ ਨਹੀਂ ਰੋਕੀਦੇ, ਸਰਾਪ ਲੱਗ ਜਾਂਦਾ ਏ।"

"ਮੇਰਿਆ ਰਾਣਿਆ ਜੋਗੀਆ! ਤੇਰਾ ਸਰਾਪ ਵੀ ਮੈਨੂੰ ਵਰਦਾਨ ਹੋਵੇਗਾ। ਅੰਦਰਲੀਆਂ ਅੱਖਾਂ ਖੋਲ੍ਹ, ਸ਼ੁੱਧ ਤ੍ਰਿਸ਼ਨਾ ਵੀ ਭਗਤੀ ਹੁੰਦੀ ਐ।"

"ਮੈਂ ਵਰ ਨਾ ਸਰਾਪ, ਕੂੜ ਦੀ ਦੁਨੀਆਂ ਦੂਰ ਛੱਡ ਆਇਆ ਆਂ।"

"ਜਿਹੜੀ ਦੁਨੀਆਂ ਕੰਵਲ ਪੈਦਾ ਕਰੇ, ਉਹ ਨਿਰੀ ਕੂੜ ਨਹੀਂ ਹੁੰਦੀ।"

"ਉੱਚਿਆਂ ਮੰਦਰਾਂ ਵਾਲੀਏ! ਮੁੰਦਰਾਂ ਵਾਲੇ ਕੰਨ ਪਾਟਿਆਂ ਨਾਲ ਝੇੜਾ ਕਾਹਦਾ? ਛੱਡ ਖਹਿੜਾ, ਭਿੱਖਿਆ ਭਗਤੀ ਵਿਚ ਭੰਗ ਨਾ ਪਾ।"

"ਪੂਰਨਾ! ਤੈਨੂੰ ਅਨਾੜੀ ਆਖਿਆਂ ਜੋਗ ਦੀ ਹੱਤਕ ਹੁੰਦੀ ਐ। ਅਧੂਰੇ ਨਸ਼ੇ 'ਤੇ ਮਾਣ ਨੇ ਤੇਰੀਆਂ ਮਿਰਗਾਖ਼ੀਆਂ ਮੁੰਦ ਘੱਤੀਆਂ ਹਨ। ਹਾਣੀਆ! ਤੂੰ ਨਹੀਂ, ਸੁੰਦਰਤਾ ਤੇਰੇ ਬਰੂਹਾਂ 'ਤੇ ਖਲੋਤੀ ਭਿੱਖਿਆ ਮੰਗ ਰਹੀ ਐ। ਤੇਰੇ ਜੋਗ ਦਾ ਇਸ਼ਕ ਸਾਬਤ ਹੈ ਤਾਂ ਮੈਨੂੰ ਆਪਣੇ ਰੰਗ ਵਿਚ ਰੰਗ ਲੈ। ਨਹੀਂ ਤਾਂ ਮੇਰੇ ਪਿਆਰ ਦੀ ਬੈਅਤ ਵਿਚ ਆ ਜਾਹ। ਤੈਨੂੰ ਹਰ ਤਰ੍ਹਾਂ ਦੀ ਸੰਪੂਰਨਤਾ ਮਿਲੇਗੀ। ਭੋਲਿਆ! ਹੁਣ ਤੂੰ ਕਿਤੇ ਜਾਣ ਜੋਗਾ ਨਹੀਂ ਰਿਹਾ। ਤੇਰੇ ਜੋਗ ਦੀ ਮੰਜ਼ਲ-ਮੁਕਤੀ, ਮੈਂ ਹੋ ਗਈ ਆਂ।"

"ਮੇਰੇ ਨੇਮ, ਬੰਧਨ, ਸਭ ਕੁਝ ਗੁਰੂ ਗੋਰਖ ਨਾਥ! ਅਲੱਖ ਨਰੰਜਣ!" ਜੋਗੀ ਪਾਸਾ ਵੱਟ ਕੇ ਅਗਾਂਹ ਤੁਰ ਗਿਆ।

"ਜੋਗੀਆ! ਮੈਨੂੰ ਮੇਰੀ ਪੂਰਨਤਾ ਮਿਲ ਗਈ, ਤੇਰੇ ਅਨਾੜੀ ਕੋਲੋਂ। ਤੂੰ ਮੇਰੇ ਕੋਲੋਂ ਨਿਸੰਗ, ਪਾਸਾ ਵੱਟ ਕੇ ਲੰਘ ਜਾਹ, ਤੂੰ ਜਿੱਥੇ ਜਾਵੇਂਗਾ, ਮੈਨੂੰ ਪਾਵੇਂਗਾ। ਨਹੀਂ ਤਾਂ ਉਜਾੜਾਂ ਵਿਚ ਭਟਕੇਂਗਾ। ਕੁਰਾਹੀਆਂ ਨੂੰ ਮੰਜ਼ਲ ਕਦੇ ਨਹੀਂ ਮਿਲਦੀ। ਤੂੰ ਚੱਲ, ਮੈਂ ਮਗਰੇ ਆਈ। ਇੱਕ ਵਾਰ ਤੈਨੂੰ ਕੁਰਾਹੋਂ ਜ਼ਰੂਰ ਮੋੜਾਂਗੀ। ਜੇ ਭਾਵਨਾ ਸ਼ੁੱਧ ਹੈ, ਮੁਕਤੀ ਪਿਆਰ ਦੀਆਂ ਬਾਹਾਂ ਵਿਚ ਵੀ ਮਿਲ ਸਕਦੀ ਹੈ।"

ਸੁੰਦਰਾਂ ਜੋਗੀ ਦੀ ਪਿੱਠ ਵੇਖ ਕੇ ਮੁਸਕਾ ਪਈ। ਵਾਹ ਇਸ਼ਕ, ਤੇਰੇ ਕੌਤਕ! ਮਨ ਪਰਪੱਕ ਬਣਾ, ਉਹ ਰਾਸ਼ਨ ਦੀਆਂ ਪੰਡਾਂ ਬੰਨ੍ਹ ਕੇ ਗੋਰਖ ਦੇ ਟਿੱਲੇ ਜਾ ਪਹੁੰਚੀ। ਸੁੰਦਰਤਾ ਦੇ ਸੇਕ ਅੱਗੇ ਮੁੰਦਰਾਂ ਵਾਲੇ ਰੋੜ ਭੋਡ ਸਾਰੇ ਜੋਗੀ ਬਰਫ਼ ਵਾਂਗ ਪਿਘਲ ਗਏ। ਕਈ ਦਿਨਾਂ ਦੇ ਭੁੱਖੇ ਜੋਗੀਆਂ ਨੂੰ ਭਾਂਤ ਭਾਂਤ ਦੇ ਭੋਜਨ ਨੇ ਤ੍ਰਿਪਤੀ ਦਿੱਤੀ। ਖੁਸ਼ ਹੋਇਆ ਗੋਰਖ ਆਖ ਬੈਠਾ:

"ਬੱਚਾ, ਮੰਗ ਲੈ, ਜੋ ਤੇਰੇ ਦਿਲ ਦੀ ਭਾਵਨਾ ਹੈ?"

"ਗੁਰਦੇਵ ਤੁੱਠੇ ਹੋ ਤਾਂ ਪੂਰਨ ਬਖ਼ਸ਼ ਦਿਓ।" ਉਸ ਸਾਰੇ ਭਰਮ ਭੁਲੇਖੇ ਵਗਾਹ ਕੇ ਆਪਣਾ ਹੱਕ ਵਰ ਮੰਗ ਲਿਆ।

"ਉਹ ਭਲੀਏ!" ਗੋਰਖ ਹਾਉਕਾ ਖਿੱਚ ਗਿਆ। "ਮੇਰੀ ਮਾਲਾ ਵਿਚ ਇੱਕੋ ਸੁੱਚਾ ਮੋਤੀ ਸੀ, ਜੋ ਤੂੰ ਮੰਗ ਲਿਆ।"

"ਕੱਚਕੜੇ ਤਾਂ ਗੁਰਦੇਵ, ਮੇਰੇ ਵੀ ਕਿਸੇ ਕੰਮ ਨਹੀਂ।"

"ਜਾਹ ਲੈ ਜਾ, ਤੱਥਾ ਅਸਤੂ!"

ਮਿਹਰ ਦਾ ਮੀਂਹ ਵਸਿਆ ਤਾਂ ਸੁੰਦਰਤਾ ਰੂਹ ਤੱਕ ਭਿੱਜ ਗਈ। ਹੁਲਾਸਾਂ ਨਾਲ ਭਰੀ ਭੁਕੰਨੀ ਨੇ ਰਾਹ ਵਿਚ ਪੂਰਨ ਨੂੰ ਕੂਹਣੀ ਦੇ ਹੁਲਾਰੇ ਨਾਲ ਜਗਾਇਆ।

"ਮੈਨੂੰ ਤੇਰੇ ਵਿਚੋਂ ਸਭ ਕੁਝ ਮਿਲ ਗਿਆ। ਤੂੰ ਭੋਜਨ ਪਾ ਕੇ ਵੀ ਭੁੱਖੇ ਦਾ ਭੁੱਖਾ, ਕਿਉਂ? ਸਾਹਮਣੇ ਵੇਖ, ਅਸੀਂ ਕਦੇ ਸਰਾਪ ਨਾਲ ਵਿੱਛੜੇ ਸੀ, ਮਸਾਂ ਵਰ ਨਾਲ ਜੁੜੇ ਆਂ। ਸੋਹਣੇ ਨੈਣਾਂ ਵਾਲਿਆ! ਪਿਆਰ ਭਿੱਜੀ ਸਾਂਝੀ ਆਤਮਾ ਦੇ ਦੀਦਾਰ ਕਰ, ਤੇਰੀਆਂ ਸਾਰੀਆਂ ਮੈਲਾਂ ਝੜ ਜਾਣ। ਸੰਤੋਖ ਦੀ ਘੁੱਟ ਤ੍ਰਿਪਤੀ ਦੇਵੇ।"

"ਮੈਂ ਕਰਮ ਕਾਂਡਾਂ ਦਾ ਮਾਰਿਆ ਝੱਲਾ ਜੋਗੀ, ਮੈਨੂੰ ਕੁਝ ਨਹੀਂ ਦਿਖਾਈ ਦਿੰਦਾ।"

"ਪਹਿਲਾਂ ਘਰ ਚੱਲ। ਤੇਰੀ ਬਾਹਰਲੀ ਤੇ ਅੰਦਰਲੀ ਸਾਰੀ ਸੁਆਹ ਲਾਹਾਂਗੀ। ਰੂਪ ਕਦੇ ਅੰਨ੍ਹਾ ਨਹੀਂ ਹੋਇਆ, ਆਪਣੇ ਚਾਨਣ ਲਿਸ਼ਕੇਗਾ।"

ਰਾਣੀ ਨੇ ਜੋਗੀ ਨੂੰ ਮਲ਼ ਮਲ਼ ਨੁਹਾਇਆ। ਉਹਦੇ ਹੁਸਨ ਵਿਚ ਸੁੰਦਰਤਾ ਨੇ ਆਪਾ ਮੁਧਦਾ ਕਰ ਦਿੱਤਾ, ਨਿਹਾਲ ਨਿਹਾਲ ਹੋਈ। ਸੁੱਕੇ ਟੁਕੜੇ ਖਾਣ ਵਾਲਾ ਜੋਗੀ ਰਾਜਕੀ ਭੋਜਨ ਛਕ ਕੇ ਅਜਿਹਾ ਸੁੱਤਾ, ਤੜਕੇ ਤੱਕ ਅੱਖ ਈ ਨਾ ਪੁੱਟੀ। ਰਾਣੀ ਸਾਰੀ ਰਾਤ ਪੱਖੀ ਝੱਲਦੀ, ਉਹਦੀ ਨੀਂਦ ਟੁੱਟਣ ਦੀ ਉਡੀਕ ਕਰਦੀ ਰਹੀ। ਪਰ ਉਸ ਮਚਲੇ ਨੇ ਜਾਗਣਾ ਨਹੀਂ ਸੀ। ਰਾਣੀ ਆਪ ਅੱਖ-ਝਪੱਕਾ ਖਾ ਗਈ। ਜੋਗੀ ਪਿਆਰ ਨੂੰ ਸੁੱਤਾ ਵੇਖ ਮੁਸਕਾਇਆ। ਭੋੜਾ ਸੁੰਦਰ ਆਤਮਾ ਦਾ ਪ੍ਰਵੇਸ਼ ਛੱਡ ਕੇ ਅਨਾਮਤ ਦੇ ਵੈਰਾਨਿਆਂ ਨੂੰ ਤੁਰ ਗਿਆ। ਵਿਚਾਰੀ ਸੁੰਦਰਾਂ ਨੂੰ, ਸੱਸੀ-ਤੱਤੀ ਦੇ ਲੇਖਾਂ ਆ ਘੇਰਿਆ। ਬਾਂਦੀ ਨੇ ਉਸ ਨੂੰ ਹਲੂਣਿਆ।

"ਰਾਣੀਏਂ! ਤੂੰ ਪੱਟ ਹੋ ਗਈ। ਪੁੰਨਿਆਂ ਦੇ ਪੂਰਨ ਨੂੰ ਜੋਗ-ਬਲੋਚ ਉਧਾਲ ਕੇ ਲੈ ਗਿਆ।"

"ਵਾਹ ਨੀ ਕਿਸਮਤੇ! ਮੈਂ ਜ਼ਰਾ ਕੁ ਅੱਖ ਦੱਬੀ ਤੇ ਲੁੱਟੀ ਗਈ। ਸੁਹਣੀ ਵੀ ਝਨਾਂ ਦੇ ਅੱਧ ਵਿਚ ਡੁੱਬੀ ਸੀ। ਰੂਪ ਤੋਂ ਮੁਨਾਖ਼ੇ, ਕੀ ਸਾਰ ਇਸ਼ਕ ਦੀ ਜਾਨਣ। ਹੋਤ ਚਾਰ ਲਏ, ਜੋਗ ਧਾਰ ਲਿਆ ਗਿਆਨ ਵਿਹੂਣੇ ਔਜੜੇ।

ਭਟਕਦੇ ਰਹੇ। ਪੂਰਨ ਪਾ ਕੇ ਮੈਂ ਉਡੀਕਾਂ ਦੇ ਰਾਹ ਕਿਉਂ ਪਵਾਂ, ਇੰਤਜ਼ਾਰ ਪਿਆਰ ਨੂੰ ਗਵਾਰਾ ਨਹੀਂ। ਮੇਰਿਆ ਪੂਰਨਾ! ਤੇਰੀ ਅਮਾਨਤ ਤੇਰੇ ਹਵਾਲੇ। ਆਹ ਲੈ!" ਉਹਦਾ ਸਥੂਲ ਉੱਚੀ ਮਾੜੀ ਤੋਂ ਡਿੱਗ ਪਿਆ ਅਤੇ ਰੂਹ ਟਿੱਲੇ ਦਾ ਪਰਵਾਜ਼ ਪਾਉਣ ਉਡ ਗਈ।

ਪੂਰਨ ਨੇ ਗੋਰਖ ਨਾਥ ਨੂੰ ਜਾ ਆਦੇਸ਼ ਆਖਿਆ।

"ਗੁਰਦੇਵ! ਮੈਂ ਸਾਬਤ-ਸਬੂਤ ਆ ਗਿਆ ਹਾਂ।"

"ਪੂਰਨਾ! ਜੋ ਮੇਰੇ ਕੋਲ ਨਹੀਂ ਸੀ, ਉਹ ਸੁੰਦਰਾਂ ਕੋਲ ਸੀ। ਤੈਨੂੰ ਪ੍ਰਾਪਤੀ ਵਾਸਤੇ ਭੇਜਿਆ, ਉਲਟਾ ਸਰਾਪ ਲੈ ਆਇਆ। ਸੁੰਦਰਾਂ ਦੀ ਸ਼ਹਾਦਤ ਤੈਨੂੰ ਜੁਗੋ-ਜੁਗ ਤੜਪਾਏਗੀ।" ਸਾਰਾ ਟਿੱਲਾ ਸੋਗ ਵਿਚ ਮੂਧਾ ਹੋ ਗਿਆ।

ਪੰਜਾਬ ਦੀ ਸੁੰਦਰਤਾ, ਲੱਛਾਂ ਮਾਰਦੀ ਪਿਆਰ ਝਨਾਂ, ਵੇਦ ਗਿਆਨ, ਜਨਮਾਂ ਦੇ ਸੋਗ ਮਿਟਾਊ ਮੁਕਤੀ ਤੋਂ ਬਲਿਹਾਰੇ।

ਇਸ਼ਕ ਬੱਜ (ਸਰਾਪ) ਦਾ ਭਾਰ ਚੁੱਕਣ ਨਾਲੋਂ ਮਿੱਠੀ ਸ਼ਹਾਦਤ ਨੂੰ ਗਲੇ ਲਾਵੇ।

ਝਨਾਂ ਬਾਰ-ਬਾਰ ਬਿਫਰੀ। ਵੰਝਲੀ ਦੀਆਂ ਹੇਕਾਂ, ਬੇਕਰਾਰੀ ਨੂੰ ਸ਼ਾਂਤੀ ਬਖ਼ਸ਼ੀ। ਧੀਦੋ ਨੇ ਬਾਰ੍ਹਾਂ ਵਰ੍ਹੇ ਝੱਲਾਂ ਵਿਚ ਮੱਝਾਂ ਚਾਰੀਆਂ, ਬੇਪ੍ਰਵਾਹੀਆਂ ਵੇਖੋ, ਹਿਸਾਬ ਹੀ ਨਾ ਕੀਤਾ। ਉਸ ਨੂੰ ਪਿਆਰ 'ਤੇ ਭਰੋਸਾ ਸੀ। ਮਿਹਨਤਾਨਾ ਨਾਲ ਹੀ ਨਾਲ ਚੁਕਤਾ ਹੁੰਦਾ ਰਹਿੰਦਾ, ਏਨੇ ਵਿਚ ਹੀ ਸਬਰ-ਸਬੂਰੀ। ਇਸ਼ਕ ਵਿਚ ਝੱਲੇ ਹੋਏ ਪੰਜਾਬ ਨੂੰ ਕੌਣ ਸਮਝਾਵੇ, ਮਿਹਨਤਾਂ ਸਾਂਭੇ ਬਿਨਾਂ ਸਭ ਕੁਝ ਹੀ ਰੁੜ੍ਹ ਜਾਂਦਾ ਹੈ। ਬਿਨਾਂ ਮੁੱਲੋਂ ਆਪਾ ਵਾਰਨਾ ਇਹਦਾ ਈਮਾਨ ਬਣ ਚੁੱਕਾ ਹੈ।

ਮਾਰਾਂ ਮਾਰ, ਪੰਜਾਬ ਲੰਮੀਆਂ ਤਾਣ ਕੇ ਗੂੜ੍ਹੀਆਂ ਨੀਂਦਾਂ ਵਿਚ ਲਟਕ ਜਾਂਦਾ। ਬਾਬੇ ਨਾਨਕ ਦੀ ਕਿੰਗ ਬਿਨਾਂ ਇਹਨੂੰ ਕੌਣ ਜਗਾਵੇ। ਇਸ਼ਕ ਦੇ ਰੰਗ ਵੇਖੋ, ਬਾਬਾ ਚੱਕੀ

ਪੀਂਹਦਾ ਰਿਹਾ, ਬਾਬਰ ਤਲਵਾਰ ਦੀ ਮੁੱਠ 'ਤੇ ਠੋਡੀ ਰੱਖੀ ਕੌਤਕ ਵੇਖਦਾ ਰਿਹਾ। ਆਖ਼ਰ ਭਗਤੀ ਨੇ ਸ਼ਕਤੀ ਨੂੰ ਨਿਵਾ ਲਿਆ। ਹੋਰ ਮਾਅਜਜ਼ਾ, ਆਸ਼ਕ ਤੱਤੀਆਂ ਤਵੀਆਂ 'ਤੇ ਬਹਿ ਕੇ ਜ਼ੁਲਮ ਦੀ ਅੱਗ ਠਾਰਦਾ ਹੈ। ਗੁਰੂ ਤੇਗ ਬਹਾਦਰ ਨੇ ਦਿੱਲੀ ਵਿਚ ਸੀਸ ਕਟਵਾਇਆ, ਇਸ਼ਕ ਨੂੰ ਸਾਬਤ ਰੱਖਿਆ ਅਤੇ ਇਤਿਹਾਸ ਨੂੰ ਪਲਟਾ ਦੇ ਮਾਰਿਆ। ਖਾਲਸੇ ਦੇ ਰੱਤੜੇ ਸਰੂਪ ਵਿਚ ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਨੂੰ ਲਲਕਾਰਿਆ। ਕਿੰਨੇ ਹੀ ਘਮਸਾਨ ਯੁੱਧਾਂ ਵਿਚ ਵੈਰੀ ਦੇ ਦੰਦ ਤੋੜੇ। ਚਾਰ ਸਾਹਿਬਜ਼ਾਦਿਆਂ ਅਤੇ ਹਜ਼ਾਰਾਂ ਸਿੰਘਾਂ ਸ਼ਹਾਦਤਾਂ ਦਿੱਤੀਆਂ, ਪਰ ਇਸ਼ਕ ਦੇ ਸਿਦਕ ਨੂੰ ਲਾਜ ਨਾ ਲੱਗਣ ਦਿੱਤੀ। ਆਸ਼ਕ ਚਮਕੌਰ ਦੀ ਗੜ੍ਹੀ ਵਿਚ ਖ਼ੁਦ ਵੀ ਸ਼ਹੀਦ ਹੋਣ ਲਈ ਅੜ ਖਲੋਤਾ।

"ਨਹੀਂ, ਤੁਸੀਂ ਸ਼ਹੀਦ ਨਹੀਂ ਹੋਵੋਗੇ। ਜ਼ੁਲਮ ਦੇ ਨਾਸ ਲਈ ਗੜ੍ਹੀ ਵਿਚੋਂ ਬਾਹਰ ਜਾਵੋਗੇ, ਮੁੜ ਸੈਨਾ ਜੋੜੋਗੇ।" ਪੰਜ ਪਿਆਰਿਆਂ ਦੀ ਸੰਗਤ ਨੇ ਫਤਵਾ ਚਾੜ੍ਹ ਦਿੱਤਾ।

"ਆਪੇ ਗੁਰੂ ਚੇਲਾ" ਦੀ ਰਵਾਇਤ ਨੂੰ ਸਿਰ ਝੁਕਾ ਕੇ ਸਵੀਕਾਰ ਕਰਨਾ ਪਿਆ। ਪੰਜਾਬ ਦੇ ਰੰਗ ਦੀ ਇਹ ਵੀ ਇੱਕ ਅਦੁੱਤੀ ਝੰਡੀ ਹੈ। ਉਸ ਖੰਡੇ ਦੀ ਠੋਕਰ ਨਾਲ ਸੁੱਤੇ ਪਏ ਮਾਧੋ ਦਾਸ ਵੈਰਾਗੀ ਨੂੰ ਬੰਦਾ ਸਿੰਘ ਬਹਾਦਰ ਜਾ ਬਣਾਇਆ। ਪੰਜਾਬ ਵਿਚ ਮੁੜ ਘਮਸਾਨ ਮੱਚਿਆ। ਜਿਨ੍ਹਾਂ ਕੰਧਾਂ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਅਤਿ ਦੇ ਜ਼ੁਲਮ ਨੇ ਚਿਣਿਆ ਸੀ, ਉਨ੍ਹਾਂ ਕੰਧਾਂ ਉੱਤੋਂ ਬੰਦਾ ਲੋਹੇ ਦਾ ਸੁਹਾਗਾ ਫਿਰ ਗਿਆ। ਪਰ ਜਿਹੜੀ ਕੁਰਬਾਨੀ ਬੰਦਾ ਸਿੰਘ ਨੇ ਦਿੱਲੀ ਵਿਚ ਦਿੱਤੀ, ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਦੁਸ਼ਮਣ ਦੀਆਂ ਅੱਖਾਂ ਟੱਡੀਆਂ, ਮੂੰਹ ਵਿਚ ਉਂਗਲਾਂ ਦਿੱਤੀਆਂ ਰਹਿ ਗਈਆਂ। ਜ਼ੁਲਮਾਂ ਨਾਲ ਟਕਰਾਉਣਾ ਇਸ ਦਾ ਸੁਭਾਅ ਬਣ ਗਿਆ ਹੈ। ਡਿੱਗਣਾ, ਉੱਠ ਕੇ ਮੁੜ ਲਲਕਾਰਨਾ, ਇਹੋ ਇਸ ਦੀ ਜ਼ਿੰਦਗੀ ਨੂੰ ਵਰਦਾਨ ਮਿਲਿਆ ਹੈ।

ਪੰਜਾਬ ਨੂੰ ਜ਼ਹਿਰਾਂ ਮਾਰ ਨਹੀਂ ਸਕੀਆਂ, ਕਤਲਾਮਾਂ ਤੇ ਘੱਲੂਘਾਰੇ ਤੋੜ ਨਹੀਂ ਸਕੇ। ਜ਼ਖ਼ਮਾਂ ਦੀ ਅੱਗ ਵਿਚੋਂ ਸਵੈਮਾਨ ਅਲੁੰਬੇ ਹੋ ਕੇ ਲਲਕਾਰਦਾ ਰਿਹਾ। ਕਾਬਲ ਕੰਧਾਰ ਨਾਲ ਡਟ ਕੇ ਲੋਹਾ ਲਿਆ। ਹਿੰਦ ਵੈਣ ਦੀਆਂ ਚੁੱਕੀਆਂ ਧੀਆਂ ਨੂੰ ਅਟਕ ਪਾਰੋਂ ਜਾ ਕੇ ਵੀ ਛੁਡਵਾਇਆ। ਅਜਿਹੇ ਸੂਰਮੇ ਸਿੰਘਾਂ 'ਤੇ ਦੁਨੀਆਂ ਦੇ ਇਤਿਹਾਸ ਨੇ ਹਮੇਸ਼ਾ ਮਾਣ ਕੀਤਾ ਹੈ। ਨਾਦਰਾਂ ਦੁਰਾਨੀਆਂ ਨੂੰ ਭਜਾ ਕੇ ਆਪਣਾ ਪੰਜਾਬੀਆਂ ਦਾ ਰਾਜ ਕਾਇਮ ਕੀਤਾ। ਕਾਲ ਪੈ ਗਿਆ, ਮਹਾਰਾਜਾ ਰਣਜੀਤ ਸਿੰਘ ਨੇ ਅਨਾਜ ਵੰਡਿਆ। ਮਾਈ ਦੀ ਭਾਰੀ ਪੰਡ ਵੇਖ ਕੇ ਉਸ ਸਿਰ, ਹੇਠ ਦੇ ਦਿੱਤਾ।

"ਵੇ ਪੁੱਤਾ! ਅੱਗੋਂ ਤਾਂ ਜਰਵਾਣੇ ਮੱਲੋਜ਼ੋਰੀ ਧੱਕੇ ਨਾਲ ਘਰਾਂ ਤੋਂ ਕਣਕ ਚੁੱਕ ਲੈਂਦੇ ਸਨ।" ਮਾਈ ਬੋਲਣੋਂ ਨਾ ਰਹਿ ਸਕੀ। "ਹੁਣ ਤੂੰ ਸਰਕਾਰੀ ਅਹਿਲਕਾਰ, ਮੇਰੀ ਪੰਡ ਚੁੱਕੀ ਜਾਂਦਾ ਏਂ? ਇਹ ਰਾਜ ਕਿਸ ਤਰ੍ਹਾਂ ਦਾ ਏ?"

"ਮਾਈ, ਇਹ ਰਾਜ ਆਪਣਾ ਪੰਜਾਬੀਆਂ ਦਾ ਹੈ।"

ਫੇਰ ਪੰਜਾਬੀਆਂ ਦਾ ਰਾਜ ਢਾਹੁਣ ਲਈ ਅੰਗਰੇਜ਼ਾਂ ਦੀ ਮਦਦ ਪੂਰਬੀਏ ਆ ਚੜ੍ਹੇ। ਇਨ੍ਹਾਂ ਪੂਰਬੀਆਂ ਲਈ ਹੀ ਪੰਜਾਬ ਕੰਧ ਬਣ ਕੇ ਲੜਦਾ, ਮਰਦਾ ਤੇ ਸ਼ਹੀਦ ਹੁੰਦਾ ਆਇਆ ਸੀ। ਉਹ ਆਪ ਤਾਂ ਗੁਲਾਮ ਸਨ ਹੀ, (ਆਪ ਤਾਂ ਡੁੱਬੇ, ਬਾਹਮਣਾਂ ਜਜਮਾਨ ਵੀ ਗਾਲ੍ਹੇ) ਪੰਜਾਬ ਨੂੰ ਵੀ ਲੈ ਬੈਠੇ। ਨਵੇਂ ਸਿੰਘ ਸਜੇ ਡੋਗਰਿਆਂ, ਗੁਰੂ ਦੀਆਂ ਕਸਮਾਂ ਤੋੜੀਆਂ। ਗ਼ਦਾਰੀਆਂ

ਵੱਟੇ ਰਿਆਸਤਾਂ ਲਈਆਂ। ਹਜ਼ਾਰਾਂ ਕੁਰਬਾਨੀਆਂ ਦੇ ਕੇ ਅੰਗਰੇਜ਼ ਦੀ ਗੁਲਾਮੀ ਤੋਂ ਛੁਟਕਾਰਾ ਪਾਇਆ ਤਾਂ ਜ਼ਾਲਮਾਂ ਵਾਲੀ ਗੱਦੀ ਬ੍ਰਾਹਮਣਵਾਦ ਨੇ ਆ ਮੱਲੀ। ਪੰਜਾਬ ਦੀ ਪਵਿੱਤਰ ਆਜ਼ਾਦੀ ਮੁੜ ਭ੍ਰਿਸ਼ਟ ਕਰ ਮਾਰੀ। ਦਸਾਂ ਨਹੁੰਆਂ ਦੀ ਕਿਰਤ, ਮਨ-ਮਰਜ਼ੀ ਦੇ ਭਾਅ ਮੰਡੀ ਲੁੱਟੀ।

ਇੱਥੋਂ ਤੱਕ ਨੇਮਾਂ-ਕਾਨੂੰਨਾਂ ਨੂੰ ਖੱਡੇ ਪਾ ਕੇ ਪੰਜਾਬ ਦੀ ਜਿੰਦ-ਜਾਨ ਪਾਣੀ ਵੀ ਡਕਾਰ ਲਿਆ। ਪੰਜਾਬ ਦੀ ਸਖ਼ਤ ਜਾਨ ਕਿਸਾਨੀ ਕਰਜ਼ੇ ਦੇ ਭਾਰ ਹੇਠਾਂ ਕੁੱਬੀ ਹੋ ਗਈ। ਮੁਸਲਮਾਨ ਧਾੜਵੀ ਮੰਦਰ ਤੋੜਦੇ ਸਨ, ਪਰ ਇਨ੍ਹਾਂ ਕੌਮੀ ਜਮਹੂਰੀਅਤ ਦੇ ਨਾਂ 'ਤੇ, ਮਸੀਤਾਂ ਅਤੇ ਗੁਰਦੁਆਰੇ ਵੀ ਢਾਹੁਣੇ ਸ਼ੁਰੂ ਕਰ ਦਿੱਤੇ। (ਹੋਕਾ ਵੰਝਲੀ ਦਾ, ਕੱਢ ਵਖਾਏ ਭੋਏ ਸੁਰ) ਪੰਜਾਬ ਦੀ ਰੂਹ, ਜ਼ੁਲਮ ਦੀ ਇੰਤਹਾ ਵੇਖ ਕੇ ਕੰਬ ਉੱਠੀ।

"ਇਹ ਆਪਣਿਆਂ ਦਾ ਰਾਜ ਨਹੀਂ, ਇੱਜ਼ਤ ਤੇ ਗ਼ੈਰਤ ਲੁੱਟਣ ਵਾਲੀ ਕਾਲੀ ਗੁਲਾਮੀ ਐ।"

ਪਰ ਪੰਜਾਬ ਦੇ ਨਵੇਂ ਡੋਗਰੇ ਸਿੰਘਾਂ ਗੱਦੀ ਨੂੰ ਸਲਾਮ ਕੀਤੀ। ਜ਼ਾਲਮਾਂ ਨੂੰ ਖੁਸ਼ ਕਰਨ ਲਈ ਆਪਣੇ ਭਰਾਵਾਂ ਨੂੰ ਬੇਦਰਦੀ ਨਾਲ ਮਾਰਦੇ ਰਹੇ। ਅਸਲੋਂ ਬੇਗੁਨਾਹ ਸੁੱਤਿਆਂ ਨੂੰ ਉਠਾ ਕੇ ਏ. ਕੇ. ਸੰਤਾਲੀ ਨਾਲ ਭੁੰਨਦੇ ਗਏ। ਪੰਜਾਬ ਦੇ ਗਲ ਦੀ ਰਾਂਝੇ ਵਾਲੀ ਗਾਨੀ, ਗੁਲਾਮੀ ਦੀ ਮੁੜ ਜੰਜ਼ੀਰ ਹੋ ਗਈ, ਜਿਸ ਨੂੰ ਜਵਾਨੀਆਂ ਨੇ ਕਾਲੇ ਪਾਣੀਆਂ ਦੀ ਤਪ ਸਾਧਨਾ ਨਾਲ ਬੁੱਢਿਆਂ ਹੁੰਦਿਆਂ ਮਸਾਂ ਆਜ਼ਾਦੀ ਵਿਚ ਬਦਲਿਆ ਸੀ। ਤਾਰੀਖ਼ ਨੇ ਫ਼ਤਵਾ ਦਿੱਤਾ:—

"ਸਬਕ ਮੁੜ ਅਲਫ਼ ਬੇ ਤੋਂ ਸ਼ੁਰੂ ਕਰਨਾ ਪਏਗਾ।"

ਪੰਜਾਬ ਦੀ ਮਿੱਟੀ ਆਪਣੀ ਤਾਰੀਖ਼ ਤੇ ਤਕਦੀਰ ਹਮੇਸ਼ਾ ਲਹੂ ਨਾਲ ਲਿਖਦੀ ਤੇ ਘੜਦੀ ਆਈ ਹੈ। ਗ਼ੱਦਾਰ ਭਰਾਵਾਂ ਦੀ ਮਾਰ ਤੋਂ ਥੋੜ੍ਹਾ ਸਸਤਾਅ ਕੇ ਜੁੜਦੀ ਅਤੇ ਵੈਰੀ ਨੂੰ ਲਲਕਾਰਦੀ ਰਹੀ ਹੈ। ਇਹ ਇਸ ਦਾ ਸੁਭਾਅ ਸਮਝੋ ਜਾਂ ਸ਼ਹੀਦਾਂ ਦੇ ਲਹੂ ਦੀ ਪੈਦਾ ਕੀਤੀ ਕਣਕ, ਆਪਣਾ ਕਰਜ਼ਾ ਮੋੜਦੀ ਹੈ।

"ਵਾਰਸ ਸ਼ਾਹ ਇਹ ਇਸ਼ਕ ਦਰਿਆ ਘੱਗਰ, ਹੀਰ ਤੁਲ੍ਹਿਓਂ ਬਾਝ ਮਲਾਹ ਠਿੱਲੀ।"

ਪੰਜਾਬ ਦੀ ਪੁਕਾਰ ਹੈ: "ਮੇਰੇ ਵਾਰਸੋ! ਖ਼ੂਨੀ ਦਰਿਆ ਪਾਰ ਕਰਨ ਲਈ ਤੁਲ੍ਹਿਆਂ ਤੇ ਚੱਪੂਆਂ ਦਾ ਖ਼ਾਸ ਖਿਆਲ ਰੱਖਣਾ। ਪਿਛਲੇ ਗੁਨਾਹ-ਗ਼ਲਤੀਆਂ ਸਾਰਿਆਂ ਨੂੰ ਮਾਫ਼, ਗ਼ਦਾਰਾਂ ਤੱਕ ਨੂੰ ਮਾਫ਼। ਮੇਰੇ ਪਿੰਡੇ ਦੇ ਜ਼ਖਮਾਂ ਤੋਂ ਰੌਸ਼ਨੀ ਲਓ। ਪਹਿਲੇ ਜ਼ਾਲਮਾਂ ਮੈਨੂੰ ਲੁੱਟਿਆ, ਮਾਰਿਆ, ਬੇਪੱਤ ਕੀਤਾ ਸੀ, ਪਰ ਨਵੇਂ ਮਾਲਕਾਂ ਮੇਰੀ ਹਸਤੀ ਮਿਟਾਣ ਦੀ ਮਿੱਥ ਲਈ ਹੈ। ਮੇਰੀਆਂ ਰਗਾਂ ਦੇ ਖ਼ੂਨ ਵਿਚੋਂ ਗ਼ੈਰਤ ਮਰੀ ਨਹੀਂ। ਮੇਰੀਆਂ ਧੀਆਂ-ਭੈਣਾਂ ਅੱਜ ਥਾਣਿਆਂ ਵਿਚ ਬੇਪੱਤ ਖਲੋਤੀਆਂ ਹਨ। ਜ਼ਾਲਮਾਂ ਇਹ ਨਵੀਂ ਪਿਰਤ ਪਾਈ ਹੈ। ਇਹ ਕਾਰੇ ਬੇਸ਼ਰਮ ਕਮੂਤਾਂ ਕੀਤੇ ਹਨ। ਜਦੋਂ ਜ਼ੁਲਮ ਆਪਣੀ ਹੱਦ ਟੱਪਦਾ ਹੈ, ਬਗ਼ਾਵਤ ਬੀਰਾਂਗਣਾ ਦਾ ਰੂਪ ਧਾਰ ਕੇ ਮੈਦਾਨ ਆ ਮੱਲਦੀ ਹੈ। ਜ਼ਹਿਰਾਂ ਦੇ ਦਰਿਆ ਡਕਾਰਨ ਵਾਲਾ ਮੈਂ ਪੰਜਾਬ ਆਪਣੇ ਵਾਰਸ ਪੁੱਤਰਾਂ ਨੂੰ ਤੰਬੀਹ ਕਰਦਾ ਹਾਂ, ਗੁਲਾਮੀ ਮੇਰੇ ਸੁਭਾਅ ਨੂੰ ਵਾਰਾ ਨਹੀਂ ਖਾਂਦੀ। ਸੁਹਣਿਓ! ਤੁਸੀਂ ਕਿਉਂ ਨਹੀਂ ਸਮਝਦੇ, ਸ਼ੇਰ ਘਾਹ ਨਹੀਂ ਖਾ ਸਕਦਾ। ਬਹਾਦਰੀ, ਦਲੇਰੀ

ਅਤੇ ਜੁਰੱਅਤ ਕਦੇ ਬੁੱਢੀਆਂ ਨਹੀਂ ਹੁੰਦੀਆਂ। ਸੂਝ ਦਾ ਦਮਾਲਾ ਸਿਰ ਸਜਾਓ। ਸਾਰੀਆਂ ਖਿੱਲਰੀਆਂ ਸ਼ਕਤੀਆਂ ਦਾ ਮਜ਼ਬੂਤ ਮੁੱਠਾ ਬੰਨ੍ਹੋ। ਮੰਜ਼ਲ ਤੁਰਨ ਵਾਲੇ ਰਾਹੀਆਂ ਦੀ ਹੁੰਦੀ ਐ। ਮੇਰੀ ਲਹੂ ਲੁਹਾਣ ਹਿੱਕ ਤੁਹਾਡੀ ਮੁੜ ਢਾਲ ਬਣੇਗੀ। ਜ਼ਿੰਦਗੀ ਦੇਣੀ ਹੈ, ਖੋਹਣੀ ਨਹੀਂ। ਭੈਅ ਮੰਨਣਾ ਨਹੀਂ, ਦੇਣਾ ਵੀ ਨਹੀਂ। ਜਿੰਦ ਸਰਬੱਤ ਦੇ ਭਲੇ ਲਈ ਗੁਰੂ ਦੀ ਅਮਾਨਤ ਹੈ, 'ਮਰਉ ਤ ਹਰਿ ਕੈ ਦੁਆਰ।' ਗੁਰੂ ਦੇ ਬਣੇ ਬਿਨਾਂ, ਉਸ ਦੇ ਆਦੇਸ਼ਾਂ 'ਤੇ ਚੱਲੇ ਬਿਨਾਂ, ਦੁਖਾਂਤ ਦਾ ਦਰਿਆ ਪਾਰ ਨਹੀਂ ਹੋਣਾ। ਮੇਰੇ ਸੂਰਬੀਰ ਪੁੱਤੋ! ਕਸਦ ਕਰੋ: ਪਾਰ ਜਾਣਾ ਹੈ, ਹਰ ਹਾਲਤ ਵਿਚ ਪਾਰ ਜਾਣਾ ਹੈ।"

(ਨੋਟ:-ਮੇਰੇ ਬਾਬੇ ਦਾ ਨਾਂ ਪੰਜਾਬ ਸਿੰਘ ਸੀ। ਸਾਡਾ ਇੱਕ ਪੁਰਖਾ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਸਿਪਾਹੀ ਸੀ। ਜਦੋਂ ਉਹ ਲਾਹੌਰੋਂ ਵਾਪਸ ਆਇਆ ਸੀ, ਆਜ਼ਾਦੀ ਤੇ ਤਲਵਾਰ ਨਾਲ ਲਿਆਇਆ ਸੀ। ਅੱਜ ਦੇ ਜ਼ੁਲਮ-ਜਬਰ ਦੇ ਹਾਲਾਤ ਨੂੰ ਵੇਖ ਕੇ ਪੁਰਖੇ ਦੀ ਅਣਖੀਲੀ ਸੰਗੀਨ, ਮੇਰੀ ਛਾਤੀ ਆ ਖੁਭੀ ਹੈ। ਲੰਮੀਆਂ ਪੀੜਾਂ ਮੇਰਾ ਚੈਨ ਖੋਹ ਲਿਆ ਹੈ। ਸੰਗੀਨ ਦੀ ਨੋਕ ਮੇਰੀ ਕਲਮ ਨੂੰ ਵੰਗਾਰਦੀ ਹੈ। ਮੈਂ ਸਮਝਦਾ ਆਂ, ਗੁਰੂ ਗੋਬਿੰਦ ਸਿੰਘ ਕੋਲ ਕਲਮ ਤੇ ਤਲਵਾਰ ਦੀ ਬੇਅੰਤ ਸੂਝ-ਸਾਂਝ ਸੀ, ਜਿਸ ਸੁਨਹਿਰੀ ਇਤਿਹਾਸ ਅਗਵਾਈ ਲਈ ਉਲੀਕਿਆ।

ਇਸ ਸ਼ਕਤੀ ਤੇ ਭਗਤੀ ਦੀ ਨਿੱਗਰ ਸਾਂਝ ਬਿਨਾਂ ਪੰਜਾਬ ਖੁਆਰ ਹੋਇਆ ਹੈ। ਮੈਂ ਆਪਣੇ ਬਾਪੂ ਪੰਜਾਬ ਨੂੰ ਪਰਤੱਗਿਆ ਦੇਂਦਾ ਹਾਂ, ਆਜ਼ਾਦੀ ਤੇ ਕੌਮੀ ਘਰ ਦੀ ਸਥਾਪਨਾ ਲਈ ਜੀਆਂਗਾ, ਮਰਾਂਗਾ। ਜੇ ਗੈਰਤ ਮਰੀ ਨਹੀਂ, ਗੁਰੂ ਗੋਬਿੰਦ ਸਿੰਘ ਦਾ ਸਿੰਘਊ ਅੰਗ-ਸੰਗ ਹੈ ਤਾਂ ਕੁਝ ਕਰਨਾ ਵੀ ਚਾਹੁੰਦੇ ਹੋ, ਤਦ ਇਸ ਲੇਖ ਨੂੰ ਵਾਰ-ਵਾਰ ਪੜ੍ਹੋ। ਚੇਤਾਵਨੀ ਹੈ, ਕੌਮੀ ਘਰ ਬਿਨਾਂ ਸਾਡੀ ਹਸਤੀ ਮਿਟ ਜਾਵੇਗੀ। ਗੁਰੂ ਫ਼ਤਹਿ।)

ਸਮੁੱਚੇ ਪੰਜਾਬ ਦਾ ਦੇਣਦਾਰ,

ਜਸਵੰਤ ਸਿੰਘ ਕੰਵਲ

ਮੈਂ ਆਖਦਾ ਹਾਂ

ਇਹ ਦਸਤਾਵੇਜ਼ੀ ਨਾਵਲ ਬਹੁਤ ਪਹਿਲਾਂ ਲਿਖਿਆ ਜਾਣਾ ਸੀ, ਪਰ ਹਾਲਾਤ ਨੇ ਰਾਹ ਨਾ ਦਿੱਤਾ। ਪਾਠਕਾਂ, ਦੋਸਤਾਂ ਅਤੇ ਪੰਜਾਬ ਦਾ ਦਰਦ ਰੱਖਣ ਵਾਲੇ ਸਿਦਕਵਾਨਾਂ ਚਿੱਠੀਆਂ ਰਾਹੀਂ ਅਤੇ ਜ਼ਬਾਨੀ ਘਰ ਆ ਕੇ ਆਖਿਆ, ਤੁਹਾਨੂੰ ਪੰਜਾਬ ਦੇ ਸੰਕਟ ਬਾਰੇ ਵੀ ਲਿਖਣਾ ਚਾਹੀਦਾ ਹੈ, ਕਿਉਂਕਿ ਜੇ ਤੁਸੀਂ ਨੈਕਸਲਾਈਟਾਂ ਬਾਰੇ 'ਲਹੂ ਦੀ ਲੋਅ' ਲਿਖ ਸਕਦੇ ਹੋ, ਤਦ ਇਸ ਕਤਲੇਆਮ ਅਤੇ ਘੱਲੂਘਾਰੇ ਬਾਰੇ ਕਿਉਂ ਨਹੀਂ?

ਸਾਰੇ ਪਾਠਕਾਂ ਅਤੇ ਦੋਸਤਾਂ ਦਾ ਕਹਿਣਾ ਜਾਇਜ਼ ਸੀ। ਮੇਰੀ ਜ਼ਮੀਰ ਨੇ ਇਸ ਫ਼ਰਜ਼ ਨੂੰ ਇੱਕ ਕਰਜ਼ ਸਮਝਿਆ ਹੋਇਆ ਸੀ। ਇਹ ਕਰਜ਼ ਮੈਂ ਤਿੰਨ ਕਿਸ਼ਤਾਂ ਵਿਚ ਲਾਹੁਣ ਦਾ ਯਤਨ ਕਰ ਰਿਹਾ ਹਾਂ। ਪਹਿਲੀ ਕਿਸ਼ਤ ਆਪਣੇ ਪੰਜਾਬੀ ਲੋਕਾਂ ਦੇ ਪੇਸ਼ ਹੈ। ਇਸ ਭਾਗ ਦੇ ਛਪ ਜਾਣ ਪਿੱਛੋਂ ਹੀ ਦੂਜੇ ਦੀ ਤਿਆਰੀ ਅਰੰਭਾਂਗਾ। ਮੈਂ ਖ਼ੁਦ ਵੀ ਚਾਹੁੰਦਾ ਆਂ, ਮਰਨ ਤੋਂ ਪਹਿਲਾਂ ਪੰਜਾਬ ਦੇ ਦਰਦਮੰਦਾਂ ਅਤੇ ਆਪਣੇ ਆਪ ਵੱਲੋਂ ਸੁਰਖ਼ਰੂ ਹੋ ਜਾਵਾਂ।

ਨਾਵਲ ਦੀ ਤਕਨੀਕ ਨੂੰ ਮੁੱਖ ਰੱਖ ਕੇ ਲਿਖਦਾ, ਤਾਂ ਸ਼ਾਇਦ ਤਿਆਰੀ ਲਈ ਹੋਰ ਵੱਧ ਸਮਾਂ ਲੱਗਦਾ। ਬਾਬਾ ਫ਼ਰੀਦ ਦੇ ਸ਼ਬਦਾਂ ਵਿਚ ਮੈਨੂੰ ਆਪਣੇ ਅੱਗੇ ਦਾ ਵੀ ਖਿਆਲ ਸੀ। ਸੋ, ਸਚਿਆਰੀ ਤਕਨੀਕ ਨਾਲੋਂ ਮੈਂ ਸੱਚ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਵਧੇਰੇ ਮੁੱਖ ਰੱਖ ਲਿਆ। ਮੇਰੇ ਸਾਹਮਣੇ ਲੋਕਾਂ ਨੂੰ ਉਤਸ਼ਾਹੀ ਬਲ ਦੇਣਾ ਵਧੇਰੇ ਜ਼ਰੂਰੀ ਹੋ ਗਿਆ। ਪੰਜਾਬ ਨੂੰ ਮੈਂ ਨਿਰਾਸਤਾ ਦੀਆਂ ਖਾਈਆਂ ਵਿਚ ਡਿੱਗਦਾ ਨਹੀਂ, ਚੜ੍ਹਦੀ ਕਲਾ ਵਿਚ ਉੱਠਦਾ ਵੇਖਣਾ ਚਾਹੁੰਦਾ ਆਂ। ਦੁਸ਼ਮਣਾਂ ਸਾਨੂੰ ਮਾਰਿਆ, ਬੇਪੱਤ ਵੀ ਕੀਤਾ, ਸਾਡੇ ਧਰਮ ਨੂੰ ਰੋਲਣ ਦੀ ਕਸਰ ਨਹੀਂ ਛੱਡੀ। ਪਰ ਪੰਜਾਬ ਦੀ ਰੂਹ ਦਾ ਤਾਰੀਖ਼ ਨੂੰ ਫਤਵਾ ਹੈ, ਜ਼ਖ਼ਮ ਗਹਿਰੇ ਕਰਨ ਵਿਚ ਸਾਡੇ ਆਗੂਆਂ ਬਰਾਬਰ ਹਿੱਸਾ ਪਾਇਆ ਹੈ। ਪੰਜਾਬ ਦੀ ਕੁਰਲਾਂਦੀ ਰੂਹ ਦੀ ਆਵਾਜ਼, ਮੈਂ ਸੁਣੀ ਤੇ ਤੜਪਿਆ ਹਾਂ। ਕਿਸੇ ਹੋਰ ਲੇਖਕ ਜਾਂ ਬੁੱਧੀਜੀਵੀ ਨੇ ਸਮੇਂ ਦਾ ਸੱਚ ਵੇਖਣ ਤੋਂ ਅੱਖਾਂ ਮੀਟ ਲਈਆਂ ਹੋਣ, ਵੱਖਰੀ ਗੱਲ ਹੈ। ਪਰ ਸੱਚ ਨੇ ਹਰ ਹਾਲ ਨੰਗੇ ਰੂਪ ਵਿਚ ਸੱਚ ਹੀ ਰਹਿਣਾ ਹੈ। ਇਸ ਨੂੰ ਕੋਈ ਜਬਰ-ਜ਼ੁਲਮ ਮਾਰ ਨਹੀਂ ਸਕਦਾ। ਸੱਚ ਚੇਤੰਨ ਲੇਖਕਾਂ ਦੇ ਘਰੋਂ ਦੁਰਕਾਰਿਆ ਜਾਵੇ। ਇਸ ਤੋਂ ਵੱਡੀ ਕੌਮੀ ਲਾਹਨਤ ਹੋਰ ਕੀ ਹੋ ਸਕਦੀ ਹੈ। ਉਹ ਸਾਹਿਤ ਸਭਾਵਾਂ ਜਿਹੜੀਆਂ ਰਾਜਸੀ ਪਾਰਟੀਆਂ ਦੀਆਂ ਰਖੇਲਾਂ ਹਨ ਅਤੇ ਸਰਕਾਰੀ ਗਰਾਂਟਾਂ ਦੇ ਆਧਾਰ 'ਤੇ ਜਿਉਂਦੀਆਂ ਹਨ, ਆਖਰ ਨੂੰ ਲੋਕਾਂ ਦੀ ਦਰਗਾਹ ਵਿਚ ਦੁਰਕਾਰੀਆਂ ਜਾਂਦੀਆਂ ਹਨ।

ਲੋਕ ਤੇ ਸਰਕਾਰਾਂ ਵੱਖਰੀਆਂ-ਵੱਖਰੀਆਂ ਧਿਰਾਂ ਹੁੰਦੀਆਂ ਹਨ, ਜਿਵੇਂ ਮਿਹਨਤ ਤੇ ਪੈਸਾ, ਨੇਕੀ ਤੇ ਬਦੀ। ਲੇਖਕ ਜ਼ਿੰਦਗੀ ਦੇ ਦਰਦ ਨੂੰ ਛੱਡ ਕੇ ਮੁਰਦਾਰ ਖਾਵੇ, ਇਸ ਤੋਂ ਵੱਡੀ ਸਮਾਜੀ ਦੁਰਦਸ਼ਾ ਹੋਰ ਕੀ ਹੋ ਸਕਦੀ ਹੈ। ਮੈਂ ਇਨ੍ਹਾਂ ਕੁਯਾਰੀਆਂ ਨੂੰ ਪਾਸਾ ਵੱਟ ਕੇ ਲੋਕਾਂ

ਦੇ ਰੂਬਰੂ ਰਹਿਣਾ ਆਪਣਾ ਈਮਾਨ ਸਮਝਦਾ ਹਾਂ। ਲੋਕ ਲੁੱਟੀਂਦੇ ਹਨ ਤਾਂ ਮੈਂ ਨੰਗਾ ਹੁੰਦਾ ਆਂ, ਲੋਕ ਮਰੀਂਦੇ ਹਨ ਤਾਂ ਮੇਰੀ ਰੂਹ ਖੁਦਕਸ਼ੀ ਕਰਦੀ ਹੈ। ਪੰਜਾਬ ਨੂੰ ਹਰ ਪੱਖੋਂ ਲੱਗੇ ਜ਼ਖ਼ਮ ਸ਼ਾਇਦ ਹਾਲੇ ਬਹੁਤ ਲੰਮਾ ਸਮਾਂ ਹਰੇ ਰਹਿਣ। ਸਵਾਲ ਇਸ ਪੀੜ ਨੂੰ ਭੁੱਲ ਜਾਣ ਦਾ ਨਹੀਂ, ਆਪਣੀ ਅਣਖ਼ ਆਬਰੂ ਨੂੰ ਤਾਰੀਖੀ ਰਵਾਇਤਾਂ ਅਨੁਸਾਰ ਕਾਇਮ ਕਰਨ ਦਾ ਹੈ। ਆਪਣਾ ਕੌਮੀ ਘਰ ਪੈਦਾ ਕਰੇ ਬਿਨਾਂ ਇਸ ਨੂੰ ਸਥਾਪਨਾ ਨਹੀਂ ਦਿੱਤੀ ਜਾ ਸਕਦੀ। ਜੇ ਸਰਕਾਰ ਇਮਾਨਦਾਰ ਹੋਵੇ, ਦੋਸ਼ ਨੂੰ ਇੱਕ ਰੱਖ ਕੇ ਵੀ ਇਸ ਉਲਝੀ ਹੋਈ ਸਥਿਤੀ ਨੂੰ ਸੁਲਝਾਇਆ ਜਾ ਸਕਦਾ ਹੈ, ਪਰ ਕੌਮੀ ਘਰ ਪੈਦਾ ਕਰਨ ਦੀ ਜੱਦੋ-ਜਹਿਦ ਛੱਡਣਾ ਇਤਿਹਾਸਕ ਭੁੱਲ ਹੋਵੇਗੀ। ਮੈਂ ਉਨ੍ਹਾਂ ਗ਼ਦਾਰਾਂ ਨੂੰ ਮਾਫ਼ ਨਹੀਂ ਕਰ ਸਕਦਾ, ਜਿਨ੍ਹਾਂ ਦਰਬਾਰ ਸਾਹਿਬ ਦੇ ਹਮਲੇ ਨੂੰ ਜਾਇਜ਼ ਆਖਿਆ ਸੀ।

ਆਖ਼ਰੀ ਗੱਲ ਮੈਂ ਆਪਣੇ ਲੋਕਾਂ ਨੂੰ ਚੇਤਾਵਨੀ ਵਜੋਂ ਕਹਿਣਾ ਚਾਹੁੰਦਾ ਹਾਂ। ਪੰਜਾਬ ਦਾ ਸਿੱਖ ਕਲਚਰ ਹੀ ਪੰਜਾਬੀਅਤ ਦੀ ਇਤਿਹਾਸਕ ਤਸਦੀਕ ਕਰਦਾ ਹੈ। ਬ੍ਰਾਹਮਣਵਾਦ ਇਸ ਕਲਚਰ ਨੂੰ ਖ਼ਤਮ ਕਰਨ ਲਈ ਹਾਬੜਿਆ ਹੋਇਆ ਹੈ। ਅੱਜ ਸਾਰੀਆਂ ਘੱਟ ਗਿਣਤੀਆਂ ਨੂੰ ਜਿੰਦ-ਜਾਨ ਬਚਾਉਣ ਦੀ ਫਿਕਰ ਪਈ ਹੋਈ ਹੈ। ਜਿਸ ਕਲਚਰ ਕੋਲ ਸੱਚ ਹੈ, ਮਜ਼ਬੂਤ ਜਥੇਬੰਦੀ ਹੈ, ਆਗੂ ਇਮਾਨਦਾਰ ਹਨ ਅਤੇ ਲੋਕਾਂ ਦੇ ਉਤਸ਼ਾਹ ਨੂੰ ਉਬਾਲੇ ਆ ਰਹੇ ਹਨ, ਉਹ ਕਦੇ ਨਹੀਂ ਮਰੇਗਾ। ਆਨੰਦਪੁਰ ਦੀ ਠੇਰੀ ਤੋਂ 'ਅਕਾਲ ਅਕਾਲ' ਦੀ ਸਦ ਲਾਉਣ ਵਾਲਾ ਸੂਰਮਾ ਸਾਹਿਤਕਾਰ ਆਪਣੀ ਉਮਤ ਦੀ ਕੌਮੀ ਪ੍ਰੀਖਿਆ ਵੇਖ ਰਿਹਾ ਹੈ। ਹਜ਼ਾਰਾਂ ਵਿਚੋਂ ਕਦੇ ਪੰਜ ਨਿੱਤਰੇ ਸਨ ਤੇ ਉਨ੍ਹਾਂ ਤਾਰੀਖ਼ ਨੂੰ ਇਨਕਲਾਬ ਦੀ ਕਰਾਮਾਤ ਕਰਕੇ ਵਿਖਾ ਦਿੱਤੀ। ਸ਼ਹੀਦਾਂ ਦੀ ਧਰਤੀ ਪੰਜਾਬ, ਸੂਰਮਿਆਂ ਤੋਂ ਵਾਂਝੀ ਨਹੀਂ ਹੋ ਸਕਦੀ। ਉਨ੍ਹਾਂ ਸ਼ਹੀਦ ਪੁਰਖਿਆਂ ਦੇ ਲਹੂ ਹੀ ਪੈਦਾ ਕੀਤੀ ਕਣਕ ਖਾਧੀ ਹੈ। ਸਥੂਲ ਰੂਪੀ ਮਾਰਕਸਵਾਦ ਸਾਇੰਸੀ ਵਿਚਾਰਧਾਰਾ ਨੂੰ ਗ਼ਲਤ ਸਮਝ ਕੇ ਨਫ਼ਰਤ ਨਾ ਕੀਤੀ ਜਾਵੇ। ਸਰਬਤ ਦੇ ਭਲੇ ਦਾ ਸਾਂਝਾ ਪ੍ਰੋਗਰਾਮ ਪਹਿਲੋਂ ਬਾਹਰਲੀਆਂ ਹਾਲਤਾਂ ਵਿਚੋਂ ਜਿੱਤਿਆ ਜਾਵੇ। ਅੰਦਰਲੀ ਸੂਖਮਭਾਵੀ ਮੁਕਤੀ ਸਿੱਖ ਸਿਧਾਂਤ ਦੇਣ ਦੇ ਸਮਰੱਥ ਹੈ। ਬਰਾਇ ਮਿਹਰਬਾਨੀ ਹਿੱਕ ਦੇ ਧੱਕੇ ਨੂੰ ਨੱਥ ਪਾਵੋ। ਗੁਰਵਾਕ ਹੈ:—

"ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ, ਹਰਿ ਹਰਿ ਕਥਾ ਨਿਰਾਲੀ॥"

ਅੰਦਰਲੀ-ਬਾਹਰਲੀ ਮੁਕਤੀ ਦਾ ਭਾਵ ਹੈ, ਹਰ ਪੱਖ ਦੀ ਆਜ਼ਾਦੀ। ਤੁਸੀਂ ਆਜ਼ਾਦ ਹੋਵੋਗੇ, ਮਜ਼ਬੂਤ ਹੋਵੋਗੇ, ਸਰਬੱਤ ਦਾ ਭਲਾ ਵੀ ਕਰ ਸਕੋਗੇ। ਤੁਹਾਡੀ ਹੋਂਦ ਨਾ ਰਹੀ, (ਜਿਵੇਂ ਦੁਸ਼ਮਣ ਸੋਚੀ ਅਤੇ ਕਰੀ ਜਾ ਰਿਹਾ ਹੈ) ਤੁਹਾਡਾ ਸਿੱਖ ਸਿਧਾਂਤ, ਪੁਰਖਿਆਂ ਦੀਆਂ ਸ਼ਹਾਦਤਾਂ ਨਾਲ ਭਰਿਆ ਇਤਿਹਾਸ, ਸ਼ਾਨਾਂ ਮੱਤਾ ਸਭਿਆਚਾਰ ਰੋਲ ਦਿੱਤਾ ਜਾਵੇਗਾ। ਬ੍ਰਾਹਮਣਵਾਦ ਕੇਵਲ ਆਪੇ ਨੂੰ ਸਹੀ ਅਤੇ ਬਾਕੀ ਸੱਚ ਨੂੰ ਕੂੜ ਸਮਝਦਾ ਹੈ। ਸਰਕਾਰੀ ਸੰਗੀਨ ਆਸਰੇ ਇਹ ਧੱਕਾ ਕਿਵੇਂ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਦਾਸ ਦੀ ਕਲਮ ਚੱਲ ਰਹੇ ਅਤੇ ਆਉਣ ਵਾਲੇ ਧੱਕੇ ਬਾਰੇ ਲੋਕਾਂ ਨੂੰ ਖ਼ਬਰਦਾਰੀ ਪੇਸ਼ ਕਰਦੀ ਹੈ।

ਮੇਰਾ ਸਵਾਲ ਹੈ, ਇਹ ਖੁਆਰੀ, ਜ਼ੁਲਮ, ਮਾਸੂਮਾਂ ਦਾ ਵਗਦਾ ਲਹੂ, ਪੰਜਾਬੀਆਂ ਹੋਰ ਕਿੰਨਾ ਕੁ ਚਿਰ ਬਰਦਾਸ਼ਤ ਕਰਨਾ ਹੈ? ਅੱਜ ਅਸੀਂ ਮਰ-ਮਿਟਣ ਵਾਲੀ ਦੰਦੀ 'ਤੇ ਆ

ਖਲੋਤੇ ਆਂ। ਜੁਰੱਅਤ ਨੂੰ ਤੀਲੀ ਲੱਗਣੀ ਚਾਹੀਦੀ ਹੈ ਤਾਂ ਜੋ ਚਾਨਣ ਨਾਲ ਗੁਲਾਮੀ ਦੇ ਵਹਿਮਾਂ ਭਰਮਾਂ ਵਾਲੇ ਜਾਲ੍ਹੇ ਸਾਫ਼ ਕੀਤੇ ਅਤੇ ਘੁੱਗ ਵਸਦੇ ਪੰਜਾਬ ਦੀਆਂ ਰੰਗਲੀਆਂ ਸ਼ਾਨਾਂ ਵਾਪਸ ਲਿਆਂਦੀਆਂ ਜਾ ਸਕਣ।

ਮੇਰੀ ਹਸਰਤ ਹੈ, ਮੈਂ ਆਜ਼ਾਦ ਕਰ ਸਕਾਂ। ਆਜ਼ਾਦੀ ਦੀ ਪ੍ਰਾਪਤੀ ਤੇ ਰਾਖੀ ਵਾਲਾ ਸਾਹਿਤ ਹੀ ਅੱਜ ਸਮੇਂ ਦਾ ਸੱਚ ਸਿੱਧ ਹੋ ਸਕਦਾ ਹੈ, ਬਾਕੀ ਸਭ ਕੂੜ ਕਬਾੜ। ਸੋ, ਪ੍ਰਾਪਤੀ ਵਾਲਾ ਸਾਹਿਤ ਹੀ ਜ਼ਿੰਦਗੀ ਦਾ ਕੌਮੀ ਸਾਹਿਤ ਹੁੰਦਾ ਹੈ।

ਆਪਣੇ ਪਿਆਰੇ ਪਾਠਕਾਂ ਦਾ ਬਾਈ,
ਜਸਵੰਤ ਸਿੰਘ ਕੰਵਲ

ਪਹਿਲਾ ਕਾਂਡ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤੇਜਾ ਸਿੰਘ ਹਾਲ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਪਤਵੰਤੇ ਸਿੱਖ ਸਲਾਹਕਾਰਾਂ ਦੀ ਮੀਟਿੰਗ ਹੋ ਰਹੀ ਸੀ। ਮਰਯਾਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਮੁੱਖ ਵਾਕ ਲਿਆ ਜਾ ਚੁੱਕਾ ਅਤੇ ਅਰਦਾਸ ਵਿਚ ਸਰਬੱਤ ਦਾ ਭਲਾ ਤੇ ਖਾਲਸੇ ਦੀ ਚੜ੍ਹਦੀ ਕਲਾ ਮੰਗੀ ਗਈ ਸੀ। ਮੀਟਿੰਗ ਦਾ ਮੁੱਖ ਮੰਤਵ ਸੀ, ਦੇਸ਼ ਦੀ ਵੰਡ ਵਿਚ ਸਿੱਖਾਂ ਦੀ ਰਾਜਸੀ ਸਥਿਤੀ। ਅੰਗਰੇਜ਼ ਸਾਮਰਾਜ ਹਿੰਦੋਸਤਾਨ ਛੱਡਣ ਵਾਲਾ ਸੀ। ਉਸ ਰਾਜ ਭਾਗ ਹਿੰਦੋਸਤਾਨੀਆਂ ਨੂੰ ਸੌਂਪਣ ਦਾ ਮਨ ਬਣਾ ਕੇ ਜਾਣ ਦਾ ਐਲਾਨ ਕਰ ਦਿੱਤਾ ਸੀ। ਉਸ ਹਿੰਦੂ, ਮੁਸਲਮਾਨ ਤੇ ਸਿੱਖਾਂ ਦੀਆਂ ਤਿੰਨ ਕੌਮਾਂ ਨੂੰ ਰਾਜ ਭਾਗ ਦੀਆਂ ਵਾਰਸ ਮੰਨਿਆ ਸੀ। ਰਾਜ ਭਾਗ ਦੇਣ ਦੇ ਸਬੰਧ ਵਿਚ ਅੰਗਰੇਜ਼ ਸਾਮਰਾਜ ਦੇ ਕਈ ਮਿਸ਼ਨ ਦੇਸ਼ ਦੇ ਚੱਕਰ ਲਾ ਚੁੱਕੇ ਸਨ। ਹਿੰਦੋਸਤਾਨ ਦੀਆਂ ਦੋ ਹੀ ਵੱਡੀਆਂ ਰਾਜਸੀ ਪਾਰਟੀਆਂ ਸਨ–ਕਾਂਗਰਸ ਤੇ ਮੁਸਲਿਮ ਲੀਗ। ਦੋਹਾਂ ਦੇ ਮੂੰਹ ਚੜ੍ਹਦੇ ਲਹਿੰਦੇ ਸਨ। ਮੇਲ ਮਿਲਾਪ ਵਾਲੀ ਗੱਲ ਤਕਰੀਬਨ ਖ਼ਤਮ ਹੋ ਚੁੱਕੀ ਸੀ। ਮੁਸਲਮਾਨਾਂ ਦੀ ਨੁਮਾਇੰਦਗੀ ਮੁਸਲਿਮ ਲੀਗ ਕਰਦੀ ਸੀ, ਜਿਸ ਦਾ ਸਦਰ ਮਿਸਟਰ ਮੁਹਮੰਦ ਅਲੀ ਜਿਨਾਹ ਸੀ। ਕਾਂਗਰਸ ਨੂੰ ਉਹ ਹਿੰਦੂਆਂ ਦੀ ਜਮਾਤ ਮੰਨਦਾ ਸੀ। ਮਿਸਟਰ ਜਿਨਾਹ ਦੀ ਠੋਸ ਮੰਗ ਸੀ: ਮੁਸਲਮਾਨਾਂ ਦੇ ਬਹੁਗਿਣਤੀ ਵਾਲੇ ਇਲਾਕਿਆਂ ਦਾ ਪਾਕਿਸਤਾਨ, ਬਾਕੀ ਹਿੰਦੋਸਤਾਨ ਹਿੰਦੂ ਰੱਖ ਲੈਣ।

ਲਾਹੌਰ ਰਾਵੀ ਦਰਿਆ ਦੇ ਕਿਨਾਰੇ 1929 ਵਿਚ ਕਾਂਗਰਸ ਦਾ ਸਾਲਾਨਾ ਸੈਸ਼ਨ ਹੋਇਆ। ਉਸ ਵਿਚ ਜਵਾਹਰ ਲਾਲ ਨਹਿਰੂ ਨੇ ਪੂਰਨ ਆਜ਼ਾਦੀ ਦਾ ਮਤਾ ਰੱਖਿਆ ਸੀ। ਐਨ ਓਸੇ ਥਾਂ ਮੁਸਲਿਮ ਲੀਗ ਨੇ ਦਸ ਸਾਲ ਬਾਅਦ ਪਾਕਿਸਤਾਨ ਦਾ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ। ਬ੍ਰਾਹਮਣ ਹਿੰਦੂਆਂ ਵੱਲੋਂ ਮੁਸਲਮਾਨਾਂ ਨੂੰ ਭ੍ਰਿਸ਼ਟ ਸਮਝਿਆ ਜਾਂਦਾ ਸੀ ਤੇ ਉਦੋਂ ਬਰਾਬਰ ਦਾ ਮਨੁੱਖੀ ਸਲੂਕ ਨਹੀਂ ਕਰਦੇ ਸਨ। ਪਾਕਿਸਤਾਨ ਓਸੇ ਮਾੜੇ ਸਲੂਕ ਦਾ ਪ੍ਰਤੀਕਰਮ ਅੱਗੇ ਆ ਰਿਹਾ ਸੀ।

ਮਿਸਟਰ ਕਰਮ ਚੰਦ ਗਾਂਧੀ ਕਾਂਗਰਸ ਵਿਚ ਸਰਬ ਸਰਬਾ ਸੀ, ਭਾਵੇਂ ਉਹ ਚਾਰ ਆਨੇ ਦਾ ਮੈਂਬਰ ਵੀ ਨਹੀਂ ਸੀ, ਪਰ ਪਾਰਟੀ ਵਿਚ ਉਸ ਦਾ ਬਾਪੂ ਵਜੋਂ ਸਤਿਕਾਰ ਕੀਤਾ ਜਾਂਦਾ ਸੀ। ਉਹ ਮਿਸਟਰ ਜਿਨਾਹ ਨੂੰ ਹਿੰਦੋਸਤਾਨ ਇੱਕ ਰੱਖਣ ਲਈ ਮਨਾ ਰਿਹਾ ਸੀ।

"ਭਾਈ ਜਿਨਾਹ ਹਮ ਨੇ ਏਕ ਸਾਥ ਇਕੱਠੇ ਗੁਲਾਮੀ ਕੇ ਕਸ਼ਟ ਸਹੇ ਹੈਂ। ਆਜ਼ਾਦੀ ਕੇ ਲੀਏ ਏਕ ਸਾਥ ਕੁਰਬਾਨੀਆਂ ਕੀ ਹੈਂ। ਸਮੇਂ ਕੀ ਮਾਂਗ ਹੈ, ਅਬ ਵੀ ਏਕ ਸਾਥ ਇਕੱਠੇ ਰਹੋ। ਅਲਹਿਦਾ ਹੋਣੇ ਸੇ ਖ਼ੂਨ ਖ਼ਰਾਬਾ ਹੋ ਸਕਤਾ ਹੈ।"

ਮਿਸਟਰ ਜਿਨਾਹ ਛੱਤੀਆਂ ਪੱਤਣਾਂ ਦਾ ਤਾਰੂ ਸੀ। ਉਹ ਗਾਂਧੀ ਨੂੰ ਸਵਾ ਸੇਰ ਹੋ ਕੇ ਮਿਲਿਆ।

"ਨਾ ਮਿਸਟਰ ਕਰਮ ਚੰਦ ਗਾਂਧੀ ! ਤੂੰ ਗੁਜਰਾਤੀ ਖੱਤਰੀ, ਮੈਂ ਖੋਜਾ; ਦੋਨੋਂ ਵਪਾਰੀ। ਕਾਮ ਕੌਣ ਖਾਏ। ਮੈਂ ਤੁਮਹਾਰੀ ਮੀਠੀ ਚੋਪੜੀ ਬਾਤੋਂ ਮੇਂ ਨਾ ਆਇਆ। ਸਾਂਪ ਕੋ ਸਾਂਪ ਲੜੇ, ਜ਼ਹਿਰ ਕਿਸ ਕੋ ਚੜ੍ਹੇ। ਤੁਮਾਹਰੇ ਬ੍ਰਾਹਮਣਇਜ਼ਮ ਨੇ ਹਮੇ ਬੇਹੱਦ ਜ਼ਲੀਲ ਕੀਆ ਹੈ। ਅਬ ਇਤਬਾਰ ਨਾ ਹੋਗਾ। ਹਿੰਦੋਸਤਾਨ ਕੀ ਚਾਲੀਸ ਕਰੋੜ ਆਬਾਦੀ ਮੇਂ, ਹਮ ਦਸ ਕਰੋੜ ਹੈਂ। ਸੌ ਰੁਪਏ ਮੇਂ ਸੇ ਹਮਾਰੀ ਚਵੰਨੀ ਪਾਕਿਸਤਾਨ ਕੀ ਸ਼ਕਲ ਮੇਂ ਦੇ ਦੀ ਜਾਏ। ਮੈਂ ਏਕ ਪੈਸਾ ਵੀ ਜ਼ਿਆਦਾ ਨਹੀਂ ਮਾਂਗ ਰਹਾ।" ਉਸ ਸਪੱਸ਼ਟ ਕਹਿ ਦਿੱਤਾ।

"ਆਪ ਅਲਹਿਦਾ ਚਵੰਨੀ ਨਾ ਲੇਂ, ਹਮ ਸਾਰਾ ਰੁਪਇਆ ਆਪ ਕੋ ਦੇਤੇ ਹੈਂ।"

"ਵੋਹ ਕੈਸੇ?" ਮਿਸਟਰ ਜਿਨਾਹ ਨੇ ਵਿਆਖਿਆ ਚਾਹੀ।

"ਆਪ ਤਾਂ ਹਿਯਾਤ ਹਿੰਦੋਸਤਾਨ ਕੇ ਪ੍ਰਧਾਨ ਬਣੇ ਰਹੇਂ ਹਮ ਲਿਖ ਕਰ ਦੇਤੇ ਹੈਂ।"

ਜਿਨਾਹ ਸੋਚਣ ਲੱਗ ਪਿਆ। ਮੈਂ ਆਂ ਮਰੀਜ਼ ਕੈਂਸਰ ਦਾ, ਜਿਸ ਦਾ ਮੇਰੇ ਡਾਕਟਰ ਬਿਨਾਂ ਕਿਸੇ ਨੂੰ ਪਤਾ ਨਹੀਂ।

ਬਹੁਤਾ ਬਹੁਤਾ ਮੈਂ ਸਾਲ ਭਰ ਜੀਅ ਸਕਾਂਗਾ। ਮੈਂ ਚਾਹੁੰਦਾ ਆਂ, ਜਲਦੀ ਪਾਕਿਸਤਾਨ ਬਣ ਜਾਏ। ਤਾਰੀਖ਼ ਮੈਨੂੰ ਬਾਨੀ ਦੇ ਤੌਰ 'ਤੇ ਯਾਦ ਰੱਖੇ। ਮੇਰੇ ਪਿਛੋਂ ਬ੍ਰਾਹਮਣ ਬਾਣੀਏ ਫੇਰ ਮੁਸਲਮਾਨਾਂ ਨਾਲ ਅਛੂਤਾਂ ਵਾਲਾ ਸਲੂਕ ਕਰਨਗੇ।

"ਵੈੱਲ ਮਿਸਟਰ ਗਾਂਧੀ, ਨਜ਼ਾਮ ਜਮਹੂਰੀਅਤ ਸੇ ਚਲੇਗਾ?"

"ਬਿਲਕੁਲ, ਠੀਕ ਠਾਕ।"

"ਮਿਸਟਰ ਗਾਂਧੀ, ਵੋਟ ਕੇ ਰਾਜ ਮੇਂ ਚਵੰਨੀ ਬਾਰ੍ਹਾਂ ਆਨੇ ਕਾ ਮੁਕਾਬਲੇ ਕੈਸੇ ਕਰੇਗੀ? ਆਪ ਕਾ ਰੁਪਇਆ ਖੋਟਾ ਹੈ, ਜੋ ਚਵੰਨੀ ਮੇਂ ਵੀ ਨਹੀਂ ਚਲੇਗਾ। ਮੈਂ ਅਪਨੀ ਸਦਾਰਤ ਕੇ ਲੀਏ ਅਪਨੇ ਦਸ ਕਰੋੜ ਮੁਸਲਮਾਨ ਭਾਈਓਂ ਕੋ ਤੁਮਾਹਰਾ ਗੁਲਾਮ ਨਹੀਂ ਬਣਾ ਸਕਤਾ। ਮੁਝੇ ਸਿਰਫ਼ ਪਾਕਿਸਤਾਨ ਚਾਹੀਏ।"

ਮਿਸਟਰ ਜਿਨਾਹ ਦ੍ਰਿੜ੍ਹ ਸੰਕਲਪ ਸੀ।

ਮਿਸਟਰ ਜਿਨਾਹ ਦੀਆਂ ਦਲੀਲਾਂ ਅੱਗੇ ਗਾਂਧੀ ਦੀ ਪੇਸ਼ ਨਾ ਗਈ। ਹਾਰ ਕੇ ਉਸ ਲੋਕਾਂ ਵਿਚ ਕਹਿਣਾ ਸ਼ੁਰੂ ਕਰ ਦਿੱਤਾ, 'ਪਾਕਿਸਤਾਨ ਮੇਰੀ ਲਾਸ਼ ਪਰ ਬਣੇਗਾ!' ਅੰਗਰੇਜ਼ ਸਾਮਰਾਜ ਹਿੰਦੂਆਂ ਮੁਸਲਮਾਨਾਂ ਦੀ ਵਧਦੀ ਖਿੱਚੋਤਾਣ 'ਤੇ ਵਿੱਚੋਂ ਖੁਸ਼ ਸੀ। ਪਰ ਉੱਤੋਂ ਉੱਤੋਂ ਕਹਿ ਰਿਹਾ ਸੀ, ਸਾਰਾ ਦੇਸ਼ ਹਿੰਦੋਸਤਾਨੀਆਂ ਦਾ ਹੈ। ਤੁਸੀਂ ਇਸ ਨੂੰ ਵੰਡੋ, ਇੱਕ ਰੱਖੋ, ਤੁਹਾਡੀ ਮਰਜ਼ੀ, ਅਸਾਂ ਇਸ ਨੂੰ ਆਜ਼ਾਦ ਕਰ ਜਾਣਾ ਹੈ। ਹਿੰਦੂ ਸਿੱਖ ਵੰਡ 'ਤੇ ਔਖੇ ਹੀ ਨਹੀਂ, ਇੱਕ ਤਰ੍ਹਾਂ ਬੌਂਦਲੇ ਹੋਏ ਸਨ, ਕਿਉਂਕਿ ਪਾਕਿਸਤਾਨ ਕਿਸੇ ਹੀਲੇ ਵੀ ਰੁਕਦਾ ਨਹੀਂ ਦਿੱਸਦਾ ਸੀ। ਅੰਗਰੇਜ਼ ਦਾ ਗੁੱਝਾ ਝੁਕਾਅ ਪਾਕਿਸਤਾਨ ਬਣਾਉਣ ਵੱਲ ਸੀ। ਉਹ ਭਵਿੱਖ ਵਿਚ ਹਿੰਦੋਸਤਾਨ ਨੂੰ ਵੱਡੀ ਤੇ ਉੱਭਰਦੀ ਤਾਕਤ ਵਜੋਂ ਨਹੀਂ ਵੇਖਣਾ ਚਾਹੁੰਦਾ ਸੀ। ਪਾਕਿਸਤਾਨ ਦੀ ਤਾਕਤ ਅਜ਼ਮਾਈ ਲਈ ਕਾਂਗਰਸ ਸਰਹੱਦ ਦੇ ਪਠਾਣ ਭਾਈਆਂ ਨਾਲ ਇੱਕ ਤਰ੍ਹਾਂ ਗ਼ਦਾਰੀ ਕਰ ਚੁੱਕੀ ਸੀ। ਪੰਜਾਬ, ਸਿੰਧ ਅਤੇ ਬੰਗਾਲ ਨੇ ਅਸੈਂਬਲੀ ਮੈਂਬਰਾਂ ਦੀਆਂ ਵੋਟਾਂ ਨਾਲ ਪਾਕਿਸਤਾਨ ਵਿਚ ਜਾਣਾ ਮੰਨ ਲਿਆ ਸੀ। ਪਰ ਸਰਹੱਦ ਅਸੈਂਬਲੀ ਵਿਚ ਕਾਂਗਰਸ, ਸਰਹੱਦੀ ਗਾਂਧੀ ਅਬਦੁਲ ਗੁਫ਼ਾਰ ਅਤੇ ਖ਼ਾਨ ਭਾਈ ਕਾਰਨ ਭਾਰੂ ਸੀ। ਓਥੇ ਲੋਕਾਂ ਦੀ ਰਾਇਸ਼ੁਮਾਰੀ, ਪਾਕਿਸਤਾਨ ਵਿਚ ਜਾਣਾ ਹੈ ਜਾਂ ਨਹੀਂ, ਕਾਂਗਰਸ ਨੇ ਪ੍ਰਵਾਨ ਕਰ ਲਈ,

ਸਰਹੱਦੀ ਪਠਾਣ ਬਹੁਤ ਔਖੇ ਹੋਏ, ਉਨ੍ਹਾਂ ਸਪੱਸ਼ਟ ਆਖਿਆ, ਕਾਂਗਰਸ ਨੇ ਸਾਡੇ ਨਾਲ ਗ਼ਦਾਰੀ ਕੀਤੀ ਹੈ, ਸਾਡੀ ਪਿੱਠ ਵਿਚ ਛੁਰਾ ਮਾਰਿਆ ਹੈ। ਜਦੋਂ ਸਾਡੀ ਅਸੈਂਬਲੀ ਵਿਚ ਬਹੁਗਿਣਤੀ ਸੀ, ਕਾਂਗਰਸ ਨੇ ਰਾਇਸ਼ੁਮਾਰੀ ਕਿਉਂ ਮੰਨੀ।

ਮੱਦਰਾਸ ਦੇ ਕਾਂਗਰਸ ਆਗੂ ਰਾਜਗੋਪਾਲ ਅਚਾਰੀਆ ਦੇ ਬਿਆਨ ਨੇ ਬਲਦੀ 'ਤੇ ਤੇਲ ਪਾ ਦਿੱਤਾ। 'ਜੇ ਕਾਂਗਰਸ ਤੇ ਲੀਗ ਆਜ਼ਾਦੀ ਲੈਣ ਲਈ ਰਜ਼ਾਮੰਦ ਨਹੀਂ ਹੁੰਦੀਆਂ, ਅਸੀਂ ਦੱਖਣ ਵਾਲੇ ਅੱਡ ਹੋ ਕੇ ਅੰਗਰੇਜ਼ਾਂ ਤੋਂ ਆਜ਼ਾਦੀ ਲੈ ਲਵਾਂਗੇ।' ਇਸ ਬਿਆਨ ਨੇ ਕਾਂਗਰਸ ਨੂੰ ਹੋਰ ਘਿੱਸੂ ਪਾ ਦਿੱਤੇ। ਇਉਂ ਦੋ ਦੀ ਥਾਂ ਹਿੰਦੋਸਤਾਨ ਤਿੰਨ ਭਾਗਾਂ ਵਿਚ ਵੰਡ ਹੁੰਦਾ ਸੀ। ਅਜਿਹੀ ਰਾਜਸੀ ਖਿੱਚੋਤਾਣ ਵਿਚ ਸਿੱਖਾਂ ਸਮਝ ਲਿਆ, ਹੁਣ ਪਾਕਿਸਤਾਨ ਨਹੀਂ ਰੁਕਦਾ। ਪਰ ਉਹ ਪਾਕਿਸਤਾਨ ਅਤੇ ਹਿੰਦੋਸਤਾਨ ਵਿਚ ਦੋਫਾੜ ਨਹੀਂ ਹੋਣਾ ਚਾਹੁੰਦੇ ਸਨ। ਉਸ ਸਮੇਂ ਸਭ ਤੋਂ ਵੱਧ ਸਿੱਖਾਂ ਦੀ ਸਥਿਤੀ ਮਾੜੀ ਸੀ। ਉਨ੍ਹਾਂ ਦੀ ਹਸਤੀ ਤੱਕ ਖ਼ਤਰੇ ਵਿਚ ਪੈ ਚੁੱਕੀ ਸੀ। ਪਾਕਿਸਤਾਨ ਸਿੱਖਾਂ ਨੂੰ ਦੋਫਾੜ ਹੀ ਨਹੀਂ ਕਰਦਾ ਸੀ, ਸਗੋਂ ਗਲ੍ਹ ਤੇ ਧੜ ਅੱਡ ਕਰਦਾ ਸੀ। ਸਿੱਖਾਂ ਦਾ ਭਵਿੱਖ ਕੀ ਹੋਵੇ, ਦੇ ਵਿਸ਼ੇ 'ਤੇ ਵਿਚਾਰ ਕਰਨ ਲਈ ਅੱਜ ਦੀ ਮੀਟਿੰਗ ਜੁੜ ਬੈਠੀ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਹੈਸੀਅਤ ਵਿਚ ਗਿਆਨੀ ਕਰਤਾਰ ਸਿੰਘ ਨੇ ਸੰਗਤ ਵਿਚ ਉੱਠ ਕੇ ਬੋਲਣਾ ਸ਼ੁਰੂ ਕੀਤਾ:—

"ਪਿਆਰੇ ਭਰਾਓ! ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ! ਲੰਮੀ ਚੌੜੀ ਭੂਮਿਕਾ ਬੰਨ੍ਹਣ ਤੋਂ ਬਿਨਾਂ ਮੈਂ ਬੁਨਿਆਦੀ ਗੱਲ 'ਤੇ ਆਉਂਦਾ ਆਂ। ਮੈਨੂੰ ਯਕੀਨ ਬੱਝ ਚੁੱਕਾ ਹੈ, ਪਾਕਿਸਤਾਨ ਤਾਂ ਸਮਝੋ ਬਣ ਗਿਆ, ਹੁਣ ਕਿਸੇ ਹੀਲੇ ਰੁਕਦਾ ਨਹੀਂ।"

"ਪਾਕਿਸਤਾਨ ਬਣ ਜਾਣ ਪਿੱਛੋਂ, ਅਸੀਂ ਦੋ ਪੁੜਾਂ ਸੰਨ੍ਹ ਪੀਠੀਂਦੇ ਆਂ। ਆਬਾਦੀ ਦੇ ਅੰਕੜਿਆਂ ਅਨੁਸਾਰ ਪਾਕਿਸਤਾਨ ਦੀ ਹੱਦ ਲਾਹੌਰ ਦੇ ਹੇਠਾਂ ਜਾਂ ਵੱਧ ਤੋਂ ਵੱਧ ਰਾਵੀ ਦਰਿਆ ਤੱਕ ਹੋ ਸਕਦੀ ਹੈ। ਅਸੀਂ ਦੋਹੀਂ ਪਾਸੀਂ ਬਹੁਗਿਣਤੀ ਹੇਠਾਂ ਸਾਰੀ ਦੇ ਗੁਲਾਮ ਬਣ ਜਾਵਾਂਗੇ। ਸਾਡੀ ਪੰਜਾਬ ਵਿਚ ਕੁੱਲ ਤੇਰਾਂ ਫ਼ੀਸਦੀ ਆਬਾਦੀ ਹੈ। ਲੁਧਿਆਣਾ ਤੇ ਮੋਗਾ ਨੂੰ ਛੱਡ ਕੇ ਅਸੀਂ ਕਿਤੇ ਵੀ ਬਹੁਗਿਣਤੀ ਵਿਚ ਨਹੀਂ। ਸਾਨੂੰ ਇੱਕ ਧਿਰ ਕਾਂਗਰਸ ਜਾਂ ਲੀਗ ਨਾਲ ਸਮਝੌਤਾ ਕਰਨਾ ਹੀ ਪੈਣਾ ਹੈ। ਹਿੰਦੂਆਂ ਨਾਲ ਰਲਦੇ ਆਂ ਤਾਂ ਰਾਵੀਓਂ ਪਾਰਲੇ ਸਿੱਖ ਮੁਸਲਮਾਨਾਂ ਦੇ ਗੁਲਾਮ। ਜੇ ਮੁਸਲਮਾਨਾਂ ਨਾਲ ਸਮਝੌਤਾ ਕਰਦੇ ਹਾਂ; ਉਨ੍ਹਾਂ ਨਾਲ ਸਾਡੀ ਇਤਿਹਾਸਕ ਦੁਸ਼ਮਣੀ ਚੱਲੀ ਆਉਂਦੀ ਹੈ—ਰੋਟੀ ਬੇਟੀ ਦੀ ਵੀ ਸਾਂਝ ਨਹੀਂ। ਇਸ ਔਖੀ ਘੜੀ ਵਿਚ ਸਾਨੂੰ ਆਪਣੀ ਠੋਸ ਏਕਤਾ ਦਾ ਸਬੂਤ ਦੇਣਾ ਚਾਹੀਦਾ ਹੈ। ਕਮਿਊਨਿਸਟਾਂ ਪਾਕਿਸਤਾਨ ਦੇ ਆਤਮ ਨਿਰਣੇ ਦਾ ਹੱਕ ਮੰਨ ਕੇ ਦੇਸ਼ ਅਤੇ ਖ਼ਾਸ ਤੌਰ 'ਤੇ ਸਾਡੇ ਨਾਲ ਬਹੁਤ ਵੱਡੀ ਗ਼ਦਾਰੀ ਕੀਤੀ ਹੈ। ਓਧਰ ਗਾਂਧੀ ਆਪਣੀ ਲਾਸ਼ 'ਤੇ ਪਾਕਿਸਤਾਨ ਬਣਾਉਂਦਾ ਹੈ ਪਰ ਮੈਨੂੰ ਵਿਸ਼ਵਾਸ ਹੈ, ਜਿਵੇਂ ਜਿਵੇਂ ਚੁਫੇਰਿਓਂ ਪਾਕਿਸਤਾਨ ਦਾ ਦਬਾਅ ਵਧਦਾ ਜਾ ਰਿਹਾ ਹੈ, ਗਾਂਧੀ ਤੇ ਜਵਾਹਰ ਲਾਲ ਨੇ ਵੀ ਢਿੱਲੇ ਪੈ ਜਾਣਾ ਹੈ। ਦੱਖਣ ਵਾਲੇ ਪਾਕਿਸਤਾਨ ਇੱਕ ਤਰ੍ਹਾਂ ਮੰਨ ਹੀ ਚੁੱਕੇ ਹਨ। ਜਿਨਾਹ ਦੀ ਪੱਕੀ ਜ਼ਿੱਦ ਅੱਗੇ ਸਾਰਿਆਂ ਹਥਿਆਰ ਸੁੱਟ ਦੇਣੇ ਹਨ। ਅੰਗਰੇਜ਼ ਮੰਨੇ, ਭਾਵੇਂ ਨਾ ਮੰਨੇ, ਪਰ ਉਹ ਪਾਕਿਸਤਾਨ ਦਾ ਦਿਲੋਂ ਹਮਦਰਦ ਹੈ। ਸਾਨੂੰ ਦੋਵੇਂ ਧਿਰਾਂ ਮਾਰਦੀਆਂ ਹਨ। ਹੁਣ ਬਹਾਦਰੀ ਦੇ ਦਮਗਜੇ ਮਾਰਨ ਦਾ ਸਮਾਂ ਨਹੀਂ। ਇੱਕ ਦੀ ਦਾਰੂ

ਦੋ। ਸਾਡੇ ਇੱਕ ਨੂੰ ਦਸ ਦਸ, ਵੀਹ ਵੀਹ ਚੂੰਬੜਦੇ ਐ। ਅਸੀਂ ਆਪਣੇ ਬਚਾਅ ਲਈ ਕੀ ਪੈਂਤੜਾ ਮੱਲੀਏ। ਅੱਜ ਦੀ ਮੀਟਿੰਗ ਦਾ ਏਹੋ ਏਜੰਡਾ ਹੈ।" ਏਨੀ ਕਹਿ ਕੇ ਹੱਥ ਜੋੜਦਾ ਗਿਆਨੀ ਕਰਤਾਰ ਸਿੰਘ ਬਹਿ ਗਿਆ।

ਹਾਲ ਵਿਚ ਆਪ-ਮੁਹਾਰੀ ਘੁਸਰ ਫਿਸਰ ਛਿੜ ਪਈ। ਵੱਖਰੀਆਂ ਵੱਖਰੀਆਂ ਰਾਵਾਂ ਆਪੋ ਵਿਚ ਕੀਤੀਆਂ ਜਾਣ ਲੱਗੀਆਂ।

"ਅਸੀਂ ਮੁਸਲਮਾਨਾਂ ਨਾਲ ਕਿਵੇਂ ਜਾ ਸਕਦੇ ਆਂ। ਹਾਲੇ ਮਾਰਚ ਵਿਚ ਇਨ੍ਹਾਂ ਰਾਵਲਪਿੰਡੀ ਡਵੀਜ਼ਨ ਵਿਚ ਸਾਡਾ ਘਾਣ ਕੀਤਾ ਹੈ। ਧੀਆਂ ਭੈਣਾਂ ਦੀ ਬੇਪੱਤੀ, ਗੁਰਦੁਆਰੇ ਸਾੜੇ, ਸਾਡੇ ਘਰ ਤਬਾਹ ਬਰਬਾਦ ਕਰ ਮਾਰੇ। ਹੁਣ ਅਸੀਂ ਦੁਸ਼ਮਣਾਂ ਨਾਲ ਜਾਈਏ?"

"ਰਾਜਨੀਤੀ ਵਿਚ ਚੱਕ ਧਰ ਤਾਂ ਹੁੰਦੀ ਈ ਐ। ਗੱਲ ਸਾਨੂੰ ਦੋਵਾਂ ਧਿਰਾਂ ਨਾਲ ਕਰਨੀ ਚਾਹੀਦੀ ਹੈ। ਲਾਹਾ ਵੇਖ ਕੇ ਫ਼ੈਸਲਾ ਕਰੀਏ।"

"ਦੋਵੇਂ ਖੋਟੇ ਸਿੱਕੇ ਐ।"

"ਪਰ ਫ਼ੈਸਲਾ ਤਾਂ ਕਰਨਾ ਹੀ ਪੈਣਾ ਏਂ।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਕਲਰਕ ਚੁੱਪ ਚਾਪ ਪਿੱਛੇ ਜਿਹੇ ਹੋ ਕੇ ਮੀਟਿੰਗ ਵਿਚ ਆ ਬੈਠੇ। ਇੱਕ ਨੇ ਦੂਜੇ ਦੇ ਕੰਨ ਵਿਚ ਆਖਿਆ;

"ਰਣਜੋਧ, ਮੁਸਲਮਾਨਾਂ ਨਾਲ ਜਾਣਾ, ਮੌਤ ਦੇ ਵਾਰੰਟਾਂ 'ਤੇ ਦਸਖ਼ਤ ਕਰਨਾ ਹੈ।"

"ਜਦੋਂ ਗਿਆਨੀ ਕਰਤਾਰ ਸਿੰਘ ਦੇ ਆਖਣ ਅਨੁਸਾਰ ਪਾਕਿਸਤਾਨ ਬਣ ਕੇ ਰਹੇਗਾ; ਸਾਨੂੰ ਆਪਣਾ ਅੱਗਾ ਪਿੱਛਾ ਤਾਂ ਸੋਚਣਾ ਈ ਪੈਣਾ ਏਂ।" ਰਣਜੋਧ ਸਿੰਘ ਗਿਆਨੀ ਕਰਤਾਰ ਸਿੰਘ ਦਾ ਪ੍ਰਭਾਵ ਵੱਧ ਕਬੂਲਦਾ ਸੀ।

"ਮੈਂ ਤੈਨੂੰ ਲਿਖ ਕੇ ਦੇ ਦੇਂਦਾ ਆਂ, ਨਾਗੋਕੇ ਧੜਾ ਕਾਂਗਰਸ ਨਾਲ ਜਾਵੇਗਾ।"

"ਕਿਉਂਕਿ ਨਹਿਰੂ ਨੇ ਸ੍ਰ. ਬਲਦੇਵ ਸਿੰਘ ਨੂੰ ਵਜ਼ੀਰ ਜੰਗ ਬਣਾ ਦਿੱਤਾ ਹੈ?"

"ਨਹੀਂ, ਇਹ ਧੜਾ ਪ੍ਰਤਾਪ ਸਿੰਘ ਕੈਰੋਂ ਰਾਹੀਂ ਕਾਂਗਰਸ ਨਾਲ ਵਚਨਬੱਧ ਐ।"

"ਸਿੱਖਾਂ ਲਈ ਕੁਝ ਲੈਣ ਦੇਣ ਕੀਤਾ ਹੋਵੇਗਾ?"

"ਨਹੀਂ ਹਾਲੇ ਤੱਕ ਸੁੱਕਾ ਈ ਵਚਨ ਐ। ਫੇਰ ਆਪਣੇ ਧੜੇ ਲਈ ਰਿਆਇਤਾਂ ਲੈਣਗੇ।"

"ਕਰਨੈਲ ਸਿਆਂ! ਇਉਂ ਆਪਾ-ਧਾਪੀ ਸਿੱਖ ਕੌਮ ਨੂੰ ਕੱਖੋਂ ਹੌਲੀ ਨਹੀਂ ਕਰੇਗੀ?" ਰਣਜੋਧ ਨੇ ਖ਼ਦਸ਼ਾ ਜ਼ਾਹਰ ਕੀਤਾ। "ਬੁਨਿਆਦੀ ਲੋੜ ਹੈ ਇਸ ਵੇਲੇ ਕੌਮ ਨੂੰ ਇਕੱਠੀ ਰੱਖ ਕੇ ਕਿਸੇ ਤਰ੍ਹਾਂ ਬਚਾਅ ਕੀਤਾ ਜਾਵੇ। ਕਾਂਗਰਸ ਨਾਲ ਸਿੱਧਾ ਈ ਜਾਇਆਂ ਸਿੱਖ ਦੋ ਮੁਲਕਾਂ ਵਿਚ ਨਹੀਂ ਵੰਡੇ ਜਾਣਗੇ? ਜਿਸ ਦਾ ਵੱਡਾ ਡਰ ਹੈ।"

"ਦੇਖੋ ਮੀਟਿੰਗ ਕਿਹੜੇ ਫ਼ੈਸਲੇ 'ਤੇ ਪੁੱਜਦੀ ਹੈ।"

ਦੋਵੇਂ ਕਲਰਕ ਹੌਲੀ ਹੌਲੀ ਆਪਣੀ ਚਰਚਾ ਕਰਕੇ ਰਹੇ। ਹਾਲ ਵਿਚ ਰੌਲਾ ਹੋਰ ਵਧ ਗਿਆ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ!' ਦਾ ਜੈਕਾਰਾ ਛੱਡ ਕੇ ਚੁੱਪ ਵਰਤਾਉਣੀ ਪਈ। ਓਦੋਂ ਹੀ ਮਾਸਟਰ ਤਾਰਾ ਸਿੰਘ ਜੀ ਤਿੰਨ ਫੁੱਟੀ ਕਿਰਪਾਨ ਸੰਭਾਲਦੇ ਉੱਠ ਖਲੋਤੇ। ਸਾਰਾ ਹਾਲ ਇਕਦਮ ਸੁਸਰੀ ਵਾਂਗ ਸੌਂ ਗਿਆ।

"ਪਿਆਰੇ ਖਾਲਸਾ ਜੀਓ! ਇਸ ਵਿਚ ਸ਼ੱਕ ਨਹੀਂ, ਇਤਿਹਾਸ 'ਚ ਅਸੀਂ ਲਹੂ

ਬਿੱਜੀਆਂ ਪ੍ਰਸਥਿਤੀਆਂ ਵਿਚੋਂ ਗੁਜ਼ਰੇ ਆਂ; ਪਰ ਇਸ ਤਰ੍ਹਾਂ ਦੀ ਖ਼ਤਰਨਾਕ ਘੜੀ ਸਾਡੇ 'ਤੇ ਕਦੇ ਨਹੀਂ ਆਈ। ਸੱਪ ਦੇ ਮੂੰਹ ਕੋਹੜ ਕਿਰਲੀ, ਖਾਵੇ ਕੋਹੜੀ, ਛੱਡੇ ਕਲੰਕੀ। ਅੰਗਰੇਜ਼ ਵੱਲੋਂ ਅਸੀਂ ਤੀਜੀ ਕੌਮ ਜ਼ਰੂਰ ਮੰਨੇ ਗਏ ਆਂ, ਪਰ ਲੈਣ ਦੇਣ ਨੂੰ ਕੁਝ ਵੀ ਨਹੀਂ। ਸਾਡੇ ਗੁਰਦੁਆਰੇ, ਸਾਡੀਆਂ ਉਪਜਾਊ ਬਾਰਾਂ, ਸਾਡਾ ਪੋਠੋਹਾਰ ਸਭ ਕੁਝ ਹੀ ਜਾਂਦਾ ਦਿੱਸਦਾ ਹੈ। ਅਸੀਂ ਸਾਰਾ ਤਾਣ ਲਾ ਕੇ ਪਾਕਿਸਤਾਨ ਰੋਕੀਏ; ਏਸੇ ਵਿਚ ਹੀ ਸਾਡਾ ਭਲਾ ਤੇ ਬਚਾਅ ਹੈ।"

"ਮਾਸਟਰ ਜੀ! ਇਹ ਰੋਕ ਬਹੁਤ ਦੂਰ ਪਿੱਛੇ ਰਹਿ ਗਈ।" ਹਾਲ ਵਿਚ ਇੱਕ ਆਵਾਜ਼ ਉੱਭਰੀ।

"ਮੈਂ ਸਿੱਖਾਂ ਨੂੰ ਦੋ ਹਿੱਸਿਆਂ ਵਿਚ ਪਾਟਦੇ ਨਹੀਂ ਵੇਖ ਸਕਦਾ। ਅਸੀਂ ਆਜ਼ਾਦੀ ਲਈ ਬੇਥਾਹ ਕੁਰਬਾਨੀਆਂ ਦਿੱਤੀਆਂ ਹਨ। ਕਾਂਗਰਸ ਨੇ ਲਾਹੌਰ ਸੈਸ਼ਨ ਵਿਚ ਸਾਨੂੰ ਵਚਨ ਦਿੱਤਾ ਸੀ: ਤੁਹਾਡੀ ਮਰਜ਼ੀ ਬਿਨਾਂ ਰਾਜ ਭਾਗ ਨਹੀਂ ਚੱਲੇਗਾ। ਸਾਨੂੰ ਕਾਂਗਰਸ ਨਾਲ ਦੋ ਟੁੱਕ ਫ਼ੈਸਲਾ ਕਰਨਾ ਤੇ ਉਸ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਪਾਕਿਸਤਾਨ ਸਾਡੇ ਸਿਰ ਨੂੰ ਧੜ ਤੋਂ ਜੁਦਾ ਕਰਦਾ ਹੈ।" ਮਾਸਟਰ ਜੀ ਥੋੜ੍ਹਾ ਤੈਸ਼ ਖਾ ਗਏ।

ਜਥੇਦਾਰ ਨਾਗੋਕੇ ਨੇ ਹੱਥ ਖੜ੍ਹਾ ਕਰਕੇ ਬੈਠਿਆਂ ਹੀ ਆਖਿਆ:

"ਮਾਸਟਰ ਜੀ! ਅਸੀਂ ਤੁਹਾਡੇ ਨਾਲ ਸਹਿਮਤ ਆਂ।" ਉਸ ਧੜੇ ਦਾ ਕਰੂਰਾ ਗਿਆਨੀ ਕਰਤਾਰ ਸਿੰਘ ਨਾਲ ਨਹੀਂ ਮਿਲਦਾ ਸੀ। ਨਾਗੋਕੇ ਨੇ ਆਪਣਾ ਪੱਲੜਾ ਭਾਰੀ ਕਰਨ ਲਈ ਮਾਸਟਰ ਜੀ ਦੀ ਪ੍ਰੋੜ੍ਹਤਾ ਕਰ ਦਿੱਤੀ ਤਾਂ ਜੋ ਮਾਸਟਰ ਜੀ ਨੂੰ ਆਪਣੇ ਨਾਲ ਜੋੜ ਲਿਆ ਜਾਵੇ।

ਹਾਲ ਦੀਆਂ ਬਹੁਗਿਣਤੀ ਅਵਾਜ਼ਾਂ ਮਾਸਟਰ ਜੀ ਦੀ ਹਮਾਇਤ ਕਰ ਰਹੀਆਂ ਸਨ। ਗਿਆਨੀ ਕਰਤਾਰ ਸਿੰਘ ਫਿਰ ਬੋਲਿਆ—

"ਮਾਸਟਰ ਜੀ ਇਹ ਕੌਮ ਦੀ ਬਣਦੀ ਵਿਗੜਦੀ ਕਿਸਮਤ ਦਾ ਫ਼ੈਸਲਾ ਹੈ। ਸਾਨੂੰ ਕਾਹਲੀ ਤੋਂ ਕੰਮ ਨਹੀਂ ਲੈਣਾ ਚਾਹੀਦਾ।"

"ਮੈਂ ਸਹਿਮਤ ਆਂ, ਕਾਹਲੀ ਨਹੀਂ ਕਰਨੀ ਚਾਹੀਦੀ, ਪਰ ਅੱਗੇ....?"

"ਮੈਨੂੰ ਮਿਸਟਰ ਜਿਨਾਹ ਦਾ ਭੇਜਿਆ ਇੱਕ ਸਿੱਖ ਮਿਲਿਆ ਏ। ਉਸ ਜਿਨਾਹ ਨਾਲ ਗੱਲ ਕੀਤੀ ਸੀ। ਉਹ ਚਾਹੁੰਦਾ ਏ, ਅਸੀਂ ਉਸ ਨਾਲ ਗੱਲ ਕਰੀਏ।"

"ਬਿਲਕੁਲ ਨਹੀਂ, ਉਹ ਜਾਲ ਸੁੱਟ ਕੇ ਬਟੇਰਾ ਫੜਦਾ ਏ। ਫਸ ਗਏ ਤਾਂ ਛਟਕਿਆ ਨਹੀਂ ਜਾਣਾ।" ਨਾਗੋਕੇ ਧੜੇ ਵੱਲੋਂ ਆਵਾਜ਼ ਉੱਭਰੀ।

"ਅਸੀਂ ਦੇਖੀਏ ਤਾਂ ਸਹੀ, ਉਹ ਕੀ ਦੇਂਦਾ ਏ। ਸਾਨੂੰ ਉਹਦੇ ਥੈਲੇ ਦੀ ਬਿੱਲੀ ਬਾਹਰ ਕੱਢਣੀ ਚਾਹੀਦੀ ਹੈ।" ਗਿਆਨੀ ਫਿਰ ਕਹਿ ਗਿਆ।

"ਨਹੀਂ, ਅਸੀਂ ਹਰ ਹਾਲਤ ਵਿਚ ਕਾਂਗਰਸ ਨਾਲ ਹਿੰਦੋਸਤਾਨ ਵਿਚ ਰਹਿਣਾ ਹੈ।" ਜਥੇਦਾਰ ਨਾਗੋਕੇ ਦੇ ਮੁੱਢੋਂ ਇੱਕ ਹੋਰ ਮੈਂਬਰ ਉਠ ਕੇ ਬਹਿ ਗਿਆ।

"ਮੈਂ ਤੁਹਾਡੇ ਨਾਲ ਖਲੋਵਾਂਗਾ।" ਗਿਆਨੀ ਕਰਤਾਰ ਸਿੰਘ ਨੇ ਇੱਕ ਕਹਾਣਾ ਪਾਇਆ। "ਸਰ ਫਜ਼ਲ ਹੁਸੈਨ ਨੇ ਇੱਕ ਤੱਤ ਕੱਢਿਆ ਸੀ। ਅੰਗਰੇਜ਼ ਕਿਸੇ ਆਉਣ ਵਾਲੀ ਘਟਨਾ ਬਾਰੇ ਪੰਜਾਹ ਸਾਲ ਪਹਿਲਾਂ ਸੋਚ ਲੈਂਦਾ ਹੈ। ਹਿੰਦੂ ਦਸ ਵਰ੍ਹੇ ਪਹਿਲਾਂ, ਮੁਸਲਮਾਨ ਸਿਰ ਪਈ ਤੋਂ ਸੋਚਦਾ ਹੈ। ਪਰ ਸਿੱਖ ਦਸ ਵਰ੍ਹੇ ਲੰਘ ਜਾਣ ਪਿੱਛੋਂ ਅੱਖਾਂ ਖੋਲ੍ਹਦਾ ਹੈ। ਸਾਡੇ

ਹੁਣ ਸਿਰ ਆ ਪਈ ਐ, ਘੱਟ ਤੋਂ ਘੱਟ ਅਸੀਂ ਸਿਰ ਪਈ ਤੋਂ ਹੀ ਸੋਚ ਕੇ ਬਚਾਅ ਕਰ ਲਈਏ।"

ਗਿਆਨੀ ਕਰਤਾਰ ਸਿੰਘ ਦੀ ਦਲੀਲ ਨੇ ਹਾਲ ਵਿਚ ਠਰੰਮਾ ਲੈ ਆਂਦਾ।

"ਫਿਰ ਸੋਚਦੇ ਕਿਉਂ ਨਹੀਂ?" ਕਈ ਆਵਾਜ਼ਾਂ ਉੱਠ ਪਈਆਂ।

ਸਾਰੇ ਖ਼ਾਮੋਸ਼ ਹੋ ਗਏ। ਕੋਈ ਕੁਸਕ ਨਹੀਂ ਰਿਹਾ ਸੀ। ਸਭ ਦੀ ਮੱਤ ਜਾਮ ਹੋਈ ਪਈ ਸੀ। ਚੰਗੀ ਨੀਤੀ ਅੱਗੇ ਆ ਹੀ ਨਹੀਂ ਰਹੀ ਸੀ। ਅਖ਼ੀਰ ਕਰਤਾਰ ਸਿੰਘ ਨੇ ਗੱਲ ਨੂੰ ਆਪਣੇ ਹੱਥ ਲਿਆ।

"ਰਹੀਏ ਨਸ਼ੰਗ ਹਿੰਦੋਸਤਾਨ ਨਾਲ; ਪਰ ਮਿਸਟਰ ਜਿਨਾਹ ਨੂੰ ਕਿਉਂ ਨਾ ਟੋਇਆ ਜਾਵੇ। ਜੋ ਕੁਝ ਸਹੂਲਤ ਉਹ ਸਾਨੂੰ ਪਾਕਿਸਤਾਨ ਵਿਚ ਦੇਂਦਾ ਹੈ, ਘੱਟ ਤੋਂ ਘੱਟ ਉਹ ਤਾਂ ਲੈ ਕੇ ਹਿੰਦੋਸਤਾਨ ਵਿਚ ਜਾਈਏ।"

ਇਸ ਦਲੀਲ ਨੇ ਸਾਰਿਆਂ ਨੂੰ ਕਾਇਲ ਕਰ ਲਿਆ। ਰਣਜੋਧ ਨੇ ਆਪਣੇ ਸਾਥੀ ਨੂੰ ਆਖਿਆ—

"ਵੇਖੀ ਪਤੇ ਦੀ ਗੱਲ। ਐਵੇਂ ਨਹੀਂ ਗਿਆਨੀ ਕਰਤਾਰ ਸਿੰਘ ਨੂੰ ਅਕਾਲੀਆਂ ਦਾ ਦਿਮਾਗ਼ ਆਖਦੇ।"

ਹੁਣ ਗਿਆਨੀ ਜੀ ਦੀ ਰਾਇ ਹਾਲ ਵਿਚ ਭਾਰੂ ਹੋ ਗਈ। ਸਰਬ ਸੰਮਤੀ ਨਾਲ ਫ਼ੈਸਲਾ ਹੋਇਆ ਕਿ ਮਾਸਟਰ ਜੀ ਜਿਨਾਹ ਨਾਲ ਗੱਲ ਕਰਨ ਤੇ ਜਾਨਣ, ਉਹ ਸਾਨੂੰ ਪਾਕਿਸਤਾਨ ਵਿਚ ਕੀ ਦੇਂਦਾ ਹੈ। ਇਸ ਪਿੱਛੋਂ ਅਰਦਾਸ ਕੀਤੀ ਗਈ। ਸਾਰਿਆਂ ਬਹਿ ਕੇ ਗੁਰੂ ਗ੍ਰੰਥ ਸਾਹਿਬ ਦਾ ਪਵਿੱਤਰ ਵਾਕ ਸੁਣਿਆ ਅਤੇ ਮੀਟਿੰਗ ਸਮਾਪਤ ਕਰਕੇ ਉੱਠ ਖਲੋਤੇ।

ਮਾਸਟਰ ਤਾਰਾ ਸਿੰਘ ਦੀ ਮਿਲਣੀ ਲਈ ਮਿਸਟਰ ਜਿਨਾਹ ਨਾਲ ਤਾਲਮੇਲ ਕੀਤਾ ਗਿਆ। ਉਹ ਮਿਲਣ ਲਈ ਪਹਿਲਾਂ ਹੀ ਤਿਆਰ ਸੀ। ਸਿੱਖਾਂ ਦੇ ਨਾਲ ਮਿਲ ਜਾਣ ਕਾਰਨ ਉਸ ਦਾ ਪਾਕਿਸਤਾਨ ਵੱਡਾ ਹੁੰਦਾ ਸੀ। ਉਸ ਪਟਿਆਲੇ ਮਿਲਣ ਦੀ ਤਾਰੀਖ਼ ਦੇ ਦਿੱਤੀ। ਨੀਯਤ ਸਮੇਂ ਤੇ ਤਾਰੀਖ਼ ਉੱਤੇ ਮਾਸਟਰ ਜੀ ਪਟਿਆਲੇ ਮਿਸਟਰ ਜਿਨਾਹ ਦਾ ਇੰਤਜ਼ਾਰ ਕਰਨ ਲੱਗੇ। ਉਹ ਕਿਸੇ ਕਾਰਨ ਥੋੜ੍ਹਾ ਲੇਟ ਹੋ ਗਿਆ। ਮਾਸਟਰ ਜੀ ਪਿਛਲੀਆਂ ਘਟਨਾਵਾਂ ਬਾਰੇ ਸੋਚਣ ਲੱਗੇ। ਉਸ ਨੂੰ ਰਿਪੋਰਟ ਮਿਲੀ ਸੀ: ਮਾਰਚ ਦੇ ਫ਼ਸਾਦਾਂ ਵਿਚ, ਜਿੱਥੇ ਹਜ਼ਾਰਾਂ ਹਿੰਦੂ ਸਿੱਖ ਮਾਰੇ ਗਏ ਸਨ; ਉਥੇ ਘਰਾਂ ਤੱਕ ਨੂੰ ਢਾਹ ਸਾੜ ਸੁੱਟਿਆ ਸੀ। ਉਸ ਦਾ ਆਪਣਾ ਘਰ ਵੀ ਹਰਿਆਲ ਵਿਚ ਤਬਾਹ ਕਰ ਦਿੱਤਾ ਗਿਆ ਸੀ। ਅਕਬਰ ਅਲੀ ਐੱਮ. ਐੱਲ. ਏ., ਪੀਰ ਗੋਲੜ ਵਾਲੇ ਅਤੇ ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਮੁਸਲਮਾਨ ਗੁੰਡਿਆਂ ਨੂੰ ਹੱਲਾਸ਼ੇਰੀ ਦਿੱਤੀ ਸੀ। ਮਾਸਟਰ ਜੀ ਸੁਭਾਅ ਵੱਲੋਂ ਪਹਿਲਾਂ ਤੋਂ ਹੀ ਜਜ਼ਬਾਤੀ ਸਨ। ਉਹ ਗੁੱਸੇ ਨਾਲ ਭਰ ਗਏ। ਇਨ੍ਹਾਂ ਜ਼ਾਲਮਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਾਸੂਮ ਬੱਚਿਆਂ ਤੱਕ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਸੀ। ਮਾਵਾਂ ਨੇ ਆਪਣੇ ਸ਼ਹੀਦ ਪੁੱਤਰਾਂ ਦੇ ਟੁਕੜੇ ਝੋਲੀਆਂ ਵਿਚ ਪੁਆਏ। ਅਸੀਂ ਇਨ੍ਹਾਂ ਜ਼ਾਲਮਾਂ ਨਾਲ ਰਲਣ ਦੀ ਗੱਲ ਕਰ ਰਹੇ ਆਂ? ਉਹ ਇਕਦਮ ਭਵਕ ਕੇ ਕੁਰਸੀ ਤੋਂ ਉੱਠ ਖਲੋਤੇ ਅਤੇ ਜਿਨਾਹ ਨੂੰ ਬਿਨਾਂ ਮਿਲੇ ਸ੍ਰੀ ਅੰਮ੍ਰਿਤਸਰ ਵਾਪਸ ਆ ਗਏ।

ਸਿੱਖਾਂ ਦੀ ਕੌਮੀ ਹੋਂਦ ਕਾਇਮ ਰੱਖਣ ਵਾਲੀ ਗੱਲ ਘੱਟੇ ਪਈ ਰਹੀ ਅਤੇ ਕਿਸੇ

ਸਿਰੇ ਨਾ ਲੱਗੀ। ਗਿਆਨੀ ਕਰਤਾਰ ਸਿੰਘ ਨੇ ਮਾਸਟਰ ਜੀ ਦੇ ਮਿਸਟਰ ਜਿਨਾਹ ਨਾਲ ਬਿਨਾਂ ਗੱਲ ਕਰੇ ਤੁਰ ਆਉਣ ਦਾ ਬੜਾ ਦੁੱਖ ਮਨਾਇਆ। ਪਟਿਆਲਿਓਂ ਆਉਣ ਵਾਲੇ ਸਿੰਘ ਨੇ ਗਿਆਨੀ ਜੀ ਨੂੰ ਦੱਸਿਆ; ਮਿਸਟਰ ਜਿਨਾਹ ਨੇ ਮਾਸਟਰ ਜੀ ਦੇ ਬਿਨਾਂ ਮਿਲੇ ਤੁਰ ਜਾਣ ਉੱਤੇ ਦੁਖੀ ਮੁਸਕਾਣ ਨਾਲ ਆਖਿਆ: "ਮੈਂ ਕਿਆ ਕਰ ਸਕਤਾ ਹੂੰ, ਜਬ ਸਿੱਖ ਖ਼ੁਦ ਹੀ ਗੁਲਾਮੀ ਮੇਂ ਜੀਨਾ ਚਾਹਤੇ ਹੈਂ।"

ਉਨ੍ਹਾਂ ਰਾਜ ਰੌਲਿਆਂ ਵਿਚ ਪੰਜਾਬ ਦੇ ਮੁੱਖ ਮੰਤਰੀ ਖ਼ਿਜ਼ਰ ਹਿਯਾਤ ਖ਼ਾਂ ਨੇ ਅਸਤੀਫ਼ਾ ਦੇ ਦਿੱਤਾ। ਉਹ ਵੀ ਕੀ ਕਰਦਾ, ਉਸ ਦੇ ਖਿਲਾਫ਼ ਮੁਸਲਿਮ ਲੀਗ ਦੇ ਨੌਜਵਾਨ ਵਰਕਰ ਨਿੱਤ ਜਲੂਸ ਕੱਢਦੇ ਅਤੇ ਨੰਗੀਆਂ ਗਾਲ੍ਹਾਂ ਦਿੰਦੇ ਸਨ। ਉਸ ਤੰਗ ਆ ਕੇ ਸਾਥੀਆਂ ਦੀ ਸਲਾਹ ਲਏ ਬਿਨਾਂ ਅਸਤੀਫ਼ਾ ਦੇ ਦਿੱਤਾ। ਲੀਗ ਦੇ ਜੋਸ਼ੀਲੇ ਨੌਜਵਾਨਾਂ ਦੇ ਹੌਸਲੇ ਹੋਰ ਵਧ ਗਏ। ਉਨ੍ਹਾਂ ਲਾਹੌਰ ਅਸੈਂਬਲੀ ਹਾਲ 'ਤੇ ਮੁਸਲਿਮ ਲੀਗ ਦਾ ਚੰਦ ਤਾਰੇ ਵਾਲਾ ਹਰਾ ਝੰਡਾ ਚੜ੍ਹਾ ਦਿੱਤਾ।

"ਬਣ ਗਿਆ ਪਾਕਿਸਤਾਨ! ਲੈ ਲਿਆ ਪਾਕਿਸਤਾਨ!" ਦੇ ਲੰਮੇ ਉੱਚੇ ਨਾਅਰੇ ਗੂੰਜਦੇ ਰਹੇ।

ਮਾਸਟਰ ਤਾਰਾ ਸਿੰਘ ਜੀ ਕੁਦਰਤੀ ਉਸ ਦਿਨ ਲਾਹੌਰ ਵਿਚ ਹੀ ਸਨ। ਪਤਾ ਲੱਗਣ 'ਤੇ ਭੜਗਲ ਗਏ। ਤਿੰਨ ਸਿੰਘਾਂ ਨੂੰ ਨਾਲ ਲੈ ਕੇ ਅਸੈਂਬਲੀ ਦੀ ਛੱਤ 'ਤੇ ਜਾ ਚੜ੍ਹੇ ਅਤੇ ਨੰਗੀ ਤਲਵਾਰ ਨਾਲ ਲੀਗ ਦਾ ਝੰਡਾ ਤਾਰ ਤਾਰ ਕਰ ਸੁੱਟਿਆ। ਲੀਗ ਦੇ ਵਰਕਰ ਹੈਰਾਨ ਖੜ੍ਹੇ ਵੇਖਦੇ ਹੀ ਰਹਿ ਗਏ। ਲਾਹੌਰ ਵਿਚ ਫ਼ਿਰਕੂ ਖਿਚਾਅ ਹੋਰ ਵਧ ਗਿਆ। ਲਾਹੌਰ ਦੀ ਮਹਾਸ਼ਾ ਪ੍ਰੈੱਸ ਨੇ ਜਦੋਂ ਮਾਸਟਰ ਜੀ ਦੀ ਲੀਗ ਦਾ ਝੰਡਾ ਪਾੜਨ ਵਾਲੀ ਬਹਾਦਰੀ ਸੁਣੀ ਤਾਂ ਖ਼ੂਬ ਕੱਛਾਂ ਵਜਾਈਆਂ। ਆਪਸੀ ਸਲਾਹ ਕੀਤੀ, ਹੁਣ ਮੌਕਾ ਆ ਗਿਆ ਹੈ, ਮਾਸਟਰ ਜੀ ਨੂੰ ਹਿੰਦੂਆਂ ਸਿੱਖਾਂ ਦਾ ਸਾਂਝਾ ਲੀਡਰ ਮੰਨ ਕੇ ਉਸ ਦੀ ਵਡਿਆਈ ਕਰੀਏ, ਫੂਲੀ ਚੁੱਕੀਏ। ਉਹ ਸਿੱਖਾਂ ਨੂੰ ਹਿੰਦੋਸਤਾਨ ਵਿਚ ਲੈ ਆਵੇਗਾ ਅਤੇ ਰਾਜ ਵਿਚ ਇੱਕ ਹੋਰ ਹਿੰਦੂ ਸੂਬੇ ਦਾ ਵਾਧਾ ਹੋ ਜਾਵੇਗਾ। ਉਨ੍ਹਾਂ ਅਖ਼ਬਾਰ ਦੇ ਪੂਰੇ ਪਹਿਲੇ ਸਫ਼ੇ 'ਤੇ ਮਾਸਟਰ ਤਾਰਾ ਸਿੰਘ ਦੀ ਤਸਵੀਰ ਛਾਪੀ ਅਤੇ ਹੇਠਾਂ ਲਿਖਿਆ, "ਪੰਜਾਬ ਦਾ ਇੱਕੋ ਇੱਕ ਨਿਰਭੈ ਯੋਧਾ।"

ਆਖ਼ਰ ਪਾਕਿਸਤਾਨ ਦਾ ਅੰਗਰੇਜ਼ ਸਰਕਾਰ ਵੱਲੋਂ ਐਲਾਨ ਹੋ ਗਿਆ। ਇਸ ਐਲਾਨ ਨਾਲ ਜਿੱਥੇ ਪੰਜਾਬ ਦੇ ਸਿੱਖਾਂ ਨੂੰ ਭਾਜੜਾਂ ਪਈਆਂ, ਉੱਥੇ ਸਿੱਖ ਰਿਆਸਤਾਂ ਦੇ ਮਹਾਰਾਜਿਆਂ ਦੇ ਵੀ ਭਾਅ ਦੀ ਬਣ ਗਈ। ਕਿਉਂਕਿ ਇਸ ਰਾਜਸੀ ਜੁਗਗਰਦੀ ਵਿਚ ਰਿਆਸਤਾਂ ਬਚਦੀਆਂ ਨਹੀਂ ਦਿਸਦੀਆਂ ਸਨ। ਐਲਾਨ ਵਿਚ ਦਰਜ ਸੀ ਰਿਆਸਤਾਂ ਆਪਣੇ ਮੁਫ਼ਾਦ ਅਨੁਸਾਰ ਹਿੰਦੋਸਤਾਨ ਜਾਂ ਪਾਕਿਸਤਾਨ ਵਿਚ ਰਲ ਜਾਣ ਜਾਂ ਚਾਹੁਣ ਤਾਂ ਆਜ਼ਾਦ ਵੀ ਰਹਿ ਸਕਦੀਆਂ ਹਨ। ਰਾਜੇ ਪਰਜਾ ਮੰਡਲ ਦੀ ਤਹਿਰੀਕ ਨਾਲ ਪਹਿਲਾਂ ਹੀ ਬਹੁਤ ਸਤਾਏ ਹੋਏ ਸਨ। ਉਨ੍ਹਾਂ ਦਾ ਘਬਰਾਉਣਾ ਕੁਦਰਤੀ ਸੀ। ਅੰਗਰੇਜ਼ ਨੇ ਹਿੰਦੋਸਤਾਨ ਨੂੰ ਗੁਲਾਮੀ ਵਿਚ ਬੰਨ੍ਹੀ ਰੱਖਣ ਲਈ ਰਿਆਸਤਾਂ ਨੂੰ ਵਰਤਿਆ ਸੀ। ਜਾਣ ਲੱਗਿਆਂ ਉਸ ਰਾਜਿਆਂ ਦੀ ਬਾਤ ਵੀ ਨਾ ਪੁੱਛੀ। ਮਹਾਰਾਜਾ ਫ਼ਰੀਦਕੋਟ ਨੇ ਆਪਣੇ ਮੁਸਲਮਾਨ ਵਜ਼ੀਰ ਨਾਲ ਰਿਆਸਤ ਦੇ ਬਚਾਅ ਦੀ ਗੱਲ ਤੋਰੀ।

"ਵਜ਼ੀਰ ਸਾਹਿਬ! ਜੇ ਮੈਂ ਹਿੰਦੋਸਤਾਨ ਨਾਲ ਜੁੜਦਾ ਆਂ, ਨਹਿਰੂ ਮੇਰੇ ਨਾਲ

ਪਹਿਲਾਂ ਤੋਂ ਹੀ ਲੱਗਦਾ ਹੈ, ਮੇਰੀ ਰਿਆਸਤ ਬਚਦੀ ਨਹੀਂ ਦਿੱਸਦੀ। ਸਾਡੇ ਘੋੜ ਸਵਾਰ ਹਿੰਦੋਸਤਾਨੀ ਫ਼ੌਜ ਦਾ ਕੀ ਮੁਕਾਬਲਾ ਕਰ ਸਕਦੇ ਐ। ਬਚਣ ਦੀ ਕੋਈ ਸਬੀਲ ਕੱਢੋ?"

"ਹਜ਼ੂਰ ਮਹਾਰਾਜ ਸਾਹਿਬ! ਦੋਹਰੀ ਮੁਸ਼ਕਲ ਆ ਪਈ। ਨਹਿਰੂ ਨੇ ਪਰਜਾ ਮੰਡਲੀਆਂ ਦੀ ਹਰ ਹਾਲਤ ਵਿਚ ਹਮਾਇਤ ਕਰਨੀ ਹੈ।"

"ਮਿਸਟਰ ਮੁਹੰਮਦ ਅਲੀ ਜਿਨਾਹ?" ਵਜ਼ੀਰ ਨੇ ਸਿਰ ਫੇਰਿਆ।

"ਨਹੀਂ, ਨਵਾਬ ਮਮਦੋਟ ਨਾਲ ਮੇਰੀ ਸੁਤ ਐ। ਉਸ ਨਾਲ ਗੱਲ ਕਰਕੇ ਵੇਖਦਾ ਆਂ।"

ਨਵਾਬ ਮਮਦੋਟ ਉਨ੍ਹੀਂ ਦਿਨੀਂ ਪੰਜਾਬ ਮੁਸਲਿਮ ਲੀਗ ਦਾ ਸਦਰ ਸੀ। ਵਜ਼ੀਰ ਉਸ ਨੂੰ ਜਾ ਮਿਲਿਆ। ਨਵਾਬ ਸਮਝੀ ਬੈਠਾ ਸੀ, ਫ਼ਾਜ਼ਿਲਕਾ, ਫਿਰੋਜ਼ਪੁਰ ਤੇ ਜ਼ੀਰਾ ਮੁਸਲਿਮ ਬਹੁ-ਗਿਣਤੀ ਦੀਆਂ ਤਹਿਸੀਲਾਂ ਹੋਣ ਕਾਰਨ ਪਾਕਿਸਤਾਨ ਵਿਚ ਆ ਹੀ ਜਾਣੀਆਂ ਹਨ। ਉਸ ਸਲਾਹ ਦਿੱਤੀ, ਜੇ ਤੁਸੀਂ ਵਿਚਕਾਰਲੇ ਪਿੰਡਾਂ ਨੂੰ ਭੰਨ ਕੇ ਮਮਦੋਟ ਦੀ ਹੱਦ ਨਾਲ ਆ ਲੱਗੋ; ਅਸੀਂ ਤੁਹਾਡੀ ਹਿਫ਼ਾਜ਼ਤ ਦੀ ਗਰੰਟੀ ਦੇਂਦੇ ਆਂ। ਪਾਕਿਸਤਾਨ ਨਾਲ ਜੁੜਨ ਦੇ ਐਲਾਨ ਪਿੱਛੋਂ ਹਿੰਦੋਸਤਾਨ ਤੁਹਾਡੇ 'ਤੇ ਹਮਲਾ ਨਹੀਂ ਕਰ ਸਕਦਾ। ਇਹੋ ਪੱਟੀ ਮੁਸਲਮਾਨ ਵਜ਼ੀਰ ਨੇ ਮਹਾਰਾਜਾ ਫ਼ਰੀਦਕੋਟ ਨੂੰ ਆ ਪੜ੍ਹਾਈ। ਉਸ ਆਪਣੇ ਆਲੇ-ਦੁਆਲੇ ਦੇ ਭਰੋਸੇ ਵਾਲੇ ਬਰਾੜਾਂ ਦਾ ਇੱਕ ਖੁੱਲ੍ਹਾ ਇਕੱਠ ਫਰੀਦਕੋਟ ਵਿਚ ਸੱਦ ਲਿਆ ਅਤੇ ਉਨ੍ਹਾਂ ਆਏ ਮਿੱਤਰ-ਪ੍ਰਾਹੁਣਿਆਂ ਦੀ ਖ਼ੂਬ ਸੇਵਾ ਕੀਤੀ। ਆਖ਼ਰ ਮੁੱਖ ਮਕਸਦ ਦੀ ਗੱਲ ਤੋਰੀ:—

"ਦੇਖੋ ਬਈ ਪਿਆਰੇ ਬਰਾੜ ਭਰਾਓ! ਆਜ਼ਾਦੀ ਦੀ ਜਿਹੜੀ ਹਾਲ-ਦੋਹਾਈ ਪਈ ਹੋਈ ਐ, ਉਸ ਵਿਚ ਤੁਹਾਡੀ ਬਰਾੜੱਕੀ ਰਿਆਸਤ ਬਚਦੀ ਨਹੀਂ ਦਿੱਸਦੀ। ਅੰਗਰੇਜ਼ ਬੇਈਮਾਨ ਹੁਣ ਤੱਕ ਰਿਆਸਤਾਂ ਤੋਂ ਮਨ-ਮਰਜ਼ੀ ਦੀਆਂ ਸਹੂਲਤਾਂ ਲੈਂਦਾ ਰਿਹਾ। ਹੁਣ ਸਾਨੂੰ ਨਿਆਸਰੇ ਕਰਕੇ ਹਿੰਦੋਸਤਾਨ ਤੇ ਪਾਕਿਸਤਾਨ ਦੇ ਰਹਿਮ 'ਤੇ ਛੱਡ ਚੱਲਿਆ ਹੈ।"

"ਮੇਰੀ ਰਿਆਸਤ ਦੇ ਕਿਸੇ ਵੀ ਪਿੰਡ ਨੂੰ ਅੰਗਰੇਜ਼ੀ ਰਾਜ ਦੇ ਪਿੰਡਾਂ ਨਾਲੋਂ ਤਾਲੀਮ, ਸੜਕਾਂ ਤੇ ਸਿਹਤ ਆਦਿ ਸਹੂਲਤਾਂ ਵਿਚ ਅੱਗੇ ਪਾਓਗੇ। ਨਿਆਂ ਅਤੇ ਅਮਨ ਸ਼ਾਂਤੀ ਮੇਰੀ ਰਿਆਸਤ ਵਿਚ ਸਭ ਤੋਂ ਵਧੀਆ ਰਹੇ ਹਨ। ਹੁਣ ਇਸ ਰਿਆਸਤ ਨੂੰ ਤੁਹਾਡਾ ਬਾਹੂ ਬਲ ਹੀ ਬਚਾਅ ਸਕਦਾ ਹੈ। ਜੇ ਤੁਹਾਨੂੰ ਇਹ ਰਾਜ ਆਪਣਾ ਰਾਜ ਲੱਗਦਾ ਹੈ, ਤਦ ਹਥਿਆਰ ਚੁੱਕ ਕੇ ਇਸ ਨੂੰ ਬਚਾਉਣਾ ਹੋਵੇਗਾ। ਨਹੀਂ ਤਾਂ ਸਮਝੋ ਖੇਲ ਖ਼ਤਮ। ਮੈਂ ਤੁਹਾਡੇ ਅੱਗੇ ਸਪੱਸ਼ਟ ਹਾਲ-ਹਕੀਕਤ ਰੱਖ ਦਿੱਤੀ ਹੈ। ਇਹ ਹਾਲ ਸਾਡੀ ਰਿਆਸਤ ਦਾ ਹੀ ਨਹੀਂ, ਹਰ ਮਹਾਰਾਜੇ ਦਾ ਹੋ ਰਿਹਾ ਹੈ। ਹੁਣ ਤੁਸਾਂ ਫ਼ੈਸਲਾ ਕਰਨਾ ਹੈ, ਬਰਾੜ ਭਰਾਵਾਂ ਦਾ ਰਾਜ ਰਹਿਣਾ ਚਾਹੀਦਾ ਹੈ ਜਾਂ ਨਹੀਂ? ਮੈਂ ਤੁਹਾਡੀ ਮਰਜ਼ੀ ਤੇ ਤਾਕਤ ਜਾਨਣਾ ਚਾਹੁੰਦਾ ਆਂ।" ਏਨੀ ਕਹਿ ਕੇ ਉਹ ਬਹਿ ਗਿਆ।

ਮਹਾਰਾਜਾ ਸਾਹਿਬ ਨੇ ਬੋਲ ਕੇ ਇੱਕ ਤਰ੍ਹਾਂ ਮੈਦਾਨ ਆਪਣੇ ਹੱਕ ਵਿਚ ਕਰ ਲਿਆ ਸੀ। ਉਸ ਆਪਣੇ ਤਿਆਰ ਕਰ ਰੱਖੇ ਵਿਅਕਤੀਆਂ ਨੂੰ ਪਹਿਲੋਂ ਬੁਲਾਇਆ। ਬੁਲਾਰਿਆਂ ਰਿਆਸਤ ਨੂੰ ਬਚਾਉਣ ਦੇ ਹੱਕ ਵਿਚ ਵਧ ਚੜ੍ਹ ਕੇ ਤਕਰੀਰਾਂ ਕੀਤੀਆਂ। ਅਸੀਂ ਮਹਾਰਾਜੇ ਦੇ ਹੁਕਮ ਨੂੰ ਮੰਨਦੇ ਜਾਨਾਂ ਤੱਕ ਵਾਰ ਦਿਆਂਗੇ। ਬੁਲਾਰਿਆਂ ਦੇ ਚੜ੍ਹਦੀ ਕਲਾ ਵਾਲੇ ਬੋਲਾਂ ਮਹਾਰਾਜੇ ਦੀ ਚਿੰਤਾ ਚੁੱਕ ਦਿੱਤੀ। ਇੱਕ ਤਰ੍ਹਾਂ ਸਾਰਿਆਂ ਸਰਬ ਸੰਮਤੀ ਨਾਲ

ਬਾਹਾਂ ਖੜ੍ਹੀਆਂ ਕਰਕੇ ਮਹਾਰਾਜਾ ਸਾਹਿਬ ਨੂੰ ਯਕੀਨ ਦੁਆਇਆ, ਅਸੀਂ ਤੁਹਾਡੀ ਥਾਂ ਲੜਾਂਗੇ, ਮਰਾਂਗੇ। ਭਰਪੂਰ ਉਤਸ਼ਾਹ ਵਿਚ ਉਸ ਦਾ ਹੌਸਲਾ ਲੋੜ ਤੋਂ ਵੱਡੀ ਛਾਲ ਮਾਰ ਗਿਆ। ਉਸ ਦੇ ਇੱਕ ਚਹੇਤੇ ਨੇ ਮਹਾਰਾਜਾ ਪਟਿਆਲਾ ਨੂੰ ਇੱਕ ਖੁਫ਼ੀਆ ਚਿੱਠੀ ਲਿਖ ਮਾਰੀ।

"ਸਤਿਕਾਰ ਯੋਗ ਭਾਈ ਸਾਹਿਬ! ਸਤਿ ਸ੍ਰੀ ਅਕਾਲ! ਲੰਮੀ ਚੌੜੀ ਗੱਲ ਕਰਨ ਦਾ ਸਮਾਂ ਨਹੀਂ। ਤੁਸੀਂ ਆਪਣੀ ਫ਼ੌਜ ਨਾਲ ਮਲੇਰਕੋਟਲਾ ਵਿਚਦੀ ਮੈਨੂੰ ਆ ਮਿਲੋ ਤੇ ਇਉਂ ਅਸੀਂ ਮਮਦੋਟ ਦੀ ਹੱਦ ਨਾਲ ਲੱਗ ਜਾਵਾਂਗੇ। ਫਿਰ ਸਾਡੀਆਂ ਰਿਆਸਤਾਂ ਨੂੰ ਕੋਈ ਖ਼ਤਰਾ ਨਹੀਂ ਰਹੇਗਾ। ਨਵਾਬ ਮਮਦੋਟ ਨੇ ਪਾਕਿਸਤਾਨ ਵਿਚ ਸਾਡੀਆਂ ਰਿਆਸਤਾਂ ਜਿਉਂ ਦੀਆਂ ਤਿਉਂ ਕਾਇਮ ਰੱਖਣ ਦਾ ਵਿਸ਼ਵਾਸ ਦੁਆਇਆ ਹੈ। ਪਾਕਿਸਤਾਨ ਦੀ ਹੱਦਬੰਦੀ ਹੋਣ ਸਾਰ ਝੱਟ-ਪੱਟ ਕਾਰਵਾਈ ਕੀਤੀ ਜਾਵੇ। ਬਾਕੀ ਮਿਲ ਕੇ।"

ਆਪ ਦਾ ਸਨੇਹ ਸਤਿਕਾਰ ਨਾਲ,

ਇਹ ਭੇਦ ਭਰਿਆ ਖ਼ਤ ਭਿਜਵਾ ਕੇ ਮਹਾਰਾਜ ਫ਼ਰੀਦਕੋਟ ਬੇਫ਼ਿਕਰ ਹੋ ਗਿਆ ਅਤੇ ਪਾਕਿਸਤਾਨ ਦੀ ਹੱਦ ਦੇ ਐਲਾਨ ਦਾ ਇੰਤਜ਼ਾਰ ਕਰਨ ਲੱਗਾ। ਉਧਰ ਉਹ ਚਿੱਠੀ, ਪਤਾ ਨਹੀਂ ਕਿਵੇਂ ਹਿੰਦੋਸਤਾਨ ਦੇ ਹੋਮ ਮਨਿਸਟਰ ਕੋਲ ਪਹੁੰਚ ਗਈ। ਏਧਰ ਫ਼ਰੀਦਕੋਟ ਮੱਥੇ 'ਤੇ ਹੱਥ ਮਾਰ ਕੇ ਰਹਿ ਗਿਆ। ਪਹਿਲਾਂ ਸਾਡੇ ਬਜ਼ੁਰਗ ਪਹਾੜਾ ਸਿੰਘ ਨੂੰ, ਲੋਕ ਗ਼ਦਾਰ ਆਖਦੇ ਸਨ। ਹੁਣ ਕੀਹਨੂੰ ਆਖਣਗੇ? ਗ਼ਦਾਰੀਆਂ ਤੇ ਚੁਸਤੀਆਂ ਖਾ ਗਈਆਂ ਕੌਮ ਨੂੰ। ਵਾਹ ਕਿਸਮਤ ਦਿਆ ਬਲੀਆ, ਰਿੱਧੀ ਖੀਰ ਤੇ ਹੋ ਗਿਆ ਦਲੀਆ।

ਪੰਦਰਾਂ ਅਗਸਤ, 1947 ਆਜ਼ਾਦੀ ਦਿਨ ਮਿੱਥਿਆ ਜਾ ਚੁੱਕਾ ਸੀ। ਐਲਾਨ ਹੋਣ ਤੋਂ ਪਹਿਲਾਂ ਹੀ ਫ਼ਿਰਕੂ ਫ਼ਸਾਦ ਜ਼ੋਰਾਂ 'ਤੇ ਛਿੜ ਪਏ। ਧਰਮ ਨੂੰ ਪਿਆਰਾ ਜਾਣ ਕੇ ਹਿੰਦੂ-ਸਿੱਖਾਂ ਜਾਇਦਾਦਾਂ ਦਾ ਲਾਲਚ ਛੱਡ ਦਿੱਤਾ ਅਤੇ ਹਿੰਦੋਸਤਾਨ ਨੂੰ ਵਹੀਰਾਂ ਘੱਤ ਲਈਆਂ। ਏਸੇ ਤਰ੍ਹਾਂ ਪੂਰਬੀ ਪੰਜਾਬ ਵਿਚੋਂ ਡਰਦੇ ਮਾਰੇ ਮੁਸਲਮਾਨ ਪਾਕਿਸਤਾਨ ਨੂੰ ਨੱਠ ਤੁਰੇ। ਰਾਹਾਂ ਵਿਚ ਦੋਹੀਂ ਧਿਰੀਂ ਕਾਫ਼ਲਿਆਂ ਦੇ ਕਾਫ਼ਲੇ ਵੱਢੇ ਗਏ। ਯੋਜਨਾਬੱਧ ਲੁੱਟਾਂ ਹੋਈਆਂ। ਜ਼ਨਾਨੀਆਂ ਉਧਾਲੀਆਂ ਗਈਆਂ। ਫ਼ਿਰਕੂ ਜਨੂੰਨ ਨੇ ਬੱਚਿਆਂ, ਬੁੱਢਿਆਂ ਅਤੇ ਜ਼ਨਾਨੀਆਂ 'ਤੇ ਵੀ ਤਰਸ ਨਾ ਖਾਧਾ। ਭਰੀਆਂ ਦੀਆਂ ਭਰੀਆਂ ਰੇਲ ਗੱਡੀਆਂ ਕਤਲ ਕਰਕੇ ਦਰਿਆਵਾਂ ਵਿਚ ਰੋੜ੍ਹ ਸੁੱਟੀਆਂ। ਦਰਿਆ ਪਾਣੀ ਦੀ ਥਾਂ ਲਹੂ ਵਗਾ ਰਹੇ ਸਨ। ਇਸ ਤਰ੍ਹਾਂ ਦੀ ਬੇਤਰਸ ਵਹਿਸ਼ਤ ਤਾਰੀਖ਼ ਨੇ ਕਦੇ ਨਹੀਂ ਵੇਖੀ ਸੀ। ਦੋਹਾਂ ਪਾਸਿਆਂ ਤੋਂ ਚਾਰ ਲੱਖ ਤੋਂ ਉੱਪਰ ਬੇਦੋਸ਼ੇ ਅਤੇ ਮਾਸੂਮ ਆਜ਼ਾਦੀ ਦੀ ਭੇਟ ਚੜ੍ਹ ਗਏ। ਤੀਹ ਤੋਂ ਪੈਂਤੀ ਹਜ਼ਾਰ ਤੱਕ ਜ਼ਨਾਨੀਆਂ ਉਧਾਲੀਆਂ ਤੇ ਵੇਚੀਆਂ, ਵੱਟੀਆਂ ਗਈਆਂ। ਮੁਸਲਿਮ ਲੀਗ ਤੇ ਕਾਂਗਰਸ ਦੇ ਆਗੂਆਂ ਸੋਚਿਆ ਤੱਕ ਨਹੀਂ ਸੀ, ਲੱਖਾਂ ਬੇਗੁਨਾਹਾਂ ਜਾਨਾਂ ਦੇ ਘੱਲੂਘਾਰੇ ਲੈ ਕੇ ਆਜ਼ਾਦੀ ਆਵੇਗੀ। ਦੋਵਾਂ ਪਾਸਿਆਂ ਦੇ ਸਿਆਣੇ ਤੇ ਸ਼ਰੀਫ਼ ਵਿਅਕਤੀ ਧੀਆਂ-ਭੈਣਾਂ ਦੀ ਨੰਗੀ ਅਸਮਤ 'ਤੇ ਬੇਹੱਦ ਸ਼ਰਮਸਾਰ ਸਨ, ਪਰ ਰਾਜਨੀਤਕ ਲੀਡਰਾਂ ਨੂੰ ਰਾਜ ਚਾਹੀਦਾ ਸੀ। ਭਾਵੇਂ ਭਰਾਵਾਂ ਨੂੰ ਮਾਰ ਕੇ ਮਿਲੇ, ਭਾਵੇਂ ਭੈਣਾਂ ਦੇ ਨੰਗੇ ਜਲੂਸ ਕਢਵਾ ਕੇ ਮਿਲੇ। ਉਹਨਾਂ ਪਹਿਲਾਂ ਵਰਗੇ ਛੋਟੇ-ਮੋਟੇ ਫ਼ਸਾਦ ਤਾਂ ਜ਼ਰੂਰ ਕਲਪੇ ਸਨ, ਪਰ ਇਸ ਦਾ ਕਿਆਸ ਵੀ ਨਹੀਂ ਕੀਤਾ ਸੀ ਕਿ ਸਾਰਾ ਪੰਜਾਬ ਖ਼ੂਨੋ-ਖ਼ੂਨ

ਹੋ ਜਾਵੇਗਾ। ਨਹਿਰੂ ਤੇ ਲਿਆਕਤ ਅਲੀ ਨੂੰ ਮਜਬੂਰੀ ਮੂੰਹ ਪੰਜਾਬ ਦੀ ਆਬਾਦੀ ਦੇ ਤਬਾਦਲੇ ਦਾ ਸਮਝੌਤਾ ਕਰਨਾ ਪਿਆ। ਹੋਰ ਕੋਈ ਚਾਰਾ ਹੀ ਨਹੀਂ ਸੀ। ਦੋਵਾਂ ਪਾਸਿਆਂ ਤੋਂ ਲੋਕ ਕਾਫ਼ਲਿਆਂ ਦੇ ਕਾਫ਼ਲੇ ਤੁਰੇ ਆ ਰਹੇ ਸਨ।

ਪੰਜਾਬ ਹਰ ਪੱਖੋਂ ਬੁਰੀ ਤਰ੍ਹਾਂ ਵੱਢਿਆ ਗਿਆ। ਸਿੱਖਾਂ ਦੀਆਂ ਆਬਾਦ ਕੀਤੀਆਂ ਜੰਗਲੀ ਬਾਰਾਂ ਥਾਏਂ ਧਰੀਆਂ ਰਹਿ ਗਈਆਂ। ਦੇਸ਼ ਦੀਆਂ ਕੌਮੀ ਰਗਾਂ ਵਿਚੋਂ ਵਗਦਾ ਲਹੂ ਵੇਖਣ ਲਈ ਨਹਿਰੂ ਆਪ ਪੰਜਾਬ ਆਇਆ। ਇੱਕ ਸਿੱਖ ਬੀਬੀ, ਜਿਹੜੀ ਬੁਰੇ ਹਾਲੀਂ ਬੇਪੱਤ ਹੋ ਕੇ ਪਾਕਿਸਤਾਨ ਤੋਂ ਅੰਮ੍ਰਿਤਸਰ ਪਹੁੰਚੀ ਸੀ, ਨੇ ਜ਼ਲ੍ਹਿਆਂ ਵਾਲੇ ਬਾਗ਼ ਅੱਗੇ, ਨਹਿਰੂ ਨੂੰ ਗਲਮੇ ਤੋਂ ਫੜ ਕੇ ਝੰਜੋੜਿਆ।

"ਬਾਹਮਣਾ! ਜੱਦਿਆ ਆਜ਼ਾਦੀ ਦਿਆ....।" ਨਹਿਰੂ ਦੇ ਰਾਖੇ ਸਿਪਾਹੀਆਂ ਕੁੜੀ ਨੂੰ ਮਸਾਂ ਨਹਿਰੂ ਦੇ ਗਲੋਂ ਤੋੜਿਆ, ਪਰ ਉਹ ਹਫ਼ੀ ਹੋਈ ਬੋਲੀ ਜਾ ਰਹੀ ਸੀ। "ਜਿਹੜੀ ਮੇਰੇ ਨਾਲ ਹੋਈ ਐ, ਤੇਰੀ ਧੀ ਨਾਲ ਹੋਈ ਹੁੰਦੀ, ਤੈਨੂੰ ਗਰਕਣ ਨੂੰ ਧਰਤੀ ਵਿਹਲ ਨਾ ਦਿੰਦੀ। ਮੇਰੇ ਤਿੰਨ ਭਰਾ, ਮਾਂ-ਬਾਪ ਸਭ ਮਾਰੇ ਗਏ। ਤੂੰ ਉਨ੍ਹਾਂ ਦਾ ਕਾਤਲ, ਸਭ ਦਾ ਕਾਤਲ ਏਂ।" ਉਹ ਸਿਪਾਹੀਆਂ ਤੋਂ ਪਰਵਾਹਰੀ ਮੁੜ ਨਹਿਰੂ ਦੇ ਗਲ੍ਹ ਨੂੰ ਚੁੰਬੜਨਾ ਚਾਹੁੰਦੀ ਸੀ। ਪਰ ਸਿਪਾਹੀ ਉਸ ਨੂੰ ਰੋਕੀ ਖਲੋਤੇ ਸਨ। "ਤੂੰ ਏਂ ਪਾਕਿਸਤਾਨ ਬਣਾਉਣ ਵਾਲਾ ਬਾਹਮਣਾ, ਲੱਖਾਂ ਲੋਕਾਂ ਦਾ ਖ਼ੂਨੀ। ਥੂਹ ਤੇਰੀ ਸਰਕਾਰ! ਥੂਹ ਤੇਰੀ ਆਜ਼ਾਦੀ!"

ਸਿਪਾਹੀ ਰੋਹ ਭਰੀ ਕੁੜੀ ਨੂੰ ਧੱਕ ਕੇ ਪਰ੍ਹਾਂ ਲੈ ਗਏ। ਨਹਿਰੂ ਦੇ ਮੂੰਹ ਤੋਂ ਮੱਖੀ ਨਹੀਂ ਉਡ ਰਹੀ ਸੀ। ਉਸ ਸੋਚਿਆ ਹੀ ਨਹੀਂ ਸੀ, ਪਾਕਿਸਤਾਨ ਦੇ ਨਤੀਜੇ ਭੁਗਤ ਚੁੱਕੀ ਕੁੜੀ ਪਟਾਕ-ਪਟਾਕ ਸੱਚ ਉਹਦੇ ਮੂੰਹ 'ਤੇ ਮਾਰੇਗੀ। ਉਹ ਝੱਟ ਹੀ ਕਾਰ ਵਿਚ ਬਹਿ ਕੇ ਖਿਸਕ ਗਿਆ। ਧਾਹਾਂ ਮਾਰਦੀ ਕੁੜੀ ਦੇ ਮੋਢੇ 'ਤੇ ਰਣਜੋਧ ਕਲਰਕ ਨੇ ਹੱਥ ਆ ਰੱਖਿਆ। ਉਹ ਨਹਿਰੂ ਦਾ ਲੈਕਚਰ ਸੁਣਨ ਆਇਆ, ਹੋਰ ਹੀ ਦੁਖਾਂਤ ਵੇਖਣ ਲੱਗ ਪਿਆ ਸੀ।

"ਭੈਣ ਮੇਰੀਏ! ਰੋ ਲੈ, ਰੱਜ ਕੇ ਰੋ ਲੈ। ਇਹ ਸਾਰੇ ਦੋਸ਼ੀ ਹਨ, ਕਾਤਲ ਹਨ।"

"ਵੇ ਭਾਊ! ਐਨ ਤੇਰੇ ਵਰਗੇ ਮੇਰੇ ਤਿੰਨ ਭਰਾ ਮਾਰੇ ਗਏ, ਮਾਂ ਪਿਓ। ਬਹੁੜੀਂ ਵੇ ਰੱਬਾ! ਕਿੱਧਰ ਨੂੰ ਜਾਵਾਂਗੀ।"

"ਇਨ੍ਹਾਂ ਲੀਡਰਾਂ ਸਾਨੂੰ ਤੇ ਪੰਜਾਬ ਨੂੰ ਚੀਰ ਕੇ ਰੱਖ ਦਿੱਤਾ ਏ। ਜ਼ਾਲਮਾਂ ਨੂੰ ਕਿਸੇ ਨਾਲ ਹਮਦਰਦੀ ਨਹੀਂ। ਸਾਡੀਆਂ ਧੀਆਂ ਭੈਣਾਂ ਨੂੰ ਇਨ੍ਹਾਂ ਬੇਜਾਨੀਆਂ ਵੀ ਨਹੀਂ ਸਮਝਿਆ। ਸਾਨੂੰ ਮਰਵਾਉਣ ਤੇ ਬੇਪੱਤ ਕਰਾਉਣ ਵਾਲੇ ਨਹਿਰੂ ਤੇ ਪਟੇਲ ਹਨ।" ਸੱਚ ਰਣਜੋਧ ਦੇ ਮੂੰਹੋਂ ਮੱਲੋ-ਮੱਲੀ ਨਿਕਲ ਗਿਆ।

ਕੁੜੀ ਭੁੱਬਾਂ ਮਾਰ ਕੇ ਰਣਜੋਧ ਦੇ ਗਲ ਨੂੰ ਚੁੰਬੜ ਗਈ। ਉਸ ਦੇ ਅੰਦਰਲੇ ਜ਼ਖ਼ਮਾਂ ਸਾਰੀਆਂ ਦਰਦ ਪੀੜਾਂ ਡੋਲ੍ਹ ਛੱਡੀਆਂ। ਬਰਾਬਰ ਰੋਂਦਾ ਰਣਜੋਧ ਉਸ ਦੀ ਪਿੱਠ ਥਾਪੜ ਰਿਹਾ ਸੀ। ਵੇਖਣ ਵਾਲਿਆਂ ਦੀਆਂ ਅੱਖਾਂ ਨੱਕੋ ਨੱਕ ਭਰੀਆਂ ਹੋਈਆਂ ਸਨ। ਭਰਾ ਭੈਣ ਨੂੰ ਹੌਲੀ ਹੌਲੀ ਤੋਰਦਾ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਲੈ ਆਇਆ।

ਦੂਸਰਾ ਕਾਂਡ

ਸ਼੍ਰੋਮਣੀ ਕਮੇਟੀ ਦੇ ਦੋਵੇਂ ਕਲਰਕ ਗੱਲਾਂ ਕਰ ਰਹੇ ਸਨ। ਰਣਜੋਧ ਨੇ ਅਖ਼ਬਾਰ ਪਾਸੇ ਹਟਾਉਂਦਿਆਂ ਆਪਣੇ ਦੋਸਤ ਨੂੰ ਆਖਿਆ।

"ਮੈਂ ਤੈਨੂੰ ਇੱਕ ਨਵੀਂ ਕਹਾਣੀ ਸੁਣਾਵਾਂ?"

"ਗਿਆਨੀ ਕਰਤਾਰ ਸਿੰਘ ਦਿਆ ਚਮਚਿਆ, ਤੂੰ ਕੀ ਕਹਾਣੀ ਕਹੇਂਗਾ, ਰਾਤੀਂ ਬੜਾ ਪਾਲ੍ਹਾ ਪਿਆ।" ਕਰਨੈਲ ਆਪ ਹੀ ਗੱਲ ਕਰਕੇ ਹੱਸ ਪਿਆ।

"ਨਹੀਂ, ਪਤੇ ਦੀ ਗੱਲ। ਇੱਕ ਟੱਬਰ ਨੇ ਦਰਿਆਓਂ ਪਾਰ ਜਾਣਾ ਸੀ। ਸੋਚਣ ਲੱਗੇ: ਨਾ ਬੇੜੀ, ਨਾ ਮਲਾਹ, ਪਾਰ ਕਿਵੇਂ ਜਾਵਾਂਗੇ? ਉਨ੍ਹਾਂ ਇੱਕ ਮੱਝ ਤੱਕੀ। ਬੰਦੇ ਨੇ ਘਰ ਵਾਲੀ ਨੂੰ ਆਖਿਆ, ਭਾਗਵਾਨੇ, ਮੈਂ ਮੱਝ ਦੀ ਪੂਛ ਫੜਦਾ ਹਾਂ। ਤੂੰ ਮੇਰੀਆਂ ਲੱਤਾਂ, ਨਿਆਣੇ ਤੇਰੀਆਂ, ਇਉਂ ਇੱਕ ਦੂਜੇ ਦੀਆਂ ਲੱਤਾਂ ਫੜ ਕੇ ਪਾਰ ਹੋ ਚਲੀਏ, ਹੋਰ ਕੋਈ ਚਾਰਾ ਨਹੀਂ। ਉਹ ਮੱਝ ਦੇ ਆਸਰੇ ਇੱਕ ਦੂਜੇ ਦੀਆਂ ਲੱਤਾਂ ਫੜੀ ਦਰਿਆ ਦੇ ਅੱਧ ਵਿਚ ਆ ਗਏ। ਬੰਦੇ ਨੇ ਇੱਕ ਲੱਕੜ ਵਹਿਣ ਪਈ ਤਰੀ ਜਾਂਦੀ ਵੇਖੀ। ਉਸ ਮੱਝ ਦੀ ਪੂਛ ਛੱਡ ਕੇ ਲੱਕੜ ਨੂੰ ਹੱਥ ਪਾ ਲਿਆ। ਲੱਕੜ ਹੌਲੀ ਸੀ, ਉਹਦਾ ਭਾਰ ਨਾ ਸਹਾਰ ਸਕੀ ਤੇ ਡੋਬਾ ਮਾਰ ਗਈ। ਸਾਰਾ ਟੱਬਰ ਆਜ਼ਾਦੀ ਦੇ ਦਰਿਆ ਵਿਚ ਰੁੜ੍ਹ ਗਿਆ? ਕਿਉਂ? ਮੈਂ ਕੋਈ ਝੂਠ ਬੋਲਿਆ?"

ਕਰਨੈਲ ਛਿੱਥਾ ਜਿਹਾ ਪੈ ਗਿਆ। ਉਸ ਨੂੰ ਚੱਜ ਦਾ ਉੱਤਰ ਨਾ ਔੜਿਆ। ਰਣਜੋਧ ਇੱਕ ਸੱਟ ਹੋਰ ਕਰ ਗਿਆ।

"ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦੇਣ ਵਾਲਾ ਪਟੇਲ ਦਾ ਖੁਫ਼ੀਆ ਸਰਕੂਲਰ ਵੀ ਹੁਣ ਤਾਂ ਡਿਪਟੀ ਕਮਿਸ਼ਨਰਾਂ ਨੂੰ ਆ ਗਿਆ ਹੈ।"

"ਉਹ ਠੀਕ ਐ, ਨਾਗੋਕੇ ਧੜੇ ਵਾਲੇ ਪ੍ਰਤਾਪ ਸਿੰਘ ਕੈਰੋਂ ਨੂੰ ਨਾਲ ਲੈ ਕੇ ਨਹਿਰੂ ਕੋਲ ਗਏ ਐ। ਬਾਬਾ ਖੜਕ ਸਿੰਘ ਨੇ ਉਨ੍ਹਾਂ ਦਾ ਸਾਥ ਦਿੱਤਾ ਹੈ।" ਕਰਨੈਲ ਨੇ ਆਪਣੇ ਧੜੇ ਦੀ ਹਮਾਇਤ ਵਿਚ ਮੋੜ ਦਿੱਤਾ।

"ਹਾਂ ਹਾਂ, ਨਾਗੋਕੇ ਵਾਲੇ ਜਾ ਕੇ ਨਹਿਰੂ ਨੂੰ ਕਹਿਣਗੇ, ਅਸੀਂ ਸਿੱਖ ਜਰਾਇਮ ਪੇਸ਼ਾ ਨਹੀਂ, ਕੁਰਬਾਨੀ ਵਾਲੀ ਦੇਸ਼ ਭਗਤ ਕੌਮ ਆਂ। ਇਹ ਜਰਾਇਮ ਪੇਸ਼ੇ ਵਾਲਾ ਸਰਕੂਲਰ ਵਾਪਸ ਲਿਆ ਜਾਵੇ, ਜਿਹੜਾ ਹੋਮ ਮਨਿਸਟਰੀ ਪਟੇਲ ਨੇ ਪੰਜਾਬ ਦੇ ਜ਼ਿਲ੍ਹਾ ਮੁਖੀਆਂ ਨੂੰ ਜਾਰੀ ਕੀਤਾ ਹੈ। ਨਾਗੋਕੇ ਦਾ ਚਮਚਾ, ਕਾਂਗਰਸ ਦਾ ਚਮਚਾ, ਬੇਗਾਨੇ ਸਿਰ ਦੇ ਇਸ਼ਾਰੇ 'ਤੇ ਚੱਲਣ ਵਾਲਿਆਂ ਨਾਲ ਏਵੇਂ ਹੁੰਦੀ ਐ। ਭਾਈ ਕਰਨੈਲ ਸਿਆਂ, ਤੂੰ ਮੰਨ ਲੈ, ਮੱਝ ਦੀ ਪੂਛ ਛੁਟ ਗਈ, ਹੁਣ ਤਾਂ ਰੜੇ ਡੁੱਬਣਾ ਹੋਵੇਗਾ।" ਰਣਜੋਧ ਨੇ ਕੌਮੀ ਜ਼ਖ਼ਮ ਦੀ ਪੀੜ ਨਾਲ ਕਸੀਸ ਭਰ ਲਈ।

"ਨਹੀਂ, ਇਸ ਤਰ੍ਹਾਂ ਕਿਵੇਂ ਹੋ ਸਕਦਾ ਏ। ਕਾਂਗਰਸ ਨੇ 1929 ਵਿਚ ਲਾਹੌਰ ਦੇ

ਸਾਲਾਨਾ ਸਮਾਗਮ ਵਿਚ ਮਤਾ ਪਾਸ ਕੀਤਾ ਸੀ: ਸੁਤੰਤਰ ਰਾਜ ਪ੍ਰਬੰਧ ਸਿੱਖਾਂ ਦੀ ਮਰਜ਼ੀ ਦਾ ਵਿਧਾਨ ਤੇ ਸਤਿਕਾਰ ਕੀਤਾ ਜਾਵੇਗਾ। ਨਹਿਰੂ ਨੇ ਕਲਕੱਤੇ ਵਿਚ ਐਲਾਨਿਆ ਸੀ: ਆਜ਼ਾਦੀ ਦਾ ਨਿੱਘ ਮਾਨਣ ਵਾਲੇ ਸਿੱਖਾਂ ਵਾਸਤੇ ਉੱਤਰੀ ਹਿੰਦੋਸਤਾਨ ਵਿਚ ਇੱਕ ਖਿੱਤਾ ਕਾਇਮ ਕੀਤਾ ਜਾਵੇਗਾ। ਉਹ ਆਪਣੇ ਵਚਨ ਜ਼ਰੂਰ ਪੂਰੇ ਕਰਨਗੇ। ਆਜ਼ਾਦੀ ਤੋਂ ਥੋੜ੍ਹਾ ਸਮਾਂ ਹੀ ਪਹਿਲਾਂ ਮਹਾਤਮਾ ਗਾਂਧੀ ਨੇ ਸੀਸ ਗੰਜ ਗੁਰਦੁਆਰੇ ਵਿਚ ਆ ਕੇ ਕਿਹਾ ਸੀ, ਤੁਹਾਡਾ ਹੱਕ ਤੁਹਾਨੂੰ ਹਰ ਹਾਲਤ ਵਿਚ ਮਿਲੇਗਾ।" ਕਰਨੈਲ ਨੇ ਕਾਂਗਰਸੀ ਲੀਡਰਾਂ ਦੇ ਵਚਨਾਂ ਦਾ ਵਿਸ਼ਵਾਸ ਮੁੜ ਦੋਹਰਾਇਆ।

"ਕਰਨੈਲ ਸਿਆਂ, ਤੂੰ ਕਿਉਂ ਨਹੀਂ ਮੰਨਦਾ, ਮੱਝ ਦੀ ਪੂਛ ਛੁੱਟ ਗਈ। ਤੈਨੂੰ ਹੋਰ ਦੱਸਾਂ, ਲਾਹੌਰ ਵਾਲੇ ਮੁਸਲਮਾਨ ਕਹਿੰਦੇ ਐ–

"ਹਿੰਦੂਆਂ ਨੇ ਲੈ ਲਿਆ ਹਿੰਦੋਸਤਾਨ ਤੇ ਮੁਸਲਮਾਨਾਂ ਪਾਕਿਸਤਾਨ, ਸਿੱਖਾਂ ਨੂੰ ਮਿਲ ਗਈ ਤਿੰਨ ਫੁੱਟੀ ਕਿਰਪਾਨ।" ਜਾਣ ਤਾਂ ਤੁਹਾਡਾ ਸਾਰਾ ਧੜਾ ਗਿਆ ਹੈ ਕਿ ਰਾਜਸੀ ਠੱਗੀ ਵੱਜ ਗਈ, ਪਰ ਅਣਹੋਈ ਜ਼ਿੱਦ ਕਾਰਨ ਮੰਨਣ ਲਈ ਤਿਆਰ ਨਹੀਂ। ਠੱਗੀ ਵੀ ਵੱਜਦੇ ਵਾਜੀਂ ਦਿਨੇ ਦੁਪਹਿਰੇ ਵੱਜੀ ਹੈ। ਗਾਂਧੀ ਨੂੰ ਗਾਡਸੇ ਨੇ ਮੰਦਰ ਵਿਚ ਗੋਲੀ ਮਾਰ ਦਿੱਤੀ। ਜਿੱਧਰ ਗਈਆਂ ਬੇੜੀਆਂ, ਓਧਰ ਗਏ ਮਲਾਹ। ਕਾਗਜ਼ੀ ਮਤਿਆਂ ਨੂੰ ਵਾਰੀ ਵਾਰੀ ਚੱਟ ਲਓ। ਚਲਾਕ ਨਹਿਰੂ ਦਾ ਕੀ ਵਸਾਹ, ਪਲ ਵਿਚ ਤੋਲੇ, ਪਲ ਵਿਚ ਮਾਸੇ। ਹੁਣ ਤਾਂ ਫ਼ਰਿਆਦ ਸੁਣਨ ਵਾਲਾ ਵੀ ਕੋਈ ਨਹੀਂ ਰਿਹਾ। ਤੇਰੇ ਬਲਦੇਵ ਸਿੰਘ ਨੂੰ ਅੰਗਰੇਜ਼ ਵਲਾਇਤ ਰੋਕ ਕੇ ਸਿੱਖਾਂ ਦਾ ਕੁਝ ਸਵਾਰਨਾ ਚਾਹੁੰਦੇ ਸਨ, ਪਰ ਉਸ ਦੀ ਮੱਤ ਵਜ਼ੀਰ ਜੰਗ ਹੋਣ ਦੇ ਨਸ਼ੇ ਨੇ ਮਾਰ ਸੁੱਟੀ ਸੀ। ਬਲਦੇਵ ਸਿੰਘ ਨੂੰ ਸਿੱਖ ਕੌਮੀਅਤ ਦਾ ਅਹਿਸਾਸ ਹੀ ਕੋਈ ਨਹੀਂ ਸੀ। ਭਰਾਵਾ, ਬ੍ਰਾਹਮਣ ਬਾਣੀਆਂ ਰਲ ਕੇ ਸਿੱਖਾਂ ਦਾ ਸਿਰ ਮੁੰਨ ਸੁੱਟਿਆ। ਹਕੀਕਤ ਪਛਾਣੋ। ਤੁਸੀਂ ਹਾਲੇ ਵੀ ਊਠ ਦਾ ਬੁੱਲ੍ਹ ਡਿੱਗਣ ਦੀ ਆਸ ਕਰਦੇ ਹੋ?" ਰਣਜੋਧ ਜਿਹੜਾ ਗਿਆਨੀ ਕਰਤਾਰ ਸਿੰਘ ਦੇ ਵਿਚਾਰਾਂ ਨੂੰ ਸਹੀ ਮੰਨਦਾ ਸੀ, ਕਰਨੈਲ ਤੋਂ ਕਿਤੇ ਵੱਧ ਸਿਆਣਾ ਹੋ ਗਿਆ ਸੀ।

"ਭਾਵੇਂ ਤੇਰੀਆਂ ਸਾਰੀਆਂ ਗੱਲਾਂ ਖ਼ਰੀਆਂ ਹਨ, ਪਰ ਮਨੁੱਖ ਨੂੰ ਆਸ ਨਹੀਂ ਛੱਡਣੀ ਚਾਹੀਦੀ।"

"ਮੌਕਾ ਖੁੰਝਾਅ ਕੇ ਆਸਾਂ 'ਤੇ ਡੋਰੀਆਂ ਰੱਖਣ ਵਾਲੇ ਸ਼ੇਖ਼ ਚਿੱਲੀ ਹੁੰਦੇ ਹਨ।"

"ਐਥੇ ਤੂੰ, ਐਥੇ ਮੈਂ, ਸਾਡੀਆਂ ਕੁਰਬਾਨੀਆਂ ਦਾ ਮੁੱਲ ਅਵੇਰ-ਸਵੇਰ ਜ਼ਰੂਰ ਪਏਗਾ।"

"ਕੁਰਬਾਨੀਆਂ ਤਾਂ ਅੱਜ ਵੀ ਸਿੱਖ ਦੇਈ ਜਾ ਰਹੇ ਐ। ਪਟਿਆਲੇ ਦੀਆਂ ਸਿੱਖ ਫ਼ੌਜਾਂ ਸ੍ਰੀ ਨਗਰ ਦਾ ਹਵਾਈ ਅੱਡਾ ਨਾ ਨੱਪਦੀਆਂ, ਕਸ਼ਮੀਰ ਹਮੇਸ਼ਾ ਲਈ ਗਿਆ ਸੀ। ਭਲੇਮਾਣਸਾਂ ਨੂੰ ਬਾਣੀਏ ਅਤੇ ਭਗਤਾਂ ਨੂੰ ਬਾਹਮਣ ਲੁੱਟਦੇ ਐ। ਕਾਂਗਰਸ ਅੱਜ ਕੀਹਦੇ ਹੱਥ ਵਿਚ ਐ। ਇਹ ਨਾ ਮੁੱਲ ਪਾ ਗਈ ਸਿੱਖਾਂ ਦੀਆਂ ਕੁਰਬਾਨੀਆਂ ਦਾ। ਇਨ੍ਹਾਂ ਸੂਬਾ ਸਰਹੱਦ ਦੇ ਪਠਾਣ ਭਰਾਵਾਂ ਨਾਲ ਕਿਵੇਂ ਕੀਤੀ, ਯਾਦ ਐ ਜਿੰਨਾ ਚਿਰ ਲੋੜ ਸੀ, ਮਿਸਟਰ ਜਿਨਾਹ ਦੇ ਵਿਰੁੱਧ ਉਨ੍ਹਾਂ ਨੂੰ ਨੈਸ਼ਨਲਿਸਟ ਮੁਸਲਮਾਨ ਬਣਾ ਕੇ ਵਰਤਿਆ, ਜਦੋਂ ਲੋੜ ਨਾ ਰਹੀ, ਤੂੰ ਕੌਣ ਮੈਂ ਕੌਣ। ਰਾਜਨੀਤੀ ਵਿਚ ਅੰਧ-ਵਿਸ਼ਵਾਸ ਕਰਨ ਵਾਲੇ ਨਿਰੇ ਠੱਗੇ ਹੀ ਨਹੀਂ ਜਾਂਦੇ,

ਮਾਰੇ ਵੀ ਜਾਂਦੇ ਐ। ਹੋਰ ਤਸੱਲੀ ਲਈ ਆਪਣੇ ਲੀਡਰਾਂ ਨੂੰ ਪੁੱਛ ਲਈਂ।"

"ਤੂੰ ਠੀਕ ਸਹੀ, ਆਪਾਂ ਆਪਣੇ ਕੰਮ 'ਤੇ ਲੱਗੀਏ।" ਕਰਨੈਲ ਕੰਨ ਭੰਨ ਗਿਆ ਸੀ।

"ਯਾਰ ਮੈਂ ਤਾਂ ਸੱਚ ਨੂੰ ਸੱਚ ਆਖਿਆ ਏ।"

"ਆਹੋ, ਤੈਨੂੰ ਗਿਆਨੀ ਕਰਤਾਰ ਸਿੰਘ ਵਾਂਗ ਦਲੀਲਾਂ ਦੇਣੀਆਂ ਆ ਗਈਆਂ ਏਂ।"

ਲੀਡਰਾਂ ਦੀ ਮੀਟਿੰਗ ਹੋਣ ਵਾਲੀ ਸੀ। ਸਕੱਤਰ ਸਾਹਿਬ ਨੇ ਰਣਜੋਧ ਦੀ ਡਿਊਟੀ ਇਸ ਸੇਵਾਦਾਰ ਨਾਲ ਚਾਹ ਪਾਣੀ ਵਰਤਾਉਣ ਦੀ ਲਾ ਦਿੱਤੀ ਸੀ। ਉਹ ਖ਼ੁਦ ਵੀ ਸੁਣਨਾ ਚਾਹੁੰਦਾ ਸੀ, ਕਿਹੜਾ ਆਗੂ ਕੀ ਆਖਦਾ ਹੈ। ਉਸ ਨੂੰ ਖਾਲੀ ਸਿਰਾਂ 'ਤੇ ਬੜਾ ਗੁੱਸਾ ਆ ਰਿਹਾ ਸੀ। ਪਰ ਛੋਟੀ ਹੈਸੀਅਤ, ਮਜਬੂਰੀ ਮੂੰਹ ਚੁੱਪ। ਹੁਣ ਸਭ ਸਮਝਦੇ ਸਨ ਸਿੱਖਾਂ ਕੋਲ ਤਿੰਨ ਫੁੱਟੀ ਕਿਰਪਾਨ ਬਿਨਾਂ ਕੁਝ ਨਹੀਂ। ਰਾਜ ਭਾਗ ਸੰਭਾਲਣ ਨਾਲ ਹੀ ਕਾਂਗਰਸ ਨੇ ਅੱਖਾਂ ਫੇਰਨੀਆਂ ਹੀ ਨਹੀਂ, ਵਖਾਉਣੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ। ਹਾਲ ਕਮਰੇ ਵਿਚ ਦੋਵੇਂ ਧੜੇ ਆਪਣੇ ਆਪਣੇ ਪਾਸੇ ਬਣਾ ਕੇ ਬਹਿ ਗਏ। ਹਰ ਸਾਧਾਰਨ ਆਦਮੀ ਸਮਝ ਸਕਦਾ ਸੀ, ਇਹ ਦੋਫਾੜ ਤਾਂ ਹੋਏ ਹੀ ਪਏ ਆ। ਇਹ ਬੈਠਕ ਬਿਲਕੁਲ ਉਸ ਤਰ੍ਹਾਂ ਸੀ, ਜਿਵੇਂ ਸਿੱਖ ਸਰਦਾਰ ਫ਼ੀਰੋਜ਼ਸ਼ਾਹ ਦੀ ਲੜਾਈ ਡੋਗਰੇ ਗ਼ੱਦਾਰਾਂ ਕਾਰਨ ਹਾਰ ਕੇ ਲਾਹੌਰ ਜੁੜ ਬੈਠੇ ਸਨ। ਇਸ ਰਾਜਸੀ ਲੜਾਈ ਵਿਚ ਵੀ ਕੁਝ ਸਿੱਖ ਆਗੂ ਡੋਗਰੇ ਬਣੇ ਸਨ। ਆਪਣੀਆਂ ਖਾਸ ਪੁਜ਼ੀਸ਼ਨਾਂ ਬਣਾਉਣ ਲਈ ਪਲ ਪਲ ਦੀਆਂ ਖ਼ਬਰਾਂ ਨਹਿਰੂ ਨੂੰ ਦੇਂਦੇ ਰਹੇ ਸਨ। ਉਨ੍ਹਾਂ ਨੂੰ ਭੋਰਾ ਅਹਿਸਾਸ ਨਾ ਆਇਆ ਕਿ ਅਸੀਂ ਪੰਜਾਬ ਨਾਲ ਸਿੱਖ ਕੌਮੀਅਤ ਵੀ ਵੇਚ ਰਹੇ ਆਂ। ਆਪਣੀ ਜ਼ਮੀਰ ਤੇ ਅਹਿਸਾਸ ਨੂੰ ਮਾਰੇ ਬਿਨਾਂ ਕੋਈ ਗ਼ਦਾਰੀ ਨਹੀਂ ਕਰ ਸਕਦਾ।

ਮਾਸਟਰ ਤਾਰਾ ਸਿੰਘ ਨੇ ਸਭ ਤੋਂ ਪਹਿਲਾਂ ਬੋਲਣ ਲਈ ਖੰਘੂਰਾ ਮਾਰਿਆ।

"ਪਿਆਰੇ ਖਾਲਸਾ ਜੀ!" ਭੋਰਾ ਕੁ ਅਟਕ ਕੇ ਉਹ ਲੰਮਾ ਹਉਕਾ ਭਰ ਗਏ। "ਸੱਚੀ ਗੱਲ ਇਹ ਹੈ, ਸਾਨੂੰ ਸਾਡੇ ਵਿਸ਼ਵਾਸ ਨੇ ਮਾਰ ਲਿਆ। ਮੈਨੂੰ ਨਹੀਂ ਲੱਗਦਾ, ਕਾਂਗਰਸ ਗਾਂ ਸਾਨੂੰ ਦੁੱਧ ਦੀ ਤਿੱਪ ਦੇਵੇਗੀ....।"

"ਛੜਾਂ ਜਿੰਨੀਆਂ ਮਰਜ਼ੀ ਖਾ ਲਵੋ।" ਇੱਕ ਪੇਂਡੂ ਸਿੰਘ ਮਾਸਟਰ ਜੀ ਦੀ ਗੱਲ ਵਿਚਕਾਰੋਂ ਕੱਟ ਗਿਆ। "ਪਰ ਲੋਹੇ ਦਾ ਥਣ ਧਾਰ ਨਾ ਦੇ ਗਿਆ।"

"ਹਾਂ, ਇਹ ਵੀ ਝੂਠ ਨਹੀਂ।" ਮਾਸਟਰ ਜੀ ਨੇ ਮੁੜ ਗੱਲ ਫੜ ਲਈ। "ਸਾਡੇ ਸਾਹਮਣੇ ਸਿੱਖ ਕੌਮ ਦੀ ਹਸਤੀ ਬਚਾਉਣ ਦੀ ਸਮੱਸਿਆ ਖੜ੍ਹੀ ਹੋ ਗਈ ਹੈ। ਆਜ਼ਾਦੀ ਬਿਨਾਂ ਕਿਸੇ ਕੌਮ ਦਾ ਕੋਈ ਵਕਾਰ ਨਹੀਂ ਰਹਿੰਦਾ। ਅੱਜ ਹੋਰ, ਭਲਕ ਹੋਰ, ਸਾਨੂੰ ਗੁਲਾਮੀ ਦਾ ਅਹਿਸਾਸ ਵਧਦਾ ਜਾਵੇਗਾ। ਮੈਂ ਮਰਾਂ, ਪੰਥ ਜੀਵੇ, ਮੈਂ ਇਸ ਧਾਰਨਾ 'ਤੇ ਆ ਗਿਆ ਹਾਂ। ਬਲਦੇਵ ਸਿੰਘ ਦੇ ਵਿਸ਼ਵਾਸ 'ਤੇ ਮੈਂ ਅਣਮੰਨੇ ਦਿਲ ਨਾਲ ਕਾਂਗਰਸ 'ਤੇ ਇਤਬਾਰ ਕਰ ਗਿਆ। ਮੈਂ ਇਸ ਅਣਹੋਣੀ ਦਾ ਜ਼ੁੰਮੇਵਾਰ ਹਾਂ, ਦੋਸ਼ੀ ਹਾਂ। ਨਸ਼ੰਗ ਮੈਨੂੰ ਡੰਨ ਲਾਓ।" ਉਹ ਦਲੇਰੀ ਨਾਲ ਇਕਬਾਲ ਕਰਕੇ ਸਾਹ ਭਰਦੇ ਬਹਿ ਗਏ।

ਥੋੜ੍ਹਾ ਸਮਾਂ ਮੀਟਿੰਗ ਵਿਚ ਚੁੱਪ ਵਰਤੀ ਰਹੀ। ਇੱਕ ਚਿੱਟੇ ਦਾਅੜ੍ਹੇ ਵਾਲੇ ਸਰਦਾਰ ਨੇ ਬੈਠਿਆਂ ਹੀ ਮਾਸਟਰ ਜੀ ਦੀ ਗੱਲ 'ਤੇ ਟਿੱਪਣੀ ਕੀਤੀ।

"ਮਾਸਟਰ ਜੀ! ਖ਼ਿਮਾ ਕਰਨਾ, ਤੁਹਾਨੂੰ ਡੰਨ ਲਾਉਣ ਨਾਲ ਗਵਾਚਿਆ ਵਾਪਸ ਆ ਜਾਵੇਗਾ?"

ਇਹ ਵਿਅੰਗ ਮਾਸਟਰ ਜੀ ਨੂੰ ਅੰਦਰੋਂ ਬਾਹਰੋਂ ਖਾ ਗਿਆ। ਉਹ ਉਸ ਜ਼ਖ਼ਮੀ ਸੱਪ ਵਾਂਗ ਵਿਹੁ ਘੋਲਣ ਲੱਗੇ, ਜਿਹੜਾ ਰੀੜ੍ਹ ਦੀ ਹੱਡੀ ਟੁੱਟ ਜਾਣ ਕਾਰਨ ਭੱਜ ਵੀ ਨਹੀਂ ਸਕਦਾ ਸੀ। ਗਿਆਨੀ ਕਰਤਾਰ ਸਿੰਘ ਨੇ ਹੀ ਮਾਸਟਰ ਜੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ।

"ਸੱਪ ਨਿਕਲ ਗਿਆ, ਲਕੀਰ ਕੁੱਟਣ ਦਾ ਕੀ ਲਾਭ? ਲੰਘ ਗਏ ਨੂੰ ਪਿਆਰਿਓ, ਕੋਈ ਪੈਗੰਬਰ ਵੀ ਮੋੜ ਨਹੀਂ ਸਕਿਆ। ਗਵਾਚੇ 'ਤੇ ਝੂਰਨਾ ਫ਼ਜ਼ੂਲ ਐ। ਸਾਡੇ ਸਾਹਮਣੇ ਬੁਨਿਆਦੀ ਸਵਾਲ ਕੌਮੀ ਵਰਾਸਤ ਨੂੰ ਬਚਾਉਣ ਦੇ ਕਾਇਮ ਰੱਖਣ ਦਾ ਹੈ। ਮੇਰੀ ਤਜਵੀਜ਼ ਐ, ਗੁਰੂ ਦੀ ਓਟ ਲੈ ਕੇ ਸੂਝਵਾਨਾਂ ਦਾ ਇੱਕ ਡੈਪੂਟੇਸ਼ਨ ਤਿਆਰ ਕਰੀਏ, ਜਿਹੜਾ ਨਹਿਰੂ ਨੂੰ ਮਿਲ ਕੇ ਉਹਦੇ ਦਿੱਤੇ ਇਕਰਾਰਾਂ ਤੇ ਵਾਅਦਿਆਂ ਨੂੰ ਪੂਰੇ ਕਰਵਾਉਣ ਲਈ ਜ਼ੋਰ ਪਾਵੇ। ਮਾਸਟਰ ਜੀ ਤੇ ਬਲਦੇਵ ਸਿੰਘ ਉਸ 'ਚ ਭਾਗ ਜ਼ਰੂਰ ਲੈਣ। ਭਾਵੇਂ ਕਾਂਗਰਸੀ ਤਿਲਾਂ ਵਿਚੋਂ ਮੈਨੂੰ ਤੇਲ ਦੀ ਆਸ ਨਹੀਂ, ਪਰ ਸਾਨੂੰ ਆਪਣੇ ਹੱਕ ਦਾ ਪੱਖ ਤਾਂ ਪੇਸ਼ ਕਰਨਾ ਚਾਹੀਦਾ ਹੈ।"

"ਰੋਵਾਂਗੇ ਤਾਂ ਹੀ ਮਾਂ ਦੁੱਧ ਦੇਵੇਗੀ।"

ਵਿਅੰਗ ਕਰਨ ਵਾਲੇ ਭਲੇ ਪੁਰਸ਼ ਤੋਂ ਫਿਰ ਆਖਣੋਂ ਨਾ ਰਹਿ ਹੋਇਆ:

"ਇਹ ਸੰਤਾਲੀ ਤੋਂ ਪਹਿਲਾਂ ਵਾਲੀ ਮਾਂ ਨਹੀਂ, ਹੁਣ ਮਤੇਈ ਬਣ ਚੁੱਕੀ ਹੈ।"

"ਤੁਹਾਡੀ ਗੱਲ ਦਰੁਸਤ ਵੀ ਮੰਨ ਲਈਏ, ਸਾਨੂੰ ਲੋਕਾਚਾਰੀ ਵਜੋਂ ਸੱਚ ਨੂੰ ਸੱਚ ਆਖਣ ਲਈ ਨਹਿਰੂ ਦੇ ਰੂਬਰੂ ਹੋਣਾ ਚਾਹੀਦਾ ਹੈ।" ਗਿਆਨੀ ਕਰਤਾਰ ਸਿੰਘ ਨੇ ਦ੍ਰਿੜ੍ਹਤਾ ਵਿਖਾਈ।

"ਗਿਆਨੀ ਜੀ, ਰਾਜਨੀਤੀ ਵਿਚ ਸੱਚਾ ਆਦਮੀ ਕਮਜ਼ੋਰ ਹੁੰਦਾ ਵੀ ਝੂਠਾ ਹੋ ਜਾਂਦਾ ਹੈ। ਹੁਣ ਚੁੱਪ ਕਰਕੇ ਗੁਲਾਮੀ ਹੰਢਾਓ।"

"ਨਹੀਂ ਇਹ ਨਹੀਂ ਹੋ ਸਕਦਾ।" ਮਾਸਟਰ ਜੀ ਬੈਠੇ ਬੈਠੇ ਤਾਅ ਖਾ ਗਏ। "ਮੈਂ ਨਹਿਰੂ ਦੀ ਕੋਠੀ ਅੱਗੇ ਮਰਨ ਵਰਤ ਰੱਖਾਂਗਾ। ਅਸੀਂ ਐਨੀਆਂ ਕੁਰਬਾਨੀਆਂ ਤੇ ਫ਼ਾਂਸੀਆਂ ਝੱਲ ਕੇ ਗੁਲਾਮੀ ਹੰਢਾਈਏ, ਇਹ ਕਿਵੇਂ ਹੋ ਸਕਦਾ ਏ।"

"ਮਾਸਟਰ ਜੀ, ਹੁਣ ਲਾਹੌਰ ਵਾਲੀਆਂ ਜਜ਼ਬਾਤੀ ਟਾਹਰਾਂ ਛੱਡ ਦਿਓ। ਇਨ੍ਹਾਂ ਸਾਨੂੰ ਕਿਤੋਂ ਜੋਗਾ ਨਹੀਂ ਛੱਡਿਆ।" ਸਫ਼ੈਦ ਦਾਅੜ੍ਹੇ ਵਾਲਾ ਭਾਈ ਮਾਯੂਸ ਦਿਖਾਈ ਦੇ ਰਿਹਾ ਸੀ।

ਓਦੋਂ ਨੂੰ ਰਣਜੋਧ ਸਿੰਘ ਤੇ ਦੋ ਸੇਵਾਦਾਰ ਚਾਹ ਲੈ ਕੇ ਆ ਗਏ। ਉਨ੍ਹਾਂ ਝੱਟ ਝੱਟ ਸਾਰਿਆਂ ਅੱਗੇ ਗਲਾਸ ਰੱਖ ਦਿੱਤੇ। ਚਾਹ ਵਿਚੋਂ ਲੌਂਗ-ਇਲਾਇਚੀ ਦੀ ਸੁਗੰਧ ਉੱਠ ਰਹੀ ਸੀ। ਗਿਆਨੀ ਕਰਤਾਰ ਸਿੰਘ ਨੇ ਰਣਜੋਧ ਦੀ ਤਾਰੀਫ਼ ਕੀਤੀ।

"ਚਾਹ ਤਾਂ ਤੇਰੀ ਕੰਡੇ ਕੱਢ ਐ।"

"ਤੁਹਾਡੀ ਮਿਹਰਬਾਨੀ! ਕੌਮ ਦੇ ਕੰਡੇ ਨਿਕਲ ਜਾਣਗੇ ਕਿ ਨਹੀਂ?" ਰਣਜੋਧ ਮੋੜਵਾਂ ਸਵਾਲ ਕਰ ਗਿਆ।

"ਜੋ ਭਾਵੇ ਕਰਤਾਰ।"

"ਕਰਤਾਰ ਤਾਂ ਗਿਆਨੀ ਜੀ ਤੁਸੀਂ ਆਪ ਹੋ।"

"ਨਹੀਂ ਬਈ, ਬੰਦੇ ਨੂੰ ਸਿਰਤੋੜ ਕੋਸ਼ਿਸ਼ ਕਰਨੀ ਚਾਹੀਦੀ ਹੈ, ਸੋ ਕਰਾਂਗੇ।"

ਚਾਹ ਪੀਤੀ ਜਾਣ ਪਿੱਛੋਂ ਹੋਰ ਕਈ ਤਰ੍ਹਾਂ ਦੀਆਂ ਵਿਚਾਰਾਂ ਹੋਈਆਂ, ਪਰ ਨਹਿਰੂ ਨੂੰ ਮਿਲਣ ਵਾਲੀ ਗੱਲ ਦਾ ਸਾਰਿਆਂ ਸਮਰਥਨ ਕਰ ਦਿੱਤਾ। ਨਹਿਰੂ ਨੂੰ ਮਿਲਣ ਦਾ ਸਮਾਂ ਤੇ ਤਾਰੀਖ਼ ਲੈਣ ਲਈ ਅਕਾਲੀ ਦਲ ਦੇ ਜਨਰਲ ਸਕੱਤਰ ਦੀ ਡਿਊਟੀ ਲਾਈ ਗਈ। ਨਹਿਰੂ ਨੇ ਜਾਣ ਕੇ ਮਿਲਣੀ ਇੱਕ ਮਹੀਨਾ ਪਿਛੜਾ ਦਿੱਤਾ। ਅਕਾਲੀਆਂ ਉਹਦੀ ਚੁਸਤੀ ਨੂੰ ਭਾਂਪ ਲਿਆ। ਚਲੋ ਮਹੀਨਾ ਹੀ ਸੀ। ਤਕੜੇ ਦਾ ਸਤੀ ਵੀਹੀਂ ਸੌ। ਇੱਕ ਮਹੀਨੇ ਦੀ ਉਡੀਕ ਲੰਘਾ ਕੇ ਅਕਾਲੀ ਪਹਿਲੋਂ ਸ੍ਰ. ਬਲਦੇਵ ਸਿੰਘ ਦੀ ਕੋਠੀ ਇਕੱਤਰ ਹੋਏ। ਬਲਦੇਵ ਸਿੰਘ ਸਭ ਨੂੰ ਹੱਥ ਜੋੜ ਜੀ ਆਇਆਂ ਨੂੰ ਆਖਦਾ ਰਿਹਾ। ਇੱਕ ਮਨਚਲਾ ਸਿੰਘ ਸ੍ਰ. ਬਲਦੇਵ ਸਿੰਘ ਨੂੰ ਆਖਣ ਲੱਗਾ—

"ਸਰਦਾਰ ਤੇਰੇ ਕੰਡੇ ਬੀਜੇ ਚੁਗਣ ਆ ਗਏ ਆਂ।"

"ਗੁਰੂ ਭਲੀ ਕਰੇਗਾ।"

"ਬਲਦੇਵ ਸਿਆਂ, ਇਹ ਗੁੰਥੀਆਂ ਵਾਲੀ ਬੋਲੀ ਕਿੱਥੋਂ ਸਿੱਖ ਲਈ?"

"ਤੁਹਾਡੇ ਨਾਲ ਰਹਿ ਕੇ ਕੁਝ ਤਾਂ ਪਾਹ ਲੱਗਣਾ ਹੀ ਸੀ।"

"ਸਾਡੇ ਨਾਲੋਂ ਨਹਿਰੂ ਦਾ ਪਾਹ ਵਧੇਰੇ ਕਾਟ ਨਹੀਂ ਕਰ ਗਿਆ?" ਇੱਕ ਹੋਰ ਸਿੰਘ ਨੇ ਚੋਟ ਮਾਰ ਦਿੱਤੀ।

"ਹੁਣ ਨਹਿਰੂ ਅੱਗੇ ਅੱਖਾਂ ਨਾ ਮੀਟ ਜਾਈਂ, ਸਾਡੇ ਨਾਲ ਤਕੜਾ ਹੋ ਕੇ ਖਲੋਈਂ?" ਮਾਸਟਰ ਜੀ ਨੇ ਬਲਦੇਵ ਸਿੰਘ ਨੂੰ ਥੋੜ੍ਹਾ ਹਲੂਣਿਆ।

"ਮੈਂ ਤੁਹਾਡੇ ਨਾਲ ਆਂ, ਤਨ ਮਨ ਧਨ ਨਾਲ।" ਸ੍ਰ. ਬਲਦੇਵ ਸਿੰਘ ਨੇ ਵਿਸ਼ਵਾਸ ਦਿਵਾਇਆ। ਸਾਰੇ ਕਾਰਾਂ 'ਤੇ ਚੜ੍ਹ ਕੇ ਨਿਯਤ ਸਮੇਂ ਤੋਂ ਦਸ ਮਿੰਟ ਪਹਿਲਾਂ ਨਹਿਰੂ ਦੀ ਕੋਠੀ ਪਹੁੰਚ ਗਏ।

ਨਹਿਰੂ ਦੇ ਬਾਡੀਗਾਰਡ ਕੌੜ ਮਹਿ ਵਾਂਗ ਅਕਾਲੀਆਂ ਨੂੰ ਵੇਖ ਰਹੇ ਸਨ। ਪੁਲੀਸ ਦੇ ਇੱਕ ਡਿਪਟੀ ਸੁਪਰਡੈਂਟ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਸਾਰਿਆਂ ਨੂੰ ਇੱਕ ਸ਼ਾਨਦਾਰ ਡਰਾਇੰਗ ਰੂਮ ਵਿਚ ਬਿਠਾ ਦਿੱਤਾ। ਨੌਕਰਾਂ ਝੱਟ ਪੱਟ ਚਾਹ ਅਤੇ ਬਿਸਕੁਟ ਹਾਜ਼ਰ ਕਰ ਦਿੱਤੇ।

"ਸੇਵਾ ਤਾਂ ਬਹੁਤ ਕਰਦੇ ਐ, ਅੱਗੇ ਵੇਖੋ", ਜਥੇਦਾਰ ਨਾਗੋਕੇ ਸੁਭਾਵਕ ਹੀ ਕਹਿ ਗਿਆ।

"ਹਾਥੀ ਕੇ ਦਾਂਤ ਖਾਨੇ ਕੇ ਔਰ, ਦਿਖਾਨੇ ਕੇ ਔਰ।" ਗਿਆਨੀ ਕਰਤਾਰ ਸਿੰਘ ਆਪਣੀ ਤਰ੍ਹਾਂ ਦੀ ਚੋਟ ਕਰ ਗਿਆ।

"ਜਿਹੜਾ ਬੱਕਰਾ ਹਲਾਲ ਕਰਨਾ ਹੁੰਦਾ ਏ, ਉਸ ਨੂੰ ਪਹਿਲਾਂ ਬਹੁਤ ਕੁਝ ਖੁਆਇਆ-ਪਿਆਇਆ ਜਾਂਦਾ ਹੈ।" ਨਹਿਲੇ 'ਤੇ ਇੱਕ ਦਹਿਲਾ ਹੋਰ ਆ ਵੱਜਾ।

ਸਾਰੇ ਡਰਾਇੰਗ ਰੂਮ ਦੀਆਂ ਤਸਵੀਰਾਂ ਵੇਖ ਵੇਖ ਹੈਰਾਨ ਹੋ ਰਹੇ ਸਨ। ਸ੍ਰ. ਬਲਦੇਵ ਸਿੰਘ ਨੇ ਲੇਡੀ ਮਾਊਂਟ ਬੇਟਨ ਦੀ ਫ਼ੋਟੋ 'ਤੇ ਨਜ਼ਰਾਂ ਗੱਡੀਆਂ ਹੋਈਆਂ ਸਨ।

ਸਾਰੇ ਆਪਣੀ ਆਪਣੀ ਦੇਖਣੀ ਵਿਚ ਰੁੱਝੇ ਹੋਏ ਸਨ। ਨਹਿਰੂ ਨੇ ਅੰਦਰ ਆ ਕੇ 'ਜੈ ਹਿੰਦ' ਆਖੀ ਤਾਂ ਉਹ ਚੌਂਕ ਹੀ ਪਏ। ਸਭ ਦੇ ਧਿਆਨ ਟੁੱਟ ਕੇ ਨਹਿਰੂ 'ਤੇ ਆ ਗਏ ਸਨ।

ਮਾਸਟਰ ਤਾਰਾ ਸਿੰਘ ਨੇ ਉੱਠ ਕੇ ਕਿਰਪਾਨ ਦੋਵਾਂ ਹੱਥਾਂ ਵਿਚ ਲੈਂਦਿਆਂ ਪ੍ਰਧਾਨ ਮੰਤਰੀ ਨੂੰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ!" ਆਖੀ, ਪਰ ਉਸ ਨੇ ਮਾੜਾ ਜਿਹਾ ਸਿਰ ਹਿਲਾ ਕੇ ਮੰਨ ਲਈ, ਮੂੰਹੋਂ ਚੁੱਪ ਹੀ ਰਿਹਾ।

"ਸਿੱਖ ਭਾਈਓ! ਵੈੱਲ ਕਮ, ਮੇਰੇ ਪਾਸ ਸਿਰਫ ਬੀਸ ਮਿੰਟ ਹੈਂ। ਫਾਰਨ ਸੇ ਗੈਸਟ ਆਏ ਹੈਂ। ਆਪ ਨੇ ਜੋ ਭੀ ਕਹਿਣਾ ਹੈ, ਟੂ ਦੀ ਪੋਇੰਟ ਕਹੀਏ?" ਨਹਿਰੂ ਨੇ ਆਪਣੇ ਵੱਲੋਂ ਗਲੋਂ ਲਾਹੁਣ ਵਾਲੀ ਗੱਲ ਕੀਤੀ, ਉਹ ਚਾਹੁੰਦਾ ਸੀ, ਜਿਵੇਂ ਆਏ ਐਂ, ਉਸੇ ਤਰ੍ਹਾਂ ਹੀ ਵਾਪਸ ਚਲੇ ਜਾਣ। ਮਾਸਟਰ ਜੀ ਨੇ ਗਿਆਨੀ ਜੀ ਨੂੰ ਇਸ਼ਾਰਾ ਕੀਤਾ। ਉਸ ਆਖਣਾ ਸ਼ੁਰੂ ਕੀਤਾ: "ਮਹਾਨ ਨਹਿਰੂ ਸਾਹਿਬ! ਆਪ ਨੇ ਔਰ ਕਾਂਗਰਸ ਨੇ ਹਮਾਰੇ ਸਾਥ ਆਜ਼ਾਦੀ ਸੇ ਪਹਿਲੇ ਕੁਝ ਇਕਰਾਰ ਕੀਏ ਥੇ। ਹਮ ਚਾਹਤੇ ਹੈਂ, ਵੋਹ ਪੂਰੇ ਕੀਏ ਜਾਏਂ, ਤਾਂ ਜੋ ਹਮ ਵੀ ਆਜ਼ਾਦੀ ਦਾ ਆਨੰਦ ਮਾਣ ਸਕੇਂ।"

"ਇਕਰਾਰ ਤੋ ਕੀਏ ਥੇ। ਆਪ ਕੋ ਅਬ ਤਕਲੀਫ਼ ਕਿਆ ਹੈ? ਆਪ ਕੇ ਨੁਮਾਇੰਦੇ ਨੇ ਵਿਧਾਨ ਪਰ ਦਸਖ਼ਤ ਤੱਕ ਨਹੀਂ ਕੀਏ।" ਨਹਿਰੂ ਉਲਟਾ ਉਨ੍ਹਾਂ ਨੂੰ ਦੋਸ਼ ਦੇਣ 'ਤੇ ਆ ਗਿਆ।

"ਪੰਡਤ ਜੀ! ਲਾਹੌਰ ਕਾ ਹੀ ਮਤਾ ਹੈ ਕਿ ਵਿਧਾਨ ਸਿੱਖੋਂ ਕੀ ਰਜ਼ਾਮੰਦੀ ਸੇ ਤਿਆਰ ਕੀਆ ਜਾਏਗਾ।" ਗਿਆਨੀ ਜੀ ਨੇ ਨਹਿਰੂ ਨੂੰ ਯਾਦ ਕਰਵਾਇਆ।

"ਆਪ ਕੋ ਵਿਧਾਨ ਪਰ ਇਤਰਾਜ਼ ਕਿਆ ਹੈ?"

"ਵਿਧਾਨ ਮੇਂ ਹਮੇਂ ਹਿੰਦੂ ਸੰਪ੍ਰਦਾਇ ਮੇਂ ਰਖਾ ਹੈ।" ਮਾਸਟਰ ਜੀ ਝੱਟ ਬੋਲ ਪਏ। "ਹਮ ਹਿੰਦੂ ਨਹੀਂ ਹੈਂ। ਗੁਰੂ ਗੋਬਿੰਦ ਸਿੰਘ ਦਾ ਫ਼ੁਰਮਾਨ ਹੈ, ਕਿਸ਼ਨ ਬਿਸ਼ਨ ਕਬਹੂੰ ਨਾ ਧਿਆਊਂ।"

"ਤੋ ਆਪ ਕਿਆ ਹੈਂ?" ਨਹਿਰੂ ਥੋੜ੍ਹਾ ਘਬਰਾ ਗਿਆ।

"ਸਿੱਖ ਹਿੰਦੂਆਂ ਤੋਂ ਵੱਖਰੀ ਕੌਮ ਹੈ, ਅੰਗਰੇਜ਼ ਨੇ ਵੀ ਹਮੇਂ ਤੀਸਰੀ ਕੌਮ ਤਸਲੀਮ ਕੀਆ ਹੈ।"

"ਬਾਈ ਅੰਗਰੇਜ਼ ਤੋ ਅਬ ਰਹੇ ਨਹੀਂ। ਆਜ ਕੀ ਬਾਤ ਕਰੋ।" ਨਹਿਰੂ ਨੇ ਕੋਚ ਤੋਂ ਉੱਠ ਕੇ ਹੱਥ ਹਲਾਏ।

ਮਾਸਟਰ ਜੀ ਨੇ ਨਾਗੋਕੇ ਵੱਲ ਇਸ਼ਾਰਾ ਦਿੱਤਾ: ਤੁਸੀਂ ਵੀ ਇਨ੍ਹਾਂ ਨਾਲ ਰਲਣ ਦੇ ਸਭ ਤੋਂ ਵੱਧ ਮੁੱਦਈ ਸੀ।

"ਪੰਡਤ ਜੀ! ਪੰਜਾਬ ਨੂੰ ਹਿੰਦੋਸਤਾਨ ਨਾਲ ਲਿਆਉਣ ਵਾਲੇ ਅਸੀਂ ਸਾਂ।" ਜਥੇਦਾਰ ਊਧਮ ਸਿੰਘ ਨੇ ਸਪਸ਼ਟ ਆਖਿਆ। "ਅਸੀਂ ਸਾਰੇ ਸਿੱਖ ਆਗੂਆਂ ਨੂੰ ਹਿੰਦੋਸਤਾਨ ਨਾਲ ਆਉਣ ਲਈ ਜ਼ੋਰ ਦੇ ਕੇ ਮਨਾਇਆ, ਵਰਨਾ ਵਾਹਗੇ ਵਾਲੀ ਸਰਹੱਦ ਮਾਰਕੰਡਾ ਦਰਿਆ 'ਤੇ ਆ ਜਾਣੀ ਸੀ ਤੇ ਕਸ਼ਮੀਰ ਵੀ ਹੱਥੋਂ ਨਿੱਕਲ ਜਾਣਾ ਸੀ। ਸਾਡੀ ਸਿੱਖ ਕੌਮ ਵਿਚ ਰਹਿੰਦੀ ਨਹੀਂ। ਮਿਸਟਰ ਜਿਨਾਹ ਦੀ ਆਜ਼ਾਦ ਸਿੱਖ ਸਟੇਟ ਠੁਕਰਾ ਕੇ ਤੁਹਾਡੇ ਨਾਲ ਆਏ ਆਂ। ਆਪਣੇ ਕਲਕੱਤੇ ਵਾਲੇ ਬਿਆਨ 'ਤੇ ਫੁੱਲ ਚੜ੍ਹਾਓ। ਸਿੱਖਾਂ ਨੂੰ ਪੰਜਾਬ ਵਿਚ ਆਪਣੇ ਰਾਜ ਦਾ ਆਨੰਦ ਮਾਨਣ ਦਾ ਮੌਕਾ ਦਿੱਤਾ ਜਾਵੇ। ਅਸੀਂ ਮੋਟੇ ਤੌਰ 'ਤੇ ਇਹੀ ਬੇਨਤੀ ਲੈ ਕੇ ਆਏ ਆਂ।"

"ਵਿਧਾਨ ਮੇਂ ਆਪ ਕੋ ਹਰ ਤਰ੍ਹਾਂ ਕੇ ਬਰਾਬਰ ਕੇ ਅਧਿਕਾਰ ਦੀਏ ਹੈਂ। ਆਪ ਆਜ਼ਾਦ ਹੋ, ਜਿਤਨੀ ਚਾਹੋ ਉੱਨਤੀ ਕਰ ਲੋ।"

"ਬਰਾਬਰ ਕੇ ਅਧਿਕਾਰ ਤੋ ਮੁਸਲਮਾਨੋਂ ਕੋ ਵੀ ਦੀਏ ਹੈਂ, ਜੋ ਪਾਕਿਸਤਾਨ ਵੀ ਲੇ ਗਏ ਹੈਂ।" ਗਿਆਨੀ ਕਰਤਾਰ ਸਿੰਘ ਨੇ ਨਹਿਰੂ ਨੂੰ ਗੱਲ ਰੜਕਾਈ। "ਹਮ ਤੀਸਰੀ ਕੌਮ ਥੇ ਹਿੰਦੋਸਤਾਨ ਮੇਂ।"

"ਆਪ ਵਹਿਮ ਛੋੜੀਏ, ਆਪ ਕੋ ਕਿਸੀ ਤਰ੍ਹਾਂ ਕੀ ਕਮੀ ਮਹਿਸੂਸ ਨਹੀਂ ਹੋਨੇ ਦੀ ਜਾਏਗੀ। ਸਾਰਾ ਹਿੰਦੋਸਤਾਨ ਹੀ ਤੁਮਾਹਰਾ ਹੈ। ਤੁਮਾਹਰੇ ਬਲਦੇਵ ਸਿੰਘ ਜੀ ਡੀਫ਼ੈਂਸ ਮਨਿਸਟਰ ਹੈਂ। ਫ਼ੌਜ ਮੇਂ ਆਪ ਕੇ ਕਿਤਨੇ ਸਰਦਾਰ ਆਫ਼ੀਸਰ ਹੈਂ।"

"ਵੋਹ ਤੋ ਆਪਣੀ ਜਾਨ ਪਰ ਖੇਲ ਕਰ ਅਫ਼ਸਰ ਬਣੇ ਹੈਂ।"

"ਹਰ ਜਗ੍ਹਾ, ਹਰ ਡਿਪਾਰਟਮੈਂਟ ਮੇਂ ਆਪ ਆਗੇ ਆਗੇ ਹੈਂ। ਔਰ ਕਿਆ ਚਾਹੀਏ?"

"ਸਾਨੂੰ ਆਪਣੀ ਕੌਮੀ ਸੁਰੱਖਿਆ ਚਾਹੀਦੀ ਹੈ। ਆਜ਼ਾਦੀ ਬਿਨਾਂ ਸਿੱਖ ਹੋਂਦ ਨਹੀਂ ਬਚ ਸਕਦੀ। ਆਪ ਵਾਅਦੇ ਪੂਰੇ ਕਰੇਂ।" ਮਾਸਟਰ ਜੀ ਨੇ ਜ਼ੋਰ ਦੇ ਕੇ ਕਿਹਾ। "ਹਮ ਆਪ ਕੇ ਸਾਥ ਹੈਂ, ਅਰਦਾਸ ਕਰਕੇ ਹਿੰਦੋਸਤਾਨ ਮੇਂ ਆਏ ਹੈਂ। ਹਮ ਨੇ ਆਪ ਪਰ ਵਿਸ਼ਵਾਸ ਕੀਆ ਹੈ, ਆਪ ਵੀ ਭਰੋਸਾ ਕਰੇਂ।"

"ਵਾਅਦੇ ਕਰਨੇ ਕਾ ਸਮੇਂ ਮਾਸਟਰ ਜੀ ਔਰ ਥਾ, ਅਬ ਤੋ ਹਾਲਾਤ ਹੀ ਬਦਲ ਗਏ ਹੈਂ। ਹਮ ਤੁਮ ਕੋ ਯਕੀਨ ਦਿਲਾਤੇ ਹੈਂ, ਆਪ ਕੇ ਧਰਮ ਕੋ ਕਿਸੀ ਤਰ੍ਹਾਂ ਕੀ ਆਂਚ ਨਹੀਂ ਆਏਗੀ, ਹਮ ਤੁਮ ਪਰ ਪੂਰਾ ਭਰੋਸਾ ਕਰਤਾ ਹੈ। ਕਿਉਂ ਬਲਦੇਵ ਸਿੰਘ ਜੀ?"

"ਬਿਲਕੁਲ ਠੀਕ ਐ ਪੰਡਤ ਜੀ!" ਬਲਦੇਵ ਸਿੰਘ ਏਨੀ ਕਹਿ ਕੇ ਦੜ ਵੱਟ ਗਿਆ। ਉਹ ਦੋ ਬਘਿਆੜਾਂ ਸੰਨ੍ਹ ਆਇਆ ਹੋਇਆ ਸੀ।

"ਕੀ ਖ਼ਾਕ ਠੀਕ ਐ?" ਮਾਸਟਰ ਜੀ ਨੇ ਸੜ ਬਲ ਕੇ ਬਲਦੇਵ ਸਿੰਘ ਨੂੰ ਘੂਰਿਆ। "ਤੂੰ ਵੀ ਬੇੜੀਆਂ ਵਿਚ ਵੱਟੇ ਪਾਉਣ ਵਾਲਾ ਏਂ।"

ਬਲਦੇਵ ਸਿੰਘ ਨੇ ਖ਼ਾਮੋਸ਼ ਰਹਿਣ ਵਿਚ ਹੀ ਸਿਆਣਪ ਸਮਝੀ। ਪੰਡਤ ਨਹਿਰੂ ਨੇ ਦੂਜੀ ਵਾਰ ਘੜੀ ਵੇਖੀ। ਉਸ ਦਾ ਸੰਕੇਤ ਸੀ, ਗੱਲਬਾਤ ਖ਼ਤਮ ਕੀਤੀ ਜਾਵੇ। ਸਾਰੇ ਸਿੱਖ ਆਗੂ ਨਿਰਾਸ਼ ਹੋ ਗਏ। ਉਨ੍ਹਾਂ ਨੂੰ ਆਪਣੀਆਂ ਕੁਰਬਾਨੀਆਂ 'ਤੇ ਮਾਣ ਸੀ। ਉਨ੍ਹਾਂ ਸੋਚਿਆ ਨਹੀਂ ਸੀ, ਨਹਿਰੂ ਐਨਾ ਖੁਸ਼ਕ ਵਰਤਾਅ ਕਰੇਗਾ। ਨਹਿਰੂ ਨੇ ਉੱਠਦਿਆਂ ਆਪਣੇ ਜਾਣ ਬਾਰੇ ਮੂੰਹ ਪਾੜ ਕੇ ਕਹਿ ਦਿੱਤਾ।

"ਮਾਫ਼ ਕਰਨਾ ਭਾਈਓ, ਮੇਰੇ ਮਹਿਮਾਨ ਇੰਤਜ਼ਾਰ ਕਰ ਰਹੇ ਹੈਂ। ਯਹਿ ਹਮਾਰੀ ਘਰੇਲੂ ਬਾਤੇਂ ਹੈਂ। ਕੋਈ ਵੀ ਗ਼ਲਤ-ਫ਼ਹਿਮੀ ਹੋ, ਹਮ ਦੋਸਤਾਨਾ ਤਰੀਕੇ ਸੇ ਬੈਠ ਕਰ ਸੁਲਝਾ ਲੇਂਗੇ। ਆਪ ਬੇਸ਼ੱਕ ਆਨੇ ਕੀ ਤਕਲੀਫ ਨਾ ਕਰੇਂ। ਸ੍ਰ. ਬਲਦੇਵ ਸਿੰਘ ਜੋ ਆਪ ਕਾ ਨੁਮਾਇੰਦਾ ਦਿੱਲੀ ਮੇਂ ਬੈਠਾ ਹੈ। ਸਾਫ਼ ਬਾਤ ਹੈ, ਆਪ ਹਮਾਰੇ ਸਾਥ ਹੈਂ, ਤੋ ਸਾਰਾ ਹਿੰਦੋਸਤਾਨ ਆਪ ਕੇ ਸਾਥ ਹੈ। ਸੋ, ਸਭ ਦੋਸਤੋਂ ਕੋ ਸਤਿ ਸ੍ਰੀ ਅਕਾਲ!"

ਏਨੀ ਕਹਿ ਕੇ ਉਹ ਤੁਰ ਗਿਆ ਤੇ ਉਸ ਪਿੱਛੇ ਮੁੜ ਕੇ ਵੀ ਨਾ ਦੇਖਿਆ, ਸਿੱਖ ਆਗੂਆਂ 'ਤੇ ਕੀ ਬੀਤੀ।

"ਇਸ ਘੁੱਗੂ ਨੇ ਮਰਵਾ ਘੱਤੇ।" ਮਾਸਟਰ ਜੀ ਨੇ ਬਲਦੇਵ ਸਿੰਘ ਵੱਲ ਇਸ਼ਾਰਾ

ਕਰਕੇ ਨਾਲ ਦੇ ਸਿੰਘ ਨੂੰ ਸਹਿਜ ਨਾਲ ਆਖਿਆ।

ਸਾਰਿਆਂ ਦੇ ਮੂੰਹ ਉਡੇ ਹੋਏ ਸਨ, ਜਿਵੇਂ ਨਹਿਰੂ ਸਭ ਦੇ ਥੱਪੜ ਮਾਰ ਗਿਆ ਸੀ। ਇਹ ਬਾਹਮਣ ਸਾਡੇ ਨਾਲ ਕੀ ਕਰ ਗਿਆ? ਜਥੇਦਾਰ ਨਾਗੋਕੇ ਨੇ ਬੁਰੀ ਤਰ੍ਹਾਂ ਮਹਿਸੂਸ ਕੀਤਾ। ਇਸ ਪੰਡਤ ਨੇ ਤਾਂ ਸਾਨੂੰ ਦੁਆਨੀ ਦੇ ਵੀ ਨਾ ਜਾਣਿਆ। ਹਾਲਾਤ ਬਦਲ ਗਏ ਕਹਿ ਕੇ ਸਾਫ਼ ਈ ਮੁੱਕਰ ਗਿਆ। ਉਹ ਮਹਿਸੂਸ ਕਰ ਰਿਹਾ ਸੀ, ਮਾਸਟਰ ਜੀ ਤੇ ਸ੍ਰ. ਬਲਦੇਵ ਸਿੰਘ ਨੂੰ ਹਿੰਦੋਸਤਾਨ ਵਿਚ ਭੇਜਣ ਵਾਲੇ ਸਭ ਤੋਂ ਵੱਧ ਜ਼ੁੰਮੇਵਾਰ ਅਸੀਂ ਆਂ। ਕਿੱਥੇ ਐ ਉਹ ਕੌਰੋਂ ਬਹੁਤੀ ਹਿੱਕ ਥਾਪੜਨ ਵਾਲਾ? ਸਾਡਾ ਧੜਾ ਵੱਧ ਦੋਸ਼ੀ ਹੈ, ਕੌਮ ਨੂੰ ਗੁਲਾਮੀ ਦੀ ਜਿੱਲ੍ਹਣ ਵਿਚ ਸੁੱਟਣ ਲਈ।

"ਸਾਨੂੰ ਹੁਣ ਉੱਠਣਾ ਚਾਹੀਦਾ ਹੈ, ਹੁਣ ਹੋਰ ਤਾਂ ਕੋਈ ਫ਼ਾਇਦਾ ਨਹੀਂ।" ਗਿਆਨੀ ਕਰਤਾਰ ਸਿੰਘ ਨੇ ਸਲਾਹ ਦਿੱਤੀ।

ਸਾਰਿਆਂ ਦੀ ਇਹ ਹਾਲਤ ਸੀ ਕਿ ਉੱਠਿਆ ਹੀ ਨਹੀਂ ਜਾ ਰਿਹਾ ਸੀ। ਨਹਿਰੂ ਉਨ੍ਹਾਂ ਨੂੰ ਤੋਰਨ ਤੱਕ ਵੀ ਨਹੀਂ ਅਟਕਿਆ ਸੀ। ਉਹ ਆਪਣੀ ਕੌਮੀ ਹੱਤਕ ਮਹਿਸੂਸ ਕਰ ਰਹੇ ਸਨ। ਉਹ ਸਾਰੇ ਮੀਂਹ ਨਾਲ ਭਿੱਜੇ ਅਮਲੀਆਂ ਵਾਂਗ ਨਿੰਮੋਝੂਣ ਉੱਠ ਕੇ ਨਹਿਰੂ ਦੀ ਕੋਠੀ ਤੋਂ ਬਾਹਰ ਆ ਗਏ। ਮਾਸਟਰ ਜੀ ਦ੍ਰਿੜ੍ਹਤਾ ਨਾਲ ਆਖਣ ਲੱਗੇ।

"ਪ੍ਰੈੱਸ ਕਾਨਫਰੰਸ ਸੱਦੋ, ਮੈਂ ਕੱਲ੍ਹ ਤੋਂ ਨਹਿਰੂ ਦੀ ਕੋਠੀ ਅੱਗੇ ਮਰਨ ਵਰਤ ਰੱਖਦਾ ਆਂ।"

"ਨਹੀਂ ਮਾਸਟਰ ਜੀ!" ਗਿਆਨੀ ਜੀ ਨੇ ਹੱਥ ਚੁੱਕ ਕੇ ਅੱਗਾ ਵਲਿਆ। "ਐਨੀ ਜਜ਼ਬਾਤੀ ਕਾਹਲੀ ਨਹੀਂ। ਅੰਮ੍ਰਿਤਸਰ ਚੱਲੋ, ਸੂਝਵਾਨ ਸਿੱਖਾਂ ਦੀ ਕਨਵੈਨਸ਼ਨ ਸੱਦੋ। ਮਰਨ ਵਰਤ ਦਾ ਫ਼ੈਸਲਾ ਤੁਹਾਡਾ ਨਹੀਂ, ਸਮੁੱਚੀ ਕੌਮ ਦਾ ਹੋਣਾ ਚਾਹੀਦਾ ਹੈ। ਅਸੀਂ ਤਾਂ ਪਹਿਲੀਆਂ ਗ਼ਲਤੀਆਂ ਦੇ ਪੱਟੇ ਤਾਬ ਨਹੀਂ ਆਏ। ਸਾਰੇ ਪੰਥ ਦੀ ਸਲਾਹ ਹੀ ਵੱਡੀ ਸ਼ਕਤੀ ਹੋ ਸਕਦੀ ਹੈ।"

ਗਿਆਨੀ ਜੀ ਦੀ ਸਲਾਹ ਨੂੰ ਸਾਰਿਆਂ ਵਲੋਂ ਦਰੁੱਸਤ ਕਦਮ ਵਜੋਂ ਮੰਨ ਲਿਆ ਗਿਆ। ਉਹ ਕਾਰਾਂ ਵਿਚ ਚੜ੍ਹ ਕੇ ਬਲਦੇਵ ਸਿੰਘ ਦੀ ਕੋਠੀ ਆ ਗਏ।

"ਕਿਉਂ ਬਈ ਲੰਚ ਤਿਆਰ ਐ?" ਬਲਦੇਵ ਸਿੰਘ ਨੇ ਆਪਣੇ ਨੌਕਰਾਂ ਨੂੰ ਪੁੱਛਿਆ।

"ਬਿਲਕੁਲ ਤਿਆਰ ਜਨਾਬ!"

"ਫਿਰ ਲਾਉਣ ਦੀ ਕਰੋ?"

ਮਾਲਕ ਦੇ ਏਨੀ ਆਖਣ 'ਤੇ ਨੌਕਰਾਂ ਫੁਰਤੀ ਵਿਖਾਈ। ਪਲੇਟਾਂ-ਡੌਂਗੇ ਡਾਈਨਿੰਗ ਹਾਲ ਵਿਚ ਪਰੋਸੇ ਗਏ। ਸਾਰੇ ਅਕਾਲੀ ਲੀਡਰ ਮੁਰਗਿਆਂ ਨੂੰ ਟੁੱਟ ਕੇ ਪੈ ਗਏ।

ਤੀਸਰਾ ਕਾਂਡ

ਅਕਾਲੀ ਲਹਿਰ ਸਮੇਂ ਤੋਂ ਹੀ ਅੰਮ੍ਰਿਤਸਰ ਸਿੱਖ ਸਿਆਸਤ ਦਾ ਕੇਂਦਰ ਬਣ ਚੁੱਕਾ ਸੀ। ਰਣਜੋਧ ਸਿੰਘ ਕਲਰਕ ਅਕਾਲੀ ਦਲ ਦੀਆਂ ਮੀਟਿੰਗਾਂ ਨਾਲ ਜੁੜਿਆ ਰਿਹਾ ਸੀ। ਗਿਆਨੀ ਕਰਤਾਰ ਸਿੰਘ ਦੀ ਸੰਗਤ ਕਾਰਨ ਘੱਸ ਕੇ ਵਾਹਵਾ ਗੋਲ ਹੋ ਗਿਆ ਸੀ। 1951 ਦੀ ਮਰਦਮ ਸ਼ੁਮਾਰੀ ਆਉਣ ਸਦਕਾ ਮਹਾਸ਼ਾ ਪ੍ਰੈੱਸ ਨੇ ਇੱਕ ਹੋਰ ਨਵਾਂ ਮੋੜ ਕੱਟ ਲਿਆ। ਉਹ ਪੰਜਾਬ ਨੂੰ ਵੀ ਯੂ. ਪੀ., ਬਿਹਾਰ ਦੀ ਤਰ੍ਹਾਂ ਆਪਣੀ ਫ਼ਿਰਕੂ ਸੋਚ ਅਨੁਸਾਰ ਹਿੰਦੂ ਸੂਬਾ ਬਣਾਉਣਾ ਚਾਹੁੰਦੀ ਸੀ। ਉਨ੍ਹਾਂ ਆਪਣੇ ਅਖ਼ਬਾਰਾਂ ਵਿਚ ਪੂਰੇ ਜ਼ੋਰ-ਸ਼ੋਰ ਨਾਲ ਹਿੰਦੀ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਭਰਪੂਰ ਜਲਸੇ ਤੇ ਮੀਟਿੰਗਾਂ ਵਿਚ ਜ਼ੋਰ ਦਿੱਤਾ ਗਿਆ ਕਿ ਮਰਦਮ ਸ਼ੁਮਾਰੀ ਵਿਚ ਆਪਣੀ ਜ਼ਬਾਨ ਹਿੰਦੀ ਲਿਖਵਾਈ ਜਾਵੇ। ਉਹ ਅਕਾਲੀ ਦਲ ਵੱਲੋਂ ਸਿੱਖਾਂ ਦੀ ਕੌਮੀ ਹਸਤੀ ਕਾਇਮ ਰੱਖਣ ਦਾ ਹਰ ਪੈਰ 'ਤੇ ਲੱਕ ਬੰਨ੍ਹ ਕੇ ਵਿਰੋਧ ਕਰਨ ਲੱਗ ਪਏ। ਉਹ ਸਮਝਦੇ ਸਨ, ਸਿੱਖਾਂ ਦੇ ਸੂਬੇ ਜਾਂ ਆਜ਼ਾਦ ਸਿੱਖ ਰਾਜ ਵਿਚ ਅਸੀਂ ਘੱਟ ਗਿਣਤੀ 'ਚ ਹੋਵਾਂਗੇ ਤੇ ਸਿੱਖ ਸਾਨੂੰ ਦਬਾ ਕੇ ਰੱਖਣਗੇ।

ਰਣਜੋਧ ਤੇ ਕਰਨੈਲ, ਗੁਰੂ ਰਾਮਦਾਸ ਸਰਾਂ ਦੇ ਮੋੜ ਵਾਲੀ ਦੁਕਾਨ 'ਤੇ ਚਾਹ ਪੀ ਰਹੇ ਸਨ। ਰਣਜੋਧ ਨੇ ਅਖ਼ਬਾਰ ਚੁੱਕੀ ਅਤੇ ਆਪਣੇ ਦੋਸਤ ਨੂੰ ਆਖਿਆ—

"ਬਾਈ ਨੂੰ ਆਹਨਾ, ਇਹ ਮਹਾਸ਼ੇ ਪੰਜਾਬ ਨੂੰ ਬੜੀ ਤਪਦਿਕ ਬਣ ਕੇ ਚੁੰਬੜੇ ਐ।"

"ਕਿਉਂ, ਕੀ ਹੋ ਗਿਆ ਮਲਵਈਆ?"

"ਹੁਣ ਅਪੀਲਾਂ ਕਰਦੇ ਨੇ ਮਰਦਮ ਸ਼ੁਮਾਰੀ ਵਿਚ ਪੰਜਾਬੀ ਦੀ ਥਾਂ ਹਿੰਦੀ ਲਿਖਵਾਓ। ਹਿੰਦੂਆਂ ਤੇ ਭੋਲੇ ਦਲਿਤਾਂ ਨੂੰ ਇਹ ਪੁੱਠੀ ਪਾਨ ਸੁਖਾਲੇ ਹੀ ਚਾੜ੍ਹ ਦਿੰਦੇ ਨੇ।"

"ਨਾ ਇਹ ਮਰਨ, ਨਾ ਪੰਜਾਬ ਦੇ ਮਗਰੋਂ ਲਹਿਣ। ਇਨ੍ਹਾਂ ਸਿਰ ਘਸਿਆਂ ਪੰਜਾਬ ਨੂੰ ਚੈਨ ਨਾਲ ਵਸਣ ਨਹੀਂ ਦੇਣਾ। ਇਨ੍ਹਾਂ ਨੂੰ ਪਾਕਿਸਤਾਨ ਬਣਵਾ ਕੇ ਸਬਰ ਨਹੀਂ ਆਇਆ।"

ਕਰਨੈਲ ਦੋਸਤ ਦੀ ਗੱਲ ਦਾ ਹੁੰਗਾਰਾ ਭਰ ਗਿਆ।

"ਹਾਲੇ ਚੰਗਾ ਹੋਇਆ ਗਿਆਨੀ ਕਰਤਾਰ ਸਿੰਘ ਨੇ ਮੁੜ ਵਸਾਊ ਮਹਿਕਮੇ ਵਿਚ ਹੱਥ ਹੋਣ ਕਾਰਨ ਸਿੱਖਾਂ ਨੂੰ ਅੰਬਾਲੇ ਤੋਂ ਪਾਰ ਨਹੀਂ ਜਾਣ ਦਿੱਤਾ। ਸਿੱਖਾਂ ਦਾ ਪੰਜਾਬ ਵਿਚ ਇਕੱਠਿਆਂ ਹੋ ਜਾਣਾ ਵੀ ਇਨ੍ਹਾਂ ਨੂੰ ਚੁਭਦਾ ਹੈ।"

"ਇਹ ਚਿੰਜੜੀ ਛੇੜਨ ਾ ਨਹੀਂ ਟਲਦੇ। ਇਨ੍ਹਾਂ ਦੇ ਸਤਾਏ ਹੀ ਮੁਸਲਮਾਨ ਪਾਕਿਸਤਾਨ ਲੈ ਕੇ ਅੱਡ ਹੋਏ ਐਂ। ਸ਼ੇਖ ਅਬਦੁਲਾ ਕਸ਼ਮੀਰ ਨੂੰ ਹਿੰਦੋਸਤਾਨ ਵਿਚ ਰੱਖ ਗਿਆ। ਇਹ ਉਸ ਨੂੰ ਵੀ ਦੇਹ ਰਗੜੇ ਤੇ ਰਗੜਾ। ਪਤਾ ਨਹੀਂ ਇਨ੍ਹਾਂ ਨੂੰ ਮਿਲਦਾ ਕੀ ਹੈ?" ਉਹ ਨਕਾਰੇ ਢੰਗ ਨਾਲ ਸਿਰ ਮਾਰ ਗਿਆ।

"ਪਹਿਲੀ ਗੱਲ, ਨਵੀਂ ਲੂਤੀ ਲਾਉਣ ਨਾਲ ਇਨ੍ਹਾਂ ਦੇ ਅਖ਼ਬਾਰ ਵੱਧ ਵਿਕਦੇ

ਐ। ਦੂਜੀ ਅਸਲ ਗੱਲ ਮੈਂ ਤੈਨੂੰ ਇਨ੍ਹਾਂ ਦੇ ਢਿੱਡ ਦੀ ਦੱਸਦਾ ਆਂ। ਇਹ ਸਿੱਖਾਂ ਨੂੰ ਹਿੰਦੂ ਸਮਝਦੇ ਐ। ਚੰਗਾ ਹੋਇਆ ਗਿਆਨੀ ਕਰਤਾਰ ਸਿੰਘ ਨੇ ਸਿੱਖਾਂ ਨੂੰ ਇਕੱਠੇ ਕਰ ਲਿਆ। ਹੁਣ ਕਿਸੇ ਵੀ ਮੁਸੀਬਤ ਦਾ ਟਾਕਰਾ ਕਰਨ ਦੇ ਅਸੀਂ ਸਮਰੱਥ ਹੋਵਾਂਗੇ। ਇਹ ਐ ਸਿਆਸੀ ਦੂਰਅੰਦੇਸ਼ੀ।"

ਰਣਜੋਧ ਦੀ ਆਖ਼ਰੀ ਗੱਲ 'ਤੇ ਕਰਨੈਲ ਹੱਸ ਪਿਆ।

"ਤੂੰ ਗਿਆਨੀ ਦੀ ਗੜਬਈ ਏਂ ਕਿ ਝੋਲੀ ਚੁੱਕ ਚਮਚਾ?"

"ਇਹ ਆਦਤਾਂ ਤੁਹਾਡੇ ਨਾਗੋਕੇ ਗਰੁੱਪ ਵਿਚ ਆਮ ਐ। ਮੇਰਾ ਸਿਰ ਤੇਰੇ ਵਾਂਗ ਲਾਈ ਲੱਗ ਨਹੀਂ। ਤੁਹਾਡੀ ਦੇਸ਼ ਭਗਤੀ ਤਾਂ ਤਜਾਰਤ ਬਣੀ ਹੋਈ ਐ। ਚਾਰ-ਛੇ ਮਹੀਨੇ ਜੇਲ੍ਹ ਜਾ ਕੇ ਮੁੜ ਸਿਰੋਪੇ ਲੈਣ ਲਈ ਜੋੜ ਜੋੜਨੇ ਸ਼ੁਰੂ ਕਰ ਦੇਂਦੇ ਓ।" ਰਣਜੋਧ ਨੇ ਕਰਾਰੀ ਚੋਟ ਮਾਰੀ।

"ਮਲਵਈ ਢੱਗਿਆਂ ਨੂੰ ਲੀਡਰ ਬਣਨਾ ਨਹੀਂ ਆਉਂਦਾ। ਜੇਲ੍ਹ ਜਾ ਕੇ ਬੰਦਾ ਲੀਡਰ ਹੀ ਨਹੀਂ ਬਣਦਾ, ਸਗੋਂ ਨਿੱਖਰਦਾ ਵੀ ਐ। ਜੇਲ੍ਹ ਨਿੱਤ ਨਵੇਂ ਸਬਕ ਸਿਖਾਉਂਦੀ ਐ।"

"ਤੁਸੀਂ ਆਪਣੇ ਗਰੁੱਪ ਲਈ ਵੱਧ ਤੋਂ ਵੱਧ ਸੋਚਦੇ ਹੋ, ਪੰਥ ਲਈ ਬਿਲਕੁਲ ਨਹੀਂ। ਆਮ ਲੋਕਾਂ ਲਈ ਸੋਚਣਾ ਤਾਂ ਦੂਰ ਦੀ ਗੱਲ ਐ।"

"ਭਾਊ ਰਣਜੋਧ ਸਿਆਂ, ਗਰੁੱਪ ਬਣਾ ਕੇ ਹੀ ਪਾਰਟੀ 'ਤੇ ਕਬਜ਼ਾ ਕੀਤਾ ਜਾਂਦਾ ਹੈ। ਪੈਰ ਤਕੜੇ ਨਾ ਹੋਣ, ਅੜਿਆ ਤੇ ਲੜਿਆ ਨਹੀਂ ਜਾਂਦਾ। ਭੁੱਖਿਆਂ ਤੋਂ ਭਗਤੀ ਵੀ ਨਹੀਂ ਹੁੰਦੀ।" ਕਰਨੈਲ ਸਿਰ ਮਾਰ ਗਿਆ।

"ਜਿਵੇਂ ਤੁਸੀਂ ਦੇਸ਼ ਭਗਤੀ ਕਰਦੇ ਹੋ, ਹੋਰ ਕਿਸੇ ਨੂੰ ਪਤਾ ਨਾ ਹੋਵੇ, ਘੱਟੋ-ਘੱਟ ਮੈਨੂੰ ਚੰਗੀ ਤਰ੍ਹਾਂ ਮਲੂਮ ਹੈ।" ਰਣਜੋਧ ਨੇ ਵਿਅੰਗ ਨਾਲ ਆਖਿਆ।

"ਤੈਨੂੰ ਪਤਾ ਏ ਸੁਆਹ ਤੇ ਖੇਹ।"

"ਓ ਯਾਰ ਮੈਂ ਗੱਲ ਕਰ ਰਿਹਾ ਸੀ, ਮਹਾਸ਼ਿਆਂ ਦੇ ਪੰਜਾਬੀ ਵਿਰੋਧ ਦੀ। ਤੂੰ ਖ਼ਤਰਨਾਕ ਗੱਲ ਨੂੰ ਘੱਟੇ ਹੀ ਪਾ ਦਿੱਤਾ।" ਰਣਜੋਧ ਨੇ ਸਿਰ ਮਾਰਦਿਆਂ ਆਖਿਆ, "ਇਹ ਬਿਮਾਰੀ ਪੰਜਾਬ ਮਾਰੂ ਹੈ।"

"ਇਹ ਗੱਲ ਤੂੰ ਗਿਆਨੀ ਕਰਤਾਰ ਸਿੰਘ ਦੇ ਕੰਨੀਂ ਕਿਉਂ ਨਹੀਂ ਪਾਉਂਦਾ?"

"ਤੇਰਾ ਕੀ ਖਿਆਲ ਐ, ਉਹ ਅਵੇਸਲੇ ਐ?"

"ਮੈਂ ਤੈਨੂੰ ਦੱਸਦਾ ਆਂ ਮਲਵਈਆ, ਇਹ ਮਹਾਸ਼ੇ ਨਾ ਮਰਨ, ਨਾ ਮੰਜਾ ਦੇਣ। ਪੰਜਾਬ ਲਈ ਮਾਰੂ ਲਾਹਨਤ।"

ਉਹ ਮਹਾਸ਼ਿਆਂ ਨੂੰ ਬੁਰਾ-ਭਲਾ ਆਖਦੇ ਚਾਹ ਵਾਲੀ ਦੁਕਾਨ ਤੋਂ ਉੱਠ ਆਏ। ਕਾਂਗਰਸੀ ਮਹਾਸ਼ੇ ਜਿਹੜੇ ਉੱਤੋਂ ਕੌਮਪ੍ਰਸਤ ਬਣਦੇ, (ਵਿਚੋਂ ਕੱਟੜ ਫ਼ਿਰਕਾਪ੍ਰਸਤ) ਪੰਜਾਬੀ ਵਿਰੋਧੀ ਹੋ ਤੁਰੇ। ਪੰਜਾਬ ਕਾਂਗਰਸ ਦੇ ਹਿੰਦੂ ਜਨਰਲ ਸਕੱਤਰ ਨੇ ਮਰਦਮ ਸ਼ੁਮਾਰੀ ਵਿਚ ਹਿੰਦੀ ਬੋਲੀ ਲਿਖਵਾਉਣ ਦਾ ਸਰਕੂਲਰ ਜਾਰੀ ਕਰ ਦਿੱਤਾ। ਮਹਾਸ਼ਿਆਂ ਪ੍ਰੈੱਸ ਦੇ ਕੋਰੇ ਝੂਠ ਨੂੰ ਸੱਚ ਸਾਬਤ ਕਰਨ ਉੱਤੇ ਪੂਰਾ ਟਿੱਲ ਲਾਇਆ ਹੋਇਆ ਸੀ।

ਫ਼ਿਰਕਾਪ੍ਰਸਤਾਂ ਵੱਲੋਂ ਪੰਜਾਬੀ ਦੀ ਥਾਂ ਹਿੰਦੀ ਨੂੰ ਅੱਗੇ ਲਿਆਉਣ ਦੇ ਵਾਵੇਲੇ ਨੇ ਮਾਸਟਰ ਤਾਰਾ ਸਿੰਘ ਦੀ ਨੀਂਦ ਹਰਾਮ ਕਰ ਦਿੱਤੀ। ਉਸ ਗਿਆਨੀ ਕਰਤਾਰ ਸਿੰਘ ਨਾਲ ਸੁਰ ਮਿਲਾਈ।

"ਗਿਆਨੀ ਜੀ! ਪੰਜਾਬੀ ਮਾਰੂ ਮੁਹਿੰਮ ਦਾ ਕੀ ਇਲਾਜ ਕਰੀਏ?"

"ਮਾਸਟਰ ਜੀ! ਆਪਣੇ ਰਾਜ ਅਥਵਾ ਖੁਦਮੁਖਤਾਰ ਸਟੇਟ ਬਿਨਾਂ ਸਿੱਖ ਇੱਕ ਦਿਨ ਸਿੱਖ ਨਹੀਂ ਰਹਿਣਗੇ। ਜਿਸ ਦਾ ਵਿਧਾਨ ਆਪਣਾ ਨਾ ਹੋਵੇ ਉਹ ਕੌਮ ਖੁਆਰ ਤਾਂ ਹੋਵੇਗੀ ਹੀ।" ਗਿਆਨੀ ਜੀ ਲਾਲ ਫਰੇਮ ਵਾਲੀਆਂ ਐਨਕਾਂ ਦੇ ਉੱਤੋਂ ਦੀ ਝਾਕੇ।

"ਮੈਂ ਪੁੱਛਿਆ ਏ ਰੋਕਥਾਮ ਲਈ ਕਰਨਾ ਕੀ ਚਾਹੀਦਾ ਹੈ?"

"ਤੁਸਾਂ ਮਿਸਟਰ ਜਿਨਾਹ ਨਾਲ ਗੱਲ ਤੱਕ ਨਾ ਕੀਤੀ। ਪਟਿਆਲਿਓਂ ਭਾਵੁਕ ਹੋ ਕੇ ਉੱਠ ਆਏ। ਇਹ ਇਤਿਹਾਸਕ ਪਛਤਾਵਾ ਸਾਡਾ ਪਿੱਛਾ ਨਹੀਂ ਛੱਡੇਗਾ।" ਗਿਆਨੀ ਜੀ ਨੇ ਸਾਲਾਂਬੱਧੀ ਅੰਦਰ ਰਿੱਝਦਾ ਗਿਲਾ ਜ਼ਾਹਰ ਕੀਤਾ। "ਮਾਸਟਰ ਜੀ! ਇਹ ਤਾਂ ਸ਼ੁਰੂਆਤ ਹੈ, ਹਾਲੇ ਅਗਾਂਹ ਵੇਖਣਾ। ਸਾਡੀਆਂ ਸਾਂਝੀਆਂ ਗਲਤੀਆਂ ਦੇ ਕੰਡੇ ਕੌਮ ਤੋਂ ਚੁਗੇ ਨਹੀਂ ਜਾਣੇ।"

"ਤੁਹਾਡਾ ਕੀ ਖਿਆਲ ਐ, ਪਾਕਿਸਤਾਨ ਸਾਡੇ ਨਾਲ ਘੱਟ ਗੁਜ਼ਾਰਦਾ?"

"ਉਸ ਹਾਲਤ ਵਿਚ ਰਾਜਨੀਤੀ ਦਾ ਮੂੰਹ-ਮੱਥਾ ਹੀ ਹੋਰ ਹੋਣਾ ਸੀ। ਰੁਪਈਏ ਵਿਚੋਂ ਸਾਡੀ ਮਿਲਟਰੀ ਦਾ ਚਾਰ ਆਨੇ ਹੋਣਾ, ਪਾਕਿਸਤਾਨ ਨੂੰ ਆਪ ਆਈ ਨਾ ਕਰਨ ਦੇਂਦਾ। ਹੁਣ ਤਾਂ ਸਾਡੇ ਕੋਲ ਧੇਲਾ ਵੀ ਨਹੀਂ। ਕਾਂਗਰਸੀ ਸਰਕਾਰ ਸਿੱਖ ਫ਼ੌਜੀ ਅਫ਼ਸਰਾਂ ਨੂੰ ਜ਼ੋਰ ਧਿਙਾਣੇ ਰਿਟਾਇਰਡ ਕਰੀ ਆ ਰਹੀ ਐ।"

"ਮੈਂ ਤੁਹਾਨੂੰ ਉਪਾਅ ਪੁੱਛਿਆ ਸੀ?"

"ਉਪਾਅ ਤਾਂ ਹੁਣ ਗੁਰੂ ਤੇਗ ਬਹਾਦਰ ਵਾਲਾ ਹੀ ਰਹਿ ਗਿਆ ਹੈ, ਮਹਾਂਪੁਰਖ ਦੀ ਕੁਰਬਾਨੀ, ਜਿਸ ਨਾਲ ਦਿੱਲੀ ਹਿੱਲ ਪਵੇ।" ਗਿਆਨੀ ਜੀ ਨੇ ਸਿਰੇ ਦੀ ਸੁਣਾ ਦਿੱਤੀ। "ਅਨਿਆਂ ਅਤੇ ਜ਼ੁਲਮ ਨੂੰ ਕੁਰਬਾਨੀ ਹੀ ਠੱਲ ਪਾ ਸਕਦੀ ਹੈ।"

"ਤੁਹਾਡਾ ਮਤਲਬ ਹੈ......।" ਮਾਸਟਰ ਜੀ ਆਪੇ ਵਿਚ ਉਲਝ ਗਏ। "ਤੁਹਾਡਾ ਭਾਵ ਹੈ ਮੈਂ ਮਰਨ ਵਰਤ ਰੱਖਾਂ?"

"ਮੈਂ ਇਹ ਨਹੀਂ ਆਖਦਾ। ਤੁਸੀਂ ਦਿੱਲੀ ਵਿਚ ਆਪ ਹੀ ਕਾਹਲੀ ਕਰਨ ਲੱਗ ਪਏ ਸੀ। ਭਾਰੀ ਕੁਰਬਾਨੀਆਂ ਦਿੱਤੇ ਬਿਨਾਂ ਹੁਣ ਸਾਡਾ ਕੁਝ ਨਹੀਂ ਬਣਨਾ। ਅਸਾਂ ਆਪਣੀ ਮੂਰਖਤਾ ਨਾਲ ਦੁਸ਼ਮਣ ਨੂੰ ਮਜ਼ਬੂਤ ਕਰ ਲਿਆ ਹੈ। ਅਸੀਂ ਅੰਗਰੇਜ਼ ਸਾਮਰਾਜ ਦੇ ਨਹੀਂ, ਬੇਰਹਿਮ ਬ੍ਰਾਹਮਣਵਾਦ ਦੇ ਸ਼ਕੰਜੇ ਵਿਚ ਫਸੇ ਹੋਏ ਆਂ।"

"ਮੈਂ ਚਾਹੁੰਦਾ ਆਂ, ਮਰਨ ਵਰਤਾਂ ਦੀ ਲੜੀ ਤੋਰੀ ਜਾਵੇ।" ਮਾਸਟਰ ਜੀ ਨੂੰ ਨਵੀਂ ਸੋਚ ਫੁਰੀ।

"ਵੈਸੇ ਮੈਂ ਮਰਨ ਵਰਤਾਂ ਦੇ ਖਿਲਾਫ਼ ਆਂ। ਪਰ ਪਾਰਟੀ ਪਾਬੰਦੀ ਕਾਰਨ ਤੁਹਾਡੇ ਪਿੱਛੋਂ ਆਹੂਤੀ ਲਈ ਤਿਆਰ ਹੋ ਜਾਵਾਂਗਾ।" ਗਿਆਨੀ ਕਰਤਾਰ ਸਿੰਘ ਘੁਰਾੜੇ ਵਰਗਾ ਸਾਹ ਖਿੱਚ ਗਏ।

"ਜੇ ਨਹਿਰੂ ਫਿਰ ਵੀ ਟੱਸ ਤੋਂ ਮੱਸ ਨਾ ਹੋਇਆ?" ਮਾਸਟਰ ਜੀ ਨੂੰ ਖ਼ਦਸ਼ਾ ਸੀ, ਜਿਵੇਂ ਚਲਾਕ ਨਹਿਰੂ ਨੇ ਸਾਨੂੰ ਤਰ ਉੱਤੇ ਲੂਣ ਘਸਾ ਕੇ ਖਾਲੀ ਹੱਥ ਮੋੜ ਦਿੱਤਾ ਸੀ, ਸ਼ਹਿਦ ਹੋਣ 'ਤੇ ਵੀ ਨਾ ਪਸੀਜਿਆ?

"ਸਾਡਾ ਗੁਰੂ 'ਤੇ ਅਟੱਲ ਭਰੋਸਾ ਹੈ, ਫਿਰ ਸਾਨੂੰ ਉਸ ਦੀ ਰਜ਼ਾ 'ਤੇ ਛੱਡ ਦੇਣਾ ਚਾਹੀਦਾ ਹੈ?"

"ਤੁਸੀਂ ਅੰਤਰਿੰਗ ਕਮੇਟੀ ਦੀ ਮੀਟਿੰਗ ਸੱਦੋ, ਮੈਂ ਮਰਨ ਵਰਤ 'ਤੇ ਬੈਠਾਂਗਾ।" ਮਾਸਟਰ ਜੀ ਨੇ ਦਲੇਰੀ ਦਿਖਾਈ। "ਸਾਡੀ ਮੰਗ ਸਿੱਖ ਸੂਬਾ ਹੀ ਹੋਣਾ ਚਾਹੀਦੀ ਹੈ।"

"ਸਾਡੀ ਮੰਗ ਹੋਣੀ ਚਾਹੀਦੀ ਹੈ, ਨਹਿਰੂ ਆਪਣੇ ਵਚਨਾਂ ਦੀ ਪਾਲਣਾ ਕਰੇ। ਦੁਸ਼ਮਣ ਨੂੰ ਦੁਸ਼ਮਣ ਦੇ ਹੀ ਹਥਿਆਰ ਨਾਲ ਮਾਰੋ, ਇਸ ਦਾ ਨਾਂ ਹੀ ਰਾਜਨੀਤੀ ਹੈ।"

"ਠੀਕ ਐ, ਮੈਂ ਕੁਝ ਦਿਨ ਪਾਠ ਕਰਕੇ ਸਾਧਨਾ ਕਰਦਾ ਹਾਂ।" ਮਾਸਟਰ ਜੀ ਹੌਸਲੇ ਵਿਚ ਉੱਠ ਖਲੋਤੇ।

ਟੈਲੀਫ਼ੋਨ ਤੇ ਤਾਰਾਂ ਅੰਤਰਿੰਗ ਮੈਂਬਰਾਂ ਨੂੰ ਮੀਟਿੰਗ ਲਈ ਖੜਕਾ ਦਿੱਤੀਆਂ। ਚਾਰ ਦਿਨਾਂ ਪਿੱਛੋਂ ਮੀਟਿੰਗ ਜੁੜ ਬੈਠੀ। ਗਿਆਨੀ ਕਰਤਾਰ ਸਿੰਘ ਨੇ ਸਿੱਖਾਂ ਦੀ ਹਸਤੀ ਬਚਾਉਣ ਵਾਸਤੇ ਮਰਨ ਵਰਤ ਦੀ ਲੜੀ ਤੋਰਨ ਦੀ ਗੱਲ, ਮੀਟਿੰਗ ਦੇ ਏਜੰਡੇ ਵਜੋਂ ਸਾਰਿਆਂ ਅੱਗੇ ਰੱਖ ਦਿੱਤੀ।

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ! ਪਿਆਰੇ ਖਾਲਸਾ ਜੀ! ਨਹਿਰੂ ਸਰਕਾਰ ਨੇ ਆਪਣਾ ਇੱਕ ਵਾਅਦਾ ਪੂਰਾ ਨਹੀਂ ਕੀਤਾ। ਅਸੀਂ ਦਿੱਲੀ ਦੇ ਫੇਰੇ ਪਾ ਕੇ ਥੱਕ ਗਏ ਆਂ। ਹੁਣ ਪੰਜਾਬੀ ਮਾਂ ਬੋਲੀ ਨੂੰ ਮਾਰਨ ਲਈ ਮਹਾਸ਼ਿਆਂ ਤੇ ਹਿੰਦੂ ਕਾਂਗਰਸੀਆਂ ਹਿੰਦੀ ਨੂੰ ਮਰਦਮ ਸ਼ੁਮਾਰੀ ਵਿੱਚ ਲਿਖਵਾਉਣ ਲਈ ਦੋਹਾਈ ਚੁੱਕ ਲਈ ਹੈ। ਸਾਡੀ ਕੌਮੀਅਤ ਦੇ ਵਾਰੀ-ਵਾਰੀ ਸਾਰੇ ਅੰਗ ਛਾਂਗੇ ਜਾ ਰਹੇ ਐ। ਮਾਸਟਰ ਜੀ ਦਾ ਵਿਚਾਰ ਹੈ ਠੱਲ ਪਵੇਗੀ ਕੁਰਬਾਨੀ ਨਾਲ। ਇਹ ਐਮਰਜੈਂਸੀ ਮੀਟਿੰਗ ਇਸ ਲਈ ਸੱਦੀ ਗਈ ਹੈ।" ਗਿਆਨੀ ਕਰਤਾਰ ਸਿੰਘ ਨੇ ਸਾਰੇ ਮੈਂਬਰਾਂ 'ਤੇ ਕਾਂ ਅੱਖ ਝਾਤ ਮਾਰੀ। "ਕੁਰਬਾਨੀ ਵਾਲੇ ਸੂਰਮੇ ਨਿਤਰਣ। ਹਾਂ, ਪਹਿਲੋਂ ਮਰਨ ਵਰਤ 'ਤੇ ਕੌਣ ਬੈਠੇਗਾ?"

ਮੀਟਿੰਗ ਵਿੱਚ ਲੰਮੀ ਚੁੱਪ ਵਰਤ ਗਈ। ਕਿਸੇ ਦਾ ਵੀ ਦਲੇਰੀ ਕਰਨ ਦਾ ਹੀਆ ਨਾ ਪਿਆ। ਆਖ਼ਰ ਮਾਸਟਰ ਜੀ ਉੱਠ ਕੇ ਖਲੋ ਗਏ।

"ਪਿਆਰੇ ਖਾਲਸੇ ਜੀ! ਬਾਰਸ਼ ਦਾ ਪਹਿਲਾ ਕਤਰਾ ਮੈਂ ਬਣਾਂਗਾ। ਅੰਗਰੇਜ਼ ਸਰਕਾਰ ਨੂੰ ਅਸੀਂ ਮੋਰਚਿਆਂ ਨਾਲ ਝੁਕਾ ਲੈਂਦੇ ਸਾਂ। ਉਹ ਪ੍ਰਦੇਸੀ ਸੀ। ਪਰ ਇਹ ਬਾਹਮਣ ਬਾਣੀਆ ਸਰਕਾਰ, ਉੱਤੋਂ ਨਰਮ, ਮੂੰਹ ਦੀ ਮਿੱਠੀ ਅਤੇ ਅੰਦਰੋਂ ਸਖ਼ਤ ਰੋੜ ਐ। ਇਸ ਨੂੰ ਅਸੀਂ ਲਹੂ ਦੇ ਕੇ ਹੀ ਝੁਕਾਅ ਸਕਦੇ ਆਂ। ਇਹ ਕਤਰਾ ਪਹਿਲੀ ਦਲੇਰੀ ਤਾਂ ਕਰ ਸਕਦਾ ਐ, ਜਲਥਲ ਨਹੀਂ। ਇਸ ਲਈ ਲੰਮੀ ਲੜੀ ਦੀ ਲੋੜ ਹੈ।" ਉਹ ਮਨ ਦੀ ਚੜ੍ਹਦੀ ਕਲਾ ਵਿਖਾਉਂਦੇ ਬਹਿ ਗਏ।

ਮੀਟਿੰਗ ਵਿਚ ਕਾਨਾ ਫੂਸੀ ਚੱਲ ਪਈ।

ਮਾਸਟਰ ਵਿਰੋਧੀ ਗਰੁੱਪ ਦੇ ਇੱਕ ਮੈਂਬਰ ਨੇ ਸਾਥੀ ਨੂੰ ਆਖਿਆ-

"ਇਹਦਾ ਭਾਪੇ ਦਾ ਫਾਹਾ ਵੱਢ ਹੋ ਜਾਣ ਦਿਓ। ਮਲਵਈਆਂ ਤੇ ਮਝੈਲਾਂ ਨੂੰ ਪਾੜ ਪਾੜ ਲੀਡਰ ਬਣਿਆ ਰਹਿੰਦਾ ਹੈ।"

ਕਿੰਨਾ ਹੀ ਚਿਰ ਕੋਈ ਨਾ ਉੱਠਿਆ। ਫਿਰ ਗਿਆਨੀ ਕਰਤਾਰ ਸਿੰਘ ਖਲੋ ਗਿਆ।

"ਮਾਸਟਰ ਜੀ, ਤੁਹਾਡੀ ਪੈਰਵੀ ਮੈਂ ਕਰਾਂਗਾ।" ਉਸ ਖੁੱਲ੍ਹੇ ਗਲਾਵੇ ਦੀ ਵਾਲਾਂ ਵਾਲੀ ਛਾਤੀ 'ਤੇ ਹੱਥ ਫੇਰਿਆ।

ਹੁਣ ਨਾਗੋਕੇ ਗਰੁੱਪ ਦੇ ਭਾਅ ਦੀ ਬਣ ਗਈ। ਜੇ ਥੋੜ੍ਹਾ ਬਹੁਤ ਹੁੰਗਾਰਾ ਵੀ ਨਾ ਭਰਿਆ ਲੀਡਰੀ ਗਈ। ਉਨ੍ਹਾਂ ਦੇ ਤੇਜ਼ ਤਰਾਰ ਆਗੂ ਨੂੰ ਸ਼ਰਮੋ ਸ਼ਰਮੀ ਖਲੋਣਾ ਪੈ ਗਿਆ।

"ਮੇਰਾ ਵਿਸ਼ਵਾਸ ਹੈ, ਮਾਸਟਰ ਜੀ ਦੇ ਮਰਨ ਵਰਤ 'ਤੇ ਬੈਠਣ ਨਾਲ ਹੀ ਸਰਕਾਰ ਨੇ ਜਰਕ ਜਾਣਾ ਹੈ। ਕਿਉਂਕਿ ਮਾਸਟਰ ਜੀ ਦਾ ਸਾਰੇ ਭਾਰਤ ਵਿਚ ਬੜਾ ਨਾਂ ਤੇ ਪ੍ਰਭਾਵ ਹੈ। ਅਸੀਂ ਮਾਸਟਰ ਜੀ ਦੀ ਕੁਰਬਾਨੀ ਨੂੰ ਭੁੰਜੇ ਨਹੀਂ ਪੈਣ ਦਿਆਂਗੇ। ਅਸੀਂ ਮਰਨ ਵਰਤ 'ਤੇ ਬੈਠਣ ਲਈ ਦੋ ਜ਼ਿੰਦਾ ਸ਼ਹੀਦ ਦੇਵਾਂਗੇ।"

"ਮਰਨ ਵਰਤ 'ਤੇ ਬੈਠਣ ਵਾਲੇ ਆਪੇ ਨੂੰ ਖੜ੍ਹੇ ਹੋ ਕੇ ਪੇਸ਼ ਕਰਨ?" ਮਾਸਟਰ ਜੀ ਚੋਪੜੀਆਂ ਗੱਲਾਂ ਵਿਚ ਆਉਣ ਵਾਲੇ ਨਹੀਂ ਸਨ। "ਮਰਨ ਵਰਤਾਂ ਦੀ ਤਹਿਰੀਕ ਨਿਰੀਆਂ ਦਲੀਲਾਂ ਦੇ ਕੜ ਹ ਨਾਲ ਨਹੀਂ ਸ਼ੁਰੂ ਕੀਤੀ ਜਾ ਸਕਦੀ।"

ਖਲੋਤੇ ਸਿੰਘ ਲਈ ਬੈਠਣਾ ਔਖਾ ਹੋ ਗਿਆ।

"ਤੀਜੀ ਥਾਂ ਮਾਸਟਰ ਜੀ ਮੈਂ ਲਵਾਂਗਾ। ਤੁਸੀਂ ਫ਼ਿਕਰ ਨਾ ਕਰੋ, ਅਸੀਂ ਆਪਣੇ ਪੁਰਖ਼ਿਆਂ ਦੇ ਇਤਿਹਾਸ ਨੂੰ ਦਾਗ ਨਹੀਂ ਲੱਗਣ ਦਿਆਂਗੇ। ਸ਼ਹੀਦੀਆਂ ਦੇ ਕੇ ਲਾਲ ਕਿਲ੍ਹੇ ਦੀਆਂ ਨੀਂਹਾਂ ਹਿਲਾ ਦਿਆਂਗੇ।"

"ਪੂਰੀ ਲਾਹ ਦੇਣ ਵਾਲਾ ਅਮਲ, ਸਿਦਕ ਤੇ ਕਰੈਕਟਰ ਚਾਹੀਦਾ ਹੈ, ਦਮਗਜੇ ਨਹੀਂ।" ਮੀਟਿੰਗ ਵਿਚੋਂ ਕਿਸੇ ਬੈਠੇ ਨੇ ਹੀ ਚੋਟ ਕੀਤੀ। ਉਹ ਸਮਝਦਾ ਸੀ, ਇਨ੍ਹਾਂ ਤਿਲਾਂ ਵਿੱਚ ਤੇਲ ਨਹੀਂ, ਨਿਰੇ ਕੜਾਕੇ ਜਬਾਕੇ ਹਨ।

"ਮੈਂ ਮਰਾਂ, ਪੰਥ ਜੀਵੇ।" ਮਾਸਟਰ ਜੀ ਪੂਰੇ ਜਲਾਲ ਵਿਚ ਆ ਗਏ। "ਤੁਸੀਂ ਮੇਰੇ ਮਗਰ ਆਇਓ, ਨਾ ਆਇਓ, ਮੈਂ ਕੁਰਬਾਨੀ ਦੇਵਾਂਗਾ ਜਾਂ ਪੰਥ ਲਈ ਦਿੱਲੀਓਂ ਕੁਝ ਲੈ ਕੇ ਮੁੜਾਂਗਾ। ਗਿਆਨੀ ਜੀ ਅੱਜ ਹੀ ਸ਼ਾਮ ਨੂੰ ਪ੍ਰੈੱਸ ਕਾਨਫਰੰਸ ਸੱਦ ਲਈ ਜਾਵੇ?" ਉਹ ਸਮਝਦੇ ਸਨ, ਸਿੱਖਾਂ ਨੂੰ ਗੁਲਾਮ ਬਣਾਉਣ ਵਿਚ ਸਭ ਤੋਂ ਵੱਧ ਮੈਂ ਦੋਸ਼ੀ ਆਂ। ਕੁਰਬਾਨੀ ਦੇ ਕੇ ਹੀ ਪੰਥ ਵਿਚ ਸੁਰਖ਼ਰੂ ਹੋ ਸਕਦਾ ਹਾਂ।

ਮਾਸਟਰ ਜੀ ਦੀ ਏਨੀ ਗੱਲ ਨਾਲ ਹੀ ਮੀਟਿੰਗ ਸਮਾਪਤ ਹੋ ਗਈ, ਅੱਧੇ ਮੈਂਬਰ ਚੜ੍ਹਦੀ ਕਲਾ ਵਿਚ ਉਤਸ਼ਾਹੀ ਸਨ। ਆਖ਼ਰ ਹੰਭਲਾ ਮਾਰਨ ਲਈ ਕੋਈ ਗੱਲ ਤਾਂ ਬਣੀ। ਵਿਰੋਧੀ ਧਿਰ ਦੀ ਸੋਚ ਸੀ, ਮਾਸਟਰ ਜੀ ਦੀ ਲੀਡਰੀ ਨੂੰ ਤਾਂ ਅੱਜ ਹੀ ਚਾਰ ਚੰਨ ਲੱਗ ਗਏ। ਜੇ ਦਿੱਲੀ ਵਿਚ ਸ਼ਹੀਦ ਹੋ ਗਏ, ਗੁਰੂ ਤੇਗ ਬਹਾਦਰ ਦੇ ਪਿੱਛੋਂ ਜ਼ੁਲਮ ਦੇ ਖ਼ਿਲਾਫ਼ ਇਹ ਦੂਜੀ ਸ਼ਹਾਦਤ ਹੋਵੇਗੀ। ਜੇ ਕੁਝ ਲੈ ਫਿੱਗੇ, ਫਿਰ ਉਮਰ ਭਰ ਇਨ੍ਹਾਂ ਨੂੰ ਕੋਈ ਹੋਰ ਹਰਾ ਨਹੀਂ ਸਕੇਗਾ। ਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਾ ਅਕਾਲੀ ਦਲ ਵਿਚੋਂ। ਉਹ ਸਮਝਦੇ ਸਨ, ਅਸੀਂ ਤਾਂ ਫਿਰ ਸੁਆਹ ਹੀ ਹੋ ਜਾਵਾਂਗੇ।

ਸ਼ਾਮ ਦੀ ਪ੍ਰੈੱਸ ਕਾਨਫਰੰਸ ਵਿੱਚ ਮਾਸਟਰ ਤਾਰਾ ਸਿੰਘ ਜੀ ਨੇ ਧੜੱਲੇ ਨਾਲ ਐਲਾਨ ਕਰ ਦਿੱਤਾ—"ਮੈਂ ਸਿੱਖਾਂ ਦਾ ਰਾਜ ਭਾਗ ਵਿਚੋਂ ਹੱਕ ਲੈਣ ਲਈ, ਪੰਡਤ ਨਹਿਰੂ ਦੀ ਕੋਠੀ ਅੱਗੇ ਫਲਾਂ ਤਾਰੀਖ਼ ਤੋਂ ਮਰਨ ਵਰਤ ਰੱਖਾਂਗਾ। ਸਾਡੇ ਸ੍ਵੈਮਾਨ ਨੂੰ ਕਈ ਢੰਗਾਂ ਨਾਲ ਖੁਆਰ ਕੀਤਾ ਜਾ ਰਿਹਾ ਹੈ। ਅਸੀਂ ਖ਼ੁਦਦਾਰ ਕੌਮ ਆਂ। ਅਣਖ ਨਾਲ ਜੀਆਂਗੇ, ਅਣਖ ਨਾਲ ਹੀ ਮਰਾਂਗੇ। ਅਸਾਂ ਆਜ਼ਾਦੀ ਦੀ ਜੰਗ ਵਿਚ ਡੇਢ ਫ਼ੀਸਦੀ ਹੁੰਦਿਆਂ ਅੱਸੀ ਫ਼ੀਸਦੀ ਕੁਰਬਾਨੀਆਂ ਦਿੱਤੀਆਂ ਹਨ। ਅੰਗਰੇਜ਼ ਨੇ ਸਾਨੂੰ ਤੀਜੀ ਕੌਮ ਮੰਨਿਆ ਸੀ।"

"ਨਹਿਰੂ ਨੇ ਸਾਡੇ ਨਾਲ ਵਿਸ਼ਵਾਸਘਾਤ ਕੀਤਾ ਹੈ। ਅਸੀਂ ਮਰਾਂਗੇ ਜਾਂ ਕੁਝ ਪ੍ਰਾਪਤ ਕਰਾਂਗੇ, ਹੋਰ ਸਾਡੇ ਲਈ ਕੋਈ ਰਾਹ ਹੀ ਨਹੀਂ ਰਹਿ ਗਿਆ।"

ਪ੍ਰੈੱਸ ਕਾਨਫਰੰਸ ਵਿਚੋਂ ਸਵਾਲ ਉੱਠ ਪਿਆ।

"ਮੰਨ ਲਓ ਸਰਕਾਰ ਤੁਹਾਡੀ ਮੰਗ ਨਹੀਂ ਮੰਨਦੀ, ਉਸ ਸੂਰਤ ਵਿਚ ਤੁਹਾਡੀ ਸ਼ਹਾਦਤ ਅਵੱਸ਼ ਹੈ। ਸ਼ਹਾਦਤ ਨਾਲ ਗੜਬੜ ਤਾਂ ਪਏਗੀ ਹੀ। ਬਹੁਤ ਨੁਕਸਾਨ ਹੋ ਸਕਦਾ ਹੈ। ਉਸ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਨਹੀਂ ਪਏਗੀ?"

"ਇਹ ਜ਼ਿੰਮੇਵਾਰੀ ਸਾਰੀ ਸਰਕਾਰ ਸਿਰ ਆਉਂਦੀ ਹੈ। ਉਹ ਸਾਡੀ ਹੱਕੀ ਮੰਗ ਮੰਨ ਲਵੇ, ਫਿਰ ਕੋਈ ਗੜਬੜ ਕਿਉਂ ਹੋਵੇਗੀ।"

"ਮਾਸਟਰ ਜੀ ਆਪਣੀ ਮੰਗ ਦੀ ਵਿਆਖਿਆ ਕਰੋਗੇ?" ਕਿਸੇ ਹੋਰ ਸਵਾਲ ਕਰ ਦਿੱਤਾ।

"ਨਹਿਰੂ ਨੇ ਜੋ ਕਲਕੱਤੇ ਆਖਿਆ ਸੀ, ਆਪਣਾ ਵਚਨ ਪੂਰਾ ਕਰ ਦੇਵੇ।"

"ਤੁਸੀਂ ਬਹੁਤ ਵੱਡਾ ਸਟੈਂਪ ਚੁੱਕ ਰਹੇ ਹੋ, ਨਤੀਜੇ ਕਿਹੋ-ਜਿਹੇ ਹੋਣਗੇ?"

"ਅਸੀਂ ਤਾਂ ਮਰਦੀ ਨੂੰ ਅੱਕ ਚੱਬ ਰਹੇ ਆਂ। ਕੋਈ ਖੁਸ਼ੀ ਨਾਲ ਐਵੇਂ ਨਹੀਂ ਮਰਦਾ। ਸਾਡੀਆਂ ਕੁਰਬਾਨੀਆਂ ਨਾਲ ਆਜ਼ਾਦੀ ਆਈ। ਅੱਜ ਕਾਂਗਰਸ ਸਾਨੂੰ ਰਾਜ ਭਾਗ ਦੇ ਰੁਪਈਏ ਵਿਚੋਂ ਧੇਲਾ ਦੇਣ ਲਈ ਵੀ ਤਿਆਰ ਨਹੀਂ।"

"ਤੁਸਾਂ ਲੈਣ ਵਾਲੀ ਵੱਤ ਲੰਘਾ ਨਹੀਂ ਲਈ?" ਚੋਟ ਮਾਰਦਾ ਇੱਕ ਸਵਾਲ ਹੋਰ ਆ ਗਿਆ।

"ਕਾਂਗਰਸ ਨੇ ਸਾਡੇ ਲਈ ਭਰੋਸੇ ਵਾਲੇ ਮਤੇ ਕੀਤੇ। ਨਹਿਰੂ ਨੇ ਆਖਿਆ ਆਜ਼ਾਦੀ ਦਾ ਆਨੰਦ ਮਾਨਣ ਲਈ ਸਿੱਖਾਂ ਵਾਸਤੇ ਦੇਸ਼ ਦੇ ਉੱਤਰ ਵਿਚ ਇੱਕ ਖਿੱਤਾ ਦਿੱਤਾ ਜਾਵੇਗਾ। ਅਸਾਂ ਭਰਾਵਾਂ 'ਤੇ ਇਤਬਾਰ ਕੀਤਾ। ਕੀ ਇਹ ਸਾਡਾ ਗੁਨਾਹ ਸੀ?" ਮਾਸਟਰ ਜੀ ਦੀ ਉੱਤਰ ਦੇਣ ਦੀ ਸ਼ਕਤੀ ਚੜ੍ਹਦੀ ਕਲਾ ਵਿਚ ਸੀ।

"ਤੁਹਾਡੇ ਮਰਨ ਵਰਤ ਨਾਲ ਸਥਿਤੀ ਟਕਰਾਅ ਵਾਲੀ ਨਹੀਂ ਪੈਦਾ ਹੋ ਜਾਵੇਗੀ?"

"ਅਸੀਂ ਆਪਣਾ ਹੱਕ ਮੰਗ ਰਹੇ ਆਂ, ਨਾਜਾਇਜ਼ ਕੁਝ ਵੀ ਨਹੀਂ। ਅਸੀਂ ਕਿਸੇ ਤਰ੍ਹਾਂ ਦਾ ਟਕਰਾਅ ਨਹੀਂ ਚਾਹੁੰਦੇ। ਅੱਗੇ ਜੋ ਗੁਰੂ ਨੂੰ ਭਾਵੇ, ਉਸ ਦਾ ਭਾਣਾ ਮਿੱਠਾ ਕਰਕੇ ਮੰਨਾਂਗੇ।" ਮਾਸਟਰ ਜੀ ਨੇ ਆਪਣੇ ਵੱਲੋਂ ਗੱਲ ਖ਼ਤਮ ਕਰ ਦਿੱਤੀ।

"ਪ੍ਰੈੱਸ ਵਾਲੇ ਭਾਈਆਂ ਨੂੰ ਮੇਰੀ ਬੇਨਤੀ ਹੈ।" ਗਿਆਨੀ ਕਰਤਾਰ ਸਿੰਘ ਜੀ ਮਾਸਟਰ ਜੀ ਦੇ ਬਰਾਬਰ ਹੋ ਖਲੋਤੇ। "ਤੁਸੀਂ, ਇਹ ਜ਼ਰੂਰ ਦੱਸੋ, ਅਸੀਂ ਹੱਕ ਸੱਚ 'ਤੇ ਹਾਂ, ਜਾਂ ਨਹੀਂ?"

"ਤੁਹਾਡੇ ਹੱਕ-ਸੱਚ ਦੀ ਮੰਗ ਪ੍ਰਵਾਨ ਹੋ ਕੇ ਜਦੋਂ ਤੁਹਾਡਾ ਰਾਜ ਹੋ ਗਿਆ, ਉਸ ਵਿਚ ਘੱਟ ਗਿਣਤੀ ਹਿੰਦੂਆਂ ਦਾ ਕੀ ਬਣੇਗਾ?" ਇਕ ਹੋਰ ਨਵੀਂ ਸ਼ੰਕਾ ਉੱਠ ਪਈ।

"ਮੋਟੇ ਤੌਰ 'ਤੇ ਜਵਾਬ ਹੈ, ਜੋ ਸਿੱਖਾਂ ਦਾ ਬਾਕੀ ਹਿੰਦੋਸਤਾਨ ਵਿਚ ਬਣੇਗਾ। ਪੰਜਾਬ ਵਿਚ ਹਿੰਦੂ ਹੀ ਨਹੀਂ, ਸਗੋਂ ਮੁਸਲਮਾਨ, ਈਸਾਈ ਅਤੇ ਵੱਡਾ ਹਿੱਸਾ ਦਲਿਤ ਭਰਾਵਾਂ ਦਾ ਹੈ। ਅਸਾਂ ਸਾਰੇ ਪੰਜਾਬੀਆਂ ਰਲ ਕੇ ਰਹਿਣਾ ਹੈ। ਅਸੀਂ ਹਿੰਦੋਸਤਾਨ ਤੋਂ ਅੱਡ ਤਾਂ ਨਹੀਂ ਹੋ ਰਹੇ। ਫਿਰ ਅਜਿਹੇ ਤੌਖਲੇ ਕਿਉਂ?" ਗਿਆਨੀ ਜੀ ਦੇ ਜਵਾਬ ਨੇ ਸਭ ਨੂੰ ਨਿਰੁਤਰ ਕਰ ਦਿੱਤਾ।

ਪ੍ਰੈੱਸ ਕਾਨਫਰੰਸ ਛੇਤੀ ਹੀ ਖ਼ਤਮ ਹੋ ਗਈ। ਸਾਰੇ ਪ੍ਰੈੱਸ ਨੁਮਾਇੰਦਿਆਂ ਨੂੰ ਚਾਹ ਤੇ ਬਿਸਕੁਟ ਖੁਆਏ ਗਏ। ਓਸੇ ਰਾਤ ਮਾਸਟਰ ਜੀ ਦੇ ਮਰਨ ਵਰਤ ਦੀ ਖ਼ਬਰ ਨਾਲ ਦਿੱਲੀ ਸਰਕਾਰ ਹਿੱਲ ਗਈ। ਸੀ. ਆਈ. ਡੀ. ਦੇ ਬੰਦੇ ਲਗਾਤਾਰ ਅਕਾਲੀ ਹੈੱਡਕੁਆਰਟਰ 'ਤੇ

ਅੱਖ ਰੱਖੀ ਆ ਰਹੇ ਸਨ। ਅਕਾਲੀ ਐਗਜ਼ੈਕਟਿਵ ਵਿਚ ਉਨ੍ਹਾਂ ਦੇ ਤਨਖ਼ਾਹਦਾਰ ਏਜੰਟ ਸਨ। ਉਨ੍ਹਾਂ ਨੂੰ ਤੱਤੀ-ਠੰਡੀ ਹਰ ਤਰ੍ਹਾਂ ਦੀ ਖ਼ਬਰ ਮਿਲਦੀ ਹੀ ਰਹਿੰਦੀ ਸੀ। ਬਾਕੀ ਗੱਲ ਪ੍ਰੈੱਸ ਵਾਲਿਆਂ ਸਾਫ਼ ਕਰ ਦਿੱਤੀ ਸੀ।

ਨਹਿਰੂ ਨੇ ਆਪਣੀ ਕੈਬਨਿਟ ਦੀ ਮੀਟਿੰਗ ਸੱਦ ਲਈ। ਸਰਕਾਰ ਨੂੰ ਮਾਸਟਰ ਜੀ ਦੇ ਮਰਨ ਵਰਤ ਦੇ ਐਲਾਨ ਨਾਲ ਥੋੜ੍ਹੀ ਘਬਰਾਹਟ ਚੜ੍ਹੀ ਹੋਈ ਸੀ। ਨਹਿਰੂ ਨੇ ਹੀ ਸਭ ਤੋਂ ਪਹਿਲਾਂ ਗੱਲ ਤੋਰੀ:

"ਮੈਂ ਮਾਸਟਰ ਤਾਰਾ ਸਿੰਘ ਕੇ ਮਰਨ ਵਰਤੋਂ ਸੇ ਡਰਨੇ ਵਾਲਾ ਨਹੀਂ। ਉਸ ਕੋ ਗ਼ਲਤਫ਼ਹਿਮੀ ਹੈ ਕਿ ਖ਼ੁਦਕਸ਼ੀ ਕੀ ਧਮਕੀ ਦੇ ਕਰ ਸਰਕਾਰ ਕੋ ਝੁਕਾ ਲੇਗਾ।"

ਬਲਦੇਵ ਸਿੰਘ ਨੇ ਬੋਲਣਾ ਆਪਣਾ ਫ਼ਰਜ਼ ਸਮਝਿਆ।

"ਮੈਨੂੰ ਭਾਰੀ ਦੁੱਖ ਹੈ, ਮਾਸਟਰ ਜੀ ਨੂੰ ਮਰਨ ਵਰਤ ਰੱਖਣਾ ਪਿਆ। ਸਾਨੂੰ ਉਨ੍ਹਾਂ ਦੀ ਮੰਗ 'ਤੇ ਹਮਦਰਦੀ ਨਾਲ ਗ਼ੌਰ ਕਰਨਾ ਚਾਹੀਦਾ ਹੈ।" ਇਸ ਤੋਂ ਅਗਾਂਹ ਉਹ ਕੁਝ ਨਾ ਆਖ ਸਕਿਆ, ਊਂ ਉਹ ਢਿੱਡੋਂ ਚਾਹੁੰਦਾ ਸੀ, ਕੁਰਬਾਨੀ ਕਰ ਗੁਜ਼ਰੇ ਸਿੱਖਾਂ ਦਾ ਕੁਝ ਬਣਨਾ ਚਾਹੀਦਾ ਹੈ। ਉਹ ਨਹਿਰੂ ਦੀ ਨਾਰਾਜ਼ਗੀ ਤੋਂ ਵੀ ਡਰਦਾ ਸੀ, ਕਿਉਂਕਿ ਮਜੀਠੀਏ ਸਰਦਾਰ ਨੂੰ ਵਜ਼ਾਰਤ ਵਿੱਚ ਲੈਣ ਬਾਰੇ ਉਸ ਨੂੰ ਭਿਣਕ ਮਿਲ ਚੁੱਕੀ ਸੀ। ਮਜੀਠੀਏ ਦੇ ਆਉਣ ਦਾ ਮਤਲਬ ਸੀ, ਉਸ ਦਾ ਵਜ਼ਾਰਤ ਵਿੱਚੋਂ ਜਾਣਾ। ਉਹ ਗੱਦੀ ਨਹੀਂ ਛੱਡਣਾ ਚਾਹੁੰਦਾ ਸੀ। ਨਹਿਰੂ ਨੇ ਵੀ ਉਸ ਨੂੰ ਦਬਾ ਕੇ ਰੱਖਣ ਦਾ ਸੰਕੇਤ ਦੇ ਛੱਡਿਆ ਸੀ। ਊਂ ਸਰਦਾਰ ਬਲਦੇਵ ਸਿੰਘ ਦੀ ਵਜ਼ਾਰਤ ਵਿੱਚ ਤਾਕਤ ਤੇ ਪੋਜ਼ੀਸ਼ਨ ਵਿਚਾਰੀ ਹੀ ਸੀ।

ਝੋਲੀਚੁੱਕ ਚਮਚਿਆਂ ਨੇ ਨਹਿਰੂ ਦੀ ਪ੍ਰੋੜ੍ਹਤਾ ਕੀਤੀ, ਕਿਉਂਕਿ ਉਹ ਪੰਡਤ ਜੀ ਦੀ ਮਿਹਰਬਾਨੀ ਨਾਲ ਹੀ ਵਜ਼ਾਰਤ ਵਿਚ ਆਏ ਸਨ। ਉਹ ਸਭ ਇਸ਼ਾਰੇ ਤੋਂ ਪਹਿਲਾਂ ਸਿਰ ਨੀਵਾਂ ਕਰਨ ਵਾਲੇ ਸਨ, ਪਰ ਮੌਲਾਨਾ ਆਜ਼ਾਦ ਨੇ ਸੰਜੀਦਗੀ ਨਾਲ ਆਖਣਾ ਸ਼ੁਰੂ ਕੀਤਾ।

"ਸਿੱਖ ਕੁਰਬਾਨੀ ਕਰਨੇ ਸੇ ਨਹੀਂ ਡਰਤੇ। ਤਾਰੀਖ਼ ਗਵਾਹ ਹੈ। ਮਾਸਟਰ ਜੀ ਕੀ ਕੁਰਬਾਨੀ ਹਮਾਰੇ ਰਾਜ ਕੇ ਸਮੇਂ ਮੇਂ ਹਮ ਪਰ ਕਲੰਕ ਹੋਗਾ। ਯਹਿ ਤੋ ਸਭ ਮਾਨਤੇ ਹੈਂ, ਸਿੱਖ ਹਮਾਰੇ ਭਾਈ ਹੈਂ—ਹਿੰਦੋਸਤਾਨ ਕਾ ਏਕ ਅਹਿਮ ਹਿੱਸਾ ਹੈਂ। ਆਪਣੇ ਇਕਰਾਰੋਂ ਕੇ ਮੁਤਾਬਕ ਹਮੇਂ ਉਨਹੇਂ ਆਪਣੇ ਵਿਸ਼ਵਾਸ ਮੇਂ ਲੈਣਾ ਚਾਹੀਏ। ਆਜ਼ਾਦੀ ਕੀ ਜੰਗ ਮੇ ਉਨ ਕੀ ਕੁਰਬਾਨੀਓਂ ਕਾ ਰਿਕਾਰਡ ਹੈ।"

"ਐਸਾ ਨਹੀਂ ਹੋ ਸਕਤਾ।" ਹੋਮ ਮਨਿਸਟਰ ਨਹਿਰੂ ਧਾਰਾ ਵਿਚੋਂ ਬੋਲ ਪਿਆ। "ਬੇਸ਼ੱਕ ਉਨਹੋਂ ਨੇ ਕੁਰਬਾਨੀਆਂ ਦੀ ਹੈਂ। ਹਰ ਕੋਈ ਆਪਣੇ ਦੇਸ਼ ਕੇ ਲੀਏ ਕੁਰਬਾਨੀਆਂ ਦੇਤਾ ਹੈ। ਕੱਲ੍ਹ ਕੋ ਕੋਈ ਔਰ ਮਾਂਗ ਲੇ ਉਠੇਗਾ, ਹਮੇ ਯਹ ਦੋ। ਮਾਂਗੇ ਮਾਨਤੇ ਮਾਨਤੇ ਭਾਰਤ ਖ਼ਤਮ ਹੋ ਜਾਏਗਾ।"

"ਇਸ ਕਾ ਹੱਲ, ਮੈਂ ਆਪ ਕੋ ਬਤਾਤਾ ਹੂੰ।" ਇੱਕ ਯੂ. ਪੀ. ਵੱਲੋਂ ਆਇਆ ਵਜ਼ੀਰ, ਜਿਹੜਾ ਹਿੰਦੀ ਦਾ ਬਹੁਤ ਸ਼ੈਦਾਈ ਸੀ, ਸਲਾਹ ਦੇਣ ਲੱਗਾ। "ਮਾਸਟਰ ਜੀ ਕੋ ਮਰਨ ਵਰਤ ਪਰ ਬੈਠਣੇ ਹੀ ਨਾ ਦੀਆ ਜਾਏ। ਪਹਿਲੇ ਹੀ ਗ੍ਰਿਫ਼ਤਾਰ ਕਰ ਲੋ।"

ਸਾਰੇ ਵਜ਼ੀਰਾਂ ਤੇ ਖ਼ਾਸ ਤੌਰ 'ਤੇ ਨਹਿਰੂ ਨੂੰ ਇਹ ਤਜਵੀਜ਼ ਬਹੁਤ ਪਸੰਦ ਆਈ। ਮੀਟਿੰਗ ਮੁੱਕਣ ਸਾਰ ਹੋਮ ਮਨਿਸਟਰ ਨੇ ਪੁਲੀਸ ਕਮਿਸ਼ਨਰ ਨੂੰ ਸਤਰਕ ਕਰ ਦਿੱਤਾ। ਗ੍ਰਿਫ਼ਤਾਰੀ ਲਈ ਉਸ ਹਦਾਇਤ ਦਿੱਤੀ, ਸਿੱਖ ਪੁਲੀਸ ਅਫ਼ਸਰ ਦੀ ਖ਼ਾਸ ਤੌਰ 'ਤੇ ਡਿਊਟੀ ਲਾਉਣੀ

ਹੈ। ਇਹ ਵੀ ਸਿੱਖਾਂ ਨੂੰ ਨੀਵਾਂ ਕਰਨ ਦੀ ਇੱਕ ਚਾਲ ਸੀ।

ਸਿੱਖ ਪੁਲੀਸ ਅਫ਼ਸਰ ਨੂੰ ਮਾਸਟਰ ਜੀ ਦੀ ਗ੍ਰਿਫ਼ਤਾਰੀ ਦੇ ਵਾਰੰਟ ਓਦੋਂ ਦਿੱਤੇ, ਜਦੋਂ ਉਹ ਅੰਮ੍ਰਿਤਸਰ ਤੋਂ ਗੱਡੀ ਚੜ੍ਹ ਚੁੱਕਾ ਸੀ। ਇੰਟੈਲੀਜੈਂਸ ਵਾਲਿਆਂ ਦੇ ਕੰਨ ਟੈਲੀਫ਼ੋਨ ਨਾਲ ਜੁੜੇ ਹੋਏ ਸਨ। ਅਕਾਲੀ ਸਿੰਘਾਂ ਨੇ ਮਾਸਟਰ ਤਾਰਾ ਸਿੰਘ ਨੂੰ ਫੁੱਲਾਂ ਦੇ ਹਾਰਾਂ ਅਤੇ ਜੈਕਾਰਿਆਂ ਦੀ ਗੂੰਜ ਨਾਲ ਦਿੱਲੀ ਨੂੰ ਤੋਰਿਆ। ਪੰਜ ਹੋਰ ਸਿੰਘ ਨਾਲ ਜਾ ਰਹੇ ਸਨ। ਅਗਲੇ ਦਸਾਂ ਮਿੰਟਾਂ ਵਿੱਚ ਦਿੱਲੀ ਪੁਲੀਸ ਹਰ ਤਰ੍ਹਾਂ ਤਿਆਰ ਹੋ ਚੁੱਕੀ ਸੀ।

ਪੁਲੀਸ ਕਮਿਸ਼ਨਰ ਨੇ ਸਿੱਖ ਇੰਸਪੈਕਟਰ ਨੂੰ ਸਤਿਕਾਰ ਦੇਂਦਿਆਂ ਥੋੜ੍ਹਾ ਖਿੱਚਿਆ।

"ਚੀਮਾ ਜੀ! ਡਿਊਟੀ ਇਜ਼ ਡਿਊਟੀ। ਆਪ ਨੇ ਨਰੇਲਾ ਸਟੇਸ਼ਨ ਪਰ ਹੀ ਮਾਸਟਰ ਤਾਰਾ ਸਿੰਘ ਕੋ ਗ੍ਰਿਫ਼ਤਾਰ ਕਰ ਲੇਨਾ ਹੈ। ਗਾੜੀ ਰੋਕਣੇ ਕੀ ਸਟੇਸ਼ਨ ਮਾਸਟਰ ਕੋ ਹਦਾਇਤ ਕਰ ਦੀ ਗਈ ਹੈ। ਗਾੜੀ ਵਹਾਂ ਪਰ ਰੁਕੀ ਰਹੇਗੀ, ਜਬ ਤਕ ਆਪ ਮਾਸਟਰ ਜੀ ਕੋ ਪਕੜ ਨਾ ਲੇਂ। ਸਮਝੇ?"

"ਸਾਹਬ ਜੀ! ਇਹ ਡਿਊਟੀ ਕਿਸੇ ਹੋਰ ਨੂੰ.....।" ਇੰਸਪੈਕਟਰ ਨੇ ਕਮਿਸ਼ਨਰ ਦਾ ਮੂਡ ਵੇਖ ਕੇ ਗੱਲ ਵਿਚਕਾਰੇ ਛੱਡ ਦਿੱਤੀ।

"ਡਰਤੇ ਹੋ? ਆਰਡਰ ਇਜ਼ ਆਰਡਰ! ਤੁਮਹੇ ਹੁਸ਼ਿਆਰੀ ਸੇ ਕਾਮ ਲੇਨਾ ਹੋਗਾ।" ਸਾਹਬ ਨੇ ਭਾਰੀ ਫ਼ੁੰਕਾਰਾ ਮਾਰਿਆ। ਉਸ ਦੇ ਫ਼ੁੰਕਾਰੇ ਵਿੱਚ ਧਮਕੀ ਸੁੱਦਕ ਰਹੀ ਸੀ।

"ਰਾਈਟ ਸਰ!" ਇੰਸਪੈਕਟਰ ਚੀਮਾ ਵਾਰੰਟ ਫੜ ਕੇ ਅਤੇ ਸਲੂਟ ਮਾਰ ਕੇ ਦਫ਼ਤਰੋਂ ਬਾਹਰ ਆ ਗਿਆ, ਉਹਦੇ ਮੱਥੇ ਨੂੰ ਤਰੇਲੀ ਚੜ੍ਹ ਆਈ ਸੀ। ਇੱਕ ਹੋਰ ਹਿੰਦੂ ਸਬ-ਇੰਸਪੈਕਟਰ ਨੂੰ ਅੰਦਰ 'ਵਾਜ਼ ਪੈ ਗਈ। ਉਹ ਸਾਹਬ ਸਾਹਮਣੇ ਅੱਡੀਆਂ ਜੋੜ ਕੇ ਸਲੂਟ ਮਾਰ ਕੇ ਖਲੋ ਗਿਆ।

"ਦੇਖੋ ਸ਼ਰਮਾ ਜੀ! ਇੱਕ ਜ਼ਰੂਰੀ ਕੌਮੀ ਡਿਊਟੀ ਆਪ ਕੋ ਸੌਂਪ ਰਹਾ ਹੂੰ। ਮਾਸਟਰ ਤਾਰਾ ਸਿੰਘ ਕੀ ਗ੍ਰਿਫ਼ਤਾਰੀ ਕੇ ਵਾਰੰਟ ਚੀਮਾ ਇੰਸਪੈਕਟਰ ਕੋ ਦੇ ਦੀਏ ਹੈਂ। ਅਗਰ ਵੋਹ ਕੋਤਾਹੀ ਕਰੇ, ਤੋ ਤੁਮਨੇ ਚੀਮੇ ਕੀ ਪ੍ਰਵਾਹ ਕਰੇ ਬਿਨਾਂ ਮਾਸਟਰ ਤਾਰਾ ਸਿੰਘ ਕੋ ਗ੍ਰਿਫ਼ਤਾਰ ਕਰ ਲੇਨਾ ਹੈ, ਚੀਮਾ ਕਿਸੀ ਤਰ੍ਹਾਂ ਕੀ ਹੁਸ਼ਿਆਰੀ ਨਾ ਕਰ ਜਾਏ। ਸਾਏ ਕੀ ਤਰ੍ਹਾਂ ਉਸ ਕਾ ਪੀਛਾ ਕਰਨਾ ਹੈ। ਵੋਹ ਗ੍ਰਿਫ਼ਤਾਰ ਕਰ ਲੇ ਤੋ ਸਭ ਠੀਕ ਹੈ। ਆਪਣੀ ਜੀਪ ਸਾਥ-ਸਾਥ ਰੱਖਣਾ। ਸਮਝੇ?"

"ਜੀ ਸਰ, ਆਪ ਬੇਫ਼ਿਕਰ ਰਹੇਂ।" ਸ਼ਰਮਾ ਵੀ ਬਾਹਰ ਆ ਗਿਆ। ਉਹ ਮਾਸਟਰ ਨੂੰ ਫੜਨ ਦੇ ਆਦੇਸ਼ ਨਾਲ ਗਿੱਠ ਉੱਚਾ ਹੋ ਗਿਆ ਸੀ, ਕਿਉਂਕਿ ਉਸ ਦੀ ਛੋਟੀ ਹੈਸੀਅਤ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਸੀ।

ਓਧਰ ਚੀਮਾ ਆਪਣਾ ਗਲ ਪਲੋਸੀ ਜਾ ਰਿਹਾ ਸੀ, ਜਿਵੇਂ ਘੁਟੀਂਦਾ ਘੁਟੀਂਦਾ ਸਾਹ ਹੀ ਛੱਡ ਜਾਵੇਗਾ। ਜਿਹੜੀ ਸਰਕਾਰ ਅੱਜ ਸਿੱਖ ਤੋਂ ਇੱਕ ਬੇਕਸੂਰ ਸਿੱਖ ਲੀਡਰ ਨੂੰ ਪਕੜਵਾ ਸਕਦੀ ਹੈ, ਭਲਕ ਨੂੰ ਸਿੱਖ ਤੋਂ ਸਿੱਖ ਨੂੰ ਮਰਵਾ ਸਕਦੀ ਹੈ। ਨੌਕਰੀ ਮੇਰੀ ਮਜਬੂਰੀ ਐ, ਵਰਨਾ ਮੈਂ ਇੰਸਪੈਕਟਰੀ ਨੂੰ ਲੱਤ ਵੀ ਮਾਰ ਦੇਂਦਾ। ਹਾਂਅ, ਮੈਂ ਨਾਂਹ ਕਰ ਦੇਂਦਾ, ਮੇਰੀ ਥਾਂ ਕਿਸੇ ਹੋਰ ਨੇ ਵੀ ਮਾਸਟਰ ਜੀ ਨੂੰ ਫੜ ਲੈਣਾ ਸੀ। ਪਰ ਕਮਿਸ਼ਨਰ ਨੇ ਮੇਰੀ ਜ਼ਮੀਰ ਨੂੰ ਜ਼ਰੂਰ ਕੁਚਲਣਾ ਸੀ। ਓਏ ਚੀਮਿਆ! ਨੌਕਰੀਆਂ ਜ਼ਮੀਰਾਂ ਮਾਰ ਕੇ ਕੀਤੀਆਂ ਜਾਂਦੀਆਂ ਹਨ। ਫ਼ਿਰਕੂ ਸੋਚਣੀ ਵਾਲੇ ਅਧਿਕਾਰੀ ਸਿੱਖ ਕੌਮ ਦੀ ਆਣ ਅਣਖ ਨੂੰ ਮਿੱਟੀ ਕਰਿਆ ਚਾਹੁੰਦੇ ਐ। ਸਾਡੇ ਲੀਡਰਾਂ ਐਨ ਵੇਲੇ ਸਿਰ ਕਿਉਂ ਨਾ ਸੋਚਿਆ, ਹੁਣ ਹਮਾਤੜਾਂ ਨੂੰ ਗ਼ਦਾਰ ਆਖਣਗੇ।

ਪੁਲੀਸ ਪਾਰਟੀ ਗੱਡੀ ਆਉਣ ਤੋਂ ਦੋ ਘੰਟੇ ਪਹਿਲਾਂ ਨਰੇਲਾ ਰੇਲਵੇ ਸਟੇਸ਼ਨ 'ਤੇ ਪਹੁੰਚ ਗਈ। ਚੀਮਾ ਅਤੇ ਸ਼ਰਮਾ ਨੇ ਸਟੇਸ਼ਨ ਮਾਸਟਰ ਨਾਲ ਗੱਲ ਕੀਤੀ। ਗੱਡੀ ਰੋਕਣ ਲਈ ਉਸ ਨੂੰ ਪਹਿਲਾਂ ਹੀ ਹਦਾਇਤਾਂ ਆ ਚੁੱਕੀਆਂ ਸਨ। ਉਹ ਆਪਣੀ ਥਾਂ ਹੁਸ਼ਿਆਰ ਸੀ। ਸ਼ਰਮਾ ਕਾਂ ਅੱਖ ਨਾਲ ਚੀਮੇ ਨੂੰ ਤਾੜ ਰਿਹਾ ਸੀ। ਉਸ ਨੂੰ ਲੱਗ ਰਿਹਾ ਸੀ, ਮੇਰੀ ਸਰਕਾਰ ਨੇ ਜੂਨੀਅਰ ਨੂੰ ਸੀਨੀਅਰ ਉੱਤੇ ਅਧਿਕਾਰ ਵਰਤਣ ਦਾ ਅਖ਼ਤਿਆਰ ਦਿੱਤਾ ਹੈ। ਉਹ ਆਪੇ ਨੂੰ ਗਿੱਠ ਉੱਚਾ ਹੋਇਆ ਸਮਝ ਰਿਹਾ ਸੀ।

ਟਾਇਮ ਪਾਸ ਕਰਨ ਲਈ ਇੰਸਪੈਕਟਰ ਚੀਮਾ ਰੇਲਵੇ ਲਾਈਨ ਦੇ ਨਾਲ ਨਾਲ ਫਿਰਦਾ ਸੋਚ ਰਿਹਾ ਸੀ। ਵਾਹਿਗੁਰੂ! ਮੇਰਾ ਰੱਬਾ! ਮਾਸਟਰ ਜੀ ਨੂੰ ਫੜਨ ਦਾ ਕਲੰਕ ਮੈਨੂੰ ਹੀ ਲੱਗਣਾ ਸੀ। ਮੈਂ ਉਨ੍ਹਾਂ ਤੋਂ ਖ਼ਿਮਾ ਮੰਗ ਲਵਾਂਗਾ। ਸ਼ਾਇਦ ਉਹ ਮਾਫ਼ ਨਾ ਕਰਨ। ਪਰ ਕੌਮ ਤਾਂ ਉਨ੍ਹਾਂ ਦੀਆਂ ਗ਼ਲਤੀਆਂ ਨਾਲ ਖੁਆਰ ਹੋਈ ਹੈ। ਸ੍ਰ. ਬਲਦੇਵ ਸਿੰਘ ਵੀ ਟਾਟੇ ਦਾ ਲੁਹਾਰ ਹੀ ਰਿਹਾ, ਕੁਝ ਵੀ ਨਾ ਮਨਾ ਸਕਿਆ। ਵੇਖੋ ਯਾਰੋ, ਜੱਗੋਂ ਤੇਰਵੀਂ, ਜਿਨ੍ਹਾਂ ਦੇ ਸਿਰ ਖਾਲੀ, ਉਹ ਸਾਡੇ ਰਹਿਬਰ। ਹੁਣ ਦੋਵੇਂ ਹੱਥ ਵਧਾਅ ਕੇ ਆਜ਼ਾਦ ਸਿੱਖ ਸਟੇਟ ਭਾਲਦੇ ਐ। ਇਨ੍ਹਾਂ ਤਾਂ ਸਾਡਾ ਦਬਦਬਾ ਚੁੱਕ ਕੇ, ਜੜ੍ਹ ਹੀ ਮਾਰ ਦਿੱਤੀ। ਇਨ੍ਹਾਂ ਦੇ ਉਖੇੜੇ ਕਾਰਨ ਸਿੱਖ ਅਫ਼ਸਰਾਂ ਦਾ ਕੋਈ ਮਾਣ-ਤਾਣ ਨਹੀਂ ਰਿਹਾ। ਲਾਈਨ ਦੇ ਨਾਲ ਫਿਰਦਿਆਂ ਉਸ ਕਈ ਚੱਕਰ ਲਾਏ। ਮਨ ਦੇ ਉਤਰਾਵਾਂ-ਚੜ੍ਹਾਵਾਂ ਵਿਚ ਕਿੰਨਾ ਹੀ ਸਮਾਂ ਬੀਤ ਗਿਆ।

ਇੱਕ ਮਾਲ ਗੱਡੀ ਦਿੱਲੀਓਂ ਆਉਂਦੀ ਪਹਿਲਾਂ ਹੀ ਰੋਕ ਲਈ ਗਈ ਸੀ। ਟਿਕਟਾਂ ਦੀ ਘੰਟੀ ਸੁਣ ਕੇ ਚੀਮਾ ਸਾਹਿਬ ਨੇ ਰੇਲਵੇ ਲਾਈਨ ਦੇ ਦੋਹੀਂ ਪਾਸੀਂ ਫਾਲਨ ਕਰ ਲਿਆ।

"ਹਰ ਬੋਗੀ ਅੱਗੇ ਇੱਕ ਜਵਾਨ ਖਲੋਵੇਗਾ ਅਤੇ ਗੱਡੀ ਦੇ ਰੁਕਣ ਸਾਰ ਅੰਦਰ ਵੜ ਕੇ ਮਾਸਟਰ ਤਾਰਾ ਸਿੰਘ ਦੀ ਪੜਤਾਲ ਕਰੇਗਾ ਤੇ ਬਾਹਰ ਆ ਕੇ ਮੈਨੂੰ ਇਤਲਾਹ ਦੇਵੇਗਾ। ਇਸ ਤੋਂ ਵੱਧ ਤੁਸਾਂ ਕੁਝ ਨਹੀਂ ਕਰਨਾ।"

"ਜੇ ਮਾਸਟਰ ਜੀ ਕਿਧਰੇ ਰੂਪੋਸ਼ ਹੋ ਗਏ?" ਸ਼ਰਮੇ ਨੇ ਸੰਦੇਹ ਪ੍ਰਗਟ ਕੀਤਾ।

"ਐਨਾ ਵੱਡਾ ਲੀਡਰ ਕਿੱਧਰ ਖਿਸਕੇਗਾ? ਵਾਹ ਸ਼ਰਮਾ ਸਾਹਿਬ!" ਉਸ ਨੂੰ ਸਿੱਖ ਕਰੈਕਟਰ 'ਤੇ ਮਾਣ ਸੀ।

ਸਾਰੇ ਖਿੱਲਰ ਕੇ ਲਾਈਨ ਦੇ ਦੋਹੀਂ ਪਾਸੀਂ ਖ਼ਬਰਦਾਰ ਹੋ ਖਲੋਤੇ। ਪੰਜ ਕੁ ਮਿੰਟਾਂ ਪਿੱਛੋਂ ਸਿਗਨਲ ਵੀ ਡਾਊਨ ਹੋ ਗਿਆ। ਜਵਾਨਾਂ ਕਨਾਤਰੇ ਚੁੱਕ ਲਏ। ਜਿਵੇਂ ਜਿਵੇਂ ਗੱਡੀ ਨੇੜੇ ਆ ਰਹੀ ਸੀ, ਇੰਸਪੈਕਟਰ ਚੀਮੇ ਦੀ ਧੜਕਣ ਤੇਜ਼ ਤੇਜ਼ ਹੋ ਨਿਕਲੀ। ਗੱਡੀ ਨੂੰ ਆਪਣੇ ਅੱਗੋਂ ਦੀ ਲੰਘਦਿਆਂ, ਉਹ ਵੀ ਧਰਤੀ ਨਾਲ ਕੰਬ ਗਿਆ। "ਵਾਹਿਗੁਰੂ, ਪੱਤ ਰੱਖੀਂ।" ਉਸ ਖਲੋਤੇ-ਖਲੋਤੇ ਨੇ ਮਨ ਵਿੱਚ ਅਰਦਾਸ ਕੀਤੀ। ਆਪਣੇ ਬਰਾਬਰੋਂ ਹੀ ਉਸ ਨੂੰ ਸਿਪਾਹੀ ਦਾ ਇਸ਼ਾਰਾ ਮਿਲਿਆ। ਉਹ ਬਿਨਾਂ ਕਾਹਲੀ ਕੀਤੇ ਡੱਬੇ ਅੰਦਰ ਚਲਿਆ ਗਿਆ। ਉਸ ਮਾਸਟਰ ਜੀ ਨੂੰ ਦੋਵੇਂ ਹੱਥ ਜੋੜ ਕੇ ਸਤਿਕਾਰ ਨਾਲ ਫ਼ਤਹਿ ਉਚਾਰੀ:

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ! ਸ੍ਰੀ ਮਾਨ ਮਾਸਟਰ ਜੀ ਚੰਗਾ ਹੋਵੇ ਜੇ ਤੁਸੀਂ ਹੇਠਾਂ ਆ ਜਾਓ, ਹਾਲੇ ਗੱਡੀ ਨੇ ਢੇਰ ਚਿਰ ਖਲੋਣਾ ਏਂ।"

"ਕਿਉਂ? ਕੀ ਗੱਲ ਐ ਗੁਰਮੁਖਾ।" ਉਨ੍ਹਾਂ ਆਪਣੇ ਪੰਜ ਪਿਆਰਿਆਂ ਵੱਲ ਝਾਤ ਮਾਰੀ।

"ਓ ਜੀ, ਅੱਗੋਂ ਕਿਸੇ ਹੋਰ ਗੱਡੀ ਨੇ ਆਉਣਾ ਏਂ। ਤੁਸੀਂ ਹੇਠਾਂ ਆ ਕੇ ਥੋੜ੍ਹਾ

ਟਹਿਲ ਲਵੋ, ਥੱਕੀਆਂ ਲੱਤਾਂ ਸਿੱਧੀਆਂ ਹੋ ਜਾਣਗੀਆਂ।"

ਮਾਸਟਰ ਜੀ, ਗੁਰਸਿੱਖ ਦੀ ਬੇਨਤੀ ਮੰਨ ਕੇ ਥੱਲੇ ਲਹਿ ਪਏ। ਦੂਜੇ ਪੰਜੇ ਸਿੰਘ ਵੀ ਉਤਰ ਆਏ। ਡੱਬੇ ਵਿਚ ਇੱਕ ਹੈਰਾਨੀ ਆਪ ਮੁਹਾਰੇ ਤਣ ਗਈ। ਸਿੰਘ ਡੱਬੇ ਵਿਚ ਬੈਠੇ ਪਾਠ ਕਰਦੇ ਰਹਿਣਾ ਚਾਹੁੰਦੇ ਸਨ, ਪਰ ਉਹ ਆਪਣੇ ਜਥੇਦਾਰ ਦਾ ਸਾਥ ਕਿਵੇਂ ਛੱਡਦੇ।

"ਮਾਸਟਰ ਜੀ! ਮੇਰੇ ਕੋਲ ਐਮਬੈਸਡਰ ਗੱਡੀ ਐ।" ਚੀਮਾ ਸਾਹਿਬ ਨੇ ਇੱਕ ਸਲਾਹ ਦਿੱਤੀ। "ਏਥੇ ਵਕਤ ਜ਼ਾਇਆ ਨਾ ਕਰੀਏ, ਆਓ ਗੱਡੀ ਵਿਚ ਬੈਠੋ, ਛੇਤੀ ਪਹੁੰਚ ਜਾਵਾਂਗੇ।"

"ਸਟੇਸ਼ਨ 'ਤੇ ਅਕਾਲੀ ਭਾਈ ਮੈਨੂੰ ਲੈਣ ਆਉਣਗੇ।" ਮਾਸਟਰ ਜੀ ਪਹਿਲੋਂ ਸੀਸ ਗੰਜ ਗੁਰਦੁਆਰੇ ਮੱਥਾ ਟੇਕਣਾ ਚਾਹੁੰਦੇ ਸਨ।

"ਨਹੀਂ, ਉਹ ਨਹੀਂ ਆਉਣਗੇ।"

"ਕਿਉਂ?" ਮਾਸਟਰ ਜੀ ਪਹਿਲੀ ਵਾਰ ਹੈਰਾਨ ਹੋਏ। ਸਿਪਾਹੀਆਂ ਨੂੰ ਦੁਆਲੇ ਖੜ੍ਹੇ ਵੇਖ ਕੇ ਆਖਣ ਲੱਗੇ, "ਸਿੰਘਾ! ਕੋਈ ਧੋਖਾ ਤਾਂ ਨਹੀਂ ਹੋ ਰਿਹਾ?"

ਮਾਸਟਰ ਜੀ, ਧੋਖਾ ਤੁਹਾਡੇ ਨਾਲ ਪਹਿਲੀ ਵਾਰ ਨਹੀਂ ਹੋ ਰਿਹਾ। ਮੈਨੂੰ ਖ਼ਿਮਾ ਕਰਨਾ ਸ੍ਰੀ ਮਾਨ ਜੀ, ਮੈਂ ਬਹੁਤ ਸ਼ਰਮਿੰਦਾ ਆਂ। ਮੇਰੇ ਕੋਲ ਤੁਹਾਡੀ ਗ੍ਰਿਫ਼ਤਾਰੀ ਦੇ ਵਾਰੰਟ ਹਨ।" ਚੀਮੇ ਨੇ ਗੱਲ ਸਪਸ਼ਟ ਕਰ ਦਿੱਤੀ।

ਮਾਸਟਰ ਜੀ ਨੇ ਇੱਕ ਮਿੰਟ ਦੀ ਸੰਜੀਦਾ ਚੁੱਪ ਪਿੱਛੋਂ ਇੰਸਪੈਕਟਰ ਵੱਲ ਤੱਕਿਆ।

"ਘੱਟ ਤੋਂ ਘੱਟ ਤੈਨੂੰ ਨਹੀਂ ਸੀ ਵਾਰੰਟ ਫੜਨੇ ਚਾਹੀਦੇ?"

"ਮਾਸਟਰ ਜੀ, ਮੇਰਾ ਅੰਦਰ ਲਹੂ-ਲੁਹਾਣ ਐ, ਮੇਰੇ ਕੋਲੋਂ ਹੋਰ ਕੁਝ ਨਾ ਪੁੱਛੋ।" ਉਸ ਪੀੜ ਦੀ ਘੁੱਟ ਭਰ ਕੇ ਅੱਖਾਂ ਮੀਟ ਲਈਆਂ।

ਮਾਸਟਰ ਜੀ ਨੇ ਗੁਰਸਿੱਖ ਦੀ ਪਤਲੀ ਪੈਂਦੀ ਜਾਂਦੀ ਅੰਦਰਲੀ ਪ੍ਰੇਸ਼ਾਨੀ ਨੂੰ ਪਛਾਣ ਲਿਆ ਤੇ ਚੁੱਪ ਚਾਪ ਗੱਡੀ ਵਿਚ ਆ ਬੈਠੇ। ਉਹ ਕਿੰਨਾ ਹੀ ਚਿਰ ਮਾਨਸਿਕ ਪੱਖੋਂ ਦੁਖੀ ਅਫ਼ਸਰ ਦੀ ਪਿੱਠ 'ਤੇ ਹੱਥ ਫੇਰਦੇ ਰਹੇ। ਓਸੇ ਸ਼ਾਮ ਮਾਸਟਰ ਜੀ ਦੀ ਗ੍ਰਿਫ਼ਤਾਰੀ ਦੇ ਜ਼ਮੀਮੇ ਛਪ ਗਏ। ਦਿੱਲੀ ਦੇ ਸਾਰੇ ਸਿੱਖਾਂ, ਇੱਕ ਤਰ੍ਹਾਂ ਮਾਪੇ ਮਰ ਗਏ ਮਹਿਸੂਸ ਕੀਤੇ। ਸੀਸ ਗੰਜ ਗੁਰਦੁਆਰੇ ਦੀ ਸੰਗਤ ਨੇ ਗ੍ਰਿਫ਼ਤਾਰੀ ਦਾ ਭਰਪੂਰ ਸੋਗ ਮਨਾਇਆ। ਮਾਸਟਰ ਜੀ ਨੂੰ ਜੇਲ੍ਹ ਦੀ ਏ ਕਲਾਸ ਵਿੱਚ ਰੱਖਿਆ ਗਿਆ, ਪਰ ਉਨ੍ਹਾਂ ਸਰਕਾਰੀ ਅੰਨ ਪਾਣੀ ਮੂੰਹ ਪਾਉਣੋਂ ਸਾਫ਼ ਇਨਕਾਰ ਕਰ ਦਿੱਤਾ।

ਮਿੰਨਤਾਂ ਤਰਲੇ ਜਦੋਂ ਫੇਲ੍ਹ ਹੋ ਗਏ, ਮਾਸਟਰ ਜੀ ਨੂੰ ਧੱਕੇ ਨਾਲ ਖ਼ੁਰਾਕ ਦਿੱਤੀ ਜਾਣ ਲੱਗੀ। ਕਾਂਗਰਸ ਸਰਕਾਰ ਡਰਦੀ ਸੀ, ਮਾਸਟਰ ਜੀ ਜੇਲ੍ਹ ਵਿੱਚ ਭੁੱਖੇ ਰਹਿ ਕੇ ਸ਼ਹੀਦ ਹੋ ਗਏ ਤਾਂ ਸਿੱਖਾਂ ਦੇ ਬਲਵੇ ਨਵਾਂ ਪੁਆੜਾ ਖੜ੍ਹਾ ਕਰ ਦੇਣਗੇ। ਨਵੀਂ ਨਵੀਂ ਆਜ਼ਾਦੀ ਹੱਥ ਲੱਗੀ ਹੈ, ਉਹ ਪਹਿਲਾਂ ਰਾਜਸੀ ਪੱਖੋਂ ਪੈਰਾਂ ਸਿਰ ਹੋਣਾ ਚਾਹੁੰਦੇ ਸਨ। ਉਹ ਬੜ੍ਹਕਾਂ ਨਾਲ ਮੋਕ ਵੀ ਮਾਰਦੇ ਸਨ। ਪਰ ਸਿੰਘਾਂ ਨੂੰ ਸਰਕਾਰ ਦੀ ਪਤਲੀ ਹਾਲਤ ਅਤੇ ਵੱਤ ਦੀ ਕਦੇ ਸਮਝ ਨਾ ਆਈ।

ਚੌਥਾ ਕਾਂਡ

ਗਿਆਨੀ ਕਰਤਾਰ ਸਿੰਘ ਨੇ ਮਾਯੂਸੀਆਂ ਦੀ ਘੋੜ ਦੌੜ ਪਿੱਛੋਂ ਮਾਸਟਰ ਤਾਰਾ ਸਿੰਘ ਜੀ ਨਾਲ ਗੱਲ ਤੋਰੀ।

"ਮਾਸਟਰ ਜੀ ! ਹੁਣ ਸਿੱਧੀ ਉਂਗਲ ਨਾਲ ਘਿਓ ਨਹੀਂ ਨਿਕਲਣਾ। ਸਾਨੂੰ ਕਾਂਗਰਸ ਬਹੁਤ ਖੁਆਰ ਕਰੇਗੀ। ਡੂੰਮਣੀ ਤਾਲੋਂ ਖੁੰਝ ਗਈ ਹੈ, ਹੁਣ ਅਸੀਂ ਆਲ-ਪਤਾਲ ਮਾਰ ਕੇ ਜੱਗ ਹਸਾਈ ਨਾ ਕਰਵਾਈਏ।"

"ਫਿਰ ਤੁਸੀਂ ਕੀ ਸੋਚਦੇ ਹੋ? ਅਸੀਂ ਗ਼ਲਤੀ ਨਹੀਂ, ਵੱਡੀ ਮੂਰਖ਼ਤਾ ਕਰ ਬੈਠੇ ਆਂ। ਮੈਂ ਬੇਈਮਾਨ ਬਲਦੇਵ ਸਿੰਘ ਦੇ ਭਰੋਸੇ ਵਿੱਚ ਰਿਹਾ।" ਮਾਸਟਰ ਜੀ ਪਛਤਾਵਾ ਕਰ ਰਹੇ ਸਨ।

"ਹੁਣ ਇਕੱਲੇ ਬਲਦੇਵ ਸਿੰਘ ਨੂੰ ਦੋਸ਼ ਨਾ ਦਿਓ, ਅਸੀਂ ਸਾਰੇ ਈ ਕਸੂਰਵਾਰ ਆਂ।"

"ਹਾਂ, ਅਸੀਂ ਸਾਰੇ ਕਸੂਰਵਾਰ ਆਂ, ਹੁਣ ਕਰੀਏ ਤਾਂ ਕੀ ਕਰੀਏ?" ਮਾਸਟਰ ਜੀ ਸੱਚੇ ਦਿਲੋਂ ਦੁਖੀ ਸਨ। ਉਨ੍ਹਾਂ ਨੂੰ ਭਵਿੱਖ ਧੁੰਦਲਾ ਦਿੱਸਦਾ ਸੀ।

"ਤੁਸੀਂ ਮੈਨੂੰ ਕਾਂਗਰਸ ਵਿਚ ਜਾਣ ਦੀ ਆਗਿਆ ਦੇ ਦਿਓ? ਮੈਂ ਕੁਝ ਕਰਨਾ ਚਾਹੁੰਦਾ ਆਂ।"

"ਕਿਉਂ ਕਿਉਂ?" ਮਾਸਟਰ ਜੀ ਇਕ ਦਮ ਘਬਰਾ ਗਏ। "ਤੂੰ ਵੀ ਬੇਈਮਾਨ ਹੋ ਗਿਆ, ਪੈਸੇ ਤੇ ਵਜ਼ੀਰੀ ਲਈ?"

"ਮੇਰੇ ਮਨ ਵਿਚ ਪੈਸੇ ਦਾ ਲਾਲਚ ਕਦੇ ਨਹੀਂ ਆਇਆ।" ਗਿਆਨੀ ਜੀ ਨੇ ਨਾਂਹ ਵਿਚ ਸਿਰ ਫੇਰਿਆ। "ਕਛਹਿਰਾ-ਪਰਨਾ ਘਰੋਂ ਲੈ ਕੇ ਤੁਰਿਆ ਸਾਂ, ਓਹੀ ਅੱਜ ਮੇਰੇ ਕੋਲ ਐ। ਕੋਈ ਬੈਂਕ ਬੈਲੰਸ ਨਹੀਂ।"

"ਫੇਰ ਤੂੰ ਕੁਰਬਾਨੀ ਵਾਲੀ ਜਮਾਤ ਤੋਂ ਬਗ਼ਾਵਤ ਕਿਉਂ ਸੋਚਦਾ ਏਂ।" ਮਾਸਟਰ ਜੀ ਦਾੜ੍ਹੀ ਉੱਤੋਂ ਦੀ ਹੱਥ ਫੇਰ ਕੇ ਗਿਆਨੀ ਜੀ ਨੂੰ ਘੂਰਨ ਲੱਗ ਪਏ।

"ਮਾਸਟਰ ਜੀ ਜੇ ਗ਼ਦਾਰੀ ਕਰਨੀ ਹੁੰਦੀ, ਤੁਹਾਨੂੰ ਦੱਸਦਾ ਹੀ ਕਿਉਂ। ਕੌਮ ਨਾਲ ਕੀਤੀ ਗ਼ਦਾਰੀ ਕਦੇ ਧੋਤੀ ਨਹੀਂ ਜਾਂਦੀ। ਮੈਂ ਇਸ ਤਰ੍ਹਾਂ ਪੰਥ ਦਾ ਭਲਾ ਸੋਚਿਆ ਏ। ਸਾਡੇ ਸਾਹਮਣੇ ਸਮੱਸਿਆ ਕੌਮ ਨੂੰ ਖੜ੍ਹੀ ਰੱਖਣ ਦੀ ਹੈ। ਮੈਂ ਹਾਲਾਤ ਦੀ ਨੀਤੀ ਅਨੁਸਾਰ ਚੱਲਣਾ ਚਾਹੁੰਦਾ ਆਂ। ਨਹਿਰੂ ਨੇ ਸਿੱਧੇ ਹੱਥ ਨਾਲ ਕੰਨ ਫੜਨ ਨਹੀਂ ਦੇਣਾ। ਮੈਨੂੰ ਵਿੰਗਾ ਕਰਕੇ ਵੇਖ ਲੈਣ ਦਿਓ। ਤਜਰਬਾ ਹੀ ਸਹੀ।"

"ਤੇਰਾ ਮਤਲਬ ਐ, ਅਕਾਲੀ ਦਲ ਨੂੰ ਕਾਂਗਰਸ ਵਿਚ ਸ਼ਾਮਲ ਕਰ ਦੇਈਏ?"

"ਨਹੀਂ, ਇਉਂ ਤਾਂ ਅਸੀਂ ਲੂਣ ਦੀ ਡਲੀ ਵਾਂਗ ਛੇਤੀ ਖ਼ੁਰ ਜਾਵਾਂਗੇ। ਮੈਂ ਤਾਂ ਕਾਂਗਰਸ ਵਿਚ ਸੰਨ੍ਹ ਲਾਉਣ ਚੱਲਿਆ ਆਂ।"

ਗਿਆਨੀ ਜੀ ਮਾਸਟਰ ਜੀ ਨੂੰ ਮਨਾਉਣਾ ਚਾਹੁੰਦੇ ਸਨ, ਪਰ ਉਹ ਨਾ ਮੰਨੇ ਤੇ ਖ਼ਾਮੋਸ਼ ਹੋ ਗਏ। ਉਸ ਸੋਚਿਆ, ਉਠ ਤਾਂ ਅਰੜਾਂਦੇ ਹੀ ਲਦਾਈ ਕਰਵਾਉਂਦੇ ਐ। ਉਸ ਦੇ

ਸਲਾਹਕਾਰ ਕੁਝ ਨੌਜਵਾਨ ਸਨ। 'ਅਕਾਲੀ ਪੱਤ੍ਰਿਕਾ' ਅਖ਼ਬਾਰ ਦਾ ਐਡੀਟਰ ਗਿਆਨੀ ਸ਼ਾਦੀ ਸਿੰਘ ਉਨ੍ਹਾਂ ਵਿੱਚੋਂ ਇੱਕ ਸੀ। ਸ਼ਾਦੀ ਸਿੰਘ ਦਾ ਯਾਰ ਰਣਜੋਧ ਸੀ। ਉਹ ਬਹੁਤ ਸਮਾਂ ਇਕੱਠੇ ਰਹੇ ਸਨ। ਜਦੋਂ ਦੋਵਾਂ ਨੂੰ ਗਿਆਨੀ ਕਰਤਾਰ ਸਿੰਘ ਦੇ ਕਾਂਗਰਸ ਵਿਚ ਜਾਣ ਦੀ ਭਿਣਕ ਪਈ, ਬੜੇ ਘਬਰਾਏ। ਅਕਾਲੀ ਪਾਰਟੀ ਦੇ ਪ੍ਰਧਾਨ ਦੇ ਸਟੇਟਸ ਦਾ ਬੰਦਾ ਈਮਾਨ ਛੱਡੇ, ਦੁੱਖ ਤਾਂ ਕੁਦਰਤੀ ਹੋਣਾ ਸੀ, ਸ਼ਾਦੀ ਸਿੰਘ ਨੇ ਰਣਜੋਧ ਦਾ ਮੋਢਾ ਥਾਪੜਿਆ।

"ਗਿਆਨੀ ਕਰਤਾਰ ਸਿੰਘ ਦੀ ਰੂਹ ਨੂੰ ਮੈਂ ਤੇਰੇ ਨਾਲੋਂ ਕਿਤੇ ਵੱਧ ਜਾਣਦਾ ਆਂ। ਉਹ ਕਿਤੇ ਜਾਵੇ, ਪੰਥ ਦਾ ਭਲਾ ਸਾਹਮਣੇ ਰੱਖੇਗਾ। ਭਾਵੇਂ ਗੱਲ ਬਹੁਤ ਮਾੜੀ ਐ, ਪਰ ਉਹ ਅਨਾੜੀ ਨਹੀਂ। ਮਰਾਸੀਆਂ ਦਾ ਮੁੰਡਾ, ਜੇ ਰੋਵੇਗਾ ਤਾਂ ਤਾਲ-ਸੁਰ ਵਿਚ ਹੀ ਰੋਵੇਗਾ।"

"ਏਸ ਧਰੂਕੇ ਨਾਲ ਅਕਾਲੀ ਦਲ ਦਾ ਲੱਕ ਨਹੀਂ ਟੁੱਟ ਜਾਵੇਗਾ।" ਰਣਜੋਧ ਦਾ ਸੱਚੀ-ਮੁੱਚੀ ਦਿਲ ਘਟ ਰਿਹਾ ਸੀ।

"ਅਸੀਂ ਤੇਲ ਵੇਖੀਏ, ਤੇਲ ਦੀ ਧਾਰ ਵੇਖੀਏ। ਇਹ ਮੈਂ ਰਣਜੋਧ ਤੈਨੂੰ ਯਕੀਨ ਨਾਲ ਕਹਿ ਸਕਦਾ ਆਂ; ਗਿਆਨੀ ਜੀ ਕਿਸੇ ਲਾਲਚ ਵੱਸ ਅਜਿਹਾ ਨਹੀਂ ਕਰਨਗੇ।" ਸ਼ਾਦੀ ਸਿੰਘ ਗਿਆਨੀ ਜੀ ਦੀ ਰੂਹ ਨੂੰ ਜਾਣਦਾ ਸੀ।

"ਉਹ ਤਾਂ ਤੇਰੀ ਗੱਲ ਠੀਕ ਐ, ਪਰ ਮਾਸਟਰ ਤਾਰਾ ਸਿੰਘ ਨੂੰ ਇੱਕ ਵਾਰੀ ਤਾਂ ਫੂਹੜੀ ਵਿਛਾ ਦਿੱਤੀ ਨਾ।" ਏਨੀ ਕਹਿ ਕੇ ਰਣਜੋਧ ਮਾਯੂਸ ਹੋ ਗਿਆ।

ਆਖ਼ਰ ਬਿੱਲੀ ਥੈਲੇ ਵਿਚੋਂ ਛਾਲ ਮਾਰ ਗਈ। ਗਿਆਨੀ ਕਰਤਾਰ ਸਿੰਘ ਦੇ ਕਾਂਗਰਸ ਵਿਚ ਜਾਣ ਨਾਲ ਬੜੀ ਲਾਅਲਾ ਲਾਲਾ ਹੋਈ। ਮਹਾਸ਼ਾ ਪ੍ਰੈੱਸ ਨੇ ਗੱਲ ਨੂੰ ਬੁਰੀ ਤਰ੍ਹਾਂ ਉਛਾਲਿਆ ਤੇ ਅਕਾਲੀ ਦਲ ਨੂੰ ਦੋਫਾੜ ਕਹਿ ਕੇ ਨਸ਼ਰ ਕੀਤਾ। ਪਰ ਗਿਆਨੀ ਜੀ ਨੇ ਪਹਿਲਾਂ ਹੀ ਕਾਂਗਰਸੀ ਮੁੱਖ ਮੰਤਰੀ ਸੱਚਰ ਨਾਲ ਅੰਦਰਖ਼ਾਤੇ ਗੰਢ ਲਈ ਸੀ। ਉਸ ਗਿਆਨੀ ਕਰਤਾਰ ਸਿੰਘ ਨੂੰ ਆਪਣੀ ਵਜ਼ਾਰਤ ਵਿੱਚ ਮਾਲ ਮੰਤਰੀ ਲੈ ਲਿਆ। ਸੱਚਰ ਨੇ ਆਪਣੇ ਵੱਲੋਂ ਇੱਕ ਤਰ੍ਹਾਂ ਗ਼ਦਾਰੀ ਦਾ ਮੁੱਲ ਪਾ ਦਿੱਤਾ।

ਹਿੰਦੀ ਦੇ ਹੱਕ ਵਿਚ ਅਤੇ ਪੰਜਾਬੀ ਦੇ ਵਿਰੋਧ ਵਿਚ ਮਹਾਸ਼ਾ ਪ੍ਰੈੱਸ ਨੇ ਧੁਆੜੇ ਨੂੰ ਅਸਮਾਨ ਚਾੜ੍ਹ ਛੱਡਿਆ ਸੀ। ਕਮਾਲ ਦੀ ਗੱਲ ਇਹ ਸੀ, ਮਹਾਸ਼ੇ ਸਾਰੀਆਂ ਅਖ਼ਬਾਰਾਂ ਉਰਦੂ ਵਿਚ ਛਾਪਦੇ ਸਨ, ਪ੍ਰਚਾਰ ਹਿੰਦੀ ਦਾ ਕਰਦੇ ਸਨ ਤੇ ਗਾਲ੍ਹਾਂ ਪੰਜਾਬੀ ਵਿਚ ਕੱਢਦੇ ਸਨ। ਉਨ੍ਹਾਂ ਨੂੰ ਕੇਂਦਰੀ ਵਜ਼ੀਰਾਂ ਅਤੇ ਸਵੈਮ ਸੇਵਕ ਸੰਘ ਦੇ ਗੁਰੂ ਗਵਾਲਕਰ ਦੀ ਥਾਪਨਾ ਸੀ। ਉਹ ਜ਼ਿੱਦ ਕਰ ਰਹੇ ਸਨ, ਹਿੰਦੀ ਪੰਜਾਬੀ ਦੇ ਬਰਾਬਰ ਸਰਕਾਰੀ ਦਰਜ਼ਾ ਦਿੱਤਾ ਜਾਵੇ। ਗਿਆਨੀ ਕਰਤਾਰ ਸਿੰਘ ਨੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ।

"ਸੱਚਰ ਸਾਹਿਬ! ਹਿੰਦੀ-ਪੰਜਾਬੀ ਦਾ ਰੇੜਕਾ ਮੁਕਾਉਣ ਦਾ ਇੱਕ ਸਚਿਆਰਾ ਢੰਗ ਹੈ।"

"ਉਹ ਕਿਹੜਾ ਗਿਆਨੀ ਜੀ?" ਮੁੱਖ ਮੰਤਰੀ ਨੇ ਕੰਨ ਚੁੱਕ ਲਏ।

"ਪੰਜਾਬੀ ਮਾਰਕੰਡਾ ਦਰਿਆ ਤੋਂ ਉਰਾਰ ਰਹਿ ਜਾਂਦਾ ਹੈ। ਤਾਰੀਖ਼ ਤੇ ਜੁਗਰਾਫ਼ੀਆ ਇਸ ਦੀ ਤਸਦੀਕ ਕਰਦੇ ਹਨ। ਪਾਰਲੇ ਚਾਰ ਜ਼ਿਲ੍ਹਿਆਂ ਕਰਨਾਲ, ਰੋਹਤਕ, ਹਿਸਾਰ ਅਤੇ ਗੁੜਗਾਵਾਂ ਨੂੰ ਤਾਂ ਅੰਗਰੇਜ਼ ਨੇ ਪੰਜਾਬ ਨਾਲ ਜੋੜ ਕੇ ਸਤਵੰਜਾ ਦੇ ਗ਼ਦਰ ਵਿੱਚ ਹਿੱਸਾ ਲੈਣ ਦੀ ਇੱਕ ਤਰ੍ਹਾਂ ਸਜ਼ਾ ਦਿੱਤੀ ਸੀ। ਊਂ ਉਨ੍ਹਾਂ ਦੀ ਠੁੱਕਦਾਰ ਬੋਲੀ ਬਾਂਗਰੂ ਹੈ ਤੇ ਇਲਾਕਾ ਵੀ ਬਾਂਗਰ। ਜੇ ਉਨ੍ਹਾਂ ਲੋਕਾਂ ਨੂੰ ਹਿੰਦੀ ਬੋਲੀ 'ਤੇ ਇਤਰਾਜ਼ ਨਹੀਂ, ਤਦ ਪੰਜਾਬ ਨੂੰ ਹਿੰਦੀ ਪੰਜਾਬੀ

ਦੇ ਦੋ ਜ਼ੋਨਾਂ ਵਿਚ ਵੰਡ ਕੇ ਨਿੱਤ ਦੀ ਸਿਰ ਦਰਦੀ ਖ਼ਤਮ ਕਰੋ।" ਗਿਆਨੀ ਜੀ ਨੇ ਦਲੀਲ ਭਰੀ ਵਿਆਖਿਆ ਨਾਲ ਸੱਚਰ ਨੂੰ ਕਾਇਲ ਕਰ ਲਿਆ।

"ਬਿਲਕੁਲ ਠੀਕ ਗਿਆਨੀ ਜੀ, ਤੁਹਾਡੇ ਸੁਝਾਅ ਦਾ ਸ਼ੁਕਰੀਆ।" ਮੁੱਖ ਮੰਤਰੀ ਵੀ ਇਸ ਰੇੜਕੇ ਤੋਂ ਤੰਗ ਆਇਆ ਹੋਇਆ ਸੀ।

ਹਿੰਦੀ ਪੰਜਾਬੀ ਦੇ ਦੋ ਜ਼ੋਨਾਂ ਵਾਲਾ ਫਾਰਮੂਲਾ ਤਿਆਰ ਕੀਤਾ ਗਿਆ। ਭਾਸ਼ਾ ਮਾਹਰਾਂ ਦੀ ਸਲਾਹ ਨਾਲ ਸਰਸਾ ਤੇ ਅੰਬਾਲਾ ਨੂੰ ਦੋਵਾਂ ਸਾਂਝੀਆਂ ਜ਼ਬਾਨਾਂ ਦੀਆਂ ਤਹਿਸੀਲਾਂ ਕਰਾਰ ਦਿੱਤਾ ਗਿਆ। ਇਉਂ ਹਿੰਦੀ-ਪੰਜਾਬੀ ਦੀ ਹੱਦਬੰਦੀ ਹੋ ਗਈ। ਉਨ੍ਹਾਂ ਦੋਵਾਂ ਜ਼ੋਨਾਂ ਦੇ ਸਕੂਲਾਂ ਵਿਚ ਹਿੰਦੀ ਤੇ ਪੰਜਾਬੀ ਦੀ ਪੜ੍ਹਾਈ ਸ਼ੁਰੂ ਹੋ ਗਈ। ਮਹਾਸ਼ਾ ਪ੍ਰੈੱਸ ਸੱਚਰ ਫਾਰਮੂਲੇ 'ਤੇ ਪਿੱਟ ਉੱਠਿਆ। ਪਰ ਸੱਚਰ ਫਾਰਮੂਲਾ ਪੰਜਾਬ ਅਸੈਂਬਲੀ ਵਿਚ ਪ੍ਰਵਾਨ ਚੜ੍ਹ ਚੁੱਕਾ ਸੀ। ਆਰੀਆ ਸਮਾਜੀ ਤੇ ਮਹਾਸ਼ੇ ਰੌਲਾ-ਰੱਪਾ ਪਾ ਕੇ ਮਜਬੂਰੀ ਮੂੰਹ ਚੁੱਪ ਹੋ ਗਏ। ਗਿਆਨੀ ਕਰਤਾਰ ਸਿੰਘ ਨੇ ਆਪਣੇ ਹਮਾਇਤੀਆਂ ਨੂੰ ਪੇਸ਼ੀਨਗੋਈ ਕਰ ਦਿੱਤੀ: "ਪੰਜਾਬੀ ਸੂਬਾ ਇੱਕ ਦਿਨ ਇਸ ਹੱਦਬੰਦੀ ਦੇ ਅਧਾਰ 'ਤੇ ਬਣੇਗਾ; ਮੈਂ ਉਸ ਦੀ ਨੀਂਹ ਰੱਖ ਆਇਆ ਹਾਂ।"

ਦੇਸ਼ ਆਜ਼ਾਦ ਹੋਣ 'ਤੇ ਹੋਮ ਮਨਿਸਟਰ ਪਟੇਲ ਨੇ ਇਕ ਯਾਦਗਾਰੀ ਕੰਮ ਕੀਤਾ ਸੀ, ਸਾਰੇ ਹਿੰਦੋਸਤਾਨ ਦੀਆਂ ਰਿਆਸਤਾਂ ਨੂੰ ਥਾਂ ਪਰ ਥਾਂ ਨਰੜ ਦਿੱਤਾ। ਪੰਜਾਬ ਦੀਆਂ ਰਿਆਸਤਾਂ ਦਾ ਪੈਪਸੂ ਬਣਾ ਧਰਿਆ; ਭਾਵ ਪਟਿਆਲਾ ਈਸਟ ਪੰਜਾਬ ਸਟੇਟਸ ਯੂਨੀਅਨ ਬਣਾ ਦਿੱਤੀ। ਇਸ ਪੈਪਸੂ ਦਾ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਰਾਜ ਪ੍ਰਮੁੱਖ ਥਾਪ ਦਿੱਤਾ। ਪਟੇਲ ਦੀ ਦੂਰਅੰਦੇਸ਼ੀ ਚਲਾਕੀ ਇਹ ਸੀ, ਇਸ ਤਰ੍ਹਾਂ ਰਿਆਸਤਾਂ ਨੂੰ ਭਾਰਤ ਵਿਚ ਹਜ਼ਮ ਕਰਨਾ ਸੁਖਾਲਾ ਹੋਵੇਗਾ। ਰਿਆਸਤਾਂ ਕਾਇਮ ਵੀ ਸਨ ਤੇ ਨਹੀਂ ਵੀ। ਰਾਜਿਆਂ ਦੇ ਵਜ਼ੀਫੇ ਬੰਨ੍ਹ ਦਿੱਤੇ ਗਏ। ਰਾਜ ਪ੍ਰਮੁੱਖ ਨੂੰ ਫ਼ਰੀਦਕੋਟ ਦੇ ਮਹਾਰਾਜੇ ਦੀ ਪਾਕਿਸਤਾਨ ਨਾਲ ਰਲਣ ਵਾਲੀ ਚਿੱਠੀ ਵਾਹਵਾ ਰਾਸ ਆ ਗਈ ਸੀ। ਮਹਾਰਾਜਾ ਭੁਪਿੰਦਰ ਸਿੰਘ ਕਾਂਗਰਸ ਦੀਆਂ ਘਿਨਾਉਣੀਆਂ ਚਾਲਾਂ ਤੋਂ ਬੇਖ਼ਬਰ ਸੀ। ਉਸ ਆਪਣੇ ਜਿਉਂਦੇ-ਜੀਅ ਰਾਜ ਵਿਚ ਸਰਕਾਰੀ ਜ਼ਬਾਨ ਪੰਜਾਬੀ ਚਾਲੂ ਕਰ ਦਿੱਤੀ ਸੀ। ਮਹਾਰਾਜਾ ਭੁਪਿੰਦਰ ਸਿੰਘ ਸਿੱਖਾਂ ਵਿਚ ਸਭ ਤੋਂ ਵੱਧ ਸਿਆਣਾ ਤੇ ਲੰਮੀ ਸੋਚਣ ਵਾਲਾ ਪੰਜਾਬੀ ਸੀ। ਇਹ ਵੱਖਰੀ ਗੱਲ ਐ, ਉਹ ਅੱਯਾਸ਼ ਸੀ। ਇੱਕ ਹੁਸੀਨ ਪੰਡਤਾਣੀ ਕਾਰਨ ਨਾਭੇ ਤੇ ਪਟਿਆਲੇ ਦੇ ਮਹਾਰਾਜਿਆਂ ਦੀ ਫੁੱਟ ਦੁਸ਼ਮਣੀ ਵਿੱਚ ਬਦਲ ਗਈ ਸੀ। ਅਕਾਲੀਆਂ ਮਹਾਰਾਜਾ ਰਪੁਦਮਣ ਸਿੰਘ ਦਾ ਸਾਥ ਦਿੱਤਾ। ਝਗੜਾ ਵਾਇਸਰਾਏ ਤੱਕ ਪਹੁੰਚ ਗਿਆ। ਭੁਪਿੰਦਰ ਸਿੰਘ ਨੇ ਸਾਬਤ ਕਰ ਦਿੱਤਾ ਕਿ ਨਾਭੇ ਦੀ ਪੁਲੀਸ ਨੇ ਪਟਿਆਲੇ ਦੀ ਹੱਦ ਵਿਚ ਆ ਕੇ ਜ਼ਬਰਦਸਤੀ ਕੀਤੀ। ਦੂਜੇ ਬੰਨੇ ਅੰਗਰੇਜ਼ ਸਰਕਾਰ ਅਕਾਲੀਆਂ ਨਾਲ ਲੱਗਦੀ ਸੀ। ਉਨ੍ਹਾਂ ਹਿੰਦੋਸਤਾਨ ਦੇ ਦੌਰੇ 'ਤੇ ਆਏ ਪ੍ਰਿੰਸ ਆਫ਼ ਵੇਲਜ਼ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਨਹੀਂ ਵੜਨ ਦਿੱਤਾ ਸੀ। ਪ੍ਰਿੰਸੀਪਲ ਵਾਦਨ ਦੇ ਆਖਣ ਅਨੁਸਾਰ ਪ੍ਰਿੰਸ ਨੇ ਖਾਲਸਾ ਕਾਲਜ ਨੂੰ ਸਿੱਖ ਯੂਨੀਵਰਸਿਟੀ ਬਣਾ ਦੇਣ ਦਾ ਐਲਾਨ ਕਰ ਜਾਣਾ ਸੀ। ਪ੍ਰਿੰਸੀਪਲ ਵਾਦਨ ਦੀ ਗੱਲ ਨਾ ਮੰਨੇ ਜਾਣ ਕਾਰਨ ਉਹ ਮਾਯੂਸ ਹੋ, ਅਸਤੀਫ਼ਾ ਦੇ ਕੇ ਵਲਾਇਤ ਚਲਿਆ ਗਿਆ।

ਇਉਂ ਸਿੱਖ ਅਥਵਾ ਅਕਾਲੀ ਕੁਝ ਬਣ ਕੇ ਉਭਰਨ ਦੇ ਮੌਕੇ ਖੁੰਝਾਉਂਦੇ ਰਹੇ ਸਨ।

ਅਕਾਲੀਆਂ ਇੱਕ ਹੋਰ ਚੰਗਾ ਮੌਕਾ ਗਵਾ ਲਿਆ। ਬ੍ਰਿਟਿਸ਼ ਸਰਕਾਰ ਦੀ ਸੱਦੀ ਗੋਲਮੇਜ਼ ਕਾਨਫਰੰਸ ਦਾ ਬਾਈਕਾਟ ਕਰ ਰੱਖਿਆ ਸੀ। ਮਹਾਰਾਜਾ ਭੁਪਿੰਦਰ ਸਿੰਘ ਜ਼ੋਰ ਦੇ ਕੇ

ਆਖ ਰਿਹਾ: ਮੈਨੂੰ ਗੋਲਮੇਜ਼ ਕਾਨਫਰੰਸ 'ਤੇ ਜਾਣ ਦਿੱਤਾ ਜਾਵੇ; ਮੈਂ ਸਿੱਖਾਂ ਦਾ ਕੁਝ ਬਣਾ ਆਵਾਂਗਾ, ਪਰ ਅਕਾਲੀ ਨਹੀਂ ਮੰਨੇ। ਉਸ ਸਮੇਂ ਆਜ਼ਾਦੀ ਦੇ ਸੰਬੰਧ ਵਿੱਚ ਕਾਂਗਰਸ, ਮੁਸਲਿਮ ਲੀਗ ਅਤੇ ਅਕਾਲੀ ਪਾਰਟੀ ਵਿਚ ਖਿੱਚੋਤਾਣ ਚੱਲ ਰਹੀ ਸੀ। ਅੰਗਰੇਜ਼ ਪਾਸੇ ਬੈਠਾ ਬੂੰਡਾਂ ਦੀ ਲੜਾਈ ਵੇਖ ਰਿਹਾ ਸੀ। ਅਕਾਲੀ ਰਾਜਨੀਤਕ ਤੌਰ 'ਤੇ ਸਿਆਣੇ ਘੱਟ, ਧੱਕੜ ਵੱਧ ਸਨ। ਇਹ ਵੀ ਇੱਕ ਕਾਰਨ ਸੀ, ਰਾਜਾ ਰੁਪਦਮਣ ਸਿੰਘ ਨੂੰ ਨਾਭੇ ਦੀ ਗੱਦੀ ਛੱਡ ਕੇ ਜਲਾਵਤਨ ਹੋਣਾ ਪਿਆ। ਮਹਾਰਾਜਾ ਭੁਪਿੰਦਰ ਸਿੰਘ ਦਾ ਆਪਣੀ ਰਿਆਸਤ ਵਿਚ ਪੰਜਾਬੀ ਨੂੰ ਸਰਕਾਰੀ ਜ਼ਬਾਨ ਦੇ ਤੌਰ 'ਤੇ ਲਾਗੂ ਕਰਨ ਨਾਲ ਪੰਜਾਬੀ ਸੱਭਿਆਚਾਰ ਦਾ ਮੁੱਢ ਬੱਝ ਗਿਆ। ਕੌਮੀ ਸੁਰੱਖਿਆ ਪੱਖੋਂ ਦੂਜਾ ਮੌਕਾ ਪ੍ਰਵਾਨ ਕੀਤਾ ਗਿਆਨੀ ਕਰਤਾਰ ਸਿੰਘ ਨੇ ਸੱਚਰ ਫਾਰਮੂਲੇ ਰਾਹੀਂ ਹਿੰਦੀ ਪੰਜਾਬੀ ਜ਼ੋਨ ਬਣਾ ਕੇ।

ਜ਼ਬਾਨਾਂ ਦਾ ਝਗੜਾ ਹਿੰਦੋਸਤਾਨ ਵਿਚ ਸਿਆਸਤ ਤੇ ਫ਼ਿਰਕਾਪ੍ਰਸਤੀ ਨਾਲ ਜੁੜਿਆ ਹੋਇਆ ਸੀ। ਉੱਪਰਲੇ ਸਤਰ 'ਤੇ ਹਿੰਦੀ ਤੇ ਉਰਦੂ ਸਰਕਾਰੀ ਜ਼ਬਾਨ ਬਣਨ ਲਈ ਲੜ ਰਹੀਆਂ ਸਨ। ਉਰਦੂ ਦੇ ਹਮਾਇਤੀ ਮਹਾਤਮਾ ਗਾਂਧੀ ਦੀ ਅਸ਼ੀਰਵਾਦ ਨਾਲ ਹਿੰਦੋਸਤਾਨੀ ਜ਼ਬਾਨ 'ਤੇ ਆ ਗਏ। ਪਰ ਫ਼ਿਰਕੂ ਹਿੰਦੀ ਇਸ ਨੂੰ ਬਾਹਰਲੀ ਜ਼ਬਾਨ ਸਮਝਦਾ ਸੀ, ਕਿਉਂਕਿ ਉਸ ਦੀ ਲਿੱਪੀ ਫ਼ਾਰਸੀ ਵਾਲੀ ਸੀ। ਇਸੇ ਕਰਕੇ ਫ਼ਿਰਕੂ ਜਨੂੰਨ ਕਾਰਨ, ਮੁਸਲਮਾਨਾਂ ਪ੍ਰਤੀਕਰਮ ਵਿਚ ਆ ਕੇ ਪਾਕਿਸਤਾਨ ਬਣਾ ਲਿਆ। ਏਧਰ ਹਿੰਦੋਸਤਾਨ ਵਰਗੇ ਕੌਮੀ ਨਾਂ ਨੂੰ ਭਾਰਤ ਵਿਚ ਬਦਲ ਦਿੱਤਾ। ਹੁਣ ਹਿੰਦੋਸਤਾਨ ਦੀ ਪਾਰਲੀਮੈਂਟ ਵਿਚ ਸਰਕਾਰੀ ਜ਼ਬਾਨ ਹੋਣ ਦਾ ਝਗੜਾ ਖੜ੍ਹਾ ਹੋ ਚੁੱਕਾ ਸੀ। ਹਿੰਦੀ, ਹਿੰਦੋਸਤਾਨੀ ਅਤੇ ਅੰਗਰੇਜ਼ੀ ਵਿਚੋਂ ਕਿਹੜੀ ਭਾਸ਼ਾ ਨੂੰ ਸਰਕਾਰੀ ਬਣਾਇਆ ਜਾਵੇ। ਹਿੰਦੋਸਤਾਨੀ ਵਾਲੇ ਅੰਗਰੇਜ਼ੀ ਉੱਤੋਂ ਸਹਿਮਤ ਹੋ ਗਏ, ਪਰ ਹਿੰਦੀ ਵਾਲਿਆਂ ਜ਼ਿੱਦ ਨਾ ਛੱਡੀ। ਦੱਖਣ ਦੇ ਸਾਰੇ ਐੱਮ. ਪੀਜ਼ ਅੰਗਰੇਜ਼ੀ ਲਈ ਤੁਲੇ ਖਲੋਤੇ ਸਨ। ਹਿਸਾਬ ਲਾਇਆ ਗਿਆ ਕਿ ਦੋਵਾਂ ਜ਼ਬਾਨਾਂ ਦੇ ਹੱਕ ਵਿਚ ਗਿਣਤੀ ਬਰਾਬਰ ਹੈ। ਪਰ ਸਿੱਖ ਮੈਂਬਰ ਗੁਰਮੁਖ ਸਿੰਘ ਮੁਸਾਫ਼ਰ ਦੀ ਇੱਕੋ-ਇਕ ਵੋਟ ਹਾਰ-ਜਿੱਤ ਦਾ ਫ਼ੈਸਲਾ ਕਰਦੀ ਸੀ। ਮੁਸਾਫ਼ਰ ਨੇ ਪਾਰਲੀਮੈਂਟ ਦੀ ਮੈਂਬਰੀ ਦੇ ਲਾਲਚ ਵਿਚ ਹਿੰਦੀ ਵਾਲਿਆਂ ਨੂੰ ਵੋਟ ਦੇ ਕੇ ਜਿਤਾਅ ਦਿੱਤਾ। ਮੌਲਾਨਾ ਆਜ਼ਾਦ ਤੋਂ ਆਖਣੋਂ ਨਾ ਰਹਿ ਹੋਇਆ।

"ਯਹਿ ਸਿੱਖ ਵੀ ਕਿਤਨੇ ਸਸਤੇ ਵਿਕ ਜਾਤੇ ਹੈਂ।" ਉਹ ਹਿੰਦੀ ਦੇ ਸਰਕਾਰੀ ਜ਼ਬਾਨ ਬਣ ਜਾਣ 'ਤੇ ਬੜਾ ਦੁਖੀ ਹੋਇਆ। "ਯਹਿ ਹਿੰਦੀ ਦੇਸ ਕੋ ਏਕ ਨਹੀਂ ਰੱਖ ਸਕੇਗੀ; ਟੁਕੜੇ ਕਰਨੇ ਕੀ ਬੁਨਿਆਦ ਰੱਖ ਦੀ ਗਈ ਹੈ।" ਉਸ ਪਿੱਛੋਂ ਮੌਲਾਨਾ ਸਾਹਿਬ ਨੇ ਹਮੇਸ਼ਾ ਵਾਸਤੇ ਜ਼ਬਾਨ ਬੰਦ ਕਰ ਲਈ। ਪਰ ਆਪਣੇ ਵੱਲੋਂ 'ਆਜ਼ਾਦੀ ਜਿੱਤੀ' ਨਾਂ ਦੀ ਕਿਤਾਬ ਲਿਖ ਦਿੱਤੀ, ਜਿਸ ਨੂੰ ਉਸ ਦੀ ਮੌਤ ਤੋਂ ਪੱਚੀ ਵਰ੍ਹੇ ਬਾਅਦ ਛਾਪਣਾ ਸੀ, ਜਿਸ ਵਿਚ ਮੋਟੇ ਤੌਰ 'ਤੇ ਲਿਖਿਆ ਸੀ: "ਪਾਕਿਸਤਾਨ ਬਣਾਉਣ ਦਾ ਜ਼ਿੰਮੇਵਾਰ ਨਹਿਰੂ ਹੈ।"

ਦੱਖਣ ਵਿੱਚ ਹਿੰਦੀ ਦੇ ਵਿਰੁੱਧ ਬੜਾ ਤੂਫ਼ਾਨ ਉੱਠਿਆ। ਗੁੱਸੇ ਵਿਚ ਕਈ ਆਦਮੀ ਤੇਲ ਪਾ ਕੇ ਸੜ ਮਰੇ। ਨਹਿਰੂ ਨੂੰ ਝੱਟ ਐਲਾਨ ਕਰਨਾ ਪਿਆ: "ਓਨਾ ਚਿਰ ਅੰਗਰੇਜ਼ੀ ਭਾਸ਼ਾ ਸਰਕਾਰੀ ਰਹੇਗੀ, ਜਦੋਂ ਤੋੜੀ ਦੱਖਣ ਵਾਲੇ ਇਹਦੇ ਲਈ ਤਿਆਰ ਨਹੀਂ ਹੋ ਜਾਂਦੇ।" ਫਿਰ ਜਾ ਕੇ ਕਿਤੇ ਥੋੜ੍ਹੀ ਸ਼ਾਂਤੀ ਹੋਈ।

ਪੰਜਾਬ ਵਿੱਚ ਜ਼ਬਾਨ ਅਤੇ ਪੰਜਾਬੀ ਸੂਬੇ ਦੀ ਜੱਦੋਜਹਿਦ ਜ਼ੋਰਾਂ 'ਤੇ ਸੀ। ਐਨ ਉਸ ਸਮੇਂ ਨਹਿਰੂ ਨੇ ਸਿੱਖਾਂ ਨੂੰ ਆਰਥਕ ਪੱਖੋਂ ਕੱਖੋਂ ਹੌਲੇ ਕਰਨ ਦੀ ਵਿਉਂਤ ਬਣਾ ਲਈ।

ਸਮੁੱਚੇ ਪੰਜਾਬ ਦੇ ਚਾਂਦੀ ਵਰਗੇ ਪਾਣੀ ਨੂੰ ਸੰਨ੍ਹ ਲਾਉਣ ਦਾ ਖਰੜਾ ਤਿਆਰ ਕਰ ਲਿਆ। ਪੰਜਾਬ ਵਿਚੋਂ ਸ੍ਰ. ਪ੍ਰਤਾਪ ਸਿੰਘ ਕੈਰੋਂ ਨਹਿਰੂ ਦਾ ਸਭ ਤੋਂ ਵੱਧ ਸ਼ਰਧਾਲੂ ਸੀ। ਉਹ ਲੂੰਮੜੀ ਵਰਗਾ ਚਤਰ ਸਮਝਦਾ ਸੀ, ਜੋ ਮਿਲਣਾ ਹੈ, ਨਹਿਰੂ ਕੋਲੋਂ ਹੀ ਮਿਲਣਾ ਹੈ। ਘਚਰਾ ਪੰਡਤ ਵੀ ਸਭ ਕੁਝ ਜਾਣਦਾ ਸੀ। ਪੰਡਤ ਜੀ ਨੇ ਉਚੇਚ ਨਾਲ ਕੈਰੋਂ ਸਰਦਾਰ ਨੂੰ ਦਿੱਲੀ ਬੁਲਾਇਆ।

"ਸਰਦਾਰ ਜੀ! ਮੈਂ ਚਾਹਤਾ ਹੂੰ, ਸੱਚਰ ਕੀ ਜਗ੍ਹਾ ਆਪ ਕੋ ਪੰਜਾਬ ਕਾ ਮੁੱਖ ਮੰਤਰੀ ਬਨਾਇਆ ਜਾਏ।" ਕੈਰੋਂ ਦਿਲੋਂ ਬੜਾ ਖੁਸ਼ ਹੋਇਆ, ਪਰ ਪੈਰ ਰੱਖਦਾ ਆਖਣ ਲੱਗਾ।

"ਪੰਡਤ ਜੀ! ਸੱਚਰ ਸਾਹਿਬ ਵੀ ਲਾਇਕ ਹੈਂ, ਆਪ ਕੇ ਵਫ਼ਾਦਾਰ ਵੀ।"

"ਵੋਹ ਤੋ ਠੀਕ ਹੈ। ਵਫ਼ਾਦਾਰ ਹੈ, ਸ਼ਰੀਫ਼ ਹੈ; ਮਗਰ ਅਕਾਲੀਓਂ ਸੇ ਨਿਪਟਣੇ ਮੇਂ ਅੱਛੇ ਐਡਮਨਿਸਟ੍ਰੇਟਰ ਸਾਬਤ ਨਹੀਂ ਹੋ ਰਹੇ। ਪੰਜਾਬ ਸਰਹੱਦੀ ਸੂਬਾ ਹੈ, ਵਹਾਂ ਆਪ ਜੈਸੇ ਸਟੀਲਮੈਨ ਮੁੱਖ ਮੰਤਰੀ ਹੋਣਾ ਚਾਹੀਏ। ਕਮ ਅਜ਼ ਕਮ, ਸਿੱਖ ਲੋਕ ਯਹ ਤੋ ਸਮਝੇਂਗੇ, ਹਮਾਰਾ ਸਿੱਖ ਚੀਫ਼ ਮਨਿਸਟਰ ਹੈ।"

"ਅਗਰ ਪੰਡਤ ਜੀ ਆਪ ਕੀ ਯਹੀ ਮਰਜ਼ੀ ਹੈਂ, ਦਾਸ ਸਰਵਸ ਕਰਨੇ ਕੇ ਲੀਏ ਤਿਆਰ ਹੈ। ਮੈਂ ਅਕਾਲੀਓਂ ਕੋ ਅੱਛੀ ਤਰ੍ਹਾਂ ਸੇ ਜਾਨਤਾ ਹੂੰ; ਉਨ ਕੇ ਸਭ ਵੱਟ ਨਿਕਾਲ ਦੂੰਗਾ।" ਪ੍ਰਤਾਪ ਸਿੰਘ ਨੇ ਤੜ੍ਹ ਮਾਰ ਦਿੱਤੀ।

"ਵਟ ਕਿਆ ਹੋਤਾ ਹੈ?"

"ਐਸੀ-ਤੈਸੀ ਫੇਰਨਾ, ਨਾਨੀ ਯਾਦ ਕਰਾਨਾ।"

ਨਹਿਰੂ ਖਿੜ-ਖਿੜਾ ਕੇ ਹੱਸ ਪਿਆ।

"ਬਈ ਆਪ ਕੀ ਪੰਜਾਬੀ ਜ਼ਬਾਨ ਬੜੀ ਜ਼ੋਰਦਾਰ ਹੈ।"

"ਪੰਜਾਬ ਹਰ ਪੱਖੋਂ ਰੱਜੀ-ਪੁੱਜੀ ਭਰਪੂਰ ਜ਼ਬਾਨ ਹੈ।" ਪ੍ਰਤਾਪ ਸਿੰਘ ਨੇ ਫ਼ਖ਼ਰ ਨਾਲ ਛਾਤੀ ਉਭਾਰੀ।

ਨੌਕਰ ਚਾਹ ਲੈ ਆਇਆ। ਬਿਸਕੁਟਾਂ ਨਾਲ ਕਾਜੂ, ਬਾਦਾਮ ਤੇ ਕਿਸ਼ਮਿਸ਼ ਦੇ ਵੀ ਡੂਨੇ ਭਰੇ ਹੋਏ ਸਨ। ਨਹਿਰੂ ਨੇ ਚਾਹ ਦੀ ਘੁੱਟ ਭਰ ਕੇ ਸਰਦਾਰ ਨੂੰ ਵਲਣਾ ਚਾਹਿਆ।

"ਸਰਦਾਰ ਜੀ! ਹਮ ਸਭ ਹਿੰਦੋਸਤਾਨੀ ਭਾਈ ਭਾਈ ਹੈਂ।"

"ਬਿਲਕੁਲ ਪੰਡਤ ਜੀ! ਯਹੀ ਤੋਂ ਨੈਸ਼ਨਲਿਜ਼ਮ ਕਾ ਪਹਿਲਾ ਅਸੂਲ ਹੈ।" ਕੈਰੋਂ ਸਾਹਬ ਝੋਲੀ ਚੁੱਕਣ ਲਈ ਅੱਗੋਂ ਹੋ ਕੇ ਮਿਲਿਆ।

"ਹਮਾਰੇ ਰਾਜਸਥਾਨੀ ਭਾਈ ਪੀਨੇ ਕੇ ਲਈ ਪਾਣੀ ਕੋ ਤਰਸ ਰਹੇ ਹੈਂ। ਦੂਸਰੀ ਤਰਫ਼ ਹਮਾਰੇ ਸਤਲੁਜ ਬਿਆਸ ਕਾ ਪਾਨੀ ਪਾਕਿਸਤਾਨ ਕੋ ਜ਼ਾਇਆ ਜਾ ਰਿਹਾ ਹੈ....।"

"ਆਪ ਬਤਾਏਂ ਹਮ ਆਪਣੇ ਰਾਜਸਥਾਨੀ ਭਾਈਓਂ ਕੇ ਲੀਏ ਕਿਆ ਕਰ ਸਕਤੇ ਹੈਂ?" ਪਰਤਾਪ ਸਿੰਘ ਕੈਰੋਂ ਨੇ ਪੈਂਦੀ ਸੱਟੇ ਨਹਿਰੂ ਦੇ ਮੂੰਹੋਂ ਗੱਲ ਬੋਚ ਲਈ।

"ਹਮ ਚਾਹਤੇ ਹੈਂ, ਇੱਕ ਬਾਂਧ ਬਣਾ ਕੇ ਦੋ ਨਹਿਰੇਂ ਨਿਕਾਲੀ ਜਾਏਂ; ਰਸਤੇ ਮੇਂ ਪੜਤੇ ਪੰਜਾਬ ਕੇ ਖੁਸ਼ਕ ਖੇਤੋਂ ਕੋ ਵੀ ਪਾਨੀ ਦੀਆ ਜਾਏ। ਔਰ ਰਾਜਸਥਾਨ ਕਾ ਵੀ ਆਪ ਪੁੰਨ ਲੇ ਲੇਂ।" ਨਹਿਰੂ ਨੇ ਢਿੱਡ ਦੀ ਗੱਲ ਸਪਸ਼ਟ ਕਰ ਦਿੱਤੀ।

"ਐਸਾ ਹੀ ਹੋਗਾ ਪੰਡਤ ਜੀ, ਜੈਸਾ ਆਪ ਚਾਹਤੇ ਹੈਂ, ਜਲਦੀ ਹੋਗਾ।" ਕੈਰੋਂ ਨੇ ਚੋਰ ਨਾਲੋਂ ਪੰਡ ਕਾਹਲੀ ਵਾਲੀ ਭਾਵਨਾ ਪ੍ਰਗਟਾਈ।

ਨਹਿਰੂ ਨੇ ਭੀਮਸੈਨ ਸੱਚਰ ਨਾਲ ਗੱਲ ਗੰਢ ਕੇ ਪ੍ਰਤਾਪ ਸਿੰਘ ਕੈਰੋਂ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ। ਸੱਚਰ ਦੀ ਵਜ਼ਾਰਤ ਵਿਚ ਪ੍ਰਤਾਪ ਸਿੰਘ ਸੀਨੀਅਰ ਵਜ਼ੀਰ ਸੀ। ਸੋ, ਮੁੱਖ ਮੰਤਰੀ ਬਣਦੇ ਸਾਰ ਉਸ ਹਰੀ ਕੇ ਪੱਤਣ 'ਤੇ ਹੈੱਡ ਵਰਕਸ ਬਣਾਉਣ ਦਾ ਹੁਕਮ ਚਾੜ੍ਹ ਦਿੱਤਾ। ਰਾਜਸਥਾਨ ਨੂੰ ਦੋ ਨਹਿਰਾਂ ਕੱਢਣ ਵਾਲੇ ਸਮਝੌਤੇ 'ਤੇ ਅੰਨ੍ਹੇਵਾਹ ਦਸਖ਼ਤ ਕਰ ਦਿੱਤੇ। ਸ਼ਾਇਦ ਸਮਝੌਤੇ ਵਾਲੀਆਂ ਕਲਾਜ਼ਾਂ ਪੜ੍ਹਨ ਦੀ ਵੀ ਖੇਚਲ ਨਾ ਕੀਤੀ। ਕੌਮਾਂਤਰੀ ਤੇ ਭਾਰਤੀ ਵਿਧਾਨ ਅਨੁਸਾਰ ਰਾਜਸਥਾਨ ਕਿਸੇ ਤਰ੍ਹਾਂ ਵੀ ਪਾਣੀ ਦਾ ਹੱਕਦਾਰ ਨਹੀਂ ਸੀ। ਸਮਝੌਤੇ ਵਿਚ ਅਜਿਹੀ ਧਾਰਾ ਕੋਈ ਨਹੀਂ ਸੀ, ਜਿਸ ਰਾਹੀਂ ਪੰਜ ਜਾਂ ਦਸ ਸਾਲ ਪਿੱਛੋਂ ਸਮਝੌਤੇ 'ਤੇ ਨਜ਼ਰਸਾਨੀ ਕੀਤੀ ਜਾ ਸਕਦੀ। ਮੁਆਵਜ਼ਾ ਜਾਂ ਰਾਇਲਟੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਦੋਵੇਂ ਦਰਿਆ ਰਾਜਸਥਾਨ ਦੇ ਲੇਖੇ ਲੱਗ ਗਏ। ਚੋਰਾਂ ਰਲਮਿਲ ਕੇ ਜੱਟ ਨੂੰ ਠੱਗ ਲਿਆ। ਕੈਰੋਂ ਸਾਹਿਬ ਨੂੰ ਮੁੱਖ ਮੰਤਰੀ ਬਣਨ ਦਾ ਅਜਿਹਾ ਨਸ਼ਾ ਚੜ੍ਹਿਆ ਕਿ ਉਹਦੇ ਸਾਹਿਬਜ਼ਾਦਿਆਂ ਵੀ ਪੰਜਾਬ ਵਿਚ ਹੱਥਾਂ ਦੀਆਂ ਵਾਹੁਣੀਆਂ ਸ਼ੁਰੂ ਕਰ ਦਿੱਤੀਆਂ। ਪਾਕਿਸਤਾਨ ਤੋਂ ਉੱਠ ਕੇ ਆਏ ਮਾਝੇ ਦੇ ਲੋਕ ਬਹੁਤੇ ਜ਼ੀਰਾ ਮੱਖੂ ਵਿਚ ਆ ਬੈਠੇ ਸਨ। ਉਨ੍ਹਾਂ ਦੀ ਵੀ ਮੰਗ ਸੀ, ਹਰੀ ਕੇ ਪੱਤਣ 'ਤੇ ਪੁਲ ਬਣਾ ਦਿੱਤਾ ਜਾਵੇ ਤਾਂ ਜੋ ਅਸੀਂ ਬਿਆਸ ਤੋਂ ਪਾਰ ਵਸਦੇ ਭਾਈਚਾਰੇ ਨੂੰ ਸਹੂਲਤ ਨਾਲ ਮਿਲ ਸਕੀਏ। ਪੁਲ ਬਣਨ ਨਾਲ ਆਰ-ਪਾਰ ਵਸਣ ਵਾਲਾ ਭਾਈਚਾਰਾ ਸਾਂਝਾ ਰਿਸ਼ਤੇਦਾਰ ਹੋ ਗਿਆ।

ਇੱਕ ਦਿਨ ਗਿਆਨੀ ਕਰਤਾਰ ਸਿੰਘ ਨੇ ਸ੍ਰ. ਪ੍ਰਤਾਪ ਸਿੰਘ ਕੈਰੋਂ ਤੋਂ ਪੁੱਛ ਹੀ ਲਿਆ।

"ਤੁਸਾਂ ਰਾਜਸਥਾਨ ਨਾਲ ਪਾਣੀ ਦਾ ਸਮਝੌਤਾ ਕਰ ਲਿਆ। ਉਹ ਤਾਂ ਰਪੇਰੀਅਨ ਲਾਅ ਅਨੁਸਾਰ ਪਾਣੀ ਲੈਣ ਦਾ ਹੱਕਦਾਰ ਨਹੀਂ ਸੀ। ਤੁਸਾਂ ਮੁਆਵਜ਼ੇ ਦਾ ਹੱਕ ਵੀ ਛੱਡ ਦਿੱਤਾ। ਅੰਗਰੇਜ਼ਾਂ ਸਮੇਂ ਕੱਢੀ ਗੰਗ ਕੈਨਾਲ ਦਾ ਮੁਆਵਜ਼ਾ ਪੰਜਾਬ ਨੂੰ ਮਿਲਦਾ ਰਿਹਾ ਹੈ। ਸਮਝੌਤੇ ਨਜ਼ਰਸਾਨੀ ਬਾਰੇ ਕੋਈ ਕਲਾਜ਼ ਹੀ ਨਹੀਂ ਰੱਖੀ। ਕੀ ਤੁਸੀਂ ਪੰਜਾਬ ਦਾ ਕੀਮਤੀ ਪਾਣੀ ਮੁਫ਼ਤ ਨਹੀਂ ਲੁਟਾ ਦਿੱਤਾ?"

"ਪਾਕਿਸਤਾਨ ਨੂੰ ਦੱਸ ਕਰੋੜ ਰੁਪਿਆ ਦੇ ਕੇ ਹਿੰਦ ਸਰਕਾਰ ਨੇ ਪਾਣੀ ਦੀ ਹਮੇਸ਼ਾ ਦੀ ਮਾਲਕੀ ਲਈ ਸੀ।" ਪ੍ਰਤਾਪ ਸਿੰਘ ਨੇ ਸੱਚਾ ਹੋਣ ਲਈ ਦਲੀਲ ਦਿੱਤੀ।

"ਤੁਹਾਡੇ ਘਰ ਨੂੰ ਕੋਈ ਗ਼ੈਰ ਗਹਿਣੇ ਬੈਅ ਕਰ ਸਕਦਾ ਹੈ? ਵੱਧ ਤੋਂ ਵੱਧ ਦਸ ਕਰੋੜ ਪੰਜਾਬ ਸਿਰ ਕਰਜ਼ਾ ਸਮਝ ਲਿਆ ਜਾਂਦਾ। ਦਸ ਕਰੋੜ ਬਦਲੇ ਤੁਸਾਂ ਅਰਬਾਂ ਖਰਬਾਂ ਦਾ ਪਾਣੀ ਮੁਫ਼ਤ ਹੀ ਰੋੜ੍ਹ ਸੁੱਟਿਆ? ਭਵਿੱਖ ਵਿਚ ਇਹਦੇ ਨਤੀਜਿਆਂ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਨਹੀਂ ਪਵੇਗੀ?" ਗਿਆਨੀ ਜੀ ਨੇ ਰੜਕਵੀਂ ਚਿਤਾਵਨੀ ਦਾ ਕੈਰੋਂ ਨੂੰ ਅਹਿਸਾਸ ਕਰਵਾਇਆ।

"ਗਿਆਨੀ ਜੀ! ਮੈਂ ਮਹਿਸੂਸ ਕਰਦਾ ਆਂ ਵਾਕਈ ਵੱਡੀ ਭੁੱਲ ਹੋ ਗਈ। ਪਰ ਭਾਰਤੀ ਨਾਤੇ ਰਾਜਸਥਾਨੀ ਸਾਡੇ ਭਰਾ ਵੀ ਤਾਂ ਹਨ।" ਉਂ ਉਹ ਦਿਲੋਂ ਪਛਤਾਵਾ ਕਰ ਰਿਹਾ ਸੀ।

"ਪੰਜਾਬ ਨੂੰ ਭੁੱਲਾਂ ਨੇ ਮਾਰ ਲਿਆ। ਬਲਦੇਵ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਨੂੰ ਗੁਲਾਮ ਬਣਾ ਕੇ ਰੱਖ ਦਿੱਤਾ। ਤੁਹਾਡਾ ਸਮਝੌਤਾ ਆਰਥਕ ਪੱਖੋਂ ਲੋਕਾਂ ਨੂੰ ਕੰਗਾਲ ਕਰ ਦੇਵੇਗਾ। ਪ੍ਰਤਾਪ ਸਿੰਘ ਜੀ ਲੋਕਾਂ ਦੇ ਹਿੱਤਾਂ ਵਿਰੁੱਧ ਪੁੱਟੇ ਕਦਮ ਗ਼ਦਾਰੀ ਬਣ ਜਾਂਦੇ

ਹਨ। ਕੌਮੀ ਵਕਾਰ ਅੱਗੇ ਚੀਫ਼ ਮਨਿਸਟਰੀ ਅਤੇ ਡਿਫੈਂਸ ਮਨਿਸਟਰੀ ਕੀ ਚੀਜ਼ ਹੈ?"

ਪ੍ਰਤਾਪ ਸਿੰਘ ਕੈਰੋਂ ਨੂੰ ਚੱਜ ਦਾ ਜਵਾਬ ਨਾ ਔੜਿਆ। ਉਨ੍ਹਾਂ ਦਿਨਾਂ ਵਿਚ ਹੀ ਗਿਆਨੀ ਕਰਤਾਰ ਸਿੰਘ ਨੇ ਉਦਾਸ ਪੈ ਕੇ ਵਜ਼ਾਰਤ ਤੋਂ ਅਸਤੀਫ਼ਾ ਦੇ ਦਿੱਤਾ। ਕਾਂਗਰਸ ਵਿੱਚ ਰਹਿ ਕੇ ਸੱਚਰ ਫ਼ਾਰਮੂਲਾ ਬਣਵਾ ਲੈਣਾ, ਉਹਦਾ ਇੱਕੋ ਇਕ ਕਾਰਨਾਮਾ ਸੀ। ਉਹ ਮੁੜ ਅਕਾਲੀ ਪਾਰਟੀ ਵਿਚ ਆ ਗਿਆ।

ਪੰਜਾਬ ਤੋਂ ਬਾਹਰ ਆਂਧਰਾ ਨੂੰ ਜ਼ਬਾਨ ਆਧਾਰ 'ਤੇ ਸੂਬਾ ਬਣਾਉਣ ਦੀ ਮੰਗ ਜ਼ੋਰ ਫੜ ਗਈ। ਆਕੜੇ ਨਹਿਰੂ ਨੇ ਨਾਂਹ ਕਰ ਦਿੱਤੀ ਕਿ ਇਸ ਤਰ੍ਹਾਂ ਹੋਰ ਸੂਬੇ ਵੀ ਮੰਗ ਕਰਨਗੇ। ਉਥੋਂ ਦੇ ਬਜ਼ੁਰਗ ਰਿਸ਼ੀ ਸ੍ਰੀ ਰਮੋਲੋ ਨੇ ਆਂਧਰਾ ਰਾਜ ਕਾਇਮ ਕਰਵਾਉਣ ਲਈ ਮਰਨ ਵਰਤ ਰੱਖ ਦਿੱਤਾ। ਨਹਿਰੂ ਨੇ ਮਰਨ ਵਰਤ ਦੀ ਵੀ ਪ੍ਰਵਾਹ ਨਾ ਕੀਤੀ। ਸ੍ਰੀ ਰਮੋਲੋ ਭੁੱਖਾ ਰਹਿ ਕੇ ਸ਼ਹੀਦ ਹੋ ਗਿਆ। ਉਸ ਦੀ ਸ਼ਹਾਦਤ ਨੇ ਆਂਧਰਾ ਵਿਚ ਗੜਬੜ ਦਾ ਤੂਫ਼ਾਨ ਖੜ੍ਹਾ ਕਰ ਦਿੱਤਾ। ਲੋਕਾਂ ਕਰੋੜਾਂ ਰੁਪਏ ਦੀ ਸੰਪੱਤੀ ਨਸ਼ਟ ਕਰ ਦਿੱਤੀ। ਤਬਾਹੀ ਤੇ ਉਥਲ-ਪੁਥਲ ਦੇ ਝੱਖੜ ਅੱਗੇ ਆਕੜਿਆ ਨਹਿਰੂ ਜਰਕ ਗਿਆ। ਉਸ ਨੂੰ ਖੜ੍ਹੇ ਪੈਰ ਪਾਰਲੀਮੈਂਟ ਵਿਚ ਐਲਾਨ ਕਰਨਾ ਪਿਆ ਕਿ ਆਂਧਰਾ ਪ੍ਰਦੇਸ ਬਣੇਗਾ। ਗੱਲ ਹੋਰ ਅੱਗੇ ਵਧੀ। ਸਾਰੇ ਹਿੰਦੋਸਤਾਨ ਨੂੰ ਜ਼ਬਾਨ ਦੇ ਆਧਾਰ 'ਤੇ ਸੂਬੇ ਬਣਾਉਣ ਲਈ ਇੱਕ ਕਮਿਸ਼ਨ ਕਾਇਮ ਕਰਨਾ ਪਿਆ। ਕਮਿਸ਼ਨ ਇਨਸਾਫ਼ ਪਸੰਦ ਲੋਕਾਂ ਦਾ ਨਹੀਂ, ਸਗੋਂ ਨਹਿਰੂ ਦੇ ਚਾਟੜਿਆਂ ਦਾ ਸੀ, ਜਿਸ ਸਾਰਾ ਹਿੰਦੋਸਤਾਨ ਬੋਲੀ ਦੇ ਆਧਾਰ 'ਤੇ ਵੰਡ ਦਿੱਤਾ, ਪਰ ਪੰਜਾਬ ਨੂੰ ਦੋਹ ਬੋਲੀ ਦਾ ਜਿਉਂ ਦਾ ਤਿਉਂ ਸੂਬਾ ਰਹਿਣ ਦਿੱਤਾ। ਇਹ ਵਿਤਕਰਾ ਅਕਾਲੀਆਂ ਤੇ ਪੰਜਾਬੀਆਂ ਲਈ ਅਸਹਿ ਸੀ। ਸਮਝਿਆ ਇਹ ਵੀ ਗਿਆ, ਕਾਂਗਰਸ ਸਰਕਾਰ ਨੂੰ ਪੰਜਾਬੀਆਂ 'ਤੇ ਭਰੋਸਾ ਨਹੀਂ, ਜਿਨ੍ਹਾਂ ਆਜ਼ਾਦੀ ਦੀ ਜੰਗ ਵਿਚ ਹਜ਼ਾਰਾਂ ਕੁਰਬਾਨੀਆਂ ਦਿੱਤੀਆਂ ਸਨ। ਅਕਾਲੀਆਂ ਨੂੰ ਆਸ ਬੱਝੀ ਸੀ, ਪੰਜਾਬੀ ਜ਼ੁਬਾਨ, ਸੱਭਿਆਚਾਰ ਅਤੇ ਧਰਮ ਦੀ ਪੰਜਾਬੀ ਸੂਬੇ ਵਿਚ ਰਖਵਾਲੀ ਹੋ ਸਕੇਗੀ, ਅਕਾਲੀ ਆਜ਼ਾਦ ਸਿੱਖ ਸਟੇਟ ਵਾਲੀ ਸਟੈਂਡ ਤੋਂ ਤਿਲਕ ਕੇ ਪੰਜਾਬੀ ਸੂਬੇ 'ਤੇ ਆ ਗਏ ਸਨ; ਪਰ ਉਹ ਰਾਜ ਵਿਚ ਸਿੱਖਾਂ ਦਾ ਹੱਥ 'ਤੇ ਚਾਹੁੰਦੇ ਸਨ।

ਓਸ ਵਰ੍ਹੇ ਸਭ ਤੋਂ ਪਹਿਲਾਂ, ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਆਪਣੇ ਪਿੰਡ ਇੱਕ ਸੌ ਪੱਚੀ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਸੱਦ ਕੇ ਜ਼ਬਾਨ ਦੇ ਆਧਾਰ 'ਤੇ ਸਾਰੇ ਪੰਜਾਬੀਆਂ ਲਈ ਸੂਬਾ ਕਾਇਮ ਕਰਨ ਦਾ ਮਤਾ ਪਾਸ ਕਰਵਾ ਲਿਆ ਸੀ। ਇਸ ਮਤੇ ਦੀ ਪਹਿਲੀ ਪ੍ਰੋੜ੍ਹਤਾ ਗਿਆਨੀ ਹੀਰਾ ਸਿੰਘ ਦਰਦ ਨੇ ਅਤੇ ਦੂਜੀ ਸੰਤ ਸਿੰਘ ਸੇਖੋਂ ਨੇ ਕੀਤੀ। ਇਸ ਰੈਜ਼ੋਲੂਸ਼ਨ ਨੂੰ ਸਭ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਦੇ ਵਿਰੋਧੀ ਜੱਥੇਦਾਰ ਸੰਪੂਰਨ ਸਿੰਘ ਰਾਮਾ ਨੇ ਸਮਰਥਨ ਦਿੱਤਾ। ਕਮਿਊਨਿਸਟ ਪਾਰਟੀ ਲਈ ਨਾ ਮੰਨਣ ਦਾ ਚਾਰਾ ਹੀ ਕੋਈ ਨਾ ਰਿਹਾ। ਓਦੋਂ ਤੱਕ ਮਾਸਟਰ ਤਾਰਾ ਸਿੰਘ ਦਾ ਅਕਾਲੀ ਪਾਰਟੀ ਤੋਂ ਦਬਦਬਾ ਘਟ ਗਿਆ ਸੀ। ਉਸ ਦੀ ਥਾਂ ਸੰਤ ਫ਼ਤਿਹ ਸਿੰਘ ਅੱਗੇ ਆ ਚੁੱਕਾ ਸੀ। ਉਸ ਇੱਕ ਧਾਰਮਿਕ ਦੀਵਾਨ ਵਿਚ ਜ਼ਬਾਨ ਦੇ ਆਧਾਰ 'ਤੇ ਕੰਵਲ ਦੇ ਮਤੇ ਦੀ ਝਟ ਕੇ ਹਮਾਇਤ ਕਰ ਦਿੱਤੀ। ਇਉਂ ਪੰਜਾਬੀ ਸੂਬਾ ਅਕਾਲੀਆਂ ਦਾ ਨਾ ਰਹਿ ਕੇ ਸਾਰੇ ਪੰਜਾਬੀਆਂ ਦਾ ਬਣ ਗਿਆ। ਕਾਂਗਰਸ ਸਰਕਾਰ ਦੇ ਬੇਈਮਾਨ ਤੇ ਵਿਤਕਰੇ ਵਾਲੇ ਰਵੱਈਏ ਦਾ ਪ੍ਰਤੀਕਰਮ, ਨਿਆਂ ਮੰਗਦੇ ਪੰਜਾਬੀ ਲੋਕਾਂ ਨਾਲ ਆ ਟਕਰਾਇਆ।

ਝੂਠੀ ਕਾਂਗਰਸ ਨੂੰ ਪੰਜਾਬ ਦੇ ਲੋਕਾਂ ਵੱਲੋਂ ਇੱਕ ਹੋਰ ਮਾਰ ਪੈ ਗਈ। ਪੈਰ ਕੁਹਾੜਾ ਮਾਰਿਆ, ਗਾਫ਼ਲ ਆਪਣੇ ਹਾਂਪ। ਕਾਂਗਰਸ ਨੇ ਸਿੱਖਾਂ ਦੇ ਗੜ੍ਹ ਅੰਮ੍ਰਿਤਸਰ ਵਿਚ ਆਪਣਾ

ਸਾਲਾਨਾ ਅਜਲਾਸ ਰੱਖ ਲਿਆ। ਸਿੱਖਾਂ ਆਪਣਾ ਜ਼ੋਰ ਵਿਖਾਉਣ ਲਈ ਬਰਾਬਰ ਕਾਨਫਰੰਸ ਧਰ ਦਿੱਤੀ। ਕਾਂਗਰਸ ਦੇ ਵਜ਼ੀਰਾਂ ਅਤੇ ਲੀਡਰਾਂ ਦੇ ਆਉਣ ਕਾਰਨ ਅੰਮ੍ਰਿਤਸਰ ਧੋਤਾ ਲਿਸ਼ਕਾਇਆ ਜਾ ਰਿਹਾ ਸੀ। ਦੋਵੇਂ ਸਮਾਗਮ ਖਾਲਸਾ ਕਾਲਜ ਵੱਲ ਐਨ ਜੀ. ਟੀ. ਰੋਡ 'ਤੇ ਰੱਖੇ ਗਏ ਸਨ। ਕਾਂਗਰਸ ਦੀ ਸਟੇਜ ਸ਼ਹਿਰ ਵਾਲੇ ਪਾਸੇ ਅਤੇ ਅਕਾਲੀਆਂ ਖਾਲਸਾ ਕਾਲਜ ਦੇ ਨੇੜੇ ਝੰਡੇ ਗੱਡੇ ਹੋਏ ਸਨ। ਦੋਵਾਂ ਧਿਰਾਂ ਸ਼ਹਿਰ ਵਿੱਚ ਜਲੂਸ ਵੀ ਕੱਢੇ। ਅਕਾਲੀਆਂ ਦਾ ਜਲੂਸ ਕਾਂਗਰਸ ਨਾਲੋਂ ਚਾਰ ਗੁਣਾ ਵੱਡਾ ਸੀ।

ਗੁਰੂ ਰਾਮਦਾਸ ਸਰਾਂ ਤੋਂ ਤੁਰਦਾ ਜਲੂਸ ਸ਼ਾਮਾਂ ਢਲਦੀਆਂ ਤੱਕ ਜਾਰੀ ਰਿਹਾ, ਕਿਉਂਕਿ ਅਕਾਲੀਆਂ ਦਾ ਜਲੂਸ ਗੜਗੱਜਾਂ ਪਾਉਂਦਾ, ਨਾਅਰੇ ਮਾਰਦਾ, ਕਾਂਗਰਸ ਦੀ ਸਟੇਜ ਅੱਗੋਂ ਦੀ ਲੰਘ ਰਿਹਾ ਸੀ। ਐਨਾ ਵੱਡਾ ਮੁਲਖਈਆ ਇਕੱਠਾ ਹੋਇਆ ਵੇਖ ਕੇ ਸਾਰੇ ਕਾਂਗਰਸੀ ਲੀਡਰ ਘਬਰਾ ਗਏ, ਅਸਲੋਂ ਅੰਦਰੋਂ ਹਿੱਲ ਗਏ। ਨਹਿਰੂ ਸਟੇਜ ਤੋਂ ਫੜਾਂ ਮਾਰਦਾ ਬੋਲਿਆ।

"ਹਮ ਅਕਾਲੀਓਂ ਕੇ ਬੜੇ ਜਲੂਸ ਸੇ ਡਰਤੇ ਨਹੀਂ। ਹਮੇਂ ਦਬਾਣੇ ਕੇ ਲੀਏ ਇਨਹੋਂ ਨੇ ਜਲੂਸ ਨਕਾਲਾ ਹੈ। ਇਨਹੀ ਤਾਰੀਖੋਂ ਪਰ ਆਪਣੀ ਕਾਨਫਰੰਸ ਰੱਖੀ ਹੈ। ਹਮ ਬਤਾ ਦੇਣਾ ਚਾਹਤੇ ਹੈਂ, ਹਮ ਡਰੇਂਗੇ ਨਹੀਂ, ਹਮ ਡਰਨੇ ਵਾਲੇ ਨਹੀਂ।" ਨਹਿਰੂ ਇਸ ਤਰ੍ਹਾਂ ਦੀਆਂ ਬੇਥਵੀਆਂ ਮਾਰਦਾ ਰਿਹਾ। ਉੱਝ ਦੱਖਣ ਤੱਕ ਦੇ ਕਾਂਗਰਸੀਆਂ ਜਾਣ ਲਿਆ, ਪੰਜਾਬ ਵਿਚ ਕੇਵਲ ਅਕਾਲੀਆਂ ਦਾ ਹੀ ਆਧਾਰ ਹੈ। ਅਕਾਲੀਆਂ ਦੀ ਬੱਝਵੀਂ ਤਾਕਤ ਨੂੰ ਖੋਰਨ ਤੇ ਪਾੜਨ ਲਈ ਨਹਿਰੂ ਨੇ ਆਪਣੀਆਂ ਸੂਹੀਆ ਏਜੰਸੀਆਂ ਨੂੰ ਹੋਰ ਤੇਜ਼ ਕਰ ਦਿੱਤਾ।

ਪੰਜਾਬ ਵਿਚ ਹਿੰਦੀ-ਪੰਜਾਬੀ ਜ਼ਬਾਨ ਦਾ ਗੁੰਝਲਦਾਰ ਝਗੜਾ ਬਰਾਬਰ ਜ਼ੋਰਾਂ 'ਤੇ ਚੱਲ ਰਿਹਾ ਸੀ। ਮਹਾਸ਼ਿਆਂ ਦੀ ਪਿੱਠ 'ਤੇ 'ਹਿੰਦੀ, ਹਿੰਦੂ ਹਿੰਦੋਸਤਾਨ' ਦੇ ਨਾਅਰੇ ਮਾਰਨ ਵਾਲਾ ਫ਼ਿਰਕੂ ਅਨਸਰ ਸੀ। ਸਾਰਾ ਕੌਮੀ ਪ੍ਰੈੱਸ, ਕਾਂਗਰਸੀ ਸਰਕਾਰ ਅਤੇ ਦੇਸ਼ ਆਜ਼ਾਦ ਹੋਣ ਪਿੱਛੋਂ ਸ਼ਿਆਮਾ ਪ੍ਰਸ਼ਾਦਿ ਮੁਕਰਜੀ ਦਾ ਬਣਾਇਆ ਜਨ ਸੰਘ ਧੂਆਂਧਾਰ ਹਿੰਦੀ ਦੀ ਵਕਾਲਤ ਕਰ ਰਿਹਾ ਸੀ। ਪੰਜਾਬੀ ਲਈ ਕੇਵਲ ਇਕੱਲੇ ਅਕਾਲੀ ਲੜ ਰਹੇ ਸਨ। ਉਨ੍ਹਾਂ ਦੀ ਹਮਾਇਤ ਦੋ ਪੰਜਾਬੀ ਅਖ਼ਬਾਰਾਂ 'ਅਕਾਲੀ ਪੱਤ੍ਰਿਕਾ' 'ਤੇ 'ਅਜੀਤ' ਕਰਦੇ ਸਨ। ਇਉਂ ਜਾਪਦਾ ਸੀ, ਜਿਵੇਂ ਮੁੱਖ ਮੰਤਰੀ ਸ੍ਰ. ਪ੍ਰਤਾਪ ਸਿੰਘ ਕੈਰੋਂ ਦੇ ਵੀ ਪੰਜਾਬੀ ਦੇ ਸੱਚ ਲਈ ਹੱਥ-ਪੈਰ ਬੱਝੇ ਹੋਏ ਸਨ। ਉਹ ਕਿਸੇ ਤਰ੍ਹਾਂ ਇਸ ਮਸਲੇ ਨੂੰ ਹੱਲ ਕਰਿਆ ਚਾਹੁੰਦਾ ਸੀ। ਇੱਕ ਮੀਟਿੰਗ ਵਿੱਚ ਭਾਈ ਜੋਧ ਸਿੰਘ ਜੀ, ਜਿਹੜੇ ਕਦੇ ਲਾਹੌਰ ਯੂਨੀਵਰਸਿਟੀ ਵਿਚ ਬੜਾ ਰਸੂਖ਼ ਰੱਖਦੇ ਸਨ ਅਤੇ ਖਾਲਸਾ ਕਾਲਜ ਦੇ ਪ੍ਰਿੰਸੀਪਲ ਰਹਿ ਚੁੱਕੇ ਸਨ, ਮੁੱਖ ਮੰਤਰੀ ਕੋਲ ਫੜ੍ਹ ਮਾਰ ਬੈਠੇ।

"ਜ਼ਬਾਨ ਦਾ ਮਸਲਾ ਰਾਜਸੀ ਲੀਡਰ ਨਹੀਂ, ਕੇਵਲ ਵਿਦਵਾਨ ਹੀ ਹੱਲ ਕਰ ਸਕਦੇ ਹਨ।"

"ਠੀਕ ਹੈ।" ਸ੍ਰ. ਪ੍ਰਤਾਪ ਸਿੰਘ ਕੈਰੋਂ ਝੱਟ ਰਾਜ਼ੀ ਹੋ ਗਏ। "ਜੇਕਰ ਤੁਸੀਂ ਲੋਕ ਇਸ ਨੂੰ ਹੱਲ ਕਰ ਸਕੋ, ਪੰਜਾਬ ਦੀ ਇਸ ਤੋਂ ਵੱਧ ਨੇਕ ਸੇਵਾ ਹੋਰ ਕੀ ਹੋ ਸਕਦੀ ਹੈ।"

ਮੁੱਖ ਮੰਤਰੀ ਨੇ ਜ਼ਬਾਨ ਦਾ ਝੇੜਾ ਨਿਪਟਾਣ ਲਈ ਭਾਈ ਜੋਧ ਸਿੰਘ ਅਤੇ ਜੈ ਚੰਦ ਵਿੱਦਿਆ ਅਲੰਕਾਰ ਦੀ ਇੱਕ ਸਦਭਾਵਨਾ ਕਮੇਟੀ ਬਣਾ ਦਿੱਤੀ। ਦੋਵਾਂ ਮੈਂਬਰਾਂ ਦਾ ਪੰਜ ਪੰਜ ਸੌ ਰੁਪਏ ਮਹੀਨਾ ਵਜ਼ੀਫਾ ਬੰਨ੍ਹ ਦਿੱਤਾ। ਦੋਵੇਂ ਵਿਦਵਾਨ ਭਾਈ ਦੋ ਸਾਲ ਸਰਕਾਰ ਤੋਂ ਤਨਖ਼ਾਹ ਖਾਂਦੇ ਰਹੇ ਅਤੇ ਹੱਲ ਕੱਢਿਆ, ਪੰਜਾਬ ਦੀ ਜ਼ਬਾਨ ਪੰਜਾਬੀ, ਪਰ ਲਿੱਪੀ ਦੇਵਨਾਗਰੀ ਹੋਵੇ।

ਇਹ ਹੱਲ ਲੈ ਕੇ ਜੇ ਚੰਦ ਜੀ ਕੇਂਦਰੀ ਲੇਖਕ ਸਭਾ ਦੀ ਐਗਜ਼ੈਕਟਿਵ ਮੀਟਿੰਗ ਵਿਚ ਜਲੰਧਰ ਆ ਗਏ। ਉਨ੍ਹਾਂ ਜ਼ਬਾਨ ਪੰਜਾਬੀ ਅਤੇ ਲਿੱਪੀ ਦੇਵਨਾਗਰੀ ਵਾਲਾ ਫਾਰਮੂਲਾ ਸਾਰਿਆਂ ਮੈਂਬਰਾਂ ਅੱਗੇ ਰੱਖ ਦਿੱਤਾ ਅਤੇ ਹਮਾਇਤ ਚਾਹੀ।

"ਨਹੀਂ, ਅਸੀਂ ਪੰਜਾਬੀ ਜ਼ਬਾਨ ਦਾ ਉਚਾਰਨ ਨਹੀਂ ਵਿਗਾੜ ਸਕਦੇ।" ਸਭ ਤੋਂ ਪਹਿਲਾਂ ਜਸਵੰਤ ਸਿੰਘ ਕੰਵਲ ਨੇ ਨਾਂਹ ਕਰ ਦਿੱਤੀ। "ਪੰਜਾਬੀ ਦੀ ਲਿੱਪੀ ਗੁਰਮੁਖੀ ਹੀ ਰਹੇਗੀ। ਸਾਨੂੰ ਇਹ ਫਾਰਮੂਲਾ ਕਿਵੇਂ ਵੀ ਮਨਜ਼ੂਰ ਨਹੀਂ।"

ਕੰਵਲ ਦੀ ਤਾਈਦ ਵਿਚ ਗਿਆਨੀ ਹੀਰਾ ਸਿੰਘ ਦਰਦ ਡਟ ਗਿਆ।

"ਅਸੀਂ ਪੰਜਾਬੀ ਲਈ ਦੇਵਨਾਗਰੀ ਕਿਵੇਂ ਵੀ ਪ੍ਰਵਾਨ ਨਹੀਂ ਕਰ ਸਕਦੇ।"

ਉਸ ਸਮੇਂ ਸ੍ਰ. ਗੁਰਬਖ਼ਸ਼ ਸਿੰਘ ਜੀ ਸਭਾ ਦੇ ਪ੍ਰਧਾਨ ਅਤੇ ਸ਼ਾਇਰ ਮੋਹਨ ਸਿੰਘ ਸਕੱਤਰ ਸੀ। ਇਨ੍ਹਾਂ ਦੋਵਾਂ ਦੇਵਨਾਗਰੀ ਲਿੱਪੀ ਦੀ ਹਮਾਇਤ ਕਰ ਦਿੱਤੀ ਅਤੇ ਦਲੀਲ ਇਹ ਦਿੱਤੀ ਕਿ ਦੇਵਨਾਗਰੀ ਲਿੱਪੀ ਵਿਚ ਸਾਡੀਆਂ ਕਿਤਾਬਾਂ ਸਾਰਾ ਹਿੰਦੋਸਤਾਨ ਪੜ੍ਹੇਗਾ।

ਸੰਤ ਸਿੰਘ ਸੇਖੋਂ ਦਿਲੋਂ ਕੰਵਲ ਤੇ ਗਿਆਨੀ ਹੀਰਾ ਸਿੰਘ ਦਰਦ ਨਾਲ ਸੀ, ਪਰ ਭੂਠ ਦੀ ਯਾਰੀ ਮੋਹਨ ਸਿੰਘ ਸੀ। ਉਸ ਮੀਟਿੰਗ ਵਿੱਚ ਸਦਭਾਵਨਾ ਕਮੇਟੀ ਦਾ ਫਾਰਮੂਲਾ ਪਾਸ ਨਾ ਹੋ ਸਕਿਆ। ਸ੍ਰ. ਗੁਰਬਖ਼ਸ਼ ਸਿੰਘ ਨੇ ਆਉਂਦੇ ਮਹੀਨੇ 'ਪ੍ਰੀਤਲੜੀ' ਵਿਚ ਇੱਕ ਲੇਖ ਦੇਵਨਾਗਰੀ ਦੇ ਹੱਕ ਵਿਚ ਲਿਖ ਮਾਰਿਆ। 'ਪ੍ਰੀਤਲੜੀ' ਉਸ ਦਾ ਨਿੱਜੀ ਮਾਂਹਵਾਰੀ ਪਰਚਾ ਸੀ।

ਕੰਵਲ ਨੇ ਮੀਟਿੰਗ ਤੋਂ ਉੱਠ ਕੇ ਸੋਚਿਆ: ਇਹ ਤਾਂ ਸਾਡੀਆਂ ਕੌਮੀ ਜੜ੍ਹਾਂ ਵੱਢਣ 'ਤੇ ਆ ਗਏ। ਉਹ ਸਿੱਧਾ 'ਅਕਾਲੀ ਪੱਤ੍ਰਿਕਾ' ਦੇ ਐਡੀਟਰ ਗਿਆਨੀ ਸ਼ਾਦੀ ਸਿੰਘ ਕੋਲ ਆ ਗਿਆ ਅਤੇ ਦੇਵਨਾਗਰੀ ਵਾਲੀ ਮਾਰੂ ਸਾਜ਼ਿਸ਼ ਉਸ ਅੱਗੇ ਰੱਖ ਦਿੱਤੀ। ਉਸ ਨੂੰ ਖ਼ਬਰਦਾਰ ਕਰਕੇ 'ਅਜੀਤ' ਅਖ਼ਬਾਰ ਦੇ ਐਡੀਟਰ ਸ੍ਰ. ਸਾਧੂ ਸਿੰਘ ਹਮਦਰਦ ਨੂੰ ਆ ਦੱਸਿਆ। ਦੋਹਾਂ ਐਡੀਟਰਾਂ ਗੁਰਮੁਖੀ ਲਿੱਪੀ ਦੇ ਹੱਕ ਵਿੱਚ ਡਟ ਕੇ ਲਿਖਿਆ। ਅਕਾਲੀ ਪਾਰਟੀ ਵੀ ਚੌਕੰਨੀ ਹੋ ਗਈ। ਦੇਵਨਾਗਰੀ ਦੇ ਵਿਰੁੱਧ ਅਤੇ ਗੁਰਮੁਖੀ ਲਿੱਪੀ ਦੇ ਹੱਕ ਵਿਚ ਇੱਕ ਤੂਫ਼ਾਨ ਉੱਠ ਖਲੋਤਾ। ਦੇਵਨਾਗਰੀ ਦੀ ਹਮਾਇਤ ਕਰਨ ਵਾਲੇ ਥਾਏਂ ਖੁੱਡਾਂ ਦੇ ਚੂਹਿਆਂ ਵਾਂਗ ਦੜ ਗਏ।

ਜ਼ਬਾਨ ਤੇ ਸੱਭਿਆਚਾਰ ਦੀ ਸੰਭਾਲ ਲਈ ਅਕਾਲੀ ਪੰਜਾਬੀ ਸੂਬਾ ਚਾਹੁੰਦੇ ਸਨ, ਜਿਸ ਨੂੰ ਨਹਿਰੂ ਮੰਨਣ ਲਈ ਤਿਆਰ ਨਹੀਂ ਸੀ। ਕੁਝ ਨਾ ਬਣਦਾ ਵੇਖ ਕੇ ਅਕਾਲੀਆਂ ਸੂਬੇ ਦੀ ਪ੍ਰਾਪਤੀ ਲਈ ਮੋਰਚਾ ਲਾ ਦਿੱਤਾ। ਮਾਸਟਰ ਤਾਰਾ ਸਿੰਘ ਆਪ ਜੇਲ੍ਹ ਚਲੇ ਗਏ ਅਤੇ ਮੋਰਚੇ ਦਾ ਡਿਕਟੇਟਰ ਸੰਤ ਫ਼ਤਹਿ ਸਿੰਘ ਨੂੰ ਥਾਪ ਦਿੱਤਾ। ਸਤਵੰਜਾ ਹਜ਼ਾਰ ਸਿੰਘਾਂ ਮੋਰਚੇ ਵਿਚ ਗ੍ਰਿਫ਼ਤਾਰੀ ਦਿੱਤੀ। ਪ੍ਰਤਾਪ ਸਿੰਘ ਨੇ ਸਿੰਘਾਂ ਦੇ ਕੁੱਟ-ਕੁੱਟ ਪੁੜੇ ਪਾ ਦਿੱਤੇ। ਬਠਿੰਡਾ ਜੇਲ੍ਹ ਵਿਚ ਗੋਲੀ ਚੱਲੀ, ਚਾਰ ਸਿੰਘ ਸ਼ਹੀਦ ਹੋ ਗਏ। ਕੈਰੋਂ ਆਪਣੇ ਮਾਲਕ ਨਹਿਰੂ ਨੂੰ ਵਫ਼ਾਦਾਰੀ ਵਿਖਾ ਰਿਹਾ ਸੀ। ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਸੂਰਮੇ ਸ਼ੇਰ, ਜੇਲ੍ਹ ਦੇ ਪਿੰਜਰਿਆਂ ਵਿੱਚ ਪਾਏ ਹੋਏ ਸਨ ਅਤੇ ਗਿੱਦੜਾਂ ਰਾਜ ਗੱਦੀਆਂ ਮੱਲੀਆਂ ਹੋਈਆਂ ਸਨ। ਫ਼ਿਰਕਾਪ੍ਰਸਤ ਕਾਂਗਰਸੀਆਂ ਹੱਥੋਂ ਇੱਕ ਅਣਖ਼ੀਲੀ ਕੌਮ ਖੁਆਰ ਹੋ ਰਹੀ ਸੀ। ਆਪਣੀਆਂ ਗ਼ਲਤੀਆਂ ਤੇ ਗ਼ਦਾਰੀਆਂ ਵੀ ਇੱਕ ਮੂਲ ਕਾਰਨ ਸੀ।

ਪੰਜਵਾਂ ਕਾਂਡ

ਚੀਨ ਦੀ 1962 ਦੀ ਲੜਾਈ ਨੇ ਨਹਿਰੂ ਦਾ ਸਾਰਾ ਅਕੜੇਵਾਂ ਕੱਢ ਸੁੱਟਿਆ; ਉਹ ਆਪਣੇ ਆਪ ਨੂੰ ਇੰਟਰਨੈਸ਼ਨਲ ਲੀਡਰ ਸਮਝਦਾ ਸੀ। ਚੀਨ ਦੇ ਪ੍ਰਧਾਨ ਮੰਤਰੀ ਚੋ ਐੱਨ. ਲਾਈ ਨਾਲ ਉਸ ਪੰਚਸ਼ੀਲ ਦਾ ਸਮਝੌਤਾ ਕਰ ਲਿਆ ਸੀ। ਓਦੋਂ ਹੀ 'ਹਿੰਦੀ-ਚੀਨੀ ਭਾਈ ਭਾਈ' ਦਾ ਨਾਅਰਾ ਮਸ਼ਹੂਰ ਹੋਇਆ ਸੀ। ਮਿਸਰ ਦੇ ਨਾਸਰ ਤੇ ਮਾਰਸ਼ਲ ਟੀਟੋ ਨਾਲ ਵੀ ਭਰਾਵੀਂ ਸਮਝੌਤਾ ਕਰਕੇ ਜੱਸ ਖੱਟਿਆ ਸੀ। ਭਾਰਤ ਦੇ ਕੌਮੀ ਪ੍ਰੈੱਸ ਨੇ ਉਸ ਨੂੰ ਸਿਰ 'ਤੇ ਚੁੱਕਿਆ ਹੋਇਆ ਸੀ, ਪਰ ਚੀਨੀ ਲੜਾਈ ਵਿਚ ਉਹ ਤੀਲਾਂ ਦੇ ਊਠ ਵਾਂਗ ਖਿੱਲਰ ਕੇ ਰਹਿ ਗਿਆ। ਸਾਰਾ ਪ੍ਰੈੱਸ ਚੀਨ ਨੂੰ ਹਮਲਾਵਰ ਹੋਣ ਦਾ ਦੋਸ਼ ਦੇਂਦਾ ਸੀ।

ਪਰ ਪੰਡਤ ਸੁੰਦਰ ਲਾਲ ਗਾਂਧੀਵਾਦੀ ਨੇ ਇਸ ਦੇ ਬਿਲਕੁਲ ਉਲਟ ਬਿਆਨ ਦੇ ਮਾਰਿਆ।

"ਚੀਨ ਨੇ ਪਹਿਲ ਨਹੀਂ ਕੀਤੀ, ਇਹ ਸਾਡੇ ਫ਼ੌਜੀ ਅਫ਼ਸਰਾਂ ਦਾ ਕਸੂਰ ਹੈ; ਜਿਨ੍ਹਾਂ ਛੇੜ-ਛਾੜ ਕਰਕੇ ਆਪਣੀਆਂ ਪਿਕਟਾਂ ਉਨ੍ਹਾਂ ਦੇ ਇਲਾਕੇ ਵਿਚ ਜਾ ਬਣਾਈਆਂ।"

ਅਸਲ ਵਿਚ ਮੈਕ ਮੋਹਨ ਲਾਈਨ ਵਾਲਾ ਸਮਝੌਤਾ ਅੰਗਰੇਜ਼ਾਂ ਕਦੇ ਚੀਨ ਨਾਲ ਕੀਤਾ ਸੀ। ਹਿਮਾਲਾ ਪਹਾੜ ਦੀ ਟੀਸੀ ਤੋਂ ਪਾਣੀ ਦੀ ਢਾਲ ਸਮਝੌਤੇ ਵਿਚ ਹੱਦ ਮੰਨੀ ਗਈ ਸੀ। ਹਿਮਾਲਾ ਪਹਾੜ ਦੇ ਦੋਹੀਂ ਪਾਸੀਂ ਹਜ਼ਾਰਾਂ ਮੁਰੱਬਾ ਮੀਲ ਜ਼ਮੀਨ ਬਰਫ਼ਾਨੀ ਹੋਣ ਕਾਰਨ ਬੇਕਾਰ ਪਈ ਸੀ; ਜਿਸ ਵਿਚ ਕੁਝ ਵੀ ਨਹੀਂ ਉੱਗਦਾ ਸੀ। ਅੰਗਰੇਜ਼ਾਂ ਅਤੇ ਚਿਆਂਗ ਸਰਕਾਰ ਤੱਕ ਕਿਸੇ ਨੇ ਵੀ ਉਸ ਖ਼ਾਲੀ ਪਏ ਇਲਾਕੇ ਨੂੰ ਮਹੱਤਤਾ ਨਹੀਂ ਦਿੱਤੀ ਸੀ। ਦੋਵਾਂ ਦੇਸ਼ਾਂ ਦੀਆਂ ਆਬਾਦੀਆਂ ਵਧ ਜਾਣ ਕਾਰਨ ਅਤੇ ਯੁੱਧ ਚਾਲਾਂ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ, ਦੋਵੇਂ ਧਿਰਾਂ ਗ਼ੈਰ-ਆਬਾਦ ਇਲਾਕਾ ਹਥਿਆਉਣ ਲਈ ਆਪਣੀਆਂ ਸੀਮਾ ਚੌਕੀਆਂ ਅੱਗੇ ਵਧਾ ਰਹੀਆਂ ਸਨ।

ਚੀਨ ਵਾਲੇ ਹੁਸ਼ਿਆਰਪੁਰ ਨਿਕਲੇ; ਪੰਚਸ਼ੀਲ ਦੇ ਸਮਝੌਤੇ ਦੀ ਆੜ ਵਿਚ ਨਹਿਰੂ ਤੋਂ ਤਿੱਬਤ, ਚੀਨ ਦਾ ਹਿੱਸਾ ਮੰਨਵਾ ਗਏ। ਨਹਿਰੂ ਨੇ ਦਰਿਆ ਦਿਲੀ ਵਖਾਈ ਜਾਂ ਆਪਣੀ ਸ਼ੁਹਰਤ ਨੂੰ ਪੱਠੇ ਪਾਏ; ਪਰ ਉਹ ਤਿੱਬਤ ਨੂੰ ਚੀਨ ਦਾ ਹਿੱਸਾ ਮੰਨ ਕੇ ਇਤਿਹਾਸਕ ਗ਼ਲਤੀ ਕਰ ਬੈਠਾ ਸੀ। ਉਸ ਤਿੱਬਤੀਆਂ ਨੂੰ ਇੱਕ ਤਰ੍ਹਾਂ ਚੀਨ ਦੀ ਗ਼ੁਲਾਮੀ ਹੇਠ ਦੇ ਦਿੱਤਾ। ਚੀਨ ਦੀ ਫ਼ੌਜ ਜਦੋਂ ਤਿੱਬਤ ਨੂੰ ਕੰਟਰੋਲ ਕਰਨ ਲਈ ਪਹੁੰਚੀ ਉਸ ਤੋਂ ਪਹਿਲਾਂ ਤਿੱਬਤ ਦਾ ਧਰਮ ਗੁਰੂ ਦਲਾਈ ਲਾਮਾ ਦਿਨ ਰਾਤ ਇੱਕ ਕਰ ਕੇ ਔਖਾ-ਸੁਖਾਲਾ, ਪਹਾੜੀ ਦਰਿਆ ਵਿਚ ਦੀ ਹਿੰਦੋਸਤਾਨ ਪਹੁੰਚ ਗਿਆ। ਉਹ ਆਪਣਾ ਸਾਰਾ ਧਨ ਤੇ ਸੋਨਾ ਆਦਿ ਖੱਚਰਾਂ ਉੱਤੇ ਲੱਦ ਕੇ ਲੈ ਆਇਆ ਸੀ। ਚੀਨ ਨੇ ਉਸ ਧਨ ਉੱਤੇ ਆਪਣਾ ਹੱਕ ਜਤਾਇਆ। ਹਿੰਦੋਸਤਾਨ ਨੇ ਪੰਚਸ਼ੀਲ ਦਾ ਸਮਝੌਤਾ ਕਰਕੇ, ਚੀਨ ਦੇ ਇੱਕ ਬਾਗ਼ੀ ਨੂੰ ਪਨਾਹ ਦਿੱਤੀ ਸੀ ਤੇ ਇਹ

ਪੰਚਸ਼ੀਲ ਸਮਝੌਤੇ ਦੀ ਖਿਲਾਫ਼ਵਰਜ਼ੀ ਸੀ। ਚੀਨ ਦਾ ਨਹਿਰੂ ਉੱਤੇ ਨਾਰਾਜ਼ ਹੋਣਾ ਕੁਦਰਤੀ ਸੀ। ਓਧਰ ਭਾਰਤ ਦੇ ਫ਼ੌਜੀ ਜਵਾਨਾਂ ਨੇ ਚੀਨੀਆਂ ਦੀਆਂ ਸੀਮਾ ਚੌਕੀਆਂ ਦੇ ਪਿਛਵਾੜੇ ਆਪਣੇ ਡੇਰੇ ਜਾ ਲਾਏ। ਇਸ ਤਰ੍ਹਾਂ ਚੀਨੀਆਂ ਦੇ ਸਾਡੇ ਇਲਾਕੇ ਵਿਚ ਚੌਕੀਆਂ ਬਣਾਉਣ ਦੀ ਖ਼ਬਰ, ਪੰਡਤ ਨਹਿਰੂ ਨੂੰ ਲੰਕਾ ਦੇ ਦੌਰੇ ਉੱਤੇ ਗਏ ਨੂੰ ਭੇਜੀ ਗਈ। ਉਸ ਤੱਤੇ ਤਾਅ ਕੋਲੰਬੋ ਤੋਂ ਬਿਆਨ ਦੇ ਮਾਰਿਆ।

"ਮੈਨੇ ਆਪਣੇ ਜਰਨੈਲੋਂ ਕੋ ਕਹਿ ਦੀਆ ਹੈ, ਚੀਨੀਓ ਕੋ ਵਹਾਂ ਸੇ ਖਦੇੜ ਦੀਆ ਜਾਏ।"

ਉਸ ਦੇ ਇਸ ਬਿਆਨ ਨਾਲ ਚੀਨ ਸਰਕਾਰ ਹੋਰ ਗੁੱਸਾ ਖਾ ਗਈ। ਇਹ ਨਹਿਰੂ ਸਾਨੂੰ ਲਾਗੀ ਦੇਗੀ ਹੀ ਸਮਝਦਾ ਏ। ਫੇਰ ਕੀ ਸੀ, ਚੀਨ ਦੀ ਟਿੱਡੀ ਦਲ ਫ਼ੌਜ ਇਕਦਮ ਚੜ੍ਹ ਆਈ। ਭਾਰਤ ਦੀਆਂ ਫ਼ੌਜਾਂ ਨੂੰ ਭੱਜਿਆਂ ਰਾਹ ਨਾ ਲੱਭਾ। ਸਿੱਖ ਸੈਨਿਕ ਲੜਦੇ ਮੋਰਚੇ ਨਹੀਂ ਛੱਡਦੇ ਸਨ। ਚੀਨੀ ਹਾਕਮਾਂ ਦਾ ਆਪਣੀ ਸੈਨਾ ਨੂੰ ਆਦੇਸ਼ ਆ ਗਿਆ; ਜੇ ਸਿੱਖ ਹਥਿਆਰ ਨਹੀਂ ਸੁੱਟਦੇ; ਤਦ ਉਨ੍ਹਾਂ ਨੂੰ ਥਾਏਂ ਛੱਡ ਕੇ ਪਾਸਿਆਂ ਤੋਂ ਦੀ ਅੱਗੇ ਵਧ ਜਾਓ। ਨਹਿਰੂ ਦਾ ਇੱਕ ਚਹੇਤਾ ਕਸ਼ਮੀਰੀ ਜਰਨੈਲ ਸੀ। ਉਹਦੀ ਬਹਾਦਰੀ ਵੇਖੋ; ਲੜਾਈ ਤੋਂ ਡਰਦਾ, ਸਾਬਨ ਪੀ ਕੇ ਹਸਪਤਾਲ ਜਾ ਪਿਆ। ਅਸਲ ਵਿਚ ਕਸ਼ਮੀਰੀ ਪੰਡਤਾਂ ਪਹਿਲਾਂ ਕਦੇ ਲੜਾਈ ਲੜੀ ਹੀ ਨਹੀਂ ਸੀ।

ਚੀਨ ਤੋਂ ਹਾਰ ਖਾ ਕੇ ਨਹਿਰੂ ਕਿਤੇ ਮੂੰਹ ਦੇਣ ਜੋਗਾ ਨਾ ਰਿਹਾ। ਭਾਰਤ ਦੀ ਮਦਦ ਨੂੰ ਸਭ ਤੋਂ ਪਹਿਲਾਂ ਅਮਰੀਕਾ ਜੰਗੀ ਸਾਮਾਨ ਲੈ ਕੇ ਬਹੁੜਿਆ। ਜਿਸ ਤੇ ਨਹਿਰੂ ਨੂੰ ਮੂੰਹ ਪਾੜ ਕੇ ਆਖਣਾ ਪਿਆ:

"ਸਾਨੂੰ ਅੱਜ ਪਤਾ ਲੱਗਾ ਹੈ, ਸਾਡਾ ਦੋਸਤ ਕੌਣ ਤੇ ਦੁਸ਼ਮਣ ਕੌਣ ਹੈ।"

ਨਹਿਰੂ ਚੀਨ ਤੇ ਰੂਸ ਨੂੰ ਆਪਣਾ ਦੋਸਤ ਸਮਝਦਾ ਸੀ, ਪਰ ਔਖੇ ਸਮੇਂ ਬਹੁੜੀ ਮਦਦ ਕਾਰਨ ਉਸ ਨੂੰ ਸਪਸ਼ਟ ਸ਼ਬਦਾਂ ਵਿਚ ਅਮਰੀਕਾ ਨੂੰ ਮਿੱਤਰ ਆਖਣਾ ਪਿਆ। ਊਂ ਉਸ ਨੂੰ ਹੁਣ ਤੱਕ ਸਾਮਰਾਜ ਕਹਿ ਕੇ ਭੰਡਦਾ ਰਿਹਾ ਸੀ। ਕਮਿਊਨਿਸਟਾਂ ਦਾ ਇਸ ਜੰਗ ਨਾਲ ਹਿੰਦੋਸਤਾਨ ਵਿਚ ਅਸਲੋਂ ਭੱਠਾ ਬਹਿ ਗਿਆ। ਕੰਧਾਂ ਉੱਤੇ ਆਮ ਲਿਖਿਆ ਪੜ੍ਹਿਆ ਜਾਂਦਾ ਸੀ: "ਕਮਿਊਨਿਸਟ ਕੁੱਤੋਂ ਕੋ ਮਾਰ ਦੋ।" ਕਮਿਊਨਿਸਟਾਂ ਦਾ ਅਮਰੀਕਾ ਉੱਤੇ ਅਲਜ਼ਾਮ ਸੀ, ਅਮਰੀਕਾ ਭਾਰਤ ਨੂੰ ਚੀਨ ਵਿਰੁੱਧ ਖੜ੍ਹਾ ਕਰਨਾ ਚਾਹੁੰਦਾ ਹੈ; ਤਾਂ ਜੋ ਚੀਨ ਸਾਰੇ ਏਸ਼ੀਆ ਵਿਚ ਆਪਣੀ ਲਹਿਰ ਨਾ ਫੈਲਾਅ ਸਕੇ। ਏਸੇ ਕਾਰਨ ਅਮਰੀਕਾ ਦੀ ਸੀ. ਆਈ. ਏ. ਨੇ ਭਾਰਤੀ ਫ਼ੌਜੀ ਜਰਨੈਲਾਂ ਨਾਲ ਗਾਂਢ-ਸਾਂਢ ਕਰਕੇ ਸਰਹੱਦੀ ਗੜਬੜ ਕਰਵਾਈ, ਜਿਹੜੀ ਵੱਡੀ ਲੜਾਈ ਵਿਚ ਬਦਲ ਗਈ ਸੀ। ਭਾਰਤੀ ਪ੍ਰੈੱਸ ਨੇ ਅਤਾ ਪਤਾ ਲਾ ਕੇ ਦੱਸਿਆ ਕਿ ਚੀਨ ਨੇ ਬਾਰ੍ਹਾਂ ਹਜ਼ਾਰ ਮੁਰੱਬਾ ਮੀਲ ਰਕਬਾ ਭਾਰਤ ਦਾ ਦੱਬ ਲਿਆ ਹੈ। ਰੂਸੀ ਪ੍ਰਧਾਨ ਮੰਤਰੀ ਖੁਰਸਚੋਵ ਦੀ ਅਪੀਲ ਉੱਤੇ ਚੀਨੀਆਂ ਇੱਕ ਤਰਫ਼ਾ ਜੰਗਬੰਦੀ ਕਰ ਦਿੱਤੀ। 'ਹਿੰਦੀ ਚੀਨੀ ਭਾਈ ਭਾਈ' ਦੀ ਜੰਗ ਨੇ ਨਹਿਰੂ ਨੂੰ ਅੰਦਰੋਂ ਬਾਹਰੋਂ ਬੁਰੀ ਤਰ੍ਹਾਂ ਤੋੜ ਸੁੱਟਿਆ। ਉਸ ਦੀ ਕੌਮਾਂਤਰੀ ਸ਼ੁਹਰਤ ਹਾਥੀ ਤੋਂ ਚੂਹਾ ਬਣ ਚੁੱਕੀ ਸੀ। ਚੀਨ ਨੇ ਭਾਰਤ ਦੇ ਜੰਗੀ ਕੈਦੀ ਛੱਡ ਦਿੱਤੇ; ਪਰ ਨੱਪੇ ਇਲਾਕੇ ਵਿਚੋਂ ਸੂਈ ਦੇ ਨੱਕੇ ਜਿੰਨੀ ਥਾਂ ਨਾ ਵਾਪਸ ਕੀਤੀ। ਰੋਜ਼ੇ ਬਖ਼ਸ਼ਾਉਣ ਗਏ ਨਮਾਜ਼ ਗਲ ਪੁਆ ਲਿਆਏ। ਵਿਚੇ ਵਿਚ ਨਹਿਰੂ ਤੋਂ ਅਸਤੀਫ਼ਾ ਮੰਗਿਆ ਜਾਣ ਲੱਗਾ। ਰੱਖਿਆ ਮੰਤਰੀ ਕ੍ਰਿਸ਼ਨਾ ਮੈਨਨ ਨੇ ਸਾਰਾ ਦੋਸ਼ ਆਪਣੇ ਉੱਤੇ ਲੈ ਕੇ ਅਸਤੀਫ਼ਾ ਦੇ ਦਿੱਤਾ।

ਕਮਿਊਨਿਸਟ ਡਾਂਗੇ ਨੇ ਡੇਢ ਲੱਖ ਲੋਕਾਂ ਦੀ ਰੈਲੀ ਨਹਿਰੂ ਦੇ ਹੱਕ ਵਿਚ ਕੀਤੀ। ਇਸ ਤਰ੍ਹਾਂ ਨਹਿਰੂ ਦੀ ਡੋਲਦੀ ਗੱਦੀ ਮਸਾਂ ਬਚੀ। ਮਹਾਂਰਾਸ਼ਟਰ ਦੇ ਮੁੱਖ ਮੰਤਰੀ ਚਵਾਨ ਨੂੰ ਬਹਾਦਰ ਸਮਝ ਕੇ ਤਲਵਾਰ ਭੇਟ ਕੀਤੀ ਗਈ ਅਤੇ ਨਵਾਂ ਰੱਖਿਆ ਮੰਤਰੀ ਥਾਪਿਆ ਗਿਆ। ਉਸ ਜੋਸ਼ ਵਿੱਚ ਆ ਕੇ ਐਲਾਨ ਕਰ ਦਿੱਤਾ:

"ਮੈਂ ਉਸ ਵਕਤ ਤੱਕ ਬੰਬਈ ਵਾਪਸ ਨਹੀਂ ਆਊਂਗਾ, ਜਬ ਤੱਕ ਚੀਨ ਸੇ ਕਬਜ਼ੇ ਵਾਲਾ ਇਲਾਕਾ ਵਾਪਸ ਨਹੀਂ ਲੇ ਲੇਤਾ।"

ਚਵਾਨ ਦੀ ਇਹ ਨਿਰੀ ਗਿੱਦੜ ਭਬਕੀ ਸਾਬਤ ਹੋਈ। ਭਾਰਤ ਮਾੜੇ ਕੁੱਤੇ ਵਾਂਗ ਪੂਛ ਚੱਡਿਆਂ ਵਿਚ ਪਾਈ ਕੇਵਲ ਦੰਦੀਆਂ ਹੀ ਕੱਢਦਾ ਰਿਹਾ। ਜਿਵੇਂ ਅਕਾਲੀਆਂ ਦੇ ਪੰਜਾਬੀ ਸੂਬੇ ਲਈ ਕੀਤੇ ਮਤੇ ਤੇ ਅਪੀਲਾਂ ਉੱਤੇ ਹਿੰਦ ਸਰਕਾਰ ਕੰਨ ਨਹੀਂ ਧਰਦੀ ਸੀ; ਬਿਲਕੁਲ ਇਸ ਤਰ੍ਹਾਂ ਹੀ ਚੀਨ ਨੇ ਵਿਚ ਪਏ ਸਾਂਝੇ ਵਿਚੋਲਿਆਂ ਦੀ ਗੱਲ ਤੱਕ ਨਾ ਸੁਣੀ। ਅਮਰੀਕਾ ਦੇ ਦੋਹੀਂ ਹੱਥੀਂ ਲੱਡੂ ਸਨ। ਉਹ ਕਮਿਊਨਿਜ਼ਮ ਦੀ ਯਲਗਾਰ ਨੂੰ ਰੋਕਣਾ ਅਤੇ ਨਹਿਰੂ ਦੇ ਲਿਬਰਲਿਜ਼ਮ ਦੀ ਫੂਕ ਵੀ ਕੱਢਣਾ ਚਾਹੁੰਦਾ ਸੀ। ਸੋ, ਨਹਿਰੂ ਹਰ ਪਾਸਿਓਂ ਐਨਾ ਮਾਯੂਸ ਹੋਇਆ ਕਿ ਅਗਲੇ ਸਾਲ ਰਾਮ ਨੂੰ ਪਿਆਰਾ ਹੋ ਗਿਆ।

ਨਹਿਰੂ ਵਾਲੀ ਗੱਦੀ ਉੱਤੇ ਹੁਣ ਲਾਲ ਬਹਾਦਰ ਸ਼ਾਸਤਰੀ ਆ ਬੈਠਾ। ਉਸ ਦੀ ਸਾਧਾਰਤਾ ਅਤੇ ਸਾਦਗੀ ਦਾ ਦੇਸ਼ ਉੱਤੇ ਚੰਗਾ ਪ੍ਰਭਾਵ ਪਿਆ। ਅਕਾਲੀਆਂ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਮੁੜ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਏਸੇ ਮੁੱਦੇ ਨੂੰ ਲੈ ਕੇ ਇੱਕ ਮੀਟਿੰਗ ਅਕਾਲੀ ਦਲ ਦੇ ਦਫ਼ਤਰ ਅੰਮ੍ਰਿਤਸਰ ਜੁੜ ਬੈਠੀ। ਅਕਾਲੀ ਮੋਰਚੇ ਲਾ ਲਾ ਨਿੱਸਲ ਹੋ ਚੁੱਕੇ ਸਨ। ਕਿਉਂਕਿ ਕੁਰਬਾਨੀਆਂ ਦੇ ਪਹਾੜ ਖੜ੍ਹੇ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਆਪਣੇ ਰਾਜ ਲਈ ਮਾਮੂਲੀ ਟਿੱਬਾ ਵੀ ਹਾਸਲ ਨਹੀਂ ਹੋਇਆ ਸੀ। ਗਿਆਨੀ ਕਰਤਾਰ ਸਿੰਘ ਨੇ ਹੀ ਗੱਲ ਸ਼ੁਰੂ ਕੀਤੀ:

"ਪਿਆਰੇ ਖਾਲਸਾ ਜੀ! ਮੈਂ ਚਾਹੁੰਦਾ ਹਾਂ, ਅਸੀਂ ਇਹ ਸੋਚੀਏ, ਸਾਡੇ ਨਾਲ ਇਨਸਾਫ਼ ਨਾ ਹੋਣ ਦੇ ਕਾਰਨ ਕੀ ਹਨ? ਅਸੀਂ ਇਤਿਹਾਸਕ ਕੁਰਬਾਨੀਆਂ ਦੇ ਪੱਖੋਂ ਕਿੰਨੇ ਤੇਜ ਪ੍ਰਤਾਪ ਵਾਲੇ ਹਾਂ। ਇਹ ਸਾਨੂੰ ਗੁਰੂ ਦੀ ਥਾਪਨਾ ਸਮਝਣੀ ਚਾਹੀਦੀ ਹੈ, ਪਰ ਹਾਂ ਤਾਂ ਘੱਟ ਗਿਣਤੀ ਕੌਮੀਅਤ ਹੀ। ਜਮਹੂਰੀ ਜੁੱਗ ਵਿਚ ਬਹੁਗਿਣਤੀ ਦਾ ਹੱਥ ਉੱਤੇ ਹੋਣਾ ਕੁਦਰਤੀ ਹੈ।"

"ਘੱਟ-ਗਿਣਤੀ ਕੌਮੀਅਤ ਲਈ ਆਪਣੀ ਹਸਤੀ ਬਚਾਉਣ ਦੇ ਦੋ ਹੀ ਰਾਹ ਹਨ। ਪਹਿਲਾ ਹਥਿਆਰਬੰਦ ਸ਼ਕਤੀ ਨਾਲ ਆਪਣਾ ਸਿੱਕਾ ਜਮਾਉਣਾ ਤੇ ਦੂਜਾ ਹੈ ਬਹੁ ਗਿਣਤੀ ਨਾਲ ਜੁੜ ਕੇ ਰਹਿਣਾ। ਸ਼ਕਤੀ ਵਲੋਂ ਅਸੀਂ ਆਪਣੀ ਬੇਵਕੂਫੀ ਨਾਲ ਵਾਂਝੇ ਹੋ ਗਏ। ਆਖ਼ਰੀ ਹਥਿਆਰ ਮਿਲਵਰਤਨ ਦਾ ਹੀ ਰਹਿ ਗਿਆ ਹੈ। ਮੈਨੂੰ ਮਾਸਟਰ ਜੀ ਦਾ ਫ਼ਤਹਿਗੜ੍ਹ ਸਾਹਿਬ ਆਏ ਨਹਿਰੂ ਦੀ ਹੱਤਕ ਕਰਨਾ ਚੰਗਾ ਨਹੀਂ ਲੱਗਾ। ਅਸੀਂ ਬਦਲੇ ਦੀ ਭਾਵਨਾ ਨਾਲ ਭਾਵੁਕ ਬਹੁਤੇ ਆਂ, ਪਰ ਆਪਣੀ ਹੋਂਦ ਬਚਾਉਣ ਲਈ ਸੰਜੀਦਾ ਤੇ ਈਮਾਨਦਾਰ ਬਹੁਤ ਘੱਟ ਹਾਂ। ਸਾਨੂੰ 'ਵਾ ਵਿਚ ਤਲਵਾਰਾਂ ਮਾਰਨੀਆਂ ਛੱਡ ਦੇਣੀਆਂ ਚਾਹੀਦੀਆਂ ਹਨ.....।"

ਬਾਹਰ ਖੜ੍ਹੇ ਰਣਜੋਧ ਨੇ ਗਿਆਨੀ ਕਰਤਾਰ ਸਿੰਘ ਦੇ ਇਹ ਬੋਲ ਸੁਣੇ ਤਾਂ ਅਸ਼-ਅਸ਼ ਕਰਨ ਲੱਗਾ।

"ਓਏ ਭਾਊ ਕਰਨੈਲਿਆ! ਵੇਖ ਓਏ ਇਹ ਹੈ ਜ਼ੁੰਮੇਵਾਰ ਲੀਡਰ। ਤੇਰੀ ਜੁੰਡਲੀ ਤਾਂ ਝੱਲੀ ਚੁੱਕਾਂ ਦੀ ਜਮਾਤ ਐ।"

"ਕਾਂਗਰਸ ਵਿਚ ਵੀ ਏਹੋ ਗਿਆ ਸੀ।" ਮਝੈਲ ਮਲਵਈ ਨੂੰ ਚੋਟ ਕਰ ਗਿਆ।

"ਸੱਚਰ ਫਾਰਮੂਲੇ ਰਾਹੀਂ ਪੰਜਾਬੀ ਸੂਬੇ ਦੀ ਨਿਊਂ ਰੱਖ ਆਇਆ ਹੈ।" ਉਨ੍ਹਾਂ ਮੀਟਿੰਗ ਦੀ ਕਾਰਵਾਈ ਨਾਲ ਮੁੜ ਕੰਨ ਜੋੜ ਲਏ।

"ਤੁਹਾਡਾ ਮਤਲਬ ਐ ਗਿਆਨੀ ਜੀ, ਕਾਂਗਰਸ ਵਿਚ ਗਰਕ ਜਾਈਏ?" ਮਾਸਟਰ ਜੀ ਚਿੜ ਗਏ ਸਨ।

"ਮਾਸਟਰ ਜੀ, ਮੇਰਾ ਇਹ ਮਤਲਬ ਹਰਗਿਜ਼ ਨਹੀਂ। ਮੈਂ ਚਾਹੁੰਦਾ ਆਂ ਟਕਰਾਓ ਵਾਲਾ ਰਵੱਈਆ ਛੱਡ, ਮਿਲਵਰਤਨ ਨੂੰ ਅਪਣਾ ਕੇ ਵੇਖੀਏ। ਮਾੜਾ ਟਾਕਰਾ ਕਰੇਗਾ, ਕੁੱਟ ਹੀ ਖਾਵੇਗਾ; ਸੋ, ਅਸੀਂ ਖਾਈ ਜਾ ਰਹੇ ਆਂ। ਭਾਰਤ ਚੀਨ ਤੋਂ ਕੁੱਟ ਖਾ ਕੇ ਓਧਰ ਮੂੰਹ ਨਹੀਂ ਕਰਦਾ। ਮੋਰਚੇ ਵਿਚ ਅਸੀਂ ਸਤਵੰਜਾ ਹਜ਼ਾਰ ਜੇਲ੍ਹ ਗਏ; ਪਰ ਕਾਂਗਰਸ ਸਰਕਾਰ ਨੇ ਕੰਨ ਝਾੜ ਛੱਡੇ, ਸਾਡੀ ਗੱਲ ਤੱਕ ਨਹੀਂ ਸੁਣੀ। ਸਾਨੂੰ ਰਾਜਨੀਤਕ ਪੈਂਤੜਾ ਬਦਲਣਾ ਚਾਹੀਦਾ ਹੈ।"

"ਜਿਹੜੇ ਸਿੱਖ ਕਾਂਗਰਸ ਵਿਚ ਗਏ, ਮੁੜ ਵਾਪਸ ਨਹੀਂ ਆਏ; ਉਨ੍ਹਾਂ ਕੀ ਰੰਗ ਲਾ ਦਿੱਤਾ।" ਮਾਸਟਰ ਜੀ ਨੀਮ ਗੁੱਸੇ ਨਾਲ ਕਹਿ ਗਏ।

ਮੀਟਿੰਗ ਵਿਚੋਂ ਇਕ ਸਿੰਘ ਹੱਥ ਖੜ੍ਹਾ ਕਰਕੇ ਬੋਲ ਪਿਆ:

"ਉਹ ਸਿੱਖ ਨਿੱਜੀ ਆਹੁਦਿਆਂ ਲਈ ਗਏ ਸੀ; ਕੌਮੀ ਹਿੱਤਾਂ ਨੂੰ ਮੁੱਖ ਰੱਖ ਕੇ ਨਹੀਂ ਗਏ ਸਨ।"

"ਕਾਂਗਰਸ ਵਿਚ ਜਾਣ ਵਾਲੇ ਸਭ ਗ਼ਦਾਰ ਸਨ, ਝੋਲੀ ਚੁੱਕ; ਆਪਣੀਆਂ ਗ਼ਰਜ਼ਾਂ ਪੂਰੀਆਂ ਕਰਨ ਵਾਲੇ। ਕਾਂਗਰਸ ਨਿਰੀ ਬੇਈਮਾਨਾਂ ਦੀ ਜਮਾਤ ਐ। ਸਾਰੀ ਦੇ ਝੂਠੇ ਐ। ਸਾਡੇ ਨਾਲ ਇਕਰਾਰ ਕਰਕੇ ਮੁੱਕਰੇ, ਵਿਸ਼ਵਾਸਘਾਤੀ। ਮੈਂ ਉਸ ਵਿਚ ਜਾਣਾ ਸੋਚ ਵੀ ਨਹੀਂ ਸਕਦਾ।" ਮਾਸਟਰ ਜੀ ਨੇ ਪੱਟਾਂ ਉੱਤੇ ਰੱਖੀ ਤਲਵਾਰ ਘੁੱਟ ਕੇ ਫੜ ਲਈ।

"ਮਾਸਟਰ ਜੀ, ਕੁਝ ਲੈਣ ਸਮੇਂ ਤੁਹਾਡਾ ਨੁਮਾਇੰਦਾ ਬਲਦੇਵ ਸਿੰਘ ਅੰਗਰੇਜ਼ਾਂ ਦੇ ਰੋਕਣ ਦੇ ਬਾਵਜੂਦ ਵਲਾਇਤੋਂ ਭੱਜ ਆਇਆ?" ਉਹ ਸਿੰਘ ਮੁੜ ਕਹਿ ਗਿਆ। "ਜਦੋਂ ਤੰਦੂਰ ਤਪਿਆ ਸੀ, ਤੁਸੀਂ ਕੀ ਕਰਦੇ ਸੀ? ਤੁਸਾਂ ਬਹੁਤੇ ਚਤਰਾਂ ਇਤਬਾਰ ਕਿਉਂ ਕੀਤਾ?"

ਤਲਖ਼ ਹੁੰਦੀ ਰੌ ਨੂੰ ਗਿਆਨੀ ਕਰਤਾਰ ਸਿੰਘ ਨੇ ਹੱਥ ਦੇ ਕੇ ਰੋਕਿਆ। "ਸੱਪ ਲੰਘ ਗਿਆ, ਹੁਣ ਲਕੀਰ ਕਿਉਂ ਕੁੱਟਦੇ ਹੋ।" ਉਹ ਮਾਸਟਰ ਜੀ ਨੂੰ ਬਚਾਉਣਾ ਚਾਹੁੰਦਾ ਸੀ; ਕਿਉਂਕਿ ਇਨ੍ਹਾਂ ਸਵਾਲਾਂ ਦਾ ਮਾਸਟਰ ਜੀ ਕੋਲ ਕੋਈ ਠੋਸ ਜਵਾਬ ਨਹੀਂ ਸੀ। "ਆਓ ਆਪਣੇ ਭਵਿੱਖ ਬਾਰੇ ਸੋਚੀਏ। ਮੈਂ ਸਰਕਾਰ ਨਾਲ ਮਿਲ ਕੇ ਚੱਲਣ ਵਾਲੀ ਤਜਵੀਜ਼ ਤੁਹਾਡੇ ਅੱਗੇ ਰੱਖੀ ਹੈ। ਕੋਈ ਹੋਰ ਸੱਜਣ ਨਵਾਂ ਸੁਝਾਅ ਦੇਵੇ।"

"ਅਸੀਂ ਫਿਰ ਮੋਰਚਾ ਲਾਵਾਂਗੇ।" ਮਾਸਟਰ ਜੀ ਨੇ ਕਿਰਪਾਨ ਨਾਲ ਫ਼ਰਸ਼ ਠਕੋਰਿਆ।

"ਅਗਲੇ ਮੋਰਚੇ ਦਾ ਸੂਰਮਾ ਪਹਿਲਾਂ ਕੱਢ ਲਵੋ ਮਾਸਟਰ ਜੀ!" ਉਹੀ ਸਿੰਘ ਵਿਅੰਗ ਨਾਲ ਕਹਿ ਗਿਆ।

"ਪਹਿਲੇ ਮੋਰਚੇ ਤੋਂ ਅਸਾਂ ਕੀ ਖੱਟਿਆ। ਬਠਿੰਡਾ ਜੇਲ੍ਹ ਵਿਚ ਕਾਂਗਰਸੀ ਗੋਲੀਆਂ ਨਾਲ ਕਿੰਨੇ ਸਿੰਘ ਸ਼ਹੀਦ ਹੋ ਗਏ। ਸਰਕਾਰ ਨੇ ਹਾਅ ਦਾ ਨਾਅਰਾ ਤੱਕ ਨਹੀਂ ਮਾਰਿਆ।"

ਗਿਆਨੀ ਜੀ ਦੀ ਏਨੀ ਗੱਲ ਨਾਲ ਮੀਟਿੰਗ ਵਿਚ ਚੁੱਪ ਵਰਤ ਗਈ।

ਸੰਤ ਫ਼ਤਹਿ ਸਿੰਘ ਨੇ ਸਾਰੀ ਮੀਟਿੰਗ ਵਿਚ ਕੋਈ ਗੱਲ ਨਾ ਤੋਰੀ। ਪਹਿਲੋਂ ਆਪਸੀ ਗੱਲਾਂ ਛਿੜੀਆਂ, ਮੁੜ ਆਪੋ ਧਾਪ ਪੈ ਗਈ। ਮੀਟਿੰਗ ਬਿਨਾਂ ਕਿਸੇ ਸਿੱਟੇ 'ਤੇ ਪੁੱਜੇ ਖਿੱਲਰਦੀ ਗਈ। ਕੇਵਲ ਤਿੰਨ ਚਾਰ ਸਿੰਘ ਹੀ ਬੈਠੇ ਰਹਿ ਗਏ। ਗਿਆਨੀ ਕਰਤਾਰ ਸਿੰਘ ਨੇ ਮੁੜ ਆਖਿਆ।

"ਮਾਸਟਰ ਜੀ ਗੱਲ ਤਾਂ ਕਿਸੇ ਕਿਨਾਰੇ ਨਾ ਲੱਗੀ।" ਉਹ ਸਮਝਦਾ ਸੀ, ਜਮਾਤ ਅਥਵਾ ਕੌਮ ਨੂੰ ਚਲਾਉਣ ਵਾਲੇ ਇੱਕ ਦੋ ਆਗੂ ਹੀ ਹੁੰਦੇ ਹਨ। ਬਾਕੀ ਲਾਣਾ ਤਾਂ ਮਗਰ ਹੀ ਲੱਗਣ ਵਾਲਾ ਹੁੰਦਾ ਹੈ।

"ਕਾਂਗਰਸ ਬੇਈਮਾਨਾਂ ਦੀ ਜਮਾਤ ਐ, ਧੋਖੇਬਾਜ਼। ਮੈਂ ਵਿਸ਼ਵਾਸ ਘਾਤੀਆਂ ਨਾਲ ਨਹੀਂ ਜਾ ਸਕਦਾ। ਉਨ੍ਹਾਂ ਨਾਲ ਜਾਣਾ ਮੈਨੂੰ ਬੇਦੀਨ ਹੋਣ ਵਰਗਾ ਲੱਗਦਾ ਹੈ।" ਮਾਸਟਰ ਤਾਰਾ ਸਿੰਘ ਦਾ ਗੁੱਸਾ ਫੁੰਕਾਰੇ ਮਾਰ ਰਿਹਾ ਸੀ।

"ਪਰ ਅਸੀਂ ਐਨੀ ਅਣਖੀਲੀ ਕੌਮ ਨੂੰ ਮੰਝਧਾਰ ਵਿਚ ਨਿਰੇ ਗੋਤੇ ਖਾਣ ਲਈ ਵੀ ਨਹੀਂ ਛੱਡ ਸਕਦੇ।"

"ਅਸੀਂ ਕੌਮ ਨੂੰ ਨਿਆਸਰੀ ਨਹੀਂ ਛੱਡਾਂਗੇ। ਅਕਾਲ ਪੁਰਖ ਤੇ ਭਰੋਸਾ ਰੱਖੋ; ਉਹ ਸੱਚ-ਝੂਠ ਸਭ ਦੇਖਦਾ ਹੈ। ਮੇਰਾ ਵਿਸ਼ਵਾਸ ਹੈ, ਸਾਡੀ ਇੱਕ ਦਿਨ ਚੜ੍ਹਦੀ ਕਲਾ ਹੋਵੇਗੀ। ਤੁਸੀਂ ਦਿਲ ਨਾ ਹਾਰੋ, ਡੱਟੇ ਰਹੋ।" ਏਨੀ ਕਹਿ ਕੇ ਮਾਸਟਰ ਜੀ ਵੀ ਉੱਠ ਖਲੋਤੇ।

ਪੌੜੀਆਂ ਉਤਰਦੇ ਗਿਆਨੀ ਕਰਤਾਰ ਸਿੰਘ ਨੂੰ ਰਣਜੋਧ ਮਿਲ ਪਿਆ। ਉਹ ਬੋਲਿਆ:

"ਗਿਆਨੀ ਜੀ, ਮਾਸਟਰ ਜੀ ਜ਼ਿੱਦ ਛੱਡਣ ਵਾਲੇ ਨਹੀਂ।"

"ਗੱਲ ਇਹ ਨਹੀਂ ਰਣਜੋਧ ਭਾਈ, ਉਨ੍ਹਾਂ ਦੇ ਵਿਸ਼ਵਾਸ ਨੂੰ ਕਾਂਗਰਸ ਨੇ ਡੂੰਘੇ ਜ਼ਖਮ ਲਾਏ ਐ। ਉਨ੍ਹਾਂ ਜ਼ਖ਼ਮਾਂ ਦਾ ਦਰਦ, ਕਾਂਗਰਸ ਨੂੰ ਮਿਲਵਰਤਨ ਦੇਣ ਨੂੰ ਤਿਆਰ ਨਹੀਂ ਹੁੰਦਾ।" ਉਹ ਤੁਰੇ ਵੀ ਜਾ ਰਹੇ ਸਨ।

"ਕਾਂਗਰਸ ਨੂੰ ਮਿਲਵਰਤਨ ਦੇਣਾ, ਉਨ੍ਹਾਂ ਦੀ ਝੋਲੀ ਚੁੱਕਣਾ ਨਹੀਂ?"

'ਮਿਲਵਰਤਨ ਦੇਣ ਤੇ ਝੋਲੀ ਚੁੱਕਣ ਵਿਚ ਥੋੜ੍ਹਾ ਫ਼ਰਕ ਹੈ। ਅਸੀਂ ਕੌਮੀ ਹਾਸਲ ਲਈ ਮਿਲਵਰਤਨ ਦੇਣਾ ਚਾਹੁੰਦੇ ਆਂ। ਝੋਲੀ ਚੁੱਕਣਾ ਨਿੱਜੀ ਗਰਜ਼ਾਂ ਲਈ ਹੁੰਦਾ ਹੈ।"

"ਮੈਂ ਤੁਹਾਡੀ ਸੂਝ ਤੇ ਦੂਰਅੰਦੇਸ਼ੀ ਦਾ ਕਾਇਲ ਆਂ। ਪਰ ਮਾਸਟਰ ਜੀ ਦੀ ਇਸ ਗੱਲ ਨਾਲ ਸੌ ਫ਼ੀਸਦੀ ਸਹਿਮਤ ਆਂ। ਕਾਂਗਰਸ ਲੋਹੇ ਦਾ ਥਣ ਹੈ, ਸਿੱਖਾਂ ਨੂੰ ਧਾਰ ਨਹੀਂ ਦੇਵੇਗੀ।"

"ਪਰ ਚਾਟ ਪਾ ਕੇ ਵੇਖਣ ਵਿਚ ਕੀ ਹਰਜ਼ ਐ।" ਗਿਆਨੀ ਜੀ ਨਾਲ ਰਣਜੋਧ ਵੀ ਹੱਸ ਪਿਆ।

"ਦੇਖੋ ਜਵਾਹਰ ਲਾਲ ਚਲਾ ਗਿਆ। ਉਹਦੀ ਥਾਂ ਲਾਲ ਬਹਾਦਰ ਸ਼ਾਸਤਰੀ ਆ ਗਿਆ; ਪਲੋਸ ਕੇ ਤਜਰਬਾ ਕਰ ਲੈਣਾ ਚਾਹੀਦਾ ਹੈ।"

"ਜਵਾਹਰ ਲਾਲ ਸਿੱਖਾਂ ਦੇ ਐਂਟੀ ਕਿਉਂ ਸੀ?"

"ਸਾਡਾ ਬਹਾਦਰ ਹੋਣਾ, ਐਨ ਭੀੜ ਪਈ ਤੋਂ ਕੁਰਬਾਨੀ ਕਰਨਾ ਹੀ ਸਾਡੇ ਲਈ

ਔਗੁਣ ਹੋ ਗਿਆ ਹੈ। ਬ੍ਰਾਹਮਣ ਬਾਣੀਏ ਦਾ ਦਿਲ ਹਮੇਸ਼ਾ ਕਮਜ਼ੋਰ ਹੁੰਦਾ ਹੈ। ਉਨ੍ਹਾਂ ਆਪਣੀ ਕਿਰਤ ਕਰਕੇ ਨਹੀਂ ਖਾਧੀ ਹੁੰਦੀ। ਬੇਗ਼ਾਨੇ ਧਾਨ ਤੇ ਪਲੇ ਹੁੰਦੇ ਐ। ਉਨ੍ਹਾਂ ਦੇ ਦਿਲਾਂ ਵਿਚ ਭੈਅ ਸਮਾਇਆ ਹੋਇਆ ਹੈ, ਸਿੱਖ ਸਾਡਾ ਰਾਜ ਭਾਗ ਖੋਹਣ ਵਿਚ ਸਹਾਈ ਹੋਣਗੇ। ਇਨ੍ਹਾਂ ਨੂੰ ਐਨਾ ਕਮਜ਼ੋਰ ਕਰ ਦਿਓ ਕਿ ਸਿਰ ਚੁੱਕਣ ਜੋਗੇ ਹੀ ਨਾ ਰਹਿਣ। ਦੂਜਾ ਕਾਰਨ ਮਾਸਟਰ ਜੀ ਦਾ ਸਖ਼ਤ ਵਿਰੋਧ ਵੀ ਸਾਡੇ ਪੱਟੀਂ ਪੈ ਗਿਆ।" ਕਰਤਾਰ ਸਿੰਘ ਨੇ ਰਣਜੋਧ ਸਿੰਘ ਦਾ ਮੋਢਾ ਥਾਪੜਿਆ; "ਤੈਨੂੰ ਇੱਕ ਪੁਰਾਣੀ ਗੱਲ ਦੱਸਣਾ ਆਂ। ਇੱਕ ਵਾਰ ਮੌਲਾਨਾ ਆਜ਼ਾਦ ਨੇ ਨਹਿਰੂ ਨੂੰ ਆਖਿਆ: ਸਿੱਖੋਂ ਨੇ ਜੰਗੇ ਆਜ਼ਾਦੀ ਮੇਂ ਬੇਬਹਾ ਕੁਰਬਾਨੀਆਂ ਕੀ ਹੈਂ। ਹਮੇਂ ਆਪਣੇ ਦੀਏ ਵਾਅਦੇ ਮੁਤਾਬਕ ਉਨ ਕਾ ਕੁਛ ਬਨਾਨਾ ਚਾਹੀਏ? ਪਤਾ ਏ ਪੰਡਤ ਨਹਿਰੂ ਨੇ ਕੀ ਜਵਾਬ ਦਿੱਤਾ: ਮੌਲਾਨਾ ਸਾਹਿਬ! ਆਜ ਤੋ ਯਹਿ ਬਾਤ ਛੇੜ ਲੀ, ਫਿਰ ਕਭੀ ਯਾਦ ਵੀ ਨਾ ਕਰਨਾ। ਇਸ ਤੋਂ ਅੰਦਾਜ਼ਾ ਲਾ ਲੈ, ਨਹਿਰੂ ਕਿੰਨਾ ਤੇ ਕਿਉਂ ਐਂਟੀ ਸੀ।"

"ਗਿਆਨੀ ਜੀ! ਅਸਾਂ ਤਾਂ ਪੰਡਤਾਂ ਦਾ ਪਿਛੋਕੜਲੇ ਇਤਿਹਾਸ ਤੋਂ ਲੈ ਕੇ ਹੁਣ ਤੱਕ ਬਣਾਇਆ ਸਵਾਰਿਆ ਈ ਏ। ਉਹ ਸਾਡੇ ਨਾਲ ਐਨਾ ਨਿਰਦਈ ਸਲੂਕ ਕਿਉਂ ਕਰਦੇ ਹਨ?" ਰਣਜੋਧ ਕਹਿਣੋਂ ਰੁਕ ਨਾ ਸਕਿਆ।

"ਕੁਝ ਕੌਮਾਂ ਦੀ ਖਸਲੱਤ ਹੀ ਅਜਿਹੀ ਹੁੰਦੀ ਐ। ਕੁਰਬਾਨੀਆਂ ਕੋਈ ਕਰਦੇ ਐ, ਮੁਫ਼ਤ ਵਿਚ ਰਾਜ ਕਿਸੇ ਦੇ ਹੱਥ ਵਿਚ ਆ ਜਾਂਦਾ ਹੈ। ਅਸਲ ਵਿਚ ਬ੍ਰਾਹਮਣ-ਬਾਣੀਆ ਕਦੇ ਕੌਮ ਬਣੇ ਹੀ ਨਹੀਂ। ਇਨ੍ਹਾਂ ਤਲਵਾਰ ਵਾਹ ਕੇ ਆਪਣੇ ਬਾਹੂ ਬਲ ਨਾਲ ਰਾਜ ਕਾਇਮ ਕੀਤਾ ਹੀ ਨਹੀਂ। ਇਨ੍ਹਾਂ ਦੀ ਸੋਚ ਕਮੀਨੀ ਹੋਣ ਦਾ ਇਹ ਵੀ ਇੱਕ ਕਾਰਨ ਹੈ। ਅਸੀਂ ਘੱਟ ਗਿਣਤੀ ਕੌਮ ਹਾਂ, ਪਰ ਇਨ੍ਹਾਂ ਨੂੰ ਖਾਹ ਮਖਾਹ ਹੀ ਸਾਡੇ ਕੋਲੋਂ ਡਰ ਲੱਗਦਾ ਹੈ। ਮਲਵਈਆ! ਮਰਹੱਟੇ ਕੌਮ ਐ, ਰਾਜਪੂਤ, ਬੰਗਾਲੀ ਤੇ ਤਾਮਲ ਆਦਿ ਕੌਮਾਂ ਹਨ। ਬ੍ਰਾਹਮਣ ਬਾਣੀਆਂ ਦੇ ਰਾਜ ਦੀਆਂ ਮੱਲਾਂ ਮਾਰਨ ਵਾਲਾ ਕੋਈ ਇਤਿਹਾਸ ਨਹੀਂ ਮਿਲਦਾ।"

"ਜੇਲ੍ਹਾਂ ਵਿਚ ਤਾਂ ਨਹਿਰੂ ਗਾਂਧੀ ਬਰਾਬਰ ਜਾਂਦੇ ਰਹੇ ਐ?"

"ਸਰ ਆਗਾ ਖ਼ਾਂ ਦਾ ਮਹਿਲ ਤੂੰ ਵੇਖਿਆ ਨਹੀਂ ਹੋਣਾ। ਇਹ ਜੇਲ੍ਹਾਂ ਵੀ ਰਾਜ ਮਹਿਲਾਂ ਵਿੱਚ ਕੱਟਦੇ ਸੀ। ਇਨ੍ਹਾਂ ਕੈਂਮਲਪੁਰ, ਮੁਲਤਾਨ ਤੇ ਮਿੰਟਗੁਮਰੀ ਵਰਗੀਆਂ ਜੇਲ੍ਹਾਂ ਵੇਖੀਆਂ ਹੁੰਦੀਆਂ; ਨਾਨੀ ਯਾਦ ਆ ਜਾਂਦੀ। ਉਹ ਸਾਡੇ ਈ, ਗਦਰੀ ਬਾਬੇ ਸਨ; ਜਿਨ੍ਹਾਂ ਜਾਨ ਹੂਲ ਕੇ ਸਿਰੜ ਨਿਬਾਹੇ।"

"ਸਿੱਖਾਂ ਦਾ ਕੁਝ ਬਣੇਗਾ ਕਿ ਨਹੀਂ? ਸਾਡੀ ਸਿਆਸਤ ਵਿਚ ਖੜੋਤ ਨਹੀਂ ਆ ਗਈ?"

"ਹਾਂਅ, ਜਮੂਦ ਗਹਿਰਾ ਹੈ, ਪਰ ਸੰਤ ਫ਼ਤਹਿ ਸਿੰਘ ਜੀ ਪੰਜਾਬੀ ਸੂਬੇ ਦੇ ਹਾਸਲ ਲਈ ਮਰਨ ਵਰਤ ਰੱਖਣਗੇ। ਮੇਰਾ ਖ਼ਿਆਲ ਹੈ ਸਿੱਖਾਂ ਨਾਲ ਕਾਂਗਰਸ ਵੀ ਹਿੱਲੇਗੀ।" ਗਿਆਨੀ ਕਰਤਾਰ ਸਿੰਘ ਨੇ ਦਮ ਲੈ ਕੇ ਆਖਿਆ, "ਸਿੱਖ ਨੂੰ ਕਦੇ ਨਿਰਾਸ਼ ਨਹੀਂ ਹੋਣਾ ਚਾਹੀਦਾ। ਸਦਾ ਨਾਕਾਮੀਆਂ ਨਾਲ ਲੜਦੇ ਰਹਿਣਾ ਚਾਹੀਦਾ ਹੈ। ਹਾਂਅ, ਮੇਰੇ ਲਈ ਇਲੈਚੀ ਪੁਆ ਕੇ ਚਾਹ ਬਣਵਾ ਲਿਆ; ਮੈਂ ਬਾਰਾਂਦਰੀ ਵਿਚ ਆਰਾਮ ਕਰਦਾ ਆਂ।"

"ਮੈਂ ਆਇਆ ਐਨੇ ਚਿਰ ਵਿਚ।" ਰਣਜੋਧ ਨੇ ਨਾਲ ਹੀ ਚੁਟਕੀ ਮਾਰੀ।

ਛੇਵਾਂ ਕਾਂਡ

ਮਾਪਿਆਂ ਉਸ ਦਾ ਨਾਂ ਸੁਖਵੰਤ ਕੌਰ ਰੱਖਿਆ ਸੀ, ਪਰ ਸਹੁਰੇ ਘਰ ਆ ਕੇ ਸੁੱਖੋ ਹੋ ਗਈ। ਅੰਤਾਂ ਦੀ ਸਚਿਆਰੀ ਤੇ ਸਿਹਤ ਭਰਪੂਰ ਜਵਾਨੀ। ਉਸ ਦੀ ਬੋਲ-ਚਾਲ ਅਤੇ ਕੰਮ-ਧੰਦੇ ਨੂੰ ਸਾਰਿਆਂ ਸਲਾਹਿਆ, ਪਰ ਕੁੱਖ ਹਰੀ ਨਾ ਹੋਣ ਕਾਰਨ ਟੱਬਰ ਖਾਸਾ ਫ਼ਿਕਰਮੰਦ ਸੀ। ਇੱਕ ਦਿਨ ਸੱਸ ਨੇ ਲਾਡ ਦੁਲਾਰ ਨਾਲ ਆਖਿਆ:

"ਕੁੜੇ ਸੁੱਖੋ, ਧੀ ਰਾਣੀਏ, ਤੂੰ ਮੇਰੇ ਨਾਲ ਪਰਸੂ ਸਾਧ ਕੋਲ ਚੱਲ। ਉਹ ਪਾਣੀ ਕਰਕੇ ਤਵੀਤ ਦੇਂਦਾ ਹੈ। ਸ਼ੈਦ ਰੱਬ ਮਿਹਰ ਕਰ ਦੇਵੇ?"

ਸੁਖਵੰਤ ਨੇ ਕੋਈ ਜਵਾਬ ਨਾ ਦਿੱਤਾ। ਪਰ ਆਪਣੇ ਦ੍ਰਿੜ ਇਰਾਦੇ ਵਿਚੋਂ ਮੁਸਕਾ ਪਈ। ਸੱਸ ਨੇ ਨੂੰਹ ਨੂੰ ਮੁੜ ਪ੍ਰੇਰਨਾ ਚਾਹਿਆ:

"ਕੀ ਹੋਇਆ ਜੇ ਤੂੰ ਅੰਮ੍ਰਿਤ ਛਕਿਆ ਏ, ਪਰਸੂ ਵੀ ਹਰ ਸੰਗਰਾਂਦ ਮਾਅਰਾਜ ਦਾ ਭੋਗ ਪਾਉਂਦਾ ਏ। ਸੱਚੀ ਕਰਨੀ ਵਾਲਾ ਏ। ਸਭ ਦੀਆਂ ਸੁੱਖਾਂ ਪੂਰੀਆਂ ਹੁੰਦੀਆਂ ਏ। ਤੂੰ ਮੇਰੇ ਨਾਲ ਜ਼ਰੂਰ ਚੱਲ?"

"ਬੇ ਜੀ, ਅੰਮ੍ਰਿਤਧਾਰੀ ਹੋ ਕੇ ਕਿਸੇ ਹੋਰ ਅੱਗੇ ਮੱਥਾ ਟੇਕਣਾ ਮਨ ਮਤ ਐ। ਮੇਰਾ ਤਾਂ ਗੁਰੂ 'ਤੇ ਭਰੋਸਾ ਹੈ, ਮੈਂ ਕਿਤੇ ਨਹੀਂ ਜਾਵਾਂਗੀ।" ਉਸ ਖਿੱਚਵਾਂ ਸਾਹ ਭਰਿਆ। "ਉਹ ਸਭ ਦੀਆਂ ਲੋੜਾਂ ਥੋੜਾਂ ਵੇਖਦਾ ਤੇ ਪੂਰੀਆਂ ਕਰਦਾ ਹੈ। ਨਿੱਤ ਪਾਠ ਪਿੱਛੋਂ ਅਰਦਾਸ ਕਰਦੀ ਆਂ, ਪਰ ਮੰਗਦੀ ਕੁਝ ਨਹੀਂ। ਗੁਰੂ ਹਰ ਤਰ੍ਹਾਂ ਜਾਣੀ ਜਾਣ ਹੈ।"

ਸੁਖਵੰਤ ਨੇ ਮੁਕਲਾਵੇ ਪਿੱਛੋਂ ਘਰ ਨੂੰ ਕੁਝ ਇਸ ਤਰ੍ਹਾਂ ਸੰਭਾਲਿਆ ਸੰਵਾਰਿਆ ਸੀ ਕਿ ਸਾਰੇ ਹੈਰਾਨ ਹੀ ਰਹਿ ਗਏ ਸਨ। ਉਸ ਦੀ ਗੱਲ ਤੇ ਸਲਾਹ ਨੂੰ ਸਾਰਾ ਟੱਬਰ ਹੱਸ ਕੇ ਪ੍ਰਵਾਨਗੀ ਦੇਂਦਾ ਸੀ। ਉਸ ਦੀ ਸਿਆਣਪ ਅੱਗੇ ਕਿਸੇ ਨੂੰ ਜੁਰਅੱਤ ਨਹੀਂ ਪੈਂਦੀ ਸੀ, ਕੋਈ ਉਲਟੀ ਸਿੱਧੀ ਕਰਵਾ ਲਵੇ। ਉਸ ਦਾ ਬਾਪ ਸੰਤ ਬਾਬਾ ਗੁਰਮੁਖ ਸਿੰਘ ਪਟਿਆਲੇ ਵਾਲਿਆਂ ਦਾ ਸੇਵਕ ਸੀ। ਕਈ ਗੁਰਦਵਾਰਿਆਂ ਦੀ ਸੇਵਾ ਵਿਚ ਸੰਤ ਜੀ ਨਾਲ ਸ਼ਾਮਲ ਰਿਹਾ ਸੀ। ਸੁਖਵੰਤ ਵੀ ਛੋਟੀ ਹੁੰਦੀ ਸੇਵਾ ਵਿਚ ਹਿੱਸਾ ਲੈਂਦੀ ਰਹੀ ਸੀ। ਗੁਰੂ ਘਰ ਨਾਲ ਉਸ ਦਾ ਵਿਸ਼ਵਾਸ ਪਰਪੱਕ ਹੋ ਚੁੱਕਾ ਸੀ। ਇਕ ਵਾਰ ਉਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਆਈ ਅਤੇ ਪ੍ਰਾਰਥਨਾ ਕੀਤੀ।

"ਘਟ ਘਟ ਦੀਆਂ ਜਾਨਣ ਵਾਲੇ ਸੱਚੇ ਪਾਤਸ਼ਾਹ! ਤੇਰੀ ਸੇਵਕਾ ਤੇਰੇ ਦਰਬਾਰ ਆਈ ਐ। ਝੋਲੀ ਨਹੀਂ ਅੱਡਾਂਗੀ। ਕੁਝ ਵੀ ਨਹੀਂ ਮੰਗਾਂਗੀ। ਪਰ ਤੁਹਾਡੇ ਭਰੋਸੇ ਵਿਚ ਮੈਂ ਚਾਹੁੰਦੀ ਆਂ, ਨੀਵੀਂ ਵੀ ਨਾ ਹੋਵਾਂ। ਪ੍ਰਭੂ ਪ੍ਰਿਤਪਾਲਕ ਹੋ, ਦਾਸੀ ਦੇ ਸਿਰ 'ਤੇ ਆਪਣਾ ਹੱਥ ਰੱਖੋ। ਪੰਥ ਦਸਾਵਾ ਨਿੱਤ ਖੜ੍ਹੀ।" ਉਸ ਲੰਮਾ ਹਾਉਕਾ ਭਰ ਕੇ ਹਿੱਕ ਖਾਲੀ ਕਰ ਦਿੱਤੀ, ਮਨ ਦੀ ਭਾਵਨਾ ਉਸ ਕਹਿ ਵੀ ਦਿੱਤੀ ਅਤੇ ਸਿਦਕ-ਭਰੋਸੇ ਨੂੰ ਡੋਲਣ ਵੀ ਨਾ ਦਿੱਤਾ। ਮੱਥਾ ਟੇਕਦਿਆਂ ਲਿਆਂਦੀ ਦੇਗ ਉਸ ਹਜ਼ੂਰੀ ਵਿਚ ਚੜ੍ਹਾਅ ਦਿੱਤੀ।

ਪਰਕਰਮਾ ਵਿਚ ਆ ਕੇ ਉਸ ਦੇ ਮਨ ਆਈ, ਸੰਤ ਬਾਬਾ ਗੁਰਮੁਖ ਸਿੰਘ ਜੀ ਹੋਰਾਂ ਦੇ ਵੀ ਦਰਸ਼ਨ ਕਰ ਚੱਲਾਂ। ਉਹ ਅਕਾਲ ਤਖ਼ਤ ਦੀਆਂ ਵੱਖੀ ਵਾਲੀਆਂ ਪੌੜੀਆਂ ਚੜ੍ਹ ਕੇ ਮੁਨਾਰਾਂ ਦੇ ਬਜ਼ਾਰ ਵਿਚ ਦੀ ਹੁੰਦੀ, ਸੰਤਾਂ ਦੇ ਡੇਰੇ ਆ ਗਈ। ਬਾਬਾ ਜੀ ਅੱਗੇ ਡੇਰੇ ਨਹੀਂ ਸਨ। ਕਿਧਰੇ ਬਾਹਰ ਸੇਵਾ ਤੇ ਗਏ ਹੋਏ ਸਨ। ਉਨ੍ਹਾਂ ਦੇ ਸੇਵਕ ਬਾਬਾ ਖੜਕ ਸਿੰਘ ਜੀ ਨੇ ਸੁਖਵੰਤ ਨੂੰ ਪਿਆਰ ਦਿੱਤਾ ਅਤੇ ਉਸ ਦੇ ਪਿਤਾ ਜੀ ਦਾ ਹਾਲ-ਚਾਲ ਪੁੱਛਿਆ।

"ਤੁਹਾਡੀ ਕ੍ਰਿਪਾ ਨਾਲ ਬਾਬਾ ਜੀ ਸਾਰੇ ਈ ਠੀਕ ਠਾਕ ਹਨ। ਸ੍ਰੀ ਦਰਬਾਰ ਸਾਹਿਬ ਆਈ ਸਾਂ, ਤੁਹਾਡੇ ਵੀ ਦਰਸ਼ਨ ਕਰਨੇ ਸਨ।"

"ਬੇਟਾ, ਤੇਰੀ ਤਪੱਸਿਆ ਤੇ ਸੇਵਾ ਫਲੇਗੀ। ਗੁਰੂ ਭਰੋਸਾ ਬਣਿਆ ਰਹੇ।" ਬਾਬਾ ਖੜਕ ਸਿੰਘ ਨੇ ਆਪਣੀ ਵਲੋਂ ਅਸ਼ੀਰਵਾਦ ਦਿੱਤੀ।

ਜਿਸ ਚਾਅ ਨਾਲ ਉਹ ਸ੍ਰੀ ਦਰਬਾਰ ਸਾਹਿਬ ਗਈ, ਉਸ ਤੋਂ ਦੂਣੀ ਖ਼ੁਸ਼ੀ ਨਾਲ ਵਾਪਸ ਪਰਤੀ। ਉਸ ਦਾ ਗੁਰੂ ਘਰ ਉੱਤੇ ਅਟੁੱਟ ਭਰੋਸਾ ਸੀ। ਦਿਨ ਹਫ਼ਤੇ, ਮਹੀਨੇ ਬਣ ਕੇ ਬੀਤਦੇ ਗਏ। ਆਖ਼ਰ ਉਸ ਦੇ ਘਰ ਨੂੰ ਹੁਲਾਸ ਦੀ ਸੁਗੰਧ ਨੇ ਘੇਰ ਲਿਆ। ਸੁੱਖੋ ਦੀ ਸੱਸ ਦੇ ਧਰਤੀ ਪੈਰ ਨਹੀਂ ਲੱਗਦੇ ਸਨ।

"ਸੁੱਖੋ ਰਾਣੀਏ, ਦੱਸ ਤਾਂ ਤੂੰ ਕੀਹਨੂੰ ਮੰਨਿਆ ਸੀ?"

"ਬੇ ਜੀ, ਸਿੱਖਾਂ ਦਾ ਇੱਕੋ ਗੁਰੂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ।" ਸੁਖਵੰਤ ਨੇ ਮਾਣ ਨਾਲ ਉੱਤਰ ਦਿੱਤਾ।

"ਮੈਂ ਤਾਂ ਗਿਆਰਾਂ ਦੀ ਦੇਗ ਤਰਨਤਾਰਨ ਬਾਬੇ ਦੇ ਕਰਵਾ ਕੇ ਆਊਂਗੀ। ਆਖ਼ਰ ਉਸ ਸਾਡੀ ਸੁਣ ਲਈ।" ਉਸ ਨੂੰਹ ਨੂੰ ਗਲ ਨਾਲ ਲਾ ਲਿਆ।

ਹੁਣ ਸੱਸ ਬਹੂ ਨੂੰ ਹੌਲਾ ਭਾਰਾ ਕੰਮ ਨਹੀਂ ਕਰਨ ਦੇਂਦੀ ਸੀ। ਪੂਰੇ ਦਿਨਾਂ ਉੱਤੇ ਸੁਖਵੰਤ ਕੌਰ ਨੂੰ ਮੁੰਡਾ ਜਨਮਿਆ। ਮਾਂ ਨੇ ਗੁਰੂ ਦੀ ਬਖ਼ਸ਼ਿਸ਼ ਕਾਰਨ ਉਸ ਦਾ ਨਾਂ ਗੁਰਬਖਸ਼ ਸਿੰਘ ਰੱਖਿਆ। ਗੁਰਬਖਸ਼ ਸਿੰਘ ਸਾਰਾ ਈ ਮਾਂ ਉੱਤੇ ਗਿਆ ਸੀ। ਹੁੰਦੜਹੇਲ ਹੋਣ ਕਾਰਨ ਉਸ ਆਪਣੇ ਹਾਣੀਆਂ ਨੂੰ ਪਿਛਾੜ ਸੁੱਟਿਆ। ਨੇੜੇ ਪੈਂਦੇ ਖਾਲਸਾ ਹਾਈ ਸਕੂਲ ਤੋਂ ਚੰਗੇ ਨੰਬਰਾਂ ਉੱਤੇ ਦਸਵੀਂ ਪਾਸ ਕੀਤੀ। ਪਿਉ ਫ਼ੌਜੀ ਸੀ, ਉਸ ਗੁਰਬਖ਼ਸ਼ ਸਿੰਘ ਨੂੰ ਵੀ ਫੌਜ ਵਿਚ ਸਿਪਾਹੀ ਭਰਤੀ ਕਰਵਾ ਦਿੱਤਾ। ਸਕੂਲ ਵਿਚ ਹਾਕੀ ਦਾ ਚੰਗਾ ਖਿਡਾਰੀ ਰਿਹਾ ਸੀ। ਉਹ ਛੇਤੀ ਹੀ ਅਫ਼ਸਰਾਂ ਦੀਆਂ ਨਜ਼ਰਾਂ ਵਿਚ ਹੋਣਹਾਰ ਬਣ ਗਿਆ। ਜਦੋਂ ਉਸ ਦਾ ਵਿਆਹ ਹੋਇਆ, ਉਸ ਨੂੰ ਇੱਕ ਫੀਤੀ ਮਿਲ ਚੁੱਕੀ ਸੀ।

ਆਪਣੇ ਘਰ ਵਾਲੀ ਨਸੀਬ ਕੌਰ ਨੂੰ ਉਹ ਸ੍ਰੀ ਦਰਬਾਰ ਸਾਹਿਬ ਦਰਸ਼ਨਾਂ ਲਈ ਲੈ ਗਿਆ। ਦੋਵੇਂ ਬਾਬਾ ਖੜਕ ਸਿੰਘ ਦੇ ਡੇਰੇ ਵੀ ਗਏ। ਬਾਬਾ ਖੜਕ ਸਿੰਘ ਅੱਗੇ ਦੁੱਧ ਦੀ ਦੋਹਣੀ ਰੱਖ ਕੇ ਮੱਥਾ ਟੇਕਿਆ। ਬਾਬਾ ਜੀ ਨੇ ਵਿਆਂਦੜ ਜੋੜੇ ਦੇ ਸਿਰ ਉੱਤੇ ਹੱਥ ਫੇਰਿਆ।

"ਪੁੱਤਰੋ! ਗੁਰੂ ਘਰ ਵਲੋਂ ਮੁੱਖ ਨਹੀਂ ਮੋੜਨਾ। ਗੁਰੂ ਸਭ ਦੀਆਂ ਭੋਣੀਆਂ ਪੂਰੀਆਂ ਕਰੇਗਾ।"

"ਸਤਿ ਬਚਨ ਬਾਬਾ ਜੀ!" ਨਸੀਬੋ ਨੇ ਸਿਰ ਝੁਕਾਂਦਿਆਂ ਅਤੇ ਹੱਥ ਜੋੜਦਿਆਂ ਉੱਤਰ ਦਿੱਤਾ। ਬਾਬਾ ਜੀ ਤੋਂ ਵਿਦਾ ਲੈ ਕੇ ਉਹ ਮੁਨਿਆਰਾਂ ਦੇ ਬਜ਼ਾਰ ਆ ਗਏ। ਗੁਰਬਖਸ਼ ਸਿੰਘ ਨੇ ਮੁਸਕਾਂਦਿਆਂ ਵਹੁਟੀ ਨੂੰ ਆਖਿਆ—

"ਨਸੀਬਾਂ ਵਾਲੀਏ, ਫ਼ੌਜੀ ਦਿਲ ਦੇ ਦਲੇਰ ਹੁੰਦੇ ਐ, ਕੰਜੂਸ ਨਹੀਂ, ਜਿਹੜੀ ਚੀਜ਼ ਨੂੰ ਚਿੱਤ ਕਰਦਾ ਏ, ਖਰੀਦ ਲੈ, ਤੈਨੂੰ ਖੁੱਲ੍ਹੀ ਛੁੱਟੀ।"

"ਮੇਰਾ ਅਸਲੀ ਗਹਿਣਾ ਤੁਸੀਂ ਹੋ, ਮੈਨੂੰ ਕੁਝ ਨਹੀਂ ਚਾਹੀਦਾ।" ਨਸੀਬੋ ਮਾਲਕ ਦੇ ਸਦਕੇ ਬਲਿਹਾਰੇ ਜਾ ਰਹੀ ਸੀ।

"ਨਹੀਂ, ਨਿੱਤ ਨਹੀਂ ਬਜ਼ਾਰੀਂ ਆਉਣਾ।"

"ਹਾਲੇ ਬਥੇਰੀ ਪਈ ਐ।"

ਗੁਰਬਖ਼ਸ਼ ਸਿੰਘ ਦਰਸ਼ਨੀ ਜਵਾਨ ਸੀ। ਉਸ ਦੀ ਯੂਨਿਟ ਬਹੁਤਾ ਕਰਕੇ ਪਠਾਨਕੋਟ ਹੀ ਰਹੀ ਸੀ। ਜਦੋਂ ਵੀ ਦੋ-ਚਾਰ ਦਿਨਾਂ ਦੀ ਛੁੱਟੀ ਮਿਲਦੀ, ਉਹ ਪਿੰਡ ਗੇੜਾ ਮਾਰ ਜਾਂਦਾ। ਇਉਂ ਸਾਲਾਂ ਦੇ ਅਗੇਤ-ਪਛੇਤ ਨਾਲ ਉਸ ਦੇ ਦੋ ਪੁੱਤਰ ਤੇ ਇੱਕ ਧੀ ਆ ਗਈ। ਧੀ ਦੋਹਾਂ ਮੁੰਡਿਆਂ ਤੋਂ ਵਿਚਕਾਰਲੀ ਸੀ, ਵੱਡਾ ਮੁੰਡਾ ਗੁਰਤੇਜ ਸਿੰਘ, ਕੁੜੀ ਹਰਸ਼ਰਨ ਕੌਰ ਅਤੇ ਛੋਟਾ ਪ੍ਰਗਟ ਸਿੰਘ ਨਾਵਾਂ ਨਾਲ ਬੁਲਾਏ ਜਾਂਦੇ ਸਨ। ਸੱਸ ਆਰ-ਪਰਵਾਰ ਵਿਚ ਬਹੁਤ ਖ਼ੁਸ਼ ਸੀ। ਕਬੀਲੇ ਵਿਚ ਉਸ ਦੀ ਪੂਰੀ ਸੱਦ ਪੁੱਛ ਸੀ। ਉਸ ਦੇ ਪੁੱਤਰ ਫ਼ੌਜੀ ਗੁਰਬਖਸ਼ ਸਿੰਘ ਦੀਆਂ ਸਾਰੇ ਤਾਰੀਫ਼ਾਂ ਹੁੰਦੀਆਂ ਸਨ। ਗੁਰੂ ਦੀ ਅਪਾਰ ਕ੍ਰਿਪਾ ਮਹਿਸੂਸ ਕਰਦਿਆਂ ਉਨ੍ਹਾਂ ਘਰ ਵਿਚ ਸਾਧਾਰਨ ਪਾਠ ਰਖਵਾਇਆ। ਕਿਸਮਤ ਮਾੜੀ ਪੈਨਸ਼ਨ ਆਇਆ ਬਾਪੂ ਪੱਟੀ ਤੋਂ ਭੋਗ ਦੀ ਸਮੱਗਰੀ ਲੈਣ ਗਿਆ, ਬੱਸਾਂ ਦੇ ਆਹਮਣੇ-ਸਾਹਮਣੇ ਟਕਰਾਅ ਵਿਚ ਹੋਰ ਕਈ ਸਵਾਰੀਆਂ ਨਾਲ ਥਾਏਂ ਦਮ ਤੋੜ ਗਿਆ।

ਖ਼ੁਸ਼ੀ ਝੱਟ ਗਮੀ ਵਿਚ ਬਦਲ ਗਈ। ਗੁਰਸਿੱਖ ਪਰਵਾਰ ਨੇ ਗੁਰੂ ਦਾ ਭਾਣਾ ਮੰਨਿਆ। ਨਸੀਬ ਕੌਰ ਸਾਰਿਆਂ ਤੋਂ ਤਕੜੀ ਨਿਕਲੀ, ਉਸ ਡੋਲਦੇ ਜੀਆਂ ਨੂੰ ਸੰਭਾਲ ਲਿਆ। ਦਸਵੇਂ ਦੇ ਭੋਗ ਵਾਲੇ ਦਿਨ ਸੰਤ ਬਾਬਾ ਖੜਕ ਸਿੰਘ ਜੀ ਆਪ ਘਰ ਪਹੁੰਚੇ। ਉਨ੍ਹਾਂ ਸਾਰਿਆਂ ਨੂੰ ਧੀਰ ਦਿਲਾਸਾ ਦਿੱਤਾ।

"ਪੁੱਤਰੋ! ਜਿਸ ਦੀ ਦਾਤ ਸੀ, ਲੈ ਗਿਆ, ਹੁਣ ਸੋਗ ਕਾਹਦਾ। ਉਹ ਤਾਂ ਗੁਰੂ ਚਰਨਾਂ ਵਿਚ ਪਹੁੰਚ ਗਿਆ। ਤੁਹਾਡਾ ਗੁਰਮੁਖ ਪਰਵਾਰ ਗੁਰੂ ਦੀ ਰਜ਼ਾ ਮੰਨੇਗਾ। ਗੁਰਬਾਣੀ ਦਾ ਪਾਠ ਹੀ ਮਨ ਨੂੰ ਸ਼ਾਂਤੀ ਦੇ ਸਕਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੇ ਸਲੋਕ ਪੜ੍ਹਿਆ ਕਰੋ, ਤੁਹਾਨੂੰ ਵੈਰਾਗ ਦੀ ਸਹੀ ਸੋਝੀ ਮਿਲੇਗੀ।" ਸ਼ਾਮ ਨੂੰ ਬਾਬਾ ਜੀ ਧੀਰਜ ਦੇ ਕੇ ਚਲੇ ਗਏ।

ਸੋਗ ਮਨਾਉਣ ਆਏ ਰਿਸ਼ਤੇਦਾਰ ਜਦੋਂ ਤੁਰ ਗਏ; ਗੁਰਬਖਸ਼ ਸਿੰਘ ਨੇਂ ਨਸੀਬ ਕੌਰ ਨੂੰ ਆਖਿਆ,

"ਵੇਖ ਮੇਰੀਏ ਦੁਖ ਸੁਖ ਦੀਏ ਸਾਥਣੇਂ, ਜ਼ਮੀਨ ਸਾਰੀ ਚਾਰ ਕਿੱਲੇ ਐ। ਮੈਂ ਨੌਕਰੀ ਛੱਡੀ, ਘਰ ਦਾ ਗੁਜ਼ਾਰਾ ਨਹੀਂ ਹੋਣਾ। ਗੁਰੂ ਨੇ ਭਾਰੀ ਪਾਈ ਐ, ਤਾਂ ਹੌਸਲੇ ਨਾਲ ਕੱਟੇ ਬਿਨਾਂ ਗੁਜ਼ਾਰਾ ਨਹੀਂ।" ਉਸ ਵਿਚਕਾਰੋਂ ਹਾਉਕਾ ਭਰਿਆ। "ਇਸ ਵੇਲੇ ਤੂੰ ਪਤਨੀ ਨਾਲੋਂ ਸਾਥਣ ਬਣ ਕੇ ਘਰ ਨੂੰ ਸੰਭਾਲਣਾ ਏਂ।"

"ਮੇਰੇ ਸਿਰ ਦੇ ਸਾਈਂ! ਤੁਸੀਂ ਚਿੰਤਾ ਨਾ ਕਰੋ। ਜੇਕਰ ਔਖੇ ਸੁਖਾਲੇ ਹੋ ਕੇ ਇੱਕ ਮੱਝ ਹੋਰ ਲੈ ਦੇਵੋ, ਅਸੀਂ ਮਾਂ ਧੀ ਪੱਠੇ ਲੈ ਆਇਆ ਕਰਾਂਗੀਆਂ। ਦੁੱਧ ਨਾਲ ਚਾਰ ਛਿੱਲੜ ਆ ਜਾਇਆ ਕਰਨਗੇ। ਹੁਣ ਬਾਪੂ ਦੀ ਪੈਨਸ਼ਨ ਤਾਂ ਆਉਣੀ ਨਹੀਂ।

"ਮੱਝ ਜ਼ਰੂਰ ਲੈ ਦਿਆਂਗਾ। ਤੂੰ ਹੀ ਹੁਣ ਜੱਟੀਆਂ ਵਾਲੇ ਜ਼ੋਰੇ ਨਾਲ ਘਰ ਦਾ ਬੰਨ੍ਹ

ਬਣਨਾ ਹੈ। ਵੱਡਾ ਗੁਰਤੇਜ ਪੜ੍ਹਨ ਨੂੰ ਹੁਸ਼ਿਆਰ ਲੱਗਦਾ ਏ, ਉਸ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਏ। ਪੜ੍ਹਾਈ ਬਿਨਾਂ ਇਹ ਆਵਾਰਾ ਹੋ ਜਾਣਗੇ। ਨਸ਼ੰਗ ਥੋੜ੍ਹਾ ਕੱਸ ਕੇ ਰੱਖੀਂ।"

"ਵੱਡਾ ਤਾਂ ਸਾਊ ਐ, ਪਰ ਛੋਟਾ ਫਿੱਟਣੀਆਂ ਦਾ ਫੇਟ ਐ; ਕਿਸੇ ਦੇ ਆਖੇ ਹੀ ਨਹੀਂ ਲੱਗਦਾ।"

"ਰੰਬਾ ਤੇ ਮੁੰਡਾ ਚੰਡੇ ਈ ਸੂਤ ਰਹਿੰਦੇ ਐ।"

"ਮੈਨੂੰ ਗੁਰੂ ਉਤੇ ਭਰੋਸਾ ਹੈ, ਸਹਾਈ ਹੋਣਗੇ, ਤੁਹਾਨੂੰ ਚਿੰਤਾ ਦਾ ਮੌਕਾ ਨਹੀਂ ਮਿਲੇਗਾ। ਊਂ ਬਾਬਾ ਜੀ ਦੇ ਹੁੰਦਿਆਂ ਸਾਨੂੰ ਰੱਤੀ ਫ਼ਿਕਰ ਨਹੀਂ ਸੀ।" ਉਹ ਹਾਉਕਾ ਭਰ ਗਈ।

"ਸਦਾ ਨਾ ਬਾਗੀਂ ਬੁਲਬੁਲ ਬੋਲੇ, ਸਦਾ ਨਾ ਐਸ਼ ਬਹਾਰਾਂ। ਅਸਾਂ ਗੁਰੂ ਦੇ ਭਾਣੇ ਨੂੰ ਸਤਿ ਕਰਕੇ ਮੰਨਣਾ ਹੈ। ਵਖਤ ਪਾਉਣ ਵਾਲਾ ਵਖਤ ਕੱਟੇਗਾ ਵੀ।"

"ਮੈਂ ਤੁਹਾਡੀ ਤੇ ਗੁਰੂ ਦੀ ਰਜ਼ਾ ਦਾ ਪਾਲਣ ਕਰਾਂਗੀ।" ਨਸੀਬੋ ਨੇ ਹੱਥ ਜੋੜਦਿਆਂ ਸਿਰ ਝੁਕਾਇਆ। "ਇੱਕ ਬੇਨਤੀ, ਹੁਣ ਸੁੱਖ ਸਾਂਦ ਦੀ ਚਿੱਠੀ ਛੇਤੀ ਪਾ ਦਿਆ ਕਰਨੀ। ਮਨ ਨੂੰ ਧੁੜਕੂ ਨਾ ਲੱਗਾ ਰਹੇ।"

"ਮੈਂ ਆਪਣੇ ਗੁਲਾਬ ਦਾ ਹਰ ਤਰ੍ਹਾਂ ਖਿਆਲ ਰੱਖਾਂਗਾ। ਮੈਂ ਤੈਨੂੰ ਕੁਮਲਾਂਦੀ ਨਹੀਂ ਵੇਖ ਸਕਦਾ।"

ਉਸ ਪਿਆਰ ਨਾਲ ਤੱਕਿਆ।

"ਮੈਨੂੰ ਵਿਸ਼ਵਾਸ ਹੈ, ਮੇਰਾ ਹੈਗਾ ਏ ਤਾਂ ਜੋਖ਼ਮ ਵਿਚੋਂ ਵੀ ਕੱਢੇਗਾ।"

ਗੁਰਬਖ਼ਸ਼ ਸਿੰਘ ਪਿਆਰ ਭਰੋਸਾ ਵਟਾ ਕੇ ਤੁਰਨ ਹੀ ਵਾਲਾ ਸੀ, ਜਦੋਂ ਹੈੱਡਕੁਆਟਰ ਤੋਂ ਜਲਦੀ ਪਹੁੰਚਣ ਦੀ ਤਾਰ ਆ ਗਈ। ਉਹ ਆਪਣੀ ਕਿੱਟ ਚੁੱਕ ਕੇ ਬੱਸ ਅੱਡੇ ਨੂੰ ਤੁਰ ਪਿਆ।

ਸੱਤਵਾਂ ਕਾਂਡ

ਫ਼ੌਜੀ ਟਰੱਕਾਂ ਦੀ ਲਾਰ ਪਠਾਨਕੋਟ ਤੋਂ ਅੰਮ੍ਰਿਤਸਰ ਨੂੰ ਆ ਰਹੀ ਸੀ। ਗੁਰਬਖ਼ਸ਼ ਸਿੰਘ ਵਾਲੇ ਟਰੱਕ ਵਿਚ ਪਾਕਿਸਤਾਨ ਨਾਲ ਜੰਗ ਦੀਆਂ ਗੱਲਾਂ ਛਿੜੀਆਂ ਹੋਈਆਂ ਸਨ। ਇਨ੍ਹਾਂ ਗੱਲਾਂ ਦੇ ਨਾਲ ਸੰਤ ਫ਼ਤਹਿ ਸਿੰਘ ਦੇ ਮਰਨ ਵਰਤ ਦੀਆਂ ਵੀ ਚੱਲ ਨਿਕਲੀਆਂ।

"ਯਾਰੋ ਇਨ੍ਹਾਂ ਸਾਧਾਂ ਨੂੰ ਪਤਾ ਨਹੀਂ ਕਦੋਂ ਅਕਲ ਆਵੇਗੀ। ਦੇਸ਼ ਉੱਤੇ ਜੰਗ ਦੀ ਭੀੜ ਬਣੀ ਹੋਈ ਹੈ, ਸੰਤ ਫ਼ਤਹਿ ਸਿੰਘ ਨੂੰ ਮਰਨ ਵਰਤ ਦੀ ਪਈ ਐ।" ਇੱਕ ਫ਼ੌਜੀ ਭਾਈ ਨੇ ਥੋੜ੍ਹਾ ਗੁੱਸੇ ਨਾਲ ਆਖਿਆ, "ਕਿਉਂ ਭਾਊ ਤੇਜਿਆ, ਮੈਂ ਗ਼ਲਤ ਆਖਿਆ ਏ?" ਉਹ ਆਪਣੀ ਗੱਲ ਦੀ ਤੇਜਾ ਸਿਹੁੰ ਤੋਂ ਪੁਸ਼ਟੀ ਚਾਹੁੰਦਾ ਸੀ।

ਤੇਜਾ ਸਿੰਘ ਉਨ੍ਹਾਂ ਵਿਚੋਂ ਥੋੜ੍ਹਾ ਵੱਧ ਪੜ੍ਹਿਆ ਹੋਇਆ ਸੀ ਤੇ ਪੰਜਾਬੀ ਸੂਬੇ ਬਾਰੇ ਮਾੜੀ-ਮੋਟੀ ਸਿਆਸੀ ਸੂਝ ਵੀ ਰੱਖਦਾ ਸੀ।

"ਗੱਲ ਤਾਂ ਤੇਰੀ ਠੀਕ ਐ ਭਾਨਿਆ; ਪਰ ਠੀਕ ਸਰਕਾਰ ਵੀ ਨਹੀਂ।"

"ਉਹ ਕਿਵੇਂ?" ਇਸ ਵਾਰ ਗੁਰਬਖ਼ਸ਼ ਸਿੰਘ ਹੁੰਗਾਰਾ ਭਰ ਗਿਆ।

"ਬਖ਼ਸ਼ਿਆ, ਗੱਲ ਇਹ ਹੈ, ਸਰਕਾਰ ਨੇ ਜ਼ਬਾਨ ਦੇ ਆਧਾਰ ਉੱਤੇ ਸਾਰੇ ਹਿੰਦੋਸਤਾਨ ਵਿਚ ਸੂਬੇ ਬਣਾ ਦਿੱਤੇ, ਪਰ ਪੰਜਾਬ ਨੂੰ ਦੋ ਜ਼ਬਾਨਾਂ ਦਾ ਸੂਬਾ ਰੱਖ ਕੇ ਰੇੜਕਾ ਖੜ੍ਹਾ ਕਰ ਦਿੱਤਾ। ਕਾਂਗਰਸ ਦੀ ਹਿੰਦ ਸਰਕਾਰ ਚਾਹੁੰਦੀ ਸੀ, ਪੰਜਾਬੀ ਹਰਿਆਣਵੀ ਆਪੋ ਵਿਚ ਘਸੁੰਨ-ਮੁੱਕੀ ਹੁੰਦੇ ਰਹਿਣ ਅਤੇ ਮਦਦ ਲਈ ਕੇਂਦਰ ਸਰਕਾਰ ਵੱਲ ਮੂੰਹ ਚੁੱਕੀ ਰੱਖਣ।" ਉਸ ਥੋੜ੍ਹਾ ਖੋਲ੍ਹ ਕੇ ਦੱਸਣਾ ਚਾਹਿਆ। "ਅਸਲ ਵਿਚ ਜ਼ਬਾਨ ਦੇ ਆਧਾਰ ਉੱਤੇ ਪੰਜਾਬੀ ਸੂਬਾ ਬਣਾਇਆਂ ਸਿੱਖਾਂ ਦਾ ਥੋੜ੍ਹਾ ਜਿੰਨਾ ਹੱਥ ਉੱਤੇ ਹੁੰਦਾ ਸੀ, ਜਿਸ ਨੂੰ ਨਹਿਰੂ ਸਰਕਾਰ ਕਿਸੇ ਕੀਮਤ ਉੱਤੇ ਨਹੀਂ ਚਾਹੁੰਦੀ ਸੀ।"

"ਪਰ ਕਿਉਂ?" ਭਾਨਾ ਮੁੜ ਬੋਲ ਪਿਆ। ਸੜਕ ਉੱਤੇ ਪਾਣੀ ਆ ਜਾਣ ਕਾਰਨ ਟਰੱਕਾਂ ਦੀ ਰਫ਼ਤਾਰ ਮੱਧਮ ਪੈ ਗਈ।

"ਭਾਨਿਆ, ਤੇਰੇ ਦਿਮਾਗ਼ ਉੱਤੇ ਮੋਟਾ ਠਿੱਕਰ ਚੜ੍ਹਿਆ ਹੋਇਆ ਹੈ। ਉਹਨੂੰ ਭੰਨੇ ਬਿਨਾਂ ਸਮਝ ਥੱਲੇ ਨਹੀਂ ਉਤਰਦੀ।" ਤੇਜੇ ਦੀ ਚੋਟ ਨਾਲ ਸਾਰਾ ਟਰੱਕ ਹੱਸ ਪਿਆ।

"ਸਾਲਾ ਠਿੱਕਰ ਦਾ; ਢਾਈ ਜਮਾਤਾਂ ਖਣੀ ਪੜ੍ਹਿਆ ਏ ਕਿ ਨਹੀਂ.......।"

"ਨਹੀਂ ਬਈ ਭਾਨਾ ਸਾਡੀ ਜੁੰਡੀ ਦਾ ਯਾਰ ਐ। ਤੂੰ ਮਖ਼ੌਲ ਛੱਡ ਕੇ ਅਸਲ ਗੱਲ ਵੱਲ ਆ?" ਗੁਰਬਖ਼ਸ਼ ਸਿੰਘ ਨੇ ਹੋਰ ਵਿਸਥਾਰ ਦੀ ਮੰਗ ਕੀਤੀ।

"ਅਸਲੀਅਤ ਭਰਾਵੋ ਇਹ ਹੈ, ਬ੍ਰਾਹਮਣ-ਬਾਣੀਆ ਸਰਕਾਰ ਨੂੰ ਪੰਜਾਬੀਆਂ ਉੱਤੇ ਇਤਬਾਰ ਨਹੀਂ। ਜਦੋਂ ਆਜ਼ਾਦੀ ਦੀ ਜੰਗ ਵਿਚ ਕੁਰਬਾਨੀਆਂ ਲੈਣੀਆਂ ਸੀ, ਓਦੋਂ ਪੂਰਾ ਵਿਸ਼ਵਾਸ ਸੀ; ਬੱਲੇ ਬਹਾਦਰ ਸਿੱਖਾਂ ਦੇ। ਪੰਜਾਬੀਆਂ ਦਾ ਦੋਸ਼ ਇਹ ਹੈ, ਇਨ੍ਹਾਂ ਨੂੰ

ਗੁੜ੍ਹਤੀ ਹੀ ਆਣ ਅਣਖ 'ਤੇ ਮਰ ਜਾਣ ਦੀ ਮਿਲੀ ਏ। ਬਾਰਡਰ ਉੱਤੇ ਹਿੰਦ ਸਰਕਾਰ ਅਜਿਹੀ ਸਟੇਟ ਨਹੀਂ ਚਾਹੁੰਦੀ, ਜਿਸ ਵਿਚ ਸਿੱਖਾਂ ਦਾ ਬੋਲ ਬਾਲਾ ਹੋਵੇ। ਏਸੇ ਕਾਰਨ ਨਹਿਰੂ ਸਿੱਖਾਂ ਨਾਲ ਵਾਅਦਾ ਕਰ ਕੇ ਮੁੱਕਰ ਗਿਆ ਤੇ ਕਹਿ ਦਿੱਤਾ, ਹੁਣ ਇਹ ਹਾਲਾਤ ਹੀ ਨਹੀਂ ਰਹੇ। ਪੰਜਾਬ ਨਾਲ ਹਰ ਤਰ੍ਹਾਂ ਦੇ ਵਿਤਕਰਿਆਂ ਦੀ ਲੜੀ ਲੰਮੀ ਹੈ।"

"ਇਹ ਸਾਲਾ ਉੱਘ ਦੀਆਂ ਪਤਾਲ ਮਾਰਦਾ ਸਾਰਿਆਂ ਦਾ ਦਿਮਾਗ਼ ਖ਼ਰਾਬ ਕਰੇਗਾ। ਹੂੰਅ।" ਭਾਨਾ ਤੇਜੇ ਨੂੰ ਲਿਤਾੜਨਾ ਚਾਹੁੰਦਾ ਸੀ।

"ਲਓ ਸੁਣ ਲੋ, ਭਾਨਾ ਵੀ ਦਿਮਾਗ਼ ਰੱਖਦਾ ਏ, ਗਿਆਨੀ ਕਰਤਾਰ ਸਿੰਘ ਲਾਇਲਪੁਰੀ।" ਤੇਜੇ ਨੇ ਕਸਵਾਂ ਵਿਅੰਗ ਮਾਰਿਆ।

"ਠਹਿਰ, ਸਾਲਾ ਦਿਮਾਗ਼ ਦਾ।" ਭਾਨੇ ਨੇ ਕੁੱਦ ਕੇ ਤੇਜਾ ਨੱਪ ਲਿਆ, ਉੱਤੇ ਬਹਿ ਕੇ ਬੱਕਰਾ ਬੁਲਾਉਣ ਲੱਗ ਪਿਆ।

"ਨਾ ਓਏ ਭਾਨਿਆ ਉੂਠਾ; ਬੰਦਾ ਮਾਰ ਦਏਂਗਾ।" ਬਖ਼ਸ਼ੇ ਨੇ ਉਸ ਨੂੰ ਖਿੱਚ ਕੇ ਪਾਸੇ ਕੀਤਾ।

ਤੇਜਾ ਕੰਨ ਜਿਹੇ ਝਾੜ ਕੇ ਬਹਿ ਗਿਆ; ਜਿਵੇਂ ਪੰਜਾਬ ਹਿੰਦ ਸਰਕਾਰ ਦੀ ਕੁੱਟ ਖਾ ਕੇ ਵਿਹੁ ਘੋਲਣ ਲੱਗ ਪੈਂਦਾ ਏ।

"ਕੋਈ ਜ਼ੋਰ ਦਾ ਮਾੜਾ ਨਾ ਹੋਵੇ।" ਇੱਕ ਹੋਰ ਫ਼ੌਜੀ ਨੇ ਤੇਜੇ ਨਾਲ ਹਮਦਰਦੀ ਪ੍ਰਗਟਾਈ।

"ਮਹਿੰ ਚਿੜੀ 'ਤੇ ਬਹਿ ਜਾਵੇ ਤਾਂ ਅਕਲ ਵਿਚਾਰੀ ਕੀ ਕਰੇ।" ਤੇਜਾ ਮੁੜ ਨਹੁੰ ਮਾਰ ਕੇ ਖਰੀਂਡ ਉਚੇੜ ਗਿਆ।

"ਬਖ਼ਸ਼ਿਆ!" ਭਾਨਾ ਭੂਸਰਿਆ ਹੋਇਆ ਸੀ। "ਤੂੰ ਮੈਨੂੰ ਇਹਦੇ ਚੱਜ ਨਾਲ ਵੱਟ ਕੱਢ ਲੈਣ ਦੇ; ਸਾਲਾ ਗੁੱਝੀਆਂ ਮਾਰਦਾ ਏ।"

ਭਾਨਾ ਲੈਂਸ ਨੈਕ ਗੁਰਬਖ਼ਸ਼ ਸਿੰਘ ਦਾ ਫੜਿਆ ਛੁਟ-ਛੁਟ ਜਾ ਰਿਹਾ ਸੀ।

"ਨਹੀਂ ਭਾਨਿਆ, ਤੇਜਾ ਹੀ ਤਾਂ ਆਪਣੇ ਵਿਚ ਇਕ ਸਿਆਣਾ ਫ਼ੌਜੀ ਐ। ਫ਼ੌਜੀਆਂ ਨੂੰ ਵਗਣਾ ਸਿਖਾਇਆ ਜਾਂਦਾ ਏ, ਸੋਚਣਾ ਨਹੀਂ। ਫੇਰ ਆਪਣੇ ਤੇ ਅਕਾਲੀਆਂ ਵਿਚ ਕੀ ਫਰਕ ਹੋਇਆ। ਉਹ ਵੀ ਸਿਆਣੇ ਦੀਆਂ ਲੱਤਾਂ ਖਿੱਚ ਕੇ ਭੱਠਾ ਬਹਾ ਘੱਤਦੇ ਐ।"

"ਅਕਲਾਂ ਵਾਲੇ ਲੜ ਨਹੀਂ ਸਕਦੇ, ਮੋਰਚੇ ਛੱਡ ਕੇ ਸਭ ਤੋਂ ਪਹਿਲਾਂ ਭੱਜਦੇ ਐ।" ਭਾਨਾ ਆਪਣੀ ਧੌਣ ਅਕੜਾ ਗਿਆ।

"ਓਏ ਓਏ ਭਾਨੇ ਦਿਆ ਬੱਚਿਆ, ਭਲਵਾਨ ਕਿੰਨਾ ਤਕੜਾ ਹੋਵੇ, ਪਰ ਅਕਲ ਦੇ ਦਾਅ ਪੇਚਾਂ ਬਿਨਾਂ ਕਈ ਵਾਰ ਆਪਣੇ ਜ਼ੋਰ ਨਾਲ ਹੀ ਢਹਿ ਪੈਂਦਾ ਏ। ਜਿਵੇਂ ਸਾਡੇ ਅਕਾਲੀ ਆਪਣੇ ਜ਼ੋਰ ਨਾਲ ਹੀ ਡਿੱਗਦੇ ਰਹੇ ਹਨ।" ਗੁਰਬਖ਼ਸ਼ ਸਿੰਘ ਨੇ ਤੱਤੇ ਭਾਨੇ ਨੂੰ ਸ਼ਾਂਤ ਕਰਨਾ ਚਾਹਿਆ। "ਵੇਖੋ ਨਾ, ਸਾਡੇ ਉੱਤੇ ਪੜ੍ਹੇ-ਲਿਖੇ ਮੇਜਰ ਕਰਨਲ ਕਾਹਤੋਂ ਲਾਉਂਦੇ ਐ?"

"ਤੇਰੀ ਗੱਲ ਸੋਲਾਂ ਆਨੇ, ਪਰ ਤੇਜੇ ਦਾ ਨੱਕ ਜ਼ਰੂਰ ਭੰਨੂੰਗਾ।"

"ਕੋਈ ਨਾ ਪੁੱਤ ਭਾਨਿਆ, ਮੋਰਚੇ ਤੋਂ ਅੱਧ ਮਰੇ ਨੂੰ ਤੈਨੂੰ ਮੈਂ ਹੀ ਚੁੱਕ ਕੇ ਲਿਆਉਣਾ ਏ।" ਤੇਜਾ ਇੱਕ ਨਵਾਂ ਵਾਰ ਕਰ ਗਿਆ।

"ਇਹ ਤਾਂ ਸਮਾਂ ਦੱਸੂ, ਕੀਹਨੂੰ ਕੌਣ ਲਿਆਉਂਦਾ ਏ। ਭਾਨੇ ਦੇ ਸਿਰ ਉੱਤੇ ਬਾਜਾਂ ਵਾਲੇ ਦਾ ਹੱਥ ਐ। ਰੱਬ ਨਾ ਫੱਤੋ ਨੂੰ ਮਾਰੇ, ਫੱਤੋ ਨਾ ਡਰੇ ਡਿਪਟੀ ਤੋਂ।" ਭਾਨੇ ਨੇ ਬਾਹਾਂ ਹਲਾਉਂਦਿਆਂ ਡੌਲੇ ਫਰਕਾਏ।

ਟਰੱਕਾਂ ਦੇ ਬਰੇਕਾਂ ਖਾਣ ਨਾਲ ਚੀਕਾਂ ਪੈਣੀਆਂ ਸ਼ੁਰੂ ਹੋ ਗਈਆਂ। ਇਸ਼ਾਰਾ ਮਿਲਣ ਤੇ ਸਾਰੀ ਕਾਨਵਾਈ ਸੜਕ ਤੋਂ ਥੱਲੇ ਲਹਿ ਕੇ ਖਲੋ ਗਈ। ਪ੍ਰਾਈਵੇਟ ਬੱਸਾਂ ਤੇ ਟਰੱਕਾਂ ਨੂੰ ਮੂਹਰਲੀ ਗੱਡੀ ਖ਼ਬਰਦਾਰ ਕਰਦੀ ਜਾ ਰਹੀ ਸੀ। ਐਮਰਜੈਂਸੀ ਹਾਰਨ ਨੇ ਸਭ ਨੂੰ ਸੜਕ ਦੇ ਆਸੇ ਪਾਸੇ ਖਲੋਣ ਲਈ ਮਜਬੂਰ ਕਰ ਦਿੱਤਾ ਸੀ। ਕਾਨਵਾਈ ਦੇ ਰੁਕ ਜਾਣ ਪਿਛੋਂ, ਬੱਸਾਂ ਤੇ ਟਰੱਕਾਂ ਦਾ ਕਾਫ਼ਲਾ ਮੁੜ ਚਾਲੂ ਕਰ ਦਿੱਤਾ ਗਿਆ। ਫ਼ੌਜੀ ਚਾਹ ਪੀਣ ਲਈ ਅੱਧੇ ਘੰਟੇ ਵਾਸਤੇ ਰੁਕੇ ਸਨ। ਮੌਕਾ ਮਿਲਦਿਆਂ ਹੀ ਗੁਰਬਖਸ਼ ਸਿੰਘ ਆਪਣੇ ਸਰਦਾਰ ਕਰਨਲ ਦੇ ਜਾ ਪੇਸ਼ ਹੋਇਆ। ਸੈਲੂਟ ਮਾਰਦਿਆਂ ਬੋਲਿਆ:

"ਸਾਹਬ ਜੀ! ਇੱਕ ਅਰਜ਼ ਐ, ਭਾਵੇਂ ਗੱਲ ਬਹੁਤ ਕਮੌਕੇ ਦੀ ਐ?"

"ਹਾਂਅਹਾਂ ਕਹੋ?" ਸਾਹਬ ਨੇ ਇਸ਼ਾਰਾ ਦੇ ਮਾਰਿਆ।

"ਜੀ ਮੈਨੂੰ ਦਰਬਾਰ ਸਾਹਿਬ ਜਾਣ ਲਈ ਇੱਕ ਘੰਟੇ ਦੀ ਛੁੱਟੀ ਚਾਹੀਦੀ ਐ। ਅਸਾਂ ਅੰਮ੍ਰਿਤਸਰ ਰੋਟੀ ਖਾਣ ਲਈ ਅਟਕਣਾ ਹੈ। ਮੈਂ ਆਪਣੀ ਰੋਟੀ ਚੱਲਦੇ ਟਰੱਕ ਵਿਚ ਹੀ ਖਾ ਲਵਾਂਗਾ। ਸਾਥੀਆਂ ਨੂੰ ਰੋਟੀ ਲੈ ਆਉਣ ਲਈ ਕਹਿ ਜਾਵਾਂਗਾ।"

"ਤੂੰ ਇੱਕ ਵਾਰ ਹੀ ਕਿੰਨੀਆਂ ਗੱਲਾਂ ਕਰ ਗਿਆ ਏਂ। ਤੈਨੂੰ ਪਤਾ ਏ ਇਹ ਕਿੰਨੀ ਵੱਡੀ ਅਵੱਗਿਆ ਏ। ਜੰਗੀ ਹਾਲਾਤ ਵਿਚ ਕਿਸੇ ਨੂੰ ਇੱਕ ਮਿੰਟ ਦੀ ਵੀ ਛੁੱਟੀ ਨਹੀਂ ਦਿੱਤੀ ਜਾ ਸਕਦੀ।" ਕਰਨਲ ਨੇ ਸਿਰ ਫੇਰ ਦਿੱਤਾ।

"ਮੇਰਾ ਗੁਰੂ 'ਤੇ ਭਰੋਸਾ ਹੈ, ਮੈਂ ਆਪਣੀ ਜਿੱਤ ਦੀ ਅਰਦਾਸ ਕਰਕੇ ਹੀ ਨੱਠ ਆਵਾਂਗਾ।"

ਹੁਣ ਤੱਕ ਲੈਂਸ ਨੈਕ ਗੁਰਬਖ਼ਸ਼ ਸਿੰਘ ਦੀ ਕਾਰਗੁਜ਼ਾਰੀ ਚੰਗੀ ਰਹੀ ਸੀ। ਉਸ ਦਾ ਜੰਗ ਦੀ ਜਿੱਤ ਲਈ ਗੁਰੂ ਅੱਗੇ ਅਰਦਾਸ ਕਰਨਾ ਕਰਨਲ ਨੂੰ ਹਲੂਣ ਗਿਆ। ਉਹ ਆਪੂੰ ਭਜਨੀਕ ਗੁਰਸਿੱਖ ਸੀ।

"ਭਾਵੇਂ ਇਹ ਗਲਤੀ ਐ, ਪਰ ਮੈਂ ਆਪ ਗੁਰੂ 'ਤੇ ਸ਼ਰਧਾ ਰੱਖਦਾ ਆਂ। ਤੂੰ ਆਪਣੇ ਵਾਲਾ ਟਰੱਕ ਹੀ ਲੈ ਜਾਵੀਂ ਅਤੇ ਛੇਤੀ ਮੁੜੀਂ।" ਸਰਦਾਰ ਨੇ ਆਪਣੀ ਸ਼ਰਧਾ ਦੀ ਪ੍ਰੇਰਨਾ ਵਿਚ ਛੁੱਟੀ ਦੇ ਦਿੱਤੀ।

"ਸਾਹਬ ਜੀ, ਮੈਂ ਗਿਆ ਤੇ ਆਇਆ।"

ਲੈਂਸ ਨੈਕ ਸਾਹਬ ਦੀ ਦਿੱਤੀ ਛੁੱਟੀ ਨਾਲ ਬਾਗੋ-ਬਾਗ ਹੋ ਗਿਆ। ਆਪਣੇ ਟਰੱਕ ਡਰਾਇਵਰ ਨੂੰ ਸਾਰੀ ਗੱਲ ਸਮਝਾ ਦਿੱਤੀ। ਉਸ ਛਾਉਣੀ ਨੂੰ ਜਾਣ ਦੀ ਥਾਂ ਗੱਡੀ ਦਰਬਾਰ ਸਾਹਿਬ ਨੂੰ ਮੋੜ ਲਈ। ਡਰਾਇਵਰ ਨੂੰ ਗੱਡੀ ਵਿਚ ਛੱਡ ਕੇ ਬਾਕੀ ਸਾਰੇ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਇੱਕ-ਦੂਜੇ ਤੋਂ ਅੱਗੇ ਨਿਕਲਦੇ ਗਏ। ਦੇਗ ਲਈ ਅਤੇ ਆਪਣੇ ਵੱਲੋਂ ਅਰਦਾਸ ਕੀਤੀ।

"ਸੱਚੇ ਪਾਤਸ਼ਾਹ! 'ਜਬ ਆਵ ਕੀ ਅਉਧ ਨਿਦਾਨੁ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ।' ਤੇਰੇ ਬੱਚੇ ਆਂ, ਤੇਰੇ ਸਿੱਖ ਹਾਂ; ਸਹਾਈ ਹੋਵੋ ਤੇ ਸਿਰ 'ਤੇ ਹੱਥ ਰੱਖ ਕੇ ਜਿੱਤ

ਦੇਵੇ।" ਪ੍ਰਸਾਦਿ ਲਿਆ ਤੇ ਬਾਹਰ ਆ ਗਏ। "ਮੈਂ ਸੰਤ ਬਾਬਾ ਖੜਕ ਸਿੰਘ ਦੇ ਡੇਰੇ ਹੋ ਆਵਾਂ, ਤੁਸਾਂ ਏਥੇ ਅਕਾਲ ਤਖ਼ਤ ਸਾਹਮਣੇ ਹੀ ਉਡੀਕ ਕਰਨੀ। ਮੈਂ ਗਿਆ ਤੇ ਆਇਆ।"

ਉਸ ਛੋਹਲੀਆਂ ਕਦਮਾਂ ਪੁੱਟੀਆਂ ਅਤੇ ਸੰਤ ਬਾਬਾ ਖੜਕ ਸਿੰਘ ਦੇ ਚਰਨ ਆ ਫੜੇ। ਬੇਨਤੀ ਕੀਤੀ—

"ਮਹਾਰਾਜ! ਜੇ ਮੇਰੇ ਨਾਲ ਸ੍ਰੀ ਅਕਾਲ ਤਖ਼ਤ 'ਤੇ ਚਲੋ, ਮੈਨੂੰ ਪਹਿਰੇਦਾਰਾਂ ਸੰਤ ਫ਼ਤਹਿ ਸਿੰਘ ਨੂੰ ਮਿਲਣ ਨਹੀਂ ਦੇਣਾ।"

"ਪਰ ਤੂੰ ਗੁਰਮੁਖਾ ਮਿਲ ਕੇ ਕੀ ਕਰਨਾ ਏਂ?" ਸੰਤ ਨੇ ਉਸ ਦਾ ਮੋਢਾ ਥਾਪੜਿਆ।

"ਸੰਤ ਜੀ ਸਮਾਂ ਨਹੀਂ ਬਹੁਤੀਆਂ ਗੱਲਾਂ ਦਾ। ਮੈਂ ਇੱਕ ਘੰਟੇ ਦੀ ਛੁੱਟੀ ਲੈ ਕੇ ਆਇਆ ਆਂ। ਦੇਸ਼ ਜੰਗ ਵਿਚ ਝੁਲਸਿਆ ਜਾਣ ਵਾਲਾ ਹੈ ਤੇ ਸੰਤ ਫ਼ਤਹਿ ਸਿੰਘ ਨੂੰ ਮਰਨ ਵਰਤ ਦੀ ਪਈ ਹੋਈ ਐ। ਤੁਸੀਂ ਕ੍ਰਿਪਾ ਕਰੋ ਅਤੇ ਚਲੋ?"

"ਹਾਂ ਬਈ, ਤੂੰ ਠੀਕ ਆਖਦਾ ਏਂ।" ਸੰਤਾਂ ਆਪਣੀ ਐਨਕ ਨੱਕ 'ਤੇ ਸਹੀ ਕੀਤੀ ਤੇ ਫ਼ੌਜੀ ਦੇ ਨਾਲ ਤੁਰ ਪਏ।

ਸੰਤ ਬਾਬਾ ਖੜਕ ਸਿੰਘ ਜੀ ਨੂੰ ਆਉਂਦਾ ਵੇਖ ਕੇ ਅਕਾਲ ਤਖ਼ਤ ਦੇ ਪਹਿਰੇਦਾਰ ਪਾਸੇ ਹਟ ਗਏ। ਉਹ ਦੋਵੇਂ ਪਉੜੀਆਂ ਚੜ੍ਹ ਕੇ ਸੰਤ ਫ਼ਤਹਿ ਸਿੰਘ ਕੋਲ ਪਹੁੰਚ ਗਏ। ਬਾਬਾ ਖੜਕ ਸਿੰਘ ਨੂੰ ਵੇਖ ਕੇ ਫ਼ਤਹਿ ਬੁਲਾਉਂਦੇ ਸੰਤ ਫ਼ਤਹਿ ਸਿੰਘ ਉੱਠ ਖਲੋਤੇ।

"ਇਹ ਇੱਕ ਫ਼ੌਜੀ ਗੁਰਮੁਖ ਪਿਆਰਾ ਹੈ। ਤੁਹਾਨੂੰ ਕੁਝ ਬੇਨਤੀ ਕਰਨਾ ਚਾਹੁੰਦਾ ਐ।" ਸੰਤ ਖੜਕ ਸਿੰਘ ਨੇ ਗੱਲ ਦਾ ਮੁੱਢ ਬੰਨ੍ਹਿਆ।

ਗੁਰਬਖ਼ਸ਼ ਸਿੰਘ ਕਾਹਲਾ ਪੈ ਕੇ ਬੋਲ ਪਿਆ।

"ਸੰਤ ਜੀ ਮਹਾਰਾਜ! ਲੰਮੀ-ਚੌੜੀ ਗੱਲਬਾਤ ਲਈ ਸਮਾਂ ਨਹੀਂ। ਸਮਝੋ ਆਪਣੇ ਸਾਹਬ ਤੋਂ ਦਸ-ਵੀਹ ਮਿੰਟਾਂ ਦੀ ਛੁੱਟੀ ਲੈ ਕੇ ਆਇਆ ਹਾਂ।"

"ਤੁਸੀਂ ਫ਼ੌਜੀ ਸੂਰਮੇ, ਸਾਡੀ ਹਿੱਕ ਦੇ ਵਾਲ ਹੋ। ਨਿਝੱਕ ਕਹੋ।" ਸੰਤ ਫ਼ਤਹਿ ਸਿੰਘ ਨੇ ਫ਼ੌਜੀ ਦਾ ਹੱਥ ਫੜ ਲਿਆ।

"ਸਾਡੇ ਫ਼ੌਜੀਆਂ ਵੱਲੋਂ ਹੱਥ ਬੰਨ੍ਹ ਕੇ ਬੇਨਤੀ ਐ, ਤੁਸੀਂ ਦੇਸ਼ ਦੀ ਬਿਪਤਾ ਨੂੰ ਮੁੱਖ ਰੱਖਦੇ ਹੋਏ ਆਪਣਾ ਮਰਨ ਵਰਤ ਅੱਗੇ ਪਾ ਦਿਓ, ਜ਼ਰੂਰੀ ਪਾ ਦਿਓ?"

"ਹੂੰਅ, ਫ਼ੌਜੀ ਜੁਆਨਾ ਤੇਰੀ ਗੱਲ ਜਚਦੀ ਐ, ਪੰਜਾਬੀ ਸੂਬਾ ਲੈਣਾ ਸਾਡਾ ਘਰੋਗੀ ਮਸਲਾ ਹੈ। ਪਰ ਦੇਸ਼ ਦੀ ਭੀੜ, ਸਾਡੀ ਸਾਂਝੀ ਪੀੜ ਐ।" ਸੰਤ ਨੇ ਟੌਅਰ ਵਿਚ ਆ ਕੇ ਆਖਿਆ, "ਅੱਜ ਈ ਪ੍ਰੈੱਸ ਕਾਨਫਰੰਸ ਸੱਦ ਕੇ ਐਲਾਨ ਕਰ ਦਿੱਤਾ ਜਾਵੇਗਾ।"

"ਤੁਹਾਡਾ ਸੰਤ ਜੀ ਬਹੁਤ ਬਹੁਤ ਧੰਨਵਾਦ!" ਗੁਰਬਖ਼ਸ਼ ਸਿੰਘ ਨੇ ਸੰਤ ਫ਼ਤਹਿ ਸਿੰਘ ਦੇ ਖ਼ੁਸ਼ੀ ਵਿਚ ਚਰਨ ਫੜ ਲਏ।

"ਹੱਛਾ, ਮੈਨੂੰ ਛੁੱਟੀ ਬਖ਼ਸ਼ੋ, ਮੇਰੇ ਸਾਥੀ ਹੇਠਾਂ ਉਡੀਕ ਰਹੇ ਹਨ। ਅਸੀਂ ਲੜਾਈ ਨੂੰ ਜਾ ਰਹੇ ਆਂ। ਮਸਾਂ ਭੱਜ-ਭਜਾਈ ਵਿਚੋਂ ਆਇਆ ਹਾਂ।"

"ਜੀ ਆਏ ਨੂੰ ਗੁਰਮੁਖਾ! ਗੁਰੂ ਫ਼ਤਹਿ ਬਖ਼ਸ਼ੇਗਾ।" ਸੰਤਾਂ ਫ਼ੌਜੀ ਦਾ ਮੋਢਾ ਥਾਪੜਿਆ।

"ਹੱਛਾ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ!" ਉਸ ਦੋਵਾਂ

ਸੰਤਾਂ ਨੂੰ ਗੱਲ ਕਰਨ ਲਈ ਛੱਡ ਦਿੱਤਾ ਅਤੇ ਥੱਲੇ ਆ ਕੇ ਸਾਥੀਆਂ ਨੂੰ ਪੁਕਾਰਿਆ।

"ਚਲੋ ਬਈ ਦੋਸਤੋ, ਮੋਰਚਾ ਫ਼ਤਹਿ!"

"ਓਏ ਕਿਹੜਾ ਮੋਰਚਾ?" ਤੇਜਾ ਸਿੰਘ ਕਾਹਲੀ ਨਾਲ ਪੁੱਛ ਗਿਆ।

"ਸੰਤ ਫ਼ਤਹਿ ਸਿੰਘ ਦੇ ਮਰਨ ਵਰਤ ਵਾਲਾ। ਉਹ ਆਪਣਾ ਵਰਤ ਪਾਕਿਸਤਾਨ ਨਾਲ ਜੰਗ ਕਾਰਨ ਮੁਲਤਵੀ ਕਰਨਾ ਮੰਨ ਗਏ ਹਨ।"

"ਵਾਹਵਾ ਓਏ ਗੁਰਬਖ਼ਸ਼ਿਆ, ਆਹ ਤਾਂ ਤੂੰ ਕੱਛ ਵਿਚੋਂ ਮੂੰਗਲੀ ਕੱਢ ਮਾਰੀ।" ਉਹ ਰਵਾਂ-ਰਵੀਂ ਟਰੱਕ ਵਿਚ ਆ ਬੈਠੇ।

"ਗੁਰੂ ਜੋ ਕਰਦਾ ਏ, ਚੰਗਾ ਈ ਕਰਦਾ ਏ। ਮੇਰੀ ਭਾਵਨਾ ਸੀ, ਸੰਤ ਬਾਬਾ ਖੜਕ ਸਿੰਘ ਨੂੰ ਨਾਲ ਲੈ ਕੇ ਇਹ ਕੰਮ ਕਰਨਾ ਹੀ ਕਰਨਾ ਏ। ਸੋ, ਗੁਰੂ ਨੇ ਸਾਡੇ ਸਾਰਿਆਂ ਦੀ ਰੱਖ ਲਈ।" ਗੁਰਬਖ਼ਸ਼ ਸਿੰਘ ਗੁਰੂ ਦਾ ਮੁੜ-ਮੁੜ ਸ਼ੁਕਰਾਨਾ ਕਰ ਰਿਹਾ ਸੀ।

ਭਾਵੇਂ ਘੰਟੇ ਦੀ ਥਾਂ ਡੇਢ ਘੰਟਾ ਲੱਗ ਗਿਆ ਸੀ, ਪਰ ਜਦੋਂ ਆਪਣੇ ਕਰਨਲ ਸਰਦਾਰ ਨੂੰ ਸੈਲੂਟ ਮਾਰਦਿਆਂ ਮਰਨ ਵਰਤ ਛਡਾਉਣ ਵਾਲੀ ਖੁਸ਼ਖ਼ਬਰੀ ਸੁਣਾਈ, ਉਸ ਗੁਰਬਖ਼ਸ਼ ਸਿੰਘ ਨੂੰ ਘੁੱਟ ਕੇ ਸੀਨੇ ਨਾਲ ਲਾ ਲਿਆ।

"ਓਏ ਬਹਾਦਰ ਗੁਰਬਖ਼ਸ਼ ਸਿੰਘਾ, ਤੈਨੂੰ ਪਤਾ ਹੀ ਨਹੀਂ, ਤੂੰ ਕਿੰਨਾ ਵੱਡਾ ਕੰਮ ਕਰ ਆਇਆ ਏਂ। ਸਮਝ ਤਾਰੀਖ਼ ਨੂੰ ਸੁਚੱਜਾ ਮੋੜ ਦੇ ਮਾਰਿਆ। ਵਾਹਵਾ, ਨਹੀਂ ਰੀਸਾਂ ਦੇਸ਼ ਪੰਜਾਬ ਦੀ ਸਮਝ ਦੀਆਂ।"

"ਇਹ ਤਾਂ ਸਰ ਗੁਰੂ 'ਤੇ ਤੁਹਾਡੀ ਕ੍ਰਿਪਾ ਕਾਰਨ ਸੰਭਵ ਹੋਇਆ ਹੈ, ਵਰਨਾ ਮੇਰੀ ਸਿਪਾਹੀ ਦੀ ਕੀ ਪਾਵਰ ਸੀ।" ਉਹ ਸਿਰ ਝੁਕਾਈ ਨਿਮਰਤਾ ਨਾਲ ਕਹਿ ਗਿਆ।

"ਨਾ ਓਏ ਭੋਲਿਆ, ਪੰਜਾਬ ਦੀ ਮਿੱਟੀ ਨੇ ਬੜੀਆਂ ਕਰਾਮਾਤਾਂ ਕੀਤੀਆਂ ਹਨ।" ਸਰਦਾਰ ਫ਼ਖ਼ਰ ਨਾਲ ਛਾਤੀ ਥਾਪੜ ਗਿਆ। "ਗੁਰੂਆਂ ਏਥੇ ਅੰਮ੍ਰਿਤ ਦਾ ਸਰ ਬਣਾਇਆ। ਮੁਕਤੀ ਦਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਾਜੀ। ਹਮਲਾਵਰ ਜ਼ਾਲਮਾਂ ਦੇ ਮੂੰਹ ਤੋੜੇ। ਇਸ ਮਿੱਟੀ ਵਿੱਚ ਸਾਡੇ ਸ਼ਹੀਦ ਪੁਰਖਿਆਂ ਦਾ ਲਹੂ ਸਮਾਇਆ ਹੋਇਆ ਹੈ।"

"ਇਹ ਮਿੱਟੀ ਤਾਂ ਹੁਣ ਅਕਸੀਰ ਹੋ ਗਈ ਐ। ਗੁਰੂ ਦੇ ਆਸਰੇ, ਸਾਡੇ ਤੁਹਾਡੇ ਜਿਉਂਦਿਆਂ ਪੰਜਾਬ ਨੂੰ ਕੋਈ ਨਹੀਂ ਜਿੱਤ ਸਕਦਾ। ਹੁਣ ਦੇਰੀ ਨਾ ਕਰੋ, ਚਾਲੇ ਪਾਓ?"

ਉਨ੍ਹਾਂ ਦੀ ਕਾਨਵਾਈ ਨੇ ਤਰਨਤਾਰਨ, ਪੱਟੀ ਤੇ ਖੇਮਕਰਨ ਬਾਰਡਰ ਵੱਲ ਵਹੀਰਾਂ ਘੱਤ ਦਿੱਤੀਆਂ। ਉਹ ਜੋਸ਼ ਵਿਚ ਮੁੱਕੇ ਵੱਟ-ਵੱਟ ਗਾਉਂਦੇ ਜਾ ਰਹੇ ਸਨ:—

"ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ।
ਅਰੁ ਸਿੱਖ ਹੋ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ।"

ਅੱਠਵਾਂ ਕਾਂਡ

ਕਸ਼ਮੀਰ ਹਥਿਆਉਣ ਲਈ ਪਾਕਿਸਤਾਨ ਦੀ ਇਹ ਦੂਜੀ ਜੰਗ ਸੀ। ਦੋਵੇਂ ਧਿਰਾਂ ਇੱਕ-ਦੂਜੇ ਦੀ ਫ਼ੌਜੀ ਤਾਕਤ ਤੋਂ ਚੰਗੀ ਤਰ੍ਹਾਂ ਵਾਕਫ਼ ਸਨ। ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਦਾ ਪੂਰਾ ਜ਼ੋਰ ਸੀ, ਜਿਸ ਦਾ ਪ੍ਰਧਾਨ ਸ਼ੇਖ਼ ਅਬਦੁਲਾ ਸੀ। ਦੇਸ਼ ਦੀ ਆਜ਼ਾਦ ਵੰਡ ਸਮੇਂ, ਸ਼ੇਖ਼ ਅਬਦੁਲਾ ਜੇ ਭਾਰਤ ਨਾਲ ਮੋਢਾ ਨਾ ਲਾਉਂਦਾ; ਮਹਾਰਾਜਾ ਹਰੀ ਸਿੰਘ ਦਾ ਹਿੰਦ ਨਾਲ ਮਿਲਾਪ ਧਰਿਆ-ਧਰਾਇਆ ਰਹਿ ਜਾਣਾ ਸੀ। ਸ਼ੇਖ਼ ਅਬਦੁਲਾ ਨੂੰ ਮਹਾਰਾਜਾ ਹਰੀ ਸਿੰਘ ਨੇ ਜੇਲ੍ਹ ਵਿਚ ਤੁੰਨੀ ਰੱਖਿਆ ਸੀ, ਪਰ ਚਲਾਕ ਨਹਿਰੂ ਨੇ ਸ਼ੇਖ਼ ਅਬਦੁਲਾ ਨੂੰ ਹੱਥੀਂ ਚਾੜ੍ਹ ਲਿਆ। ਉਸ ਨੂੰ ਰਿਆਸਤ ਦਾ ਵਜ਼ੀਰ ਆਜ਼ਮ ਬਣਾ ਦਿੱਤਾ। ਪਾਕਿਸਤਾਨ ਛੇਤੀ ਕਸ਼ਮੀਰ ਹੜੱਪ ਲੈਣਾ ਚਾਹੁੰਦਾ ਸੀ। ਪਾਕਿਸਤਾਨੀ ਹਮਲਾਵਰਾਂ ਨੂੰ ਠੱਲ ਪਾਉਣ ਲਈ ਪਟਿਆਲਾ ਸਿੱਖ ਰਜਮੈਂਟ ਨੇ ਸਭ ਤੋਂ ਪਹਿਲਾਂ ਸ੍ਰੀ ਨਗਰ ਦਾ ਹਵਾਈ ਅੱਡਾ ਕਾਬੂ ਕੀਤਾ। ਇਉਂ ਪਾਕਿਸਤਾਨ ਦਾ ਕਸ਼ਮੀਰ ਲੈਣ ਦਾ ਪਹਿਲਾ ਹੱਲਾ ਨਾਕਾਮ ਕਰ ਦਿੱਤਾ ਗਿਆ।

ਨਹਿਰੂ ਨੇ ਦੁਨੀਆਂ, ਖ਼ਾਸ ਕਰਕ ਮੁਸਲਿਮ ਦੇਸ਼ਾਂ ਨੂੰ ਇਹ ਬਿਆਨ ਦੇ ਕੇ ਸ਼ਾਂਤ ਕਰ ਦਿੱਤਾ ਕਿ ਜੰਮੂ-ਕਸ਼ਮੀਰ ਵਿਚ ਲੋਕਾਂ ਦੀ ਰਾਇ ਸ਼ੁਮਾਰੀ ਯੂ. ਐੱਨ. ਓ. ਦੀ ਨਿਗਰਾਨੀ ਹੇਠ ਕਰਵਾਈ ਜਾਵੇਗੀ। ਇਹ ਕਸ਼ਮੀਰ ਦੇ ਲੋਕਾਂ ਦੀ ਮਰਜ਼ੀ ਹੋਵੇਗੀ, ਉਹ ਭਾਰਤ ਵਿਚ ਰਹਿਣ; ਪਾਕਿਸਤਾਨ ਨਾਲ ਜਾਣ ਜਾਂ ਆਪਣਾ ਕਸ਼ਮੀਰ ਆਜ਼ਾਦ ਰੱਖਣ। ਥੋੜ੍ਹੇ ਸਮੇਂ ਪਿੱਛੋਂ ਭਾਰਤੀ ਫ਼ਿਰਕੂ ਬੁੱਧੀਜੀਵੀਆਂ ਨੂੰ ਅਹਿਸਾਸ ਹੋਇਆ, ਰਿਆਸਤ ਦੇ ਪਚੱਤਰ ਫ਼ੀਸਦੀ ਲੋਕ ਮੁਸਲਮਾਨ ਹਨ। ਜੇ ਰਾਇ ਸ਼ੁਮਾਰੀ ਹੋਈ, ਉਹ ਵੀ ਯੂ. ਐੱਨ. ਓ. ਦੀ ਨਿਗਰਾਨੀ ਹੇਠ, ਕਸ਼ਮੀਰੀ ਆਪਣੇ ਮੁਸਲਿਮ ਭਾਈਚਾਰੇ ਨਾਲ ਜਾਣਗੇ। ਹਿੰਦ ਸਰਕਾਰ ਨੇ ਕਸ਼ਮੀਰ ਨੂੰ ਕਬਜ਼ੇ ਵਿਚ ਰੱਖਣ ਲਈ ਦਿੱਤੇ ਵੱਧ ਅਧਿਕਾਰ ਹੌਲੀ-ਹੌਲੀ ਖਿਸਕਾਉਣੇ ਸ਼ੁਰੂ ਕਰ ਦਿੱਤੇ। ਸ਼ੇਖ਼ ਅਬਦੁੱਲੇ ਨੇ ਵਿਰੋਧ ਕੀਤਾ। ਕਸ਼ਮੀਰੀ ਜਨਤਾ ਅਬਦੁਲੇ ਨੂੰ ਸ਼ੇਰੇ ਕਸ਼ਮੀਰ ਦੀ ਉਪਾਧੀ ਨਾਲ ਪੁਕਾਰਦੀ ਸੀ। ਹਰ ਜੁਮੇ ਦੀ ਨਮਾਜ਼ ਪਿੱਛੋਂ ਸ਼ੇਰੇ ਕਸ਼ਮੀਰ ਨੇ ਹਿੰਦੋਸਤਾਨ ਦੇ ਵਿਰੁੱਧ ਕਰੜੀਆਂ ਤਕਰੀਰਾਂ ਸ਼ੁਰੂ ਕਰ ਦਿੱਤੀਆਂ। ਸਰਕਾਰੀ ਤੌਰ 'ਤੇ ਸਮਝਿਆ ਇਹ ਗਿਆ, ਪਾਕਿਸਤਾਨ ਨਾਲ ਸਾਜ-ਬਾਜ ਹੋ ਰਹੀ ਹੈ। ਭਾਰਤ ਦੀਆਂ ਮਹਾਸ਼ਾ ਅਖ਼ਬਾਰਾਂ, ਸ਼ੇਖ ਅਬਦੁਲੇ ਦੇ ਖ਼ਿਲਾਫ਼ ਬੁਰੀ ਤਰ੍ਹਾਂ ਜ਼ਹਿਰ ਉਗਲ ਰਹੀਆਂ ਸਨ। ਸ਼ੇਖ਼ ਅਬਦੁਲੇ ਨੂੰ ਗੁਲਮਰਗ ਤੋਂ ਗ੍ਰਿਫ਼ਤਾਰ ਕਰਕੇ ਕੂੱਦ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਅਤੇ ਉਸ ਦੀ ਥਾਂ ਹੱਥਾਂ ਵਿਚ ਲਏ ਗੁਲਾਮ ਮੁਹੰਮਦ ਬਖ਼ਸ਼ੀ ਨੂੰ ਮੁੱਖ ਮੰਤਰੀ ਬਣਾ ਦਿੱਤਾ। ਇਸ ਤਰ੍ਹਾਂ ਕਸ਼ਮੀਰ ਦੇ ਲੋਕ ਭਾਰਤ ਵਿਰੁਧ ਬੁਰੀ ਤਰ੍ਹਾਂ ਭੜਕ ਪਏ। ਜਿਹੜੀ ਆਰਥਕ ਮਦਦ ਭਾਰਤ ਵੱਲੋਂ ਅਰਬਾਂ-ਕਰੋੜਾਂ ਦੀ ਕਸ਼ਮੀਰ ਦੀ ਗਰੀਬੀ ਦੂਰ ਕਰਨ ਲਈ ਦਿੱਤੀ ਜਾਂਦੀ ਸੀ, ਉਹ ਵਜ਼ੀਰ ਅਤੇ ਅਫ਼ਸਰਸ਼ਾਹੀ ਡਕਾਰ ਜਾਂਦੀ ਸੀ। ਲੋਕ ਗਰੀਬੀ ਦੀ ਦਲਦਲ ਵਿਚ ਹੋਰ ਧਸਦੇ ਗਏ। ਇਉਂ ਕਸ਼ਮੀਰੀ ਲੋਕਾਂ ਦੇ ਦਿਲ ਭਾਰਤ ਦੀ ਫ਼ਿਰਕਾਪ੍ਰਸਤੀ ਤੇ ਵਿਤਕਰੇ ਕਾਰਨ ਹੋਰ ਦੂਰ ਹੁੰਦੇ ਗਏ।

ਰਾਇ ਸ਼ੁਮਾਰੀ ਲਈ ਜ਼ਮੀਨ ਤਿਆਰ ਨਾ ਹੋ ਸਕੀ। ਪਾਕਿਸਤਾਨ ਨੇ ਕਬਜ਼ੇ ਵਾਲੇ ਕਸ਼ਮੀਰ ਵਿਚੋਂ ਫ਼ੌਜਾਂ ਨਾ ਕੱਢੀਆਂ ਅਤੇ ਨਾ ਹੀ ਭਾਰਤ ਨੇ। ਭਾਰਤ ਸਮਝੀ ਬੈਠਾ ਸੀ, ਪੈਸੇ ਦੀ ਆਰਥਕ ਸਹਾਇਤਾ ਦੇ ਕੇ ਕਸ਼ਮੀਰੀਆਂ ਦੇ ਦਿਲ ਜਿੱਤ ਲਵੇਗਾ, ਪਰ ਹੋਇਆ ਐਨ ਇਸ ਦੇ ਉਲਟ। ਪਾਕਿਸਤਾਨ ਰਾਇਸ਼ੁਮਾਰੀ 'ਤੇ ਜ਼ੋਰ ਦੇ ਰਿਹਾ ਸੀ, ਕਿਉਂਕਿ ਭਾਰਤ ਵਿਰੁੱਧ ਨਾਰਾਜ਼ ਕਸ਼ਮੀਰੀਆਂ 'ਤੇ ਉਸ ਨੂੰ ਭਰੋਸਾ ਸੀ। ਉਹ ਸੁਖਾਲੇ ਹੀ ਪਾਕਿਸਤਾਨ ਨਾਲ ਆ ਜਾਣਗੇ, ਪਰ ਉਹ ਕਬਜ਼ੇ ਵਾਲਾ ਕਸ਼ਮੀਰ ਖਾਲੀ ਕਰਕੇ ਸੱਚਾ ਨਾ ਹੋ ਸਕਿਆ। ਰਾਇ ਸ਼ੁਮਾਰੀ ਵਾਲਾ ਅੜਿੱਕਾ ਜਿਉਂ ਦਾ ਤਿਉਂ ਬਣਿਆ ਰਿਹਾ। ਭਾਰਤ ਲਈ ਇਹ ਬਹਾਨਾ ਖ਼ਰਾ ਉਤਰਿਆ। ਫਿਰ ਨਹਿਰੂ ਨੇ ਸਾਫ਼ ਹੀ ਕਹਿ ਦਿੱਤਾ "ਰਾਇ ਸ਼ੁਮਾਰੀ ਵਾਲੇ ਹਾਲਾਤ ਹੀ ਬਦਲ ਗਏ।" ਜਿਵੇਂ ਉਹ ਸਿੱਖਾਂ ਦੇ ਵਾਅਦੇ ਅਤੇ ਹੱਕ ਤੋਂ ਮੁੱਕਰਿਆ ਸੀ। ਭਾਰਤ ਕਸ਼ਮੀਰ ਨੂੰ ਆਪਣੀ ਮੁੱਠੀ ਵਿਚ ਰੱਖਣ ਲਈ ਅਰਬਾਂ ਰੁਪਇਆ ਖ਼ਰਚ ਕਰ ਚੁੱਕਾ ਸੀ। ਪਰ ਲੋਕਾਂ ਦੀ ਗ਼ਰੀਬੀ ਦਾ ਲੱਕ ਟੁੱਟਾ ਰਿਹਾ ਅਤੇ ਉਹ ਪਾਕਿਸਤਾਨ ਵੱਲ ਉਲਾਰ ਹੁੰਦੇ ਗਏ।

ਪਾਕ ਨੂੰ ਵੱਡਾ ਹੌਸਲਾ ਏਹੀ ਸੀ, ਕਸ਼ਮੀਰ ਦੀ ਬਹੁਗਿਣਤੀ ਮੇਰੇ ਨਾਲ ਹੈ। ਪਰ ਕਜੀਆ ਇਹ ਸੀ ਕਿ ਰਾਇ ਸ਼ੁਮਾਰੀ ਦੇ ਅਸਾਰ ਨਹੀਂ ਬਣ ਰਹੇ ਸੀ। ਉਸ ਲਈ ਕਸ਼ਮੀਰ 'ਤੇ ਕਬਜ਼ਾ ਕਰਨ ਦਾ ਆਖ਼ਰੀ ਤਰੀਕਾ ਤਾਕਤ ਦਾ ਹੀ ਰਹਿ ਗਿਆ ਸੀ। ਤਾਕਤ ਭਾਰਤ ਦੇ ਮੁਕਾਬਲੇ ਥੋੜ੍ਹੀ ਸੀ। ਉਸ ਦੁਨੀਆਂ ਦੀ ਵੱਡੀ ਸ਼ਕਤੀ ਅਮਰੀਕਾ ਨਾਲ ਹਰ ਤਰ੍ਹਾਂ ਝੋਲੀ ਚੁੱਕਣ ਤੱਕ ਗੰਢ ਲਈ। ਅਮਰੀਕਾ ਆਪਣੀ ਥਾਂ ਰੂਸ ਨੂੰ ਅਰਬ ਖਾੜੀ ਦੇ ਤੇਲ ਭੰਡਾਰਾਂ ਤੋਂ ਪਰ੍ਹਾਂ ਧੱਕ ਕੇ ਰੱਖਣਾ ਚਾਹੁੰਦਾ ਸੀ। ਉਸ ਨੂੰ ਰੂਸ ਦੇ ਪੈਰਾਂ ਵਿਚ ਇੱਕ ਮਜ਼ਬੂਤ ਫ਼ੌਜੀ ਅੱਡੇ ਦੀ ਲੋੜ ਸੀ। ਸੋ, ਦੋਵੇਂ ਗ਼ਰਜਮੰਦ ਸਮਝੋ ਲੰਡੇ ਨੂੰ ਮੀਣਾ ਮਿਲ ਗਏ। ਪਿਸ਼ੌਰ ਦੇ ਹਵਾਈ ਅੱਡੇ ਤੋਂ ਜਾਸੂਸੀ ਕਰਨ ਲਈ ਅਮਰੀਕਾ ਦਾ ਉਡਿਆ ਯੂ. ਟੂ. ਜਹਾਜ਼ ਰੂਸ ਨੇ ਰਾਕਟ ਮਾਰ ਕੇ ਲਾਹ ਲਿਆ ਅਤੇ ਪਾਕਿਸਤਾਨ ਨੂੰ ਖ਼ੁਰਸਚੋਵ ਦੀ ਕਰੜੀ ਚਿਤਾਵਨੀ ਨਾਲ ਹੱਥਾਂ-ਪੈਰਾਂ ਦੀ ਪਾ ਦਿੱਤੀ।

ਭਾਵੇਂ ਭਾਰਤ ਨੇ ਰੂਸ ਨਾਲ ਇੱਕ ਫ਼ੌਜੀ ਸਮਝੌਤਾ ਕਰ ਰੱਖਿਆ ਸੀ, ਪਰ ਅਮਰੀਕਾ ਨੇ ਪਾਕਿਸਤਾਨ ਨੂੰ ਮਜ਼ਬੂਤ ਪੈਟਨ ਟੈਂਕ ਵੇਚ ਕੇ ਬਹੁਤ ਸ਼ਕਤੀਸ਼ਾਲੀ ਬਣਾ ਦਿੱਤਾ ਸੀ। ਰੂਸ ਤੇ ਅਮਰੀਕਾ ਤਾਕਤਾਂ ਵੱਡੀ ਜੰਗ ਤੋਂ ਡਰਦੀਆਂ ਕੰਨੀ ਖਿਸਕਾ ਰਹੀਆਂ ਸਨ, ਕਿਉਂਕਿ ਐਟਮੀ ਸ਼ਕਤੀ ਨਾਲ ਦੁਨੀਆਂ ਹੀ ਤਬਾਹ ਹੋ ਸਕਦੀ ਸੀ। ਪਰ ਗ਼ਰੀਬ ਦੇਸ਼ਾਂ ਨੂੰ ਦੋਵੇਂ ਤਾਕਤਾਂ ਹਥਿਆਰ ਵੇਚ-ਵੇਚ ਲੁੱਟ ਰਹੀਆਂ ਸਨ। ਏਧਰ ਚੀਨ ਤੋਂ ਮਾਰ ਖਾ ਕੇ ਭਾਰਤ ਅਵੇਸਲਾ ਨਹੀਂ ਰਿਹਾ ਸੀ। ਭਾਰਤ ਕੋਲ ਪੈਟਨ ਟੈਂਕਾਂ ਦੇ ਜੋੜ ਦੇ ਟੈਂਕ ਨਹੀਂ ਸਨ। ਪਾਕਿ-ਅਮਰੀਕੀ ਟੈਂਕ ਲੈ ਕੇ ਇੱਕ ਤਰ੍ਹਾਂ ਤਾਕਤ ਦੇ ਨਸ਼ੇ ਵਿਚ ਆਫ਼ਰ ਚੁੱਕਾ ਸੀ। ਉਸ ਦੀ ਇਨਟੈਲੀਜੇਂਸ ਸਰਵਸ ਨੇ ਕਸ਼ਮੀਰ ਅਫ਼ਸਰਸ਼ਾਹੀ ਨੂੰ ਚੱਜ ਨਾਲ ਜੋੜ ਲਿਆ ਸੀ। ਉਸ ਸਮਝ ਲਿਆ, ਤਾਕਤਵਰ ਟੈਂਕ ਹਨ। ਕਸ਼ਮੀਰੀ ਲੋਕ ਮੁਸਲਿਮ ਭਾਈਚਾਰੇ ਕਾਰਨ ਨਾਲ ਹਨ ਅਤੇ ਅਫ਼ਸਰਸ਼ਾਹੀ ਪੂਰਾ ਦਮ ਭਰਦੀ ਹੈ। ਕਸ਼ਮੀਰ ਲੈਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਿਹੜਾ ਹੋ ਸਕਦਾ ਹੈ। ਉਸ ਭਾਰਤ 'ਤੇ ਦੂਜੀ ਵਾਰ ਜੰਗ ਚਾੜ੍ਹ ਦਿੱਤੀ।

ਕਸ਼ਮੀਰ ਦੀ ਉਲਝੀ ਸਮੱਸਿਆ ਦੇ ਨਤੀਜੇ ਭਾਰਤ-ਪਾਕਿ ਜੰਗ ਰਾਹੀਂ ਹਰ ਵਾਰ ਪੰਜਾਬ ਨੂੰ ਮੁਫ਼ਤ ਹੀ ਭੁਗਤਣੇ ਪੈਂਦੇ ਰਹੇ। ਦੇਸ਼ ਆਜ਼ਾਦ ਹੋਣ ਦੀ ਤਬਾਹੀ ਪੰਜਾਬ ਨੂੰ ਭੁੱਲੀ ਨਹੀਂ ਸੀ ਕਿ ਇਹ ਹੋਰ ਮਾਰਖ਼ੋਰੀ ਜੰਗ ਲਲਕਾਰਨ ਲੱਗ ਪਈ। ਪੰਜਾਬ ਦੇ ਪੱਛਮੀ ਖੇਤਰ

ਵਿਚ ਪੈਟਨ ਟੈਂਕਾਂ ਦੀ ਕਤਾਰ ਧੂੜਾਂ ਪੁੱਟਦੀ ਅਤੇ ਅੱਗ ਉਗਲਦੀ ਅੱਗੇ ਵਧੀ ਆ ਰਹੀ ਸੀ। ਓ.ਪੀ. ਦੇ ਇਸ਼ਾਰੇ 'ਤੇ ਭਾਰਤੀ ਤੋਪਾਂ ਫਾਇਰ ਕਰਦੀਆਂ, ਪਰ ਬੇਕਾਰ ਵਾਲੀ ਗੱਲ ਸੀ। ਪੈਟਨ ਟੈਂਕਾਂ ਰਾਹੀਂ ਪਾਕਿਸਤਾਨੀਆਂ ਦੀ ਤੇਜ਼ ਅਗਵਾਈ ਤੋਂ ਲੱਗਦਾ ਸੀ, ਇਹ ਹਨੇਰੀ ਰੁਕੇਗੀ ਨਹੀਂ, ਜਨਰਲ ਹਰਬਖ਼ਸ਼ ਸਿੰਘ ਨੇ ਲੰਮੀ ਰੇਂਜ ਵਾਲੀ ਦੂਰਬੀਨ ਨਾਲ ਜਾਂਚਿਆ, ਪੈਟਨ ਟੈਂਕਾਂ ਦੀ ਚੜ੍ਹਤ ਸਭ ਨੂੰ ਦਰੜ ਕੇ ਅੱਗੇ ਲੰਘ ਜਾਵੇਗੀ। ਐਂਟੀ ਟੈਂਕ ਗੰਨਾਂ ਕੁਝ ਨਹੀਂ ਸਵਾਰ ਰਹੀਆਂ ਸਨ। ਦੁਸ਼ਮਣ ਨੂੰ ਰੋਕਣ ਲਈ ਸਾਮਾਨ ਕਾਫ਼ੀ ਨਹੀਂ ਸੀ। ਅੱਗੇ ਪੰਜਾਬ ਦੇ ਪੱਤ ਤੇ ਗੁਰਦੁਆਰਿਆਂ ਦੀ ਪਵਿੱਤਰਤਾ ਭੰਗ ਹੋਣ ਵਾਲੀ ਹੈ। ਸਾਡੇ ਸਿੰਘਾਂ ਦੇ ਜਿਉਂਦਿਆਂ ਅਜਿਹਾ ਸਤਿਆਨਾਸ ਹੋ ਜਾਵੇ; ਕੀਹਨੂੰ ਮੂੰਹ ਵਿਖਾਵਾਂਗੇ ਅਤੇ ਸ਼ਹੀਦ ਪੁਰਖਿਆਂ ਦੇ ਇਤਿਹਾਸ ਨੂੰ ਕੀ ਜਵਾਬ ਦੇਵਾਂਗੇ। ਜਨਰਲ ਸੋਚਦਾ ਹੀ ਗਿਆ।

"ਨਾਅਹੀ! ਮੈਂ ਜਿਉਂਦੇ ਜੀਅ ਅਜਿਹਾ ਨਹੀਂ ਹੋਣ ਦਿਆਂਗਾ।" ਉਸ ਗੁਰੂ 'ਤੇ ਭਰੋਸਾ ਕਰਦਿਆਂ ਆਪਣੀ ਸਿੱਖ ਰਜਮੈਂਟ ਦੇ ਜਵਾਨਾਂ ਨੂੰ ਵੰਗਾਰਿਆ; ਜਿਨ੍ਹਾਂ ਵਿਚ ਲੈਂਸ ਨੈਕ ਗੁਰਬਖ਼ਸ਼ ਸਿੰਘ ਵੀ ਸੀ। "ਗੁਰੂ ਗੋਬਿੰਦ ਸਿੰਘ ਦੇ ਸਿਦਕੀ ਸੂਰਬੀਰੋ! ਅੱਜ ਪੰਜਾਬ ਤੁਹਾਡੇ ਰੱਖਣ ਦਾ ਹੈ। ਨਹੀਂ ਤਾਂ ਧੀਆਂ-ਭੈਣਾਂ ਦੀ ਪੱਤ ਕੁੱਤਿਆਂ ਹਵਾਲੇ ਹੋਵੇਗੀ। ਸਾਡਾ ਪਵਿੱਤਰ ਤਰਨ ਤਾਰਨ ਅਤੇ ਹਰਿਮੰਦਰ ਸਾਹਿਬ ਬਰਬਾਦ ਹੋ ਜਾਣਗੇ। ਜੇ ਅਸਾਂ ਜਾਨਾਂ ਪਿਆਰੀਆਂ ਕਰ ਲਈਆਂ, ਸਾਡਾ ਸ਼ਾਨਦਾਰ ਇਤਿਹਾਸ ਕਲੰਕਤ ਹੋ ਜਾਵੇਗਾ। ਪੈਟਨ ਟੈਂਕਾਂ ਦੇ ਅੱਗ ਵਰ੍ਹਾਉਂਦੇ ਮੂੰਹ ਅਸੀਂ ਆਪਣੀ ਆਹੂਤੀ ਦੇ ਕੇ ਹੀ ਬੰਦ ਕਰ ਸਕਦੇ ਆਂ। ਦੁਸ਼ਮਣ ਦੇ ਟੈਂਕਾਂ ਅੱਗੇ ਸਾਡੀਆਂ ਗੰਨਾਂ ਭੂਸਰੀ ਮੱਝ ਨੂੰ ਰੋੜੀਆਂ ਮਾਰਨ ਵਾਲੀ ਗੱਲ ਹੈ। ਇਨ੍ਹਾਂ ਦੈਂਤ ਟੈਂਕਾਂ ਨੂੰ ਹਰ ਹਾਲਤ ਵਿਚ ਰੋਕਣਾ ਹੈ, ਨਹੀਂ ਤਾਂ ਅਸੀਂ ਕਿਤੋਂ ਜੋਗੇ ਨਹੀਂ ਰਹਾਂਗੇ। ਯਾਦ ਰੱਖੋ, ਇੱਥੋਂ ਪੈਰ ਉੱਖੜੇ ਬਿਆਸ ਤੱਕ ਨਹੀਂ ਲੱਗਣੇ। ਸਭ ਤੋਂ ਪਹਿਲਾਂ ਮੈਂ ਹਿੱਕ ਨਾਲ ਬੰਬ ਬੰਨ੍ਹ ਕੇ ਟੈਂਕ ਹੇਠਾਂ ਵੜ ਕੇ ਉਸ ਨੂੰ ਤੋੜਾਂਗਾ। ਇਸ ਤਰ੍ਹਾਂ ਕੁਰਬਾਨੀ ਦਿੱਤੇ ਬਿਨਾਂ ਮੌਤ ਦੀ ਹਨੇਰੀ ਨੂੰ ਰੋਕਿਆ ਨਹੀਂ ਜਾ ਸਕਦਾ।"

ਸਾਹਮਣੇ ਖਲੋਤੇ ਅਫ਼ਸਰ ਤੇ ਸਿਪਾਹੀ ਜਵਾਨੀ ਦੇ ਜੋਸ਼ ਦੀਆਂ ਜ਼ਰਬਾਂ ਖਾ ਗਏ।

"ਨਹੀਂ ਨਹੀਂ, ਤੁਸੀਂ ਨਹੀਂ ਜਾਵੋਗੇ। ਤੁਸੀਂ ਸਾਡੀ ਅਗਵਾਈ ਕਰੋਗੇ। ਇਹ ਕੁਰਬਾਨੀ ਅਸੀਂ ਦੇਵਾਂਗੇ। ਦੇਸ਼, ਪੱਤ ਤੇ ਧਰਮ ਨਾਲੋਂ ਜਾਨਾਂ ਪਿਆਰੀਆਂ ਨਹੀਂ ਹੋ ਸਕਦੀਆਂ। ਅਸੀਂ ਟੈਂਕਾਂ ਨੂੰ ਭੰਨਾਂਗੇ ਅਤੇ ਪੁਰਖ਼ਿਆਂ ਦੇ ਇਤਿਹਾਸ ਦੀ ਸ਼ਾਨ ਨੂੰ ਵੱਟਾ ਨਹੀਂ ਲੱਗਣ ਦੇਵਾਂਗੇ।" ਇੱਕ ਹੋਣਹਾਰ ਲੈਫ਼ਟੀਨੈਂਟ ਲਲਕਾਰ ਪਿਆ।

ਉਸ ਦੀ ਲਲਕਾਰ ਨਾਲ ਹੋਰ ਅਫ਼ਸਰ ਤੇ ਜਵਾਨ ਦੋ ਕਦਮਾਂ ਪੁੱਟ ਕੇ ਅੱਗੇ ਆ ਗਏ। ਲੈਫ਼ਟੀਨੈਂਟ ਜਨਰਲ ਮੁੜ ਹੁੰਗਾਰ ਪਿਆ। ਉਸ ਦੀਆਂ ਤਲਵਾਰਾਂ ਦੇ ਕਰਾਸ ਚਿੰਨ੍ਹ ਪਲ-ਪਲ ਪਿੱਛੋਂ ਚਮਕਦੇ ਸਨ।

"ਪੁੱਤਰੋ! ਇਹ ਜਿੰਦ ਗੁਰੂ ਦੀ ਅਮਾਨਤ ਐ, ਅੱਜ ਪੰਜਾਬ ਦੇ ਲੇਖੇ ਲਾਏ ਬਿਨਾਂ ਅਸੀਂ ਸੁਰਖ਼ਰੂ ਨਹੀਂ ਹੋ ਸਕਦੇ। ਇਹ ਜਾਨ ਮੇਰੇ ਬਹਾਦਰੋ ਊਂ ਵੀ ਨਹੀਂ ਰਹਿਣੀ, ਫੇਰ ਕੁਰਬਾਨੀ ਕਰਕੇ ਹਮੇਸ਼ਾ ਲਈ ਅਮਰ ਕਿਉਂ ਨਾ ਹੋਇਆ ਜਾਵੇ। ਸਾਡੇ ਕੋਲ ਮੌਕਾ ਸਾਂਭਣ ਲਈ ਸਮਾਂ ਵੀ ਥੋੜ੍ਹਾ ਹੈ। ਸੋ, ਜੀਤੇ ਜੋ ਪਹਿਲਾਂ ਮਾਰੇ।"

ਉਸ ਸਾਰੇ ਜਵਾਨਾਂ ਵਿਚ ਟੈਂਕ ਤੋੜੂ ਬੰਬ ਵੰਡ ਦਿੱਤੇ। ਸਕੀਮ ਸੀ, ਟੈਂਕਾਂ ਦੇ ਹੇਠਾਂ ਦੇ ਕੇ ਬੰਬ ਫਟਾਉਣਾ ਹੈ ਤਾਂ ਜੋ ਉਹ ਉਲਟ ਕੇ ਚੱਲਣ ਜੋਗੇ ਨਾ ਰਹਿਣ। ਇਸ ਵਿਚ ਤਾਂ ਸ਼ੱਕ

ਨਹੀਂ ਸੀ, ਬੰਬ ਵਾਲੇ ਜਵਾਨ ਦੇ ਪਰਖੱਚੇ ਉਡ ਜਾਣੇ ਸਨ ਜਾਂ ਟੈਂਕ ਹੇਠਾਂ ਕੁਚਲ ਹੋ ਜਾਣਾ ਸੀ, ਪਰ ਉਸ ਜ਼ਿੰਦਾ ਸ਼ਹੀਦ ਦੇ ਕਾਰਨਾਮੇ ਨਾਲ ਸਰਕਾਰਾਂ ਤੇ ਤਾਰੀਖ਼ਾਂ ਨੂੰ ਭਾਜੜਾਂ ਪੈ ਜਾਣੀਆਂ ਸਨ। ਧੀਆਂ ਭੈਣਾਂ ਦੀਆਂ ਬੇਪੱਤੀਆਂ ਅਤੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਹੋਣਾ ਅਨੁਭਵ ਕਰਕੇ ਸਿੱਖ ਨੌਜਵਾਨਾਂ ਦੇ ਲੂੰ ਕੰਡੇ ਹੋ ਗਏ ਸਨ। ਪਿਤਾ ਪੁਰਖੀ ਵਾਲਾ ਸਿੰਘਊ ਰੋਹ, ਫੁੰਕਾਰੇ ਮਾਰਨ ਲੱਗਾ। ਮੌਤ ਦਾ ਭੈਅ ਚਿੱਤ-ਚੇਤੇ ਵਿਚੋਂ ਅਸਲੋਂ ਨਿਕਲ ਗਿਆ। ਲੱਗਦਾ ਇਉਂ ਸੀ, ਜਿਵੇਂ ਜਵਾਨ ਸਿੱਧੇ ਈ ਟੈਂਕਾਂ ਨਾਲ ਭਿੜ ਪੈਣਗੇ। ਜਿਸ ਧਰਮ ਦੀ ਉਨ੍ਹਾਂ ਫ਼ੌਜੀ ਬਣਨ ਸਮੇਂ ਸੌਂਹ ਚੁੱਕੀ ਸੀ, ਓਹੀ ਧਰਮ ਸ਼ਰਧਾ ਸ਼ਕਤੀ ਬਣ ਕੇ ਲਲਕਾਰ ਪਿਆ।

ਲੈਫ਼ਟੀਨੈਂਟ ਜਨਰਲ ਨੂੰ ਆਰਮੀ ਹਾਈ ਕਮਾਂਡ ਵੱਲੋਂ ਵਾਇਰਲੈੱਸ ਆ ਗਈ।

"ਦੇਖੋ ਜਨਰਲ ਸਾਹਬ। ਆਪ ਪੈਟਨ ਟੈਂਕੋਂ ਕੇ ਹਮਲੇ ਕੋ ਰੋਕ ਨਹੀਂ ਸਕੇਂਗੇ। ਹਮ ਨੇ ਜਹਾਂ ਬੈਠੇ ਹੀ ਤਾਕਤ ਕੇ ਤਵਾਜ਼ਨ ਕੋ ਅੱਛੀ ਤਰ੍ਹਾਂ ਸੇ ਜਾਨ ਲਿਆ ਹੈ। ਆਪ ਐਸਾ ਕਰੋ, ਪਹਿਲੇ ਮੋਰਚੇ ਛੋੜ ਕਰ ਪੀਛੇ ਬਿਆਸ ਪਰ ਮੋਰਚੇ ਸੰਭਾਲ ਲੇਂ। ਦਰਿਆ ਪਾਰ ਕਰਨਾ ਦੁਸ਼ਮਣ ਕੇ ਲੀਏ ਬਹੁਤ ਮੁਸ਼ਕਲ ਹੋਗਾ। ਯੂੰ ਹੀ ਜਵਾਨੋਂ ਕੋ ਮਰਵਾਨੇ ਸੇ ਕੁਛ ਵੀ ਹਾਸਲ ਨਾ ਹੋਗਾ। ਸਮਝੇ?"

ਹਰਬਖ਼ਸ਼ ਸਿੰਘ ਨੂੰ ਹਾਈ ਕਮਾਂਡ ਦਾ ਹੁਕਮ ਸੁਣ ਕੇ ਮਣਾਂ ਮੂੰਹ ਗੁੱਸਾ ਚੜ੍ਹ ਆਇਆ।

"ਕਮਾਂਡਿੰਗ ਸਾਹਬ! ਜੇ ਤੁਸੀਂ ਇਸ ਮੋਰਚੇ 'ਤੇ ਹੁੰਦੇ, ਆਪਣਾ ਘਰ-ਘਾਟ, ਧੀਆਂ-ਭੈਣਾਂ ਤੇ ਪਵਿੱਤਰ ਮੰਦਰਾਂ ਦੀ ਤਬਾਹੀ ਹੁੰਦੀ ਵੇਖ ਕੇ ਭੱਜ ਜਾਂਦੇ?"

"ਜਨਰਲ ਸਾਹਬ, ਜਜ਼ਬਾਤੀ ਨਾ ਬਣੋ, ਇਤਨਾ ਨੁਕਸਾਨ ਹੋ ਜਾਇਗਾ ਕਿ ਪੂਰਾ ਨਾ ਹੋਗਾ। ਤਾਕਤ ਕੋ ਬਚਾਓ?"

"ਨਹੀਂ, ਮੈਂ ਜਾਨ ਦੇ ਦਿਆਂਗਾ, ਪਰ ਮੋਰਚਾ ਨਹੀਂ ਛੱਡਾਂਗਾ। ਹਮਾਰੇ ਇਤਿਹਾਸ ਕੋ ਲਾਜ ਲੱਗਦੀ ਹੈ।"

"ਤੁਮਹਾਰੀ ਮਰਜ਼ੀ।" ਕਮਾਂਡਰ ਇਨ ਚੀਫ਼ ਛਿੱਥਾ ਪੈ ਗਿਆ।

ਜਨਰਲ ਹਰਬਖ਼ਸ਼ ਸਿੰਘ ਨੇ ਆਪਣੇ ਵਫ਼ਾਦਾਰ ਸਾਥੀਆਂ ਅੱਗੇ ਆਏ ਖੋਟੇ ਸੁਨੇਹੇ ਦਾ ਭਾਂਡਾ ਭੰਨ ਦਿੱਤਾ ਅਤੇ ਆਖਿਆ:

"ਮੇਰੇ ਪਿਆਰੇ ਪੁੱਤਰੋ! ਇਸ ਵੇਲੇ ਬਾਜਾਂ ਵਾਲੇ ਤੋਂ ਬਿਨਾਂ ਸਾਡਾ ਕੋਈ ਸਹਾਈ ਨਹੀਂ। ਆਪਣੀ ਪੱਤ ਦੀ ਅਸਾਂ ਆਪ ਰਾਖੀ ਕਰਨੀ ਹੈ। ਪਾਨੀਪਤ ਦੇ ਮੈਦਾਨ ਵਿਚ ਬਾਬਰ ਕੋਲ ਕੇਵਲ ਬਾਰ੍ਹਾਂ ਹਜ਼ਾਰ ਫ਼ੌਜ ਸੀ। ਦੂਜੇ ਬੰਨੇ ਹਾਥੀ 'ਤੇ ਸਵਾਰ ਸਿਕੰਦਰ ਲੋਧੀ ਸਵਾ ਲੱਖ ਸੈਨਾ ਲਈ ਸਾਹਮਣੇ ਖਲੋਤਾ ਸੀ। ਬਾਬਰ ਨੇ ਆਪਣੇ ਯੋਧਿਆਂ ਨੂੰ ਲਲਕਾਰਿਆ: "ਬਹਾਦਰੋ! ਗਾਜ਼ੀਓ!! ਏਥੋਂ ਕਾਬਲ ਬਹੁਤ ਦੂਰ ਹੈ। ਤੁਸੀਂ ਭੱਜ ਕੇ ਵੀ ਜਾਨਾਂ ਨਹੀਂ ਬਚਾ ਸਕੋਗੇ। ਦਲੇਰੀ ਤੇ ਜਵਾਂ ਮਰਦੀ ਦਾ ਸਬੂਤ ਦਿਓ ਅਤੇ 'ਯਾ ਅਲੀ-ਅਲੀ' ਕਰਕੇ ਟੁੱਟ ਕੇ ਪੈ ਜਾਓ। ਦਿੱਲੀ ਆ ਖੜ੍ਹੀ ਹੈ।" ਬਾਬਰ ਦੀ ਲਲਕਾਰ ਜੇਤੂ ਬਣ ਗਈ। ਜੇ ਸਾਡੇ ਪੈਰ ਏਥੋਂ ਮੁੜ ਤੁਰੇ, ਦਿੱਲੀ ਤੱਕ ਨਹੀਂ ਲੱਗਣੇ। ਪੰਜਾਬ ਦਾ ਲੂਣ ਹੱਕ ਹਲਾਲ ਕਰਨ ਦਾ ਸਮਾਂ ਆ ਗਿਆ ਹੈ। ਮੇਰਾ ਸਿੱਖੀ ਸਿਦਕ ਨਾ ਜਾਵੇ, ਸਿਰ ਜਾਵੇ ਤਾਂ ਜਾਵੇ। ਸੂਰਮੇ ਸਿੰਘੋ! ਅਕਾਲ ਅਕਾਲ ਕਰਕੇ ਪੈ ਜਾਓ। ਦੁਨੀਆਂ ਦਾ ਇਤਿਹਾਸ ਯਾਦ ਕਰੇ।" ਸਿੰਘਾਂ ਸਿਰ ਮਾਰ ਮਾਰ ਟੈਂਕ ਤੋੜ ਸੁੱਟ।

ਲੈਫ਼ਟੀਨੈਂਟ ਜਨਰਲ ਦੀ ਭਵਕਾਰ ਨੇ ਸੂਰਮਿਆਂ ਨੂੰ ਕੰਬਣੀਆਂ ਚਾੜ੍ਹ ਦਿੱਤੀਆਂ। ਉਨ੍ਹਾਂ ਦਾ ਆਪਣਾ ਆਪ ਬੰਬ ਬਣ ਕੇ ਟੈਂਕ ਅੱਗੇ ਫਟਿਆ ਚਾਹੁੰਦਾ ਸੀ।

ਟੈਂਕਾਂ ਦੀ ਯਲਗਾਰ ਫਾਇਰ ਕਰਦੀ, ਲਾਟਾਂ ਛੱਡਦੀ ਬੁਰੀ ਤਰ੍ਹਾਂ ਚੜ੍ਹੀ ਆ ਰਹੀ ਸੀ। ਸਿੱਖਾਂ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ!" ਦੇ ਜੈਕਾਰੇ ਛੱਡੇ ਅਤੇ ਕੱਛਾਂ ਵਿੱਚ ਬੰਬ ਦੱਬੀ, ਮਾਰੋ-ਮਾਰ ਕਰਦੇ ਟੈਂਕਾਂ ਨੂੰ ਸਾਹਮਣਿਓਂ ਪੈ ਗਏ। ਦੂਜੇ ਪਲ ਬੰਬ ਫਟਦਾ ਤੇ ਪੈਟਨ ਟੈਂਕ ਉਲਟਿਆ ਜਾ ਪਾਸੇ ਪਰਨੇ ਪਿਆ ਹੁੰਦਾ। ਸ਼ਹੀਦ ਸਿੰਘ ਦਾ ਤੂੰਬਾ ਤੂੰਬਾ ਉਡ ਜਾਂਦਾ। ਟੈਂਕਾਂ ਦੇ ਡਰਾਇਵਰਾਂ ਲਈ ਇਹ ਹੈਰਾਨ ਕਰਨ ਵਾਲਾ ਅਜੀਬ ਮਾਅਜਜ਼ਾ ਸੀ।

"ਕਿਆ ਕਮਾਲ ਐ ਇਹ ਭੂਤਨੇ ਲੋਕ, ਮੌਤ ਨੂੰ ਮਾਊਂ ਵੀ ਨਹੀਂ ਸਮਝਦੇ। ਤੋਬਾ ਮੇਰੇ ਮੌਲਾ!"

ਲੈਂਸ ਨੈਕ ਗੁਰਬਖ਼ਸ਼ ਸਿੰਘ ਇੱਕ ਧੋੜੀ ਦੀ ਆੜ ਵਿੱਚ ਬੰਬ ਲਈ ਤਿਆਰ ਬੈਠਾ ਸੀ। ਤੇਜ਼ ਰਫ਼ਤਾਰ ਇੱਕ ਟੈਂਕ ਨੇ ਧੋੜੀ ਤੋਂ ਟੇਢ ਵੱਟ ਲਈ। ਟੈਂਕਾਂ ਦੀ ਘਮਸਾਣ ਅਤੇ ਗਰਦੋ ਗਵਾਹ ਵਿਚ ਕੁਝ ਵੀ ਦਿਖਾਈ ਨਹੀਂ ਦੇ ਰਿਹਾ ਸੀ। ਉਸ ਬਰਾਬਰੋਂ ਲੰਘ ਚਲੇ ਟੈਂਕ ਦੇ ਪੈਰਾਂ ਹੇਠ ਬੰਬ ਮਾਰਿਆ ਤੇ ਆਪੇ ਥਾਏਂ ਡਿੱਗ ਪਿਆ। ਟੈਂਕ ਦੀ ਚੇਨ ਦੇ ਫਾਰੜੇ ਉਡ ਗਏ। ਅਰੜਾ ਕੇ ਟੈਂਕ ਥਾਏਂ ਰੁਕ ਗਿਆ। ਗੁਰਬਖਸ਼ ਸਿੰਘ ਨੇ ਸਮਝਿਆ ਟੈਂਕ ਦਾ ਡਰਾਇਵਰ ਬਾਹਰ ਆਵੇਗਾ। ਉਸ ਨਿਸ਼ਾਨਾ ਸੇਧ ਰੱਖਿਆ। ਪਹਿਲੋਂ ਡਰਾਇਵਰ ਦੀ ਹਰੀ ਟੋਪੀ ਦਾ ਚੰਦ ਤਾਰਾ ਚਮਕਿਆ। ਫਿਰ ਉਹ ਦੋਵਾਂ ਹੱਥਾਂ ਦੇ ਭਾਰ ਬਾਹਰ ਆ ਗਿਆ। ਭਾਰਤੀ ਜਵਾਨ ਨੂੰ ਖ਼ੂਬਸੂਰਤ ਦੁਸ਼ਮਣ ਜਵਾਨ ਨੂੰ ਗੋਲੀ ਮਾਰਨੀ ਠੀਕ ਨਾ ਸਮਝੀ ਅਤੇ ਪੁਕਾਰਿਆ।

"ਜਵਾਨਾ, ਮੇਰੇ ਵੱਲ ਨੂੰ ਆ ਜਾਹ, ਸਾਹਮਣਾ ਈ, ਨਹੀਂ ਤਾਂ.....?"

ਜਦੋਂ ਟੈਂਕ ਡਰਾਇਵਰ ਨੇ ਟੈਂਕ ਤੋੜਨ ਵਾਲੇ ਸਿੱਖ ਸਿਪਾਹੀ ਨੂੰ ਵੇਖਿਆ, ਝੱਟ ਪਿਸਟਲ ਦਾ ਫਾਇਰ ਕਰ ਦਿੱਤਾ। ਗੁਰਬਖ਼ਸ਼ ਬਚਣ ਲਈ ਲੋਟਪੋਟਨੀ ਖਾ ਗਿਆ, ਪਰ ਗੋਲੀ ਮੋਢੇ ਵਿਚੋਂ ਦੀ ਨਿਕਲ ਗਈ। ਉਸ ਛੋਹ ਨਾਲ ਤੱਤੇ ਤਾਅ ਰਾਈਫਲ ਸੰਭਾਲੀ ਤੇ ਫਾਇਰ ਮਾਰ ਦਿੱਤਾ। ਗੋਲੀ ਚੰਦ ਤਾਰੇ ਵਾਲੇ ਸਿਰ ਵਿਚੋਂ ਪਾਰ ਹੋ ਗਈ। ਉਹ ਟੈਂਕ 'ਤੇ ਡਿੱਗ ਕੇ ਭੁੰਜੇ ਆ ਪਿਆ।

"ਲੈ ਸਾਲਿਆ ਮਰ, ਮੈਂ ਤਾਂ ਤੈਨੂੰ ਬਚਾਉਣਾ ਚਾਹੁੰਦਾ ਸੀ।" ਉਸ ਨੂੰ ਸ਼ੱਕ ਸੀ, ਸ਼ਾਇਦ ਟੈਂਕ ਵਿਚ ਕੋਈ ਹੋਰ ਵੀ ਹੋਵੇ। ਪਰ ਕੋਈ ਨਾ ਨਿਕਲਿਆ। ਉਹ ਆਪਣਾ ਜ਼ਖ਼ਮ ਬੰਨ੍ਹਣ ਲੱਗ ਪਿਆ, ਤਾਂ ਜੋ ਵਗਦਾ ਲਹੂ ਬੰਦ ਹੋ ਸਕੇ। ਉਸ ਨੂੰ ਪਤਾ ਤੱਕ ਨਾ ਲੱਗਾ, ਜਦੋਂ ਇੱਕ ਹੋਰ ਜਵਾਨ ਟੈਂਕ ਵਿਚੋਂ ਨਿਕਲ ਕੇ ਦੂਜੇ ਬੰਨੇ ਛਾਲ ਮਾਰ ਗਿਆ ਤੇ ਉੱਠੀ ਗਰਦ ਵਿਚ ਗਵਾਚ ਗਿਆ। ਉਸ ਦੋ-ਤਿੰਨ ਗੋਲੀਆਂ ਅੰਨ੍ਹੇਵਾਹ ਚਲਾਈਆਂ, ਪਰ ਕੁਝ ਵੀ ਹਾਸਲ ਨਾ ਹੋਇਆ।

ਅੰਨ੍ਹੇਰਾ ਪੈਣ ਤੋਂ ਪਹਿਲਾਂ ਹੀ ਪੈਟਨ ਟੈਂਕਾਂ ਦਾ ਹਮਲਾ ਰੁਕ ਗਿਆ। ਜਨਰਲ ਸਰਦਾਰ ਨੇ ਅੰਦਾਜ਼ਾ ਲਾਇਆ, ਦੁਸ਼ਮਣ ਨੇ ਸਮਝਦਾਰੀ ਤੋਂ ਕੰਮ ਲਿਆ ਹੈ। ਜੇ ਪਹਿਲੇ ਹੱਲੇ ਵਿਚ ਹੀ ਚੌਵੀ ਟੈਂਕ ਤਬਾਹ ਹੋ ਗਏ, ਦੂਜੇ ਹਮਲੇ ਵਿਚ ਤਾਂ ਬਚੇਗਾ ਹੀ ਕੁਝ ਨਹੀਂ। ਕਿਉਂਕਿ ਪਾਕਿਸਤਾਨ ਕੋਲ ਕੁੱਲ ਸੱਠ ਪੈਟਨ ਟੈਂਕ ਸਨ। ਜਿਸ ਦੀ ਭਾਰਤੀ ਮਿਲਟਰੀ ਇੰਟੈਲੀਜੈਂਸੀਆਂ ਨੂੰ ਇਨਫਰਮੇਸ਼ਨ ਸੀ। ਸਿੱਖ ਮਾਰਖ਼ੋਰੇ ਦਿਓ ਬਣ ਕੇ ਟੈਂਕਾਂ ਨੂੰ ਚੁੰਬੜੇ ਸਨ।

ਦੁਸ਼ਮਣ ਸਿੱਖਾਂ 'ਤੇ ਦੰਦੀਆਂ ਕਰੀਚ ਰਿਹਾ ਸੀ।

ਲੈਂਸ ਨੈਕ ਗੁਰਬਖਸ਼ ਸਿੰਘ ਨੂੰ ਪਤਾ ਤੱਕ ਨਾ ਲੱਗਾ, ਜਦੋਂ ਜਨਰਲ ਸਰਦਾਰ ਉਸ ਦੇ ਸਿਰ 'ਤੇ ਆ ਕੇ ਥਾਪੀਆਂ ਦੇਣ ਲੱਗ ਪਿਆ।

"ਸ਼ਾਬਾਸ਼ ਗੁਰੂ ਦਿਆ ਸਿੰਘਾ! ਕਮਾਲ ਕਰ ਵਿਖਾਈ। ਤੂੰ ਅੱਜ ਤੋਂ ਪੂਰਾ ਹੌਲਦਾਰ।"

"ਸਾਹਬ ਜੀ, ਤੁਹਾਡੀ ਮਿਹਰਬਾਨੀ ਸਦਕਾ ਸਭ ਅੱਛਾ ਹੈ।" ਉਹ ਹੌਲਦਾਰੀ ਟੌਅਰ ਵਿਚ ਜਨਰਲ ਨੂੰ ਸੈਲੂਟ ਮਾਰੀ ਖਲੋਤਾ ਰਿਹਾ।

"ਜ਼ਖ਼ਮ ਦਾ ਕੀ ਹਾਲ ਹੈ?"

"ਸਰ, ਲੜਾਈ ਭੇੜ ਵਿਚ ਸਾਹਨਾਂ ਦੇ ਜ਼ਖ਼ਮ ਹੋ ਈ ਜਾਂਦੇ ਐ, ਪਰ ਫ਼ਿਕਰ ਵਾਲੀ ਕੋਈ ਗੱਲ ਨਹੀਂ।"

"ਹੁਣ ਮੈਨੂੰ ਲੱਗਦਾ ਹੈ, ਗੁਰੂ ਸਾਡੀ ਮਦਦ ਲਈ ਮੈਦਾਨੇ ਜੰਗ ਵਿਚ ਬਾਹੁੜਿਆ ਹੈ। ਸਾਡੀ ਸ਼ਰਤੀਆ ਜਿੱਤ ਹੋਵੇਗੀ।"

"ਉਹ ਸਾਡੀ ਜਿੱਤ ਜ਼ਰੂਰ ਕਰੇਗਾ। ਅਸਾਂ ਆਪਣੀਆਂ ਜਾਨਾਂ ਗੁਰੂ ਨੂੰ ਸੌਂਪ ਕੇ ਦੇਸ਼ ਤੋਂ ਵਾਰੀਆਂ ਹਨ।"

"ਉਨ੍ਹਾਂ ਮਾਈਆਂ ਰੱਬ ਰਜਾਈਆਂ ਦੇ ਵੀ ਬਲਿਹਾਰੇ ਜਾਈਏ, ਜੋ ਹਰ ਤਰ੍ਹਾਂ ਦੇ ਡਰ ਭੌ ਵਗਾਹ ਕੇ ਰੋਟੀਆਂ ਅਤੇ ਦੁੱਧ ਦੀਆਂ ਵਲਟੋਹੀਆਂ ਲੈ ਕੇ ਮੋਰਚਿਆਂ 'ਤੇ ਪੁੱਜਦੀਆਂ ਰਹੀਆਂ।" ਜਨਰਲ ਆਪਣੀ ਸਿੱਖ ਕੌਮ 'ਤੇ ਗਰਵ ਕਰ ਰਿਹਾ ਸੀ। "ਅਸੀਂ ਉਨ੍ਹਾਂ ਦੇ ਬੇਹੱਦ ਦੇਣਦਾਰ ਆਂ। ਸਾਡੀਆਂ ਮਾਵਾਂ-ਭੈਣਾਂ ਵੀ ਜੰਗ ਵਿਚ ਬਰਾਬਰ ਲੜੀਆਂ ਹਨ।"

"ਸਾਹਬ ਜੀ! ਉਹ ਵੀ ਤਾਂ ਪੰਜਾਬ ਦੀਆਂ ਜਾਈਆਂ ਤੇ ਗੁਰੂ ਗੋਬਿੰਦ ਸਿੰਘ ਦੀਆਂ ਭਾਗੋ ਵਰਗੀਆਂ ਬੇਟੀਆਂ ਹਨ। ਭੀੜ ਪਈ ਤੋਂ ਕੋਈ ਪੰਜਾਬੀ ਮੁੱਖ ਨਹੀਂ ਮੋੜ ਸਕਦਾ।" ਉਹ ਪੀੜ ਕਰਦੇ ਮੋਢੇ ਨੂੰ ਫੜੀ ਖਲੋਤਾ ਸੀ।

"ਇਨ੍ਹਾਂ ਸਾਲੇ ਮਦਰਾਸੀਆਂ ਤੇ ਮੁਹਾਰਾਂ ਦਾ ਕੀ ਕਰੀਏ, ਜਿਹੜੇ ਰਾਈਫ਼ਲਾਂ ਤੇ ਖਾਕੀ ਨੀਕਰਾਂ ਕਮਾਦਾਂ ਵਿੱਚ ਸੁੱਟ ਕੇ ਮੋਰਚਿਆਂ ਤੋਂ ਭੱਜ ਗਏ। ਇਨ੍ਹਾਂ ਕੁੱਤੀ ਦੇ ਪੁੱਤਾਂ ਸਾਨੂੰ ਵੀ ਮਰਵਾ ਘੱਤਣਾ ਸੀ।" ਜਨਰਲ ਗੁੱਸੇ ਵਿਚ ਗਾਲ੍ਹਾਂ ਦੇਈ ਜਾ ਰਿਹਾ ਸੀ।

ਓਦੋਂ ਹੀ ਇੱਕ ਸਿੱਖ ਜਵਾਨ ਇੱਕ ਪਾਕਿਸਤਾਨੀ ਮੇਜਰ ਨੂੰ ਪਿੱਠ 'ਤੇ ਚੁੱਕੀ ਆ ਗਿਆ। ਮੇਜਰ ਬੁਰੀ ਤਰ੍ਹਾਂ ਜ਼ਖ਼ਮੀ ਸੀ, ਲਹੂ ਬਹੁਤ ਵਗ ਚੁੱਕਾ ਸੀ। ਭਾਵੇਂ ਉਹ ਮਰਨ ਕਿਨਾਰੇ ਸੀ, ਪਰ ਹਾਲੇ ਸੁਰਤ ਸਿਰ ਸੀ। "ਸਲਾਮ ਬਈ ਸਰਦਾਰੋ ਤੇ ਸਤਿ ਸ੍ਰੀ ਅਕਾਲ!" ਮੇਜਰ ਬਾਂਹ ਖਿੱਚਦਾ ਬੋਲਿਆ। "ਅਸ਼ਕੇ ਤੁਹਾਡੇ ਜੰਮਣ ਵਾਲੀ ਦੇ। ਇਨ੍ਹਾਂ ਟੈਂਕਾਂ ਨੂੰ ਤੁਹਾਡੀਆਂ ਸ਼ਹਾਦਤਾਂ ਹੀ ਤੋੜ ਸਕਦੀਆਂ ਸਨ, ਇਹ ਕਰਾਮਾਤ ਸਿੰਘੋ ਤੁਸੀਂ ਹੀ ਕਰ ਸਕਦੇ ਸੀ। ਵਾਹ ਮੇਰੇ ਅੱਲਾ, ਤੇਰੀਆਂ ਕੁਦਰਤਾਂ ਤੋਂ ਕੁਰਬਾਨ!"

ਜਨਰਲ ਗੁਰਬਖ਼ਸ਼ ਸਿੰਘ ਨੇ ਉਸ ਦਾ ਹੱਥ ਫੜ ਲਿਆ ਅਤੇ ਹਮਦਰਦੀ ਨਾਲ ਕਿਹਾ,

"ਭਰਾਵਾ, ਤੈਨੂੰ ਛੇਤੀ ਗੱਡੀ ਦੇ ਕੇ ਹਸਪਤਾਲ ਭੇਜਦਾ ਆਂ।"

"ਨਹੀਂ ਜਨਰਲ ਸਾਹਬ! ਮੌਤ ਦਾ ਪੈਗ਼ਾਮ ਆ ਚੁੱਕਾ ਹੈ। ਮੇਰੀ ਇੱਕ ਅਰਜ਼ ਸੁਣੋ। ਪਾਰਟੀਸ਼ਨ ਤੋਂ ਪਹਿਲਾਂ ਅਸੀਂ ਪੱਟੀ ਦੇ ਵਸਨੀਕ ਸੀ। ਸਾਡੇ ਬਜ਼ੁਰਗਾਂ ਦੀਆਂ ਕਬਰਾਂ ਉੱਥੇ ਹਨ। ਮਿਹਰਬਾਨੀ ਕਰਕੇ ਮੈਨੂੰ ਪੱਟੀ ਦੇ ਕਬਰਸਤਾਨ ਵਿਚ ਦਫ਼ਨਾ ਦੇਣਾ। ਇਹ ਸਵਾਬ ਜ਼ਰੂਰ ਖੱਟ ਲੈਣਾ।" ਉਸ ਆਜਜ਼ੀ ਵਿਚ ਹੱਥ ਜੋੜੇ।

"ਤੂੰ ਫ਼ਿਕਰਾ ਨਾ ਕਰ, ਤੈਨੂੰ ਮਰਨ ਨਹੀਂ ਦੇਂਦੇ, ਤਕੜਾ ਹੋ।" ਉਸ ਦਾ ਜ਼ਖ਼ਮ ਸਿੱਖ ਜਵਾਨ ਨੇ ਚੁੱਕਣ ਤੋਂ ਪਹਿਲਾਂ ਬੰਨ੍ਹ ਦਿੱਤਾ ਸੀ, ਪਰ ਲਹੂ ਪਰਨਾਲੇ ਵਤ ਵਹਿ ਰਿਹਾ ਸੀ।

"ਸਰਦਾਰੋ! ਮੈਨੂੰ ਸਖ਼ਤ ਅਫ਼ਸੋਸ ਐ, ਸਾਨੂੰ ਪੰਜਾਬੀਆਂ ਨੂੰ ਖੋਜੇ ਖੱਤਰੀਆਂ ਲੜਾ ਲੜਾ ਮਰਵਾ ਘੱਤਿਆ ਏ। ਅਸੀਂ ਮਾਰ ਖਾਣ ਵਾਲੀ ਕੌਮ ਥੋੜੇ ਸਾਂ। ਯਾਰੋ, ਅਸੀਂ ਕਦੋਂ ਸਮਝਾਂਗੇ।" ਉਹ ਸਿਰ ਮਾਰ ਮਾਰ ਝੂਰ ਰਿਹਾ ਸੀ।

"ਮੀਆਂ! ਤੁਹਾਡੇ ਪੈਟਨ ਟੈਂਕਾਂ ਦੀ ਯਲਗਾਰ ਬੜੀ ਜ਼ਬਰਦਸਤ ਸੀ?" ਇਕ ਕਰਨਲ ਨੇ ਇੱਕ ਸਵਾਲ ਕਰ ਮਾਰਿਆ।

"ਹਮਲਾ ਕਰਨ ਤੋਂ ਪਹਿਲਾਂ ਦੀ ਆਰਮੀ ਮੀਟਿੰਗ ਵਿਚ ਮੈਂ ਇੱਕ ਅਫ਼ਸਰ ਸਾਂ, ਜਿਸ ਮੁਖ਼ਾਲਫ਼ਤ ਕੀਤੀ ਸੀ, ਜੋ ਸੋਚਦੇ ਹੋ, ਉਹ ਨਹੀਂ ਹੋਣਾ। ਸਕੀਮ ਸੀ, ਪਹਿਲੀ ਦਬੜਸੱਟ ਵਿਚ ਬਿਆਸ ਦਰਿਆ ਤੱਕ ਅੰਮ੍ਰਿਤਸਰ ਦਾ ਸਾਰਾ ਜ਼ਿਲ੍ਹਾ ਦੱਬ ਲਿਆ ਜਾਵੇ। ਪੈਟਨ ਟੈਂਕਾਂ ਆਸਰੇ ਸਾਰਿਆਂ ਹਾਮੀ ਭਰ ਦਿੱਤੀ। ਪਰ ਮੈਂ ਉੱਠ ਕੇ ਖਲੋ ਗਿਆ ਤੇ ਬੋਲਿਆ, ਤੁਸੀਂ ਸਿੱਖਾਂ ਦੀ ਸਪਿਟ ਨੂੰ ਨਹੀਂ ਜਾਣਦੇ। ਤਰਨ ਤਾਰਨ ਤੇ ਹਰਿਮੰਦਰ ਸਾਹਿਬ ਦੇ ਗੁਰਦੁਆਰਿਆਂ ਲਈ ਉਹ ਮਰਨੀ ਮਰ ਜਾਣਗੇ, ਪਰ ਸਾਨੂੰ ਅਗਾਂਹ ਨਹੀਂ ਲੰਘਣ ਦੇਣਗੇ।" ਮੇਜਰ ਨੇ ਪੀੜ ਨਾਲ ਅੱਖਾਂ ਮੀਟਦਿਆਂ ਸਿਰ ਮਾਰਿਆ।

"ਸੋ, ਮੇਜਰ ਸਾਹਿਬ ਤੁਹਾਡੀ ਪੇਸ਼ੀਨਗੋਈ ਦਰੁਸਤ ਸਾਬਤ ਹੋਈ।" ਜਨਰਲ ਉਤਸ਼ਾਹ ਨਾਲ ਕਹਿ ਗਿਆ।

"ਸਰਦਾਰੋ! ਮੈਂ ਤੁਹਾਡੇ ਵਿਚੋਂ ਗਿਆ ਸਾਂ, ਤੁਹਾਡੇ ਨਾਲ ਖੇਡਦਾ ਮਲ੍ਹਦਾ। ਮੈਨੂੰ ਤੁਹਾਡੀ ਆਣ-ਅਣਖ ਤੇ ਤਾਰੀਖ਼ ਦਾ ਪਤਾ ਸੀ। ਸਾਡੇ ਪਠਾਣਾਂ ਬਲੋਚਾਂ ਨੂੰ ਤੁਹਾਡੀ ਸਿਰ-ਧੜ ਦੀ ਬਾਜ਼ੀ ਲਾ ਜਾਣ ਵਾਲੀ ਖ਼ਾਸੀਅਤ ਦਾ ਪਤਾ ਨਹੀਂ ਸੀ। ਪਾਕਿਸਤਾਨ ਬਣਨ ਤੋਂ ਲੈ ਕੇ ਹੁਣ ਤੱਕ ਸਭ ਕੁਝ ਹੀ ਗ਼ਲਤ ਹੁੰਦਾ ਆਇਆ ਏ। ਯਾ ਖ਼ੁਦਾ! ਭਰਾਵਾਂ ਵਿਚ ਮੁਹੱਬਤ ਦੀ ਬਰਕਤ ਪਾ!" ਉਸ ਸਿਰ ਮਾਰਦਿਆਂ ਹੱਥ ਉੱਚੇ ਚੁੱਕ ਕੇ ਦੁਆ ਮੰਗੀ।

"ਮੀਆਂ! ਤੇਰੀ ਕੋਈ ਖ਼ਾਹਸ਼?" ਜਨਰਲ ਉਸ ਦਾ ਹੱਥ ਫੜ ਕੇ ਬਹਿ ਗਿਆ।

"ਬਸ, ਮੈਨੂੰ ਬਜ਼ੁਰਗਾਂ ਵਿਚਕਾਰ ਦਫ਼ਨਾ ਦੇਣਾ।" ਉਸ ਜਨਰਲ ਦਾ ਹੱਥ ਘੁੱਟਿਆ।

"ਸਰਦਾਰੋ, ਤੁਹਾਡਾ ਗੁਰੂ ਨਾਨਕ ਮੱਕੇ ਗਿਆ ਸੀ। ਉਸ ਇੱਕ ਰਬੁਲਆਲਮੀਨ ਦੀ ਲਾਜ ਰੱਖਣਾ। ਜ਼ਰੂਰ, ਯਾਦ ਰੱਖਣਾ, ਮੇਰੇ ਹਮਵਤਨੋ!" ਏਨੀ ਆਖਦਿਆਂ ਉਸ ਦਾ ਹੱਥ ਢਿੱਲਾ ਪੈ ਗਿਆ ਤੇ ਸਿਰ ਇੱਕ ਪਾਸੇ ਨੂੰ ਲੁਟਕ ਗਿਆ।

"ਅਫ਼ਸੋਸ, ਬਹੁਤ ਅਫ਼ਸੋਸ! ਮੇਜਰ ਬੰਦਾ ਹੀ ਨਹੀਂ ਕਮਾਲ ਦਾ ਪੰਜਾਬੀ ਸੀ।" ਜਨਰਲ ਨੇ ਲੰਮੀ ਪੀੜ ਵਿਚੋਂ ਆਖਿਆ।

"ਹਵਾਲਦਾਰ ਗੁਰਬਖ਼ਸ਼ ਸਿੰਘ! ਮੇਜਰ ਤੇਰੇ ਪਿੰਡਾਂ ਦਾ ਸੀ। ਇਸ ਨੂੰ ਪੂਰੀ ਆਨ-ਸ਼ਾਨ ਨਾਲ ਪੱਟੀ ਦੇ ਕਬਰਸਤਾਨ ਦੱਬਣਾ ਹੈ। ਇਹ ਤੇਰੀ ਜ਼ਿੰਮੇਵਾਰੀ ਹੈ। ਸਵੇਰੇ ਗੱਡੀ ਤੇ ਬੰਦੇ ਨਾਲ ਲੈ ਜਾਵੀਂ।"

"ਯੈੱਸ ਸਰ!" ਹੌਲਦਾਰ ਨੇ ਸਲੂਟ ਮਾਰਦਿਆਂ ਪੂਰੇ ਦਿਲ ਨਾਲ ਹਾਮੀ ਭਰੀ।

ਜੰਗ ਦਿਨਾਂ ਵਿਚ ਹੀ ਪੂਰੀ ਤਾਕਤ ਨਾਲ ਬਾਰੂਦ ਵਾਂਗ ਭੜਕੀ ਅਤੇ ਦਿਨਾਂ ਵਿਚ ਹੀ ਸ਼ਾਂਤ ਹੋ ਗਈ। ਦੋ ਭਲਵਾਨ ਘੁਲਦੇ, ਸਾਰੇ ਦਾਅ ਚਲਾ ਕੇ ਹੰਭ ਚੁੱਕੇ ਸਨ। ਹੁਣ ਚਾਹੁੰਦੇ ਸਨ, ਕੋਈ ਸਾਨੂੰ ਛੁਡਵਾ ਦੇਵੇ। ਸੋ ਰੂਸ ਨੇ ਵਿੱਚ ਪੈ ਕੇ ਜੰਗ ਖ਼ਤਮ ਕਰਵਾ ਦਿੱਤੀ।

ਨੌਵਾਂ ਕਾਂਡ

ਸਤਾਰਾਂ ਦਿਨ ਜੰਗ ਲੜ ਕੇ ਦੋਵੇਂ ਧਿਰਾਂ, ਇੱਕ ਤਰ੍ਹਾਂ ਹੰਭ ਗਈਆਂ ਸਨ। ਬਾਹਰਲੀਆਂ ਤਾਕਤਾਂ ਦੀਆਂ ਅਪੀਲਾਂ ਕਾਰਨ ਲੜਾਈ ਬੰਦ ਹੋ ਗਈ। ਦੋਵਾਂ ਧਿਰਾਂ ਦਾ ਬੇਹੱਦ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ। ਖ਼ਾਸ ਤੌਰ 'ਤੇ ਪਾਕਿਸਤਾਨ ਦੇ ਪੈਟਨ ਟੈਂਕਾਂ ਦੇ ਬੁਰੀ ਤਰ੍ਹਾਂ ਪਰਖ਼ਚੇ ਉਡੇ ਸਨ। ਲੋਕ ਖੇਮਕਰਨ ਸੈਕਟਰ ਵਿਚ ਟੁੱਟੇ ਪੈਟਨ ਟੈਂਕਾਂ ਦਾ ਬਣਿਆ ਕਬਰਸਤਾਨ ਵੇਖਣ ਆ ਰਹੇ ਸਨ। ਵੇਖਣ ਵਾਲੇ ਅਸਚਰਜਤਾ ਵਿਚ ਸਿੱਖ ਨੌਜਵਾਨਾਂ ਅਤੇ ਅਫ਼ਸਰਾਂ ਦੇ ਸਦਕੇ ਵਾਰੀ ਜਾਂਦੇ ਸਨ, ਜਿਨ੍ਹਾਂ ਛਾਤੀਆਂ ਨਾਲ ਬੰਬ ਬੰਨ੍ਹ ਕੇ ਦੈਂਤ ਟੈਂਕ ਉਲਟਾਏ ਸਨ ਤੇ ਜਾਨਾਂ ਦੀ ਪਰਵਾਹ ਨਹੀਂ ਕੀਤੀ ਸੀ। ਇਸ ਜ਼ਬਰਦਸਤ ਹਮਲੇ ਨੂੰ ਰੋਕ ਕੇ ਸਿੱਖ ਬਹਾਦਰਾਂ ਨਵੀਂ ਤਾਰੀਖ਼ ਪੈਦਾ ਕੀਤੀ ਸੀ। ਵਰਨਾ ਆਰਮੀ ਹਾਈ ਕਮਾਂਡ ਤਾਂ ਦਰਿਆ ਬਿਆਸ ਦੇ ਉਰਾਰ ਮੋਰਚਾ ਮੱਲਣ ਦੇ ਆਦੇਸ਼ ਦੇ ਕੇ ਇੱਕ ਤਰ੍ਹਾਂ ਘਾਈ ਲਾਹ ਗਈ ਸੀ। ਇਹ ਤਾਂ ਸਿੱਖ ਹੀ ਸਨ, ਜਿਨ੍ਹਾਂ ਭਾਰਤ ਦੀ ਰੱਖ ਵਿਖਾਈ ਸੀ। ਅਮਰੀਕਾ ਦੇ ਫ਼ੌਜੀ ਮਾਹਰ, ਜਿਨ੍ਹਾਂ ਪੈਟਨ ਟੈਂਕ ਜੋੜੇ ਸਨ, ਖੇਮਕਰਨ ਸੈਕਟਰ ਵਿਚ ਮੌਕਾ ਵੇਖਣ ਆਏ।

"ਲੋਹੜਾ ਸਾਈਂ ਦਾ, ਸਾਡੇ ਬਣਾਏ ਪੈਟਨ ਟੈਂਕ ਤੋੜ ਸੁੱਟੇ, ਜਿਨ੍ਹਾਂ 'ਤੇ ਐਂਟੀ ਟੈਂਕ ਗੰਨਾਂ ਖੁਰਕ ਵੀ ਨਹੀਂ ਕਰ ਸਕਦੀਆਂ ਸਨ।" ਅਮਰੀਕੀ ਮਾਹਰਾਂ ਸਿੱਖ ਕੌਮ ਦੀ ਸਪ੍ਰਿਟ ਅੱਗੇ ਸਿਰ ਝੁਕਾਇਆ। "ਵਾਅਕਈ ਤੁਸੀਂ ਤੇ ਤੁਹਾਡੇ ਵਡੇਰੇ, ਯੋਧੇ ਤੇ ਸੂਰਮੇ ਸਨ। ਸਾਡੇ ਟੈਂਕਾਂ ਦਾ ਇਹ ਹਾਲ, ਤੋਬਾ! ਮੰਨਿਆ, ਮਨੁੱਖ ਦੀ ਅਕਲ ਨਾਲੋਂ ਕੁਦਰਤੀ ਸ਼ਕਤੀ ਮਹਾਨ ਹੈ।"

ਚੀਨ ਦੀ ਜੰਗ ਨਹਿਰੂ ਨੂੰ ਲੱਕੋਂ ਲੈ ਗਈ ਸੀ ਅਤੇ ਲਾਲ ਬਹਾਦਰ ਸ਼ਾਸਤਰੀ ਪਾਕਿਸਤਾਨ ਨਾਲ ਸਮਝੌਤਾ ਕਰਨ ਗਿਆ ਤਾਸ਼ਕੰਦ ਵਿਚ ਦਿਲ ਫੇਲ੍ਹ ਕਰਵਾ ਬੈਠਾ। ਉਹਦੀ ਲਾਸ਼ ਹੀ ਦਿੱਲੀ ਵਾਪਸ ਆਈ। ਸਾਰੇ ਸੋਗ ਵਰਤ ਗਿਆ। ਪ੍ਰਧਾਨ ਮੰਤਰੀ ਬਣਨ ਲਈ ਇਸ ਵਾਰ ਗੁਜਰਾਤ ਦਾ ਡੇਸਾਈ ਵੀ ਉਮੀਦਵਾਰ ਸੀ। ਪਰ ਯੂ. ਪੀ. ਦੇ ਬ੍ਰਾਹਮਣਾਂ, ਜਿਹੜੇ ਕਾਂਗਰਸ ਲੀਡਰਸ਼ਿਪ ਵਿਚ ਭਾਰੂ ਸਨ, ਨੇ ਪ੍ਰਧਾਨਗੀ ਪਦ ਸੂਬੇ ਵਿਚੋਂ ਬਾਹਰ ਨਾ ਜਾਣ ਦਿੱਤਾ ਅਤੇ ਨਹਿਰੂ ਦੀ ਧੀ ਇੰਦਰਾ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾ ਧਰਿਆ। ਉਨ੍ਹਾਂ ਦਿਨਾਂ ਵਿਚ ਸਿੱਖ ਫ਼ੌਜੀ ਅਫ਼ਸਰਾਂ ਦੀ ਬੱਲੇ ਬੱਲੇ ਹੋ ਚੁੱਕੀ ਸੀ। ਕੀ ਪ੍ਰੈੱਸ ਤੇ ਕੀ ਪਾਰਲੀਮੈਂਟ ਵਿੱਚ ਸਿੱਖਾਂ ਦੀ ਬਹਾਦਰੀ ਦੇ ਸੋਹਲੇ ਗਾਏ ਜਾ ਰਹੇ ਸਨ। ਪੈਟਨ ਟੈਂਕਾਂ ਦੇ ਮੁਕਾਬਲੇ ਸਿੱਖ ਜਵਾਨ ਇੱਕ ਤਰ੍ਹਾਂ ਨਹੱਥਿਆਂ ਵਰਗੇ ਸਨ। ਅੰਨ੍ਹੀ ਦੈਂਤ ਤਾਕਤ ਨੂੰ ਕੇਵਲ ਕੁਰਬਾਨੀ ਦੀ ਸਪ੍ਰਿਟ ਨੇ ਰੋਕਿਆ ਸੀ। ਜਿੱਤ ਭਾਵੇਂ ਭਾਰਤ ਦੀ ਨਹੀਂ ਹੋਈ ਸੀ, ਪਰ ਸਾਹਮਣੀਆਂ ਜਾਨਾਂ ਵਾਰ ਕੇ ਪੈਟਨ ਟੈਂਕਾਂ ਦੀ ਯਲਗਾਰ ਦਾ ਮੂੰਹ ਤੋੜ ਦੇਣਾ, ਜਿੱਤ ਵਰਗੀ ਹੀ ਚੜ੍ਹਤ ਸੀ। ਕਾਂਗਰਸ ਸਰਕਾਰ ਨੇ ਪੰਜਾਬੀ ਸੂਬਾ ਲੈਣ ਲਈ ਅਕਾਲੀਆਂ ਦੇ ਮੋਰਚਿਆਂ ਅਤੇ ਭੁੱਖ ਹੜਤਾਲ ਨੂੰ ਕੱਖ ਨਹੀਂ ਗੌਲਿਆ ਸੀ। ਪਰ ਜੰਗੀ ਬਹਾਦਰਾਂ ਦੀਆਂ ਸ਼ਹਾਦਤਾਂ ਤੋਂ ਪ੍ਰਭਾਵਤ

ਹੋ ਕੇ ਸਰਕਾਰ ਨੇ ਸ੍ਰ. ਹੁਕਮ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਕਮਿਸ਼ਨ ਥਾਪ ਦਿੱਤਾ, ਜਿਸ ਪੰਜਾਬੀ ਸੂਬੇ ਬਾਰੇ ਆਪਣੀ ਰਿਪੋਰਟ ਦੇਣੀ ਸੀ।

ਉਸ ਸਮੇਂ ਕਾਂਗਰਸ ਦਾ ਕਰਤਾ-ਧਰਤਾ ਪ੍ਰਧਾਨ, ਤਾਮਿਲਨਾਡੂ ਦਾ ਕਾਮਰਾਜ ਸੀ, ਜਿਸ ਸਾਰਾ ਤਾਣ ਲਾ ਕੇ ਇੰਦਰਾ ਨੂੰ ਪ੍ਰਧਾਨ ਮੰਤਰੀ ਬਣਾਇਆ ਸੀ। ਉਸ ਹਿੱਕ ਠੋਕ ਕੇ ਕਹਿ ਦਿੱਤਾ:

"ਬਹਾਦਰ ਪੰਜਾਬੀਆਂ ਦਾ ਸੂਬਾ ਬਣੇਗਾ।"

ਏਨੀ ਸੁਣ ਕੇ ਜਲੰਧਰ ਦੇ ਮਹਾਸ਼ੇ ਇੰਦਰਾ ਗਾਂਧੀ ਅੱਗੇ ਜਾ ਪਿੱਟੇ।

"ਪ੍ਰਧਾਨ ਮੰਤਰੀ ਜੀ! ਅਸੀਂ ਮਾਰੇ ਜਾਵਾਂਗੇ, ਜੇ ਪੰਜਾਬੀ ਸੂਬਾ ਬਣ ਗਿਆ। ਸਾਡਾ ਕੋਈ ਹਾਲ ਨਹੀਂ ਰਹਿਣਾ।"

"ਕਿਉਂ ਮਾਰੇ ਜਾਓਗੇ?" ਇੰਦਰਾ ਦੇ ਬਰਾਬਰ ਬੈਠਾ ਕਾਮਰਾਜ ਬੋਲ ਪਿਆ। ਉਸ ਬੁੱਲ੍ਹ ਉੱਚੇ ਚੁੱਕੇ ਹੋਏ ਸਨ।

"ਪ੍ਰਧਾਨ ਜੀ! ਤੁਸੀਂ ਨਹੀਂ ਜਾਣਦੇ, ਸਿੱਖ ਮਾਰ ਖ਼ੋਰੇ ਐ।" ਮਹਾਸ਼ੇ ਕਾਮਰਾਜ ਅੱਗੇ ਲਿਲਕੜੀਆਂ ਲੈ ਰਹੇ ਸਨ।

"ਯਹ ਵੋਹ ਲੋਗ ਹੈਂ, ਜਿਨ੍ਹੋਂ ਨੇ ਜਾਨੇਂ ਦੇ ਕੇ ਪੈਟਨ ਟੈਂਕ ਤੋੜ ਦੀਏ। ਪਾਕ ਹਮਲਾ ਵਹੀ ਜਾਮ ਕਰ ਦੀਆ। ਉਸ ਵਕਤ ਡਰ ਕੇ ਮਾਰੇ ਆਪ ਕੀ ਕਾਰੇਂ ਕੀ ਦਿੱਲੀ ਕੀ ਤਰਫ਼ ਦੌੜ ਲਗੀ ਹੂਈ ਥੀ। ਔਰ ਵੋਹ ਲੋਗ ਮੈਦਾਨੇ ਜੰਗ ਮੇਂ ਵੀਰਗਤੀ ਪ੍ਰਾਪਤ ਕਰ ਰਹੇ ਥੇ।" ਕਾਂਮਰਾਜ ਨੇ ਸਾਹ ਭਰ ਕੇ ਫੁੰਕਾਰਾ ਮਾਰਿਆ। "ਇੱਕ ਬਹਾਦਰ ਕੌਮ ਹੀ ਦੇਸ਼ ਕੋ ਬਚਾ ਸਕਤੀ ਹੈ। ਪਾਕਿਸਤਾਨ ਕੇ ਖ਼ਤਰਨਾਕ ਬਾਰਡਰ ਕੋ ਸਿੱਖ ਕੌਮ ਹੀ ਸੰਭਾਲ ਸਕਤੀ ਹੈ, ਤੁਮਹਾਰੇ ਜੈਸੇ ਬੁਜ਼ਦਿਲ ਨਹੀਂ। ਜਾਓ, ਪੰਜਾਬੀ ਸੂਬਾ ਬਨੇਗਾ।"

ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹ ਕੇ ਹੌਲਦਾਰ ਗੁਰਬਖਸ਼ ਸਿੰਘ ਅਤੇ ਉਸ ਦੇ ਸਾਥੀ ਤੇਜਾ ਸਿੰਘ ਨੇ ਕੱਛਾਂ ਵਜਾਈਆਂ, ਜਿਹੜਾ ਹੁਣ ਲੈਂਸ ਨੈਕ ਹੋ ਗਿਆ ਸੀ। ਭਾਨਾ ਟੈਂਕ ਉਲਟਾਉਂਦਾ ਸ਼ਹੀਦ ਹੋ ਚੁੱਕਾ ਸੀ। ਸ਼ਹੀਦ ਯਾਰਾਂ ਦੇ ਅਫ਼ਸੋਸ ਦੇ ਬਾਵਜੂਦ ਉਨ੍ਹਾਂ ਜਿੱਤ ਵਰਗੀ ਖ਼ੁਸ਼ੀ ਮਨਾਈ। ਛੁੱਟੀਆਂ ਲੈ ਕੇ ਦਰਬਾਰ ਸਾਹਿਬ ਆਏ। ਸੰਤ ਫ਼ਤਹਿ ਸਿੰਘ ਨੂੰ ਮਿਲ ਕੇ ਵਧਾਈਆਂ ਦਿੱਤੀਆਂ। ਉਹ ਸਾਰਿਆਂ ਨੂੰ ਸ਼ਾਬਾਸ਼ ਦੇ ਥਾਪੜੇ ਦੇ ਰਹੇ ਸਨ।

"ਜਵਾਨੋਂ ਬਹਾਦਰੋ! ਤੁਸਾਂ ਸਿੱਖ ਕੌਮ ਦੀ ਹੀ ਨਹੀਂ, ਸਾਰੇ ਦੇਸ਼ ਦੀ ਰੱਖ ਵਿਖਾਈ। ਗੁਰੂ ਤੁਹਾਨੂੰ ਹਰ ਮੈਦਾਨ ਫ਼ਤਹਿ ਬਖ਼ਸ਼ੇ। ਮੈਨੂੰ ਆਸ ਹੈ, ਆਪਣਾ ਪੰਜਾਬੀ ਸੂਬਾ ਵੀ ਸਿਰੇ ਚੜ੍ਹ ਜਾਵੇਗਾ।"

"ਜ਼ਰੂਰ ਚੜ੍ਹੇਗਾ।" ਤੇਜਾ ਸਿੰਘ ਆਖਣੋਂ ਰੁਕ ਨਾ ਸਕਿਆ। "ਇਸ ਸੂਬੇ ਬਣਨ ਵਿਚ ਸਾਡੇ ਲਹੂ ਦਾ ਬਰਾਬਰ ਹਿੱਸਾ ਹੈ।"

"ਪਿਆਰਿਓ, ਸਮਝੋ ਬਣਾਇਆ ਈ ਤੁਸਾਂ ਏ, ਤੁਸੀਂ ਪਾਕਿਸਤਾਨ ਦਾ ਮੂੰਹ ਨਾ ਭੰਨਦੇ, ਕਾਂਗਰਸ ਵਾਲੇ ਸਾਨੂੰ ਕੀ ਡਾਹ ਦਵਾਲ ਸੀ।"

"ਗੁਰੂ ਦਾ ਕੋਟਨ ਕੋਟ ਧੰਨਵਾਦ, ਜਿਸ ਪੰਜਾਬੀਆਂ ਦੀ ਸੁਣ ਲਈ।" ਇੱਕ ਹੋਰ ਫ਼ੌਜੀ ਕਹਿ ਗਿਆ।

ਸੰਤ ਫ਼ਤਹਿ ਸਿੰਘ ਦੇ ਚਰਨੀਂ ਹੱਥ ਲਾ ਕੇ ਉਹ ਸੰਤ ਬਾਬਾ ਖੜਕ ਸਿੰਘ ਦੇ ਡੇਰੇ ਨੂੰ

ਤੁਰ ਪਏ। ਸੰਤ ਬਾਬਾ ਖੜਕ ਸਿੰਘ ਨੇ ਸਾਰੇ ਫ਼ੌਜੀਆਂ ਨੂੰ ਸ਼ਾਬਾਸ਼ ਦਿੱਤੀ। ਦੁੱਧ ਪਲਾਇਆ ਅਤੇ ਪ੍ਰਸ਼ਾਦਿ ਦੇ ਗੱਫ਼ੇ ਦਿੱਤੇ। ਉਹ ਜਿੱਧਰੋਂ ਦੀ ਵੀ ਲੰਘਦੇ ਸਨ, ਅੰਮ੍ਰਿਤਸਰ ਵਾਸੀ ਉਨ੍ਹਾਂ ਨੂੰ ਇੱਜ਼ਤ-ਮਾਣ ਨਾਲ ਵੇਖਦੇ ਸਨ। ਇੱਕ ਲਾਲ ਭਾਈ ਫ਼ੌਜੀਆਂ ਨੂੰ ਵੇਖ ਕੇ ਦੁਕਾਨ ਵਿਚੋਂ ਨਿਕਲਿਆ ਅਤੇ ਉਨ੍ਹਾਂ ਅੱਗੇ ਬਾਹਾਂ ਅੱਡ ਕੇ ਖਲੋ ਗਿਆ:

"ਮੈਂ ਕਿਹਾ ਸਰਦਾਰੋ! ਮੈਂ ਤੁਹਾਨੂੰ ਕੁਝ ਖੁਆਏ ਪਿਆਏ ਬਿਨਾਂ ਨਹੀਂ ਜਾਣ ਦੇਣਾ।"

"ਸੇਠ ਸਾਹਬ, ਅਸੀਂ ਹੁਣੇ ਸੰਤ ਬਾਬਾ ਖੜਕ ਸਿੰਘ ਦੇ ਡੇਰਿਓਂ ਦੁੱਧ ਪੀ ਕੇ ਆਏ ਆਂ, ਤੁਹਾਡਾ ਬਹੁਤ-ਬਹੁਤ ਧੰਨਵਾਦ!" ਗੁਰਬਖ਼ਸ਼ ਸਿੰਘ ਨੇ ਨਰਮਾਣਤਾਈ ਵਖਾਈ, "ਨਾ ਭਰਾਵੋ ਮੈਂ ਨਹੀਂ ਮੰਨਦਾ।" ਉਸ ਗੁਰਬਖ਼ਸ਼ ਸਿੰਘ ਦੀ ਬਾਂਹ ਫੜ ਲਈ। "ਤੁਸੀਂ ਪੈਟਨ ਟੈਂਕ ਨਾ ਭੰਨਦੇ, ਅੰਮ੍ਰਿਤਸਰ ਤਾਂ ਮਿੱਧਿਆ ਹੀ ਪਿਆ ਸੀ। ਫੇਰ ਅਸੀਂ ਕਿਥੇ ਹੋਣਾ ਸੀ।"

"ਗੁਰੂ ਸਭ ਦਾ ਰਾਖਾ ਐ।"

"ਉਹ ਤਾਂ ਠੀਕ ਐ, ਆਉ ਆਉ।" ਸੇਠ ਚੌਹਾਂ ਫ਼ੌਜੀਆਂ ਨੂੰ ਜ਼ੋਰੋ ਜ਼ੋਰੀ ਦੁਕਾਨ ਵਿਚ ਲੈ ਵੜਿਆ। ਗਾਹਕਾਂ ਵਾਲੀ ਬੈਂਚ 'ਤੇ ਉਨ੍ਹਾਂ ਨੂੰ ਬਹਾ, ਆਪਣੇ ਮੁੰਡੇ ਨੂੰ ਬੋਲ ਮਾਰਿਆ:

"ਓਏ ਜੱਗੂ, ਭੱਜ ਕੇ ਜਾਹ, ਸੇਰ ਬਰਫ਼ੀ ਅਤੇ ਦੋ ਸੇਰ ਦੁੱਧ ਲਿਆ। ਆਖੀਂ ਮਲਾਈ ਤਰਾ ਤਰੀ ਪਾਵੇ, ਅੰਮ੍ਰਿਤਸਰ ਨੂੰ ਬਚਾਉਣ ਵਾਲੇ ਆਏ ਐ।" ਉਹ ਮੁੜ ਜਵਾਨਾਂ ਨੂੰ ਸੰਬੋਧਨ ਹੋਇਆ: "ਤੁਸਾਂ ਜਾਨਾਂ ਵਾਰੀਆਂ, ਅਸੀਂ ਤਾਂ ਬਚੇ।" ਉਹ ਫ਼ੌਜੀਆਂ ਦੇ ਪੈਰੀਂ ਹੱਥ ਲਾ ਕੇ ਮੱਥੇ ਨੂੰ ਲਾ ਰਿਹਾ ਸੀ।

"ਨਾ ਸੇਠ ਸਾਹਬ, ਕਿਉਂ ਸਾਡੇ ਸਿਰ ਭਾਰ ਚਾੜ੍ਹਦੇ ਹੋ। ਅਸਾਂ ਤਾਂ ਆਪਣਾ ਫ਼ਰਜ਼ ਪਾਲਿਆ ਹੈ, ਜ਼ਿੰਮੇਵਾਰੀ ਨਿਭਾਈ ਹੈ।" ਤੇਜਾ ਸਿੰਘ ਨੇ ਸੇਠ ਦੇ ਹੱਥ ਫੜ ਲਏ।

"ਉਹ ਸਾਲੇ ਮਦਰਾਸੀ ਤੇ ਮੁਹਾਰ ਜਿਹੜੇ ਨੀਕਰਾਂ ਤੇ ਬੰਦੂਖਾਂ ਕਮਾਦਾਂ ਵਿਚ ਸੁੱਟ ਕੇ ਭੱਜ ਗਏ, ਉਨ੍ਹਾਂ ਦਾ ਫ਼ਰਜ਼ ਕਿੱਥੇ ਗਿਆ ਸੀ? ਸਾਨੂੰ ਅੰਮ੍ਰਿਤਸਰ ਵਾਲਿਆਂ ਨੂੰ ਜੰਗ ਦੀ ਪਲ ਪਲ ਖ਼ਬਰ ਮਿਲਦੀ ਰਹੀ ਐ। ਤੁਸਾਂ ਬਹਾਦਰੋ ਦੇਸ਼ ਨੂੰ ਆਪਣਾ ਸਮਝਿਆ। ਆਪਣੀਆਂ ਜਾਨਾਂ ਵਾਰ ਕੇ ਸਾਡੀ ਪੱਤ ਰੱਖੀ। ਸਾਡੀਆਂ ਪੁਸ਼ਤਾਂ ਤੁਹਾਡਾ ਦੇਣ ਨਹੀਂ ਦੇ ਸਕਣਗੀਆਂ।" ਉਹ ਹੱਥ ਜੋੜੀ ਫ਼ੌਜੀਆਂ ਤੋਂ ਸਦਕੇ ਵਾਰੇ ਜਾ ਰਿਹਾ ਸੀ।

"ਲਾਲ ਜੀ! ਇਹ ਜੰਗ ਨਹੀਂ, ਨਿਰੀ ਕਿਆਮਤ ਸੀ। ਰੱਬ ਖ਼ੈਰ ਕਰੇ, ਮੁੜ ਨਾ ਅਜਿਹੀ ਕਿਆਮਤ ਪੰਜਾਬ 'ਤੇ ਲਿਆਵੇ।" ਤੇਜਾ ਸਿੰਘ ਸੇਠ ਨੂੰ ਹੋਰ ਡਰਾ ਗਿਆ।

"ਮਸਾਂ ਬਚ ਗਏ, ਤੁਸਾਂ ਬਚਾ ਦਿੱਤੇ, ਨਹੀਂ ਤਬਾਹ ਹੋ ਜਾਣਾ ਸੀ।"

"ਸੇਠ ਜੀ, ਰਹਿਣਾ ਈ ਕੁਝ ਨਹੀਂ ਸੀ!" ਲਾਲੇ ਦਾ ਨੌਕਰ ਵੀ ਵਾਰੀ ਲੈ ਗਿਆ।

ਦੁੱਧ ਤੇ ਬਰਫ਼ੀ ਆ ਗਈ। ਮੁੰਡੇ ਨੇ ਬਰਫ਼ੀ ਵਾਲਾ ਡੱਬਾ ਜਵਾਨਾਂ ਅੱਗੇ ਰੱਖ ਦਿੱਤਾ। ਨੌਕਰ ਗਲਾਸਾਂ ਵਿਚ ਦੁੱਧ ਠਾਰਨ ਲੱਗ ਪਿਆ।

"ਜੀ ਤੁਸਾਂ ਤਾਂ ਬਹੁਤ ਖੇਚਲ ਕਰ ਮਾਰੀ।" ਗੁਰਬਖ਼ਸ਼ ਸਿੰਘ ਨੇ ਧੰਨਵਾਦ ਵਜੋਂ ਆਖਿਆ।

"ਸਰਦਾਰ ਜੀ! ਖੇਚਲ ਕਾਹਦੀ, ਸਾਡਾ ਤਾਂ ਜੀਅ ਕਰਦਾ ਏ, ਆਪਣਾ ਆਪ ਤੁਹਾਡੇ ਉੱਤੋਂ ਵਾਰ ਦੇਈਏ। ਮੈਂ ਤਾਂ ਆਪਣੇ ਜੱਗੂ ਨੂੰ ਸਿੰਘ ਬਣਾ ਕੇ ਜੋਗਿੰਦਰ ਸਿੰਹੁ ਬਣਾਵਾਂਗਾ।" ਸੇਠ ਹੱਦੋਂ ਵੱਧ ਦਿਆਲ ਹੋਇਆ ਪਿਆ ਸੀ।

ਸਾਰੇ ਫ਼ੌਜੀਆਂ ਅੱਧੀ ਬਰਫ਼ੀ ਖਾ ਕੇ ਦੁੱਧ ਦੇ ਗਲਾਸ ਫੜ ਲਏ।

"ਆਹ ਸੇਠ ਸਾਹਬ ਤੁਹਾਡਾ ਸਾਰਿਆਂ ਦਾ ਹਿੱਸਾ ਹੈ।" ਬਾਕੀ ਬਚਦੀ ਬਰਫ਼ੀ ਵੱਲ ਗੁਰਬਖ਼ਸ਼ ਸਿੰਘ ਨੇ ਇਸ਼ਾਰਾ ਦੇਂਦਿਆਂ ਆਖਿਆ।

"ਨਾ ਬਈ ਬਹਾਦਰ ਸਿੰਘ! ਇਹ ਵੀ ਤੁਹਾਡੇ ਨਾਲ ਜਾਵੇਗੀ। ਹੋਰ ਸੇਵਾ ਦੱਸੋ?" ਲਾਲੇ ਦੇ ਹੱਥ ਜੋੜੇ ਹੋਏ ਸਨ।

"ਸਾਡੇ ਕੋਲੋਂ ਤਾਂ ਤੁਹਾਡੀ ਇਸ ਮਿਹਰਬਾਨੀ ਦਾ ਹੀ ਭਾਰ ਨਹੀਂ ਚੁੱਕਿਆ ਜਾਣਾ।"

"ਤੁਹਾਡੀ ਥੋੜ੍ਹੀ ਜਿੰਨੀ ਸੇਵਾ ਨਾਲ ਮਨ ਨੂੰ ਕਿੰਨੀ ਸ਼ਾਂਤੀ ਮਿਲੀ, ਮੈਂ ਦੱਸ ਨਹੀਂ ਸਕਦਾ।" ਲਾਲੇ ਦੀਆਂ ਭਾਰੀਆਂ ਨੱਤੀਆਂ ਨਾਲ ਕੰਨਾਂ ਦੀਆਂ ਲੌਲ੍ਹਾਂ ਟੁੱਟਣ ਨੂੰ ਆਈਆਂ ਹੋਈਆਂ ਸਨ।

ਫ਼ੌਜੀਆਂ ਸਤਿ ਸ੍ਰੀ ਅਕਾਲ ਬੁਲਾ ਕੇ ਸੇਠ ਤੋਂ ਵਿਦਾ ਲਈ। ਬਾਹਰ ਆ ਕੇ ਤੇਜਾ ਆਖਣੋਂ ਨਾ ਰਹਿ ਸਕਿਆ:

"ਸਾਲਾ ਹੁਣ ਕਿਵੇਂ ਠੇਠ ਪੰਜਾਬੀ ਬੋਲਦਾ ਸੀ। ਊਂ ਆਖਣਗੇ ਸਾਡੀ ਜ਼ਬਾਨ ਹਿੰਦੀ ਐ।"

"ਸਾਲਿਆ ਮੰਨੇ ਕੇ ਸਾਧ ਦਿਆ, ਹਾਲੇ ਹੁਣੇ ਉਹਦਾ ਹੱਡ ਖਾ ਆਇਆ ਏਂ, ਕੁਝ ਤਾਂ ਸ਼ਰਮ ਖਾ।" ਗੁਰਬਖ਼ਸ਼ ਉਸ ਦੇ ਗਲ੍ਹ ਪੈਣ ਵਾਲਾ ਹੋ ਗਿਆ।

"ਸਾਧਾਂ ਦੀਆਂ ਅਸ਼ੀਰਵਾਦਾਂ ਨਾਲ ਪਲਿਆ, ਤੂੰ ਕੀ ਜਾਣੇ ਮਿੱਠੀਆਂ ਛੁਰੀਆਂ ਨੂੰ, ਇਨ੍ਹਾਂ ਸਾਨੂੰ ਸੰਦ ਬਣਾ ਕੇ ਵਾਹਿਆ ਹੈ।"

"ਦੂਰ ਫਿੱਟੇ ਮੂੰਹ! ਧੰਨਵਾਦ ਤਾਂ ਕੀ ਕਰਨਾ ਏਂ, ਉਲਟਾ ਚੋਰ ਕੋਤਵਾਲ ਕੋ ਡਾਂਟੇ।" ਹੌਲਦਾਰ ਨੇ ਤੇਜੇ ਦੇ ਹੂਰਾ ਮਾਰਨ ਲਈ ਹੱਥ ਚਲਾਇਆ। ਉਸ ਅੱਗੋਂ ਬਚਦੀ ਬਰਫ਼ੀ ਵਾਲਾ ਡੱਬਾ ਅੱਗੇ ਕਰ ਦਿੱਤਾ। ਡੱਬਾ ਟੁੱਟ ਗਿਆ ਤੇ ਅੱਧ-ਪਚੱਧ ਬਰਫ਼ੀ ਡੁੱਲ੍ਹ ਗਈ।

"ਤੂੰ ਵੇਖ ਲਈਂ, ਵੱਡਿਆ ਹਮਾਇਤੀਆ, ਇਨ੍ਹਾਂ ਬਣਦੇ ਪੰਜਾਬੀ ਸੂਬੇ ਵਿਚ ਵੀ ਲੱਤਾਂ ਅੜਾ ਕੇ ਖਲੋ ਜਾਣਾ ਏਂ। ਮਤਲਬ ਵੇਲੇ ਮੀਆਂ ਮੀਆਂ, ਮਤਲਬ ਕੱਢ ਲੈਣ ਪਿੱਛੋਂ ਤੂੰ ਕੌਣ, ਮੈਂ ਕੌਣ। ਤੇਰੇ ਵਰਗੇ ਲੌਲ੍ਹਰਸ਼ਾਹਾਂ ਨੂੰ ਠੱਗਣਾ ਇਨ੍ਹਾਂ ਨੂੰ ਕੀ ਔਖਾ ਏ।"

ਤੇਜੇ ਦੀ ਚੋਟ 'ਤੇ ਦੂਜੇ ਫ਼ੌਜੀ ਵੀ ਹੱਸ ਪਏ। ਹੌਲਦਾਰ ਵਿਹੁ ਘੋਲ ਕੇ ਰਹਿ ਗਿਆ।

ਪੰਜਾਬੀ ਸੂਬਾ ਭਾਵੇਂ ਸਾਰੇ ਪੰਜਾਬੀਆਂ ਲਈ ਬਰਾਬਰ ਦੇ ਅਧਿਕਾਰ ਰੱਖਦਾ ਸੀ, ਪਰ ਸਿੱਖਾਂ ਦੀ ਹਸਤੀ ਉਸ ਵਿਚ ਸੁਰੱਖਿਅਤ ਹੁੰਦੀ ਸੀ। ਭਾਵੇਂ ਇਹ ਨਤਾਣਾ ਜਿਹਾ ਯਤਨ ਸੀ, ਪਰ ਸਿੱਖ ਸਲਾਮਤੀ ਵੱਲ ਬੁਨਿਆਦੀ ਕਦਮ ਸੀ। ਦੇਸ਼ ਦੀ ਵੰਡ ਸਮੇਂ ਮਾਸਟਰ ਤਾਰਾ ਸਿੰਘ ਕਾਂਗਰਸ ਲੀਡਰਾਂ 'ਤੇ ਇਤਬਾਰ ਕਰਕੇ ਬਹੁਤ ਪਛਤਾਇਆ ਸੀ। ਸ੍ਰ. ਬਲਦੇਵ ਸਿੰਘ ਤਾਂ ਮਰਨ ਤੋਂ ਪਹਿਲਾਂ ਰੋਇਆ ਸੀ ਕਿ ਮੈਂ ਸਿੱਖਾਂ ਨੂੰ ਆਪਣੀ ਬੇਵਕੂਫ਼ੀ ਨਾਲ ਗ਼ੁਲਾਮ ਬਣਾ ਚੱਲਿਆ ਹਾਂ, ਕਿਉਂਕਿ ਕਾਂਗਰਸ ਨੇ ਸਮੇਂ ਸਿਰ ਸਿੱਖਾਂ ਨੂੰ ਵਰਤ ਕੇ ਠੁੱਠ ਵਖਾ ਛੱਡਿਆ ਸੀ। ਠੱਗੀ ਖਾ ਜਾਣ ਬਾਅਦ ਮਾਸਟਰ ਤਾਰਾ ਸਿੰਘ ਹੋਮ ਲੈਂਡ, ਸਿੱਖ ਸਟੇਟ ਆਦਿ ਦੇ ਉੱਪੜੇ ਕੁਹਾੜੇ ਮਾਰਦਾ ਰਿਹਾ। ਇਹ ਤਾਂ ਸ੍ਰੀ ਰਮੋਲੋ ਦੀ ਸ਼ਹਾਦਤ ਨੇ ਜ਼ਬਾਨ ਦੇ ਆਧਾਰ 'ਤੇ ਸੂਬੇ ਬਣਾਉਣ ਦਾ ਸਾਰਥਕ ਰਾਹ ਵਿਖਾਇਆ ਸੀ। ਉਸ ਦੀ ਸੇਧ ਵਿਚ ਹੀ ਪੰਜਾਬੀ ਸੂਬਾ ਉਲੀਕੇ ਜਾਣ ਨੂੰ ਸਹਾਇਤਾ ਮਿਲੀ ਸੀ। ਕਾਂਗਰਸ ਇੱਕ ਪਿੱਛੋਂ ਦੂਜੇ ਸਿੱਖ ਲੀਡਰ ਨੂੰ ਲਾਲਚ ਚਾੜ੍ਹ

ਕੇ, ਸਿੱਖ ਕੌਮ ਵਿਰੁੱਧ ਗ਼ਦਾਰੀ ਕਰਵਾਂਦੀ ਰਹੀ। ਹੁਣ ਸਿੱਖ ਪੰਜਾਬੀ ਸੂਬਾ ਲੈ ਕੇ ਆਪਣੀ ਜ਼ਬਾਨ, ਸੱਭਿਆਚਾਰ ਅਤੇ ਤਾਰੀਖ਼ੀ ਹੋਂਦ ਨੂੰ ਸੁਰੱਖਿਅਤ ਕਰਿਆ ਚਾਹੁੰਦੇ ਸਨ। ਦੂਜੇ ਪਾਸੇ ਮਹਾਸ਼ਾ ਪ੍ਰੈੱਸ ਧੂੰਆਂ ਧਾਰ ਪ੍ਰਚਾਰ ਕਰ ਰਹੀ ਸੀ: "ਸਿੱਖ ਹਿੰਦੂਆਂ ਵਿਚੋਂ ਹਨ। ਪੰਜਾਬੀ ਨਹੀਂ, ਸਾਡੀ ਜ਼ਬਾਨ ਹਿੰਦੀ ਐ।" ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਨੇ ਸਰਕੂਲਰ ਕੱਢਿਆ ਕਿ ਮਰਦਮ ਸ਼ੁਮਾਰੀ ਵਿਚ ਸਭ ਆਪਣੀ ਜ਼ਬਾਨ ਹਿੰਦੀ ਲਿਖਵਾਉਣ। ਨਹਿਰੂ ਪੰਜਾਬ ਦੀ ਜ਼ਬਾਨ ਪੰਜਾਬੀ ਮੰਨਦਾ ਸੀ, ਪਰ ਮਹਾਸ਼ੇ ਆਪਣੀ ਮਾਂ ਨੂੰ ਮਾਂ ਮੰਨਣ ਲਈ ਤਿਆਰ ਨਹੀਂ ਸਨ। ਹੁਣ ਪੰਜਾਬੀ ਸੂਬੇ ਨੂੰ ਕਿਵੇਂ ਬਰਦਾਸ਼ਤ ਕਰਦੇ, ਜਿਸ ਵਿੱਚ ਸਿੱਖਾਂ ਨੂੰ ਭੋਰਾ ਕੁ ਬਹੁਗਿਣਤੀ ਹਾਸਲ ਹੋਣੀ ਸੀ। ਉਨ੍ਹਾਂ ਜਲੰਧਰ ਵਿਚ ਜਲੂਸ ਕਢਵਾਇਆ। ਛੋਕਰਿਆਂ ਤੋਂ ਨਾਹਰੇ ਲਵਾਏ: "ਊੜੀ-ਐੜੀ, ਨਹੀਂ ਪੜ੍ਹਨੀ।" ਅਸਲ ਵਿਚ ਗਿਆਨੀ ਕਰਤਾਰ ਸਿੰਘ, ਸੱਚਰ ਫਾਰਮੂਲੇ ਰਾਹੀਂ ਇੱਕ ਤਰ੍ਹਾਂ ਪੰਜਾਬੀ ਸੂਬੇ ਦੀ ਨਿਊਂ ਰੱਖਵਾ ਚੁੱਕਾ ਸੀ। ਹੁਣ ਐਲਾਨ ਨਾਲ ਮਹਾਸ਼ਿਆਂ ਤੇ ਆਰੀਆ ਸਮਾਜੀਆਂ ਦੇ ਸੱਤੀ ਕੱਪੜੀਂ ਅੱਗ ਲੱਗ ਗਈ। ਉਹ ਕਾਮਰਾਜ ਤੋਂ ਨੱਕ ਭੰਨਾ ਕੇ ਆਰੀਆ ਸਮਾਜੀ ਹੋਮ ਮਨਿਸਟਰ ਨੰਦਾ ਦੇ ਪੈਰੀਂ ਆ ਡਿੱਗੇ।

"ਸਾਨੂੰ ਸ੍ਰੀ ਨੰਦਾ ਜੀ! ਬਚਾਓ? ਪੰਜਾਬੀ ਸੂਬੇ ਦਾ ਬਘਿਆੜ ਸਾਨੂੰ ਖਾ ਜਾਵੇਗਾ?"

"ਹਿੰਦ ਸਰਕਾਰ ਕੇ ਹੋਤੇ ਹੂਏ ਆਪ ਕੋ ਕਿਆ ਡਰ ਹੋ ਸਕਤਾ ਹੈ; ਕੁਝ ਵੀ ਨਹੀਂ ਹੋਗਾ।"

ਹੋਮ ਮਨਿਸਟਰ ਨੇ ਤਸੱਲੀ ਨਾਲ ਉੱਤਰ ਦਿੱਤਾ। "ਪੰਜਾਬੀ ਸੂਬਾ ਤੋ ਰੁਕ ਨਹੀਂ ਸਕਤਾ, ਇਹ ਕਿਸੀ ਕੇ ਵੀ ਵਸ ਕੀ ਬਾਤ ਨਹੀਂ।"

"ਤੁਸੀਂ ਅੱਧੀ ਸਰਕਾਰ ਦੇ ਅਧਿਕਾਰ ਰੱਖਦੇ ਹੋ। ਇਹਦੀਆਂ ਹੱਦਾਂ ਕੱਟ ਵੱਢ ਕੇ ਸੂਬੀ ਬਣਾ ਦਿਓ ਤਾਂ ਜੋ ਸਿੱਖ ਲੈਣੋਂ ਹੀ ਨਾਂਹ ਕਰ ਦੇਣ।"

"ਬਈ ਸਰਕਾਰ ਕੋ ਸਭ ਕੇ ਹੱਕ ਕਾ ਖ਼ਿਆਲ ਰਖਣਾ ਹੋਤਾ ਹੈ। ਤੁਮ ਆਏ ਹੋ ਤੋ ਕੁਝ ਕਰੇਂਗੇ। ਵੋਹ ਸ੍ਰ. ਹੁਕਮ ਸਿੰਘ ਪਾਰਲੀਮੈਂਟਰੀ ਕਮੇਟੀ ਦਾ ਚੇਅਰਮੈਨ ਹੈ; ਵੋਹ ਹੀ ਪੰਜਾਬੀ ਸੂਬੇ ਕੇ ਹੱਕ ਮੇਂ ਰੀਪੋਰਟ ਦੇਨੇ ਕੇ ਲੀਏ ਜ਼ਿੱਦ ਕਰ ਰਹਾ ਹੈ।"

"ਪੰਜਾਬੀ ਸੂਬਾ ਬਣਾਉਗੇ ਤਾਂ ਨਵਾਂ ਮੁਲਕ ਖ਼ਾਲਿਸਤਾਨ ਵੀ ਬਣੇਗਾ।" ਮਹਾਸ਼ਿਆਂ ਧਮਕੀ ਦੇ ਮਾਰੀ।

"ਐਸਾ ਕੁਝ ਨਹੀਂ ਹੋਗਾ, ਆਪ ਬੇਫ਼ਿਕਰ ਰਹੋ।" ਹੋਮ ਮਨਿਸਟਰ ਨੇ ਆਪਣੀ ਵੱਲੋਂ ਗੱਲ ਮੁਕਾ ਦਿੱਤੀ।

ਬਾਹਰ ਆ ਕੇ ਮਹਾਸ਼ਿਆਂ ਤੇ ਆਰੀਆ ਸਮਾਜੀਆਂ, ਦੋ ਨੁਮਾਇੰਦੇ ਅਜਿਹੇ ਚੁਣ ਲਏ, ਜਿਹੜੇ ਨੰਦਾ ਜੀ ਦੇ ਸੱਜੇ ਖੱਬੇ ਨਿਕਟਵਰਤੀ ਸਨ। ਉਨ੍ਹਾਂ ਨੂੰ ਸਮਝਾਇਆ, ਤੁਸਾਂ ਨੰਦਾ ਜੀ ਨੂੰ ਕਾਇਲ ਕਰਨਾ ਹੈ ਕਿ ਅਜਿਹਾ ਲੰਙੜਾ ਸੂਬਾ ਬਣਾਓ ਕਿ ਸਿੱਖ ਲੈਣੋਂ ਹੀ ਨਾਂਹ ਕਰ ਦੇਣ।

ਸ੍ਰ. ਹੁਕਮ ਸਿੰਘ ਕਮੇਟੀ ਨੇ ਪੰਜਾਬੀ ਸੂਬੇ ਦੇ ਹੱਕ ਵਿੱਚ ਰਿਪੋਰਟ ਦੇ ਦਿੱਤੀ। ਹੱਦਬੰਦੀ ਕਮਿਸ਼ਨ ਬਣਾਇਆ ਗਿਆ। ਸਿੱਖਾਂ ਦੀ ਕੇਂਦਰ ਵਿਚ ਬਾਂਹ ਫੜਨ ਵਾਲਾ ਕੋਈ ਨਹੀਂ ਸੀ। ਆਰੀਆ ਸਮਾਜ ਪੁਰਾਣੀ ਜਥੇਬੰਦੀ ਸੀ। ਉਨ੍ਹਾਂ ਵਿਚੇ ਵਿਚ ਸੁਰੰਗਾਂ ਲਾ ਕੇ ਹੱਦਬੰਦੀ ਕਮਿਸ਼ਨ ਨੂੰ ਅਜੇਹੀ ਚਾਟ ਪਾਈ, ਸੂਬਾ ਸੂਬੀ ਬਣਾ ਕੇ ਰੱਖ ਦਿੱਤਾ। ਐਨ ਸਮੇਂ ਸਿਰ

ਜਸਵੰਤ ਸਿੰਘ ਕੰਵਲ ਨਾਵਲਕਾਰ ਨਕਸ਼ੇ ਵਾਹ ਕੇ ਸੰਤ ਫ਼ਤਹਿ ਸਿੰਘ ਕੋਲ ਪਹੁੰਚਿਆ।

"ਸੰਤ ਜੀ! ਮੁਗਲਾਂ ਸਮੇਂ ਸਰਹੰਦ ਸੂਬੇ ਦੀ ਹੱਦ ਦਰਿਆ ਮਾਰਕੰਡਾ ਤੱਕ ਜਾਂਦੀ ਸੀ।" ਉਸ ਦੋਵੇਂ ਨਕਸ਼ੇ ਲਾਲ ਪੈਂਨਸਲ ਦੇ ਨਿਸ਼ਾਨਾਂ ਵਾਲੇ ਵਿਖਾਏ। "ਤੁਸੀਂ ਐਲਾਨ ਕਰੋ, ਪੰਜਾਬੀ ਸੂਬੇ ਦੀ ਪੁਰਾਣੀ ਕੁਦਰਤੀ ਹੱਦ ਮਾਰਕੰਡਾ ਦਰਿਆ ਹੋਣੀ ਚਾਹੀਦੀ ਹੈ।"

"ਠੀਕ ਹੈ।" ਐਨੀ ਗੱਲ ਕਹਿ ਕੇ ਸੰਤਾਂ ਨੇ ਦੋਵੇਂ ਨਕਸ਼ੇ ਰੱਖ ਲਏ।

ਕੰਵਲ ਕਈ ਦਿਨ ਉਡੀਕਦਾ ਰਿਹਾ, ਪਰ ਸੰਤਾਂ ਕੋਈ ਬਿਆਨ ਨਾ ਦਿੱਤਾ। ਐਨ ਜਦੋਂ ਪੰਜਾਬੀ ਸੂਬੇ ਦੀ ਲੜਾਈ ਗਰਮ ਸੀ, ਸੰਤ ਫ਼ਤਹਿ ਸਿੰਘ ਸਿੰਗਾਪੁਰ ਨੂੰ ਤੁਰ ਗਿਆ ਅਤੇ ਉਥੋਂ ਇੰਗਲੈਂਡ ਨੂੰ ਹਵਾਈ ਜਹਾਜ਼ ਫੜ ਲਿਆ। ਜਾਗਦਿਆਂ ਦੀਆਂ ਕੱਟੀਆਂ, ਸੁੱਤਿਆਂ ਦੇ ਕੱਟੇ ਵਾਲੀ ਗੱਲ ਅਕਾਲੀਆਂ ਨਾਲ ਹੋਈ। ਹੱਦਬੰਦੀ ਕਮਿਸ਼ਨ ਨੇ ਪੰਜਾਬੀ ਸੂਬੇ ਦਾ ਬੱਕਰਾ ਹਲਾਲ ਹੀ ਕਰ ਸੁੱਟਿਆ। ਪੰਜਾਬੀ ਬੋਲਦਾ ਕਾਂਗੜਾ ਸਾਰਾ ਜ਼ਿਲ੍ਹਾ ਤੇ ਨਾਲਾਗੜ੍ਹ ਹਿਮਾਚਲ ਨੂੰ ਦੇ ਦਿੱਤੇ। ਰਾਜਧਾਨੀ ਚੰਡੀਗੜ੍ਹ ਖੋਹ ਕੇ ਕੇਂਦਰ ਨੇ ਆਪ ਰੱਖ ਲਈ; ਜਿਹੜੀ ਖਰੜ ਤਹਿਸੀਲ ਦੇ ਪਿੰਡਾਂ ਨੂੰ ਉਠਾ ਕੇ ਵਸਾਈ ਗਈ ਸੀ। ਸਰਸਾ, ਗੂਹਲਾ, ਅੰਬਾਲਾ, ਮੋਰਨੀ, ਸੂਰਜਪੁਰ, ਐੱਚ. ਐੱਮ. ਟੀ., ਪਿੰਜੌਰ ਅਤੇ ਕਾਲਕਾ ਆਦਿ ਹਰਿਆਣੇ ਦੇ ਪੇਟੇ ਪਾ ਦਿੱਤੇ; ਜਿਸ ਨਾਲ ਉਸ ਦੇ ਸੱਭਿਆਚਾਰ ਤੇ ਜ਼ਬਾਨ ਦਾ ਵਾਸਤਾ ਤੱਕ ਨਹੀਂ ਸੀ। ਬੱਸ ਜੀ, ਸੂਬਾ ਕਾਹਦਾ ਬਣਾਇਆ, ਲੁੱਟ ਪੈ ਗਈ ਰਾਮ-ਨਾਮ ਦੀ। ਸ਼ਿਮਲਾ ਬਿਨਾਂ ਮੁਆਵਜ਼ੇ ਹਿਮਾਚਲ ਨੂੰ ਛੱਡ ਦਿੱਤਾ। ਪੰਜਾਬ ਨੂੰ ਚੋਰਾਂ ਦਾ ਮਾਲ ਸਮਝ ਕੇ ਸਾਰਿਆਂ ਡਾਂਗਾਂ ਦੇ ਗਜ਼ ਕਰ ਲਏ।

ਜਦ ਫ਼ੌਜੀ ਭਾਈਆਂ ਨੂੰ ਸੂਬੇ ਦੀ ਬਣਤਰ ਬਾਰੇ ਪਤਾ ਲੱਗਾ, ਸਿਰ ਪਿੱਟ ਕੇ ਰਹਿ ਗਏ।

"ਬਾਹਮਣ ਬਾਣੀਏ ਲਈ, ਜਿੰਨਾ ਮਰਜ਼ੀ ਲਹੂ ਡੋਲ੍ਹ ਲਵੋ; ਇਹ ਨਾ ਵੱਢੀ ਉਂਗਲ ਉੱਤੇ ਮੂਤ ਗਏ।" ਤੇਜਾ ਸਿੰਘ ਇਤਿਹਾਸਕ ਪਿਛਵਾੜੇ ਨੂੰ ਮੁੱਖ ਰੱਖ ਕੇ ਕਹਿ ਗਿਆ। "ਹੌਲਦਾਰ ਸਾਹਿਬ! ਜਿਹੜੀ ਕੌਮ ਰਾਜਨੀਤੀ ਵਿਚ ਇਤਬਾਰ ਕਰ ਗਈ, ਉਹ ਨਾ ਕਦੇ ਬਚੀ।"

"ਭੋਲਿਆਂ ਤੇ ਕਿਰਤੀਆਂ ਨਾਲ ਹਮੇਸ਼ਾ ਠੱਗੀਆਂ ਵੱਜਦੀਆਂ ਆਈਆਂ ਹਨ।" ਗੁਰਬਖ਼ਸ਼ ਸਿੰਘ ਏਨੀ ਕਹਿ ਕੇ ਚੁੱਪ ਵੱਟ ਗਿਆ।

"ਮਾਸਟਰ ਤਾਰਾ ਸਿੰਘ ਆਖਦਾ ਸੀ, ਮੈਂ ਲੀਡਰ ਪੈਦਾ ਕਰਦਾ ਰਹਿ ਜਾਂਦਾ ਆਂ, ਕਾਂਗਰਸ ਸ਼ਹਿਦ ਲਿੱਬੜੀ ਉਂਗਲ ਚਟਾ ਕੇ ਲੈ ਜਾਂਦੀ ਹੈ, ਜਿਵੇਂ ਬੱਤਖ਼ ਬੱਚੇ ਪੈਦਾ ਕਰਦੀ ਹੈ, ਉਹ ਆਂਡਿਆਂ ਤੋਂ ਨਿਕਲਣ ਸਾਰ ਤਰਦੇ ਪਾਰਲੇ ਕਿਨਾਰੇ ਜਾ ਲੱਗਦੇ ਹਨ।"

"ਤੇਜਿਆ, ਸਾਡੀ ਕੌਮ ਤਾਂ ਗ਼ੱਦਾਰਾਂ ਤੇ ਗ਼ਰਜ਼ਮੰਦਾਂ ਨੇ ਮਾਰ ਲਈ।" ਹੌਲਦਾਰ ਪਛਤਾਵੇ ਵਿਚ ਸਿਰ ਮਾਰੀ ਜਾ ਰਿਹਾ ਸੀ।

"ਯਾਰਾ, ਅੰਗਰੇਜ਼ ਨੇ ਹਿੰਦੋਸਤਾਨ ਦੀਆਂ ਤਿੰਨ ਕੌਮਾਂ ਮੰਨੀਆਂ ਸਨ, ਹਿੰਦੂ, ਮੁਸਲਮਾਨ ਤੇ ਸਿੱਖ।" ਤੇਜਾ ਸਿੰਘ ਇਹ ਵਿਆਖਿਆ ਕਈ ਵਾਰ ਦੁਹਰਾ ਚੁੱਕਾ ਸੀ। "ਅੰਗਰੇਜ਼ ਤੋਂ ਸਾਡੇ ਬੁੱਧੂ ਨਾਥ ਕੁਝ ਲੈ ਨਾ ਸਕੇ। ਮਿਸਟਰ ਜਿਨਾਹ ਦੀ ਉਫਲ ਨੂੰ ਲੱਤ ਮਾਰ ਦਿੱਤੀ ਤੇ ਚਹੇਤਾ ਬਣਾ ਲਿਆ ਨਹਿਰੂ। ਬ੍ਰਾਹਮਣ ਦਾਨ ਦੱਛਣਾ ਲੈਂਦੇ ਐ, ਦਿੰਦੇ ਤਾਂ ਮੈਂ ਵੇਖੇ ਈ ਨਹੀਂ।" ਸਾਹ ਲੈ ਕੇ ਉਹ ਮੁੜ ਤੁਰ ਪਿਆ। "ਅਸਲ ਵਿੱਚ ਨਹਿਰੂ ਨੇ ਹੀ ਪਾਕਿਸਤਾਨ

ਬਣਾਇਆ ਏ, ਕਿਉਂਕਿ ਗਾਂਧੀ ਦੀ ਉਛਲ ਅਨੁਸਾਰ ਇਹ ਲਾਇਕ ਜਿਨਾਹ ਹੇਠਾਂ ਪ੍ਰਧਾਨ ਮੰਤਰੀ ਨਹੀਂ ਰਹਿ ਸਕਦਾ ਸੀ। ਫਿਰ ਨਹਿਰੂ ਨੇ ਹੀ ਅਕਾਲੀਆਂ ਦਾ ਪਾਲਿਆ ਪ੍ਰਤਾਪ ਸਿੰਘ ਕੈਰੋਂ ਹੱਥਾਂ 'ਤੇ ਚਾੜ੍ਹਿਆ। ਉਸ ਦੇ ਨਹਿਰਾਂ ਮੁੱਖ ਮੰਤਰੀ ਦੀ ਗੱਦੀ ਪਿੱਛੇ ਰਾਜਸਥਾਨ ਨੂੰ ਦੇ ਕੇ ਪੰਜਾਬ ਹੀ ਕੁਲੰਜ ਮਾਰਿਆ। ਨਹਿਰੂ ਦੀ ਮਦਦ ਨਾਲ ਰਾਜਸਥਾਨ ਦਿਨ ਦਿਹਾੜੇ ਡਾਕਾ ਮਾਰ ਗਿਆ; ਕਿਸੇ ਹਾਲ ਪਾਹਰਿਆ ਨਹੀਂ ਕੀਤੀ। ਨਾਗੋਕੇ ਧੜਾ ਕੁਝ ਵੀ ਲਏ ਬਿਨਾਂ ਕਾਂਗਰਸ ਹੀ ਝੋਲੀ ਜਾ ਡਿੱਗਾ। ਦੇਖੋ ਕੌਮ ਦੀ ਕਮਬਖ਼ਤੀ, ਨਿਆਣੇ ਤੋਂ ਨਿਆਣਾ ਵੀ ਆਪਣੇ ਘਰ ਨੂੰ ਸੋਚਦਾ ਏ। ਹੌਲਦਾਰਾ, ਦੇਸ਼ ਭਗਤ ਉਂਗਲਾਂ ਉੱਤੇ ਦੰਦੀਆਂ ਵੱਢਦੇ ਰਹਿ ਗਏ। ਸਾਡੇ ਲੀਡਰ, ਖੁਸਰੋ, ਜੰਮੇ ਈ ਪੰਜਾਬ ਨਾਲ ਗ਼ੱਦਾਰੀਆਂ ਕਰਨ ਲਈ। "ਚਲਾਕੋ ਕਹਿੰਦੀ: ਤੂੰ ਮੇਰਾ ਮੁੰਡਾ ਖਿਡਾ, ਮੈਂ ਤੇਰਾ ਅੰਨ ਖਾਂਦੀ ਆਂ।" ਤੇਜੇ ਨੇ ਅੰਦਰ ਰਿੱਝਦਾ ਗੁੱਭ-ਗੁਭਾਟ ਕੱਢ ਮਾਰਿਆ।

"ਲੱਗਦਾ ਏ ਤੇਜਾ ਸਿਆਂ, ਸਬਕ ਮੁੜ ਅਲਫ਼ ਬੇ ਤੋਂ ਸ਼ੁਰੂ ਕਰਨਾ ਪਏਗਾ।" ਗੁਰਬਖ਼ਸ਼ ਸਿੰਘ ਹੋਰ ਸੰਜੀਦਾ ਹੋ ਗਿਆ।

"ਜਨਾਬ ਜੀ, ਅਲਫ਼ ਬੇ ਸ਼ੁਰੂ ਕਰਨ ਲਈ ਮੁਨਸ਼ੀ ਚਾਹੀਦਾ ਹੈ। ਜਦੋਂ ਕਾਜ਼ੀ ਹੀ ਬੇਈਮਾਨ ਹੋ ਜਾਣ, ਨਕਾਹ ਕਦੋਂ ਸਿਰੇ ਚੜ੍ਹਿਆ।"

ਗੁਰਬਖ਼ਸ਼ ਸਿੰਘ ਦਾ ਗੁੱਸਾ ਰੋਹ ਬਣ ਖਲੋਤਾ।

"ਇਹ ਅਕਾਲੀ ਸਾਨੂੰ ਤਾਂ ਫ਼ੌਜੀ ਢੱਗੇ ਆਖਦੇ ਐ, ਆਪ ਢੀਂਗਿਆਂ ਦਾ ਗੋਹਾ ਵੀ ਨਹੀਂ।"

"ਚੋਰ ਦੀ ਮਾਂ, ਕੋਠੀ 'ਚ ਮੂੰਹ। ਹੈ ਤਾਂ ਸਾਡੇ ਈ ਤਾਏ ਚਾਚੇ, ਪਰ ਹੈ ਸਾਰੇ ਧੁੱਪੇ ਫਾਹੇ ਲਾਉਣ ਵਾਲੇ।"

"ਜੀਅ ਕਰਦਾ ਏ, ਜਿਸ ਦਿਨ ਇਨ੍ਹਾਂ ਦੀ ਮੀਟਿੰਗ ਹੋਵੇ, ਸਾਰਿਆਂ ਨੂੰ ਥਾਏਂ ਭੁੰਨ ਦੇਈਏ।"

"ਤੱਤੇ ਤਾ ਵਾਲੀ ਰਾਜਨੀਤੀ ਗ਼ਲਤ। ਖੜ ਸੋਕੜ ਹੋ ਰਹੇ ਰੁੱਖ ਨੂੰ ਓਦੋਂ ਵੱਢੀਏ, ਜਦੋਂ ਛਾਵੇਂ ਖਲੋਣ ਜੋਗਾ ਨਵਾਂ ਰੁੱਖ ਪੈਦਾ ਕਰ ਲਈਏ।" ਤੇਜੇ ਨੇ ਹੌਲਦਾਰ ਯਾਰ ਦੇ ਪੱਟ ਉੱਤੇ ਹੱਥ ਮਾਰਿਆ।

"ਸਾਲਿਆ, ਤੂੰ ਤਾਂ ਕਿਸੇ ਵੱਡੇ ਉਸਤਾਦ ਦਾ ਚੰਡਿਆ ਏਂ।"

"ਮੇਰੇ ਬਾਬੇ ਦਾ ਦਾਦਾ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਕੁਮੇਦਾਨ ਸੀ। ਉਹ ਮੁਲਤਾਨ ਦਾ ਗੜ੍ਹ ਤੋੜਨ ਵਾਲਿਆਂ ਵਿਚੋਂ ਸੀ। ਤੂੰ ਹਮਾਤੜ ਨੂੰ ਕੀ ਸਮਝਦਾ ਏਂ।"

"ਪਿਦਰਮ ਸੁਲਤਾਨ ਬੂਦ।" ਇਸ ਚੋਟ ਨਾਲ ਹੌਲਦਾਰ ਹੱਸ ਪਿਆ।

"ਬਖ਼ਸ਼ਿਆ। ਪੰਜਾਬ ਦੀ ਤਲਵਾਰ ਨੂੰ ਲੱਗ ਗਿਆ ਜੰਗ। ਮੌਕੇ ਦਾ ਸਾਣ ਚਲ ਲੈਣ ਦੇ, ਤੂੰ ਚੰਗਿਆੜੇ ਨਿਕਲਦੇ ਵੇਖੀਂ। ਐਵੇਂ ਮੂੰਹ ਪਾੜ ਕੇ ਕੁਝ ਵੀ ਆਖਣਾ ਹਾਸੋ-ਹੀਣਾ ਹੁੰਦਾ ਹੈ। ਹੁਣ ਤੂੰ ਰਿੱਝਣ ਦੇ।" ਉਹ ਅੰਦਰਲੀ ਅੱਗ ਵਿਚ ਝੁਲਸ ਕੇ ਰਹਿ ਗਿਆ।

"ਮੈਂ ਵੀ ਤੇਰੇ ਵਾਲੀ ਗੱਲ ਉੱਤੇ ਰਾਜ਼ੀ ਆਂ।" ਬਖ਼ਸ਼ੇ ਨੇ ਯਾਰ ਨੂੰ ਬੁੱਕਲ ਵਿਚ ਲੈ ਲਿਆ।

"ਅਕਲਾਂ ਬਿਨਾਂ ਖੂਹ ਖਾਲੀ। ਮਨੁੱਖੀ ਹਮਦਰਦੀ ਵਿੱਚ ਜਿਨ੍ਹਾਂ ਲਈ ਅਸੀਂ ਸਿਰ

ਤਲੀ 'ਤੇ ਧਰ ਕੇ ਲੜਦੇ ਮਰਦੇ ਰਹੇ; ਓਹੀ ਨਾਗ ਬਣ ਕੇ ਸਾਨੂੰ ਡੰਗਦੇ ਰਹੇ। ਪਿਆਓ ਇਨ੍ਹਾਂ ਨੂੰ ਹੋਰ ਦੁੱਧ।"

"ਨਾਨਕ ਨਿਰੰਕਾਰ ਦੇ ਤੂੰ ਰੰਗ ਵੇਖਦਾ ਜਾਹ।" ਹੌਲਦਾਰ ਨੇ ਉਸ ਦਾ ਮੋਢਾ ਘੁੱਟ ਕੇ ਮਨ ਨੂੰ ਤਸੱਲੀ ਦਿੱਤੀ।

"ਨਿਰਾ ਵੇਖਦੇ ਈ ਨਹੀਂ, ਹਿੱਕ 'ਤੇ ਜਰਦੇ ਵੀ ਜਾਂਦੇ ਆਂ।" ਤੇਜਾ ਸਿੰਘ ਨੇ ਅੰਦਰਲੇ ਗੁੱਸੇ ਨਾਲ ਸਿਰ ਹਲੂਣਿਆ।

"ਗੁਰੂ ਉੱਤੇ ਭਰੋਸਾ ਰੱਖਣਾ ਮੈਂ ਸੰਤ ਬਾਬਾ ਖੜਕ ਸਿੰਘ ਤੋਂ ਸਿੱਖਿਆ ਏ।"

"ਮੈਂ ਸੰਤਾਂ ਦਾ ਉਪਾਸ਼ਕ ਤਾਂ ਨਹੀਂ, ਗੁਰੂ ਉੱਤੋਂ ਭਰੋਸਾ ਛੱਡ ਕੇ ਸਾਡੇ ਪੱਲੇ ਰਹਿੰਦਾ ਈ ਕੁਝ ਨਹੀਂ।"

"ਅੱਜ ਸੰਤਾਂ ਦੇ ਦਰਸ਼ਨਾਂ ਨੂੰ ਚੱਲੀਏ; ਮਨ ਨੂੰ ਸ਼ਾਂਤੀ ਮਿਲੇਗੀ।"

"ਨਹੀਂ, ਅੱਜ ਮੈਂ ਪੀਣੀ ਏਂ; ਤੂੰ ਮਾਫ਼ ਕਰੀਂ ਹੌਲਦਾਰਾ।"

"ਕਿਉਂ ਕਮਜ਼ੋਰੀ ਜ਼ਾਹਰ ਕਰਦਾ ਏਂ, ਪਤਲਾ ਪੈਂਦਾ ਏਂ। ਸਾਲਮ ਮਰਦ ਬਣ, ਗੁਰਮੁਖ!" ਗੁਰਬਖਸ਼ ਸਿੰਘ ਆਪਣੇ ਮਿੱਤਰ ਨੂੰ ਸ਼ਰਾਬ ਪੀਣੋਂ ਰੋਕਣਾ ਚਾਹੁੰਦਾ ਸੀ।

"ਖ਼ੈਰ, ਹੁਣ ਮੈਂ ਕੁਝ ਨਹੀਂ ਆਖਦਾ। ਲੋਹਾ ਗਰਮ ਹੋ ਲੈਣ ਦੇ, ਮਰਦ-ਨਾਮਰਦ ਦਾ ਆਪੇ ਪਤਾ ਲੱਗ ਜਾਵੇਗਾ।"

ਉਹ ਬੱਸ ਅੱਡੇ ਤੋਂ ਫ਼ਤਹਿ ਬੁਲਾ ਕੇ ਵਿਛੜ ਗਏ। ਤੇਜਾ ਪਿੰਡ ਵਾਲੀ ਬੱਸ ਚੜ੍ਹ ਗਿਆ ਅਤੇ ਗੁਰਬਖਸ਼ ਸਿੰਘ ਦਰਬਾਰ ਸਾਹਿਬ ਨੂੰ ਤੁਰ ਪਿਆ।

ਦਸਵਾਂ ਕਾਂਡ

ਹੌਲਦਾਰ ਗੁਰਬਖਸ਼ ਸਿੰਘ ਅਤੇ ਤੇਜਾ ਸਿੰਘ ਨੂੰ ਇਕੱਠਿਆਂ ਨੂੰ ਦੋ ਦੋ ਮਹੀਨੇ ਦੀ ਛੁੱਟੀ ਮਿਲ ਗਈ ਸੀ। ਤੇਜੇ ਦਾ ਪਿੰਡ ਬਟਾਲੇ ਲਾਗੇ ਪੈਂਦਾ ਸੀ। ਹੁਣ ਉਹ ਲੈਂਸ ਨੈਕ ਬਣ ਚੁੱਕਾ ਸੀ। ਦੋਵੇਂ ਯਾਰ ਸਨ ਤੇ ਪੱਗਵਟ ਭਰਾ ਵੀ। ਹੌਲਦਾਰ ਉਸ ਨੂੰ ਇੱਕ ਦੋ ਦਿਨਾਂ ਲਈ ਪਿੰਡ ਲੈ ਆਇਆ ਸੀ, ਤੇਜਾ ਸਿੰਘ ਨੇ ਆਪਣੇ ਨਾਲ ਰੰਮ ਦੀਆਂ ਦੋ ਬੋਤਲਾਂ ਚੁੱਕੀਆਂ ਹੋਈਆਂ ਸਨ। ਉਹ ਯਾਰ ਨੂੰ ਆਖਣ ਲੱਗਾ।

"ਤੇਰੇ ਵਿਚ ਵੱਡਾ ਨੁਕਸ ਇਹ ਹੈ, ਤੂੰ ਘੁੱਟ ਲਾਉਂਦਾ ਨਹੀਂ।"

"ਮੈਂ ਸੰਤ ਬਾਬਾ ਖੜਕ ਸਿੰਘ ਦਾ ਸੇਵਕ ਆਂ। ਇਹਦੇ ਵਿੱਚ ਪਿਆ ਕੀ ਏ; ਐਵੇਂ ਚੰਗੇ ਭਲੇ ਸਿਰ ਨੂੰ ਭੁਆਲੀਆਂ ਦੇਣੀਆਂ।" ਹੌਲਦਾਰ ਨੇ ਲੈਂਸ ਨੈਕ ਨੂੰ ਨਿਰਉੱਤਰ ਕਰਨਾ ਚਾਹਿਆ।

"ਜੀਹਨੇ ਪੀਤੀ ਨਾ ਹੋਵੇ, ਉਹਨੂੰ ਕੀ ਪਤਾ ਸੁਰਗਾਂ ਵਿਚ ਕਿਹੋ ਜਿਹੇ ਨਾਚ ਹੁੰਦੇ ਐ।" ਤੇਜਾ ਟੌਅਰ ਨਾਲ ਸਿਰ ਮਾਰ ਗਿਆ।

"ਹੱਛਾ, ਤੂੰ ਪੀ ਕੇ ਪਰੀਆਂ ਦੇ ਨਾਚ ਵੇਖਦਾ ਏਂ?" ਬਖਸ਼ਾ ਹੱਸ ਪਿਆ।

"ਹੋਰ ਕੀ। ਤੂੰ ਨਾਚ ਵੇਖਣਾ ਏਂ ਬਿਨਾਂ ਟਿਕਟੋਂ ਤਾਂ ਗੱਲ ਕਰ।"

"ਤੂੰ ਰਹਿਣ ਦੇ। ਭਾਗਵਾਨੇ?" ਉਸ ਆਪਣੀ ਘਰਵਾਲੀ ਨੂੰ ਆਵਾਜ਼ ਮਾਰੀ। "ਐਥੋਂ ਗਲਾਸ ਤੇ ਪਾਣੀ ਵਾਲੀ ਗੜਵੀ ਇਹਦੇ ਮੱਥੇ ਮਾਰ। ਇਹ ਤਾਂ ਝੱਸ ਪੂਰਾ ਕਰੇਗਾ।"

"ਭਾਊ, ਇਹ ਕੰਮ ਨਹੀਂ ਚੰਗਾ।" ਨਸੀਬੋ ਨੇ ਸਟੂਲ ਉੱਤੇ ਕੱਚ ਦਾ ਗਿਲਾਸ ਤੇ ਪਾਣੀ ਵਾਲੀ ਡੋਲਣੀ ਰੱਖ ਦਿੱਤੀ। "ਐਨਾ ਤੂੰ ਸਿਆਣਾ, ਸਾਰਿਆਂ ਨੂੰ ਮੱਤਾਂ ਦੇਣ ਵਾਲਾ।"

"ਭੈਣੇ ਅਕਲ ਇਕੱਠੀ ਕਰਨ ਵਾਸਤੇ ਮਸਤੀ ਨੂੰ ਥੋੜ੍ਹੀ ਚਾਬੀ ਲਾਉਣੀ ਪੈਂਦੀ ਐ।" ਤੇਜਾ ਚੁਸਤੀ ਵਰਤ ਗਿਆ।

"ਚਾਚਾ!" ਹੌਲਦਾਰ ਦਾ ਪੰਜ ਕੁ ਸਾਲ ਦਾ ਮੁੰਡਾ ਗੁਰਤੇਜ, ਤੇਜਾ ਸਿੰਘ ਨੂੰ ਆਖਣ ਲੱਗਾ, "ਆਂਹਦੇ ਦਾਰੂ ਤਾਂ ਬਲਾਈ ਕੌੜੀ ਹੁੰਦੀ ਐ।"

"ਤੇਰਾ ਬਾਪੂ ਤਾਂ ਮੂੰਹ ਮਾਰਦਾ ਏ। ਦਾਰੂ ਤਾਂ ਅੰਮ੍ਰਿਤ ਏ, ਦੇਵਤਿਆਂ ਵਾਲਾ ਅੰਮ੍ਰਿਤ।"

"ਦੇਵਤਿਆਂ ਦਾ ਨਹੀਂ, ਰਾਖਸ਼ਾਂ ਦਾ ਮੂਤ ਹੁੰਦਾ ਏ।" ਹੌਲਦਾਰ ਤੇਜੇ ਨੂੰ ਧਿਰਕਾਰ ਗਿਆ।

ਤੇਜਾ ਜਦੋਂ ਬੋਤਲ ਦਾ ਕਾਕ ਤੋੜ ਕੇ ਗਿਲਾਸ ਵਿਚ ਪਾਉਣ ਲੱਗਾ; ਗੁਰਤੇਜ ਨੱਕ 'ਤੇ ਹੱਥ ਰੱਖ ਕੇ ਪਿਛਾਂਹ ਹੱਟ ਗਿਆ।

"ਇਹ ਤਾਂ ਬਲਾਈ ਬੋਅ ਮਾਰਦੀ ਐ। ਚਾਚਾ, ਤੂੰ ਕਿਵੇਂ ਪੀ ਲੈਂਦਾ ਏਂ, ਸੜੇਹਾਣ।" ਮੁੰਡੇ ਨੇ ਧੁੜਧੁੜੀ ਲੈਂਦੇ ਨੇ ਸਿਰ ਮਾਰਿਆ।

"ਕਿੱਥੇ ਬਾਹਮਣਾਂ ਦੇ ਆ ਗਏ; ਨਸ਼ਾ ਸੁਆਹ ਚੜ੍ਹਨਾ ਏ।" ਉਸ ਪਾਣੀ ਪਾ ਕੇ ਹਾੜਾ ਚਾੜ੍ਹ ਲਿਆ। "ਆਂਹਦੇ ਯਾਰ ਨਹਿਰੂ ਵੀ ਰਾਤ ਸਮੇਂ ਸਕਾਚ ਦੇ ਦੋ ਪੈੱਗ ਲੈਂਦਾ ਸੀ।"

"ਹੱਛਾ ਤੂੰ ਨਹਿਰੂ ਬਣਨਾ ਚਾਹੁੰਦਾ ਏਂ?"

"ਭਾਊ ਨਹਿਰੂ ਵੀ ਤਾਂ ਜ਼ਨਾਨੀ ਨੇ ਹੀ ਜੰਮਿਆ ਸੀ। ਘਰੋਂ ਸੌਖਾ ਸੀ, ਵਲਾਇਤ ਪੜ੍ਹ ਕੇ ਲੀਡਰ ਬਣ ਗਿਆ।" ਰੱਮ ਨੇ ਉਸ ਦੇ ਅੰਦਰ ਕਰੋਲਾ ਦੇਣਾ ਸ਼ੁਰੂ ਕਰ ਦਿੱਤਾ। "ਭੈਣੇ, ਅੰਦਰ ਮੱਚ ਗਿਆ, ਕੁਝ ਖਾਣ ਨੂੰ ਛੇਤੀ.....?"

"ਤੁਸ. ਕੇਲੇ ਲਿਆਏ ਓ, ਓਹੀ ਲੈ ਲਓ।" ਨਸੀਬੋ ਨੇ ਉੱਤਰ ਦਿੱਤਾ। "ਵੇ ਗੁਰਤੇਜ, ਆਪਣੇ ਚਾਚੇ ਨੂੰ ਕੇਲੇ ਪਲੇਟ ਵਿਚ ਰੱਖ ਕੇ ਦੇ। ਇੱਕ ਆਪ ਖਾ ਲੈ ਤੇ ਇੱਕ ਆਪਣੀ ਦਾਦੀ ਮਾਂ ਨੂੰ ਦੇ ਆ।"

ਹੌਲਦਾਰ ਦੀ ਮਾਂ ਨੇ ਮੰਜਾ ਮੱਲਿਆ ਹੋਇਆ ਸੀ। ਤੇਜਾ ਮਾਂ ਦੀ ਸੁੱਖ-ਸਾਂਦ ਪੁੱਛਣ ਲਈ ਉੱਠ ਪਿਆ।

"ਤਾਈ ਮਾਂ! ਤੱਕੜੀ ਏਂ?"

"ਵੇ ਕਿਹੜਾ ਏਂ ਤੂੰ? ਹੁਣ ਤਾਂ ਚੱਜ ਨਾਲ ਦੀਂਹਦਾ ਵੀ ਨਹੀਂ।" ਮਾਈ ਨੇ ਮੱਥੇ 'ਤੇ ਹੱਥ ਰੱਖ ਕੇ ਵੇਖਿਆ।

"ਮੈਂ ਆਂ ਮਾਂ ਤੇਜਾ ਸਿਹੁੰ, ਗੁਰਬਖ਼ਸ਼ ਸਿੰਘ ਦਾ ਪਗਵੱਟ ਯਾਰ। ਹੁਣ ਲੈਂਸ ਨੈਕ ਹੋ ਗਿਆ ਆਂ।"

"ਵਾਹਵਾ, ਗੁਰੂ ਭਲੀ ਕਰੇ।" ਮਾਈ ਨੇ ਪੈਰੀਂ ਹੱਥ ਲਾਉਂਦੇ ਤੇਜੇ ਦਾ ਮੋਢਾ ਥਾਪੜਿਆ। "ਵੇ ਤੇਰੇ ਕੋਲੋਂ ਤਾਂ ਸ਼ਰਾਬ ਦਾ ਮੁਸ਼ਕ ਮਾਰਦਾ ਏ?"

"ਆਹੋ ਮਾਂ, ਪੀਤੇ ਬਿਨਾਂ ਅੰਨ੍ਹੇ ਨਹੀਂ ਹੋਇਆ ਜਾਂਦਾ ਤੇ ਅੰਨ੍ਹੇ ਹੋਏ ਬਿਨਾਂ ਦੁਸ਼ਮਣ ਨਾਲ ਲੜਿਆ ਨਹੀਂ ਜਾਂਦਾ।" ਤੇਜਾ ਥੋੜ੍ਹਾ ਪਿਛਾਂਹ ਹਟ ਗਿਆ।

"ਵੇ ਮੇਰਾ ਗੁਰਬਖ਼ਸ਼ਾ ਵੀ ਪੀਂਦਾ ਏ?"

"ਨਾ ਮਾਂ, ਉਹ ਤਾਂ ਸਾਰੀ ਦਾ ਬਾਹਮਣ ਏ।"

"ਤੂੰ ਗੁਰਸਿੱਖ ਕਿਉਂ ਨਹੀਂ ਆਖਦਾ?"

"ਇਕੋ ਈ ਗੱਲ ਐ ਤਾਈ। ਇਹ ਤਾਂ ਦੂਜਾ ਸਾਧ ਸੰਤ ਐ।"

"ਸੰਤਾਂ ਨੇ ਮੈਨੂੰ ਬਖ਼ਸ਼ਿਆ ਸੀ, ਉਮਰ ਵਾਲਾ ਹੋਵੇ। ਸ਼ੁਕਰ ਗੁਰੂ ਦਾ।"

"ਮਾਂ, ਪੁੱਤ ਤਾਂ ਉਮਰ ਵਾਲਾ ਹੋਵੇ, ਤੇ ਮੈਂ ਉਹਦਾ ਯਾਰ?"

"ਤੂੰ ਵੀ ਵਧੇ-ਫੁੱਲੇਂ। ਸ਼ਰਾਬ ਛੱਡ, ਕਰਤਾਰ ਭਲੀ ਕਰੂ। ਸਰਬੱਤ ਦਾ ਭਲਾ ਹੋਵੇ।" ਮਾਂ ਨੇ ਸਭ ਨੂੰ ਅਸੀਸਾਂ ਵੰਡੀਆਂ। "ਬਚੜਿਆ, ਹੁਣ ਤਾਂ ਧੁਰ ਦੀ ਚਿੱਠੀ ਆਉਣ ਵਾਲੀ ਐ।"

"ਨਾ ਮਾਂ, ਹਾਲੇ ਨਹੀਂ ਜਾਣਾ, ਗੁਰਤੇਜ ਦਾ ਵਿਆਹ ਵੇਖ ਕੇ ਨਸ਼ੰਗ ਚਲੀ ਜਾਵੀਂ। ਫੇਰ ਤੇਰਾ ਬਬਾਣ ਕੱਢ ਕੇ ਲਿਜਾਵਾਂਗੇ।"

"ਧਾਡਾ ਕੀ ਭਰੋਸਾ, ਪਤਾ ਨਹੀਂ ਓਦੋਂ ਕਿੱਥੇ ਹੋਵੋਗੇ।" ਮਾਈ ਕੇਲਾ ਛਿੱਲ ਕੇ ਖਾਣ ਲੱਗ ਪਈ। ਕੇਲਾ ਖਾ ਕੇ ਉਸ ਨੂੰਹ ਨੂੰ ਆਵਾਜ਼ ਮਾਰੀ, "ਕੁੜੇ ਨਸੀਬਾਂ ਵਾਲੀਏ! ਮੇਰੇ ਹੱਥਾਂ 'ਤੇ ਚੂਲੀ ਪਾਣੀ ਪਾ ਜਾਵੀਂ?"

"ਲਿਆਈ ਮਾਂ ਜੀ!"

ਨਸੀਬੋ ਨੇ ਹੱਥ ਸੁੱਚੇ ਕਰਵਾਏ ਅਤੇ ਛਿੱਲੜ ਚੁੱਕ ਕੇ ਕੂੜੇ ਵਾਲੀ ਕੜਾਹੀ ਵਿੱਚ ਸੁੱਟ ਦਿੱਤਾ। ਉਹ ਤੇਜੇ ਨੂੰ ਦੂਜਾ ਪੈੱਗ ਪਾਉਂਦੇ ਨੂੰ ਵੇਖ ਕੇ ਹੱਸ ਪਈ। ਭੌਜੀ ਨੇ ਚੋਟ ਮਾਰੀ।

"ਹੌਲਦਾਰਨੀਏ! ਭਾਊ ਤਾਂ ਪੈਟਨ ਟੈਂਕਾਂ ਨਾਲ ਭਿੜਦਾ ਹੌਲਦਾਰ ਬਣਿਆ ਏ, ਤੂੰ ਚੁੱਲ੍ਹੇ ਦੀ ਕੰਧੋਲੀ ਨਾਲ ਬੈਠੀ ਈ ਹੌਲਦਾਰਨੀ ਬਣ ਗਈ?"

"ਮੈਂ ਇਨ੍ਹਾਂ ਲਈ ਖੜ੍ਹੀ ਲੱਤ ਅਰਦਾਸ ਕਰਦੀ ਰਹੀ ਆਂ।" ਨਸੀਬੋ ਮਾਣ ਨਾਲ ਲਾਲੀ ਫੜ ਗਈ।

"ਤਾਂ ਮੇਰੀ ਕੁਲਜੀਤ ਨੇ ਅਰਦਾਸ ਕੀਤੀ ਨਹੀਂ ਹੋਣੀ, ਤਾਂ ਹੀ ਮੈਂ ਲੈਂਸ ਨੈਕ ਰਹਿ ਗਿਆ।"

"ਕੋਈ ਜ਼ਨਾਨੀ ਆਪਣੇ ਸਿਰ ਦੇ ਸਾਈਂ ਦੀ ਸੁੱਖ ਲਈ ਅਰਦਾਸ ਕਿਉਂ ਨਹੀਂ ਕਰੇਗੀ। ਤੂੰ ਸ਼ਰਾਬੀ ਸੀ, ਗੁਰੂ ਨੇ ਨਹੀਂ ਸੁਣੀ।"

"ਤਾਂ ਅੱਜ ਪਤਾ ਲੱਗਾ, ਸਾਡਾ ਗੁਰੂ ਸ਼ਰਾਬ ਪੀਣ ਵਾਲਿਆਂ ਨਾਲ ਦੁਰਾਂਝਾ ਕਰਦਾ ਏ।" ਉਸ ਨੂੰ ਹਿੱਚਕੀ ਆ ਗਈ।

"ਇਹ ਤੇਰੀ ਭੈਣ ਐ ਕਿ ਭਰਜਾਈ?" ਗੁਰਬਖ਼ਸ਼ ਉਨ੍ਹਾਂ ਦੀ ਗੱਲਬਾਤ ਨੂੰ ਵਾਢ ਦੇ ਗਿਆ।

"ਭੈਣ ਵੀ ਭਰਜਾਈ ਵੀ। ਛੋਟੀ ਭਰਜਾਈ ਧੀ ਵਰਗੀ ਤੇ ਭੈਣ ਦਾ ਪਿਆਰ ਤਾਂ ਬਿਆਸ ਦਰਿਆ ਹੁੰਦਾ ਏ। ਨਸੀਬੋ, ਬਖ਼ਸ਼ਾ ਤੇਰੀਆਂ ਸਿਫ਼ਤਾਂ ਕਰਦਾ ਨਹੀਂ ਥੱਕਦਾ। ਹੈ ਤਾਂ ਹੌਲਦਾਰ, ਪਰ ਹੈ ਭੋਂਦੂ ਨਾਥ ਹੀ।"

"ਕਿਉਂ ਤੇਰੇ ਵਾਂਗ ਪੀਂਦਾ ਨਹੀਂ ਕਰਕੇ?"

"ਜਿਹੜੀ ਹੋਰ ਡੱਫਣੀ ਏਂ ਡੱਫ ਲੈ; ਫੇਰ ਰੋਟੀ ਵੀ ਖਾਣੀ ਏਂ।" ਹੌਲਦਾਰ ਥੋੜ੍ਹਾ ਖਿੱਝ ਗਿਆ।

"ਰੋਟੀ ਤਾਂ ਨਿੱਤ ਈ ਖਾਈਦੀ ਏ; ਆਹ ਭਾਗਾਂ ਵਾਲਾ ਦਿਨ ਫੇਰ ਕਦੋਂ ਆਇਆ। ਵੇਖ ਵਿਹੜੇ ਵਿਚ ਰੰਗ ਲੱਗੇ?"

"ਦਿਨ ਮੁੱਕ ਗਿਆ; ਕਦੋਂ ਦੇ ਦੀਵੇ ਜਗ ਪਏ। ਭੋਂਦੂ ਨਾਥ ਮੈਂ ਆਂ ਕਿ ਤੂੰ? ਆਂਹਦੇ ਪੀ ਕੇ ਅਕਲ ਮਾਰੀ ਜਾਂਦੀ ਐ ਤੇ ਸ਼ਰਾਬੀ ਗਧੇ ਵਾਂਗ ਰੂੜੀ 'ਤੇ ਲਿਟਦਾ ਏ।" ਗੁਰਬਖ਼ਸ਼ ਨੇ ਵੀ ਆਪਣੇ ਵਾਰ ਦਾ ਬਦਲਾ ਲੈ ਲਿਆ।

"ਬੱਸ ਤੂੰ ਅਰਦਾਸੀਆ ਸਿੰਘ ਹੀ ਰਹੇਂਗਾ, ਬੰਦਿਆਂ ਵਾਲਾ ਸੁਆਦ ਤੇਰੇ ਕਰਮਾਂ ਵਿਚ ਨਹੀਂ।" ਉਹ ਨਾਲ ਹੀ ਸਿਰ ਮਾਰ ਗਿਆ।

"ਨਸੀਬੋ, ਵੇਖ ਸਾਲੇ ਦੇ ਚੱਜ, ਮੂਤ ਪੀ ਕੇ ਕਰਮਾਂ ਵਾਲਾ ਬਣ ਗਿਆ।"

ਨਵਾਂ ਪੈੱਗ ਹੱਥ ਫੜਦਿਆਂ, ਤੇਜਾ ਨਸ਼ੇ ਵਿਚ ਹੁੰਗਾਰ ਪਿਆ।

"ਭੈਣ ਤੂੰ ਤਾਂ ਇਹਦੀ ਕਰਨੀ ਏ, ਸਿਰ ਦਾ ਤਾਜ ਜੋ ਹੋਇਆ। ਓਏ ਭਤੀਜ ਗੁਰਤੇਜ", ਉਸ ਮੁੰਡੇ ਨੂੰ ਆਵਾਜ਼ ਮਾਰੀ। "ਉਰੇ ਆ, ਤੈਨੂੰ ਪਤੇ ਦੀ ਗੱਲ ਦੱਸਾਂ। ਜਿਹੜੇ ਪਸ਼ੌਰ ਝੁੱਡੂ, ਉਹ ਲਾਹੌਰ ਵੀ ਝੁੱਡੂ। ਚੱਲ ਅੰਬਰਸਰ, ਅਰਦਾਸ ਕਰ।"

ਗੁਰਬਖ਼ਸ਼ ਨੇ ਉਸ ਨੂੰ ਗਲੋਂ ਫੜ ਲਿਆ। ਉਂਗਲਾਂ ਦਾ ਸਕੰਜਾ ਕਸਿਆ ਤਾਂ ਉਹ

ਨਾਂਹ-ਨਾਂਹ ਵਿੱਚ ਹੱਥ ਹਿਲਾਉਣ ਲੱਗ ਪਿਆ। ਤੇਜਾ ਗੁੱਝੀ ਚੋਟ ਵਿਚ ਬੋਲ ਪਿਆ:

"ਜਦੋਂ ਗੱਲ ਨਾ ਔੜੇ, ਅਗਲੇ ਦਾ ਗਲ ਘੁੱਟ ਦਿਓ। ਇਹ ਨਿਰੇ ਬਦਮਾਸ਼ਾਂ ਦੇ ਹੱਥਕੰਡੇ ਐ।"

"ਵੱਡਿਆ ਭਲਾ ਮਾਨਸਾ, ਰਾਤ ਦਾ ਪਹਿਲਾ ਪਹਿਰ ਬੀਤ ਗਿਆ, ਹੁਣ ਤਾਂ ਰੋਟੀ ਖਾ ਲਈਦੇ।"

"ਆਪਣੀ ਭਾਗਾਂ ਵਾਲੀ ਨੂੰ ਆਖ ਰੋਟੀ ਖਾ ਲਵੇ, ਗੁਰਤੇਜ ਤੇ ਛੋਟੀ ਨੂੰ ਸੁਆ ਦੇਵੇ।" ਉਸ ਬਾਹਾਂ ਫੈਲਾਅ ਦਿੱਤੀਆਂ। "ਬਖ਼ਸ਼ਿਆ, ਰਾਤ ਨੂੰ ਆਖ, ਠਹਿਰ ਜਾਵੇ, ਅਸਾਂ ਪੂਰਾ ਸੁਆਦ ਲੈਣਾ ਹੈ।"

"ਰਾਤ ਨਹੀਂ ਠਹਿਰਦੀ, ਤੂੰ ਭਲਕੇ ਡੱਫ ਲਵੀਂ।"

"ਯਾਰਾ, ਭਲਕ ਕੀਹਨੂੰ ਆਇਆ। ਜ਼ਿੰਦਗੀ ਅੱਜ ਦਾ, ਹੁਣ ਦਾ ਨਾਂ ਹੈ। ਕਿਸਮਤ ਨਾਲ ਬਚ ਗਏ ਜਾਂ ਸਾਡੇ ਗੁਰੂ ਨੇ ਰੱਖ ਲਏ; ਨਾਲ ਦੇ ਕਿੱਥੇ ਐ? ਓਏ ਭਾਨਿਆ, ਤੇਰੀ ਮਾਂ ਕਮਲੀ ਹੋਈ ਫਿਰਦੀ ਐ; ਓਏ ਗਲੀਆਂ ਵਿਚ।" ਫਿਰ ਉਹ ਰੋਣ ਲੱਗ ਪਿਆ।

ਹੌਲਦਾਰ ਨੇ ਚੁੱਪ ਰਹਿਣ ਲਈ ਨਸੀਬੇ ਨੂੰ ਉਂਗਲ ਮਾਰ ਦਿੱਤੀ। ਮੋਰਚੇ ਵਿਚ ਪੈਟਨ ਟੈਂਕਾਂ ਦੀ ਯਲਗਾਰ ਸਮੇਂ ਅੱਧੇ ਅੱਧੇ ਇੰਚ ਉਤੇ ਮੌਤ ਦਾਅੜ ਰਹੀ ਸੀ। ਵਰ੍ਹਦੀ ਸ਼ੈਲਿੰਗ ਵਿਚ ਕੌਣ ਕੀਹਨੂੰ ਸੰਭਾਲਦਾ, ਪਰ ਸਾਰੇ ਈ ਪਾਗਲ ਹੋਏ ਮੌਤ ਨੂੰ ਲਲਕਾਰ ਰਹੇ ਸਨ। ਲਹੂ ਦੀਆਂ ਘੁਰਾਲਾਂ ਵਗ ਰਹੀਆਂ ਸਨ। ਪੰਜਾਬ ਦੇ ਜਾਏ ਟੈਂਕਾਂ ਨਾਲ ਘੁਲ ਰਹੇ ਸਨ। ਸਰਮਾਏਦਾਰ ਤੇ ਵਪਾਰੀ ਦਿੱਲੀ ਨੂੰ ਕਾਰਾਂ ਦਵੱਲੀ ਲਈ ਜਾ ਰਹੇ ਸਨ। ਪਈ ਭੀੜ ਹੀ ਨਤਾਰਾ ਕਰਦੀ ਹੈ, ਦੇਸ਼ ਦਾ ਵਾਰਸ ਕੌਣ ਹੈ? ਕੁਰਬਾਨੀ ਸ਼ੇਰ ਕਰੇ, ਉਹਦਾ ਫ਼ਲ ਗਿੱਦੜ ਖਾਣ; ਹੈ ਨਾ ਜੱਗੋਂ ਤੇਰ੍ਹਵੀਂ। ਤੇਜੂ ਦੇ ਸਿਰ ਵਿਚੋਂ ਬੜਾ ਕੁਝ ਗੁਜ਼ਰ ਗਿਆ।

"ਅੱਜ ਇਨ੍ਹਾਂ ਮਹਾਸ਼ਿਆਂ, ਪੰਜਾਬ ਨੂੰ ਪੂਰਾ ਪੰਜਾਬ ਵੀ ਨਹੀਂ ਰਹਿਣ ਦਿੱਤਾ। ਇਹ ਫ਼ਿਰਕੂ ਮਹਾਸ਼ੇ ਪੰਜਾਬ ਦੀ ਹਿੱਕ ਨੂੰ ਤਪਦਿਕ ਚੁੰਬੜੇ ਐ। ਇਨ੍ਹਾਂ ਸਾਲਿਆਂ ਮਰਨਾ ਨਹੀਂ, ਸਾਨੂੰ ਮੰਜਾ ਦੇਣਾ ਨਹੀਂ।" ਉਹ ਆਪਣੇ ਵੇਗ ਵਿਚੋਂ ਉੱਚੀ ਸੁਰ ਕਹਿ ਗਿਆ।

"ਸਾਲਿਆ ਬਰੜਾਉਂਦਾ ਏਂ, ਕਿਨ੍ਹਾਂ ਤੇਰੇ ਪਤੰਦਰਾਂ ਮੰਜਾ ਨਹੀਂ ਦੇਣਾ?" ਗੁਰਬਖ਼ਸ਼ ਸਿੰਘ ਨੇ ਆਪਣੇ ਯਾਰ ਨੂੰ ਹਲੂਣਿਆ।

"ਮੁੰਡੇ ਮਰਗੇ ਕਮਾਈਆਂ ਕਰਦੇ, ਲੱਛੀ ਤੇਰੇ ਬੰਦ ਨਾ ਬਣੇ।" ਤੇਜੇ ਨੇ ਲਹਿਰ ਵਿਚ ਗਾਉਂਦਿਆਂ ਯਾਰ ਦਾ ਹੱਥ ਫੜ ਲਿਆ। "ਮਲਵਈ ਯਾਰ ਨੂੰ ਬਾਈ ਆਖਦੇ ਐ। ਬਾਈ ਸ਼ਬਦ ਵਿਚ ਫ਼ਰੀਦ ਬਾਬੇ ਵਾਲੀ ਸ਼ੱਕਰ, ਖੰਡ, ਨਬਾਤ ਗੁੜ ਸਭ ਕੁਝ ਹੀ ਆ ਜਾਂਦਾ ਹੈ। ਹੁਣ ਤੈਨੂੰ ਮੈਂ ਬਾਈ ਆਖਦਾ ਆਂ। ਤੂੰ ਰੋਟੀ ਖਾ ਲੈ, ਮੈਂ ਨਹੀਂ ਖਾਣੀ।"

"ਕਿਉਂ, ਕਾਹਤੋਂ ਨਹੀਂ ਖਾਣੀ?"

"ਬੱਸ ਰੱਬ ਰਾਖਾ! ਬਾਈ ਉਹ ਮੁਸਲਮਾਨ ਮੇਜਰ ਕਿੰਨਾ ਚੰਗਾ ਤੇ ਖ਼ਰਾ ਬੰਦਾ ਸੀ, ਸਕੇ ਭਰਾਵਾਂ ਵਰਗਾ।"

"ਪੰਜਾਬੀ ਸਾਰੇ ਈ ਦੁੱਧ ਹੁੰਦੇ ਐ, ਜੇ ਗ਼ਦਾਰਾਂ ਵਾਲੀ ਕਾਂਗਿਆਰੀ ਕੱਢ ਦਿੱਤੀ ਜਾਵੇ। ਆਪੋ ਵਿਚ ਹੂਰੇ-ਹੂਰੀ ਨਾ ਹੋਣ ਤਾਂ ਇਨ੍ਹਾਂ ਨੂੰ ਪੈਟਨ ਟੈਂਕ ਨਹੀਂ ਹਰਾ ਸਕਦੇ।" ਹੌਲਦਾਰ ਨੂੰ ਪੰਜਾਬੀ ਜੋਸ਼ ਚੜ੍ਹ ਆਇਆ।

"ਸਾਡੇ ਦੁੱਧ ਵਿਚ ਮਹਾਸ਼ੇ ਕਾਂਜੀ ਘੋਲਦੇ ਐ। ਇਨ੍ਹਾਂ ਭੇਡ਼ਿਆਂ ਨੂੰ ਪੰਜਾਬੀ ਅਖਵਾਉਣ ਵਿਚ ਵੀ ਸ਼ਰਮ ਆਉਂਦੀ ਐ। ਅਸੀਂ ਇਨ੍ਹਾਂ ਲਈ ਬਾਰ ਬਾਰ ਮਰਦੇ ਆਂ, ਇਹ ਡੰਗ ਮਾਰਨੋਂ ਕਦੇ ਨਹੀਂ ਟਲਦੇ। ਜੱਗੋਂ ਤੇਰ੍ਹਵੀਂ, ਧਾਡੇ ਗੁਰੂ ਨੂੰ ਸੱਚੇ ਝੂਠੇ ਨਹੀਂ ਦੀਂਹਦੇ?"

"ਉਹ ਤੇਰਾ ਗੁਰੂ ਨਹੀਂ, ਜਿਸ ਹੱਥ ਦੇ ਕੇ ਰੱਖੀ ਆਂ।"

"ਉਹ ਤਾਂ ਠੀਕ ਐ, ਪਰ ਧਾਡਾ ਗੁਰੂ ਬਹੁਤਾ ਏ। ਤੂੰ ਆਥਣ ਸਵੇਰ ਪਾਠ ਜੋ ਕਰਦਾ ਏਂ।"

"ਪਾਠ ਕਰਨ ਨੂੰ ਤੈਨੂੰ ਕੌਣ ਰੋਕਦਾ ਏ। ਤੇਰੀ ਸ਼ਰਾਬ ਨੇ ਅੱਜ ਰਹਿਰਾਸ ਨਹੀਂ ਕਰਨ ਦਿੱਤੀ।"

"ਰੋਕਦਾ ਤਾਂ ਕੋਈ ਨਹੀਂ, ਮਨ ਈ ਮੈਲਾ ਏ। ਪਰ ਹਰਿਗੋਬਿੰਦ ਦਾ ਚੋਲਾ ਫੜਕੇ ਬਵੰਜਾ ਗੁਨਾਹਗਾਰ ਰਾਜੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਛੁੱਟ ਗਏ ਸੀ। ਤੇਰਾ ਪਾਠ ਮੈਨੂੰ ਇੱਕ ਪਾਪੀ ਨੂੰ ਨਾ ਤਾਰੂ ਗਾ?"

"ਮਨ ਹਰਾਮੀ, ਢੁੱਚਰਾਂ ਢੇਰ। ਤੂੰ ਰੋਟੀ ਨਹੀਂ ਝੁਲਸਣੀ?"

"ਨਹੀਂ, ਮੈਂ ਧੁਰਗਾਹੀ ਗੱਲਾਂ ਵਿਚ ਮਸਤ ਆਂ, ਮੇਰੀ ਐਵੇਂ ਲਿਵ ਨਾ ਤੋੜ।"

"ਸਾਲਾ ਧੁਰ ਦੁਰਗਾਹ ਦਾ।" ਏਨੀ ਆਖਦਿਆਂ ਉਸ ਨਸੀਬੋ ਤੋਂ ਥਾਲੀ ਫੜ ਲਈ।

ਤੇਜਾ ਡੇਢ ਪਊਆ ਪੀ ਕੇ ਗੜੁਦੀਂ ਸ਼ਰਾਬੀ ਹੋ ਚੁੱਕਾ ਸੀ। ਹੋਰ ਪਾਉਣ ਲੱਗੇ ਤੋਂ ਹੱਥ ਲੁਟਕ ਗਿਆ। ਪਾਇਆ ਪੈੱਗ ਗਲਾਸ ਸਮੇਤ ਭੁੰਜੇ ਜਾ ਪਿਆ ਅਤੇ 'ਖੱਚ' ਦੇ ਕੇ ਗਲਾਸ ਟੁੱਟ ਗਿਆ, ਬੋਤਲ ਸੱਜੇ ਹੱਥ ਘੁੱਟੀ ਰਹਿ ਗਈ।

"ਸਾਲਾ, ਕਰਮਾਂ ਮਾਰਾ ਗਲਾਸ। ਧਰਤੀ ਨਸ਼ੇ ਦਾ ਕਤਰਾ ਮੰਗਦੀ ਸੀ, ਨਾ ਦਿੱਤਾ ਤਾਂ ਉਸ ਪੂਰਾ ਪੈੱਗ ਖੋਹ ਲਿਆ। ਬਾਈ ਨੂੰ ਆਹਨਾ, ਹੁਣ ਬੱਸ, ਉੱਤੋਂ ਬੰਦ ਕਰਨ ਦਾ ਆਰਡਰ ਆ ਗਿਆ।"

"ਸ਼ੁਕਰ ਐ ਜੇ ਤੂੰ ਬੱਸ ਆਖੀ ਏ।" ਹੌਲਦਾਰ ਨੇ ਮੂੰਹ ਵਾਲੀ ਬੁਰਕੀ ਰੋਕ ਲਈ।

"ਹਾਂਅ ਇੱਕ ਗੱਲ ਭੈਣ, ਮੈਂ ਰੱਜ ਕੇ ਪੀਤੀ ਐ, ਗ਼ਲਤੀ-ਸ਼ਲਤੀ ਮਾਫ਼। ਹਾਂ ਬਾਈ ਭਾਊ, ਮੇਜਰ ਦੀ ਕਬਰ 'ਤੇ ਭਲਕੇ ਜ਼ਰੂਰ ਚੱਲਣਾ ਏਂ।"

"ਕੀ ਆਸਰਾ। ਮਰ ਗਿਆ ਸਰ ਗਿਆ; ਹੁਣ ਛੱਡ ਖਹਿੜਾ।"

"ਨਾ ਓ ਆੜੀ, ਮੈਨੂੰ ਲੱਗਦਾ ਸੀ, ਜਿਵੇਂ ਉਹ ਆਪਣਾ ਹੀ ਭਰਾ ਹੋਵੇ।" ਉਹ ਲੋਰ ਵਿਚ ਮੰਜੇ ਉੱਤੇ ਟੇਢਾ ਹੋ ਗਿਆ।

"ਨਸੀਬ ਕੁਰੇ, ਸਿਰਹਾਣਾ ਤੇ ਰਜਾਈ ਇਹਨੂੰ ਏਥੇ ਈ ਲਿਆ ਦੇ; ਦਰੀ ਦੀ ਲੋੜ ਨਹੀਂ। ਮੈਨੂੰ ਪਤਾ ਏ, ਇਸ ਹੁਣ ਨਹੀਂ ਉੱਠਣਾ।" ਹੌਲਦਾਰ ਨੇ ਰੋਟੀ ਖਾ ਕੇ ਥਾਲੀ ਪਰ੍ਹਾਂ ਸਰਕਾ ਦਿੱਤੀ।

ਲੈਂਸ ਨੈਕ ਤੇਜਾ ਸਿੰਘ ਪੰਜਾਬ ਦਾ ਸਾਰਾ ਦਰਦ ਹਿੱਕ ਵਿਚ ਸਮੇਟੀ, ਹੁੰਗਾਰਦਾ ਘੁਰਾੜੇ ਮਾਰਨ ਲੱਗ ਪਿਆ।

ਗਿਆਰਵਾਂ ਕਾਂਡ

ਲਾਲ ਬਹਾਦਰ ਸ਼ਾਸਤਰੀ 1965 ਦੀ ਜੰਗ ਦਾ ਸਮਝੌਤਾ ਕਰਨ ਪਿੱਛੋਂ ਤਾਸ਼ਕੰਦ ਵਿਚ ਹੀ ਸੁਰਗਵਾਸ ਹੋ ਗਿਆ ਸੀ। ਦੱਸਿਆ ਜਾਂਦਾ ਹੈ, ਦਿੱਲੀ ਤੋਂ ਕੋਈ ਫ਼ੋਨ ਪਹੁੰਚਿਆ ਸੀ; "ਤੁਸੀਂ ਸਮਝੌਤਾ ਭਾਰਤ ਦੇ ਹੱਕ ਵਿਚ ਨਹੀਂ ਕੀਤਾ। ਇਸ ਤੋਂ ਪਹਿਲਾਂ ਕੱਛ ਵਿਚ ਬਹੁਤ ਸਾਰਾ ਇਲਾਕਾ ਪਾਕਿਸਤਾਨ ਨੂੰ ਦੇ ਦਿੱਤਾ ਸੀ। ਸ਼ਾਇਦ ਲੋਕ ਤੁਹਾਡਾ ਸੁਆਗਤ ਕਾਲੀਆਂ ਝੰਡੀਆਂ ਨਾਲ ਕਰਨ।" ਫ਼ੋਨ ਰੱਖਣ ਪਿੱਛੋਂ ਹੀ ਸ਼ਾਸਤਰੀ ਜੀ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਰਾਮ-ਨਾਮ ਸੱਤ ਹੋ ਗਈ। ਉਸ ਪਿੱਛੋਂ ਇੰਦਰਾ ਨੂੰ ਗੱਦੀ 'ਤੇ ਬਹਾਇਆ ਗਿਆ। ਕਾਂਗਰਸ ਵਿਚ ਬਹੁਤੇ ਲੀਡਰ ਬ੍ਰਾਹਮਣ ਭਾਰੂ ਸਨ। ਉਹ ਸਰਕਾਰ ਦੇ ਵੱਡੇ ਅਹੁਦੇ ਬ੍ਰਾਹਮਣ ਜਾਤ ਤੋਂ ਬਾਹਰ ਨਹੀਂ ਜਾਣ ਦੇਣਾ ਚਾਹੁੰਦੇ ਸਨ। ਵੱਡਾ ਛੋਟਾ ਰਾਸ਼ਟਰਪਤੀ ਬ੍ਰਾਹਮਣ ਸਨ। ਬਾਣੀਏ ਤਾਂ ਖ਼ਜ਼ਾਨਾ ਸਾਂਭਣ ਵਾਸਤੇ ਰੱਖੇ ਸਨ। ਹੋਰ ਸਿਵਲ ਸਰਵਿਸਾਂ ਤੇ ਫ਼ੌਜ ਵਿਚ ਬ੍ਰਾਹਮਣ ਹੀ ਅੱਗੇ ਅੱਗੇ ਸਨ। ਬ੍ਰਾਹਮਣ ਪ੍ਰਧਾਨ ਮੰਤਰੀ ਪਦ ਯੂ. ਪੀ. ਵਿਚ ਹੀ ਰੱਖਣਾ ਚਾਹੁੰਦੇ ਸਨ। ਚਪੜਾਸਪੁਣੇ ਲਈ ਦਲਿਤ ਬਹੁਤ ਸਨ, ਕਿਉਂਕਿ ਮਨੂ ਸਿਮਰਤੀ ਆਖਦੀ ਹੈ, ਦਲਿਤ ਸੇਵਾ ਵਾਸਤੇ ਹੀ ਬ੍ਰਹਮਾ ਦੇ ਪੈਰਾਂ ਵਿਚੋਂ ਜਨਮੇ ਹਨ। ਸਰਕਾਰ ਲੋਕਾਂ ਨੂੰ ਪ੍ਰਚਾਰ ਤਾਂ ਕਰਦੀ ਸੀ ਬਰਾਬਰ ਦੇ ਕੌਮਵਾਦ ਦਾ; ਪਰ ਆਪੂੰ ਅਮਲ ਕਰਦੀ ਸੀ, ਜਾਤੀਵਾਦ, ਵੱਖਵਾਦ ਤੇ ਫ਼ਿਰਕਾਪ੍ਰਸਤੀ ਦਾ।

ਉਸ ਫ਼ਿਰਕਾਪ੍ਰਸਤੀ ਦਾ ਹੀ ਬੁਰੀ ਤਰ੍ਹਾਂ ਸ਼ਿਕਾਰ ਹੋਇਆ ਪੰਜਾਬੀ ਸੂਬਾ; ਜਿਸ ਨੂੰ ਕਮਿਸ਼ਨਾਂ ਅਤੇ ਕਮੇਟੀਆਂ ਦੇ ਗਧੀਗੇੜ ਵਿਚ ਪਾ ਕੇ ਸੂਬੀ ਬਣਾ ਧਰਿਆ ਸੀ। ਜਲੰਧਰ ਦੇ ਮਹਾਸ਼ਿਆਂ ਅਤੇ ਆਰੀਆ ਸਮਾਜੀਆਂ ਗ੍ਰਹਿ ਵਜ਼ਾਰਤ ਅੱਗੇ ਰੋਣਾ-ਪਿੱਟਣਾ ਕੀਤਾ: ਤੁਸੀਂ ਸਾਡਾ ਸਿਰ ਸਿੱਖਾਂ ਦੇ ਪੈਰਾਂ ਹੇਠ ਦੇਣ ਲੱਗੇ ਹੋ। ਸਰਕਾਰ ਵਲੋਂ ਜ਼ਬਾਨ ਦੇ ਅਧਾਰ 'ਤੇ ਸੂਬਾ ਬਣਾਉਣ ਦੀ ਜਿਹੜੀ ਨੀਅਤ ਸਾਫ਼ ਸੀ। ਉਸ ਵਿਚ ਭੈਂਗਾਪਨ ਆ ਗਿਆ। ਫ਼ਿਰਕੂ ਸੋਚ ਵਾਲੇ ਵਜ਼ੀਰਾਂ, ਕਮਿਸ਼ਨਾਂ ਅਤੇ ਵਿਚ ਪੈਣ ਵਾਲੇ ਅਫ਼ਸਰਾਂ ਸੋਚਿਆ, ਅਜਿਹਾ ਛੋਟਾ ਸੂਬਾ ਬਣਾ ਧਰੋ, ਜਿਸ ਨੂੰ ਲੈਣੋਂ ਸਿੱਖ ਇਨਕਾਰ ਕਰ ਦੇਣ। ਇਸ ਤਰ੍ਹਾਂ ਸਾਡੇ ਮਹਾਸ਼ੇ ਭਰਾਵਾਂ ਦੀ ਵੀ ਰਹਿ ਜਾਵੇਗੀ। ਸੋ, ਹੱਦਬੰਦੀ ਦੇਣ ਵਾਲਿਆਂ, ਸੱਚਰ ਫਾਰਮੂਲੇ ਨੂੰ ਪਰ੍ਹਾਂ ਵਗਾਹ ਕੇ ਅੰਬਾਲਾ, ਗੂਹਲਾ, ਕਾਲਕਾ, ਨਾਲਾਗੜ੍ਹ, ਸਰਸਾ ਤੇ ਕਾਂਗੜਾ ਦੇ ਹੇਠਾਂ ਦੀ ਕੈਂਚੀ ਫੇਰ ਦਿੱਤੀ। ਭਾਖੜੇ ਦਾ ਕੰਟਰੋਲ 'ਤੇ ਚੰਡੀਗੜ੍ਹ ਕੇਂਦਰ ਨੇ ਰੱਖ ਲਏ। ਬਾਂਦਰ ਨੇ ਬਿੱਲੀਆਂ ਦੇ ਪਨੀਰ ਦੀ ਵੰਡ-ਵੰਡਾਈ ਵੀ ਤਾਂ ਲੈਣੀ ਸੀ। ਕੇਂਦਰ ਸਰਕਾਰ ਨੇ ਕਰਜ਼ਾ ਚਾੜ੍ਹਿਆ ਪੰਜਾਬ ਸਿਰ ਅਤੇ ਮੁਫ਼ਤ ਵਰਗੇ ਭਾਅ ਬਿਜਲੀ ਲੈ ਲਈ ਆਪ। ਪੰਜਾਬੀ ਬੋਲਦੇ ਇਲਾਕੇ,'ਚੰਡੀਗੜ੍ਹ ਨਾ ਦੇ ਕੇ ਅਤੇ ਭਾਖੜੇ ਦੀ ਬਿਜਲੀ 'ਤੇ ਕਬਜ਼ਾ ਕਰਕੇ ਰੱਖਣ ਦੀ ਸੋਚ ਸੀ, ਆਪੇ ਸਿੱਖ ਪੰਜਾਬੀ ਮੋਰਚਿਆਂ ਤੇ ਭੁੱਖ-ਹੜਤਾਲਾਂ ਵਿਚ ਪਏ ਰਹਿਣਗੇ। ਦੂਜੇ ਪਾਸੇ ਬਦਨੀਯਤੀ ਨਾਲ ਹਰਿਆਣੇ ਨੂੰ

ਹਕੂੱਤਾਂ ਦੇ ਕੇ ਸਰਕਾਰ, ਅਫ਼ਸਰਾਂ ਅਤੇ ਮਹਾਸ਼ਿਆਂ ਨੇ ਸ਼ਰੀਕ ਤੋਂ ਪੰਜਾਬ ਦਾ ਦੁਸ਼ਮਣ ਚੁੱਕ ਬਣਾਇਆ। ਉਸ ਦੀਆਂ ਮੰਗਾਂ ਮੂੰਹ ਪਾੜਵੀਆਂ ਬਣਾ ਧਰੀਆਂ। ਸੋ, ਇਹ ਸੀ ਭਾਰਤ ਦੀ ਜਮਹੂਰੀਅਤ ਦਾ ਇਨਸਾਫ਼, ਜਿਹੜਾ ਉਨ੍ਹਾਂ ਪੰਜਾਬ ਦੇ ਲੋਕਾਂ ਨਾਲ ਕੀਤਾ। ਸਿੱਖ ਹੀ ਆਪਣੀ ਕੌਮੀ ਵਰਾਸਤ ਲਈ ਘੋਲ ਕਰ ਰਹੇ ਸਨ। ਬਾਕੀ ਲਾਣਾ ਸੀ: ਲੈਂਡਿਆ ਤੈਨੂੰ ਚੋਰ ਲੈ ਜਾਣ, ਯਾਰਾਂ ਪੱਠੇ ਹੀ ਖਾਣੇ ਹਨ; ਮੌਜ ਨਾਲ ਲੰਮੀਆਂ ਤਾਣ ਕੇ ਸੁੱਤਾ ਹੋਇਆ ਸੀ।

ਸਿੱਖਾਂ ਨੂੰ ਜ਼ਬਾਨ ਦੇ ਆਧਾਰ ਉੱਤੇ ਮੰਗੇ ਹੱਕੀ ਸੂਬੇ ਨੂੰ, ਕੇਂਦਰ ਦੀ ਫ਼ਿਰਕਾਪ੍ਰਸਤੀ ਨੇ ਸੂਬੀ ਵਿਚ ਬਦਲ ਦਿੱਤਾ, ਹੱਦਬੰਦੀ ਕਮਿਸ਼ਨ ਨੇ 1961 ਦੀ ਮਰਦਮ ਸ਼ੁਮਾਰੀ ਨੂੰ ਆਧਾਰ ਬਣਾ ਲਿਆ ਸੀ ਜਿਹੜੀ ਮਹਾਸ਼ਿਆਂ, ਆਰੀਆ ਸਮਾਜੀਆਂ ਅਤੇ ਹਿੰਦੂ ਕਾਂਗਰਸੀਆਂ ਦੇ ਹਿੰਦੀ ਪ੍ਰਚਾਰ ਦੇ ਆਧਾਰ 'ਤੇ ਹੋਈ ਸੀ, ਜਿਸ ਨੂੰ ਪ੍ਰਧਾਨ ਮੰਤਰੀ ਨਹਿਰੂ ਨੇ ਗ਼ਲਤ ਤੇ ਝੂਠੀ ਕਰਾਰ ਦਿੱਤਾ ਸੀ। ਕਾਂਗਰਸ ਵਿਚ ਸਿੱਖ ਸ਼ੋਅ ਬੁਆਏ ਕਰ ਕੇ ਰੱਖੇ ਹੋਏ ਸਨ ਤਾਂ ਜੋ ਇਸ ਨੂੰ ਸਾਂਝੀ ਜਮਾਤ ਦਰਸਾਇਆ ਜਾਵੇ। ਏਹੀ ਗੱਲ ਮਿਸਟਰ ਜਿਨਾਹ ਨੇ ਕਾਂਗਰਸ ਵਿਚ ਮੁਸਲਮਾਨਾਂ ਬਾਰੇ ਕਹੀ ਸੀ। ਸਿੱਖ ਕਾਂਗਰਸੀਆਂ ਨੂੰ ਤਾਂ ਗ਼ਦਾਰੀ ਦੀ ਸੇਵਾ ਬਦਲੇ ਅਹੁਦੇ ਚਾਹੀਦੇ ਸਨ; ਉਨ੍ਹਾਂ ਵੱਲੋਂ ਭਾਵੇਂ ਕੇਂਦਰ ਸਾਰਾ ਪੰਜਾਬ ਬੈਅ ਕਰਵਾ ਲਵੇ। ਸੂਬੀ ਪ੍ਰਵਾਨ ਕਰੀਏ ਜਾਂ ਨਾ ਕਰੀਏ, ਏਜੰਡੇ 'ਤੇ ਅਕਾਲੀਆਂ ਦੀ ਮੀਟਿੰਗ ਸੱਦੀ ਗਈ। ਬੜੀ ਲੈ-ਦੇ ਹੋਈ, ਰੌਲਾ ਵੀ ਪਿਆ; ਪਰ ਸ੍ਰ. ਗੁਰਨਾਮ ਸਿੰਘ ਤੇ ਸੰਤ ਫ਼ਤਹਿ ਸਿੰਘ ਨੇ ਅਕਾਲੀ ਲਾਣੇ ਨੂੰ ਅਪੀਲ ਕੀਤੀ।

"ਸਿੰਘੋ! ਭਾਵੇਂ ਸਾਡੇ ਨਾਲ ਮੁੱਢ ਤੋਂ ਹੀ ਧੋਖੇ ਤੇ ਵਿਤਕਰੇ ਹੁੰਦੇ ਆਏ ਐ; ਪਰ ਇਸ ਸੂਬੀ ਨੂੰ ਹੱਥੋਂ ਨਾ ਛੱਡੋ। ਇਸ ਨੂੰ ਆਪਣਾ ਕੌਮੀ ਘਰ ਸਮਝ ਕੇ, ਪੂਰਾ ਇਨਸਾਫ਼ ਲੈਣ ਲਈ ਜੱਦੋ-ਜਹਿਦ ਕਰਾਂਗੇ। ਸਾਨੂੰ ਖਲੋਣ ਨੂੰ ਥਾਂ ਮਿਲਦੀ ਹੈ, ਲੈ ਲਓ। ਬਹਿਣ ਤੇ ਪੈਣ ਲਈ ਥਾਂ ਪੈਦਾ ਕਰ ਲਵਾਂਗੇ।"

"ਠੀਕ ਐ, ਠੀਕ ਐ", ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਸਾਰਿਆਂ ਪ੍ਰਵਾਨ ਕਰਕੇ ਜੈਕਾਰਾ ਛੱਡ ਦਿੱਤਾ। ਸ਼ਾਇਦ 1947 ਤੋਂ ਪਿੱਛੋਂ ਅਕਾਲੀਆਂ ਪਹਿਲੀ ਵਾਰ ਅਕਲ ਦੀ ਗੱਲ ਕੀਤੀ ਸੀ।

ਸ੍ਰ. ਪ੍ਰਤਾਪ ਸਿੰਘ ਕੈਰੋਂ ਦੇ ਕਤਲ ਪਿੱਛੋਂ ਪੰਜਾਬ ਵਿਚ ਕੋਈ ਸਿਰਕੱਢ ਕਾਂਗਰਸੀ ਲੀਡਰ ਨਹੀਂ ਰਿਹਾ ਸੀ। ਉਸ ਦਾ ਕਤਲ ਇੱਕ ਸਾਜ਼ਿਸ਼ ਸੀ, ਜਿਹੜੀ ਪੁਲੀਸ ਅਫ਼ਸਰਾਂ ਨੇ ਆਪਣੇ ਪਾਲੇ ਗੁੰਡਿਆਂ ਨਾਲ ਮਿਲ ਕੇ ਸਿਰੇ ਚੜ੍ਹਾਈ ਸੀ। ਦਾਸ ਕਮਿਸ਼ਨ ਦੀ ਪੜਤਾਲ ਵਿਚੋਂ ਕੈਰੋਂ ਸਾਹਿਬ ਤਕਰੀਬਨ ਨਿਕਲ ਗਿਆ ਸੀ। ਕੇਂਦਰ ਵਿਚ ਮਜ਼ਬੂਤ ਹੋਮ ਮਨਿਸਟਰ ਦੀ ਲੋੜ ਸੀ ਤੇ ਗੁਣਾ ਸ੍ਰ. ਕੈਰੋਂ ਤੇ ਆ ਪਿਆ ਸੀ, ਜਿਨ੍ਹਾਂ ਕਾਲੇ ਧੰਦੇ ਵਿਚ ਤਰਾ ਤਰੀ ਮੱਲਾਂ ਮਾਰੀਆਂ ਸਨ। ਉਹ ਯਕਲਖ਼ਤ ਹੀ ਕੰਬ ਉੱਠੇ। ਧਾਂਦਲੀਆਂ ਕਰਨ ਵਾਲਿਆਂ ਨੂੰ ਅਫ਼ਵਾਹ ਨਾਲ ਹੀ ਪਿੱਸੂ ਪੈ ਗਏ ਸਨ, ਕਿਉਂਕਿ ਕੈਰੋਂ ਦੇ ਮੁੰਡਿਆਂ ਨਾਲ ਉਨ੍ਹਾਂ ਪੁਲੀਸ ਅਫ਼ਸਰਾਂ ਦੀ ਤੂੰ ਤੂੰ ਮੈਂ ਮੈਂ ਹੋ ਚੁੱਕੀ ਸੀ। ਸ੍ਰ. ਪ੍ਰਤਾਪ ਸਿੰਘ ਕੈਰੋਂ ਫ਼ੈਸਲਾਕੁੰਨ ਮੀਟਿੰਗ ਵਿਚੋਂ ਉੱਠ ਕੇ ਪੰਜਾਬ ਨੂੰ ਆ ਰਿਹਾ ਸੀ ਜਦੋਂ ਉਸ ਨੂੰ ਦਿੱਲੀ ਦੀ ਸੀਮਾ ਲੰਘਦਿਆਂ ਹੀ ਕਾਰ ਵਿਚ ਗੋਲੀਆਂ ਮਾਰ ਦਿੱਤੀਆਂ। ਉਸ ਦੇ ਦੋ ਹੋਰ ਸਾਥੀ ਵੀ ਕਤਲ ਹੋ ਗਏ। ਅਕਾਲੀਆਂ ਦੇ ਪੰਜਾਬੀ ਸੂਬਾ ਮੰਨ ਲੈਣ ਨਾਲ ਕਾਂਗਰਸ ਅਸਲੋਂ ਲੜਖੜਾ ਗਈ ਸੀ। ਸ੍ਰ. ਪ੍ਰਤਾਪ ਸਿੰਘ ਰਿਹਾ ਨਹੀਂ ਸੀ। ਸ਼ਾਸਤਰੀ ਜੀ ਦਾ ਬਣਾਇਆ ਮੁੱਖ ਮੰਤਰੀ ਕਾਮਰੇਡ ਰਾਮ ਕ੍ਰਿਸ਼ਨ ਚੰਗਾ ਪ੍ਰਬੰਧਕ ਸਾਬਤ ਨਹੀਂ ਹੋਇਆ ਸੀ ਅਤੇ ਦਰਬਾਰਾ ਸਿੰਘ ਨੂੰ ਕੇਂਦਰੀ ਸਰਕਾਰ ਇਸ ਲਈ ਵਜ਼ੀਰ ਬਣਾਈ

ਆ ਰਹੀ ਸੀ; ਜੇ ਕੈਰੋਂ ਸਾਹਿਬ ਕਦੇ ਬਾਗ਼ੀ ਹੋ ਜਾਣ ਤਾਂ ਉਸ ਨੂੰ ਵਰਤਿਆ ਜਾ ਸਕੇ। ਅਕਾਲੀ ਸਿੱਖ ਤਾਂ ਕੀਹਦੇ ਵਿਚਾਰੇ ਸਨ, ਕੇਂਦਰ ਪੰਜਾਬ ਦੀ ਕਾਂਗਰਸ ਨੂੰ ਵੀ ਪਾੜ ਕੇ ਰੱਖ ਰਿਹਾ ਸੀ। ਬ੍ਰਾਹਮਣਵਾਦੀ ਸਰਕਾਰ ਨੇ ਇਹ ਹੱਥ "ਪਾੜੋ ਤੇ ਰਾਜ ਕਰੋ" ਦਾ ਜਾਂਦੇ ਜਾਂਦੇ ਅੰਗਰੇਜ਼ਾਂ ਤੋਂ ਲੈ ਲਿਆ ਸੀ। ਅਧੂਰੇ ਪੰਜਾਬੀ ਸੂਬੇ ਨਾਲ ਹੀ ਅਕਾਲੀਆਂ ਦਾ ਪੰਜਾਬ ਵਿਚ ਭੋਰਾ ਕੁ ਟੌਹਰ ਬਣ ਗਿਆ। 1967 ਵਿਚ ਪੰਜਾਬ ਅਸੈਂਬਲੀ ਦੀ ਜਨਰਲ ਚੋਣ ਆ ਗਈ। ਅਕਾਲੀਆਂ ਦਾ ਵਧੇਰੇ ਕਰ ਕੇ ਅਧਾਰ ਪਿੰਡਾਂ ਵਿਚ ਸੀ। ਉਨ੍ਹਾਂ ਦੇ ਵਰਕਰ ਸੱਜਰੇ ਬਣੇ ਪੰਜਾਬੀ ਸੂਬੇ ਕਾਰਨ ਤਾਜ਼ਾ ਦਮ ਸਨ; ਉਹ ਪਿੰਡਾਂ ਵਿਚ ਛਾ ਗਏ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵੀ ਵਾਹਵਾ ਪਿੱਠ ਪੂਰੀ।

ਰਣਜੋਧ ਦੇ ਹਲਕੇ ਵਿਚ ਅਕਾਲੀ ਉਮੀਦਵਾਰ ਬੜੀ ਸ਼ਾਨ ਨਾਲ ਜਿੱਤਿਆ ਸੀ। ਰਣਜੋਧ ਨੇ ਲਾਊਡ ਸਪੀਕਰ ਗੱਡੀ 'ਤੇ ਬੰਨ੍ਹ ਕੇ ਹਰ ਪਿੰਡ ਗਾਹਿਆ। ਉਹਦੀਆਂ ਸਖ਼ਤ ਮਿਹਨਤਾਂ ਨੂੰ ਫ਼ਲ ਲੱਗਾ ਸੀ। ਪੰਜਾਬੀ ਸੂਬਾ ਹਾਸਲ ਹੋਣ ਕਾਰਨ ਲੋਕਾਂ ਵਿਚ ਅਕਾਲੀਆਂ ਲਈ ਉਤਸ਼ਾਹ ਸੀ। ਬਹੁ-ਗਿਣਤੀ ਨਾ ਕਾਂਗਰਸ ਨੂੰ ਮਿਲੀ ਤੇ ਨਾ ਹੀ ਅਕਾਲੀਆਂ ਨੂੰ। ਦੋਵੇਂ ਧਿਰਾਂ ਬਰਾਬਰ ਬਰਾਬਰ ਦੀ ਪੋਜੀਸ਼ਨ ਵਿਚ ਸਨ। ਪਾਸਕੂ ਆਜ਼ਾਦ ਮੈਂਬਰਾਂ ਦੇ ਹੱਥ ਵਿਚ ਸੀ। ਕੇਂਦਰ ਸਰਕਾਰ ਦਾ ਗਵਰਨਰ ਨੂੰ ਇਸ਼ਾਰਾ ਸੀ, ਸਰਕਾਰ ਕਾਂਗਰਸ ਦੀ ਬਣਾਉਣੀ ਹੈ। ਉਹ ਪਹਿਲਾਂ ਹੀ ਮੁੱਠਾਂ ਵਿੱਚ ਥੁੱਕੀ ਬੈਠਾ ਸੀ।

ਸ. ਲਛਮਣ ਸਿੰਘ ਗਿੱਲ ਨੇ ਅਕਾਲੀ ਸਰਕਾਰ ਬਣਾਉਣ ਲਈ ਸਾਰੀ ਵਾਹ ਲਾ ਦਿੱਤੀ। ਉਸ ਆਜ਼ਾਦ ਮੈਂਬਰਾਂ ਨੂੰ ਭਰੋਸੇ ਵਿਚ ਲੈ ਕੇ ਅਜਿਹੇ ਥਾਂ ਲੁਕਾ ਲਿਆ, ਜਿੱਥੋਂ ਕਾਂਗਰਸੀਆਂ ਨੂੰ ਕਨਸੋ ਵੀ ਨਾ ਮਿਲ ਸਕੇ। ਉਸ ਜਿੱਤਣ ਸਾਰ ਗੱਡੀ ਆਜ਼ਾਦ ਮੈਂਬਰਾਂ ਪਿੱਛੇ ਲਾ ਦਿੱਤੀ ਸੀ। ਲਛਮਣ ਸਿੰਘ ਗਿੱਲ ਨੇ ਆਜ਼ਾਦ ਮੈਂਬਰਾਂ ਦਾ ਪੱਕਾ ਬੰਦੋਬਸਤ ਕਰ ਕੇ ਸੁੱਤੇ ਹੋਏ ਸ. ਗੁਰਨਾਮ ਸਿੰਘ ਨੂੰ ਜਾ ਜਗਾਇਆ।

"ਉੱਠੋ ਸਰਦਾਰ ਜੀ, ਚੱਲ ਕੇ ਅਕਾਲੀ ਮਨਿਸਟਰੀ ਬਣਾਓ?"

"ਹੈਂ, ਉਹ ਕਿਵੇਂ?" ਜੱਜ ਆਪਣੀ ਥਾਂ ਅਚੰਭੇ ਵਿਚ ਸੀ। "ਇਹ ਕਿਵੇਂ ਹੋ ਸਕਦਾ ਹੈ?"

"ਤੁਹਾਨੂੰ ਬਹੁਗਿਣਤੀ ਦੇਂਦਾ ਆਂ। ਕਾਂਗਰਸ ਤੋਂ ਪਹਿਲਾਂ ਚੱਲ ਕੇ ਗਵਰਨਰ ਦੇ ਜਾ ਪੇਸ਼ ਹੋਈਏ। ਜੇ ਅਵੇਸਲੇ ਰਹੇ, ਸਰਕਾਰੀ ਧੋਖਾ ਹੋ ਸਕਦਾ ਏ।"

"ਜੇ ਤੂੰ ਐਨਾ ਇੰਤਜ਼ਾਮ ਕਰ ਲਿਆ ਹੈ, ਮੈਂ ਤਿਆਰ ਆਂ।" ਸ. ਗੁਰਨਾਮ ਸਿੰਘ ਜੱਜ ਦੇ ਮੂੰਹ ਤੇ ਲਾਲੀ ਚੜ੍ਹ ਆਈ।

ਉਨ੍ਹਾਂ ਸਾਰੇ ਮੈਂਬਰਾਂ ਨੂੰ ਚੰਡੀਗੜ੍ਹ ਦੇ ਇੱਕ ਗੁਰਦੁਆਰੇ ਵਿਚ ਇਕੱਠਿਆਂ ਕੀਤਾ। ਅਰਦਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਵਾਕ ਪਿੱਛੋਂ ਸ. ਲਛਮਣ ਸਿੰਘ ਗਿੱਲ ਦੀ ਤਜਵੀਜ਼ 'ਤੇ ਸ. ਗੁਰਨਾਮ ਸਿੰਘ ਨੂੰ ਆਪਣਾ ਲੀਡਰ ਚੁਣ ਲਿਆ ਗਿਆ। ਹਾਈਕੋਰਟ ਦਾ ਜੱਜ ਰਹਿਣ ਕਾਰਨ ਉਹ ਕਾਨੂੰਨੀ ਘੁੰਡੀਆਂ ਜਾਣਦਾ ਸੀ। ਉਹ ਹਰ ਤਰ੍ਹਾਂ ਦੇ ਜੋ-ਯੱਕੇ ਵਗਾਹ ਕੇ ਸ਼ੇਰ ਹੋ ਗਿਆ। ਉਸ ਟੈਲੀਫ਼ੋਨ ਤੇ ਗਵਰਨਰ ਨੂੰ ਬੇਨਤੀ ਕਰ ਦਿੱਤੀ ਕਿ ਮੈਂ ਅਕਾਲੀ ਅਸੈਂਬਲੀ ਮੈਂਬਰਾਂ ਦੀ ਬਹੁ-ਗਿਣਤੀ ਲੈ ਕੇ ਤੁਹਾਡੇ ਪੇਸ਼ ਕਰ ਰਿਹਾ ਹਾਂ। ਕੁਝ ਮਿੰਟਾਂ ਪਿੱਛੋਂ ਹੀ ਕਾਰਾਂ ਦਾ ਕਾਫ਼ਲਾ ਗਵਰਨਰ ਦੀ ਕੋਠੀ ਪਹੁੰਚ ਗਿਆ। ਕਾਂਗਰਸੀ ਮੈਂਬਰ ਹਾਲੇ

ਆਪਣੇ ਆਪ ਨੂੰ ਇਕੱਠੇ ਹੋਣ ਲਈ ਭਾਲ ਦੌੜ ਕਰ ਰਹੇ ਸਨ। ਗਵਰਨਰ ਬਹੁਗਿਣਤੀ ਜਾਚ ਕੇ ਹੈਰਾਨ ਰਹਿ ਗਿਆ, ਕੇਂਦਰ ਨੂੰ ਕੀ ਮੂੰਹ ਵਖਾਊਂਗਾ। ਅਖ਼ਬਾਰੀ ਨੁਮਾਇੰਦੇ ਫੋਟੋਆਂ ਖਿੱਚ ਰਹੇ ਸਨ।

"ਸਾਹਬ ਬਹਾਦਰ! ਇੱਕ ਇਕ ਕਰਕੇ ਗਿਣ ਲਵੋ ਅਤੇ ਸਾਰਿਆਂ ਤੋਂ ਇਹ ਵੀ ਪੁੱਛ ਲਵੋ, ਕਿਸੇ ਨੂੰ ਡਰਾ-ਧਮਕਾ ਕੇ ਤਾਂ ਨਹੀਂ ਲਿਆਂਦਾ?" ਜੱਜ ਪੂਰੇ ਟੌਹਰ ਵਿਚ ਗਵਰਨਰ ਨੂੰ ਚਤਾਰ ਗਿਆ।

ਗਵਰਨਰ ਆਪਣੀ ਮਾਯੂਸੀ ਵਿਚ ਹੱਸ ਪਿਆ।

"ਤੁਮਹਾਰੀ ਜੀਤ ਹੁਈ। ਆਓ, ਸਰਕਾਰੀ ਭੇਤ ਗੁਪਤ ਰਖਨੇ ਕਾ ਹਲਫ਼ ਲੋ: ਹਮ ਆਪ ਕੋ ਵਜ਼ਾਰਤ ਬਨਾਨੇ ਕੀ ਦਾਅਵਤ ਦੇਤੇ ਹੈਂ।" ਬਹੁ-ਗਿਣਤੀ ਵੇਖ ਕੇ ਰਾਜਪਾਲ ਲਈ ਸੌਂਹ ਚੁਕਾਣ ਬਿਨਾਂ ਚਾਰਾ ਹੀ ਕੋਈ ਨਾ ਰਿਹਾ।

ਸ੍ਰ. ਗੁਰਨਾਮ ਸਿੰਘ ਨੇ ਗਵਰਨਰ ਦੇ ਬੋਲਾਂ ਨੂੰ ਦੋਹਰਾਂਦਿਆਂ ਭੇਤ ਗੁਪਤ ਰੱਖਣ ਦੀ ਸੁਗੰਧ ਚੁੱਕ ਲਈ।

"ਗਵਰਨਰ ਸਾਹਿਬ! ਅਸੀਂ ਆਪ ਦੀ ਇਨਸਾਫ਼ ਪਸੰਦੀ ਤੇ ਸਾਫ਼ਗੋਈ ਦੀ ਤਾਰੀਫ਼ ਕਰਦੇ ਆਂ। ਆਪ ਨੇ ਜਮਹੂਰੀ ਕਦਰੋਂ ਕਾ ਪਾਸ ਰਖਾ ਹੈ।" ਸਾਰਿਆਂ ਨੇ ਤੜਾ ਤੜ ਤਾੜੀਆਂ ਚੁੱਕ ਦਿੱਤੀਆਂ।

ਜੱਜ ਸਾਹਬ ਨੇ ਗਵਰਨਰ ਦੀ ਪ੍ਰਸੰਸਾ ਕਰਨਾ ਆਪਣਾ ਫ਼ਰਜ਼ ਸਮਝਿਆ ਸੀ।

"ਥੈਂਕ ਯੂ ਸਰ! ਤੁਸੀਂ ਸਾਨੂੰ ਨੇਕ ਮਸ਼ਵਰਿਆਂ ਨਾਲ ਨਵਾਜਦੇ ਰਹੋਗੇ। ਅਸੀਂ ਭਾਰਤੀ ਵਿਧਾਨ ਨੂੰ ਸਾਹਮਣੇ ਰੱਖਦੇ ਹੋਏ, ਪੰਜਾਬ ਦੇ ਲੋਕਾਂ ਨੂੰ ਨਿਆਂ ਦੇਣ ਦਾ ਵੱਧ ਤੋਂ ਵੱਧ ਯਤਨ ਕਰਾਂਗੇ ਤੇ ਸੇਵਾ ਕਰਨਾ ਆਪਣਾ ਧਰਮ ਸਮਝਾਂਗੇ।"

"ਲੋਗੋਂ ਨੇ ਆਪਣੀ ਸੇਵਾ ਕੇ ਲੀਏ ਆਪ ਕੋ ਅੱਛਾ ਮੌਕਾ ਦੀਆ ਹੈ।" ਉਸ ਨੂੰ ਮਜਬੂਰੀ ਮੂੰਹ ਆਖਣਾ ਪਿਆ। "ਮੈਂ ਆਪ ਸਭ ਕੋ ਮੁਬਾਰਕਬਾਦ ਦੇਤਾ ਹੂੰ।" ਉਸ ਹੱਥ ਜੋੜ ਕੇ ਮੁਸਕਰਾਂਦਿਆਂ ਸਭ ਦਾ ਸਤਿਕਾਰ ਕੀਤਾ।

ਗਵਰਨਰ ਦੀ ਕੋਠੀ ਤੋਂ ਸ੍ਰ. ਗੁਰਨਾਮ ਸਿੰਘ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਕੇ ਕਾਰਾਂ ਦਾ ਕਾਫ਼ਲਾ ਸੈਕਟਰੀਏਟ ਆ ਗਿਆ। ਵਜ਼ੀਰ ਚੁਣੇ ਗਏ। ਲਛਮਣ ਸਿੰਘ ਗਿੱਲ ਦੋ ਨੰਬਰ ਦਾ ਵਜ਼ੀਰ ਬਣਾਇਆ ਗਿਆ। ਉਸ ਦੀ ਵੱਡੀ ਘਾਲਣਾ ਨਾਲ ਹੀ ਅਕਾਲੀ ਮਨਿਸਟਰੀ ਵਜੂਦ ਵਿਚ ਆਈ ਸੀ। ਭੇਦ ਗੁਪਤ ਰੱਖਣ ਦੀਆਂ ਸਾਰਿਆਂ ਨੂੰ ਸੌਂਹਾਂ ਖਵਾਈਆਂ ਗਈਆਂ। ਉਸ ਪਿੱਛੋਂ ਸ੍ਰ. ਗੁਰਨਾਮ ਸਿੰਘ ਮੀਟਿੰਗ ਰੂਮ ਵਿਚ ਸਾਰਿਆਂ ਨੂੰ ਸੰਬੋਧਨ ਹੋਇਆ।

"ਪਿਆਰੇ ਭਰਾਓ! ਗੁਰੂ ਦੀ ਮਿਹਰ ਹੋਈ ਹੈ, ਤੁਹਾਡਾ ਰਾਜ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਆਇਆ ਹੈ। ਸੰਤ ਫ਼ਤਹਿ ਸਿੰਘ ਅਤੇ ਸੰਤ ਚੰਨਣ ਸਿੰਘ ਦੀ ਅਸੀਂ ਭਰਪੂਰ ਸ਼ਲਾਘਾ ਕਰੀਏ; ਜਿਨ੍ਹਾਂ ਦੀਆਂ ਘਾਲਨਾਵਾਂ ਕਾਮਯਾਬ ਹੋਈਆਂ ਸਨ। ਇੱਥੋਂ ਅਸੀਂ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਜਾਵਾਂਗੇ ਅਤੇ ਦੇਗ ਕਰਵਾ ਕੇ ਗੁਰੂ ਤੋਂ ਸੁਰਖ਼ਰੂ ਹੋਵਾਂਗੇ।

ਕਾਂਗਰਸੀਆਂ ਦੇ ਗੱਡੇ ਵੱਢਣ ਵਾਲੇ ਰਾਹ ਅਸੀਂ ਨਹੀਂ ਪੈ ਸਕਦੇ। ਲੋਕਾਂ ਦੀ ਤਨਦੇਹੀ ਨਾਲ ਸੇਵਾ ਕਰੋ ਤਾਂ ਜੋ ਲੋਕ ਤੁਹਾਨੂੰ ਵਜ਼ੀਰ ਘੱਟ, ਆਪਣੇ ਭਰਾ ਤੇ ਯਾਰ-ਬੇਲੀ ਵੱਧ ਸਮਝਣ। ਲੋਕਾਂ ਦੇ ਕੰਮ ਸਵਾਰੋ ਤੇ ਪਾਰਟੀ ਦੀ ਗਰਿੱਪ ਮਜ਼ਬੂਤ ਕਰੋ ਤਾਂ ਜੋ ਰਾਜ ਮੁੜ

ਕਾਂਗਰਸ ਦੇ ਹੱਥ ਨਾ ਜਾਵੇ। ਲੋਕਾਂ ਨੂੰ ਸਹੀ ਮਾਅਨਿਆਂ ਵਿਚ ਅਹਿਸਾਸ ਕਰਾ ਦਿਓ, ਰਾਜ ਤੁਹਾਡਾ ਹੈ, ਖਾਸ ਤੌਰ 'ਤੇ ਕਿਸਾਨ ਭਰਾਵਾਂ ਦਾ। ਯਾਦ ਰਹੇ, ਕਾਂਗਰਸ ਦੇ ਪੰਜਾਬ ਵਿਚ ਪੈਰ ਉਖੇੜੇ ਬਿਨਾਂ ਅਸੀਂ ਸੱਤਾ ਵਿਚ ਨਹੀਂ ਰਹਿ ਸਕਦੇ। ਬੱਸ, ਸੱਚੇ ਪਾਤਸ਼ਾਹ 'ਤੇ ਭਰੋਸਾ ਰੱਖ ਅਤੇ ਲੋਕਾਂ ਦੀ ਸੇਵਾ ਵਿਚ ਜੁਟ ਜਾਓ।"

ਚਾਹ ਪਾਣੀ ਪੀਣ ਪਿੱਛੋਂ ਕਾਰਾਂ ਦਾ ਕਾਫਲਾ ਅੰਮ੍ਰਿਤਸਰ ਨੂੰ ਤੁਰ ਪਿਆ। ਸਭ ਤੋਂ ਪਹਿਲਾਂ ਦਰਬਾਰ ਸਾਹਿਬ ਦੀ ਪਰਕਰਮਾ ਪਾਈ। ਮੁੜ ਹਰਿਮੰਦਰ ਸਾਹਿਬ ਦੇਗ਼ਾਂ ਚੜ੍ਹਾਈਆਂ। ਮੱਥਾ ਟੇਕਿਆ ਤੇ ਅੱਧਾ ਘੰਟਾ ਕੀਰਤਨ ਸੁਣਿਆ। ਦਰਬਾਰ ਸਾਹਿਬ ਵਲੋਂ ਸਿਰੋਪਾਏ ਬਖ਼ਸ਼ਿਸ਼ ਕੀਤੇ ਗਏ। ਫਿਰ ਉਹ ਸੰਤ ਫ਼ਤਹਿ ਸਿੰਘ ਦੇ ਚਰਨਾਂ ਵਿਚ ਆ ਬੈਠੇ।

"ਸੰਤ ਜੀ ਮਹਾਰਾਜ, ਤੁਹਾਡੀ ਤਪੱਸਿਆ ਬਰ ਆਈ ਤਾਂ ਹੀ ਖ਼ਾਲਸੇ ਦਾ ਰਾਜ ਆਇਆ ਹੈ।" ਇੱਕ ਵਜ਼ੀਰ ਨੇ ਚਰਨ ਛੋਹਦਿਆਂ ਆਖਿਆ।

"ਸਿੰਘੋ, ਗੁਰੂ ਦੀਆਂ ਮਿਹਰਾਂ ਹੋਈਆਂ ਹਨ। ਤੁਹਾਨੂੰ ਬਹੁਤ ਬਹੁਤ ਵਧਾਈਆਂ।"

ਸੰਤਾਂ ਦੀ ਥਾਪਨਾ ਲੈ ਕੇ ਸਾਰੇ ਚੰਡੀਗੜ੍ਹ ਮੁੜ ਆਏ। ਕੁਝ ਸਮਾਂ ਵਧੀਆ ਰਾਜ ਪ੍ਰਬੰਧ ਚੱਲਦਾ ਰਿਹਾ। ਭਾਵੇਂ ਅਕਾਲੀ ਵਜ਼ੀਰ ਨਵੇਂ ਸਨ; ਪਰ ਕਾਂਗਰਸ ਨਾਲੋਂ ਚੰਗੇ ਸਾਬਤ ਹੋ ਰਹੇ ਸਨ। ਉਸ ਸਾਲ ਪੰਜਾਬ ਵਿਚ ਕਣਕ ਦੀ ਐਨੀ ਪੈਦਾਵਾਰ ਹੋਈ ਕਿ ਪਿਛਲੇ ਸਾਰੇ ਰਿਕਾਰਡ ਟੁੱਟ ਗਏ। ਕਿਸਾਨਾਂ ਦੀ ਕਰੜੀ ਮਿਹਨਤ ਨਾਲ ਖੇਤੀ ਯੂਨੀਵਰਸਿਟੀ ਦੇ ਸੁਧਰੇ ਬੀਜਾਂ ਦਾ ਵੀ ਵੱਡਾ ਹੱਥ ਸੀ। ਸਰਕਾਰ ਦੇ ਕੇਂਦਰੀ ਪੂਲ ਵਿਚ ਸੱਠ ਪਰਸੈਂਟ ਕਣਕ ਪੰਜਾਬ ਨੇ ਪਾਈ, ਜਿਹੜਾ ਡੇਢ ਪਰਸੈਂਟ ਰਕਬੇ ਦਾ ਮਾਲਕ ਸੀ। ਅਨਾਜ ਪੈਦਾ ਕਰਨ ਵਿਚ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣ ਗਿਆ। ਸਾਉਣੀ ਦੀਆਂ ਫ਼ਸਲਾਂ ਦੇ ਭਾਅ ਬੰਨ੍ਹਣ ਲਈ ਮੁੱਖ ਮੰਤਰੀਆਂ ਦੀ ਦਿੱਲੀ ਵਿਚ ਇੱਕ ਮੀਟਿੰਗ ਹੋਈ। ਦੱਖਣ ਦੇ ਇੱਕ ਮੁੱਖ ਮੰਤਰੀ ਨੇ ਸ੍ਰ. ਗੁਰਨਾਮ ਸਿੰਘ ਨੂੰ ਚੋਟ ਮਾਰੀ:

"ਲੋ ਬਈ ਆ ਗਏ ਪੰਜਾਬੀ ਸੂਬੀ ਦੇ ਮੁੱਖ ਮੰਤਰੀ।"

ਸ੍ਰ. ਗੁਰਨਾਮ ਸਿੰਘ ਨੂੰ ਸ਼ਰੀਕ ਦੀ ਚੋਟ ਖਾ ਗਈ। ਉਸ ਨਹਿਲੇ 'ਤੇ ਦਹਿਲਾ ਮਾਰਦਿਆਂ ਆਖਿਆ:

"ਹਾਂ, ਹੈ ਤਾਂ ਸੂਬੀ; ਪਰ ਵੱਡੇ-ਵੱਡੇ ਸੂਬਿਆਂ ਨੂੰ ਖਾਣ ਨੂੰ ਇਹ ਸੂਬੀ ਹੀ ਦੇਂਦੀ ਹੈ।"

ਸਾਰੇ ਮੁੱਖ ਮੰਤਰੀ ਧੌਣਾਂ ਸੁੱਟ ਗਏ। ਕੋਈ ਜਵਾਬ ਹੀ ਨਾ ਔੜਿਆ। ਇਹ ਗੌਰਵ ਪੰਜਾਬ ਨੂੰ ਮੁੜ ਕਦੇ ਨਾ ਮਿਲਿਆ। ਰਾਜ ਤਾਂ ਫਿਰ ਵੀ ਅਕਾਲੀਆਂ ਦਾ ਆਇਆ, ਪਰ ਪ੍ਰਤਾਪ ਵਾਲੀ ਗੱਲ ਗਵਾਚ ਗਈ। ਉਸ ਮੀਟਿੰਗ ਪਿੱਛੋਂ ਇੰਦਰਾ ਨੇ ਸ੍ਰ. ਗੁਰਨਾਮ ਸਿੰਘ ਨੂੰ ਬੁਲਾ ਲਿਆ। ਦੋਵਾਂ ਹੱਥ ਜੋੜ ਕੇ ਨਮਸਕਾਰ ਤੇ ਸਤਿ ਸ੍ਰੀ ਅਕਾਲ ਕੀਤੀ। ਡਰਾਇੰਗ ਰੂਮ ਦੀ ਸ਼ਾਨ ਮੁਗ਼ਲਈ ਸੀ। ਚਾਹ 'ਤੇ ਬੈਠਦਿਆਂ ਇੰਦਰਾ ਨੇ ਗੱਲ ਤੋਰੀ:

"ਸਰਦਾਰ ਜੀ, ਮੈਂਨੇ ਆਪ ਕੋ ਖ਼ਾਸ ਬਾਤ ਕੇ ਲੀਏ ਬੁਲਾਇਆ ਹੈ?"

"ਹੁਕਮ ਕਰੋ ਸ੍ਰੀਮਤੀ ਜੀ!" ਉਹ ਮਨ ਵਿਚ ਕਹਿ ਗਿਆ, ਐਵੇਂ ਸਾਨੂੰ ਕੌਣ ਬੁਲਾਉਂਦਾ ਹੈ, ਕੋਈ ਗੱਲ ਈ ਹੋਣੀ ਹੈ।

"ਬਾਤ ਯੇਹ ਹੈ, ਹਰਿਆਣਾ ਆਪ ਕਾ ਛੋਟਾ ਭਾਈ ਹੈ; ਉਸ ਕੇ ਖੇਤ ਹੀ ਨਈਂ, ਖ਼ੁਦ ਵੀ ਪਿਆਸਾ ਮਰ ਰਿਹਾ ਹੈ। ਉਸ ਕੋ ਪਾਣੀ ਦੇਣੇ ਕੇ ਲੀਏ ਆਪ ਕੁਝ ਸੋਚੋ।"

"ਆਪ ਕੇ ਸਾਹਮਣੇ ਹਮ ਕਿਆ ਸੋਚ ਸਕਦੇ ਆਂ।" ਉਹ ਇੰਦਰਾ ਦੀ ਮਨੋਭਾਵਨਾ ਪਹਿਲਾਂ ਜਾਣਨਾ ਚਾਹੁੰਦਾ ਸੀ।

ਉਸ ਨੂੰ ਗੁੱਸਾ ਵੀ ਸੀ, ਰਾਜਧਾਨੀ ਚੰਡੀਗੜ੍ਹ ਰੱਖ ਲੈਣ ਦਾ ਅਤੇ ਪੰਜਾਬੀ ਸੂਬੇ ਨੂੰ ਲੰਗੜਾ ਕਰਨ ਦਾ। ਉਹ ਜਵਾਬ ਲਈ ਤਿਆਰ ਹੋਣਾ ਚਾਹੁੰਦਾ ਸੀ।

"ਐਸਾ ਹੈ, ਸ਼ਿਵਾਲਕ ਪਹਾੜੀਓਂ ਕੇ ਸਾਥ-ਸਾਥ ਏਕ ਨਹਿਰ ਨਿਕਾਲ ਕਰ ਹਰਿਆਣੇ ਕੋ ਦੇ ਦੀ ਜਾਏ। ਪੰਜਾਬ ਕੀ ਬਾਰਸ਼ੋਂ ਕਾ ਪਾਣੀ ਯੂੰ ਹੀ ਜ਼ਾਇਆ ਚਲਾ ਜਾਤਾ ਹੈ। ਹਰਿਆਣਾ ਆਪ ਕਾ ਸ਼ੁਕਰ ਗੁਜ਼ਾਰ ਹੋਗਾ। ਹਮ ਪੰਜ ਸਾਲਾ ਯੋਜਨਾ ਮੇਂ ਆਪ ਕੀ ਇਮਦਾਦ ਬੜ੍ਹਾ ਦੇਂਗੇ।" ਏਨੀ ਕਹਿ ਕੇ ਇੰਦਰਾ ਨੇ ਦੋਵਾਂ ਹੱਥਾਂ ਦੀਆਂ ਉਂਗਲਾਂ ਕੰਘੀ ਦਉਂ ਫਸਾ ਲਈਆਂ।

"ਇੰਦਰਾ ਜੀ! ਪੰਜਾਬ ਦੇ ਕੋਲ ਪਾਣੀ ਬਿਨਾਂ ਹੈ ਕੀ?"

"ਆਪ ਕੇ ਕਿਸਾਨ ਮਿਹਨਤੀ ਹੈਂ, ਆਪ ਬਹਾਦਰ ਲੋਗ ਹੈਂ। ਪੰਜਾਬ ਆਰਥਕ ਪੱਖੋਂ ਅਮੀਰ ਰਾਜ ਹੈ।" ਇੰਦਰਾ ਨੇ ਸਹੀ ਜਵਾਬ ਦੇਣ ਦੀ ਥਾਂ ਪ੍ਰਸੰਸਾ ਸ਼ੁਰੂ ਕਰ ਦਿੱਤੀ।

"ਆਪ ਲੇਤੇ ਹੀ ਲੇਤੇ ਰਹੇ ਹੈਂ; ਪੰਜਾਬ ਕੋ ਦੀਆ ਕਿਆ ਹੈ?" ਉਹ ਗ਼ੁਲਾਬੀ ਹਿੰਦੀ ਬੋਲ ਪਿਆ।

"ਆਪ ਕੇ ਸਭ ਗਿਲੇ ਸ਼ਿਕਵੇ ਦੂਰ ਕਰ ਦੇਂਗੇ।"

"ਸ੍ਰੀਮਤੀ ਜੀ! ਪਾਣੀ ਦੇ ਆਸਰੇ ਹੀ ਪੰਜਾਬ ਜਿਉਂਦਾ ਹੈ। ਮੈਂ ਆਪਣੇ ਹੱਥ ਨਾਲ ਪੰਜਾਬ ਦਾ ਗਲਾ ਨਹੀਂ ਕੱਟ ਸਕਦਾ। ਮੈਂ ਪ੍ਰਤਾਪ ਸਿੰਘ ਕੈਰੋਂ ਨਹੀਂ, ਜਿਹੜਾ ਬਿਨਾਂ ਮੁਆਵਜ਼ੇ ਤੇ ਰਪੇਰੀਅਨ ਲਾ ਦਾ ਵਿਰੋਧ ਕਰਕੇ ਪੰਜਾਬ ਦਾ ਅੱਧਿਓਂ ਬਹੁਤਾ ਪਾਣੀ ਮੁਫ਼ਤ ਹੀ ਦੇ ਦੇਵਾਂਗਾ।" ਸਰਦਾਰ ਨਾਲ ਹੀ ਨਾਂਹ ਵਿਚ ਸਿਰ ਮਾਰ ਗਿਆ।

ਇੰਦਰਾ ਨੇ ਮਾਯੂਸ ਹੋ ਕੇ ਲੰਮਾ ਸਾਹ ਭਰਿਆ। ਉਸ ਨੂੰ ਆਸ ਨਹੀਂ ਸੀ, ਸਰਦਾਰ ਐਨਾ ਕਰੜਾ ਜਵਾਬ ਦੇਵੇਗਾ।

"ਦੇਖੋ, ਹਰਿਆਣਾ ਤੁਮਾਰਾ ਭਾਈ ਹੈ ਨਾ?"

"ਸਾਰਾ ਦੇਸ਼ ਹਮਾਰੇ ਭਾਈਓਂ ਕਾ ਹੈ। ਲੇਕਿਨ ਪਾਣੀ ਪੰਜਾਬ ਕੀ ਖੇਤੀ ਵਾਸਤੇ ਹੀ ਕਾਫ਼ੀ ਨਹੀਂ।"

"ਪੰਜਾਬ ਕੇ ਥੀਨ ਡੈਮ ਕੇ ਲੀਏ ਦਿਲ ਖੋਲ੍ਹ ਕਰ ਗਰਾਂਟ ਔਰ ਕਰਜ਼ਾ ਮਨਜ਼ੂਰ ਕਰ ਦੇਂਗੇ। ਆਪ ਕੇ ਯਹਾਂ ਪਾਣੀ ਔਰ ਬਿਜਲੀ ਬਹੁਤ ਜ਼ਿਆਦਾ ਹੋ ਜਾਏਗਾ।" ਇੰਦਰਾ ਨੇ ਭਵਿੱਖ ਦੇ ਸਬਜ਼ ਬਾਗ਼ ਵਿਖਾਏ।

"ਥੀਨ ਡੈਮ ਦੀ ਹਾਲੇ ਤੱਕ ਤੁਸਾਂ ਮਨਜ਼ੂਰੀ ਨਹੀਂ ਦਿੱਤੀ। ਕੀਮਤਾਂ ਚਾਰ ਗੁਣਾ ਵਧ ਗਈਆਂ ਹਨ। ਪ੍ਰਧਾਨ ਮੰਤਰੀ ਜੀ, ਮੂਲ ਗਵਾ ਕੇ ਵਿਆਜ ਦੀ ਤਵੱਕੋ ਕੌਣ ਕਰੇਗਾ।"

ਦੋਹੀਂ ਧਿਰੀਂ ਇਹ ਮਿਲਣੀ ਬੜੀ ਨਿਰਾਸਤਾ ਵਿਚ ਮੁੱਕ ਗਈ, ਪਰ ਇੰਦਰਾ ਵਿਹੁ ਘੋਲ ਕੇ ਰਹਿ ਗਈ। ਸਰਦਾਰ ਮਨ ਵਿਚ ਸੋਚ ਰਿਹਾ ਸੀ: ਇਹ ਚਤਰ ਜ਼ਨਾਨੀ ਮੈਨੂੰ ਕਾਂਗਰਸੀ ਝੁੱਡੂ ਹੀ ਸਮਝਦੀ ਐ; ਜਿਨ੍ਹਾਂ ਤੋਂ ਜੋ ਮਰਜ਼ੀ ਪਿਉ ਧੀ ਲਿਖਵਾ ਲੈਂਦੇ ਰਹੇ। ਉਹ ਬਿਨਾਂ ਕੁਝ ਬੋਲੇ, ਹੱਥ ਜੋੜ ਕੇ ਥੋੜ੍ਹਾ ਸਿਰ ਨਿਵਾਂਦਾ ਕੋਠੀ ਤੋਂ ਬਾਹਰ ਆ ਗਿਆ, ਪਰ ਇੰਦਰਾ ਖਿੱਝ ਕੇ ਰਹਿ ਗਈ। "ਕੋਈ ਨਾ ਸਰਦਾਰ ਆਪ ਕਾ ਦਮ ਦੇਖੇਂਗੇ।"

ਬਾਰ੍ਹਵਾਂ ਕਾਂਡ

ਮਾਸਟਰ ਤਾਰਾ ਸਿੰਘ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਬਹੁਤ ਪਹਿਲਾਂ ਪਿੱਛੇ ਹਟਾ ਦਿੱਤਾ ਗਿਆ ਸੀ। ਭਾਵੇਂ ਸਰੀਰ ਕਾਫ਼ੀ ਬਿਰਧ ਹੋ ਚੁੱਕਾ ਸੀ; ਪਰ ਉਨ੍ਹਾਂ ਨੂੰ ਗੁਰੂ 'ਤੇ ਭਰੋਸਾ ਸੀ। ਉਹ ਪਾਠ ਵਿਚ ਵੱਧ ਤੋਂ ਵੱਧ ਬਿਰਤੀ ਜੋੜੀ ਰੱਖਦੇ। ਆਪਣੇ ਸੇਵਾਦਾਰ ਨਾਲ ਦਿਲ ਸਾਂਝਾ ਕਰਦੇ ਆਖਦੇ: "ਇਹ ਜੱਟ ਰਾਜਨੀਤੀ ਨਹੀਂ ਚਲਾ ਸਕਦੇ। ਇਹ ਲੜ ਲੜ ਮਰਨਗੇ।" ਇਹ ਝੋਰਾ ਅਤੇ ਅਕਾਲੀ ਪਾਰਟੀ ਵਿੱਚ ਪੁੱਛ-ਪਰਤੀਤ ਦਾ ਘਟਣਾ; ਉਨ੍ਹਾਂ ਨੂੰ ਅੰਦਰੋਂ ਖ਼ੋਰ ਗਿਆ ਅਤੇ ਉਹ 1967 ਵਿਚ ਹੀ ਗੁਰੂ ਨੂੰ ਪਿਆਰੇ ਹੋ ਗਏ।

ਸ੍ਰ. ਲਛਮਣ ਸਿੰਘ ਦਾ ਜੱਟ ਜ਼ੋਰ ਚੜ੍ਹ ਚੁੱਕਾ ਸੀ। ਭਾਪਿਆਂ ਦੀ ਸਰਦਾਰੀ ਵੀ ਗੁੱਠੇ ਲੱਗ ਚੁੱਕੀ ਸੀ। ਪੰਜਾਬ ਅਸੈਂਬਲੀ ਦੀਆਂ ਚੋਣਾਂ ਸੰਤ ਫ਼ਤਹਿ ਸਿੰਘ ਦੀ ਪ੍ਰਧਾਨਗੀ ਹੇਠ ਜਿੱਤੀਆਂ ਸਨ ਅਤੇ ਪਹਿਲੀ ਵਾਰ ਅਕਾਲੀ ਵਜ਼ਾਰਤ ਵਜੂਦ ਵਿਚ ਆਈ ਸੀ। ਸ੍ਰ. ਗੁਰਨਾਮ ਸਿੰਘ ਬਿਨਾਂ ਬਹੁਤੇ ਵਜ਼ੀਰ ਅਨਾੜੀ ਸਨ। ਕਾਨੂੰਨ ਤੇ ਨੇਮਾਂ ਦਾ ਸਹੀ ਢੰਗ ਨਾਲ ਪਾਲਣ ਨਹੀਂ ਕਰਦੇ ਸਨ। ਸ੍ਰ. ਲਛਮਣ ਸਿੰਘ ਕੋਲ ਜੱਟ ਧੱਕਾ ਬਹੁਤਾ ਸੀ। ਉਹਦੇ ਮੌਹਿਕਮਿਆਂ ਦੇ ਸੈਕਟਰੀ ਬੇਇੱਜ਼ਤੀ ਤੋਂ ਡਰਦੇ ਝੱਟ-ਪੱਟ ਕੰਮ ਕਰਦੇ ਸਨ। ਦਿੱਲੀ ਉਹ ਬਹੁਤ ਸਮਾਂ ਠੇਕੇਦਾਰ ਰਿਹਾ ਸੀ। ਉਸ ਨੂੰ ਅਫ਼ਸਰਾਂ ਤੋਂ ਕੰਮ ਲੈਣੇ ਆਉਂਦੇ ਸਨ। ਬਾਕੀ ਵਜ਼ੀਰਾਂ ਨੂੰ ਸੈਕਟਰੀ ਟਿੱਚ ਸਮਝਦੇ ਸਨ। ਆਮ ਅਕਾਲੀ ਵਰਕਰ ਲੋਕਾਂ ਦੇ ਕੰਮ ਕਰਵਾਉਣ ਆਉਂਦੇ, ਸਿੱਧੇ ਈ ਵਜ਼ੀਰਾਂ ਦੀਆਂ ਕੋਠੀਆਂ ਵਿੱਚ ਟੌਹਰ ਨਾਲ ਸਰਾਵਾਂ ਵਾਂਗ ਆ ਬਰਾਜਦੇ। ਵਜ਼ੀਰਾਂ ਦੀਆਂ ਨਾ ਐਨੀਆਂ ਤਨਖ਼ਾਹਾਂ, ਜਿੰਨਾ ਮਹੀਨੇ ਭਰ ਦਾ ਖ਼ਰਚ ਆ ਜਾਂਦਾ। ਕਈਆਂ ਵਜ਼ੀਰਾਂ ਸਿਰ ਇਲੈਕਸ਼ਨ ਸਮੇਂ ਦੇ ਕਰਜ਼ੇ ਚੜ੍ਹੇ ਹੋਏ ਸਨ। ਉਹ ਆਪਣੇ ਸਿਰ ਦਾ ਭਾਰ ਕਿਸੇ ਤਰ੍ਹਾਂ ਹੌਲਾ ਕਰਿਆ ਚਾਹੁੰਦੇ ਸਨ, ਪਰ ਬਦਨਾਮ ਹੋਣੋਂ ਵੀ ਡਰਦੇ ਸਨ।

ਕਾਂਗਰਸ ਸਰਕਾਰਾਂ ਸਮੇਂ ਰਿਸ਼ਵਤ ਅਸਮਾਨ ਚੜ੍ਹੀ ਹੋਈ ਸੀ। ਸਗੋਂ ਉਸ ਰਿਸ਼ਵਤ ਦੇਣ ਤੇ ਦਵਾਉਣ ਵਾਲੀ ਇੱਕ ਜਮਾਤ ਪੈਦਾ ਕਰ ਦਿੱਤੀ ਸੀ। ਕਾਂਗਰਸ ਰਾਜ ਖ਼ਤਮ ਹੋਣ ਨਾਲ ਉਨ੍ਹਾਂ ਦੀ ਸਰਕਾਰੇ ਦਰਬਾਰੇ ਪੁੱਛ ਪ੍ਰਤੀਤ ਘੱਟ ਗਈ। ਮੁੱਖ ਮੰਤਰੀ ਗੁਰਨਾਮ ਸਿੰਘ ਦਾ ਰਿਸ਼ਵਤ ਵਿਰੁੱਧ ਭਾਵੇਂ ਕਿੰਨਾ ਕਰੜਾ ਡੰਡਾ ਸੀ; ਪਰ ਢਿੱਡ ਦੇ ਭੁੱਖਿਆਂ, ਚੋਰ ਮੋਰੀਆਂ ਲੱਭ ਹੀ ਲਈਆਂ। ਰਿਸ਼ਵਤ ਦੇਣ ਦਵਾਉਣ ਵਾਲੇ ਵਿਚੋਲਿਆਂ ਲੰਚ-ਡਿਨਰਾਂ ਦੇ ਲਾਲਚਾਂ ਨਾਲ ਕਈ ਵਜ਼ੀਰਾਂ ਨੂੰ ਅੱਭੇ ਲਾ ਲਿਆ। ਵਜ਼ੀਰ ਤਾਂ ਬਦਨਾਮ ਹੀ ਹੋਏ, ਪਰ ਵਿਚੋਲਿਆਂ ਝੋਲੀਆਂ ਭਰ ਲਈਆਂ। ਗੁਰਾਂ ਅੱਗੇ ਇਨਸਾਫ਼ ਦੇਣ ਵਾਲੀਆਂ ਸੁਗੰਧਾਂ ਝੂਠੀਆਂ ਪੈਣ ਲੱਗ ਪਈਆਂ। ਪ੍ਰੈੱਸ ਵਿਚ ਕਾਲੇ ਧੰਦਿਆਂ ਦੀਆਂ ਵਿਰਲੀਆਂ ਵਿਰਲੀਆਂ ਖ਼ਬਰਾਂ ਛਪ ਰਹੀਆਂ ਸਨ। ਸ੍ਰ. ਗੁਰਨਾਮ ਸਿੰਘ ਤੇ ਫ਼ਤਹਿ ਸਿੰਘ ਅਜਿਹੀਆਂ ਖ਼ਬਰਾਂ ਅਤੇ ਅਫ਼ਵਾਹਾਂ ਉੱਤੇ ਬੜੇ ਦੁਖੀ ਹੁੰਦੇ।

ਮਾਸਟਰ ਤਾਰਾ ਸਿੰਘ ਨਾਲ ਹੀ ਗਿਆਨੀ ਕਰਤਾਰ ਸਿੰਘ ਦੀ ਪੁੱਛ-ਪਰਤੀਤ

ਘੱਟ ਗਈ ਸੀ। ਉਹ ਬਿਮਾਰ ਰਹਿਣ ਲੱਗ ਪਿਆ। ਰਣਜੋਧ ਉਸ ਲਈ ਦਵਾਈ ਲਿਆਉਂਦਾ ਅਤੇ ਡਾਕਟਰ ਨੂੰ ਵਿਖਾਉਂਦਾ ਸੀ। ਡਾਕਟਰ ਗਿਆਨੀ ਜੀ ਨੂੰ ਤਸੱਲੀ ਦੇਂਦਾ।

"ਗਿਆਨੀ ਜੀ! ਮੈਂ ਤੁਹਾਡੇ ਸਰੀਰ ਦੀ ਚੰਗੀ ਤਰ੍ਹਾਂ ਟੋਹ-ਟੋਹਾਈ ਕਰ ਲਈ ਹੈ। ਤੁਹਾਨੂੰ ਕੋਈ ਬਿਮਾਰੀ ਨਹੀਂ।"

"ਫੇਰ ਮੈਂ ਨਿੱਘਰਦਾ ਕਿਉਂ ਜਾਂਦਾ ਆਂ।" ਗਿਆਨੀ ਜੀ ਨੇ ਐਨਕਾਂ ਲਾਹ ਕੇ ਪੁੱਛਿਆ।

"ਤੁਹਾਡੀ ਬਿਮਾਰੀ ਤੁਹਾਡੀਆਂ ਲੰਮੀਆਂ ਸੋਚਾਂ ਨੇ ਦਿੱਤੀ ਹੈ।"

"ਉਹ ਕਿਵੇਂ?"

"ਤੁਹਾਡੇ ਕੋਲੋਂ ਰਾਜਨੀਤੀ ਦੇ ਦਾਅ ਪੇਚ ਸਿੱਖਣ ਵਾਲੇ ਵਜ਼ੀਰ ਬਣ ਗਏ, ਪਰ ਤੁਸੀਂ ਐੱਮ. ਐੱਲ. ਏ. ਵੀ ਨਾ ਬਣ ਸਕੇ। ਤੁਹਾਨੂੰ ਇੱਕ ਖਿੱਝ ਅੰਦਰੋਂ ਤੋੜ ਰਹੀ ਹੈ। ਕਦੇ ਤੁਸੀਂ ਪੰਥ ਦੀ ਪੂਰੀ ਚੜ੍ਹਾਈ ਵਾਲੇ ਆਗੂ ਸੀ; ਹੁਣ ਲੁਹਾਈ ਬਰਦਾਸ਼ਤ ਨਹੀਂ ਹੁੰਦੀ।" ਡਾਕਟਰ ਨੇ ਉਸ ਦੀ ਮਾਨਸਿਕ ਬਿਮਾਰੀ ਲੱਭ ਲਈ ਸੀ।

"ਡਾਕਟਰ ਸਾਹਬ, ਤੁਸਾਂ ਬਿਮਾਰੀ ਠੀਕ ਠਾਕ ਬੁੱਝ ਲਈ, ਪਰ ਇਲਾਜ?"

"ਵਹਿਮ ਦਾ ਇਲਾਜ ਤਾਂ ਸੁਲੇਮਾਨ ਕੋਲ ਵੀ ਨਹੀਂ ਸੀ। ਦੇਖੋ ਸ੍ਰੀ ਮਾਨ ਜੀ, ਤੁਸਾਂ ਰੱਜ ਕੇ ਪੰਥ ਦੀ ਸੇਵਾ ਕਰ ਲਈ ਹੈ। ਜਿਹੜੇ ਹੁਣ ਸੇਵਾ ਕਰਦੇ ਹਨ, ਉਨ੍ਹਾਂ ਨੂੰ ਫ਼ਰਾਖ਼ ਦਿੱਲੀ ਨਾਲ ਜਰੋ ਅਤੇ ਪਾਠ ਵਿਚ ਸੁਰਤੀ ਨੂੰ ਜੋੜੋ।" ਡਾਕਟਰ ਆਪਣਾ ਸਟੈਥੋ ਸਕੋਪ ਡੱਬੇ ਵਿੱਚ ਬੰਦ ਕਰਕੇ ਤੁਰ ਗਿਆ।

ਯਤਨਾਂ ਦੇ ਬਾਵਜੂਦ ਗਿਆਨੀ ਜੀ ਆਪਣੇ ਢਾਹੂ ਵਿਚਾਰਾਂ ਵਿਚੋਂ ਬਾਹਰ ਨਾ ਨਿਕਲ ਸਕੇ। ਉਹ ਇਸ ਗੱਲ ਲਈ ਬਹੁਤ ਔਖੇ ਸਨ; ਜਿਨ੍ਹਾਂ ਨੂੰ ਮੈਂ ਇੱਕ ਤਰ੍ਹਾਂ ਪਾਲ ਕੇ ਲੀਡਰ ਬਣਾਇਆ ਹੈ, ਉਹ ਵੀ ਮੇਰੀ ਖ਼ਬਰ ਲੈਣ ਨਹੀਂ ਆਉਂਦੇ। ਅਕਾਲੀਆਂ ਦਾ ਇਹ ਦਿਮਾਗ਼ ਆਪਣੀ ਪਿਛਲੀ ਉਮਰ ਵਿਚ ਬੇਹੱਦ ਉੱਖੜਿਆ-ਉੱਖੜਿਆ ਹੀ ਗੁਰੂ ਨੂੰ ਪਿਆਰਾ ਹੋ ਗਿਆ। ਮਰ ਜਾਣ ਪਿੱਛੋਂ ਸ਼ਰਧਾਂਜਲੀਆਂ ਹੀ ਬਾਕੀ ਰਹਿ ਜਾਂਦੀਆਂ ਹਨ। ਇਤਿਹਾਸ ਨੂੰ ਇਹ ਗਿਲਾ ਰਹੇਗਾ, ਪੰਥ ਅਤੇ ਉਸ ਦੇ ਪੈਰੋਕਾਰ ਚੇਲਿਆਂ ਨੇ ਉਸ ਦੀ ਸੰਭਾਲ ਨਹੀਂ ਕੀਤੀ।

ਸ੍ਰ. ਗੁਰਨਾਮ ਸਿੰਘ ਦੀ ਵਜ਼ਾਰਤ ਜਿਵੇਂ ਕਿਵੇਂ ਰਿੜ੍ਹਦੀ ਗਈ। ਕਾਂਗਰਸ ਅਸੈਂਬਲੀ ਪਾਰਟੀ ਨੇ ਅਕਾਲੀ ਮੈਂਬਰਾਂ ਵਿਚ ਸੰਨ੍ਹ ਲਾਉਣ ਦੀ ਬੜੀ ਕੋਸ਼ਿਸ਼ ਕੀਤੀ; ਪਰ ਹੁਸ਼ਿਆਰ ਮੁੱਖ ਮੰਤਰੀ ਨੇ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਬਿਫ਼ਲ ਕਰੀ ਰੱਖੀਆਂ। ਸ਼ਹਿਰਾਂ ਤੇ ਪਿੰਡਾਂ ਵਿੱਚ ਕਾਂਗਰਸੀਆਂ ਨੂੰ ਕੋਈ ਬੇਰਾਂ ਵੱਟੇ ਨਹੀਂ ਪੁੱਛਦਾ ਸੀ। ਜਿਨ੍ਹਾਂ ਦੇ ਉਨ੍ਹਾਂ ਕੰਮ ਸਵਾਰੇ ਸਨ, ਉਹ ਵੀ ਮੂੰਹ ਨਹੀਂ ਲਾਉਂਦੇ ਸਨ; ਕਿਉਂਕਿ ਸਾਰੇ ਕੰਮ ਪਾਰਟੀ ਫੰਡ ਦੇ ਨਾਂ 'ਤੇ ਪੈਸੇ ਲੈ ਕੇ ਕੀਤੇ ਸਨ। ਹੋਟਲਾਂ ਵਿਚ ਮਹਿੰਗੇ ਖਾਣੇ ਖਾ ਕੇ ਬਿੱਲ ਚੁਕਾਏ ਸਨ। ਪੈਸੇ ਲੈ ਕੇ ਨੌਕਰੀਆਂ ਦੇਣ ਦਾ ਧੰਦਾ ਪਹਿਲੋਂ ਪਹਿਲ ਕਾਂਗਰਸੀਆਂ ਹੀ ਸ਼ੁਰੂ ਕੀਤਾ ਸੀ। ਬਦਲੀਆਂ ਲਈ ਵੀ ਖੁੱਲ੍ਹੇ ਗੱਫੇ ਲਏ ਜਾਂਦੇ ਰਹੇ ਸਨ। ਸਮਝੋ ਪੰਜਾਬ ਨੂੰ ਹਰ ਪੱਖੋਂ ਰੱਜ ਕੇ ਲੁੱਟਿਆ ਸੀ। ਦੇਸ਼ ਭਗਤ ਅਖਵਾਉਣ ਵਾਲੀ ਜਮਾਤ ਲੁਟੇਰਿਆਂ ਦਾ ਟੋਲਾ ਬਣ ਗਈ। ਜਿਹੜੇ ਹੁਣ ਤੱਕ ਹਲਵਾ ਮੰਡਾ ਖਾਂਦੇ ਰਹੇ ਸਨ, ਚੰਡੀਗੜ੍ਹ ਦੇ ਆਲੀਸ਼ਾਨ ਹੋਟਲਾਂ ਵਿਚ ਸਕਾਚ ਵਿਸਕੀ ਉਡਾਂਦੇ ਰਹੇ ਸਨ। ਹੁਣ ਉਨ੍ਹਾਂ ਦੇ ਸੁੱਕਾ ਟੁੱਕ ਪਾਣੀ ਨਾਲ ਨਹੀਂ ਲੰਘਦਾ ਸੀ। ਉਨ੍ਹਾਂ ਜ਼ਿਆਫ਼ਤਾਂ ਦੇ ਕੇ ਵਜ਼ੀਰਾਂ ਨੇੜੇ ਹੋਣਾ

ਸ਼ੁਰੂ ਕਰ ਦਿੱਤਾ। ਸ੍ਰ. ਗੁਰਨਾਮ ਸਿੰਘ ਤੇ ਫ਼ਤਹਿ ਸਿੰਘ ਪਾਸੋਂ ਇੱਕ ਵਾਰ ਆਪਣੇ ਵਜ਼ੀਰਾਂ ਨੂੰ ਝਾੜ ਵੀ ਪਵਾਈ। ਪਰ ਉਹ ਅਰੜਾਂਦੇ ਹੀ ਲੱਦੀ ਦੇ ਰਹੇ।

ਇੱਕ ਵਾਰ ਅਕਾਲੀ ਐਗਜ਼ੈਕਟਿਵ ਦੀ ਮੀਟਿੰਗ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋ ਕੇ ਹਟੀ ਸੀ। ਹਾਲੇ ਸਾਰੇ ਮੈਂਬਰ ਗਏ ਨਹੀਂ ਸਨ। ਮੁੱਖ ਮੰਤਰੀ ਤੇ ਸੰਤ ਫ਼ਤਹਿ ਸਿੰਘ ਦੀ ਚਾਪਲੂਸੀ ਲਈ ਬੈਠੇ ਸਨ। ਸੰਤ ਨੇ ਮੁੱਖ ਮੰਤਰੀ ਨੂੰ ਯਾਦ ਕਰਵਾਇਆ।

"ਸ੍ਰ. ਗੁਰਨਾਮ ਸਿੰਘ ਜੀ! ਮੈਂ ਤੁਹਾਨੂੰ ਇੱਕ ਕੰਮ ਕਰਨ ਨੂੰ ਆਖਿਆ ਸੀ?"

"ਹਾਂ, ਸੰਤ ਜੀ ਮੈਨੂੰ ਪਤਾ ਹੈ।"

"ਉਹਦੀ ਵਜ੍ਹਾ ਮੈਂ ਤੁਹਾਨੂੰ ਦੱਸਾਂਗਾ, ਥੋੜ੍ਹੀ ਵਿਹਲ ਹੋ ਜਾਣ ਦਿਓ।" ਗੁਰਨਾਮ ਸਿੰਘ ਨੇ ਬੈਠੇ ਚਾਰ ਮੈਂਬਰਾਂ ਦੇ ਚਲੇ ਜਾਣ ਦਾ ਸੰਕੇਤ ਦਿੱਤਾ।

"ਇਹ ਆਪਣੇ ਹੀ ਬੰਦੇ ਐ, ਸੰਕੋਚ ਦੀ ਲੋੜ ਨਹੀਂ।"

"ਨਹੀਂ ਸੰਤ ਜੀ, ਕੁਝ ਗੱਲਾਂ ਸੰਕੋਚ ਵਾਲੀਆਂ ਹੁੰਦੀਆਂ ਹਨ।"

"ਇਹ ਆਪਣੇ ਸਕੇ ਸੋਦਰਿਆਂ ਵਰਗੇ ਬੰਦੇ, ਇਨ੍ਹਾਂ ਤੋਂ ਲੁਕਾ ਕਾਹਦਾ। ਤੁਸੀਂ ਖੋਲ੍ਹ ਕੇ ਦੱਸੋ", ਸੰਤ ਜੀ ਕੰਮ ਨਾ ਹੋਣ ਦਾ ਕਾਰਨ ਜਾਨਣਾ ਚਾਹੁੰਦੇ ਹਨ।

"ਤੁਸੀਂ ਮੇਰੇ ਕੋਲੋਂ ਕਿਉਂ ਸੱਚੀਆਂ ਪੁੱਛਦੇ ਹੋ। ਇਨ੍ਹਾਂ ਸਭ ਭਲੇਮਾਣਸਾਂ ਨੂੰ ਮੇਰੇ ਕੋਲੋਂ ਤਨਖ਼ਾਹ ਆਉਂਦੀ ਐ। ਮੈਂ ਤਾਂ ਕਾਂਗਰਸ ਸਮੇਂ ਦੀ ਲਿਸਟ ਵੇਖ ਕੇ ਹੈਰਾਨ ਰਹਿ ਗਿਆ। ਇਹ ਸਾਡੇ ਜਥੇਦਾਰ ਸੀ. ਆਈ. ਡੀ. ਦੇ ਤਨਖ਼ਾਹਦਾਰ ਏਜੰਟ ਹਨ। ਅਕਾਲੀਆਂ ਦਾ ਭੱਠਾ ਬਹਾਉਣ ਵਾਲੇ ਤਾਂ ਅਕਾਲੀ ਹੀ ਹਨ। ਤੁਸੀਂ ਆਖਦੇ ਹੋ ਖੁੱਲ੍ਹ ਕੇ ਦੱਸੋ।" ਮੁੱਖ ਮੰਤਰੀ ਨੇ ਬੇਝਿਜਕ ਅੰਤਰਿੰਗ ਮੈਂਬਰਾਂ ਦੇ ਮੂੰਹ 'ਤੇ ਮਾਰ ਦਿੱਤੀ।

ਬੈਠੇ ਮੈਂਬਰਾਂ ਦੇ ਅਸਲੋਂ ਮੂੰਹ ਉਡ ਗਏ। ਜਿੱਥੋਂ ਲੂਣ ਆਉਂਦਾ ਸੀ, ਸਾਹਮਣੇ ਮਾਲਕ ਬੈਠਾ ਵੇਖ ਕੇ ਕਿਵੇਂ ਮੁੱਕਰਦੇ। ਸੰਤ ਫ਼ਤਹਿ ਸਿੰਘ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ। ਇੱਕ ਚੁੱਪ ਸੁਕੜ ਕੇ ਰਹਿ ਗਈ। ਜੱਥੇਦਾਰ ਬਿਨਾਂ ਫ਼ਤਹਿ ਬੁਲਾਏ ਇੱਕ-ਇੱਕ ਕਰਕੇ ਖਿਸਕਦੇ ਗਏ। ਰਹਿ ਗਏ ਸੰਤ ਜੀ ਤੇ ਮੁੱਖ ਮੰਤਰੀ।

"ਸ੍ਰ. ਗੁਰਨਾਮ ਸਿਆਂ, ਇਹ ਸਾਰੇ ਹੀ ਨਿੱਘਰ ਗਏ? ਬੜੀ ਮਾੜੀ ਗੱਲ ਹੋਈ।" ਸੰਤ ਜੀ ਦਾ ਅਸਚਰਜ ਹਾਲੇ ਤੱਕ ਟੁੱਟਾ ਨਹੀਂ ਸੀ।

"ਸੰਤ ਜੀ ਤੁਸੀਂ ਢਕੀ ਰਿੱਝਣ ਦਿਓ; ਕੁਝ ਨਾ ਪੁੱਛੋ ਤਾਂ ਚੰਗਾ ਹੈ। ਸਿੱਖ ਕੌਮ ਨੂੰ ਰੋਲਣ ਲਈ ਕਈ ਪੱਖਾਂ ਤੋਂ ਸੰਨ੍ਹਾਂ ਲਾਈਆਂ ਹੋਈਆਂ ਏ। ਜੱਟ ਦਾ ਜੱਟ ਵੈਰੀ ਇਹ ਸਿਆਸਤ ਵਿਚ ਮਾਰ ਈ ਖਾ ਸਕਦੇ ਐ। ਆਹ ਵਜ਼ਾਰਤ ਤੁਹਾਡੀ ਮਿਹਰਬਾਨੀ ਨਾਲ ਖ਼ਬਰੇ ਕਿਵੇਂ ਸਿਰੇ ਚੜ੍ਹ ਗਈ।" ਮੁੱਖ ਮੰਤਰੀ ਨੇ ਨਿੱਤ ਵਾਪਰਦੇ ਦਾ ਰੋਣਾ ਰੋਇਆ।

"ਹੁਣ ਰਾਜ ਸਭਾ ਲਈ ਸਾਡੇ ਉਮੀਦਵਾਰ ਲਈ ਅਸੈਂਬਲੀ ਵੋਟਾਂ ਤੁਸੀਂ ਇਕੱਠੀਆਂ ਕਰਨੀਆਂ ਹਨ।" ਸੰਤ ਜੀ ਅਸਲੀ ਮੁੱਦੇ ਵਾਲੀ ਗੱਲ 'ਤੇ ਆ ਗਏ।

"ਸੰਤ ਜੀ, ਤੁਸਾਂ ਆਪਣੇ ਡਰਾਈਵਰ ਨੂੰ ਬਠਿੰਡੇ ਤੋਂ ਪਾਰਲੀਮੈਂਟ ਵਿਚ ਭੇਜ ਕੇ ਜਿਹੜੀ ਬਦਨਾਮੀ ਖੱਟੀ ਐ, ਉਸ ਨੂੰ ਮੁੜ ਨਾ ਦੁਹਰਾਓ।"

"ਕਿਉਂ? ਕੀ ਬਦਨਾਮੀ?" ਸੰਤ ਫ਼ਤਹਿ ਸਿੰਘ ਜੀ ਥੋੜ੍ਹੀ ਚੋਭ੍ਹ ਖਾ ਗਏ। "ਉਹ ਭਾਰੀ ਬਹੁਮਤ ਨਾਲ ਜਿੱਤਿਆ ਸੀ।"

"ਗੱਲ ਨਿਰੀ ਜਿੱਤਣ ਦੀ ਨਹੀਂ। ਜਿੱਥੇ ਕਾਨੂੰਨੀ ਲੜਾਈ ਲਈ ਦਲੀਲਾਂ ਨਾਲ ਬਹਿਸਾਂ ਹੁੰਦੀਆਂ ਹਨ, ਉੱਥੇ ਅਨਪੜ੍ਹ, ਡਰਾਈਵਰ ਪੰਜਾਬ ਦੇ ਹਿੱਤਾਂ ਲਈ ਕੀ ਸੋਚ ਸਕਦਾ ਹੈ–ਕੀ ਬੋਲ ਸਕਦਾ ਹੈ। ਹਾਂ, ਤੁਹਾਡੀ ਕ੍ਰਿਪਾ ਨਾਲ ਪੰਜ ਸਾਲ ਤਨਖਾਹ ਜ਼ਰੂਰ ਲੈ ਲਏਗਾ। ਅਸੀਂ ਕਿਉਂ ਨਾ ਲਿਆਕਤ ਵਾਲਾ ਕਾਨੂੰਨਦਾਨ ਭੇਜੀਏ; ਜਿਹੜਾ ਸਿੱਖਾਂ ਤੇ ਪੰਜਾਬ ਦਾ ਭਲਾ ਸੋਚੇ ਤੇ ਸਿਰ ਉੱਚਾ ਕਰੇ।" ਮੁੱਖ ਮੰਤਰੀ ਨੇ ਦਲੀਲਾਂ ਦੇ ਕੇ ਸੰਤ ਜੀ ਨੂੰ ਸਮਝਾਉਣ ਦੀ ਪੂਰੀ ਵਾਹ ਲਾਈ। "ਇੱਕ ਸ੍ਰ. ਕਪੂਰ ਸਿੰਘ ਆਈ. ਸੀ. ਐੱਸ. ਤੋਂ ਬਿਨਾਂ ਪਾਰਲੀਮੈਂਟ ਵਿਚ ਕਿਹੜਾ ਸਿੱਖ ਸਾਡੀਆਂ ਸਮੱਸਿਆਵਾਂ ਬਾਰੇ ਬੋਲਿਆ ਹੈ। ਕਿਸੇ ਪੜ੍ਹੇ–ਲਿਖੇ ਸਿੱਖ ਨੂੰ ਅਕਾਲੀ ਪਾਰਟੀ ਵਿੱਚ ਅੱਗੇ ਆਉਣ ਹੀ ਨਹੀਂ ਦੇਣਾ। ਸੰਤ ਜੀ, ਇਹ ਰਵਾਇਤ ਤੋੜੋ।"

"ਉਹ ਤਾਂ ਗਰੇਵਾਲਾ ਤੇਰੀ ਗੱਲ ਠੀਕ ਐ, ਮੈਂ ਵਚਨ ਦੇ ਬੈਠਾ ਆਂ। ਭੱਜਣਾ ਵੀ ਲਾਹਨਤ ਵਰਗੀ ਗੱਲ ਐ।"

"ਕੌਮ ਨੂੰ ਚੜ੍ਹਦੀ ਕਲਾ ਵਿਚ ਲਿਜਾਣਾ ਤੁਹਾਡਾ ਤੇ ਮੇਰਾ ਕੌਮੀ ਫ਼ਰਜ਼ ਹੈ। ਤੁਸੀਂ ਪ੍ਰਧਾਨ ਤੇ ਮੈਂ ਮੁੱਖ ਮੰਤਰੀ ਆਂ, ਥੋੜ੍ਹੀ ਜ਼ਿੰਮੇਵਾਰੀ ਮਹਿਸੂਸ ਕਰੋ। ਐਵੇਂ ਲੱਲੂਆਂ–ਪੰਜੂਆਂ ਨੂੰ ਕੌਮ ਦੇ ਨੁਮਾਇੰਦੇ ਬਣਾ ਕੇ ਭੇਜਣਾ ਚੰਗੀ ਗੱਲ ਨਹੀਂ।"

"ਇਸ ਵਾਰ ਤੂੰ ਬੇੜਾ ਬੰਨੇ ਲਾ ਦੇ, ਅਗਾਂਹ ਤੋਂ ਤੇਰੀ ਸਲਾਹ ਨਾਲ ਕਦਮ ਪੁੱਟਿਆ ਕਰਾਂਗੇ।"

"ਮੈਂ ਅਸੈਂਬਲੀ ਮੈਂਬਰਾਂ ਦੀ ਮੀਟਿੰਗ ਸੱਦ ਦਿਆਂਗਾ, ਬਹੁਗਿਣਤੀ ਦਾ ਫ਼ੈਸਲਾ ਸਾਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ।" ਸ੍ਰ. ਗੁਰਨਾਮ ਸਿੰਘ ਨੇ ਦਿਲੋਂ ਹਾਮੀ ਨਾ ਭਰੀ ਅਤੇ ਏਨੀ ਕਹਿ ਕੇ ਉੱਠ ਖਲੋਤਾ।

"ਤੁਹਾਨੂੰ ਗੁਰਨਾਮ ਸਿੰਘ ਜੀ, ਇਹ ਕੰਮ ਸਿਰੇ ਲਾਉਣਾ ਹੀ ਹੋਵੇਗਾ।" ਸੰਤ ਫ਼ਤਹਿ ਸਿੰਘ ਨੇ ਜਾਂਦੇ ਮੁੱਖ ਮੰਤਰੀ ਨੂੰ ਥੋੜ੍ਹਾ ਜ਼ੋਰ ਦੇ ਕੇ ਆਖਿਆ।

ਉਸ ਮਨ ਵਿਚ ਆਖਿਆ, ਇਨ੍ਹਾਂ ਅਨਪੜ੍ਹ ਸਾਧਾਂ ਵੀ ਕੌਮ ਦਾ ਬੇੜਾ ਗਰਕ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਇਨ੍ਹਾਂ ਨੂੰ ਰਾਜ ਸਭਾ ਦੀ ਚੋਣ ਵਿਚ ਗੁੱਠੇ ਲਾ ਦੇਣਾ ਚਾਹੀਦਾ ਹੈ। ਸ੍ਰੀ ਅਕਾਲ ਤਖ਼ਤ ਦੀਆਂ ਪੌੜੀਆਂ ਉਤਰਦਾ ਉਹ ਸਿਰ ਮਾਰ ਰਿਹਾ ਸੀ। ਦੋਹੀਂ ਧਿਰੀਂ ਅੜੀ ਪੈ ਗਈ। ਗੁਰਨਾਮ ਸਿੰਘ ਦੀਆਂ ਦਲੀਲਾਂ ਨੇ ਮੈਂਬਰਾਂ ਨੂੰ ਕਾਇਲ ਕਰ ਲਿਆ ਅਤੇ ਰਾਜ ਸਭਾ ਵਿਚ ਆਪਣਾ ਬੰਦਾ ਭੇਜ ਦਿੱਤਾ ਅਤੇ ਸੰਤ ਫ਼ਤਹਿ ਸਿੰਘ ਦਾ ਉਮੀਦਵਾਰ ਹਾਰ ਗਿਆ। ਉਨ੍ਹਾਂ ਆਪਣੀ ਹਾਰ ਨਾਲ ਅਕਾਲੀ ਪਾਰਟੀ ਦੀ ਹਾਰ ਮਹਿਸੂਸ ਕੀਤੀ। ਉਨ੍ਹਾਂ ਦੁਬਾਰਾ ਅਸੈਂਬਲੀ ਲੀਡਰ ਦੀ ਚੋਣ ਲਈ ਮੀਟਿੰਗ ਸੱਦ ਲਈ। ਅਕਾਲੀ ਮੈਂਬਰਾਂ ਦੀ ਵੋਟਿੰਗ ਵਿਚ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਸੰਤ ਫ਼ਤਹਿ ਸਿੰਘ ਦਾ ਸਮਰਥਨ ਕੀਤਾ ਸੀ। ਸ੍ਰ. ਗੁਰਨਾਮ ਸਿੰਘ ਨੇ ਅਸੈਂਬਲੀ ਵਿਚ ਹਾਰਨ ਨਾਲੋਂ ਚੁੱਪ ਚਾਪ ਪਹਿਲਾਂ ਹੀ ਅਸਤੀਫ਼ਾ ਦੇ ਦਿੱਤਾ। ਕਾਂਗਰਸੀ ਮੈਂਬਰਾਂ ਉਸ ਲਈ ਹਿੱਕ ਥਾਪੜੀ ਸੀ, ਪਰ ਉਸ ਉਨ੍ਹਾਂ ਦੀ ਹਮਾਇਤ ਨਾਲ ਮੁੱਖ ਮੰਤਰੀ ਬਣੇ ਰਹਿਣਾ ਪ੍ਰਵਾਨ ਨਾ ਕੀਤਾ। ਸੰਤ ਫ਼ਤਹਿ ਸਿੰਘ ਦੀ ਸਵੱਲੀ ਨਜ਼ਰ ਸ੍ਰ. ਪ੍ਰਕਾਸ਼ ਸਿੰਘ ਬਾਦਲ 'ਤੇ ਆ ਪਈ। ਉਹ ਜੂਨੀਅਰ ਵਜ਼ੀਰ ਸੀ। ਉਸ ਨੂੰ ਮੁੱਖ ਮੰਤਰੀ ਬਣਾਉਣ 'ਤੇ ਸ੍ਰ. ਲਛਮਣ ਸਿੰਘ ਗਿੱਲ ਅੰਦਰੋਂ ਅੰਦਰ ਵੱਟ ਖਾ ਗਿਆ। ਉਹ ਗੁਰਨਾਮ ਸਿੰਘ ਪਿੱਛੋਂ ਨੰਬਰ ਦੋ ਵਜ਼ੀਰ ਸੀ। ਮੈਰਟ ਤੇ ਸਿਆਸੀ ਜੋੜ ਤੋੜਾਂ ਕਾਰਨ ਮੁੱਖ ਮੰਤਰੀ ਬਣਨਾ ਉਹ ਆਪਣਾ

ਅਧਿਕਾਰ ਸਮਝਦਾ ਸੀ, ਪਰ ਇਸ ਬੇਇਨਸਾਫ਼ੀ ਵਿਰੁੱਧ ਥਾਏਂ ਦੜ ਵੱਟ ਗਿਆ।

ਪ੍ਰਕਾਸ਼ ਸਿੰਘ ਬਾਦਲ ਦੀ ਮਨਿਸਟਰੀ ਥੋੜ੍ਹਾ ਸਮਾਂ ਹੀ ਚੱਲੀ। ਸ੍ਰ. ਲਛਮਣ ਸਿੰਘ ਨੇ ਦਿਲ ਦਾ ਸਾੜਾ ਆਪਣੇ ਪਿੰਡ ਦੇ ਇੱਕ ਕਾਂਗਰਸੀ ਕੋਲ ਜ਼ਾਹਰ ਕੀਤਾ:

"ਯਾਰ, ਮੈਂ ਇੱਕ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਨਾ ਚਾਹੁੰਦਾ ਆਂ।"

"ਕੋਈ ਮੁਸ਼ਕਲ ਨਹੀਂ, ਤੂੰ ਥੋੜ੍ਹਾ ਜਿਹਾ ਜੇਰਾ ਕਰ।"

ਯਾਰ ਨੇ ਕਾਂਗਰਸ ਦੀ ਖ਼ਿਦਮਤ ਕਰਨ ਦਾ ਮੌਕਾ ਸਾਂਭ ਲਿਆ। ਕਾਂਗਰਸੀਆਂ ਲਛਮਣ ਸਿੰਘ ਨੂੰ ਕਬੂਤਰ ਸਮਝ ਕੇ ਆਪਣਾ ਜਾਲ ਸੁੱਟਣਾ ਸ਼ੁਰੂ ਕਰ ਦਿੱਤਾ। ਕਬੂਤਰ ਕਦੇ ਲਛਮਣ ਸਿੰਘ ਦਾ ਚੋਣ ਨਿਸ਼ਾਨ ਰਿਹਾ ਸੀ, ਫਿਰ ਉਸ ਨਾਲ ਦਿੱਲੀ ਦਾ ਕਬੂਤਰ ਅੱਲ ਜੁੜ ਗਈ। ਕਾਂਗਰਸ ਹਾਈ ਕਮਾਂਡ ਦੇ ਇਸ਼ਾਰੇ 'ਤੇ ਲਛਮਣ ਸਿੰਘ ਨੂੰ ਪੂਰਨ ਭਰੋਸੇ ਦੀ ਹਰੀ ਝੰਡੀ ਦਿੱਤੀ ਗਈ। ਉਸ ਅੰਦਰ ਖ਼ਾਤੇ ਅਕਾਲੀ ਮੈਂਬਰ ਗੰਢਣੇ ਸ਼ੁਰੂ ਕਰ ਦਿੱਤੇ। ਅਖ਼ੀਰ ਉਸ ਵੀਹ ਮੈਂਬਰ ਤੋੜ ਕੇ ਅਕਾਲੀ ਪਾਰਟੀ ਤੋਂ ਬਗ਼ਾਵਤ ਕਰ ਦਿੱਤੀ। ਅਸੈਂਬਲੀ ਹਾਊਸ ਵਿਚ ਕਾਂਗਰਸ ਖੁੱਲ੍ਹਮ-ਖੁੱਲ੍ਹਾ ਉਸ ਦੀ ਪਿੱਠ 'ਤੇ ਆ ਗਈ। ਇਹ ਖ਼ਬਰ ਸੁਣਨ ਸਾਰ ਸੰਤ ਫ਼ਤਹਿ ਸਿੰਘ ਦਾ ਦਿਲ ਫੇਲ੍ਹ ਹੋਣ ਵਾਲਾ ਹੋ ਗਿਆ, ਕਿਉਂਕਿ ਲਛਮਣ ਸਿੰਘ ਨੇ ਹੀ ਸੰਤ ਨੂੰ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਪ੍ਰਧਾਨ ਕਾਮਯਾਬ ਕਰਵਾਇਆ ਸੀ। ਸੰਤਾਂ ਦੇ ਵਿਸ਼ਵਾਸ ਨੂੰ ਭਾਰੀ ਸੱਟ ਵੱਜੀ। ਉਹ ਯਕੀਨ ਨਹੀਂ ਕਰ ਸਕਦੇ ਸੀ ਕਿ ਲਛਮਣ ਸਿੰਘ ਫ਼ਰਾਰ ਹੋ ਜਾਵੇਗਾ। ਪ੍ਰਕਾਸ਼ ਸਿੰਘ ਆਪਣੇ ਮੈਂਬਰਾਂ ਨੂੰ ਆਪਣੀ ਮੁੱਠੀ ਵਿਚ ਨਾ ਰੱਖ ਸਕਿਆ। ਉਸ ਨੂੰ ਅਸਤੀਫ਼ਾ ਦੇਣਾ ਪੈ ਗਿਆ। ਸੋਚੀ-ਸਮਝੀ ਚਾਲ ਅਨੁਸਾਰ ਗਵਰਨਰ ਨੇ ਝੱਟ ਲਛਮਣ ਸਿੰਘ ਨੂੰ ਮੁੱਖ ਮੰਤਰੀ ਪਦ ਦੀ ਸੌਂਹ ਚੁੱਕਵਾ ਦਿੱਤੀ। ਲਛਮਣ ਸਿੰਘ ਦੇ ਵਜ਼ੀਰ ਪਹਿਲੀ ਵਜ਼ਾਰਤ ਨਾਲੋਂ ਵੀ ਅਨਾੜੀ ਸਨ। ਲਛਮਣ ਸਿੰਘ ਦੇ ਜ਼ੋਰ ਦੇਣ 'ਤੇ ਵੀ ਕਾਂਗਰਸ ਵਜ਼ਾਰਤ ਵਿਚ ਸ਼ਾਮਲ ਨਹੀਂ ਹੋਈ ਸੀ ਅਤੇ ਨਾ ਹੀ ਉਸ ਲਛਮਣ ਸਿੰਘ ਨੂੰ ਕਾਂਗਰਸ ਵਿਚ ਲਿਆ। ਵਜ਼ਾਰਤ ਤੋਂ ਬਾਹਰ ਰਹਿ ਕੇ ਹਮਾਇਤ ਦੇਣ ਦਾ ਉਨ੍ਹਾਂ ਵਾਅਦਾ ਪੂਰਾ ਕਰ ਦਿੱਤਾ। ਇਧਰ ਲਛਮਣ ਸਿੰਘ ਨੂੰ ਵਜ਼ਾਰਤੀ ਭਰਤੀ ਪੂਰੀ ਕਰਨ ਲਈ ਲੋੜੀਂਦੇ ਵਜ਼ੀਰ ਨਹੀਂ ਮਿਲ ਰਹੇ ਸਨ। ਅਣਜਾਣ ਵਜ਼ੀਰਾਂ ਕਾਰਨ ਇੱਕ ਤਰ੍ਹਾਂ ਹਰਲੋ ਹੀ ਹੋ ਗਈ।

ਸ੍ਰ. ਲਛਮਣ ਸਿੰਘ ਦੀ ਵਜ਼ਾਰਤ ਐਸੀ ਵੈਸੀ ਹੀ ਸੀ ਅਤੇ ਮੰਗਵੇਂ ਨੁਮਾਇ 'ਤੇ ਖੜ੍ਹੀ ਸੀ। ਇਸ ਗੱਲ ਦਾ ਉਸ ਨੂੰ ਵੀ ਅਹਿਸਾਸ ਸੀ, ਮੇਰੀ ਵਜ਼ਾਰਤ ਦੇਰ ਪਾ ਨਹੀਂ। ਹੁਣ ਉਹ ਸਮਝਦਾ ਸੀ, ਜੇ ਕਾਂਗਰਸ ਨੇ ਮੈਨੂੰ ਵਰਤਿਆ ਹੈ, ਤਾਂ ਮੈਂ ਵੀ ਉਸ ਨੂੰ ਮੁੱਖ ਮੰਤਰੀ ਬਣਨ ਲਈ ਵਰਤਿਆ ਹੈ। ਜੱਟ ਦੀ ਜ਼ਿੱਦ ਅਸੂਲਾਂ ਨੇਮਾਂ ਨੂੰ ਪਰ੍ਹਾਂ ਵਗਾਹ ਕੇ ਕਾਮਯਾਬ ਹੋਈ ਸੀ। ਅਕਾਲੀ ਪਾਰਟੀ ਵਿਚ ਉਸ ਦੀ ਬਦਨਾਮੀ ਹੋਣੀ ਹੀ ਸੀ। ਪਰ ਉਸ ਸਾਰੀਆਂ ਪ੍ਰਵਾਹਾਂ ਨੂੰ ਪਾਸੇ ਸੁੱਟ ਕੇ ਪੰਜਾਬ ਦੇ ਦੋ ਯਾਦਗਾਰੀ ਕੰਮ ਖਿੱਚ-ਧੂਹ ਕੇ ਸਿਰੇ ਚਾੜ੍ਹ ਦਿੱਤੇ, ਜਿਹੜੇ ਪੰਜਾਬ ਦੇ ਇਤਿਹਾਸ ਨੂੰ ਹਮੇਸ਼ਾ ਯਾਦ ਰਹਿਣਗੇ।

ਮੁੱਖ ਮੰਤਰੀ ਬਣਨ ਸਾਰ ਉਸ ਸ੍ਰ. ਮਹਿੰਦਰ ਸਿੰਘ ਰੰਧਾਵਾ ਵਾਈਸ ਚਾਂਸਲਰ ਖੇਤੀ ਯੂਨੀਵਰਸਿਟੀ ਲੁਧਿਆਣਾ ਤੋਂ ਸਲਾਹ ਪੁੱਛੀ:

"ਮੈਨੂੰ ਅਜਿਹਾ ਕੰਮ ਕਰਨ ਦੀ ਸਲਾਹ ਦੇਵੋ, ਜਿਸ ਨਾਲ ਮੇਰਾ ਨਾਂ ਲੋਕਾਂ ਵਿਚ ਹਮੇਸ਼ਾ ਯਾਦ ਰਹੇ?"

"ਤੂੰ ਪਿੰਡਾਂ ਦੇ ਕੱਚੇ ਰਾਹਾਂ ਨੂੰ ਪੱਕੀਆਂ ਲਿੰਕ ਸੜਕਾਂ ਬਣਾ ਕੇ ਵੱਡੀਆਂ ਸ਼ਹਿਰੀ ਸੜਕਾਂ ਨਾਲ ਜੋੜ ਦੇ। ਪਿੰਡਾਂ ਵਾਲੇ ਖ਼ਾਸ ਤੌਰ 'ਤੇ ਕਿਸਾਨ ਤੇਰਾ ਜੱਸ ਗਾਉਣਗੇ। ਤੂੰ ਜੱਟ ਦਾ ਪੁੱਤ ਏਂ ਤੇ ਕਰ ਸਕਦਾ ਏਂ।" ਰੰਧਾਵਾ ਸਾਹਿਬ ਨੇ ਉਸ ਨੂੰ ਉਤਸ਼ਾਹ ਦਿੱਤਾ।

"ਬੱਸ ਹੋ ਗਿਆ ਸਮਝੋ, ਤੁਹਾਡੀ ਬਹੁਤ ਮਿਹਰਬਾਨੀ।" ਉਸ ਨੂੰ ਇੱਕ ਤਰ੍ਹਾਂ ਨਵੀਂ ਹੱਲਾਸ਼ੇਰੀ ਮਿਲ ਗਈ।

ਉਸ ਨੂੰ ਪਤਾ ਸੀ, ਮੇਰੇ ਕੋਲ ਵਜ਼ਾਰਤ ਥੋੜ੍ਹ ਚਿਰੀ ਹੈ ਤੇ ਕਰਨ ਵਾਲਾ ਕੰਮ ਬਹੁਤ ਵੱਡਾ ਹੈ। ਪਰ ਉਸ ਬਜਟ ਦਾ ਵੱਡਾ ਹਿੱਸਾ ਪਿੰਡਾਂ ਦੀਆਂ ਲਿੰਕ ਸੜਕਾਂ ਲਈ ਵਕਫ਼ ਕਰਕੇ ਪੂਰੇ ਜ਼ੋਰ-ਸ਼ੋਰ ਨਾਲ ਕੰਮ ਸ਼ੁਰੂ ਕਰਵਾ ਦਿੱਤਾ। ਭਾਵੇਂ ਉਸ ਦੇ ਆਪਣੇ ਅਤੇ ਵਜ਼ੀਰਾਂ ਵਿਚ ਬਹੁਤ ਖ਼ਾਮੀਆਂ ਸਨ, ਪਰ ਉਸ ਦੇ ਪੇਂਡੂ ਸੜਕਾਂ ਬਣਾਉਣ ਵਾਲੇ ਮਾਅਰਕੇ ਨੇ ਸਾਰੇ ਐਬ ਢੱਕ ਲਏ। ਜਿਸ ਦਿਨ ਉਸ ਪੰਜਾਬ ਅਸੈਂਬਲੀ ਵਿਚ ਇੱਕੋ-ਇੱਕ ਸਰਕਾਰੀ ਜ਼ਬਾਨ ਪੰਜਾਬੀ ਦਾ ਰੈਜ਼ੂਲੇਸ਼ਨ ਲਿਆਂਦਾ, ਸਾਰੀਆਂ ਧਿਰਾਂ ਦੀਆਂ ਪਾਰਟੀਆਂ ਅਤੇ ਹੋਰ ਆਜ਼ਾਦ ਮੈਂਬਰ ਹੈਰਾਨ ਹੀ ਰਹਿ ਗਏ। ਕਿਸੇ ਨੂੰ ਵੀ ਪੰਜਾਬੀ ਜ਼ਬਾਨ ਦੀ ਵਿਰੋਧਤਾ ਕਰਨ ਦੀ ਜੁਰੱਅਤ ਨਾ ਪਈ। ਪੰਜਾਬ ਦੀ ਸਰਕਾਰੀ ਜ਼ਬਾਨ ਦਾ ਮਤਾ ਸਰਬ ਸੰਮਤੀ ਨਾਲ ਪਾਸ ਹੋ ਗਿਆ। ਉਸ ਦਾ ਇਹ ਕਾਰਨਾਮਾ ਸ੍ਰ. ਗੁਰਨਾਮ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਦੀਆਂ ਵਜ਼ਾਰਤਾਂ ਨੂੰ ਥੱਲੇ ਲਾਹ ਗਿਆ ਸੀ। ਮਹਾਸ਼ਾ ਪ੍ਰੈਸ ਨੇ ਪੰਜਾਬੀ ਦੀ ਵਿਰੋਧਤਾ ਦਾ ਪਿੱਟ ਪਟਊਆ ਕੀਤਾ, ਪਰ ਕਿਸੇ ਨੋਟਿਸ ਹੀ ਨਾ ਲਿਆ। ਉਸ ਸਮੇਂ ਪੰਜਾਬੀ ਮਾਂ ਦੀ ਵਿਰੋਧਤਾ ਕਰਨਾ ਆਪੇ ਨੂੰ ਗ਼ੱਦਾਰ ਸਾਬਤ ਕਰਨਾ ਸੀ। ਮੁੱਖ ਮੰਤਰੀ ਨੂੰ ਚਾਰ ਚੁਫ਼ੇਰਿਓਂ ਵਧਾਈਆਂ ਦੀਆਂ ਤਾਰਾਂ ਆਉਣ ਲੱਗ ਪਈਆਂ।

ਸ੍ਰ. ਲਛਮਣ ਸਿੰਘ ਦੀ ਚੜ੍ਹਾਈ ਕਾਂਗਰਸ ਨੂੰ ਪ੍ਰਵਾਨ ਨਹੀਂ ਸੀ। ਉਹ ਕਾਂਗਰਸੀਆਂ ਨੂੰ ਅੱਖਾਂ ਵਿਖਾਉਣ ਲੱਗ ਪਿਆ ਸੀ। ਜੱਟ ਸੀ ਤੇ ਮਿੱਠਾ ਪਿਆਰਾ ਹੋ ਕੇ ਕੰਮ ਕੱਢਣ ਨਾਲੋਂ ਹਿੱਕ ਦਾ ਧੱਕਾ ਵੱਧ ਵਰਤਦਾ ਸੀ। ਕਾਂਗਰਸੀਆਂ ਮਨ ਵਿਚ ਆਖਿਆ, ਭਾੜੇ ਦਾ ਮੁੱਖ ਮੰਤਰੀ ਤੇ ਦਿੱਲੀ ਦਾ ਕਬੂਤਰ, ਬਿੱਲੀ ਨੂੰ ਅੱਖਾਂ ਵਿਖਾਵੇ। ਉਨ੍ਹਾਂ ਹਮਾਇਤ ਨਾਲ ਫੱਟਾ ਖਿੱਚ ਲਿਆ। ਉਸ ਦੀ ਵਜ਼ਾਰਤ ਦਾ ਡਿੱਗਣਾ ਕੁਦਰਤੀ ਹੋ ਗਿਆ। ਗਵਰਨਰ ਦੇ ਹੁਕਮ ਨਾਲ ਨਵੀਆਂ ਚੋਣਾਂ ਦਾ ਐਲਾਨ ਹੋ ਗਿਆ। ਲਛਮਣ ਸਿੰਘ ਮੁੜ ਐੱਮ. ਐੱਲ. ਏ. ਤਾਂ ਬਣ ਗਿਆ, ਪਰ ਉਸ ਦੀ ਟੌਅਰ ਵਾਲੀ ਸ਼ਾਨ ਗਵਾਚ ਗਈ ਸੀ। ਉਹ ਕਾਂਗਰਸ ਨੂੰ ਗਾਲ੍ਹਾਂ ਦੇ ਰਿਹਾ ਸੀ। ਇਨ੍ਹਾਂ ਕਦੇ ਵੀ ਸਿੱਖਾਂ ਦਾ ਭਲਾ ਨਹੀਂ ਸੋਚਿਆ, ਸਾਲੇ ਬੇਈਮਾਨ, ਸਾਰੇ ਜ਼ਮਾਨੇ ਦੇ। ਸਿੱਖਾਂ ਤੋਂ ਗ਼ਦਾਰੀਆਂ ਕਰਵਾ-ਕਰਵਾ ਆਪਣਾ ਉੱਲੂ ਸਿੱਧਾ ਕਰਦੇ ਰਹੇ। ਚੰਗਾ ਹੁੰਦਾ ਮੈਂ ਹੀ ਅਕਾਲੀ ਪਾਰਟੀ ਨੂੰ ਪਿੱਠ ਨਾ ਦਿੰਦਾ। ਉਹ ਦਿਨੋ-ਦਿਨ ਝੁਰਦਾ ਰਿਹਾ ਅਤੇ ਇੱਕ ਦਿਨ ਦਿਲ ਦੀ ਹਰਕਤ ਬੰਦ ਹੋ ਗਈ। ਉਸ ਦੇ ਪਿੰਡ ਚੂਹੜਚੱਕ ਵਿਚ ਸਰਕਾਰੀ ਸਨਮਾਨਾਂ ਨਾਲ ਅੰਤਮ ਸਸਕਾਰ ਕਰ ਦਿੱਤਾ ਗਿਆ।

ਬਿਲਕੁਲ ਏਹੀ ਹਾਲ ਵਜ਼ਾਰਤ ਟੁੱਟਣ ਨਾਲ ਸ੍ਰ. ਗੁਰਨਾਮ ਸਿੰਘ ਦਾ ਹੋਇਆ ਸੀ। ਉਹ ਅਕਾਲੀ ਪਾਰਟੀ ਵੱਲੋਂ ਛਿੱਥਾ ਪੈ ਚੁੱਕਾ ਸੀ। ਥੋੜ੍ਹੇ ਚਿਰ ਪਿੱਛੋਂ ਸੰਤ ਚੰਨਣ ਸਿੰਘ ਤੇ ਫ਼ਤਹਿ ਸਿੰਘ ਅੱਗੜ-ਪਿੱਛੜ ਚਲਾਣਾ ਕਰ ਗਏ। ਅਕਾਲੀ ਪਾਰਟੀ ਇੱਕ ਤਰ੍ਹਾਂ ਆਗੂ ਰਹਿਤ ਹੋ ਗਈ। ਜੇ ਥੋੜ੍ਹੀ-ਬਹੁਤ ਨਿਗ੍ਹਾ ਟਿਕਦੀ ਸੀ ਤਾਂ ਕੇਵਲ ਉਹ ਸ੍ਰ. ਗੁਰਨਾਮ ਸਿੰਘ

ਦੀ ਸੂਝ ਅਤੇ ਲਿਆਕਤ ਵੱਲ ਹੀ ਜਾਂਦੀ ਸੀ। ਅਕਾਲੀ ਦਲ ਦੇ ਚੜ੍ਹਦੀ ਕਲਾ ਵਿਚ ਜਾਣ ਵਾਲੀ ਗੱਲ ਇੱਕ ਗੁਜਰਾਤੀ ਨੇ ਭਾਂਪ ਲਈ। ਉਸ ਝੱਟ ਇੰਦਰਾ ਗਾਂਧੀ ਦੇ ਕੰਨ ਵਲੇਲ ਆ ਪਾਈ।

"ਸਾਡੇ ਪ੍ਰਧਾਨ ਮੰਤਰੀ ਜੀਓ! ਪੰਜਾਬ ਕੇ ਅਕਾਲੀਓਂ ਕੋ ਨੀਚੇ ਦਬਾਈ ਰਖਣੇ ਕਾ ਅਬ ਸਮੇਂ ਹੈ।"

"ਵੋਹ ਕੈਸੇ?" ਇੰਦਰਾ ਨੇ ਐਨਕ ਲਾਹ ਲਈ। ਉਹ ਇਹ ਗੱਲ ਚਾਹੁੰਦੀ ਹੀ ਸੀ।

"ਸ੍ਰ. ਗੁਰਨਾਮ ਸਿੰਘ ਕੋ ਆਪਣੇ ਸਾਥ ਜੋੜ ਲੇ। ਵੋਹੀ ਉਨ ਮੇਂ ਸੂਝ ਰਖਤਾ ਹੈ। ਅਕਾਲੀ ਪਾਰਟੀ ਲੀਡਰ ਰਹਿਤ ਹੋ ਜਾਏਗੀ, ਨਹੀਂ ਤੋ ਵੋਹ ਅਕਾਲੀਓਂ ਮੇਂ ਮੁਖੀ ਜਾ ਬਣੇਗਾ।"

"ਗੁਰਨਾਮ ਸਿੰਘ ਹਮਾਰੇ ਸਾਥ ਕਿਉਂ ਜੁੜੇਗਾ?" ਉਸ ਨੂੰ ਪਹਿਲੀ ਮਿਲਣੀ ਦਾ ਤਲਖ਼ ਤਜਰਬਾ ਸੀ।

"ਐਸਾ ਲਾਲਚ ਦੇ ਕਿ ਵੋਹ ਛੋੜ ਹੀ ਨਾ ਸਕੇ।" ਗੁਜਰਾਤੀ ਵੀ ਪੁਰਾਣਾ ਘਾਗ ਸੀ।

"ਲੇਕਿਨ ਹਮ ਐਸਾ ਕਿਉਂ ਕਰੇਂ?" ਇੰਦਰਾ ਗਾਂਧੀ ਨੇ ਉਲਟਾ ਸਵਾਲ ਖੜ੍ਹਾ ਕਰ ਦਿੱਤਾ।

"ਅਬ ਤੱਕ ਜੋ ਸਿੱਖ ਕਾਂਗਰਸ ਮੇਂ ਆਏ ਹੈਂ, ਸਭ ਸਿੱਖੋਂ ਕੀ ਨਿਗਾਹੋਂ ਮੇਂ ਗਿਰ ਚੁਕੇ ਹੈਂ। ਜਬ ਉਨ ਕੀ ਸਾਖ਼ ਆਪਣੇ ਲੋਗੋਂ ਮੇਂ ਨਹੀਂ, ਹਮਾਰੇ ਲੀਏ ਵੀ ਨਕਾਰਾ ਹੈਂ। ਆਪ ਨੇ ਮੇਰੀ ਬਾਤ ਕੋ ਪਾ ਲੀਆ ਹੋਗਾ। ਅਗਰ ਹਮ ਨੇ ਕਿਸੀ ਬੜੇ ਸਿੱਖ ਕੋ ਕੋਈ ਮਾਣਯੋਗ ਅਹੁਦਾ ਦੇ ਦੀਆ, ਫਿਰ ਕੋਈ ਸਿੱਖ ਗ਼ਦਾਰੀ ਕਰਕੇ ਹਮਾਰੇ ਸਾਥ ਨਹੀਂ ਆਏਗਾ। ਸਿੱਖੋਂ ਮੇਂ ਗ਼ਦਾਰ ਪੈਦਾ ਕਰਨਾ ਹਮਾਰੀ ਮੁੱਖ ਜ਼ਰੂਰਤ ਹੈ।" ਗੁਜਰਾਤੀ ਆਪਣੀ ਗਰਜ਼ ਲਈ ਵੀ ਇੰਦਰਾ ਦੀਆਂ ਨਜ਼ਰਾਂ ਵਿੱਚ ਆਉਣਾ ਚਾਹੁੰਦਾ ਸੀ।

ਗੁਜਰਾਤੀ ਦਲੀਲਾਂ ਦੇ ਕੇ ਇੰਦਰਾ ਦਾ ਮਨ ਫੇਰਨ ਵਿਚ ਕਾਮਯਾਬ ਹੋ ਗਿਆ। ਇੰਦਰਾ ਨੇ ਪੰਜਾਬ ਗਵਰਨਰ ਰਾਹੀਂ ਸ੍ਰ. ਗੁਰਨਾਮ ਸਿੰਘ ਨੂੰ ਦਿੱਲੀ ਬੁਲਾ ਲਿਆ। ਉਹ ਹੈਰਾਨ, ਮੈਨੂੰ ਇੰਦਰਾ ਨੇ ਕਿਵੇਂ ਸੱਦ ਲਿਆ? ਆਖ਼ਰ ਕੋਈ ਤਾਂ ਵਜ੍ਹਾ ਹੋਵੇਗੀ ਹੀ। ਉਸ ਆਉਣ ਸਾਰ ਇੰਦਰਾ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਆਖੀ। ਇੰਦਰਾ ਨੇ ਮੱਥੇ ਚੜ੍ਹੀ ਤਿਊੜੀ ਝੱਟ ਮੁਸਕਾਨ ਵਿਚ ਬਦਲ ਲਈ।

"ਸਰਦਾਰ ਸਾਹਿਬ! ਪੁਰਾਣੀ ਬਾਤੇਂ ਭੂਲੋ, ਆਓ ਹਮ ਦੋਸਤ ਬਣ ਜਾਏਂ।" ਉਸ ਫੀਲਰ ਸੁੱਟਿਆ।

"ਪੂਰੇ ਦਿਲ ਨਾਲ ਸ੍ਰੀਮਤੀ ਜੀ!" ਗੁਰਨਾਮ ਸਿੰਘ ਥੋੜ੍ਹੇ ਕੀਤਿਆਂ ਉਖੇੜ ਖਾਣ ਵਾਲਾ ਨਹੀਂ ਸੀ।

"ਯਹ ਦੇਸ ਹਮਾਰਾ ਤੁਮਹਾਰਾ ਸਭ ਕਾ ਹੈ। ਇਸੇ ਬਨਾਨਾ ਸੰਵਾਰਨਾ ਹਰ ਹਿੰਦੋਸਤਾਨੀ ਕਾ ਫ਼ਰਜ਼ ਹੈ।"

"ਬਿਲਕੁਲ!" ਉਹ ਲੰਮੇ ਜਵਾਬ ਵਿਚ ਨਹੀਂ ਪੈਣਾ ਚਾਹੁੰਦਾ ਸੀ। ਉਹ ਇੰਦਰਾ ਦੀ ਗਹਿਰਾਈ ਨੂੰ ਸਮਝਣ ਲਈ ਚੌਕੰਨਾ ਹੋ ਗਿਆ।

"ਸਰਦਾਰ ਜੀ! ਹਮ ਚਾਹਤੇ ਹੈਂ, ਆਪ ਕੀ ਲਿਆਕਤ ਕਾ ਫ਼ਾਇਦਾ ਉਠਾਇਆ ਜਾਏ।"

"ਜ਼ਰੂਰ ਸ੍ਰੀਮਤੀ ਜੀ, ਬੰਦਾ ਹਾਜ਼ਰ ਹੈ।" ਉਹ ਥੋੜ੍ਹਾ ਹੋਰ ਹੋਸ਼ਿਆਰ ਹੋ ਗਿਆ।

"ਹਮ ਚਾਹਤੇ ਹੈਂ, ਆਪ ਆਸਟ੍ਰੇਲੀਆ ਮੇਂ ਭਾਰਤ ਕੇ ਸਫ਼ੀਰ ਬਨ ਕਰ ਸੇਵਾ ਕਰੇਂ।" ਇੰਦਰਾ ਦੀ ਸ਼ੱਕੀ ਨੀਝ ਤਿੱਖੀ ਹੋ ਗਈ।

"ਮੈਂ ਸੇਵਾ ਲਈ ਤਿਆਰ ਆਂ। ਇੱਕ ਸੱਚੇ ਹਿੰਦੋਸਤਾਨੀ ਦੀ ਤਰ੍ਹਾਂ ਖ਼ਿਦਮੱਤ ਕਰਾਂਗਾ।"

"ਬਹੁਤ ਖ਼ੂਬ! ਇਸ ਹਫ਼ਤੇ ਹੀ ਜਾ ਕਰ ਚਾਰਜ ਲੇ ਲੋ। ਹਮੇਂ ਆਪ ਪਰ ਫ਼ਖ਼ਰ ਹੈ।" ਇੰਦਰਾ ਨੇ ਆਪਣੇ ਵਲੋਂ ਭਰੋਸੇ ਵਾਲੀ ਸ਼ਾਬਾਸ਼ ਅਤੇ ਪ੍ਰਸੰਸਾ ਦਿੱਤੀ।

ਸ੍ਰ. ਗੁਰਨਾਮ ਸਿੰਘ ਬਹੁਤ ਖੁਸ਼-ਖੁਸ਼ ਵਾਪਸ ਆਇਆ। ਉਸ ਆਪਣੇ ਹਮਾਇਤੀਆਂ ਦਾ ਇਕੱਠ ਕੀਤਾ ਅਤੇ ਕਿਹਾ, ਮੈਂ ਪੰਜਾਬ ਦੇ ਕਿਸਾਨਾਂ ਲਈ ਖੇਤੀ ਸਬੰਧੀ ਆਸਟ੍ਰੇਲੀਆ ਤੋਂ ਸਹੂਲਤਾਂ ਲੈਣ ਦਾ ਯਤਨ ਕਰਾਂਗਾ। ਪਰ ਉਸ ਨੂੰ ਸਫ਼ੀਰ ਬਣੇ ਰਹਿਣ ਦਾ ਬਹੁਤ ਸਮਾਂ ਨਾ ਮਿਲਿਆ। ਉਸ ਦੇ ਪਹਿਲੀ ਵਾਰ ਹਿੰਦੋਸਤਾਨ ਆਉਂਦਿਆਂ ਜਹਾਜ਼ ਦਿੱਲੀ ਦੇ ਹਵਾਈ ਅੱਡੇ 'ਤੇ ਉਤਰਦਾ ਦੁਰਘਟਨਾ ਦਾ ਸ਼ਿਕਾਰ ਹੋ ਗਿਆ। ਸੈਂਕੜੇ ਹੋਰ ਮੁਸਾਫ਼ਰਾਂ ਨਾਲ ਸ੍ਰ. ਗੁਰਨਾਮ ਸਿੰਘ ਵੀ ਮਾਰਿਆ ਗਿਆ। ਪੰਜਾਬ ਵਿਚ ਇੱਕ ਵਾਰ ਹੋਰ ਸੋਗ ਦੀ ਲਹਿਰ ਦੌੜ ਗਈ।

ਤੇਰ੍ਹਵਾਂ ਕਾਂਡ

ਹੌਲਦਾਰ ਗੁਰਬਖ਼ਸ਼ ਸਿੰਘ ਹੁਣ ਸੂਬੇਦਾਰ ਬਣ ਚੁੱਕਾ ਸੀ। ਉਹ ਅੱਜ ਇਸ ਗੱਲ ਲਈ ਹੈਰਾਨ ਸੀ, ਮੈਨੂੰ ਬਰਗੇਡੀਅਰ ਸੁਬੇਗ ਸਿੰਘ ਨੇ ਕਿਉਂ ਬੁਲਾਇਆ ਹੈ। ਹੈੱਡਕੁਆਟਰ ਦੇ ਮੰਤਰੀ ਨੇ ਉਸ ਨੂੰ ਰੋਕ ਲਿਆ। ਸਾਹਬ ਦੀ ਆਗਿਆ ਨਾਲ ਅੰਦਰ ਜਾਣ ਦਿੱਤਾ। ਜਾਂਦਿਆਂ ਹੀ ਬੂਟ ਜੋੜਵਾਂ ਉਸ ਸੈਲੂਟ ਮਾਰਿਆ।

"ਵੈੱਲ, ਗੁਰਬਖ਼ਸ਼ ਸਿੰਘ ਕੀ ਹਾਲ ਐ?" ਬਰਗੇਡੀਅਰ ਦੇ ਬੁਲਾਣ ਵਿਚ ਭਰਪਣਤਾ ਵਾਲੀ ਖੁਸ਼ੀ ਸੀ। ਉਹ ਜਾਣਦਾ ਸੀ, ਜਵਾਨਾਂ ਨੂੰ ਕਿਵੇਂ ਜੀਅ-ਜਾਨ ਨਾਲ ਸਾਂਭ ਪਾ ਕੇ ਰੱਖਣਾ ਹੈ।

"ਜੀ ਸਰ, ਤੁਹਾਡੀ ਤੇ ਗੁਰੂ ਦੀ ਕ੍ਰਿਪਾ ਹੈ।" ਉਹ ਅਟੈਨਸ਼ਨ ਹੋਇਆ ਖਲੋਤਾ ਰਿਹਾ।

"ਅਸੀਂ ਸਿੱਖ ਹਾਂ, ਭਰਾ ਤੇ ਭਾਰਤੀ ਜਵਾਨ। ਸਰਕਾਰੀ ਨੇਮਾਂ ਤੋਂ ਬਿਨਾਂ ਸਾਂਝ ਸਾਨੂੰ ਇੱਕ-ਦੂਜੇ ਵਿਚ ਘਿਓ-ਖਿਚੜੀ ਵੀ ਕਰਦੀ ਹੈ। ਸਮਝਿਆ ਨਾ?"

"ਜੀ ਸਾਅਬ! ਚੰਗੀ ਤਰ੍ਹਾਂ।"

"ਫੇਰ ਭੇਤ ਦੀ ਗੱਲ ਭੇਤ ਹੀ ਰਹਿਣੀ ਚਾਹੀਦੀ ਹੈ, ਜਿਹੜੀ ਮੈਂ ਤੇਰੇ ਨਾਲ ਸਾਂਝੀ ਕਰ ਰਿਹਾ ਹਾਂ। ਇਹ ਬਹੁਤ ਜ਼ਰੂਰੀ ਹੈ।"

"ਜਨਾਬ ਜਾਨ ਦਾ ਜਿੰਦਾ ਟੁੱਟ ਜਾਊ, ਪਰ ਭੇਤ ਨਾ ਬਾਹਰ ਨਿਕਲੂ।" ਸੂਬੇਦਾਰ ਨੇ ਗੁਰਮੁਖਾਂ ਵਾਲੇ ਨਿਸਚੇ ਨਾਲ ਆਖਿਆ।

"ਸਾਨੂੰ ਪਾਕਿਸਤਾਨ ਦਾ ਪਹਾੜ ਤੋੜਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।"

"ਤੋੜਾਂਗੇ ਸਾਹਬ, ਹਰ ਤਰ੍ਹਾਂ ਤੋੜਾਂਗੇ।" ਗੁਰਬਖਸ਼ ਸਿੰਘ ਥੋੜ੍ਹਾ ਹੋਰ ਤਣ ਕੇ ਖਲੋ ਗਿਆ।

ਬਰਗੇਡੀਅਰ ਸੁਬੇਗ ਸਿੰਘ ਨੇ ਟੱਲੀ ਮਾਰ ਕੇ ਇੱਕ ਹੋਰ ਹੌਲਦਾਰ ਜਵਾਨ ਨੂੰ ਸੱਦ ਲਿਆ। ਉਹ ਵੀ ਸੈਲੂਟ ਦੇ ਕੇ ਅਟੈਨਸ਼ਨ ਹੋ ਗਿਆ।

"ਇਹ ਹੈ ਹੌਲਦਾਰ ਤਾਰਾ ਸਿੰਘ ਮਾਨ, ਤੇਰੀ ਮੁਹਿਮ ਦਾ ਸਾਥੀ। ਤੇਰਾ ਹਰ ਤਰ੍ਹਾਂ ਸਾਥ ਦੇਵੇਗਾ।"

ਹੌਲਦਾਰ ਮਾਨ ਦੋ ਕਦਮਾਂ ਪੁੱਟ ਕੇ ਸੂਬੇਦਾਰ ਬਰਾਬਰ ਆ ਖਲੋਤਾ। ਜਾਪਦਾ ਇਉਂ ਸੀ, ਜਿਵੇਂ ਛੋਟੇ ਵੱਡੇ ਰੈਂਕਾਂ ਨੂੰ ਛੱਡ ਕੇ ਉਹ ਤਿੰਨੇ ਭਰਾ ਹੀ ਹੋਣ। ਜਵਾਨ ਤੇ ਭਰਵੀਆਂ ਸ਼ਖ਼ਸੀਅਤਾਂ ਸਿੱਖੀ ਸ਼ਾਨ ਨੂੰ ਚਾਰ ਚੰਨ ਲਾ ਰਹੀਆਂ ਸਨ। ਤਾਰਾ ਸਿੰਘ ਤੇ ਗੁਰਬਖ਼ਸ਼ ਸਿੰਘ ਨੇ ਇੱਕ-ਦੂਜੇ ਨਾਲ ਮੁਸਕਾਣਾਂ ਵਟਾਈਆਂ। ਬਰਗੇਡੀਅਰ ਦੀ ਛਾਤੀ ਤਮਗਿਆਂ ਨਾਲ ਭਰੀ ਹੋਈ ਸੀ। ਉੱਤਰ ਪੂਰਬ ਵਿਚ ਉਹ ਪੰਜ ਹਜ਼ਾਰ ਜਵਾਨਾਂ 'ਤੇ ਕਮਾਂਡ ਕਰ ਰਿਹਾ ਸੀ।

ਲਾਇਕ ਸਮਝ ਕੇ ਹੀ ਉਸ ਨੂੰ ਪੂਰਬੀ ਪਾਕਿਸਤਾਨ ਤੋੜਨ ਵਾਲੀ ਜ਼ੋਖ਼ਮ ਮੁਹਿਮ ਸੌਂਪੀ ਸੀ। ਉਹ ਪਾਕਿਸਤਾਨ ਤੇ ਚੀਨ ਨਾਲ ਸਾਰੀਆਂ ਲੜਾਈਆਂ ਲੜ ਚੁੱਕਾ ਸੀ। ਇੰਦਰਾ ਉਸ ਉੱਤੇ ਭਰੋਸਾ ਕਰਦੀ ਸੀ। ਉਹ ਲੜਾਈਆਂ ਦੀਆਂ ਵਿੰਗੀਆਂ-ਟੇਢੀਆਂ ਵਿਧੀਆਂ ਦੀ ਮਾਹਰ ਸੀ।

"ਤੁਹਾਡੇ ਨਾਲ ਇਤਬਾਰ ਵਾਲੇ ਸਿੱਖ ਭਰਾ ਸਮਝ ਕੇ ਗੱਲ ਕੀਤੀ ਹੈ। ਉਂਝ ਮਿਲਟਰੀ ਦੇ ਸਖ਼ਤ ਰੂਲਜ਼ ਅਨੁਸਾਰ ਭੇਤ-ਭੇਤ ਹੀ ਰਹਿਣਾ ਚਾਹੀਦਾ ਹੈ।" ਬਰਗੇਡੀਅਰ ਨੇ ਆਪਣਾ ਸਿਰ ਹਿਲਾ ਕੇ ਦੋਵਾਂ ਜਵਾਨਾਂ ਨੂੰ ਹਲੂਣਿਆ।

"ਵਾਰਸ ਸ਼ਾਹ ਨਾ ਭੇਤ ਜ਼ਬਾਨ ਖੁੱਲ੍ਹੇ, ਭਾਵੇਂ ਜਾਨ ਦਾ ਜਿੰਦਰਾ ਟੁੱਟ ਜਾਏ।" ਤਾਰਾ ਸਿੰਘ ਨੇ ਵਿਸ਼ਵਾਸ ਨੂੰ ਹੋਰ ਪੱਕਾ ਕੀਤਾ।

"ਵਾਹ-ਵਾਹ, ਨਹੀਂ ਰੀਸਾਂ ਭਾਊ, ਲੱਗਦਾ ਏ ਹੀਰ ਦਾ ਸ਼ੌਕੀਨ ਏਂ।"

"ਜਨਾਬ ਜੀ, ਹੀਰ ਤਾਂ ਹੋਈ ਪੰਜਾਬ ਦੀ ਧੜਕਣ।"

"ਸਾਡੀ ਇੰਦਰਾ ਨਵਾਂ ਪੰਗਾ ਲੈਣ ਲੱਗੀ ਐ। ਯੂਰਪ ਤੇ ਅਮਰੀਕਾ ਆਦਿ ਦੇਸ਼ਾਂ ਵਿੱਚ ਸੱਚੀ ਹੋਣ ਗਈ ਸੀ ਕਿ ਪੂਰਬੀ ਪਾਕਿਸਤਾਨ ਵਿਚੋਂ ਕੁੱਟ ਕੇ ਕੱਢੇ ਲੱਖਾਂ ਹਿੰਦੂਆਂ ਸ਼ਰਨਾਰਥੀਆਂ ਨੂੰ ਪਾਕਿਸਤਾਨ ਵਾਪਸ ਨਹੀਂ ਲੈਂਦਾ। ਭਾਰਤ ਲਈ ਲੱਖਾਂ ਸ਼ਰਨਾਰਥੀ ਸਿਰਦਰਦੀ ਹੀ ਨਹੀਂ, ਮੁਸੀਬਤ ਬਣੇ ਹੋਏ ਹਨ।

ਸਰਕਾਰ ਸਾਰੀਆਂ ਆਰਥਕ ਸਹੂਲਤਾਂ ਅਤੇ ਇੰਡਸਟਰੀ ਪੱਛਮੀ ਪਾਕਿਸਤਾਨ ਵਿਚ ਲਾਈ ਜਾ ਰਹੀ ਹੈ। ਵੱਡੀਆਂ ਨੌਕਰੀਆਂ ਬਹੁਤੀਆਂ ਪੰਜਾਬੀਆਂ ਕੋਲ ਹਨ। ਪੂਰਬੀ ਪਾਕਿਸਤਾਨ ਦੀ ਆਵਾਮੀ ਲੀਗ ਦਾ ਲੀਡਰ ਜਿਹੜਾ ਪਾਰਲੀਮੈਂਟ ਦਾ ਮੈਂਬਰ ਹੈ, ਜੇਲ੍ਹ ਵਿੱਚ ਦਿੱਤਾ ਹੋਇਆ ਹੈ। ਪਾਰਲੀਮੈਂਟ ਵਿਚ ਬਹੁਗਿਣਤੀ ਬੰਗਾਲੀਆਂ ਦੀ ਹੈ, ਪਰ ਤਾਕਤ 'ਤੇ ਕਬਜ਼ਾ ਕਰੀ ਬੈਠਾ ਏ ਪੱਛਮੀ ਪਾਕਿਸਤਾਨ। ਇਸ ਵੇਲੇ ਬੰਗਾਲੀ ਪੱਛਮੀ ਪਾਕਿਸਤਾਨ ਦੇ ਨਾਲ ਨਹੀਂ। ਲੋਹਾ ਗਰਮ ਜਾਣ ਕੇ ਇੰਦਰਾ ਚਾਹੁੰਦੀ ਐ, ਸ਼ਰਨਾਰਥੀ ਕੈਂਪਾਂ ਵਿਚੋਂ ਬੰਗਾਲੀ ਨੌਜਵਾਨਾਂ ਨੂੰ ਫੌਜੀ ਟ੍ਰੇਨਿੰਗ ਦੇ ਕੇ ਮੁਕਤੀ ਵਹਿਣੀ ਖੜ੍ਹੀ ਕਰੇ ਤਾਂ ਜੋ ਪਾਕਿਸਤਾਨ ਨੂੰ ਤੋੜ ਕੇ ਸਬਕ ਸਿਖਾਇਆ ਜਾਵੇ। ਇਸ ਟ੍ਰੇਨਿੰਗ ਦੇਣ ਦਾ ਭਾਰ ਮੇਰੇ 'ਤੇ ਪਾਇਆ ਗਿਆ ਹੈ। ਇਸ ਜ਼ਿੰਮੇਵਾਰੀ ਨੂੰ ਹੁਣ ਤੁਸੀਂ ਵੀ ਬਰਾਬਰ ਨਿਭਾਓਗੇ। ਇਨ੍ਹਾਂ ਸ਼ਰਨਾਰਥੀਆਂ ਰਾਹੀਂ ਮਿਲਟਰੀ ਵਿਚੋਂ ਕੱਢੇ ਬੰਗਾਲੀਆਂ ਨੂੰ ਖ਼ਾਸ ਤੌਰ 'ਤੇ ਗੰਢਣਾ ਹੈ। ਕਹਿਣਾ, ਆਓ ਤੁਹਾਨੂੰ ਆਜ਼ਾਦ ਕਰਵਾਈਏ, ਸਮਝ ਗਏ ਨਾ?" ਸੁਬੇਗ ਸਿੰਘ ਨੇ ਲੈਕਚਰ ਬੰਦ ਕਰਕੇ ਪ੍ਰਤੀਕਰਮ ਜਾਚਣਾ ਚਾਹਿਆ।

"ਸਾਹਬ ਜੀ, ਅਸੀਂ ਸਾਰਾ ਭਾਰ ਚੁੱਕਾਂਗੇ।" ਗੁਰਬਖ਼ਸ਼ ਸਿੰਘ ਨੇ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ।

"ਤੁਸੀਂ ਫ਼ਿਕਰ ਨਾ ਕਰੋ, ਦਿਨਾਂ ਵਿਚ ਮੁਕਤੀ ਬਹਿਨੀ ਖੜ੍ਹੀ ਕਰ ਦਿਆਂਗੇ।"

"ਹੋਰ ਸੁਣੋ, ਗੰਗਾ ਦੇ ਕਿਨਾਰੇ ਤੋਂ ਹਟਵੀਆਂ ਜੰਗਲਾਂ ਵਿਚ ਕੁਝ ਰੱਖਾਂ ਹਨ, ਜਿੱਥੇ ਤੁਸਾਂ ਬੰਗਾਲੀਆਂ ਨੂੰ ਹਥਿਆਰਾਂ ਦੀ ਸਿਖਲਾਈ, ਬੰਬ ਚਲਾਉਣੇ ਤੇ ਪੁਲ ਤੋੜਨੇ ਸਿਖਾਉਣਾ ਹੈ। ਇਹ ਸਿਖਲਾਈ ਦਿਨ ਰਾਤ ਜਾਰੀ ਰੱਖੀ ਜਾਵੇ। ਇਸ ਤਰ੍ਹਾਂ ਅਸੀਂ ਮੁਕਤੀ ਬਹਿਨੀ ਨੂੰ ਅੱਗੇ ਰੱਖ ਕੇ ਹਮਲਾ ਕਰ ਸਕਾਂਗੇ। ਪੂਰਬੀ ਪਾਕਿਸਤਾਨ ਨੂੰ ਹੁਣ ਦੁਨੀਆਂ ਦੇ ਨਕਸ਼ੇ ਤੋਂ ਲਾਹ ਦੇਣਾ ਹੈ। ਮੁਜੀਬ ਤੇ ਮੌਲਾਨਾ ਭਾਸ਼ਾਨੀ ਦੇ ਪੈਰੋਕਾਰ ਅਤੇ ਅਵਾਮੀ ਲੀਗ ਦੇ ਵਰਕਰ ਜਿਹੜੇ

ਪਾਕਿਸਤਾਨ ਜ਼ੁਲਮਾਂ ਦੇ ਸਤਾਏ ਐ, ਸਾਡਾ ਹਰ ਤਰ੍ਹਾਂ ਸਾਥ ਦੇਣਗੇ।"

"ਸਤਿਗੁਰੂ ਦੀ ਕ੍ਰਿਪਾ ਨਾਲ ਮੋਰਚਾ ਸਰ ਹੋਵੇਗਾ ਜੀ।" ਹੌਲਦਾਰ ਤਾਰਾ ਸਿੰਘ ਮਾਨ ਹਿੱਕ ਥਾਪੜ ਗਿਆ। ਬਰਗੇਡੀਅਰ ਸੁਬੇਗ ਸਿੰਘ ਨੇ ਅਗਾਂਹ ਵਧ ਕੇ ਦੋਵਾਂ ਜਵਾਨਾਂ ਦੇ ਮੋਢੇ ਆ ਘੁੱਟੇ।

"ਮੇਰੇ ਮਿੱਤਰੋ, ਮੇਰੇ ਭਰਾਓ, ਅਸੀਂ ਦੇਸ਼ ਦੀ ਆਜ਼ਾਦੀ ਲੈਣ ਅਤੇ ਉਸ ਨੂੰ ਸਾਂਭ ਰੱਖਣ ਲਈ ਲਗਾਤਾਰ ਜਾਨਾਂ ਵਾਰਦੇ ਆਏ ਆਂ। ਪਰ ਕਾਂਗਰਸ ਸਰਕਾਰ ਸਾਡੇ ਨਾਲ ਹਰ ਪੱਖੋਂ ਵਿਤਕਰੇ ਤੇ ਧੋਖੇ ਕਰਦੀ ਆਈ ਐ। ਪਰ ਅਸਾਂ ਦਿਲ ਜਾਨ ਨਾਲ ਲੜ ਕੇ ਹਰ ਹਾਲਤ ਵਿਚ ਜਿੱਤ ਹਾਸਲ ਕਰਨੀ ਹੈ।" ਉਸ ਦੋਵਾਂ ਦੇ ਮੋਢਿਆਂ ਨੂੰ ਹਲੂਣਾ ਦਿੱਤਾ।

"ਸਾਹਬ ਜੀ ਮੁਸਲਮਾਨ ਐਸਾ ਹੀ ਹੋਵੇ ਲਈ 'ਇਨਸ਼ਾ ਅੱਲਾ' ਆਖਦੇ ਹੁੰਦੇ ਐ। ਸੋ, ਮੌਤ ਨੂੰ ਜਿੱਤ ਕੇ ਵੀ ਅਜਿਹਾ ਹੋਵੇਗਾ।" ਮਾਨ ਪੂਰੀ ਚੜ੍ਹਤ ਵਿਚ ਸੀ।

"ਵਾਹ ਮੇਰੇ ਬਹਾਦਰੋ! ਮੈਨੂੰ ਤੁਹਾਡੇ ਵਰਗੇ ਸੂਰਮੇ ਹੀ ਚਾਹੀਦੇ ਐ। ਹੁਣ ਜਾਨ ਦਾ ਜਿੰਦਰਾ ਨਸ਼ੰਗ ਟੁੱਟ ਜਾਵੇ, ਇਹ ਰਾਜ਼ ਨੰਗਾ ਨਹੀਂ ਹੋਣਾ ਚਾਹੀਦਾ।"

"ਵਾਹਿਗੁਰੂ ਵਾਹਿਗੁਰੂ ਆਖੋ ਬਰਗੇਡੀਅਰ ਸਾਹਿਬ! ਅਸੀਂ ਪੂਰੀ ਲਾਹ ਕੇ ਵਿਖਾਵਾਂਗੇ, ਸਰਕਾਰ ਮੁੱਲ ਪਾਵੇ, ਨਾ ਪਾਵੇ।" ਸੂਬੇਦਾਰ ਮੁੱਕਾ ਵੱਟ ਕੇ ਇੱਕ ਤਰ੍ਹਾਂ ਵੰਗਾਰ ਗਿਆ।

"ਮੁਕਤੀ ਬਹਿਨੀ ਦਾ ਤਾਂ ਬਹਾਨਾ ਹੈ, ਲੜਾਈ ਤਾਂ ਸਾਨੂੰ ਲੜਨੀ ਪੈਣੀ ਐ।" ਬਰਗੇਡੀਅਰ ਆਖਦਾ ਗਿਆ। ਝੋਟਿਆਂ ਵਰਗੇ ਪੰਜਾਬੀਆਂ ਨਾਲ ਬੰਗਾਲੀ ਨਹੀਂ ਲੜ ਸਕਦੇ। ਇਨ੍ਹਾਂ ਨਾਲ ਤਾਂ ਸਾਨੂੰ ਹੀ ਮੱਥਾ ਲਾ ਕੇ ਫਾਂਟ ਬੰਨੇ ਲਾਉਣੀ ਪੈਣੀ ਐ। ਆਪਣੀ ਸਹੂਲਤ ਲਈ ਹੋਰ ਇਨਸਟਰਕਟਰ ਲੱਭੋ ਅਤੇ ਜ਼ੋਰ-ਸ਼ੋਰ ਨਾਲ ਤਿਆਰੀ ਆਰੰਭ ਦੇਵੋ।"

"ਜੋ ਹੁਕਮ ਸਰ, ਔਖੇ ਤੋਂ ਔਖੇ ਕੰਮ ਨੂੰ ਸਿਰੇ ਲਾਵਾਂਗੇ।"

"ਠੀਕ ਐ।" ਸੁਬੇਗ ਸਿੰਘ ਪੂਰਬੀ ਪੂਰੀ ਪਾਕਿਸਤਾਨ ਅਤੇ ਭਾਰਤੀ ਸੀਮਾ ਦੇ ਨਕਸ਼ੇ ਵੇਖਣ ਲੱਗ ਪਿਆ। ਦੋਵੇਂ ਫ਼ੌਜੀ ਜਵਾਨ ਸੈਲੂਟ ਮਾਰ ਕੇ ਦਫ਼ਤਰੋਂ ਬਾਹਰ ਆ ਗਏ। ਉਹ ਆਪਣੀ ਆਪਣੀ ਯੂਨਿਟ ਵਿਚੋਂ ਇਨਸਟਰਕਟਰਾਂ ਦੀ ਭਾਲ ਕਰਨ ਲੱਗ ਪਏ।

ਇਸ ਮੁਹਿੰਮ ਵਿਚ ਬਰਗੇਡੀਅਰ ਸੰਤ ਸਿੰਘ ਵੀ ਸੁਬੇਗ ਸਿੰਘ ਦਾ ਸਾਥੀ ਸੀ। ਉਹ ਆਪਣੀ ਥਾਂ ਵੱਖਰੇ ਤੌਰ 'ਤੇ ਤਿਆਰੀ ਕਰਵਾ ਰਿਹਾ ਸੀ।

ਦੂਜੇ ਬੰਨੇ ਸ਼ਰਨਾਰਥੀ ਕੈਂਪਾਂ ਵਿਚੋਂ ਪ੍ਰਾਈਵੇਟ ਟਰੱਕਾਂ ਉੱਤੇ ਵੀਹ ਤੋਂ ਚਾਲ੍ਹੀ ਸਾਲ ਦੇ ਬੰਗਾਲੀ ਢੋਣੇ ਸ਼ੁਰੂ ਕੀਤੇ ਹੋਏ ਸਨ। ਪੱਚੀ-ਪੱਚੀ ਦੀਆਂ ਟੋਲੀਆਂ ਬਣਾਈਆਂ ਗਈਆਂ। ਉਨ੍ਹਾਂ ਨੂੰ ਵੱਖਰੀਆਂ ਛੋਲਦਾਰੀਆਂ ਦੇ ਦਿੱਤੀਆਂ। ਆਥਣ ਸਵੇਰ ਚਾਰ-ਚਾਰ ਘੰਟੇ ਪੀ. ਟੀ. ਕਰਵਾਈ ਜਾਣ ਲੱਗੀ। ਇਸ ਤਰ੍ਹਾਂ ਜੰਗਲੀ ਰੱਖਾਂ ਵਿੱਚ ਮੇਲਾ ਹੀ ਲੱਗ ਗਿਆ। ਉਹ ਦੁਸ਼ਮਣ ਦੀ ਸਰਹੱਦ ਤੋਂ ਪੰਜਾਹ ਮੀਲ ਦੂਰ ਸਨ। ਜੰਗਲਾਂ ਅਤੇ ਚਾਹ ਦੇ ਬਾਗਾਂ ਵਿਚ ਪੰਜਾਹ ਟ੍ਰੇਨਿੰਗ ਕੈਂਪ ਸਨ। ਮੀਂਹ ਬਹੁਤ ਪੈਂਦੇ ਸਨ ਅਤੇ ਛੋਟੇ-ਛੋਟੇ ਨਾਲੇ ਬੇਸ਼ੁਮਾਰ ਵਗਦੇ ਸਨ। ਕਾਲਿਮਪੋਂਗ ਤੇ ਸਿਲੀਗੁੜੀ ਤੋਂ ਸਪਲਾਈ ਪ੍ਰਾਈਵੇਟ ਟਰੱਕਾਂ ਨਾਲ ਵੀ ਆਉਂਦੀ ਸੀ। ਨਹਾਉਣ ਤੇ ਕੱਪੜੇ ਧੋਣ ਲਈ ਸਾਹਮਣੇ ਅਨੇਕਾਂ ਨਾਲੇ ਵਗਦੇ ਸਨ। ਕਰੜੀ ਪ੍ਰੈਕਟਿਸ ਤੋਂ ਸੁਹਲ ਬੰਗਾਲੀ ਚੀਕ ਉੱਠਦੇ:

"ਸਰਦਾਰ ਜੀ ਬਹੁਤ ਹੋ ਗਿਆ। ਅਬ ਤੋ ਚਲਾ ਵੀ ਨਹੀਂ ਜਾਤਾ, ਟਾਂਗੇ ਟੂਟ ਗਈਂ। ਆਪ ਹੈਂ ਕਿ ਦੌੜਾਏ ਜਾ ਰਹੇ ਹੈਂ। ਦਮ ਵੀ ਮਾਰਨੇ ਨਹੀਂ ਦੇਤੇ।"

"ਆਜ਼ਾਦੀ ਕਾ ਫ਼ਲ ਖਾਨਾ ਹੈ, ਮਿਹਨਤ ਤੋ ਕਰਨੀ ਪੜੇਗੀ। ਬੰਗਾਲੀ ਬੰਧੂਓ ਦੌੜੋ, ਔਰ ਜ਼ੋਰ ਸੇ।" ਤਾਰਾ ਸਿੰਘ ਮਾਨ ਆਪ ਬਰਾਬਰ ਭੱਜ ਰਿਹਾ ਸੀ। "ਯਿਹ ਸਭ ਆਪ ਕੀ ਆਜ਼ਾਦੀ ਕੇ ਲੀਏ ਹੈ। ਤੁਮਾਹਰੇ ਬੰਗਲਾ ਦੇਸ ਕੇ ਲੀਏ ਹੈ। ਦੇਖੋ ਦੋਸਤੋ! ਆਪ ਕੋ ਆਜ਼ਾਦ ਕਰਵਾਨੇ ਕੇ ਲੀਏ ਹਮ ਮੁਫ਼ਤ ਮੇਂ ਮਾਰੇਂ ਜਾ ਰਹੇ ਹੈਂ। ਹੌਸਲੇ ਔਰ ਹਿੰਮਤ ਸੇ ਜਿਸਮ ਕੋ ਹਲਾਓ ਕਿ ਯਹੀ ਲੋਹਾ ਬਣ ਜਾਏ। ਤੁਮਹੇਂ ਲੜਨਾ ਹੈ, ਜੀਤਨਾ ਹੈ ਔਰ ਆਪਣਾ ਆਜ਼ਾਦ ਬੰਗਲਾ ਦੇਸ ਬਨਾਣਾ ਹੈ।"

ਮਾਨ ਉਨ੍ਹਾਂ ਨੂੰ ਹੌਸਲਾ ਦੇਂਦਾ, ਪਰ ਬੰਗਾਲੀਆਂ ਦੀ ਸ਼ਾਮ ਤੱਕ ਬਸ ਹੋ ਜਾਂਦੀ। ਉਹ ਸਿਰ ਮਾਰ ਮਾਰ ਆਖਦੇ:

"ਯਿਹ ਸਿੱਖ ਵੀ ਪੰਜਾਬੀ ਹੋਤਾ, ਬਹੁਤ ਸਖ਼ਤ ਜਾਨ। ਪੰਜਾਬੀ ਵਾਅਕਈ ਲੋਹੇ ਮਾਫ਼ਕ ਬਣਾ ਹੋਤਾ, ਏਕ ਦਮ। ਸਰਦਾਰ ਜੀ, ਆਪ ਕੀ ਗੰਦਮ ਜ਼ੋਰਾਵਰ ਹੋਤੀ। ਹਮ ਚਾਵਲ ਛੋੜ ਕਰ ਗੰਦਮ ਨਹੀਂ ਖਾ ਸਕਤਾ।"

"ਜਬ ਭੂਖ ਲਗੇਗੀ, ਜੌਂ ਵੀ ਖਾਓਗੇ। ਚਣੇ ਚਬਾਓ ਔਰ ਘੋੜੇ ਮਾਫ਼ਕ ਹੋ ਜਾਓ।" ਸੂਬੇਦਾਰ ਗੁਰਬਖ਼ਸ਼ ਸਿੰਘ ਆਖ ਗਿਆ। "ਹਾਂ ਬਈ ਬੰਗਲਾ ਬੰਧੂਓ! ਆਪ ਸੇ ਏਕ ਜ਼ਰੂਰੀ ਬਾਤ ਔਰ ਕਰਨਾ ਹੈ।"

"ਵੋਹ ਕਿਆ ਸਰਦਾਰ ਜੀ!" ਗੰਗਾਮਣੀ ਰੰਗਰੂਟ ਪੁੱਛ ਗਿਆ।

"ਆਪ ਮੇਂ ਸੇ ਕੌਣ-ਕੌਣ ਤਰਨਾ ਜਾਨਤਾ ਹੈ?"

"ਤਕਰੀਬਨ ਸਭ ਲੋਗ ਹੀ ਤਰ ਸਕਤਾ ਹੈ।" ਹਮਦੂ ਉੱਤਰ ਦੇ ਗਿਆ।

"ਹਮਦੂ ਤੂੰ ਤੋ ਮੁਸਲਮਾਨ ਹੈ ਰੇ। ਤੂ ਮੁਕਤੀ ਬਹਿਨੀ ਮੇਂ ਕੈਸੇ ਆ ਗਿਆ?" ਗੁਰਬਖ਼ਸ਼ ਸਿੰਘ ਹਮਦੂ ਖ਼ਾਂ ਨੂੰ ਪੁੱਛ ਗਿਆ। ਉਹ ਸਮਝਦਾ ਸੀ ਪਾਕਿਸਤਾਨ ਮੁਸਲਮਾਨਾਂ ਲਈ ਬਣਾਇਆ ਗਿਆ ਹੈ। ਇਸੇ ਲਈ ਉਹ ਹਿੰਦੂਆਂ ਨੂੰ ਧੱਕ ਕੇ ਬਾਹਰ ਕੱਢ ਰਹੇ ਹਨ।

"ਸਰਦਾਰ ਜੀ, ਹਮ ਬੰਗਾਲੀ, ਬੰਗਾਲੀ ਹੈਂ। ਆਪਣਾ ਦੁੱਖ ਕੈਸੇ ਬਤਾਏਂ। ਸਾਲੇ ਪਾਕਿਸਤਾਨੀ ਮਿਲਟਰੀ ਵਾਲੇ ਮੇਰੀ ਭੈਣ ਕੋ ਜ਼ਬਰਦਸਤੀ ਉਠਾ ਕੇ ਲੇ ਗਿਆ। ਵੋਹ ਪੰਜਾਬੀ ਮੁਸਲਮਾਨ ਜ਼ਾਲਮ, ਹਮ ਕੋ ਮਾਰਤਾ, ਲੂਟਤਾ ਔਰ ਹਮਾਰੀ ਇੱਜ਼ਤ ਕੋ.....।" ਹਮਦੂ ਦਾ ਗੱਚ ਭਰ ਆਇਆ।

ਗੁਰਬਖ਼ਸ਼ ਸਿੰਘ ਨੇ ਮੁੰਡੇ ਨੂੰ ਬੁੱਕਲ ਵਿਚ ਲੈ ਲਿਆ।

"ਅਰੇ ਰੋ ਨਾ, ਬਹਾਦਰ ਬਣ। ਹਮ ਤੇਰੀ ਬਹਿਨ ਕੋ ਛੁਡਾਏਗਾ। ਤੁਮਾਰੀ ਬਹਿਨ, ਹਮਾਰੀ ਬਹਿਨ। ਹਮ ਤੁਮਾਰੇ ਸੁਨਾਰ ਬੰਗਲਾ ਕੋ ਆਜ਼ਾਦ ਕਰਾਏਗਾ।" ਉਸ ਹਮਦੂ ਨੂੰ ਉਸ ਤਰ੍ਹਾਂ ਹੀ ਘੁੱਟੀ ਰੱਖਿਆ।

"ਦੂਜੀ ਬਾਤ ਹੈ, ਜੋ ਬੰਗਾਲੀ ਜਵਾਨ ਮਿਲਟਰੀ ਸੇ ਨਿਕਾਲਾ ਗਿਆ ਹੈ, ਗੈਜ਼ਰਬ ਆਇਆ ਹੈ, ਸਭ ਕੋ ਮੁਕਤੀ ਬਹਿਨੀ ਮੇਂ ਜੋੜਨਾ ਹੈ। ਆਪ ਕੋ ਗੰਗਾ ਔਰ ਪਦਮਾ ਕੋ ਤੈਰ ਕਰ ਜਾਨਾ ਹੈ। ਔਰ ਜੋ ਪਾਕਿਸਤਾਨ ਕੇ ਸਤਾਏ ਹੂਏ ਹੈਂ, ਸਭ ਕੋ ਸਾਥ ਲਾਨਾ ਹੈ।"

ਗੰਗਾ ਮਣੀ, ਰੰਜਨ ਤੇ ਹਮਦੂ ਖ਼ਾਂ ਨੇ ਇੱਕ ਸਾਥ ਜਵਾਬ ਦਿੱਤਾ।

"ਹਮ ਜਾਏਂਗੇ ਸਰਦਾਰ ਜੀ, ਔਰ ਬਹੁਤ ਸੇ ਬੰਧੂ ਭਾਈਓਂ ਕੋ ਲਾਏਂਗੇ।"

ਹਮਦੂ ਅਵਾਮੀ ਲੀਗ ਦਾ ਵਰਕਰ ਸੀ ਤੇ ਕੋਮੀਲਾ ਦੇ ਨੇੜੇ ਦਾ ਰਹਿਣ ਵਾਲਾ ਸੀ। ਆਖਣ ਲੱਗਾ:

"ਆਜ ਬੰਗਲਾ ਦੇਸ ਕਾ ਹਰ ਇਨਸਾਨ ਪਾਕਿਸਤਾਨੀਓਂ ਕੇ ਜ਼ੁਲਮ ਕਾ ਸ਼ਿਕਾਰ ਹੈ, ਦੁਖੀ ਹੈ; ਉਨ ਕੋ ਨਫ਼ਰਤ ਕਰਤਾ ਹੈ। ਹਮ ਜਲਦੀ ਸੁਤੰਤਰ ਹੋਣਾ ਮਾਂਗਤਾ। ਇਨ ਸਾਲੋਂ ਨੇ ਹਮਾਰੀ ਮਾਂ-ਭੈਣੋਂ ਕੀ ਇੱਜ਼ਤ ਕੋ ਮਿੱਟੀ ਮੇਂ ਮਿਲਾ ਦਿਆ। ਹਮ ਤੋ ਸਰਦਾਰ ਜੀ ਆਪ ਕਾ ਬਹੁਤ-ਬਹੁਤ ਸ਼ੁਕਰ ਗੁਜ਼ਾਰ ਹੈਂ। ਖ਼ੁਦਾ ਨੇ ਆਪ ਕੋ ਫ਼ਰਿਸ਼ਤੇ ਬਨਾ ਕਰ ਹਮਾਰੀ ਮਦਦ ਕੋ ਭੇਜਾ ਹੈ।"

"ਹਮ ਆਪ ਕੇ ਸਾਥੀ ਹੈਂ; ਦੋਸਤ ਔਰ ਭਾਈ। ਹਮ ਆਪ ਕੋ ਆਜ਼ਾਦ ਕਰਾਏਗਾ, ਆਪਣਾ ਖ਼ੂਨ ਬਹਾਏਗਾ। ਜਿਤਨੇ ਵੀ ਫ਼ੌਜੀ ਆਪ ਭਗਾ ਕਰ ਲਾ ਸਕੇਂ, ਹਮਾਰੇ ਲੀਏ ਕਮ ਹੈਂ। ਸੋ, ਆਜ ਰਾਤ ਕੋ ਜਾਨਾ ਹੋਗਾ। ਹਮਾਰੇ ਟਰੱਕ ਆਪ ਕੋ ਦਰਿਆ ਤੱਕ ਛੋੜ ਆਏਂਗੇ।" ਸੂਬੇਦਾਰ ਉਨ੍ਹਾਂ ਨੂੰ ਚਿਤਾਵਨੀਆਂ ਦੇਂਦਾ ਰਿਹਾ।

"ਹਾਂ, ਦਰਿਆ ਰਾਤ ਕੋ ਪਾਰ ਕਰਨਾ ਹੈ।"

ਕੋਮੀਲਾ ਵੱਲੋਂ ਪਦਮਾ ਦੇ ਪਾਰ ਜਾਣ ਲਈ ਹਮਦੂ ਤੇ ਰੰਜਨ ਦੀ ਜੋੜੀ ਬਣ ਗਈ। ਪਦਮਾ ਪਾਰ ਕਰਨੀ ਉਨ੍ਹਾਂ ਲਈ ਕੋਈ ਮੁਸ਼ਕਲ ਨਹੀਂ ਸੀ। ਉਹ ਕਈ ਵਾਰ ਉਰ੍ਹਾਰ-ਪਾਰ ਹੁੰਦੇ ਰਹੇ ਸਨ। ਉਹ ਹਨੇਰਾ ਪਏ ਤੋਂ ਦਰਿਆ ਵਿਚ ਵਲ ਗਏ। ਦੋਵੇਂ ਸਹਿਜ ਸਹਿਜ ਪੁੱਠੀ ਤਾਰੀ ਤਰਦੇ ਰਹੇ। ਉਹ ਕਾਹਲੀ ਕਰਕੇ ਆਪਣਾ ਜ਼ੋਰ ਖ਼ਤਮ ਨਹੀਂ ਕਰ ਲੈਣਾ ਚਾਹੁੰਦੇ ਸਨ। ਹਮਦੂ ਨੇ ਮੂੰਹ ਦੇ ਪਾਣੀ ਦੀ ਪਿਚਕਾਰੀ ਮਾਰਦਿਆਂ ਆਖਿਆ:

"ਰੰਜਨ ਬਾਬੂ, ਤੇਰੇ ਸਾਥ ਰਾਮ ਹੈਂ, ਮੁਝੇ ਹਜ਼ਰਤ ਮੁਹੰਮਦ ਸਾਅਬ ਸਹਾਰਾ ਦੇ ਰਿਹਾ ਹੈ। ਜੈਸੇ ਹਮ ਇੱਕ ਹੈਂ, ਵੈਸੇ ਰਾਮ ਔਰ ਮੁਹੰਮਦ ਦੋ ਕੈਸੇ ਹੋ ਸਕਤੇ ਹੈਂ?"

"ਸਾਰੀ ਦੁਨੀਆ ਕੇ ਪੀਰ, ਪੈਗੰਬਰ ਔਰ ਅਵਤਾਰ ਏਕ ਖ਼ੁਦਾ ਕੀ ਇਬਾਦਤ ਕਾ ਉਪਦੇਸ਼ ਦੇਤੇ ਹੈਂ। ਯੇਹ ਜੋ ਹਮਾਰੇ ਲੀਡਰ ਹੈਂ, ਹਮੇਂ ਹੀ ਨਹੀਂ, ਰਾਮ ਮੁਹੰਮਦ ਕੋ ਵੀ ਲੜਾਤੇ ਹੈਂ।" ਰੰਜਨ ਨੇ ਢਾਕਾ ਯੂਨੀਵਰਸਿਟੀ ਤੋਂ ਬੀ. ਏ. ਕੀਤੀ ਅਤੇ ਹਿਸਟਰੀ ਵਿਚ ਉਸ ਦੀ ਦਿਲਚਸਪੀ ਸੀ।

"ਖ਼ੁਦਗਰਜ਼ ਲੀਡਰ ਹਮ ਕੋ ਲੜਾਤੇ ਹੈਂ; ਵਰਨਾ ਸਦੀਓਂ ਸੇ ਇਕੱਠੇ ਰਹਿਨੇ ਵਾਲੇ ਹਮਸਾਏ ਤੋ ਭਾਈ ਭਾਈ ਹੋਤੇ ਹੈਂ। ਭਲਾ ਮੈਂ ਆਪ ਸੇ ਕੈਸੇ ਲੜ ਸਕਤਾ ਹੂੰ?"

"ਯੇਹ ਅੰਗਰੇਜ਼ੋਂ ਕੀ 'ਪਾੜੋ ਔਰ ਰਾਜ ਕਰੋ' ਕੀ ਪਾਲਿਸੀ ਹਮਾਰੇ ਲੀਡਰੋਂ ਨੇ ਵੀ ਲੇ ਲੀ ਹੈ। ਅਬ ਮੁਝੇ ਤੁਝ ਸੇ, ਬੰਗਾਲੀ ਕੋ ਬੰਗਾਲੀ ਸੇ, ਲੜਾ ਕਰ ਜੁਦਾ ਜੁਦਾ ਕਰ ਰਹੇ ਹੈਂ।"

"ਯੇਹ ਜ਼ੁਲਮ ਹੈ, ਯੇਹ ਪਾਕਿਸਤਾਨੀ ਹੀ ਕਰ ਸਕਤੇ ਹੈਂ। ਹਮ ਆਪਨੇ ਭਾਈਓਂ ਕੋ ਵਾਪਸ ਲਾਏਂਗੇ। ਹਮ ਅਹਿਦ ਕਰਤੇ ਹੈਂ; ਭਾਈ ਭਾਈ ਕਭੀ ਨਹੀਂ ਲੜੇਂਗੇ।"

"ਤੂੰ ਠੀਕ ਸੋਚਤਾ ਹੈ। ਅਵਤਾਰੋਂ ਔਰ ਪੈਗੰਬਰੋਂ ਕੀ ਬਾਣੀ ਤੋ ਜੀਵਨ ਸੁਧਾਰਨੇ ਕੇ ਲੀਏ ਹੋਤੀ ਹੈ। ਵੋਹ ਤੋ ਏਕ ਸਾਥ ਸਭ ਕੇ ਹੋਤੇ ਹੈਂ। ਮੁਹੰਮਦ ਸਾਹਿਬ ਨੇ ਅਰਬੋਂ ਕੋ ਨਈ ਉਮਤ ਦੀ ਹੈ।" ਰੰਜਨ ਹਮਦੂ ਦੇ ਬਰਾਬਰ ਤਰ ਰਿਹਾ ਸੀ।

"ਮੈਂ ਤੋ ਪਹਿਲੇ ਸੇ ਹੀ ਜਾਨਤਾ ਹੂੰ, ਪੈਗੰਬਰ ਸਭ ਇਨਸਾਨੀਅਤ ਕੇ ਲੀਏ ਹੋਤੇ

ਹੈਂ।" ਹਮਦੂ ਨੇ ਸਿਰ ਉੱਚਾ ਕਰਕੇ ਨਾਸਾਂ ਦਾ ਫੁੰਕਾਰਾ ਮਾਰਿਆ। "ਯਹ ਸਭ ਕਾਰਵਾਈ ਮੌਲਵੀ ਕਰਤੇ ਹੈਂ ਔਰ ਵੋਹ ਮੁਸਲਿਮ ਲੀਗ ਸੇ ਮਿਲੇ ਹੁਏ ਹੈਂ। ਉਨਕਾ ਨਾਅਰਾ ਹੈ: ਮੁਸਲਮਾਨ ਬਣੋ ਜਾਂ ਪਾਕਿਸਤਾਨ ਛੋੜ ਜਾਓ। ਐਸਾ ਮੁਹੰਮਦ ਸਾਹਿਬ ਔਰ ਕਿਸੀ ਖ਼ਲੀਫ਼ੇ ਨੇ ਕਬ ਕਹਾ ਥਾ।"

"ਅਰੇ ਯਾਰ, ਇਨ ਲੋਗੋਂ ਨੇ ਮਜ਼ਬ ਕੋ ਹੀ ਬਦਨਾਮ ਨਹੀਂ ਕੀਆ, ਸੋਨਾਰ ਬੰਗਲਾ ਕੋ ਹੀ ਬਰਬਾਦ ਕਰਕੇ ਰੱਖ ਦੀਆ।" ਰੰਜਨ ਦਿਲੀ ਦੁੱਖ ਮਹਿਸੂਸ ਕਰ ਗਿਆ। "ਕਹਾਂ ਦੇਸ ਕੋ ਸੁਤੰਤਰ ਹੋ ਕਰ ਖੁਸ਼ਹਾਲ ਹੋਨਾ ਥਾ; ਕਹਾਂ ਹਮ ਆਪਣੀ ਮਾਤਰ ਭੂਮੀ ਸੇ ਹੀ ਨਿਕਾਲ ਦੀਏ ਗਏ।" ਉਹ ਦੋਵੇਂ ਪਦਮਾ ਤੋਂ ਬਾਹਰ ਆ ਗਏ।

"ਅਬ ਹਮਾਰੇ ਮੁਕਤੀ ਦਾਤੇ ਆ ਗਏ ਹੈਂ। ਹਮ ਸ਼ਾਨ ਸੇ ਆਜ਼ਾਦ ਹੋਂਗੇ, ਔਰ ਭਾਈਓਂ ਕੀ ਤਰ੍ਹਾਂ ਰਲ ਮਿਲ ਕਰ ਰਹੇਂਗੇ। ਹਮੇਂ ਕੋਈ ਨਹੀਂ ਜੁਦਾ ਕਰ ਸਕਤਾ। ਭਲਾ ਹੋ ਇੰਦਰਾ ਰਾਨੀ ਕਾ, ਜਿਸ ਨੇ ਮੁਜੀਬਉਰ ਰਹਿਮਾਨ ਕੋ ਛੁਡਾਨੇ ਕਾ ਬੀੜਾ ਉਠਾ ਲੀਆ ਹੈ।"

"ਅਰੇ ਭਾਈ ਇੰਦਰਾ ਨੇ ਤੋ ਹੁਕਮ ਦੀਆ ਹੈ। ਖ਼ੂਨ ਦੇ ਕਰ ਸੁਤੰਤਰ ਕਰਵਾਨੇ ਵਾਲੇ ਤੋ ਯੇਹ ਸਿੱਖ ਬਹਾਦਰ ਹੈਂ; ਜੋ ਹਮੇਂ ਟ੍ਰੇਨਿੰਗ ਦੇ ਰਹੇ ਹੈਂ। ਇਨਹੋਂ ਨੇ ਆਜ਼ਾਦੀ ਕੀ ਜੰਗ ਮੇਂ ਸਭ ਸੇ ਜ਼ਿਆਦਾ ਕੁਰਬਾਨੀਆਂ ਦੀ ਥੀਂ। ਫ਼ਾਂਸੀ ਪਰ ਚੜ੍ਹੇ ਔਰ ਕਾਲੇ ਪਾਨੀ ਕੀ ਕੈਦੇਂ ਇਨ ਹੀ ਲੋਗੋਂ ਨੇ ਕਾਟੀ ਥੀਂ। ਇਨ ਕੇ ਗੁਰੂਓਂ ਨੇ ਬਹੁਤ ਕੁਰਬਾਨੀਆਂ ਦੀ। ਇਨ ਕੇ ਗੁਰੂ ਅਰਜਨ ਦੇਵ ਕੋ ਜਹਾਂਗੀਰ ਨੇ ਰਾਵੀ ਦਰਿਆ ਮੇਂ ਡੋਬ ਦੀਆ ਥਾ। ਕਸ਼ਮੀਰੀ ਪੰਡਤੋਂ ਕੇ ਲੀਏ ਗੁਰੂ ਤੇਗ ਬਹਾਦਰ ਨੇ ਦਿੱਲੀ ਮੇਂ ਸੀਸ ਕਟਵਾਇਆ। ਗੁਰੂ ਗੋਬਿੰਦ ਸਿੰਘ ਨੇ ਅਪਨੇ ਚਾਰ ਬੇਟੇ ਸ਼ਹੀਦ ਕਰਵਾ ਦੀਏ; ਮਗਰ ਜ਼ੁਲਮ ਕੇ ਸਾਥ ਸਮਝੋਤਾ ਨਹੀਂ ਕੀਤਾ। ਯੇਹ ਸਿੱਖ ਉਨ ਸ਼ਹੀਦ ਪੁਰਖੋਂ ਕੀ ਔਲਾਦ ਹੈਂ। ਸਿਰ ਦੇਤੇ ਹੈਂ, ਜ਼ੁਲਮ ਕੇ ਆਗੇ ਸਿਰ ਝੁਕਾਤੇ ਨਹੀਂ।" ਹਾਉਕੇ ਵਰਗਾ ਸਾਹ ਖਿੱਚ ਕੇ ਰੰਜਨ ਨੇ ਆਪਣਾ ਭਾਸ਼ਣ ਖ਼ਤਮ ਕਰ ਦਿੱਤਾ।

"ਆਜ ਯੇਹ ਲੋਗ ਹਮਾਰੀ ਨਜ਼ਾਤ ਕੇ ਲੀਏ ਆਏ ਹੈਂ, ਖ਼ੁਦਾ ਕਰੇ ਐਸਾ ਵਕਤ ਆਏ, ਹਮ ਇਨ ਸ਼ਹੀਦੋਂ ਕੇ ਲੀਏ ਵੀ ਕੁਝ ਕਰ ਸਕੇਂ।" ਹਮਦੂ ਸਤਿਕਾਰ ਵਿਚ ਸਿਰ ਝੁਕਾ ਗਿਆ।

"ਮੇਰਾ ਖਿਆਲ ਹੈ ਹਮਦੂ ਭਾਈ, ਅਬ ਹਮੇਂ ਸਾਥ ਸਾਥ ਨਹੀਂ ਚੱਲਨਾ ਚਾਹੀਏ। ਹਮਾਰੀ ਤਰ੍ਹਾਂ ਔਰ ਸਾਥੀ ਵੀ ਆਏ ਹੋਂਗੇ। ਹਮਾਰੀ ਪੁਲੀਸ ਕੋ ਕਿਸੀ ਤਰ੍ਹਾਂ ਪਤਾ ਨਹੀਂ ਚੱਲਣਾ ਚਾਹੀਏ।" ਰੰਜਨ ਨੇ ਅੱਡ ਅੱਡ ਚੱਲਣ ਦੀ ਸਲਾਹ ਦਿੱਤੀ।

"ਬਿਲਕੁਲ ਰੰਜਨ ਦਾਸ ਮਿਤਵਾ, ਹਮੇਂ ਐਸਾ ਹੀ ਕਰਨਾ ਚਾਹੀਏ।" ਹਮਦੂ ਸਿਰ ਹਿਲਾ ਕੇ ਹਾਮੀ ਭਰ ਗਿਆ। ਦੋਹਾਂ ਘੁੱਟ ਕੇ ਹੱਥ ਮਿਲਾਏ ਤੇ ਆਪਣੇ ਪ੍ਰਣ ਦੋਹਰਾਏ।

'ਭਗਵਾਨ ਸਹਾਈ ਹੋ ਤੇ ਖ਼ੁਦਾ ਖ਼ੈਰ ਕਰੇ' ਕਹਿ ਕੇ ਉਹ ਦੋਵੇਂ ਵੱਖ-ਵੱਖ ਦਿਸ਼ਾਵਾਂ ਨੂੰ ਤੁਰ ਪਏ। ਸੰਘਣਾ ਹਨੇਰਾ ਉਨ੍ਹਾਂ ਦਾ ਹਰ ਤਰ੍ਹਾਂ ਪਾਸਵਾਨ ਸੀ।

ਚੌਦਵਾਂ ਕਾਂਡ

ਪਾਕਿਸਤਾਨ ਦੀ ਪਾਰਲੀਮੈਂਟ ਦੀਆਂ ਚੋਣਾਂ ਵਿਚ ਮੁਸਲਿਮ ਲੀਗ ਹਾਰ ਗਈ। ਆਬਾਦੀ ਵਿਚ, ਪੰਜਾਬੀ, ਸਿੰਧੀ ਅਤੇ ਸਰਹੱਦੀ ਪਠਾਣ ਰਲ ਕੇ ਵੀ ਬੰਗਾਲੀਆਂ ਨਾਲੋਂ ਥੋੜ੍ਹੇ ਸਨ। ਮੁਸਲਿਮ ਲੀਗ ਨੂੰ ਦੋ ਕਾਰਨਾਂ ਕਰਕੇ ਬਹੁਤ ਮਾਰ ਪਈ। ਪਹਿਲੀ ਉਰਦੂ ਨੂੰ ਪਾਕਿਸਤਾਨ ਦੀ ਕੌਮੀ ਜ਼ਬਾਨ ਬਣਾਉਣਾ ਅਤੇ ਬੰਗਾਲੀ ਨੂੰ ਬਰਾਬਰ ਥਾਂ ਨਾ ਦੇਣਾ। ਜ਼ਬਾਨ ਦੇ ਸਾਂਝੇ ਮਸਲੇ ਕਾਰਨ ਪੂਰਬੀ ਪਾਕਿਸਤਾਨ ਵਿਚ ਵਿਦਰੋਹ ਵਰਗਾ ਅੰਦੋਲਨ ਛਿੜ ਪਿਆ, ਜਿਸ ਨੇ ਬੰਗਾਲੀਆਂ ਵਿਚ ਨਫ਼ਰਤ ਭਰ ਦਿੱਤੀ। ਉਹ ਆਪਣੀ ਬੰਗਲਾ ਨੂੰ ਬਹੁਤ ਪਿਆਰ ਕਰਦੇ ਸਨ। ਦੂਜੀ ਗੱਲ ਸੀ, ਬਜਟ ਦਾ ਬਹੁਤ ਹਿੱਸਾ ਪੱਛਮੀ ਪਾਕਿਸਤਾਨ ਵਿਚ ਖ਼ਰਚ ਕੀਤਾ ਜਾਂਦਾ ਰਿਹਾ ਸੀ ਅਤੇ ਵੱਡੀਆਂ ਨੌਕਰੀਆਂ ਬਹੁਤੀਆਂ ਪੰਜਾਬੀਆਂ ਅਤੇ ਪਠਾਣਾਂ ਕੋਲ ਸਨ। ਇਨ੍ਹਾਂ ਦੋ ਕਾਰਨਾਂ ਨੇ ਮੁਸਲਿਮ ਲੀਗ ਨੂੰ ਪਾਰਲੀਮੈਂਟ ਦੀ ਚੋਣ ਵਿਚ ਹਰਾ ਦਿੱਤਾ। ਆਬਾਦੀ ਦੇ ਲਿਹਾਜ ਨਾਲ ਪੂਰਬੀ ਪਾਕਿਸਤਾਨ ਦੀਆਂ ਸੀਟਾਂ ਬਹੁਤੀਆਂ ਸਨ। ਪੱਛਮੀ ਪਾਕਿਸਤਾਨ ਵਿਚ ਜ਼ੁਲਫ਼ਕਾਰ ਅਲੀ ਭੁੱਟੋ ਉੱਭਰ ਕੇ ਆਗੂ ਬਣ ਚੁੱਕਾ ਸੀ। ਉਸ ਸੱਤਾ ਪੂਰਬੀ ਪਾਕਿਸਤਾਨ ਨੂੰ ਨਾ ਦੇਣ ਦਿੱਤੀ; ਸਗੋਂ ਅਵਾਮੀ ਲੀਗ ਦੇ ਲੀਡਰ ਸ਼ੇਖ ਮਜ਼ੀਬਉਰ ਰਹਿਮਾਨ ਨੂੰ ਗ੍ਰਿਫਤਾਰ ਕਰਵਾ ਦਿੱਤਾ। ਬੰਗਾਲੀਆਂ ਦੇ ਗੁੱਸੇ ਦੀ ਅੱਗ ਉੱਤੇ ਹੋਰ ਤੇਲ ਪੈ ਗਿਆ।

ਪਾਕਿਸਤਾਨ ਦੋ ਕੌਮਾਂ ਦੀ ਥਿਊਰੀ ਨੂੰ ਮੁੱਖ ਰੱਖ ਕੇ ਬਣਾਇਆ ਗਿਆ ਸੀ। ਮਿਸਟਰ ਜਿਨਾਹ ਕਾਂਗਰਸ ਨੂੰ ਹਿੰਦੂਆਂ ਅਤੇ ਮੁਸਲਿਮ ਲੀਗ ਨੂੰ ਮੁਸਲਮਾਨਾਂ ਦੀ ਨੁਮਾਇੰਦਾ ਜਮਾਤ ਆਖਦਾ ਸੀ। ਗਾਂਧੀ, ਨਹਿਰੂ ਨੇ ਕਾਂਗਰਸ ਨੂੰ ਸਾਂਝੀ ਜਮਾਤ ਬਣਾਉਣ ਲਈ ਬੇਹੱਦ ਦੁਹਾਈ ਪਾਈ, ਪਰ ਸਭ ਬੇਕਾਰ। ਮਿਸਟਰ ਜਿਨਾਹ ਦੀ ਜ਼ਿੱਦ, ਸੱਚੀ ਸਾਬਤ ਹੋਈ ਤੇ ਦੇਸ਼ ਦੋ ਕੌਮਾਂ ਦੇ ਸਿਧਾਂਤ ਅਨੁਸਾਰ ਵੰਡਿਆ ਗਿਆ। ਮਿਸਟਰ ਜਿਨਾਹ ਨੇ ਪਾਕਿਸਤਾਨ ਨੂੰ ਮੁਸਲਮਾਨਾਂ ਦਾ ਕੌਮੀ ਘਰ ਆਖਿਆ; ਜਿਸ ਨੂੰ ਫ਼ਿਰਕੂ ਭਾਵਨਾ ਨਾਲ ਪ੍ਰਚਾਰਿਆ ਗਿਆ। ਬਹੁਤ ਕੱਟੜ ਮੌਲਵੀਆਂ ਦੁਹਾਈ ਪਾਈ ਕਿ ਪਾਕਿਸਤਾਨ ਧਰਤੀ ਵਿਚ ਕਾਫ਼ਰਾਂ ਦਾ ਕੀ ਕੰਮ। ਪੂਰਬੀ ਪਾਕਿਸਤਾਨ ਵਿਚ ਡੇਢ ਕਰੋੜ ਹਿੰਦੂ ਸਨ; ਜਿਨ੍ਹਾਂ ਨੂੰ ਕਈ ਪ੍ਰਕਾਰ ਦੇ ਲੁੱਟਣ ਮਾਰਨ ਦੇ ਡਰਾਵੇ ਦੇ ਕੇ ਹਿੰਦੋਸਤਾਨ ਭਜਾਇਆ ਜਾ ਰਿਹਾ ਸੀ। ਹੁਣ ਤੱਕ ਮਿਲਟਰੀ ਅਤੇ ਲੀਗੀ ਵਰਕਰ ਹਿੰਦੂਆਂ ਨੂੰ ਪੂਰਬੀ ਪਾਕਿਸਤਾਨ ਵਿਚੋਂ ਕੱਢਦੇ ਰਹੇ ਸਨ। ਕੋਈ ਢਾਈ ਲੱਖ ਦੇ ਨੇੜੇ ਤੇੜੇ ਬੰਗਾਲੀ ਹਿੰਦੂ ਹਿੰਦੋਸਤਾਨ ਭੱਜ ਆਏ ਸਨ। ਹਿੰਦੋਸਤਾਨ ਲਈ ਐਨੀ ਵੱਡੀ ਗਿਣਤੀ ਵਿਚ ਉਨ੍ਹਾਂ ਨੂੰ ਸੰਭਾਲਣਾ ਸਮੱਸਿਆ ਬਣ ਗਿਆ ਸੀ। ਹਿੰਦੂਆਂ ਦੇ ਨਿਕਾਲੇ ਦਾ ਸਿਲਸਿਲਾ ਹਾਲੇ ਜਾਰੀ ਸੀ, ਪਰ ਬੰਗਾਲੀਆਂ ਦੀ ਪਾਰਲੀਮੈਂਟ ਵਿਚ ਬਹੁ-ਗਿਣਤੀ ਨੇ ਪਾਕਿਸਤਾਨ ਲਈ ਨਵਾਂ ਪੁਆੜਾ ਖੜ੍ਹਾ ਕਰ ਦਿੱਤਾ।

ਏਧਰ ਇੰਦਰਾ ਦੀ ਸਿਆਸੀ ਹਾਲਤ ਪਤਲੀ ਪੈ ਚੁੱਕੀ ਸੀ। ਪੂਰਬੀ ਪਾਕਿਸਤਾਨ

ਤੋਂ ਸ਼ਰਨਾਰਥੀਆਂ ਦੇ ਕਾਫ਼ਲੇ ਪੰਛੀਆਂ ਦੀਆਂ ਡਾਰਾਂ ਵਾਂਗ ਆਉਂਦੇ ਵੇਖ ਕੇ ਇੰਦਰਾ ਨੂੰ ਇੱਕ ਨਵੀਂ ਸੋਚ ਫੁਰੀ। ਇੱਕ ਪੱਥਰ ਨਾਲ ਦੋ ਸ਼ਿਕਾਰ; ਵਿਰੋਧੀਆਂ ਦੀ ਜ਼ਬਾਨ ਬੰਦ ਕੀਤੀ ਜਾਵੇ ਅਤੇ ਪਾਕਿਸਤਾਨ ਨੂੰ ਵੀ ਮਜ਼ਾ ਚਖ਼ਾਇਆ ਜਾਵੇ। ਉਸ ਸ਼ਰਨਾਰਥੀ ਵਾਪਸ ਲੈਣ ਲਈ ਪਾਕਿਸਤਾਨ ਨੂੰ ਅਪੀਲਾਂ ਸ਼ੁਰੂ ਕਰ ਦਿੱਤੀਆਂ। ਉਸ ਨੂੰ ਪਤਾ ਸੀ, ਪਾਕਿਸਤਾਨ ਨੇ ਸ਼ਰਨਾਰਥੀ ਵਾਪਸ ਨਹੀਂ ਲੈਣੇ; ਪਰ ਇੰਦਰਾ ਦੁਨੀਆਂ ਦੀਆਂ ਸਰਕਾਰਾਂ ਅਤੇ ਪ੍ਰੈੱਸ ਅੱਗੇ ਸੱਚੀ ਹੋਣਾ ਚਾਹੁੰਦੀ ਸੀ। ਉਸ ਦੁਨੀਆਂ ਦੀਆਂ ਵੱਡੀਆਂ ਸਰਕਾਰਾਂ ਨੂੰ ਜ਼ੋਰ ਦੇ ਕੇ ਆਖਿਆ ਕਿ ਪਾਕਿਸਤਾਨ 'ਤੇ ਜ਼ੋਰ ਪਾਇਆ ਜਾਵੇ ਕਿ ਆਪਣੇ ਰਫ਼ਿਊਜੀ ਸੰਭਾਲੇ। ਪਰ ਸਭ ਬੇਅਰਥ। ਉਸ ਦੋਵੇਂ ਲੱਡੂ ਹੱਥ ਲੈ ਕੇ ਬਾਹਰਲੇ ਮੁਲਕਾਂ ਦੇ ਦੌਰੇ ਸ਼ੁਰੂ ਕਰ ਦਿੱਤੇ। ਅਮਰੀਕਾ ਵਿਚ ਦੁਹਾਈ ਪਾਈ ਕਿ ਪਾਕਿਸਾਤਨ ਆਪਣੇ ਸ਼ਰਨਾਰਥੀ ਵਾਪਸ ਨਹੀਂ ਲੈਂਦਾ। ਉੱਥੋਂ ਦੀ ਪ੍ਰੈੱਸ ਨੇ ਗੱਲ ਨਾ ਗੌਲੀ। ਅਮਰੀਕੀ ਪ੍ਰਧਾਨ ਨੇ ਮੰਗਣ ਤੇ ਵੀ ਮਿਲਣ ਦਾ ਸਮਾਂ ਨਾ ਦਿੱਤਾ। ਇੰਦਰਾ ਹੱਤਕ ਮਹਿਸੂਸ ਕਰਕੇ ਹੋਰ ਖਿੱਝ ਗਈ, ਪਰ ਉਸ ਹੱਠ ਨਾ ਛੱਡਿਆ। ਇੰਗਲੈਂਡ ਤੇ ਯੂਰਪ ਦੇ ਦੇਸ਼ਾਂ ਵਿਚ ਪਾਕਿ ਦੀਆਂ ਵਧੀਕੀਆਂ ਦਾ ਪ੍ਰਾਪੇਗੰਡਾ ਕਰਦੀ ਰਹੀ। ਆਪਣੇ ਦੋਵੇਂ ਮਤਲਬ ਹੱਲ ਕਰਨ ਲਈ, ਜੰਗ ਉਸ ਛੇੜਨੀ ਸੀ; ਪਰ ਦੁਨੀਆਂ ਵਲੋਂ ਸੱਚੀ ਵੀ ਰਹਿਣਾ ਚਾਹੁੰਦੀ ਸੀ। ਦੁਨੀਆਂ ਗਾਹ ਕੇ ਉਹ ਵਾਪਸ ਆ ਗਈ। ਰੂਸ ਨਾਲ ਅੱਟੀ ਸੱਟੀ ਪਹਿਲੋਂ ਹੀ ਕਰ ਛੱਡੀ ਸੀ। ਇੰਦਰਾ ਨੂੰ ਦਿਲੋਂ ਖ਼ੌਫ਼ ਸੀ, ਕਿਤੇ ਅਮਰੀਕਾ ਤੇ ਚੀਨ-ਪਾਕਿਸਤਾਨ ਦੀ ਮਦਦ ਤੇ ਨਾ ਆ ਜਾਣ। ਰੂਸ ਨੇ ਇੰਦਰਾ ਦੀ ਪਿੱਠ ਠੋਕ ਕੇ ਉਸ ਦਾ ਇਹ ਡਰ ਲਾਹ ਦਿੱਤਾ। ਇੰਦਰਾ ਨੇ ਮੁਕਤੀ ਬਹਿਨੀ ਰਾਹੀਂ ਸੀਮਾ ਪਾਰ ਛੇੜ-ਛਾੜ ਸ਼ੁਰੂ ਕਰਵਾ ਦਿੱਤੀ। ਸੀਮਾ ਦੇ ਲਾਗੇ ਹੀ ਜੰਗਲੀ ਰੁੱਖਾਂ ਵਿਚ ਪੰਜਾਹ ਥਾਂ ਬੰਗਾਲੀ ਨੌਜਵਾਨਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਸੀ। ਟੀਚਾ ਸੀ, ਚਾਲ੍ਹੀ-ਪੰਜਾਹ ਹਜ਼ਾਰ ਨੌਜਵਾਨ ਤਿਆਰ ਕਰ ਲਏ ਜਾਣ।

ਸਿੱਕਮ ਦੀ ਰਾਜਧਾਨੀ ਗੰਗਟੋਕ ਤੋਂ ਪ੍ਰਾਈਵੇਟ ਟਰੱਕਾਂ ਰਾਹੀਂ ਗੋਲੀ ਸਿੱਕਾ ਢੋਇਆ ਜਾ ਰਿਹਾ ਸੀ। ਡਰਾਈਵਰ ਤੇ ਕਲੀਨਰ ਬੜੇ ਉਤਸ਼ਾਹ ਨਾਲ ਦਿਨ ਰਾਤ ਆਪਣੇ ਕੰਮ ਵਿਚ ਰੁੱਝੇ ਹੋਏ ਸਨ। ਡਰਾਈਵਰਾਂ ਅਤੇ ਕਲੀਨਰਾਂ ਤੱਕ ਨੂੰ ਪਾਕਿਸਤਾਨ ਖ਼ਤਮ ਕਰਨ ਦਾ ਬੜਾ ਚਾਅ ਸੀ। ਰਾਤਾਂ ਨੂੰ ਜਿੱਥੇ ਦਮ ਮਾਰਦੇ, ਦਾਰੂ ਪੀਂਦੇ ਅਤੇ ਜੱਲੀਆਂ ਪਾਉਂਦੇ। ਕੈਦ ਹੋਏ ਮੁਜੀਬਉਰ ਰਹਿਮਾਨ ਨਾਲ ਸਭ ਦੀ ਹਮਦਰਦੀ ਸੀ। ਜੰਗੀ ਸਾਮਾਨ ਦੇ ਲੱਦੇ ਟਰੱਕ ਗੰਗਟੋਕ ਤੋਂ ਕਲਕੱਤੇ ਆਉਂਦੇ, ਮੁੜ ਉਹਨਾਂ ਨੂੰ ਮੋਰਚਿਆਂ ਵੱਲ ਨੂੰ ਤੋਰ ਦਿੱਤਾ ਜਾਂਦਾ।

ਪੂਰਬੀ ਪਾਕਿਸਤਾਨ ਹਿੰਦੋਸਤਾਨ ਦੀਆਂ ਹੱਦਾਂ ਵਿਚ ਘਿਰਿਆ ਹੋਇਆ ਸੀ। ਕੇਵਲ ਚਟਾਗਾਂਗ ਦਾ ਥੋੜ੍ਹਾ ਜਿਨਾ ਹਿੱਸਾ ਹੀ ਬਰਮਾ ਨਾਲ ਲੱਗਦਾ ਸੀ। ਢਾਕਾ ਤ੍ਰਿਪੁਰਾ ਦੀ ਰਾਜਧਾਨੀ ਅਗਰਤਲਾ ਤੋਂ ਨੇੜੇ ਪੈਂਦਾ ਸੀ। ਜੰਗ ਦੀ ਵਿਧੀ ਇਹ ਬਣਾਈ ਗਈ ਕਿ ਛੇਤੀ ਤੋਂ ਛੇਤੀ ਢਾਕਾ ਪਹੁੰਚਿਆ ਜਾਵੇ। ਇਸ ਤਰ੍ਹਾਂ ਦੁਸ਼ਮਣ ਦੀ ਫ਼ੌਜ ਦਿਲ ਹਾਰ ਬੈਠੇਗੀ। ਬਾਰਸ਼ਾਂ ਕਾਰਨ ਜੰਗ ਸ਼ੁਰੂ ਨਾ ਕੀਤੀ ਜਾ ਸਕੀ। ਪਰ ਹਰ ਤਰ੍ਹਾਂ ਦੀ ਤਿਆਰੀ ਵਿਚ ਢਿੱਲ ਨਾ ਆਉਣ ਦਿੱਤੀ। ਅਗਰਤਲਾ ਸਾਮਾਨ ਸਪਲਾਈ ਕਰਨ ਵਾਲਾ ਹੈੱਡਕੁਆਟਰ ਬਣ ਗਿਆ।

ਹਮਦੂ ਭਾਈ ਅਵਾਮੀ ਲੀਗ ਦੇ ਦਸ ਵਰਕਰ ਨੌਜਵਾਨ ਲੈ ਕੇ ਪਹੁੰਚ ਗਿਆ ਸੀ। ਉਨ੍ਹਾਂ ਵਿਚ ਸੱਤ ਹਿੰਦੂ ਤੇ ਤਿੰਨ ਮੁਸਲਮਾਨ ਸਨ। ਉਸ ਸਾਰਿਆਂ ਨੂੰ ਸੂਬੇਦਾਰ ਗੁਰਬਖ਼ਸ਼ ਸਿੰਘ ਦੇ ਆ ਪੇਸ਼ ਕੀਤਾ।

"ਸ਼ਾਬਾਸ਼ ਹਮਦੂ! ਤੂਨੇ ਵਤਨ ਕੀ ਆਜ਼ਾਦੀ ਕੇ ਲੀਏ ਕਮਾਲ ਕਾਮ ਕੀਆ ਹੈ।" ਸੂਬੇਦਾਰ ਨੌਜਵਾਨ ਨੂੰ ਥਾਪੀਆਂ ਦੇ ਰਿਹਾ ਸੀ। "ਅਬ ਤੁਮਾਰਾ ਬੰਗਲਾ ਦੇਸ਼ ਜ਼ਰੂਰ ਬਣੇਗਾ; ਔਰ ਤੁਮ ਲੋਗ ਆਜ਼ਾਦ ਹੋ ਜਾਏਗਾ।"

"ਹਮ ਜਨਾਬ ਕੇ ਆਭਾਰੀ ਹੈਂ। ਆਪ ਹਮਾਰੀ ਮਦਦ ਕੋ ਆਏ, ਸ਼ੁਕਰ ਗੁਜ਼ਾਰ ਹਾਂ।" ਹਮਦੂ ਕਹਿ ਗਿਆ।

"ਹਮਦੂ ਤੇਰੇ ਸਾਥੀਓਂ ਨੇ ਰੋਟੀ ਵਗੈਰਾ ਖਾ ਲੀ ਯਾ ਭੂਖੇ ਹੀ ਹੈਂ?"

"ਹਮ ਨੇ ਸਾਹਬ, ਪਹਿਲਾ ਕਾਮ ਰੋਟੀ ਖਾਨੇ ਕਾ ਕੀਆ। ਬਹੁਤ ਭੂਖੇ ਥੇ।"

"ਤੇ ਅਬ ਇਨ ਕੋ ਹਵਾਲਦਾਰ ਤਾਰਾ ਸਿੰਘ ਕੇ ਪਾਸ ਲੇ ਜਾਓ। ਵੋਹ ਤੁਮਹੇਂ ਟੈਂਟ ਦੇਗਾ। ਬਾਰਸ਼ ਤੋ ਜਹਾਂ ਆਈ ਹੀ ਰਹਿਤੀ ਹੈ।"

"ਠੀਕ ਸਾਹਬ, ਹਮ ਲੇ ਜਾਤਾ।"

ਹਮਦੂ ਦੇ ਨਾਲ ਹੀ ਦੂਜੇ ਨੌਜਵਾਨ ਵੀ ਸੂਬੇਦਾਰ ਨੂੰ ਪ੍ਰਣਾਮ ਵਜੋਂ ਸਿਰ ਝੁਕਾ ਕੇ ਤੁਰ ਪਏ। ਉੱਥੋਂ ਹਟ ਕੇ ਹਮਦੂ ਨੇ ਹੌਲਦਾਰ ਤਾਰਾ ਸਿੰਘ ਮਾਨ ਨੂੰ ਸਲਾਮ ਆ ਬੁਲਾਈ।

"ਹਮੇ ਸੂਬੇਦਾਰ ਸਾਹਿਬ ਨੇ ਭੇਜਾ ਹੈ। ਟੈਂਟ ਔਰ ਕੰਬਲ ਚਾਹੀਏਂ। ਹਮ ਦਸ ਸਾਥੀ ਹੈਂ।" ਹਮਦੂ ਤਾਰਾ ਸਿੰਘ ਨੂੰ ਵੇਖ ਕੇ ਮੁਸਕਾ ਪਿਆ।

"ਤੁਮ ਦਸ ਨੰਬਰੀ ਹੋ।" ਏਨੀ ਕਹਿ ਕੇ ਮਾਨ ਹੱਸ ਪਿਆ; ਪਰ ਬੰਗਾਲੀ ਕੁਝ ਨਾ ਸਮਝੇ। "ਤੁਮਹੇ ਸਭ ਕੁਝ ਮਿਲੇਗਾ ਬੰਧੂ ਭਾਈ ਲੜਾਈ ਮੇਂ ਥੋੜ੍ਹਾ ਮੁਸ਼ਕਲ ਸੇ ਗੁਜ਼ਾਰਾ ਚਲਤਾ ਹੈ।" ਹੌਲਦਾਰ ਨੇ ਹਮਦੂ ਨੂੰ ਬਾਂਹ ਦੇ ਕਲਾਵੇ ਵਿਚ ਲੈ ਲਿਆ। ਉਸ ਸਟੋਰ ਵਿਚੋਂ ਉਨ੍ਹਾਂ ਨੂੰ ਲੋੜੀਂਦੀਆਂ ਹੋਰ ਵਸਤਾਂ ਵੀ ਕਢਵਾ ਦਿੱਤੀਆਂ। "ਆਜ ਆਪ ਕੋ ਛੁੱਟੀ, ਥਕੇ ਹੋਂਗੇ। ਮਗਰ ਭਲਕ ਸੇ ਦੋ ਵਕਤ ਪ੍ਰੇਡ ਕਰਨੀ ਹੀ ਹੋਗੀ।"

"ਜ਼ਰੂਰ ਕਰੇਂਗੇ ਸਰਦਾਰ ਜੀ ਜੋ ਕਹੋਗੇ, ਕਰੇਂਗੇ; ਮਗਰ ਪਾਕਿਸਤਾਨੀ ਪੰਜਾਬੀਓਂ ਸੇ ਹਮਾਰੀ ਜਾਨ ਛੁਡਾ ਦੋ ਬਹੁਤ ਜ਼ਾਲਮ ਹੈਂ।" ਇੱਕ ਹਿੰਦੂ-ਬੰਗਾਲੀ ਨੇ ਫਰਿਆਦ ਵਜੋਂ ਆਖਿਆ।

"ਯੇਹ ਹੇਰਨ ਬਾਬੂ ਹੈਂ। ਢਾਕਾ ਯੂਨੀਵਰਸਿਟੀ ਸੇ ਆਏ ਹੈਂ। ਬਹੁਤ ਜੋਸ਼ ਰਖਤੇ ਹੈਂ।" ਹਮਦੂ ਨੇ ਬੰਗਾਲੀ ਵਿਦਿਆਰਥੀਆਂ ਦੀ ਜਾਣ ਪਛਾਣ ਕਰਵਾਈ।

"ਹੇਰਨ ਬਾਬੂ ਜੀ, ਢਾਕਾ ਕੇ ਲੋਗ ਹਮਾਰੀ ਮਿਲਟਰੀ ਬਾਰੇ ਕਿਆ ਸੋਚਤੇ ਹੈਂ?" ਤਾਰਾ ਸਿੰਘ ਜਾਣਕਾਰੀ ਲਈ ਸਵਾਲ ਕਰ ਗਿਆ।

"ਸਰਦਾਰ ਜੀ ਸੋਚਨੇ ਕਾ ਵਕਤ ਨਿਕਲ ਗਿਆ। ਵੋਹ ਤੋ ਆਪ ਕਾ ਜਲਦੀ ਮੇਂ ਇੰਤਜ਼ਾਰ ਕਰਤਾ ਹੈ।" ਹੇਰਨ ਨੇ ਦੋਵੇਂ ਹੱਥ ਹਵਾ ਵਿਚ ਖੋਲ੍ਹ ਦਿੱਤੇ।

"ਵੋਹ ਯੇਹ ਤੋ ਨਹੀਂ ਖ਼ਿਆਲ ਕਰ ਰਹੇ ਕਿ ਹਮ ਆਪ ਕੋ ਦਬਾਨੇ ਆ ਰਹੇ ਹੈਂ?"

"ਭਗਵਾਨ ਕਾ ਨਾਮ ਲੋ ਜੀ, ਲੋਗ ਤੋ ਆਪ ਕੋ ਮੁਕਤੀ ਦਾਤਾ ਸਮਝੇਂਗੇ। ਆਪ ਕੇ ਆਗੇ ਫੂਲ ਬਰਖ਼ਾ ਹੋਗੀ।"

"ਨਹੀਂ, ਹਮ ਕੁਝ ਨਹੀਂ ਚਾਹਤੇ। ਮੁਕਤੀ ਬਹਿਨੀ ਇਸ ਲੀਏ ਬਣਾਈ ਹੈ ਕਿ ਤੁਮ ਲੋਗ ਆਪਣੇ ਬੰਗਲਾ ਕੋ ਸੁਤੰਤਰ ਕਰਵਾ ਸਕੋ। ਹਮ ਪਾਕਿਸਤਾਨ ਕਾ ਬੰਗਲਾ ਸੇ ਗ਼ਲਬਾ ਤੋੜਨਾ ਚਾਹਤੇ ਹੈਂ। ਵੋਹ ਹਮੇਂ ਉਧਰ ਕਸ਼ਮੀਰ ਮੇਂ ਤੰਗ ਕਰਤਾ ਹੈ। ਤੁਮ ਨੇ ਘਬਰਾਨਾ ਨਹੀਂ।

ਹਮ ਉਸੇ ਚਾਰੋਂ ਤਰਫ਼ ਸੇ ਘੇਰੇ ਮੇ ਲੇਕਰ ਹਮਲਾ ਕਰੇਂਗੇ। ਕਰਾਚੀ ਔਰਤ ਰਾਵਲਪਿੰਡੀ ਸੇ ਉਸ ਕੇ ਸਪਲਾਈ ਨਹੀਂ ਪਹੁੰਚ ਸਕੇਗੀ। ਤਬ ਤੱਕ ਢਾਕਾ ਫਾਲ ਹੋ ਚੁੱਕਾ ਹੋਗਾ; ਔਰ ਤੁਮਾਰਾ ਨਵਾਂ ਦੇਸ਼ ਬੰਗਲਾ ਆਜ਼ਾਦ ਹੋ ਜਾਏਗਾ।"

"ਇਨਸ਼ਾ ਏ ਅੱਲਾ" ਇੱਕ ਮੁਸਲਮਾਨ ਨੌਜਵਾਨ ਦੋਵੇਂ ਹੱਥ ਖ਼ੁਦਾ ਦੀ ਰਜ਼ਾ ਵਿਚ ਚੁੱਕ ਗਿਆ।

"ਹਮ ਤੁਮਾਰੇ ਸਾਥ ਹੈਂ। ਖ਼ੁਦ ਮਰ ਕਰ ਤੁਮਹੇਂ ਬਚਾਏਂਗੇ। ਹਮਾਰੀ ਹਿਸਟਰੀ ਹੀ ਐਸੀ ਹੈ। ਮਜ਼ਲੂਮ ਕੀ ਰੱਖਿਆ ਕੇ ਲੀਏ ਹਮ ਖ਼ੁਦ ਕੁਰਬਾਨ ਹੋ ਜਾਤੇ ਹੈਂ। ਥੋੜ੍ਹੇ ਦਿਨੋਂ ਤੱਕ ਆਪ ਦੇਖ ਹੀ ਲੇਂਗੇ।"

"ਸਰਦਾਰ ਜੀ ਆਪ ਕਾ ਬਹੁਤ ਸ਼ੁਕਰੀਆ ਔਰ ਸਤਿ ਸ੍ਰੀ ਅਕਾਲ" ਇੱਕ ਹੋਰ ਨੌਜਵਾਨ ਨੇ ਸਤਿ ਸ੍ਰੀ ਅਕਾਲ ਬੁਲਾ ਕੇ ਹਾਸੜ ਪੈਦਾ ਕਰ ਦਿੱਤੀ।

"ਅਬ ਸਾਰੇ ਆਰਾਮ ਕਰ ਲੋ। ਸੁਬਾਹ ਕੀ ਪਰੇਡ ਕੇ ਲੀਏ ਤਿਆਰ ਬਰ ਤਿਆਰ ਰਹਿਣਾ।" ਏਨੀ ਕਹਿ ਕੇ ਤਾਰਾ ਸਿੰਘ ਹੌਲਦਾਰ ਸਾਰਿਆਂ ਨਾਲ ਹੱਥ ਮਿਲਾ ਕੇ ਤੁਰ ਪਿਆ।

ਕਿਸੇ ਨੂੰ ਖ਼ਿਆਲ ਤੱਕ ਨਹੀਂ ਸੀ ਅਗਰਤਲਾ ਦੇ ਜੰਗਲਾਂ ਵਿਚ ਸ਼ੇਰਾਂ ਦੀ ਧਾੜ-ਦਬਸ਼ ਮਾਰਨ ਲਈ ਛਹਿ ਲਾਈ ਬੈਠੀ ਹੈ।

ਪੰਦਰਵਾਂ ਕਾਂਡ

ਇੱਕ ਤਰ੍ਹਾਂ ਸਰਕਾਰੀ ਆਦੇਸ਼ ਸੀ, ਤਿੰਨ ਹਫ਼ਤਿਆਂ ਵਿੱਚ ਪੂਰਬੀ ਪਾਕਿਸਤਾਨ ਖ਼ਤਮ ਕਰ ਦਿੱਤਾ ਜਾਵੇ। ਪਾਕਿਸਤਾਨ ਯਾਰੀ ਦੇ ਜ਼ੋਰ ਚੀਨ ਤੋਂ ਲੜਾਈ ਵਿਚ ਮਦਦ ਦੀ ਆਸ ਰੱਖਦਾ ਸੀ। ਕਿਉਂਕਿ ਕੁਰਾਕਰਮ ਵਿੱਚ ਦੀ ਸੜਕ ਕੱਢ ਕੇ ਚੀਨ ਨਾਲ ਜੁੜਨਾ ਤੇ ਉਸ ਦੀ ਮੰਗ ਅਨੁਸਾਰ ਕਸ਼ਮੀਰ ਦਾ ਉੱਤਰੀ ਹਿੱਸਾ ਦੇਣਾ, ਪਾਕਿਸਤਾਨ ਲਈ ਭਰੋਸਾ ਪੈਦਾ ਕਰਦਾ ਸੀ ਕਿ ਉਹ ਜੰਗ ਦੀ ਹਾਲਤ ਵਿਚ ਬਹੁੜੇ ਤੇ ਸਹਾਈ ਹੋਵੇ। ਅਮਰੀਕਾ ਦੇ ਅੱਠਵੇਂ ਬੇੜੇ, ਜਿਹੜਾ ਐਟਮੀ ਹਥਿਆਰਾਂ ਨਾਲ ਤਿਆਰ ਪੁਰ ਤਿਆਰ ਸੀ; ਦੇ ਪਹੁੰਚਣ ਦੀ ਪਾਕਿਸਤਾਨ ਨੂੰ ਤੀਬਰਤਾ ਨਾਲ ਉਡੀਕ ਸੀ। ਏਧਰ ਇੰਦਰਾ ਰੂਸ ਤੋਂ ਪੂਰਨ ਭਰੋਸਾ ਲੈ ਚੁੱਕੀ ਸੀ ਕਿ ਜੇ ਚੀਨ ਤੇ ਅਮਰੀਕਾ ਹਿਲਜੁਲ ਕਰਨ ਤਾਂ ਤੁਸੀਂ ਬੰਗਾਲ ਦੀ ਖਾੜੀ ਵਿੱਚ ਸਹਾਇਤਾ ਕਰੋਗੇ। ਚੀਨ ਲਈ ਹਿੰਦੋਸਤਾਨ 'ਤੇ ਹੱਲਾ ਕਰਨਾ ਬੜਾ ਕਠਿਨ ਸੀ, ਕਿਉਂਕਿ ਹਿੰਦੋਸਤਾਨ 1962 ਵਾਲਾ ਨਹੀਂ ਰਿਹਾ ਸੀ। ਚੀਨ ਲਈ ਬੇਗਾਨੀ ਅੱਗ ਵਿਚ ਪੈਣਾ ਬੇਹੱਦ ਮਹਿੰਗਾ ਪੈਂਦਾ ਸੀ। ਪਾਕਿਸਤਾਨ ਅਤੇ ਹਿੰਦੋਸਤਾਨ ਦਾ ਜਿੰਨਾ ਇਲਾਕਾ ਦੱਬ ਚੁੱਕਾ ਸੀ, ਉਹਦੇ ਵਿਚੋਂ ਖੁਸ ਸਕਦਾ ਸੀ, ਹੋਰ ਮਿਲਣ ਦੀ ਆਸ ਕੋਈ ਨਹੀਂ ਸੀ। ਅਮਰੀਕਾ ਸੋਚਦਾ ਸੀ, ਜੇ ਜੰਗੀ ਬੇੜਾ ਲੈ ਕੇ ਬੰਗਾਲ ਦੀ ਖਾੜੀ ਵਿਚ ਗਿਆ ਤਾਂ ਸੰਸਾਰ ਜੰਗ ਵੀ ਛਿੜ ਸਕਦੀ ਹੈ। ਅੱਗੇ ਲੋਕਾਂ ਦੇ ਘਰ ਸਾੜੇ ਐ, ਐਤਕੀਂ ਵਾਰ ਆਪਣਾ ਵੀ ਸੜ ਸਕਦਾ ਹੈ ਅਤੇ ਐਟਮੀ ਹਥਿਆਰਾਂ ਦੀ ਵਰਤੋਂ ਨਾਲ ਰੱਬ ਈ ਜਾਣਦਾ ਏ, ਕਿੰਨੀ ਕੁ ਤਬਾਹੀ ਹੋ ਜਾਵੇਗੀ। ਪਾਕਿਸਤਾਨ ਦੇ ਯਾਰਾਂ ਦੂਰ ਦੀ ਸੋਚਦਿਆਂ ਮਦਦ ਵਲੋਂ ਸੰਕੋਚ ਵੱਟੀ ਰੱਖੀ। ਇਕੱਲੇ ਪਾਕਿਸਤਾਨ ਨੂੰ ਭਾਰਤ ਕੀ ਸਮਝਦਾ ਸੀ, ਜਿਸ ਲਈ ਬਾਹਰਲੀ ਸਹਾਇਤਾ ਅਤੇ ਸਪਲਾਈ ਦੇ ਸਾਰੇ ਨਾਕੇ ਬੰਦ ਸਨ।

ਸਿਆਣੇ ਮਿਲਟਰੀ ਅਫ਼ਸਰਾਂ ਪਹਿਲੋਂ ਮੁਕਤੀ ਬਹਿਨੀ ਤੋਂ ਛਾਪੇ ਮਰਵਾਉਣੇ ਸ਼ੁਰੂ ਕੀਤੇ। ਭਾਰਤੀ ਮਾਹਰ ਉਨ੍ਹਾਂ ਨਾਲ ਬੰਗਾਲੀ ਭੇਸ ਵਿਚ ਜਾਂਦੇ ਸਨ। ਘੱਟ ਫ਼ੌਜੀ ਸਮਝ ਰੱਖਣ ਵਾਲੇ ਜਨਰਲ ਯਹੀਆ ਖ਼ਾਂ ਨੇ ਪੰਜਾਬ 'ਤੇ ਹੱਲਾ ਕਰਕੇ ਮੂਰਖ਼ਤਾ ਕਰ ਲਈ। ਭਾਰਤੀ ਫ਼ੌਜੀਆਂ ਸਮਝਿਆ, ਬਿੱਲਾ ਹੁਣ ਸਾਡੇ ਵਿਹੜੇ, ਅੜਿੱਕੇ ਆ ਗਿਆ ਹੈ। ਜੰਗ ਲਈ ਮੁੱਠਾਂ ਵਿੱਚ ਥੁੱਕੀ ਬੈਠੇ ਭਾਰਤ ਨੂੰ ਹੋਰ ਕੀ ਚਾਹੀਦਾ ਸੀ। ਤਿੰਨ ਤੇ ਚਾਰ ਦਸੰਬਰ ਦੀ ਰਾਤ ਨੂੰ ਬਾਕਾਇਦਾ ਹਮਲਾ ਸ਼ੁਰੂ ਹੋ ਗਿਆ। ਇੱਕੋ ਸਮੇਂ ਪੰਜ ਤਰਫ਼ੋਂ ਭਾਰਤੀ ਹੱਲੇ ਨੇ ਪਾਕਿਸਤਾਨੀ ਫੌਜੀਆਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ। ਭਾਰਤੀ ਸੈਨਾ ਦੋ ਦਿਨਾਂ ਵਿਚ ਕਿੰਨਾ ਹੀ ਐਡਵਾਂਸ ਕਰ ਗਈ। ਮੁਕਤੀ ਬਹਿਨੀ ਵਾਲੇ ਦਰਿਆਈ ਮੰਡਾਂ ਦੇ ਹਰ ਤਰ੍ਹਾਂ ਮਾਹਰ ਤੇ ਜਾਣੂ ਸਨ। ਬਰਗੇਡੀਅਰ ਸੁਬੇਗ ਸਿੰਘ ਤੇ ਉਸ ਦੇ ਸਾਥੀਆਂ ਨੇ ਅਗਰਤਲਾ ਨੂੰ ਆਪਣੀ ਰੱਖਿਆ ਛਾਉਣੀ ਬਣਾ ਕੇ ਕੁਮੀਲਾ ਨੂੰ ਧੁੱਸ ਦੇ ਲਈ ਸੀ। ਤ੍ਰਿਪੁਰਾ ਵਾਲੇ ਪਾਸਿਓਂ ਢਾਕਾ ਨੇੜੇ ਪੈਂਦਾ ਸੀ। ਢਾਕਾ ਹਥਿਆਉਣ ਨਾਲ ਪੂਰਬੀ ਪਾਕਿਸਤਾਨ ਦਾ ਅਸਲੋਂ ਲੱਕ ਟੁੱਟ ਜਾਂਦਾ ਸੀ।

ਪੰਜਾਂ ਪਾਸਿਆਂ ਤੋਂ ਟੈਂਕਾਂ ਦੇ ਜ਼ੋਰਦਾਰ ਹੱਲੇ ਕਾਰਨ ਪਾਕਿਸਤਾਨੀਆਂ ਦੇ ਪੈਰ ਉੱਖੜਦੇ ਗਏ। ਉਨ੍ਹਾਂ ਦੇ ਮਨ ਪਹਿਲੋਂ ਹੀ ਹਾਰੇ ਹੋਏ ਸਨ, ਕਿਉਂਕਿ ਲੋੜੀਂਦੀ ਸਪਲਾਈ ਪਹੁੰਚਣ ਦੀ ਕੋਈ ਸੰਭਾਵਨਾ ਨਹੀਂ ਸੀ। ਚੀਨ ਤੇ ਅਮਰੀਕਾ ਦੀ ਦਿਲੀ ਹਮਦਰਦੀ ਪਾਕਿਸਤਾਨ ਨਾਲ ਸੀ। ਪਰ ਜਦੋਂ ਉਨ੍ਹਾਂ ਅਮਲੀ ਤੌਰ 'ਤੇ ਕੁਝ ਵੀ ਨਾ ਕੀਤਾ, ਪਾਕਿਸਤਾਨ ਦੇ ਮਿਲਟਰੀ ਅਫ਼ਸਰ ਦਿਲ ਢਾਹ ਬੈਠੇ। ਅਮਰੀਕਾ ਦੇ ਅੱਠਵੇਂ ਬਹਿਰੀ ਬੇੜੇ ਨੇ ਹਿੰਦ ਸਾਗਰ ਵਿਚ ਪ੍ਰਵੇਸ਼ ਤਾਂ ਕੀਤਾ, ਪਰ ਜੰਗ ਵਿਚ ਕੋਈ ਹਿੱਸਾ ਨਾ ਲਿਆ। ਇਹ ਕੇਵਲ ਹਿੰਦੋਸਤਾਨ ਨੂੰ ਫੋਕੀ ਧਮਕੀ ਸੀ। ਉਹ ਚਾਹੁੰਦੇ ਸਨ, ਭਾਰਤ ਆਪਣਾ ਹਮਲਾ ਰੋਕ ਦੇਵੇ। ਅਮਰੀਕਾ ਦੇ ਬਹਿਰੀ ਬੇੜੇ ਦੇ ਪਹੁੰਚਣ ਨਾਲ ਰੂਸ ਦੀਆਂ ਉਹ ਡੁਬਕਣੀਆਂ ਵੀ ਹਿੰਦ ਸਾਗਰ ਵਿੱਚ ਚੁੱਭੀਆਂ ਮਾਰਨ ਲੱਗ ਪਈਆਂ। ਅਮਰੀਕਾ ਦੀ ਫੋਕੀ ਧਮਕੀ ਉਸ ਦੀ ਹੀ ਬਦਨਾਮੀ ਦਾ ਕਾਰਨ ਬਣ ਗਈ। ਪਾਕਿਸਤਾਨ ਨੂੰ ਚੱਜ ਨਾਲ ਹੀ ਸਾਫ਼ ਹੋ ਗਿਆ; ਔਖ ਵੇਲੇ ਕੋਈ ਨਹੀਂ ਬਹੁੜਦਾ; ਆਪ ਨੂੰ ਹੀ ਬਾਲ਼ ਕੇ ਸੇਕਣੀ ਪੈਂਦੀ ਹੈ।

ਮੁਕਤੀ ਬਹਿਨੀ ਦੀ ਦੇਖ ਰੇਖ ਹੇਠਾਂ ਸੂਬੇਦਾਰ ਗੁਰਬਖ਼ਸ਼ ਸਿੰਘ ਅਤੇ ਹੌਲਦਾਰ ਤਾਰਾ ਸਿੰਘ ਮਾਨ ਆਪਣੇ ਸਾਥੀਆਂ ਸਮੇਤ ਪਦਮਾ ਨਦੀ ਪਾਰ ਕਰ ਗਏ। ਉਨ੍ਹਾਂ ਤੜਕਸਾਰ ਦੁਸ਼ਮਣ ਦੇ ਤਿੰਨ ਟੈਂਕ ਘੇਰ ਲਏ। ਤੋਪਾਂ ਦੀ ਥੋੜ੍ਹੀ ਗੋਲਾ ਬਾਰੀ ਪਿੱਛੋਂ ਟੈਂਕਾਂ ਦੇ ਫਾਇਰ ਬੰਦ ਹੋ ਗਏ। ਅਚਾਨਕ ਚੌਫ਼ੇਰੇ ਭਾਰਤੀ ਫ਼ੌਜੀ ਦੇਖ ਕੇ ਟੈਂਕਾਂ ਵਾਲੇ ਦਹਿਸ਼ਤ ਵਿਚ ਆ ਗਏ ਸਨ। ਥੋੜ੍ਹੀ ਖ਼ਾਮੋਸ਼ੀ ਪਿੱਛੋਂ ਉਹ ਟੈਂਕਾਂ ਵਿਚੋਂ ਨਿਕਲ ਕੇ ਹੱਥ ਖੜ੍ਹੇ ਕਰਦੇ ਬਾਹਰ ਆ ਗਏ। ਅਸਲ ਵਿਚ ਉਨ੍ਹਾਂ ਨੂੰ ਮਾਰੇ ਜਾਣ ਦਾ ਡਰ ਪੈ ਗਿਆ ਸੀ। ਉਨ੍ਹਾਂ ਸਮਝ ਲਿਆ ਸੀ, ਪੂਰਬੀ ਪਾਕਿਸਤਾਨ ਚੌਫ਼ੇਰਿਓਂ ਘਿਰ ਚੁੱਕਾ ਹੈ; ਬਚਾਅ ਦਾ ਕੋਈ ਰਾਹ ਨਹੀਂ। ਹੱਥ ਖੜ੍ਹੇ ਕਰਕੇ ਹੀ ਜਾਨ ਬਚਾਈ ਜਾ ਸਕਦੀ ਹੈ।

"ਜਵਾਨੋਂ ਆਪਣੇ ਆਪਣੇ ਹਥਿਆਰ ਦੇ ਦਿਓ?" ਸੂਬੇਦਾਰ ਗੁਰਬਖ਼ਸ਼ ਸਿੰਘ ਪਾਕਿਸਤਾਨੀ ਫ਼ੌਜੀਆਂ ਨੂੰ ਗਰਜ ਕੇ ਬੋਲਿਆ।

"ਸਭ ਕੁਝ ਲੈ ਲਓ, ਪਰ ਰੱਬ ਦੇ ਵਾਸਤੇ ਸਾਨੂੰ ਮਾਰਿਓ ਨਾ।" ਉਹ ਮਿੰਨਤਾਂ ਤਰਲਿਆਂ 'ਤੇ ਆ ਗਏ।

"ਘਬਰਾਓ ਨਾ, ਮਾਰਦੇ ਬਿਲਕੁਲ ਨਹੀਂ।"

ਤਾਰਾ ਸਿੰਘ ਨੇ ਅਗਾਂਹ ਵੱਧ ਕੇ ਉਹਨਾਂ ਤੋਂ ਪਿਸਟਲ ਲੈ ਲਏ। ਪਾਕਿਸਤਾਨੀਆਂ ਕੋਈ ਹੁੱਤ ਨਾ ਕੀਤੀ। ਜਦੋਂ ਟੈਂਕਾਂ ਦੀ ਫੋਲਾ ਫਾਲੀ ਕੀਤੀ; ਹਰ ਟੈਂਕ ਵਿਚੋਂ ਦੋ ਦੋ ਬੰਗਾਲਣ ਕੁੜੀਆਂ ਨਿਕਲੀਆਂ। ਦੋ ਤਾਂ ਬੇ ਸੁਰਤਾਂ ਵਰਗੀਆਂ, ਡੌਰ ਭੌਰ ਝਾਕ ਰਹੀਆਂ ਸਨ। ਉਨ੍ਹਾਂ ਲਈ ਇਹ ਨਵਾਂ ਅਸਚਰਜ ਸੀ। ਉਹ ਐਨੀਆਂ ਡਰੀਆਂ ਹੋਈਆਂ ਸਨ ਕਿ ਬੋਲਣ ਦੀ ਥਾਂ ਕੰਬੀ ਜਾ ਰਹੀਆਂ ਸਨ। ਮਿਲਟਰੀ ਦੇ ਸਿੱਖ ਜਵਾਨਾਂ ਨੂੰ ਵੇਖ ਕੇ ਦੋ ਕੁੜੀਆਂ ਨੇ ਹੱਥ ਜੋੜ ਕੇ ਪ੍ਰਣਾਮ ਕੀਤੀ। ਇੱਕ ਨੇ ਦਲੇਰੀ ਨਾਲ ਆਖਿਆ:

"ਹਮਾਰੀ ਬੰਦਖਲਾਸ ਕਰਵਾਨੇ ਵਾਲੇ ਭਾਈਓ.......।" ਅਗਾਂਹ ਉਹ ਫੁੱਟ ਕੇ ਰੋ ਪਈ। ਉਸ ਤੋਂ ਗੱਲ ਨਹੀਂ ਹੋ ਰਹੀ ਸੀ।

ਦੂਜੀਆਂ ਕੁੜੀਆਂ ਗੱਲ੍ਹਾਂ ਦੇ ਦਾਗ਼ ਤੇ ਛਾਤੀਆਂ, ਪੱਲਿਆਂ ਨਾਲ ਲੁਕਾਂਦੀਆਂ ਸ਼ਰਮ ਵਿਚ ਮਰਦੀਆਂ ਜਾ ਰਹੀਆਂ ਸਨ। ਸੂਬੇਦਾਰ ਨੇ ਰੋਣ ਵਾਲੀ ਕੁੜੀ ਦੇ ਸਿਰ 'ਤੇ ਹੱਥ ਫੇਰਿਆ ਅਤੇ ਹੌਸਲਾ ਦੇਣ ਲਈ ਕਿਹਾ:

"ਬੇਟੀ ਰੋਵੋ ਨਾ, ਹਮ ਆ ਗਏ ਹੈਂ। ਤੁਮਹਾਰਾ ਸੋਨ ਬੰਗਲਾ ਅਬ ਆਜ਼ਾਦ ਹੋ ਜਾਏਗਾ। ਤੁਮਹਾਰੇ ਸਭ ਕਸ਼ਟ ਦੂਰ; ਅਬ ਕੋਈ ਜ਼ੁਲਮ ਨਹੀਂ ਕਰ ਸਕੇਗਾ, ਕੋਈ ਨਹੀਂ ਰੋਏਗਾ ਬੇਟੇ!"

"ਸੂਬੇਦਾਰ ਸਾਹਬ ਇਨ੍ਹਾਂ ਦਰਿੰਦਿਆਂ ਨੂੰ ਗੋਲੀਆਂ ਮਾਰ ਕੇ ਖ਼ਤਮ ਕਰੋ। ਇਨ੍ਹਾਂ ਸੱਪਾਂ ਨੂੰ ਥਾਏਂ ਦੱਬ ਦੇਈਏ।" ਤਾਰਾ ਸਿੰਘ ਦੇ ਏਨੀ ਆਖਣ ਨਾਲ ਭਾਰਤੀ ਸਿਪਾਹੀਆਂ ਰਾਈਫ਼ਲਾਂ ਸੇਧ ਲਈਆਂ।

"ਨਾ ਬਾਹੂਜ਼ੀ, ਖ਼ੁਦਾ ਦੇ ਵਾਸਤੇ ਬਖ਼ਸ਼ ਦਿਓ, ਅਸੀਂ ਤੁਹਾਡੀਆਂ ਕੋਲੀਆਂ ਗਊਆਂ।" ਪਾਕਿਸਤਾਨੀ ਫ਼ੌਜੀ ਹੱਥ ਬੰਨ੍ਹੀ ਕੰਬੀ ਜਾ ਰਹੇ ਸਨ।

"ਓਏ ਠਹਿਰੋ!" ਸੂਬੇਦਾਰ ਨੇ ਹੱਥ ਖੜ੍ਹਾ ਕਰਕੇ ਕਾਹਲੇ ਫ਼ੌਜੀਆਂ ਨੂੰ ਰੋਕਿਆ।

ਰੋਣ ਵਾਲੀ ਕੁੜੀ ਹੱਥ ਜੋੜ ਕੇ ਅੱਗੇ ਆ ਗਈ।

"ਇਨ੍ਹਾਂ ਹਮਾਰੇ ਸਾਥ ਜੋ ਕੀ ਹਮ ਹੀ ਜਾਨਤੀ ਹੈਂ। ਪਰ ਪਿਆਰੇ ਭਾਈਓ, ਸਰਦਾਰੋ! ਭਗਵਾਨ ਨੇ ਹਮਾਰੀ ਸੁਨ ਲੀ। ਆਪ ਆ ਗਏ ਹਤਿਆਰੋਂ ਸੇ ਛੁਡਾਨੇ ਕੇ ਲੀਏ। ਤੁਮਾਰਾ ਲਾਖ-ਲਾਖ ਧੰਨਵਾਦ! ਬੰਗਲਾ ਦੇਸ਼ ਆਪ ਕਾ ਅਹਿਸਾਨ, ਕਭੀ ਨਾ ਭੂਲੇਗਾ। ਆਪ ਬਹਾਦਰ ਹੈਂ। ਬਹਾਦਰ ਮੁਆਫ਼ ਵੀ ਕਰਤੇ ਹੈਂ। ਇਨ ਜ਼ਾਲਮੋਂ ਕੋ ਬਖ਼ਸ਼ ਦੋ। ਇਨਹੋਂ ਨੇ ਜੋ ਹਮ ਪਰ ਅੱਤਿਆਚਾਰ ਕੀਏ ਹੈਂ; ਹਮ ਬਤਾ ਨਾ ਸਕੇਂਗੇ। ਆਪ ਕੋ ਕੋਈ ਵੀ ਬੰਗਲਾ ਦੇਸ਼ ਕੀ ਔਰਤ ਮਿਲੇ; ਉਸ ਸੇ ਯੇਹ ਮਤ ਪੂਛਨਾ, ਤੁਮਾਰੇ ਸਾਥ ਕਿਆ ਬੀਤੀ।" ਉਸ ਦੀਆਂ ਮੋਟੀਆਂ ਕਾਲੀਆਂ ਅੱਖਾਂ ਵਿੱਚੋਂ ਤ੍ਰਿਪ-ਤ੍ਰਿਪ ਹੰਝੂ ਵਗੀ ਜਾ ਰਹੇ ਸਨ। ਇਨ ਕੋ ਮਾਰੋ ਨਾ, "ਇਨ ਕੀ ਬਹਿਨੇ ਹੋਂਗੀ, ਮਾਤਾਏਂ ਹੋਂਗੀ। ਉਨ ਕੋ ਇਨ ਕੀ ਇੰਤਜ਼ਾਰ ਹੋਗੀ। ਹਮੇ ਅਪਨੇ ਅੱਤਿਆਚਾਰੋਂ ਕਾ ਬਦਲਾ ਨਹੀਂ ਚਾਹੀਏ। ਹਮ ਨੇ ਮਾਫ਼ ਕੀਆ; ਤੁਮ ਵੀ ਸਰਦਾਰ ਜੀ ਖਿਮਾਂ ਕਰ ਦੋ।" ਉਸ ਕੁੜੀ ਨੇ ਸੂਬੇਦਾਰ ਦੇ ਪੈਰ ਫੜ ਲਏ।

ਗੁਰਬਖ਼ਸ਼ ਸਿੰਘ ਨੇ ਕੁੜੀ ਨੂੰ ਆਪਣੇ ਪੈਰਾਂ ਤੋਂ ਉਠਾਇਆ ਅਤੇ ਭਰੇ ਮਨ ਨਾਲ ਪੁੱਛਿਆ।

"ਬੇਟੀ ਤੇਰਾ ਨਾਂ?"

"ਜੀ ਕ੍ਰਿਸ਼ਨਾ।"

"ਕ੍ਰਿਸ਼ਨਾ, ਜੋ ਆਪਣੇ ਹਤਿਆਰੋਂ ਕੋ ਮਾਫ਼ ਕਰ ਦੇ; ਉਸ ਜੈਸਾ ਮਹਾਨ ਕੋਈ ਨਹੀਂ ਹੋ ਸਕਤਾ।" ਮੁੜ ਉਸ ਪਾਕਿਸਤਾਨੀ ਫ਼ੌਜੀਆਂ ਨੂੰ ਆਖਿਆ। "ਓਏ ਕੁੱਤਿਓ! ਮਜ਼ਲੂਮ ਤੁਹਾਡੀ ਖ਼ੈਰ ਮੰਗ ਰਹੇ ਐ। ਸ਼ਰਮ ਨਾਲ ਮਰ ਈ ਜਾਓ।"

ਕੈਦੀਆਂ ਦੀਆਂ ਨਜ਼ਰਾਂ ਧਰਤੀ ਤੋਂ ਨਹੀਂ ਉੱਠਦੀਆਂ ਸਨ।

ਏਨੇ ਚਿਰ ਨੂੰ ਮੁਕਤੀ ਬਹਿਨੀ ਦੇ ਕੁਝ ਨੌਜਵਾਨ ਪਹੁੰਚ ਗਏ। ਹਮਦੂ ਨੇ ਆਪਣੀ ਭੈਣ ਨੂੰ ਪਛਾਣ ਲਿਆ।

"ਸਲਮਾ!" ਉਹ ਡਡਿਆ ਕੇ ਕੁੜੀ ਨੂੰ ਚੁੰਬੜ ਗਿਆ।

"ਹਮਦੂ! ਮੇਰੇ ਭਾਈ ਮੁਝੇ ਗੋਲੀ ਮਾਰ ਦੋ, ਗੋਲੀ ਮਾਰ ਦੋ। ਮੈਂ ਜੀਨਾ ਨਹੀਂ ਚਾਹਤੀ, ਮੂੰਹ ਦਿਖਾਨੇ ਕੇ ਕਾਬਲ ਨਹੀਂ।" ਉਹ ਕੱਪੜੇ ਨਾਲ ਮੂੰਹ ਲੁਕਾਂਦੀ ਰੋ ਰਹੀ ਸੀ।

"ਇਨ ਮੇਂ ਸੇ ਕਿਸ ਨੇ ਤੇਰੇ ਸਾਥ ਜ਼ਿਆਦਤੀ ਕੀ ਹੈ? ਮੈਂ ਅਭੀ ਸ਼ੂਟ ਕਰੂੰਗਾ।"

ਹਮਦੂ ਇੱਕ ਤਰ੍ਹਾਂ ਹੋਸ਼ ਹਵਾਸ ਗਵਾ ਚੁੱਕਾ ਸੀ।

"ਨਹੀਂ ਹਮਦੂ" ਤਾਰਾ ਸਿੰਘ ਨੇ ਕਾਹਲੀ ਨਾਲ ਉਸ ਦੀ ਐੱਸ. ਐੱਲ. ਆਰ. ਫੜ ਲਈ। "ਤੂ ਐਸਾ ਨਹੀਂ ਕਰ ਸਕਤਾ।"

"ਮੈਂ ਇਨ ਸਭ ਕੋ ਮਾਰੂੰਗਾ। ਯਿਹ ਹਮਾਰੇ ਦੁਸ਼ਮਣ ਹੈਂ।" ਹਮਦੂ ਆਪੇ ਤੋਂ ਬਾਹਰ ਹੋਇਆ ਪਿਆ ਸੀ।

"ਵਾਰ ਟਾਈਮ ਮੇਂ ਕਾਇਦਾ ਕਾਨੂੰਨ ਤੋੜਨੇ ਵਾਲੇ ਕੋ ਕੋਰਟ ਮਾਰਸ਼ਲ ਕਰਕੇ ਗੋਲੀ ਮਾਰ ਦੀ ਜਾਤੀ ਹੈ।" ਸੂਬੇਦਾਰ ਨੇ ਮੁੰਡੇ ਨੂੰ ਸਮਝਾਇਆ। "ਯੇਹ ਸਭ ਅਬ ਹਮਾਰੇ ਕੈਦੀ ਹੈਂ।"

"ਇਨ ਬਦਕਾਰੋਂ ਨੇ ਹਮਾਰੀ ਭੈਣੋਂ ਕੀ ਇੱਜ਼ਤ ਲੂਟ ਲੀ, ਆਪ ਇਨਹੇਂ ਛੋੜ ਰਹੇ ਹੈਂ। ਸਰਦਾਰ ਜੀ ਯੇਹ ਕੈਸਾ ਨਿਆਏ ਹੈ।" ਹਮਦੂ ਫ਼ੌਜੀ ਸਿੱਖਾਂ 'ਤੇ ਔਖਾ ਸੀ।

"ਹਮ ਜ਼ੁਲਮ ਰੋਕਨੇ ਵਾਲੇ ਹੈਂ; ਕਰਨੇ ਵਾਲੇ ਨਹੀਂ।" ਸੂਬੇਦਾਰ ਨੇ ਤਾਰਾ ਸਿੰਘ ਨੂੰ ਅੱਖ ਮਾਰੀ। ਉਸ ਹਮਦੂ ਤੋਂ ਹਥਿਆਰ ਲੈ ਲਿਆ।

"ਸਰਦਾਰ ਜੀ ਆਪ ਅੱਛਾ ਨਹੀਂ ਕਰ ਰਹੇ।"

ਫਿਰ ਸੂਬੇਦਾਰ ਨੇ ਕੁੜੀਆਂ ਦੇ ਨਾਂ ਤੇ ਟਿਕਾਣੇ ਲਿਖਣੇ ਸ਼ੁਰੂ ਕਰ ਦਿੱਤੇ ਤਾਂ ਜੋ ਜਿਹੜੇ ਇਲਾਕੇ ਜਿੱਤੇ ਹਨ; ਉਨ੍ਹਾਂ ਥਾਵਾਂ ਦੀਆਂ ਕੁੜੀਆਂ ਨੂੰ ਘਰੀਂ ਭੇਜਿਆ ਜਾ ਸਕੇ।

ਤਿੰਨ ਟੈਂਕ ਅਤੇ ਸੱਤ ਫੜੇ ਕੈਦੀਆਂ ਦੀ ਖ਼ਬਰ ਵਾਇਰਲੈੱਸ ਰਾਹੀਂ ਆਪਣੇ ਬਰਗੇਡੀਅਰ ਸੁਬੇਗ ਸਿੰਘ ਨੂੰ ਭੇਜੀ ਜਾ ਚੁੱਕੀ ਸੀ। ਅੱਧੇ ਘੰਟੇ ਪਿੱਛੋਂ ਉਹ ਮੌਕੇ 'ਤੇ ਪਹੁੰਚ ਗਿਆ।

"ਸ਼ਾਬਾਸ਼ ਬਹਾਦਰੋ! ਆਫ਼ਰੀਨ ਤੁਹਾਡੀ ਦਲੇਰੀ ਦੇ। ਤੁਸਾਂ ਸੂਰਮੇ, ਸਿੰਘਾਂ ਵਾਲਾ ਕੰਮ ਕੀਤਾ ਹੈ।"

ਬਰਗੇਡੀਅਰ ਚੌੜੀ ਤੇ ਚੁਸਤ ਛਾਤੀ ਨਾਲ ਸ਼ਾਨਦਾਰ ਸ਼ਖ਼ਸੀਅਤ ਲੱਗਦਾ ਸੀ। "ਔਰ ਅੱਛੀ ਖ਼ਬਰੇਂ ਸੁਣੋ: ਰੰਗਪੁਰ ਤੇ ਰਾਜ ਸ਼ਾਹੀ ਤੋਂ ਸਾਡੀਆਂ ਫ਼ੌਜਾਂ ਢੇਰ ਅੱਗੇ ਵੱਧ ਆਈਆਂ ਹਨ। ਬੰਗਲਾ ਰਾਈਫਲਜ਼ ਦੀਆਂ ਬਹੁਤ ਸਾਰੀਆਂ ਟੁਕੜੀਆਂ ਨੱਠ ਕੇ ਸਾਡੇ ਨਾਲ ਆ ਮਿਲੀਆਂ ਹਨ। ਜਿੱਥੇ ਵੀ ਘੇਰਾ ਪਿਆ, ਪਾਕਿਸਤਾਨੀਆਂ ਹਥਿਆਰ ਸੁੱਟ ਦਿੱਤੇ। ਇੱਕ ਬਹੁਤ ਵੱਡਾ ਫ਼ੌਜੀ ਅਫ਼ਸਰ ਜਿਆਉਲ ਰਹਿਮਾਨ ਹਮਾਰੇ ਸਾਥ ਆ ਮਿਲਾ ਹੈ। ਅਸੀਂ ਬਹੁਤ ਛੇਤੀ ਢਾਕਾ ਪਹੁੰਚਣ ਵਾਲੇ ਆਂ।"

"ਹੁਰਾਅ! ਹੁਰਾਅ!" ਇੱਕ ਮੁਕਤੀ ਬਹਿਨੀਆ ਬੰਦੂਕ ਚੁੱਕ ਕੇ ਨੱਚਣ ਲੱਗ ਪਿਆ, "ਪਾਪ ਕੀ ਕਿਸ਼ਤੀ ਡੂਬਨੇ ਵਾਲੀ ਹੈ।"

"ਹਾਂਅ ਇਹ ਕੁੜੀਆਂ ਕੌਣ ਨੇ?" ਸੁਬੇਗ ਸਿੰਘ ਸੂਬੇਦਾਰ ਨੇ ਪੁੱਛ ਲਿਆ।

"ਯੇਹ ਹਮਾਰੀ ਬਹਿਨੇਂ ਹੈਂ।" ਹਮਦੂ ਵਿਚੋਂ ਹੀ ਬੋਲ ਪਿਆ। "ਇਨ ਬਦਕਾਰੋਂ ਕੇ ਟੈਂਕੋਂ ਸੇ ਨਿਕਾਲੀ ਗਈ ਹੈਂ। ਹਮ ਇਨਹੇਂ ਗੋਲੀ ਮਾਰੇਂਗੇ; ਹਮਾਰੇ ਦੁਸ਼ਮਨ ਹੈਂ।"

"ਨੌਜਵਾਨ, ਅਬ ਯਿਹ ਹਮਾਰੇ ਜੰਗੀ ਕੈਦੀ ਹੈਂ। ਮਿਲਟਰੀ ਰੂਲਜ਼ ਕੇ ਮੁਤਾਬਕ ਹਮ ਇਨਹੇਂ ਮਾਰ ਨਹੀਂ ਸਕਤੇ।" ਬਰਗੇਡੀਅਰ ਸੈਲੂਟ ਮਾਰਦੇ ਕੈਦੀਆਂ ਵੱਲ ਵਧਿਆ। "ਹਾਂ ਬਈ ਸਭ ਪੰਜਾਬੀ ਹੋ?"

"ਹਾਂ ਜਨਾਬ ਸਭ ਪੰਜਾਬੀ ਆਂ, ਔਰ ਆਪ ਕੀ ਸਰਦਾਰੀ ਸੇ ਰਹਿਮ ਚਾਹਤੇ ਹੈਂ।"

ਤਿੰਨ ਫ਼ੀਤੀਆਂ ਟੈਂਕ ਡਰਾਈਵਰ ਅਰਜ਼ ਕਰ ਗਿਆ।

"ਹਾਂ, ਵਾਰੀ ਵਾਰੀ ਨਾਂ ਤੇ ਥਾਂ ਟਿਕਾਣੇ ਦੱਸਦੇ ਜਾਓ?"

"ਮੈਂ ਨਿਸਾਰ ਅਹਿਮਦ, ਜ਼ਿਲ੍ਹਾ ਸ਼ਾਹੀਵਾਲ।" ਪਹਿਲਾ ਬੋਲਿਆ।

"ਜਨਾਬ, ਮੈਂ ਫ਼ਤਹਿ ਅਲੀ ਤੁਹਾਡੇ ਨਨਕਾਣਾ ਸਾਹਿਬ ਦਾ।" ਦੂਜੇ ਨੇ ਵਾਰੀ ਲਈ।

"ਫ਼ਤਹਿ ਅਲੀ ਨਹੀਂ, ਹੁਣ ਤੋਂ ਤੇਰਾ ਨਾਂ ਹਾਰ ਅਲੀ।" ਸੁਬੇਗ ਸਿੰਘ ਉਸ ਨੂੰ ਬਕਚਾਟ ਕਰ ਗਿਆ।

"ਹਜ਼ੂਰ ਮੇਰਾ ਨਾਂ ਸ਼ੇਰ ਖਾਂ, ਪਿੰਡ ਗੰਡਾ ਸਿੰਘ ਵਾਲਾ, ਕਸੂਰ ਲਾਗੇ।"

"ਓਏ ਤੂੰ ਮਰੇਂ ਗਵਾਂਢੀਆ। ਦੇਖ ਦੋਹੀਂ ਪਾਸੀਂ ਕਿਵੇਂ ਕਮਲੇ ਪੰਜਾਬੀ ਮਰਵਾ ਘੱਤੇ।" ਬਰਗੇਡੀਅਰ ਚੌਥੇ ਸਾਹਮਣੇ ਆ ਖਲੋਤਾ।

"ਸਾਹਿਬ ਨਾਂ ਈਦੂ ਖਾਂ, ਟਿਕਾਣਾ ਝੰਗ ਮਘਿਆਣਾ।"

"ਕੈਦੋ ਤੇਰਾ ਕੀ ਲੱਗਦਾ ਸੀ?"

"ਜਨਾਬ ਪੁਰਾਣੀਆਂ ਗੱਲਾਂ, ਕੌਣ ਜਾਣੇ ਕੀ ਲੱਗਦਾ ਸੀ; ਵਡੇਰਾ ਹੋਵੇਗਾ।"

"ਪੁਰਾਣੀਆਂ ਹੁੰਦੀਆਂ, ਹੁਣ ਤੱਕ ਮਰ ਚੁੱਕੀਆਂ ਹੁੰਦੀਆਂ। ਮਾਈ ਹੀਰ ਦੇ ਮਜ਼ਾਰ 'ਤੇ ਕਦੇ ਗਿਆ ਏਂ?" ਸਰਦਾਰ ਨੇ ਪੁੱਛ ਕੀਤੀ।

"ਕਈ ਵਾਰ; ਹਰ ਸਾਲ ਭਾਰੀ ਮੇਲਾ ਲੱਗਦਾ ਏ ਜਨਾਬ!"

"ਸਾਹਬ ਜੀ, ਨਾਂ ਚਰਾਗ ਦੀਨ, ਸਕਨਾ ਖ਼ਾਸ ਕਸੂਰ।"

"ਜਦੋਂ ਛੁਟ ਕੇ ਜਾਵੇਂ, ਪੀਰ ਅਨਾਇਤ ਸ਼ਾਹ ਦੇ ਮਜ਼ਾਰ ਨੂੰ ਮੇਰੀ ਸਲਾਮੀ ਦੇਈਂ।"

"ਸਰਦਾਰ ਮਿਹਰਬਾਨ! ਮੇਰਾ ਨਾਂ ਜਲਾਲਦੀਨ ਤੇ ਸਕਨਾ ਸਿਆਲਕੋਟ।" ਛੇਵਾਂ ਕੈਦੀ ਕਹਿ ਗਿਆ।

"ਪੂਰਨ ਦਾ ਖ਼ੂਹ ਵੇਖਿਆ ਏ?"

"ਹਾਂਅ ਮਿਹਰਬਾਨ! ਜਨਾਬ ਓਥੇ ਵੀ ਮੇਲਾ ਲੱਗਦਾ ਏ।"

"ਜਾਪਦਾ ਏ ਤੇਰੇ ਵਡੇਰੇ ਸਰਦਾਰਾਂ ਦੇ ਮੀਰ ਰਹੇ ਐ?"

"ਪ੍ਰਭਾ ਤੇਰੇ ਰੱਖਣ ਦੇ ਆਂ। ਕਿਵੇਂ ਜਾਣਿਆ ਅਸੀਂ ਮਿਰਾਸੀ ਆਂ?" ਉਸ ਦੇ ਹੱਥ ਜੋੜੇ ਹੋਏ ਸਨ।

"ਤੇਰੀ ਬੋਲੀ; ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ।" ਉਹ ਆਖ਼ਰੀ ਕੈਦੀ ਕੋਲ ਆ ਗਿਆ।

"ਜਨਾਬ ਮੇਰਾ ਨਾਂ ਅਕਰਮ ਤੇ ਸਕਨਾ ਹਰਬੰਸ ਪੁਰਾ ਤੇ ਪਿੱਛਾ ਲੋਪੋ ਕੇ।"

"ਓਏ ਕਮੂਤੋ" ਉਸ ਕੁੜੀਆਂ ਵੱਲ ਹੱਥ ਕਰ ਕੇ ਕਿਹਾ, "ਆਹ ਜ਼ਨਾਹਕਾਰੀ, ਲਾਹਨਤ ਤੁਹਾਡੇ ਵੱਡਿਆਂ ਦੇ; ਤੁਸਾਂ ਤਾਂ ਪੰਜਾਬੀਆਂ ਦਾ ਨਾਂ ਡੋਬ ਦਿੱਤਾ।" ਉਨ੍ਹਾਂ ਤੋਂ ਹਟ ਕੇ ਸੁਬੇਗ ਸਿੰਘ ਕੁੜੀਆਂ ਵੱਲ ਆਇਆ। "ਤੁਸੀਂ ਮੇਰੀਆਂ ਬੇਟੀਆਂ ਹੋ। ਮੈਂ ਸ਼ਰਮਿੰਦਾ ਆਂ, ਪੰਜਾਬੀਆਂ ਦੇ ਬੁਰੇ ਸਲੂਕ ਕਾਰਨ। ਦੇਖੋ, ਪੰਜਾਬੀ ਪੰਜਾਬੀ ਵਿਚ ਬਹੁਤ ਫ਼ਰਕ ਹੈ। ਏਕ ਪੰਜਾਬੀ ਜ਼ੁਲਮ ਕਰਤਾ ਹੈ, ਦੂਸਰਾ ਆਪ ਕੋ ਬਚਾਤਾ ਹੈ। ਹਮ ਆਪ ਸਭ ਕੀ ਹਿਫ਼ਾਜ਼ਤ ਕਰੇਗਾ। ਹਮਾਰੇ ਬਜ਼ੁਰਗ ਗਜ਼ਨੀ ਗੰਧਾਰ ਮੇਂ ਬਿਕਨੇ ਜਾਤੀ ਹਿੰਦੂ ਲੜਕੀਓ ਕੋ ਲੜ ਮਰ ਕਰ

ਵਾਪਸ ਲਾਤੇ ਰਹੇ ਹੈਂ।" ਬਰਗੇਡੀਅਰ ਸੁਬੇਗ ਸਿੰਘ ਸੂਬੇਦਾਰ ਨੂੰ ਸੰਬੋਧਨ ਹੋਇਆ, "ਇਨ੍ਹਾਂ ਕੈਦੀਆਂ ਨੂੰ ਅਗਰਤਲਾ ਭੇਜਿਆ ਜਾਵੇ ਅਤੇ ਲੜਕੀਓਂ ਕੋ ਪੂਰੀ-ਪੂਰੀ ਸੁਰੱਖਿਆ ਦੇਣੀ ਹੈ। ਸਮਝੇ?"

"ਜੀ ਸਰਦਾਰ?" ਗੁਰਬਖ਼ਸ਼ ਸਿੰਘ ਨਾਲ ਹੀ ਸਿਰ ਦੀ ਹਾਮੀ ਭਰ ਗਿਆ।

"ਹੋਰ ਚਿਤਾਵਨੀ, ਖ਼ੁਸ਼ੀ ਮਨਾਉਣ ਵਿਚ ਨਹੀਂ ਰੁਝ ਜਾਣਾ। ਖ਼ੁਸ਼ੀ ਤਾਂ ਹੁਣ ਢਾਕੇ ਚੱਲ ਕੇ ਹੀ ਮਨਾਵਾਂਗੇ।"

"ਹਜ਼ੂਰ ਦੇ ਹਰ ਹੁਕਮ ਦੀ ਤਾਮੀਲ ਠੀਕ ਤੇ ਜਲਦੀ ਹੋਵੇਗੀ।" ਹਵਾਲਦਾਰ ਤਾਰਾ ਸਿੰਘ ਸੈਲੂਟ ਮਾਰ ਗਿਆ।

ਇੱਕ ਕੈਦੀ ਦੂਜੇ ਦੇ ਕੰਨ ਵਿਚ ਆਖ ਗਿਆ:

"ਯਾਰ, ਜੇ ਐਨੇ ਚੰਗੇ ਸਿੱਖ ਅਫ਼ਸਰ ਸਾਡੀ ਸਰਕਾਰ ਕੋਲ ਹੁੰਦੇ; ਨਾਲ ਅਮਾਨ ਦੇ ਦਿੱਲੀ ਫ਼ਨਾਹ ਕਰ ਸੁੱਟਦੇ।

"ਫੇਰੇ ਦੇਣਿਆ, ਚੁੱਪ ਕਰ, ਮਸਾਂ ਜਾਨ ਬਚੀ ਐ।"

"ਹੁਣ ਕੁਝ ਨਹੀਂ ਹੁੰਦਾ, ਵੇਖਿਆ ਨਹੀਂ, ਸਰਦਾਰ ਕਿੰਨਾ ਮਿਹਰਬਾਨ ਸੀ।"

"ਹੋਣੀ ਦਾ ਕੋਈ ਪਤਾ ਨਹੀਂ। ਅਭੀ ਤੋ ਨਾਓਂ ਸਮੁੰਦਰ ਮੇਂ, ਕਿਆ ਜਾਣੇ ਕਿਆ ਹੋਏ।"

"ਨਹੀਂ, ਸਭ ਠੀਕ ਹੋਵੇਗਾ। ਹਾਂ, ਜੇ ਸਿੱਖ ਨਾ ਹੁੰਦੇ ਜ਼ਰੂਰ ਮਾਰੇ ਜਾਂਦੇ।"

ਹਵਾਲਦਾਰ ਤਾਰਾ ਸਿੰਘ ਮਾਨ ਸਾਰੇ ਕੈਦੀਆਂ ਨੂੰ ਮਿਲਟਰੀ ਦੇ ਟਰੱਕ ਵੱਲ ਨੂੰ ਲੈ ਤੁਰਿਆ।

ਸੋਲ੍ਹਵਾਂ ਕਾਂਡ

ਢਾਕਾ ਦੋ ਹਫ਼ਤਿਆਂ ਵਿਚ ਹੀ ਸਰ ਹੋ ਗਿਆ।

ਪਾਕਿਸਤਾਨ ਦੇ ਲੈਫ਼ਟੀਨੈਂਟ ਜਨਰਲ ਨਿਆਜ਼ੀ ਦੀ ਸਹਾਇਤਾ ਬੇਨਤੀ ਦੇ ਜਵਾਬ ਵਿੱਚ, ਜਨਰਲ ਯਹੱਈਆ ਖ਼ਾਂ ਨੇ ਆਖ ਦਿੱਤਾ।

"ਤੁਹਾਨੂੰ ਮਦਦ, ਹਾਂਅ ਮਦਦ ਕਿਸੇ ਤਰ੍ਹਾਂ ਵੀ ਨਹੀਂ ਪਹੁੰਚ ਸਕਦੀ। ਤੁਹਾਨੂੰ ਸਰੈਂਡਰ ਕਰਨਾ ਹੋਵੇਗਾ, ਕਰ ਦੇਵੋ।" ਲੱਗਦਾ ਸੀ, ਜਿਵੇਂ ਉਹ ਬਹੁਤ ਸ਼ਰਾਬੀ ਸੀ।

"ਜਨਾਬ ਤੁਸੀਂ ਕੀ ਆਖ ਰਹੇ ਹੋ? ਇਹਦਾ ਮਤਲਬ ਪਤਾ ਹੈ?"

"ਜਦੋਂ ਮੈਂ ਆਖਦਾ ਹਾਂ, ਸਰੈਂਡਰ ਕਰ ਦੇਵੋ; ਕੋਈ ਚਾਰਾ ਨਹੀਂ, ਕੋਈ ਚਾਰਾ ਨਹੀਂ।" ਜਨਰਲ ਨੇ ਮੁੜ ਜ਼ੋਰ ਦੇ ਕੇ ਕਿਹਾ।

"ਜਨਰਲ ਸਾਹਿਬ ਹਥਿਆਰ ਰੱਖਣ ਦੀ ਮੇਰੀ ਜ਼ਿੰਮੇਵਾਰੀ ਨਹੀਂ ਹੋਵੇਗੀ?"

"ਨਹੀਂ, ਬਿਲਕੁਲ ਨਹੀਂ। ਇਹ ਕੌਮੀ ਮਸਲਾ ਹੈ, ਹੁਣ ਜਵਾਨ ਮਰਵਾਉਣ ਦਾ ਕੋਈ ਫ਼ਾਇਦਾ ਨਹੀ; ਇਨ੍ਹਾਂ ਨੂੰ ਹਰ ਹੀਲੇ ਬਚਾਓ?"

ਪਾਕਿਸਤਾਨ ਦੀ ਹਾਈ ਕਮਾਂਡ ਵਲੋਂ ਲੈਫ਼ਟੀਨੈਂਟ ਜਨਰਲ ਨਿਆਜ਼ੀ ਜੀ ਨੂੰ ਸਰੈਂਡਰ ਕਰਨ ਦੀ ਖੁੱਲ੍ਹੀ ਛੁੱਟੀ ਮਿਲ ਗਈ ਸੀ। ਢਾਕੇ ਦੀਆਂ ਸੜਕਾਂ 'ਤੇ ਭਾਰਤੀ ਟੈਂਕ ਦਰਦਨਾਂਦੇ ਧੂੜਾਂ ਪੁੱਟਦੇ ਲੰਘ ਰਹੇ ਸਨ। ਬੰਗਾਲੀ ਫੁੱਲਾਂ ਦੇ ਹਾਰ ਟੈਂਕਾਂ 'ਤੇ ਵਗਾਹ ਰਹੇ ਸਨ ਅਤੇ ਭੰਗੜੇ ਪਾਉਂਦੇ ਖੁਸ਼ੀਆਂ ਮਨਾ ਰਹੇ ਸਨ। ਜਿਹੜਾ ਵੀ ਮੋਰਚਾ ਭਾਰਤੀ ਜਿੱਤ ਕੇ ਅੱਗੇ ਲੰਘਦੇ ਸਨ; ਸ਼ਹਿਰਾਂ ਤੇ ਪਿੰਡਾਂ ਦੇ ਲੋਕ ਉਨ੍ਹਾਂ ਨੂੰ ਜੀ ਆਇਆਂ ਨੂੰ ਆਖਣ ਲਈ ਪੂਰੀ ਹੁੱਬ ਨਾਲ ਮਿਲਦੇ ਅਤੇ ਨਾਅਰੇ ਮਾਰਦੇ।

"ਸ਼ਾਬਾਸ਼, ਹਮਾਰੇ ਮੁਕਤੀ ਦਾਤਿਓ! ਤੁਮਾਰਾ ਕੋਟਨ ਕੋਟ ਧੰਨਵਾਦ! ਭਗਵਾਨ ਤੁਮਹੇਂ ਲੰਮੀ ਆਯੂ ਦੇ।"

ਸਿੱਖ ਫ਼ੌਜੀਆਂ ਨੂੰ ਵੇਖ ਕੇ ਜ਼ਬਰ ਮਾਰੇ ਬੰਗਾਲੀਆਂ ਵਿੱਚ ਜਾਨ ਧੜਕ ਪਈ ਸੀ। ਉਨ੍ਹਾਂ ਦੀ ਦੱਬੀ ਖ਼ਾਮੋਸ਼ੀ ਨਾਅਰਿਆਂ ਵਿਚ ਬਦਲ ਗਈ। ਉਹ ਪੁੱਠੀਆਂ ਛਾਲਾਂ ਮਾਰ ਮਾਰ ਆਜ਼ਾਦੀ ਦਾ ਅਨੰਦ ਮਾਣ ਰਹੇ ਸਨ। ਸਾਰਾ ਢਾਕਾ ਖੁਸ਼ੀਆਂ ਵਿੱਚ ਜੱਲੀਆਂ ਪਾਉਂਦਾ ਸੜਕਾਂ 'ਤੇ ਆ ਨਿਕਲਿਆ। ਮੁਕਤੀ ਬਹਿਨੀ ਵਾਲੇ ਸੋਨਾਰ ਬੰਗਲਾ ਦੇ ਗੀਤ ਅਤੇ ਬੰਗਾਲੀ ਸ਼ਾਇਰ ਨਜ਼ਰਲ ਸਲਾਮ ਦੀਆਂ ਨਜ਼ਮਾਂ ਗਾ ਰਹੇ ਸਨ। ਉਹ ਸੰਗੀਨਾਂ ਦੇ ਸਾਏ ਹੇਠੋਂ ਮਸਾਂ ਨਿਕਲੇ ਸਨ।

ਪੂਰਬੀ ਕਮਾਂਡ ਦੇ ਹੈੱਡਕੁਆਟਰ ਕਲਕੱਤਾ ਤੋਂ ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਦਾ ਹਵਾਈ ਜਹਾਜ਼ ਢਾਕਾ ਦੀ ਪਟੜੀ 'ਤੇ ਉਤਰ ਚੁੱਕਾ ਸੀ। ਭਾਰਤੀ ਫ਼ੌਜ ਨੇ ਸਭ ਤੋਂ ਪਹਿਲਾਂ ਹਵਾਈ ਅੱਡਾ ਹੀ ਕਾਬੂ ਕੀਤਾ ਸੀ। ਲੈਫ਼ਟੀਨੈਂਟ ਜਨਰਲ ਨਿਆਜ਼ੀ ਨੇ

ਹਥਿਆਰ ਰੱਖਣ ਦੇ ਸੰਕੇਤ ਬਰਗੇਡੀਅਰ ਸੁਬੇਗ ਸਿੰਘ ਨੂੰ ਦੇ ਦਿੱਤੇ ਸਨ।

"ਅਸੀਂ ਲੜਾਈ ਨੂੰ ਏਥੇ ਈ ਬੰਦ ਕਰਦੇ ਹਾਂ ਤੇ ਹਥਿਆਰ ਰੱਖਣ ਨੂੰ ਤਿਆਰ ਆਂ। ਮੈਂ ਆਪਣੇ ਜਵਾਨਾਂ ਨੂੰ ਫ਼ਾਇਰਿੰਗ ਕਰਨ ਤੋਂ ਰੋਕ ਦਿੱਤਾ ਹੈ। ਬਰਾਇ ਮਿਹਰਬਾਨੀ ਹੋਰ ਖ਼ੂਨ ਖ਼ਰਾਬਾ ਰੋਕਿਆ ਜਾਵੇ।"

"ਨਿਆਜ਼ੀ ਸਾਹਿਬ! ਸਾਨੂੰ ਹੋਰ ਕੀ ਚਾਹੀਦਾ ਹੈ।" ਬਰਗੇਡੀਅਰ ਸੰਤ ਸਿੰਘ ਦਾ ਉਸ ਨੂੰ ਜਵਾਬ ਸੀ।

ਗੋਲੀ ਬੰਦ ਹੋ ਗਈ। ਬੰਗਾਲੀ ਸੜਕਾਂ 'ਤੇ ਜਸ਼ਨ ਮਨਾਉਂਦੇ ਸਿੱਖ ਫ਼ੌਜੀਆਂ ਨੂੰ ਆਪਣੇ ਨਾਲ ਨੱਚਣ ਲਈ ਮਜਬੂਰ ਕਰ ਰਹੇ ਸਨ। ਢਾਕੇ ਦੀ ਪ੍ਰੇਡ ਗਰਾਊਂਡ ਵਿੱਚ ਭਾਰਤੀ ਤੇ ਪਾਕਿਸਤਾਨੀ ਵੱਖਰੇ ਵੱਖਰੇ ਜਮ੍ਹਾਂ ਹੋ ਚੁੱਕੇ ਸਨ। ਪਾਕਿਸਤਾਨੀ ਫੌਜੀ ਉਦਾਸ ਤੇ ਉੱਤੇ ਮੂੰਹਾਂ ਨਾਲ ਧਰਤੀ 'ਚ ਨਿੱਘਰਦੇ ਜਾ ਰਹੇ ਸਨ। ਉਹ ਆਪਣੀ ਨੀਵੀਂ ਨਹੀਂ ਚੁੱਕਦੇ ਸਨ। ਨਿਆਜ਼ੀ ਤੇ ਉਸ ਦੇ ਮਤਾਹਿਤ ਅਫ਼ਸਰ ਖੁੱਲ੍ਹੀ ਮੇਜ਼ ਦੇ ਸਾਹਮਣੇ ਪਾਸੇ ਖਲੋਤੇ ਸਨ। ਦੂਜੇ ਬੰਨੇ ਲੈਫ਼ਟੀਨੈਂਟ ਜਨਰਲ ਸਰਦਾਰ ਜਗਜੀਤ ਸਿੰਘ ਅਰੋੜਾ, ਬਰਗੇਡੀਅਰ ਸੰਤ ਸਿੰਘ ਅਤੇ ਬਰਗੇਡੀਅਰ ਸੁਬੇਗ ਸਿੰਘ ਆਦਿ ਭਾਰਤੀ ਅਫ਼ਸਰ ਖਲੋਤੇ ਸਨ।

ਨਿਆਜ਼ੀ ਨੇ ਜਨਰਲ ਅਰੋੜਾ ਸਾਹਬ ਨੂੰ ਸੈਲੂਟ ਮਾਰਦਿਆਂ ਆਖਿਆ:

"ਮੈਂ ਆਪਣਾ ਰੀਵਾਲਵਰ ਤੁਹਾਡੇ ਅੱਗੇ ਪੇਸ਼ ਕਰਕੇ ਸਰੈਂਡਰ ਕਰਦਾ ਹਾਂ ਅਤੇ ਆਪਣੀ ਹਾਰ ਕਬੂਲਦਾ ਹਾਂ।"

"ਭਾਈ ਨਿਆਜ਼ੀ ਸਾਹਬ! ਮੈਨੂੰ ਅਫ਼ਸੋਸ ਏ।" ਜਗਜੀਤ ਸਿੰਘ ਨੇ ਹਮਦਰਦੀ ਨਾਲ ਕਿਹਾ, "ਅਸੀਂ ਕਿਹੋ ਜਿਹੇ ਹਾਲਾਤ ਵਿਚ ਮਿਲੇ, ਮਜਬੂਰੀ ਮੂੰਹ ਲੜੇ, ਅਜਾਈਂ ਖ਼ੂਨ ਬਹਾਇਆ।"

"ਹੁਣ ਕੁਝ ਨਾ ਕਹੋ, ਤੁਹਾਡੀ ਹਮਦਰਦੀ ਜ਼ਖ਼ਮਾਂ ਉੱਤੇ ਲੂਣ ਵਾਂਗ ਲੱਗਦੀ ਹੈ। ਇਸ ਜੰਗ ਵਿਚ ਸਭ ਤੋਂ ਵੱਧ ਜ਼ੁਲਫ਼ਕਾਰ ਅਲੀ ਭੁੱਟੋ ਜ਼ਿੰਮੇਵਾਰ ਹੈ।"

"ਉਹ ਕਿਉਂ?"

"ਪਾਰਲੀਮੈਂਟ ਦੀ ਇਲੈਕਸ਼ਨ ਜਦੋਂ ਅਵਾਮੀ ਲੀਗ ਦਾ ਮੁਜੀਬਰ ਰਹਿਮਾਨ ਜਿੱਤ ਗਿਆ ਸੀ; ਸੱਤਾ ਉਸ ਨੂੰ ਦੇਣੀ ਚਾਹੀਦੀ ਸੀ। ਉਲਟਾ ਉਸ ਨੂੰ ਗ੍ਰਿਫ਼ਤਾਰ ਕਰਕੇ ਮਗ਼ਰਬੀ ਪਾਕਿਸਤਾਨ ਲੈ ਜਾਇਆ ਗਿਆ। ਬੰਗਾਲੀ ਅਵਾਮ ਨੇ ਕੁਦਰਤੀ ਭੜਕਣਾ ਸੀ। ਸਾਡੀ ਸਭ ਤੋਂ ਵੱਡੀ ਗ਼ਲਤੀ ਸੀ, ਬੰਗਾਲੀਆਂ ਉੱਤੇ ਉਰਦੂ ਥੋਪਣੀ। ਬੰਗਾਲੀ ਆਪਣੀ ਮਾਂ ਬੋਲੀ ਤੋਂ ਜਾਨ ਵਾਰਦੇ ਹਨ, ਬੇਹੱਦ ਪਿਆਰ ਕਰਦੇ ਹਨ। ਇਹ ਸਨ ਸਾਡੀਆਂ ਬੁਨਿਆਦੀ ਗ਼ਲਤੀਆਂ; ਜਿਸ ਕਾਰਨ ਸਾਨੂੰ ਹਾਰ ਦਾ ਮੂੰਹ ਵੇਖਣਾ ਪਿਆ।"

"ਸਾਰੀ ਦੁਨੀਆਂ ਦੇ ਲੋਕ ਆਪਣੀ ਮਾਂ ਬੋਲੀ ਨੂੰ ਪਿਆਰ ਕਰਦੇ ਹਨ; ਸਵਾਏ ਪੰਜਾਬੀਆਂ ਦੇ।" ਜਨਰਲ ਅਰੋੜਾ ਸੰਜੀਦਗੀ ਨਾਲ ਕਹਿ ਗਿਆ। "ਹੁਣ ਹਥਿਆਰ ਸੁਟਵਾਈ ਸ਼ੁਰੂ ਕੀਤੀ ਜਾਵੇ?"

ਨਿਆਜ਼ੀ ਦੇ ਇਸ਼ਾਰੇ 'ਤੇ ਪਾਕਿਸਤਾਨੀ ਫ਼ੌਜ ਦੇ ਅਫ਼ਸਰਾਂ ਅਤੇ ਸਿਪਾਹੀਆਂ ਨੇ ਕਤਾਰਾਂ ਬੰਨ੍ਹ ਕੇ ਹਥਿਆਰ ਰੱਖਣੇ ਸ਼ੁਰੂ ਕਰ ਦਿੱਤੇ। ਕਈ ਸਿਪਾਹੀ ਹਥਿਆਰ ਰੱਖਦੇ ਬਹੁਤ ਔਖੇ ਸਨ। ਰੋਹ ਤੇ ਗੁੱਸਾ ਉਨ੍ਹਾਂ ਦੇ ਚਿਹਰਿਆਂ ਤੋਂ ਸਾਫ਼ ਝਲਕਦਾ ਸੀ। ਪਰ ਮਜਬੂਰੀ ਤੋ

ਡਸਿਪਲਨ ਨੇ ਉਨ੍ਹਾਂ ਦੇ ਹੱਥ ਬੰਨ੍ਹੇ ਹੋਏ ਸਨ। ਕੁੱਲ ਗਿਣਤੀ ਤਰਾਨਵੇਂ ਹਜ਼ਾਰ ਕੁਝ ਸੌ ਦੀ ਸੀ। ਪਾਕਿਸਤਾਨੀ ਅਫ਼ਸਰ, ਤਰਾਨਵੇਂ ਹਜ਼ਾਰ ਦੀ ਨਫ਼ਰੀ ਦਾ ਤਾਰੀਖ਼ ਦੇ ਪੱਖੋਂ ਹਥਿਆਰ ਸੁੱਟਣਾ, ਸ਼ਰਮਿੰਦਗੀ ਵਾਲੀ ਗੱਲ ਮਹਿਸੂਸ ਕਰਦੇ ਸਨ। ਕਲ੍ਹ ਜਿਹੜੇ ਬੰਗਾਲ ਵਿਚ ਦਾਅੜਦੇ ਸਨ, ਅੱਜ ਪਿੰਜਰੇ ਦੇ ਸ਼ੇਰ ਬਣੇ ਹੋਏ ਸਨ। ਪਾਕਿਸਤਾਨੀ ਨੌਜਵਾਨ ਆਪਣਾ ਗੁੱਸਾ ਅੰਦਰੇ ਅੰਦਰ ਪੀ ਗਏ। ਸੁੱਟੇ ਜਾ ਰਹੇ ਹਥਿਆਰਾਂ ਦੇ ਅੰਬਾਰ ਉਸਰ ਗਏ ਸਨ।

ਹਥਿਆਰਾਂ ਦੀ ਚਲਦੀ ਸੁਟਵਾਈ ਵਿਚ ਬਰਗੇਡੀਅਰ ਸੁਬੇਗ ਸਿੰਘ ਨਿਆਜ਼ੀ ਕੋਲ ਆ ਗਿਆ ਅਤੇ ਪਿਆਰ ਨਾਲ ਬੋਲਿਆ।

"ਓਏ ਨਿਆਜ਼ੀ ਦਿਆ ਘੋੜਿਆ, ਤੂੰ ਕਿੱਥੇ ਆ ਫਸਿਆ?"

ਨਿਆਜ਼ੀ ਡੇਹਰਾਦੂਨ ਟ੍ਰੇਨਿੰਗ ਅਕੈਡਮੀ ਵਿਚ ਸੁਬੇਗ ਸਿੰਘ ਨਾਲੋਂ ਇੱਕ ਸਾਲ ਪਿੱਛੇ ਸੀ।

"ਮੈਂ ਤਾਂ ਆਪਣੇ ਮੁਲਕ ਪਾਕਿਸਤਾਨ ਵਿਚ ਆਂ; ਤੂੰ ਕਿੱਥੋਂ ਆ ਮਰਿਆ ਜ਼ਾਲਮਾ!"

ਦੋਹਾਂ ਇੱਕ ਦੂਜੇ ਨੂੰ ਘੁੱਟ ਕੇ ਜੱਫੀ ਪਾ ਲਈ। ਡੇਹਰਾਦੂਨ ਦੀਆਂ ਯਾਦਾਂ ਨੇ ਦੋਵਾਂ ਪੰਜਾਬੀਆਂ ਨੂੰ ਤਾਜ਼ਾ ਦਮ ਕਰ ਕਰ ਦਿੱਤਾ।

"ਇਹ ਹੁਣ ਬੰਗਲਾ ਦੇਸ਼ ਹੈ, ਤੁਹਾਡਾ ਮੁਲਕ ਨਹੀਂ ਰਿਹਾ।"

"ਬੱਚੂ, ਤੁਸੀਂ ਸਾਨੂੰ ਆ ਮਾਰਿਆ, ਵਰਨਾ ਬੰਗਾਲੀ ਕਿਆ ਪਿੱਦੀ, ਕਿਆ ਪਿੱਦੀ ਕਾ ਸ਼ੋਰਬਾ।"

"ਸਾਲਿਆ, ਤੁਸਾਂ ਬੰਗਾਲੀਆਂ ਨੂੰ ਨਾਲ ਰੱਖਣ ਵਾਲੀ ਕੋਈ ਤਾਂ ਗੱਲ ਕੀਤੀ ਹੁੰਦੀ।" ਸੁਬੇਗ ਸਿੰਘ ਉਸ ਨੂੰ ਰੜਕਾ ਗਿਆ।

"ਡੁੱਬੀ ਤਾਂ ਤਾਂਹੀ, ਜੇ ਸਾਹ ਨਾ ਆਇਆ। ਏਸ ਭੁੱਟੋ ਭੁੱਟੋ ਨੇ ਮਰਵਾ ਘੱਤੇ।" ਨਿਆਜ਼ੀ ਜ਼ੁਲਫ਼ਕਾਰ ਅਲੀ 'ਤੇ ਬਹੁਤ ਔਖਾ ਸੀ।

"ਇੱਕ ਸਿਆਸਤਦਾਨ ਨੂੰ ਸ਼ੁਹਰਤ ਤੇ ਇਕਤਦਾਰ ਚਾਹੀਦਾ ਹੁੰਦਾ ਏ; ਦੇਸ ਤੇ ਕੌਮ ਪਵੇ ਢੱਠੇ ਖੂਹ ਵਿੱਚ। ਸਾਡੀ ਲੀਡਰ ਨੇ ਵੀ ਜੂਆ ਖੇਡਿਆ ਏ।"

"ਯਾਰ ਮਾਰੇ ਗਏ।"

"ਹੁਣ ਪਛਤਾਵਾ ਛੱਡ; ਜ਼ਿੰਦਗੀ ਵਿਚ ਜਿੱਤਾਂ ਹਾਰਾਂ ਆਉਂਦੀਆਂ ਹੀ ਰਹਿੰਦੀਆਂ ਏਂ। ਗੁਰੂ ਗੋਬਿੰਦ ਸਿੰਘ ਦਾ ਫ਼ੁਰਮਾਨ ਹੈ: ਹਮੇਸ਼ਾ ਚੜ੍ਹਦੀ ਕਲਾ ਵਿਚ ਰਹੋ।" ਬ੍ਰਗੇਡੀਅਰ ਨੇ ਉਸ ਨੂੰ ਹੌਸਲੇ ਵਾਲਾ ਥਾਪੜਾ ਦਿੱਤਾ।

"ਚੜ੍ਹਦੀ ਕਲਾ ਵੜਗੀ, ਜਿੱਥੋਂ ਨਿਕਲੀ ਸੀ।" ਉਹ ਆਪਣੇ ਭਵਿੱਖ ਬਾਰੇ ਝੁਰਦਾ ਸੀ। "ਤਾਰੀਖ਼ ਦੀ ਇਹ ਲਾਈਨ ਕਿਵੇਂ ਮਿਟਾਵਾਂਗਾ, ਜਰਨੈਲ ਨੇ ਤਰਾਨਵੇਂ ਹਜ਼ਾਰ ਫ਼ੌਜੀ ਕੈਦੀ ਬਣਾ ਘੱਤੇ। ਚੰਗਾ ਨਹੀਂ ਸੀ, ਮੈਂ ਲੜ ਕੇ ਮਰ ਜਾਂਦਾ।"

"ਬੜੇ ਹੋਰ ਮੌਕੇ ਆਉਣਗੇ। ਨਵੀਂ ਜਿੱਤ, ਪੁਰਾਣੀ ਹਾਰ ਦਾ ਮੂੰਹ ਢੱਕ ਦੇਂਦੀ ਹੈ। ਤੂੰ ਅਫ਼ਸੋਸ ਛੱਡ ਤੇ ਯਾਰਾਂ ਵਾਲੀ ਲਹਿਰ ਵਿੱਚ ਆ।" ਸੁਬੇਗ ਸਿੰਘ ਉਸ ਨੂੰ ਹਾਰ ਵਾਲੀ ਖੱਡ ਵਿਚੋਂ ਧੂਹ ਕੇ ਯਾਰੀ ਵਾਲੇ ਪੈਂਤੜੇ ਤੇ ਲਿਆਉਣਾ ਚਾਹੁੰਦਾ ਸੀ। "ਸਾਲਿਆ ਨਿਆਜ਼ੀਆ! ਮੇਰੇ ਨਾਲੋਂ ਇੱਕ ਸਾਲ ਪਿੱਛੇ ਹੁੰਦਾ, ਤੂੰ ਲੈਫ਼ਟੀਨੈਂਟ ਜਨਰਲ ਕਿਵੇਂ ਬਣ ਗਿਆ ਓਏ?"

"ਇਹ ਆਪਣੇ ਆਜ਼ਾਦ ਮੁਲਕ ਦੀਆਂ ਬਰਕਤਾਂ ਏਂ। ਕਿਸੇ ਦਾ ਹੱਕ ਮਾਰੇ ਬਿਨਾਂ ਏਥੋਂ ਤੱਕ ਪੁੱਜਾ ਹਾਂ।"

"ਤੇਰਾ ਮਤਲਬ ਐ, ਮੈਂ ਗੁਲਾਮ ਮੁਲਕ ਦਾ ਵਾਸੀ ਆਂ?"

"ਇਸ ਵਿਚ ਕੀ ਸ਼ੱਕ ਐ, ਆਜ਼ਾਦ ਦੇਸ਼ ਵਿੱਚ ਗੁਲਾਮ। ਐਨੇ ਮਾਹਰ ਸਿੱਖ ਅਫ਼ਸਰ, ਜੰਗਾਂ ਜਿੱਤਣ ਵਾਲੇ; ਭਲਾ ਦੱਸ ਖਾਂ, ਤੁਹਾਡੀ ਕਮਾਂਡਰ ਇਨ ਚੀਫ਼ ਬਣਨ ਦੀ ਵਾਰੀ ਕਿਉਂ ਨਹੀਂ ਆਈ?"

"ਤੂੰ ਥੱਚੂ ਮੈਨੂੰ ਪਾਣ ਚਾੜ੍ਹਦਾ ਏਂ। ਮੈਂ ਤੇਰੀ ਚੁੱਕ ਵਿਚ ਆਉਣ ਵਾਲਾ ਨਹੀਂ।" ਉਸ ਨਿਆਜ਼ੀ ਦੇ ਮੌਢੇ 'ਤੇ ਜ਼ੋਰ ਦਾ ਧੱਫਾ ਮਾਰਿਆ।

"ਮੈਂ ਆਖਿਆ ਏ, ਸੱਚ, ਤੂੰ ਮੰਨ ਨਾ ਮੰਨ। ਏਸੇ ਬ੍ਰਾਹਮਣਇਜ਼ਮ ਦੇ ਤਅੱਸਬ ਨੇ ਪਾਕਿਸਤਾਨ ਬਣਾਇਆ ਸੀ। ਵਰਨਾ ਅਸੀਂ ਕਦੋਂ ਅੱਡ ਹੁੰਦੇ ਸੀ।"

"ਬੀਤ ਗਈਆਂ ਸੋ ਬੀਤ ਗਈਆਂ; ਛੱਡ ਹੁਣ ਇਨ੍ਹਾਂ ਗੱਲਾਂ ਨੂੰ।" ਸੁਬੇਗ ਕੱਚਾ ਹੁੰਦਾ ਟਾਲ੍ਹਾ ਮਾਰ ਗਿਆ।

"ਹਿੰਦੂ ਰਿਹਾ ਏ ਮੁਸਲਮਾਨ ਦਾ ਹਜ਼ਾਰ ਸਾਲ ਗੁਲਾਮ; ਹੁਣ ਗਿਣ ਗਿਣ ਬਦਲੇ ਲਵੇਗਾ।" ਨਿਆਜ਼ੀ ਨੇ ਦਿਲ ਦੀ ਕਹਿ ਦਿੱਤੀ। "ਚੰਗਾ ਦੋਸਤ, ਮੈਂ ਇਹ ਗੱਲਾਂ ਛੱਡਦਾ ਆਂ, ਜਿਹੜੀਆਂ ਹਕੀਕਤ ਹਨ। ਹੁਣ ਤੂੰ ਦੱਸ ਸਾਡੇ ਨਾਲ ਕੀ ਸਲੂਕ ਕਰੋਗੇ।"

"ਜੋ ਇਕ ਬਾਦਸ਼ਾਹ ਦੂਜੇ ਨਾਲ ਕਰਦਾ ਹੈ।" ਏਨੀ ਕਹਿ ਕੇ ਸੁਬੇਗ ਸਿੰਘ ਟਾਹ-ਟਾਹ ਹੱਸ ਪਿਆ।

"ਦੇਖ, ਨਾ ਤੂੰ ਸਿਕੰਦਰ ਏਂ ਨਾ ਮੈਂ ਪੋਰਸ। ਤੂੰ ਫ਼ਤਹਿ ਤੇ ਮੈਂ ਹਾਰਿਆ ਜਰਨੈਲ ਆਂ। ਫਿਰ ਵੀ ਕੀ ਸਕੀਮ ਐ? ਊਂ ਮੈਨੂੰ ਪਤਾ ਏ ਇੰਦਰਾ ਨੇ ਤੁਹਾਡੇ ਹੱਥ ਬੰਨ੍ਹ ਰੱਖੇ ਐ।"

"ਜੇ ਤੈਨੂੰ ਐਨਾ ਪਤਾ ਹੈ, ਫਿਰ ਪੁੱਛਦਾ ਕਿਉਂ ਏਂ। ਅਸੀਂ ਤਾਂ ਯਾਰਾਂ ਵਾਲਾ ਹੀ ਸਲੂਕ ਕਰਾਂਗੇ। ਪਰ ਸ਼ਾਇਦ ਸਰਕਾਰ ਦੇ ਕੰਮ ਵਿੱਚ ਲੱਤ ਨਾ ਅੜਾ ਸਕੀਏ।" ਬ੍ਰਗੇਡੀਅਰ ਨੇ ਯਾਰੀ ਤੇ ਸਰਕਾਰੀ ਦੋਵੇਂ ਪੱਖ ਰੱਖ ਲਏ। "ਖਿਆਲ ਹੈ ਸਿਆਸੀ ਸੌਦੇਬਾਜ਼ੀ ਹੋਵੇਗੀ।"

"ਮੈਨੂੰ ਵੀ ਲੱਗਦਾ ਏ। ਸੁਬੇਗ ਯਾਰਾ ਜਦੋਂ ਉੱਖਲੀ ਵਿਚ ਈ ਸਿਰ ਦੇ ਲਿਆ, ਮੋਹਲਿਆਂ ਦੀ ਮਾਰ ਤੋਂ ਕੀ ਡਰਨਾ।" ਉਂਝ ਉਸ ਦਾ ਫ਼ਿਕਰਮੰਦ ਹੋਣਾ ਕੁਦਰਤੀ ਵੀ ਸੀ।

ਅੱਧੀ ਦਿਹਾੜੀ ਤੱਕ ਹਥਿਆਰ ਸੁਟਵਾਈ ਹੁੰਦੀ ਰਹੀ। ਸ਼ਾਮ ਪੈਣ 'ਤੇ ਜਨਰਲ ਅਰੋੜਾ ਨੇ ਕੈਦੀ ਸਿਪਾਹੀਆਂ ਨੂੰ ਟਰੱਕਾਂ ਵਿੱਚ ਲੱਦ ਕੇ ਲੈ ਜਾਣ ਦਾ ਹੁਕਮ ਦੇ ਦਿੱਤਾ। ਭਾਰਤੀ ਫ਼ੌਜੀਆਂ ਦੀ ਨਿਗਰਾਨੀ ਵਿੱਚ ਗੱਡੀਆਂ ਤੁਰਦੀਆਂ ਗਈਆਂ। ਇੱਕ ਟਰੱਕ ਵਿਚ ਚੜ੍ਹਨ ਤੋਂ ਪਹਿਲਾਂ ਇੱਕ ਕੈਦੀ ਨੇ ਤਾਰਾ ਸਿੰਘ ਮਾਨ ਨੂੰ ਤਾਹਨਾ ਮਾਰਿਆ।

"ਤੁਸੀਂ ਸਿੱਖੋ, ਸਾਡਾ ਤਾਂ ਭੱਠਾ ਬਹਾ ਹੀ ਦਿੱਤਾ; ਪਰ ਕੋਈ ਨਾ, ਅੱਲਾ ਵੇਖਦਾ ਏ, ਬਣਨਾ ਤੁਹਾਡਾ ਵੀ ਕੁਝ ਨਹੀਂ।"

"ਕਿਉਂ ਓਏ ਕਿਉਂ?" ਮਾਨ ਥੋੜ੍ਹਾ ਸਕਤਾਅ ਗਿਆ।

"ਜੇ ਬ੍ਰਾਹਮਣ ਬਾਣੀਏ ਦੀ ਨੀਯਤ ਸਾਫ਼ ਹੁੰਦੀ, ਮੁਲਕ ਵੰਡ ਹੋ ਕੇ ਤਬਾਹ ਨਹੀਂ ਹੋਣਾ ਸੀ। ਬ੍ਰਾਹਮਣ ਦੀ ਬੇਟੀ ਨਾ ਕਿਸੇ ਦੀ ਮਿੱਤ ਹੋਈ।" ਉਹ ਨਾਲ ਹੀ ਸਿਰ ਮਾਰ ਗਿਆ।

ਹੌਲਦਾਰਾ ਤਾਰਾ ਸਿੰਘ ਕੈਦੀ ਦੀ ਗੱਲ ਅਨੁਭਵ ਕਰ ਗਿਆ। ਕੈਦੀ ਕਹਿਣਾ ਚਾਹੁੰਦਾ ਸੀ, ਤੁਸੀਂ ਡੁੱਡੂ ਹੋ, ਬਾਂਦਰ ਹੋ; ਜਿਹੜੇ ਇੰਦਰਾ ਦੀਆਂ ਖਿੱਲਾਂ 'ਤੇ ਚਾਂਮਲ ਗਏ ਹੋ।

"ਮੀਆਂ! ਤੇਰੀ ਇੱਕ ਗੱਲ ਠੀਕ ਐ, ਦੂਜੀ ਗਲਤ।"

"ਜਦੋਂ ਨਤੀਜੇ ਸਾਹਮਣੇ ਆਏ, ਦੂਜੀ ਵੀ ਠੀਕ ਹੋ ਜਾਵੇਗੀ।" ਏਨੀ ਕਹਿ ਕੇ ਕੈਦੀ ਨੇ ਟਰੱਕ ਦਾ ਸੰਗਲ ਫੜ ਲਿਆ।

ਦਿੱਲੀ ਨਾਲ ਸਿੱਧਾ ਸੰਪਰਕ ਬਣਿਆ ਹੋਇਆ ਸੀ। ਇੰਦਰਾ ਤੋਂ ਖੁਸ਼ੀ ਸਾਂਭੀ ਨਹੀਂ ਜਾ ਰਹੀ ਸੀ। ਪ੍ਰੈਸ ਰੀਪੋਰਟਰ ਉਸ ਨੂੰ ਚੁਫੇਰਿਓਂ ਘੇਰੀਂ ਖਲੋਤੇ ਸਨ। ਉਹ ਹੱਸ ਹੱਸ ਉਨ੍ਹਾਂ ਨਾਲ ਗੱਲਾਂ ਕਰ ਰਹੀ ਸੀ।

"ਆਜ ਹਮ ਪਾਕਿਸਤਾਨ ਤੋੜਨੇ ਮੇਂ ਕਾਮਯਾਬ ਹੋ ਗਏ ਹਾਂ। ਅਗਰ ਪਾਕਿਸਤਾਨ ਬੰਗਾਲੀ ਸ਼ਰਨਾਰਥੀਓਂ ਕੋ ਲੇ ਲੇਤਾ; ਐਸਾ ਨਹੀਂ ਹੋਨਾ ਥਾ। ਜੰਗ ਕੇ ਲੀਏ ਹਮੇਂ ਮਜਬੂਰ ਕਰ ਦੀਆ ਥਾ। ਆਖ਼ਰ ਹਮਾਰੇ ਜਵਾਨੋਂ ਨੇ, ਜਿਨ੍ਹੋਂ ਨੇ ਤੀਨ ਹਫ਼ਤੇ ਕੀ ਬਜਾਏ ਦੋ ਮੇਂ ਹੀ ਢਾਕਾ ਜੀਤ ਲੀਆ। ਫ਼ੌਜੀ ਸਰਦਾਰ ਅਫ਼ਸਰੋਂ ਨੇ ਬਹਿਤਰੀਨ ਕਮਾਨ ਕੀ ਹੈ। ਤਰਾਨਵੇਂ ਹਜ਼ਾਰ ਕੈਦੀ ਬਣਾਏ ਗਏ ਹੈਂ।"

ਜਿਵੇਂ-ਜਿਵੇਂ ਕੈਦੀਆਂ ਨਾਲ ਭਰੇ ਟਰੱਕ ਤੁਰਦੇ ਗਏ; ਪਰੇਡ ਗਰਾਊਂਡ ਖ਼ਾਲੀ ਹੁੰਦਾ ਗਿਆ।

"ਬ੍ਰਗੇਡੀਅਰ ਸੰਤ ਸਿੰਘ ਜੀ", ਲੈਫ਼ਟੀਨੈਂਟ ਜਨਰਲ ਅਰੋੜਾ ਸਾਹਿਬ ਨੇ ਪੁੱਛਿਆ "ਬਈ ਪਾਕਿਸਤਾਨੀ ਅਫ਼ਸਰਾਂ ਲਈ ਚਾਹ ਸ਼ਾਹ ਦਾ ਕੋਈ ਬੰਦੋਬਸਤ?"

"ਜਨਾਬ ਬਿਲਕੁਲ ਤਿਆਰ ਐ, ਆਹ ਨਾਲ ਹੀ।" ਸੰਤ ਸਿੰਘ ਨੇ ਅਲਰਟ ਹੁੰਦਿਆਂ ਜਵਾਬ ਦਿੱਤਾ।

"ਬਹੁਤ ਖ਼ੂਬ ਫਿਰ ਚਲਿਆ ਨਾ ਜਾਵੇ?"

"ਤੁਹਾਡਾ ਹੁਕਮ ਚਾਹੀਦਾ ਹੈ।" ਸੰਤ ਸਿੰਘ ਹਰ ਤਰ੍ਹਾਂ ਤਿਆਰ ਸੀ ਅਤੇ ਉਹ ਅੱਗੇ ਹੋ ਕੇ ਤੁਰ ਪਿਆ।

"ਆਓ ਨਿਆਜ਼ੀ ਸਾਹਬ! ਸਾਡਾ ਮੇਲ ਵੀ ਕੁਦਰਤ ਨੇ ਕਿਵੇਂ ਕਰਵਾਇਆ।" ਅਰੋੜਾ ਸਾਹਿਬ ਨਿਆਜ਼ੀ ਦੀ ਹਾਰ ਨੂੰ ਮਹਿਸੂਸ ਕਰਦੇ ਪਿਆਰ ਜਤਾ ਰਹੇ ਸਨ।

"ਸਰਦਾਰ ਜੀ, ਕੁਦਰਤ ਨੂੰ ਏਵੇਂ ਮਨਜ਼ੂਰ ਸੀ।" ਨਿਆਜ਼ੀ ਭਰਪੂਰ ਮਾਯੂਸੀ ਵਿਚ ਸਿਰ ਫੇਰ ਗਿਆ।

"ਪਰ ਤੁਹਾਡੇ ਜਵਾਨ ਬਹਾਦਰੀ ਵਿੱਚ ਕਿਵੇਂ ਵੀ ਘੱਟ ਨਹੀਂ ਸਨ।" ਬ੍ਰਗੇਡੀਅਰ ਸੁਬੇਗ ਸਿੰਘ ਕਹਿ ਗਿਆ।

"ਸੁਬੇਗਿਆ! ਹੁਣ ਜ਼ਖ਼ਮਾਂ ਵਿਚ ਲੂਣ ਨਾ ਪਾ।" ਉਹ ਤੜਪ ਕੇ ਰਹਿ ਗਿਆ।

"ਨਾ ਯਾਰ, ਮੈਂ ਸੱਚ ਕਹਿ ਰਿਹਾ ਹਾਂ। ਕਈ ਮੋਰਚਿਆਂ 'ਤੇ ਮੈਂ ਅੱਖੀਂ ਵੇਖਿਆ ਏ।" ਸੁਬੇਗ ਸਿੰਘ ਉਸ ਦਾ ਧੀਰਜ ਕਾਇਮ ਰੱਖਣਾ ਚਹੁੰਦਾ ਸੀ।

"ਸੱਚੀ ਗੱਲ ਇਹ ਹੈ, ਤੁਸੀਂ ਅੱਗੇ ਨਾ ਆਏ ਹੁੰਦੇ, ਤਮਾਸ਼ਾ ਫੇਰ ਵੇਖਦੇ। ਸ਼ੇਰ ਸ਼ੇਰਾਂ ਨਾਲ ਲੜੇ। ਇੱਕ ਸ਼ੇਰ ਸਪਲਾਈ ਖੁਣੋਂ ਭੁੱਖਾ ਸੀ, ਉਹ ਢਹਿ ਪਿਆ। ਇਹ ਹੈ ਈਸਟ ਪਾਕਿਸਤਾਨ ਦੀ ਜੰਗ ਦਾ ਹਸ਼ਰ।" ਨਿਆਜ਼ੀ ਦਾ ਜੰਗੀ ਜਜ਼ਬਾ ਉਸ ਦੇ ਅੰਦਰ ਰਿੱਝ ਰਿਹਾ ਸੀ।

"ਨਿਆਜ਼ੀ ਅਰਮਾਨ ਪੂਰੇ ਕਰਨ ਲਈ ਮੌਕੇ ਹੋਰ ਬਥੇਰੇ ਆਉਣਗੇ; ਹੁਣ ਝੂਰਨਾ

ਛੱਡ ਦੋ। ਨਾ ਸਾਂਨਗੀ ਟੁੱਟੀ ਐ, ਨਾ ਮਿਰਜ਼ਾ ਮੁੱਕਾ ਏ।"

ਉਹ ਇੱਕ ਬਿਲਡਿੰਗ ਵਿਚ ਆ ਗਏ। ਬਾਹਰ ਫ਼ੌਜੀ ਗਾਰਡ ਤਣੀ ਹੋਈ ਸੀ। ਅੰਦਰ ਮੇਜ਼ਾਂ ਦੀ ਪਾਲ 'ਤੇ ਚਿੱਟੀਆਂ ਚਾਦਰਾਂ ਵਿਛੀਆਂ ਹੋਈਆਂ ਸਨ। ਪਿਆਲੇ ਤੇ ਚਾਹਦਾਨੀਆਂ ਚਿਲਕ ਰਹੀਆਂ ਸਨ। ਪਲੇਟਾਂ ਵਿਚ ਮਿੱਠਾ ਤੇ ਨਮਕੀਨ ਸਜਿਆ ਹੋਇਆ ਸੀ। ਸਾਰਿਆਂ ਪਿਆਲੇ ਸਿੱਧੇ ਕਰਕੇ ਚਾਹ ਪਾਈ। ਉਹ ਖਾਂਦੇ ਵੀ ਰਹੇ, ਪੀਂਦੇ ਵੀ ਰਹੇ। ਨਿਆਜ਼ੀ ਤੇ ਸੁਬੇਗ ਸਿੰਘ ਆਹਮਣੇ-ਸਾਹਮਣੇ ਸਨ। ਜਨਰਲ ਅਰੋੜਾ ਸਾਹਿਬ ਨੇ ਦੋਹਾਂ ਨੂੰ ਚੋਟ ਮਾਰ ਕੇ ਹਲੂਣਿਆ:

"ਕਿਉਂ ਬਈ ਡੇਹਰਾਦੂਨ ਦੀਆਂ ਯਾਦਾਂ ਦਾ ਕੀ ਹਾਲ ਐ?"

"ਭਰਾ, ਯਾਦ ਆਉਣ ਦੀ ਗੱਲ ਛੱਡੋ; ਹੁਣ ਤਾਂ ਬੇਰੀ ਦੇ ਕੰਡੇ ਵਾਂਗ ਖੁਭੀਆਂ ਪਈਆਂ ਏ।" ਜਨਰਲ ਨਿਆਜ਼ੀ ਉੱਤਰ ਦੇ ਗਿਆ।

"ਬਾਈ ਫ਼ੌਜੀ ਅਫ਼ਸਰ ਹੋਣ ਕਾਰਨ ਤੁਸੀਂ ਦੋਸਤ ਅਤੇ ਪੰਜਾਬੀ ਨਾਅਤੇ ਭਰਾ ਹੋ; ਤੁਹਾਡਾ ਸਤਿਕਾਰ ਕਰਾਂਗੇ ਤੇ ਪਿਆਰ ਵੀ। ਤੁਹਾਨੂੰ ਇੱਜ਼ਤ ਮਾਣ ਨਾਲ ਵਿਦਾ ਕਰਾਂਗੇ।" ਸਰਦਾਰ ਅਰੋੜਾ ਨੇ ਨਿਆਜ਼ੀ ਨਾਲ ਨਜ਼ਰਾਂ ਮਿਲਾਈਆਂ।

"ਜਨਰਲ ਸਾਹਿਬ। ਇਹ ਤੁਹਾਡੇ ਅਖ਼ਤਿਆਰ ਨਹੀਂ।" ਬ੍ਰਗੇਡੀਅਰ ਸਾਦਿਕ ਵਿਚੋਂ ਗੱਲ ਫੜ ਗਿਆ। "ਅਸੀਂ ਕੈਦੀ ਹੁੰਦੇ ਸ਼ਾਇਦ ਆਪਣੀ ਸਰਕਾਰ ਨੂੰ ਮੋੜ ਲਈਏ, ਪਰ ਤੁਸੀਂ ਆਜ਼ਾਦ ਹੋ ਕੇ ਕੁਝ ਨਾ ਕਰ ਪਾਓਗੇ। ਸਾਨੂੰ ਇਸ ਹਕੀਕਤ ਦਾ ਪਤਾ ਹੈ; ਪਤਾ ਸ਼ਾਇਦ ਤੁਹਾਨੂੰ ਵੀ ਹੋਵੇ; ਪਰ ਤੁਸੀਂ ਹਿੱਕ ਥਾਪੜ ਕੇ ਕਹਿ ਨਹੀਂ ਸਕਦੇ।"

"ਆਪਣੇ ਅਧਿਕਾਰਾਂ ਤੋਂ ਬਾਹਰ ਤਾਂ ਕੋਈ ਵੀ ਨਹੀਂ ਜਾ ਸਕਦਾ।" ਅਰੋੜਾ ਸਾਹਬ ਸਾਦਿਕ ਦੀ ਗੱਲ ਨਾਲ ਇੱਕ ਤਰ੍ਹਾਂ ਚਕਰਾ ਗਿਆ ਸੀ।

"ਤੁਸੀਂ ਬ੍ਰਾਹਮਣ ਸਰਕਾਰ ਦੀ ਡਿਊਟੀ ਵਜਾਓ, ਅਸੀਂ ਭੁਗਤਾਂਗੇ। ਤੁਹਾਡੀ ਲਫ਼ਜ਼ੀ ਹਮਦਰਦੀ ਸਾਡਾ ਕੁਝ ਨਹੀਂ ਸੰਵਾਰ ਸਕਦੀ।" ਨਿਆਜ਼ੀ ਏਨੀ ਕਹਿ ਕੇ ਥੋੜ੍ਹਾ ਟੌਹਰ ਵਿੱਚ ਆ ਗਿਆ।

"ਓਏ ਨਿਆਜ਼ੀਆ! ਮੋਹ ਤੋੜਵੀਆਂ ਕਿਉਂ ਕਰਦਾ ਏਂ। ਏਥੇ ਇਸ ਹਾਲਤ ਵਿਚ ਨਿਪੋਲੀਅਨ ਵੀ ਹੁੰਦਾ, ਉਹ ਵੀ ਕੁਝ ਨਾ ਕਰ ਸਕਦਾ।" ਬ੍ਰਗੇਡੀਅਰ ਸੁਬੇਗ ਸਿੰਘ ਨਿਆਜ਼ੀ ਨੂੰ ਖੜ੍ਹਾ ਕਰਨਾ ਚਾਹੁੰਦਾ ਸੀ; ਪਰ ਉਸ ਦਾ ਡਿੱਗਿਆ ਅੰਦਰ ਖਲੋਣ ਵਿਚ ਨਹੀਂ ਆਉਂਦਾ ਸੀ।

ਉਹ ਸਾਰੇ ਚਾਹ ਪੀ ਕੇ ਹਾਲ ਵਿਚੋਂ ਬਾਹਰ ਆ ਗਏ।

ਸਤਾਰਵਾਂ ਕਾਂਡ

ਪੂਰਬੀ ਪਾਕਿਸਤਾਨ ਖ਼ਤਮ ਹੋ ਚੁੱਕਾ ਸੀ ਅਤੇ ਭਾਰਤ ਦੀਆਂ ਧੁਨੀਆਂ ਵਿਚ ਚੜ੍ਹ ਮਚੀਆਂ ਸਨ। ਇੰਦਰਾ ਤੇ ਉਹਦੀ ਕਾਂਗਰਸ ਬਹੁਤ ਖੁਸ਼ ਸਨ। ਹੁਣ ਚੋਣਾਂ ਵਿਚ ਕੋਈ ਪਾਰਟੀ ਅੱਗੇ ਨਹੀਂ ਠਹਿਰ ਸਕੇਗੀ। ਅਖ਼ਬਾਰਾਂ ਤੇ ਵਿਰੋਧੀ ਪਾਰਟੀਆਂ ਦੇ ਆਗੂ ਵੀ ਇੰਦਰਾ ਨੂੰ ਭਵਾਨੀ ਆਖਣ ਲੱਗ ਪਏ। ਜੇਤੂ ਫ਼ੌਜੀਆਂ ਨੂੰ ਰਾਸ਼ਟਰਪਤੀ ਹੱਥੋਂ ਇਨਾਮ ਤੇ ਅਹੁਦੇ ਬਖ਼ਸ਼ੇ ਜਾ ਰਹੇ ਸਨ। ਸੁਬੇਗ ਸਿੰਘ ਨੂੰ ਲੈਫ਼ਟੀਨੈਂਟ ਜਨਰਲ ਬਣਾਇਆ ਗਿਆ। ਉਸ ਦੇ ਅੰਡਰ ਗੁਰਬਖਸ਼ ਸਿੰਘ ਨੂੰ ਆਨਰੇਰੀ ਕੈਪਟਨ ਬਣਾ ਕੇ ਪੈਨਸ਼ਨ ਭੇਜ ਦਿੱਤਾ। ਹੌਲਦਾਰ ਤਾਰਾ ਸਿੰਘ ਕੁਝ ਸਮਾਂ ਨੌਕਰੀ ਕਰਕੇ ਬਾਹਰਲੇ ਮੁਲਕ ਨੂੰ ਚਲਿਆ ਗਿਆ। ਦੁਨੀਆਂ ਦੇ ਨਕਸ਼ੇ 'ਤੇ ਨਵਾਂ ਮੁਲਕ ਬੰਗਲਾ ਦੇਸ਼ ਉੱਭਰ ਆਇਆ ਸੀ। ਅਵਾਮੀ ਲੀਗ ਦੇ ਆਗੂ ਤੇ ਕੈਦੀ ਮੁਜੀਬਰ ਰਹਿਮਾਨ ਨੂੰ ਪਾਕਿਸਤਾਨ ਦੀ ਸਰਕਾਰ ਮਾਰਨ ਦੀ ਜੁਰਅੱਤ ਨਾ ਕਰ ਸਕੀ। ਕੌਮਾਂਤਰੀ ਦਬਾਅ ਕਾਰਨ ਉਸ ਨੂੰ ਆਜ਼ਾਦ ਕਰਨਾ ਪਿਆ। ਬੰਗਲਾ ਦੇਸ਼ ਦੀ ਹਕੂਮਤ ਮੁਜੀਬ ਦੇ ਹੱਥ ਆ ਗਈ। ਉਸ ਦੀ ਹਕੂਮਤ ਦੇ ਪੈਰ ਲਾਉਣ ਲਈ ਭਾਰਤ ਵੱਲੋਂ ਭਾਰੀ ਮਦਦ ਦਿੱਤੀ ਗਈ। ਕਣਕ, ਕੱਪੜਾ, ਖੰਡ ਤੇ ਦਵਾਈਆਂ ਆਦਿ ਭਾਰੀ ਗਿਣਤੀ ਵਿਚ ਭੇਜੀਆਂ ਗਈਆਂ। ਬੰਗਲਾ ਦੇਸ਼ ਦਾ ਹਰ ਜੀਅ ਭਾਰਤ ਦੇ ਗੁਣ ਗਾ ਰਿਹਾ ਸੀ। ਭਾਰਤ ਵਿਚ ਚੋਣਾਂ ਆਈਆਂ ਤਾਂ ਸਾਰੇ ਇੰਦਰਾ ਦੀ ਜੈ-ਜੈ ਕਾਰ ਹੋ ਰਹੀ ਸੀ। ਉਦੋਂ ਦਾ ਕਾਂਗਰਸ ਪ੍ਰਧਾਨ ਤਾਂ ਏਥੋਂ ਤੱਕ ਕਹਿ ਗਿਆ ਕਿ ਇੰਦਰਾ ਹੀ ਇੰਡੀਆ ਹੈ।

ਗੁਰਬਖਸ਼ ਸਿੰਘ ਕੈਪਟਨ ਦੇ ਪੈਨਸ਼ਨ ਆਉਣ ਨਾਲ ਨਸੀਬੋ ਨੇ ਸ਼ੁਕਰ ਮਨਾਇਆ ਸੀ। ਉਹ ਆਪਣੇ ਘਰ ਵਾਲੇ ਨੂੰ ਲੈ ਕੇ ਦਰਬਾਰ ਸਾਹਿਬ ਗਈ। ਘਰ ਵਾਲੇ ਦੇ ਜੰਗ ਵਿਚੋਂ ਸੁੱਖ-ਸਾਂਦ ਨਾਲ ਘਰ ਮੁੜਨ 'ਤੇ ਗੁਰੂ ਦਾ ਧੰਨਵਾਦ ਕੀਤਾ ਅਤੇ ਸਵਾ ਪੰਜ ਦੀ ਦੇਗ ਕਰਵਾਈ। ਮੱਥਾ ਟੇਕ ਕੇ ਉੱਠਦੀ ਨੇ ਹੱਥ ਜੋੜੇ:—

"ਸੱਚੇ ਪਾਤਸ਼ਾਹ, ਸ਼ੁਕਰ ਹੈ, ਸਿਰ ਦਾ ਸਾਈਂ ਤੇਰੀ ਮਿਹਰ ਨਾਲ ਘਰ ਆਇਆ ਏ। ਸੁੱਖ ਵਰਤਾਈਂ, ਸਰਬੱਤ ਦਾ ਭਲਾ ਕਰੀਂ.....।" ਉਹ ਕਿੰਨਾ ਹੀ ਚਿਰ ਅਰਜੋਈਆਂ ਕਰਦੀ ਰਹੀ।

ਏਸੇ ਤਰ੍ਹਾਂ ਦੀਆਂ ਗੁਰਬਖਸ਼ ਸਿੰਘ ਹੱਥ ਜੋੜੀ ਬੇਨਤੀਆਂ ਕਰਦਾ ਰਿਹਾ ਸੀ।

"ਸਤਿਗੁਰੂ, ਪੈਨਸ਼ਨ ਪਾ ਆਇਆ ਹਾਂ। ਤੇਰੇ ਚਰਨਾਂ ਦੀ ਪ੍ਰੀਤੀ ਮਿਲੀ ਰਹੇ। ਹੁਣ ਤਾਂ ਦਿਲ ਦੀ ਖ਼ਾਹਿਸ਼ ਹੈ, ਗੁਰੂ ਘਰ ਦੀ ਸੇਵਾ ਮਿਲੇ ਤੇ ਜਨਮ ਸਫ਼ਲਾ ਕਰਾਂ।" ਉਸ ਆਪਣੇ ਦਿਲ ਦੀ ਖ਼ਾਹਿਸ਼ ਬਾਬੇ ਅੱਗੇ ਪ੍ਰਗਟ ਕਰ ਦਿੱਤੀ।

ਜਾਣੀ ਜਾਣ ਬਾਬੇ ਨੇ ਉਸ ਦੀ ਸੁਣ ਲਈ। ਜਦੋਂ ਦਰਬਾਰ ਸਾਹਿਬ ਤੋਂ ਬਾਬਾ ਖੜਕ ਸਿੰਘ ਦੇ ਡੇਰੇ ਗਏ ਤਾਂ ਸੰਤਾਂ ਨੇ ਗੁਰਬਖਸ਼ ਸਿੰਘ ਨੂੰ ਬੁੱਕਲ ਵਿਚ ਲੈ ਲਿਆ।

"ਗੁਰਬਖ਼ਸ਼ ਸਿੰਘ ਤੂੰ ਬੜਾ ਬਾਹੁੜਿਆ। ਸਾਨੂੰ ਤੇਰੇ ਵਰਗੇ ਸਿੰਘ ਦੀ ਹੀ ਲੋੜ ਸੀ।"

"ਬਾਬਾ ਜੀ, ਹੁਕਮ ਕਰੋ, ਦਾਸ ਹਾਜ਼ਰ ਐ।"

"ਗੱਲ ਇਹ ਹੈ ਸਿੰਘਾ ਸੰਤ ਬਾਬਾ ਗੁਰਮੁਖ ਸਿੰਘ ਜੀ ਚਲਾਣਾ ਕਰ ਗਏ ਸਨ....।"

"ਮੈਨੂੰ ਉਨ੍ਹਾਂ ਦੇ ਚਲਾਣੇ ਦਾ ਪਤਾ ਹੈ।" ਕੈਪਟਨ ਵਿਚੋਂ ਹੀ ਕਹਿ ਗਿਆ।

"ਉਨ੍ਹਾਂ ਪਟਿਆਲੇ ਇੱਕ ਗੁਰਦੁਆਰੇ ਦੀ ਸੇਵਾ ਆਰੰਭੀ ਸੀ, ਜਿਹੜੀ ਵਿਚੇ ਰਹਿ ਗਈ। ਉਹ ਅਸਾਂ ਪੂਰੀ ਕਰਨੀ ਹੈ; ਹਰ ਹਾਲਤ ਵਿਚ। ਸਾਡੀ ਮਨਸ਼ਾ ਹੈ, ਤੂੰ ਪਟਿਆਲੇ ਜਾ ਕੇ ਉੱਥੋਂ ਦਾ ਹਿਸਾਬ ਕਿਤਾਬ ਲਵੇਂ। ਗੁਰੂ ਤੈਨੂੰ ਸਹਾਈ ਹੋਣਗੇ।" ਬਾਬਾ ਖੜਕ ਸਿੰਘ ਨੇ ਫ਼ੌਜੀ ਸਿੰਘ ਦਾ ਮੋਢਾ ਥਾਪੜਿਆ। "ਨਸ਼ੰਗ ਪੰਜ ਸੱਤ ਦਿਨਾਂ ਨੂੰ ਚਲਿਆ ਜਾਵੀਂ।"

"ਜ਼ਰੂਰ ਬਾਬਾ ਜੀ, ਸਗੋਂ ਮੇਰੀ ਤਾਂ ਗੁਰੂ ਨੇ ਸੁਣ ਲਈ। ਮੈਂ ਤਾਂ ਹੁਣੇ ਦਰਬਾਰ ਸਾਹਿਬ ਬੇਨਤੀ ਕਰਕੇ ਆਇਆ ਸਾਂ, ਵਿਹਲਾ ਆਂ, ਗੁਰੂ ਘਰ ਦੀ ਸੇਵਾ ਬਖ਼ਸ਼ੋ ਸੱਚੇ ਪਾਤਸ਼ਾਹ!"

"ਸੱਚੇ ਦਿਲੋਂ ਕੀਤੀ ਅਰਦਾਸ ਬਿਰਥੀ ਨਹੀਂ ਜਾਂਦੀ ਸਿੰਘਾ। ਓਏ ਕਾਕਾ, ਪ੍ਰਸ਼ਾਦ ਲਿਆ ਪ੍ਰੇਮੀਆਂ ਨੂੰ।"

ਕਾਕਾ ਫੁਲੀਆਂ, ਪਤਾਸਿਆਂ ਤੇ ਮਖਾਣਿਆਂ ਦਾ ਪਿਆਲਾ ਭਰ ਲੈ ਆਇਆ। ਨਸੀਬੋ ਨੇ ਸਤਿਨਾਮ ਵਾਹਿਗੁਰੂ ਆਖਦਿਆਂ ਝੋਲੀ ਵਿਚ ਪੁਆ ਲਿਆ। ਗੁਰਬਖ਼ਸ਼ ਸਿੰਘ ਢੇਰ ਸਾਰਾ ਚਿਰ ਬੰਗਲਾ ਦੇਸ਼ ਦੀ ਜੰਗ ਦੀਆਂ ਗੱਲਾਂ ਸੰਤਾਂ ਨੂੰ ਸੁਣਾਉਂਦਾ ਰਿਹਾ। ਸ਼ਾਮ ਪਈ ਤੋਂ ਦੋਵਾਂ ਸੰਤ ਬਾਬਾ ਖੜਕ ਸਿੰਘ ਦੇ ਚਰਨੀਂ ਹੱਥ ਲਾਏ ਅਤੇ ਬੱਸ ਅੱਡੇ ਨੂੰ ਚੱਲ ਪਏ।

ਪਿੰਡ ਆ ਕੇ ਵੇਖਿਆ, ਤੇਜਾ ਸਿੰਘ ਹੌਲਦਾਰ ਆਇਆ ਬੈਠਾ ਹੈ।

"ਭਾਊ ਪਤਾ ਲੱਗਾ ਸੀ ਤੂੰ ਪੈਨਸ਼ਨ ਆ ਗਿਆ ਏਂ। ਮੈਂ ਕਿਹਾ ਮਿਲ ਆਵਾਂ ਤੇ ਬੰਗਲਾ ਦੇਸ਼ ਦੀ ਜੰਗ ਦਾ ਹਾਲ-ਚਾਲ ਪੁੱਛ ਆਵਾਂ।" ਤੇਜਾ ਸਿੰਘ ਨੇ ਮੰਜੇ ਤੋਂ ਉੱਠ ਕੇ ਫ਼ਤਹਿ ਬੁਲਾਈ।

"ਵਾਹ ਬਈ ਤੇਜਾ ਸਿਆਂ, ਮਿਲ ਕੇ ਬੜੀ ਖੁਸ਼ੀ ਹੋਈ।" ਗੁਰਬਖ਼ਸ਼ ਸਿੰਘ ਨੇ ਪੁਰਾਣੇ ਫ਼ੌਜੀ ਯਾਰ ਨੂੰ ਗਲਵੱਕੜੀ ਪਾ ਲਈ।

"ਗੁਰੂ ਸਭ ਉੱਤੇ ਮਿਹਰ ਕਰੇ, ਸੁੱਖ ਵਰਤਾਵੇ।" ਨਸੀਬ ਕੌਰ ਨੇ ਤੇਜੇ ਨੂੰ ਜੀ ਆਇਆਂ ਨੂੰ ਆਖਿਆ। "ਤੇਰੇ ਆਉਣ ਨਾਲ ਵਿਹੜੇ ਨੂੰ ਭਾਗ ਲੱਗਾ ਏ।"

"ਵਿਹੜੇ ਨੂੰ ਭਾਗ ਲੱਗਣੇ ਘੁੱਟ ਪੀ ਕੇ। ਕਿਉਂ ਬਈ ਕੈਪਟਨਾ, ਰੰਮ-ਸ਼ੰਮ ਲਿਆਇਆ ਏਂ?" ਤੇਜੇ ਨੇ ਯਾਰ ਨੂੰ ਅੱਖ ਮਾਰਦਿਆਂ ਮੁੱਛਾਂ ਸਵਾਰੀਆਂ।

"ਬੱਗਾ ਕੁੱਕੜ ਹੋ ਗਿਆ ਏਂ, ਹੁਣ ਤਾਂ ਪੁਰਾਣੀ ਵਹਿਬਤ ਛੱਡ ਦੇ।" ਕੈਪਟਨ ਮੋੜ ਦੇ ਗਿਆ।

"ਭਾਊ, ਨਾਲ ਅਮਾਨ ਦੇ, ਹੁਣ ਤਾਂ ਕਦੇ ਕਦੇ ਈ ਸ਼ੁਗਲ ਕਰੀਦਾ ਏ। ਜਵਾਨ ਮੁੰਡੇ ਤੋਂ ਵੀ ਡਰ ਲੱਗਦਾ ਏ, ਭਾਵੇਂ ਹਾਲੇ ਕੰਨ ਵਿਚ ਪਾਇਆ ਨਹੀਂ ਰੜਕਦਾ।"

"ਏਹੀ ਹਾਲ ਰਿਹਾ ਤਾਂ ਵਿਹੜੇ ਵਿਚ ਢਾਹ ਕੇ ਇਕ ਦਿਨ ਤੇਰੇ ਵਾਲਾ ਬੱਕਰਾ ਬੁਲਾਊਗਾ।" ਗੁਰਬਖ਼ਸ਼ ਚੋਟ ਕਰ ਗਿਆ।

"ਜਦੋਂ ਸ਼ਰੀਕ ਬੱਤੀ ਸੀਖੇ, ਭਾਂਬੜ ਤਾਂ ਮੱਚੂਗਾ ਹੀ।"

"ਭਾਂਬੜ ਕੱਢਣਗੀਆਂ ਤੇਰੀਆਂ ਕਰਤੂਤਾਂ।"

"ਨਸੀਬੋ ਭੈਣ ਜੀ, ਇਹਨੇ ਤਾਂ ਤਰ ਤੇ ਲੂਣ ਘਸਾਈ ਜਾਣਾ ਏਂ, ਤੂੰ ਪਾਣੀ ਤੇ ਗਲਾਸ ਲਿਆ।" ਉਸ ਡੱਬ ਵਿਚੋਂ ਬੋਤਲ ਕੱਢ ਲਈ। "ਆਪਣੀ ਬਾਲ ਕੇ ਸੇਕਾਂਗੇ।"

"ਤਾਇਆ ਜੀ! ਹੁਣ ਤੁਸੀਂ ਵੱਡੇ ਹੋ ਗਏ ਓ, ਨਾ ਪੀਆ ਕਰੋ।" ਕੁੜੀ ਹਰਸ਼ਰਨ ਕੌਰ ਨੇ ਮਾਂ ਨੂੰ ਪਾਣੀ ਵਾਲੀ ਡੋਲਣੀ ਫੜਾਉਂਦਿਆਂ ਆਖਿਆ।

"ਮੈਂ ਕਿਹਾ ਗੁੱਡੀਏ, ਨਰਕਾਂ-ਸੁਰਗਾਂ ਵਿਚ ਨਾ ਪੀਣੀ ਪੈ ਜਾਵੇ, ਏਥੇ ਈ ਆਪਣਾ ਕੋਟਾ ਮੁਕਾ ਜਾਵਾਂ।"

ਤੇਜਾ ਸਿੰਘ ਦੀ ਏਨੀ ਗੱਲ ਨਾਲ ਵਿਹੜੇ ਵਿਚ ਹਾਸੀ ਖਿੱਲਰ ਗਈ। ਛੋਟਾ ਮੁੰਡਾ ਪ੍ਰਗਟ ਢਿੱਡ ਨਾਲ ਰੰਮ ਦੀ ਬੋਤਲ ਲਾਈ ਅੰਦਰੋਂ ਬਾਹਰ ਆ ਗਿਆ। ਹੌਲਦਾਰ ਮੁੰਡੇ ਨੂੰ ਵੇਖਦੇ ਸਾਰ ਖਿੜ ਪਿਆ ਤੇ ਝੱਟ ਮੰਜੇ ਤੋਂ ਉੱਠ ਕੇ ਮੁੰਡੇ ਤੋਂ ਥਿਰੀ ਐਕਸ ਦੀ ਬੋਤਲ ਫੜ ਲਈ, ਮਤਾਂ ਡੇਗ ਕੇ ਤੋੜ ਦੇਵੇ।

"ਆਹ ਐ, ਮੇਰਾ ਬਹਾਦਰ ਬੱਚੂ।" ਤੇਜਾ ਬੋਤਲ ਹਿਲਾ ਕੇ ਨਸ਼ਾ ਤਾੜਨ ਲੱਗਾ। "ਜਾਪਦਾ ਏ ਭਾਊ ਤੇਰੇ ਨਾਲੋਂ ਤੋੜ ਕੇ ਮੁੰਡਿਆਂ ਨਾਲ ਜੋੜਨੀ ਪਏਗੀ।" ਉਸ ਰੰਮ ਦੀ ਬੋਤਲ ਦਾ ਕਾਕ ਮਰੋੜ ਸੁੱਟਿਆ।

"ਰਹਿਣ ਦੇ, ਤੇਰੀ ਯਾਰੀ ਮੁੰਡਿਆਂ ਨੂੰ ਐਬੀ ਬਣਾਊਗੀ।" ਗੁਰਬਖ਼ਸ਼ ਸਿੰਘ ਨੇ ਮੁੰਡੇ ਦੇ ਪਿਆਰ ਨਾਲ ਪੋਲੀ ਜਿਹੀ ਮਾਰ ਕੇ ਉਸ ਨੂੰ ਕੁੱਛੜ ਚੁੱਕ ਲਿਆ। "ਸਾਲਿਆ ਹੁਣੇ ਬੋਤਲ ਫੜ ਲਈ, ਵੱਡਾ ਹੋ ਕੇ ਤਾਂ ਮੱਟੀ ਨੂੰ ਹੱਥ ਪਾਵੇਂਗਾ।" ਮੁੰਡੇ ਦੀ ਮੁਸਕਾਣ ਕੈਪਟਨ ਨੂੰ ਵੱਖਰਾ ਈ ਨਸ਼ਾ ਦੇ ਗਈ।

"ਕਿੰਨੀ ਕੁ ਪਾਵਾਂ ਭਾਊ?" ਤੇਜਾ ਕੈਪਟਨ ਨੂੰ ਪੁੱਛ ਗਿਆ।

"ਦੇਖ, ਅੱਜ ਤੇਰੇ ਨਾਲ ਪੀ ਲੈਂਦਾ ਆਂ, ਫੇਰ ਨਹੀਂ, ਕਦੇ ਵੀ ਨਹੀਂ। ਮੈਂ ਇੱਕ ਗੁਰਦੁਆਰੇ ਦੀ ਸੇਵਾ ਵਿਚ ਲੱਗ ਰਿਹਾ ਆਂ। ਸੰਤ ਬਾਬਾ ਖੜਕ ਸਿੰਘ ਦੇ ਚਰਨ ਛੂਹ ਆਇਆ ਹਾਂ।"

"ਸ਼ਾਇਦ ਇਉਂ ਰਹੀ ਤਾਂ ਇੱਕ ਦਿਨ ਯਾਰੀ ਤੋਂ ਵੀ ਭੱਜੇਂਗਾ।" ਹਵਾਲਦਾਰ ਯਾਰ ਨੂੰ ਠਕੋਰਦਾ, ਵੇਖਣ ਲੱਗ ਪਿਆ।

"ਨਹੀਂ, ਯਾਰੀ, ਯਾਰੀ ਹੀ ਰਹੂ। ਹੁਣ ਆਪਾਂ ਭਾਰੇ ਕਬੀਲਦਾਰ ਹੋ ਗਏ ਆਂ।"

ਤੇਜਾ ਗਲਾਸ ਚਾੜ੍ਹ ਕੇ ਸੰਘਣੀਆਂ ਮੁੱਛਾਂ ਉੱਤੇ ਹੱਥ ਫੇਰਦਾ ਰਿਹਾ।

"ਤੈਨੂੰ ਦੱਸਾਂ, ਸਾਰੇ ਸੰਤ ਪੰਜਾਬ ਨੂੰ ਬੀਮਾਰੀ ਲੱਗੇ ਐ। ਸਭ ਨੇ ਹੱਟੀਆਂ ਪਾ ਰੱਖੀਆਂ ਹਨ। ਕਿਸੇ ਦੀ ਸ਼ਰਧਾ ਗਾਹਕੀ ਥੋੜ੍ਹੀ, ਕਿਸੇ ਦੀ ਬਹੁਤੀ। ਤੂੰ ਬੁਰਾ ਨਾ ਮੰਨੀ ਸ਼ਰਧਾਲੂਆ!"

"ਸੰਤਾਂ ਦੀ ਨਿੰਦਾ ਨਰਕਾਂ ਨੂੰ ਲਿਜਾਊਗੀ।" ਨਸੀਬ ਕੌਰ ਔਖ ਮਹਿਸੂਸ ਕਰਦਿਆਂ ਬੋਲੀ।

"ਭੈਣ, ਸੱਚੀ ਆਖਣ 'ਤੇ ਨਰਕ ਮਿਲਦਾ ਏ ਤਾਂ ਮਿਲੇ; ਝੱਲਾਂਗਾ।" ਉਹ ਨਵਾਂ ਪੈੱਗ ਪਾਉਣ ਲੱਗਾ। "ਭਾਊ, ਕੋਈ ਬੰਗਲਾ ਦੇਸ਼ ਦੀ ਵਾਰਤਾ ਸੁਣਾ?"

"ਕੀ ਦੱਸਾਂ, ਪਾਕਿਸਤਾਨੀਆਂ ਦੇ ਜ਼ੁਲਮ ਨੇ ਹੱਦ ਮੁਕਾ ਦਿੱਤੀ। ਸਾਲਿਆਂ ਦੇ ਟੈਂਕਾਂ ਵਿਚੋਂ ਕੁੜੀਆਂ ਨਿਕਲਦੀਆਂ ਸਨ। ਅਜਿਹੇ ਬਦਕਾਰ ਸਨ। ਉਨ੍ਹਾਂ ਯੂਨੀਵਰਸਿਟੀ ਤੇ ਕਾਲਜਾਂ ਦੇ ਪੜ੍ਹੇ-ਲਿਖੇ ਪ੍ਰੋਫ਼ੈਸਰਾਂ ਨੂੰ ਚੁਣ ਚੁਣ ਮਾਰਿਆ।" ਕੈਪਟਨ ਸਾਹ ਭਰਦਾ ਹੱਥ ਉੱਚਾ ਕਰ ਗਿਆ।

"ਪਰ ਪ੍ਰੋਫ਼ੈਸਰਾਂ ਨੂੰ ਕਿਉਂ ਗੋਲੀ ਮਾਰੀ?"

"ਉਹ ਪਾਕਿਸਤਾਨੀ ਜ਼ਬਰ ਦੇ ਵਿਰੁੱਧ ਲੋਕਾਂ ਨੂੰ ਭੜਕਾਉਂਦੇ ਸਨ।"

"ਇਹ ਤਾਂ ਫ਼ੌਜੀ ਨੇਮਾਂ ਕਾਨੂੰਨਾਂ ਦੇ ਵੀ ਖ਼ਿਲਾਫ਼ ਐ।"

"ਨੇਮਾਂ ਕਾਨੂੰਨਾਂ ਦੀ ਤੇਜਿਆ ਉੱਥੇ ਕੀਹਨੇ ਪ੍ਰਵਾਹ ਕੀਤੀ ਐ। ਜਿਹੜੇ ਉੱਥੋਂ ਦੀਆਂ ਔਰਤਾਂ ਨਾਲ ਬਲਾਤਕਾਰ ਤੇ ਜ਼ੁਲਮ ਹੋਏ; ਦੱਸੇ ਨਹੀਂ ਜਾ ਸਕਦੇ।"

"ਸਾਲਿਆਂ ਅੰਨ੍ਹਾ ਜ਼ੁਲਮ ਕੀਤਾ ਤਾਂ ਹੀ ਅੱਧਾ ਪਾਕਿਸਤਾਨ ਖੁਹਾ ਲਿਆ।"

"ਹਾਂ ਭਾਊ, ਜਿਹੜਾ ਲੋਕਾਂ 'ਤੇ ਕਹਿਰ ਢਾਹਵੇ, ਖ਼ੁਦਾ ਉਸ ਦਾ ਵੀ ਬੇੜਾ ਗਰਕ ਕਰਦਾ ਹੈ।"

"ਸਾਡੀ ਸਰਕਾਰ ਵਿਚੇ ਵਿਚ ਪੰਜਾਬ ਦੀ ਵੀ ਸੰਘੀ ਘੁੱਟੀ ਆ ਰਹੀ ਐ।"

"ਉਹ ਕਿਵੇਂ?"

"ਸਰਕਾਰ ਹਰੀ ਕ੍ਰਾਂਤੀ ਦੀ ਦੁਹਾਈ 'ਤੇ ਦੁਹਾਈ ਚਾੜ੍ਹੀ ਜਾ ਰਹੀ ਹੈ; ਪਰ ਕਿਸਾਨ ਦਿਨੋ-ਦਿਨ ਕਰਜ਼ਿਆਂ ਨਾਲ ਬੋਡਾ ਹੁੰਦਾ ਜਾਂਦਾ ਹੈ। ਹਰੀ ਕ੍ਰਾਂਤੀ ਦਾ ਲਾਹਾ ਕੌਣ ਖਾ ਗਿਆ? ਕਿਸਾਨ ਨੂੰ ਉੱਕਾ ਪਤਾ ਨਹੀਂ, ਉਹ ਤਾਂ ਵਿਚਾਰਾ ਸਾਊ ਢੱਗਾ ਹੈ, ਹਲ ਵਾਹ ਲਓ, ਗੱਡੇ ਜੋੜ ਲਓ।" ਤੇਜਾ ਆਪਣੀ ਗੱਲ ਤਸੱਲੀ ਨਾਲ ਮੁਕਾ ਗਿਆ। "ਜੇ ਇਹੀ ਹਾਲ ਰਿਹਾ, ਔਖੇ ਹੋਏ ਲੋਕ ਕਿੰਨਾ ਕੁ ਚਿਰ ਬਰਦਾਸ਼ਤ ਕਰਨਗੇ।"

"ਕੁਝ ਨਹੀਂ ਹੁੰਦਾ, ਐਵੇਂ ਜੱਬਲੀਆਂ ਨਾ ਮਾਰ।" ਕੈਪਟਨ ਗੱਲ ਨੂੰ ਟਾਲ ਦੇਣਾ ਚਾਹੁੰਦਾ ਸੀ।

"ਤੈਨੂੰ ਮਿਲ ਗਈ ਸੱਜਰੀ ਕਪਤਾਨੀ, ਤੂੰ ਸਰਕਾਰ ਦੀ ਹਮਾਇਤ ਵਿਚ ਖਲੋ ਗਿਆ। ਬੰਦਾ ਸੂਬੇਦਾਰ ਕਿਉਂ ਨਹੀਂ ਬਣਿਆ? ਮੇਰੀ ਕਾਰਗੁਜ਼ਾਰੀ ਕੀ ਮਾੜੀ ਸੀ। ਮੱਲੋ-ਮੱਲੀ ਪੈਨਸ਼ਨ ਭੇਜ ਦਿੱਤਾ। ਇਹ ਸਰਕਾਰ ਫ਼ੌਜ ਵਿਚ ਵੀ ਸਿੱਖਾਂ ਨਾਲ ਵਿਤਕਰੇ ਕਰਦੀ ਰਹੀ ਐ। ਸਾਡੇ ਲੈਫ਼ਟੀਨੈਂਟ ਜਨਰਲ ਕਿਵੇਂ ਖੁੱਡੇ ਲਾਈਨ ਲਾਏ ਜਾਂਦੇ ਰਹੇ।"

"ਸਿੱਖ ਅਫ਼ਸਰਾਂ ਨਾਲ ਵਿਤਕਰੇ ਜ਼ਰੂਰ ਹੋਏ ਐ, ਪਰ ਅਸੀਂ ਕਰ ਵੀ ਕੀ ਸਕਦੇ ਆਂ।"

"ਅਸੀਂ ਰੋਸ ਵੀ ਨਹੀਂ ਕਰ ਸਕਦੇ। ਬੰਗਲਾ ਦੇਸ਼ ਦੀ ਜਿੱਤ ਸਿੱਖਾਂ ਦੀ ਕੁਰਬਾਨੀ ਨਾਲ ਹੋਈ ਐ; ਇੰਦਰਾ ਐਵੇਂ ਈ ਆਫ਼ਰੀ ਫਿਰਦੀ ਐ।"

"ਲੜਦੀ ਫ਼ੌਜ ਹੁੰਦੀ ਐ, ਨਾਂ ਹਮੇਸ਼ਾ ਜਰਨੈਲ ਦਾ ਹੁੰਦਾ ਏ।" ਕੈਪਟਨ ਨੇ ਲੂਣ-ਪਿਆਜ਼ ਮੂੰਹ ਪਾ ਲਿਆ।

"ਇੰਦਰਾ ਨਹਿਰੂ ਦੀ ਧੀ ਹੈ, ਜਿਹੜਾ ਸਿੱਖਾਂ ਨਾਲ ਬਚਨ ਕਰਕੇ ਮੁੱਕਰ ਗਿਆ ਸੀ।" ਤੇਜਾ ਸਿੰਘ ਨੂੰ ਹਿੱਚਕੀ ਆ ਗਈ। "ਜਦੋਂ ਕੰਮ ਲੈਣਾ ਹੋਵੇ, ਸ਼ਾਬਾਸ਼! ਪਿੱਛੋਂ ਠੁੱਡੇ, ਤੂੰ ਕੌਣ ਮੈਂ ਕੌਣ।"

"ਹੁਣ ਰੋਟੀ ਖਾ ਲਵੋ?" ਨਸੀਬ ਕੌਰ ਨੇ ਪੀੜ੍ਹੀ ਛੱਡਦਿਆਂ ਆਖਿਆ।

"ਹਾਂ ਬਈ ਤੇਜਾ ਸਿਆਂ ਹੁਣ ਬੱਸ।" ਕੈਪਟਨ ਨਸੀਬੋ ਦੀ ਪ੍ਰੋੜ੍ਹਤਾ ਕਰ ਗਿਆ।

"ਭੈਣ ਕਪਤਾਨਣੀ ਸਾਹਿਬਾ! ਇਸ ਪੈੱਗ ਪਿੱਛੋਂ ਰੋਟੀ ਖਾਂਦੇ ਆਂ। ਪਰ ਇੱਕ ਗੱਲ ਹੋਰ ਕਰਨੀ ਐ, ਜ਼ਰੂਰੀ ਤੇ ਕਬੀਲਦਾਰੀ ਵਾਲੀ।" ਤੇਜੇ ਨੇ ਫ਼ੁੰਕਾਰੇ ਵਰਗਾ ਸਾਹ ਛੱਡਿਆ।

ਉਹ ਕੀ ਗੱਲ ਕਰੇਗਾ, ਸਾਰੇ ਉਸ ਦੇ ਮੂੰਹ ਵੱਲ ਵੇਖਣ ਲੱਗ ਪਏ। "ਗੱਲ ਵੱਡੀ ਐ, ਜ਼ਿੰਮੇਵਾਰੀ ਵਾਲੀ।"

"ਐਵੇਂ ਘੋਣੇ ਜਿਹੇ ਪਾਈ ਜਾਂਦਾ ਏਂ, ਦੱਸਦਾ ਕਿਉਂ ਨਹੀਂ।" ਕੈਪਟਨ ਨੇ ਥੋੜ੍ਹਾ ਕਾਹਲਾ ਪੈ ਕੇ ਆਖਿਆ।

"ਗੱਲ ਢਾਹੜ ਸੋਟਾ ਨਹੀਂ ਮਾਰਨ ਵਾਲੀ, ਸੁੱਟ ਪਾਉਣ ਵਾਲੀ ਵੀ ਨਹੀਂ। ਭੈਣ ਨਸੀਬ ਕੌਰ ਤੂੰ ਵੀ ਧਿਆਨ ਨਾਲ ਸੁਣ?"

ਐਨ ਉਸ ਸਮੇਂ ਗੁਰਤੇਜ ਸਿੰਘ ਸਾਥੀ ਮੁੰਡਿਆਂ ਵਿਚੋਂ ਪੜ੍ਹਦਾ ਪੜ੍ਹਦਾ ਰੋਟੀ ਖਾਣ ਆ ਗਿਆ। ਉਸ ਤੇਜਾ ਸਿੰਘ ਨੂੰ ਫ਼ਤਹਿ ਬੁਲਾਈ।

"ਤਾਇਆ ਜੀ ਸਤਿ ਸ੍ਰੀ ਅਕਾਲ!"

"ਸਤਿ ਸ੍ਰੀ ਅਕਾਲ ਬਈ ਸ਼ੇਰਾ ਕਿੰਨਵੀਂ ਵਿਚ ਏਂ ਹੁਣ?"

"ਤਾਇਆ ਜੀ, ਗਿਆਰਵੀਂ ਦਾ ਇਮਤਿਹਾਨ ਦੇਣਾ ਹੈ।"

"ਸ਼ਾਬਾਸ਼! ਤੂੰ ਬਾਪ ਤੋਂ ਅਗਾਂਹ ਕਰਨਲ ਜਨਰਲ ਬਣਨਾ ਏਂ। ਮੁੰਡਾ ਵਾਹਵਾ ਹੁੰਦੜ ਹੇਲ, ਚੰਗਾ ਜਵਾਨ ਨਿਕਲੇਗਾ।" ਤੇਜਾ ਸਿੰਘ ਦੀਆਂ ਨਜ਼ਰਾਂ ਵਿਚ ਚਮਕ ਆ ਗਈ।

"ਤੇਰੀ ਗੱਲ ਵਿਚ ਹੀ ਰਹਿ ਗਈ ਭਾਊ?" ਨਸੀਬੋ ਉਸ ਨੂੰ ਯਾਦ ਕਰਵਾ ਗਈ।

"ਗੱਲ ਕਰਨ ਲਈ ਮੈਂ ਘਰੋਂ ਮਿੱਥ ਕੇ ਆਇਆ ਹਾਂ। ਹੁਣ ਮੈਂ ਛੇਤੀ ਨਬੇੜ ਦਿੰਦਾ ਆਂ।" ਉਹ ਝਿਜਕ ਖਾ ਗਿਆ। "ਭੈਣ ਨਸੀਬ ਕੌਰੇ ਤੇਰੀ ਭੈਣ ਕਹਿੰਦੀ ਸੀ, ਤੁਹਾਡੇ ਨਾਲ ਰਿਸ਼ਤੇਦਾਰੀ ਪਾਉਣ ਨੂੰ।"

"ਅਸੀਂ ਹੁਣ ਵੀ ਰਿਸ਼ਤੇਦਾਰਾਂ ਨਾਲੋਂ ਵੱਧ ਆਂ। ਸਾਡੇ ਪਿਆਰ ਵਿਚ ਕੋਈ ਫ਼ਰਕ ਆਇਆ ਦਿੱਸਦਾ ਏ ਤੈਨੂੰ?" ਗੁਰਬਖ਼ਸ਼ ਸਿੰਘ ਸਵਾਲ ਕਰ ਗਿਆ।

"ਕੋਈ ਫ਼ਰਕ ਨਹੀਂ, ਪਰ ਜੇ ਪਿਆਰ ਹੋਰ ਸੰਘਣਾ ਹੋ ਜਾਵੇ, ਤਦ?" ਉਸ ਗੱਲ ਜਾਣ ਕੇ ਵਿਚਾਲੇ ਛੱਡ ਦਿੱਤੀ।

"ਉਹ ਕਿਵੇਂ?" ਨਸੀਬੋ ਸਮਝ ਤਾਂ ਗਈ, ਪਰ ਭਾਊ ਦੇ ਮੂੰਹੋਂ ਬਾਕੀ ਵੀ ਸੁਣਨਾ ਚਾਹੁੰਦੀ ਸੀ।

"ਜਾਂ ਸਾਕ ਲੈ ਲਓ ਜਾਂ ਸਾਕ ਦੇ ਦਿਓ।"

ਤੇਜਾ ਸਿੰਘ ਦੀ ਉੱਛਲ ਨਾਲ ਇੱਕ ਚੁੱਪ ਛਾ ਗਈ। ਨਸੀਬ ਤੇ ਗੁਰਬਖ਼ਸ਼ ਸਿੰਘ ਸੋਚਣ ਲੱਗ ਪਏ।

"ਮੇਰਾ ਮੁੰਡਾ ਇਕੱਲਾ ਐ, ਤੁਹਾਡਾ ਦੇਖਿਆ ਭਾਲਿਆ। ਜ਼ਮੀਨ ਉਸ ਨੂੰ ਅੱਠ ਕਿੱਲੇ ਆਉਂਦੀ ਐ ਤੇ ਕੁੜੀ ਸੱਤਵੀਂ ਵਿਚ ਪੜ੍ਹਦੀ ਐ। ਦੋ ਅਸੀਂ ਤੇ ਸਾਡੇ ਦੋ, ਵਾਲੇ ਅਸੂਲ ਦੇ ਧਾਰਨੀ ਸਾਂ। ਮੇਰੀ ਗੁਜ਼ਰਾਨ ਤੁਹਾਡੇ ਤੋਂ ਗੁੱਝੀ ਨਹੀਂ। ਪਹਿਲ ਤੁਹਾਡੀ; ਮੈਂ ਤਾਂ ਰਿਸ਼ਤੇਦਾਰੀ ਪਾਉਣੀ ਹੀ ਪਾਉਣੀ ਹੈ।" ਉਸ ਦੋਵੇਂ ਹੱਥ ਖਿਲਾਰ ਦਿੱਤੇ।

"ਯਾਰ, ਅਸੀਂ ਤਾਂ ਇਸ ਗੱਲ ਲਈ ਤਿਆਰ ਹੀ ਨਹੀਂ ਸਾਂ। ਤੂੰ ਕੱਛ ਵਿਚੋਂ ਮੂੰਗਲੀ ਕੱਢ ਮਾਰੀ।" ਗੁਰਬਖ਼ਸ਼ ਸਿੰਘ ਨੂੰ ਉੱਝ ਖਿਆਲ ਆਇਆ, ਕੁੜੀ ਮੁੰਡੇ ਤਾਂ ਮੈਂ ਵੀ ਵਿਆਹੁਣੇ ਈ ਐ। ਪਰ ਹਾਲੇ ਤੱਕ ਗੱਲ ਚੇਤੇ ਵਿਚ ਨਹੀਂ ਸੀ।

"ਭਾਊ, ਤੁਸੀਂ ਰੋਟੀ ਛਕ ਲਵੋ। ਕੋਈ ਨਾ ਆਪਾਂ ਗੱਲ ਨੂੰ ਵਿਚਾਰ ਲੈਂਦੇ ਆਂ। ਇਨ੍ਹਾਂ

ਗੱਲਾਂ ਵਿਚ ਕਾਹਲੀ ਨਹੀਂ ਕਰਨੀ ਚਾਹੀਦੀ।'' ਨਸੀਬੋ ਨੇ ਨਾ ਹਾਮੀ ਭਰੀ ਅਤੇ ਨਾ ਹੀ ਤੋੜ ਕੇ ਜਵਾਬ ਦਿੱਤਾ।

"ਮੇਰਾ ਵੀ ਖ਼ਿਆਲ ਐ, ਐਨੀ ਕਾਹਲੀ ਨਹੀਂ ਕਰਨੀ ਚਾਹੀਦੀ। ਬੱਚਿਆਂ ਦੇ ਭਵਿੱਖ ਦਾ ਸਵਾਲ ਐ, ਚਾਰੇ ਬੰਨੇ ਝਾਤੀ ਮਾਰਨੀ ਚਾਹੀਦੀ ਹੈ।" ਕੈਪਟਨ ਆਪਣੀ ਸਰਦਾਰਨੀ ਦੇ ਮਗਰ ਕਹਿ ਗਿਆ।

"ਦੇਖ ਭਰਾਵਾ, ਦੇਖ ਯਾਰਾ; ਮੇਰਾ ਹੰਮਾ ਨਾ ਢਾਹੀਂ। ਮੈਂ ਰਿਸ਼ਤੇ ਬਾਰੇ ਮਨ ਵਿਚ ਪੱਕੀ ਧਾਰੀ ਬੈਠਾ ਹਾਂ।" ਤੇਜਾ ਥੋੜ੍ਹਾ ਦੋਚਿੱਤੀ ਵਿਚ ਆ ਗਿਆ।

ਨਸੀਬੋ ਨੇ ਰੋਟੀ ਵਾਲੀਆਂ ਥਾਲੀਆਂ ਅੱਗੇ ਰੱਖ ਦਿੱਤੀਆਂ। ਤੇਜਾ ਮਜਬੂਰੀ ਮੂੰਹ ਖਾਣ ਲੱਗ ਪਿਆ। ਕੈਪਟਨ ਨੂੰ ਉਸ ਦਾ ਮੁੰਡਾ ਸਾਊ, ਸੁਹਣਾ ਤੇ ਹੁਸ਼ਿਆਰ ਹੋਣ ਕਾਰਨ ਚੰਗਾ, ਚੰਗਾ ਲੱਗਦਾ ਜਾ ਰਿਹਾ ਸੀ। ਉਹ ਦਿਲੋਂ ਖੁਸ਼ ਸੀ, ਪਰ ਨਸੀਬੋ ਨਾਲ ਖੁਸ਼ੀ ਸਾਂਝੀ ਕਰੇ ਬਿਨਾਂ ਹਾਮੀ ਨਹੀਂ ਭਰ ਸਕਦਾ ਸੀ।

ਅਠਾਰ੍ਹਵਾਂ ਕਾਂਡ

ਰਣਜੋਧ ਹੁਣ ਕਲਰਕ ਤੋਂ ਸੁਪਰਵਾਈਜ਼ਰ ਬਣ ਗਿਆ ਸੀ। ਕਰਨੈਲ ਨੇ ਆਪਣੇ ਲੀਡਰਾਂ ਦੇ ਆਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਛੱਡ ਕੇ ਉਨ੍ਹਾਂ ਦੀ ਚਲਾਈ ਬੱਸ ਸਰਵਸ ਦਾ ਕੰਟਰੋਲ ਸੰਭਾਲ ਲਿਆ ਸੀ। ਉਹ ਬੱਸ ਸਰਵਸ ਉਨ੍ਹਾਂ ਦੇ ਧੜੇ ਦੀ ਸੀ। ਰਣਜੋਧ ਨੇ ਇੱਕ ਦਿਨ ਚੋਟ ਮਾਰੀ।

"ਕਿਉਂ, ਰੂਟ ਪ੍ਰਮਿਟ ਲੈ ਕੇ ਕੁਝ ਤਾਂ ਕਾਂਗਰਸ ਰਾਜ ਤੋਂ ਲਾਹਾ ਲਿਆ ਨਾ?"

"ਤੁਹਾਡੀ ਪਾਲਿਸੀ ਹੈ, ਭੁੱਖੇ ਮਰੋ। ਨਾ ਕੁਝ ਖਾਣਾ, ਨਾ ਖਾਣ ਦੇਣਾ।" ਕਰਨੈਲ ਟੌਹਰ ਨਾਲ ਉਤਰ ਦੇ ਗਿਆ। ਇਹ ਪਰਮਿਟ ਲੁੱਚੇ ਲੰਡੇ ਲੈ ਲੈਂਦੇ, ਤੂੰ ਖੁਸ਼ ਸੀ ਜਾਂ ਸਰਮਾਏਦਾਰ ਠੱਗੀ ਮਾਰ ਜਾਂਦੇ?"

"ਸਰਮਾਏਦਾਰ ਬਣਨ ਲਈ ਤੁਸਾਂ ਵੀ ਤਾਂ ਠੱਗੀ ਮਾਰੀ ਹੀ ਹੈ।"

"ਤਾਹਨੇ, ਮਿਹਣੇ ਤੇ ਲੜਾਈ ਤੋਂ ਬਿਨਾਂ ਵੀ ਕੁਝ ਆਉਂਦਾ ਏ ਤੈਨੂੰ।'ਆ ਚਾਹ ਪਿਆਵਾਂ?"

"ਬਈ ਚਾਹ ਤਾਂ ਪੀ ਲੈਂਦਾ, ਪਰ ਤੇਰੀ ਚਾਹ ਵਿਚ ਕਾਂਗਰਸੀ ਲੂਣ ਰਲਿਆ ਹੋਇਆ ਏ?" ਰਣਜੋਧ ਮੁੜ ਵਿਅੰਗ ਕਰ ਗਿਆ।

"ਮਲਵੱਈਆ ਗੁੱਝੀਆਂ ਮਾਰਨੋਂ ਟਾਲਾ ਕਰ ਜਾਹ। ਸਰਕਾਰੀ ਬਜਟ ਲੋਕਾਂ ਦਾ ਪੈਸਾ ਹੈ, ਕਾਂਗਰਸ ਦਾ ਨਹੀਂ। ਉਸ ਵਿਚੋਂ ਹਿੱਸਾ ਵੰਡਾਉਣਾ ਲੋਕਾਂ ਦਾ ਹੱਕ ਹੈ।" ਉਹ ਉਸ ਨੂੰ ਖਿੱਚ ਕੇ ਬੱਸ ਸਟੈਂਡ ਦੀ ਕਨਟੀਨ ਤੇ ਲੈ ਗਿਆ। "ਅੱਜ ਕਿੱਧਰ ਨੂੰ?"

"ਆਨੰਦਪੁਰ ਸਾਹਿਬ ਚਲਿਆ ਆਂ। ਹੁਣ ਡਿਊਟੀ ਗੁਰਦੁਆਰਿਆਂ ਦੇ ਹਿਸਾਬ ਚੈੱਕ ਕਰਨ ਦੀ ਲੱਗੀ ਹੋਈ ਐ।" ਰਣਜੋਧ ਆਪਣੇ ਬਾਰੇ ਦੱਸ ਗਿਆ।

"ਹੋਰ ਹਾਲ ਚਾਲ ਸੁਣਾ, ਕਿਵੇਂ ਗੁਜ਼ਰਦੀ ਹੈ?"

"ਗੁਰੂ ਦੀ ਦਿਆ ਹੈ, ਦਿਨ ਟੁੱਟੀ ਜਾਂਦੇ ਐ।"

"ਉਹ ਤਾਂ ਸਭ ਦੇ ਈ ਟੁੱਟ ਜਾਣੇ ਹਨ।"

"ਤੇਰੇ ਐਸ਼ ਨਾਲ ਟੁੱਟਣੇ ਐ, ਹਮਾਤੜਾਂ ਦੇ ਖੱਜਲ ਖਵਾਰ ਹੋ ਕੇ; ਫ਼ਰਕ ਜ਼ਮੀਨ ਆਸਮਾਨ ਦਾ।"

"ਤੂੰ ਡਿਊਟੀ ਵਟਾ ਲੈ, ਤੇਰਾ ਭੁਲੇਖਾ ਨਿਕਲ ਜਾਵੇਗਾ।"

"ਇਹ ਗੱਲ ਸੀ, ਤਾਂ ਭੱਜਿਆ ਕਿਉਂ? ਪੈਸਾ ਕਰਨੈਲਿਆ, ਬੁਰੀ ਬਲਾ ਐ; ਦੀਨ ਈਮਾਨ ਹਿਲਾ ਦੇਂਦਾ ਏ।"

"ਇਹ ਸੱਚ ਐ ਮਲਵੱਈਆ। ਪਰ ਮੈਂ ਏਥੇ ਵੀ ਤਨਖ਼ਾਹਦਾਰ ਆਂ; ਮੁਨਾਫ਼ੇ ਦਾ ਭਾਈਵਾਲ ਨਹੀਂ।" ਕਰਨੈਲ ਨੇ ਆਪਣੀ ਸਫ਼ਾਈ ਦਿੱਤੀ। "ਤੈਨੂੰ ਆਨੰਦਪੁਰ ਤੱਕ ਮੁਫ਼ਤ ਭੇਜ ਦੇਵਾਂ?"

"ਨਾ ਬਾਬਾ, ਮੈਨੂੰ ਟੀ. ਏ. ਮਿਲ ਜਾਣਾ ਹੈ।" ਉਸ ਹੱਥ ਖੜ੍ਹੇ ਕਰ ਦਿੱਤੇ।

"ਤੂੰ ਖੀਰ ਨਹੀਂ ਖਾ ਸਕਦਾ।"

"ਬਈ ਜਿਹੜੀ ਪਚੇ ਨਾ, ਉਹਦਾ ਖਾਣ ਕੀ ਆਖਾਂ।" ਉਹ ਯਾਰ ਨਾਲ ਹੱਥ ਮਿਲਾ ਕੇ ਬੱਸ ਚੜ੍ਹ ਗਿਆ।

ਜਿਸ ਦਿਨ ਆਨੰਦਪੁਰ ਦਾ ਮਤਾ ਅਕਾਲੀ ਮੀਟਿੰਗ ਵਿਚ ਰੱਖਿਆ ਗਿਆ, ਰਣਜੋਧ ਉੱਥੇ ਹੀ ਸੀ। ਉਹ ਮਤਾ ਸ੍ਰ. ਕਪੂਰ ਸਿੰਘ ਆਈ. ਸੀ. ਐੱਸ. ਨੇ ਲਿਖਿਆ ਸੀ। ਉਹ ਪਾਰਲੀਮੈਂਟ ਦਾ ਮੈਂਬਰ ਵੀ ਰਹਿ ਚੁੱਕਾ ਸੀ ਅਤੇ ਵਿਦਵਾਨ ਗੁਰਸਿੱਖ ਸੀ। ਉਸ ਮਤੇ ਦੀ ਮੋਟੇ ਤੌਰ 'ਤੇ ਵਿਆਖਿਆ ਕੀਤੀ:

"ਮਤੇ ਦਾ ਸਾਰ ਅੰਸ਼ ਹੈ, ਕੇਂਦਰ ਸਰਕਾਰ ਚਾਰ ਮਹਿਕਮੇ ਰੱਖਿਆ, ਖ਼ਜ਼ਾਨਾ, ਫ਼ਾਰਨ ਪਾਲਿਸੀ ਅਤੇ ਆਵਾਜਾਈ ਆਪਣੇ ਕੋਲ ਰੱਖੇ; ਬਾਕੀ ਮਹਿਕਮੇ ਪੰਜਾਬ ਰਾਜ ਨੂੰ ਛੱਡ ਦੇਵੇ। ਇਸ ਤਰ੍ਹਾਂ ਅੰਦਰੂਨੀ ਖ਼ੁਦਮੁਖਤਾਰੀ ਸਾਡੇ ਹੱਥ ਆ ਜਾਂਦੀ ਹੈ। ਅਸੀਂ ਸਿੱਖ ਆਪਣੀ ਕੌਮੀਅਤ ਦੀ ਰੱਖਿਆ ਕਰ ਸਕਾਂਗੇ। ਹਿੰਦੋਸਤਾਨ ਵਿਚ ਰਹਿੰਦਿਆਂ ਅਸੀਂ ਸਮਝਾਂਗੇ, ਸਾਡੇ ਕੋਲ ਆਪਣਾ ਕੌਮੀ ਘਰ ਹੈ। ਆਪਣੇ ਵਿਧਾਨ ਨਾਲ ਆਪਣਾ ਨਿਸ਼ਾਨ ਕਾਇਮ ਕਰ ਸਕਾਂਗੇ। ਕਸ਼ਮੀਰ ਕੋਲ ਏਹੋ ਕੁਝ ਸੀ।

ਇਸ ਤਰ੍ਹਾਂ ਸਾਡੀ ਚੜ੍ਹਦੀ ਕਲਾ ਦੇ ਬੋਲ-ਬਾਲੇ ਹੋ ਸਕਣਗੇ। ਅਸੀਂ ਕਿਰਤੀ ਕੌਮ ਆਂ; ਵਪਾਰ ਤੇ ਇੰਡਸਟਰੀ ਸਾਡੇ ਹੱਥ ਆ ਜਾਣ ਨਾਲ ਆਰਥਕ ਪੱਖ ਮਜ਼ਬੂਤ ਹੋਵੇਗਾ। ਇਉਂ ਅਸੀਂ ਆਪਣਾ ਤੇ ਸਰਬੱਤ ਦਾ ਭਲਾ ਕਰਨ ਦੇ ਸਮਰੱਥ ਹੋ ਜਾਵਾਂਗੇ। ਇਸ ਤਰ੍ਹਾਂ ਮਾਂ ਬੋਲੀ, ਸਾਹਿਤ ਤੇ ਸੱਭਿਆਚਾਰ ਨਰੋਆ ਵਿਕਾਸ ਕਰ ਸਕਣਗੇ।"

ਪ੍ਰਧਾਨ ਜੀ ਦੀ ਆਗਿਆ ਨਾਲ ਇੱਕ ਮੈਂਬਰ ਨੇ ਕਹਿਣਾ ਸ਼ੁਰੂ ਕੀਤਾ:

"ਮਤਾ ਸੂਝ ਬੂਝ ਨਾਲ ਤਿਆਰ ਕੀਤਾ ਗਿਆ ਹੈ। ਵਿਧਾਨ ਵਿਚ ਜਿਹੜੇ ਅਧਿਕਾਰ ਰਾਜਾਂ ਨੂੰ ਦਿੱਤੇ ਗਏ ਹਨ; ਕੇਂਦਰ ਸਰਕਾਰ ਚੁਸਤੀਆਂ ਨਾਲ ਉਹ ਵੀ ਖੋਹੀ ਜਾ ਰਹੀ ਹੈ। ਏਥੋਂ ਤੱਕ ਕਿ ਰਾਜ ਮਿਉਂਸੀਪਾਲਟੀਆਂ ਬਣਾ ਕੇ ਰੱਖ ਦਿੱਤੇ ਹਨ। ਉਨ੍ਹਾਂ ਸਾਨੂੰ ਅੰਦਰੂਨੀ ਖ਼ੁਦਮੁਖਤਾਰੀ ਕਦੋਂ ਦਿੱਤੀ?"

ਇੱਕ ਸਵਾਲ ਖੜ੍ਹਾ ਹੋ ਗਿਆ। ਥੋੜ੍ਹੀ ਚੁੱਪ ਪਿੱਛੋਂ ਸ੍ਰ. ਕਪੂਰ ਸਿੰਘ ਨੇ ਆਖਿਆ।

"ਹਰ ਪ੍ਰਾਪਤੀ ਯਤਨ, ਮਿਹਨਤ ਤੇ ਕੁਰਬਾਨੀ ਮੰਗਦੀ ਹੈ। ਜੇ ਕੌਮ ਨੂੰ ਦੁਨੀਆਂ ਦੇ ਇਤਿਹਾਸ ਵਿਚ ਖੜ੍ਹੀ ਰੱਖਣਾ ਹੈ; ਤਦ ਕੁਝ ਕਰਨਾ ਤਾਂ ਪਏਗਾ ਹੀ।"

ਪਹਿਲਾ ਸ਼ੰਕਾਵਾਦੀ ਬੋਲਿਆ:

"ਮੋਰਚਾ ਲਾਓਗੇ? ਸਰਕਾਰ ਕੋਲ ਮੋਰਚੇ ਫ਼ਿਹਲ ਕਰਨ ਲਈ ਬੜੇ ਵਸੀਲੇ ਹਨ?"

"ਤੁਹਾਡੇ ਕੋਲ ਤਿੰਨ ਰਾਹ ਹਨ!" ਕਪੂਰ ਸਿੰਘ ਥੋੜ੍ਹਾ ਤੈਸ਼ ਵਿਚ ਆ ਗਿਆ। "ਹਿੰਦੂ ਬਣੋ, ਜੋ ਬ੍ਰਾਹਮਣਵਾਦ ਆਖਦਾ ਹੈ। ਚੁਪਚਾਪ ਗੁਲਾਮੀ ਹੰਢਾਓ ਜਾਂ ਆਜ਼ਾਦ ਹੋਣ ਲਈ ਜੱਦੋ-ਜਹਿਦ ਕਰੋ।"

"ਅਸੀਂ ਹਿੰਦੂ ਬਣੀਏ?" ਅੱਧਖੜ ਉਮਰ ਦਾ ਸਿੰਘ ਗੁੱਸੇ ਵਿਚ ਖੜ੍ਹਾ ਹੋ ਗਿਆ। "ਅਸੀਂ ਮੂੰਹ ਵਿਚ ਘਾ ਲੈਣ ਵਾਲੇ ਨਿਰਲੱਜਾਂ ਦੀ ਕੌਮ ਨਹੀਂ। ਅਸੀਂ ਗੁਰੂ ਗੋਬਿੰਦ ਸਿੰਘ ਦੇ ਜਾਏ, ਸ਼ਹੀਦਾਂ ਦੀ ਕੌਮ ਆਂ। ਮਰਨੀ ਮਰ ਜਾਵਾਂਗੇ; ਆਜ਼ਾਦ ਹੋਣ ਵਾਲੀ ਜੱਦੋ-ਜਹਿਦ

ਨਹੀਂ ਛੱਡਾਂਗੇ। ਅਸੀਂ ਆਪਣੇ ਇਤਿਹਾਸ ਦੀ ਲੀਹ ਤੁਰਾਂਗੇ। ਮਤਾ ਜੈਕਾਰਿਆਂ ਨਾਲ ਪਾਸ ਹੋਣਾ ਚਾਹੀਦਾ ਹੈ।"

ਪਿੱਛੇ ਬੈਠਾ ਰਣਜੋਧ ਸਿੰਘ ਉੱਠ ਕੇ ਖਲੋ ਗਿਆ।

"ਪਿਆਰੇ ਖ਼ਾਲਸਾ ਜੀ ਮੇਰਾ ਬੋਲਣ ਦਾ ਹੱਕ ਨਹੀਂ, ਜੇ ਆਗਿਆ ਦੇਵੋ ਤਾਂ....?"

"ਬੋਲ ਬੋਲ ਬਈ ਰਣਜੋਧ, ਤੂੰ ਗਿਆਨੀ ਕਰਤਾਰ ਸਿੰਘ ਦਾ ਚੇਲਾ ਏਂ, ਕੋਈ ਚੰਗੀ ਗੱਲ ਕਰੇਂਗਾ।" ਉਹਦੇ ਜਾਣਕਾਰ ਮੈਂਬਰ ਨੇ ਹੱਲਾਸ਼ੇਰੀ ਦਿੱਤੀ।

"ਮੈਂ ਮਤੇ ਨੂੰ ਠੀਕ ਸਮੇਂ ਸਿਰ ਉਠਾਈ ਮੰਗ ਸਮਝਦਾ ਆਂ। ਇਹ ਮਤਾ ਨਿਰਾ ਅਕਾਲੀ ਪਾਰਟੀ ਲਈ ਨਹੀਂ। ਪੰਥ ਦੀ ਸਮੱਸਿਆ ਤਾਂ ਅਗਾਂਹ ਸਾਰੇ ਪੰਜਾਬੀਆਂ ਲਈ ਵੀ ਹੈ। ਮੈਂ ਇੱਕ ਹੋਰ ਪੱਖ ਵੱਲ ਤੁਹਾਡਾ ਧਿਆਨ ਦਵਾਉਣਾ ਚਾਹੁੰਦਾ ਆਂ। ਇਸ ਮਤੇ ਵਿਚ ਸਾਰੇ ਪੰਜਾਬੀਆਂ ਨੂੰ ਇਕੱਠਿਆਂ ਕਰੋ, ਭਾਵੇਂ ਸਾਰੇ ਪੰਜਾਬੀਆਂ ਆਉਣਾ ਨਹੀਂ। ਮਹਾਸ਼ਿਆਂ ਵਿਰੋਧ ਕਰਨਾ ਹੀ ਕਰਨਾ ਹੈ। ਪਰ ਤੁਸੀਂ ਸਾਰੇ ਪੰਜਾਬੀਆਂ ਲਈ ਸੱਚੇ ਜ਼ਰੂਰ ਹੋਵੋ। ਦੂਜੀ ਗੱਲ, ਆਜ਼ਾਦੀ ਹਾਸਲ ਕਰਨ ਲਈ ਸਿੱਖਾਂ ਬੇਹੱਦ ਕੁਰਬਾਨੀਆਂ ਦਿੱਤੀਆਂ; ਆਜ਼ਾਦ ਹੋਇਆ ਸਾਰਾ ਭਾਰਤ। ਏਸ ਅੰਦਰੂਨੀ ਖ਼ੁਦਮੁਖ਼ਤਾਰੀ ਦੇ ਮਤੇ ਲਈ ਕੁਰਬਾਨੀਆਂ ਕਰੋਗੇ, ਗੱਲ ਵੱਧ ਕੇ ਸ਼ਹੀਦੀਆਂ ਤੱਕ ਵੀ ਜਾ ਸਕਦੀ ਹੈ। ਜੇ ਮਤੇ ਨੂੰ ਸਰਕਾਰ ਵਲੋਂ ਪ੍ਰਵਾਨਗੀ ਮਿਲੇਗੀ ਤਾਂ ਸਾਰੇ ਰਾਜਾਂ ਨੂੰ ਅੰਦਰੂਨੀ ਆਜ਼ਾਦੀ ਹੋਵੇਗੀ, ਇਕੱਲੇ ਪੰਜਾਬ ਨੂੰ ਨਹੀਂ। ਕੁੱਟ ਤੁਸੀਂ ਇਕੱਲੇ ਖਾਵੋ; ਲਾਭ ਸਾਰੇ ਰਾਜ ਲੈਣ, ਇਹ ਗੱਲ ਕਿੱਧਰ ਨੂੰ ਜਾਂਦੀ ਹੈ? ਤੁਸੀਂ ਦੂਜੇ ਰਾਜਾਂ ਨੂੰ ਕੁੱਟ ਖਾਣ ਦੇ ਬਰਾਬਰ ਹਿੱਸੇਦਾਰ ਕਿਉਂ ਨਹੀਂ ਬਣਾਉਂਦੇ? ਏਸੇ ਇਸ਼ੂ 'ਤੇ ਆਲ ਇੰਡੀਆ ਪੱਧਰ ਦੀ ਕਨਵੈਨਸ਼ਨ ਕਿਉਂ ਨਹੀਂ ਕਰਵਾਉਂਦੇ? ਤੁਸੀਂ ਇਕੱਲੇ ਹੋਣ ਕਾਰਨ ਵਾਰ-ਵਾਰ ਕੁੱਟ ਖਾਂਦੇ ਹੋ ਤੇ ਸਰਕਾਰ ਤੁਹਾਡੀ ਮੰਗ ਨੂੰ ਕੰਨ ਮੁੱਢ ਮਾਰ ਛੱਡਦੀ ਐ। ਥੋੜ੍ਹਾ ਗੰਭੀਰਤਾ ਨਾਲ ਸੋਚੋ।" ਏਨੀ ਕਹਿ ਕੇ ਰਣਜੋਧ ਬਹਿ ਗਿਆ।

"ਗੱਲ ਬਈ ਰਣਜੋਧ ਸਿੰਘ ਦੀ ਸੋਲਾਂ ਆਨੇ ਹੈ।" ਹੱਲਾਸ਼ੇਰੀ ਦੇਣ ਵਾਲਾ ਸਿੰਘ ਕਹਿ ਗਿਆ। ਆਪੋ ਵਿਚ ਛਿੜੀਆਂ ਗੱਲਾਂ ਨੂੰ ਚੁੱਪ ਕਰਵਾਉਂਦਿਆਂ ਪ੍ਰਧਾਨ ਨੇ ਆਖਿਆ।

"ਹਾਂ ਬਈ ਸ੍ਰ. ਰਣਜੋਧ ਸਿੰਘ ਦਾ ਸੁਝਾਅ ਬਹੁਤ ਨਿੱਗਰ ਐ। ਅਸੀਂ ਕਾਂਗਰਸ ਵਿਰੋਧੀ ਪਾਰਟੀਆਂ ਨਾਲ ਤਾਲ-ਮੇਲ ਕਰਾਂਗੇ। ਕਿਸੇ ਨੇ ਮਤੇ ਦੇ ਵਿਰੋਧ ਵਿਚ ਕੁਝ ਕਹਿਣਾ ਹੈ ਤਾਂ ਦੱਸੋ?"

ਵਿਰੋਧ ਵਿਚ ਕੋਈ ਨਾ ਬੋਲਿਆ। ਸਾਰਿਆਂ ਹਮਾਇਤ ਵਿਚ ਬਾਹਾਂ ਖੜ੍ਹੀਆਂ ਕਰ ਦਿੱਤੀਆਂ।

ਇੱਕ ਸਿੰਘ ਨੇ ਜੈਕਾਰਾ ਛੱਡ ਦਿੱਤਾ।

"ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ।"

ਪ੍ਰਧਾਨ ਨੇ ਮਤੇ ਬਾਰੇ ਦੋ ਬੋਲ ਆਖਣੇ ਜ਼ਰੂਰੀ ਸਮਝੇ। ਉਹ ਉੱਠ ਕੇ ਖਲੋ ਗਿਆ।

"ਖ਼ਾਲਸਾ ਜੀ ਆਨੰਦਪੁਰ ਉਹ ਪਵਿੱਤਰ ਅਸਥਾਨ ਹੈ, ਜਿੱਥੋਂ ਦਸਮ ਪਾਤਸ਼ਾਹ ਨੇ ਸਿੰਘਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਜ਼ੁਲਮ ਵਿਰੁੱਧ ਆਜ਼ਾਦੀ ਦੀ ਜੰਗ ਛੇੜੀ ਸੀ। ਅੱਜ ਦਾ ਮਤਾ ਵੀ ਸਿੱਖਾਂ ਦੀ ਆਜ਼ਾਦੀ ਲਈ ਤੀਰ-ਨਿਸ਼ਾਨ ਹੈ। ਅਸਾਂ ਬ੍ਰਾਹਮਣਵਾਦ ਦੀ ਜਕੜ ਨੂੰ ਤੋੜ ਕੇ ਆਜ਼ਾਦ ਹੋਣਾ ਅਤੇ ਬਾਕੀ ਦੀਆਂ ਘੱਟ-ਗਿਣਤੀਆਂ ਦੀ ਵੀ ਬੰਦਖ਼ਲਾਸ ਕਰਨੀ ਹੈ। ਸੋ, ਇਸ ਮਤੇ ਨੂੰ ਲੋਕਾਂ ਵਿਚ ਲੈ ਜਾਇਆ ਜਾਵੇ ਤਾਂ ਜੋ ਲੋਕ ਲਹਿਰ ਲਾਮਬੰਦ ਕੀਤੀ ਜਾ

ਸਕੇ। ਅਸਾਂ ਆਜ਼ਾਦੀ ਦੀ ਲਗਨ ਨੂੰ ਠੰਢੀ ਨਹੀਂ ਪੈਣ ਦੇਣਾ। ਮੈਂ ਜ਼ਿਲ੍ਹਾ ਜੱਥੇਦਾਰਾਂ ਨੂੰ ਹਦਾਇਤ ਕਰਦਾ ਹਾਂ, ਪਹਿਲਾਂ ਬੈਠਕ ਮੀਟਿੰਗਾਂ ਵਿਚ ਜ਼ਿਲ੍ਹਾ ਕਾਨਫ਼ਰੰਸਾਂ ਦੀ ਤਿਆਰੀ ਕੀਤੀ ਜਾਵੇ। ਫੇਰ ਜ਼ਿਲ੍ਹਿਆਂ ਵਿਚ ਸਮਾਗਮ ਜੋੜੇ ਜਾਣ ਅਤੇ ਮਤੇ ਦੀ ਵਿਆਖਿਆ ਕੀਤੀ ਜਾਵੇ।"

ਮੀਟਿੰਗ ਖ਼ਤਮ ਹੋਣ ਪਿੱਛੋਂ ਸਾਰੇ ਖੁਸ਼ੀ ਭਰੇ ਜਲਾਲੀ ਚਿਹਰਿਆਂ ਨਾਲ ਬਾਹਰ ਆ ਗਏ। ਕੋਈ ਮੈਂਬਰ ਰਣਜੋਧ ਸਿੰਘ ਦੇ ਸੁਝਾਅ ਨੂੰ ਠੋਸ ਸਮਝ ਕੇ ਚਰਚਾ ਕਰਦੇ ਰਹੇ। ਉਹ ਸਾਰੇ ਪ੍ਰਸ਼ਾਦੇ ਛਕਣ ਲਈ ਲੰਗਰ ਵਿਚ ਆ ਬਰਾਜੇ।

ਆਨੰਦਪੁਰ ਦਾ ਮਤਾ ਅਖ਼ਬਾਰਾਂ ਵਿਚ ਆਉਣ ਸਾਰ ਮਹਾਸ਼ਿਆਂ ਦੇ ਦਿਲਾਂ ਅੰਦਰੋਂ ਵਿਰੋਧ ਦੀਆਂ ਲਾਟਾਂ ਉੱਠ ਪਈਆਂ। ਉਨ੍ਹਾਂ ਆਪਣੇ ਅਖ਼ਬਾਰਾਂ ਵਿਚ "ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ" ਦੀਆਂ ਮੁੱਖ ਸੁਰਖ਼ੀਆਂ ਜਮਾਉਣੀਆਂ ਸ਼ੁਰੂ ਕਰ ਦਿੱਤੀਆਂ। ਕਮਿਊਨਿਸਟਾਂ ਨੂੰ ਮਤੇ ਦਾ ਬੋਲ ਬਾਲੇ ਸ਼ਬਦ ਬੰਬ ਬਣ ਕੇ ਵੱਜਾ ਸੀ। ਉਨ੍ਹਾਂ ਨੂੰ ਇਹ ਵੀ ਪਤਾ ਸੀ, ਰੂਸ ਦੀਆਂ ਸਾਰੀਆਂ ਰਿਆਸਤਾਂ ਅੰਦਰੂਨੀ ਤੌਰ ਤੇ ਆਜ਼ਾਦ ਹਨ। ਫਿਰ ਵੀ ਉਨ੍ਹਾਂ ਡਟ ਕੇ ਵਿਰੋਧ ਸ਼ੁਰੂ ਕਰ ਦਿੱਤਾ। ਕਮਿਊਨਿਸਟ ਆਪਣੀ ਵੱਲੋਂ ਮਹਾਸ਼ਿਆਂ, ਜਨਸੰਘ ਅਤੇ ਕਾਂਗਰਸ ਨੂੰ ਸਮਾਜ ਦੁਸ਼ਮਣ ਜਮਾਤਾਂ ਸਮਝਦੇ ਤੇ ਪ੍ਰਚਾਰਦੇ ਸਨ; ਪਰ ਇਸ ਮਤੇ ਦਾ ਵਿਰੋਧ ਕਰਨ ਲਈ ਉਨ੍ਹਾਂ ਨਾਲ ਮੋਢਾ ਜੋੜ ਖਲੋਤੇ। ਦੀਨ-ਈਮਾਨ ਅਤੇ ਕੌਮੀ ਅਸੂਲ ਛਿੱਕੇ ਟੰਗ ਕੇ ਅਕਾਲੀ ਮਤੇ ਦੀ ਮੁਖ਼ਾਲਫ਼ਤ ਵਿਚ ਅਸਲੋਂ ਨੰਗੇ ਹੋ ਗਏ। ਉਹ ਇਹ ਵੀ ਜਾਣਦੇ ਸਨ ਕਿ ਭਾਰਤ ਦਾ ਵਿਧਾਨ ਫੈਡਰਲ ਹੈ ਅਤੇ ਉਸ ਅਨੁਸਾਰ ਮਤਾ ਸਹੀ ਦਿਸ਼ਾ-ਨਿਰਦੇਸ਼ ਦੇਂਦਾ ਹੈ। ਮਹਾਸ਼ੇ ਤੇ ਜਨਸੰਘ ਤਾਂ ਇਸ ਲਈ ਵਿਰੋਧਤਾ ਕਰਦੇ ਸਨ ਕਿ ਸਿੱਖ ਹਿੰਦੂਆਂ ਵਿਚੋਂ ਹਨ, ਅਸਾਂ ਇਨ੍ਹਾਂ ਨੂੰ ਆਪਣੇ ਵਿਚ ਜਜ਼ਬ ਕਰਨਾ ਹੈ ਅਤੇ ਇਹ ਮਤਾ ਸਿੱਖਾਂ ਨੂੰ ਇੱਕ ਵੱਖਰੀ ਤੇ ਠੋਸ ਰੂਪ ਵਿਚ ਕੌਮ ਬਣਾਉਂਦਾ ਹੈ। ਪਰ ਕਮਿਊਨਿਸਟ ਇਸ ਲਈ ਦੁਸ਼ਮਣੀ ਕਰਦੇ ਸਨ ਕਿ ਸਾਡੀ ਪਾਰਟੀ ਦੇ ਅਧਾਰ ਕਿਸਾਨੀ ਨੂੰ ਅਕਾਲੀ ਤੋੜੀ ਜਾ ਰਹੇ ਹਨ। ਇਉਂ ਆਨੰਦਪੁਰ ਮਤੇ ਦੇ ਖ਼ਿਲਾਫ਼ ਲੰਡੇ ਨੂੰ ਮੀਣਾ ਜੁੜ ਗਏ; ਜਿਹੜੇ ਬੁਨਿਆਦੀ ਤੌਰ 'ਤੇ ਵੀ ਵਿਰੋਧ ਰੱਖਦੇ ਸਨ।

ਆਨੰਦਪੁਰ ਦੇ ਮਤੇ ਵਿਰੁੱਧ ਸਾਰੀਆਂ ਹੀ ਰਾਜਸੀ ਪਾਰਟੀਆਂ ਇੱਕ ਜੁੱਟ ਹੋ ਖਲੋਤੀਆਂ। ਸੱਚ ਤੇ ਨਿਆਂ ਨੂੰ ਛਿੱਕੇ ਟੰਗ ਕੇ ਸਿੱਖਾਂ ਨੂੰ ਮਿੱਧਣ ਤੱਕ ਪਹੁੰਚ ਗਈਆਂ। ਸਿੱਖਾਂ ਆਨੰਦਪੁਰ ਮਤੇ ਨੂੰ ਦੁਬਾਰਾ ਸੋਧ ਕੇ ਲੁਧਿਆਣੇ ਵਾਲੀ ਅਕਾਲੀ ਕਾਨਫ਼ਰੰਸ ਵਿਚ ਰੱਖਿਆ। ਉਸ ਕਾਨਫ਼ਰੰਸ ਵਿਚ ਕਾਂਗਰਸ ਦੇ ਕੇਂਦਰੀ ਲੀਡਰ ਚੰਦਰ ਸ਼ੇਖਰ ਨੂੰ ਅਕਾਲੀਆਂ ਹਮਦਰਦ ਸਮਝ ਕੇ ਬੁਲਾਇਆ, ਪਰ ਉਸ ਵੀ ਮਤੇ ਦੀ ਹਾਮੀ ਨਾ ਭਰੀ। ਉਹ ਅਕਾਲੀਆਂ ਨੂੰ ਕੁਰਬਾਨੀ ਵਾਲੀ ਜਮਾਤ ਸਮਝ ਕੇ ਆਪਣੀ ਸ਼ਖ਼ਸੀਅਤ ਦਾ ਬਿੰਬ ਖੜ੍ਹਾ ਕਰਨ ਲਈ ਤਾਂ ਵਰਤਣਾ ਚਾਹੁੰਦਾ ਸੀ; ਪਰ ਆਨੰਦਪੁਰ ਦੇ ਮਤੇ ਨੂੰ ਨੱਕ ਬੁੱਲ੍ਹ ਮਾਰਦਾ ਰਿਹਾ।

ਸ੍ਰ. ਜਗਦੇਵ ਸਿੰਘ ਤਲਵੰਡੀ ਨੇ ਮਤੇ ਦੀ ਸਾਰਥਕਤਾ ਲਈ ਦਿੱਲੀ ਵਿਚ ਮੋਰਚਾ ਜਾ ਲਾਇਆ। ਇਸ ਵਿਚ ਸਮੁੱਚੇ ਅਕਾਲੀ ਦਲ ਨੇ ਹਿੱਸਾ ਨਾ ਲਿਆ। ਉਦੋਂ ਉਹ ਪਾਰਲੀਮੈਂਟ ਦਾ ਮੈਂਬਰ ਸੀ। ਉਸ ਇੱਕ ਸੌ ਚੁਤਾਲੀ ਦਫ਼ਾ ਤੋੜ ਕੇ ਗ੍ਰਿਫ਼ਤਾਰੀ ਦਿੱਤੀ। ਮੈਜਿਸਟ੍ਰੇਟ ਨੇ ਉਸ ਨੂੰ ਪੰਦਰਾਂ ਦਿਨਾਂ ਦੀ ਸਜ਼ਾ ਦੇ ਮਾਰੀ। ਜੇਲ੍ਹੋਂ ਰਿਹਾਅ ਹੋਣ ਪਿੱਛੋਂ ਜਥੇਦਾਰ ਨੇ ਆਪੇ ਨੂੰ ਮੁੜ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਪੰਦਰਾਂ ਦਿਨ ਦੀ ਸਜ਼ਾ ਅਤੇ ਗ੍ਰਿਫ਼ਤਾਰੀ ਦਾ ਸਿਲਸਿਲਾ ਕਈ ਮਹੀਨੇ ਚੱਲਦਾ ਰਿਹਾ, ਪਰ ਸਿੱਟਾ ਕੋਈ ਨਾ ਨਿਕਲਿਆ। ਜਗਦੇਵ ਸਿੰਘ ਤਲਵੰਡੀ

ਨੇ ਬੰਗਲਾ ਦੇਸ਼ ਦੀ ਰੀਸੇ, "ਦੇਸ਼ ਪੰਜਾਬ" ਨਾਂ ਰੱਖਣ ਦਾ ਵੀ ਸੁਝਾਅ ਪੇਸ਼ ਕੀਤਾ, ਪਰ ਗੱਲ ਨਾ ਬਣੀ।

ਇੰਦਰਾ ਗਾਂਧੀ ਦੀ ਉਨ੍ਹਾਂ ਦਿਨਾਂ ਵਿਚ ਆਪਣੀ ਅੰਤਰਿੰਗ ਕਮੇਟੀ ਵਿਚ ਖੱਟਪਟੀ ਹੋ ਗਈ। ਦੱਖਣ ਦੀ ਮੀਟਿੰਗ ਵਿੱਚ ਉਸ ਰਾਸ਼ਟਰਪਤੀ ਦੀ ਚੋਣ ਲਈ ਸੰਜੀਵਾ ਰੈਡੀ ਨੂੰ ਖੜ੍ਹਾ ਕਰਨ ਦੀ ਹਮਾਇਤ ਕਰ ਦਿੱਤੀ। ਪਰ ਦਿੱਲੀ ਆ ਕੇ ਮੁੱਕਰ ਗਈ, ਕਿਉਂਕਿ ਉਹ ਉਸ ਦੇ ਵਿਰੋਧੀ ਧੜੇ ਦਾ ਬੰਦਾ ਸੀ। ਉਸ ਆਪਣਾ ਉਮੀਦਵਾਰ ਵੀ. ਵੀ. ਗਿਰੀ ਖੜ੍ਹਾ ਕਰ ਦਿੱਤਾ। ਉਸ ਨੂੰ ਖੁੜਕ ਗਈ ਸੀ, ਵਿਰੋਧੀ ਕਾਂਗਰਸੀ ਮੈਨੂੰ ਪ੍ਰਧਾਨ ਮੰਤਰੀ ਦੀ ਗੱਦੀ ਤੋਂ ਲਾਹੁਣਾ ਚਾਹੁੰਦੇ ਹਨ। ਕਾਂਗਰਸ ਦੋ ਟੋਟੇ ਹੋ ਗਈ। ਪਰ ਵੀ. ਵੀ. ਗਿਰੀ ਜਿੱਤ ਗਿਆ। ਪਾਰਲੀਮੈਂਟ ਦੀ ਚੋਣ ਹੋਈ ਤਾਂ ਇੰਦਰਾ ਵਿਰੁੱਧ ਪਟੀਸ਼ਨ ਹੋ ਗਈ। ਅਲਾਹਾਬਾਦ ਹਾਈਕੋਰਟ ਨੇ ਫ਼ੈਸਲਾ ਇੰਦਰਾ ਵਿਰੁੱਧ ਦੇ ਦਿੱਤਾ। ਇੰਦਰਾ ਨੇ ਅਸਤੀਫ਼ਾ ਨਾ ਦਿੱਤਾ; ਸਗੋਂ ਸੁਪਰੀਮ ਕੋਰਟ ਵਿਚ ਅਪੀਲ ਕਰ ਦਿੱਤੀ। ਪੰਦਰਾਂ ਅਗਸਤ ਨੂੰ ਸਵੇਰੇ ਹੀ ਇੰਦਰਾ ਨੂੰ ਪਤਾ ਲੱਗ ਗਿਆ ਕਿ ਬੰਗਲਾ ਦੇਸ਼ ਦਾ ਮੁਜੀਬਉਰ ਰਹਿਮਾਨ ਤੇ ਉਸ ਦਾ ਪਰਿਵਾਰ ਫ਼ੌਜੀ ਵਿਦਰੋਹ ਕਾਰਨ ਮਾਰੇ ਗਏ ਹਨ। ਉਸਦਾ ਡਰ ਕਾਰਨ ਅੰਦਰ ਹਿੱਲ ਗਿਆ। ਇਹ ਮੇਰੇ 'ਤੇ ਵੀ ਵਾਪਰ ਸਕਦੀ ਹੈ। ਉਸ ਐਮਰਜੈਂਸੀ ਲਾ ਕੇ ਵਿਰੋਧੀ ਲੀਡਰ ਫੜ ਕੇ ਅੰਦਰ ਦੇ ਦਿੱਤੇ; ਜਿਨ੍ਹਾਂ ਵਿਚ ਪ੍ਰਸਿੱਧ ਸੋਸ਼ਲਿਸਟ ਲੀਡਰ ਜੈ ਪ੍ਰਕਾਸ਼ ਨਰਾਇਣ ਵੀ ਸ਼ਾਮਲ ਸੀ। ਇੰਦਰਾ ਨੇ ਅਕਾਲੀਆਂ ਨੂੰ ਚੋਗਾ ਪਾ ਕੇ ਆਪਣੇ ਨਾਲ ਜੋੜਨ ਦਾ ਇੱਕ ਸਮਝੌਤਾ ਤਿਆਰ ਕੀਤਾ, ਪਰ ਉਹ ਐਮਰਜੈਂਸੀ ਵਿਰੁੱਧ ਮੋਰਚਾ ਲਾਊ ਸਨ। ਜਥੇਦਾਰ ਟੌਹੜਾ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਸਮਝੌਤੇ ਦੇ ਹੱਕ ਵਿਚ ਸਨ। ਪਰ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ:

"ਮੈਂ ਤਾਂ ਜੈ ਪ੍ਰਕਾਸ਼ ਨੂੰ ਮੋਰਚਾ ਲਾਉਣ ਦਾ ਵਾਅਦਾ ਦੇ ਆਇਆ ਹਾਂ?"

ਸਾਰੇ ਮੋਰਚਾ ਲਾਉਣ 'ਤੇ ਸਹਿਮਤ ਹੋ ਗਏ। ਮੋਰਚੇ ਦਾ ਡਿਕਟੇਟਰ ਸੰਤ ਲੌਂਗੋਵਾਲ ਨੂੰ ਥਾਪ ਦਿੱਤਾ ਅਤੇ ਪੰਜਾਂ ਸਿੰਘਾਂ ਦੀ ਗ੍ਰਿਫ਼ਤਾਰੀ ਨਾਲ ਮੋਰਚਾ ਅਰੰਭ ਕਰ ਦਿੱਤਾ। ਅਕਾਲੀ ਲੀਡਰ ਜਿੰਨੇ ਅੜਿੱਕੇ ਆਏ, ਇੰਦਰਾ ਨੇ ਫੜ ਕੇ ਅੰਦਰ ਦੇ ਦਿੱਤੇ। ਐਮਰਜੈਂਸੀ ਤੱਕ ਸ਼ਾਂਤਮਈ ਮੋਰਚਾ ਚੱਲਦਾ ਰਿਹਾ; ਬਾਕੀ ਸਾਰਾ ਹਿੰਦੋਸਤਾਨ ਅਮਨ-ਚੈਨ ਦੀ ਨੀਂਦ ਸੁੱਤਾ ਰਿਹਾ। ਸਿੱਖ ਜੇਲ੍ਹਾਂ ਵੀ ਭੁਗਤਦੇ ਰਹੇ ਅਤੇ ਕੁੱਟ ਵੀ ਖਾਂਦੇ ਰਹੇ।

ਰਣਜੋਧ ਨੂੰ ਯਾਦ ਆਇਆ, ਮੋਹਾਲੀ ਵਿਚ ਕਾਂਗਰਸ ਦਾ ਸਾਲਾਨਾ ਸਮਾਗਮ ਚੱਲ ਰਿਹਾ ਸੀ। ਇੰਦਰਾ ਦੇ ਮੁੰਡੇ ਸੰਜੇ ਗਾਂਧੀ ਦੀ ਚੱਪਲ ਗੱਡੀ ਚੜ੍ਹਨ ਲੱਗੇ ਦੀ ਪੈਰ ਵਿਚੋਂ ਲਹਿ ਕੇ ਡਿੱਗ ਪਈ। ਪੰਜਾਬ ਦੇ ਇੱਕ ਸਿੱਖ ਵਜ਼ੀਰ, ਜਿਹੜਾ ਆਪਣੇ-ਆਪ ਨੂੰ ਇੰਦਰਾ ਦਾ ਬਹੁਤਾ ਵਫ਼ਾਦਾਰ ਜਾਂ ਦੂਜੇ ਸ਼ਬਦਾਂ ਵਿਚ ਝੋਲੀਚੁੱਕ ਸਮਝਦਾ ਸੀ; ਨੇ ਝੱਟ ਚੱਪਲ ਚੁੱਕ ਕੇ ਸੰਜੇ ਗਾਂਧੀ ਦੇ ਪੈਰਾਂ ਵਿਚ ਪਾ ਦਿੱਤੀ। ਰਣਜੋਧ ਦੇ ਦੇਖਦਿਆਂ ਸਾਰ ਹਵਾਸ ਉੱਡ ਗਏ ਅਤੇ ਮੱਥੇ ਤੇ ਹੱਥ ਮਾਰਿਆ।

"ਲਓ, ਕਰ ਲਓ ਗੱਲ, ਸਿੱਖਾਂ ਦੀ ਗ਼ੈਰਤ ਬਾਹਮਣਾਂ ਦੀਆਂ ਜੁੱਤੀਆਂ ਹੇਠਾਂ ਵੀ ਆ ਗਈ? ਕੌਮ ਦੇ ਨਿੱਘਰਨ ਵਿਚ ਕੀ ਬਾਕੀ ਹੈ? ਤੇਗਾਂ ਮਾਰਨ ਵਾਲੇ ਸੂਰਮੇ ਸਿੰਘੋ! ਆ ਕੇ ਵੇਖੋ ਆਪਣੇ ਅਣਖੀਲੇ ਪੰਜਾਬ ਦਾ ਹਾਲ?"

ਸਿੱਖ ਵਜ਼ੀਰ ਦੀ ਹਰਕਤ ਨਾਲ ਰਣਜੋਧ ਦਾ ਹੀ ਨਹੀਂ, ਸਾਰੀ ਸਿੱਖ ਕੌਮ ਦਾ ਸਿਰ ਨੀਵਾਂ ਹੋ ਚੁੱਕਾ ਸੀ।

ਉੱਨੀਵਾਂ ਕਾਂਡ

ਵਿਸਾਖੀ ਪੰਜਾਬ ਦਾ ਮਾਣ ਮਹੱਤਵ ਵਾਲਾ ਪੁਰਬ ਸਮਝਿਆ ਜਾਂਦਾ ਹੈ। ਅਨਾਜ ਭਰੇ ਖੇਤਾਂ ਕਾਰਨ, ਜੱਟ ਵਿਸਾਖੀ ਨੂੰ ਭੰਗੜੇ ਪਾ ਪਾ ਨਿਰਾਲੀ ਸ਼ਾਨ ਨਾਲ ਮਨਾਉਂਦੇ ਹਨ। ਏਸੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਵਿਚ 1699 ਈਸਵੀ ਨੂੰ ਅੰਮ੍ਰਿਤ ਛਕਾ ਕੇ ਖ਼ਾਲਸੇ ਦੀ ਸਾਜਣਾ ਕੀਤੀ ਸੀ। ਪੰਜਾਬ ਦੇ ਹਲਵਾਹਕ ਜੱਟ ਸੂਰਮਿਆਂ, ਏਥੋਂ ਹੀ ਦੁਨੀਆਂ ਫ਼ਤਹਿ ਕਰਨ ਨਿਕਲੇ ਸਿਕੰਦਰ ਦਾ ਨੱਕ ਮੋੜਿਆ ਸੀ ਅਤੇ ਗੁਰੂ ਦੇ ਸਿੰਘਾਂ ਅਬਦਾਲੀਆਂ ਤੇ ਦੁਰਾਨੀਆਂ ਨੂੰ ਪੰਜਾਬ ਵਿਚੋਂ ਭਜਾਇਆ ਸੀ। ਵਿਸਾਖੀ ਖ਼ਾਲਸੇ ਦੇ ਤੇਜ ਪ੍ਰਤਾਪ ਦੀ ਚੜ੍ਹਦੀ ਕਲਾ ਦਾ ਦਿਨ ਮੰਨਿਆ ਜਾਂਦਾ ਹੈ। ਏਸੇ ਵਿਸਾਖੀ ਨੂੰ ਜਲ੍ਹਿਆਂਵਾਲੇ ਬਾਗ਼ ਵਿਚ ਹੰਕਾਰੇ ਅੰਗਰੇਜ਼ ਡਾਇਰ ਨੇ ਮਸ਼ੀਨਗਨਾਂ ਚਲਾ ਕੇ ਆਜ਼ਾਦੀ ਦੇ ਪਰਵਾਨਿਆਂ ਨੂੰ ਇੱਕ ਹਜ਼ਾਰ ਦੀ ਗਿਣਤੀ ਵਿਚ ਸ਼ਹੀਦ ਕਰ ਦਿੱਤਾ ਸੀ। ਪੰਜਾਬ ਲਈ ਵਿਸਾਖੀ ਆਜ਼ਾਦੀ ਅਤੇ ਧਰਮ ਦੀ ਝੰਡੇ ਬਰਦਾਰ ਰਹੀ ਹੈ। ਸਮਾਂ ਅਤੇ ਕੁਦਰਤ ਸਿੰਘਾਂ ਦੇ ਸਿਦਕ ਦਾ ਇਮਤਿਹਾਨ ਲੈਣ ਲਈ, ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ 1978 ਨੂੰ ਮੁੜ ਜੁੜ ਪਏ। ਕਿਲ੍ਹਾ ਗੋਬਿੰਦਗੜ੍ਹ ਦੇ ਮੈਦਾਨ ਵਿਚ ਨਿਰੰਕਾਰੀ ਸੰਪਰਦਾ ਵਾਲਿਆਂ ਤੇਰ੍ਹਾਂ ਸਿੰਘ ਸ਼ਹੀਦ ਅਤੇ ਛਿਆਸੀ ਜ਼ਖ਼ਮੀ ਕਰ ਸੁੱਟੇ।

ਹੋਇਆ ਇਉਂ, ਨਿਰੰਕਾਰੀਆਂ ਵਿਸਾਖੀ ਵਾਲੇ ਦਿਨ, ਆਪਣਾ ਸਾਲਾਨਾ ਸਮਾਗਮ ਅੰਮ੍ਰਿਤਸਰ ਵਿਚ ਰੱਖ ਲਿਆ। ਗੋਬਿੰਦਗੜ੍ਹ ਕਿਲ੍ਹੇ ਦੇ ਸਾਹਮਣੇ ਮੈਦਾਨ ਵਿਚ ਪੰਡਾਲ ਖੜ੍ਹਾ ਕਰਕੇ ਇੱਕ ਨਵਾਂ ਨਿਰੰਕਾਰੀ ਨਗਰ ਵਸਾ ਘੱਤਿਆ ਸੀ। ਨਿਰੰਕਾਰੀਆਂ ਪਹਿਲੋਂ ਆਪਣੇ ਮੁਖੀ ਦਾ ਸ਼ਹਿਰ ਵਿਚ ਭਾਰੀ ਜਲੂਸ ਕੱਢਿਆ। ਜਲੂਸ ਵਿਚ ਆਪ-ਮੁਹਾਰੇ ਬੇਥਵੇ ਨਾਅਰੇ ਲਾਏ ਗਏ। ਜਿਵੇਂ: "ਅੱਜ ਦਾ ਨਾਨਕ ਆਇਆ ਹੈ-ਤਾਰਨ ਵਾਲਾ ਆਇਆ ਹੈ.....।" ਇਨ੍ਹਾਂ ਨਾਅਰਿਆਂ ਦੀ ਭਿਣਕ ਸੁਣਨ ਵਾਲੇ ਸਿੰਘਾਂ ਸੰਤ ਜਰਨੈਲ ਸਿੰਘ ਜੀ ਨੂੰ ਮੰਜੀ ਸਾਹਿਬ ਜਾ ਦਿੱਤੀ। ਉਹ ਦਮਦਮੀ ਟਕਸਾਲ ਦੇ ਮੁਖੀ ਸਨ। ਸੰਤ ਜੀ ਸੁਣ ਕੇ ਬਹੁਤ ਦੁਖੀ ਹੋਏ। ਗੁਰੂ ਨਾਨਕ ਦੇਵ ਜੀ ਦੀ ਬਰਾਬਰੀ ਅਤੇ ਗੁਰਬਾਣੀ ਬਾਰੇ ਕਬੋਲ ਉਨ੍ਹਾਂ ਤੋਂ ਸਹਿਣ ਨਾ ਹੋਏ। ਅਜਿਹੇ ਗ਼ਲਤ ਨਾਅਰਿਆਂ ਵਾਲੇ ਜ਼ੁਲਮ ਨੂੰ ਰੋਕਣ ਲਈ ਉਨ੍ਹਾਂ ਝਟ-ਪਟ ਸੰਗਤ ਨੂੰ ਅਪੀਲ ਕਰ ਦਿੱਤੀ। ਪਤਾ ਲੱਗਾ, ਅਜੀਤ ਨਗਰ ਵਿਚ ਅਖੰਡ ਕੀਰਤਨੀ ਜਥੇ ਦਾ ਵੀ ਸਾਲਾਨਾ ਕੀਰਤਨੀ ਸਮਾਗਮ ਹੋ ਰਿਹਾ ਹੈ। ਅਖੰਡ ਕੀਰਤਨੀ ਜਥੇ ਵਾਲੇ ਸਿੰਘ ਭਾਈ, ਕੇਵਲ ਗੁਰਬਾਣੀ ਦਾ ਹੀ ਕੀਰਤਨ ਕਰਦੇ ਸਨ। ਕੀਰਤਨ ਦੀ ਲਗਨ ਦੇਸ਼ ਭਗਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਰੰਗਵਾਲ ਵਾਲਿਆਂ ਨੇ ਜਥੇ ਨੂੰ ਲਾਈ ਸੀ, ਕਿਉਂਕਿ ਸਿੱਖੀ ਵਿਚ ਗ਼ੁਲਾਮੀ ਕਾਰਨ ਨਘਾਰ ਆ ਰਿਹਾ ਸੀ। ਭਾਈ ਸਾਹਿਬ ਜੀ ਸਿੰਘਾਂ ਦੇ ਸਿਦਕ 'ਤੇ

ਚੱਲਣ ਨੂੰ ਮੁੜ ਚੜ੍ਹਦੀ ਕਲਾ ਵਿਚ ਲਿਆਉਣਾ ਚਾਹੁੰਦੇ ਸਨ। ਉਨ੍ਹਾਂ ਹਰ ਤਰ੍ਹਾਂ ਦੀਆਂ ਕੁਰਹਿਤਾਂ ਰੋਕਣ ਲਈ ਗੁਰਬਾਣੀ ਦੇ ਕੀਰਤਨ ਨੂੰ ਪਹਿਲ ਦਾ ਅਧਾਰ ਬਣਾਇਆ। ਸੋ, ਸੰਤ ਜਰਨੈਲ ਸਿੰਘ ਨੇ ਆਪਣੇ ਇੱਕ ਸਿੰਘ ਨੂੰ ਤੰਦੀ ਦਾ ਸੁਨੇਹਾ ਦੇ ਕੇ ਅਜੀਤ ਨਗਰ ਭੇਜ ਦਿੱਤਾ।

ਸੁਨੇਹਾ ਲੈ ਕੇ ਜਾਣ ਵਾਲਾ ਭਾਈ ਵੀ ਤੱਤ ਖ਼ਾਲਸੇ ਵਿਚੋਂ ਸੀ। ਉਸ ਸਟੇਜ ਦੇ ਅਨਾਊਂਸਰ ਨੂੰ ਦੱਸਿਆ।

"ਸਿੰਘ ਜੀ ਸੰਤ ਜਰਨੈਲ ਸਿੰਘ ਹੋਰਾਂ ਮੈਨੂੰ ਭੇਜਿਆ ਹੈ। ਨਿਰੰਕਾਰੀਆਂ ਦੇ ਜਲੂਸ ਵਿਚ ਗੁਰੂ ਘਰ ਅਤੇ ਗੁਰਬਾਣੀ ਬਾਰੇ ਅਜਿਹੇ ਨਾਅਰੇ ਲਾਏ ਜਾ ਰਹੇ ਹਨ; ਜਿਹੜੇ ਬਰਦਾਸ਼ਤ ਤੋਂ ਬਾਹਰ ਹਨ ਅਤੇ ਸਿੰਘਾਂ ਦੀ ਗੈਰਤ ਨੂੰ ਚੈਲਿੰਜ ਕਰਦੇ ਹਨ। ਆਓ ਸਾਰੇ ਰਲ ਕੇ ਇਸ ਕੁਫ਼ਰ ਦੇ ਜਲੂਸ ਨੂੰ ਰੋਕੀਏ।" ਉਸ ਕੁਝ ਨਾਅਰੇ ਦੁਹਰਾ ਦਿੱਤੇ: "ਅੱਜ ਦਾ ਨਾਨਕ ਆਇਆ ਹੈ, ਤਾਰਨ ਵਾਲਾ ਆਇਆ ਹੈ ਆਦਿ ਦੀ ਵਰਤੋਂ ਕਰ ਰਹੇ ਹਨ।"

"ਅਜਿਹੇ ਕਬੋਲ ਨਾਅਰੇ!" ਅਨਾਊਂਸਰ ਇਕਦਮ ਜੋਸ਼ ਖਾ ਗਿਆ। ਮੀਆਂ ਵੀ ਗਰਮ ਤੇ ਮੀਏ ਦੀਆਂ ਗੋਲੀਆਂ ਵੀ ਗਰਮ। ਉਸ ਬਿਨਾਂ ਕਿਸੇ ਦੀ ਸਲਾਹ ਲਏ ਬੋਲ ਦਿੱਤਾ। "ਪਿਆਰੀ ਸਾਧ ਸੰਗਤ ਜੀ! ਸੰਤ ਜਰਨੈਲ ਸਿੰਘ ਹੋਰਾਂ ਦਾ ਸੁਨੇਹਾ ਆਇਆ ਹੈ ਕਿ ਨਿਰੰਕਾਰੀ ਆਪਣੇ ਜਲੂਸ ਵਿਚ ਗੁਰੂ ਘਰ ਬਾਰੇ ਬੜੇ ਗ਼ਲਤ ਨਾਅਰੇ ਲਾ ਰਹੇ ਹਨ। ਆਓ ਰਲ ਕੇ ਉਨ੍ਹਾਂ ਦੇ ਜਲੂਸ ਨੂੰ ਰੋਕੀਏ। ਗੁਰੂ ਘਰ ਦੀ ਬੇਅਦਬੀ ਅਤੇ ਨਿੰਦਾ ਨੂੰ ਰੋਕਣਾ ਖ਼ਾਲਸੇ ਦਾ ਧਰਮ ਹੈ। ਸਾਨੂੰ ਮੰਜੀ ਸਾਹਿਬ 'ਤੇ ਬੁਲਾਇਆ ਹੈ।"

ਕੀਰਤਨੀ ਜਥੇ ਦਾ ਇੱਕ ਸਿਰਕੱਢ ਨੌਜਵਾਨ ਫ਼ੌਜਾ ਸਿੰਘ, ਉਸ ਸਮੇਂ ਲੰਗਰ ਤਿਆਰ ਕਰਨ ਲਈ ਆਟਾ ਗੁੰਨ੍ਹ ਰਿਹਾ ਸੀ। ਉਸ ਲਾਊਡ ਸਪੀਕਰ ਦੀ ਆਵਾਜ਼ ਸੁਣੀ; ਝੱਟਪਟ ਆਟੇ ਦੇ ਲਿੱਬੜੇ ਹੱਥ ਧੋਣ ਲੱਗ ਪਿਆ। ਸਿਦਕੀ ਪਰਵਾਨੇ ਨੂੰ ਪਤਾ ਲੱਗਾ, ਸ਼ਮ੍ਹਾਂ ਤਾਂ ਬਲ ਪਈ, ਤੂੰ ਆਟਾ ਹੀ ਗੁੰਨ੍ਹੀ ਜਾ ਰਿਹਾ ਏਂ। ਅਨਾਊਂਸਰ ਦੇ ਬੋਲਾਂ ਨਾਲ ਜਾਣ ਲਈ ਅੱਧੀ ਸੰਗਤ ਉੱਠ ਕੇ ਖਲੋ ਗਈ। ਮਾਈਕ ਤੋਂ ਮੁੜ ਆਵਾਜ਼ ਆਈ:

"ਬੱਚੇ, ਬਜ਼ੁਰਗ ਅਤੇ ਭੈਣਾਂ ਜਲੂਸ ਠੱਲਣ ਲਈ ਨਹੀਂ ਜਾਣਗੀਆਂ।"

ਇੱਕ ਸਿੰਘਣੀ ਬੀਬੀ ਗੁਰਚਰਨ ਕੌਰ ਨਾਲ ਜਾਣ ਲਈ ਤਰਲੋ ਮੱਛੀ ਹੋ ਰਹੀ ਸੀ, ਪਰ ਉਸ ਨੂੰ ਆਗਿਆ ਨਾ ਮਿਲੀ। ਬਜ਼ੁਰਗ ਭਾਈ ਹਰਿੰਦਰ ਸਿੰਘ ਗੱਲਬਾਤ ਕਰਨ ਲਈ ਨਾਲ ਤਿਆਰ ਹੋ ਪਿਆ। ਸਿੰਘਾਂ ਅਰਦਾਸ ਕੀਤੀ ਅਤੇ ਜੈਕਾਰੇ ਛੱਡ ਕੇ ਚਾਲੇ ਪਾ ਦਿੱਤੇ। ਮੰਜੀ ਸਾਹਿਬ ਨੂੰ ਜਾਂਦਾ ਵਹੀਰ ਸਤਿਨਾਮ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾ ਜਾਪ ਕਰ ਰਿਹਾ ਸੀ। ਸੰਤ ਜਰਨੈਲ ਸਿੰਘ ਮੰਜੀ ਸਾਹਿਬ ਨਹੀਂ ਸਨ। ਪਤਾ ਲੱਗਾ, ਗੁਰੂ ਰਾਮਦਾਸ ਸਰਾਂ ਵਿਚ ਠਹਿਰੇ ਹੋਏ ਹਨ। ਸਿੰਘਾਂ ਦਾ ਵਹੀਰ ਉਨ੍ਹਾਂ ਕੋਲ ਪਹੁੰਚ ਗਿਆ। ਭਾਈ ਅਵਤਾਰ ਸਿੰਘ ਨੇ ਬੇਨਤੀ ਕੀਤੀ:

"ਸੰਤ ਜਰਨੈਲ ਸਿੰਘ ਜੀ ਤੁਸੀਂ ਹੀ ਹੋ? ਅਖੰਡ ਕੀਰਤਨੀ ਜਥੇ ਨੂੰ ਸੁਨੇਹਾ ਤੁਸੀਂ ਹੀ ਭੇਜਿਆ ਸੀ?"

"ਜੀ ਹਾਂ।" ਸੰਤਾਂ ਨੇ ਅੱਗੋਂ ਉੱਤਰ ਮੋੜਿਆ।

"ਹੁਣ ਕੀ ਹੁਕਮ ਐ?"

"ਜਲੂਸ ਤਾਂ ਨਰਕਧਾਰੀਆਂ ਦਾ ਚਲਿਆ ਗਿਆ। ਸਾਨੂੰ ਚੱਲ ਕੇ ਉਨ੍ਹਾਂ ਦਾ ਸਮਾਗਮ ਬੰਦ ਕਰਵਾਉਣਾ ਚਾਹੀਦਾ ਹੈ।"

"ਆਓ ਉੱਠੋ ਫਿਰ, ਸਿੰਘਾਂ ਦੀ ਅਗਵਾਈ ਕਰੋ?"

"ਮੈਨੂੰ ਸੰਗਤ ਨੇ ਜਾਣੋਂ ਰੋਕ ਦਿੱਤਾ ਹੈ; ਮੈਂ ਬੇਵੱਸ ਆਂ। ਅਗਵਾਈ ਭਾਈ ਸਾਹਿਬ ਜੀ ਤੁਸੀਂ ਕਰੋ।" ਸੰਤ ਜੀ ਨੇ ਭਾਈ ਹਰਿੰਦਰ ਸਿੰਘ ਵੱਲ ਇਸ਼ਾਰਾ ਕੀਤਾ।

ਸੰਗਤ ਵਿਚੋਂ ਇੱਕ ਨੌਜਵਾਨ ਬਾਬਰ ਕੇ ਬੋਲ ਪਿਆ:

"ਫਿਰ ਭਾਈ ਫ਼ੌਜਾਂ ਸਿੰਘ ਤੇ ਹਰਿੰਦਰ ਸਿੰਘ ਵੀ ਨਹੀਂ ਜਾਣਗੇ। ਤੁਸੀਂ ਲਲਕਾਰਾ ਦੇਣ ਵਾਲੇ.....।"

ਭਾਈ ਅਵਤਾਰ ਸਿੰਘ ਨੇ ਨੌਜਵਾਨ ਨੂੰ ਹੱਥ ਚੁੱਕ ਕੇ ਵਰਜ ਦਿੱਤਾ।

"ਤੁਸੀਂ ਨਸ਼ੰਗ ਨਾ ਜਾਓ।" ਸੰਤ ਜਰਨੈਲ ਸਿੰਘ ਨੇ ਫ਼ੌਜਾ ਸਿੰਘ ਤੇ ਹਰਿੰਦਰ ਸਿੰਘ ਨੂੰ ਕਹਿ ਦਿੱਤਾ।

"ਪਰ ਮੈਂ ਤਾਂ ਗੁਰੂ ਮਹਾਰਾਜ ਅੱਗੇ ਅਰਦਾਸ ਕਰ ਆਇਆ ਆਂ। ਅਰਦਾਸ ਪਿੱਛੋਂ ਪਿਛਾਂਹ ਹਟਣ ਵਾਲੇ ਸਿੰਘ ਨੂੰ ਗੁਰੂ ਕਿਵੇਂ ਬਖ਼ਸ਼ੇਗਾ?" ਭਾਈ ਫੌਜਾ ਸਿੰਘ ਨੇ ਆਪਣੀ ਦ੍ਰਿੜਤਾ ਵਿਖਾਈ।

ਥੋੜ੍ਹਾ ਬੋਲ ਬੁਲਾਰਾ ਹੋਰ ਹੋਇਆ। ਫਿਰ ਦੋਹਾਂ ਸੰਪਰਦਾਵਾਂ ਦਾ ਵਹੀਰ ਕਿਲ੍ਹਾ ਗੋਬਿੰਦਗੜ੍ਹ ਨੂੰ ਸਿੱਧਾ ਹੋ ਤੁਰਿਆ। ਕੁਝ ਮੁੰਡਿਆਂ ਕੋਲ ਲਾਠੀਆਂ ਸਨ। ਦਮਦਮੀ ਟਕਸਾਲ ਵਾਲਿਆਂ ਕੋਲ ਤਿੰਨ ਸੌ ਤਿੰਨ ਦੀਆਂ ਦੋ ਰਾਈਫ਼ਲਾਂ ਸਨ ਜਿਹੜੀਆਂ ਟੱਕਰ ਸਮੇਂ ਕੰਮ ਨਾ ਆਈਆਂ। ਇੱਕ ਰਾਈਫ਼ਲ ਤਾਂ ਨਕਾਰਾ ਸੀ ਤੇ ਚੱਲੀ ਹੀ ਨਹੀਂ। ਦੂਜੀ ਵਾਲਾ ਚੱਲਦੀ ਲੜਾਈ ਵਿਚੋਂ ਪਿੱਛੇ ਹਟ ਆਇਆ। ਭਾਵ ਲੜਾਈ ਵਿਚ ਇਨ੍ਹਾਂ ਹਥਿਆਰਾਂ ਕੁਝ ਵੀ ਨਾ ਸਵਾਰਿਆ। ਸਤਿਨਾਮ-ਵਾਹਿਗੁਰੂ ਜਪਦੇ ਜਾਂਦੇ ਵਹੀਰ ਨੂੰ ਰੇਲਵੇ ਪੁਲ 'ਤੇ ਇੱਕ ਪੁਲੀਸ ਇੰਸਪੈਕਟਰ ਨੇ ਆਪਣੀ ਗਾਰਦ ਨਾਲ ਰੋਕ ਲਿਆ। ਪੁਲੀਸ ਨੂੰ ਝੱਟ ਝੱਟ ਪਿੱਛੋਂ ਖ਼ਬਰਾਂ ਮਿਲ ਰਹੀਆਂ ਸਨ ਕਿ ਸਿੰਘਾਂ ਦਾ ਦੋ ਢਾਈ ਸੌ ਦਾ ਜਥਾ ਨਿਰੰਕਾਰੀ ਸਮਾਗਮ ਵੱਲ ਵਧਿਆ ਆ ਰਿਹਾ ਹੈ।

"ਤੁਸੀਂ ਕਿੱਥੇ ਨੂੰ ਜਾ ਰਹੇ ਹੋ?" ਇੰਸਪੈਕਟਰ ਬੈਂਤ ਹਲਾ ਕੇ ਪੁੱਛ ਰਿਹਾ ਸੀ।

ਭਾਈ ਅਵਤਾਰ ਸਿੰਘ ਨੇ ਗੱਲ ਆਪਣੇ ਹੱਥ ਲੈ ਲਈ।

"ਅਸੀਂ ਨਿਰੰਕਾਰੀਆਂ ਨੂੰ ਬੇਨਤੀ ਕਰਨ ਚੱਲੇ ਆਂ ਕਿ ਗੁਰਬਾਣੀ ਅਤੇ ਗੁਰੂ ਘਰ ਬਾਰੇ ਮੰਦੇ ਬਚਨ ਨਾ ਬੋਲੋ। ਤੁਸੀਂ ਵੀ ਸਿੱਖ ਹੋ, ਗੁਰੂ ਘਰ ਦੀ ਨਿੰਦਾ ਸਹਿਣੀ ਬੜੀ ਕਠਿਨ ਹੈ।"

"ਤੁਸੀਂ ਬੇ-ਕਾਨੂੰਨੀ ਕਰ ਰਹੇ ਹੋ? ਕਿਸੇ ਦੇ ਧਰਮ ਸਮਾਗਮ ਵਿਚ ਭੰਗਣਾ ਪਾਉਣ ਚੱਲੇ ਹੋ?"

"ਨਹੀਂ ਸਾਹਬ, ਅਸੀਂ ਧਰਮ ਨੂੰ ਧਰਮ ਰੱਖਣ ਦੀ ਭਾਵਨਾ ਨਾਲ ਹੀ ਜਾ ਰਹੇ ਆਂ। ਭੰਗਣਾ ਪਾਉਣਾ ਤਾਂ ਧਰਮ ਦੀ ਹਾਨੀ ਹੈ; ਜਿਹੜੀ ਨਿਰੰਕਾਰੀ ਕਰ ਰਹੇ ਹਨ। ਤੁਸਾਂ ਨਹੀਂ

ਸੁਣੇ, ਉਹ ਜਲੂਸ ਵਿਚ ਕਿਹੋ ਜਿਹੇ ਨਾਅਰੇ ਲਾ ਰਹੇ ਸਨ। ਉਨ੍ਹਾਂ ਭੈੜੇ ਨਾਅਰਿਆਂ ਕਾਰਨ ਸਾਡੇ ਹਿਰਦੇ ਵਲੂੰਦਰੇ ਗਏ ਹਨ। ਅਸੀਂ ਉਨ੍ਹਾਂ ਦੇ ਗ਼ਲਤ ਰਵੱਈਏ ਬਾਰੇ ਰੋਸ ਕਰਨ ਜਾ ਰਹੇ ਆਂ।"

"ਤੁਸੀਂ ਏਥੇ ਹੀ ਰੁਕੋ, ਮੈਂ ਆਪ ਜਾ ਕੇ ਰੋਕ ਆਉਂਦਾ ਆਂ।"

"ਉਨ੍ਹਾਂ ਦਾ ਸਮਾਗਮ ਬੰਦ ਕਰਵਾਉਣਾ ਹੈ।" ਭਾਈ ਫ਼ੌਜਾ ਸਿੰਘ ਚਿਤਾਵਨੀ ਵਜੋਂ ਕਹਿ ਗਿਆ।

ਵਹੀਰ ਦਾ ਤੱਤਾ ਜੋਸ਼ ਵੇਖ ਕੇ ਇੰਸਪੈਕਟਰ ਨੇ ਨਰਮਾਈ ਫੜ ਲਈ।

"ਹੱਛਾ ਬਈ ਨੌਜਵਾਨਾ, ਮੈਂ ਸਾਰਾ ਜਤਨ ਕਰਾਂਗਾ।" ਉਹ ਸਮਾਗਮ ਵੱਲ ਤੁਰ ਗਿਆ।

ਸੰਗਤ ਸੜਕ 'ਤੇ ਹੀ ਚੌਂਕੜੇ ਮਾਰ ਕੇ ਬਹਿ ਗਈ ਅਤੇ ਉਨ੍ਹਾਂ ਵਾਹਿਗੁਰੂ ਦਾ ਜਾਪ ਸ਼ੁਰੂ ਕਰ ਦਿੱਤਾ। ਜਿੰਨਾ ਚਿਰ ਇੰਸਪੈਕਟਰ ਵਾਪਿਸ ਨਹੀਂ ਆ ਗਿਆ, ਜਾਪ ਜਾਰੀ ਰਿਹਾ। ਫ਼ੌਜਾ ਸਿੰਘ ਨੂੰ ਪੱਕੀ ਆਸ ਸੀ, ਇੰਸਪੈਕਟਰ ਕੁਝ ਵੀ ਕਰਕੇ ਨਹੀਂ ਆਵੇਗਾ। ਇਹ ਤਰ 'ਤੇ ਲੂਣ ਘਸਾਉਣ ਵਾਲੀ ਗੱਲ ਐ। ਸਾਡਾ ਜੋਸ਼ ਠੰਢਾ ਪਾਉਣਾ ਚਾਹੁੰਦਾ ਏ। ਉਲਟਾ ਨਿਰੰਕਾਰੀਆਂ ਦੀ ਪਿੱਠ ਉੱਤੇ ਹੈ ਅਤੇ ਉਨ੍ਹਾਂ ਨੂੰ ਸੀਖ ਰਹੀ ਹੈ। ਪੁਲੀਸ ਅਫ਼ਸਰ ਨੇ ਆ ਕੇ ਕਹਿ ਦਿੱਤਾ।

"ਭਾਈ ਸਾਹਿਬ। ਇਹ ਮੇਰੇ ਵਸੋਂ ਬਾਹਰੀ ਗੱਲ ਐ, ਪਰ ਤੁਸੀਂ ਜਾਓ ਨਾ।"

"ਅਸੀਂ ਤਾਂ ਤੁਹਾਡੀ ਗੱਲ ਇਸ ਲਈ ਮੰਨੀ ਸੀ, ਕੋਈ ਇਹ ਨਾ ਸਮਝੇ, ਅਸੀਂ ਵਾਧਾ ਕਰ ਰਹੇ ਆਂ।" ਅਵਤਾਰ ਸਿੰਘ ਨੇ ਸਹਿਜ ਸ਼ਾਂਤੀ ਨਾਲ ਕਿਹਾ। "ਪਰ ਗੁਰੂ ਘਰ ਦਾ ਕੋਈ ਸਿੱਖ ਬਾਣੀ ਦੀ ਨਿੰਦਾ ਨਹੀਂ ਸਹਾਰ ਸਕਦਾ।"

"ਤੁਸੀਂ ਹੁਣ ਪਾਸੇ ਹੱਟ ਜਾਓ, ਉਹੀ ਹੋਵੇਗਾ ਜੋ ਗੁਰੂ ਨੂੰ ਭਾਵੇਗੀ।" ਫ਼ੌਜਾ ਸਿੰਘ ਇੰਸਪੈਕਟਰ ਦੇ ਪਾਸੇ ਦੀ ਲੰਘ ਕੇ ਅੱਗੇ ਨੂੰ ਵਧ ਗਿਆ। ਉਸ ਸੜਕ 'ਤੇ ਕ੍ਰਿਪਾਨ ਨਾਲ ਲਕੀਰ ਖਿੱਚ ਦਿੱਤੀ, "ਜਿਸ ਸਿੰਘ ਨੇ ਸ਼ਹੀਦੀ ਪ੍ਰਾਪਤ ਕਰਨੀ ਹੈ, ਲਕੀਰ ਟੱਪ ਆਓ। ਜਿਨ੍ਹਾਂ ਨੂੰ ਜਾਨ ਪਿਆਰੀ ਐ, ਨਸ਼ੰਗ ਵਾਪਸ ਚਲੇ ਜਾਓ।"

ਕੋਈ ਸਵਾ ਸੌ ਸਿੰਘਾਂ ਲਕੀਰ ਟੱਪ ਲਈ; ਡੇਢ ਦੋ ਸੌ ਬੁੱਤ ਬਣੇ ਖੜ੍ਹੇ ਰਹੇ। ਉਨ੍ਹਾਂ ਵਿਚ ਤਮਾਸ਼ਾ ਵੇਖਣ ਵਾਲੇ ਵੀ ਸਨ। ਪੁਲੀਸ ਨੌਜਵਾਨਾਂ ਦੇ ਜੋਸ਼ ਨੂੰ ਠੱਲ ਨਾ ਪਾ ਸਕੀ। ਸਿੰਘ ਜੈਕਾਰੇ ਛੱਡਦੇ ਤੁਰ ਪਏ। ਇੰਸਪੈਕਟਰ ਨੇ ਹੋਰ ਫੋਰਸ ਮੰਗਵਾਉਣ ਲਈ ਕਰੜਾ ਸੁਨੇਹਾ ਝੱਟਪਟ ਭੇਜ ਦਿੱਤਾ। ਸਮਾਗਮ ਦੇ ਆਸੇ ਪਾਸੇ ਟਰੱਕ ਅਤੇ ਕਾਰਾਂ ਕਿੰਨੀਆਂ ਹੀ ਖੜ੍ਹੀਆਂ ਸਨ। ਵਹੀਰ ਜਦੋਂ ਸਮਾਗਮ ਦੇ ਨੇੜੇ ਪੁੱਜਾ, ਅੱਗੋਂ ਪੁਲੀਸ ਦੀਆਂ ਵਰਦੀਆਂ ਵਰਗੇ ਨਿਰੰਕਾਰੀ ਨੌਜਵਾਨ ਨਿਕਲਦੇ ਦਿੱਸੇ। ਉਹ ਸਾਰੇ ਹੀ ਹਥਿਆਰਬੰਦ ਸਨ। ਉਨ੍ਹਾਂ ਸਿੰਘਾਂ ਨੂੰ ਲਲਕਾਰਦਿਆਂ ਆਖਿਆ:

"ਮੁੜ ਜੋ, ਵਾਪਸ ਮੁੜ ਜੋ; ਏਥੇ ਤੁਹਾਡਾ ਕੋਈ ਕੰਮ ਨਹੀਂ।"

"ਅਸੀਂ ਤੁਹਾਡੇ ਮੁਖੀ ਨਾਲ ਗੱਲ ਕਰਨ ਆਏ ਆਂ। ਗੁਰੂ ਘਰ ਦੀ ਨਿੰਦਾ ਤੁਸੀਂ ਕਿਉਂ ਕਰਦੇ ਹੋ?" ਭਾਈ ਅਵਤਾਰ ਸਿੰਘ ਨੇ ਉੱਤਰ ਦਿੱਤਾ।

ਨਿਰੰਕਾਰੀ ਫ਼ੋਰਸ ਨੇ ਅੱਗੋਂ ਫ਼ਾਇਰ ਖੋਲ੍ਹ ਦਿੱਤਾ। ਪਹਿਲੀ ਬੋਛਾੜ ਨਾਲ ਹੀ ਤਿੰਨ ਚਾਰ ਸਿੰਘ ਡਿੱਗ ਪਏ। ਸਿੰਘਾਂ ਵੀ ਮਿਆਨਾਂ ਵਿਚੋਂ ਕ੍ਰਿਪਾਨਾਂ ਧੂਹ ਲਈਆਂ। ਏਧਰੋਂ ਉਧਰੋਂ ਬੜੇ ਆਹੂ ਲੱਥੇ। ਸਿੰਘ ਮੁੰਡਿਆਂ ਅੱਗੇ ਵਧ ਵਧ ਨਿਰੰਕਾਰੀ ਗਾਰਡਾਂ ਨੂੰ ਪਾੜਨਾ ਸ਼ੁਰੂ ਕਰ ਦਿੱਤਾ। ਟਰੱਕਾਂ ਦੇ ਅੜਤਲੇ ਦੀ ਹੋ ਹੋ ਉਹ ਪੈਂਦੇ ਸਨ, ਪਰ ਕ੍ਰਿਪਾਨਾਂ ਤੇ ਬੰਦੂਕਾਂ ਦਾ ਕੀ ਮੁਕਾਬਲਾ ਸੀ। ਨਿਰੰਕਾਰੀਆਂ ਪੂਰੀ ਤਿਆਰੀ ਨਾਲ ਸਮਾਗਮ ਸ਼ੁਰੂ ਕੀਤਾ ਸੀ। ਉਨ੍ਹਾਂ ਹਥਿਆਰ ਅਤੇ ਭਾੜੇ ਦੇ ਖਾੜਕੂ ਪਹਿਲਾਂ ਹੀ ਜਮ੍ਹਾਂ ਕਰ ਰੱਖੇ ਸਨ।

ਸਿੰਘਾਂ ਦੇ ਯਾਦ ਚਿੱਤ ਵੀ ਨਹੀਂ ਸੀ, ਨਿਰੰਕਾਰੀਆਂ ਨਾਲ ਖ਼ੂਨ ਦੀ ਹੋਲੀ ਖੇਡਣੀ ਪੈ ਜਾਵੇਗੀ। ਹਾਲ ਦੋਹਾਈ ਅਜਿਹੀ ਮੱਚੀ ਕਿ ਸਭ ਦੇ ਹੋਸ਼ ਮਾਰੇ ਗਏ। ਬਹੁਤੇ ਨਿਰੰਕਾਰੀ ਪੰਡਾਲ ਵਿਚੋਂ ਖਿਸਕਣੇ ਸ਼ੁਰੂ ਹੋ ਗਏ। ਸਿੰਘਾਂ ਉੱਤੇ ਤੀਰ, ਇੱਟਾਂ-ਰੋੜੇ ਤੇ ਕੱਚੇ ਪੱਕੇ ਫ਼ਾਇਰ ਮੀਂਹ ਵਾਂਗ ਵਰ੍ਹ ਰਹੇ ਸਨ, ਪਰ ਸਿੰਘ ਹੌਸਲੇ ਨਾਲ ਅੱਗੇ ਵਧ ਵਧ ਲੜਦੇ ਰਹੇ। ਕੁਝ ਸਿੰਘ ਦਾਅੜਦੀ ਮੌਤ ਤੋਂ ਡਰਦੇ ਪਿਛਾਂਹ ਨੂੰ ਨੱਠਣ ਲੱਗ ਪਏ। ਓਦੋਂ ਹੀ ਫ਼ੌਜਾ ਸਿੰਘ ਨੇ ਉਨ੍ਹਾਂ ਨੂੰ ਲਲਕਾਰਿਆ।

"ਤੁਹਾਨੂੰ ਗੁਰੂ ਗੋਬਿੰਦ ਸਿੰਘ ਦੇ ਸਿੰਘ ਨਹੀਂ ਕਿਸੇ ਕਹਿਣਾ। ਰਣ ਵਿਚ ਮੁੜ ਜੂਝੋ।" ਪਰ ਉਹ ਰੁਕੇ ਨਹੀਂ।

"ਦੇਵੋ ਰਾਈਫ਼ਲਾਂ ਤਾਂ ਸਾਨੂੰ ਦੇ ਜਾਵੋ?"

ਉਨ੍ਹਾਂ ਇੱਕ ਨਾ ਸੁਣੀ ਅਤੇ ਰਣ ਤੱਤਾ ਛੱਡ ਕੇ ਭੱਜ ਗਏ। ਫ਼ੌਜਾ ਸਿੰਘ ਗਤਕੇ ਦਾ ਖਿਲਾੜੀ ਸੀ। ਪੈਂਤਰੇ ਬਦਲ ਬਦਲ ਬੰਦੂਕਾਂ ਵਾਲਿਆਂ ਨਾਲ ਮੱਥਾ ਲਾ ਰਿਹਾ ਸੀ। ਇੱਕ ਸਾਹਮਣਾ ਫ਼ਾਇਰ ਉਸ ਦੀ ਅੱਖ 'ਤੇ ਜਾ ਵੱਜਾ। ਉਹ ਥਾਏਂ ਡਿੱਗ ਪਿਆ। ਫਿਰ ਤੱਤੇ ਘਾ ਉੱਠ ਕੇ ਵਾਰ ਕਰਦਾ ਰਿਹਾ। ਦੋ ਗੋਲੀਆਂ ਉਹਦੇ ਚਿਹਰੇ 'ਤੇ ਹੋਰ ਆ ਵੱਜੀਆਂ ਤੇ ਉਹ ਲੁਟਕ ਗਿਆ। ਉਦੋਂ ਹੀ ਕੇਵਲ ਸਿੰਘ ਉਸ 'ਤੇ ਆ ਡਿੱਗਾ।

"ਭਰਾ ਫ਼ੌਜਾ ਸਿਆਂ ਇਕੱਲੇ ਨਹੀਂ ਜਾਣਾ, ਮੈਨੂੰ ਨਾਲ ਲੈ ਕੇ ਜਾਣਾ।"

ਕੇਵਲ ਸਿੰਘ ਦੇ ਵੀ ਦੋ ਗੋਲੀਆਂ ਆ ਵੱਜੀਆਂ। ਉਹ ਉੱਥੇ ਹੀ ਸ਼ਹੀਦ ਹੋ ਗਿਆ। ਭਾਈ ਅਵਤਾਰ ਸਿੰਘ ਦਾ ਚੂਲ੍ਹਾ ਪਹਿਲਾਂ ਦਾ ਹੀ ਟੁੱਟਾ ਹੋਇਆ ਸੀ। ਉਹ ਵੀ ਬਰਾਬਰ ਦੀ ਸ਼ਹੀਦੀ ਪ੍ਰਾਪਤ ਕਰ ਗਿਆ। ਫ਼ੌਜਾ ਸਿੰਘ ਹਾਲੇ ਜਿਉਂਦਾ ਸੀ। ਉਸ ਦੇ ਸਰੀਰ ਵਿਚੋਂ ਰੱਤ ਦੇ ਫ਼ਵਾਰੇ ਵਗ ਰਹੇ ਸਨ। ਆਸੇ ਪਾਸੇ ਲਾਸ਼ਾਂ ਹੀ ਲਾਸ਼ਾਂ ਸਨ ਜਿਨ੍ਹਾਂ ਵਿਚ ਜ਼ਖ਼ਮੀ ਬਹੁਤੇ ਸਨ। ਨੱਠਣ ਵਾਲਿਆਂ ਇੱਕ ਤਰ੍ਹਾਂ ਪੰਡਾਲ ਖ਼ਾਲੀ ਕਰ ਦਿੱਤਾ। ਰਿਕਸ਼ਿਆਂ ਵਾਲੇ ਆਪਣੀਆਂ ਗੱਡੀਆਂ ਥਾਏਂ ਛੱਡ ਕੇ ਭੱਜ ਗਏ ਸਨ। ਸ਼ਹੀਦ ਤਾਂ ਦੋਹੀਂ ਪਾਸੀਂ ਪੰਦਰਾਂ ਵੀਹ ਹੀ ਹੋਏ ਸਨ; ਪਰ ਜ਼ਖ਼ਮੀਆਂ ਦੀ ਗਿਣਤੀ ਹਿਸਾਬ ਵਿਚ ਨਹੀਂ ਆ ਰਹੀ ਸੀ।

ਗੋਲੀ ਚੱਲਣ ਵਲੋਂ ਥੋੜ੍ਹਾ ਠਰ੍ਹੰਮਾ ਆ ਗਿਆ। ਬਾਰਾਂ ਤੇਰਾਂ ਸਾਲ ਦੇ ਦੋ ਸਿੰਘ ਬੱਚਿਆਂ ਫ਼ੌਜਾ ਸਿੰਘ ਦੀ ਲਾਸ਼ ਪਛਾਣ ਲਈ। ਉਹ ਉਸ ਨੂੰ ਖਿੱਚ ਤੁਰੇ। ਫ਼ੌਜਾ ਸਿੰਘ ਦੀ ਦੇਹ ਹਾਥੀ ਵਰਗੀ ਸੀ। ਉਸ ਨੂੰ ਮੁੰਡਿਆਂ ਦੀ ਦਲੇਰੀ ਨਾਲ ਮਸਾਂ ਰਿਕਸ਼ੇ ਵਿਚ ਸੀਟ ਤੋਂ ਹੇਠਾਂ ਰੱਖਿਆ। ਇੱਕ ਨੇ ਲਾਸ਼ ਨੂੰ ਫੜਿਆ, ਦੂਜੇ ਨੇ ਰਿਕਸ਼ਾ ਰੇੜ੍ਹਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਤੁਰ ਪੈਣ ਪਿੱਛੋਂ ਪੁਲੀਸ ਦੀ ਧਾੜ ਵੀ ਪਹੁੰਚ ਗਈ। ਹਾਲ ਗੇਟ ਆ ਕੇ ਪੁਲੀਸ ਨੇ ਰਿਕਸ਼ਾ ਰੋਕ ਲਿਆ।

"ਓਏ, ਇਹ ਲਾਸ਼? ਕਿਧਰ ਨੂੰ ਲੈ ਕੇ ਚੱਲੇ ਓ?"

"ਹਸਪਤਾਲ ਨੂੰ। ਇਹ ਭਾਈ ਫੌਜਾ ਸਿੰਘ ਐ, ਹਾਲੇ ਜਿਉਂਦਾ ਏ।" ਮੁੰਡੇ ਨਿੱਧੜਕ ਹੀ ਕਹਿ ਗਏ।

"ਜਾਓ ਭੱਜ ਜਾਓ, ਨਹੀਂ ਮਾਰ ਮਾਰ ਕੇ ਢੂੰਬਾ ਬਣਾ ਦਿਆਂਗੇ।" ਸਿਪਾਹੀ ਨੇ ਲਾਠੀ ਘੁਮਾਈ।

ਮੁੰਡਿਆਂ ਰਿਕਸ਼ਾ ਛੱਡ ਦਿੱਤਾ। ਪੁਲੀਸ ਨੇ ਲਾਸ਼ ਹਸਪਤਾਲ ਪਹੁੰਚਦੀ ਕਰ ਦਿੱਤੀ। ਹੁਣ ਉੱਥੇ ਹੋਰ ਵੀ ਲਾਸ਼ਾਂ ਆ ਰਹੀਆਂ ਸਨ। ਸਾਰੇ ਅੰਮ੍ਰਿਤਸਰ ਵਿਚ ਸਹਿਮ ਛਾਇਆ ਹੋਇਆ ਸੀ। ਸਾਰਿਆਂ ਨੂੰ ਹੀ ਆਪੋ-ਧਾਪੀ ਪਈ ਹੋਈ ਸੀ। ਲੋਕਾਂ ਦੇ ਮੂੰਹ ਉੱਡੇ ਤੇ ਬੁੱਲ੍ਹ ਸਿਕਰੇ ਹੋਏ ਸਨ। ਕੁਝ ਆਪਣੀਆਂ ਲਾਸ਼ਾਂ ਨਿਰੰਕਾਰੀ ਟਰੱਕਾਂ ਵਿਚ ਲੱਦ ਕੇ ਪਤਾ ਨਹੀਂ ਕਿੱਧਰ ਨੂੰ ਲੈ ਗਏ ਸਨ। ਮਾਰਖੋਰੇ ਮੰਗਵਾਏ ਬੰਦਿਆਂ ਨੂੰ ਗ੍ਰਿਫ਼ਤਾਰੀਆਂ ਦੇ ਡਰ ਤੋਂ ਭਜਾ ਦਿੱਤਾ ਗਿਆ ਸੀ। ਖ਼ੁਦ ਨਿਰੰਕਾਰੀ ਮੁਖੀ ਇੱਕ ਸਰਕਾਰੀ ਕਾਰ ਵਿਚ ਜਲੰਧਰ ਪਹੁੰਚ ਗਿਆ। ਉਸ ਨੂੰ ਇੱਕ ਉੱਚ ਅਧਿਕਾਰੀ ਨੇ ਨੱਠ ਜਾਣ ਦਾ ਸੰਕੇਤ ਦੇ ਦਿੱਤਾ ਸੀ। ਮਹਾਸ਼ਾ ਪ੍ਰੈੱਸ, ਪੁਲੀਸ ਅਤੇ ਨਿਰੰਕਾਰੀਆਂ ਦੀ ਮਿਲੀ ਭੁਗਤ ਦਾ ਨਜ਼ਾਰਾ ਸਾਰੇ ਅੰਮ੍ਰਿਤਸਰ ਸ਼ਹਿਰ ਨੇ ਨਾਲ ਦੇਖ ਲਿਆ ਸੀ। ਚੱਲ ਰਹੀ ਦੰਦ ਕਥਾ ਕਹਿ ਰਹੀ ਸੀ, ਵਿਸਾਖੀ ਦਾ ਘੱਲੂਘਾਰਾ ਹੋ ਗਿਆ ਹੈ ਜਾਂ ਜਾਣ ਬੁੱਝ ਕੇ ਵਰਤਾਇਆ ਗਿਆ ਹੈ?

ਵੀਹਵਾਂ ਕਾਂਡ

ਕੈਪਟਨ ਗੁਰਬਖ਼ਸ਼ ਸਿੰਘ ਕੁਦਰਤੀ ਅੰਮ੍ਰਿਤਸਰ ਵਿਸਾਖੀ ਦੇਖਣ ਆਇਆ ਹੋਇਆ ਸੀ। ਉਸ ਬਾਬਾ ਖੜਕ ਸਿੰਘ ਦੇ ਡੇਰੇ ਸ਼ਹੀਦੀ ਸਾਕੇ ਦੇ ਵਾਪਰ ਜਾਣ ਦੀ ਹਿਰਦੇ ਵੇਧਕ ਖ਼ਬਰ ਸੁਣੀ ਤਾਂ ਹਸਪਤਾਲ ਨੂੰ ਭੱਜ ਤੁਰਿਆ। ਅਜੀਤ ਨਗਰ ਵੀ ਪਤਾ ਲੱਗ ਚੁੱਕਾ ਸੀ। ਸਾਰਾ ਅੰਮ੍ਰਿਤਸਰ ਹੀ ਭੂਚਾਲ ਵਾਂਗ ਹਿੱਲ ਗਿਆ ਸੀ। ਭਾਈ ਫ਼ੌਜਾ ਸਿੰਘ ਦੀ ਪਤਨੀ ਅਤੇ ਇੱਕ ਕਰਨਲ ਦੀ ਧਰਮ ਪਤਨੀ ਬੀਬੀ ਗੁਰਚਰਨ ਕੌਰ ਨੇ ਸ਼ਹੀਦੀ ਜੱਥੇ ਨਾਲ ਜਾਣ ਦੀ ਜ਼ਿੱਦ ਕੀਤੀ ਸੀ, ਪਰ ਸਭ ਜ਼ਨਾਨੀਆਂ ਤੇ ਬੱਚਿਆਂ ਨੂੰ ਰੋਕ ਦਿੱਤਾ ਗਿਆ ਸੀ। ਫ਼ੌਜਾ ਸਿੰਘ ਦੀ ਪਤਨੀ ਨੇ ਪਤੀਦੇਵ ਨੂੰ ਅਰਜ਼ ਕੀਤੀ ਸੀ।

"ਮੈਂ ਤੁਹਾਨੂੰ ਇਕੱਲਿਆਂ ਨੂੰ ਨਹੀਂ ਜਾਣ ਦਿਆਂਗੀ; ਮੈਨੂੰ ਆਪਣੇ ਨਾਲ ਰੱਖੋ।"

"ਹਾਲੇ ਤੇਰੀ ਵਾਰੀ ਨਹੀਂ ਆਈ। ਤੂੰ ਹਾਲੇ ਹੋਰ ਕਈ ਜ਼ਰੂਰੀ ਕੰਮ ਕਰਨੇ ਹਨ।" ਫ਼ੌਜਾ ਸਿੰਘ ਹੱਸ ਪਿਆ। "ਤੂੰ ਤਸੱਵਰ ਵਿਚ ਮੇਰੀ ਲਾਸ਼ ਵੇਖਣ ਦੀ ਕੋਸ਼ਿਸ਼ ਕਰ।"

"ਹਾਏ! ਮੈਂ ਨਾਲ ਮਰਾਂਗੀ।"

"ਨਹੀਂ, ਤੈਨੂੰ ਹਾਲੇ ਹੁਕਮ ਨਹੀਂ ਆਇਆ।"

"ਮੈਂ ਤਾਂ ਤੁਹਾਡਾ ਹੁਕਮ ਪਾਲਣਾ ਹੈ।" ਉਹ ਬਰਾਬਰ ਹੋ ਖਲੋਤੀ।

"ਏਸੇ ਲਈ ਆਖਦਾ ਹਾਂ, ਤੂੰ ਨਹੀਂ ਜਾਵੇਂਗੀ।"

ਫ਼ੌਜਾ ਸਿੰਘ ਉੱਤੇ ਪਹਿਲਾਂ ਹੀ ਇੱਕ ਕਤਲ ਦਾ ਕੇਸ ਚੱਲ ਰਿਹਾ ਸੀ ਤੇ ਉਹ ਜ਼ਮਾਨਤ ਉੱਤੇ ਸੀ। ਦੀਨਾ ਨਗਰ ਵਿਚ ਇੱਕ ਮੁੰਡੇ ਨੇ ਇੱਕ ਸਿੱਖ ਬੀਬੀ ਦੀ ਜ਼ਬਰਦਸਤੀ ਬੇਪੱਤੀ ਕਰ ਦਿੱਤੀ ਸੀ। ਫ਼ੌਜਾ ਸਿੰਘ ਨੇ ਉਸ ਨੂੰ ਸਮਝਾਉਣ ਦਾ ਯਤਨ ਕੀਤਾ।

"ਧੀਆਂ ਭੈਣਾਂ ਸਭ ਦੀਆਂ ਇੱਕੋ ਜਿਹੀਆਂ ਹੁੰਦੀਆਂ ਹਨ; ਤੂੰ ਚੰਗਾ ਨਹੀਂ ਕੀਤਾ।"

"ਤੂੰ ਕੌਣ ਏਂ, ਮੈਨੂੰ ਸਮਝਾਉਣ ਵਾਲਾ?" ਮੁੰਡਾ ਅੱਗੋਂ ਆਕੜ ਪਿਆ।

"ਮੈਂ ਤਾਂ ਬੇਨਤੀ ਕਰਨ ਆਇਆ ਆਂ, ਇਨ੍ਹਾਂ ਗੱਲਾਂ ਦੇ ਨਤੀਜੇ ਭੈੜੇ ਨਿਕਲਦੇ ਹਨ।"

"ਮੈਂ ਤਾਂ ਏਵੇਂ ਕਰਾਂਗਾ, ਮੈਨੂੰ ਕੌਣ ਰੋਕ ਸਕਦਾ ਏ।" ਉਹ ਹੋਰ ਤਿੰਗੜਨ ਲੱਗਾ।

"ਨਾ ਸਾਊ, ਇਹ ਗੱਲਾਂ ਠੀਕ ਨਹੀਂ। ਭਾਈਚਾਰੇ ਦਾ ਵੀ ਖ਼ਿਆਲ ਕਰਨਾ ਚਾਹੀਦਾ ਹੈ।"

"ਤੈਥੋਂ ਜਿਹੜਾ ਜ਼ੋਰ ਲੱਗਾ, ਲਾ ਲਵੀਂ। ਮੈਂ ਤਾਂ ਏਵੇਂ ਹੀ ਕਰਾਂਗਾ।"

"ਚੰਗਾ ਫੇਰ ਕਰ ਮਾਲਕ ਨੂੰ ਯਾਦ।" ਸਿੰਘ ਨੇ ਬਰਛਾ ਉਹਦੇ ਕਾਲਜੇ ਗੱਡ ਦਿੱਤਾ। "ਲੈ ਪਿਆ ਕਰੀ ਜਾਹ ਏਵੇਂ।" ਉਹ ਥਾਂ 'ਤੇ ਹੀ ਦਮ ਤੋੜ ਗਿਆ ਸੀ।

ਫ਼ੌਜਾ ਸਿੰਘ ਦੀ ਘਰ ਵਾਲੀ ਹਾਉਕਾ ਭਰ ਗਈ।

"ਇੱਕ ਮੁਕੱਦਮਾ ਮੁੱਕਾ ਨਹੀਂ, ਦੂਜੇ ਦੀ ਤਿਆਰੀ ਵਿੱਢ ਲਈ।"

"ਸਭ ਨੂੰ ਹੁਕਮ ਅਨੁਸਾਰ ਚੱਲਣਾ ਪੈਣਾ ਏਂ; ਤੂੰ ਨਹੀਂ ਜਾਵੇਂਗੀ।" ਫ਼ੌਜਾ ਸਿੰਘ ਨੇ ਪਤਨੀ ਨੂੰ ਬੰਦਸ਼ ਲਾ ਦਿੱਤੀ।

ਉਹ ਮਾਯੂਸ ਹੋ ਕੇ ਰਹਿ ਗਈ। ਬੀਬੀ ਗੁਰਚਰਨ ਕੌਰ ਦੀ ਵੀ ਕੋਈ ਵਾਹ ਨਹੀਂ ਗਈ ਸੀ। ਹੁਣ ਘੱਲੂਘਾਰੇ ਦੀ ਖ਼ਬਰ ਪੁੱਜਣ ਉੱਤੇ ਉਹ ਦੋਵੇਂ ਤੜਪ ਕੇ ਰਹਿ ਗਈਆਂ। ਰਿਕਸ਼ਾ ਫੜ ਕੇ ਹਸਪਤਾਲ ਪਹੁੰਚੀਆਂ। ਅੱਗੋਂ ਡਾ. ਹਰਚਰਨ ਸਿੰਘ ਨੇ ਸਾਰੇ ਜ਼ਖ਼ਮੀਆਂ ਨੂੰ ਕਮਾਲ ਦੀ ਸੰਭਾਲ ਵਿਚ ਲਿਆ ਹੋਇਆ ਸੀ। ਸਾਰੀਆਂ ਨਰਸ ਕੁੜੀਆਂ ਇੱਕਦਮ ਤਿਆਰ। ਜ਼ਖ਼ਮੀਆਂ ਨੂੰ ਬਲੱਡ ਦੇਣ ਲਈ ਟਰੱਕਾਂ 'ਤੇ ਚੜ੍ਹ ਗਈਆਂ। ਉਸ ਤਰ੍ਹਾਂ ਖ਼ੂਨ ਚੜ੍ਹੇ ਹੀ ਉਨ੍ਹਾਂ ਨੂੰ ਸਹਿਜੇ ਸਹਿਜੇ ਸਟਰੈਚਰਾਂ 'ਤੇ ਪਾ ਕੇ ਵਾਰਡਾਂ ਵਿਚ ਲਿਆਂਦਾ ਗਿਆ। ਜ਼ਖ਼ਮੀਆਂ ਦੀ ਗਿਣਤੀ ਬਹੁਤ ਸੀ, ਪਰ ਡਾ. ਹਰਚਰਨ ਸਿੰਘ ਤੇ ਉਸ ਦਾ ਸਟਾਫ਼ ਘਬਰਾਇਆ ਨਹੀਂ। ਪੂਰੀ ਫ਼ੁਰਤੀ ਤੇ ਤਨਦੇਹੀ ਨਾਲ ਮਰੀਜ਼ਾਂ ਨੂੰ ਸੰਭਾਲਦਾ ਰਿਹਾ। ਜ਼ਖ਼ਮੀਆਂ ਦੀ ਸਾਰ ਲੈਣ ਲਈ ਡਾਕਟਰਾਂ ਨੂੰ ਇੱਕ ਇੱਕ ਮਿੰਟ ਸਹਾਈ ਸੀ।

ਥੋੜ੍ਹੇ ਚਿਰ ਪਿੱਛੋਂ ਹੀ ਮਰਸਡੀਜ਼ ਕਾਰ ਵਿਚੋਂ ਇੱਕ ਨਿਰੰਕਾਰੀ ਹਸਪਤਾਲ ਆ ਉਤਰਿਆ। ਲੱਗਦਾ ਸੀ ਜਿਵੇਂ ਕਿਸੇ ਨਿਰੰਕਾਰੀ ਇਲਾਕੇ ਦਾ ਸੂਬਾ ਹੋਵੇ। ਉਹਦਾ ਠਾਠ-ਬਾਠ, ਕੱਚੀ ਸਿਲਕ ਦਾ ਪਹਿਰਾਵਾ ਸੀ। ਚੋਲੇ ਉੱਤੋਂ ਦੀ ਕੱਚੀ ਸਿਲਕ ਦੀ ਹੀ ਨੀਮ ਖ਼ਾਕੀ ਜੈਕਟ ਪਾਈ ਹੋਈ ਸੀ। ਬਿਨਾਂ ਕੁਝ ਦੇਖੇ ਭਾਲੇ ਡਾ. ਹਰਚਰਨ ਸਿੰਘ ਨੂੰ ਰੋਹਬ ਨਾਲ ਸੰਬੋਧਨ ਹੋਇਆ।

"ਡਾਕਟਰ ਸਾਹਿਬ! ਤੁਸੀਂ ਅਕਾਲੀ ਜ਼ਖ਼ਮੀਆਂ ਨੂੰ ਪਹਿਲੋਂ ਦੇਖਦੇ ਹੋ, ਸਾਡੇ ਨਿਰੰਕਾਰੀ ਫੱਟੜਾਂ ਵੱਲ ਧਿਆਨ ਵੀ ਨਹੀਂ ਦੇ ਰਹੇ?"

ਡਾ. ਹਰਚਰਨ ਸਿੰਘ ਦੇ ਸੇਵਾ ਵਿਚ ਜੁਟੇ ਤਨ ਮਨ ਨੂੰ ਅੱਗ ਹੀ ਲੱਗ ਗਈ। ਸਾਡੇ 'ਤੇ ਸ਼ੱਕ; ਇੱਕ ਡਾਕਟਰ ਦੁਰਾਭਾ ਕਿਵੇਂ ਕਰ ਸਕਦਾ ਹੈ। ਉਸ ਆਉਣ ਵਾਲੇ ਨੂੰ ਸਿਰ ਤੋਂ ਪੈਰਾਂ ਤੱਕ ਪੂਰੇ ਧਿਆਨ ਨਾਲ ਵੇਖਿਆ।

"ਹੂ ਯੂ ਆਰ? (ਤੂੰ ਕੌਣ ਏਂ? ਕਿੱਥੋਂ ਆਏ?) ਨਿਕਲ ਜਾਹ ਏਥੋਂ? ਸੇਵਾ ਕਰ ਰਹੇ ਕਰਮਚਾਰੀਆਂ 'ਤੇ ਅਜਿਹਾ ਕਮੀਨਾ ਦੋਸ਼?"

ਨਿਰੰਕਾਰੀ ਸੂਬੇ ਦਾ ਮਾਵਾ ਜਿਹਾ ਲਹਿ ਗਿਆ। ਉਨ੍ਹੀਂ ਪੈਰੀਂ ਉਹ ਵਾਪਸ ਮੁੜ ਗਿਆ। ਫਿਰ ਕੋਈ ਨਿਰੰਕਾਰੀ ਆਪਣੇ ਜ਼ਖ਼ਮੀਆਂ ਦੀ ਖ਼ਬਰ ਸਾਰ ਲੈਣ ਵੀ ਨਾ ਆਇਆ। ਹਸਪਤਾਲ ਦਾ ਵਰਤਿਆ ਖ਼ੂਨ ਖ਼ਤਮ ਹੋ ਗਿਆ ਸੀ। ਡਾਕਟਰ ਨੇ ਬੀਬੀ ਗੁਰਚਰਨ ਕੌਰ ਨੂੰ ਖ਼ੂਨ ਦਾਨ ਕਰਨ ਲਈ ਬੇਨਤੀ ਕੀਤੀ।

"ਡਾਕਟਰ ਸਾਹਿਬ ਬਲੱਡ ਦਾ ਫ਼ਿਕਰ ਨਾ ਕਰੋ।" ਉਸ ਇੱਕ ਸਿੰਘ ਨੂੰ ਅਜੀਤ ਨਗਰ ਨੂੰ ਨਠਾ ਦਿੱਤਾ ਕਿ ਖ਼ੂਨ ਦੇਣ ਲਈ ਛੇਤੀ ਪਹੁੰਚਿਆ ਜਾਵੇ। ਉਹ ਨੌਜਵਾਨ ਪੈਰ ਤੋਂ ਹੀ ਦੌੜ ਪਿਆ।

"ਪਹਿਲੋਂ ਮੇਰਾ ਖ਼ੂਨ ਲਵੋ ਡਾ. ਸਾਹਿਬ" ਕੈਪਟਨ ਗੁਰਬਖ਼ਸ਼ ਸਿੰਘ ਬਾਂਹ ਨੰਗੀ ਕਰਕੇ ਅੱਗੇ ਆ ਗਿਆ।

ਡਾਕਟਰ ਨੇ ਨਰਸਾਂ ਨੂੰ ਇਸ਼ਾਰਾ ਦੇ ਦਿੱਤਾ। ਕੈਪਟਨ ਪਿੱਛੋਂ ਗੁਰਚਰਨ ਕੌਰ ਅਤੇ

ਇੱਕ ਹੋਰ ਭਾਈ ਨੇ ਵੀ ਖ਼ੂਨ ਦੇ ਦਿੱਤਾ। ਲਾਸ਼ਾਂ ਨਾਲ ਆਏ ਨੌਜਵਾਨਾਂ ਵੀ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਅਜੀਤ ਨਗਰ ਵਲੋਂ ਆਏ ਖ਼ੂਨਦਾਨ ਦੀ ਇੱਕ ਲਹਿਰ ਲੜੀ ਤੋਰ ਦਿੱਤੀ। ਬੀਬੀ ਗੁਰਚਰਨ ਕੌਰ ਅਤੇ ਹਰਿੰਦਰ ਸਿੰਘ ਬਲੱਡ ਦੇਣ ਦੀ ਲਹਿਰ ਦੇ ਮੋਢੀ ਬਣ ਗਏ। ਗੁਰਚਰਨ ਕੌਰ ਨੇ ਡਾਕਟਰ ਸਾਹਿਬ ਨੂੰ ਸ਼ਹੀਦਾਂ ਦੀਆਂ ਲਾਸ਼ਾਂ ਵੇਖਣ ਦੀ ਬੇਨਤੀ ਕਰ ਦਿੱਤੀ। ਹਰਚਰਨ ਸਿੰਘ ਨੇ ਆਖਿਆ:

"ਬੀਬੀ ਲਾਸ਼ਾਂ ਵੇਖਣ ਵਾਲੀਆਂ ਨਹੀਂ। ਬੁਰੀ ਤਰ੍ਹਾਂ ਵੱਢੀਆਂ ਟੁੱਕੀਆਂ ਏਂ; ਬੱਸ ਗੱਲ ਛੱਡ ਦਿਓ।" ਉਸ ਹਮਦਰਦੀ ਵਿਚ ਪਸੀਜਦਿਆਂ ਸਿਰ ਫੇਰਿਆ।

"ਨਹੀਂ ਸਰ, ਭਾਵੇਂ ਕਿਹੋ ਜਿਹੀਆਂ ਹਨ; ਅਸੀਂ ਦਰਸ਼ਨ ਜ਼ਰੂਰ ਕਰਨੇ ਹਨ।"

"ਡਾਕਟਰ ਬੀਬੀ, ਗੁਰਚਰਨ ਕੌਰ ਅਤੇ ਫ਼ੌਜਾ ਸਿੰਘ ਦੀ ਘਰਵਾਲੀ ਨੂੰ, ਲਾਸ਼ ਘਰ ਲੈ ਗਿਆ। ਫ਼ੌਜਾ ਸਿੰਘ ਦਾ ਚਿਹਰਾ ਥਾਂ-ਥਾਂ ਤੋਂ ਜ਼ਖ਼ਮੀ ਹੋਇਆ ਵੇਖ ਕੇ ਉਸ ਦੀ ਪਤਨੀ ਗਸ਼ ਖਾ ਗਈ। ਉਸ ਨੂੰ ਗੁਰਚਰਨ ਕੌਰ ਨੇ ਸੰਭਾਲਾ ਦਿੱਤਾ। ਥੋੜ੍ਹੀ ਕਰੜਾਈ ਨਾਲ ਅਤੇ ਹੌਸਲਾ ਦੇਣ ਲਈ ਬੋਲੀ।

"ਹੋਸ਼ ਕਰ ਭੈਣ, ਤੂੰ ਇੱਕ ਮਹਾਨ ਸ਼ਹੀਦ ਦੀ ਪਤਨੀ ਏਂ। ਗੁਰੂ ਗੋਬਿੰਦ ਸਿੰਘ ਦੀ ਪੁੱਤਰੀ ਏਂ। ਤੂੰ ਰੋ ਕੇ, ਹੰਝੂ ਵਹਾ ਕੇ ਉਸ ਦੀ ਸ਼ਹਾਦਤ ਨੂੰ ਲਾਜ ਨਹੀਂ ਲਾ ਸਕਦੀ।" ਸ਼ਹੀਦ ਦੀ ਪਤਨੀ ਨੇ ਹੰਝੂ ਪੂੰਝ ਕੇ ਆਪਾ ਥੰਮ ਲਿਆ। "ਤੂੰ ਏਥੇ ਜ਼ਖ਼ਮੀਆਂ ਦੀ ਸੇਵਾ ਨਹੀਂ ਕਰ ਸਕੇਂਗੀ। ਤੂੰ ਘਰ ਨੂੰ ਚੱਲ।" ਗੁਰਚਰਨ ਕੌਰ ਨੇ ਉਸ ਨੂੰ ਇੱਕ ਤਰ੍ਹਾਂ ਜ਼ਬਰਦਸਤੀ ਰਿਕਸ਼ੇ ਚਾੜ੍ਹ ਦਿੱਤਾ।

ਗੁਰਬਖਸ਼ ਸਿੰਘ ਨੇ ਗੁਰਚਰਨ ਕੌਰ ਨੂੰ ਕੀਰਤਨੀ ਜਥੇ ਦੀ ਆਗੂ ਸਮਝ ਕੇ ਬੇਨਤੀ ਕੀਤੀ।

"ਬੀਬਾ ਭੈਣ ਜੀ! ਕੋਈ ਸੇਵਾ ਲਾਵੋ, ਤੁਹਾਡਾ ਫ਼ੌਜੀ ਵੀਰ ਹਾਜ਼ਰ ਐ?"

ਉਸ ਦਾ ਮੋਢਾ ਬਰਾਬਰੋਂ ਹਰਿੰਦਰ ਸਿੰਘ ਨੇ ਆ ਥਾਪੜਿਆ।

"ਗੁਰੂ ਦਿਆ ਸਿੰਘਾ, ਸ਼ਾਬਾਸ਼। ਪਹਿਲਾ ਕੰਮ ਐ ਸ਼ਹੀਦਾਂ ਦੇ ਵਾਰਸ ਬਣ ਕੇ ਲਾਸ਼ਾਂ ਦਾ ਸਸਕਾਰ ਕਰਨਾ ਤੇ ਮੁੜ ਮੁਕੱਦਮਾ ਲੜਨਾ।"

"ਮੈਨੂੰ ਜਿੱਥੇ ਮਰਜ਼ੀ ਜੋੜ ਲਵੋ; ਪੈਨਸ਼ਨ ਆ ਗਿਆ ਹਾਂ, ਸੇਵਾ ਦੀ ਦਾਤ ਬਖ਼ਸ਼ੋ?"

"ਤੁਸੀਂ ਭਰਾ ਜੀ! ਫੱਟੜਾਂ ਲਈ ਦੁੱਧ ਦੀ ਸੇਵਾ ਸੰਭਾਲ ਲਵੋ; ਰੋਟੀ ਲੰਗਰ ਵਿਚੋਂ ਆ ਜਾਇਆ ਕਰੇਗੀ।" ਬੀਬੀ ਗੁਰਚਰਨ ਕਹਿ ਗਈ।

ਓਥੋਂ ਵਿਹਲੇ ਹੋ ਕੇ ਬੀਬੀ ਤੇ ਹਰਿੰਦਰ ਸਿੰਘ ਸ਼੍ਰੋ. ਗੁ. ਪ੍ਰ. ਕਮੇਟੀ ਦੇ ਦਫ਼ਤਰ ਆ ਗਏ। ਬੀਬੀ ਤਾਂ ਸਕੱਤਰ ਦੇ ਗਲ੍ਹ ਪੈ ਗਈ।

"ਸਕੱਤਰ ਸਾਹਬ! ਆਹ ਹੈ ਬਾਦਲ ਦੀ ਸਰਕਾਰ, ਜਿਸ ਸਿੰਘਾਂ ਦੇ ਅੰਮ੍ਰਿਤਸਰ ਵਿਚ ਘਾਣ ਲੁਹਾ ਦਿੱਤੇ। ਕਿੱਥੇ ਐ ਟੌਹੜਾ, ਪ੍ਰਧਾਨ ਸਿੱਖਾਂ ਦਾ? ਇਹ ਕੀ ਕਰਦੇ ਐ ਹੁਣ ਤੱਕ?"

ਬੀਬੀ ਦਾ ਲਹੂ ਭਰਿਆ ਜਥਾਹ ਵੇਖ ਕੇ ਸਕੱਤਰ ਜਰਕ ਗਿਆ; ਸਮਾਂ ਹੀ ਅਜਿਹਾ ਸੀ। ਸ਼ਹੀਦੀ ਸਾਕੇ ਦੀ ਖ਼ਬਰ ਨਾਲ ਸਾਰਾ ਸ਼ਹਿਰ ਹੀ ਸਕਤੇ ਵਿਚ ਆਇਆ ਹੋਇਆ ਸੀ।

"ਬੀਬੀ ਜੀ, ਬੈਠੋ, ਕੁਰਸੀ ਲਵੋ।" ਸਕੱਤਰ ਨੇ ਬੀਬੀ ਨੂੰ ਸ਼ਾਂਤ ਕਰਨਾ ਚਾਹਿਆ। "ਸੇਵਾਦਾਰ ਪਾਣੀ ਲਿਆ ਬਈ?"

"ਸਾਨੂੰ ਪਾਣੀ ਨਹੀਂ ਚਾਹੀਦਾ, ਸਾਡੇ ਲਹੂ ਦੇ ਦਰਿਆ ਚੱਲ ਗਏ, ਸਾਨੂੰ ਪਾਣੀ ਸੁੱਝਦਾ ਏ। ਉਹ ਕਿੱਥੇ ਐ ਬਾਦਲ ਤੇ ਟੌਹੜਾ? ਵੱਡੀ ਸਰਕਾਰ ਵਾਲੇ?"

"ਜੀ ਉਹ ਤਾਂ ਬੰਬਈ ਵਿਸਾਖੀ ਦੇ ਮੇਲੇ 'ਤੇ ਗਏ ਐ।" ਸਕੱਤਰ ਨੇ ਏਨੀ ਕਹਿ ਕੇ ਨੀਵੀਂ ਪਾ ਲਈ।

"ਉਨ੍ਹਾਂ ਨੂੰ ਹੁਣੇ ਟੈਲੀਫ਼ੋਨ ਕਰੋ। ਕੌਮ ਗਰਕਣ ਡਹੀ ਐ, ਇਨ੍ਹਾਂ ਨੂੰ ਮੇਲੇ ਸੁਝਦੇ ਐ।"

ਗੁਰਚਰਨ ਕੌਰ ਤਾਪ ਨਾਲ ਭਖ਼ ਰਹੀ ਸੀ।

ਸਕੱਤਰ ਡਰਦਾ ਕੰਨ ਭੰਨ ਗਿਆ। ਉਸ ਬੰਬਈ ਦਾ ਨੰਬਰ ਐਕਸਚੇਂਜ ਤੋਂ ਮੰਗ ਲਿਆ। ਕੁਦਰਤੀ ਨੰਬਰ ਛੇਤੀ ਲੱਗ ਗਿਆ। ਸਕੱਤਰ ਨੇ ਫ਼ੋਨ ਗੁਰਚਰਨ ਕੌਰ ਨੂੰ ਦੇਂਦਿਆਂ ਆਖਿਆ:

"ਲਓ ਭੈਣ ਜੀ ਕਰੋ ਗੱਲ, ਬਾਦਲ ਸਾਹਿਬ।"

"ਵੇ ਤੂੰ ਬਾਦਲ ਏਂ?" ਬੀਬਾ ਉਸੇ ਤੱਤੇ ਤਾਅ ਵਿਚ ਫ਼ੋਨ ਫੜ ਕੇ ਬੋਲੀ।

"ਤੁਸੀਂ ਕੌਣ ਬੋਲਦੇ ਓ?" ਫ਼ੋਨ ਵਿਚੋਂ ਆਵਾਜ਼ ਆਈ।

"ਮੈਂ ਉਨ੍ਹਾਂ ਦੀ ਭੈਣ ਆਂ ਗੁਰਚਰਨ ਕੌਰ, ਜਿਨ੍ਹਾਂ ਨੂੰ ਨਿਰੰਕਾਰੀਆਂ ਤੇ ਤੇਰੀ ਸਰਕਾਰ ਨੇ ਰਲ ਮਿਲ ਕੇ ਸ਼ਹੀਦ ਕਰ ਸੁੱਟਿਆ ਏ। ਕੌਮ ਗੋਬਿੰਦਗੜ੍ਹ ਦੇ ਮੈਦਾਨ ਵਿਚ ਲਹੂ ਲੁਹਾਨ ਹੋਈ ਪਈ ਐ, ਤੁਹਾਨੂੰ ਬੰਬਈ ਦੀਆਂ ਵਿਸਾਖੀਆਂ ਸੁਝਦੀਆਂ ਏਂ। ਡੁੱਬ ਮਰ ਸ਼ਰਮ ਨਾਲ।" ਸ਼ਹੀਦਾਂ ਬਾਰੇ ਦੱਸਦੀ ਗੁਰਚਰਨ ਕੌਰ ਦਾ ਰੋਣ ਨਿਕਲ ਗਿਆ।

"ਬੀਬਾ ਜੀ ਬਹੁਤ ਹੀ ਅਫ਼ਸੋਸ ਤੇ ਦੁੱਖ ਐ। ਪਰ ਕਿੰਨੇ ਕੁ ਸ਼ਹੀਦ ਹੋਏ ਹਨ?" ਦੁੱਖ ਵਿਚ ਡੁੱਬਾ ਬਾਦਲ ਪੁੱਛ ਗਿਆ।

"ਭਰਾਵਾ ਪੰਦਰਾਂ ਵੀਹ ਤਾਂ ਹੋਣਗੇ। ਜ਼ਖ਼ਮੀਆਂ ਦੀ ਗਿਣਤੀ ਨਹੀਂ, ਸ਼ਾਇਦ ਸੌ ਤੋਂ ਉੱਪਰ ਹੋਵੇ। ਸਾਰੇ ਅੰਮ੍ਰਿਤਸਰ ਵਿਚ ਕੁਰਲਾਟ ਪਿਆ ਹੋਇਆ ਹੈ।"

"ਭੈਣ ਜੀ ਅਸੀਂ ਹੁਣੇ ਤੁਰ ਰਹੇ ਆਂ।" ਕਹਿ ਕੇ ਉਸ ਫ਼ੋਨ ਬੰਦ ਕਰ ਦਿੱਤਾ।

ਭਾਈ ਹਰਿੰਦਰ ਸਿੰਘ ਤੇ ਬੀਬੀ ਗੁਰਚਰਨ ਕੌਰ ਸ਼੍ਰੋਮਣੀ ਕਮੇਟੀ ਦੇ ਦਫ਼ਤਰੋਂ ਭੱਜੇ ਅਤੇ ਮੁੜ ਹਸਪਤਾਲ ਪਹੁੰਚ ਗਏ। ਖ਼ੂਨਦਾਨ ਲਈ ਕੀਰਤਨੀ ਜਥੇ ਦੇ ਨੌਜਵਾਨ ਵਧ ਚੜ੍ਹ ਕੇ ਅੱਗੇ ਆ ਰਹੇ ਸਨ। ਹਸਪਤਾਲ ਦੀਆਂ ਸਾਰੀਆਂ ਬੋਤਲਾਂ ਖ਼ੂਨ ਨਾਲ ਭਰ ਗਈਆਂ। ਬਲੱਡ ਲੈਣ ਵਾਲੀਆਂ ਨਰਸਾਂ ਹੱਥ ਖੜ੍ਹੇ ਕਰ ਦਿੱਤੇ ਕਿ ਬਸ, ਹੁਣ ਸਾਰੇ ਭਾਂਡੇ ਭਰ ਗਏ। ਇੱਕ ਨੌਜਵਾਨ ਨੇ ਬੀਬਾ ਨੂੰ ਦੱਸਿਆ:

"ਇੱਕ ਹਿੰਦੂ ਜੋਸ਼ੀ ਅਫਸਰ ਨੇ ਫ਼ੌਜਾ ਸਿੰਘ ਨੂੰ ਗੋਲੀ ਮਾਰੀ ਸੀ। ਅਸੀਂ ਉਸ ਨੂੰ ਨਹੀਂ ਛੱਡਣਾ।"

"ਨਾ ਵੇ ਕਮਲਿਆ, ਸਾਡਾ ਧਰਮ ਮਾਰਨਾ ਨਹੀਂ, ਬਚਾਉਣਾ ਸਿਖਾਉਂਦਾ ਹੈ। ਸਿੰਘ ਸ਼ਹੀਦ ਤਾਂ ਹੋ ਸਕਦਾ ਹੈ, ਹਿੰਸਿਆਰਾ ਨਹੀਂ।"

"ਪਰ ਭੈਣ ਜੀ, ਸਾਰੀ ਪੁਲੀਸ ਨਿਰੰਕਾਰੀਆਂ ਦੀ ਮਦਦ ਕਰ ਰਹੀ ਸੀ।"

"ਭਾਵੇਂ ਕਰ ਰਹੀ ਸੀ, ਸਾਨੂੰ ਦੁਸ਼ਮਣ ਹੋ ਕੇ ਵੀ ਮਿਲੀ; ਪਰ ਅਸੀਂ ਕਤਲ ਕਰਨ ਦੇ ਰਾਹ ਨਹੀਂ ਪੈ ਸਕਦੇ। ਨਿਰੰਕਾਰੀਆਂ ਲਈ ਵੀ ਖ਼ੂਨ ਦਿਓ, ਦੁੱਧ ਚਾਹ ਦੀ ਸੇਵਾ ਕਰੋ। ਸਾਥੋਂ ਵਿਛੜੇ ਭਰਾ ਹਨ। ਮੱਤ ਕਮੱਤ ਹੋ ਸਕਦੀ ਹੈ; ਪਰ ਅਸੀਂ ਗੁਰੂ ਦੇ ਅਦੇਸ਼ਾਂ ਤੋਂ ਪਾਸਾ ਕਿਵੇਂ ਵੱਟ

ਸਕਦੇ ਆਂ।" ਬੀਬੀ ਨੇ ਨੌਜਵਾਨ ਨੂੰ ਸਮਝਾਇਆ ਅਤੇ ਉਸ ਦੇ ਉੱਬਲਦੇ ਰੋਹ ਨੂੰ ਸ਼ਾਂਤ ਕਰ ਲਿਆ।

ਕੋਲ ਖਲੋਤਾ ਡਾ. ਹਰਚਰਨ ਸਿੰਘ ਵੀ ਸੁਣ ਰਿਹਾ ਸੀ।

"ਬੀਬੀ ਜੀ ਤੁਸੀਂ ਮਹਾਨ ਹੋ, ਦਰਿਆ ਦਿਲ, ਜਿਹੜੇ ਦੁਸ਼ਮਣ ਨੂੰ ਵੀ ਆਪਣਾ ਲਹੂ ਦੇ ਰਹੇ ਹੋ।"

"ਵੀਰ ਜੀ ਸਾਡੇ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਭਾਈ ਘਨਈਆ ਸਿੰਘ ਖਲੋਤਾ ਏ। ਅਸੀਂ ਦੁਰਾਂਞਾ ਨਹੀਂ ਕਰ ਸਕਦੇ। ਨਿਰੰਕਾਰੀ ਜੇ ਆਪਣੇ ਜ਼ਖ਼ਮੀਆਂ ਲਈ ਨਹੀਂ ਬਹੁੜੇ; ਅਸੀਂ ਆਪਣੇ ਭਰਾ-ਭਾਈ ਸਮਝ ਕੇ ਸੇਵਾ ਕਰਾਂਗੇ। ਸਾਡਾ ਸਾਰਿਆਂ ਦਾ ਮੂਲ ਗੁਰੂ ਗ੍ਰੰਥ ਸਾਹਿਬ ਐ। ਜੇ ਗੁਰੂ ਟੁੱਟੀਆਂ ਗੰਢ ਸਕਦਾ ਹੈ; ਅਸੀਂ ਉਸ ਦੇ ਸਿੱਖ ਉਨ੍ਹਾਂ ਦੇ ਪੈਰ ਚਿੰਨ੍ਹਾਂ 'ਤੇ ਕਿਉਂ ਨਹੀਂ ਚੱਲ ਸਕਦੇ।" ਬੀਬੀ ਸਿੱਖੀ ਸਰੂਪ ਦੇ ਜਲਾਲ ਵਿਚ ਥੰਮ ਵਾਂਗ ਉਸਰੀ ਖਲੋਤੀ ਸੀ।

"ਭੈਣ ਜੀ, ਧੰਨ ਤੁਹਾਡੀ ਕਮਾਈ। ਭੀੜਾਂ ਵਿਚ ਹਰ ਕੋਈ ਅਸੂਲ ਛੱਡ ਜਾਂਦਾ ਹੈ; ਪਰ ਤੁਸਾਂ ਤਾਂ ਕਮਾਲ ਹੀ ਕਰ ਵਖਾਈ।"

"ਡਾਕਟਰ ਸਾਹਬ ਤੁਹਾਡੀ ਸੇਵਾ ਡਿਊਟੀ ਤੋਂ ਸਦਕੇ। ਨਰਸ ਬੀਬੀਆਂ ਨੇ ਸਿੰਘਾਂ ਦੀ ਸੰਭਾਲ ਵਿਚ ਪਾਣੀ ਤੱਕ ਨਹੀਂ ਪੀਤਾ। ਅਸੀਂ ਤੁਹਾਡੇ ਬਹੁਤ ਅਹਿਸਾਨਮੰਦ ਆਂ।"

"ਨਾ ਭੈਣ ਮੇਰੀਏ। ਐਨੀ ਕਹਿ ਕੇ ਸਾਡੇ ਸਿਰ ਭਾਰ ਨਾ ਚਾੜ੍ਹ। ਅਸੀਂ ਡਿਊਟੀ ਦੇਣ ਦੀਆਂ ਕਸਮਾਂ ਚੁੱਕੀਆਂ ਹਨ। ਅਸੀਂ ਆਪਣੀ ਸੇਵਾ ਤੋਂ ਕਿਵੇਂ ਭੱਜ ਸਕਦੇ ਆਂ।" ਡਾਕਟਰ ਨੇ ਨਾਲ ਹੀ ਸਿਰ ਹਲਾਇਆ।

"ਪਰ ਉਹ ਵੀ ਸਰਕਾਰੀ ਪੁਲਸੀਏ ਸਨ; ਜਿਨ੍ਹਾਂ ਸੱਚ ਅਤੇ ਨਿਆਂ ਉੱਤੇ ਚੱਲਣ ਦੀਆਂ ਸੁਗੰਧਾਂ ਖਾਧੀਆਂ ਸਨ, ਅੱਜ ਸਿੰਘਾਂ ਦੇ ਦੁਸ਼ਮਣ ਹੋ ਖਲੋਤੇ।"

"ਭੈਣ ਜੀ ਸਿਰ 'ਤੇ ਖਲੋਤਾ ਗੁਰੂ ਹਰ ਇੱਕ ਦੇ ਕਿਰਦਾਰ ਨੂੰ ਵੇਖਦਾ ਏ।"

"ਅਸੀਂ ਗੁਰੂ ਦੇ ਭਰੋਸੇ ਕਾਰਨ ਹੀ ਅਡੋਲ ਆਂ। ਉਹਦਾ ਭਾਣਾ ਮਿੱਠਾ ਕਰਕੇ ਮੰਨ ਰਹੇ ਆਂ। ਗੁਰੂ ਦੀ ਕਹਿਣੀ, ਉਸ ਦੇ ਸਿੱਖ ਨੇ ਕਮਾਉਣੀ। ਡਾਕਟਰ ਸਾਹਬ। ਆਪਣਾ ਆਪ ਦੇਣਾ ਹੀ ਸਿੱਖੀ ਹੈ। ਗੁਰੂ ਚਲਾਏਗਾ, ਅਸੀਂ ਚੱਲਾਂਗੇ।" ਬੀਬੀ ਨੇ ਤਸੱਲੀ ਨਾਲ ਸਾਹ ਭਰਿਆ।

"ਬੀਬੀ ਜੀ, ਤੁਹਾਡੇ ਵਰਗਾ ਗੁਰਮੁਖ ਮੈਨੂੰ ਕਦੇ ਨਹੀਂ ਮਿਲਿਆ। ਮੇਰੇ ਅੰਦਰ ਦੀ ਮੈਲ ਧੋਤੀ ਗਈ। ਗੁਰੂ ਤੁਹਾਡੇ ਵਿਚ ਵਸਿਆ ਏ।" ਉਸ ਸ਼ਰਧਾ ਨਾਲ ਹੱਥ ਜੋੜਦਿਆਂ ਸਿਰ ਝੁਕਾਇਆ।

"ਭਰਾਵਾ, ਗੁਰੂ ਤਾਂ ਸਾਰਿਆਂ ਵਿਚ ਇੱਕ ਸਮਾਨ ਵਸਦਾ ਏ। ਅਸੀਂ ਹੀ ਉਸ ਨੂੰ ਭੁੱਲ ਜਾਂਦੇ ਆਂ। ਉਹ ਸਾਰਿਆਂ ਉੱਤੇ ਮਿਹਰ ਦੀ ਦ੍ਰਿਸ਼ਟੀ ਸਮਾਨ ਪਾਉਂਦਾ ਏ।"

ਗੁਰਚਰਨ ਕੌਰ ਦਾ ਭਰਾਵਾਂ ਦੀ ਸ਼ਹਾਦਤ ਨਾਲ ਉੱਖੜਿਆ ਮਨ, ਜ਼ਖ਼ਮੀਆਂ ਦੀ ਤਸੱਲੀ ਬਖ਼ਸ਼ ਸੰਭਾਲ ਨਾਲ ਟਿਕਾਣੇ ਆ ਗਿਆ। ਉਸ ਦਾ ਗੁਰੂ 'ਤੇ ਭਰੋਸਾ ਅਤੇ ਸ਼ਰਧਾ ਹੋਰ ਵਧ ਗਏ। ਸ਼ਹਾਦਤਾਂ ਦੇ ਐਨੇ ਵੱਡੇ ਘੱਲੂਘਾਰੇ ਪਿੱਛੋਂ ਉਸ ਨੂੰ ਵਿਸ਼ਵਾਸ ਹੋ ਗਿਆ; ਭੁੱਲੜ ਹੁਣ ਗੁਰੂ ਘਰ ਦੀ ਨਿੰਦਾ ਤੋਂ ਤੋਬਾ ਕਰ ਲੈਣਗੇ।

ਓਸੇ ਰਾਤ ਬਾਦਲ, ਟੌਹੜਾ ਅਤੇ ਤਲਵੰਡੀ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਪਹੁੰਚ ਗਏ। ਅਗਲੇ ਦਿਨ ਸਵੇਰੇ ਗੁਰਚਰਨ ਕੌਰ ਤੇ ਭਾਈ ਹਰਿੰਦਰ ਸਿੰਘ ਮੁੱਖ ਮੰਤਰੀ ਬਾਦਲ ਨੂੰ ਮਿਲਣ ਲਈ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਆ ਗਏ। ਸਕੱਤਰ ਨੇ ਜਾਣ ਪਛਾਣ ਵਜੋਂ ਦੱਸਿਆ:

"ਇਹ ਹਨ ਬੀਬੀ ਗੁਰਚਰਨ ਕੌਰ ਜੀ, ਜਿਨ੍ਹਾਂ ਜ਼ਖਮੀ ਸਿੰਘਾਂ ਦੀ ਸੰਭਾਲ ਕੀਤੀ ਅਤੇ ਆਪਣਾ ਖ਼ੂਨ ਵੀ ਦਿੱਤਾ।"

ਬਾਦਲ ਨੇ ਕੁਰਸੀ ਤੋਂ ਉੱਠ ਕੇ ਫ਼ਤਹਿ ਬੁਲਾਈ।

"ਆਓ ਭੈਣ ਜੀ! ਤੁਹਾਡਾ ਬਹੁਤ-ਬਹੁਤ ਧੰਨਵਾਦ; ਤੁਸੀਂ ਸਮੇਂ ਸਿਰ ਫੱਟੜਾਂ ਨੂੰ ਸੰਭਾਲਿਆ।"

"ਧੰਨਵਾਦ ਨੂੰ ਪਾਓ ਖ਼ੂਹ ਖ਼ਾਤੇ। ਮੈਂ ਪੁੱਛਦੀ ਆਂ ਰਾਜ ਹੋਵੇ ਖ਼ਾਲਸੇ ਦਾ ਤੇ ਖ਼ਾਲਸੇ ਦੇ ਹੀ ਘਾਣ ਲੱਥਣ? ਤੇਰੀ ਪੁਲੀਸ ਬਰਾਬਰ ਮਾਰਦੀ ਰਹੀ। ਉਨ੍ਹਾਂ ਸ਼ਰ੍ਹੇਆਮ ਨਿਰੰਕਾਰੀਆਂ ਦਾ ਪੱਖ ਪੂਰਿਆ।"

"ਬਹੁਤ ਈ ਮਾੜੀ ਗੱਲ ਹੋਈ। ਹੋਣੀ ਨੂੰ ਤਾਂ ਮੋੜਿਆ ਨਹੀਂ ਜਾ ਸਕਦਾ। ਤੁਸੀਂ ਦੱਸੋ, ਹੁਣ ਕੀ ਚਾਹੁੰਦੇ ਹੋ?" ਬਾਦਲ ਦਿਲੋਂ ਦੁਖੀ ਸੀ ਤੇ ਕੁਝ ਕਰਨਾ ਚਾਹੁੰਦਾ ਸੀ। ਉਸ ਅੰਮ੍ਰਿਤਸਰ ਆ ਕੇ ਸਭ ਕੁਝ ਸੁਣ ਲਿਆ ਸੀ।

"ਸਭ ਤੋਂ ਪਹਿਲਾਂ ਡੀ. ਸੀ. ਤੇ ਐੱਸ. ਪੀ. ਬਦਲਣੇ ਚਾਹੀਦੇ ਹਨ।" ਭਾਈ ਹਰਿੰਦਰ ਸਿੰਘ ਬੋਲਿਆ।

"ਇਨ੍ਹਾਂ ਸਾਡੇ ਗਿਆਂ ਦੀ ਚੱਜ ਨਾਲ ਗੱਲ ਤੱਕ ਨਹੀਂ ਸੁਣੀ।"

"ਇਨ੍ਹਾਂ ਦੋਵਾਂ ਦੇ ਭਾਈ ਸਾਹਿਬ ਜੀ, ਅੱਜ ਈ ਬਿਸਤਰੇ ਗੋਲ ਹੋ ਗਏ ਸਮਝੋ। ਹੋਰ ਦੱਸੋ?"

"ਸ਼ਹੀਦਾਂ ਦੀਆਂ ਲਾਸ਼ਾਂ ਸਸਕਾਰ ਲਈ ਸਾਨੂੰ ਦਿੱਤੀਆਂ ਜਾਣ ਅਤੇ ਮੁਕੱਦਮੇ ਦਰਜ ਹੋਣ।" ਬੀਬੀ ਗੁਰਚਰਨ ਨੇ ਦੋ ਮੰਗਾਂ ਰੱਖ ਦਿੱਤੀਆਂ।

"ਮੈਂ ਹੁਣੇ ਆਰਡਰ ਕਰਦਾ ਆਂ, ਤੁਸੀਂ ਸਿੰਘਾਂ ਦੀਆਂ ਲਾਸ਼ਾਂ ਜਾ ਕੇ ਲੈ ਲਓ।" ਬਾਦਲ ਸਾਹਬ ਨੇ ਆਪਣੇ ਵਲੋਂ ਉਨ੍ਹਾਂ ਦੀ ਤਸੱਲੀ ਕਰਵਾ ਦਿੱਤੀ।

ਬੀਬੀ ਅਤੇ ਭਾਈ ਹਰਿੰਦਰ ਸਿੰਘ ਨੇ ਸ਼ਹੀਦ ਸਿੰਘਾਂ ਦੇ ਵਾਰਸਾਂ ਵਜੋਂ ਪੁਲੀਸ ਦਾ ਕਾਗਜ਼ਾਂ 'ਤੇ ਦਸਖ਼ਤ ਕਰ ਦਿੱਤੇ ਅਤੇ ਲਾਸ਼ਾਂ ਲੈ ਲਈਆਂ। ਉਨ੍ਹਾਂ ਦੇ ਇਸ਼ਨਾਨ ਕਰਵਾਏ ਗਏ। ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੇ ਅਰਥੀਆਂ ਸ਼ਮਸ਼ਾਨ ਘਾਟ ਲੈ ਗਏ। ਅਰਦਾਸ ਕਰਕੇ ਅੰਗੀਠਿਆਂ ਨੂੰ ਅੱਗ ਵਖਾਈ। ਅੱਧਾ ਅੰਮ੍ਰਿਤਸਰ ਸਸਕਾਰ 'ਤੇ ਪੁੱਜਾ ਹੋਇਆ ਸੀ। ਸੰਤ ਜਰਨੈਲ ਸਿੰਘ ਜੀ ਦੇ ਬਹੁਤੇ ਸਿੰਘ ਅਰਥੀਆਂ ਨਾਲ ਸਤਿਨਾਮ-ਵਾਹਿਗੁਰੂ ਦਾ ਜਾਪ ਕਰ ਰਹੇ ਸਨ। ਬੀਬੀ ਤੇ ਭਾਈ ਹਰਿੰਦਰ ਸਿੰਘ ਮਨ ਹੀ ਮਨ ਬਹੁਤ ਦੁਖੀ ਸਨ। ਗੁਰੂ ਘਰ ਦੇ ਨਿੰਦਕਾਂ ਦਾ ਮੂੰਹ ਬੰਦ ਕਰਨ ਲਈ ਕਿਹੋ ਜਿਹਾ ਭਾਣਾ ਵਰਤ ਗਿਆ; ਬਖ਼ਸ਼ੀਂ ਬਖ਼ਸ਼ਣਹਾਰ।

ਕੀਰਤਨ ਸੋਹਿਲੇ ਦੇ ਪਾਠ ਪਿੱਛੋਂ ਅਰਦਾਸ ਕੀਤੀ ਗਈ। ਸਾਰੀ ਸੰਗਤ ਵਾਹਿਗੁਰੂ ਦਾ ਜਾਪ ਕਰਦੀ ਸ਼ਮਸ਼ਾਨ ਭੂਮੀ ਵਿਚੋਂ ਬਾਹਰ ਆ ਗਈ। ਬੀਬੀ ਜ਼ਖ਼ਮੀਆਂ ਦੀ ਖ਼ਬਰਸਾਰ ਲਈ ਫਿਰ ਹਸਪਤਾਲ ਆ ਗਈ। ਉਹਦੇ ਮਨ ਨੂੰ ਕਿਵੇਂ ਵੀ ਚੈਨ ਨਹੀਂ ਸੀ। ਦੁੱਧ, ਚਾਹ ਤੇ

ਲੰਗਰ ਸਾਰਿਆਂ ਨੂੰ ਇੱਕ ਸਾਰ ਮਿਲ ਰਿਹਾ ਸੀ।

ਉਹ ਹਰ ਇੱਕ ਬੈੱਡ 'ਤੇ ਖਲੋ ਕੇ ਹਾਲ ਚਾਲ ਪੁੱਛਦੀ ਸੀ। ਉਨ੍ਹਾਂ ਦੀ ਲੋੜ ਨੋਟ ਕਰਦੀ। ਅਜੀਤ ਨਗਰ ਵਾਲੀ ਸੰਗਤ ਨੇ ਸੇਵਾ ਵਾਲੀ ਕਮਾਲ ਹੀ ਕਰ ਛੱਡੀ ਸੀ। ਕੋਈ ਘਰਦਿਆਂ ਨੂੰ ਐਨੀ ਹੁੱਬ ਨਾਲ ਨਹੀਂ ਸਾਂਭਦਾ, ਜਿੰਨੀ ਜ਼ਖ਼ਮੀ ਸਿੰਘਾਂ ਦੀ ਸੇਵਾ ਕੀਤੀ ਜਾ ਰਹੀ ਸੀ ਕਿਉਂਕਿ ਉਹ ਆਪੂੰ ਗੁਰੂ ਘਰ ਦੇ ਸ਼ਹੀਦਾਂ ਦੇ ਸਾਥੀ ਸਨ। ਪੰਥਕ ਦਰਦ ਉਮਡ ਉਮਡ ਪੈ ਰਿਹਾ ਸੀ। ਗੁਰਚਰਨ ਕੌਰ ਨੂੰ ਆਪਣੀ ਪੈਂਦ ਖਲੋਤੀ ਵੇਖ ਕੇ ਦੋ ਨਿਰੰਕਾਰੀ ਫੱਟੜ ਮੁੰਡੇ ਹੱਥ ਜੋੜ ਕੇ ਬਹਿ ਗਏ।

"ਨਾ ਬੱਚਿਓ, ਉਠੋ ਨਾ; ਜ਼ਖ਼ਮ ਮੁੜ ਖੁੱਲ੍ਹ ਜਾਣਗੇ।" ਬੀਬੀ ਨੇ ਉਨ੍ਹਾਂ ਨੂੰ ਆਪ ਪੈਂਦੇ ਕਰ ਦਿੱਤਾ।

"ਭੈਣ ਜੀ ਅਸੀਂ ਪਾਪੀ ਨਮਾਣੇ, ਗੁਰੂ ਘਰ ਤੋਂ ਬੇਮੁੱਖ; ਸਾਨੂੰ ਬਖ਼ਸ਼ੋ?" ਉਹ ਹੱਥ ਜੋੜੀ ਖ਼ਿਮਾ ਮੰਗ ਰਹੇ ਸਨ।

"ਗੁਰੂ ਸਭ ਨੂੰ ਬਖ਼ਸ਼ਣਹਾਰ ਐ। ਗੁਰੂ ਉੱਤੇ ਭਰੋਸਾ ਰੱਖੋ, ਸਭ ਦੁੱਖ ਟੁੱਟ ਜਾਣਗੇ।"

"ਭੈਣ ਜੀ ਅਸੀਂ ਨਿਰੰਕਾਰੀ ਦੇ ਆਖੇ ਲੱਗੇ। ਉਹਦੇ ਵਰਗਲਾਏ ਹਥਿਆਰ ਲੈ ਕੇ ਸਿੰਘਾਂ ਨੂੰ ਮਾਰਨ ਆਏ। ਅਸੀਂ ਸਿੰਘਾਂ ਦੇ ਕਾਤਲ, ਸਾਨੂੰ ਨਰਕ ਨਾ ਝੱਲੇ।" ਏਨੀ ਕਹਿ ਉਹ ਦੋਵੇਂ ਧਾਹੀਂ ਰੋ ਪਏ।

"ਨਾ ਮੇਰੇ ਬੱਚਿਓ ਰੋਵੋ ਨਾ। ਤੁਹਾਡਾ ਪਛਤਾਵਾ ਗੁਰੂ ਨੇ ਸੁਣ ਲਿਆ। ਉਹ ਘਟ ਘਟ ਦੀਆਂ ਜਾਣਦਾ ਹੈ।"

"ਅਸਾਂ ਭੈਣ, ਤੁਹਾਨੂੰ ਮਾਰਿਆ, ਤੁਸਾਂ ਉਲਟਾ ਸਾਨੂੰ ਬਚਾਇਆ; ਆਪਣਾ ਖ਼ੂਨ ਦਿੱਤਾ। ਅਸੀਂ ਨਕਰਮਿਆਂ ਤੁਹਾਡਾ ਲਹੂ ਵਹਾਇਆ। ਕਿਥੇ ਦੇਣ ਦੇਵਾਂਗੇ। ਭੈਣ ਜੀ ਸਾਨੂੰ ਫ਼ਾਹਾ ਆਉਣਾ ਚਾਹੀਦਾ ਹੈ। ਅਸੀਂ ਕਿਵੇਂ ਵੀ ਮਾਫ਼ ਕੀਤੇ ਜਾਣ ਵਾਲੇ ਨਹੀਂ।" ਉਹ ਸਿਰ ਮਾਰ ਮਾਰ ਲੇਲੜੀਆਂ ਕੱਢ ਰਹੇ ਸਨ।

"ਪੁੱਤਰੋ, ਤਕੜੇ ਹੋਵੋ। ਤੁਹਾਡੇ ਅੰਦਰੋਂ ਸੱਚੀ ਗੁਰਸਿੱਖੀ ਧੜਕ ਪਈ ਹੈ। ਤੁਸਾਂ ਪੰਥ ਦੀ ਸ਼ਾਨ ਉੱਚੀ ਕਰਨ ਲਈ ਹਾਲੇ ਬੜੇ ਹੰਭਲੇ ਮਾਰਨੇ ਹਨ। ਮੈਨੂੰ ਦੱਸੋ, ਮੈਂ ਤੁਹਾਡੇ ਲਈ ਕੀ ਕਰ ਸਕਦੀ ਹਾਂ।" ਗੁਰਚਰਨ ਕੌਰ ਨੇ ਦੋਹਾਂ ਦੇ ਸਿਰ 'ਤੇ ਮਾਂ ਪਿਆਰ ਵਾਲਾ ਹੱਥ ਫੇਰਿਆ।

"ਭੈਣੇ, ਅਸੀਂ ਰਾਜ਼ੀ ਹੋ ਕੇ ਸਭ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਜਾਵਾਂਗੇ। ਸਾਡੀ ਭੁੱਲ ਬਖ਼ਸ਼ਾਉਣਾ ਅਤੇ ਅੰਮ੍ਰਿਤ ਛਕਾ ਕੇ ਆਪਣੇ ਲੜ ਲਾ ਲੈਣਾ। ਅਸੀਂ ਨਿਰੇ ਭੁੱਲਣਹਾਰ ਹੀ ਨਹੀ; ਗੁਨਾਹੀ ਹਾਂ। ਸਾਨੂੰ ਸ੍ਰੀ ਅਕਾਲ ਤਖ਼ਤ ਤੋਂ ਬਖ਼ਸ਼ਵਾ ਦਿਓ। ਅਸੀਂ ਸੱਚੇ ਗੁਰੂ ਦੀ ਸ਼ਰਨ ਵਿਚ ਆਉਣਾ ਚਾਹੁੰਦੇ ਆਂ। ਨਰਕਧਾਰੀ ਨੇ ਤਾਂ ਸਾਨੂੰ ਪਾਪੀ ਕਰ ਛੱਡਿਆ ਏ।"

ਉਨ੍ਹਾਂ ਦੋਵਾਂ ਦਾ ਪਛਤਾਵਾ ਵੇਖਣ ਵਾਲਾ ਸੀ। "ਸਾਡੇ ਸਕੇ ਵੀ ਸਾਡੀ ਖ਼ਬਰਸਾਰ ਲੈਣ ਨਹੀਂ ਆਏ। ਕਿਸੇ ਨਰਕਧਾਰੀ ਨੇ ਤਾਂ ਕੀ ਆਉਣਾ ਸੀ। ਤੁਹਾਡੀ ਸੇਵਾ ਨੇ ਸਾਨੂੰ ਨਵਾਂ ਜੀਵਨਦਾਨ ਦਿੱਤਾ ਹੈ। ਬਸ ਭੈਣ ਜੀ ਸਾਨੂੰ ਆਪਣੀ ਸਿੱਖੀ ਵਿਚ ਲੈ ਲਓ; ਏਹੀ ਬਾਰ ਬਾਰ ਬੇਨਤੀ ਹੈ।"

"ਗੁਰੂ ਸਭ ਨੂੰ ਬਖਸ਼ਣਹਾਰ ਐ। ਗੁਰੂ ਤੁਹਾਨੂੰ ਜ਼ਰੂਰ ਗਲ ਲਾਵੇਗਾ। ਸੱਚਾ ਪਛਤਾਵਾ

ਵੀ ਭਗਤੀ ਹੁੰਦੀ ਐ। ਸਿਮਰਨ ਹੁੰਦਾ ਹੈ।" ਉਹ ਉਨ੍ਹਾਂ ਨੂੰ ਪਿਆਰ ਥਾਪੜਾ ਦੇ ਕੇ ਅੱਗੇ ਵਧ ਗਈ।

ਭਾਈ ਹਰਿੰਦਰ ਸਿੰਘ ਮੁਕੱਦਮੇ ਦੀਆਂ ਘੁੰਡੀਆਂ ਬੀਬੀ ਨਾਲੋਂ ਕਿਤੇ ਵਧ ਜਾਣਦਾ ਸੀ। ਉਸ ਸਲਾਹ ਦਿੱਤੀ।

"ਭੈਣ ਜੀ, ਐਨੇ ਕਤਲਾਂ ਦਾ ਮੁਕੱਦਮਾ ਮਾੜੀ ਮੋਟੀ ਗੱਲ ਨਹੀਂ। ਅਸੀਂ ਐਨਾ ਖ਼ਰਚ ਵੀ ਨਹੀਂ ਕਰ ਸਕਾਂਗੇ। ਸਾਨੂੰ ਚਾਹੀਦਾ ਹੈ ਬਾਦਲ ਨੂੰ ਕਹਿ ਕੇ ਕੇਸ ਸਰਕਾਰੀ ਬਣਾ ਦੇਈਏ। ਬਾਹਰੋਂ ਸਰਕਾਰੀ ਵਕੀਲਾਂ ਦੀ ਡੱਟ ਕੇ ਮਦਦ ਕਰੀਏ। ਜੋ ਉਹ ਮੰਗਣ, ਪੂਰਾ ਕਰੀਏ।"

"ਭਰਾ ਹਰਿੰਦਰ ਸਿਆਂ, ਮੈਂ ਮੁਕੱਦਮੇ ਨਹੀਂ ਲੜੇ, ਵਾਕਫ਼ੀ ਵੀ ਕੋਈ ਨਹੀਂ। ਜਿਵੇਂ ਤੂੰ ਕਹੇਂਗਾ, ਨਾਲ ਸਾਥ ਜ਼ਰਰ ਦਿਆਂਗੀ।"

ਉਨ੍ਹਾਂ ਦੋਹਾਂ ਨੇ ਸਰਕਟ ਹਾਊਸ ਵਿਚ ਬਾਦਲ ਦੀ ਮੁੜ ਮੁਲਾਕਾਤ ਜਾ ਕੀਤੀ ਅਤੇ ਜ਼ੋਰ ਪਾਇਆ, ਕੇਸ ਸਰਕਾਰੀ ਹੱਥਾਂ ਵਿਚ ਲਿਆ ਜਾਵੇ। ਬਾਦਲ ਸਾਹਬ ਮੰਨ ਗਏ। ਉਨ੍ਹਾਂ ਸਰਕਾਰ ਤਰਫ਼ੋਂ ਕੇਸ ਲੜਨ ਦੀਆਂ ਤਿਆਰੀਆਂ ਅਰੰਭ ਦਿੱਤੀਆਂ। ਕੇਸ ਸਰਕਾਰੀ ਬਣ ਜਾਣ ਪਿੱਛੋਂ ਭਰਾ ਨੇ ਭੈਣ ਨੂੰ ਬੇਨਤੀ ਕੀਤੀ:

"ਕਿਉਂ ਨਾ ਸੰਤ ਜਰਨੈਲ ਸਿੰਘ ਨੂੰ ਮਿਲ ਕੇ ਨਬੇੜਾ ਕਰ ਲਿਆ ਜਾਵੇ; ਕੇਸ ਵਿਚ ਤੁਸੀਂ ਕੀ ਯੋਗਦਾਨ ਪਾਓਗੇ?"

"ਬਿਲਕੁਲ ਠੀਕ ਐ, ਗੱਲ ਦਾ ਚਾਗਾ ਵੀ ਤਾਂ ਉਨ੍ਹਾਂ ਹੀ ਚੁੱਕਿਆ ਸੀ।" ਗੁਰਚਰਨ ਕੌਰ ਨੂੰ ਗੱਲ ਠੀਕ ਲੱਗੀ।

ਉਹ ਦੋਵੇਂ ਗੁਰੂ ਰਾਮਦਾਸ ਸਰਾਂ ਵਿਚ ਆ ਗਏ; ਜਿੱਥੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਠਹਿਰੇ ਹੋਏ ਸਨ। ਫ਼ਤਹਿ ਬੁਲਾਉਣ ਪਿੱਛੋਂ ਭਾਈ ਹਰਿੰਦਰ ਸਿੰਘ ਨੇ ਬੇਨਤੀ ਕੀਤੀ।

"ਸੰਤ ਜੀ, ਘੱਲੂਘਾਰਾ ਤਾਂ ਵਾਪਰ ਗਿਆ। ਤੁਹਾਡੇ ਬੰਦੂਕਾਂ ਵਾਲੇ ਦੋਵੇਂ ਸਿੰਘ ਰਣ ਤੱਤੇ ਵਿਚੋਂ ਨੱਠ ਆਏ। ਭਾਈ ਫ਼ੌਜਾ ਸਿੰਘ ਨੇ ਤੁਹਾਡੇ ਭੱਜੇ ਆਉਂਦੇ ਸਿੰਘਾਂ ਤੋਂ ਬੰਦੂਕਾਂ ਮੰਗੀਆਂ, ਪਰ ਉਹ ਨਾਲ ਹੀ ਲੈ ਆਏ ਤੇ ਸ਼ਹੀਦੀ ਭਾਣਾ ਵਰਤ ਗਿਆ। ਤੁਹਾਡੇ ਦੋ ਅਤੇ ਅਖੰਡ ਕੀਰਤਨੀ ਜੱਥੇ ਦੇ ਗਿਆਰਾਂ ਸਿੰਘ ਸ਼ਹੀਦ ਹੋ ਗਏ। ਹੁਣ ਤੁਸੀਂ ਅਗਲੇ ਪੜਾਵਾਂ ਅਥਵਾ ਮੁਕੱਦਮੇ ਬਾਰੇ ਦੱਸੋ?"

ਬੀਬੀ ਗੁਰਚਰਨ ਕੌਰ ਨੇ ਨਜ਼ਰਾਂ ਸੰਤ ਜਰਨੈਲ ਸਿੰਘ ਦੇ ਚੁੱਪ ਚਿਹਰੇ ਉੱਤੇ ਗੱਡੀਆਂ ਹੋਈਆਂ ਸਨ। ਸੋਚ-ਸੋਚ ਸੰਤ ਨੇ ਆਖਿਆ:

"ਭਾਈ ਸਾਹਿਬ ਜੀ ਕੇਸ ਲੜਨ ਦੀ ਮੈਨੂੰ ਕੋਈ ਸਮਝ ਨਹੀਂ; ਇਸ ਮਾਮਲੇ ਵਿਚ ਮੈਂ ਅਸਲੋਂ ਅਨਾੜੀ ਆਂ। ਮੁਕੱਦਮਾ ਲੜਨ ਲਈ ਤੁਸੀਂ ਕਿਤੇ ਵੱਧ ਸਿਆਣੇ ਲੱਗਦੇ ਹੋ। ਮੈਨੂੰ ਪ੍ਰਚਾਰ ਵਾਲਾ ਪੱਖ ਦੇ ਛੱਡੋ।"

"ਜਿਵੇਂ ਤੁਸੀਂ ਠੀਕ ਸਮਝੋ। ਅਸੀਂ ਦੋਵੇਂ ਧਿਰਾਂ ਇੱਕ ਸੋਚ, ਇੱਕ ਸਲਾਹ ਨਾਲ ਚੱਲੀਏ।"

"ਅਸੀਂ ਹਰ ਤਰ੍ਹਾਂ ਪੂਰਾ ਪੂਰਾ ਸਾਥ ਦਿਆਂਗੇ।" ਸੰਤਾਂ ਨੇ ਭੈਣ ਭਰਾ ਨੂੰ ਹਰ ਤਰ੍ਹਾਂ ਯਕੀਨ ਦੁਆਇਆ। ਦੋਵੇਂ ਸੰਪਰਦਾਵਾਂ ਮੁਕੱਦਮੇ ਦੀ ਤਿਆਰੀ ਵਿਚ ਰੁੱਝ ਗਈਆਂ।

ਇੱਕੀਵਾ ਕਾਂਡ

ਨਵੇਂ ਡਿਪਟੀ ਕਮਿਸ਼ਨਰ ਦੇ ਆ ਜਾਣ ਨਾਲ ਸਿੰਘਾਂ ਨੂੰ ਅਹਿਸਾਸ ਹੋ ਗਿਆ; ਸ਼ਾਇਦ ਹੁਣ ਸਾਨੂੰ ਸ਼ਹੀਦਾਂ ਦੇ ਮੁਕੱਦਮਿਆਂ ਵਿਚੋਂ ਨਿਆਂ ਮਿਲ ਸਕੇ। ਪਹਿਲੇ ਡੀ. ਸੀ. ਬਾਰੇ ਇਹ ਖਿਆਲ ਕੀਤਾ ਜਾਂਦਾ ਸੀ ਕਿ ਉਹ ਨਿਰੰਕਾਰੀਆਂ ਨਾਲ ਮਿਲਿਆ ਹੋਇਆ ਹੈ। ਮੁਕੱਦਮਾ ਸਰਕਾਰੀ ਬਣਨ ਨਾਲ ਦੋਵਾਂ ਸਰਕਾਰੀ ਵਕੀਲਾਂ ਲੋਹੜੇ ਦੀ ਮਿਹਨਤ ਆਰੰਭ ਦਿੱਤੀ। ਮੁਕੱਦਮਾ ਜਿੱਤ ਲੈਣ ਨਾਲ ਉਹ ਮੁੱਖ ਮੰਤਰੀ ਪਾਸੋਂ ਸ਼ਾਬਾਸ਼ ਨਾਲ ਇਨਾਮ ਵੀ ਲੋਚਦੇ ਸਨ। ਸਬੂਤ, ਅੰਕੜੇ ਅਤੇ ਗਵਾਹ ਪੂਰੀ ਤਰ੍ਹਾਂ ਤਿਆਰ ਸਨ। ਵਕੀਲਾਂ ਭਾਈ ਹਰਿੰਦਰ ਸਿੰਘ ਅਤੇ ਗੁਰਚਰਨ ਕੌਰ ਨੂੰ ਹਿੱਕ ਥਾਪੜੀ, ਜੇ ਅਸੀਂ ਤਿਆਰੀ ਅਨੁਸਾਰ, ਸਬੂਤਾਂ ਸਮੇਤ ਗਵਾਹ ਭੁਗਤਾਅ ਗਏ, ਕੋਈ ਵਜ੍ਹਾ ਨਹੀਂ, ਨਿਰੰਕਾਰੀ ਮੁਖੀ ਨੂੰ ਸਜ਼ਾ ਨਾ ਹੋਵੇ।

ਦੂਜੇ ਪਾਸੇ ਨਿਰੰਕਾਰੀ ਮੁਖੀ ਮੁਕੱਦਮਾ ਸਰਕਾਰੀ ਅਤੇ ਕਰੜਾ ਹੋ ਜਾਣ ਉੱਤੇ ਅਕਲਾਂ ਦੇ ਘੋੜੇ ਭਜਾਉਣ ਲੱਗਾ। ਉਸ ਨੂੰ ਦਿੱਲੀ ਸਰਕਾਰ ਉੱਤੇ ਮਾਣ ਅਤੇ ਭਰੋਸਾ ਸੀ। ਉਸ ਕੇਂਦਰ ਦੀ ਸ਼ਹਿ 'ਤੇ ਹੀ ਸਿੱਖ ਪੰਥ ਦੇ ਮੁਕਾਬਲੇ ਵਿਚ ਆਪਣਾ ਦਲ ਖੜ੍ਹਾ ਕੀਤਾ ਸੀ ਅਤੇ ਗੁਰੂ ਘਰ ਬਾਰੇ ਗ਼ਲਤ-ਫ਼ਹਿਮੀਆਂ ਪੈਦਾ ਕਰਨ ਵਾਲੀਆਂ ਗੱਲਾਂ ਦਾ ਪ੍ਰਚਾਰ ਛੋਹਿਆ ਹੋਇਆ ਸੀ। ਦੱਸਿਆ ਜਾਂਦਾ ਸੀ, ਭਾਈ ਗੁਰਦਾਸ ਜੀ ਅਤੇ ਬੁੱਢਾ ਜੀ ਆਦਿ ਉਸ ਆਪਣੇ ਸੂਬਿਆਂ ਦੇ ਨਾਂ ਰੱਖੇ ਹੋਏ ਸਨ ਅਤੇ ਮਾਤਾ ਤ੍ਰਿਪਤਾ ਜੀ ਅਤੇ ਬੇਬੇ ਨਾਨਕੀ ਜੀ ਆਦਿ ਆਪਣੇ ਜਥੇ ਦੀਆਂ ਬੀਬੀਆਂ ਨੂੰ ਖ਼ਿਤਾਬ ਬਖ਼ਸ਼ੇ ਹੋਏ ਸਨ। ਇਉਂ ਸਿੱਖ ਇਤਿਹਾਸ ਨੂੰ ਖ਼ਲਤ-ਮਲਤ ਕੀਤਾ ਜਾ ਰਿਹਾ ਸੀ। ਸਰਕਾਰੀ ਅਫ਼ਸਰਾਂ ਦੀ ਸਹਾਇਤਾ ਨਾਲ ਨਿਰੰਕਾਰੀ ਮੁਖੀ ਆਪਣਾ ਕੇਸ ਪੰਜਾਬ ਤੋਂ ਬਾਹਰ ਕਰਨਾਲ ਲੈ ਗਿਆ। ਦਰਖ਼ਾਸਤ ਵਿਚ ਉਸ ਲਿਖਿਆ ਸੀ, ਕਿਉਂਕਿ ਪੰਜਾਬ ਵਿਚ ਸਰਕਾਰ ਅਕਾਲੀਆਂ ਦੀ ਹੈ; ਜਿਸ ਕਤਲ ਦਾ ਕੇਸ ਸਰਕਾਰੀ ਬਣਾ ਦਿੱਤਾ ਹੈ; ਮੈਨੂੰ ਅੰਮ੍ਰਿਤਸਰ ਵਿਚ ਨਿਆਂ ਮਿਲਣ ਦੀ ਕੋਈ ਆਸ ਨਹੀਂ। ਹਾਈ ਕੋਰਟ ਨੇ ਮੁਕੱਦਮਾ ਬਦਲ ਦਿੱਤਾ, ਕਿਉਂਕਿ ਪਹਿਲਾਂ ਹੀ ਉਸ ਦੀ ਜ਼ਮਾਨਤ ਮਨਜ਼ੂਰ ਹੋ ਚੁੱਕੀ ਸੀ। ਹੁਣ ਸਿੰਘਾਂ ਨੂੰ ਸ਼ੱਕ ਹੋ ਗਿਆ, ਜਿਹੜਾ ਕੇਸ ਪੰਜਾਬ ਤੋਂ ਬਾਹਰ ਚਲਾ ਗਿਆ ਹੈ, ਸਾਨੂੰ ਇਨਸਾਫ਼ ਦੀ ਆਸ ਕਿਵੇਂ ਹੋ ਸਕਦੀ ਹੈ। ਭਾਈ ਹਰਿੰਦਰ ਸਿੰਘ ਵੀ ਸਮਝਦਾ ਸੀ, ਜ਼ਮਾਨਤ ਤੇ ਮੁਕੱਦਮੇ ਦੀ ਬਦਲਾਈ ਸਰਕਾਰੀ ਦਖ਼ਲ ਕਾਰਨ ਹੋਈ ਹੈ, ਪਰ ਸਰਕਾਰੀ ਵਕੀਲਾਂ ਭਰੋਸਾ ਦਿੱਤਾ।

"ਕਾਨੂੰਨ ਤਾਂ ਹਰ ਥਾਂ ਓਹੀ ਹੈ। ਤੁਸੀਂ ਘਬਰਾਓ ਨਾ, ਆਪਣੀ ਤਿਆਰੀ ਮੁਕੰਮਲ ਅਤੇ ਗਵਾਹ ਠੋਸ ਹਨ।" ਗੁਰਚਰਨ ਕੌਰ ਆਪਣੀ ਥਾਂ ਮਹਿਸੂਸ ਕਰਦੀ ਸੀ।

"ਜੁਡੀਸ਼ਰੀ ਆਖ਼ਿਰ ਨੂੰ ਸਰਕਾਰ ਦੇ ਅਧੀਨ ਹੈ, ਭਾਵੇਂ ਕਿੰਨੀ ਆਜ਼ਾਦ ਕਿਉਂ ਨਾ ਹੋਵੇ। ਜ਼ਮਾਨਤ ਦਾ ਹੋਣਾ ਤੇ ਕੇਸ ਦਾ ਬਦਲਣਾ; ਸਬੂਤ ਸਾਡੇ ਸਾਹਮਣੇ ਹਨ।"

"ਤੁਸੀਂ ਬੀਬੀ ਜੀ ਵਹਿਮ ਨਾ ਕਰੋ।"

ਭੈਣ ਭਰਾ ਨੇ ਆਪਣੇ ਧੁੜਕੂ ਦੇ ਬਾਵਜੂਦ ਸਰਕਾਰੀ ਵਕੀਲਾਂ 'ਤੇ ਵਿਸ਼ਵਾਸ ਕਰ ਲਿਆ। ਸਰਕਾਰੀ ਵਕੀਲ ਇਸ ਲਈ ਦ੍ਰਿੜ੍ਹਤਾ ਵਿਖਾ ਰਹੇ ਸਨ; ਕਿਉਂਕਿ ਨਿਰੰਕਾਰੀਆਂ ਦੇ

ਦੋ ਆਹੁਦੇਦਾਰ, ਗਵਾਹਾਂ ਵਜੋਂ ਆਪਣੇ ਹੱਕ ਵਿਚ ਕਰ ਲਏ ਸਨ। ਕਰਨਾਲ ਵਿਚ ਸੈਸ਼ਨ ਜੱਜ ਦੇ ਮੁਕੱਦਮਾ ਸ਼ੁਰੂ ਹੋ ਗਿਆ। ਗਵਾਹੀਆਂ ਭੁਗਤਾਈਆਂ ਜਾਣ ਲੱਗੀਆਂ। ਸਰਕਾਰੀ ਵਕੀਲ ਨੇ ਅਰਜ਼ ਕੀਤੀ:

"ਮਾਈ ਲਾਰਡ! ਤੇਰਾਂ ਅਪ੍ਰੈਲ, 1978 ਦੀ ਵਿਸਾਖੀ ਵਾਲੇ ਦਿਨ ਬੇਨਤੀ ਕਰਨ ਗਏ ਸਿੰਘਾਂ ਨੂੰ, ਨਰੰਕਾਰੀ ਮੁਖੀ ਦੇ ਆਦੇਸ਼ ਉੱਤੇ ਪੂਰੀ ਤਿਆਰੀ ਅਤੇ ਸਾਜ਼ਿਸ਼ ਅਧੀਨ ਤੇਰਾਂ ਸਿੰਘਾਂ ਦਾ ਕਤਲ ਕੀਤਾ ਗਿਆ ਹੈ। ਗੱਲ ਸੁਣਨ ਦੀ ਥਾਂ ਉਨ੍ਹਾਂ ਉੱਤੇ ਗੋਲੀਆਂ ਦੀ ਬੋਛਾੜ ਕਰ ਦਿੱਤੀ। ਮੈਂ ਸ਼ੈਸਨ ਨਿਰੰਕਾਰੀ ਸੈਕਟ ਦੇ ਗਵਾਹਾਂ ਰਾਹੀਂ ਹੀ ਸਬੂਤ ਪੇਸ਼ ਕਰਨ ਦੀ ਅਜਾਜ਼ਤ ਮੰਗਦਾ ਹਾਂ।" ਵਕੀਲ ਨੇ ਸ਼ੈਸਨ ਜੱਜ ਵੱਲ ਤੱਕਿਆ।

"ਅਜਾਜ਼ਤ ਹੈ।" ਜੱਜ ਨੇ ਨਾਲ ਹੀ ਇਸ਼ਾਰਾ ਵੀ ਦੇ ਦਿੱਤਾ।

ਵਕੀਲ ਦੀ ਸੈਨਤ ਨਾਲ ਤਿਆਰ ਕੀਤਾ ਨਿਰੰਕਾਰੀ, ਉੱਠ ਕੇ ਗਵਾਹ ਬੌਕਸ ਵਿਚ ਆ ਖਲੋਤਾ। ਨਿਰੰਕਾਰੀ ਦੋਸ਼ੀ, ਆਪਣੇ ਹੀ ਭਾਈਚਾਰੇ ਦੇ ਆਹੁਦੇਦਾਰ ਨੂੰ ਆਪਣੇ 'ਤੇ ਸ਼ਹਾਦਤ ਦਿੰਦਾ ਵੇਖ ਕੇ ਹੈਰਾਨ ਹੀ ਰਹਿ ਗਿਆ। ਸੱਚ ਆਖਣ ਦੀ ਸੌਂਹ ਚੁਕਾਣ ਪਿੱਛੋਂ ਵਕੀਲ ਨੇ ਗਵਾਹ ਨੂੰ ਪੁੱਛਿਆ:

"ਤੂੰ ਵਿਸਾਖੀ ਵਾਲੇ ਦਿਨ ਤੇਰਾਂ ਅਪ੍ਰੈਲ ਨੂੰ ਅੰਮ੍ਰਿਤਸਰ ਵਿਚ ਨਿਰੰਕਾਰੀ ਸਮਾਗਮ 'ਤੇ ਗਿਆ ਸੀ?"

"ਹਾਂ ਜੀ ਗਿਆ ਸੀ।" ਗਵਾਹ ਨੇ ਬਰਾਬਰ ਉੱਤਰ ਦਿੱਤਾ।

"ਕਿਉਂ ਗਿਆ ਸੀ?"

"ਮੈਨੂੰ ਜੀ ਗੁਰੂ ਸਾਹਿਬਾਨ ਦਾ ਹੁਕਮ ਸੀ। ਹੋਰ ਵੀ ਸਾਥੀਆਂ ਨੂੰ ਨਾਲ ਲੈ ਕੇ ਸਮਾਗਮ 'ਤੇ ਪਹੁੰਚਣਾ ਹੈ।"

"ਤੇਰਾ ਗੁਰੂ ਕੌਣ ਐ?"

"ਮੇਰੇ ਗੁਰੂਦੇਵ ਆਹ ਜੀ, ਸਾਹਮਣੇ ਖਲੋਤੇ ਐ।" ਉਸ ਨਿਰੰਕਾਰੀ ਮੁਖੀ ਵੱਲ ਹੱਥ ਕਰ ਦਿੱਤਾ।

"ਤੁਹਾਡੇ ਗੁਰੂ ਜੀ ਨੇ ਕੁਝ ਹੋਰ ਵੀ ਹਦਾਇਤਾਂ ਦਿੱਤੀਆਂ ਸਨ?"

"ਹਾਂ ਜੀ, ਹੁਕਮ ਸੀ, ਸਾਰਿਆਂ ਨੂੰ ਹਥਿਆਰਾਂ ਨਾਲ ਲੈੱਸ ਕਰ ਕੇ ਲਿਆਉਣਾ ਹੈ।"

"ਤੁਸਾਂ ਹਥਿਆਰ ਲਿਆਂਦੇ? ਤੁਹਾਡੀ ਪੂਰੀ ਤਿਆਰੀ ਸੀ?"

"ਜੀ ਮਹਾਰਾਜ।" ਗਵਾਹ ਹਾਮੀ ਭਰ ਗਿਆ।

"ਫੇਰ ਤੁਸੀਂ ਹਥਿਆਰ ਚਲਾਏ, ਫ਼ਾਇਰ ਕੀਤੇ, ਤੀਰ ਕਮਾਣਾਂ ਵਾਹੀਆਂ, ਪਰ ਕੀਹਦੇ ਹੁਕਮ ਨਾਲ?"

"ਹੁਕਮ ਸਾਡੇ ਗੁਰੂਦੇਵ ਜੀ ਦਾ ਸੀ।"

"ਕਿਹੜੇ ਗੁਰੂ ਦਾ?"

"ਆਹ ਜੀ ਤੁਹਾਡੇ ਸਾਹਮਣੇ ਖਲੋਤੇ ਐ।"

ਐਨੀ ਗੱਲ ਸੁਣ ਕੇ ਨਿਰੰਕਾਰੀ ਮੁਖੀ ਪਹਿਲੋਂ ਕੰਬਿਆ; ਫਿਰ ਕੋਰਟ ਵਿਚ ਗ਼ਸ਼ ਖਾ ਕੇ ਡਿੱਗ ਪਿਆ। ਉਸ ਸਮਝ ਲਿਆ, ਜਦੋਂ ਸਾਡੇ ਵਿਚੋਂ ਹੀ ਭਵੀਖਣ ਉੱਠ ਖਲੋਤੇ, ਬੱਚਤ ਦੀ ਕੀ ਆਸ ਹੋ ਸਕਦੀ ਹੈ। ਉਨ੍ਹਾਂ ਨੂੰ ਫੜ ਕੇ ਉਠਾਇਆ ਗਿਆ ਅਤੇ ਪਾਣੀ ਪਿਆ ਕੇ ਹੋਸ਼ ਪਰਤਾਈ ਗਈ। ਉਸ ਸਿਰ ਝੁੰਜਕ ਕੇ ਜੱਜ ਨੂੰ ਬੇਨਤੀ ਕੀਤੀ।

"ਜਨਾਬ ਮੇਰੀ ਤਬੀਅਤ ਠੀਕ ਨਹੀਂ, ਚੱਕਰ ਆ ਰਹੇ ਹਨ।"

ਉਸ ਦੇ ਵਕੀਲ ਨੇ ਝੱਟ ਮੌਕਾ ਸਾਂਭਿਆ।

"ਜਨਾਬ ਜੀ, ਮੁਕੱਦਮਾ ਕੁਝ ਦਿਨਾਂ ਲਈ ਮੁਲਤਵੀ ਕਰਨ ਦੀ ਮਿਹਰਬਾਨੀ ਕੀਤੀ ਜਾਵੇ?"

"ਨਹੀਂ ਜਨਾਬ", ਸਿੰਘਾਂ ਦਾ ਸਰਕਾਰੀ ਐਡਵੋਕੇਟ ਬੋਲ ਪਿਆ। "ਅਸਾਂ, ਇਕ ਹੋਰ ਗਵਾਹ ਹਾਲੇ ਭੁਗਤਾਉਣਾ ਹੈ।"

"ਕੇਸ ਚਾਲੂ ਰਹੇ।" ਜੱਜ ਕਹਿ ਗਿਆ।

ਦੋਸ਼ੀ ਦੇ ਵਕੀਲ ਨੇ ਗਵਾਹ 'ਤੇ ਜਿਰਾਹ ਕੀਤੀ। ਉਸ ਜੋ ਆਖਿਆ ਸੀ, ਉਸ 'ਤੇ ਡਟਿਆ ਰਿਹਾ। ਵਕੀਲ ਨੇ ਕਈ ਹੇਰ-ਫੇਰ ਮਾਰੇ, ਪਰ ਗਵਾਹ ਪੱਕਾ ਸੀ, ਜਰਕਿਆ ਨਾ। ਵਕੀਲ ਨੇ ਜ਼ੋਰ ਦੇ ਕੇ ਕਿੰਨੇ ਹੀ ਸਵਾਲ ਕਰ ਮਾਰੇ।

"ਤੂੰ ਆਪਣੇ ਗੁਰੂ ਦੇ ਖਿਲਾਫ਼ ਗਵਾਹੀ ਦੇਣ ਲਈ ਖੁੱਲ੍ਹੇ ਗੱਫੇ ਲਏ ਐ; ਤੂੰ ਝੂਠ ਬੋਲਦਾ ਏਂ.....?"

"ਨਹੀਂ ਸਾਹਬ, ਮੇਰੇ ਗੁਰੂ ਨੇ ਹਮੇਸ਼ਾ ਸੱਚ ਬੋਲਣ ਦਾ ਆਦੇਸ਼ ਦਿੱਤਾ ਹੈ। ਮੈਂ ਸੱਚੋ-ਸੱਚ ਆਖਿਆ ਏ।"

ਸਰਕਾਰੀ ਵਕੀਲਾਂ, ਜਿਵੇਂ ਉਸ ਨੂੰ ਪਾਣ ਚਾੜ੍ਹ ਕੇ ਤਿਆਰ ਕੀਤਾ ਸੀ; ਉਹ ਉਸ ਤਰ੍ਹਾਂ ਹੀ ਕਾਇਮ ਰਿਹਾ। ਦੋਸ਼ੀ ਦਾ ਵਕੀਲ ਨਿਰਾਸ਼ ਹੋ ਕੇ ਪਿਛਾਂਹ ਹਟ ਗਿਆ।

ਦੂਜਾ ਗਵਾਹ ਵੀ ਪਹਿਲੇ ਦੀ ਪੈੜ ਵਿਚ ਪੈੜ ਰੱਖ ਕੇ ਭੁਗਤ ਗਿਆ। ਉਹ ਨਾ ਡੋਲ੍ਹਿਆ ਤੇ ਨਾ ਹੀ ਘਬਰਾਇਆ, ਵਿਰੋਧੀ ਵਕੀਲ ਉਸ ਨੂੰ ਵੀ ਪੈਰੋਂ ਨਾ ਉਖਾੜ ਸਕਿਆ। ਨਿਰੰਕਾਰੀ ਮੁਖੀ ਦੇ ਦਿਲ ਨੂੰ ਘਬਰਾਹਟ ਨਾਲ ਘੁਮੇਰਾਂ ਪੈ ਰਹੀਆਂ ਸਨ। ਉਸ ਜੱਜ ਨਾਲ ਅੱਖ ਮਿਲਾਈ। ਜੱਜ ਨੇ ਦੋਸ਼ੀ ਦੀ ਪਤਲੀ ਪੈਂਦੀ ਜਾਂਦੀ ਹਾਲਤ ਜਾਂਚ ਕੇ ਮੁਕੱਦਮੇ ਦੀ ਨਵੀਂ ਤਾਰੀਖ਼ ਨੀਅਤ ਕਰ ਦਿੱਤੀ। ਕੋਰਟ ਤੋਂ ਬਾਹਰ ਆ ਕੇ ਵੀ ਮੁਖੀ ਨੂੰ ਤਰੇਲੀਆਂ ਆ ਰਹੀਆਂ ਸਨ। ਉਹ ਸਮਝਦਾ ਸੀ, ਘਰ ਦੇ ਗਵਾਹ ਦੀ ਤਾਂ ਸੈਨਤ ਮਾਨ ਨਹੀਂ; ਠੋਕ ਕੇ ਦਿੱਤੀ ਗਵਾਹੀ ਸਜ਼ਾ ਤੋਂ ਕਿਵੇਂ ਛੁਡਾਵੇਗੀ। ਕੁਝ ਕਰਨਾ ਪਵੇਗਾ; ਨਹੀਂ ਤਾਂ ਸਜ਼ਾ ਨਾਲ ਨਿਰੰਕਾਰੀ ਮਿਸ਼ਨ ਨੂੰ ਵੀ ਵੱਡੀ ਢਾਹ ਲੱਗੇਗੀ। ਸ਼ਾਇਦ ਪੱਟੀ-ਮੇਸ ਹੀ ਹੋ ਜਾਵੇ। ਉਸ ਦਿੱਲੀ ਆ ਕੇ ਇੱਕ ਵੱਡੇ ਸਰਕਾਰੀ ਅਧਿਕਾਰੀ ਨਾਲ ਫ਼ੋਨ 'ਤੇ ਕਿੰਨਾ ਹੀ ਚਿਰ ਵਿਚਾਰ-ਵਟਾਂਦਰਾ ਕੀਤਾ ਅਤੇ ਆਪਣੇ ਖ਼ਦਸ਼ੇ ਜ਼ਾਹਰ ਕੀਤੇ।

ਗਵਾਹੀਆਂ ਮੁਕੰਮਲ ਹੋ ਜਾਣ ਤੇ ਸਰਕਾਰੀ ਵਕੀਲਾਂ ਕੱਛਾਂ ਵਜਾਈਆਂ। ਉਨ੍ਹਾਂ ਭਾਈ ਹਰਿਦਰ ਸਿੰਘ, ਬੀਬੀ ਗੁਰਚਰਨ ਕੌਰ ਅਤੇ ਉਸ ਦੇ ਪਤੀ ਕਰਨਲ ਬਲਜੀਤ ਸਿੰਘ ਨੂੰ ਹਿੱਕ ਠੋਕ ਕੇ ਵਿਸ਼ਵਾਸ ਦੁਆਇਆ।

"ਸਰਦਾਰ ਜੀ ਕੋਈ ਵਜ੍ਹਾ ਨਹੀਂ, ਨਰੰਕਾਰੀ ਮੁਖੀ ਬਰੀ ਹੋ ਜਾਵੇ। ਨਰੰਕਾਰੀ ਦੀਆਂ ਗਵਾਹੀਆਂ ਨੇ ਅਸਲੋਂ ਜਿੰਦੇ ਜੜ੍ਹ ਦਿੱਤੇ ਹਨ।"

ਸਾਰੇ ਹੁਲਾਸ ਭਰੇ ਦਿਲ ਨਾਲ ਚਾਘੀਆਂ ਪਾਉਂਦੇ ਪੰਜਾਬ ਆ ਗਏ। ਪਰ ਉਨ੍ਹਾਂ ਦੀ ਖੁਸ਼ੀ ਇੱਕ ਦਮ ਮੋਆ ਖਾ ਗਈ; ਜਦੋਂ ਫ਼ੈਸਲੇ ਵਾਲੇ ਦਿਨ ਸੈਸ਼ਨ ਜੱਜ ਨੇ ਨਿਰੰਕਾਰੀ ਮੁਖੀ ਨੂੰ ਸਾਫ਼ ਬਰੀ ਕਰ ਦਿੱਤਾ। ਦੋਹਾਂ ਸਰਕਾਰੀ ਵਕੀਲਾਂ ਸਿਰ ਸੌ ਘੜਾ ਪਾਣੀ ਪੈ ਗਿਆ। ਸਿੰਘਾਂ ਦੇ ਮੂੰਹ ਉਡ ਗਏ। ਵਕੀਲ ਮਹਿਸੂਸ ਕਰ ਰਹੇ ਸਨ: ਕਾਨੂੰਨ ਐਨਾ ਵੀ ਉਲਟ ਪੈ ਸਕਦਾ ਹੈ? ਪੂਰੇ ਸਬੂਤਾਂ ਦੇ ਹੁੰਦਿਆਂ ਦੋਸ਼ੀ ਨੂੰ ਬਰੀ ਕਰ ਦੇਵੇ?

"ਇਹ ਸਾਡੇ ਨਾਲ ਧੱਕਾ ਹੈ, ਜ਼ੁਲਮ ਤੇ ਬੇਇਨਸਾਫ਼ੀ।" ਗੁਰਚਰਨ ਕੌਰ ਨੇ ਸਿਰ

ਮਾਰਦਿਆਂ ਵਕੀਲਾਂ ਨੂੰ ਆਖਿਆ। "ਤੁਸੀਂ ਸਾਨੂੰ ਝੂਠੀਆਂ ਤਸੱਲੀਆਂ ਦਿੰਦੇ ਰਹੇ। ਮੈਨੂੰ ਤਾਂ ਉਸ ਦਿਨ ਹੀ ਸ਼ੱਕ ਹੋ ਗਈ ਸੀ, ਜਿਸ ਦਿਨ ਮੁਕੱਦਮਾ ਬਦਲ ਕੇ ਕਰਨਾਲ ਆਇਆ ਸੀ। ਅਨਿਆਂ ਕਰਵਾਉਣ ਵਾਲੀ ਸਰਕਾਰ ਤੇਰੇ ਹਰ ਦੂ ਲਾਹਨਤ!"

"ਨਹੀਂ ਬੀਬੀ ਜੀ ਤੁਸੀਂ ਘਬਰਾਓ ਨਾ, ਆਪਾਂ ਹਾਈਕੋਰਟ ਵਿੱਚ ਅਪੀਲ ਕਰਾਂਗੇ।" ਸਰਕਾਰੀ ਵਕੀਲ ਫ਼ੈਸਲੇ 'ਤੇ ਹੈਰਾਨ ਸਨ, ਇਸ ਤਰ੍ਹਾਂ ਦੀ ਜੱਜਮੈਂਟ ਕਿਵੇਂ ਆ ਗਈ; ਜ਼ਰੂਰ ਦਾਲ ਵਿਚ ਕਾਲਾ ਹੈ।

"ਭਰਾਵਾ, ਜਿੱਥੇ ਸਰਕਾਰਾਂ ਹੀ ਦੁਸ਼ਮਣ ਹੋ ਜਾਣ, ਓਥੇ ਮਾੜੇ ਨੂੰ ਨਿਆਂ ਕਿੱਥੇ। ਮੈਨੂੰ ਕੋਈ ਆਸ ਨਹੀਂ ਰਹੀ।" ਗੁਰਚਰਨ ਕੌਰ ਟੁੱਟ ਕੇ ਰਹਿ ਗਈ।

"ਭੈਣ ਜੀ, ਤੁਸੀਂ ਦਿਲ ਨਾ ਹਾਰੋ; ਹਾਈਕੋਰਟ ਦੋਸ਼ੀ ਨੂੰ ਜ਼ਰੂਰ ਸਜ਼ਾ ਦੇਵੇਗਾ। ਐਨੇ ਪੱਕੇ ਸਬੂਤਾਂ ਪਿੱਛੋਂ ਦੋਸ਼ੀ ਨੂੰ ਛੱਡ ਕਿਵੇਂ ਦਿੱਤਾ; ਸਾਡੀ ਸਮਝ ਵਿਚ ਨਹੀਂ ਆ ਰਿਹਾ।"

"ਇਹ ਘਾਲ੍ਹਾ ਮਾਲ੍ਹਾ ਸਾਡੀ ਸਮਝ ਵਿਚ ਆਉਂਦਾ ਏ। ਹਾਈ ਕੋਰਟ ਸਰਕਾਰ ਤੋਂ ਕਿੰਨਾ ਕੁ ਉੱਚਾ ਹੋ ਸਕਦਾ ਹੈ? ਵਿਚਾਰੇ ਜੱਜ ਸਰਕਾਰ ਤੋਂ ਕਿਵੇਂ ਬਾਹਰੇ ਹੋ ਸਕਦੇ ਹਨ?"

"ਨਹੀਂ, ਅਸੀਂ ਅਪੀਲ ਦੀ ਤਿਆਰੀ ਕਰਦੇ ਆਂ। ਏਸ ਸੈਸ਼ਨ ਜੱਜ ਨੇ ਤਾਂ ਅਪੀਲ ਕਰਨ ਦੀ ਮਨਜ਼ੂਰੀ ਨਹੀਂ ਦੇਣੀ; ਸਾਨੂੰ ਹਾਈਕੋਰਟ ਦਾ ਦਰਵਾਜ਼ਾ ਠਕੋਰਨਾ ਪੈਣਾ ਹੈ।" ਸਿੱਖ ਵਕੀਲ ਔਖਾ ਸਾਹ ਭਰ ਗਿਆ।

ਦੋਵੇਂ ਵਕੀਲ ਮੁਕੱਦਮਾ ਜਿੱਤ ਕੇ ਸਰਕਾਰ ਤੋਂ ਸ਼ਾਬਾਸ਼ ਲੈਣਾ ਚਾਹੁੰਦੇ ਸਨ, ਕਿਉਂਕਿ ਉਹ ਸਮਝਦੇ ਸਨ ਇਹ ਕਤਲ ਕੇਸ ਸਰਕਾਰ ਲਈ ਵਕਾਰੀ ਹੈ। ਗੁਰਚਰਨ ਕੌਰ ਅਤੇ ਹਰਿੰਦਰ ਸਿੰਘ ਨੇ ਵਾਰਸਾਂ ਵਜੋਂ ਬੇਨਤੀ ਪੱਤਰ 'ਤੇ ਦਸਖ਼ਤ ਕੀਤੇ। ਉਨ੍ਹਾਂ ਫ਼ੈਸਲੇ ਦੀਆਂ ਨਕਲਾਂ ਲੈ ਲਈਆਂ। ਕੇਸ ਦੀ ਫ਼ਾਈਲ ਮੁਕੰਮਲ ਕਰਕੇ ਬੀਬੀ ਤੇ ਭਾਈ ਹਰਿੰਦਰ ਸਿੰਘ ਬਾਦਲ ਸਾਹਿਬ ਨੂੰ ਚੰਡੀਗੜ੍ਹ ਉਸ ਦੀ ਕੋਠੀ ਜਾ ਮਿਲੇ। ਵਕੀਲ ਕੇਸ ਦੀ ਕਨਵਲੇਲ ਬਾਦਲ ਸਾਹਿਬ ਦੇ ਪਾਇਆ ਚਾਹੁੰਦੇ ਸਨ। ਪਹਿਰੇਦਾਰ ਆਗਿਆ ਬਿਨਾਂ ਅੰਦਰ ਨਹੀਂ ਜਾਣ ਦੇਂਦੇ ਸਨ, ਪਰ ਬੀਬੀ ਧੱਕੇ ਨਾਲ ਅੰਦਰ ਚਲੀ ਗਈ। ਕੇਸ ਹਾਰ ਜਾਣ ਦਾ ਬੀਬੀ ਨੂੰ ਗੁੱਸਾ ਸੀ। ਉਹ ਸਮਝਦੀ ਸੀ, ਅਕਾਲੀ ਸਰਕਾਰ ਨੇ ਮੁਕੱਦਮੇ ਦਾ ਪਿੱਛਾ ਨਹੀਂ ਕੀਤਾ। ਥੋੜ੍ਹਾ ਜਿੰਨਾ ਹੀ ਧੱਕਾ ਲਾਇਆ ਹੁੰਦਾ, ਨਿਰੰਕਾਰੀ ਕਿਵੇਂ ਛੁਟ ਜਾਂਦਾ। ਬਾਦਲ ਸਾਹਬ ਬੀਬੀ ਨੂੰ ਵੇਖ ਕੁਰਸੀ ਤੋਂ ਉੱਠ ਖਲੋਤੇ।

"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ!"

"ਆਓ ਬੀਬੀ ਜੀ, ਧੰਨ ਭਾਗ ਸਾਡੇ, ਤੁਸਾਂ ਦਰਸ਼ਨ ਦਿੱਤੇ।"

ਮੁੱਖ ਮੰਤਰੀ ਦੇ ਸਕੱਤਰ ਨੇ ਰੁਖ਼ ਵੇਖ ਕੇ ਝੱਟ ਕੁਰਸੀ ਛੱਡ ਦਿੱਤੀ।

"ਦਰਸ਼ਨਾਂ ਨੂੰ ਮਾਰੋ ਗੋਲੀ।" ਬੀਬੀ ਨੇ ਖਲੋਤਿਆਂ ਖਲੋਤਿਆਂ ਹੀ ਆਖਿਆ। "ਤੁਹਾਡੀ ਸਰਕਾਰ ਦੇ ਹੁੰਦਿਆਂ ਨਿਰੰਕਾਰੀ ਛੁਟ ਗਿਆ, ਤੁਸੀਂ ਕਾਹਦੇ ਵਜ਼ੀਰ ਓ? ਕਾਹਦੀ ਤੁਹਾਡੀ ਸਰਕਾਰ ਐ?"

"ਬੀਬੀ ਭੈਣ! ਘਬਰਾਓ ਨਾ, ਉਹ ਜਿਵੇਂ ਛੁਟਿਆ ਏ, ਇਹ ਵੀ ਪਤਾ ਲੱਗ ਗਿਆ ਹੈ। ਸਾਡੇ ਤੱਕ ਸਾਰੀ ਗੱਲ ਆ ਚੁੱਕੀ ਹੈ।"

"ਹੁਣ ਅਪੀਲ ਕਰੀਏ ਕਿ ਨਾ?"

"ਨਾ ਕਿਉਂ, ਅਪੀਲ ਤਾਂ ਜ਼ਰੂਰ ਕਰਨੀ ਚਾਹੀਦੀ ਹੈ। ਮੁਕੱਦਮੇ ਵਿਚ ਠੋਸ ਸਬੂਤ ਮੌਜੂਦ ਹਨ। ਦੋਸ਼ੀ ਛੁਟ ਨਹੀਂ ਸਕਦਾ।" ਬਾਦਲ ਸਾਹਬ ਨੇ ਪੂਰੀ ਤਸੱਲੀ ਦਿੱਤੀ।

"ਸਰਕਾਰੀ ਵਕੀਲ ਆਖਦੇ ਹਨ, ਅਪੀਲ ਲਈ ਬਾਦਲ ਸਾਹਿਬ ਦੀ ਰਾਇ ਜ਼ਰੂਰੀ ਹੈ। ਅਸੀਂ ਅਪੀਲ ਦੀ ਮਨਜ਼ੂਰੀ ਲਈ ਮਿਸਲ ਚੁੱਕੀ ਫਿਰਦੇ ਆਂ।"

ਭਾਈ ਹਰਿੰਦਰ ਸਿੰਘ ਮਿਸਲ ਹੱਥ ਫੜੀ ਖਲੋਤਾ ਸੀ।

"ਪਹਿਲਾਂ ਤੁਸੀਂ ਬਹਿ ਤਾਂ ਜਾਓ।" ਬਾਦਲ ਨੇ ਆਪੇ ਕੁਰਸੀ ਮੱਲਦਿਆਂ ਕਿਹਾ। "ਇਹ ਮਿਸਲ ਸਾਨੂੰ ਦਿਓ। ਅਸੀਂ ਅਪੀਲ ਦੀ ਮਨਜ਼ੂਰੀ ਲੈ ਕੇ ਵਕੀਲਾਂ ਨੂੰ ਦੇ ਦਿਆਂਗੇ।"

"ਤੁਸੀਂ ਜੇ ਇਹ ਭਾਰ ਚੁੱਕੋ, ਸਾਨੂੰ ਹੋਰ ਕੀ ਚਾਹੀਦਾ ਹੈ।" ਬੀਬੀ ਬੋਲ ਪਈ।

"ਆਹ ਲਓ ਫ਼ਾਈਲ।" ਭਾਈ ਹਰਿੰਦਰ ਸਿੰਘ ਨੇ ਬਾਦਲ ਸਾਹਬ ਅੱਗੇ ਕਾਗਜ਼ ਰੱਖ ਦਿੱਤੇ।

ਬਾਦਲ ਸਾਹਬ ਨੇ ਫ਼ਾਈਲ ਥੋੜ੍ਹੀ ਉਲਟ-ਪੁਲਟ ਕੀਤੀ ਤੇ ਮੁੜ ਕੱਚ ਦੇ ਰੰਗੀਨ ਭਾਰ ਹੇਠਾਂ ਰੱਖ ਦਿੱਤੀ।

"ਹਾਂ ਬਈ", ਉਸ ਘੰਟੀ ਮਾਰ ਕੇ ਬਾਹਰੋਂ ਸੇਵਾਦਾਰ ਨੂੰ ਸੱਦਿਆ। "ਬੀਬੀ ਜੀ ਨੂੰ ਅੰਦਰ ਲੈ ਜਾਓ ਤੇ ਪੂਰੀ ਸੇਵਾ ਕਰੋ।"

"ਨਾ ਭਰਾਵਾ, ਕੁਝ ਨਹੀਂ ਚਾਹੀਦਾ। ਬੱਸ, ਆਹੀ ਸੇਵਾ ਬਹੁਤ ਐ; ਅਪੀਲ ਦੀ ਮਨਜ਼ੂਰੀ ਤੇ ਦੋਸ਼ੀ ਨੂੰ ਸਜ਼ਾ ਦੁਆਈ ਜਾਵੇ।"

"ਸਭ ਕੁਝ ਹੋਵੇਗਾ; ਪਰ ਤੁਸੀਂ ਚਾਹ-ਛਾਹ ਜ਼ਰੂਰ ਪੀ ਕੇ ਜਾਵੋ, ਮੇਰੀ ਬੇਨਤੀ ਹੈ।"

ਉਸ ਦੇ ਆਜਜ਼ੀ ਨਾਲ ਜ਼ੋਰ ਦੇਣ ਤੇ ਬੀਬੀ ਤੇ ਸਿੰਘ ਭਾਈ, ਸੇਵਾਦਾਰ ਨਾਲ ਅੰਦਰ ਚਲੇ ਗਏ, ਪਰ ਉਨ੍ਹਾਂ ਖਾਧਾ-ਪੀਤਾ ਕੁਝ ਨਾ। ਬਾਦਲ ਸਾਹਿਬ ਦੀ ਪਤਨੀ ਨੇ ਸ਼ਹੀਦਾਂ ਪ੍ਰਤੀ ਹਾਅ ਦਾ ਨਾਅਰਾ ਮਾਰਿਆ ਅਤੇ ਨਿਰੰਕਾਰੀ ਮੁਖੀ ਦੇ ਛੁਟ ਜਾਣ 'ਤੇ ਅਫਸੋਸ ਪ੍ਰਗਟ ਕੀਤਾ। ਦੋਵੇਂ ਭੈਣ-ਭਰਾ ਥੋੜ੍ਹਾ ਸਮਾਂ ਬੈਠੇ, ਮੁੜ ਫ਼ਤਹਿ ਬੁਲਾ ਕੇ ਕੋਠੀ ਤੋਂ ਬਾਹਰ ਆ ਗਏ। ਦੋ ਢਾਈ ਹਫ਼ਤੇ ਲੰਘ ਗਏ। ਅਪੀਲ ਦੀ ਮਨਜ਼ੂਰੀ ਬਾਰੇ ਕੋਈ ਵਾਈ-ਧਾਈ ਨਾ ਆਈ। ਹੋਰ ਥੋੜ੍ਹੇ ਦਿਨਾਂ ਪਿੱਛੋਂ ਭਾਈ ਹਰਿੰਦਰ ਸਿੰਘ ਨੇ ਸਰਕਾਰੀ ਵਕੀਲਾਂ ਤੋਂ ਪੁੱਛ ਕੀਤੀ। ਉਨ੍ਹਾਂ ਬੜੇ ਅਫ਼ਸੋਸ ਨਾਲ ਮੱਥੇ 'ਤੇ ਹੱਥ ਮਾਰਿਆ।

"ਭਾਈ ਸਾਹਬ ਜੀ! ਸਾਡੇ ਕੋਲ ਮਨਜ਼ੂਰੀ ਨਹੀਂ ਪਹੁੰਚੀ। ਅਪੀਲ ਦੀ ਮਿਆਦ ਲੰਘ ਗਈ। ਸਾਨੂੰ ਬਾਦਲ ਸਾਹਬ ਵੱਲੋਂ ਕਿਸੇ ਤਰ੍ਹਾਂ ਦਾ ਸੰਕੇਤ ਵੀ ਨਹੀਂ ਆਇਆ।"

"ਹੈਂ ਮਿਆਦ ਲੰਘ ਗਈ? ਇਹ ਕਿਵੇਂ ਹੋ ਸਕਦਾ ਏ?" ਭਾਈ ਸਾਹਬ ਦੇ ਹੋਸ਼ ਗਵਾਚ ਗਏ ਸਨ। "ਇਹ ਕਿਵੇਂ ਹੋਇਆ? ਬਾਦਲ ਸਾਹਬ ਤਾਂ ਜ਼ਿੰਮੇਵਾਰ, ਸ਼ਹੀਦਾਂ ਦੇ ਦਰਦ ਦਾ ਅਹਿਸਾਸ ਰੱਖਣ ਵਾਲੇ ਮੁੱਖ ਮੰਤਰੀ ਸਨ; ਸ਼ਹੀਦਾਂ ਦੇ ਮੁਕੱਦਮੇ ਨੂੰ ਕਿਵੇਂ ਭੁੱਲ ਸਕਦੇ ਹਨ।"

"ਭਾਈ ਸਾਹਬ ਜੀ ਇਹ ਹੋ ਗਿਆ। ਕਿਵੇਂ ਹੋ ਗਿਆ, ਸਮਝਣ ਦੀ ਕੋਸ਼ਿਸ਼ ਕਰੋ। ਪਛਤਾਵਾ ਫ਼ਜ਼ੂਲ ਹੈ।" ਸਰਕਾਰੀ ਵਕੀਲ ਨੇ ਤੋੜ ਕੇ ਜਵਾਬ ਦੇ ਦਿੱਤਾ।

ਭਾਈ ਸਾਹਬ ਦਾ ਦਿਲ ਟੁੱਟ ਗਿਆ। ਉਹ ਲੱਤਾਂ ਘਸੀਟਦਾ ਅੰਮ੍ਰਿਤਸਰ ਤੋਂ ਜਲੰਧਰ ਬੀਬੀ ਗੁਰਚਰਨ ਕੌਰ ਦੀ ਕੋਠੀ ਆ ਡਿੱਗਾ। ਉਸ ਤੋਂ ਬੀਬੀ ਜੀ ਨੂੰ ਚੱਜ ਨਾਲ ਫ਼ਤਹਿ ਵੀ ਨਾ ਬੁਲਾਈ ਗਈ ਅਤੇ ਬਰਾਂਡੇ ਦੇ ਮੂੜ੍ਹੇ ਵਿਚ ਧੜੰ ਹੋ ਗਿਆ।

"ਭੱਠਾ ਬਹਿ ਗਿਆ ਅਕਾਲੀ ਸਰਕਾਰ ਦਾ ਵੀ। ਭੈਣੇ, ਖੋਟੇ ਬਾਜ਼ਾਰ ਸੱਚ ਤੇ ਨਿਆਂ ਦਾ ਸੌਦਾ ਨਹੀਂ ਮਿਲਦਾ।"

"ਭਰਾਵਾ ਹੋਇਆ ਕੀ?" ਬੀਬੀ ਦਾ ਹੈਰਾਨੀ ਵਿਚ ਮੂੰਹ ਖੁੱਲ੍ਹਾ ਹੋਇਆ ਸੀ।

"ਅਪੀਲ ਕਰਨ ਦੀ ਮਨਜ਼ੂਰੀ ਨਹੀਂ ਮਿਲੀ। ਲੱਗਦਾ ਏ ਏਸ ਅਕਾਲੀ ਸਰਕਾਰ ਨੇ ਜਾਣ-ਬੁੱਝ ਕੇ ਮਿਆਦ ਲੰਘਾ ਦਿੱਤੀ ਹੈ।"

"ਹੈ ਹੈ ਲੋਹੜਾ, ਐਨਾ ਧੋਖਾ; ਗਰਕ ਜਾਵੇ ਤੁਹਾਡੀ ਅਕਾਲੀ ਸਰਕਾਰ।" ਗੁੱਸਾ ਭਵਕਾਂ ਮਾਰ ਕੇ ਬੀਬੀ ਦੇ ਸਿਰ ਨੂੰ ਚੜ੍ਹ ਗਿਆ। "ਨਿਰੰਕਾਰੀ ਗਵਾਹਾਂ ਬੇਪ੍ਰਵਾਹ ਹੋ ਕੇ ਸਾਡੇ ਹੱਕ ਵਿਚ ਗਵਾਹੀਆਂ ਦਿੱਤੀਆਂ ਤੇ ਇਨ੍ਹਾਂ ਚੰਦਰਿਆਂ ਅਪੀਲ ਦੀ ਮਿਆਦ ਲੰਘਾ ਕੇ ਬੇੜੀਆਂ ਹੀ ਰੋੜ੍ਹ ਸੁੱਟੀਆਂ। ਨਮਾਣਿਓਂ! ਸ਼ਹੀਦਾਂ ਦਾ ਕੇਸ ਘੱਟੇ ਪਾ ਕੇ ਤੁਹਾਡਾ ਕਿਸ ਜੁੱਗ ਭਲਾ ਹੋਵੇਗਾ।" ਉਹ ਕਿੰਨਾ ਹੀ ਚਿਰ ਪਾਣੀ ਤੋਂ ਬਾਹਰ ਆਈ ਮੱਛੀ ਵਾਂਗ ਤੜਪਦੀ ਰਹੀ। ਉਹ ਇਉਂ ਬੋਲ ਰਹੀ ਸੀ, ਜਿਵੇਂ ਅਕਾਲੀਆਂ ਦੇ ਸਾਹਮਣੇ ਉਨ੍ਹਾਂ ਦਾ ਸਿਆਪਾ ਕਰ ਰਹੀ ਹੋਵੇ।

ਭਾਈ ਹਰਿੰਦਰ ਸਿੰਘ ਬੱਜਰੀ ਦੇ ਪੱਕੇ ਫ਼ਰਸ਼ 'ਤੇ ਕਦੋਂ ਦਾ ਲਕੀਰਾਂ ਖਿੱਚ ਰਿਹਾ ਸੀ, ਪਰ ਇੱਕ ਵੀ ਲਕੀਰ ਨਹੀਂ ਉੱਘੜੀ ਸੀ।

"ਭੈਣ ਗੁਰੂ ਸਾਨੂੰ ਸਜ਼ਾ ਦੇ ਰਿਹਾ ਹੈ। ਹੁਣ ਉਸ ਦਾ ਭਾਣਾ ਮੰਨੀਏ। ਸ਼ਾਇਦ ਹੋਰ ਕੋਈ ਚਾਰਾ ਨਹੀਂ ਰਿਹਾ।" ਉਸ ਹਾਉਕਾ ਭਰ ਕੇ ਚੁੱਪ ਵੱਟ ਲਈ।

"ਮੈਂ ਬੁਰੇ ਦੇ ਘਰ ਤੱਕ ਪਹੁੰਚਾਂਗੀ। ਬਾਦਲ ਨੂੰ ਜਾ ਕੇ ਪੁੱਛਾਂਗੀ: ਤੂੰ ਕੀਤਾ ਕੀ? ਤੂੰ ਵੀ ਕਾਂਗਰਸੀ ਸਰਕਾਰ ਨਾਲ ਰਲ ਗਿਆ?" ਉਹ ਮੂੜ੍ਹੇ ਤੋਂ ਉੱਠ ਕੇ ਫਿਰਨ ਲੱਗ ਪਈ। ਇੱਕ ਮਾਰੂ ਬੇਚੈਨੀ ਨੇ ਉਸ ਨੂੰ ਅੰਦਰੋਂ-ਬਾਹਰੋਂ ਤੋੜ ਸੁੱਟਿਆ ਸੀ; ਵਾਲ-ਵਾਲ ਵਿੰਨ੍ਹ ਸੁੱਟਿਆ ਸੀ। ਇਹ ਅਕਾਲੀ, ਇਹ ਵਜ਼ੀਰ, ਸਿੱਖ ਹੀ ਨਹੀਂ ਰਹੇ। ਗੁਰੂ ਗੋਬਿੰਦ ਸਿੰਘ ਦੇ ਸਿੰਘ ਬਣਨਾ ਤਾਂ ਦੂਰ ਦੀ ਗੱਲ ਐ। ਕੌਣ ਸੋਚ ਸਕਦਾ ਸੀ, ਇਹ ਐਨੇ ਨਿੱਘਰ ਜਾਣਗੇ। ਸਾਰੀ ਰਾਤ ਉਹ ਸੌਂ ਨਾ ਸਕੀ। ਸ਼ਹੀਦ ਫ਼ੌਜਾ ਸਿੰਘ ਟਕੂਆ ਫੜੀ ਉਸ ਦੇ ਘਰ ਪਹੁੰਚ ਗਿਆ। ਕਿਵੇਂ ਉਹ ਸਾਰੇ ਜੁੜ ਕੇ ਕੀਰਤਨ ਕਰਦੇ ਸਨ। ਸੰਗਤ ਲਈ ਲੰਗਰ ਸਜਾਉਂਦੇ, ਆਈ ਸੰਗਤ ਦੇ ਜੋੜੇ ਸਾਫ਼ ਕਰਦੇ ਸਨ। ਉਹ ਗੁਰੂ ਦੇ ਲੜ ਲੱਗ ਚੁੱਕੇ ਸਨ। ਭੈਣਾਂ-ਭਰਾਵਾਂ ਦੇ ਸੰਘਊ ਰਿਸ਼ਤੇ ਵਿਚ ਹਰ ਤਰ੍ਹਾਂ ਦਾ ਦੁੱਖ-ਸੁੱਖ ਵੀ ਸਾਂਝਾ ਹੋ ਗਿਆ ਸੀ। ਉਹ ਫ਼ੌਜਾ ਸਿੰਘ ਨੂੰ ਕਹਿ ਰਹੀ ਸੀ।

"ਆ ਜਾਹ ਭਰਾਵਾ, ਬਹਿ ਜਾਹ। ਦੇਹ ਉਲਾਂਭਾ ਪਾਪਣ ਨੂੰ। ਮੈਂ ਮਿਸਲ ਬਾਦਲ ਨੂੰ ਨਾ ਦਿੰਦੀ, ਆਪੂੰ ਕਿਸੇ ਨਵੇਂ ਵਕੀਲ ਰਾਹੀਂ ਹਾਈਕੋਰਟ ਤੋਂ ਮਨਜ਼ੂਰੀ ਲੈ ਲੈਂਦੀ। ਮੈਂ ਤੁਹਾਡੀ ਸ਼ਹੀਦ ਭਰਾਵੋ, ਭਾਰੀ ਦੇਣਦਾਰ ਆਂ। ਮੈਂ ਬਾਦਲ ਦਾ ਸਿੱਖ ਤੇ ਜ਼ਿੰਮੇਵਾਰ ਮੁੱਖ ਮੰਤਰੀ ਸਮਝ ਇਤਬਾਰ ਕੀਤਾ। ਮੈਂ ਆਪ ਪੱਟ ਹੋ ਗਈ; ਤੁਹਾਨੂੰ ਕਿਵੇਂ ਮੂੰਹ ਵਿਖਾਵਾਂ।" ਉਹ ਭਰਾ ਫ਼ੌਜਾ ਸਿੰਘ ਅੱਗੇ ਝੂਰੀ ਜਾ ਰਹੀ ਸੀ।

"ਭੈਣ ਝੂਰ ਨਾ, ਅਸਾਂ ਗੁਰੂ ਦੀ ਰਜ਼ਾ ਵਿਚ ਰਹਿਣਾ ਸਿੱਖਿਆ ਹੈ।" ਭਾਈ ਫ਼ੌਜਾ ਸਿੰਘ ਨੇ ਭੈਣ ਦੇ ਸਿਰ 'ਤੇ ਹੱਥ ਰੱਖ ਦਿੱਤਾ। "ਮੈਂ ਤੁਹਾਥੋਂ ਜੁਦਾ ਨਹੀਂ; ਕੀਰਤਨੀ ਜੱਥੇ ਵਿਚ ਅਭੇਦ ਆਂ। ਮੁਕਤੀ ਦਾਤੇ ਦੀ ਕੀਰਤਨੀ ਸੁਰ ਮੇਰੇ ਵਿਸਮਾਦ ਵਿਚ ਆਈ, ਲਰਜ਼ੀ ਜਾ ਰਹੀ ਹੈ। ਅਸੀਂ ਸਭ ਇੱਕ ਆਂ, ਗੁਰੂ ਗੋਬਿੰਦ ਸਿੰਘ ਦੇ ਲਾਡਲੇ। ਜੀਹਦੇ ਅਸੀਂ ਆਂ, ਆਪੇ ਸਾਡਾ ਫ਼ਿਕਰ ਕਰੇਗਾ।"

ਸ਼ਹੀਦ ਦੇ ਸਿਰ 'ਤੇ ਹੱਥ ਫਿਰਨ ਨਾਲ ਉਹ ਇਕ ਦਮ ਹੀ ਕੰਬ ਗਈ। ਜਾਗ ਖੁੱਲ੍ਹੀ ਤਾਂ ਉੱਠ ਕੇ ਬਹਿ ਗਈ। ਤੜਕਾ ਹੋ ਚੁੱਕਾ ਸੀ। ਅਸ਼ਨਾਨ ਸਾਧ ਕੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ ਸੀ। ਭਾਈ ਹਰਿੰਦਰ ਸਿੰਘ ਵੀ ਕ੍ਰਿਆ ਸੋਧ, ਪਾਠ ਵਿਚ ਸਮਾਧੀ ਲਾ ਬੈਠਾ। ਅਰਦਾਸ ਕਰਕੇ ਜਲਪਾਨ ਕੀਤਾ। ਮੁੜ ਭੈਣ ਗੁਰਚਰਨ ਕੌਰ ਭਰਾ ਨੂੰ ਬੋਲੀ।

"ਮੈਂ ਭਰਾ ਜੀ, ਬਾਦਲ ਸਾਹਬ ਕੋਲ ਜਾ ਰਹੀ ਆਂ। ਤੁਸਾਂ ਸ਼ਾਮ ਤੱਕ ਏਥੇ ਹੀ ਰਹਿਣਾ।"

"ਭੈਣ ਗੁਜ਼ਰ ਗਏ ਨੂੰ ਫੜਨ ਚੱਲੀ ਏਂ?"

"ਨਹੀਂ, ਆਪਣੇ ਆਪ ਨੂੰ ਸਾਵਾਂ ਕਰਨ। ਇਹ ਅਕਾਲੀ ਕੀ ਸਮਝਣਗੇ। ਲੋਕ ਬੁੱਧੂ ਈ ਐਂ।"

"ਕੋਈ ਫ਼ਾਇਦਾ ਨਹੀਂ। ਆਪੇ ਨੂੰ ਸਾੜੋਗੇ। ਖੋਟਾ, ਖ਼ਰਾ ਨਹੀਂ ਹੁੰਦਾ ਤੇ ਝੂਠ, ਸੱਚ ਨਹੀਂ ਬਣਦਾ।"

"ਘੱਟੋ-ਘੱਟ ਭਰਾ ਮੇਰਿਆ, ਖੋਟ ਤੇ ਝੂਠ ਬਾਰੇ ਲੋਕਾਂ ਨੂੰ ਤਾਂ ਜਾਣਕਾਰੀ ਹੋਣੀ ਚਾਹੀਦੀ ਹੈ।"

"ਠੀਕ ਹੈ, ਪਰ ਕੋਈ ਫ਼ਰਕ ਨਹੀਂ ਪੈਣਾ।" ਉਸ ਹਾਉਕੇ ਵਰਗਾ ਸਾਹ ਭਰਿਆ।

ਸਵੇਰ ਦੀ ਹਾਜ਼ਰੀ ਖਾ ਕੇ ਗੁਰਚਰਨ ਕੌਰ ਨੇ ਰਿਕਸ਼ਾ ਫੜ ਲਿਆ ਅਤੇ ਬੱਸ ਸਟੈਂਡ ਪਹੁੰਚ ਗਈ। ਬਾਦਲ ਚੰਡੀਗੜ੍ਹ ਹੋਵੇਗਾ ਵੀ ਜਾਂ.....? ਮੈਂ ਇਕੱਲੀ ਪਹਿਲਾਂ ਕਿਤੇ ਲੰਮੇ ਸਫ਼ਰ 'ਤੇ ਗਈ ਨਹੀਂ। ਤੂੰ ਗੁਰੂ ਗੋਬਿੰਦ ਸਿੰਘ ਦੀ ਪੁੱਤਰੀ ਹੋ ਕੇ ਵੀ ਡਰ ਅਨੁਭਵ ਕਰਦੀ ਏਂ? ਉਸ ਦੇ ਅੰਦਰੋਂ ਦ੍ਰਿੜ੍ਹ ਇਰਾਦਾ ਸ਼ਕਤੀ ਬਣ ਕੇ ਹੁੰਗਾਰ ਪਿਆ। ਚੰਡੀਗੜ੍ਹ ਦੀ ਟਿਕਟ ਖਿੜਕੀ ਕੋਲ ਇੱਕ ਸਿੰਘ ਨੇ ਉਸ ਨੂੰ ਫ਼ਤਹਿ ਆ ਬੁਲਾਈ।

"ਭੈਣ ਜੀ, ਤੁਸੀਂ ਕਿੱਥੇ ਨੂੰ?"

"ਭਰਾਵਾ ਤੂੰ ਦੱਸ ਪਹਿਲਾਂ, ਕਿੱਥੇ ਨੂੰ ਚੱਲਿਆ ਏਂ?" ਉਹ ਰਾਹ ਲਈ ਆਸਰਾ ਭਾਲਦੀ ਸੀ।

"ਅਕਾਲੀ ਦਲ ਦੀ ਐਗਜ਼ੇਕਟਿਵ ਦੀ ਮੀਟਿੰਗ ਐ ਸਰਹਿੰਦ, ਆਮ ਖ਼ਾਸ ਬਾਗ਼ ਵਿਚ। ਮੈਂ ਓਥੇ ਨੂੰ ਚੱਲਿਆ ਹਾਂ।"

ਗੁਰਚਰਨ ਕੌਰ ਦੇ ਖ਼ਾਨੇ ਵੱਜੀ, ਬਾਦਲ ਵੀ ਐਗਜ਼ੇਕਟਿਵ ਦੀ ਮੀਟਿੰਗ ਵਿਚ ਹੋਵੇਗਾ।

"ਮੈਂ ਵੀ ਓਥੇ ਈ ਬਾਦਲ ਨੂੰ ਮਿਲਣ ਚੱਲੀ ਆਂ।"

ਬੀਬੀ ਦੀ ਐਨੀ ਗੱਲ ਸੁਣ ਕੇ ਅਕਾਲੀ ਭਾਈ ਦੇ ਤੌਰ ਹੀ ਬਦਲ ਗਏ। ਉਹ ਬੀਬੀ ਦੇ ਸੱਚੇ-ਸੁੱਚੇ ਤੇ ਕੱਟੜ ਸੁਭਾਅ ਨੂੰ ਜਾਣਦਾ ਸੀ। ਉਸ ਨੂੰ ਮੁਕੱਦਮੇ ਵਾਲੀ ਗੱਲ ਦੀ ਕਨਸੋ ਵੀ ਸੀ। ਉਹ ਬੀਬੀ ਨੂੰ ਟਾਲ੍ਹਾ ਮਾਰਨਾ ਚਾਹੁੰਦਾ ਸੀ।

"ਸ਼ਾਇਦ ਮੁੱਖ ਮੰਤਰੀ ਓਥੇ ਨਾ ਹੋਣ; ਉਨ੍ਹਾਂ ਨੂੰ ਤਾਂ ਸਿਰ ਖੁਰਕਣ ਦੀ ਵੀ ਵਿਹਲ ਨਹੀਂ ਮਿਲਦੀ।"

"ਮੈਂ ਵੀ ਉਨ੍ਹਾਂ ਦਾ ਸਿਰ ਖੁਰਕਣ ਹੀ ਚੱਲੀ ਆਂ। ਓਥੇ ਨਾ ਹੋਇਆ ਤਾਂ ਚੰਡੀਗੜ੍ਹ ਸਹੀ।" ਬੀਬੀ ਨੂੰ ਮਸੀਂ ਆਪਣੇ ਪੱਖ ਦਾ ਖੁਰਾ ਮਿਲਿਆ ਸੀ।

ਉਸ ਅਕਾਲੀ ਭਰਾ ਦੀ ਪੈੜ ਨੱਪੀ ਰੱਖੀ। ਉਹਦੇ ਨਾਲ ਹੀ ਉਸ ਸਰਹੰਦ ਦੀ ਟਿਕਟ ਲੈ ਲਈ। ਸਰਹੰਦ ਜੀ. ਟੀ. ਰੋਡ ਤੋਂ ਬੱਸ ਬਦਲੀ ਅਤੇ ਆਮ ਖ਼ਾਸ ਬਾਗ਼ ਦੇ ਬਾਹਰ ਲਾਹ ਗਈ। ਅਕਾਲੀ ਭਾਈ ਨੇ ਕਦਮਾਂ ਕਾਹਲੀਆਂ ਕਰ ਦਿੱਤੀਆਂ। ਉਸ ਰਾਹ ਵਿਚ ਵੀ ਨਾਲ ਬੈਠਿਆਂ ਕੋਈ ਖ਼ਾਸ ਗੱਲ ਨਹੀਂ ਕੀਤੀ ਸੀ। ਉਹ ਨਹੀਂ ਚਾਹੁੰਦਾ ਸੀ, ਅਕਾਲੀ ਲੀਡਰ ਇਹ ਸਮਝਣ, ਮੈਂ ਗੁਰਚਰਨ ਕੌਰ ਨੂੰ ਨਾਲ ਲੈ ਕੇ ਆਇਆ ਹਾਂ। ਇਹ ਅਕਾਲੀ ਗੁਰੂ ਪਿਆਰਿਆਂ ਤੋਂ ਮੁੱਖ ਮੋੜ ਰਹੇ ਹਨ। ਗੁਰਚਰਨ! ਜਿਸ ਸੱਚ ਨੂੰ ਗੁਰੂ ਨੇ ਖੰਡੇ ਦੀ ਧਾਰ ਵਾਂਗ ਨੰਗਿਆਂ ਕੀਤਾ ਸੀ, ਉਸ ਨੂੰ ਇਹ ਅਕਾਲੀ ਮਾਰ ਰਹੇ ਹਨ। ਪੰਥ ਦੀ ਬਦਕਿਸਮਤੀ!

ਅਕਾਲੀ ਭਾਈ ਆਪਣੀ ਮੀਟਿੰਗ ਚਿੱਟ ਪਹਿਰੇਦਾਰ ਨੂੰ ਵਿਖਾ ਕੇ ਲੰਘ ਗਿਆ। ਬੀਬੀ ਨੂੰ ਥਾਣੇਦਾਰ ਨੇ ਰੋਕ ਲਿਆ।

"ਭਾਈ ਬੀਬੀ ਆਗਿਆ ਪੱਤਰ ਵਖਾਓ?"

"ਉਹ ਤਾਂ ਭਰਾਵਾ ਹੈ ਨਹੀਂ, ਪਰ ਜਾਣਾ ਜ਼ਰੂਰ ਐ।" ਗੁਰਚਰਨ ਕੌਰ ਨੇ ਸਹਿਜ ਨਾਲ ਜਵਾਬ ਦਿੱਤਾ।

"ਜੇ ਆਗਿਆ ਪੱਤਰ ਨਹੀਂ, ਤੁਸੀਂ ਅੰਦਰ ਨਹੀਂ ਜਾ ਸਕਦੇ। ਖ਼ਾਸ ਮੀਟਿੰਗ ਹੋ ਰਹੀ ਹੈ। ਬਾਦਲ ਸਾਹਬ ਦਾ ਹੁਕਮ ਐ, ਕੋਈ ਐਰਾ-ਵਗੈਰਾ ਨਾ ਆਵੇ।"

"ਵੇ ਭਾਈ ਥਾਣੇਦਾਰਾ! ਮੈਂ ਤੈਨੂੰ ਐਰਾ-ਵਗੈਰਾ ਦੀਂਹਦੀ ਆਂ।" ਉਹ ਆਪਣੇ ਸੰਘਊ ਜਲਾਲ ਵਿਚ ਆ ਗਈ।

"ਤੁਸੀਂ ਬੀਬੀ ਜੀ ਠੀਕ ਆਖਦੇ ਹੋ। ਪਰ ਅਸੀਂ ਡਿਊਟੀ 'ਤੇ ਖੜ੍ਹੇ ਆਂ; ਸਾਡੀ ਮਜਬੂਰੀ ਵੱਲ ਵੇਖੋ।"

"ਵੇ ਮੈਂ ਸ਼ਹੀਦ ਸਿੰਘਾਂ ਦੀ ਭੈਣ, ਤੂੰ ਮੈਨੂੰ ਮਿਲਣੋਂ ਰੋਕਦਾ ਏਂ। ਪਾਸੇ ਹਟ, ਮੈਂ ਜਾਵਾਂਗੀ।" ਉਹ ਧੱਕਾ ਵਰਤ ਕੇ ਲੰਘ ਗਈ।

ਥਾਣੇਦਾਰ ਥੋੜ੍ਹਾ ਭੈ ਖਾ ਗਿਆ, ਕਿਸੇ ਵਜ਼ੀਰ ਦੀ ਹੀ ਭੈਣ ਨਾ ਹੋਵੇ। ਉਹ ਜ਼ਨਾਨੀ ਜਾਣ ਕੇ ਠਰ ਗਿਆ ਸੀ। ਗੁਰਚਰਨ ਕੌਰ ਲੰਬੀ ਵਾਟ ਮਾਰ ਕੇ ਉੱਥੇ ਪਹੁੰਚ ਗਈ; ਜਿੱਥੇ ਮੀਟਿੰਗ ਚੱਲ ਰਹੀ ਸੀ, ਮੈਂਬਰ ਇੱਕ-ਦੂਜੇ ਨੂੰ ਬੋਲ-ਕੁਬੋਲ ਕਰ ਰਹੇ ਸਨ, ਜ਼ਨਾਨੀਆਂ ਵਾਂਗ ਤਾਹਨੇ-ਮਿਹਣੇ ਦਿੱਤੇ ਜਾ ਰਹੇ ਸਨ।

ਇਹ ਕਾਵਾਂ ਰੌਲੀ? ਉਹ ਪੰਥਕ ਲੀਡਰਾਂ ਦੇ ਭੈੜੇ ਬੋਲ ਸੁਣ ਕੇ ਹੱਕੀ-ਬੱਕੀ ਰਹਿ ਗਈ।

"ਸੁਣੋ ਵੇ ਭਰਾਵੋ" ਬੀਬੀ ਗੱਜ ਕੇ ਬੋਲੀ। "ਤੁਸੀਂ ਤਾਂ ਸਰਬੱਤ ਦੇ ਭਲੇ ਵਾਲੇ ਪੰਥ ਦੇ ਸਿੰਘ ਨਹੀਂ। ਤੁਹਾਡਾ ਆਹ ਭਾਈਚਾਰਾ? ਐਹੋ ਜਿਹਾ ਰਾਜ-ਭਾਗ ਚਲਾਉਂਦੇ ਹੋਵੋਗੇ? ਗੁਰੂ ਸਮੱਤ ਬਖ਼ਸ਼ੇ ਤੁਹਾਨੂੰ।"

"ਓ ਬੀਬੀ ਜੀ ਆ ਗਏ। ਸਤਿ ਸ੍ਰੀ ਅਕਾਲ ਬੀਬੀ ਜੀ।" ਬਾਦਲ ਨੇ ਸੇਵਾਦਾਰ ਨੂੰ ਇਸ਼ਾਰਾ ਦਿੱਤਾ। "ਇਨ੍ਹਾਂ ਨੂੰ ਸਤਿਕਾਰ ਨਾਲ ਬਾਹਰ ਬਿਠਾਓ, ਪਾਣੀ-ਧਾਣੀ ਪਿਆਓ?"

ਇੱਕ ਜਥੇਦਾਰ ਨੇ ਬੇਨਤੀ ਕੀਤੀ।

"ਭੈਣ ਜੀ ਆਓ, ਤੁਹਾਨੂੰ ਚੱਜ ਦੀ ਥਾਂ ਬਹਾਵਾਂ। ਤੁਸੀਂ ਕੁੱਕੜਾਂ ਦੀ ਲੜਾਈ ਵਿਚੋਂ ਕੀ ਲੈਣਾ ਹੈ।"

ਉਹ ਜਥੇਦਾਰ ਵੀ ਮੁਕੱਦਮੇ ਦੀ ਹਕੀਕਤ ਤੋਂ ਜਾਣੂ ਸੀ ਤੇ ਉਹ ਜਾਣ ਕੇ ਟਾਲਣਾ ਚਾਹੁੰਦਾ ਸੀ।

"ਭਰਾਵਾ ਮੈਂ ਤਾਂ ਏਥੇ ਆ ਕੇ ਹੈਰਾਨ ਹੀ ਰਹਿ ਗਈ ਆਂ। ਮੈਂ ਤਾਂ ਬਾਦਲ ਸਾਹਬ ਨਾਲ ਚਾਰ ਖ਼ਰੀਆਂ-ਖ਼ਰੀਆਂ ਕਰਨੀਆਂ ਏਂ।"

"ਉਹ ਮੈਨੂੰ ਪਤਾ ਹੈ, ਜਿੰਨੀਆਂ ਮਰਜ਼ੀ ਗੱਲਾਂ ਕਰਿਓ, ਬੱਸ ਮੀਟਿੰਗ ਹੋ ਲੈਣ ਦਿਓ। ਨਿਰਾਸ਼ ਨਾ ਹੋਵੋ, ਸਿੰਘਾਂ ਦੀ ਮੀਟਿੰਗ ਇਸ ਤਰ੍ਹਾਂ ਹੀ ਹੁੰਦੀ ਐ।"

ਜਥੇਦਾਰ ਗੁਰਚਰਨ ਕੌਰ ਨੂੰ ਇੱਕ ਆਰਾਮ ਕੁਰਸੀ 'ਤੇ ਨਿਵੇਕਲੇ ਕਮਰੇ ਵਿਚ ਬਹਾ ਗਿਆ। ਇੱਕ ਸੇਵਾਦਾਰ ਪਾਣੀ ਲੈ ਆਇਆ।

"ਬੀਬੀ ਜੀ ਚਾਹ ਲਿਆਵਾਂ?"

"ਨਾ ਭਰਾਵਾ, ਤੇਰੀ ਬਹੁਤ ਮਿਹਰਬਾਨੀ।"

ਉਹ ਦੋ ਘੰਟੇ ਮੀਟਿੰਗ ਨੂੰ ਕਾਂ ਅੱਖ ਨਾਲ ਤੱਕਦੀ ਰਹੀ। ਮੀਟਿੰਗ ਦੀਆਂ ਖ਼ਰਵੀਆਂ ਆਵਾਜ਼ਾਂ ਤਾਂ ਪਹੁੰਚਦੀਆਂ ਸਨ, ਪਰ ਸਮਝ ਕੁਝ ਨਹੀਂ ਪੈਂਦਾ ਸੀ। ਅੱਕਲਕਾਨ ਹੋਈ ਉਹ ਸੋਚਦੀ ਸੀ: ਮੰਦਾ ਚੰਗਾ ਬੋਲਦਿਆਂ ਨੂੰ ਸ਼ਰਮ ਨਹੀਂ ਆਉਂਦੀ। ਇਹ ਕਿਉਂ ਮਹਿਸੂਸ ਨਹੀਂ ਕਰਦੇ, ਅਸੀਂ ਸਿੱਖਾਂ ਦੀ ਜ਼ੁੰਮੇਵਾਰ ਸਰਕਾਰ ਆਂ। ਸਰਬੱਤ ਦੇ ਭਲੇ ਦੀ ਸਰਕਾਰ ਹਾਂ। ਓਏ ਰੱਬਾ, ਇਨ੍ਹਾਂ ਦੇ ਪਾੜ ਖਾਣੇ ਕਟੂ ਬੋਲ। ਵਾਹਿਗੁਰੂ ਆਪਣੇ ਸਿੱਖਾਂ ਨੂੰ ਹਲੀਮੀ ਬਖ਼ਸ਼, ਸੇਵਾ ਭਾਵਨਾ ਦਾ ਦਾਨ ਦੇਹ। ਉਸ ਨੂੰ 'ਵਾਹਿਗੁਰੂ ਵਾਹਿਗੁਰੂ' ਕਰਦੀ ਨੂੰ ਮਸਾਂ ਮੀਟਿੰਗ ਮੁੱਕੀ। ਉਹ ਸਾਰੇ ਬੀਬੀ ਗੁਰਚਰਨ ਕੌਰ ਵੱਲ ਹੀ ਆ ਰਹੇ ਸਨ। ਉਸ ਸਮਝਿਆ, ਫੇਰ ਮੌਕਾ ਕਦੋਂ ਮਿਲਿਆ। ਉਹ ਬਾਦਲ ਸਾਹਬ ਦੇ ਟੁਟ ਕੇ ਗਲ ਪੈ ਗਈ।

"ਸੁਣ ਵੇ ਵੱਡਿਆ ਪ੍ਰਕਾਸ਼ ਸਿਆਂ, ਤੂੰ ਸਾਡੇ ਸ਼ਹੀਦਾਂ ਦੇ ਮੁਕੱਦਮੇ ਦੀ ਅਪੀਲ ਦੀ ਮਿਆਦ ਲੰਘਾ ਕੇ ਕੀ ਕੀਤੀ?"

"ਓ ਬੀਬੀ ਜੀ। ਮੈਨੂੰ ਤਾਂ ਚੇਤਾ ਹੀ ਨਹੀਂ ਆਇਆ। ਮਾੜੀ ਗੱਲ ਹੋ ਗਈ, ਮਾਫ਼ੀ ਦੇਵੋ। ਅਸਲ ਵਿਚ ਕੰਮ ਐਨੇ ਐ ਕਿ ਸੁਰਤ ਹੀ ਮਾਰੀ ਰਹਿੰਦੀ ਐ। ਮੈਨੂੰ ਬੜਾ ਹੀ ਅਫ਼ਸੋਸ ਐ।" ਬਾਦਲ ਨੇ ਹਲੀਮੀ ਫੜੀ ਹੋਈ ਸੀ।

"ਤੇਰੀ ਸੁਰਤ ਮਾਰੀ ਸੀ ਤਾਂ ਤੂੰ ਓਦੋਂ ਮਿਸਲ ਹੀ ਨਾ ਫੜਦਾ। ਅਸੀਂ ਕੋਈ ਓੜ-ਪੋੜ ਕਰਦੇ। ਤੂੰ ਤਾਂ ਸਿੰਘਾਂ ਦੀਆਂ ਸ਼ਹੀਦੀਆਂ ਰੋਲ ਕੇ ਰੱਖ ਦਿੱਤੀਆਂ। ਤੂੰ ਨਰਕਧਾਰੀਆਂ ਦਾ ਯਾਰ ਬਣ ਗਿਆ। ਕਾਂਗਰਸ ਸਰਕਾਰ ਨਾਲ ਮਿਲ ਗਿਆ ਤਾਂ ਜੋ ਤੇਰੀ ਸਰਕਾਰ ਨਾ ਤੋੜ ਦੇਣ।" ਬੀਬੀ ਦਾ ਗੁੱਸੇ ਵਿੱਚ ਸਾਹ ਚੜ੍ਹਿਆ ਹੋਇਆ ਸੀ।

"ਨਹੀਂ ਬੀਬਾ ਭੈਣ, ਗੁਰੂ ਮੈਨੂੰ ਕਾਂਗਰਸ ਦੀ ਲਾਹਨਤ ਤੋਂ ਬਖ਼ਸ਼ੇ। ਹਾਂ, ਗਲਤੀ ਭਾਰੀ ਹੋ ਗਈ, ਤੁਹਾਡਾ ਗੁਨਾਹਗਾਰ ਆਂ, ਖ਼ਿਮਾ ਕਰ ਦੇਵੋ।" ਬਾਦਲ ਸਾਹਬ ਸੱਚੇ ਦਿਲੋਂ ਸ਼ਰਮਸਾਰ ਸੀ।

ਮੀਟਿੰਗ ਤੋਂ ਆਏ ਕੁਝ ਮੈਂਬਰਾਂ ਨੂੰ ਓਦੋਂ ਹੀ ਪਤਾ ਲੱਗਾ, ਸ਼ਹੀਦ ਸਿੰਘਾਂ ਦੇ ਮੁਕੱਦਮੇ ਦੀ ਅਪੀਲ ਦੀ ਮਿਆਦ ਲੰਘ ਗਈ ਤੇ ਲੰਘੀ ਵੀ ਮੁੱਖ ਮੰਤਰੀ ਦੇ ਪੈਰੋਂ। ਕਈਆਂ ਦੀ ਘਾਗ ਸੋਚ ਝਟ ਚੰਡੀਗੜ੍ਹ ਤੋਂ ਦਿੱਲੀ ਤੱਕ ਪੁੱਜ ਗਈ। ਗੱਦੀ ਪਿਆਰੀ ਹੈ ਜਾਂ ਧਰਮ? ਧਰਮ ਨੂੰ ਰਾਜਨੀਤੀ ਹਮੇਸ਼ਾ ਧੋਖ਼ਾ ਦੇਂਦੀ ਰਹੀ ਹੈ।

ਲੋੜ ਪਈ ਵਰਤ ਲਿਆ, ਨਾ ਲੋੜ ਸਮਝੀ, ਪਿੱਠ ਕਰ ਲਈ। ਧਰਮ ਸੱਚਾ ਹੈ, ਭੋਲਾ ਹੈ ਅਤੇ ਰਾਜਨੀਤੀ ਕਪਟ, ਝੂਠ ਤੇ ਪੈਰ ਪੈਰ ਉੱਤੇ ਧੋਖ਼ੇਬਾਜ਼। ਇੱਕ ਜਥੇਦਾਰ ਨੇ ਮੁੱਖ ਮੰਤਰੀ ਨੂੰ ਬਾਬਰ ਕੇ ਕਹਿ ਹੀ ਦਿੱਤਾ।

"ਐਨਾ ਜ਼ਰੂਰੀ ਤੇ ਇਤਿਹਾਸਕ ਮੁਕੱਦਮਾ, ਤੁਸਾਂ ਅਪੀਲ ਦੀ ਮਿਆਦ ਹੀ ਲੰਘਾ ਦਿੱਤੀ? ਤੁਸਾਂ ਮਿਸਲ ਫੜਨੀ ਹੀ ਨਹੀਂ ਸੀ; ਬੀਬੀ ਜੀ ਠੀਕ ਕਹਿੰਦੇ ਐ।"

"ਬਈ ਗ਼ਲਤੀ ਹੋ ਗਈ, ਮੈਂ ਮੰਨਦਾ ਆਂ। ਸੁਰਤ ਤਾਂ ਤੁਸੀਂ ਲੋਕ ਮਾਰੀ ਰੱਖਦੇ ਹੋ। ਮੇਰਾ ਹਾਲ ਨਹੀਂ ਵੇਖ ਰਹੇ।" ਬਾਦਲ ਨੇ ਸਫ਼ਾਈ ਪੇਸ਼ ਕੀਤੀ।

"ਬਾਦਲ ਸਾਹਬ!" ਗੁਰਚਰਨ ਕੌਰ ਨੇ ਗੱਲ ਫਿਰ ਆਪਣੇ ਹੱਥ ਲੈ ਲਈ। "ਇਹ ਗੱਦੀ ਕਿਸੇ ਸੁਰਤ ਵਾਲੇ ਨੂੰ ਛੱਡ ਦਿਓ। ਗੁਰੂ ਦੇ ਰਾਜ ਦਾ ਪਟਾ ਤੁਹਾਨੂੰ ਲਿਖ ਕੇ ਤਾ ਨਹੀਂ ਦਿੱਤਾ। ਤੁਸਾਂ ਸ਼ਹੀਦਾਂ ਦੇ ਕੇਸ ਦੀ ਜੜ੍ਹ ਪੁੱਟ ਕੇ ਰੱਖ ਦਿੱਤੀ।"

ਇੱਕ ਸਿੰਘ ਹੋਰ ਅੱਗੇ ਆ ਗਿਆ।

"ਬੀਬੀ ਭੈਣ, ਵਾਅਕਈ ਭਾਰੀ ਗ਼ਲਤੀ ਹੋ ਗਈ। ਏਨੀਆਂ ਜ਼ਿੰਮੇਵਾਰੀਆਂ ਵਾਲੇ ਮੁੱਖ ਮੰਤਰੀ ਨੂੰ ਇਹ ਸੌਂਪਣਾ ਤੁਹਾਨੂੰ ਕਰਨੀ ਹੀ ਨਹੀਂ ਚਾਹੀਦੀ ਸੀ।"

"ਵੇ ਵੀਰਾ, ਏਸ ਆਪ ਮੰਗ ਕੇ ਮਿਸਲ ਲਈ। ਅਸਾਂ ਗੁਰੂ ਦਾ ਸਿੰਘ ਸਮਝ ਕੇ ਇਤਬਾਰ ਕਰ ਲਿਆ। ਸਾਨੂੰ ਕੀ ਪਤਾ ਸੀ, ਭੱਠਾ ਹੀ ਬਹਾ ਦੇਵੇਗਾ।"

ਬਾਦਲ ਪ੍ਰੇਸ਼ਾਨ ਹੋਣ ਨਾਲ ਲਜਿੱਤ ਵੀ ਸੀ। ਉਸ ਨੂੰ ਖਿਆਲ ਹੀ ਨਹੀਂ ਰਿਹਾ ਸੀ ਤੇ ਮਿਸਲ ਕਾਗਜ਼ਾਂ ਵਿੱਚ ਕਿੱਧਰੇ ਔਂਟਲ ਗਈ ਸੀ। ਇਹ ਵੀ ਹੋ ਸਕਦਾ ਏ, ਕਿਸੇ ਹੁਸ਼ਿਆਰ ਨੇ ਖਿਸਕਾ ਹੀ ਲਈ ਹੋਵੇ। ਮਿਸਲ ਨਜ਼ਰ ਚੜ੍ਹੇ ਬਿਨਾਂ ਅਪੀਲ ਦੀ ਮਨਜ਼ੂਰੀ ਯਾਦ ਕਿਵੇਂ ਆਉਂਦੀ। ਉਹ ਬਹੁਤ ਹੀ ਬੁਰੀ ਤਰ੍ਹਾਂ ਮਹਿਸੂਸ ਕਰ ਰਿਹਾ ਸੀ, ਇਸ ਮੱਥੇ ਦੇ ਕਲੰਕ ਨੂੰ ਕਿਵੇਂ ਧੋਵਾਂਗਾ।

"ਆਓ ਬੀਬੀ ਜੀ, ਰੋਟੀ ਛਕੀਏ?" ਇੱਕ ਹੋਰ ਜਥੇਦਾਰ ਨੇ ਗੱਲ ਨੂੰ ਬਾਈਪਾਸ ਕਰਨ ਲਈ ਪਲੱਥਾ ਮਾਰਿਆ।

"ਜਿਹਨਾਂ ਦੇ ਅੰਦਰ ਸ਼ਹੀਦ ਭਰਾਵਾਂ ਦੀਆਂ ਲਾਟਾਂ ਉੱਠ ਰਹੀਆਂ ਹੋਣ, ਉਨ੍ਹਾਂ ਨੂੰ ਰੋਟੀ ਸੁੱਝਦੀ ਐ।" ਉਸ ਦੀ ਅੰਦਰਲੀ ਪੀੜ ਨੂੰ ਕਿਵੇਂ ਵੀ ਮੋੜਾ ਨਹੀਂ ਪਿਆ ਸੀ।

"ਬੀਬੀ ਭੈਣ ਰੋਟੀ ਨਹੀਂ, ਗੁਰੂ ਦਾ ਲੰਗਰ।" ਅਕਾਲੀ ਦਲ ਦੇ ਪ੍ਰਧਾਨ ਨੇ ਉਸ ਨੂੰ ਠੰਢਾ ਕਰਨਾ ਚਾਹਿਆ। ਸਿੰਘ ਕਿਨਾ ਗੁੱਸੇ ਨਾਲ ਭਰਿਆ ਹੋਵੇ, ਗੁਰੂ ਕੇ ਲੰਗਰ ਤੋਂ ਮੁੱਖ ਨਹੀਂ ਮੋੜ ਸਕਦਾ।

"ਠੀਕ ਐ, ਤੁਸੀਂ ਗੁਰੂ ਕਾ ਲੰਗਰ ਆਖਦੇ ਹੋ, ਤਾਂ ਜ਼ਰੂਰ ਛਕਾਂਗੀ।" ਗੁਰਚਰਨ ਕੌਰ ਉਨ੍ਹਾਂ ਦੇ ਨਾਲ ਤੁਰ ਪਈ।

ਇਹ ਉਹੀ ਆਮ ਖ਼ਾਸ ਬਾਗ਼ ਸੀ; ਜਿੱਥੇ ਕਦੇ ਜਹਾਂਗੀਰ ਦੀ ਨੂਰਜਹਾਂ ਅਰਾਮ ਕਰਿਆ ਕਰਦੀ ਸੀ। ਅੱਜ ਅਸਲੋਂ ਵੀਰਾਨ ਹੋਇਆ ਪਿਆ ਸੀ। ਸ਼ਾਹਾਂ ਦੀ ਰੀਸ ਕਰਦਿਆਂ, ਛੋਟੇ ਰਾਜਿਆਂ ਐਸ਼ ਕਰਨ ਦਾ ਇੱਕ ਮੌਕਾ ਪੈਦਾ ਕਰ ਲਿਆ ਸੀ। ਅੰਦਰ ਦੁੱਧ ਚਿੱਟੀਆਂ ਚਾਦਰਾਂ ਵਾਲੇ ਮੇਜ਼ਾਂ ਉੱਤੇ ਕਈ ਪ੍ਰਕਾਰ ਦੀਆਂ ਸਬਜ਼ੀਆਂ, ਸਲਾਦ, ਦਹੀਂ ਦੇ ਭਰੇ ਡੌਂਗੇ ਸਜੇ ਹੋਏ ਸਨ। ਉਸ ਸੋਚਿਆ, ਸ਼ਾਇਦ ਮੀਟ ਅੰਡਾ ਨਾ ਹੋਵੇ। ਉਸ ਦੇ ਤਨ ਬਦਨ ਨੂੰ ਲੱਗੀ ਅੱਗ, ਗੁੱਸੇ ਵਿਚ ਭੜਕ ਪਈ।

"ਵੇ ਭਰਾਵੋ, ਵੇ ਜਥੇਦਾਰੋ! ਸਿੱਖੀ ਦਾ ਬੇੜਾ ਗਰਕ ਕਰਨ ਵਾਲਿਓ! ਵੇ ਆਹ ਐ ਗੁਰੂ ਕਾ ਲੰਗਰ?" ਉਸ ਦੀਆਂ ਚੌੜੀਆਂ ਹੋਈਆਂ ਅੱਖਾਂ ਅਤੇ ਖੁੱਲ੍ਹੇ ਹੱਥ ਅਕਾਲੀਆਂ ਦੀਆਂ ਰਗਾਂ ਨੂੰ ਪੈ ਜਾਣਾ ਚਾਹੁੰਦੇ ਸਨ। "ਸਿੱਖੀ ਨੂੰ ਦੁਸ਼ਮਣ ਨਹੀਂ ਮਾਰ ਸਕਦਾ; ਪਰ ਸਿੱਖਾਂ ਦੀਆਂ ਕੁਰਹਿਤਾਂ ਜ਼ਰੂਰ ਮਾਰ ਦੇਣਗੀਆਂ। ਮੈਂ ਰੱਜੀ ਪੁੱਜੀ ਤੁਹਾਡੇ ਲੰਗਰ ਤੋਂ। ਇਨ੍ਹਾਂ ਕੁਰਸੀਆਂ ਮੇਜ਼ਾਂ ਨੂੰ ਮਾਰੋ ਗੋਲੀ। ਜਿੱਥੇ ਲੰਗਰ ਦੀ ਪੰਗਤ ਨਹੀਂ, ਓਥੇ ਸੰਗਤ ਨਹੀਂ। ਵਾਹਿਗੁਰੂ, ਇਨ੍ਹਾਂ ਦੇ ਮੁੜ ਮੱਥੇ ਨਾ ਲਾਈਂ।" ਉਹ ਬੂ-ਦੁਹਾਈ ਕਰਦੀ ਰੋਟੀ ਵਾਲੇ ਹਾਲ ਕਮਰੇ ਵਿਚੋਂ ਬਾਹਰ ਆ ਗਈ। ਉਸ ਨੂੰ ਰੋਕਣ ਦੀ ਕਿਸੇ ਵਿੱਚ ਜੁਰੱਅਤ ਨਾ ਪਈ। "ਵਾਹਿਗੁਰੂ ਹੁਣ ਸਿੱਖੀ ਤੇਰੇ ਰੱਖਣ ਦੀ ਹੈ।" ਅਰਦਾਸ ਕਰਦੀ, 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੀ, ਭੁੱਖਣ ਭਾਣੀ, ਉਹ ਬੱਸਾਂ ਦੇ ਅੱਡੇ ਨੂੰ ਤੁਰ ਪਈ।

ਬਾਈਵਾਂ ਕਾਂਡ

ਪ੍ਰੈੱਸਮੈਨ ਅਤੇ ਪ੍ਰੀਸ਼ਦ ਦੇ ਤਿੰਨ ਮੈਂਬਰ ਡਰਾਇੰਗ ਰੂਮ ਵਿਚ ਵਿਚਾਰ ਵਟਾਂਦਰੇ ਲਈ ਜੁੜੇ ਬੈਠੇ ਸਨ। ਸਾਰੇ ਇੱਕ ਵਿਚਾਰ ਦੇ ਨਹੀਂ ਸਨ; ਪਰ ਭਾਰਤੀਕਰਨ ਦੇ ਮਸਲੇ 'ਤੇ ਲੰਡੇ ਨੂੰ ਮੀਣਾ ਮਿਲੇ ਹੋਏ ਸਨ। ਇਹ ਮੀਟਿੰਗ ਪ੍ਰੈੱਸਮੈਨ ਨੇ ਪੰਜਾਬ ਅਤੇ ਸਿੱਖਾਂ ਦੀ ਸਮੱਸਿਆ ਬਾਰੇ ਸੱਦੀ ਸੀ, ਪਰ ਬੁਨਿਆਦੀ ਪੱਖ ਉਸ ਦਾ ਆਪਣੀ ਆਰਥਕਤਾ ਨੂੰ ਮਜ਼ਬੂਤ ਕਰਨ ਦਾ ਸੀ। ਮਹਾਸ਼ਾ ਪ੍ਰੈੱਸਮੈਨ ਦਾ ਲੜਕਾ ਚਾਹ ਵਾਲੀ ਭਰੀ ਟ੍ਰੇਅ ਲੈ ਆਇਆ। ਗੱਦੇਦਾਰ ਕੋਚ ਚੀਕੇ। ਉਨ੍ਹਾਂ ਵਿਚੋਂ ਦੋ ਤਾਂ ਬਹੁਤ ਹੀ ਭਾਰੇ ਸਨ; ਜਿਹੜੇ ਸਪ੍ਰਿੰਗਾਂ ਦੀ ਤਹਿ ਲਾ ਰਹੇ ਸਨ। ਰੋੜ੍ਹਆਂ ਵਾਲੀ ਤਪਾਈ ਖਿੱਚ ਕੇ ਸਾਰਿਆਂ ਦੇ ਸਾਹਮਣੇ ਕਰ ਦਿੱਤੀ। ਉਨ੍ਹਾਂ ਦੀ ਇਹ ਮਿਲਣੀ ਇੱਕ ਤਰ੍ਹਾਂ ਖੁਫ਼ੀਆ ਸੀ; ਏਸੇ ਕਾਰਨ ਨੌਕਰ ਚਾਹ ਲੈ ਕੇ ਨਹੀਂ ਆਇਆ ਸੀ। ਜਿਵੇਂ, ਪਾਰਵਤੀ ਅਤੇ ਗਣੇਸ਼ ਦੀ ਚੌਖਟੇ ਵਿਚ ਜੜੀ ਤਸਵੀਰ, ਉਨ੍ਹਾਂ ਸਾਰਿਆਂ ਨੂੰ ਅਸ਼ੀਰਵਾਦ ਦੇ ਰਹੀ ਸੀ। ਕੰਵਲ ਫੁੱਲ 'ਤੇ ਖਲੋਤੀ ਲੱਛਮੀ ਫੁੱਲਾਂ ਦੀ ਵਰਖਾ ਕਰ ਰਹੀ ਸੀ।

"ਮਹਾਸ਼ਾ ਜੀ ਤੁਹਾਡਾ ਸਪੁੱਤਰ ਬੜਾ ਲਾਇਕ ਹੈ। ਇਹ ਤੁਹਾਡੇ ਨਾਲੋਂ ਵੀ ਵਧੀਆ ਲਿਖਦਾ ਹੈ।"

ਤਿਲਕਧਾਰੀ ਪੰਡਤ ਨੇ ਮਹਾਸ਼ੇ ਦੇ ਮੁੰਡੇ ਦੀ ਪ੍ਰਸੰਸਾ ਕੀਤੀ। ਉਸ ਦਾ ਗੰਜਾ ਤੇ ਚੋਪੜਿਆ ਸਿਰ ਲਿਸ਼ਕਾਂ ਮਾਰ ਰਿਹਾ ਸੀ। ਬਸ ਗਿੱਚੀ ਨੇੜੇ ਹੀ ਥੋੜ੍ਹੇ ਜਿੰਨੇ ਵਾਲ ਰਹਿੰਦੇ ਸਨ।

"ਹੋਣਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ।" ਜਟਾਧਾਰੀ ਪਿੰਨੀਆਂ ਵੇਖ ਕੇ ਮੂੰਹ ਵਿਚ ਜੀਭ ਫੇਰ ਗਿਆ। "ਮੈਂ ਤਾਂ ਇਹ ਜਾਣਦਾ ਆਂ, ਪੰਜਾਬ ਵਿਚ ਅਖ਼ਬਾਰਾਂ ਰਾਹੀਂ ਜਿੰਨੀ ਹਿੰਦੂਆਂ ਦੇ ਬਚਾਅ ਦੀ ਸੇਵਾ ਤੁਸੀਂ ਕਰ ਰਹੇ ਹੋ; ਸਰਕਾਰ ਵੀ ਨਹੀਂ ਕਰ ਰਹੀ।" ਉਸ ਦੀ ਲੰਮੀ ਚੌੜੀ ਧੌਲੀ ਦਾੜ੍ਹੀ ਅਤੇ ਖੁੱਲ੍ਹੇ ਸਿਰ ਦੀਆਂ ਲਟਾਂ ਉਸ ਨੂੰ ਪੁਰਾਤਨ ਰਿਸ਼ੀ ਦਰਸਾ ਰਹੀਆਂ ਸਨ।

"ਹੁਣ ਪੁਰਾਣਾ ਭੈ ਅਤੇ ਹੀਣਭਾਵ ਮਨਾਂ ਵਿਚੋਂ ਕੱਢ ਦਿਓ। ਹੁਣ ਰਾਜ ਸਾਡਾ ਹੈ। ਅਸਾਂ ਇਸ ਰਾਜ ਨੂੰ ਹਰ ਪਹਿਲੂ ਤੋਂ ਮਜ਼ਬੂਤ ਕਰਨਾ ਹੈ।" ਪ੍ਰੈੱਸ ਮਹਾਸ਼ੇ ਨੇ ਚਾਹ ਵਾਲਾ ਪਿਆਲਾ ਰੱਖ ਕੇ ਪਿੰਨੀ ਚੁੱਕ ਲਈ। "ਮੁਸਲਮਾਨ, ਸਿੱਖ ਤੇ ਈਸਾਈ ਸਾਡੇ ਸਮੇਰ ਪਰਬਤ ਦੀ ਡਲੀ ਨਹੀਂ ਹਿਲਾ ਸਕਦੇ। ਅਜਿਹੀ ਰਾਜਨੀਤਕ ਸੂਝ ਚਲਾਈਏ ਕਿ ਸਾਰੇ ਖਖੜੀਆਂ ਕਰੇਲੇ ਹੋ ਜਾਣ। ਕੌਸ਼ਲ ਸਾਹਬ, ਤੁਸੀਂ ਨਹੀਂ ਬੋਲਦੇ?" ਮਹਾਸ਼ਾ ਸੇਵਾ ਮੁਕਤ ਸਕੱਤਰ ਨੂੰ ਹਲੂਣ ਗਿਆ।

"ਮਹਾਸ਼ਾ ਜੀ ਤੁਸੀਂ ਪੰਜਾਬੀ ਬੜੀ ਖ਼ੂਬਸੂਰਤ ਬੋਲਦੇ ਹੋ; ਪਰ ਸ਼ੈਦਾਈ ਹਿੰਦੀ ਦੇ ਹੋ?" ਸਕੱਤਰ ਚੋਟ ਕਰਕੇ ਮੁਸਕਾ ਪਿਆ।

"ਇਹ ਸਭ ਮੈਂ ਭਾਰਤੀਕਰਨ ਲਈ ਅੱਕ ਚੱਬ ਰਿਹਾ ਹਾਂ।"

"ਭਾਰਤੀਕਰਨ ਤੋਂ ਮੁਰਾਦ?"

"ਹਿੰਦੀ, ਹਿੰਦੂ, ਹਿੰਦੋਸਤਾਨ।"

"ਹਾਂਅ, ਸਮਝ ਗਿਆ। ਤੁਸੀਂ ਸਿਆਣੇ ਭੱਦਰ ਪੁਰਸ਼ ਬੈਠੇ ਹੋ, ਕੁਝ ਤਾਂ ਲਾਭ ਮਿਲੇਗਾ ਹੀ।" ਸਕੱਤਰ ਨੇ ਸੰਜੀਦਾ ਚੁੱਪ ਧਾਰ ਲਈ।

ਗੰਜੇ ਸਿਰ ਨੇ ਮੁੰਨੀਆਂ ਮੁੱਛਾਂ ਉੱਤੋਂ ਦੀ ਹੱਥ ਫੇਰਿਆ।

"ਦੇਖੋ ਭਾਈਓ! ਦੂਰਦੇਸ਼ੀ ਤਾਂ ਮੈਂ ਸਾਡੇ ਮਹਾਨ ਚਿੰਤਕ ਸ੍ਰੀ ਗੋਲਵਰਕਰ ਦੀ ਸਮਝਦਾ ਆਂ। ਉਸ ਹਿੰਦੂ ਰਾਜ ਦੀ ਸਥਾਪਤੀ ਲਈ ਪਹਿਲੋਂ ਹੀ ਮਜ਼ਬੂਤ ਸੰਘ ਖੜ੍ਹਾ ਕਰ ਦਿੱਤਾ। ਸੰਘ ਦੀ ਨਿੱਤ ਦੀ ਤਿਆਰੀ ਪਰੇਡ; ਕਿਸੇ ਵੀ ਰਾਜਸੀ ਵਿਦਰੋਹ ਨੂੰ ਦਬਾਉਣ ਦੇ ਸਮਰੱਥ ਹੋਵੇਗੀ। ਮਹਾਨ ਚਿੰਤਕ ਨੇ ਸੋਚ ਲਿਆ ਸੀ, ਅੰਗਰੇਜ਼ ਤਾਂ ਇੱਕ ਦਿਨ ਭਾਰਤ ਵਿਚੋਂ ਜਾਵੇਗਾ ਹੀ ਅਤੇ ਸੁਤੰਤਰ ਭਾਰਤ ਨੂੰ ਸਾਂਭਣ ਤੇ ਕਾਬੂ ਰੱਖਣ ਲਈ ਤਾਕਤ ਚਾਹੀਦੀ ਹੈ। ਏਸੇ ਲਈ ਸੰਘ ਦੀ ਸ਼ਕਤੀ ਨੂੰ ਮਜ਼ਬੂਤ ਡਸਿਪਲਨ ਵਿਚ ਬੰਨ੍ਹ ਕੇ ਰੱਖਿਆ ਹੋਇਆ ਹੈ। ਚੰਗਾ ਹੋਇਆ ਮੁਸਲਮਾਨ ਪਾਕਿਸਤਾਨ ਲੈ ਕੇ ਪਾਸੇ ਹੋ ਗਿਆ, ਸਾਰੀ ਦਾ ਟੰਟਾ ਮੁੱਕਾ। ਨਹੀਂ ਤਾਂ ਹਿੰਦੂ ਰਾਜ ਦੇ ਸੁਪਨੇ ਧਰੇ ਧਰਾਏ ਰਹਿ ਜਾਣੇ ਸਨ। ਬਾਕੀ ਦੇ ਗੜਬੜ ਕਰਨ ਵਾਲੇ ਮੁਸਲਮਾਨਾਂ ਨੂੰ ਸੰਘ ਤੇ ਸ਼ਿਵ ਸੈਨਾ ਚੰਗਾ ਸਬਕ ਸਿਖਾ ਸਕਦੀ ਹੈ।"

"ਮੁਸਲਮਾਨ ਦੀ ਤਾਂ ਤਹਿ ਲੱਗ ਗਈ; ਉਹ ਉੱਠਣ ਜੋਗਾ ਨਹੀਂ ਰਿਹਾ।" ਮਹਾਸ਼ਾ ਭਾਈ ਨੇ ਗੱਲ ਨੂੰ ਸੰਭਾਲਿਆ, "ਸਾਨੂੰ ਪੰਜਾਬ ਵਿੱਚ ਸਿੱਖਾਂ ਦੀ ਪਈ ਹੋਈ ਐ। ਸਾਡੇ ਵਿਸ਼ਾਲ ਰਾਜ ਨੂੰ ਮੁਸਲਮਾਨਾਂ ਤੋਂ ਕੋਈ ਖ਼ਤਰਾ ਨਹੀਂ। ਸਿੱਖਾਂ ਦੀ ਤਹਿ ਲਾਉਣੀ ਬੇਹੱਦ ਜ਼ਰੂਰੀ ਹੈ। ਇਹ ਖ਼ਤਰਨਾਕ ਤਾਂ ਨਹੀਂ, ਪਰ ਬੂਤਨੇ ਮਰਨੋਂ ਨਹੀਂ ਡਰਦੇ। ਮਰਨ ਮਾਰਨ ਵਾਲੇ ਤੋਂ ਪਾਸਾ ਵੱਟੋ ਅਤੇ ਉਸ ਦਾ ਬੰਦੋਬਸਤ ਪਹਿਲਾਂ ਕਰੋ। ਯਾਦ ਰੱਖੋ, ਇਤਿਹਾਸ ਦੱਸਦਾ ਹੈ, ਭਾਰਤ ਨੂੰ ਜਦੋਂ ਵੀ ਢਾਹ ਲੱਗੀ, ਪੱਛਮ ਵੱਲੋਂ ਲੱਗੀ ਹੈ। ਸਿੱਖ ਹੁਣ ਪੱਛਮ ਵਿੱਚ ਮਜ਼ਬੂਤ ਕੜੀ ਹੈ। ਉਨ੍ਹਾਂ ਦੇ ਮਨ ਵਿਚ ਰੋਹ ਹੈ: ਸਾਨੂੰ ਰਾਜ ਦੀ ਆਜ਼ਾਦੀ ਵਿਚੋਂ ਹਿੱਸਾ ਨਹੀਂ ਮਿਲਿਆ। ਸੋ, ਇਨ੍ਹਾਂ ਨੂੰ ਅੱਖ-ਤਿਣ ਰੱਖਣਾ ਜ਼ਰੂਰੀ ਹੈ।" ਉਸ ਪਿਛਾਂਹ ਹਟ ਕੇ ਕੋਚ ਦੀ ਢੋਹ ਲੈ ਲਈ।

ਮਹਾਸ਼ਾ ਪੁੱਤਰ ਨੇ ਆ ਕੇ ਖ਼ਾਲੀ ਪਿਆਲੇ ਟ੍ਰੇਅ ਵਿਚ ਰੱਖੇ ਅਤੇ ਡਰਾਇੰਗ ਰੂਮ ਵਿਚੋਂ ਬਾਹਰ ਹੋ ਗਿਆ।

"ਬਾਈ ਜਾਗਦਿਆਂ ਦੀਆਂ ਕੱਟੀਆਂ, ਸੁੱਤਿਆਂ ਦੇ ਕੱਟੇ।" ਤਿਲਕਧਾਰੀ ਕਹਿ ਕੇ ਹੱਸ ਪਿਆ। ਉਸ ਦੀਆਂ ਲੌਲ੍ਹਾਂ ਦਾ ਚਿੱਟਾ ਚੰਨਣ ਮਹਿਕ ਰਿਹਾ ਸੀ।

"ਪਰ ਸਿੱਖਾਂ ਨੂੰ ਤਾਂ ਕੱਟਾ ਵੀ ਨਹੀਂ ਮਿਲਿਆ।" ਜਟਾਧਾਰੀ ਵਿਅੰਗ ਵਜੋਂ ਕਹਿ ਗਿਆ।

"ਤੁਸੀਂ ਆਪਣੇ ਵਿਧਾਨ ਨੂੰ ਮੁੱਖ ਰੱਖ ਕੇ ਪਾਲਿਸੀ ਬਣਾਓ। ਹਾਲੇ ਨਹਿਰੂ ਦਾ ਲਿਬਰਲਿਜ਼ਮ ਹਊਆ ਬਣਿਆ ਖਲੋਤਾ ਹੈ।" ਸਕੱਤਰ ਨੇ ਆਪਣੀ ਚੁੱਪ ਤੋੜੀ।

"ਇਹ ਠੀਕ ਐ, ਨਹਿਰੂ ਘੱਟ ਗਿਣਤੀਆਂ ਵੱਲ ਝਾਕਦਾ ਸੀ। ਅਸਲ ਵਿਚ ਉਹ ਆਪਣੀ ਕੌਮਾਂਤਰੀ ਸ਼ੁਹਰਤ ਨੂੰ ਦਾਗ਼ ਨਹੀਂ ਲੱਗਣ ਦੇਣਾ ਚਾਹੁੰਦਾ ਸੀ।" ਜਰਨਲਿਸਟ ਮਹਾਸ਼ਾ ਆਖਦਾ ਗਿਆ। "ਉਹ ਆਪਣੀਆਂ ਦੋ ਖ਼ੂਬੀਆਂ ਲਈ ਯਾਦ ਰਹੇਗਾ। ਇੱਕ ਸਿੱਖਾਂ ਨੂੰ ਟਕਰਾਉਣਾ, ਦੂਜਾ ਹਿੰਦੀ ਨੂੰ ਰਾਜ ਭਾਸ਼ਾ ਬਣਾਉਣਾ। ਉਹ ਕਿੰਨਾ ਆਜ਼ਾਦ ਖਿਆਲ

ਸੀ, ਪਰ ਸੀ ਤਾਂ ਮਹਾਤਮਾ ਗਾਂਧੀ ਵਾਂਗ ਪਹਿਲਾਂ ਹਿੰਦੂ। ਉਸ ਗੁਰਮੁਖ ਸਿੰਘ ਮੁਸਾਫ਼ਰ ਤੋਂ ਹਿੰਦੀ ਦੇ ਹੱਕ ਵਿਚ ਕਿਵੇਂ ਵੋਟ ਲਈ। ਇਹ ਨਹਿਰੂ ਹੀ ਸੀ, ਜਿਹੜਾ ਗਾਂਧੀ ਦੀ ਲਾਸ਼ ਉੱਤੋਂ ਦੀ ਮੁਸਲਮਾਨਾਂ ਨੂੰ ਪਾਕਿਸਤਾਨ ਦੇ ਕੇ, ਬਾਕੀ ਭਾਰਤ ਨੂੰ ਸੁਰਖ਼ਰੂ ਕਰ ਗਿਆ।"

"ਮਾਫ਼ ਕਰਨਾ, ਮੈਂ ਤਾਂ ਸੁਣਿਆ ਏ, ਨਹਿਰੂ ਮਿਸਟਰ ਜਿਨਾਹ ਦੀ ਲਿਆਕਤ ਤੋਂ ਭੈ ਖਾਂਦਾ ਸੀ। ਉਹ ਜਿਨਾਹ ਦੀ ਪ੍ਰਧਾਨਗੀ ਹੇਠਾਂ ਪ੍ਰਧਾਨ ਮੰਤਰੀ ਨਹੀਂ ਚੱਲ ਸਕਦਾ ਸੀ।" ਸਕੱਤਰ ਨੇ ਇੱਕ ਸ਼ੰਕਾ, ਇੱਕ ਸੱਚ ਅੱਗੇ ਰੱਖ ਦਿੱਤਾ।

"ਸੈਕਟਰੀ ਸਾਅਬ ਗੱਲ ਤੁਹਾਡੀ ਸੋਲ੍ਹਾਂ ਆਨੇ ਐ; ਪਰ ਪਾਕਿਸਤਾਨ ਦੇ ਕੇ ਅਸੀਂ ਸਦਾ ਲਈ ਸੁਰਖ਼ਰੂ ਹੋ ਗਏ ਆਂ।" ਮਹਾਸ਼ਾ ਭਾਈ ਨੇ ਇੱਕ ਉਂਗਲੀ ਖੜ੍ਹੀ ਕਰ ਕੇ ਹਲਾਈ।

"ਮਹਾਸ਼ਾ ਜੀ, ਜਿੱਤ ਲਈ ਹਮੇਸ਼ਾ ਦੋ ਉਂਗਲੀਆਂ ਖੜ੍ਹੀਆਂ ਕਰੀਦੀਆਂ ਏਂ।" ਸਕੱਤਰ ਨੇ ਸੰਕੇਤ ਦਿੱਤਾ।

"ਮੈਂ ਪੱਛਮੀ ਸੱਭਿਆਚਾਰ ਵਿਚ ਯਕੀਨ ਨਹੀਂ ਰੱਖਦਾ, ਸ਼ੁੱਧ ਭਾਰਤੀ ਆਂ।"

"ਮਹਾਸ਼ਾ ਜੀ, ਅੱਜ ਤੁਸੀਂ ਨਹਿਰੂ ਦੀਆਂ ਤਾਰੀਫ਼ਾਂ ਕਰਦੇ ਹੋ, ਪਰ ਪਿਛਲੇ ਵਰ੍ਹਿਆਂ ਵਿਚ ਆਪਣੇ ਲੇਖਾਂ ਰਾਹੀਂ ਉਸ ਨੂੰ ਬਹੁਤ ਭੰਡਦੇ ਹੁੰਦੇ ਸੀ?" ਤਿਲਕਧਾਰੀ ਇੱਕ ਸਵਾਲ ਕਰ ਗਿਆ।

"ਓ ਬਈ ਨਹਿਰੂ ਨੂੰ ਸ਼ੇਖ ਅਬਦੁਲਾ ਤੋਂ ਜੋ ਤੋੜਨਾ ਸੀ।" ਮਹਾਸ਼ੇ ਨੇ ਦੋਵੇਂ ਹੱਥ ਤਪਾਈ 'ਤੇ ਰੱਖ ਦਿੱਤੇ ਅਤੇ ਭੇਦ ਭਰੇ ਅੰਦਾਜ਼ ਵਿੱਚ ਸਹਿਜ ਨਾਲ ਆਖਿਆ, "ਗੱਲ ਤਾਂ ਊਂ ਮਾੜੀ ਐ, ਪਰ ਕੁਦਰਤ ਜੋ ਕਰਦੀ ਐ, ਚੰਗਾ ਈ ਕਰਦੀ ਹੈ। ਨਹਿਰੂ ਮਰ ਗਿਆ; ਨਹੀਂ ਅਬਦੁਲਾ ਨੇ ਕਸ਼ਮੀਰ ਨੂੰ ਆਜ਼ਾਦ ਕਰਨ ਬਾਰੇ ਇੱਕ ਤਰ੍ਹਾਂ ਉਸ ਨੂੰ ਮਨਾ ਲਿਆ ਸੀ।"

"ਹੱਛਾਅ! ਵਿਚੇ ਵਿਚ ਗੱਲ ਏਥੋਂ ਤੱਕ ਪਹੁੰਚ ਗਈ ਸੀ?" ਤਿਲਕਧਾਰੀ ਹੈਰਾਨ ਹੋ ਗਿਆ।

"ਪੰਡਤ ਜੀ ਤੁਹਾਡੇ ਸਿਰਹਾਣੇ ਕੱਟਾ ਬੰਨ੍ਹ ਕੇ ਸ਼ੇਖ ਨੇ ਕਸ਼ਮੀਰੀ ਕੱਟੀ ਖੋਲ੍ਹ ਕੇ ਲੈ ਜਾਣੀ ਸੀ। ਤੁਹਾਡੀਆਂ ਕਿੱਥੇ ਭਾਉਂਦੀਆਂ ਔਂ।" ਉਸ ਸ਼ੀਸ਼ੇ ਦੀ ਤਪਾਈ ਉੱਤੇ ਹੌਲੀ ਜਿਹੀ ਹੱਥ ਮਾਰਿਆ।

"ਮਹਾਸ਼ਾ ਜੀ, ਖ਼ਿਮਾ ਕਰਨਾ, ਤੁਹਾਡੀ ਚਲਦੀ ਗੱਲ ਵਿਚ ਵਿਘਨ ਪਾਉਣ ਲੱਗਾ ਆਂ। ਸਿੱਖਾਂ ਤੇ ਨਿਰੰਕਾਰੀਆਂ ਦੇ ਝਗੜੇ ਦੀ ਅਸਲ ਵਜ੍ਹਾ ਕੀ ਹੈ; ਜਦੋਂ ਦੋਵੇਂ ਗੁਰੂ ਗ੍ਰੰਥ ਸਾਹਿਬ ਨੂੰ ਬਰਾਬਰ ਮੰਨਦੇ ਹਨ?"

ਗੰਜੇ ਸਿਰ ਨੇ ਸਵਾਲ ਪੁੱਛ ਕੇ ਮੂੰਹ ਅੱਡ ਲਿਆ।

"ਸਰਕਾਰ ਤੇ ਅਸੀਂ ਇੱਕ ਆਂ ਤੇ ਚਾਹੁੰਦੇ ਆਂ, ਸਿੱਖਾਂ ਦੀਆਂ ਖੱਬੇ-ਪੱਖੀ ਤਾਕਤਾਂ ਨੂੰ ਲੀਰਾਂ-ਲੀਰਾਂ ਕਰਕੇ ਰੱਖਿਆ ਜਾਵੇ। ਭਾਰਤ ਵਿਚ ਗੁਰੂਡਮ ਚੱਲਦਾ ਈ ਚੱਲਦਾ ਏ। ਹਰ ਸੰਤ ਮਹਾਤਮਾ ਆਪਣੀ ਮਹਿਮਾ ਦਾ ਭੁੱਖਾ ਹੁੰਦਾ ਏ। ਅਸਾਂ ਰਲ ਮਿਲ ਕੇ ਨਿਰੰਕਾਰੀ ਮੁਖੀ ਨੂੰ ਮਹਿਮਾ ਦੇ ਪੱਠੇ ਪਾਏ ਐ। ਉਸ ਦੇ ਗੁਰੂਡਮ ਤੋਂ ਸਿੱਖ ਔਖੇ ਹੋਏ ਐ, ਕਿਉਂਕਿ ਉਹ, ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।" 'ਤੇ ਵਿਸ਼ਵਾਸ ਰੱਖਦੇ ਹਨ।

"ਸੁਣਿਆ ਏ, ਵਿਸਾਖੀ ਵਾਲੇ ਦਿਨ ਤੁਸੀਂ ਓਥੇ ਸੀ?"

"ਬਈ ਤੁਹਾਨੂੰ ਕੀਹਨੇ ਦੱਸਿਆ ਏ?"

"ਸ੍ਰੀਮਾਨ ਜੀ, ਪੇਟ ਦਾਈਆਂ ਤੋਂ ਗੁੱਝੇ ਨਹੀਂ ਰਹਿੰਦੇ। ਤੁਹਾਡੇ ਘਰੋਂ ਹੀ ਸਰੋਅ ਮਿਲੀ ਹੈ।"

"ਗੱਲ ਨੂੰ ਏਥੇ ਈ ਦੱਬ ਲਵੋ, ਭੂਤਨਿਆਂ ਨੂੰ ਨਹੀਂ ਪਤਾ ਲੱਗਣਾ ਚਾਹੀਦਾ। ਊਂ ਇੱਕ ਜਰਨਲਿਸਟ ਨੂੰ ਤੁਹਾਡੇ ਖ਼ਿਆਲ ਵਿਚ ਅਜਿਹੀਆਂ ਘਟਨਾਵਾਂ ਵਾਚਣੀਆਂ ਨਹੀਂ ਚਾਹੀਦੀਆਂ?"

"ਜ਼ਰੂਰ। ਕੁਝ ਹੋਰ ਵਿਸਥਾਰ ਦੱਸੋ?"

"ਸਿੱਖਾਂ ਨੂੰ ਅੰਗਰੇਜ਼ ਨਹੀਂ ਮਾਰ ਸਕਿਆ। ਭਾਰਤ ਸਰਕਾਰ ਨਹੀਂ ਮਾਰ ਸਕਦੀ। ਅਖ਼ਬਾਰੀ ਪ੍ਰਾਪੇਗੰਡੇ ਨੂੰ ਇਹ ਕੱਖ ਨਹੀਂ ਗੌਲਦੇ। ਇਤਿਹਾਸਕ ਤੱਤ ਇਹ ਕੱਢਿਆ ਗਿਆ ਹੈ, ਸਿੱਖਾਂ ਨੂੰ ਕੇਵਲ ਸਿੱਖ ਹੀ ਮਾਰ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਤੋਂ ਇਨ੍ਹਾਂ ਦਾ ਵਿਸ਼ਵਾਸ ਚੁੱਕੇ ਬਿਨਾਂ, ਅਸੀਂ ਇਨ੍ਹਾਂ ਦਾ ਭਾਰਤੀਕਰਨ ਨਹੀਂ ਕਰ ਸਕਦੇ। ਮੋਟਾ ਤੱਤ ਇਹ ਹੈ।" ਮਹਾਸ਼ੇ ਨੇ ਵਜਈ ਫੁੰਕਾਰਾ ਮਾਰਿਆ।

"ਵਾਹਵਾ, ਤੁਸੀਂ ਤਾਂ ਦੇਸ਼ ਭਗਤਾਂ ਵਾਲਾ ਕੰਮ ਕਰਦੇ ਰਹੇ ਹੋ।" ਜਟਾਧਾਰੀ ਹਮਾਇਤ ਵਿਚ ਹਾਮੀ ਭਰ ਗਿਆ।

"ਇਨ੍ਹਾਂ ਦਾ ਕੰਡਾ ਨਿਕਲਣਾ ਚਾਹੀਦਾ ਹੈ; ਤਦ ਹੀ ਮੁੱਖ ਧਾਰਾ ਵਿਚ ਆਉਣਗੇ।" ਪੰਡਤ ਦੀਆਂ ਚੰਦਨ ਲੱਗੀਆਂ ਲੌਲ੍ਹਾਂ ਹਿੱਲੀਆਂ।

"ਸਿੱਖਾਂ ਦਾ ਇਤਿਹਾਸ ਦੱਸਦਾ ਏ, ਇਹ ਆਪੇ ਵਿਚ ਲੜ ਕੇ ਹੀ ਮਰ ਸਕਦੇ ਐਂ। ਊਂ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਅਜਿਹੀ ਪਾਣ ਚਾੜ੍ਹੀ ਐ, ਇਹ ਹਾਰਨਾ ਨਹੀਂ ਜਾਣਦੇ। ਸਾਡਾ ਮੁੱਖ ਨਿਸ਼ਾਨਾ ਹੋਣਾ ਚਾਹੀਦਾ ਹੈ, ਸਿੱਖਾਂ ਅਤੇ ਨਿਰੰਕਾਰੀਆਂ ਨੂੰ ਟਕਰਾਉਂਦੇ ਜਾਣਾ, ਦਲਿਤਾਂ ਨੂੰ ਸਿੱਖਾਂ ਦੇ ਨੇੜੇ ਨਾ ਜਾਣ ਦੇਣਾ। ਸਿੱਖਾਂ ਦਾ ਪੰਥ ਨਿਰੰਕਾਰੀਆਂ, ਨਾਮਧਾਰੀਆਂ, ਰਾਧਾਸੁਆਮੀਆਂ, ਅਖੰਡ ਕੀਰਤਨੀਏ, ਦਮਦਮੀ ਟਕਸਾਲ, ਨਾਨਕਸਰੀਏ ਤੇ ਹੋਰ ਕਿੰਨੇ ਹੀ ਗੱਦੀਦਾਰ ਸੰਤਾਂ ਮਹੰਤਾਂ ਵਿੱਚ ਵੰਡਿਆ ਪਿਆ ਹੈ। ਖੰਡ ਖੰਡ ਹੋਏ ਪੰਥ ਵਿਚ ਚੰਗਿਆੜਾ ਸੁੱਟਣ ਦਾ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ। ਦੇਹਧਾਰੀ ਗੁਰੂ ਨੂੰ ਹਵਾ ਦੇਣੀ ਸਿੱਖਾਂ ਦੇ ਵਿਸ਼ਵਾਸ ਨੂੰ ਖੋਰਨ ਵਾਲੀ ਗੱਲ ਹੈ। ਜੇ ਗੁਰੂ ਗੋਬਿੰਦ ਸਿੰਘ ਦੇ ਫ਼ੁਰਮਾਨ ਅਨੁਸਾਰ ਇਹ ਗੁਰੂ ਗ੍ਰੰਥ ਸਾਹਿਬ ਨੂੰ ਹੀ ਖ਼ਾਲਸੇ ਦਾ ਗੁਰੂ ਮੰਨਦੇ ਰਹੇ; ਇਨ੍ਹਾਂ ਦੀ ਸ਼ਰਧਾ ਸ਼ਕਤੀ ਜੁੜੀ ਰਹੇਗੀ। ਨਿਰੰਕਾਰੀਆਂ ਦੀ ਅਵਤਾਰ ਬਾਣੀ ਵਿਚ ਬੜਾ ਕੁਝ ਪੜ੍ਹਨ ਵਾਲਾ ਹੈ। ਭਾਰਤੀਕਰਨ ਨਾਲ ਹੀ ਭਾਰਤ ਦੀ ਏਕਤਾ ਕਾਇਮ ਰਹਿ ਸਕਦੀ ਹੈ। ਅਸੀਂ ਠੀਕ ਆਪਣੇ ਨਿਸ਼ਾਨੇ ਦੀ ਸੇਧ ਜਾ ਰਹੇ ਹਾਂ।" ਮਹਾਸ਼ਾ ਆਪਣਾ ਲੈਕਚਰ ਖ਼ਤਮ ਕਰਕੇ ਕੰਨ ਵਿਚ ਉਂਗਲ ਫੇਰਨ ਲੱਗ ਪਿਆ।

"ਪਿਆਰੇ ਮਹਾਸ਼ਾ ਜੀ! ਤੁਸਾਂ ਬੜੀ ਕੰਮ ਦੀ ਜਾਣਕਾਰੀ ਦਿੱਤੀ ਹੈ।" ਗੰਜੇ ਨੇ ਆਪਣਾ ਅਧਵਾਣਾ ਸਿਰ ਹਲਾਇਆ। "ਵਾਅਕਈ ਅਸੀਂ ਸਿੱਖਾਂ ਨੂੰ ਅੰਗਰੇਜ਼ਾਂ ਦੀ ਨੀਤੀ ਅਨੁਸਾਰ ਹੀ ਪਾੜ ਪਾੜ ਗੁੱਠੇ ਲਾ ਸਕਦੇ ਆਂ।"

"ਐਨਾ ਹੀ ਕਾਫ਼ੀ ਨਹੀਂ, ਇਹ ਮਰਦੇ ਮਰਦੇ ਮੁੜ ਜਿਉਂ ਪੈਂਦੇ ਐ। ਇਨ੍ਹਾਂ ਦੇ ਗੁਰੂ ਨੇ ਜਿਹੜਾ ਕਿਰਤ ਕਰਨ ਦਾ ਗੁਰਮੰਤਰ ਦਿੱਤਾ ਹੈ, ਉਹ ਨਹੀਂ ਮਰਨ ਦੇਂਦਾ। ਇਨ੍ਹਾਂ ਨੂੰ ਆਰਥਕ ਪੱਖੋਂ ਨਤਾਣੇ ਕਰਨ ਦੀ ਲੋੜ ਹੈ। ਜੇ ਪੰਜਾਬ ਦਾ ਪਾਣੀ ਤੇ ਬਿਜਲੀ ਕਿਸੇ ਤਰ੍ਹਾਂ ਖੋਹ ਲਈ ਜਾਵੇ; ਇਨ੍ਹਾਂ ਦੇ ਅਕੜੇਵੇਂ ਦੇ ਸਾਰੇ ਵਲ ਨਿਕਲ ਜਾਣ। ਨਹਿਰੂ ਨੇ ਇਨ੍ਹਾਂ ਨੂੰ ਪਲੋਸ ਕੇ ਕਿਵੇਂ

ਸਤਲੁਜ ਬਿਆਸ ਵਿਚੋਂ ਦੋ ਨਹਿਰਾਂ ਦਾ ਪਾਣੀ ਮੁਫ਼ਤ ਲੈ ਕੇ ਰਾਜਸਥਾਨ ਨੂੰ ਨਿਹਾਲ ਕਰ ਦਿੱਤਾ ਸੀ। ਕਿਸੇ ਤਰ੍ਹਾਂ ਹਰਿਆਣੇ ਨੂੰ ਵੀ ਤਾਰਨਾ ਚਾਹੀਦਾ ਹੈ। ਇਨ੍ਹਾਂ ਦੇ ਸੱਭਿਆਚਾਰ 'ਤੇ ਹਿੰਦੀ ਦੀ ਪਾਲਸ਼ ਚੜ੍ਹਾਉਣ ਦਾ ਕੰਮ ਹੋਰ ਤੇਜ਼ ਕੀਤਾ ਜਾਵੇ।" ਮਹਾਸ਼ਾ ਆਪਣੀ ਅਕਲ ਦਾ ਸਿੱਕਾ ਜਮਾ ਰਿਹਾ ਸੀ।

"ਤੁਹਾਡਾ ਮਤਲਬ ਹੈ, ਕੰਡਿਆਲੇ ਰੁੱਖ ਛਾਂਗਣ ਨਾਲੋਂ ਉਨ੍ਹਾਂ ਦੀਆਂ ਜੜ੍ਹਾਂ ਹੀ ਵੱਢ ਸੁੱਟੀਆਂ ਜਾਣ?" ਤਿਲਕਧਾਰੀ ਹੁੰਗਾਰ ਪਿਆ।

"ਮਾਫ਼ ਕਰਨਾ ਪਿਆਰਿਓ! ਮੈਂ ਤੁਹਾਡੇ ਵਿਚਾਰ ਨਾਲ ਸਹਿਮਤ ਨਹੀਂ।" ਸੈਕਟਰੀ ਨੇ ਹੱਥ ਖੜ੍ਹਾ ਕਰਕੇ ਰੋਕਿਆ। "ਪੈਂਹਟ ਦੀ ਜੰਗ ਵਿੱਚ ਜੇ ਸਿਘ ਪੈਟਨ ਟੈਂਕਾਂ ਹੇਠਾਂ ਆ ਕੇ ਨਾ ਮਰਦੇ, ਭਾਰਤ ਤੋਂ ਹਾਰ ਦੀ ਨਮੋਸ਼ੀ ਚੁੱਕੀ ਨਹੀਂ ਜਾਣੀ ਸੀ। ਇਨ੍ਹਾਂ ਨੂੰ ਮਾਰੋ ਨਾ, ਆਪਣੀਆਂ ਬਾਹਾਂ ਦਾ ਬਲ ਬਣਾਓ; ਪਰ ਰੱਖੋ ਆਪਣੇ ਕਾਬੂ ਵਿੱਚ। ਯਾਦ ਰੱਖੋ, ਚੀਨ ਤੇ ਪਾਕਿਸਤਾਨ ਸਾਨੂੰ ਘੇਰੀ ਖਲੋਤੇ ਐ।"

"ਸਾਡੇ ਬਹਾਦਰ ਰਾਜਪੂਤ, ਮਰਹੱਟੇ, ਡੋਗਰੇ ਤੇ ਟੈਕਨੀਕਲ ਮਦਰਾਸੀ ਮਾਹਰਾਂ ਦੇ ਹੁੰਦਿਆਂ ਸਾਨੂੰ ਕੀ ਖ਼ਤਰਾ ਹੋ ਸਕਦਾ ਹੈ?" ਮਹਾਸ਼ਾ ਮੁੜ ਆਪਣੀ ਤੜ੍ਹ ਮਾਰ ਗਿਆ।

"ਤੁਹਾਡੇ ਇਹ ਸੂਰਮੇ ਉਸ ਜੰਗ ਵਿਚ ਆਪਣੀਆਂ ਬੰਦੂਕਾਂ ਅਤੇ ਨੀਕਰਾਂ ਕਮਾਦਾਂ ਵਿਚ ਸੁੱਟ ਕੇ ਮੋਰਚਿਆਂ ਤੋਂ ਭੱਜ ਆਏ ਸਨ। ਸਿੱਖ ਹੋਣ ਨਾ ਤਾਂ, ਖ਼ੇਮਕਰਨ ਵਿਚ ਪੈਟਨ ਟੈਂਕਾਂ ਦਾ ਹਮਲਾ ਰੋਕਣ ਨਾ।" ਸਕੱਤਰ ਸੱਚ ਕਹਿ ਗਿਆ।

"ਸੈਕਟਰੀ ਸਾਹਬ! ਹੈ ਤਾਂ ਇਹ ਸੱਚ। ਪਰ ਜੇ ਏਹੋ ਸ਼ਕਤੀ ਉਲਟ ਕੇ ਸਾਨੂੰ ਪੈ ਗਈ, ਫਿਰ ਕੀ ਕਰਾਂਗੇ?" ਮਹਾਸ਼ਾ ਆਪਣੀ ਸੋਚੀ ਸਮਝੀ ਜੁਗਤ 'ਤੇ ਅੜਿਆ ਹੋਇਆ ਸੀ।

"ਚੰਦਰ ਗੁਪਤ ਮੌਰੀਆ ਅਤੇ ਅਸ਼ੋਕ ਤੋਂ ਪਿੱਛੋਂ, ਹੁਣ ਸਾਡੇ ਹੱਥ ਮਸੀਂ ਰਾਜ ਕਰਨ ਦਾ ਮੌਕਾ ਆਇਆ ਹੈ। ਅਸੀਂ ਤਾਂ ਗੁਲਾਮੀ ਕਾਰਨ ਖ਼ਤਮ ਹੀ ਹੋ ਚਲੇ ਸਾਂ। ਭਾਰਤ ਨੂੰ ਵੱਧ ਤੋਂ ਵੱਧ ਮਜ਼ਬੂਤ ਕਰੀਏ।" ਗੰਜਾ ਮੁੰਨੀਆਂ ਮੁੱਛਾਂ ਮਰੋੜਨ ਦਾ ਫ਼ਜ਼ੂਲ ਜਤਨ ਕਰ ਰਿਹਾ ਸੀ।

"ਭਾਰਤ ਨੂੰ ਮਜ਼ਬੂਤ ਜ਼ਰੂਰ ਕਰੋ, ਪਰ ਆਪਣੀਆਂ ਬਾਹਾਂ ਤੋੜ ਕੇ ਕੋਈ ਮਜ਼ਬੂਤੀ ਨਹੀਂ, ਬਰਬਾਦੀ ਮਿਲੇਗੀ।" ਸੈਕਟਰੀ ਮੁੜ ਬੋਲ ਪਿਆ। "ਸਾਨੂੰ ਖ਼ਤਮ ਹੁੰਦਿਆਂ ਨੂੰ ਬਚਾਇਆ ਗੁਰੂ ਤੇਗ ਬਹਾਦਰ ਨੇ। ਜੇ ਸਿੱਖੀ ਦੇ ਬਹਾਦਰ ਤੇ ਅਣਖੀਲੇ ਕਲਚਰ ਨੂੰ ਖ਼ਤਮ ਕਰੋਗੇ; ਤੁਹਾਡੇ ਪੱਲੇ ਕਦੇ ਵੀ ਗੁਲਾਮੀ ਪੈ ਸਕਦੀ ਹੈ। ਸਿੱਖਾਂ ਨੂੰ ਪਿਆਰ ਨਾਲ ਜੋੜੋ। ਉਹਨਾਂ ਦੀ ਗੈਰਤ ਨੂੰ ਚੈਲੇਂਜ ਮਹਿੰਗਾ ਵੀ ਪੈ ਸਕਦਾ ਹੈ।"

"ਤੁਹਾਡੀ ਗੱਲ ਵਿਚਾਰਨ ਜੋਗ ਹੈ। ਸਾਡੇ ਸਾਹਮਣੇ ਭਾਰਤੀਕਰਨ ਦਾ ਉਦੇਸ਼ ਹੈ। ਨਿਗੁਣੀਆਂ ਰੋਕਾਂ ਭੰਨ ਕੇ ਵੀ ਅੱਗੇ ਵਧਣਾ ਚਾਹੀਦਾ ਹੈ।" ਪੰਡਤ ਨੇ ਆਪਣਾ ਸੰਕਲਪ ਦੁਹਰਾਇਆ; ਜਿਹੜਾ ਉਹ ਕਈ ਸਮਾਗਮਾਂ ਵਿਚ ਰੱਖ ਚੁੱਕਾ ਸੀ।

"ਮੈਂ ਇੱਕ ਜੰਗੀ ਸਿਪਾਹੀ ਵਾਂਗ ਅਖ਼ਬਾਰਾਂ ਵਿਚ ਲੜ ਰਿਹਾ ਹਾਂ। ਸਾਰੀਆਂ ਮੁਸ਼ਕਲਾਂ ਟੱਪ ਕੇ ਅਸਾਂ ਹਿੰਦੂ ਮੁੱਖਧਾਰਾ ਦਾ ਸੰਕਲਪ ਪੂਰਾ ਕਰਨਾ ਹੈ, ਪਰ ਤੁਸੀਂ ਮੇਰੇ ਵੱਲ ਵੇਖਦੇ ਵੀ ਨਹੀਂ।"

"ਮਹਾਸ਼ਾ ਜੀ, ਤੁਹਾਡੀ ਦੇਸ਼ ਭਗਤੀ ਦਾ ਦਿਲੋਂ ਸਤਿਕਾਰ ਕਰਦੇ ਆਂ।" ਜਟਾਧਾਰੀ ਅਸ਼ੀਰਵਾਦ ਵਜੋਂ ਬੋਲਿਆ।

"ਫੋਕੇ ਸਤਿਕਾਰ ਨੂੰ ਮੈਂ ਹੇਠਾਂ ਲਵਾਂ ਜਾਂ ਉੱਤੇ। ਮੈਨੂੰ ਆਰਥਕ ਮਦਦ ਚਾਹੀਦੀ ਹੈ।" ਮਹਾਸ਼ਾ ਭਾਈ ਨੇ ਮੂੰਹ ਪਾੜ ਕੇ ਕਹਿ ਦਿੱਤਾ।

"ਲਓ, ਸੰਮਤੀ ਦੇ ਵਾਰਸ਼ਿਕ ਸਮਾਗਮ 'ਤੇ, ਤੁਹਾਨੂੰ ਇੱਕ ਲੱਖ ਦੀ ਥੈਲੀ ਭੇਟ ਕੀਤੀ ਜਾਵੇਗੀ।" ਗੰਜਾ ਆਪਣੇ ਸਿਰ ਉੱਤੋਂ ਦੀ ਹੱਥ ਫੇਰ ਗਿਆ।

"ਸਰਕਾਰ ਵਲੋਂ ਕੋਈ ਢੰਗ ਵਰਤ ਕੇ ਤੁਹਾਡੀ ਮਦਦ ਕਰਾਵਾਂਗੇ; ਪਰ ਚੱਲੋ ਸਹਿਜ ਸਹਿਜ।" ਸੈਕਟਰੀ ਨੇ ਮੋੜ ਦਿੱਤਾ। "ਇਤਿਹਾਸ ਦੀ ਮਿਸਾਲ ਦੇਵਾਂਗਾ। ਕਦੇ ਫੂਲਕੀਆ ਰਿਆਸਤਾਂ ਨੂੰ ਸਮੱਸਿਆ ਆ ਖੜ੍ਹੀ ਹੋਈ ਸੀ; ਮਹਾਰਾਜਾ ਰਣਜੀਤ ਸਿੰਘ ਨਾਲ ਰਲੀਏ ਕਿ ਅੰਗਰੇਜ਼ਾਂ ਨਾਲ? ਸਲਾਹਕਾਰਾਂ ਦੀ ਰਾਇ ਸੀ, ਇੱਕ ਹੈਜ਼ਾ ਹੈ ਦੂਜਾ ਤਪਦਿਕ, ਪਰ ਹੈਜ਼ੇ ਨਾਲੋਂ ਤਪਦਿਕ ਚੰਗੀ ਐ। ਮਾਰਦੀ ਤਾਂ ਉਹ ਵੀ ਹੈ, ਪਰ ਸਹਿਜੇ-ਸਹਿਜੇ। ਮੈਂ ਸਲਾਹ ਦੇਵਾਂਗਾ, ਸਿੱਖਾਂ ਲਈ ਹੈਜ਼ੇ ਵਾਲੀ ਪਾਲਿਸੀ ਗ਼ਲਤ ਹੈ।"

"ਉਹ ਸਭ ਮੈਂ ਧਿਆਨ ਵਿਚ ਰੱਖ ਕੇ ਚੱਲ ਰਿਹਾ ਹਾਂ। ਮਦਦ ਬਾਰੇ, ਬੁੜ੍ਹੀ ਹੁਣ ਮਰੇ, ਜਲਾਬ ਕੱਤੇ ਨੂੰ। ਸੰਮਤੀ ਦਾ ਸਮਾਗਮ ਕਦੋਂ ਆਇਆ?" ਮਹਾਸ਼ਾ ਆਪਣੀ ਗੱਲ ਲਈ ਅੜ ਖਲੋਤਾ।

"ਨਿਰੰਕਾਰੀਆਂ ਤੁਹਾਡੀ ਮਦਦ ਨਹੀਂ ਕੀਤੀ?" ਗੰਜਾ ਸਿਰ ਲਾਲ ਡੋਰਿਆਂ ਵਾਲੀਆਂ ਅੱਖਾਂ ਚੌੜੀਆਂ ਕਰ ਗਿਆ।

"ਲੋਕਾਂ ਦੀ ਸਹਾਇਤਾ ਨੂੰ ਆਪਣੀ ਨਾ ਸਮਝੋ। ਮੇਰੇ ਮੋਢੇ ਤੇ ਰੱਖ ਕੇ ਚਲਾਉਂਦੇ ਹੋ; ਤਾਂ ਮੌਢਾ ਵੀ ਕਾਇਮ ਕਰੋ।"

"ਤੂੰ ਫ਼ਿਕਰ ਨਾ ਕਰ, ਤੇਰੇ ਲਈ ਦੋ ਚਾਰ ਸਰਮਾਏਦਾਰਾਂ ਦਾ ਗਲ ਘੁੱਟਾਂਗੇ।"

"ਸਾਡੀ ਬਾਹੁੜੀ ਬੋਲਣ ਤੋਂ ਪਹਿਲਾਂ ਸਹਾਇਤਾ ਪਹੁੰਚਣੀ ਚਾਹੀਦੀ ਹੈ। ਤੁਹਾਡਾ ਸਾਰਿਆਂ ਦਾ ਧੰਨਵਾਦ!" ਮਹਾਸ਼ਾ ਹੱਥ ਜੋੜ ਰਿਹਾ ਸੀ।

"ਪ੍ਰੀਸ਼ਦ ਦੀ ਅਗਲੀ ਮੀਟਿੰਗ ਲਈ ਅਸੀਂ ਛੇਤੀ ਜੁੜਾਂਗੇ ਅਤੇ ਤੁਹਾਡੀ ਖੁਸ਼ੀ ਹਾਸਲ ਕਰਾਂਗੇ।" ਜਟਾਂ ਵਾਲਾ ਭਾਈ ਸੰਕੇਤ ਦੇ ਗਿਆ। "ਹਰੀ ਓਮ, ਹਰੀ ਓਮ ਸਦਾ ਸ਼ਿਵ ਸ਼ੰਕਰ ਸਹਾਇ।"

ਉਹ ਸਾਰੇ ਇੱਕ ਦੂਜੇ ਦਾ ਹੱਥ ਘੁੱਟ ਕੇ ਵਿਸ਼ਵਾਸ ਪੱਕਾ ਕਰ ਰਹੇ ਸਨ।

(ਭਾਗ ਦੂਸਰਾ)

ਕੁਝ ਮੁੱਖ ਸ਼ਬਦਾਂ ਦੀ ਲੋੜ ਹੈ

ਇਸ ਨਾਵਲ ਦਾ ਦੂਜਾ ਭਾਗ ਮੈਂ ਬੜੀ ਔਖ ਨਾਲ ਲਿਖਿਆ ਹੈ ਕਿਉਂਕਿ ਮੇਰੇ ਅਹਿਸਾਸ ਨੂੰ ਤਾਕਤ ਦੇਣ ਵਾਲੀ ਸਰਸਵਤੀ, ਡਾ. ਜਸਵੰਤ ਕੌਰ ਹਮੇਸ਼ਾ ਲਈ ਚਲੀ ਗਈ ਸੀ। ਉਹ ਮੇਰੇ ਵਿਖਰਾਪੇ ਨੂੰ ਜੋੜ ਦੇਂਦੀ ਸੀ। ਬਹੁਤ ਸਮੇਂ ਪਿੱਛੋਂ ਉਖੇੜੇ ਤੋਂ ਸੰਭਲਿਆ ਹਾਂ। ਜ਼ੁਲਮ ਤੇ ਜ਼ੋਰ-ਜ਼ਬਰਦਸਤੀ ਵਿਰੁੱਧ ਉਹ ਸਾਥਣਾਂ ਘਰ ਬੈਠੀਆਂ ਵੀ ਲੜਦੀਆਂ ਹਨ, ਜਿਹੜੀਆਂ ਆਪਣੇ ਹਾਣੀਆਂ ਦੇ ਸੌਂਲ ਹਮੇਸ਼ਾ ਤਾਜ਼ਾ ਦਮ ਰੱਖਦੀਆਂ ਹਨ।

ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ, ਦਿੱਲੀ ਤੇ ਹੋਰ ਸ਼ਹਿਰਾਂ ਵਿਚ ਸਿੱਖ ਕੌਮ ਦੀ ਕਤਲਾਮ, ਸਮਝੋ ਮੈਨੂੰ ਮਨੁੱਖੀ ਲਹੂ ਦੇ ਵਗਦੇ ਦਰਿਆ ਵਿਚੋਂ ਲੰਘਣਾ ਪਿਆ ਹੈ। ਸੱਚ, ਇਮਾਨਦਾਰੀ ਤੇ ਨਿਰਪੱਖਤਾ, ਇਸ ਸ਼ੂਕਦੇ ਦਰਿਆ ਵਿਚੋਂ ਪਾਰ ਹੋਣ ਲਈ ਮੇਰੇ ਪਤਵਾਰ ਸਨ। ਆਖ਼ਰ ਨੂੰ ਮਨੁੱਖ ਆਂ, ਕਿਤੇ ਉਕਾਈ ਹੋ ਗਈ ਹੋਵੇ, ਉਸ ਦੀ ਸੰਗਤ ਤੇ ਪਾਠਕਾਂ ਪਾਸੋਂ ਖ਼ਿਮਾ ਮੰਗਦਾ ਆਂ।

ਇੱਕ ਨਿਮਾਣੇ ਲੇਖਕ ਦੇ ਨਾਤੇ ਮੇਰੇ ਸਾਹਮਣੇ ਸਿੱਖ ਕੌਮੀਅਤ ਦੇ ਗੌਰਵ ਨੂੰ ਖੜ੍ਹਾ ਰੱਖਣ ਦਾ ਬੁਨਿਆਦੀ ਸਵਾਲ ਸੀ ਤੇ ਪ੍ਰਾਪਤੀ ਤੱਕ ਰਹੇਗਾ। ਇਹ ਕੌਮ ਕਿੰਨੇ ਖ਼ੂਨੀ ਦਰਿਆ ਪਾਰ ਕਰਕੇ ਇੱਥੋਂ ਤੱਕ ਪੁੱਜੀ ਐ। ਇਸ ਪੂਰੇ ਦੇਸ਼ ਲਈ ਕਿੰਨਾ ਵੱਡਾ ਬਲੀਦਾਨ ਦਿੱਤਾ ਹੈ, ਉਹ ਸਭ ਕਾਂਗਰਸੀ ਹਾਕਮਾਂ, ਖ਼ਾਸ ਤੌਰ 'ਤੇ ਨਹਿਰੂ ਤੇ ਇੰਦਰਾ ਨੇ ਅਸਲੋਂ ਵਿਸਾਰ ਦਿੱਤਾ। ਨਹਿਰੂ ਲੱਖ ਸਿਆਣਾ, ਕੌਮਾਂਤਰੀ ਸ਼ੋਹਰਤ ਵਾਲਾ ਨੇਤਾ ਸਹੀ, ਪਰ ਤਾਰੀਖ਼ ਉਸ ਨੂੰ ਬੇਈਮਾਨ ਸਿਆਸਤਦਾਨ ਹੀ ਆਖੇਗੀ, ਜਿਸ ਸਿੱਖਾਂ ਨਾਲ ਵਾਅਦੇ ਕਰਕੇ ਧੋਖ਼ਾ ਕੀਤਾ ਤੇ ਕਹਿ ਦਿੱਤਾ:—

"ਹੁਣ ਤਾਂ ਹਾਲਾਤ ਹੀ ਬਦਲ ਗਏ।"

ਤਾਰੀਖ਼ ਸਮੁੱਚੀ ਕਾਂਗਰਸ ਨੂੰ ਬੇਈਮਾਨਾਂ, ਖ਼ੁਦਗਰਜ਼ਾਂ ਅਤੇ ਭ੍ਰਿਸ਼ਟਾਚਾਰਾਂ ਦੀ ਜਮਾਤ ਆਖੇਗੀ, ਸਿਵਾਏ ਮੌਲਾਨਾ ਆਜ਼ਾਦ ਦੇ, ਉਸ ਦੀ ਸੋਚ ਸੀ, ਮੁਲਕ ਨਹਿਰੂ ਦੀ ਜ਼ਿੱਦ ਕਾਰਨ ਵੰਡਿਆ ਗਿਆ, ਘੱਟ ਘੱਟ ਸਿੱਖ ਆਪਣੇ ਕਿਰਦਾਰ ਅਨੁਸਾਰ, ਕਿਸੇ ਵੀ ਹਕੀ-ਨਕੀ ਵਿਚ ਘੱਟ ਗਿਣਤੀਆਂ ਨਾਲ ਖਲੋਣਗੇ। ਉਸ ਨਹਿਰੂ ਨੂੰ ਆਖਿਆ,

"ਦੇਸ਼ ਆਜ਼ਾਦ ਕਰਵਾਉਣ ਲਈ ਸਿੱਖਾਂ ਦੀਆਂ ਬੇਬਹਾ ਕੁਰਬਾਨੀਆਂ ਅਤੇ ਆਪਣੇ ਵਾਅਦਿਆਂ ਅਨੁਸਾਰ, ਸਾਨੂੰ ਉਨ੍ਹਾਂ ਦਾ ਕੁਝ ਬਣਾਉਣਾ ਚਾਹੀਦਾ ਹੈ।"

"ਮੌਲਾਨਾ ਸਾਹਿਬ, ਆਜ ਕੇ ਬਾਦ ਫਿਰ ਯਹਿ ਬਾਤ ਜ਼ਬਾਂ ਪਰ ਨਾ ਆਏ।" ਬ੍ਰਾਹਮਣਵਾਦ ਦਾ ਇਹ ਉੱਤਰ ਸੀ ਮਨੁੱਖ ਹਮਦਰਦੀ ਨੂੰ, ਇੰਦਰਾ ਨੇ ਆਪਣੀ ਬਾਹਰਲੇ ਹਮਲਾਵਰ ਦੁੱਰਾਨੀ ਵਾਲੀ ਹੈਂਕੜ ਪੁਗਾਈ ਅਤੇ ਨੀਲਾ ਤਾਰਾ ਵਾਲਾ ਭਾਣਾ ਸਾਰੇ ਪੰਜਾਬ 'ਤੇ ਵਰਤਾ ਛੱਡਿਆ। ਆਪਣਾ ਹੀ ਨਾਸ ਨਹੀਂ ਮਰਵਾਇਆ, ਸਗੋਂ ਨਤੀਜਿਆ ਵਜੋਂ ਉੱਤਰੀ ਹਿੰਦੋਸਤਾਨ ਨੂੰ ਹੰਝੂਆਂ ਦੇ ਖ਼ੂਨੀ ਦਰਿਆ ਵਿਚ ਡੋਬ ਕੇ ਰੱਖ ਦਿੱਤਾ, ਜਿਸ ਕਾਰਨ ਪੰਜਾਬ ਦੇ

ਘਰਾਂ ਵਿਚ ਘੁੱਪ ਹਨੇਰਾ ਤੇ ਸਿਵਿਆਂ ਵਿਚ ਲਟ ਲਟ ਭਾਂਬੜ ਬਲ ਉੱਠੇ। ਉਸ ਰਾਤ ਕਿਸੇ ਵੀ ਅਹਿਸਾਸ ਰੱਖਣ ਵਾਲੇ ਪੰਜਾਬੀ ਨੇ ਰੋਟੀ ਨਹੀਂ ਖਾਧੀ। "......ਕੋਇਰ ਨਾ ਰੋਟੀ ਖਾਇ।"

ਜ਼ਿੰਦਗੀ ਦੀ ਮਾਨਸਿਕ ਪਿਆਸ ਬੁਝਾ ਦੇਣ ਵਾਲਾ ਅੰਮ੍ਰਿਤ ਦਾ ਚਸ਼ਮਾ, ਜਦੋਂ ਤਬਾਹ ਕਰ ਦਿੱਤਾ ਜਾਵੇ, ਭਰੋਸੇ ਤੇ ਵਿਸ਼ਵਾਸ ਦੀ ਚਟਾਨ ਵੀ ਤਿੜਕ ਤੁਰਦੀ ਹੈ। ਇਸ ਦਰਦਨਾਕ ਹਾਲਤ ਦਾ ਅੰਦਾਜ਼ਾ ਉਸ ਦੀ ਮਾਂ ਦੀ ਮਮਤਾ ਤੋਂ ਲਾਇਆ ਜਾ ਸਕਦਾ ਹੈ, ਜਿਸ ਦਾ ਇਕਲੌਤਾ ਬੱਚਾ ਨੇਜ਼ੇ ਦੀ ਨੋਕ 'ਤੇ ਉਸ ਦੇ ਸਾਹਮਣੇ ਟੰਗ ਦਿੱਤਾ ਜਾਵੇ।

ਮਿੱਥ ਕੇ ਵਰਤਾਏ ਇਸ ਘੱਲੂਘਾਰੇ ਉੱਤੇ ਸਾਰੇ ਹਿੰਦੋਸਤਾਨ ਵਿਚੋਂ ਕੇਵਲ ਦੋ ਆਦਮੀਆਂ ਨੇ ਹਾਅ ਦਾ ਨਾਅਰਾ ਮਾਰਿਆ, ਉਹ ਸਨ ਚੰਦਰ ਸ਼ੇਖ਼ਰ ਅਤੇ ਸੁਬਰਾਮਨੀਅਮ ਸੁਆਮੀ। ਬਾਕੀ ਕੁੱਲ ਸਿਆਸੀ ਸਮਾਜੀ ਜਥੇਬੰਦੀਆਂ ਨੇ ਖ਼ੁਸ਼ੀਆਂ ਮਨਾਈਆਂ ਤੇ ਲੱਡੂ ਵੰਡੇ। ਇੱਥੋਂ ਤੱਕ ਨਿਰਲੱਜ ਸਿੱਖ ਕਮਿਊਨਿਸਟਾਂ ਇੰਦਰਾ ਨੂੰ ਵਧਾਈਆਂ ਦਿੱਤੀਆਂ ਤੇ ਆਖਿਆ:-

"ਇਹ ਹਮਲਾ ਤਾਂ ਇਸ ਤੋਂ ਪਹਿਲਾਂ ਹੋਣਾ ਚਾਹੀਦਾ ਸੀ।"

ਲੂਣ ਭਿੱਜੇ ਨੇਜ਼ੇ ਦੀਆਂ ਅਣੀ ਚੋਭਾਂ ਕੌਮ ਦੇ ਸਦਾ ਸਜਰੇ ਜ਼ਖ਼ਮਾਂ ਨੂੰ ਯਾਦ ਰਹਿਣਗੀਆਂ। ਇਹ ਲੂਣ ਫੱਟਾਂ ਵਿਚ ਸਿੱਖ ਕਮਿਊਨਿਸਟ ਭਰਾਵਾਂ ਪਾਇਆ ਸੀ। ਕੌਮ ਇਨ੍ਹਾਂ ਨੂੰ ਦੁਸ਼ਮਣ ਆਖੇਗੀ ਜਾਂ ਗ਼ਦਾਰ? ਅਸੀਂ ਸਮੁੱਚੀ ਸਿੱਖ ਕੌਮ, ਕਾਮਰੇਡ ਜੋਤੀ ਬਾਸੂ ਦੀ ਸ਼ੁਕਰਗੁਜ਼ਾਰ ਆਂ, ਜਿਸ ਕਲਕੱਤੇ ਵਿਚ ਸਿੱਖਾਂ ਦੀ ਕਤਲੇਆਮ ਮਜ਼ਬੂਤੀ ਨਾਲ ਰੋਕੀ, ਭਾਵੇਂ ਰਾਜੀਵ ਭਰੇ ਜਲਸੇ ਵਿਚ ਕਹਿ ਗਿਆ ਸੀ,

"ਮੇਰੀ ਮਾਂ ਸਿੱਖਾਂ ਮਾਰ ਦਿੱਤੀ, ਤੁਸੀਂ ਖੜ੍ਹੇ ਕੀ ਵੇਖਦੇ ਹੋ?"

ਜੋਤੀ ਬਾਸੂ ਨੂੰ ਅਸੀਂ ਮਨੁੱਖੀ ਦਰਦ ਰੱਖਣ ਵਾਲਾ ਕਾਮਰੇਡ ਘੱਟ, ਪੂਰਨ ਮਨੁੱਖ ਵਧ ਸਮਝਦੇ ਆਂ। ਉਨ੍ਹਾਂ ਹਿੰਦੂ ਭਰਾਵਾਂ ਦਾ ਅਸੀਂ ਕੌਮੀ ਪੱਖੋਂ ਧੰਨਵਾਦ ਕਰਦੇ ਆਂ, ਜਿਨ੍ਹਾਂ ਦਿੱਲੀ ਦੀ ਕਤਲੇਆਮ ਸਮੇਂ ਸਿੱਖਾਂ ਨੂੰ ਆਪਣੇ ਘਰਾਂ ਵਿਚ ਪਨਾਹ ਦੇ ਕੇ ਬਚਾਇਆ, ਵਹਿਸ਼ਤ ਦੀ ਕਿਆਮਤ ਵਿਚ ਵੀ ਮਨੁੱਖਤਾ ਕਦੇ ਮਰੀ ਨਹੀਂ। ਇਸ ਮਨੁੱਖਤਾ ਦੀ ਜਾਗਦੀ ਕਿਰਨ ਨੇ ਇੱਕ ਦਿਨ ਲਤਾੜੀਆਂ ਕੌਮਾਂ ਦੇ ਭਵਿੱਖ ਰੌਸ਼ਨ ਕਰਨੇ ਹੁੰਦੇ ਹਨ। ਜਿਸ ਕੌਮ ਦਾ ਅਹਿਸਾਸ ਨਾ ਮਰੇ, ਉਹ ਕਦੇ ਵੀ ਬਲਕਾਰ ਸਕਦੀ ਹੈ।

ਸਾਨੂੰ ਕਦੇ ਮਰਨ ਨਹੀਂ ਦੇਵੇਗੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਅਥਾਹ ਕੁਰਬਾਨੀ ਭਰੀ ਇਤਿਹਾਸ ਥਾਪਨਾ ਅਤੇ ਦਲੇਰੀ ਭਰੀ ਅਰਦਾਸ ਜਿਹੜੀ ਸਿੱਖ ਨੂੰ ਹਰ ਮੁਸੀਬਤ ਵਿਚ ਚੜ੍ਹਦੀ ਕਲਾ ਬਖ਼ਸ਼ਦੀ ਹੈ।

"ਮੇਰਾ ਸਿੱਖ ਸਰਬਤ ਦੇ ਭਲੇ ਲਈ ਜੀਵੇਗਾ ਅਤੇ ਜੂਝੇਗਾ।" ਇਸ ਤੋਂ ਵੱਡਾ ਸਮਾਜਵਾਦ ਦਾ ਸਾਇੰਸੀ ਸਿਧਾਂਤ ਤੈਨੂੰ ਕਿਤੋਂ ਨਹੀਂ ਲੱਭਾ। ਜਿਸ ਧਰਤੀ ਦਾ ਜ਼ੱਰਾ ਜ਼ੱਰਾ ਸਿੱਖਾਂ ਦੀਆਂ ਇਤਿਹਾਸਕ ਕੁਰਬਾਨੀਆਂ ਦੇ ਲਹੂ ਨਾਲ ਭਿੱਜਾ ਹੋਵੇ, ਸਿੱਖ ਸ਼ਹੀਦਾਂ ਦੇ ਤਸੀਹੇ ਰੌਂਗਟੇ ਖੜ੍ਹੇ ਕਰਨ ਵਾਲੇ ਪ੍ਰਤੱਖ ਸੱਚ ਦਾ ਸੱਭਿਆਚਾਰ ਬਣੇ ਹੋਣ, ਉੱਥੇ ਲੈਨਿਨ ਤੇ ਮੌਜ਼ੇ ਤੁੰਗ ਦੇ ਪੈਰ ਕਿਵੇਂ ਲੱਗਣਗੇ? ਸਾਡੇ ਪੰਜਾਬ ਦੇ ਸਿੱਖ ਕਮਿਊਨਿਸਟ, ਇਨਕਲਾਬੀ ਸਿੱਖ ਲਹਿਰ ਨੂੰ ਆਪਣੇ ਬ੍ਰਾਹਮਣਵਾਦੀ ਸਕੱਤਰਾਂ ਦੇ ਆਖੇ ਫ਼ਿਰਕੂ ਆਖਦੇ ਰਹੇ। ਇਨ੍ਹਾਂ ਨੂੰ ਦੁਰਗਾ ਪੂਜਾ ਕਰਦਾ ਬਾਸੂ ਨਹੀਂ ਦਿੱਸਿਆ, ਜਿਹੜਾ ਆਪਣੇ ਇਤਿਹਾਸ ਤੇ ਕਲਚਰ ਦੇ ਸਿਰ 'ਤੇ ਲੋਹੇ ਦੀ ਲੱਠ ਬਣਿਆ ਖਲੋਤਾ ਹੈ। ਇੰਦਰਾ, ਰਾਜੀਵ ਦੀਆਂ ਸਰਕਾਰਾਂ ਉਸ ਦੀ ਨਹੁੰਦਰ ਨਹੀਂ ਭੋਰ ਸਕੀਆਂ। ਇਸ ਦੇ ਉਲਟ ਸਾਡੇ ਪੰਜਾਬ ਦੇ ਕਮਿਊਨਿਸਟ ਆਪਣਾ ਇਤਿਹਾਸਕ

ਵਿਰਸਾ ਤੇ ਸੱਭਿਆਚਾਰ ਛੱਡ ਕੇ ਸੱਤਰ ਸਾਲ ਤੋਂ ਝੱਖ ਮਾਰ ਰਹੇ ਹਨ, ਹਾਲੇ ਤੱਕ ਤਿੰਨ ਕਾਣੇ ਵੀ ਹਾਸਲ ਨਹੀਂ ਕਰ ਸਕੇ। ਸਾਡਾ ਇਤਿਹਾਸ ਤੇ ਕਲਚਰ ਹੀ ਸਾਡੀ ਕੌਮੀ ਜਿੰਦ ਜਾਨ ਹੈ। ਯਾਦ ਰਹੇ, ਕੋਈ ਸਰੀਰ ਰੂਹ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ।

ਆਪਣੀ ਕੌਮੀ ਹੋਂਦ ਕਾਇਮ ਰੱਖਣ ਲਈ ਅਸਾਂ ਸ਼ਾਂਤ ਮੋਰਚੇ ਲਾਏ, ਜੇਲ੍ਹਾਂ ਭਰੀਆਂ, ਗੋਲੀਆਂ ਖਾਧੀਆਂ ਅਤੇ ਅਥਾਹ ਜਾਨੀ ਮਾਲੀ ਨੁਕਸਾਨ ਕਰਵਾਏ, ਅਸਾਂ ਵਿਧਾਨ ਵਿਚ ਵੱਖਰੀ ਕੌਮ ਲਈ ਜਦੋ-ਜਹਿਦ ਕੀਤੀ, ਪਰ ਤਾਕਤ ਦੇ ਨਸ਼ੇ ਵਿਚ ਹੈਂਕੜੇ ਬ੍ਰਾਹਮਣਵਾਦ ਨੇ ਸਾਨੂੰ ਬੋਧੀਆਂ, ਜੈਨੀਆਂ ਵਾਲੀ ਪੱਚੀ ਧਾਰਾ ਵਿਚ ਨਰੜ ਦਿੱਤਾ। ਸਾਡੇ ਦੋਹਾਂ ਵਿਧਾਨਕ ਮੈਂਬਰਾਂ ਦਸਤਖ਼ਤ ਕਰਨੋਂ ਨਾਂਹ ਕਰ ਦਿੱਤੀ। ਹੁਣ ਅਸੀਂ ਦੋ ਨੰਬਰ ਦੇ ਸ਼ਹਿਰੀ ਅਥਵਾ ਗੁਲਾਮ ਬਣਨੋਂ ਬਾਗੀ ਆਂ। ਪਰਾਇਆ ਹੱਕ ਸਾਡੇ ਲਈ ਗਾਂ ਸੂਰ ਹੈ ਅਤੇ ਆਪਣਾ ਹੱਕ ਛੱਡਣਾ ਨਿਰੀ ਬੁਜ਼ਦਿਲੀ। ਆਪਣੇ ਹੱਕ ਲਈ ਲੜਾਈ ਪ੍ਰਾਪਤੀ ਤੱਕ ਚੱਲਦੀ ਰਹੇਗੀ। ਇਹ ਹੱਕੀ ਜੰਗ ਸਿੱਖ ਤੇ ਬ੍ਰਾਹਮਣਵਾਦ ਵਿਚਕਾਰ ਸਿਧਾਂਤਕ ਹੈ। ਸਾਨੂੰ ਕੇਂਦਰ ਦੀ ਕਿਸੇ ਕਮੇਟੀ ਅਥਵਾ ਕਮਿਸ਼ਨ 'ਤੇ ਇਤਬਾਰ ਨਹੀਂ, ਜੁਡੀਸ਼ਰੀ 'ਤੇ ਵੀ ਨਹੀਂ। ਸਰਕਾਰ ਇਸ ਲੜਾਈ ਨੂੰ ਬੰਦ ਕਰਨਾ ਚਾਹੁੰਦੀ ਐ, ਤਦ ਸਾਡਾ ਕੇਸ ਕੌਮਾਂਤਰੀ ਜੱਜਾਂ ਦੇ ਹਵਾਲੇ ਕਰ ਦੇਵੇ। ਭ੍ਰਿਸ਼ਟ ਸਿਆਸਤਦਾਨਾਂ ਅਤੇ ਕਾਤਲਾਂ ਤੋਂ ਸਾਨੂੰ ਉਮੀਦ ਨਹੀਂ, ਆਜ਼ਾਦੀ ਦੀ ਜੰਗ ਵਿਚ ਸਾਡੀਆਂ ਦਿੱਤੀਆਂ ਕੁਰਬਾਨੀਆਂ ਤੱਕੜੀ ਦੇ ਇੱਕ ਪੱਲੜੇ ਪਾ ਲਵੋ ਤੇ ਦੂਜੇ ਪੱਲੜੇ ਸਾਰੇ ਹਿੰਦੋਸਤਾਨ ਦੀਆਂ ਪਾ ਲਵੋ, ਸੱਚ ਤੇ ਝੂਠ, ਹੱਕ ਤੇ ਨਹੱਕ ਦੁਨੀਆਂ ਸਾਹਮਣੇ ਆ ਜਾਵੇਗਾ। ਹੈਰਾਨੀ ਇਸ ਗੱਲ ਦੀ ਐ, ਝੂਠ ਸੱਚ ਨੂੰ ਦੱਬੀ ਬੈਠਾ ਐ। ਬੇਈਮਾਨ, ਇਮਾਨਦਾਰ ਨੂੰ ਘੋੜੀ ਬਣਾ ਕੇ ਵਾਹ ਰਿਹਾ ਹੈ। ਵਿਹਲੜ ਕਿਰਤੀ ਨੂੰ ਲੁੱਟ ਰਿਹਾ ਹੈ। ਕੁਦਰਤ ਦੇ ਨੇਮ ਅਨੁਸਾਰ ਜਿੰਨਾ ਚਿਰ ਸਿੱਖਾਂ ਨੂੰ ਆਪਣਾ ਕੌਮੀ ਅਧਿਕਾਰ ਨਹੀਂ ਮਿਲ ਜਾਂਦਾ, ਅਸੀਂ ਚੈਨ ਨਾਲ ਨਹੀਂ ਬੈਠਾਂਗੇ।

ਸਿੱਖ ਕਲਚਰ ਪੰਜਾਬੀਅਤ ਦੀ ਰੂਹਾਨੀ ਜਿੰਦ ਜਾਨ ਹੈ। ਪੰਜਾਬੀ ਕੌਮ ਤੇ ਸਿੱਖ ਕੌਮ ਵਿੱਚ ਕੋਈ ਫ਼ਰਕ ਨਹੀਂ ਰਿਹਾ। ਦੋਵੇਂ ਇੱਕ ਸਰੀਰ, ਇੱਕ ਰੂਹ ਹੋ ਚੁੱਕੇ ਹਨ। ਰੂਹ ਬਿਨਾਂ ਸਰੀਰ ਮਿੱਟੀ ਤੇ ਸਰੀਰ ਬਿਨਾਂ ਕੋਈ ਰੂਹ ਹੁੰਦੀ ਹੀ ਨਹੀਂ, ਭੁਲੇਖਾ ਪਾਉਣ ਵਾਲੇ ਪੰਡਤਾਂ ਤੋਂ ਖ਼ਬਰਦਾਰ ਰਹਿਣਾ ਜ਼ਰੂਰੀ ਐ, ਉਹ ਪੰਜਾਬੀ ਕੌਮੀਅਤ 'ਤੇ ਕੀ ਮਾਣ ਕਰ ਸਕਦੇ ਹਨ, ਜਿਹੜੇ ਆਪਣੀ ਮਾਂ ਬੋਲੀ ਤੋਂ ਹੀ ਇਨਕਾਰੀ ਹਨ। ਬਾਹਰਲੇ ਲੋਕਾਂ ਦੇ ਦਬਾਅ ਕਾਰਨ ਇਨ੍ਹਾਂ ਮਾਂ ਨੂੰ ਮਾਂ ਆਖਣਾ ਸ਼ੁਰੂ ਕੀਤਾ ਹੈ। ਡੀ. ਏ. ਵੀ. ਸਕੂਲਾਂ ਤੇ ਕਾਲਜਾਂ ਹਾਲੇ ਵੀ ਹਿੰਦੀ ਸੰਸਕ੍ਰਿਤੀ ਨੂੰ ਤਰਜੀਹ ਦਿੱਤੀ ਹੋਈ ਹੈ, ਦੁਨੀਆਂ ਦੇ ਕਿਸੇ ਹਿੱਸੇ ਵਿਚ ਲੋਕਾਂ ਆਪਣੀ ਮਾਂ ਨੂੰ ਨਹੀਂ ਦੁਰਕਾਰਿਆ, ਜਿੰਨਾ ਬ੍ਰਾਹਮਣਵਾਦ ਨੇ ਲਿਤਾੜਿਆ ਹੈ। ਉੱਤਰੀ ਭਾਰਤ ਵਿਚ ਬੁਨਿਆਦੀ ਮਸਲਾ (ਰੌਲਾ) ਪੰਜਾਬੀ ਕੌਮੀਅਤ ਦੀ ਸੁਰੱਖਿਆ ਦਾ ਹੈ, ਸਿੱਖ ਸਿਧਾਂਤ, ਕਲਚਰ, ਬੋਲੀ ਤੇ ਇਤਿਹਾਸਕ ਪਰੰਪਰਾਵਾਂ ਆਪਣੀ ਮਾਲਕੀ ਬਿਨਾਂ ਕਾਇਮ ਨਹੀਂ ਰੱਖੀਆਂ ਜਾ ਸਕਦੀਆਂ। ਰਾਜ ਤੇ ਤੇਜ ਦੋਵੇਂ ਸਕੇ ਭਰਾ ਹਨ। ਹਰ ਸ਼ਹਿਰੀ ਆਪਣੇ ਕੌਮੀ ਗੌਰਵ 'ਤੇ ਮਾਣ ਕਰਦਾ ਹੈ। ਅਸੀਂ ਪੰਜਾਬੀ ਆਪਣੇ ਗੁਰੂ ਦੇ ਨਾਂ 'ਤੇ ਮੁੱਛ ਚੁੱਕ ਕੇ ਗੌਰਵ ਨਾਲ ਜਿਉਣਾ ਜੱਦੀ-ਪੁਸ਼ਤੀ ਹੱਕ ਸਮਝਦੇ ਆਂ, ਜਿਹੜਾ ਸਾਨੂੰ ਵਿਧਾਨ ਵਿਚ ਨਹੀਂ ਦਿੱਤਾ ਗਿਆ।

ਬਾਕੀ ਰਹੀ ਰੋਟੀ ਦੀ ਬੁਨਿਆਦੀ ਗੱਲ। ਕੇਂਦਰ ਦੀ ਕਾਂਗਰਸ ਸਰਕਾਰ ਨੇ ਪੰਜਾਬ ਦਾ ਬਿਜਲੀ-ਪਾਣੀ ਮੁਫ਼ਤੋ-ਮੁਫ਼ਤੀ ਖੋਹ ਲਿਆ। ਪਹਿਲੋਂ ਕਿਸੇ ਕੌਮ ਨੂੰ ਅਰਥਕ ਪੱਖੋਂ ਮਾਰੋ, ਫਿਰ ਉਸ ਤੋਂ ਜੋ ਮਰਜ਼ੀ ਲਿਖਵਾ ਲਵੋ। ਸਾਮਰਾਜ ਨੇ ਜੋ ਪੈਂਤੜਾ ਅਫ਼ਰੀਕਾ ਨੂੰ ਹੜੱਪਣ ਲਈ

ਵਰਤਿਆ ਸੀ, ਉਹੀ ਸਿੱਖਾਂ ਨੂੰ ਨਿਸਾਲਣ ਲਈ ਚੁਣਿਆ। ਪਿਛਲੇ ਪੰਜਾਹ ਵਰ੍ਹਿਆਂ ਤੋਂ ਕਮਰ ਤੋੜੂ ਸਿੱਟੇ ਪੰਜਾਬ 'ਤੇ ਉਸ ਦੀ ਕੰਗਾਲ ਹੋਈ ਕਿਸਾਨੀ ਭੁਗਤਦੀ ਆ ਰਹੀ ਐ, ਭੁੱਖੀ ਰਹਿਣ ਵਾਲੀ ਕੌਮ ਆਪਣਾ ਗੌਰਵ ਕਿਵੇਂ ਕਾਇਮ ਰੱਖ ਸਕਦੀ ਐ? ਆਨੰਦਪੁਰ ਦਾ ਮਤਾ ਸਾਨੂੰ ਸਾਹ ਸੁਖਾਲਾ ਦੁਆ ਸਕਦਾ ਹੈ। ਆਪਣਾ ਹੱਕ ਛੱਡਣਾ ਬੁਜ਼ਦਿਲੀ, ਨਿਰਲੱਜਤਾ ਅਤੇ ਪੀੜਤ ਗੁਲਾਮੀ ਦੀ ਨਿਸ਼ਾਨੀ ਹੁੰਦਾ ਹੈ। ਹੁਣ ਇਹ ਫ਼ੈਸਲਾ ਪੰਜਾਬੀਆਂ ਕਰਨਾ ਹੈ ਕਿ ਉਨ੍ਹਾਂ ਆਨ-ਸ਼ਾਨ ਤੇ ਆਜ਼ਾਦੀ ਨਾਲ ਜੀਣਾ ਹੈ ਜਾਂ ਗੁਲਾਮੀ ਦੀ ਲਾਹਨਤ ਹੰਢਾਉਣੀ ਹੈ।

ਇਹ ਨਾਵਲ ਅਥਵਾ ਇਤਿਹਾਸ ਦਾ ਸੱਚ ਲਿਖ ਕੇ, ਲੇਖਕ ਨਾਤੇ ਮੈਂ ਆਪਣਾ ਫ਼ਰਜ਼ ਪੂਰਾ ਕੀਤਾ ਹੈ, ਸਿਰ ਚਾੜ੍ਹਿਆ ਕੌਮੀ ਕਰਜ਼ਾ ਲਾਹੁਣ ਦਾ ਯਤਨ ਹੈ, ਪਰ ਸੁਰਖ਼ਰੂ ਹੋਣਾ ਮੈਂ ਆਪਣੇ ਪਾਠਕਾਂ 'ਤੇ ਛੱਡਦਾ ਆਂ। ਪਾਠਕਾਂ ਦੀ ਰਾਇ ਮੇਰੇ ਦਿਲ ਦੀ ਧੜਕਣ ਤੇ ਸਿਰ ਦੀ ਸੂਝ ਰਹੀ ਹੈ। ਮੈਂ ਜ਼ਿੰਦਗੀ ਵਿਚ ਬਹੁਤਾ ਆਪਣੀਆਂ ਗ਼ਲਤੀਆਂ ਤੋਂ ਸਿੱਖਿਆ ਹੈ, ਆਪਣੇ ਪਾਠਕਾਂ ਦੇ ਪਿਆਰ ਦਾ ਪਾਤਰ ਮੈਂ ਪੁੱਛਦਾ ਆਂ, 'ਮੈਨੂੰ ਦੱਸੋ, ਕਿੱਥੇ ਗ਼ਲਤ ਆਂ, ਕਿੱਥੇ ਸਹੀ?' ਇਸ ਸੋਚ ਨੇ ਹੀ ਇਕ ਦਿਨ ਆਪਣੇ ਹੱਕ ਲੈਣ ਲਈ ਸਹੀ ਅਰਥਾਂ ਵਿਚ ਕੌਮੀ ਜੱਦੋ ਜਹਿਦ ਬਣਨਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਜੀ, ਭਾਈ ਦੀਦਾਰ ਸਿੰਘ ਦਮਦਮੀ ਟਕਸਾਲ ਅਤੇ ਪੱਤਰਕਾਰ ਹਰਬੀਰ ਭੰਵਰ ਜੀ ਦਾ ਧੰਨਵਾਦੀ ਆਂ, ਜਿਨ੍ਹਾਂ ਦੀਆਂ ਪੁਸਤਕਾਂ ਤੋਂ ਸਹਾਇਤਾ ਲਈ। ਜਿਨ੍ਹਾਂ ਸੱਜਣਾਂ ਮਿੱਤਰਾਂ ਜ਼ਬਾਨੀ ਸੱਚ ਦੱਸਿਆ, ਉਨ੍ਹਾਂ ਦਾ ਵੀ ਸ਼ੁਕਰਗੁਜ਼ਾਰ ਆਂ। ਸ. ਹਰਮਿੰਦਰ ਸਿੰਘ ਦੀ ਰਾਜੀਵ ਨੂੰ ਲਿਖੀ ਚਿੱਠੀ ਲਈ ਸਾਬਕਾ ਜੱਥੇਦਾਰ ਭਾਈ ਜਸਬੀਰ ਸਿੰਘ ਦਾ ਰਿਣੀ ਹਾਂ।

ਇੱਕ ਚਿੰਤਾ ਤੇ ਫ਼ਿਕਰ ਮੇਰੇ ਅੰਦਰ ਬੁਰੀ ਤਰ੍ਹਾਂ ਘੋਲ ਕਰ ਰਹੇ ਹਨ। ਮੈਂ ਸੰਤ ਜਰਨੈਲ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਦੇ ਬਾਹਰ ਬਲਕਾਰੀ ਜੋਧੇ ਵਾਂਗ ਲੜ ਕੇ ਸ਼ਹੀਦ ਹੁੰਦਿਆਂ ਨਾਵਲ ਵਿਚ ਵਿਖਾਇਆ ਹੈ। ਇਹ ਲੋਕਾਂ ਦੇ ਸੱਚ, ਕੈਪਟਨ ਹਰਚਰਨ ਸਿੰਘ ਰੋਡੇ (ਸੰਤਾਂ ਦੇ ਭਾਈ ਸਾਹਿਬ) ਦੀ ਪਛਾਣ ਅਤੇ ਪੱਤਰਕਾਰ ਦੋਸਤਾਂ ਦੇ ਵਿਸ਼ਵਾਸ ਭਰੋਸੇ ਅਜਿਹਾ ਕੀਤਾ ਹੈ। ਪਰ ਦਮਦਮੀ ਟਕਸਾਲ ਦਾ ਮੱਤ-ਭਰੋਸਾ ਹੈ, ਸੰਤ ਸ਼ਹੀਦ ਨਹੀਂ ਹੋਏ। ਟਕਸਾਲ ਸਿੱਖ ਸਿਧਾਂਤ ਅਤੇ ਸਿੱਖੀ ਸਿਦਕ ਵਿਚ ਅਟੁੱਟ ਵਿਸ਼ਵਾਸ ਰੱਖਦੀ ਹੈ। ਜੇ ਇਹ ਉਕਾਈ ਹੈ, ਮੈਂ ਖ਼ਿਮਾ ਦਾ ਜਾਚਕ ਹਾਂ। ਕਿਸੇ ਸਿੱਖ ਹਿਰਦੇ ਨੂੰ ਦੁਖਾਉਣ ਦਾ ਮੇਰਾ ਮਕਸਦ ਨਹੀਂ, ਸਗੋਂ ਸਿੱਖ ਕੌਮੀਅਤ ਨੂੰ ਜੋੜਨ ਤੇ ਬਲਵਾਨ ਕਰਨ ਦਾ ਉਪਰਾਲਾ ਹੈ। ਸਮਾਂ ਸੱਚ ਨੂੰ ਆਪੇ ਹੀ ਨਿਖ਼ਾਰ ਦੇਵੇਗਾ।

ਸ. ਹਰਮਿੰਦਰ ਸਿੰਘ ਸੰਧੂ ਜਨਰਲ ਸਕੱਤਰ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਜੋਧਪੁਰ ਜੇਲ੍ਹ ਵਿਚੋਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਲਿਖੀ ਚਿੱਠੀ, ਮੈਂ ਭੂਮਿਕਾ ਵਜੋਂ ਦੇਣੀ ਮੁਨਾਸਬ ਸਮਝੀ ਐ, ਕਿਉਂਕਿ ਉਹ ਪੰਜਾਬ ਅਤੇ ਸਿੱਖਾਂ ਨਾਲ ਹੋਏ ਵਿਤਕਰੇ, ਜ਼ੁਲਮਾਂ, ਲੁੱਟਾਂ ਤੇ ਕਤਲਾਮ ਦੀ ਮੂੰਹ ਬੋਲਦੀਆਂ ਦਲੀਲਾਂ ਤੇ ਮਿਸਾਲਾਂ ਦੇ ਸੱਚ ਨਾਲ ਕਹਾਣੀ ਬਿਆਨ ਕਰਦੀ ਹੈ, ਜਿਸ ਦਾ ਅੱਜ ਤੱਕ ਕੋਈ ਜਵਾਬ ਨਹੀਂ। ਪਾਠਕ ਮਿੱਤਰ ਸੱਚ ਝੂਠ ਦੀ ਪਛਾਣ ਕਰਨ ਦੇ ਸਮਰੱਥ ਹਨ।

ਆਪਣੇ ਸਾਰੇ ਪਾਠਕਾਂ ਤੇ ਸਾਹਿਤਕ ਮਿੱਤਰਾਂ ਦਾ ਬਾਈ,

ਸਨੇਹ ਸਤਿਕਾਰ ਨਾਲ,

ਜਸਵੰਤ ਸਿੰਘ 'ਕੰਵਲ'

ਭੂਮਿਕਾ ਵਜੋਂ 'ਖੁੱਲ੍ਹੀ ਚਿੱਠੀ'

ਵੱਲੋਂ

ਹਰਮਿੰਦਰ ਸਿੰਘ ਸੰਧੂ

ਜਨਰਲ ਸਕੱਤਰ,

ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ

(ਇਸ ਵੇਲੇ ਜੋਧਪੁਰ ਜੇਲ੍ਹ ਵਿਚ ਬੰਦ)

ਵੱਲ:

ਰਾਜੀਵ ਗਾਂਧੀ

ਭਾਰਤ ਦੇ ਪ੍ਰਧਾਨ ਮੰਤਰੀ,

ਨਵੀਂ ਦਿੱਲੀ,

ਸ੍ਰੀਮਾਨ ਪ੍ਰਧਾਨ ਮੰਤਰੀ,

ਤੁਹਾਨੂੰ ਆਪਣੀ ਰੋਜ਼ਾਨਾ ਦੀ ਡਾਕ ਵਿਚ ਢੇਰ ਚਿੱਠੀਆਂ ਪ੍ਰਾਪਤ ਕਰਨ ਦੀ ਆਦਤ ਹੈ, ਪਰ ਇਹ ਚਿੱਠੀ ਜਿਥੋਂ ਤੱਕ ਇਸ ਦੇ ਵਿਸ਼ਾ ਵਸਤੂ ਦਾ ਸੰਬੰਧ ਹੈ, ਆਪਣੇ ਆਪ ਵਿਚ ਅਨੂਠੀ ਅਤੇ ਬੇਮਿਸਾਲ ਹੈ।

ਕਨਫਿਊਸ਼ੀਅਸ ਕਹਿੰਦਾ ਹੈ, "ਇਹ ਵੇਖਣਾ ਕਿ ਕੀ ਠੀਕ ਹੈ ਅਤੇ ਉਸ ਨੂੰ ਨਾ ਕਰਨਾ ਹਿੰਮਤ ਦੀ ਘਾਟ ਹੈ।"

ਮੈਂ ਪੰਜਾਬ ਵਿਚ ਵਾਪਰ ਰਹੀਆਂ ਭਿਆਨਕ ਘਟਨਾਵਾਂ ਅਤੇ ਤੁਹਾਡੀ ਘਾਇਲ ਸਿੱਖ ਹਿਰਦਿਆਂ ਪ੍ਰਤੀ ਕਠੋਰ ਅਤੇ ਫ਼ਿਰਕੂ ਸੋਚ ਨੂੰ ਇੱਕ ਭੁਲੱਕੜ ਦਰਸ਼ਕ ਬਣ ਕੇ ਵੇਖਣ ਲਈ ਆਪਣੀ ਤਾਕੀਦ ਨੂੰ ਦਬਾਅ ਨਹੀਂ ਸਕਦਾ। ਮੈਨੂੰ ਮੇਰੀ ਅੰਤਰ-ਆਤਮਾ ਨੇ ਤੁਹਾਡੀ ਕਠੋਰ ਅਤੇ ਨਿਰਦਈ ਆਤਮਾ ਨੂੰ ਡਾਂਟ ਫਿਟਕਾਰ ਪਾਉਣ ਲਈ ਅਤੇ ਨਸੀਹਤ ਭਰੇ ਸੁਝਾਅ ਦੇਣ ਲਈ ਪ੍ਰੇਰਿਆ ਹੈ ਤਾਂ ਜੋ ਪੰਜਾਬ ਵਿਚ ਹੋ ਰਹੇ ਇਸ ਦੁਖਾਂਤ ਨੂੰ ਟਾਲਿਆ ਜਾ ਸਕੇ। ਮੇਰਾ ਯਤਨ ਗੁਰਬਾਣੀ ਦੀ ਸਿੱਖਿਆ ਅਨੁਸਾਰ ਹੈ। "ਪ੍ਰਿਥਮੇ ਮਤਾ ਪਤਰੀ ਚਲਾਓ" ਅਰਥਾਤ ਪਹਿਲੀ ਕੋਸ਼ਿਸ਼ ਲਿਖਤੀ ਸੰਦੇਸ਼ ਰਾਹੀਂ ਹੋਣੀ ਚਾਹੀਦੀ ਹੈ।

ਮੈਨੂੰ ਇਸ ਦਾ ਪਹਿਲਾਂ ਹੀ ਗਿਆਨ ਹੈ ਕਿ ਮੇਰੀ ਇਸ ਸਿੱਧੀ ਅਤੇ ਸਪੱਸ਼ਟ ਆਵਾਜ਼ ਦਾ ਤੁਹਾਡੀਆਂ ਗੁਪਤ ਵਾਰਤਾਂ ਅਤੇ ਕਾਨੂੰਨ ਅਮਲ ਵਿਚ ਲਿਆਉਣ ਵਾਲੀਆਂ (Enforcement) ਸ਼ਾਖ਼ਾਵਾਂ ਉੱਤੇ ਕਿਸ ਤਰ੍ਹਾਂ ਦਾ ਕਠੋਰ ਪ੍ਰਤੀਕਰਮ ਹੋਵੇਗਾ ਪ੍ਰੰਤੂ ਸੁਕਰਾਤ

ਦੇ ਕਥਨ ਅਨੁਸਾਰ—"ਮੈਂ ਏਥਨਜ਼ ਨਿਵਾਸੀਆਂ ਦੀ ਗੱਲ ਮੰਨਣ ਨਾਲੋਂ ਪ੍ਰਮਾਤਮਾ ਦੀ ਗੱਲ ਮੰਨਾਂਗਾ।" ਮੈਂ ਸਿੱਟਿਆਂ ਦਾ ਸਾਹਮਣਾ ਕਰਨ ਲਈ ਤਿਆਰ ਹਾਂ।

1984 ਤੋਂ 300 ਤੋਂ ਵੱਧ ਸਿੱਖ ਇਹ ਦੋਸ਼ ਲਗਾ ਕੇ ਜੋਧਪੁਰ ਦੀ ਜੇਲ੍ਹ ਵਿਚ ਡੱਕੇ ਹੋਏ ਹਨ ਕਿ ਇਨ੍ਹਾਂ ਨੇ ਭਾਰਤ ਸਰਕਾਰ ਦੇ ਵਿਰੁੱਧ ਹਥਿਆਰਬੰਦ ਜੱਦੋ-ਜਹਿਦ ਸ਼ੁਰੂ ਕੀਤੀ ਹੈ ਅਤੇ ਮੈਨੂੰ 'ਆਪਰੇਸ਼ਨ ਬਲਿਊ ਸਟਾਰ' ਕੇਸ ਦਾ ਮੁੱਖ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ, ਜਿਸ ਨੂੰ ਮੌਤ ਦੀ ਸਜ਼ਾ ਤੱਕ ਹੋ ਸਕਦੀ ਹੈ। ਜੋ ਕੁਝ ਅਸੀਂ ਕੀਤਾ ਹੈ ਸਾਨੂੰ ਉਸ ਦਾ ਅਫ਼ਸੋਸ ਜਾਂ ਪਛਤਾਵਾ ਨਹੀਂ ਹੈ; ਕਿਉਂਕਿ ਆਪਣੇ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਰੱਖਿਆ ਕਰਨਾ ਸਾਡਾ ਫ਼ਰਜ਼ ਹੈ ਅਤੇ ਜੇਕਰ ਇਸ ਦੀ ਸਜ਼ਾ ਮੌਤ ਮਿਲੀ ਤਾਂ ਇਹ ਇੱਕ ਵਰਦਾਨ ਹੋਵੇਗੀ। ਨਾਰਮਨ ਕਜ਼ਨਜ ਠੀਕ ਹੀ ਕਹਿੰਦਾ ਹੈ, "ਮੌਤ ਜ਼ਿੰਦਗੀ ਵਿਚ ਸਭ ਤੋਂ ਵੱਡਾ ਨੁਕਸਾਨ ਨਹੀਂ ਹੈ, ਸਭ ਤੋਂ ਵੱਡਾ ਨੁਕਸਾਨ ਉਹ ਹੁੰਦਾ ਹੈ ਜੋ ਸਾਡੇ ਅੰਦਰ ਮਰ ਰਿਹਾ ਹੁੰਦਾ ਹੈ, ਜਦੋਂ ਅਸੀਂ ਜਿਉਂਦੇ ਹਾਂ।" ਅਸੀਂ ਉਸ ਦਿਨ ਦੀ ਉਡੀਕ ਕਰ ਰਹੇ ਹਾਂ ਜਦੋਂ ਸਾਨੂੰ ਫ਼ਾਂਸੀ ਦੇ ਰੱਸੇ ਦੀ ਗੰਢ ਚੁੰਮਣ ਲਈ ਫ਼ਾਂਸੀ ਦੇ ਤਖ਼ਤੇ 'ਤੇ ਲਜਾਇਆ ਜਾਵੇਗਾ। ਮੇਰੀ ਇਹ ਦ੍ਰਿੜ੍ਹ ਇੱਛਾ ਹੈ ਕਿ ਮੈਂ ਤੁਹਾਡੀਆਂ ਸਿੱਖਾਂ 'ਤੇ ਦਮਨ ਕਰਨ ਵਾਲੀਆਂ ਨੀਤੀਆਂ, ਜਿਨ੍ਹਾਂ ਨੂੰ ਨਾ ਬਰਦਾਸ਼ਤ ਹੋਣ ਦੀ ਹੱਦ ਤੱਕ ਪ੍ਰੇਸ਼ਾਨ ਕੀਤਾ ਗਿਆ ਹੈ, ਉੱਤੇ ਆਪਣੀ ਤੀਬਰ ਵੇਦਨਾ ਪ੍ਰਗਟ ਕਰਨ ਤੋਂ ਗੁਰੇਜ਼ ਨਾ ਕਰਾਂ।

ਆਪਣੇ ਅਲੰਕ੍ਰਿਤ ਭਾਸ਼ਣਾਂ ਵਿਚ ਤੁਸੀਂ ਧਰਮ ਨਿਰਪੱਖਤਾ ਅਤੇ ਲੋਕਤੰਤਰ ਦੇ ਹਾਮੀ ਹੋਣ ਦੀਆਂ ਡੀਂਗਾਂ ਮਾਰਦੇ ਹੋ ਅਤੇ ਸੰਸਾਰ ਦੇ ਅਤਿਆਚਾਰਾਂ ਦੇ ਸਤਾਏ ਲੋਕਾਂ ਦੇ ਰੱਖਿਅਕ ਹੋਣ ਦਾ ਦਾਅਵਾ ਕਰਦੇ ਹੋ, ਪਰ ਭਾਰਤ ਵਿਚ ਘੱਟ ਗਿਣਤੀ ਦੇ ਲੋਕਾਂ ਪ੍ਰਤੀ ਤੁਹਾਡਾ ਵਰਤਾਓ ਤੁਹਾਡੇ ਐਲਾਨ ਕੀਤੇ ਇਰਾਦਿਆਂ ਦੇ ਬਿਲਕੁਲ ਉਲਟ ਹੈ। ਮੈਂ ਤੁਹਾਡੇ ਅੱਗੇ ਕੁਝ ਠੋਸ ਸੱਚਾਈਆਂ ਰੱਖਣ ਦਾ ਜੋਖ਼ਮ ਲੈ ਰਿਹਾ ਹਾਂ। ਕ੍ਰਿਪਾ ਕਰਕੇ ਇਨ੍ਹਾਂ 'ਤੇ ਵਿਚਾਰ ਕਰੋ ਅਤੇ ਆਪਣੇ ਵਧਾਏ ਕਦਮਾਂ 'ਤੇ ਵਾਪਸ ਪਰਤ ਆਓ, ਵਰਨਾ ਇਨ੍ਹਾਂ ਤੋਂ ਪੈਦਾ ਹੋਈਆਂ ਪ੍ਰਤੀਕਿਰਿਆਵਾਂ ਕਾਰਨ ਆਉਣ ਵਾਲੀਆਂ ਭਾਰਤੀ ਨਸਲਾਂ ਤੁਹਾਨੂੰ ਮੁਆਫ਼ ਨਹੀਂ ਕਰਨਗੀਆਂ।

ਤੁਸੀਂ ਧਰਮ ਨਿਰਪੱਖ ਹੋਣ ਦਾ ਦਾਅਵਾ ਕਰਦੇ ਹੋ, ਪਰ ਧਰਮ ਨਿਰਪੱਖਤਾ ਤੁਹਾਡੇ ਲਈ ਸਿਰਫ਼ ਇੱਕ ਢੌਂਗ ਹੈ, ਜਦੋਂ ਕਿ ਅੰਦਰਖ਼ਾਤੇ ਤੁਸੀਂ ਫ਼ਿਰਕੂ ਵੋਟਾਂ ਦੇ ਵਪਾਰੀਆਂ ਨਾਲ ਸੌਦੇਬਾਜ਼ੀ ਕਰਦੇ ਹੋ। ਸਾਰਾ ਸੰਸਾਰ ਜਾਣਦਾ ਹੈ ਕਿ ਪੰਜ ਹਜ਼ਾਰ ਸਿੱਖਾਂ ਦੇ ਖ਼ੂਨ ਦਾ ਤਿਲਕ ਲਾ ਕੇ ਤੁਹਾਨੂੰ ਭਾਰਤ ਦੇ ਰਾਜ ਤਖ਼ਤ 'ਤੇ ਬਿਠਾਇਆ ਗਿਆ ਸੀ, ਜਿਹੜੇ ਕਿ ਨਵੰਬਰ, 1984 ਦੇ ਦੰਗਿਆਂ ਵਿਚ ਕਤਲ ਹੋਏ ਸਨ। ਇਨ੍ਹਾਂ ਦੰਗਿਆਂ ਨੂੰ ਐਚ. ਕੇ. ਐੱਲ. ਭਗਤ, ਸੱਜਣ ਕੁਮਾਰ ਅਤੇ ਜਗਦੀਸ਼ ਟਾਇਟਲਰ ਆਦਿ ਵਰਗੇ ਤੁਹਾਡੇ ਖੁਸ਼ਾਮਦੀਆਂ ਨੇ ਭੜਕਾਇਆ ਸੀ। ਪ੍ਰੰਤੂ ਸਿੱਖਾਂ ਦੇ ਮਨਾਂ 'ਤੇ ਸਭ ਤੋਂ ਗਹਿਰਾ ਵਾਰ ਉਸ ਸਮੇਂ ਹੋਇਆ, ਜਦੋਂ ਬੋਟ ਕਲੱਬ ਰੈਲੀ ਵਿਚ ਤੁਸੀਂ ਸਿੱਖਾਂ ਦੇ ਕਤਲੇਆਮ ਨੂੰ ਇਹ ਕਹਿ ਕੇ ਸਿੱਧ ਕੀਤਾ ਸੀ, "ਜਦੋਂ ਕੋਈ ਵੱਡਾ ਦਰਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ।"

ਪ੍ਰਤੱਖ ਅਤੇ ਨਿਸ਼ਚਤ ਰੂਪ ਵਿਚ ਤੁਸੀਂ ਆਪਣੇ ਆਪ ਨੂੰ ਹਿੰਦੂ ਸੰਕੀਰਣਤਾ ਦਾ ਸਮਰਥਕ ਅਤੇ ਰੱਖਿਅਕ ਦਰਸਾ ਕੇ ਦਸੰਬਰ, 1984 ਦੀ ਚੋਣ ਇਸ ਤਾਕਤ ਨਾਲ ਜਿੱਤੀ

ਕਿ ਤੁਸੀਂ ਹਿੰਦੂਵਾਦ ਦੇ ਰੱਖਿਅਕ ਹੋ ਤੇ ਜਾਣਦੇ ਬੁੱਝਦੇ ਹੋਏ ਇਹ ਫ਼ਿਰਕੂ ਨਾਹਰਾ ਬਣਾਇਆ, ਪਰ ਤੁਸੀਂ ਸਿੱਖਾਂ ਦੇ ਵਿਸ਼ਵਾਸ ਨੂੰ ਹਮੇਸ਼ਾ ਲਈ ਭੁੱਲ ਗਏ, ਜਿਹੜੇ ਵਿਦੇਸ਼ੀ ਹਮਲਾਵਰਾਂ ਤੋਂ ਭਾਰਤ ਦੇ ਬਚਾਅ ਲਈ ਹਮੇਸ਼ਾ ਕਿਲ੍ਹੇ ਦੀ ਕੰਧ ਵਾਂਗ ਖੜ੍ਹੇ ਰਹੇ ਸਨ। ਜਦੋਂ ਹਜ਼ਾਰਾਂ ਸਿੱਖ ਵਿਧਵਾਵਾਂ ਅਤੇ ਬੱਚੇ ਦਿੱਲੀ ਦੇ ਅਣਗਿਣਤ ਰਿਫ਼ਿਊਜੀ ਕੈਂਪਾਂ ਵਿਚ ਕੁਰਲਾ ਰਹੇ ਸਨ ਤਾਂ ਤੁਸੀਂ ਆਪਣੇ ਕਸੂਰਵਾਰ ਲਸ਼ਕਰ ਅਤੇ ਚਾਪਲੂਸਾਂ ਨਾਲ ਆਪਣੀ ਚੋਣ ਜਿੱਤਣ ਦੀਆਂ ਖੁਸ਼ੀਆਂ ਮਨਾਣ ਵਿੱਚ ਰੁੱਝੇ ਹੋਏ ਸੀ ਅਤੇ ਇਸ ਤਰ੍ਹਾਂ ਦੰਗਾ ਪੀੜਿਤਾਂ ਦੇ ਪਹਿਲਾਂ ਹੀ ਫਿੱਸੇ ਹੋਏ ਜ਼ਖ਼ਮਾਂ 'ਤੇ ਲੂਣ ਮਲ ਰਹੇ ਸੀ।

ਕਾਸ਼! ਅੱਜ ਰਵਿੰਦਰ ਨਾਥ ਟੈਗੋਰ ਜਿਉਂਦਾ ਹੁੰਦਾ ਅਤੇ ਉਹ ਤੁਹਾਡੇ 'ਤੇ ਇਸ ਸਦੀ ਦਾ ਸਭ ਤੋਂ ਵੱਧ ਵਹਿਸ਼ੀ ਅਤੇ ਨਿਰਦਈ ਹੋਣ ਦੀ ਛਾਪ ਲਗਾ ਦਿੰਦਾ। ਇਹ ਟੈਗੋਰ ਹੀ ਸੀ ਜਿਸ ਨੇ 1919 ਵਿਚ ਜਲ੍ਹਿਆਂਵਾਲੇ ਬਾਗ਼ ਦੇ ਦੁਖਾਂਤ ਹੋਣ ਤੋਂ ਬਾਅਦ ਆਪਣੇ 'Knight Hood' ਦੇ ਖ਼ਿਤਾਬ ਨੂੰ ਛੱਡ ਦਿੱਤਾ ਸੀ ਅਤੇ ਨਿੱਡਰਤਾ ਨਾਲ ਇਹ ਐਲਾਨ ਕੀਤਾ ਸੀ:—"ਸਮਾਂ ਆ ਗਿਆ ਹੈ ਜਦੋਂ ਸਨਮਾਨ ਵਜੋਂ ਦਿੱਤੇ ਹੋਏ ਇਹ ਪਟੇ ਬੇ-ਇੱਜ਼ਤੀ ਦੇ ਇਸ ਵਿਸਤਾਰ ਵਿਚ ਸਾਡੀ ਸ਼ਰਮ ਨੂੰ ਹੋਰ ਵੀ ਚਮਕਾਉਂਦੇ ਹਨ। ਮੈਂ ਇਨ੍ਹਾਂ ਸਾਰੀਆਂ ਵਿਸ਼ੇਸ਼ ਉੱਚ ਪਦਵੀਆਂ ਨੂੰ ਤਿਆਗ ਕੇ ਜ਼ੁਲਮ ਦਾ ਸ਼ਿਕਾਰ ਹੋਏ ਵਿਅਕਤੀਆਂ ਨਾਲ ਖੜ੍ਹਨ ਦਾ ਫ਼ੈਸਲਾ ਕਰਦਾ ਹਾਂ।" ਪਰ ਤੁਸੀਂ ਆਪਣੇ-ਆਪ ਨੂੰ ਟੈਗੋਰ ਦੇ ਬਿਲਕੁਲ ਉਲਟ ਸਿੱਧ ਕੀਤਾ ਅਤੇ ਨਾ ਸਿਰਫ਼ ਨਿਰਦਾਇਤਾ ਨਾਲ ਕੀਤੇ ਸਿੱਖਾਂ ਦੇ ਕਤਲੇਆਮ ਨੂੰ ਨਜ਼ਰ ਅੰਦਾਜ਼ ਹੀ ਕੀਤਾ, ਸਗੋਂ ਵੋਟਾਂ ਵਿਚ ਬਹੁਮਤ ਹਾਸਲ ਕਰਨ ਲਈ ਅਪਰਾਧੀਆਂ ਦੁਆਰਾ ਕੀਤੇ ਅਪਰਾਧ ਦੀ ਉਸਤਤੀ ਕੀਤੀ। ਤੁਹਾਡੀ ਅਲਪ ਰਾਜਨੀਤਕ ਦ੍ਰਿਸ਼ਟੀ ਅਤੇ ਫ਼ਿਰਕੂ ਭੇਦ ਭਾਵ ਹੀ ਇੱਕੋ-ਇੱਕ ਕਾਰਨ ਹੈ, ਜਿਹੜਾ ਕਿ ਭਾਰਤੀ ਪ੍ਰਬੰਧ ਅਤੇ ਖ਼ਾਲਸਾ ਪੰਥ ਵਿਚਕਾਰ ਚੌੜੀ ਦਰਾੜ ਪਾ ਰਿਹਾ ਹੈ।

(ੳ) ਤੁਸੀਂ ਅਤੇ ਤੁਹਾਡੀ ਕਾਂਗਰਸ ਬੇਸ਼ਰਮੀ ਨਾਲ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਭੁੱਲ ਗਈ ਹੈ ਜਿਹੜੇ ਹਿੰਦ ਦੇ ਰੱਖਿਅਕ (ਹਿੰਦ ਦੀ ਚਾਦਰ) ਬਣੇ ਅਤੇ ਹਿੰਦੂ ਚਿੰਨ੍ਹਾਂ—ਤਿਲਕ ਅਤੇ ਜੰਞੂ ਦੀ ਖ਼ਾਤਰ ਜਿਨ੍ਹਾਂ ਦਾ ਸੀਸ ਕੱਟਿਆ ਗਿਆ।

(ਅ) ਤੁਸੀਂ ਕਵੀ ਇਕਬਾਲ ਦੀਆਂ ਸਤਰਾਂ ਵੱਲੋਂ ਕੰਨ ਟੇਢਾ ਕਰ ਲਿਆ, ਜਿਨ੍ਹਾਂ ਵਿੱਚ ਬਹੁਤ ਵੱਡੀ ਇਤਿਹਾਸਕ ਸੱਚਾਈ ਹੈ—"ਨਾ ਕਹੂੰ ਜਬ ਕੀ, ਨਾ ਕਹੂੰ ਤਬ ਕੀ, ਬਾਤ ਕਹੂੰ ਮੈਂ ਅਬ ਕੀ, ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁਨਤ ਹੋਤੀ ਸਭ ਕੀ।"

(ੲ) ਤੁਸੀਂ ਅਕ੍ਰਿਤਘਣਤਾ ਨਾਲ ਸਿੱਖਾਂ ਦੇ ਸ਼ਾਨਦਾਰ ਇਤਿਹਾਸ ਨੂੰ ਅਣਗੌਲਿਆ ਕਰ ਰਹੇ ਹੋ ਜਿਨ੍ਹਾਂ ਨੇ ਅਫ਼ਗਾਨਾਂ, ਤੁਰਕਾਂ ਅਤੇ ਹੋਰ ਦੂਜੇ ਵਿਦੇਸ਼ੀ ਹਮਲਾਵਰਾਂ ਨੂੰ ਪੱਕੇ ਤੌਰ 'ਤੇ ਰੋਕਣ ਲਈ ਨਾ ਬਿਆਨ ਕੀਤੀਆਂ ਜਾ ਸਕਣ ਵਾਲੀਆਂ ਕੁਰਬਾਨੀਆਂ ਕੀਤੀਆਂ। ਇਹ ਹਮਲਾਵਰ, ਜਿਹੜੇ ਭਾਰਤ ਦੀ ਧਨ, ਦੌਲਤ ਅਤੇ ਮਾਣ ਸਨਮਾਨ ਦੀ ਲੁੱਟ ਖਸੁੱਟ ਕਰਦੇ ਸਨ, ਦਾ ਹਿੰਦੂ ਜਨਤਾ ਵੱਲੋਂ ਕੋਈ ਵਿਰੋਧ ਨਹੀਂ ਕੀਤਾ ਜਾਂਦਾ ਸੀ।

(ਸ) ਸ਼ਾਇਦ ਤੁਹਾਡੇ ਕੋਲ ਭਾਰਤੀ ਆਜ਼ਾਦੀ ਦੇ ਜੱਦੋ-ਜਹਿਦ ਦੇ ਇਤਿਹਸ ਵੱਲ ਦੇਖਣ ਦਾ ਸਮਾਂ ਹੀ ਨਹੀਂ ਹੈ ਅਤੇ ਨਾ ਹੀ ਕੌਮੀ ਪੁਰਾਲੇਖ ਗ੍ਰਹਿ ਵਿਖੇ ਪਏ ਰਿਕਾਰਡ ਨੂੰ ਵੇਖਣ ਦੀ ਪ੍ਰਵਾਹ ਕੀਤੀ ਹੈ, ਜਿਹੜਾ ਤੁਹਾਡੀਆਂ ਅੱਖਾਂ ਖੋਲ੍ਹ ਸਕਦਾ ਕਿ ਸਿੱਖਾਂ ਨੇ

ਬਰਤਾਨੀਆਂ ਨੂੰ ਇਸ ਦੇਸ਼ ਵਿਚੋਂ ਕੱਢਣ ਲਈ ਕਿੰਨਾ ਜਾਨੀ ਅਤੇ ਮਾਲੀ ਨੁਕਸਾਨ ਉਠਾਇਆ ਜਦੋਂ ਕਿ ਸਿੱਖ ਭਾਰਤ ਦੀ ਕੁਲ ਆਬਾਦੀ ਦੇ 2% ਤੋਂ ਘੱਟ ਹਨ, ਪਰ ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਵਿੱਚ 90% ਹਿੱਸਾ ਪਾਇਆ। ਜੇਕਰ ਕੁਲ 121 ਵਿਅਕਤੀਆਂ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਗਈ, ਉਨ੍ਹਾਂ ਵਿਚ 93 ਸਿੱਖ ਸਨ, 2647 ਵਿਅਕਤੀਆਂ ਵਿਚੋਂ, ਜਿਨ੍ਹਾਂ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ, 2147 ਸਿੱਖ ਸਨ, ਜਲ੍ਹਿਆਂਵਾਲੇ ਬਾਗ ਵਿੱਚ ਮਾਰੇ ਗਏ। 1302 ਵਿਅਕਤੀਆਂ ਵਿੱਚੋਂ 799 ਸਿੱਖ ਸਨ। ਇਸੇ ਤਰ੍ਹਾਂ ਹੋਰ ਵੀ ਹਜ਼ਾਰਾਂ ਸਿੱਖ ਹਨ, ਜਿਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਅਤੇ ਉਨ੍ਹਾਂ ਦੇ ਮਕਾਨ ਅਤੇ ਚੁੱਲ੍ਹੇ ਤੱਕ ਖੋਹ ਲਏ ਗਏ।

(ਹ) ਕੀ ਤੁਸੀਂ 1947 ਵਿਚ ਦੇਸ਼ ਦੀ ਵੰਡ ਦੌਰਾਨ ਸਿੱਖਾਂ ਦੀ ਹੋਈ ਹਾਲਤ ਉੱਤੇ ਇੱਕ ਝਾਤ ਮਾਰੋਗੇ, ਜਦੋਂ ਨਕਾਸੀ ਤੇ ਤੇਜ਼-ਤਰਾਸ਼ ਚਾਕੂ ਨਾਲ ਸਿੱਖਾਂ ਨੂੰ ਸੁੰਨਤਾਂ ਕਰਕੇ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਂਦਾ ਸੀ, ਉਨ੍ਹਾਂ ਨੇ ਬੇਹਿਸਾਬ ਜਾਨੀ ਨੁਕਸਾਨ ਉਠਾਇਆ। ਉਹ ਪੱਛਮੀ-ਪੰਜਾਬ ਵਿਚੋਂ (ਹੁਣ ਪਾਕਿਸਤਾਨ ਵਿਚ) ਉਪਜਾਊ ਧਰਤੀ ਅਤੇ ਲਹਿਲਹਾਉਂਦੇ ਖੇਤਾਂ ਵਿਚੋਂ ਉਜਾੜੇ ਗਏ। ਉਨ੍ਹਾਂ ਦੇ ਪਰਿਵਾਰ ਉਨ੍ਹਾਂ ਤੋਂ ਵਿਛੜ ਗਏ ਅਤੇ ਉਨ੍ਹਾਂ ਨੂੰ ਬੇਘਰੇ ਸ਼ਰਨਾਰਥੀ ਬਣਾ ਦਿੱਤਾ ਗਿਆ।

ਜੋਹਨਸਨ ਕੈਂਪਬੇਲ ਲਿਖਦਾ ਹੈ—"ਹਰ ਪਾਸੇ ਢੱਠੇ ਹੋਏ ਮਕਾਨਾਂ ਦਾ ਮਲਬਾ ਸੀ ਅਤੇ ਤਬਾਹੀ ਇੰਨੀ ਜ਼ਿਆਦਾ ਸੀ, ਜਿਵੇਂ ਯੁੱਧ ਵਿਚ ਲਗਾਤਾਰ ਬੰਬਾਂ ਦੇ ਹਮਲੇ ਹੋਣ 'ਤੇ ਹੁੰਦੀ ਹੈ। ਸਿੱਖ ਅਤੇ ਉਨ੍ਹਾਂ ਦੇ ਰੋਜ਼ਗਾਰ ਦੇ ਵਸੀਲੇ ਖ਼ਾਸ ਤੌਰ 'ਤੇ ਇਸ ਤਬਾਹੀ ਦਾ ਸ਼ਿਕਾਰ ਹੋਏ। ਸਿੱਖਾਂ ਨੇ ਭਾਰਤ ਦੀ ਖ਼ਾਤਰ ਆਪਣਾ ਸਭ ਕੁਝ ਕੁਰਬਾਨ ਕੀਤਾ, ਪਰ ਇਸ ਦੇ ਬਦਲੇ ਵਿਚ ਉਨ੍ਹਾਂ ਨੂੰ ਕੀ ਮਿਲਿਆ? ਉਨ੍ਹਾਂ ਭਾਰਤ ਨੂੰ ਆਜ਼ਾਦ ਕਰਾ ਲਿਆ। ਪਰ ਆਪਣੇ-ਆਪ ਨੂੰ ਜ਼ੰਜੀਰਾਂ ਅਤੇ ਬੇੜੀਆਂ ਵਿੱਚ ਪਾਏ ਵੇਖਿਆ।"

ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਪਟੇਲ ਨੇ ਸਿੱਖਾਂ ਦੀ ਮਦਦ ਹਾਸਲ ਕਰਨ ਲਈ ਉਨ੍ਹਾਂ ਨਾਲ ਲੰਮੇ ਚੌੜੇ ਵਾਇਦੇ ਕੀਤੇ ਅਤੇ ਮੁਸਲਿਮ ਲੀਗ ਦੇ ਖ਼ਿਲਾਫ਼ ਆਪਣੀ ਖਿੱਚ-ਧੂਹ ਵਿਚ ਸਿੱਖਾਂ ਨੂੰ ਕਾਂਗਰਸ ਦੇ ਸੱਜੇ ਬੰਨੇ ਰੱਖਣ ਦੀ ਰਜ਼ਾਮੰਦੀ ਦੇ ਦਿੱਤੀ।

ਕਲਕੱਤੇ ਵਿਚ 6 ਜੁਲਾਈ, 1946 ਨੂੰ ਇੱਕ ਪ੍ਰੈੱਸ ਕਾਨਫ਼ਰੰਸ ਵਿਚ ਪੰਡਿਤ ਨਹਿਰੂ ਨੇ ਭਰੋਸਾ ਦਿਵਾਇਆ ਸੀ—"ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਧਿਆਨ ਦੇ ਹੱਕਦਾਰ ਹਨ। ਮੈਨੂੰ ਇਸ ਵਿਚ ਕੁਝ ਵੀ ਮਾੜਾ ਨਹੀਂ ਲੱਗਦਾ, ਜੇ ਉੱਤਰ ਵਿਚ ਇੱਕ ਖੇਤਰ ਸੰਸਥਾਪਨ ਕੀਤਾ ਜਾਵੇ ਜਿਸ ਵਿਚ ਸਿੱਖ ਵੀ ਆਜ਼ਾਦੀ ਦਾ ਨਿੱਘ ਮਹਿਸੂਸ ਕਰ ਸਕਣ।" (ਸਟੇਟਸਮੈਨ, ਕਲਕੱਤਾ, 7 ਜੁਲਾਈ, 1946) ਇਸ ਤੋਂ ਬਹੁਤ ਪਹਿਲਾਂ 1929 ਵਿੱਚ ਕਾਂਗਰਸ ਦੇ ਲਾਹੌਰ ਦੇ ਇਜਲਾਸ ਵਿਚ ਇਹ ਮਤਾ ਪਾਸ ਕੀਤਾ ਗਿਆ ਸੀ—"ਕਾਂਗਰਸ ਸਿੱਖਾਂ ਨੂੰ ਇਹ ਭਰੋਸਾ ਦਿਵਾਉਂਦੀ ਹੈ ਕਿ ਭਵਿੱਖ ਵਿਚ ਬਣਨ ਵਾਲੇ ਸੰਵਿਧਾਨ ਵਿਚ ਕੋਈ ਵੀ ਮਤਾ ਪ੍ਰਵਾਨ ਨਹੀਂ ਕੀਤਾ ਜਾਵੇਗਾ, ਜਿਸ ਨਾਲ ਉਹ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹੋਣਗੇ।" (ਭਾਰਤੀ ਸੰਵਿਧਾਨ ਦਸਤਾਵੇਜ਼ Vol. II by A. C. Banerjee)

ਇੱਥੇ ਮਹਾਤਮਾ ਗਾਂਧੀ ਦੇ ਉਸ ਭਾਸ਼ਣ ਦਾ ਜ਼ਿਕਰ ਕਰਨਾ ਪ੍ਰਸੰਗ ਤੋਂ ਬਾਹਰ ਨਹੀਂ ਹੋਵੇਗਾ, ਜੋ ਉਨ੍ਹਾਂ ਨੇ 18 ਮਾਰਚ, 1931 ਨੂੰ ਗੁਰਦੁਆਰਾ ਸੀਸ ਗੰਜ ਦਿੱਲੀ ਵਿਖੇ ਸਿੱਖਾਂ ਦੇ

ਭਾਰੀ ਇਕੱਠ ਵਿੱਚ ਦਿੱਤਾ ਸੀ ਅਤੇ ਜਿਸ ਦੀ ਰਿਪੋਰਟ 19 ਮਾਰਚ, 1931 ਨੂੰ ਯੰਗ ਇੰਡੀਆ ਵਿੱਚ ਛਪੀ ਸੀ–"ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੇ ਮਨ ਵਿਚੋਂ ਸਾਰੇ ਸ਼ੰਕੇ ਅਤੇ ਡਰ ਕੱਢ ਦਿਓ। ਪ੍ਰਮਾਤਮਾ ਇਸ ਬੰਧਨ ਦਾ ਸਾਖ਼ਸ਼ੀ ਹੈ ਜਿਹੜਾ ਮੈਨੂੰ ਅਤੇ ਕਾਂਗਰਸ ਨੂੰ ਤੁਹਾਡੇ ਨਾਲ ਜੋੜਦਾ ਹੈ....ਸਾਡੇ ਸਿੱਖ ਦੋਸਤਾਂ ਨੂੰ ਕੋਈ ਅਜਿਹਾ ਡਰ ਨਹੀਂ ਹੋਣਾ ਚਾਹੀਦਾ ਕਿ ਉਨ੍ਹਾਂ ਨਾਲ ਧੋਖਾ ਹੋਵੇਗਾ। ਜਿਸ ਪਲ ਅਜਿਹਾ ਹੋਇਆ ਤਾਂ ਕਾਂਗਰਸ ਸਿਰਫ਼ ਆਪਣੀ ਹੀ ਕਿਸਮਤ ਨਹੀਂ, ਸਗੋਂ ਦੇਸ਼ ਦੀ ਕਿਸਮਤ ਨੂੰ ਵੀ ਬੰਦ ਕਰ ਲਵੇਗੀ।.....ਇਸ ਤੋਂ ਇਲਾਵਾ ਸਿੱਖ ਬਹਾਦਰ ਲੋਕ ਹਨ। ਇਹ ਜਾਣਦੇ ਹਨ ਕਿ ਹਥਿਆਰਾਂ ਦੀ ਵਰਤੋਂ ਕਰਕੇ ਕਿਸ ਤਰ੍ਹਾਂ ਆਪਣੇ ਹੱਕਾਂ ਦੀ ਰਾਖੀ ਕੀਤੀ ਜਾਂਦੀ ਹੈ, ਜੇਕਰ ਕਦੀ ਅਜਿਹਾ ਕਰਨ ਦੀ ਲੋੜ ਪਵੇ।"

ਪ੍ਰੰਤੂ ਜਨਵਰੀ, 1950 ਵਿਚ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਸਾਰੀਆਂ ਸ਼ਰਤਾਂ ਅਤੇ ਵਾਇਦੇ ਇੱਕ ਪਾਸੇ ਕਰ ਦਿੱਤੇ ਗਏ ਅਤੇ ਹਿੰਦੂਵਾਦ ਦਾ ਨਿਰੰਤਰ-ਪੁਨਰ ਉੱਥਾਨ ਸਿੱਖ ਪਹਿਚਾਨ ਨੂੰ ਨਿਗਲਣ ਲੱਗਾ। ਸਿੱਖ ਰਵਾਇਤਾਂ ਅਤੇ ਸੱਭਿਆਚਾਰ ਨੂੰ ਢਾਹ ਲੱਗਣ ਲੱਗ ਪਈ ਅਤੇ ਉਨ੍ਹਾਂ ਦਾ ਵਕਾਰ ਘਟਣ ਲੱਗਾ। ਸਿੱਖਾਂ ਦੇ ਧਾਰਮਿਕ ਅਸਥਾਨ ਸਰਕਾਰ ਦੀ ਦਖ਼ਲ ਅੰਦਾਜ਼ੀ ਦਾ ਨਿਸ਼ਾਨਾ ਬਣੇ। ਕਈ ਗੁਰਦੁਆਰੇ ਢਾਹ ਦਿੱਤੇ ਗਏ। ਉਨ੍ਹਾਂ ਦੀ ਭਾਸ਼ਾ ਨੂੰ ਅਣਗੌਲਿਆ ਕੀਤਾ ਗਿਆ ਅਤੇ ਭਾਸ਼ਾ ਦੇ ਆਧਾਰ 'ਤੇ ਉਨ੍ਹਾਂ ਨੂੰ ਰਿਆਸਤ ਦੇਣ ਤੋਂ ਇਨਕਾਰ ਕੀਤਾ ਗਿਆ। ਫ਼ੌਜ ਵਿਚ ਉਨ੍ਹਾਂ ਦੀ ਭਰਤੀ ਨੂੰ ਘਟਾ ਕੇ ਨਾਂਹ ਦੇ ਬਰਾਬਰ ਕਰ ਦਿੱਤਾ ਗਿਆ। ਉਨ੍ਹਾਂ ਦੇ ਇਤਿਹਾਸ ਨੂੰ ਹਿੰਦੂ ਮਿਥਿਹਾਸਕ ਧਾਰਨਾਵਾਂ ਦੇ ਅਨੁਸਾਰ ਤੋੜਿਆ ਮਰੋੜਿਆ ਗਿਆ। ਦਰਿਆਵਾਂ ਦਾ ਪਾਣੀ ਗੁਆਂਢੀ ਰਾਜਾਂ ਵਿਚ ਵੰਡ ਕੇ ਉਨ੍ਹਾਂ ਦੀ ਆਰਥਕ ਦਸ਼ਾ ਨੂੰ ਨੁਕਸਾਨ ਪਹੁੰਚਾਇਆ ਗਿਆ ਅਤੇ ਪੰਜਾਬ ਨੂੰ ਭਾਰੀ ਦਸਤਕਾਰੀ ਤੋਂ ਸੱਖਣਾ ਰੱਖਿਆ ਗਿਆ।

ਬਲਦੀ ਉੱਤੇ ਤੇਲ ਪਾਉਣ ਲਈ ਭਾਰਤ ਦੇ ਗ੍ਰਹਿ ਮੰਤਰੀ ਨੇ ਉੱਤਰੀ ਭਾਰਤ (ਪੰਜਾਬ ਸਮੇਤ) ਦੇ ਸਾਰੇ ਜ਼ਿਲ੍ਹਾ ਮਜਿਸਟਰੇਟਾਂ ਨੂੰ ਇੱਕ ਗੁਪਤ ਪੱਤਰ ਜਾਰੀ ਕੀਤਾ ਜਿਸ ਵਿਚ ਹਦਾਇਤ ਕੀਤੀ ਗਈ ਕਿ ਪੱਛਮੀ ਪੰਜਾਬ ਤੋਂ ਆਏ ਪ੍ਰਵਾਸੀ ਸਿੱਖਾਂ ਉੱਤੇ ਸਖ਼ਤ ਨਿਗਰਾਨੀ ਰੱਖੀ ਜਾਵੇ, ਜਿਨ੍ਹਾਂ ਨੂੰ ਕਿ ਗ਼ੈਰ-ਕਾਨੂੰਨੀ ਅਤੇ ਬੇਲਗ਼ਾਮ ਲੋਕ ਬਿਆਨਿਆ ਗਿਆ ਸੀ। ਜੇਕਰ ਹੁਣ ਤੱਕ ਸਿੱਖ ਆਪਣੀ ਵੱਖਰੀ ਪਹਿਚਾਣ ਨੂੰ ਬਣਾਈ ਰੱਖਣ ਵਿਚ ਯੋਗ ਰਹੇ ਹਨ, ਇੱਕ ਵਿਲੱਖਣ ਪਹਿਚਾਣ, ਇਹ ਕੇਵਲ ਇਸੇ ਕਰਕੇ ਹੋ ਸਕਿਆ ਹੈ ਕਿ ਉਨ੍ਹਾਂ ਵਿਚ ਲੜ ਸਕਣ ਦੀ ਇੱਛਾ ਅਤੇ ਸ਼ਕਤੀ ਹੈ। ਜਦੋਂ ਤੱਕ ਉਨ੍ਹਾਂ ਨੇ ਅੰਦੋਲਨ ਵਾਲਾ ਰਸਤਾ ਨਹੀਂ ਅਪਣਾਇਆ ਅਤੇ ਇਸ ਲਈ ਕੁਰਬਾਨੀਆਂ ਨਹੀਂ ਕੀਤੀਆਂ, ਉਨ੍ਹਾਂ ਲਈ ਪਾਣੀ ਦੀ ਇੱਕ ਵੀ ਬੂੰਦ ਮਨਜ਼ੂਰ ਨਹੀਂ ਕੀਤੀ ਗਈ ਸੀ। ਬਹੁਤ ਜ਼ਿਆਦਾ ਪੱਖਪਾਤ ਅਤੇ ਮਤਰੇਏ ਸਲੂਕ ਦੇ ਬਾਵਜੂਦ ਵੀ ਸਿੱਖ ਭਾਰਤੀ ਸਰਹੱਦਾਂ 'ਤੇ 1962, 1965 ਅਤੇ 1971 ਦੇ ਯੁੱਧਾਂ ਵਿਚ ਆਪਣੀਆਂ ਜਾਨਾਂ ਦੀ ਬਲੀ ਦਿੰਦੇ ਰਹੇ। ਸਿੱਖਾਂ ਵਲੋਂ ਬਹੁਤ ਜ਼ਿਆਦਾ ਰੋਸ ਪ੍ਰਗਟ ਕਰਨ ਦੇ ਬਾਵਜੂਦ ਭਾਰਤ ਦੀ ਸਰਕਾਰ ਸੰਵਿਧਾਨ ਦੀ 25 ਵੀ ਉਪ-ਸ਼੍ਰੇਣੀ ਵਿਚ ਸੋਧ ਕਰਨ ਲਈ ਨਹੀਂ ਮੰਨੀ, ਜਿਸ ਵਿਚ ਸਿੱਖਾਂ ਦੀ ਵੱਖਰੀ ਪਹਿਚਾਣ ਨੂੰ ਸਵੀਕਾਰ ਕੀਤਾ ਗਿਆ ਹੈ ਅਤੇ ਉਸ ਧਾਰਾ ਵਿਚ ਉਨ੍ਹਾਂ ਨੂੰ ਬੋਧੀਆਂ ਅਤੇ ਜੈਨੀਆਂ ਵਾਂਗ ਹਿੰਦੂਆਂ ਨਾਲ ਰਲ-ਗੱਡ ਕੀਤਾ ਗਿਆ ਹੈ।

ਮੂਰਖ ਤੋਂ ਮੂਰਖ ਵਿਅਕਤੀ ਵੀ ਇਹ ਜਾਣਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਵੱਖਰੀ ਕੌਮ ਦੇ ਤੌਰ 'ਤੇ ਸਿੱਖਾਂ ਦੀ ਸਿਰਜਣਾ ਕੀਤੀ ਸੀ। ਗੁਰੂ ਨਾਨਕ ਦੇਵ ਜੀ ਇਸ ਵਿਚ ਕੋਈ ਸ਼ੱਕ ਨਹੀਂ ਰਹਿਣ ਦਿੰਦੇ, ਜਦੋਂ ਉਹ ਕਹਿੰਦੇ ਹਨ—"ਨ ਹਮ ਹਿੰਦੂ ਨਾ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥" "ਮੈ ਨ ਗਨੇਸਹਿ ਪ੍ਰਿਥਮ ਮਨਾਊਂ॥ ਕਿਸਨ ਬਿਸਨ ਕਬਹੂੰ ਨਹ ਧਿਆਊਂ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਗ੍ਰੰਥ ਵਿੱਚੋਂ ਇਹ ਸਿੱਧ ਕਰਨ ਲਈ ਅਣਗਿਣਤ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਕਿ ਸਿੱਖ ਆਪਣੇ-ਆਪ ਵਿਚ ਮੁਕੰਮਲ ਅਤੇ ਵੱਖਰੀ ਕੌਮ ਹੈ। ਇਹ ਸਰੀਰਕ ਤੌਰ 'ਤੇ ਵੀ ਅਤੇ ਆਤਮਿਕ ਤੌਰ 'ਤੇ ਵੀ ਆਪਣੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਗੁਰੂ ਵਜੋਂ ਸਨਮਾਨਦੇ ਹਨ। ਇਨ੍ਹਾਂ ਦੀ ਵਿਲੱਖਣ ਬਾਹਰੀ ਦਿੱਖ 'ਸਾਬਤ ਸੂਰਤ' ਹੈ। ਇਨ੍ਹਾਂ ਦੀਆਂ ਜਨਮ, ਨਾਮ ਕਰਨ, ਸੰਸਕਾਰ, ਵਿਆਹ ਸੰਸਕਾਰ ਅਤੇ ਅੰਤਿਮ ਸੰਸਕਾਰ ਆਦਿ ਵੱਖਰੀਆਂ ਧਾਰਮਿਕ ਅਤੇ ਸਮਾਜਕ ਰਸਮਾਂ ਹਨ। ਇਨ੍ਹਾਂ ਦੀਆਂ ਆਪਣੀਆਂ ਕੌਮੀ ਰਵਾਇਤਾਂ ਅਤੇ ਸੰਸਥਾਵਾਂ, ਜਿਵੇਂ ਸ੍ਰੀ ਅਕਾਲ ਤਖ਼ਤ ਅਤੇ ਸਰਬੱਤ ਖ਼ਾਲਸਾ ਹਨ ਜਿਹੜੀਆਂ ਇਨ੍ਹਾਂ ਦੇ ਰਾਜਨੀਤਕ ਅਤੇ ਧਾਰਮਿਕ ਮਾਮਲਿਆਂ ਦਾ ਸ੍ਰੋਤ ਅਤੇ ਧੁਰਾ ਹਨ ਅਤੇ ਪੰਜਾਬੀ (ਗੁਰਮੁਖੀ ਲਿੱਪੀ) ਇਨ੍ਹਾਂ ਦੀ ਮਾਂ ਬੋਲੀ ਹੈ। ਸਿੱਖਾਂ ਦਾ ਰਹਿਣ-ਸਹਿਣ ਅਤੇ ਜੀਵਨ ਢੰਗ ਬਿਲਕੁਲ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਅਨੁਸਾਰ ਹੈ; ਜਿਹੜੀਆਂ ਕਿ ਹਿੰਦੂ ਲੋਕਾਂ ਦੇ ਜੀਵਨ ਢੰਗ ਨਾਲੋਂ ਪੂਰੀ ਤਰ੍ਹਾਂ ਭਿੰਨ ਹਨ। ਪਰ ਭਾਰਤ ਦੀਆਂ ਸਿਲਸਿਲੇਵਾਰ ਸਰਕਾਰਾਂ ਨੇ ਆਪਣੇ ਸੰਕੀਰਣ ਅਤੇ ਸੰਕੁਚਿਤ ਮੰਡਵ ਦੀ ਪੂਰਤੀ ਲਈ, ਘੱਟ ਗਿਣਤੀ ਲੋਕਾਂ ਨੂੰ ਹਿੰਦੂ ਮੁੱਖ ਧਾਰਾ ਵਿਚ ਸ਼ਾਮਲ ਕਰਨ ਦੇ ਢੰਗ ਨੂੰ ਜਾਰੀ ਰੱਖਿਆ। ਪਰ ਭਾਰਤ ਸਰਕਾਰ ਇਸ ਹੱਦ ਤੱਕ ਪਹੁੰਚ ਗਈ ਹੈ ਕਿ ਇਹ ਕੁਝ ਹਿੰਦੂ ਧਰਮ-ਸ਼ਾਸਤਰੀਆਂ ਦੀ ਖੁੱਲ੍ਹੇਆਮ ਸਰਪ੍ਰਸਤੀ ਕਰ ਰਹੀ ਹੈ ਜਿਹੜੇ ਕਿ ਬਹੁਤ ਹੀ ਬੇਸ਼ਰਮੀ ਨਾਲ ਸਿੱਖਾਂ ਦੀਆਂ ਧਾਰਮਿਕ ਪੁਸਤਕਾਂ ਵਿਚੋਂ ਕੁਝ ਸਤਰਾਂ ਲੈ ਕੇ ਉਨ੍ਹਾਂ ਦੀ ਗ਼ਲਤ ਵਿਆਖਿਆ ਕਰਦੇ ਹਨ, ਨੂੰ ਸਹੀ ਸਿੱਧ ਕਰਨ ਲਈ, ਉਦਾਹਰਣ ਦੇ ਤੌਰ 'ਤੇ ਸਿੱਖ ਇੱਕ ਵੱਖਰੀ ਕੌਮ ਨੂੰ ਸਗੋਂ ਹਿੰਦੂਵਾਦ ਦੀ ਇੱਕ ਸ਼ਾਖ ਹੈ। ਇੱਥੋਂ ਤੱਕ ਕਿ ਡਾਕਟਰ ਗੁਪਾਲ ਸਿੰਘ ਵਰਗੇ, ਜਿਹੜੇ ਆਪਣੇ-ਆਪ ਨੂੰ ਸਿੱਖ ਧਰਮ-ਸ਼ਾਸਤਰੀ ਆਖਦੇ ਹਨ, ਨੇ ਆਪਣੀਆਂ ਆਤਮਾਵਾਂ ਨੂੰ ਗਹਿਣੇ ਕਰ ਦਿੱਤਾ ਹੈ। ਸਿੱਖ ਧਾਰਨਾਵਾਂ ਅਤੇ ਵਿਚਾਰਧਾਰਾਵਾਂ ਨੂੰ ਉਲਟ-ਪੁਲਟ ਕਰ ਦਿੱਤਾ ਹੈ। ਇਸ ਦੀ ਮਨਜ਼ੂਰੀ ਦਿੱਤੀ ਅਤੇ ਪੁਸ਼ਟੀ ਕੀਤੀ ਕਿ 'ਸਿੱਖ ਹਿੰਦੂ ਹਨ' ਤੇ ਉਸ ਨੂੰ ਗੋਆ ਦੀ ਲੈਫਟੀਨੈਂਟ ਗਵਰਨਰੀ ਦੇ ਕੇ ਸਨਮਾਨਿਆ ਗਿਆ। ਅਜਿਹੇ ਗ਼ਦਾਰਾਂ ਦੀ ਲੰਬੀ ਲਿਸਟ ਹੈ, ਜਿਨ੍ਹਾਂ ਨੇ ਤੁਹਾਡੇ ਜੂਠੇ ਟੁਕੜੇ ਚੁੱਕਣ ਦੀ ਖ਼ਾਤਰ ਆਪਣੇ ਲੋਕਾਂ ਨਾਲ ਧੋਖਾ ਕੀਤਾ। ਜਦੋਂ ਸਿੱਖਾਂ ਨੇ ਆਪਣੀ ਧਾਰਮਿਕ ਅਤੇ ਰਾਜਨੀਤਕ ਹੋਂਦ 'ਤੇ ਅਜਿਹਾ ਸਪੱਸ਼ਟ ਅਤੇ ਗੁਪਤ ਹਮਲਿਆਂ ਵਿਰੁੱਧ ਰੋਸ ਪ੍ਰਗਟ ਕੀਤਾ ਤਾਂ ਉਨ੍ਹਾਂ ਨੂੰ ਸਰਕਾਰੀ ਪ੍ਰਚਾਰ ਮਾਧਿਅਮ ਅਤੇ ਵਫ਼ਾਦਾਰਾਂ ਅਖ਼ਬਾਰਾਂ ਦੁਆਰਾ ਫ਼ਿਰਕਾਪ੍ਰਸਤ ਅਤੇ ਉੱਨਤੀ ਵਿਰੋਧੀ ਦਾ ਰੁਤਬਾ ਦਿੱਤਾ ਗਿਆ।

ਆਰੀਆ ਸਮਾਜੀ ਹਮਲਿਆਂ ਦੇ ਬਾਵਜੂਦ ਵੀ ਜਿਹੜੇ ਸਵਾਮੀ ਦਯਾ ਨੰਦ ਦੀ ਅਗਵਾਈ ਵਿਚ ਹੋਏ, ਸਿੱਖਾਂ ਨੂੰ ਵੱਖਰੀ ਸਿਆਸਤ ਲਈ ਪ੍ਰਚਾਰ ਕਰਨ ਦੀ ਥਾਂ (ਬਰਤਾਨਵੀ ਇਸ ਲਈ ਸਹਿਮਤ ਹੋ ਗਏ ਸਨ) ਗਾਂਧੀ ਅਤੇ ਨਹਿਰੂ ਦੇ ਵਾਅਦਿਆਂ 'ਤੇ ਵਿਸ਼ਵਾਸ ਕੀਤਾ

ਅਤੇ ਭਾਰਤੀ ਮੁੱਖ ਧਾਰਾ ਵਿਚ ਸ਼ਾਮਲ ਹੋ ਗਏ। ਸਿੱਖਾਂ ਨੂੰ ਇਹ ਵੇਖ ਕੇ ਬਹੁਤ ਝਟਕਾ ਲੱਗਿਆ, ਜਦੋਂ ਦੇਸ਼ ਦੀ ਵੰਡ ਦੇ ਛੇਤੀ ਬਾਅਦ ਸਿੱਖਾਂ ਨੂੰ ਜ਼ਿੰਦਗੀ ਦੇ ਹਰ ਖੇਤਰ ਵਿਚ ਕਮਜ਼ੋਰ ਕਰਨ ਲਈ ਦਿੱਲੀ ਵਿਖੇ ਸਾਜ਼ਿਸ਼ਾਂ ਬਣਨ ਲੱਗੀਆਂ। ਇੱਥੇ ਮੈਨੂੰ ਪੰਜਾਬੀ ਸੂਬੇ ਸਬੰਧੀ ਤੁਹਾਡੀ ਮੰਮੀ ਸ੍ਰੀਮਤੀ ਇੰਦਰਾ ਗਾਂਧੀ ਦੇ ਵਿਚਾਰ ਦੱਸਣ ਦਿਓ ਅਤੇ ਹਰ ਕੋਈ ਉਸ ਦੇ ਫ਼ਿਰਕੂ ਅਤੇ ਸਿੱਖ ਵਿਰੋਧੀ ਇਰਾਦਿਆਂ ਤੋਂ ਜਾਣੂ ਹੋ ਜਾਵੇਗਾ। ਜਿਹੜੇ ਉਹ ਆਪਣੇ ਸੀਨੇ ਵਿਚ ਪਾਲ ਰਹੀ ਸੀ, ਆਪਣੀ ਪੁਸਤਕ 'My Truth' ਦੇ ਸਫ਼ਾ 17 'ਤੇ ਉਹ (ਇੰਦਰਾ ਗਾਂਧੀ) ਕਹਿੰਦੀ ਹੈ—"ਮੰਦੇ ਭਾਗਾਂ ਨੂੰ ਮਿਸਟਰ ਸ਼ਾਸਤਰੀ ਨੇ ਸਰਦਾਰ ਹੁਕਮ ਸਿੰਘ (ਇੱਕ ਸਿੱਖ) ਜੋ ਕਿ ਲੋਕ ਸਭਾ ਦਾ ਸਪੀਕਰ ਹੈ, ਨੂੰ ਪੰਜਾਬੀ ਸੂਬੇ 'ਤੇ ਸੰਸਦੀ ਕਮੇਟੀ ਦਾ ਚੇਅਰਮੈਨ ਬਣਾਇਆ ਹੈ, ਭਾਵੇਂ ਕਿ ਉਹ ਪੰਜਾਬੀ ਸੂਬੇ ਦੇ ਹੱਕ ਵਿਚ ਬਹੁਤ ਪੱਖਪਾਤੀ ਸੀ।.....ਮੈਂ ਮਿਸਟਰ ਚਵ੍ਹਾਨ ਕੋਲ ਗਈ ਅਤੇ ਕਿਹਾ, "ਮੈਂ ਸੁਣਿਆ ਹੈ ਕਿ ਸਰਦਾਰ ਹੁਕਮ ਸਿੰਘ ਪੰਜਾਬੀ ਸੂਬੇ ਦੇ ਪੱਖ ਵਿਚ ਰਿਪੋਰਟ ਪੇਸ਼ ਕਰ ਰਿਹਾ ਹੈ ਅਤੇ ਉਸ ਨੂੰ ਰੋਕ ਦਿੱਤਾ ਜਾਵੇ.....ਇੱਕ ਵਾਰੀ ਜਦੋਂ ਪ੍ਰਧਾਨ ਮੰਤਰੀ ਦੁਆਰਾ ਨਿਯੁਕਤ ਕੀਤੇ ਵਿਅਕਤੀ ਨੇ ਆਪਣੇ ਆਪ ਨੂੰ ਪੰਜਾਬੀ ਸੂਬੇ ਦੇ ਪੱਖ ਵਿਚ ਘੋਸ਼ਿਤ ਕਰ ਦਿੱਤਾ, ਅਸੀਂ ਉਸ ਨੂੰ ਕਿਵੇਂ ਰੋਕ ਸਕਦੇ ਹਾਂ। ਮੈਂ ਬਹੁਤ ਪ੍ਰੇਸ਼ਾਨ ਸਾਂ ਤੇ ਹਰ ਕਿਸੇ ਨੂੰ ਮਿਲਣ ਲਈ ਗਈ। ਹੁਣ ਕਿਉਂਕਿ ਰਿਪੋਰਟ ਆ ਚੁੱਕੀ ਸੀ, ਇਸ ਨੂੰ ਬਦਲਣ ਵਿਚ ਬਹੁਤ ਦੇਰੀ ਹੋ ਗਈ ਸੀ।" ਪ੍ਰਸ਼ਾਸਨ ਰਾਜਨੀਤਕ, ਰੁਜ਼ਗਾਰ, ਆਰਥਿਕ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿਚ ਸਿੱਖਾਂ ਨਾਲ ਕੀਤੇ ਮਤਰੇਏ ਵਿਵਹਾਰ ਨੂੰ ਲੜੀਵਾਰ ਅਤੇ ਵਿਸਥਾਰ ਪੂਰਵਕ ਕਰਨਾ, ਇਸ ਖ਼ਤ ਦੇ ਖੇਤਰ ਅਤੇ ਸੀਮਾ ਤੋਂ ਬਾਹਰ ਹੋਵੇਗਾ। ਇਸ ਲਈ ਮੈਂ ਮੁੱਖ ਘਟਨਾਵਾਂ ਦਾ ਹੀ ਬਿਆਨ ਕਰਾਂਗਾ।

'ਆਪ੍ਰੇਸ਼ਨ ਬਲਿਊ ਸਟਾਰ' ਭਾਰਤ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਦਾ ਸਿਖ਼ਰ ਸੀ, ਜੋ ਕੁਝ ਕਰਨ ਤੋਂ ਵਿਦੇਸ਼ੀ ਸ਼ਾਸਕ (ਅੰਗਰੇਜ਼) ਸਦਾ ਝਿਜਕਦਾ ਰਿਹਾ, ਉਹ ਉਨ੍ਹਾਂ ਲੋਕਾਂ ਵੱਲੋਂ ਕੀਤਾ ਗਿਆ ਜਿਨ੍ਹਾਂ ਦੀ ਖ਼ਾਤਰ ਸਿੱਖ ਪਿਛਲੀਆਂ ਤਿੰਨ ਸਦੀਆਂ ਤੋਂ ਅਣਗਿਣਤ ਕੁਰਬਾਨੀਆਂ ਕਰਦੇ ਆ ਰਹੇ ਹਨ। ਸਿੱਖਾਂ ਦੇ ਧਾਰਮਕ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ ਗਈ। ਇਸ ਦੀ ਪਵਿੱਤਰ ਪ੍ਰਕਰਮਾ ਵਿਚ ਟੈਂਕ ਦੌੜਾਏ ਗਏ। ਪੱਥਰ ਦਿਲ ਭਾਰਤੀ ਫ਼ੌਜ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗਿਰਾਇਆ ਗਿਆ। ਸੂਖਮ ਬੁੱਧੀ ਨਾਲ ਸੋਚਿਆਂ ਤਾਂ ਸ੍ਰੀ ਅਕਾਲ ਤਖ਼ਤ ਨੂੰ ਉਠਾਉਣਾ, ਭਾਰਤੀ ਸੰਵਿਧਾਨ, ਪ੍ਰਬੰਧ ਵਿਚੋਂ ਸਿੱਖਾਂ ਦੇ ਵਿਸ਼ਵਾਸ ਨੂੰ ਉਠਾਉਣਾ ਹੈ। 1762 ਈ: ਵਿੱਚ ਅਹਿਮਦ ਸ਼ਾਹ ਅਬਦਾਲੀ ਦੁਆਰਾ ਸ੍ਰੀ ਦਰਬਾਰ ਸਾਹਿਬ ਨੂੰ ਢਾਹੁਣ ਤੋਂ ਬਾਅਦ ਉਸੇ ਦੁਖਾਂਤ ਨੇ ਸਾਡੀ ਭਾਰਤੀ ਸਰਕਾਰ ਦੁਆਰਾ 222 ਸਾਲਾਂ ਬਾਅਦ ਦੁਹਰਾਇਆ ਗਿਆ। ਸਿੱਖਾਂ ਦੇ ਸਾਰੇ ਵਰਗਾਂ ਵਿਚ ਅਤੇ ਕੁਝ ਗੈਰ ਸਿੱਖ ਲੋਕਾਂ ਵਿਚ ਵੀ ਦੂਰ ਤੱਕ ਫੈਲੀ ਅਸੰਤੁਸ਼ਟਤਾ ਸਪੱਸ਼ਟ ਸੀ ਜਦੋਂ ਸਿੱਖਾਂ ਵੱਲੋਂ ਸੰਸਾਰ ਭਰ ਵਿਚ ਹਿੰਸਕ ਅਤੇ ਅਹਿੰਸਾ ਵਾਲੇ ਪ੍ਰਦਰਸ਼ਨਾਂ ਦੇ ਨਾਲ ਨਾਲ ਬਹੁ ਗਿਣਤੀ ਵਿਚ ਮਸ਼ਹੂਰ ਹਸਤੀਆਂ ਨੇ ਜਿਹੜੇ ਬਹੁਤ ਸਾਰੇ ਖੇਤਰਾਂ ਵਿਚ ਸਨ, ਭਾਰਤ ਸਰਕਾਰ ਨੂੰ ਆਪਣੇ 'ਪਦਮ ਸ੍ਰੀ' ਅਤੇ ਹੋਰ ਸਨਮਾਨ ਵਾਪਸ ਮੋੜ ਦਿੱਤੇ। ਉਨ੍ਹਾਂ ਦੀ ਬਹਾਦਰ ਸਿੱਖ ਸਿਪਾਹੀਆਂ ਨੇ, ਜਿਨ੍ਹਾਂ ਨੇ ਸਰਹੱਦਾਂ ਦੀ ਰਾਖੀ ਕਰਦੇ ਹੋਏ ਬਹਾਦਰਾਂ ਵਾਲੀਆਂ ਰਵਾਇਤਾਂ ਕਾਇਮ ਕੀਤੀਆਂ ਸਨ, ਭਾਰਤੀ ਫ਼ੌਜ ਨੂੰ ਛੱਡ ਦਿੱਤਾ ਅਤੇ ਆਪਣੇ ਪਵਿੱਤਰ ਅਸਥਾਨ 'ਤੇ

ਕੀਤੇ ਹਮਲੇ ਦੇ ਰੋਸ ਵਜੋਂ ਬਗ਼ਾਵਤ ਕਰ ਦਿੱਤੀ।

ਪ੍ਰੰਤੂ ਸ੍ਰੀ ਮਾਨ ਪ੍ਰਧਾਨ ਮੰਤਰੀ, ਤੁਹਾਡੀ ਮਾਂ ਦੁਆਰਾ ਕੀਤੀ ਇਸ ਬਹੁਤ ਵੱਡੀ ਗ਼ਲਤੀ ਨੂੰ ਦਰੁਸਤ ਕਰਨ ਦੀ ਥਾਂ ਤੁਸੀਂ ਹੋਰ ਵਧੇਰੇ ਦ੍ਰਿੜ੍ਹਤਾ ਨਾਲ ਵਿਰਸੇ ਵਿਚ ਮਿਲੇ ਇਸ ਫ਼ਿਰਕੂ ਅਤੇ ਤਾਨਾਸ਼ਾਹੀ ਵਾਲੇ ਵਤੀਰੇ ਨੂੰ ਅਪਣਾਇਆ ਹੈ। ਜਿੱਥੋਂ ਤੱਕ ਸਿੱਖਾਂ ਦੇ ਭਾਰਤੀ ਰਾਜ ਪ੍ਰਬੰਧ ਅਤੇ ਢਾਂਚੇ ਨਾਲ ਮੇਲ-ਜੋਲ ਅਤੇ ਵਿਸ਼ਵਾਸ ਦਾ ਸਵਾਲ ਹੈ, ਨਵੰਬਰ, 1984 ਦੇ ਫ਼ਸਾਦ ਅਤੇ ਅਖੌਤੀ ਊਠ ਦੀ ਪਿੱਠ 'ਤੇ ਰੱਖੇ ਆਖ਼ਰੀ ਤਿਨਕੇ ਦੀ ਤਰ੍ਹਾਂ ਸਿੱਧ ਹੋਏ ਹਨ। ਤੁਸੀਂ ਅਸਫ਼ਲ ਰਹੇ, ਜਦੋਂ ਦਿੱਲੀ ਸਿੱਖਾਂ ਲਈ ਬੁੱਚੜਖਾਨਾ ਬਣੀ। ਤੁਸੀਂ ਇਸ ਯੋਜਨਾਬੱਧ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਪੂਰੀ ਤਰ੍ਹਾਂ ਅਸਫ਼ਲ ਰਹੇ, ਦੂਜੇ ਬੰਨੇ ਤੁਸੀਂ ਇਨ੍ਹਾਂ ਅਪਰਾਧੀਆਂ ਨੂੰ ਪਨਾਹ ਅਤੇ ਸੁਰੱਖਿਆ ਦਿੱਤੀ। ਸੰਸਾਰ ਦੇ ਕਿਸੇ ਵੀ ਲੋਕ ਰਾਜ ਵਿਚ ਘੱਟ ਗਿਣਤੀ ਫਿਰਕੇ ਦੇ ਏਨੇ ਜ਼ਿਆਦਾ ਲੋਕਾਂ ਨੂੰ ਅਜਿਹੇ ਨਿਰਦਈ ਢੰਗ ਨਾਲ ਨਹੀਂ ਮਾਰਿਆ ਗਿਆ।

ਜਦੋਂ ਤੁਸੀਂ ਘਰ ਵਿਚ (ਆਪਣੇ ਦੇਸ਼ ਵਿਚ) ਇਨਸਾਫ਼ ਦੇ ਸਕਣ ਵਿਚ ਅਸਫ਼ਲ ਰਹੇ ਹੋ। ਮੈਂ ਹੈਰਾਨ ਹਾਂ ਕਿ ਤੁਸੀਂ ਕਿਵੇਂ ਆਪਣੇ ਆਪ ਨੂੰ ਪੱਛਮੀ ਏਸ਼ੀਆ, ਦੱਖਣੀ ਅਫ਼ਰੀਕਾ, ਨਮੀਬੀਆ ਆਦਿ ਵਿਚ ਜ਼ੁਲਮ ਦੇ ਸਤਾਏ ਲੋਕਾਂ ਦੇ ਰਖਵਾਲੇ ਦਰਸਾਉਂਦੇ ਹੋ? ਬੇਲਚੇ ਨੂੰ ਬੇਲਚਾ ਕਹਿਣ ਵਿਚ ਮੇਰਾ ਪੱਕਾ ਵਿਸ਼ਵਾਸ ਹੈ। ਜਿੱਥੋਂ ਤੱਕ ਬਹੁਤ ਸਾਰੇ ਅੰਤਰ-ਰਾਸ਼ਟਰੀ ਸਮਾਰੋਹਾਂ ਵਿਚ ਤੁਹਾਡੇ ਅਲੰਕ੍ਰਿਤ ਭਾਸ਼ਣਾਂ ਅਤੇ ਭਾਰਤ ਦੇ ਘੱਟ ਗਿਣਤੀ ਲੋਕਾਂ ਖ਼ਾਸ ਕਰਕੇ ਸਿੱਖਾਂ ਪ੍ਰਤੀ ਤੁਹਾਡੇ ਵਤੀਰੇ ਦਾ ਸਵਾਲ ਹੈ, ਮੈਂ ਤੁਹਾਡੇ 'ਤੇ ਦੋਗਲੀ ਨੀਤੀ ਅਪਨਾਉਣ ਦਾ ਦੋਸ਼ ਲਗਾਉਂਦੇ ਹਾਂ:

1) ਤੁਸੀਂ ਬਹੁਤ ਜੋਸ਼ ਭਰਪੂਰ ਅਤੇ ਸਪੱਸ਼ਟ ਤੌਰ 'ਤੇ ਦੱਖਣੀ ਅਫ਼ਰੀਕਾ ਵਿਚ ਹੋ ਰਹੇ ਨਸਲੀ ਵਿਤਕਰੇ ਦੀ ਵਿਰੋਧਤਾ ਕੀਤੀ ਹੈ ਅਤੇ ਏ. ਐੱਨ. ਸੀ. (A.N.C.) ਨੇਤਾ ਨੈਲਸਨ ਮੰਡੇਲਾ ਦੀ ਵਡਿਆਈ ਕੀਤੀ ਹੈ ਅਤੇ ਉਸ ਦੀ ਤੇ ਉਸ ਦੇ ਸਾਥੀਆਂ ਦੀ ਰਿਹਾਈ ਦੀ ਮੰਗ ਕੀਤੀ ਹੈ ਜਦੋਂ ਕਿ ਹਜ਼ਾਰਾਂ ਸਿੱਖ (ਬੁੱਢੇ, ਜਵਾਨ, ਬਾਲ ਅਵਸਥਾ ਵਾਲੇ ਅਤੇ ਔਰਤਾਂ) ਭਾਰਤੀ ਜੇਲ੍ਹਾਂ ਵਿਚ ਰੁਲ ਰਹੇ ਹਨ।

2) ਤੁਹਾਡੀ ਸਰਕਾਰ ਖਾੜਕੂ ਸਿੱਖਾਂ ਦੀਆਂ ਹਿੰਸਕ ਕਾਰਵਾਈਆਂ 'ਤੇ ਦੋਸ਼ ਲਗਾਉਣ ਅਤੇ ਉਨ੍ਹਾਂ ਨੂੰ ਦਬਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀ ਅਤੇ ਇਹ ਕਠੋਰ ਸ਼ਰਤ ਰੱਖ ਦਿੰਦੀ ਹੈ ਕਿ ਸਿੱਖ ਜਥੇਬੰਦੀਆਂ ਗੱਲਬਾਤ ਲਈ ਬੁਲਾਈਆਂ ਜਾਣ ਤੋਂ ਪਹਿਲਾਂ ਹਿੰਸਾ ਤਿਆਗ ਦੇਣ, ਪ੍ਰੰਤੂ ਨੈਲਸਨ ਮੰਡੇਲਾ ਦੇ ਮਸਲੇ ਵਿਚ ਭਾਰਤ ਸਰਕਾਰ ਉਸ ਦੀ ਹਿੰਸਾ ਨਾ ਛੱਡਣ ਦੀ ਕੱਟੜਤਾ ਨੂੰ ਸਵੀਕਾਰਦੀ ਹੈ ਅਤੇ ਬੋਥਾ ਦੀ ਸਰਕਾਰ ਉੱਤੇ ਬਿਨਾਂ ਕਿਸੇ ਸ਼ਰਤ ਦੇ ਨੈਲਸਨ ਮੰਡੇਲਾ ਨਾਲ ਗੱਲਬਾਤ ਕਰਨ ਲਈ ਦਬਾਅ ਪਾਉਂਦੀ ਹੈ।

ਤੁਸੀਂ ਤਹਿ ਦਿਲ ਤੋਂ ਨਮੀਬੀਆ ਦੀ ਆਜ਼ਾਦੀ ਦੀ ਲੜਾਈ ਦੀ ਹਮਾਇਤ ਕਰਦੇ ਹੋ ਅਤੇ S.W.A.P.O. ਅਤੇ ਇਸ ਦੇ ਸਾਮ ਨਾਜ਼ਮਾਂ ਨੂੰ ਦੂਤ ਕਾਰਜ ਸਬੰਧੀ ਪੂਰੀਆਂ ਹਦਾਇਤਾਂ ਦਿੰਦੇ ਹੋ। ਪਰ ਤੁਸੀਂ ਸਿੱਖਾਂ ਦੀਆਂ ਰਾਜਨੀਤਕ ਇੱਛਾਵਾਂ ਦਾ ਸਨਮਾਨ ਕਰਨ ਵਿਚ ਅਸਫ਼ਲ ਰਹੇ ਹੋ, ਸਗੋਂ ਉਨ੍ਹਾਂ ਦੇ ਨੇਤਾਵਾਂ ਨੂੰ ਸਾਧਾਰਨ ਕਾਰਨਾਂ ਕਰਕੇ ਕੈਦ ਕੀਤਾ ਜਾ ਰਿਹਾ ਹੈ। ਤੁਸੀਂ P.L.O. (ਪੀ. ਐਲ. ਓ.) ਮੁਖੀ ਯਾਸਰ ਅਰਾਫ਼ਾਤ ਦੀ ਹਮਾਇਤ ਕਰਦੇ ਹੋ

ਅਤੇ ਉਸ ਦੇ ਲਹੂ ਭਿੱਜੇ ਦਹਿਸ਼ਤਵਾਦੀ ਕਾਰਨਾਮਿਆਂ ਅਤੇ ਗੁਰੀਲਾ ਯੁੱਧ ਦੀਆਂ ਚਾਲਾਂ ਨੂੰ ਸਵੀਕਾਰ ਕਰਦੇ ਹੋ ਤਾਂ ਕਿ ਫਲਸਤੀਨ ਦੀ ਮੁੜ ਸਥਾਪਤੀ ਹੋ ਸਕੇ। ਵੈਸਟ ਬੈਂਕ ਅਤੇ ਗਾਜ਼ਾ ਪੱਟੀ ਵਿਚ ਅੰਦੋਲਨਕਾਰੀਆਂ ਨੇ ਹਿੰਸਕ ਪ੍ਰਦਰਸ਼ਨੀਆਂ ਕੀਤੀਆਂ ਅਤੇ ਇਜ਼ਰਾਇਲ ਫ਼ੌਜੀ ਟੁਕੜੀ ਦੇ ਦੋ ਸਾਲਾਂ ਦੇ ਸਮੇਂ ਵਿੱਚ ਅੰਦੋਲਨ ਨੂੰ ਸ਼ਾਂਤ ਕਰਨ ਲਈ 65 ਅਰਬੀਆਂ ਨੂੰ ਮਾਰ ਦਿੱਤਾ। ਭਾਰਤ ਸਰਕਾਰ ਨੇ ਬਹੁਤ ਸਾਰੇ ਅੰਤਰ-ਰਾਸ਼ਟਰੀ ਸਮਾਰੋਹਾਂ ਵਿਚ ਇਜ਼ਰਾਈਲੀ ਅੱਤਿਆਚਾਰਾਂ ਨੂੰ ਨਿੰਦਣ ਵਿਚ ਕੋਈ ਮੌਕਾ ਨਹੀਂ ਖੁੰਝਣ ਦਿੱਤਾ, ਪ੍ਰੰਤੂ ਜੂਨ, 1984 ਤੋਂ ਲੈ ਕੇ ਦਸ ਹਜ਼ਾਰ (10,000) ਤੋਂ ਵੱਧ ਸਿੱਖ ਮਾਰੇ ਜਾ ਚੁੱਕੇ ਹਨ ਅਤੇ ਝੂਠੇ ਪੁਲੀਸ ਮੁਕਾਬਲੇ ਜਾਰੀ ਹਨ।

ਹਾਂ, ਇੱਥੋਂ ਤੱਕ ਕਿ ਪੜੋਸ ਵਿਚ ਹੀ, ਤੁਸੀਂ ਤਾਮਿਲ ਖਾੜਕੂਆਂ ਦੀ ਪੁਰਜ਼ੋਰ ਹਮਾਇਤ ਕੀਤੀ ਤੇ ਉਨ੍ਹਾਂ ਨੂੰ ਭਾਰਤ ਦੀ ਧਰਤੀ 'ਤੇ ਸ਼ਰਨ ਅਤੇ ਸਾਰੀਆਂ ਸਹੂਲਤਾਂ ਦਿੱਤੀਆਂ (ਹੁਣ ਭਾਵੇਂ ਉਹ ਭਾਰਤ ਲਈ ਹੀ ਮੁਸੀਬਤ ਬਣ ਗਏ ਹਨ ਅਤੇ ਭਾਰਤ ਵਿਚ ਆਫ਼ਤ ਲਈ ਵਧ ਰਹੇ I.P.K.F. ਹਾਦਸਿਆਂ ਦੇ ਰੂਪ ਵਿੱਚ ਇਸ ਦੀ ਭਾਰੀ ਕੀਮਤ ਚੁਕਾ ਰਿਹਾ ਹੈ। ENDLF ਦਾ ਨੁਮਾਇੰਦਾ ਡੁਗਲਸ ਦੇਵਾਨੰਦਾ ਦੇ ਕਹੇ ਲਫ਼ਜ਼ ਰਿਕਾਰਡ 'ਤੇ ਹਨ–"ਜਦੋਂ ਲਿਟੇ (L.T.T.E.) ਤਾਮਿਲਾਂ ਲਈ ਆਜ਼ਾਦੀ ਅਤੇ ਬਰਾਬਰੀ ਹਾਸਲ ਕਰਨ ਲਈ ਸ੍ਰੀ ਲੰਕਾ ਦੀਆਂ ਹਥਿਆਰਬੰਦ ਫ਼ੌਜਾਂ ਨਾਲ ਲੜ ਰਹੀ ਸੀ, ਭਾਰਤ ਨੇ ਗਰੁੱਪ ਟ੍ਰੇਨਿੰਗ ਦਿੱਤੀ ਅਤੇ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ, ਜਿਵੇਂ ਇਹ ਨਵੀਂ ਦਿੱਲੀ ਦੇ ਭੂਗੋਲਿਕ ਰਾਜਨੀਤਕ ਹਿੱਤਾਂ ਲਈ ਮੁਨਾਸਿਬ ਸੀ।" (ਸਟੇਟਸਮੈਨ, 29 ਮਾਰਚ, 1987)

ਤੁਸੀਂ ਸ੍ਰੀ ਲੰਕਾ ਤੋਂ ਆਈ ਤਾਮਿਲਾਂ ਦੀ ਧਾੜ (ਵਹੀਰ) ਨੂੰ ਜੀ ਆਇਆਂ ਆਖਿਆ, ਪਰ ਤੁਹਾਡੀਆਂ ਸੁਰੱਖਿਆ ਫ਼ੌਜਾਂ ਨੇ ਭਾਰਤ-ਪਾਕਿ ਸਰਹੱਦ 'ਤੇ ਸੈਂਕੜੇ ਸਿੱਖ ਨੌਜਵਾਨਾਂ ਨੂੰ ਇਹ ਬਹਾਨਾ ਬਣਾ ਕੇ ਮਾਰ ਦਿੱਤਾ ਕਿ ਉਨ੍ਹਾਂ ਨੇ ਸਰਹੱਦ ਪਾਰ ਕਰਕੇ ਪਾਕਿਸਤਾਨ ਜਾਣਾ ਚਾਹਿਆ ਸੀ। ਜੇ ਸਰਹੱਦ ਪਾਰ ਕਰਕੇ ਤਾਮਿਲਾਂ ਦਾ ਭਾਰਤ 'ਚ ਆਉਣਾ ਕਾਨੂੰਨੀ ਤੌਰ 'ਤੇ ਸਹੀ ਅਤੇ ਜਾਇਜ਼ ਹੈ ਤਾਂ ਭਾਰਤੀ ਸਰਹੱਦ ਨੂੰ ਪਾਰ ਕਰਕੇ ਪਾਕਿਸਤਾਨ ਜਾਣਾ ਕਿਵੇਂ ਭਿਆਨਕ ਜੁਰਮ ਬਣ ਗਿਆ ਅਤੇ ਹੋਰ ਜੇ ਤੁਸੀਂ ਦਲਾਈਲਾਮਾ ਅਤੇ ਉਸ ਦੇ ਲੱਖਾਂ ਤਿੱਬਤੀ ਸ਼ਰਧਾਲੂਆਂ ਨੂੰ ਸ਼ਰਨ ਦੇਣੀ ਜਾਰੀ ਰੱਖੀ, ਕਿਉਂਕਿ ਉਨ੍ਹਾਂ 'ਤੇ ਤਿੱਬਤ ਵਿੱਚ ਜ਼ੁਲਮ ਹੋਏ ਹਨ ਤਾਂ ਤੁਸੀਂ ਸਿੱਖ ਲੜਕਿਆਂ ਨੂੰ ਭਾਰਤ ਵਿਚ ਚੁਪਕੇ ਬਾਹਰ ਜਾਣ ਤੋਂ ਰੋਕ ਸਕਦੇ ਹੋ?

ਅੰਤਰ-ਰਾਸ਼ਟਰੀ ਸਥਿਤੀ ਦੀ ਤਾਂ ਗੱਲ ਹੀ ਕੀ ਕਰਨੀ ਹੈ, ਤੁਸੀਂ ਤਾਂ ਘਰੇਲੂ ਸਿਆਸਤ ਵਿਚ ਵੀ ਦੋਗਲੀ ਨੀਤੀ 'ਤੇ ਚੱਲਦੇ ਹੋ:

1) ਜਦੋਂ ਤੁਸੀਂ ਮਿਜ਼ੋਰਮ ਦੀ ਸਮੱਸਿਆ ਹੱਲ ਕਰਨ ਲੱਗੇ ਸੀ, ਉਦੋਂ ਤਾਂ ਨਰਮ ਖਿਆਲੀਆਂ ਦੀ ਪ੍ਰਵਾਹ ਨਹੀਂ ਕੀਤੀ, ਸਗੋਂ ਐੱਨ. ਐੱਲ. ਐੱਫ. ਦੇ ਨੇਤਾ ਲਾਲ ਡੇਂਗਾ, ਜੋ ਕਿ 20 ਸਾਲ ਬਗ਼ਾਵਤ ਦੀ ਅਗਵਾਈ ਕਰਦਾ ਰਿਹਾ, ਨੂੰ ਗੱਲਬਾਤ ਲਈ ਸੱਦਿਆ ਅਤੇ ਮਿਜ਼ੋਰਮ ਦੀਆਂ ਮੰਗਾਂ ਲਈ ਵੱਧ ਤੋਂ ਵੱਧ ਗੋਡੇ ਟੇਕੇ। ਪਰ ਪੰਜਾਬ ਮਸਲੇ ਦੇ ਸਬੰਧ ਵਿਚ ਕੁਝ ਜੂਝ ਰਹੀਆਂ ਜੁਝਾਰੂ ਜਥੇਬੰਦੀਆਂ, ਜਿਵੇਂ ਕਿ 'ਆਲ ਇੰਡੀਆ ਸਿੱਖ ਫੈੱਡਰੇਸ਼ਨ' ਅਤੇ ਦਮਦਮੀ ਟਕਸਾਲ ਨੂੰ ਅੱਖੋਂ ਓਹਲੇ ਕਰ ਦਿੱਤਾ ਅਤੇ ਲੌਂਗੋਵਾਲ, ਬਰਨਾਲਾ, ਬਲਵੰਤ ਦੀ ਫਾਲਤੂ ਅਤੇ ਗ਼ੈਰ ਸਬੰਧਤ ਤਿੱਕੜੀ ਨੂੰ ਗੱਲਬਾਤ ਲਈ ਬੁਲਾਇਆ ਗਿਆ, ਜਿਨ੍ਹਾਂ ਨੂੰ ਖੁਸ਼ੀ

ਖੁਸ਼ੀ ਸਿੱਖ ਪੰਥ ਦੇ ਹਿੱਤਾਂ ਨੂੰ ਗਹਿਣੇ ਕਰਕੇ ਅਖੌਤੀ ਸਮਝੌਤੇ 'ਤੇ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ। ਕੀ ਤੁਸੀਂ ਟਕਸਾਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ ਅਤੇ ਦੂਜੀਆਂ ਜੁਝਾਰੂ ਜਥੇਬੰਦੀਆਂ ਨਾਲ ਗੱਲਬਾਤ ਤੋਂ ਬਿਨਾਂ ਸ਼ਾਂਤੀ ਦਾ ਪੂਰਵ ਅਨੁਮਾਨ ਲਾਉਂਦੇ ਹੋ। ਜੇ ਤੁਸੀਂ ਇਸ ਤਰ੍ਹਾਂ ਸੋਚਦੇ ਹੋ ਤਾਂ ਮੂਰਖਤਾ ਹੋਵੇਗੀ।

2) ਆਸਾਮ ਦੇ ਮਸਲੇ ਦੀ ਗੱਲ ਹੀ ਲੈ ਲਵੋ-ਆਲ ਆਸਾਮ ਸਟੂਡੈਂਟਸ ਯੂਨੀਅਨ (A.A.S.U.) ਜਿਸ ਨੇ ਲੜਾਕੂ ਰਸਤਾ ਅਪਨਾਇਆ ਸੀ, ਨੂੰ ਤੁਸੀਂ ਆਸਾਮ ਲੋਕਾਂ ਦੇ ਨੁਮਾਇੰਦਿਆਂ ਵਜੋਂ ਮਾਨਤਾ ਦੇ ਕੇ ਸਮਝੌਤਾ ਕੀਤਾ ਤਾਂ ਫਿਰ ਤੁਸੀਂ ਬਰਨਾਲਾ ਐਂਡ ਕੰਪਨੀ ਨੂੰ ਕਿਵੇਂ ਸਿੱਖਾਂ ਦੇ ਨੁਮਾਇੰਦੇ ਸਮਝ ਕੇ 'ਅਰਥਹੀਣ' ਸਮਝੌਤਾ ਕੀਤਾ?

3) ਥੋੜ੍ਹਾ ਹੋਰ ਅੱਗੇ ਚੱਲੋ-ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ (G.N.L.F) ਦੇ ਨੇਤਾ ਸੁਭਾਸ਼ ਘੀਸਿੰਗ, ਜਿਸ ਨੇ ਗੋਰਖਾ ਲੈਂਡ ਦੀ ਪ੍ਰਾਪਤੀ ਦਾ ਕੇਸ ਨੇਪਾਲ ਦੇ ਰਾਜੇ ਅਤੇ ਯੂ. ਐੱਨ. ਓ. ਕੋਲ ਭੇਜਿਆ ਅਤੇ ਮਦਦ ਦੀ ਮੰਗ ਕੀਤੀ। ਜੀ. ਐੱਨ. ਐੱਲ. ਐੱਫ. ਦੇ ਲੜਾਕੂਆਂ ਨੇ ਦਾਰਜੀਲਿੰਗ ਜ਼ਿਲ੍ਹੇ ਵਿਚ ਹਨੇਰ ਮਚਾ ਰੱਖਿਆ ਸੀ। ਬੈਂਕਾਂ ਲੁੱਟੀਆਂ ਜਾਂਦੀਆਂ ਸਨ। ਸੀ. ਆਰ. ਪੀ. ਦੀਆਂ ਗੱਡੀਆਂ 'ਤੇ ਛੁਪ ਕੇ ਹਮਲੇ ਕੀਤੇ ਜਾਂਦੇ ਸਨ। ਦੂਜੀ ਜਾਤੀ ਦੇ ਲੋਕਾਂ ਦਾ ਕਤਲੇਆਮ ਬੜੀ ਬੇਰਹਿਮੀ ਨਾਲ ਕੀਤਾ ਜਾਂਦਾ ਸੀ, ਪਰ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਤੁਸੀਂ ਜੀ. ਐੱਨ. ਐੱਲ. ਐੱਫ. ਦੀ ਸਾਰੀ ਹਿੰਸਾ ਮੁਆਫ਼ ਕਰ ਦਿੱਤੀ ਤੇ ਬੰਗਾਲੀ ਸਰਕਾਰ 'ਤੇ ਦਬਾਅ ਪਾਇਆ ਕਿ ਜੀ. ਐੱਨ. ਐੱਲ. ਐੱਫ. ਦੀਆਂ ਸਾਰੀਆਂ ਮੰਗਾਂ ਮੰਨੀਆਂ ਜਾਣ। ਕੋਈ ਪੂਰਵ ਸ਼ਰਤਾਂ ਨਹੀਂ ਰੱਖੀਆਂ, ਕੀ ਇਹ ਪੂਰਵ ਸ਼ਰਤਾਂ ਸਿਰਫ਼ ਸਿੱਖਾਂ ਲਈ ਹਨ, ਕਿਉਂਕਿ "ਉਹ ਸਿੱਖ ਹਨ, ਹਿੰਦੂ ਨਹੀਂ?" ਬਹੁਤ ਅੱਛਾ! ਪ੍ਰਧਾਨ ਮੰਤਰੀ ਸਾਹਿਬ, ਤੁਹਾਡੀ ਜਾਤੀ ਦੇ ਲੜਾਕੂਆਂ ਲਈ ਖ਼ਾਸ ਰਿਆਇਤਾਂ ਹਨ।

ਜ਼ਰਾ ਸੋਚੋ:-ਕੀ ਸਿੱਖ ਨੌਜਵਾਨਾਂ ਦਾ ਹਥਿਆਰ ਉਠਾਉਣਾ ਜਾਇਜ਼ ਨਹੀਂ ਜਦੋਂ ਕਿ ਉਨ੍ਹਾਂ ਦੇ ਸਭ ਤੋਂ ਪਵਿੱਤਰ ਅਸਥਾਨ 'ਤੇ ਬੜੀ ਬੇਰਹਿਮੀ ਨਾਲ ਟੈਂਕਾਂ ਅਤੇ ਤੋਪਾਂ ਵਰਤੀਆਂ ਗਈਆਂ ਸਨ ਅਤੇ ਤੁਸੀਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ (ਪ੍ਰਵਾਹ) ਨਹੀਂ ਕੀਤੀ?

-ਕੀ ਉਨ੍ਹਾਂ ਦਾ ਨਵੰਬਰ, 1984 ਦੇ ਦੰਗਿਆਂ ਦੇ ਕਸੂਰਵਾਰ ਲੋਕਾਂ ਨੂੰ ਗੋਲੀ ਮਾਰਨਾ ਜਾਇਜ਼ ਨਹੀਂ, ਜਦੋਂਕਿ ਸਰਕਾਰ ਆਪਣਾ ਕਰਤੱਵ ਨਿਭਾਉਣ ਵਿਚ ਬੁਰੀ ਤਰ੍ਹਾਂ ਅਸਫ਼ਲ ਰਹੀ (ਕਿਸੇ ਨੂੰ ਵੀ ਹੁਣ ਤੱਕ ਸਜਾ ਨਹੀਂ ਮਿਲੀ)?

-ਕੀ ਉਹ ਜੁਝਾਰੂ ਰਸਤਾ ਫਿਰ ਵੀ ਨਾ ਅਪਨਾਉਣ, ਜਦੋਂਕਿ ਉਨ੍ਹਾਂ ਦੀਆਂ ਔਰਤਾਂ ਨੂੰ ਧੂਹ ਕੇ ਥਾਣਿਆਂ ਵਿਚ ਲਿਆਂਦਾ ਜਾਵੇ?

-ਕੀ ਉਨ੍ਹਾਂ ਦਾ ਗੁਰੀਲਾ ਲੜਾਈ ਦੇ ਢੰਗ-ਤਰੀਕੇ ਅਪਨਾਉਣਾ ਜਾਇਜ਼ ਨਹੀਂ? ਜਦੋਂਕਿ ਸਿੱਖ ਨੌਜਵਾਨਾਂ ਨੂੰ ਫੜ ਕੇ ਮੁਕੱਦਮਾ ਚਲਾਉਣ ਦੀ ਬਜਾਏ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਮਾਰਿਆ ਜਾਵੇ?

-ਕੀ ਤੁਸੀਂ ਕਦੇ ਇਮਾਨਦਾਰੀ ਨਾਲ ਬਿਨਾਂ ਪੂਰਵ ਸ਼ਰਤਾਂ ਤਹਿ ਕੀਤਿਆਂ ਕਿਸੇ ਸਮਝੌਤੇ 'ਤੇ ਗੱਲਬਾਤ ਕਰਨ ਲਈ ਬੁਲਾਇਆ ਹੈ ਅਤੇ ਸੱਚੇ ਦਿਲੋਂ ਉਨ੍ਹਾਂ ਦੀਆਂ ਸਿਆਸੀ ਮੰਗਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕੀਤੀ ਹੈ?

ਸ੍ਰੀ ਮਾਨ ਪ੍ਰਧਾਨ ਮੰਤਰੀ, ਤੁਹਾਨੂੰ ਇਨ੍ਹਾਂ ਸਵਾਲਾਂ ਦਾ ਜਵਾਬ ਦੇਣਾ ਪਵੇਗਾ। ਤੁਹਾਡੀ ਇਹ ਲਗਾਤਾਰ ਚੁੱਪ ਅਪਰਾਧੀ ਕਾਰਵਾਈਆਂ ਨੂੰ ਬੜ੍ਹਾਵਾ ਦੇਵੇਗੀ—ਯਾਦ ਰੱਖੋ! ਸ਼ਾਸਕ ਕਦੇ ਵੀ ਮੁਸੀਬਤਾਂ ਤੋਂ ਬਚ ਨਹੀਂ ਸਕਦੇ, ਅੱਜ ਨਹੀਂ ਤਾਂ ਕੱਲ੍ਹ ਉਨ੍ਹਾਂ ਨੇ ਜਾਲ ਵਿਚ ਫਸਣਾ ਹੀ ਹੋਵੇਗਾ।

ਇਤਿਹਾਸ ਨੇ ਸ਼ਾਸਕਾਂ ਦੇ ਕੋੜੇ ਵੱਜਦੇ, ਸਿਰ ਲੱਥਦੇ ਦੇਖੇ ਹਨ। ਫ਼ਰਾਂਸ ਦਾ ਲੂਈ ਸੋਲ੍ਹਵਾਂ, ਰੂਸ ਦਾ ਜ਼ਾਰ-ਨਾਜ਼ੀ, ਜਰਮਨ ਦਾ ਹਿਟਲਰ, ਇਟਲੀ ਦਾ ਮੁਸੋਲੀਨੀ ਅਤੇ ਹੁਣੇ-ਹੁਣੇ ਹੋਇਆ ਮਾਰਕੋਜ਼ ਦਾ ਮਨੀਲਾ 'ਚੋਂ ਦੇਸ਼ ਨਿਕਾਲਾ ਆਦਿ ਕੁਝ ਕੁ ਅਜਿਹੀਆਂ ਉਦਾਹਰਨਾਂ ਉਨ੍ਹਾਂ ਅਣਗਿਣਤ ਕਥਾਵਾਂ ਵਿਚੋਂ ਹਨ, ਜਿਨ੍ਹਾਂ ਨੂੰ ਅੱਜ ਦੇ ਜ਼ਾਲਮ ਹਾਕਮਾਂ ਦੀਆਂ ਕੰਧਾਂ 'ਤੇ ਲਿਖਿਆ ਜਾਣਾ ਚਾਹੀਦਾ ਹੈ। ਤੁਹਾਡੀ ਫ਼ੌਜੀ ਸ਼ਕਤੀ ਸਿੱਖੀ ਭਾਵਨਾ ਦੇ ਸ਼ਕਤੀਸ਼ਾਲੀ ਤੂਫ਼ਾਨ ਅੱਗੇ ਪੂਰੀ ਤਰ੍ਹਾਂ ਚੂਰ ਚੂਰ ਹੋ ਜਾਵੇਗੀ।

ਯਾਦ ਰੱਖੋ ਕਿ ਪੈਰਿਸ ਦੇ ਬੈਸਟਿਲੀ ਕਿਲ੍ਹੇ ਦੀ ਜੇਲ੍ਹ ਫ਼ਰਾਂਸੀਸੀ ਇਨਕਲਾਬ ਨੂੰ ਦਬਾਅ ਨਹੀਂ ਸਕੀ ਅਤੇ ਸਾਈਬੇਰੀਆ ਦਾ ਦੇਸ਼ ਨਿਕਾਲਾ ਰੂਸ ਵਿਚਲੇ ਬੋਲਸ਼ਵਿਕ ਇਨਕਲਾਬ ਨੂੰ ਰੋਕ ਨਹੀਂ ਸਕਿਆ। 'ਖ਼ੂਨੀ ਐਤਵਾਰ' ਐਰਿਸ਼ ਆਜ਼ਾਦੀ ਨੂੰ ਰੋਕ ਨਹੀਂ ਸਕੇ ਅਤੇ ਨਾ ਹੀ ਰੂਸੀਆਂ ਦਾ ਅਫ਼ਗਾਨ 'ਤੇ ਕਬਜ਼ਾ ਅਫ਼ਗਾਨੀ ਮੁਜਾਅਦੀਨਾਂ ਨੂੰ ਦਬਾਅ ਸਕਿਆ ਹੈ ਤਾਂ ਫਿਰ ਤੁਹਾਡੀਆਂ ਫ਼ੌਜਾਂ ਦੇ ਕੋਝੇ ਅਤੇ ਜ਼ਾਲਮਾਨਾ ਢੰਗ ਤਰੀਕੇ ਸਿੱਖ ਹਿਰਦਿਆਂ ਵਿਚ ਮਚਦੀ ਹੋਈ ਆਜ਼ਾਦੀ ਅਤੇ ਇਨਸਾਫ਼ ਦੀ ਲਹਿਰ ਨੂੰ ਕਿਵੇਂ ਬੁਝਾ ਸਕਣਗੇ? ਸਿੱਖਾਂ ਦੇ ਬਹੁਤੇ ਚਿਹਰਿਆਂ 'ਤੇ ਸਾਫ਼ ਦਿਸਦੀ ਚੁੱਪ ਬੇਸਬਰੀ ਦੀ ਹੱਦ 'ਤੇ ਪਹੁੰਚ ਕੇ ਲਾਵੇ ਦੀ ਤਰ੍ਹਾਂ ਫੁੱਟ ਸਕਦੀ ਸੀ।

ਇਹ ਤਾਂ ਹਰ ਕੋਈ ਜਾਣਦਾ ਹੈ ਕਿ ਜਦੋਂ ਅੰਗਰੇਜ਼ਾਂ ਨੇ ਭਾਰਤ ਛੱਡਣ ਦਾ ਫੈਸਲਾ ਕੀਤਾ ਤਾਂ ਉਨ੍ਹਾਂ ਨੇ ਹਿੰਦੂ, ਮੁਸਲਿਮ ਅਤੇ ਸਿੱਖ ਤਿੰਨਾਂ ਨੂੰ ਦੇਸ਼ ਦੀ ਵਾਗਡੋਰ ਸੰਭਾਲਣ ਦੀ ਮਾਨਤਾ ਦਿੱਤੀ। ਇਸ ਲਈ ਕਾਂਗਰਸ, ਮੁਸਲਿਮ ਲੀਗ ਅਤੇ ਅਕਾਲੀ ਦਲ ਦੇ ਨੁਮਾਇੰਦਿਆਂ ਨੂੰ ਸੋਚ-ਵਿਚਾਰ ਕੇ ਬੁਲਾਇਆ। ਨਹਿਰੂ, ਜਿਨਾਹ ਅਤੇ ਬਲਦੇਵ ਸਿੰਘ ਆਪਣੀਆਂ ਆਪਣੀਆਂ ਕੌਮਾਂ ਦੇ ਪ੍ਰਤੀਨਿਧੀ ਸਨ, ਜਿਨ੍ਹਾਂ ਨੇ ਲੰਡਨ, ਸ਼ਿਮਲਾ ਜਾਂ ਜਿੱਥੇ ਵੀ ਕਿਤੇ ਗੋਲਮੇਜ਼ ਕਾਨਫਰੰਸ ਹੋਈ, ਵਿਚ ਹਿੱਸਾ ਲਿਆ।

ਜਦਕਿ ਜਿਨਾਹ ਪਾਕਿਸਤਾਨ ਬਣਾਉਣ 'ਚ ਆਪਣੇ ਫ਼ੈਸਲੇ 'ਤੇ ਪੂਰੀ ਤਰ੍ਹਾਂ ਅਟੱਲ ਰਿਹਾ ਤੇ ਨਹਿਰੂ ਦੇ ਜਾਲ ਵਿਚ ਨਾ ਫਸਿਆ ਅਤੇ ਬਲਦੇਵ ਸਿੰਘ ਨੇ ਨਹਿਰੂ ਦੀਆਂ ਕੂਟਨੀਤਕ ਚਾਲਾਂ 'ਤੇ ਭਰੋਸਾ ਕਰਕੇ ਭਾਰਤ ਨਾਲ ਰਹਿਣ ਦਾ ਫ਼ੈਸਲਾ ਕਰ ਲਿਆ, ਜੋ ਉਸ ਦੀ ਸਿਆਸੀ ਖੇਡ ਵਿਚ ਸਭ ਤੋਂ ਵੱਡੀ ਗ਼ਲਤੀ ਸੀ।

ਸ੍ਰੀ ਮਾਨ ਪ੍ਰਧਾਨ ਮੰਤਰੀ, ਆਪਣੇ ਲਾਲਾ ਨਹਿਰੂ ਦੇ ਸਿੱਖਾਂ ਪ੍ਰਤੀ ਦਿੱਤੇ ਭਰੋਸੇ ਨੂੰ ਯਾਦ ਕਰੋ—

"ਮੈਨੂੰ ਉੱਤਰ ਵਿਚ ਉਹ ਇਲਾਕਾ ਰੱਖਣ ਵਿਚ ਇਤਰਾਜ਼ ਨਹੀਂ, ਜਿੱਥੇ ਸਿੱਖ ਆਜ਼ਾਦੀ ਦੀ ਰੌਸ਼ਨੀ ਮਾਣ ਸਕਣ।" (ਸਟੇਟਸਮੈਨ, ਕਲਕੱਤਾ, 7 ਜੁਲਾਈ, 1946)

ਅਸਲ ਵਿਚ ਇਹ ਰੌਸ਼ਨੀ ਇੱਕ ਤੂਫ਼ਾਨ ਸੀ, ਜੋ ਕਿ ਸਿੱਖਾਂ ਦੇ ਧਰਮ, ਸਿਆਸਤ, ਆਰਥਕਤਾ ਅਤੇ ਆਚਰਨ ਨੂੰ ਸੱਟ ਮਾਰਦਾ ਰਿਹਾ। ਸਿੱਖਾਂ ਨੂੰ ਇਸ ਗੱਲ ਦਾ ਪੂਰਨ ਗਿਆਨ

ਕਦੇ ਨਹੀਂ ਸੀ ਹੋਇਆ ਕਿ ਇਹ 'ਰੌਸ਼ਨੀ' ਭਾਰਤੀ ਫ਼ੌਜਾਂ ਦੇ ਟੈਂਕਾਂ ਅਤੇ ਬੰਬਾਂ ਦੀ ਰੌਸ਼ਨੀ ਹੋਵੇਗੀ, ਜੋ ਉਨ੍ਹਾਂ ਦੇ ਪਾਵਨ ਅਕਾਲ ਤਖ਼ਤ ਨੂੰ ਸਾੜ ਕੇ ਕੋਇਲਾ ਕਰ ਦੇਵੇਗੀ। ਸਿੱਖਾਂ ਨੇ ਕਦੇ ਨਹੀਂ ਸੀ ਸੋਚਿਆ ਕਿ ਉਨ੍ਹਾਂ ਦੇ ਗਲ਼ਾਂ ਵਿੱਚ ਬਲਦੇ ਹੋਏ ਟਾਇਰਾਂ ਦੇ ਹਾਰ ਪਾਏ ਜਾਣਗੇ, ਦੱਖਣੀ ਅਫਰੀਕਾ ਵਿਚ ਔਰਤਾਂ ਦੇ ਗਲਾਂ ਵਿਚ ਹਾਰ ਪਾ ਕੇ ਮਾਰਨ ਦੀ ਕਹਾਣੀ ਭਾਰਤ ਵਿਚ ਦੁਹਰਾਈ ਗਈ ਤਾਂ ਕਿ ਉਹ ਆਜ਼ਾਦੀ ਦੀ ਰੌਸ਼ਨੀ ਦਾ ਨਿੱਘ ਮਾਣ ਸਕਣ।

ਹੁਣ ਸਿੱਖਾਂ ਦੇ ਡੂੰਘੇ ਜ਼ਖ਼ਮੀ ਦਿਲ ਤੁਹਾਡੇ ਖਾਲੀ ਲਾਰਿਆਂ ਨਾਲ ਬਹਿਲਾਏ ਨਹੀਂ ਜਾ ਸਕਦੇ। ਭਾਰਤ ਸਰਕਾਰ ਨੇ ਸਭ ਬੰਧਨ ਤੋੜ ਦਿੱਤੇ ਹਨ ਅਤੇ ਸਿੱਖਾਂ ਨਾਲ ਹਰ ਤਰ੍ਹਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਹੁਣ ਇਹ ਸਮਾਂ ਹੈ, ਜਦੋਂ ਸਿੱਖਾਂ ਨੇ ਕਾਂਗਰਸ ਨਾਲ ਬਟਵਾਰੇ ਤੋਂ ਪਹਿਲਾਂ ਵਾਲੀ 'ਸੰਧੀ' ਨੂੰ ਦੁਬਾਰਾ ਖੋਲ੍ਹਣਾ ਹੈ। ਉਸ ਉਪਰ ਪੁਨਰ ਵਿਚਾਰ ਕਰਨਾ ਹੈ ਅਤੇ ਇਸ ਨੂੰ ਖ਼ਤਮ ਕਰਨਾ ਹੈ। ਇਸ ਦਾ ਸਾਰਾ ਦੋਸ਼ ਤੁਹਾਡੇ 'ਤੇ ਅਤੇ ਤੁਹਾਡੇ ਪੂਰਵਜਾਂ 'ਤੇ ਆਉਂਦਾ ਹੈ, ਜੋ ਸਥਿਤੀ ਨੂੰ ਧਮਾਕਾਖ਼ੇਜ਼ ਹੱਦ ਤੱਕ ਲੈ ਗਏ। ਸਤਾਏ ਹੋਏ ਜੁਝਾਰੂਆਂ ਨੇ ਸਪਸ਼ਟ ਤੌਰ 'ਤੇ ਐਲਾਨ ਕਰ ਦਿੱਤਾ ਕਿ ਸਿੱਖ ਪੰਥ ਨੂੰ ਦਰਪੇਸ਼ ਮੁਸ਼ਕਲਾਂ ਅਤੇ ਖ਼ਤਰਿਆਂ ਦਾ ਇੱਕੋ ਇੱਕ ਹੱਲ (ਇਲਾਕਾ) 'ਖਾਲਿਸਤਾਨ' ਹੈ। ਜਦੋਂਕਿ ਬਹੁਤੇ ਨਰਮ ਖ਼ਿਆਲੀਏ ਸਿੱਖ ਖਾਲਸਾ ਜੀ ਦੇ ਬੋਲ ਬਾਲੇ ਤੋਂ ਘੱਟ ਕੁਝ ਵੀ ਸਵੀਕਾਰ ਕਰਨ ਨੂੰ ਤਿਆਰ ਨਹੀਂ ਅਤੇ ਹਰ ਰੋਜ਼ ਵੱਖਰੀ ਸਿੱਖ ਸਟੇਟ ਦੀ ਥਿਊਰੀ ਸਾਰੀ ਦੁਨੀਆਂ ਵਿਚ ਜ਼ੋਰ ਫੜਦੀ ਜਾ ਰਹੀ ਹੈ। ਇਹ ਸਾਰੇ ਰਸਤੇ ਵਿੰਗੇ, ਟੇਢੇ ਹੋ ਕੇ 'ਸਿੱਖਾਂ' ਦੀ ਰਾਜਸੀ ਆਜ਼ਾਦੀ' ਨੂੰ ਹੀ ਜਾਂਦੇ ਹਨ। ਇਹ ਨਾਮ 'ਤੇ ਝਗੜਾ ਬੇਮਤਲਬ ਹੈ। ਅਸਲ ਗੱਲ ਇਹੀ ਹੈ ਕਿ ਤੁਹਾਨੂੰ ਚਾਹੁੰਦਿਆਂ ਹੋਇਆਂ ਜਾਂ ਨਾ ਚਾਹੁੰਦਿਆਂ ਹੋਇਆਂ ਵੀ ਇਹ ਕੌੜੀ ਗੋਲੀ ਨਿਗਲਣੀ ਹੀ ਪਵੇਗੀ ਕਿ ਖਾਲਸਾ ਪੰਥ ਨਾਲ ਰਾਜਨੀਤਕ ਅਤੇ ਭੂਗੋਲਿਕ ਸੂਝ-ਬੂਝ ਅਪਣਾਈ ਜਾਵੇ। ਸਿੱਖਾਂ ਨੂੰ ਮਨਜ਼ੂਰ ਸਮਝੌਤੇ 'ਤੇ ਗੱਲਬਾਤ ਹੀ ਆਉਣ ਵਾਲੀ ਭਿਆਨਕ ਤਬਾਹੀ ਨੂੰ ਬਚਾਅ ਸਕਦੀ ਹੈ। ਸੰਭਿਅਕ ਸੋਚ ਅਤੇ ਦੂਰਅੰਦੇਸ਼ੀ ਇਸ ਚੀਜ਼ ਦੀ ਮੰਗ ਕਰਦੀ ਹੈ ਕਿ ਸ਼ਾਂਤੀ ਪੂਰਵਕ ਸਮਝੌਤਾ ਤਾਂ ਹੀ ਹੋ ਸਕਦਾ ਹੈ, ਜੇ ਤੁਸੀਂ ਆਪਣੇ ਮਤਲਬਪ੍ਰਸਤ ਚਾਪਲੂਸਾਂ, ਸਿਆਸੀ ਗਿਰਗਟਾਂ ਅਤੇ ਦੂਨ ਸਕੂਲ ਦੇ ਪ੍ਰੇਮੀਆਂ ਦੇ ਚੁੰਗਲ ਤੋਂ ਛੁਟਕਾਰਾ ਪਾ ਸਕੋ।

ਸਿੱਖ, 'ਗਾਂਧੀ ਵਿਚਾਰਧਾਰਾ' ਅਹਿੰਸਾ ਪਰਮੋ ਧਰਮਾਂ ਦੇ ਪੁਜਾਰੀ ਨਹੀਂ, ਸਗੋਂ ਇਹ ਦਸਮੇਸ਼ ਪਿਤਾ ਦੇ ਪੈਰੋਕਾਰ ਹਨ। "ਚੂੰ ਕਰ ਹਮਾ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ॥" (ਜਦੋਂ ਸਾਰੇ ਸ਼ਾਂਤੀ ਪੂਰਵਕ ਵਸੀਲੇ ਖ਼ਤਮ ਹੋ ਜਾਣ ਤਾਂ ਤਲਵਾਰ ਨੂੰ ਮਿਆਨ ਵਿਚੋਂ ਕੱਢਣਾ ਜਾਇਜ਼ ਹੈ)। ਇਹ ਤੁਹਾਡੀ ਸਰਕਾਰੀ ਸ਼ਹਿ ਪ੍ਰਾਪਤ ਪੁਲੀਸ ਦੁਆਰਾ ਪਾਇਆ ਹੋਇਆ ਦਬਾਅ ਹੀ ਹੈ, ਜਿਸ ਨੇ ਸਿੱਖ ਨੌਜਵਾਨਾਂ ਨੂੰ ਘਰੋਂ ਭੱਜਣ ਅਤੇ ਹਥਿਆਰ ਚੁੱਕਣ ਲਈ ਮਜਬੂਰ ਕੀਤਾ। ਤੁਹਾਡੀਆਂ ਫ਼ੌਜਾਂ ਦੁਆਰਾ ਕੀਤੇ 'ਅਪ੍ਰੇਸ਼ਨ ਵੁਡਰੋਜ਼' ਦੌਰਾਨ ਸਿੱਖਾਂ 'ਤੇ ਜਬਰ ਨੂੰ ਤਿਲਾਂਜਲੀ ਦੇ ਕੇ ਹਥਿਆਰ ਉਠਾਉਣ ਦਾ ਰਾਹ ਚੁਣਿਆ, ਇਹ ਸਾਧਨ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਨਾਜਾਇਜ਼ ਨਹੀਂ, ਇੱਥੋਂ ਤੱਕ ਕਿ ਭਾਰਤ ਦੀ ਆਜ਼ਾਦੀ ਦੇ ਘੁਲਾਟੀਆਂ ਨੇ ਵੀ ਹਥਿਆਰਾਂ ਦਾ ਰਸਤਾ ਅਪਣਾਇਆ ਅਤੇ ਸੁਭਾਸ਼ ਚੰਦਰ ਬੋਸ ਅਤੇ ਜਨਰਲ ਮੋਹਣ ਸਿੰਘ ਦੀ ਅਗਵਾਈ ਵਿਚ ਇੰਡੀਅਨ ਨੈਸ਼ਨਲ ਆਰਮੀ (ਆਈ. ਐੱਨ. ਏ.) ਦੀ ਸਥਾਪਨਾ ਕੀਤੀ। ਅਗਸਤ, 1946 ਦੇ ਕੈਬਨਿਟ ਮਿਸ਼ਨ

ਦੀ ਰਿਪੋਰਟ ਅਸਵੀਕਾਰ ਕਰਨ ਤੋਂ ਬਾਅਦ ਐੱਨ. ਜਿਨਾਹ ਨੇ ਕਿਹਾ ਸੀ—"ਅੱਜ ਅਸੀਂ ਸੰਵਿਧਾਨਕ ਢੰਗਾਂ ਨੂੰ ਅਲਵਿਦਾ ਕਹਿ ਦਿੱਤੀ ਹੈ। ਅੱਜ ਅਸੀਂ ਪਿਸਤੌਲ ਵੀ ਬਣਾ ਲਿਆ ਹੈ ਅਤੇ ਸਾਨੂੰ ਵਰਤਣਾ ਵੀ ਆਉਂਦਾ ਹੈ।"

ਸ੍ਰੀ ਮਾਨ ਪ੍ਰਧਾਨ ਮੰਤਰੀ, ਕੁਝ ਸਾਲ ਪਹਿਲਾਂ ਦੀ ਗੱਲ ਹੈ, ਤੁਹਾਡਾ ਪੀ. ਐੱਲ. ਓ. ਮਿੱਤਰ ਯਾਸਰ ਅਰਾਫ਼ਾਤ, ਜਿਸ ਨੇ ਯੂ. ਐੱਨ. ਓ. ਵਿਚ ਹਰੇ ਰੰਗ ਦੀ ਜੈਤੂਨ ਦੀ ਟਾਹਣੀ ਖੱਬੇ ਹੱਥ ਵਿਚ ਅਤੇ ਸੱਜੇ ਹੱਥ ਵਿਚ ਪਿਸਤੌਲ ਲਹਿਰਾਇਆ ਅਤੇ ਕਿਹਾ, "ਹੇ ਦੁਨੀਆਂ ਦੇ ਦੋਸ਼ੋ! ਮੈਂ ਇਨਸਾਫ਼ ਲਈ ਆਇਆ ਹਾਂ। ਮੇਰੇ ਕੋਲ ਦੋ ਰਸਤੇ ਹਨ—ਪਹਿਲਾ ਰਸਤਾ ਹੈ ਕਿ ਫਲਸਤੀਨੀਆ ਨੂੰ ਉਨ੍ਹਾਂ ਦੀ ਮਾਤਰ ਭੂਮੀ ਵਾਪਸ ਦੁਆਈ ਜਾਵੇ ਅਤੇ ਮੈਂ ਇਹ ਪਿਸਤੌਲ ਸੁੱਟ ਦਿਆਂਗਾ। ਪ੍ਰੰਤੂ ਜੇ ਤੁਸੀਂ ਆਪਣੀ ਆਯੋਗਤਾ ਸਿੱਧ ਕਰਦੇ ਹੋ ਤਾਂ ਮੈਂ ਹਰੀ ਟਾਹਣੀ ਸੁੱਟ ਕੇ ਪਿਸਤੌਲ ਨਾਲ ਘੁੰਮਾਂਗਾ।" ਇਸ ਵਰਤਮਾਨ ਜੱਦੋ-ਜਹਿਦ ਦੀ ਰਾਜਸੀ ਸੋਚ ਵਿੱਚ ਸਿੱਖਾਂ ਕੋਲ ਸਿਰਫ਼ ਇੱਕ ਰਾਹ ਬਚਿਆ ਹੈ ਕਿ ਹਥਿਆਰਬੰਦ ਘੋਲ ਲੜਿਆ ਜਾਵੇ, ਕਿਉਂਕਿ ਤੁਹਾਡੀ ਸਰਕਾਰ ਨੇ ਜੱਦੋ-ਜਹਿਦ ਦੇ ਲੋਕਤੰਤਰਿਕ ਅਤੇ ਸ਼ਾਂਤੀ ਪੂਰਵਕ ਰਸਤੇ ਬੰਦ ਕਰ ਦਿੱਤੇ ਹਨ। ਤੁਸੀਂ ਸਿੱਖਾਂ ਦੀ ਆਵਾਜ਼ ਨੂੰ ਕਾਲੇ ਕਾਨੂੰਨਾਂ ਦੁਆਰਾ ਦਬਾਅ ਦਿੱਤਾ ਹੈ ਅਤੇ ਵਿਵੇਕਸ਼ੀਲਤਾ ਦੀਆਂ ਸਾਰੀਆਂ ਆਵਾਜ਼ਾਂ ਦੀ ਸੰਘੀ ਘੁੱਟ ਦਿੱਤੀ ਹੈ। ਸਥਿਤੀ ਸਮੁੱਚੇ ਵਿਦਰੋਹ ਵੱਲ ਵਧ ਰਹੀ ਹੈ। ਸਿੱਖਾਂ ਦੀ ਬਹੁਗਿਣਤੀ ਸਮੁੱਚੇ ਰਾਜ ਵਿਚਾਲੇ ਦਬਾਅ ਨੂੰ ਵੇਖ ਕੇ ਹੱਕੀ-ਬੱਕੀ ਰਹਿ ਗਈ ਹੈ। ਉਹ ਵੀ ਜਿਹੜੇ ਪੈਂਡਲਮ ਦੀ ਤਰ੍ਹਾਂ ਹਥਿਆਰਬੰਦ ਜੱਦੋ-ਜਹਿਦ ਅਤੇ ਸ਼ਾਂਤੀ ਪੂਰਵਕ ਢੰਗਾਂ ਦੁਆਰਾ ਸੰਘਰਸ਼ ਕਰਨ ਦੀ ਦੋਚਿੱਤੀ ਵਿਚ ਸਨ, ਅੱਜ ਹਥਿਆਰਬੰਦ ਸੰਘਰਸ਼ ਵੱਲ ਝੁਕ ਰਹੇ ਹਨ। ਜੇ ਤੁਸੀਂ ਸਿੱਖ ਜਥੇਬੰਦੀਆਂ ਨੂੰ ਬਦਨਾਮ ਕਰਨ ਅਤੇ ਪੰਥ ਤੇ ਪੰਜਾਬ ਦੀ ਲੁੱਟ ਜਾਰੀ ਰੱਖੀ ਤਾਂ ਸਿੱਖ ਸਮੁੱਚੇ ਤੌਰ 'ਤੇ ਹਰੀ ਜੈਤੂਨ ਦੀ ਟਾਹਣੀ ਸੁੱਟ ਕੇ ਪਿਸਤੌਲ ਉੱਚਾ ਚੁੱਕ ਲੈਣਗੇ। ਨਰਮ ਖਿਆਲੀਏ ਸਿੱਖ ਸ਼ਾਇਦ ਤੁਹਾਨੂੰ ਜਿਨਾਹ ਅਤੇ ਅਰਾਫ਼ਾਤ ਵਾਂਗ ਇੱਕ ਮੌਕਾ ਦੇ ਰਹੇ ਹਨ ਤਾਂ ਕਿ ਤੁਸੀਂ ਸਹੀ ਰਸਤੇ 'ਤੇ ਆ ਜਾਵੋ। ਪਰ ਤੁਸੀਂ ਹਾਲੇ ਵੀ ਪਾਖੰਡੀ, ਧੋਖੇਬਾਜ਼ਾਂ ਦੀ ਰਹਿਨੁਮਾਈ ਵਿਚ ਵਿਸ਼ਵਾਸ ਰੱਖਦੇ ਹੋ ਜੋ ਕਿ ਤੁਹਾਨੂੰ ਜ਼ਰੂਰ ਹਨੇਰੀ ਸੁਰੰਗ ਵਿਚ ਸੁੱਟ ਦੇਣਗੇ। ਇਸ ਲਈ ਪ੍ਰਧਾਨ ਮੰਤਰੀ, ਰੁਕੋ, ਸੋਚੋ ਅਤੇ ਪੰਜਾਬੀਆਂ (ਪੰਜਾਬ) ਬਾਰੇ ਆਪਣੀ ਪਾਲਿਸੀ ਦੀ ਪੁਨਰ ਜਾਂਚ ਕਰੋ ਅਤੇ ਮਸਲੇ ਦੇ ਹੱਲ ਲਈ ਇਮਾਨਦਾਰਾਨਾ ਪਹੁੰਚ ਅਪਣਾਓ। ਸ਼ਾਂਤੀ ਦੇ ਸਮਰਥਕ ਸਿੱਖਾਂ ਦੇ ਸਬਰ ਦਾ ਪਿਆਲਾ ਜੇ ਛਲਕ ਪਿਆ ਤਾਂ ਇਹ ਪਹਿਲਾਂ ਹੀ ਉਬਲ ਰਹੇ ਕੜਾਹੇ ਥੱਲੇ ਤੇਲ ਦਾ ਕੰਮ ਕਰੇਗਾ।

ਆਪਣੇ ਕੰਪਿਊਟਰ ਸਹਾਇਕਾਂ ਤੋਂ ਬਚੋ। ਕੋਈ ਵੀ 'ਮੰਡ ਅਪ੍ਰੇਸ਼ਨ' 'ਕਾਲੀ ਗਰਜ਼ ਅਪ੍ਰੇਸ਼ਨ' ਪੰਜਾਬ ਵਿਚ ਪੰਥ ਦੀ ਚੜ੍ਹਦੀ ਕਲਾ ਨੂੰ ਰੋਕ ਨਹੀਂ ਸਕੇਗਾ। "ਜਿਉਂ-ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ" ਵਾਲੀ ਗੱਲ ਹੋਵੇਗੀ। ਸਿੱਖ ਨੌਜਵਾਨਾਂ ਦੇ ਹਰੇਕ ਝੂਠੇ ਪੁਲੀਸ ਮੁਕਾਬਲੇ ਤੋਂ ਬਾਅਦ ਦਸ ਹੋਰ ਜੁਝਾਰੂ ਸੁਰਖ਼ੀਆਂ ਵਿੱਚ ਨਿਸ਼ਾਨੇ ਦੀ ਪ੍ਰਾਪਤੀ ਲਈ ਸ਼ਾਮਲ ਹੋ ਜਾਂਦੇ ਹਨ। ਸਿੱਖਾਂ ਦੇ ਖ਼ਿਲਾਫ਼ ਪ੍ਰਾਪੇਗੰਡੇ ਦੀ ਪੁਰਾਣੀ ਬਿਮਾਰੀ ਤੋਂ ਬਚੋ, ਤੁਸੀਂ ਜਦੋਂ ਵੀ ਸੈਰ ਸਪਾਟੇ ਲਈ ਵਿਦੇਸ਼ੀ ਦੌਰੇ 'ਤੇ ਜਾਂਦੇ ਹੋ ਤਾਂ ਸਾਨੂੰ (ਸਿੱਖਾਂ ਨੂੰ) ਹਰ ਸੰਭਵ ਤਰੀਕੇ ਦੁਆਰਾ ਬਦਨਾਮ ਕਰਦੇ ਹੋ ਅਤੇ ਸਿੱਖ ਜੁਝਾਰੂਆਂ ਖ਼ਿਲਾਫ਼ ਆਪਣੇ ਮਨ ਦੀ ਭੜਾਸ ਕੱਢਦੇ ਹੋ, ਪ੍ਰੰਤੂ ਇਹ ਸਾਰਾ ਸਿੱਖਾਂ ਦੇ ਹਿੱਤ ਅਤੇ ਤੁਹਾਡੀ ਸਰਕਾਰ ਦੇ ਖ਼ਿਲਾਫ਼ ਜਾਂਦਾ ਹੈ। ਭਾਰਤ

ਵਿਚ ਸਿੱਖਾਂ ਨੂੰ ਤੁਹਾਡੀਆਂ ਗੱਲਾਂ 'ਤੇ ਵਿਸ਼ਵਾਸ ਨਹੀਂ ਰਿਹਾ, ਨਾ ਹੀ ਵਿਰੋਧੀ ਪਾਰਟੀਆਂ ਤੁਹਾਡੀਆਂ ਬੱਚਿਆਂ ਵਰਗੀਆਂ ਗੱਲਾਂ 'ਤੇ ਵਿਸ਼ਵਾਸ ਕਰਦੀਆਂ ਹਨ। ਤੁਹਾਡੀ ਬਦੇਸ਼ੀ ਦੌਰਿਆਂ ਦੌਰਾਨ ਕੀਤੀ ਹੋਈ ਸਿੱਖਾਂ ਦੀ ਨੁਕਤਾਚੀਨੀ ਸਾਡੇ ਕੇਸ ਦੇ ਪ੍ਰਚਾਰ ਦਾ ਦੁਨੀਆਂ ਵਿਚ ਸਾਧਨ ਬਣਦੀ ਹੈ ਅਤੇ ਦੁਨੀਆਂ ਵਿਚ ਸਾਡੇ ਲਈ ਹਮਦਰਦੀ ਵਧਦੀ ਹੈ ਕਿ ਤੁਸੀਂ ਸਾਡੀਆਂ ਮੰਗਾਂ ਦੀ ਪੂਰਤੀ ਦੀ ਪ੍ਰਵਾਹ ਨਹੀਂ ਕਰਦੇ। ਜੇ ਫਲਸਤੀਨ ਅਤੇ ਨਮੀਬੀਆ ਵਾਂਗ ਅਸੀਂ ਨਸਲੀ ਵਿਤਕਰੇ ਦਾ ਆਪਣਾ ਕੇਸ ਯੂ. ਐੱਨ. ਓ. ਵਰਗੀ ਅੰਤਰ-ਰਾਸ਼ਟਰੀ ਪੰਚਾਇਤ ਕੋਲ ਲੈ ਗਏ ਤਾਂ ਤੁਹਾਡੀ ਸਥਿਤੀ ਬਹੁਤ ਕੋਝੀ ਬਣ ਜਾਵੇਗੀ। ਪ੍ਰਧਾਨ ਮੰਤਰੀ ਇਸ ਉਲਝਣ ਤੋਂ ਬਚੋ ਅਤੇ ਹੱਠ ਤਿਆਗ ਦਿਓ।

ਗਲਤੀਆਂ ਤਿਆਗੋ—(ੳ) ਕਿਸੇ ਵੀ ਸਰਕਾਰ ਨੇ ਵੈਟੀਕਨ ਪੋਪ (ਧਾਰਮਿਕ ਗੁਰੂ) ਨਾਲ ਕੈਦ ਕਰਨ ਵਾਲਾ ਬੁਰਾ ਵਿਵਹਾਰ ਨਹੀਂ ਕੀਤਾ, ਪ੍ਰੰਤੂ ਤੁਸੀਂ ਸਿੱਖਾਂ ਦੇ ਧਾਰਮਿਕ ਜਥੇਦਾਰਾਂ ਅਤੇ ਸਿੱਖਾਂ ਦੇ ਸਰਬਉੱਚ ਧਾਰਮਿਕ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਨੂੰ ਵੀ ਸਮੇਂ-ਸਮੇਂ ਕੈਦ ਕਰਦੇ ਰਹੇ ਹੋ, ਜੋ ਸਿੱਖਾਂ ਵਿਚ ਪੋਪ ਦੀ ਸਥਿਤੀ ਰੱਖਦਾ ਹੈ। ਇਸ ਖ਼ਤਰਨਾਕ ਖੇਡ ਨੂੰ ਛੱਡੋ।

(ਅ) ਸਰਕਾਰੀ ਫ਼ੌਜਾਂ ਦੁਆਰਾ ਭਵਿੱਖ ਵਿਚ ਹਮਲੇ ਕਰਨ ਦੀ ਬਣਾਈ ਹਰਿਮੰਦਰ ਸਾਹਿਬ ਦੁਆਲੇ ਫਿਰਨੀ ਦੀ ਯੋਜਨਾ ਤਿਆਗ ਦਿਓ। ਆਪਣੇ ਬੁਲਡੋਜ਼ਰ ਰੋਕ ਦਿਓ।

(ੲ) ਸਿੱਖ ਪਰਿਵਾਰਾਂ 'ਤੇ ਸਰਕਾਰੀ ਫ਼ੌਜੀ ਦਬਾਅ ਹਟਾਓ। ਸਿੱਖ ਨੌਜਵਾਨਾਂ ਦਾ ਅੰਨ੍ਹੇਵਾਹ ਕਤਲੇਆਮ, ਜੋ ਕਿ ਝੂਠੇ ਮੁਕਾਬਲਿਆਂ ਦੁਆਰਾ ਕੀਤਾ ਜਾ ਰਿਹਾ ਹੈ, ਰੋਕੋ। ਸੀ. ਆਰ. ਪੀ. ਅਤੇ ਬੀ. ਐੱਸ. ਐੱਫ. ਨੂੰ ਪੰਜਾਬ 'ਚੋਂ ਵਾਪਸ ਬੁਲਾਓ।

(ਸ) ਅੱਤਿਆਚਾਰ ਪੂਰਨ ਭੈੜੇ ਕਾਨੂੰਨ ਅਤੇ ਸੰਵਿਧਾਨ ਦੀ 59ਵੀਂ ਅਤੇ 25ਵੀਂ ਸੋਧ ਪ੍ਰਤੱਖ ਰੂਪ ਵਿਚ 'ਮਿਲਟਰੀ ਰਾਜ' ਦਾ ਚਿੰਨ੍ਹ ਹਨ। ਇਹ ਖ਼ਤਮ ਕਰੋ।

(ਹ) ਗੁਰਦੁਆਰਿਆਂ ਦੇ ਦੁਆਲਿਓਂ ਸੀ. ਆਰ. ਪੀ. ਦੇ ਅਜਗਰ ਸੱਪਾਂ ਦੇ ਘੇਰੇ ਨੂੰ ਖ਼ਤਮ ਕਰੋ ਅਤੇ ਸਿੱਖਾਂ ਦੇ ਧਾਰਮਿਕ ਅਸਥਾਨਾਂ 'ਤੇ ਹਮਲੇ ਬੰਦ ਕਰੋ। ਸਰਕਾਰੀ ਫ਼ੌਜਾਂ ਦੁਆਰਾ ਗੁਰਦੁਆਰਿਆਂ ਦੀ ਬੇਅਦਬੀ ਸਿੱਖਾਂ ਵਿਚਲੇ ਗੁੱਸੇ ਦਾ ਮੁੱਖ ਕਾਰਨ ਹੈ।

(ਕ) ਲੱਗਭਗ ਦਸ ਹਜ਼ਾਰ (10,000) ਸਿੱਖ ਜੇਲ੍ਹਾਂ ਵਿਚ ਸੜ ਰਹੇ ਹਨ। ਸਭ ਦੀ ਰਿਹਾਈ ਮੌਜੂਦਾ ਤਣਾਅ ਨੂੰ ਘਟਾ ਸਕਦੀ ਹੈ।

(ਖ) ਧਰਮੀ ਫ਼ੌਜੀਆਂ ਨੂੰ ਮੁੜ ਬਹਾਲ ਕੀਤਾ ਜਾਵੇ ਅਤੇ ਦੰਗਿਆਂ ਦੇ ਪ੍ਰਭਾਵਤ ਲੋਕਾਂ ਦਾ ਮੁੜ ਵਸੇਬਾ ਅਤੇ ਉਨ੍ਹਾਂ ਨੂੰ ਪੂਰਾ ਮੁਆਵਜ਼ਾ ਦਿੱਤਾ ਜਾਵੇ।

(ਗ) ਬਦੇਸ਼ੀ ਪ੍ਰੈੱਸ ਅਤੇ ਅੰਤਰ-ਰਾਸ਼ਟਰੀ ਪ੍ਰੈੱਸ 'ਤੇ ਲਾਈ ਪੰਜਾਬ ਦਾਖ਼ਲੇ ਦੀ ਪਾਬੰਦੀ ਖ਼ਤਮ ਕੀਤੀ ਜਾਵੇ ਤਾਂ ਕਿ ਉਹ ਪੰਜਾਬ ਦੀ ਸਹੀ ਸਥਿਤੀ ਦਾ ਜਾਇਜ਼ਾ ਲੈ ਸਕਣ।

ਉੱਪਰ ਦਿੱਤੇ ਕੁਝ ਕਦਮ ਜੇ ਉਠਾਏ ਜਾਣ ਤਾਂ ਗੱਲਬਾਤ ਵਾਲੀ ਸਥਿਤੀ ਲਿਆਉਣ ਵਿਚ ਠੋਸ ਅਤੇ ਹਮਦਰਦ ਸਹਾਈ ਹੋ ਸਕਦੇ ਹਨ। ਇਨ੍ਹਾਂ ਗੱਲਾਂ 'ਤੇ ਅਮਲ ਕਰਕੇ ਤੁਸੀਂ ਆਪਣੀਆਂ ਗ਼ਲਤੀਆਂ ਠੀਕ ਕਰ ਸਕਦੇ ਹੋ। ਇਸ ਸਭ ਕੁਝ ਲਈ ਜੋ ਤੁਸੀਂ ਆਪਣੇ ਦੁਆਲੇ ਆਪ ਹੀ ਇੰਦਰਜਾਲ ਬੁਣਿਆ ਹੈ, ਹੌਸਲੇ ਦੀ ਲੋੜ ਹੈ।

ਸਿਰਫ਼ ਇਨ੍ਹਾਂ ਕਦਮਾਂ 'ਤੇ ਚੱਲ ਕੇ ਹੀ ਤੁਸੀਂ ਅਕਾਲ ਤਖ਼ਤ ਦੇ ਨੁਮਾਇੰਦਿਆਂ ਨਾਲ

ਗੱਲਬਾਤ ਕਰ ਸਕਦੇ ਹੋ। ਕਾਹਲੀ ਨਾਲ ਕੀਤੀ 'ਅਖੌਤੀ ਨਰਮ ਖਿਆਲੀਆਂ' ਨਾਲ ਗੱਲਬਾਤ ਅਸਫਲਤਾ ਪੂਰਵਕ ਅਤੇ ਬੇਫ਼ਾਇਦਾ ਗੱਲਬਾਤ ਹੋਵੇਗੀ, ਜਿਵੇਂ ਲੌਂਗੋਵਾਲ ਐਂਡ ਕੰਪਨੀ ਨਾਲ ਹੋਈ ਹੈ। ਸਿਰਫ਼ ਅਕਾਲ ਤਖ਼ਤ ਦੀ ਢੁਕਵੀਂ ਅਤੇ ਵਿਵਾਦ ਰਹਿਤ ਸ਼ਕਤੀ ਹੈ ਜੋ ਪ੍ਰਸਤਾਵ ਨੂੰ ਸਵੀਕਾਰ ਜਾਂ ਅਸਵੀਕਾਰ ਕਰ ਸਕਦੀ ਹੈ। ਇੱਕੋ ਇੱਕ ਇਹ ਹੀ ਸੀਟ ਹੈ, ਜਿਸ ਨੂੰ ਤੁਸੀਂ ਰਾਜਨੀਤਕ ਤੌਰ 'ਤੇ ਸਰਬਉੱਚ ਮੰਨ ਸਕਦੇ ਹੋ ਅਤੇ ਸ਼ਾਂਤੀ ਦੀ ਗਰੰਟੀ ਦੇ ਸਕਦੀ ਹੈ। ਦਮਦਮੀ ਟਕਸਾਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ (A.I.S.S.F.) ਅਤੇ ਹੋਰ ਜੁਝਾਰੂ ਜਥੇਬੰਦੀਆਂ ਦੀ ਸਰਬ ਸੰਮਤੀ ਆਵਾਜ਼ (ਸਮੇਤ ਸਿਮਰਨਜੀਤ ਸਿੰਘ ਮਾਨ ਅਤੇ ਯੂ. ਏ. ਡੀ. ਦੇ ਹੋਰ ਲੀਡਰ) ਸਿੱਖਾਂ ਅਤੇ ਸਿੱਖ ਪੰਥ ਦੇ ਭਵਿੱਖ ਬਾਰੇ 'ਸਰਬੱਤ ਖਾਲਸੇ' ਦੀ ਪ੍ਰਵਾਨਗੀ ਨਾਲ ਹੀ ਫ਼ੈਸਲਾ ਕਰ ਸਕਦੀ ਹੈ।

ਅਸਲ ਸਥਿਤੀ ਉਪਰ ਮੇਰੇ ਵਿਚਾਰਾਂ ਨੂੰ ਧਰਮ ਤਿਆਗ ਅਤੇ ਫ਼ਿਰਕੂ ਨਾ ਸਮਝਿਆ ਜਾਵੇ। ਤੁਸੀਂ ਇਸ ਨੂੰ ਅਤਿ ਕਥਨੀ ਸਮਝ ਕੇ ਠੁਕਰਾ ਸਕਦੇ ਹੋ ਪ੍ਰੰਤੂ ਜੇ ਗ਼ੌਰ ਨਾਲ ਵਿਚਾਰ ਕਰੋ ਤਾਂ ਇਸ ਨਾਲ ਤੁਹਾਡੀ ਵਿਚਾਰਧਾਰਾ ਬਦਲ ਜਾਵੇਗੀ, ਕਿਉਂਕਿ ਜੋ ਗੱਲਾਂ ਮੈਂ ਉੱਤੇ ਕਹੀਆਂ ਹਨ ਜਾਂ ਜੋ ਢੰਗ ਤਰੀਕੇ ਮੈਂ ਉੱਪਰ ਸੁਝਾਏ ਹਨ, ਤੋਂ ਬਿਨਾਂ ਤਾਂ ਸਰਕਾਰੀ ਫੌਜਾਂ ਅਤੇ ਸਿੱਖ ਨੌਜਵਾਨਾਂ ਵਿਚ ਖ਼ੂਨੀ ਝੜਪ ਹੀ ਹੋਵੇਗੀ ਜੋ ਪੰਜਾਬ ਅਤੇ ਦਿੱਲੀ ਲਈ ਵਿਨਾਸ਼ਕਾਰੀ ਹੋਵੇਗੀ। ਪੰਜਾਬ ਜੋ ਕਿ ਭਾਰਤ ਲਈ ਢਾਲ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਜਿਸ ਨੇ ਭਾਰਤ ਵਿਚ ਹਰਾ ਇਨਕਲਾਬ ਲਿਆਂਦਾ ਹੈ, ਦਿੱਲੀ ਤੋਂ ਵੱਖ ਹੋ ਜਾਵੇਗਾ। ਪੰਜਾਬ ਖਾਲਸਾ ਰੂਲ ਅਧੀਨ ਅਤੇ ਮਿੱਤਰ ਦੇ ਤੌਰ 'ਤੇ ਭਾਰਤ ਦੀ ਰੱਖਿਆ ਕਰੇਗਾ ਅਤੇ ਦੁਸ਼ਮਣ ਦੇ ਤੌਰ 'ਤੇ ਭਾਰਤ ਦੀ ਹੋਂਦ ਨੂੰ ਖ਼ਤਰੇ ਵਿਚ ਪਾ ਦੇਵੇਗਾ। ਇੱਥੇ ਮੈਂ ਜਨਤਾ ਪਾਰਟੀ ਦੇ ਲੀਡਰ ਚੰਦਰ ਸ਼ੇਖਰ ਦਾ ਜ਼ਿਕਰ ਕਰਾਂਗਾ—"ਜੇ ਸਿੱਖ ਖੁਸ਼ ਨਹੀਂ ਹਨ ਤਾਂ ਭਾਰਤ ਖੁਸ਼ ਨਹੀਂ ਹੋ ਸਕਦਾ, ਜੇ ਸਿੱਖ ਖ਼ਤਮ ਹੋ ਗਏ ਤਾਂ ਭਾਰਤ ਜਿਉਂਦਾ ਨਹੀਂ ਰਹਿ ਸਕਦਾ।"

"ਪੰਜਾਬ ਮਿੱਤਰ ਜਾਂ ਵੈਰ-ਵਿਰੋਧ ਵਾਲਾ ਖਾਲਸਾ ਰਾਜ?"

ਇਹ ਫ਼ੈਸਲਾ ਤੁਸੀਂ ਹੀ ਕਰਨਾ ਹੈ।

ਸਹੀ/-

ਹਰਮਿੰਦਰ ਸਿੰਘ ਸੰਧੂ,

ਜਨਰਲ ਸਕੱਤਰ,

ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ।

ਜੋਧਪੁਰ ਜੇਲ੍ਹ,

ਅਗਸਤ, 1988

ਪਹਿਲਾ ਕਾਂਡ

ਜਿਸ ਦਾ ਰਾਜ, ਓਸੇ ਦਾ ਤੇਜ; ਇਹ ਕਹਾਵਤ ਆਮ ਪ੍ਰਚੱਲਿਤ ਰਹੀ ਹੈ। ਪਰ ਹਿੰਦੋਸਤਾਨ ਵਿਚ ਇਸ ਕਹਾਵਤ ਦੇ ਤੇਜ ਪ੍ਰਤਾਪ ਨੇ ਜ਼ਹਿਰੀਲੀ ਲੀਹ ਫੜ ਲਈ। ਮੁਸਲਮਾਨੀ ਰਾਜ ਵਿਚ ਪਵਿੱਤਰ ਕੁਰਾਨ ਸ਼ਰੀਫ਼ ਸਮੁੱਚੀ ਮਨੁੱਖਤਾ ਲਈ ਸਾਂਝੇ ਭਾਈਚਾਰੇ ਦਾ ਉਪਦੇਸ਼ ਦੇਂਦਾ ਰਿਹਾ ਹੈ। ਪਰ ਉਸ ਦੀ ਵਿਆਖਿਆ ਕਰਨ ਵਾਲੇ ਮੌਲਵੀ ਭਾਈਆਂ ਮੁਸਲਮਾਨ ਮੱਤ ਤੋਂ ਬਾਹਰਲਿਆਂ ਨੂੰ ਕਾਫ਼ਿਰ ਕਹਿਣਾ ਸ਼ੁਰੂ ਕਰ ਦਿੱਤਾ। ਮੁਸਲਮਾਨ ਮੱਤ ਫੈਲਾਉਣ ਲਈ ਨਵਾਬਾਂ ਜ਼ੋਰ ਜ਼ਬਰਦਸਤੀਆਂ ਤੋਂ ਅਗਾਂਹ ਜ਼ੁਲਮ ਤੇ ਕਹਿਰ ਦੀ ਵੀ ਹੱਦ ਟਪਾਅ ਦਿੱਤੀ। ਹਿੰਦੂ ਲੜਕੀਆਂ ਦੇ ਉਧਾਲੇ, ਜਬਰੀ ਨਿਕਾਹ ਤੇ ਮਾਸੂਮ ਬੱਚਿਆਂ ਨੂੰ ਨੀਹਾਂ ਵਿਚ ਚਿਣਵਾ ਕੇ ਕਤਲ ਕਰਨਾ, ਕੁਰਾਨ ਮਜੀਦ ਵਿਚ ਕਿਤੇ ਨਹੀਂ ਲਿਖਿਆ ਸੀ, ਪਰ ਇਹ ਜ਼ੁਲਮ ਆਮ ਵਾਪਰਦਾ ਰਿਹਾ। ਕਾਜ਼ੀਆਂ ਮੌਲਵੀਆਂ ਦੀ ਮੁਸਲਮਾਨ ਬਾਦਸ਼ਾਹ ਨੂੰ ਸਿੱਖਿਆ ਸੀ; ਤੁਹਾਡੇ ਰਾਜ ਦੀਆਂ ਜੜ੍ਹਾਂ ਤਦ ਹੀ ਮਜ਼ਬੂਤ ਹੋ ਸਕਦੀਆਂ ਹਨ, ਜੇ ਹਿੰਦੋਸਤਾਨ ਵਿਚ ਮੁਸਲਮਾਨਾਂ ਦੀ ਗਿਣਤੀ ਵਧਾਈ ਜਾਵੇ। ਸ਼ਾਹੀ ਹਕੂਮਤ ਨੂੰ ਇਹ ਦਲੀਲ ਵਾਰਾ ਖਾਂਦੀ ਸੀ। ਉਨ੍ਹਾਂ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਹਰ ਹੀਲਾ ਵਰਤਿਆ। ਪੰਜਾਬ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ, ਪਿਆਰ ਦੀ ਭਾਈਚਾਰਕ ਸਾਂਝ ਅਤੇ ਸਰਬੱਤ ਦੇ ਭਲੇ ਵਾਲੀ ਸੀ। ਪਹਿਲੋਂ ਉਸ ਬਾਬਰ ਦੀ ਕਤਲੇਆਮ ਦਾ ਵਿਰੋਧ ਕੀਤਾ ਤੇ ਉਸ ਦੀ ਕੈਦ ਝੱਲੀ, ਪਰ ਸਾਰੀ ਮਨੁੱਖਤਾ ਨੂੰ ਰੱਬ ਦੇ ਇੱਕ ਨੂਰ ਤੋਂ ਪੈਦਾ ਹੋਈ ਪ੍ਰਚਾਰਿਆ। ਇਹ ਐਨ ਕੁਰਾਨ ਦੇ ਮੱਤ ਵਰਗੀ ਵਿਚਾਰਧਾਰਾ ਸੀ। ਇਸ ਵਿਚਾਰਧਾਰਾ ਨੂੰ ਅਨੇਕਾਂ ਸ਼ਹਾਦਤਾਂ ਦੇ ਲਹੂ ਦਰਿਆ ਵਿਚੋਂ ਲੰਘਣਾ ਪਿਆ। ਅਖ਼ੀਰ ਸੱਚ ਦੀ ਜੈ ਤੇ ਕੂੜ ਦੀ ਖੈ ਲਈ ਛੇਵੇਂ ਗੁਰੂ ਨੂੰ ਭਗਤੀ ਨਾਲ ਸ਼ਕਤੀ ਨੂੰ ਵੀ ਹੱਥ ਲੈਣਾ ਪਿਆ। ਜ਼ੁਲਮ ਨੂੰ ਰੋਕਣ ਲਈ ਹਥਿਆਰ ਚੁੱਕਣਾ, ਸਿੱਖਾਂ ਨੂੰ ਪੰਜਾਬ ਦੇ ਪਹਿਲੇ ਬਾਗ਼ੀ ਵਜੋਂ ਤਾਰੀਖ਼ੀ ਤੋਹਫ਼ਾ ਮਿਲਿਆ। ਬਾਗ਼ੀ ਸਿੱਖਾਂ ਦੇ ਸਿਰ ਵਿਕਣੇ ਸ਼ੁਰੂ ਹੋ ਗਏ। ਬੰਦ ਬੰਦ ਕੱਟਣੇ ਤੇ ਚਰਖੜੀਆਂ 'ਤੇ ਚਾੜ੍ਹਨੇ ਆਮ ਸਨ। ਮੁਸਲਮਾਨੀ ਰਾਜ ਵਿਚ ਜ਼ੁਲਮ ਆਪਣੇ ਸਾਰੇ ਹੱਦਾਂ ਬੰਨ੍ਹੇ ਟੱਪ ਗਿਆ, ਪਰ ਇੱਕ ਸਿਫ਼ਤ ਜ਼ਰੂਰ ਰਹੀ ਕਿ ਫ਼ਿਰਕੂ ਪਾੜੇ ਨੇ ਉੱਕਾ ਈ ਸਿਰ ਨਹੀਂ ਚੁੱਕਿਆ ਸੀ।

ਅੰਗਰੇਜ਼ਾਂ ਵਪਾਰ ਤੇ ਕੁਟਲ ਚਾਲਾਂ ਰਾਹੀਂ ਸਾਰਾ ਹਿੰਦੋਸਤਾਨ ਹਥਿਆ ਲਿਆ ਸੀ। ਉਨ੍ਹਾਂ ਨਾਲ ਈਸਾਈ ਮਿਸ਼ਨਰੀ ਵੀ ਆਪਣੀ ਬਾਈਬਲ ਲੈ ਕੇ ਆਏ। ਉਨ੍ਹਾਂ ਦਾ ਉਪਦੇਸ਼ ਸੀ, ਤੁਹਾਡੇ ਗੁਨਾਹਾਂ ਨੂੰ ਇੱਕ ਖ਼ੁਦਾ ਦਾ ਬੇਟਾ ਈਸਾ ਮਸੀਹ ਹੀ ਮਾਫ਼ ਕਰ ਸਕਦਾ ਹੈ। ਅੰਗਰੇਜ਼ ਵਪਾਰੀ ਬਾਣੀਆਂ ਵਾਂਗ ਲੁੱਟ ਕਰਦਾ ਪਤਾ ਨਹੀਂ ਲੱਗਣ ਦੇਂਦਾ ਸੀ। ਅੰਗਰੇਜ਼ ਹਕੂਮਤ ਜਿਹੜੇ ਲੋਕਾਂ ਨੂੰ ਆਪਣੇ ਜ਼ੁਲਮ ਰਾਹੀਂ ਜ਼ਖ਼ਮ ਲਾਉਂਦੀ ਸੀ, ਪਾਦਰੀ ਉਨ੍ਹਾਂ ਦੀ ਮਲ੍ਹਮ ਪੱਟੀ ਕਰਕੇ ਠਾਰ ਦੇਂਦੇ ਸਨ। ਅੰਗਰੇਜ਼ ਬੇਹੱਦ ਸਮਝਦਾਰ ਕੌਮ ਸੀ। ਉਹ ਆਪਣੀ

ਹਿੰਦੋਸਤਾਨ ਵਿਚ ਬਹੁਗਿਣਤੀ ਸਾਰਾ ਇੰਗਲਸਤਾਨ ਲਿਆ ਕੇ ਵੀ ਨਹੀਂ ਕਰ ਸਕਦੇ ਸੀ। ਉਸ ਹਿੰਦੋਸਤਾਨੀਆਂ ਤਾਈਂ 'ਪਾੜੋ ਤੇ ਰਾਜ ਕਰੋ' ਦੀ ਪਾਲਸੀ ਨੂੰ ਆਪਣੀ ਬੁਨਿਆਦੀ ਬਣਾ ਲਿਆ। ਪਹਿਲੋਂ ਉਸ ਰਾਜਿਆਂ ਨੂੰ ਇੱਕ ਦੂਜੇ ਨਾਲ ਲੜਾ ਲੜਾ ਦੇਸ਼ ਨੂੰ ਕਮਜ਼ੋਰ ਕੀਤਾ। ਮੁੜ ਆਪ ਹੀ ਸਾਲਸ ਬਣ-ਬਣ ਰਿਆਸਤਾਂ ਹੜੱਪ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਹਿੰਦੂ, ਮੁਸਲਮਾਨ ਤੇ ਸਿੱਖਾਂ ਨੂੰ ਫ਼ਿਰਕੂ ਲੀਹਾਂ ਉੱਤੇ ਪਾੜਨ ਤੇ ਲੜਾਉਣ ਦਾ ਜਿਹੜਾ ਜ਼ਹਿਰੀਲਾ ਬੀਜ ਬੋਇਆ, ਉਸ ਨੇ ਦੇਸ਼ ਦੇ ਸਾਂਝੇ ਭਾਈਚਾਰੇ ਦਾ ਨਾਸ ਮਾਰ ਕੇ ਰੱਖ ਦਿੱਤਾ। ਫ਼ਿਰਕੂ ਫ਼ਸਾਦ ਗਲੀਆਂ ਬਾਜ਼ਾਰਾਂ ਵਿਚ ਖੁੱਲ੍ਹ ਕੇ ਹੋਣ ਲੱਗ ਪਏ। ਅੰਗਰੇਜ਼ ਸਮਝਦਾ ਸੀ, ਜਿਸ ਦਿਨ ਹਿੰਦੋਸਤਾਨੀਆਂ ਨੂੰ ਗੁਲਾਮੀ ਦਾ ਅਹਿਸਾਸ ਹੋ ਗਿਆ ਤੇ ਏਕਤਾ ਜੁੜ ਬੈਠੀ, ਮੇਰਾ ਬਿਸਤਰਾ ਗੋਲ ਹੋ ਜਾਵੇਗਾ। ਫ਼ਿਰਕੂ ਪਾੜ ਆਪਣੀ ਚਰਮ ਸੀਮਾ ਤੱਕ ਪੁੱਜ ਗਿਆ। ਇਸ ਦਾ ਸਿੱਟਾ ਨਿਕਲਿਆ, ਹਿੰਦੋਸਤਾਨ ਹਿੰਦੂ, ਮੁਸਲਮਾਨ ਦੋ ਟੁਕੜਿਆਂ ਵਿਚ ਵੰਡ ਕੇ ਰਹਿ ਗਿਆ। ਪਾਕਿਸਤਾਨ ਬਣ ਜਾਣ ਨਾਲ, ਜਿੰਨਾ ਤਾਂ ਜਿਵੇਂ ਪੰਜਾਬ ਦੀ ਜਾਨ-ਮਾਲ ਦਾ ਨੁਕਸਾਨ ਹੋਇਆ, ਉਸ ਦਾ ਲੇਖ-ਜੋਖਾ ਅੱਜ ਤੱਕ ਨਹੀਂ ਹੋ ਸਕਿਆ। ਦਸ ਲੱਖ ਆਦਮੀ ਦੋਹੀਂ ਧਿਰੀਂ ਮਾਰਿਆ ਗਿਆ। ਪੈਂਤੀ ਹਜ਼ਾਰ ਦੇ ਕਰੀਬ ਜ਼ਨਾਨੀਆਂ ਉਧਾਲੀਆਂ ਗਈਆਂ। ਦੁਨੀਆਂ ਭਰ ਵਿਚ ਉਲਟ-ਪੁਲਟ ਕਈ ਵਾਰ ਹੋਈ, ਪਰ ਇਸ ਤਰ੍ਹਾਂ ਦਾ ਕਹਿਰ ਤਾਰੀਖ ਵਿਚ ਪਹਿਲੀ ਵਾਰ ਵਾਪਰਿਆ ਸੀ। ਸ਼ਾਹਾਂ, ਹਾਕਮਾਂ ਤੇ ਰਾਜਨੀਤਕ ਆਗੂਆਂ ਅੱਗੇ ਨਿਸ਼ਾਨਾ ਕੇਵਲ ਰਾਜ ਦਾ ਹੁੰਦਾ ਹੈ। ਜ਼ੁਲਮ, ਜਬਰ, ਕਤਲੇਆਮ ਤੇ ਬੇਪਤੀਆਂ ਕੋਈ ਮਾਅਨੇ ਨਹੀਂ ਰੱਖਦੀਆਂ। ਸੱਚ, ਸੱਭਿਆਚਾਰ ਤੇ ਅਣਖ-ਗੈਰਤ ਕੇਵਲ ਦੇਸ਼ ਭਗਤਾਂ ਦੇ ਹਿੱਸੇ ਆਈ ਹੈ।

ਪਾਕਿਸਤਾਨ ਮੁਸਲਮਾਨਾਂ ਦੀ ਲੀਗ ਹੱਥ ਆਇਆ ਅਤੇ ਹਿੰਦੋਸਤਾਨ ਕਾਂਗਰਸ ਨੇ ਸੰਭਾਲ ਲਿਆ। ਕਾਂਗਰਸ ਵਿਚ ਅੱਸੀ ਫ਼ੀਸਦੀ ਫਿਰਕੂ ਹਿੰਦੂ ਵੜਿਆ ਹੋਇਆ ਸੀ। ਇਨ੍ਹਾਂ ਦੀ ਅਗਵਾਈ ਕਾਂਗਰਸ ਵਿਚ ਵੱਲਭ ਭਾਈ ਪਟੇਲ ਕਰਦਾ ਸੀ, ਜਿਸ ਨੂੰ ਹਿੰਦੂ ਪ੍ਰੈੱਸ ਲੋਹੇ ਦਾ ਮਨੁੱਖ ਆਖਦੀ ਸੀ। ਪਟੇਲ ਦੀ ਸੋਚ ਵੀ ਵਾਹਕ ਸੀ, ਸਵੈਮ ਸੇਵਕ ਸੰਘ ਵਾਲੀ ਗੁਰੂ ਗਵਾਲਕਰ ਦੀ ਵਿਚਾਰਧਾਰਾ ਉਨ੍ਹਾਂ ਦਾ ਨਿਸ਼ਾਨਾ ਸੀ। ਹਿੰਦੂਆਂ ਵਿਚੋਂ ਨਿਕਲੇ ਸਭ ਧਰਮਾਂ ਨੂੰ ਹਿੰਦੂਆਂ ਵਿਚ ਹੀ ਬੋਧੀਆਂ, ਜੈਨੀਆਂ ਵਾਂਗ ਸਮਾਇਆ ਜਾਵੇ। ਸੋਚਿਆ ਇਹ ਗਿਆ; ਐਨਾ ਵੱਡਾ ਰਾਜ ਤਾਂ ਅਸ਼ੋਕ ਤੇ ਚੰਦਰ ਗੁਪਤ ਸਮਰਾਟਾਂ ਸਮੇਂ ਵੀ ਹਿੰਦੂਆਂ ਦਾ ਨਹੀਂ ਹੋਇਆ ਸੀ। ਇਸ ਨੂੰ ਸਥਿਰ ਕਿਵੇਂ ਰੱਖਿਆ ਜਾਵੇ? ਇਸ ਨੂੰ ਢਾਅ ਕੌਣ ਲਾਵੇਗਾ? ਇਹ ਸਵਾਲ ਫ਼ਿਰਕੂ ਹਿੰਦੂ ਵਿਚਾਰਵਾਨਾਂ ਸਾਹਮਣੇ ਆ ਖੜ੍ਹੇ ਹੋਏ। ਤਾਰੀਖ਼ ਪਿੱਟੀ ਹੈ, ਸਾਰੇ ਹਮਲੇ ਦੇਸ਼ ਉੱਤੇ ਪੱਛਮ ਵੱਲੋਂ ਸਿਕੰਦਰ ਸਮੇਂ ਤੋਂ ਹੁੰਦੇ ਰਹੇ ਹਨ। ਰਾਜਪੂਤ ਤਾਂ ਸਾਡੇ ਆਪਣੇ ਹਨ, ਪਰ ਇਹ ਸਿੱਖ ਬਾਵਰੇ ਕਿਸੇ ਦੀ ਈਨ ਮੰਨਣ ਵਾਲੇ ਨਹੀਂ। ਬਹਾਦਰ ਹਨ, ਮਰਨੋਂ ਨਹੀਂ ਡਰਦੇ। ਇਨ੍ਹਾਂ ਆਜ਼ਾਦੀ ਦੀ ਜੰਗ ਵਿਚ ਅੱਸੀ ਫ਼ੀਸਦੀ ਹਿੱਸਾ ਵੀ ਪਾਇਆ ਹੈ। ਫ਼ਾਂਸੀਆਂ ਤੇ ਕਾਲੇ ਪਾਣੀ ਦੀਆਂ ਉਮਰ ਕੈਦਾਂ ਵਰਗੀਆਂ ਕੁਰਬਾਨੀਆਂ ਵੀ ਦਿੱਤੀਆਂ ਹਨ। ਇਨ੍ਹਾਂ ਦੀ ਦੇਸ਼ ਭਗਤੀ ਤਾਂ ਠੀਕ ਐ, ਪਰ ਵਿਗੜਨ 'ਤੇ ਆਏ ਕਦੇ ਵੀ ਬਾਗ਼ੀ ਹੋ ਸਕਦੇ ਹਨ। ਅਜਿਹੇ ਮਾਰਖ਼ੋਰੇ ਸਿਦਕਵਾਨਾਂ ਨੂੰ ਨੱਥ ਕੇ ਰੱਖਣਾ ਅਤਿ ਜ਼ਰੂਰੀ ਹੈ। ਸੋ, ਇਸ ਸੋਚ ਨੇ ਸਮੇਂ ਦੇ ਹੋਮ ਮਨਿਸਟਰ ਪਟੇਲ ਕੋਲੋਂ ਸਿੱਖਾਂ ਵਿਰੁੱਧ ਸਰਕੂਲਰ ਪੰਜਾਬ ਦੇ ਸਾਰੇ ਡੀ. ਸੀਜ਼ ਨੂੰ ਕਢਵਾਇਆ: "ਸਿੱਖ ਮਾਰਖ਼ੋਰੀ ਕੌਮ ਐ, ਇਸ ਨੂੰ ਦਬਾਅ ਕੇ ਰੱਖਿਆ ਜਾਵੇ।"

ਹੁਸ਼ਿਆਰਪੁਰ ਦਾ ਡੀ. ਸੀ. ਸ੍ਰ. ਕਪੂਰ ਸਿੰਘ ਸਿਦਕਵਾਨ ਸਿੱਖ ਸੀ, ਜਿਹੜਾ ਇੰਗਲੈਂਡ ਤੋਂ ਆਈ. ਸੀ. ਐੱਸ. ਕਰਕੇ ਆਇਆ ਸੀ। ਬਹਾਦਰ ਤੇ ਦੇਸ਼ ਭਗਤ ਕੌਮ ਸਿਰ ਅਣਹੋਇਆ ਦੂਸ਼ਣ ਸਹਾਰ ਨਾ ਸਕਿਆ। ਆਪਣੀ ਨੌਕਰੀ ਦੀ ਪ੍ਰਵਾਹ ਕਰੇ ਬਿਨਾਂ ਉਸ ਉਹ ਸਰਕੂਲਰ ਮਾਸਟਰ ਤਾਰਾ ਸਿੰਘ ਨੂੰ ਜਾ ਵਿਖਾਇਆ। ਸਿੱਖਾਂ ਵੱਲੋਂ ਸਰਕੂਲਰ ਵਿਰੁੱਧ ਵਿਦਰੋਹ ਜਾਗ ਪਿਆ। ਸਿੱਖ ਲੀਡਰ ਪਿੱਟ ਉੱਠੇ: ਸਾਨੂੰ ਹਿੰਦੋਸਤਾਨ ਨਾਲ ਰਲਣ ਦਾ ਇਹ ਇਨਾਮ ਦਿੱਤਾ ਜਾ ਰਿਹਾ ਹੈ। ਬਾਬਾ ਖੜਕ ਸਿੰਘ ਨਹਿਰੂ ਦੇ ਨੇੜੇ ਸੀ, ਉਸ ਨੂੰ ਜਾ ਮਿਲਿਆ।

"ਪ੍ਰਧਾਨ ਮੰਤਰੀ ਜੀ! ਆਹ ਸਰਕੂਲਰ ਮਾਰਖੋਰੀ ਕੌਮ ਬਾਰੇ? ਸਾਡੇ ਸਿਰ 'ਤੇ ਨੰਗੀ ਤਲਵਾਰ, ਸਾਰੀ ਦੁਨੀਆਂ ਵਿਚ ਬਦਨਾਮ? ਬਹਾਦਰ ਕੌਮਪ੍ਰਸਤਾਂ ਤੇ ਦੇਸ਼ ਭਗਤਾਂ ਦਾ ਮੂੰਹ ਕਾਲਾ ਕਰਨ ਲੱਗੇ ਹੋ?"

ਨਹਿਰੂ ਨੇ ਬਾਬਾ ਜੀ ਨੂੰ ਚਾਹ ਪਿਆ ਕੇ ਠੰਡਾ ਕਰ ਲਿਆ।

"ਬਾਬਾ ਜੀ, ਮੈਨੂੰ ਤਾਂ ਇਹਦਾ ਪਤਾ ਨਹੀਂ; ਇਹ ਕਿਵੇਂ ਹੋ ਸਕਦਾ ਏ। ਮੈਂ ਹੁਣੇ ਵਾਪਸੀ ਦੇ ਹੁਕਮ ਦੇਂਦਾ ਆਂ।" ਚਾਲਾਕ ਨਹਿਰੂ ਪਲਟੀ ਮਾਰ ਗਿਆ।

ਨਹਿਰੂ ਦੀ ਚਾਪਲੂਸੀ ਨੇ ਵਿਗੜਦੀ ਗੱਲ ਨੂੰ ਸੰਭਾਲ ਲਿਆ, ਪਰ ਪਟੇਲ ਨੇ ਆਪਣਾ ਨਿਸ਼ਾਨਾ ਨਾ ਬਦਲਿਆ ਤੇ ਪ੍ਰਾਪਤੀ ਦਾ ਰਾਹ ਹੋਰ ਫੜ ਲਿਆ। ਅਸਲ ਮਸਲਾ ਸੀ ਸ਼੍ਰੋਮਣੀ ਅਕਾਲੀ ਦਲ ਨੂੰ ਕਾਂਗਰਸ ਵਿਚ ਸ਼ਾਮਲ ਕਰਨਾ, ਕਿਉਂਕਿ ਕਾਂਗਰਸ ਵਿਚ ਸ਼ਾਮਲ ਹੋਏ ਸਿੱਖ ਬੋਲਣ ਜੋਗੇ ਨਹੀਂ ਰਹਿੰਦੇ ਸਨ। ਆਜ਼ਾਦ ਵਿਚਾਰ ਆਪਣੇ ਘਰ ਵਿਚ ਹੁੰਦੀ ਐ। ਅਨਾੜੀ ਲੀਡਰ ਦੇਸ਼ ਦੀ ਵੰਡ ਸਮੇਂ ਆਪਣਾ ਕੌਮੀ ਘਰ ਨਹੀਂ ਪੈਦਾ ਕਰ ਸਕੇ ਸਨ। ਕੌਮੀ ਅਣਖ ਹੀ ਕਿਸੇ ਕੌਮ ਦਾ ਸਿਰ ਬੁਲੰਦ ਰੱਖ ਸਕਦੀ ਐ। ਡਾਵਾਂਡੋਲ ਹੋਈ ਕੌਮ ਆਪਣੀ ਹਸਤੀ ਕਾਇਮ ਰੱਖਣ ਲਈ ਆਸਰਾ ਲੱਭਦੀ ਸੀ। ਪਟੇਲ ਸਮਝਦਾ ਸੀ ਸਿੱਖ ਆਪਣਾ ਬਣਦਾ ਹੱਕ ਗਵਾ ਕੇ ਨਿੱਸਲ ਹੋ ਗਏ ਹਨ। ਕਾਂਗਰਸ ਵਿਚ ਸ਼ਾਮਲ ਕਰਕੇ ਸਹਿਜੇ ਹੀ ਖੱਸੀ ਕਰ ਲਏ ਜਾਣਗੇ। ਫਿਰ ਇਨ੍ਹਾਂ ਨੂੰ ਹਿੰਦੂ ਹੋਣ ਵਿਚ ਵੱਧ ਤੋਂ ਵੱਧ ਸੌ-ਪੰਜਾਹ ਸਾਲ ਲੱਗਣਗੇ। ਸਭ ਤੋਂ ਪਹਿਲਾਂ ਪਟੇਲ ਨੇ ਸਿੱਖ ਰਿਆਸਤਾਂ ਵਾਲਾ ਮੱਕੂ ਬੰਨ੍ਹਿਆ। ਸਿੱਖ ਰਿਆਸਤਾਂ ਵਿਚ ਸਿੱਖ ਹਸਤੀ, ਪੰਜਾਬੀ ਸੱਭਿਆਚਾਰ ਥੋੜ੍ਹਾ-ਬਹੁਤਾ ਜਿਉਂਦਾ ਸੀ। ਉਹ ਵੀ ਖ਼ਤਮ ਹੋ ਗਿਆ। ਪਰਜਾ ਮੰਡਲ ਵਾਲੇ ਰਿਆਸਤਾਂ ਖ਼ਤਮ ਕਰਵਾਉਣ ਵਿਚ ਖੁਸ਼ ਸਨ, ਪਰ ਸਿੱਖ ਹਸਤੀ ਜਿਉਂਦੀ ਰੱਖਣ ਦੀ ਉਨ੍ਹਾਂ ਕੋਲ ਅਕਲ ਹੀ ਨਹੀਂ ਸੀ। ਭਾਵੇਂ ਅੰਗਰੇਜ਼ ਸਿੱਖਾਂ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੇ ਬਰਾਬਰ ਕੌਮ ਮੰਨਦਾ ਸੀ, ਪਰ ਕੌਮੀ ਪੱਖ ਬੁਰੀ ਤਰ੍ਹਾਂ ਖੁਰਦੇ ਗਏ। ਸਿੱਖਾਂ ਨੂੰ ਕਾਂਗਰਸ ਵੱਲੋਂ ਦਰੜਨ ਕਾਰਨ ਸਮੁੱਚੇ ਪੰਜਾਬ ਨਾਲ ਅਨਿਆਂ ਤੇ ਰਾਜਸੀ ਧੱਕੇ ਲਗਾਤਾਰ ਚੱਲਦੇ ਰਹੇ।

ਇੱਕ ਚੰਗੀ ਗੱਲ ਹੋਈ, ਪਾਕਿਸਤਾਨ ਵਿਚੋਂ ਆਏ ਸਿੱਖ ਪੰਜਾਬ ਵਿਚ ਹੀ ਟਿਕ ਗਏ। ਇਉਂ ਪੰਜਾਬ ਵਿਚ ਸਿੱਖਾਂ ਦੀ ਚੜ੍ਹਤ ਬਣੀ ਰਹੀ, ਪਰ ਪਟੇਲ ਦੇ ਮਰ ਜਾਣ ਪਿੱਛੋਂ ਸਿੱਖਾਂ ਨੂੰ ਦਬਾਉਣ ਦਾ ਕੰਮ ਉਸ ਦੇ ਚੇਲਿਆਂ-ਚਾਟੜਿਆਂ ਸੰਭਾਲ ਲਿਆ। ਵਿਧਾਨ ਅਸੈਂਬਲੀ ਦੇ ਦੋਵਾਂ ਸਿੱਖ ਮੈਂਬਰਾਂ ਦੇ ਰੌਲਾ ਪਾਉਣ ਦੇ ਬਾਵਜੂਦ ਸਿੱਖਾਂ ਨੂੰ ਹਿੰਦੂ ਮਤ ਵਿਚ ਸ਼ਾਮਲ ਕਰ ਲਿਆ। ਜਦ ਕੋਈ ਚਾਰਾ ਨਾ ਚੱਲਿਆ ਤਾਂ ਦੋਵਾਂ ਮੈਂਬਰਾਂ ਨੇ ਵਿਧਾਨ ਦੀ ਕਾਰਵਾਈ 'ਤੇ ਦਸਤਖ਼ਤ ਕਰਨੋਂ ਇਨਕਾਰ ਕਰ ਦਿੱਤਾ। ਸਿੱਖ ਆਗੂਆਂ ਨੂੰ ਮਿਸਟਰ ਜਿਨਾਹ ਦੀਆਂ ਆਖੀਆਂ ਗੱਲਾਂ ਯਾਦ ਆਈਆਂ:

"ਕਾਂਗਰਸ ਪੱਕੀ ਹਿੰਦੂ ਜਮਾਤ ਹੈ; ਇਸ ਨੈਸ਼ਨਲਿਜ਼ਮ ਦਾ ਬੁਰਕਾ ਪਾਇਆ ਹੋਇਆ ਹੈ। ਤੁਸਾਂ ਸਿੱਖੋ, ਹਿੰਦੂਆਂ ਦੀ ਚਾਪਲੂਸੀ ਵੇਖੀ ਐ, ਗੁਲਾਮੀ ਨਹੀਂ ਵੇਖੀ।"

ਮਿਸਟਰ ਜਿਨਾਹ ਦਾ ਇਹ ਸੱਚ ਕੌੜੀ ਕੁਨੈਨ ਸੀ, ਜਿਹੜੀ ਸਿੱਖਾਂ ਨਿਗਲੀ ਨਾ ਅਤੇ ਹੁਣ ਗੁਲਾਮੀ ਦੇ ਵਾਰੀ ਵਾਰੀ ਨਤੀਜੇ ਭੁਗਤਣ ਦਾ ਸਮਾਂ ਆ ਗਿਆ ਸੀ। ਪਟੇਲ ਅਥਵਾ ਗੋਲਵਰਕਰ ਦੀ ਵਿਚਾਰਧਾਰਾ ਆਪਣੇ ਰੰਗ ਵਿਖਾਉਣ ਲੱਗੀ। ਪੰਜਾਬ ਕੋਲ ਇੱਕੋ ਇੱਕ ਪੈਦਾਵਾਰੀ ਸਾਧਨ ਪਾਣੀ ਸੀ। ਕੇਂਦਰ ਸਰਕਾਰ ਨੇ ਪੰਜਾਬ ਕਾਂਗਰਸ ਦੇ ਵਜ਼ੀਰਾਂ ਕੋਲੋਂ ਅੰਗੂਠੇ ਲਗਵਾ ਕੇ ਪਾਣੀ ਨਾਲ ਬਿਜਲੀ ਵੀ ਮੁਫ਼ਤ ਵਿਚ ਹੜੱਪ ਲਈ। ਕੋਈ ਮੁਆਵਜ਼ਾ ਨਹੀਂ। ਕਿਸੇ ਸਮਝੌਤੇ 'ਤੇ ਮੁੜ ਨਜ਼ਰਸਾਨੀ ਦੀ ਮਦ ਹੀ ਨਹੀਂ। ਜੋ ਹੋ ਗਿਆ ਸਦਾ ਲਈ ਹੋ ਗਿਆ। ਸਿੱਟਾ ਇਹ ਨਿਕਲਿਆ ਹਰਿਆਣਾ, ਰਾਜਸਥਾਨ ਤੇ ਦਿੱਲੀ ਖੁਸ਼ਹਾਲ ਹੁੰਦੇ ਗਏ ਤੇ ਪੰਜਾਬ ਕੰਗਾਲ ਹੋਣਾ ਸ਼ੁਰੂ ਹੋ ਗਿਆ। ਪੰਜਾਬ ਦੀ ਹੀ ਨਹੀਂ, ਸਿੱਖੀ ਦੀ ਰੀੜ੍ਹ ਵੀ ਕਿਸਾਨੀ ਹੈ, ਜਿਹੜੀ ਦਮ ਤੋੜਦੀ ਜਾ ਰਹੀ ਹੈ। ਪੰਜਾਬ ਦੀ ਕਾਂਗਰਸ ਨੇ ਚੰਦ ਵਜ਼ੀਰੀਆਂ ਖ਼ਾਤਰ ਸਾਰਾ ਪੰਜਾਬ ਹਾਰ ਦਿੱਤਾ। ਪਟੇਲ ਦੇ ਚੇਲਿਆਂ ਸਮਝ ਲਿਆ ਸੀ, ਆਰਥਕ ਸਕੰਜਾ ਕਸਣ ਨਾਲ ਸਿੱਖ ਸਭ ਕੁਝ ਹੀ ਛੱਡ ਦੇਣਗੇ। ਉਨ੍ਹਾਂ ਵਾਸਤੇ ਦੋ ਹੀ ਰਾਹ ਹਨ। ਗੁਲਾਮੀ ਹੰਢਾਣ ਸਿੱਧੇ ਹੋ ਕੇ ਜਾਂ ਹਿੰਦੂ ਧਰਮ ਪ੍ਰਵਾਨ ਕਰਨ। ਉਹੀ ਮੁਸਲਮਾਨੀ ਫ਼ਤਵਾ: "ਕਲਮਾਂ ਪੜ੍ਹ ਜਾਂ ਚਰਖੜੀ ਚੜ੍ਹ।" ਇਸ ਰਾਜ ਵਿਚ ਇੱਕ ਫ਼ਰਕ ਜ਼ਰੂਰ ਸੀ; ਇਕਦਮ ਨਹੀਂ ਮਾਰਦੇ ਸੀ, ਸਗੋਂ ਸਤਾਅ-ਸਤਾਅ, ਭੁੱਖਿਆਂ ਤੇ ਨੰਗਿਆਂ ਕਰਕੇ ਖ਼ੁਦਕਸ਼ੀਆਂ ਰਾਹੀਂ ਖ਼ਤਮ ਕਰਦੇ ਸਨ। ਸ਼੍ਰੋਮਣੀ ਅਕਾਲੀ ਦਲ ਨੂੰ ਦੁਹਾਈ ਪਾਈ, ਸੁਣੀ ਕਿਸੇ ਨਾ। ਮੋਰਚਿਆਂ ਦੀ ਜੰਗ ਸ਼ੁਰੂ ਕੀਤੀ, ਸਰਕਾਰ ਨੇ ਲੰਮਿਆਂ ਪਾ ਕੇ ਰੋਲ ਦਿੱਤਾ। ਵਿਦਰੋਹ ਹੋਰ ਤੇਜ਼ ਹੋਇਆ, ਗੋਲੀਆਂ ਚੱਲੀਆਂ, ਸਿੰਘ ਸ਼ਹਾਦਤਾਂ ਪਾ ਗਏ। ਜਦੋਂ ਮੁਲਜ਼ਮ ਹੀ ਜੱਜ ਹੋਵੇ, ਨਿਆਂ ਕਿੱਥੋਂ? ਪੰਚਾਂ ਦਾ ਆਖਿਆ ਸਿਰ ਮੱਥੇ, ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ।

ਪਹਿਲੀ ਧਾਰਨਾ, ਮਜ਼ਬੂਤ ਕੇਂਦਰ ਨੇ ਪੰਜਾਬ ਦੇ ਕਾਂਗਰਸੀਆਂ 'ਤੇ ਕਦੇ ਪੂਰਨ ਭਰੋਸਾ ਨਹੀਂ ਰੱਖਿਆ। ਹਮੇਸ਼ਾ ਪੰਜਾਬ ਕਾਂਗਰਸ ਦੇ ਦੋ ਧੜੇ ਬਣਾ ਕੇ ਬਾਂਦਰ ਤੇ ਬਿੱਲੀਆਂ ਦੇ ਪਨੀਰ ਦੀ ਵੰਡ ਦੁਹਰਾਈ। ਕਾਂਗਰਸ ਦਾ ਕੇਂਦਰ ਹੀ ਪੰਜਾਬ ਦੀਆਂ ਮੈਂਬਰੀਆਂ ਲਈ ਟਿਕਟਾਂ ਦੇਵੇ, ਮਰਜ਼ੀ ਦੇ ਵਜ਼ੀਰ ਥਾਪੇ। ਪੰਜਾਬ ਦੇ ਸਾਰੇ ਕਾਂਗਰਸੀਆਂ ਨੂੰ ਸਤਿ ਬਚਨ ਆਖਣਾ ਪੈਂਦਾ। ਕੇਂਦਰ ਨੂੰ ਹਮੇਸ਼ਾ ਇਹ ਡਰ ਲੱਗਾ ਰਹਿੰਦਾ, ਕਿਤੇ ਪੰਜਾਬ ਦੇ ਕਾਂਗਰਸੀ ਇੱਕ ਹੋ ਕੇ ਪੰਜਾਬ ਦੇ ਬਣਦੇ ਜਾਇਜ਼ ਹੱਕਾਂ ਲਈ ਸੋਚਣ ਤੇ ਮੰਗ ਨਾ ਕਰਨ ਲੱਗ ਪੈਣ। ਪੰਜਾਬ ਦੇ ਹੱਕਾਂ ਨੂੰ ਮੰਨਣ ਦਾ ਚਿੱਟਾ ਮਤਲਬ ਸੀ, ਸਿੱਖਾਂ ਦੇ ਕੌਮੀ ਪੱਖਾਂ ਨੂੰ ਮਜ਼ਬੂਤ ਕਰਨਾ ਜਿਨ੍ਹਾਂ ਨੂੰ ਕਾਂਗਰਸ ਹਰ ਪੱਖੋਂ ਖ਼ਤਮ ਕਰਨ ਲਈ ਮਨ ਪੱਕਾ ਕਰੀ ਬੈਠੀ ਸੀ। ਉਨ੍ਹਾਂ ਦੀ ਮੰਗ ਮੰਨ ਕੇ ਆਪਣੇ ਪੈਰ ਕਦੋਂ ਕੁਹਾੜੀ ਮਾਰਦੀ ਸੀ। ਪੰਜਾਬ ਕਾਂਗਰਸ ਦੀ ਗੱਦਾਰੀ ਦੀ ਗਾਥਾ ਕਹਿਣ ਦੀ ਬਹੁਤੀ ਲੋੜ ਨਹੀਂ। ਇਹ ਉਹ ਚੂਹੇ ਸਨ, ਜਿਹੜੇ ਦੁਸ਼ਮਣ ਦੇ ਇਸ਼ਾਰੇ 'ਤੇ ਸਿੱਖ ਸਿਦਕ ਦੇ ਪਹਾੜ ਵਿਚ ਖੁੱਡਾਂ ਪਾ ਕੇ ਉਸ ਨੂੰ ਪੋਲਾ ਕਰਦੇ ਸਨ।

ਦੂਜੀ ਧਾਰਨਾ ਚਤਰ ਫ਼ਿਰਕੂਆਂ ਇਹ ਅਪਣਾਈ, ਡੇਰਿਆਂ ਵਾਲੇ ਸਿੱਖ ਸਾਧਾਂ ਸੰਤਾਂ, ਨਿਹੰਗ ਮੁਖੀਆਂ, ਨਿਰੰਕਾਰੀਆਂ, ਰਾਧਾ ਸੁਆਮੀਆਂ ਤੇ ਹੋਰ ਸਿੱਖ ਸੰਪਰਦਾਵਾਂ ਦੇ ਆਗੂਆਂ ਨੂੰ ਹਕੂਮਤੀ ਜਾਲ ਵਿਚ ਫੜਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਮੁਖੀਆਂ ਦਾ ਸਿੱਖਾਂ ਵਿਚ ਬਹੁਤ

ਆਧਾਰ ਸੀ। ਇਸ ਆਧਾਰ ਨੂੰ ਸ਼੍ਰੋਮਣੀ ਅਕਾਲੀ ਦਲ ਨਾਲੋਂ ਤੋੜ ਕੇ ਆਪਣੇ ਨਾਲ ਜੋੜਨ ਲਈ ਹਰ ਜਾਇਜ਼-ਨਾਜਾਇਜ਼ ਹਰਬਾ ਵਰਤਿਆ। ਇਨ੍ਹਾਂ ਮੁਖੀਆਂ ਲਾਲਚ ਵੱਸ ਸ਼੍ਰੋਮਣੀ ਅਕਾਲੀ ਦਲ ਦਾ ਚੋਣਾਂ ਵਿਚ ਵਿਰੋਧ ਸ਼ੁਰੂ ਕਰ ਦਿੱਤਾ। ਸਭ ਤੋਂ ਵੱਡੀ ਟੱਕਰ 1978 ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਅਤੇ ਅਖੰਡ ਕੀਰਤਨੀ ਜਥੇ ਜਮ੍ਹਾਂ ਦਮਦਮੀ ਟਕਸਾਲ ਨਾਲ ਹੋ ਗਈ, ਜਿਸ ਵਿਚ ਤੇਰਾਂ ਸਿੰਘ ਸ਼ਹੀਦ ਹੋ ਗਏ। ਤੇਰਾਂ ਸਿੰਘਾਂ ਦੀ ਸ਼ਹਾਦਤ ਨੇ ਅੰਮ੍ਰਿਤਸਰ ਵਿਚ ਤਰਥੱਲ ਪਾ ਦਿੱਤਾ।

ਪੁਲੀਸ ਦੇ ਲਿਖਵਾਈ ਰਿਪੋਰਟ ਅਥਵਾ ਐੱਫ. ਆਈ. ਆਰ. ਵਿਚ ਮੁੱਖ ਦੋਸ਼ੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਨੂੰ ਲਿਖਵਾਇਆ ਗਿਆ। ਉਸ ਅਦਾਲਤ ਨੂੰ ਅਰਜ਼ੀ ਦਿੱਤੀ ਕਿ “ਮੇਰਾ ਮੁਕੱਦਮਾ ਪੰਜਾਬ ਤੋਂ ਬਾਹਰ ਬਦਲਿਆ ਜਾਵੇ, ਕਿਉਂਕਿ ਏਥੇ ਅਕਾਲੀ ਸਰਕਾਰ ਹੈ ਤੇ ਮੈਨੂੰ ਇਨਸਾਫ਼ ਮਿਲਣ ਦੀ ਆਸ ਨਹੀਂ।” ਜੱਜ ਨੇ ਮੁਕੱਦਮਾ ਬਦਲ ਕੇ ਕਰਨਾਲ ਸੈਸ਼ਨ ਜੱਜ ਦੇ ਲਾ ਦਿੱਤਾ। ਸਰਕਾਰੀ ਵਕੀਲਾਂ ਮੁਕੱਦਮੇ ਦੀ ਬਦਲੀ ਦਾ ਖ਼ਾਸ ਵਿਰੋਧ ਨਾ ਕੀਤਾ। ਉਨ੍ਹਾਂ ਦਾ ਕਹਿਣਾ ਸੀ, ਕਾਨੂੰਨ ਤਾਂ ਹਰ ਜਗ੍ਹਾ ਇੱਕੋ ਜਿਹਾ ਹੀ ਹੈ, ਪਰ ਪੱਕੇ ਗਵਾਹਾਂ ਦੀ ਸ਼ਹਾਦਤ ਤੇ ਸਬੂਤਾਂ ਦੇ ਬਾਵਜੂਦ ਗੁਰਬਚਨ ਸਿੰਘ ਸਾਫ਼ ਬਰੀ ਹੋ ਗਿਆ। ਸਾਰੇ ਜਗਤ ਵਿਚ ਹਾਹਾਕਾਰ ਮੱਚ ਗਈ। ਲੋਕ ਆਮ ਆਖ ਰਹੇ ਸਨ ਕਿ ਸਰਕਾਰੀ ਹਾਕਮਾਂ ਦੀ ਸਿਫ਼ਾਰਸ਼ ਨਾਲ ਛੁਟਿਆ ਹੈ। ਤੇਰਾਂ ਸਿੰਘ ਮਾਰੇ ਗਏ, ਲੋਹੜਾ ਸਾਈਂ ਦਾ ਕਾਤਲ ਸਾਫ਼ ਬਰੀ? ਸਿੱਖਾਂ ਵਿਚ ਪ੍ਰਤੀਕਰਮ ਵਜੋਂ ਰੋਸ ਜਾਗ ਪਿਆ। ਲੋਕ ਪਹਿਲਾਂ ਹੀ ਸ਼ੰਕਾ ਕਰ ਰਹੇ ਸਨ: ਸਰਕਾਰ ਆਪਣੇ ਏਜੰਟਾਂ ਨੂੰ ਤੱਤੀ 'ਵਾ ਨਹੀਂ ਲੱਗਣ ਦੇਵੇਗੀ।

ਗੁਰਬਚਨ ਸਿੰਘ ਦੇ ਛੁਟ ਜਾਣ ਨੇ ਸਿਦਕੀ ਸਿੰਘਾਂ ਦੇ ਦਿਲਾਂ ਵਿਚ ਬਦਲੇ ਦੀ ਭਾਵਨਾ ਦੇ ਭਾਂਬੜ ਬਾਲ ਦਿੱਤੇ। ਅਜਿਹੇ ਸਿੰਘਾਂ ਵਿਚੋਂ ਇੱਕ ਰਣਜੀਤ ਸਿੰਘ ਰਾਮਗੜ੍ਹੀਆ ਦਿੱਲੀ ਦਾ ਰਹਿਣ ਵਾਲਾ ਸੀ, ਜਿਹੜਾ ਮਿਸਤਰੀਪੁਣੇ ਦਾ ਕੰਮ ਕਰਦਾ ਸੀ। ਬਿਲਕੁਲ ਸਾਦਾ ਜੀਵਨ ਗੁਰਮੁਖਾਂ ਵਾਲਾ। ਗੁੱਸੇ ਦੀ ਨਿਕਲੀ ਲਾਟ ਉਸ ਨੂੰ ਕੁਝ ਵਧੇਰੇ ਹੀ ਲੂਹ ਗਈ। ਉਹ ਸਿਦਕ ਸਿਰੜ ਵਿਚ ਪੂਰਾ ਨਿਤਨੇਮੀ ਸੀ। ਪੰਜਾਬ ਦੀ ਇਤਿਹਾਸਕ ਮਿੱਟੀ, ਸ਼ਹੀਦਾਂ ਦੇ ਲਹੂ ਵਿਚ ਭਿੱਜੀ ਨਿਰੀ ਅਣਖ਼ ਦਾ ਰੂਪ ਧਾਰ ਚੁੱਕੀ ਸੀ। ਇਹ ਮਿੱਟੀ ਸੁੱਤੇ ਸ਼ੇਰ ਵਰਗੀ ਏ, ਨਾ ਜਾਗੇ ਤਾਂ ਨਾ ਜਾਗੇ। ਸੇਵਾ ਭਾਵਨਾ ਵਿਚ ਮਸਤ ਰਹਿੰਦੀ ਏ। ਪਰ ਜੇ ਕੋਈ ਇਸ ਦੀ ਗ਼ੈਰਤ ਨੂੰ ਜ਼ਖ਼ਮੀ ਕਰੇ ਤਾਂ ਭੁੱਬ ਮਾਰ ਕੇ ਉੱਠਦੀ ਹੈ। ਦੁਸ਼ਮਣ ਨੂੰ ਲਲਕਾਰਦੀ ਭੜਥੂ ਪਾ ਛੱਡਦੀ ਏ। ਤੇਰਾਂ ਸਿੰਘਾਂ ਦੇ ਕਤਲ ਦਾ ਕੇਸ ਤੁੱਥ-ਮੁੱਥ ਕਰਕੇ ਖਾਰਜ ਕਰਨਾ ਰਣਜੀਤ ਸਿੰਘ ਦੀ ਸੁੱਤੀ ਅਣਖ਼ ਨੂੰ ਬੁਰੀ ਤਰ੍ਹਾਂ ਝੰਜੋੜ ਗਿਆ। ਉਸ ਹਰ ਹਾਲਤ ਵਿਚ ਬਦਲਾ ਲੈਣ ਦਾ ਮਨ ਵਿਚ ਪ੍ਰਣ ਧਾਰ ਲਿਆ। ਸੱਚੇ ਮਨੋ ਨਿਤਨੇਮ ਕਰਕੇ ਅਰਦਾਸ ਕੀਤੀ: “ਸੱਚੇ ਪਾਤਸ਼ਾਹ ਬਲ ਬਖ਼ਸ਼ੋ, ਨਰਕਧਾਰੀ ਨੂੰ ਸੋਧਿਆ ਜਾਵੇ।” ਉਸ ਆਪਣੇ ਵਰਗੇ ਵਫ਼ਦਾਰ ਸਾਥੀ ਕਾਬਲ ਸਿੰਘ ਨੂੰ ਨਾਲ ਜੋੜ ਲਿਆ, ਜਿਹੜਾ ਉਸ ਦਾ ਮਿੱਤਰ ਦਿੱਲੀ ਵਿਚ ਹੀ ਕੰਮ ਕਰਦਾ ਸੀ। ਇੱਕ ਉਦਾਸੀ, ਦੂਜੀ ਬੇਚੈਨੀ, ਉਨ੍ਹਾਂ ਨੂੰ ਬੇਕਰਾਰ ਕਰ ਰਹੀ ਸੀ। ਕਿਹੜਾ ਵੇਲਾ ਹੋਵੇ, ਜਦੋਂ ਹੰਕਾਰੀ ਨਿਰੰਕਾਰੀ ਨੂੰ ਪਾਰ ਬੁਲਾਇਆ ਜਾਵੇ।

ਨਿਰੰਕਾਰੀ ਭਵਨ ਵਿਚ ਐਨਾ ਸਖ਼ਤ ਪਹਿਰਾ ਸੀ ਕਿ ਚਿੜੀ ਵੀ, ਪਰ ਨਹੀਂ ਮਾਰ ਸਕਦੀ ਸੀ। ਸਿੱਧਿਆਂ ਅੰਦਰ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਗੁਰਬਚਨ ਸਿੰਘ

ਦੇ ਬੁਲਟ ਪਰੂਫ਼ ਮਰਸਡੀ ਕਾਰ ਵਿਚ ਸਫ਼ਰ ਕਰਦਿਆਂ ਹਥਿਆਰਬੰਦ ਪਹਿਰੇਦਾਰ ਹਮੇਸ਼ਾ ਨਾਲ ਹੁੰਦੇ ਸਨ। ਕੋਈ ਸਬੀਲ ਸਿਰੇ ਚੜ੍ਹਦੀ ਨਜ਼ਰ ਨਹੀਂ ਆਉਂਦੀ ਸੀ। ਰਣਜੀਤ ਸਿੰਘ ਨੇ ਆਪਣੀ ਸਕੀਮ ਥੋੜ੍ਹੀ ਢਿੱਲੀ ਪਾ ਦਿੱਤੀ: ਸਮਾਂ ਬਦਲਾ ਲੈਣ ਦਾ ਕੋਈ ਤਾਂ ਰਾਹ ਕੱਢੇਗਾ। ਨਹੀਂ ਤਾਂ ਨਰਕਧਾਰੀ ਤੇ ਉਸ ਦੀ ਪਿੱਠੂ ਸਰਕਾਰ ਕੀ ਸਮਝੇਗੀ; ਸਿੱਖ ਕੌਮ ਵਿਚੋਂ ਗੈਰਤ ਹੀ ਮਰ ਗਈ। ਉਸ ਗੁਰੂ ਭਰੋਸੇ ਹਾਲਾਤ ਨੂੰ ਆਪਣੇ ਅਨੁਸਾਰੀ ਬਣਾਉਣ ਲਈ ਇੰਤਜ਼ਾਰ ਕਰਨਾ ਹੀ ਠੀਕ ਸਮਝਿਆ। ਇਸ ਤਰ੍ਹਾਂ ਉਬਾਲੇ ਖਾਂਦਾ ਜੋਸ਼ ਥੋੜ੍ਹਾ ਸੋਚ ਦੇ ਰਾਹ ਪੈ ਗਿਆ।

ਤੁਰੋਗੇ ਤਾਂ ਮੰਜ਼ਲ ਆਵੇਗੀ, ਖੋਜੋਗੇ ਤਾਂ ਪਾਵੋਗੇ ਦੇ ਅਸੂਲ ਅਨੁਸਾਰ ਇੱਕ ਵਿਉਂਤ ਅੱਗੇ ਆ ਗਈ, ਜਾਂ ਸਮਝੋ ਹਾਲਾਤ ਨੇ ਸਬੀਲ ਪੈਦਾ ਕਰ ਦਿੱਤੀ। ਇਕ ਦਿਨ ਕੁਦਰਤੀ ਮਿਸਤਰੀ ਰਣਜੀਤ ਸਿੰਘ ਡਾਕਟਰ ਦੇਸ ਰਾਜ ਦੇ ਕਲੀਨਿਕ ਅੱਗੋਂ ਦੀ ਲੰਘਿਆ, ਥੋੜ੍ਹਾ ਅਗਾਂਹ ਜਾ ਕੇ ਸੋਚ ਫੁਰੀ: ਕਿਉਂ ਨਾ ਇਸ ਨਿਰੰਕਾਰੀ ਨਾਲ ਬਿਮਾਰੀ ਦਾ ਬਹਾਨਾ ਖੜ੍ਹਾ ਕਰਕੇ ਮੇਲ-ਮਿਲਾਪ ਵਧਾਇਆ ਜਾਵੇ ਤੇ ਨਿਰੰਕਾਰੀ ਭਵਨ ਅੰਦਰ ਵੜਦੇ ਹੋ ਜਾਈਏ। ਡਾ. ਦੇਸ ਰਾਜ ਨਿਰੰਕਾਰੀ ਸੰਸਥਾ ਵਿਚ ਸੱਤਵਾਂ ਸਿਤਾਰਾ ਸੀ। ਨਿਰੰਕਾਰੀ ਮਹਾਰਾਜ ਨੇ ਇਸ ਤਰ੍ਹਾਂ ਦੀਆਂ ਕਿੰਨੀਆਂ ਹੀ ਪਦਵੀਆਂ ਆਪਣੇ ਸ਼ਰਧਾਲੂਆਂ ਨੂੰ ਬਖ਼ਸ਼ੀਆਂ ਹੋਈਆਂ ਸਨ। ਉਸ ਸਿੱਖ ਗੁਰੂ ਘਰ ਦੀਆਂ ਤਾਰੀਖੀ ਹਸਤੀਆਂ ਦੇ ਨਾਂ ਆਪਣੇ ਆਹੁਦੇਦਾਰਾਂ ਨਾਲ ਜੋੜੇ ਹੋਏ ਸਨ। ਇਸ ਤਰ੍ਹਾਂ ਇਤਿਹਾਸਕ ਸਿੱਖ ਸ਼ਰਧਾ ਦਾ ਸਿਰ ਨੀਵਾਂ ਹੁੰਦਾ ਸੀ। ਉਹ ਪੇਟ ਦੀ ਖ਼ਰਾਬੀ ਦਾ ਬਹਾਨਾ ਬਣਾ ਕੇ ਡਾ. ਦੇਸ ਰਾਜ ਕੋਲ ਜਾਣ ਲੱਗ ਪਿਆ। ਸੱਤਵੇਂ ਸਿਤਾਰੇ ਨੇ ਗੁਰਬਾਣੀ ਵਿਚ ਅਟੁੱਟ ਸ਼ਰਧਾ ਰੱਖਣ ਵਾਲੇ ਸਿੱਖ ਉੱਤੇ ਨਿਰੰਕਾਰੀ ਪਾਣ ਚਾੜ੍ਹਨੀ ਸ਼ੁਰੂ ਕਰ ਦਿੱਤੀ। ਉਸ ਦੀ ਪ੍ਰੇਰਨਾ ਵਿਚ ਆ ਕੇ ਰਣਜੀਤ ਸਿੰਘ ਨੇ ਸਤਿ ਬਚਨ ਆਖਣਾ ਸ਼ੁਰੂ ਕਰ ਦਿੱਤਾ; ਨਾਲ ਹੀ ਉਸ ਇੱਕ ਪਿੱਛੋਂ ਦੂਜੀ ਬਿਮਾਰੀ ਦਾ ਬਹਾਨਾ ਬਣਾਈ ਰੱਖਿਆ।

"ਡਾਕਟਰ ਸਾਹਿਬ, ਕੀ ਕਰਾਂ ਮਨ ਨੂੰ ਸ਼ਾਂਤੀ ਨਹੀਂ ਆਉਂਦੀ?"

"ਭਾਈ ਰਣਜੀਤ ਸਿਆਂ ਤੂੰ ਗੁਰੂ ਦਾ ਪੂਰਾ ਸਿੱਖ; ਮੈਂ ਚਾਹੁੰਦਾ ਆਂ, ਤੂੰ ਨਿਰੰਕਾਰੀ ਸਤਿਸੰਗ ਵਿੱਚ ਆ। ਮਹਾਂਪੁਰਖ਼ਾਂ ਦੇ ਦਰਸ਼ਨ ਕਰਕੇ ਜਨਮ ਸਫ਼ਲਾ ਕਰ। ਉਨ੍ਹਾਂ ਤੋਂ ਨਾਮ ਲੈ। ਤੇਰੇ ਮਨ ਨੂੰ ਸ਼ਾਂਤੀ ਵੀ ਆਵੇਗੀ ਤੇ ਸਭ ਬਿਮਾਰੀਆਂ ਦੂਰ ਹੋ ਜਾਣਗੀਆਂ।"

"ਕਦੇ ਜ਼ਰੂਰ ਦਰਸ਼ਨ ਕਰਾਂਗਾ ਡਾਕਟਰ ਸਾਹਿਬ।" ਉਸ ਦਿਲ ਵਿਚ ਆਖਿਆ, ਜਨਮ ਸਫ਼ਲਾ ਕਰਨ ਦਾ ਮੌਕਾ ਛੇਤੀ ਆਵੇ।

"ਕਦੇ ਨਹੀਂ, ਐਸ ਐਤਵਾਰ ਹੀ।"

"ਕੋਸ਼ਿਸ਼ ਕਰਾਂਗਾ।" ਰਣਜੀਤ ਸਿੰਘ ਨੇ ਪੈਂਠ ਮਜ਼ਬੂਤ ਕਰਨ ਲਈ ਇੱਕ ਟਾਲਾ ਮਾਰ ਦਿੱਤਾ।

"ਨਾ ਬਈ ਰਣਜੀਤ ਸਿਆਂ, ਇਸ ਐਤਵਾਰ ਜ਼ਰੂਰ ਆਉਣਾ ਏ।" ਸੱਤਵੇਂ ਸਿਤਾਰੇ ਨੇ ਉਸ ਦਾ ਮੋਢਾ ਫੜ ਕੇ ਹਲੂਣਿਆ।

"ਮੈਂ ਸੁਣਿਆ ਏ, ਉੱਥੇ ਪਹਿਰਾ ਬੜਾ ਸਖ਼ਤ ਏ। ਮੈਂ ਅੰਮ੍ਰਿਤਧਾਰੀ ਆਂ। ਅਕਾਲੀਆਂ ਤੇ ਜਥੇਦਾਰ ਸੰਤੋਖ ਸਿੰਘ ਦਾ ਯਾਰ ਆਂ, ਭਾਵੇਂ ਅਕਾਲੀਆਂ ਨਾਲ ਮੇਰੀ ਬਣਦੀ ਨਹੀਂ।" ਭਾਈ ਰਣਜੀਤ ਸਿੰਘ ਨੇ ਪਹਿਲੋਂ ਖ਼ਦਸ਼ਾ ਜ਼ਾਹਰ ਕੀਤਾ; ਮੁੜ ਸੱਚ ਵੀ ਬੋਲਿਆ ਤੇ ਮੋੜ ਘੋੜ ਵੀ ਪਾਏ।

"ਮੇਰੇ ਹੁੰਦਿਆਂ ਤੈਨੂੰ ਕੋਈ ਰੋਕ ਟੋਕ ਨਹੀਂ ਹੋਵੇਗੀ", ਡਾਕਟਰ ਨੇ ਹਰ ਤਰ੍ਹਾਂ ਹਿੱਕ ਥਾਪੜੀ।

ਪਰ ਰਣਜੀਤ ਸਿੰਘ ਨੇ ਦੋ ਤਿੰਨ ਐਤਵਾਰ ਟਾਲ ਮਟੋਲ ਵਿਚ ਲੰਘਾ ਦਿੱਤੇ। ਉਹ ਇਤਬਾਰ ਹੋਰ ਮਜ਼ਬੂਤ ਕਰਨਾ ਚਾਹੁੰਦਾ ਸੀ। ਆਖ਼ਰ ਉਹ ਦਿਨ ਆ ਹੀ ਗਿਆ, ਅੰਦਰ ਜਾਣ ਵਾਲਾ। 16 ਫ਼ਰਵਰੀ, 1980 ਨੂੰ ਸੂਰਜ ਗ੍ਰਹਿਣ ਸੀ ਜਿਸ ਦਿਨ ਪਹਿਲੀ ਵਾਰ ਨਿਰੰਕਾਰੀ ਸਤਿਸੰਗ ਵਿਚ ਪ੍ਰਵੇਸ਼ ਕੀਤਾ। ਕਈਆਂ ਉਸ ਦੇ ਅੰਮ੍ਰਿਤਧਾਰੀ ਹੋਣ ਕਾਰਨ ਇਤਰਾਜ਼ ਕੀਤਾ, ਪਰ ਸੱਤਵੇਂ ਸਿਤਾਰੇ ਨੇ ਸਭ ਨੂੰ ਸਮਝਾ ਲਿਆ। ਸਤਿਸੰਗ ਪਿੱਛੋਂ ਡਾਕਟਰ ਦੇਸ ਰਾਜ ਨੇ ਨਿਰੰਕਾਰੀ ਬਾਬੇ ਗੁਰਬਚਨ ਸਿੰਘ ਨਾਲ ਮਿਲਾਇਆ। ਭਾਈ ਨੇ ਹੱਥ ਜੋੜ ਕੇ ਫ਼ਤਹਿ ਬੁਲਾਈ। ਅੱਗੋਂ ਮਹਾਂਪੁਰਸ਼ ਬੜੇ ਪਿਆਰ ਨਾਲ ਮਿਲੇ। ਬੋਲੇ:

"ਭਾਈ ਸਿੱਖਾ, ਸਿਦਕਵਾਨ ਰਹੀਂ, ਸਤਿਸੰਗ ਨਹੀਂ ਛੱਡਣਾ। ਇਸ ਦੀ ਮਹਿਮਾ ਅਪਰਮਪਾਰ ਹੈ। ਆਹ ਲੈ ਪੰਜ ਦਾ ਨੋਟ, ਖ਼ਰਚਨਾ ਨਹੀਂ, ਹਮੇਸ਼ਾ ਜੇਬ੍ਹ ਵਿਚ ਰੱਖਣਾ ਏ।"

"ਬਾਬਾ ਜੀ! ਮਨ ਸ਼ਾਂਤ ਨਹੀਂ, ਬੁਰੇ ਸੁਪਨੇ ਆਉਂਦੇ ਐ।" ਰਣਜੀਤ ਸਿੰਘ ਨੇ ਅੰਦਰਲਾ ਸੱਚ ਕਹਿ ਦਿੱਤਾ। "ਗੁਰੂ ਮਿਹਰਵਾਨ ਐ, ਸਤਿਸੰਗ ਕਰਦੇ ਰਹੋ, ਮਨ ਪਾਕ ਸਾਫ਼ ਤੇ ਸੁੱਚਾ ਸੋਨਾ ਹੋ ਜਾਵੇਗਾ।" ਗੁਰਬਚਨ ਸਿੰਘ ਨੇ ਪਰਵਚਨ ਦੁਹਰਾਏ।

ਉਹ ਬਾਬਾ ਜੀ ਦੇ ਪੈਰ ਛੂਹ ਕੇ ਪਿਛਾਂਹ ਹਟ ਗਿਆ। ਜਿਸ ਮਕਸਦ ਲਈ ਆਇਆ ਸੀ; ਉਸ ਲਈ ਚਾਰ-ਚੁਫ਼ੇਰੇ ਨਜ਼ਰ ਮਾਰੀ; ਉਸ ਦੀ ਸਮਝ ਵਿਚ ਕੁਝ ਨਾ ਆਇਆ। ਉਹ ਹਰ ਤਰ੍ਹਾਂ ਦੀ ਜਾਣਕਾਰੀ ਚਾਹੁੰਦਾ ਸੀ। ਇੱਕ ਦੋ ਸਤਿਸੰਗ ਹੋਰ ਕੀਤੇ, ਪਰ ਗੁਸਿ ਖ਼ੋਰਾ ਮਨ ਪ੍ਰਾਪਤੀ ਦੇ ਯਤਨ ਨਾ ਬਣਦੇ ਵੇਖ ਕੇ ਖੁੱਭਦਾ ਨਹੀਂ ਸੀ। ਉਸ ਏਧਰ-ਓਧਰ ਭਾਲ ਕਰਦਿਆਂ ਇੱਕ ਉੱਖੜੀ ਜੋੜੀ ਵੱਲ ਡਾ. ਦੇਸ ਰਾਜ ਦਾ ਧਿਆਨ ਦੁਆਇਆ।

"ਡਾ. ਸਾਹਿਬ! ਆਹ ਜੋੜੀ ਉੱਖੜੀ ਪਈ ਐ। ਮੈਂ ਲੱਕੜ ਦਾ ਮਿਸਤਰੀ ਆਂ; ਜੇ ਇਸ ਨੂੰ ਠੀਕ ਕਰਨ ਦੀ ਸੇਵਾ ਬਖ਼ਸ਼ੋ?"

"ਬੱਲੇ, ਇਸ ਤੋਂ ਹੋਰ ਚੰਗਾ ਕੀ ਹੋ ਸਕਦਾ ਹੈ; ਮਹਾਂਪੁਰਖਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।" ਦੇਸ ਰਾਜ ਆਪ ਗੁਰੂ ਤੋਂ ਮਾਣ ਚਾਹੁੰਦਾ ਸੀ ਕਿ ਮੈਂ ਇੱਕ ਅੰਮ੍ਰਿਤਧਾਰੀ ਸਿੰਘ ਨੂੰ ਉਨ੍ਹਾਂ ਦਾ ਸੇਵਕ ਲਿਆ ਬਣਾਇਆ ਹੈ।

ਭਾਈ ਰਣਜੀਤ ਸਿੰਘ ਨੇ ਜੋੜੀ ਖੋਲ ਕੇ ਵਧੀਆ ਢੰਗ ਨਾਲ ਲੱਗਦੀ ਕਰ ਦਿੱਤੀ, ਨਾਲ ਹੀ ਬੇਨਤੀ ਕੀਤੀ,

"ਮੈਂ ਲੱਕੜ ਦਾ ਚੰਗਾ ਮਿਸਤਰੀ ਆਂ, ਗੁਰੂ ਘਰ ਦੀ ਸੇਵਾ ਕਰਨਾ ਚਾਹੁੰਦਾ ਆਂ।" ਜੋੜੀ ਫਿੱਟ ਕਰਕੇ ਉਸ ਵਧੀਆ ਕਾਰੀਗਰ ਆਪੇ ਨੂੰ ਸਾਬਤ ਕਰ ਹੀ ਦਿੱਤਾ। ਆਪਣੀ ਪੈਂਠ ਨਿਰੰਕਾਰੀ ਭਵਨ ਵਿਚ ਜਮਾਉਣ ਤੇ ਵਿਸ਼ਵਾਸ ਜਿੱਤਣ ਲਈ ਆਪਣੀ ਸ਼ਰਧਾ ਅਤੇ ਸੇਵਾ ਹਾਜ਼ਰ ਕਰ ਦਿੱਤੀ।

"ਇਸ ਤੋਂ ਚੰਗਾ ਹੋਰ ਕੀ ਹੋ ਸਕਦਾ ਏ; ਜੀਵਨ ਸਫ਼ਲਾ ਕਰਨ ਦਾ ਮੌਕਾ ਭਾਗਾਂ ਨਾਲ ਮਿਲਦਾ ਹੈ।" ਉਸ ਦੀ ਬੇਨਤੀ ਝੱਟ ਪ੍ਰਸੰਸਾ ਨਾਲ ਪ੍ਰਵਾਨ ਕਰ ਲਈ ਗਈ।

ਭਾਈ ਨੂੰ ਕਾਰਪੈਂਟਰੀ ਵਾਲਿਆਂ ਨਾਲ ਮਿਲਾ ਦਿੱਤਾ। ਭਵਨ ਵਿਚ ਕਾਰੀਗਰੀ ਦਾ ਕੰਮ ਚੱਲਦਾ ਹੀ ਰਹਿੰਦਾ ਸੀ। ਉਸ ਥੋੜ੍ਹੇ ਦਿਨਾਂ ਵਿਚ ਹੀ ਲੁਕਵੇਂ ਢੰਗ ਨਾਲ ਸਾਰਾ ਭਵਨ

ਗਾਖ਼ ਲਿਆ। ਆਉਣ ਜਾਣ ਵਾਲੀ ਸਾਰੀ ਬੰਦਿਸ਼ ਚੁੱਕੀ ਗਈ ਸੀ। ਭਵਨ ਵਿਚ ਹੀ ਕਮਰਾ ਲੈ ਕੇ ਰਹਿਣ ਲੱਗ ਪਿਆ। ਉਸ ਆਪਣਾ ਭਰੋਸਾ ਜਤਾ ਕੇ ਸਾਥੀ ਕਾਬਲ ਸਿੰਘ ਨੂੰ ਵੀ ਨਾਲ ਜੋੜ ਲਿਆ। ਗੁਰਬਚਨ ਸਿੰਘ ਨੂੰ ਮਾਰਨ ਦੀਆਂ ਵਿਉਂਤਾਂ ਲਾਉਂਦਿਆਂ ਦਿਲ ਵੀ ਧੜਕ ਧੜਕ ਜਾਂਦਾ ਸੀ, ਪਰ ਅੰਦਰ ਬਦਲੇ ਦੇ ਭਾਂਬੜਾਂ ਦਾ ਕੀ ਕਰਦੇ। ਭਾਈ ਰਣਜੀਤ ਸਿੰਘ ਆਪਣੀ ਚੜ੍ਹਦੀ ਕਲਾ ਦੀ ਲੋਰ ਵਿਚ ਮੁਸਕਰਾ ਪਿਆ: ਆਂਹਦੇ ਰਾਵਣ ਨੇ ਕਾਲ ਸੌਣ ਵਾਲੇ ਪਲੰਘ ਦੇ ਪਾਵੇ ਨਾਲ ਬੰਨ੍ਹ ਰੱਖਿਆ ਸੀ। ਏਥੇ ਕਾਲ ਇੱਕ ਕਮਰੇ ਵਿੱਚ ਖੁੱਲ੍ਹਾ ਛੱਡ ਰੱਖਿਆ ਏ।

ਸਭ ਤੋਂ ਵੱਡੀ ਸਮੱਸਿਆ ਭਵਨ ਅੰਦਰ ਹਥਿਆਰ ਲੈ ਜਾਣ ਦੀ ਸੀ। ਹਥਿਆਰਾਂ ਬਿਨਾਂ ਕੰਮ ਸਿਰੇ ਨਹੀਂ ਚੜ੍ਹਦਾ ਸੀ। ਡਰ ਸੀ, ਕਿਤੇ ਨਿਰੰਕਾਰੀ ਸਿਰ ਨਾ ਹੋ ਜਾਣ। ਮਸਾਂ ਭਵਨ ਵਿਚ ਵੜਦੇ ਹੋਏ ਹਾਂ। ਉਹ ਨਿਰੰਕਾਰੀ ਬਾਬੇ ਨੂੰ ਮਾਰਨ ਨਾਲ ਬਚ ਕੇ ਨਿਕਲਣਾ ਚਾਹੁੰਦੇ ਸਨ। ਭਾਈ ਰਣਜੀਤ ਸਿੰਘ ਨੇ ਦਸਮ ਪਾਤਸ਼ਾਹ ਨੂੰ ਹਾਜ਼ਰ ਨਾਜ਼ਰ ਜਾਣ ਕੇ ਪ੍ਰਾਰਥਨਾ ਕੀਤੀ: ਗੁਰੂ ਛੇਤੀ ਮਿਹਰ ਕਰ; ਨਰਕਧਾਰੀ ਨੂੰ ਸੋਧਣ ਦਾ ਅਜਿਹਾ ਮੌਕਾ ਮੁੜ ਨਹੀਂ ਮਿਲਣਾ। ਉਸ ਸਾਗਵਾਨ ਦੀ ਤਿੰਨ ਫ਼ੁੱਟ ਲੰਮੀ, ਦਸ ਇੰਚ ਚੌੜੀ ਤੇ ਪੰਜ ਇੰਚ ਮੋਟੀ ਸਿੱਲੀ ਬਾਹਰੋਂ ਖ਼ਰੀਦ ਲਈ। ਉਸ ਨੂੰ ਦੋ ਭਾਗਾਂ ਵਿਚ ਵਿਚਕਾਰੋਂ ਚੀਰ ਲਿਆ। ਉਸ ਦੇ ਦੋਹਾਂ ਪਾਸਿਆਂ ਵਿਚੋਂ ਕੁਰੇਦ ਕੇ ਕਾਰਬਾਈਨ ਅਤੇ ਸ੍ਰੀ ਸਾਹਿਬ ਟਿਕਾਉਣ ਜੋਗੀ ਜਗ੍ਹਾ ਬਣਾ ਲਈ; ਮੁੜ ਦੋਹਾਂ ਫੱਟਾਂ ਨੂੰ ਪੇਚਾਂ ਨਾਲ ਜੋੜ ਕੇ ਇੱਕ ਕਰ ਦਿੱਤਾ। ਉਸ ਦੇ ਉੱਤੋਂ ਦੀ ਲਾਲ ਗੇਰੀ ਦਾ ਪਾਲਿਸ਼ ਕਰਕੇ ਨਿਸ਼ਾਨ ਤੱਕ ਮਿਟਾ ਦਿੱਤੇ। ਇਸ ਤਰ੍ਹਾਂ ਉਹ ਦੋਵੇਂ ਹਥਿਆਰ ਭਵਨ ਵਿਚ ਲੈ ਜਾਣ ਲਈ ਕਾਮਯਾਬ ਹੋ ਗਏ। ਹਥਿਆਰਾਂ ਦੀ ਚਿੰਤਾ ਤੋਂ ਮੁਕਤ ਹੋ ਕੇ ਉਹ ਦਾਅ ਤਕਾਉਣ ਲੱਗ ਪਏ। ਭਾਈ ਰਣਜੀਤ ਸਿੰਘ ਅਤੇ ਕਾਬਲ ਸਿੰਘ ਚਾਹੁੰਦੇ ਸਨ ਮਾਰੀਏ ਵੀ ਤੇ ਬਚ ਵੀ ਨਿਕਲੀਏ।

ਨਿਰੰਕਾਰੀ ਭਵਨ ਵਿਚ ਗੈਸਟ ਹਾਊਸ ਨੂੰ ਆਉਣ ਜਾਣ ਲਈ ਦੋਹਾਂ ਪਾਸਿਆਂ ਤੋਂ ਰਾਹ ਸੀ। ਉਸ ਦੀ ਉੱਚਾਈ ਤਕਰੀਬਨ ਸੋਲਾਂ ਕੁ ਫ਼ੁੱਟ ਸੀ। ਉਨ੍ਹਾਂ ਦਿਨਾਂ ਵਿਚ ਕੁਦਰਤੀ ਪੰਜਾਬ ਅਸੈਂਬਲੀ ਦੀ ਇਲੈਕਸ਼ਨ ਨੇੜੇ ਆ ਗਈ। ਫਗਵਾੜੇ ਤੋਂ ਆਏ ਕਾਂਗਰਸੀ ਗੈਸਟ ਹਾਊਸ ਵਿਚ ਠਹਿਰੇ ਹੋਏ ਸਨ। ਉਹ ਅਸਲ ਵਿਚ ਪੰਜਾਬ ਅਸੈਂਬਲੀ ਦੀ ਟਿਕਟ ਲੈਣ ਆਏ ਸਨ। ਟਿਕਟ ਇੰਦਰਾ ਗਾਂਧੀ ਦੇ ਹੱਥ ਵਸ ਸਨ ਤੇ ਫਗਵਾੜੇ ਵਾਲੇ ਕਾਂਗਰਸੀ ਬਾਬਾ ਗੁਰਬਚਨ ਸਿੰਘ ਕੋਲੋਂ ਇੰਦਰਾ ਨੂੰ ਸਿਫ਼ਾਰਸ਼ ਪਵਾਉਣਾ ਚਾਹੁੰਦੇ ਸਨ। ਭਾਈ ਰਣਜੀਤ ਸਿੰਘ ਤੇ ਕਾਬਲ ਸਿੰਘ ਨੇ ਗੁਰਬਚਨ ਦੇ ਆਉਣ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕੀਤਾ। ਫਗਵਾੜੇ ਵਾਲੇ ਉਸ ਨੂੰ ਇੰਦਰਾ ਕੋਲ ਲੈ ਕੇ ਗਏ ਸਨ। ਗੈਸਟ ਹਾਊਸ ਦੇ ਗੁਸਲਖ਼ਾਨੇ ਨੂੰ ਪਹਿਲਾਂ ਹੀ ਜਾਂਚ ਲਿਆ ਸੀ। ਉਸ ਦੀ ਬਾਹਰਲੇ ਪਾਸੇ ਦੀ ਗਰਿੱਲ ਦੇ ਪੇਚ ਖੋਲ੍ਹ ਕੇ ਉਸ ਨੂੰ ਉਂਝ ਹੀ ਅੜਕਾਅ ਛੱਡਿਆ। ਉਨ੍ਹਾਂ ਬਚ ਨਿਕਲਣ ਦੀ ਜਾਚ ਪਹਿਲੋਂ ਹੀ ਤਿਆਰ ਕਰ ਰੱਖੀ। ਰਣਜੀਤ ਸਿੰਘ ਮਨ ਵਿਚ ਅਰਦਾਸ ਕਰ ਰਿਹਾ ਸੀ: ਸ਼ਾਮ ਦੇ ਗਏ ਉਹ ਹਨੇਰਾ ਪਏ ਤੋਂ ਆਉਣ। ਬਿੱਲੀ ਦੇ ਭਾਗੀਂ ਛਿੱਕਾ ਟੁੱਟਾ।

ਇਹ ਘਟਨਾ 24 ਅਪ੍ਰੈਲ, 1980 ਦੀ ਹੈ। ਇੰਦਰਾ ਗਾਂਧੀ ਕੋਲੋਂ ਹੋ ਕੇ ਕਾਰਾਂ ਵਾਪਸ ਆ ਰਹੀਆਂ ਸਨ। ਪਹਿਲੀ ਕਾਰ ਕੁਦਰਤੀ ਨਿਰੰਕਾਰੀ ਬਾਬੇ ਦੀ ਸੀ। ਦੋਵੇਂ ਸਿੰਘ ਗੈਸਟ

ਹਾਊਸ ਦੀ ਛੱਤ 'ਤੇ ਖਲੋਤੇ ਸਨ। ਉੱਤੋਂ ਹੇਠੋਂ ਬਿਜਲੀ ਦੇ ਚਾਨਣ ਵਿਚ ਸਭ ਕੁਝ ਸਪੱਸ਼ਟ ਦਿੱਸਦਾ ਸੀ। ਪਹਿਲੋਂ ਬਾਡੀਗਾਰਡ ਉਤਰਿਆ। ਉਸ ਦੇ ਨਾਲ ਹੀ ਗੁਰਬਚਨ ਸਿੰਘ ਬਾਹਰ ਆ ਗਿਆ। ਤਾਕ ਵਿਚ ਖਲੋਤੇ ਸਿੰਘਾਂ ਝੱਟ ਮੌਕਾ ਸਾਂਭਿਆ ਤੇ ਕਾਰਬਾਈਨ ਦੀਆਂ ਗੋਲੀਆਂ ਨਾਲ ਦੋਵੇਂ ਢੇਰੀ ਕਰ ਦਿੱਤੇ। ਮੁੜ ਉਨ੍ਹਾਂ ਅੱਗਾ-ਪਿੱਛਾ ਨਹੀਂ ਵੇਖਿਆ। ਗੁਸਲਖ਼ਾਨੇ ਵਿਚ ਵੜੇ, ਬਾਰੀ ਦੀ ਗਰਿੱਲ ਪਾਸੇ ਕੀਤੀ ਅਤੇ ਬਾਹਰ ਗਲੀ ਵਿਚ ਛਾਲਾਂ ਮਾਰ ਦਿੱਤੀਆਂ। ਉਹ ਗਲੀ ਜਮਨਾ ਦੇ ਬੰਨ੍ਹ ਨੂੰ ਜਾਂਦੀ ਸੀ। ਸ਼ਹਿਰ ਨੂੰ ਜਾਣ ਦੀ ਥਾਂ ਉਹ ਬੰਨ੍ਹੀ ਦੀ ਆੜ ਆੜ ਭੱਜ ਤੁਰੇ। ਬਾਹਰ ਆ ਕੇ ਥੋੜ੍ਹਾ ਸਾਹ ਸੁਖ਼ਾਲਾ ਲਿਆ।

ਗੁਰਬਚਨ ਸਿੰਘ ਦੇ ਗੋਲੀਆਂ ਲੱਗ ਜਾਣ ਸਾਰ ਥਾਂ ਪਰ ਥਾਂ ਟੈਲੀਫ਼ੋਨ ਖੜਕ ਪਏ। ਪੁਲੀਸ ਦੀਆਂ ਗੱਡੀਆਂ ਝੱਟ ਵਿਚ ਸੜਕਾਂ 'ਤੇ ਆ ਗਈਆਂ। ਲਾਈਟਾਂ ਤੇ ਹੂਟਰ ਕਾਤਲਾਂ ਨੂੰ ਭਾਲ ਰਹੇ ਸਨ। ਸਾਰੀ ਦਿੱਲੀ ਵਿਚ ਤਰਥੱਲ ਪੈ ਗਿਆ ਸੀ। ਬੜੇ ਚਿਰ ਪਿੱਛੋਂ ਜਾਂਚ ਹੋਈ, ਕਾਤਲ ਤਾਂ ਗੁਸਲਖ਼ਾਨੇ ਦੀ ਬਾਰੀ ਪੁੱਟ ਕੇ ਭੱਜ ਗਏ ਹਨ। ਉਦੋਂ ਤੱਕ ਉਨ੍ਹਾਂ ਨੇ ਨਿਸ਼ਾਨੀ ਰੱਖ ਕੇ ਦੋਵੇਂ ਹਥਿਆਰ ਦੱਬ ਦਿੱਤੇ। ਉਨ੍ਹਾਂ ਦੀ ਭਾਲ ਵਿਚ ਦਿੱਲੀ ਦੀਆਂ ਸੜਕਾਂ 'ਤੇ ਪੁਲੀਸ ਹੀ ਪੁਲੀਸ ਗਸ਼ਤ ਕਰ ਰਹੀ ਸੀ। ਹਾਰਨਾਂ ਸਾਰੀ ਦਿੱਲੀ ਨੂੰ ਭੈ-ਭੀਤ ਕੀਤਾ ਹੋਇਆ ਸੀ। ਸਰਕਾਰ ਸਮਝਦੀ ਸੀ, ਬਾਬਾ ਗੁਰਬਚਨ ਸਿੰਘ ਦੇ ਕਤਲ ਨਾਲ ਸਾਡੀ ਸੱਜੀ ਬਾਂਹ ਟੁੱਟ ਗਈ ਹੈ। ਦੋਵੇਂ ਲਾਸ਼ਾਂ ਪੋਸਟਮਾਰਟਮ ਲਈ ਭੇਜੀਆਂ ਗਈਆਂ। ਡਾਕਟਰ ਦੀ ਰਿਪੋਰਟ ਸੀ, ਨਿਰੰਕਾਰੀ ਬਾਬਾ ਗੋਲੀਆਂ ਲੱਗਣ ਨਾਲ ਹੀ ਖ਼ਤਮ ਹੋ ਗਿਆ ਸੀ। ਹੱਥਾਂ ਪੈਰਾਂ ਦੀਆਂ ਪਾ ਦੇਣ ਵਾਲਾ ਸੋਗ ਭਵਨ ਤੇ ਸਾਰੇ ਸ਼ਰਧਾਲੂਆਂ ਵਿਚ ਵਾਪਰ ਗਿਆ। ਆਮ ਆਖਿਆ ਜਾਣ ਲੱਗਾ, ਵਿਸਾਖੀ ਦੇ ਸ਼ਹੀਦ ਸਿੰਘਾਂ ਦਾ ਬਦਲਾ ਲਿਆ ਗਿਆ। ਐੱਫ. ਆਈ. ਆਰ. ਵਿਚ ਲਿਖਵਾਇਆ ਗਿਆ, ਦੋਵੇਂ ਓਪਰੇ ਸਿੰਘ ਸਨ। ਸ਼ੱਕ ਹੈ, ਸੰਤ ਜਰਨੈਲ ਸਿੰਘ ਦੇ ਭੇਜੇ ਹੋਏ ਸਨ। ਸੰਤ ਜਰਨੈਲ ਸਿੰਘ ਦੇ ਬੰਦਿਆਂ ਬਿਨਾਂ ਬਾਬਾ ਜੀ ਨੂੰ ਕੋਈ ਮਾਰ ਨਹੀਂ ਸਕਦਾ।

ਓਧਰ ਦੋਹਾਂ ਸਿੰਘਾਂ ਜਮਨਾ ਦਾ ਤਲ ਛੱਡ ਦਿੱਤਾ। ਸ਼ੱਕ ਸੀ, ਏਧਰ ਵੀ ਪਿੱਛਾ ਕੀਤਾ ਜਾ ਸਕਦਾ ਹੈ। ਉਹ ਖੇਤਾਂ ਵਿਚੋਂ ਦੀ ਭੱਜ ਤੁਰੇ। ਬਗੜੀ ਪਿੰਡ ਲਾਗੇ ਗੰਦਾ ਨਾਲਾ ਪਾਰ ਕੀਤਾ। ਅਗਾਂਹ ਜੀ. ਟੀ. ਰੋਡ ਪੈਂਦੀ ਸੀ, ਜਿਹੜੀ ਪੰਜਾਬ ਨੂੰ ਜਾਂਦੀ ਸੀ। ਗੱਡੀਆਂ ਦੀਆਂ ਤੇਜ਼ ਲਾਈਟਾਂ ਤੋਂ ਬਚ ਕੇ ਉਨ੍ਹਾਂ ਸੜਕ ਕਰਾਸ ਕੀਤੀ। ਥੋੜ੍ਹਾ ਹੋਰ ਤੇਜ਼ ਤੁਰ ਕੇ ਪਾਨੀਪਤ ਨੂੰ ਜਾਂਦੀ ਰੇਲਵੇ ਲਾਈਨ ਪੈ ਗਏ। ਲੱਗਭਗ ਤੀਹ-ਪੈਂਤੀ ਕਿਲੋਮੀਟਰ ਉਨ੍ਹਾਂ ਰਾਤੋ-ਰਾਤ ਪੰਧ ਮਾਰਿਆ। ਇੱਕ ਛੋਟੇ ਰੇਲਵੇ ਸਟੇਸ਼ਨ ਤੋਂ ਲੋਕਲ ਟਰੇਨ ਮਿਲ ਗਈ। ਦੋਵੇਂ ਚੜ੍ਹ ਕੇ ਪਾਨੀਪਤ ਆ ਗਏ। ਥੋੜ੍ਹੀ ਬੇਫ਼ਿਕਰੀ ਨਾਲ ਦਮ ਟਿਕਾਣੇ ਕੀਤਾ। ਕੁਦਰਤੀ ਦਿੱਲੀ ਵਲੋਂ ਐਕਸਪ੍ਰੈੱਸ ਗੱਡੀ ਆ ਗਈ। ਫਿਰ ਕੀ ਸੀ: ਰੱਬ ਨੇ ਦਿੱਤੀਆਂ ਗਾਜਰਾਂ ਵਿਚੇ ਰੰਬਾ ਰੱਖ। ਐਕਸਪ੍ਰੈੱਸ ਉਨ੍ਹਾਂ ਦੋਹਾਂ ਨੂੰ ਅੰਮ੍ਰਿਤਸਰ ਲੈ ਆਈ। ਉਹ ਸਟੇਸ਼ਨ ਤੋਂ ਸਿੱਧੇ ਦਰਬਾਰ ਸਾਹਿਬ ਪਹੁੰਚ ਗਏ। ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਆ ਮੱਥਾ ਟੇਕਿਆ।

ਜਦੋਂ ਸ੍ਰੀ ਦਰਬਾਰ ਸਾਹਿਬ ਨਰਕਧਾਰੀ ਦੇ ਮਾਰੇ ਜਾਣ ਦੀ ਖ਼ਬਰ ਫੈਲੀ; ਸਿੰਘਾਂ ਖ਼ੁਸ਼ੀ ਵਿਚ ਫ਼ਾਇਰਾਂ ਦੀ ਝੜੀ ਲਾ ਦਿੱਤੀ। ਦੋਹਾਂ ਬਹਾਦਰ ਸਿੰਘਾਂ ਦੇ ਬਚ ਕੇ ਸਹੀ ਸਲਾਮਤ ਆ ਜਾਣ ਦਾ ਵੱਖਰਾ ਨਸ਼ਾ ਚੜ੍ਹਿਆ ਹੋਇਆ ਸੀ। ਉਹ ਫ਼ਾਇਰ ਨਾਲ ਫ਼ਾਇਰ ਰਲਾ ਰਹੇ ਸਨ। ਚੌਥੇ ਦਿਨ ਪਿੱਛੋਂ ਇੱਕ ਹੁਸ਼ਿਆਰ ਸਿੰਘ ਨੂੰ ਪੂਰੀਆਂ ਨਿਸ਼ਾਨੀਆਂ ਦੱਸੀਆਂ ਅਤੇ ਉਹ ਦੱਬੇ

ਹੋਏ ਹਥਿਆਰ ਕੱਢ ਕੇ ਲੈ ਆਇਆ। ਭਾਈ ਰਣਜੀਤ ਸਿੰਘ ਤਿੰਨ ਸਾਲ ਚਾਰ ਮਹੀਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਰਿਹਾ। ਉੱਥੇ ਹੋਰ ਖਾੜਕੂ ਸਿੰਘ ਵੀ ਮੌਜੂਦ ਸਨ। ਭਾਈ ਸਾਹਿਬ ਨੇ ਨਾਨਕ ਨਿਵਾਸ ਵਿਚ ਟੀ. ਵੀ. ਲਾ ਲਿਆ। ਇਸ ਕਾਰਵਾਈ 'ਤੇ ਸੰਤ ਜਰਨੈਲ ਸਿੰਘ ਜੀ ਨਾਰਾਜ਼ ਹੋ ਗਏ। ਭਾਈ ਸਾਹਿਬ ਦਾ ਮਤ ਸੀ, ਸਾਨੂੰ ਦੁਨੀਆਂ ਭਰ ਦੀ ਹਰ ਪ੍ਰਕਾਰ ਦੀ ਖ਼ਬਰ ਹੋਣੀ ਚਾਹੀਦੀ ਹੈ। ਸਾਇੰਸ ਦੀਆਂ ਨਵੀਆਂ ਕਾਢਾਂ ਦਾ ਲਾਭ ਲੈਣਾ ਚਾਹੀਦਾ ਹੈ, ਪਰ ਸੰਤ ਨਹੀਂ ਚਾਹੁੰਦੇ ਸਨ ਟੀ. ਵੀ. ਸ੍ਰੀ ਦਰਬਾਰ ਸਾਹਿਬ ਦੇ ਘੇਰੇ ਵਿਚ ਲਾਇਆ ਜਾਵੇ। ਦੋਹੀਂ ਧਿਰੀਂ ਤੂੰ-ਤੂੰ ਮੈਂ-ਮੈਂ ਨਾਲ ਪਾੜ ਪੈ ਗਿਆ। ਭਾਈ ਰਣਜੀਤ ਸਿੰਘ ਆਪਣੀ ਮਰਜ਼ੀ ਨਾਲ ਸ੍ਰੀ ਦਰਬਾਰ ਸਾਹਿਬ ਛੱਡ ਕੇ 23-9-83 ਨੂੰ ਸੁਰੰਡਰ ਕਰਕੇ ਪੁਲੀਸ ਦੇ ਪੇਸ਼ ਹੋ ਗਿਆ।

ਕਤਲ ਦਾ ਚਲਾਨ ਪੇਸ਼ ਕੀਤਾ ਗਿਆ। ਮੁਕੱਦਮੇ ਵਿਚ ਜਾਣ-ਬੁੱਝ ਕੇ ਢਿੱਲ ਹੀ ਢਿੱਲ ਪਾਈ ਗਈ। ਮੌਕੇ ਦਾ ਗਵਾਹ ਕੋਈ ਨਹੀਂ ਸੀ। ਕਤਲ ਦੀ ਕਹਾਣੀ ਮੁਕੰਮਲ ਕਰਨ ਲਈ ਪੁਲੀਸ ਨੇ ਸਭ ਝੂਠੇ ਗਵਾਹ ਤਿਆਰ ਕੀਤੇ, ਕੇਸ ਦਾ ਮੂੰਹ ਮੱਥਾ ਸੰਵਾਰਨ ਲਈ ਹੀ ਦੇਰ ਕੀਤੀ ਜਾ ਰਹੀ ਸੀ। ਪੁਲੀਸ ਨੂੰ ਸਬੂਤਾਂ ਨਾਲ ਮੁਕੱਦਮਾ ਖੜ੍ਹਾ ਕਰਨ ਲਈ ਔਕੜਾਂ ਪੇਸ਼ ਆ ਰਹੀਆਂ ਸਨ। ਪੁਲੀਸ ਨੂੰ ਪਿੱਛੋਂ ਕਰੜੀਆਂ ਹਦਾਇਤਾਂ ਸਨ, ਕੇਸ ਕਰੜੇ ਤੋਂ ਕਰੜਾ ਕਰਨਾ ਹੈ। ਸੰਨ 1983 ਦਾ ਸ਼ੁਰੂ ਹੋਇਆ ਕੇਸ 26 ਮਾਰਚ, 1993 ਨੂੰ ਸੈਸ਼ਨ ਕੋਰਟ ਨੇ ਭਾਈ ਸਾਹਿਬ ਨੂੰ ਦਸਾਂ ਸਾਲਾਂ ਬਾਅਦ ਦੋਸ਼ੀ ਕਰਾਰ ਦਿੱਤਾ। ਏਨੇ ਲੰਮੇ ਸਮੇਂ ਵਿਚ ਕਾਤਲ ਸਜ਼ਾ ਭੁਗਤ ਕੇ ਘਰ ਆ ਵੜਦੇ ਹਨ। ਭਾਰਤ ਦੇ ਇਨਸਾਫ਼ ਘਰ ਦੀ ਇਹ ਵੀ ਦੁਨੀਆਂ ਵਿਚ ਇੱਕ ਯਾਦਗਾਰੀ ਮਿਸਾਲ ਬਣ ਗਈ। ਅਗਲੇ ਦਿਨ 27 ਮਾਰਚ ਨੂੰ ਸੈਸ਼ਨ ਕੋਰਟ ਨੇ ਤਿੰਨ ਵਾਰ ਦੀ ਉਮਰ ਕੈਦ ਸੁਣਾਈ। ਇਸ ਤੋਂ ਬਿਨ੍ਹਾਂ ਤਿੰਨ ਕੈਦਾਂ ਸੱਤ-ਸੱਤ ਸਾਲ ਦੀਆਂ ਹੋਰ ਸੁਣਾਈਆਂ। ਇੱਕ ਉਮਰ ਕੈਦ ਪਲਾਨਿੰਗ ਦੇ ਦੋਸ਼ ਵਿਚ ਦਿੱਤੀ ਗਈ। ਦਸ ਸਾਲ ਦੀ ਸਜ਼ਾ। ਇੱਕ ਉਮਰ ਕੈਦ ਵਿਚੋਂ ਅੰਡਰ ਟਰਾਇਲ ਵਿਚ ਕੱਟੀ ਮਿੱਥੀ ਗਈ। ਬਾਕੀ ਉਮਰ ਕੈਦਾਂ ਬਾਰੇ ਲਿਖਿਆ ਗਿਆ ਕਿ ਅੱਜ ਤੋਂ ਸ਼ੁਰੂ ਹੋਵੇਗੀ। ਇਹ ਸਾਰੀਆਂ ਕੈਦਾਂ ਜੁਡੀਸ਼ਰੀ ਦੇ ਵਿਧਾਨਕ ਇਤਿਹਾਸ ਤੋਂ ਬਾਹਰ ਜਾ ਕੇ ਕਾਇਮ ਕੀਤੀਆਂ ਗਈਆਂ। ਜਦ ਇਸ ਕੇਸ ਦੀ ਅਪੀਲ ਹਾਈਕੋਰਟ ਵਿਚ ਗਈ; ਉਸ ਸੈਸ਼ਨ ਦੇ ਫ਼ੈਸਲੇ ਦੀ ਰੱਜ ਕੇ ਨਿੰਦਾ ਕੀਤੀ। ਹਾਈਕੋਰਟ ਨੇ ਇੱਕ ਉਮਰ ਕੈਦ ਬਹਾਲ ਰੱਖੀ ਤੇ ਭਾਈ ਸਾਹਿਬ ਨੂੰ ਦਿੱਲੀ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਦੂਸਰਾ ਕਾਂਡ

ਨਿਰੰਕਾਰੀਆਂ ਦੇ ਸਿੱਖੀ ਵਿਰੁੱਧ ਨਾਅਰਿਆਂ, ਵਿਸਾਖੀ ਵਾਲੇ ਦਿਨ ਸ਼ਹੀਦ ਹੋਏ ਸਿੰਘਾਂ ਅਤੇ ਮੁੜ ਨਰਕਧਾਰੀ ਦੇ ਸਾਫ਼ ਬਰੀ ਹੋ ਜਾਣ ਕਾਰਨ, ਭਿੰਡਰਾਂ ਵਾਲੇ ਸੰਤ ਜਰਨੈਲ ਸਿੰਘ ਦੇ ਮਨ ਵਿਚ ਬਦਲੇ ਦੀ ਭਾਵਨਾ ਦੇ ਭਾਂਬੜ ਬਲ-ਬਲ ਉੱਠਦੇ ਸਨ। ਨਿਰੰਕਾਰੀਆਂ ਦਾ ਸੰਮੇਲਨ ਬੰਦ ਕਰਵਾਉਣ ਦਾ ਚਾਘਾ ਵੀ ਚੁੱਕਿਆ ਗਿਆ। ਸੰਮੇਲਨ ਬੰਦ ਕਰਵਾਉਣ ਗਿਆਂ ਨੂੰ ਗੋਲੀਆਂ ਦਾ ਸਾਹਮਣਾ ਕਰਨਾ ਪਿਆ। ਸਿੰਘ ਲੜਦੇ ਸ਼ਹੀਦ ਹੋ ਗਏ। ਦਮਦਮੀ ਟਕਸਾਲ ਦੇ ਮੁੜ ਆਏ ਸਿੰਘਾਂ ਨੂੰ ਸੰਤ ਜਰਨੈਲ ਸਿੰਘ ਨੇ ਬਹੁਤ ਕੁੱਟਿਆ। ਉਹ ਮਾਨਸਿਕ ਤੌਰ 'ਤੇ ਬਹੁਤ ਦੁਖੀ ਸਨ। ਸੰਗਤ ਦੇ ਵਰਜਣ 'ਤੇ ਆਪ ਹੀ ਸੰਮੇਲਨ ਬੰਦ ਕਰਵਾਉਣ ਨਹੀਂ ਗਏ ਸਨ। ਭਾਈ ਫ਼ੌਜਾ ਸਿੰਘ ਆਦਿ ਸਿੰਘਾਂ ਦੀ ਸ਼ਹਾਦਤ ਵੀ ਸੀਨੇ ਛੇਕ ਪਾਉਂਦੀ ਸੀ। ਡਿਪਟੀ ਕਮਿਸ਼ਨਰ ਤੇ ਪੁਲੀਸ ਨੇ ਨਿਰੰਕਾਰੀਆਂ ਦੀ ਨੰਗੀ ਚਿੱਟੀ ਮਦਦ ਕੀਤੀ ਸੀ। ਉਨ੍ਹਾਂ ਵਿਰੁੱਧ ਵੀ ਗੁੱਸਾ ਭੱਈਆਂ ਲੈ ਲੈ ਉੱਠਦਾ ਸੀ। ਉਨ੍ਹਾਂ ਦੇ ਖਿਆਲ ਵਿਚ ਵੀ ਨਹੀਂ ਆਇਆ ਸੀ ਕਿਸੇ ਦੇ ਧਾਰਮਿਕ ਸੰਮੇਲਨ ਨੂੰ ਜਾ ਕੇ ਭੰਗ ਕਰਨਾ ਕਾਨੂੰਨੀ ਤੌਰ 'ਤੇ ਗ਼ਲਤ ਐ। ਉਹ ਸਮਝਦੇ ਸਨ, ਜਿਹੜਾ ਕਾਨੂੰਨ ਸਾਡੇ ਗੁਰੂ ਦੀ ਸ਼ਰ੍ਹੇਆਮ ਬੇਅਦਬੀ ਕਰਾਉਂਦਾ ਹੈ, ਉਹ ਕਾਹਦਾ ਕਾਨੂੰਨ ਹੈ। ਅਸੀਂ ਗੁਰੂਆਂ ਦੀ ਤੌਹੀਨ ਕਿਸੇ ਤਰ੍ਹਾਂ ਵੀ ਨਹੀਂ ਸਹਿ ਸਕਦੇ। ਨਿਰੰਕਾਰੀ ਅਥਵਾ ਨਰਕਧਾਰੀ ਦੇ ਮਾਰੇ ਜਾਣ 'ਤੇ ਦਮਦਮੀ ਟਕਸਾਲ ਵਾਲਿਆਂ ਬੜੀ ਖੁਸ਼ੀ ਮਨਾਈ ਸੀ।

ਦੂਜੇ ਬੰਨੇ ਜੇ ਪੰਜਾਬ ਦੇ ਇਤਿਹਾਸ ਖ਼ਾਸੇ ਨੂੰ ਲਿਆ ਜਾਵੇ ਤਾਂ ਜਜ਼ਬਾਤੀ, ਅਣਖੀਲਾ ਤੇ ਆਪਣੀ ਆਈ 'ਤੇ ਅੜਨ ਵਾਲਾ ਹੀ ਸਾਹਮਣੇ ਆਉਂਦਾ ਏ, ਭਿੰਡਰਾਂ ਵਾਲੇ ਦਾ ਜੱਟ ਕਿਰਦਾਰ ਅਜਿਹਾ ਹੀ ਉੱਭਰਿਆ ਦਿਸਦਾ ਸੀ। ਸਿੱਖਾਂ ਤੋਂ ਬਿਨਾਂ ਅੰਮ੍ਰਿਤਸਰ ਦਾ ਬਾਕੀ ਲਾਣਾ ਸੰਤ ਨੂੰ ਭਿੜਨ ਵਾਲਾ ਜਾ ਭੇਡਾਂ ਵਾਲਾ ਹੀ ਆਖਦੇ ਸਨ। ਪਰ ਟਕਸਾਲ ਨਿਰੀ ਗੁਰਬਾਣੀ ਪੜ੍ਹਾਉਂਦੀ ਤੇ ਅਰਥ ਹੀ ਨਹੀਂ ਸਮਝਾਉਂਦੀ ਸੀ; ਸਗੋਂ ਸਿੱਖੀ ਦੇ ਪੂਰਨ ਰੱਖ ਰਖਾਓ ਦਾ ਪ੍ਰਚਾਰ ਵੀ ਫਿਰ ਤੁਰ ਕੇ ਕਰਦੀ ਸੀ। ਇਹ ਨਿਰੋਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਸੀ। ਪਰ ਗੁਰੂ ਗੋਬਿੰਦ ਸਿੰਘ ਦੀ ਥਾਪਨਾ ਨਾਲ ਬਾਬਾ ਦੀਪ ਸਿੰਘ ਸ਼ਹੀਦ ਤੋਂ ਇਹ ਪਰੰਪਰਾ ਤੁਰੀ ਆ ਰਹੀ ਸੀ। ਵਿਸਾਖੀ ਕਾਂਡ ਨਿਰੰਕਾਰੀਆਂ ਵੱਲੋਂ ਮਿੱਥੀ ਸਾਜ਼ਿਸ਼ ਅਨੁਸਾਰ, ਜੋਸ਼ੀਲੇ ਸਿੰਘਾਂ ਤੋਂ ਬਰਦਾਸ਼ਤ ਨਹੀਂ ਹੋਇਆ ਸੀ, ਗਏ ਉਹ ਸੰਮੇਲਨ ਬੰਦ ਕਰਵਾਉਣ ਸੀ; ਪਰ ਘੱਲੂਘਾਰਾ ਵਰਤ ਗਿਆ। ਸਿੰਘਾਂ ਦੀਆਂ ਸ਼ਹਾਦਤਾਂ ਦਾ ਬਦਲਾ ਲੈਣ ਲਈ ਸੰਤ ਜਰਨੈਲ ਸਿੰਘ ਨੇ ਖਾੜਕੂ ਸਿੰਘ ਜੋੜਨੇ ਤੇ ਤਿਆਰ ਕਰਨੇ ਸ਼ੁਰੂ ਕਰ ਦਿੱਤੇ। ਅਖੰਡ ਕੀਰਤਨੀ ਜਥਾ ਰਾਜਨੀਤਕ ਪੈਂਤੜਾ ਬਣਦਾ ਵੇਖ ਕੇ ਆਪਣੇ ਧਾਰਮਿਕ ਸਿਮਰਨ ਵਿਚ ਲੀਨ ਹੋ ਗਿਆ। ਉਨ੍ਹਾਂ ਲੜਾਕੂ ਪੈਂਤੜਾ ਛੱਡ ਦਿੱਤਾ, ਪਰ ਸੇਵਾ ਭਾਵਨਾ ਜਿਉਂ ਦੀ ਤਿਉਂ ਬਣਾਈ

ਰੱਖੀ। ਉਹ ਗੁਰਬਾਣੀ ਸਿਮਰਨ ਰਾਹੀਂ ਮਨ ਦੀ ਸ਼ੁੱਧੀ ਵਿਚ ਵਧੇਰੇ ਯਕੀਨ ਰੱਖਦੇ ਸਨ।

ਇਸ ਘੱਲੂਘਾਰੇ ਵਿਚ ਪੁਲੀਸ ਤੇ ਸਰਕਾਰ ਦੇ ਵਿਰੋਧੀ ਪੱਖ ਤੋਂ ਬਿਨਾਂ ਅਖ਼ਬਾਰੀ ਪ੍ਰੈੱਸ ਦਾ ਰੋਲ ਵੀ ਸਿੱਖਾਂ ਦੇ ਡਟ ਕੇ ਖ਼ਿਲਾਫ਼ ਰਿਹਾ ਅਤੇ ਨਿਰੰਕਾਰੀਆਂ ਦੇ ਪੱਖ ਵਿੱਚ ਜ਼ੋਰ-ਸ਼ੋਰ ਨਾਲ ਭੁਗਤਦਾ ਰਿਹਾ। ਖ਼ਾਸ ਤੌਰ 'ਤੇ ਮਹਾਸ਼ੇ ਦੀ ਅੱਗ ਬਾਣੀ ਸਿੱਘਾਂ ਦੇ ਬਲਦੇ ਹਿਰਦਿਆਂ 'ਤੇ ਹੋਰ ਤੇਲ ਪਾ ਰਹੀ ਸੀ। ਭਿੰਡਰਾਂ ਵਾਲੇ ਮਹਾਸ਼ੇ 'ਤੇ ਬਹੁਤ ਔਖੇ ਸਨ। ਉਹ ਸੋਚਦੇ ਸਨ: ਇੱਕ ਪਾਸੇ ਸਰਕਾਰ ਸਾਡੇ ਨਾਲ ਯਾਰੀ ਪਾਉਣ ਲਈ ਹੱਥ ਕੱਢਦੀ ਐ, ਦੂਜੇ ਬੰਨੇ ਸਕੀਮਾਂ ਘੜ-ਘੜ ਸਾਨੂੰ ਮਰਵਾਉਂਦੀ ਐ। ਨਿਰੰਕਾਰੀਆਂ ਪ੍ਰੈੱਸ ਨੂੰ ਆਪਣੇ ਨਾਲ ਕਿਵੇਂ ਗੰਢਿਆ? ਇਹ ਸਾਰੇ ਹੀ ਜਾਣਦੇ ਹਨ, ਪੈਸਾ ਬੁਰੀ ਬਲਾ ਹੈ। ਸੰਤ ਜਰਨੈਲ ਸਿੰਘ ਦਾ ਗੁੱਸਾ ਸਰਕਾਰ 'ਤੇ ਭਬਕ ਭਬਕ ਪੈਂਦਾ ਸੀ। ਇਹ ਅਖ਼ਬਾਰਾਂ ਵਾਲਿਆਂ ਨੂੰ ਕਿਉਂ ਨਹੀਂ ਨੱਥ ਪਾਉਂਦੀ? ਸਿੱਖ ਕੌਮ ਦਾ ਦਿਲ ਸਾੜਨ ਵਾਲੀਆਂ ਗੱਲਾਂ ਕਿਵੇਂ ਬਰਦਾਸ਼ਤ ਹੋਣਗੀਆਂ? ਜੱਟ ਕਿਰਦਾਰ ਨੂੰ ਗੁੱਸਾ ਤੇ ਚੜ੍ਹਿਆ ਕ੍ਰੋਧ, ਮਾੜਾ ਹੀ ਮਾੜਾ। ਸੰਤ ਲੂੰਬੜ ਚਾਲਾਂ ਵਾਲੀ ਰਾਜਨੀਤੀ ਨੂੰ ਨਫ਼ਰਤ ਕਰਦੇ ਸਨ। ਸੱਚ ਤੇ ਸਪੱਸ਼ਟਤਾ ਉਨ੍ਹਾਂ ਦੇ ਉਸਾਰ ਸਨ। ਉਹ ਲਾਈਸੈਂਸਾਂ ਵਾਲਿਆਂ ਦਾ ਖਾੜਕੂ ਜੱਥਾ ਨਾਲ ਰੱਖਣ ਲੱਗ ਪਏ। ਜਦੋਂ ਵੀ ਕਦੇ ਲੈਕਚਰ ਦੇਂਦੇ ਜੋਸ਼ ਠੱਲ੍ਹਿਆ ਨਾ ਜਾਂਦਾ। ਸੁਣਨ ਵਾਲਿਆਂ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ। ਜਿਹਨਾਂ ਦੀ ਖ਼ਾਤਰ ਗੁਰੂ ਤੇਗ਼ ਬਹਾਦਰ ਨੇ ਦਿੱਲੀ ਵਿਚ ਸ਼ਹਾਦਤ ਦਿੱਤੀ ਅਤੇ ਸਾਡੇ ਪੁਰਖੇ ਉਹਨਾਂ ਦੀਆਂ ਬਹੂ ਬੇਟੀਆਂ ਨੂੰ ਕੁਰਬਾਨੀਆਂ ਦੇ ਦੇ ਕੇ ਛੁਡਾਉਂਦੇ ਰਹੇ; ਉਹੀ ਅੱਜ ਸਾਡੇ ਪੈਰਾਂ ਨੂੰ ਵਾਹ ਰਹੇ ਐ ਤੇ ਵੈਰੀ ਬਣ ਖਲੋਤੇ, ਸਾਨੂੰ ਇਨ੍ਹਾਂ ਦੀ ਨੀਅਤ ਖੋਟੀ ਲੱਗਦੀ ਐ। ਇਹ ਸਾਨੂੰ ਫ਼ਾਂਸੀਆਂ ਤੇ ਕਾਲੇ ਪਾਣੀ ਘੱਲ ਕੇ ਆਜ਼ਾਦੀ ਲਿਆਉਣ ਵਾਲਿਆਂ ਨੂੰ ਗੁਲਾਮ ਰੱਖਣਾ ਚਾਹੁੰਦੀ ਐ। ਸਰਬੱਤ ਦਾ ਭਲਾ ਚਾਹੁਣ ਵਾਲੀ ਗ਼ੈਰਤਮੰਦ ਕੌਮ ਨੂੰ ਖ਼ਤਮ ਕਰਨ ਦੀਆਂ ਘਾੜਤਾਂ ਘੜਦੀ ਐ। ਇਸ ਤਰ੍ਹਾਂ ਦੀ ਲੋਕਰਾਜੀ ਪ੍ਰਣਾਲੀ ਘੱਟ ਗਿਣਤੀਆਂ ਖ਼ਾਸ ਕਰ ਸਿੱਖ ਕੌਮ ਨੂੰ ਖ਼ਤਮ ਕਰ ਦੇਵੇਗੀ। ਸੁਵੈਮ ਸੇਵਕ ਸੰਘ, ਸ਼ਿਵ ਸੈਨਾ ਤੇ ਬਜਰੰਗ ਦਲ ਆਦਿ ਫ਼ਿਰਕੂ ਤੇ ਨੀਮ ਫ਼ੌਜੀ ਜਥੇਬੰਦੀਆਂ ਆਪ ਤਿਆਰ ਕਰੀ ਬੈਠੇ ਐ। ਉਲਟਾ ਸਾਨੂੰ ਦੇਸ਼ ਭਗਤਾਂ ਨੂੰ ਫ਼ਿਰਕਾਪ੍ਰਸਤ ਆਖਦੇ ਐ। ਇਨ੍ਹਾਂ ਨੂੰ ਕੋਈ ਨੇਕ ਪੁਰਸ਼ ਪੁੱਛਣ ਵਾਲਾ ਹੋਵੇ: ਵੀਹ, ਪੱਚੀ ਲੱਖ ਫ਼ੌਜ ਤੇ ਪੁਲੀਸ ਦੇ ਹੁੰਦਿਆਂ ਨੱਬੇ ਕਰੋੜ ਦੀ ਆਬਾਦੀ ਨੂੰ ਡੇਢ ਕਰੋੜ ਸਿੱਖਾਂ ਤੋਂ ਕੀ ਖ਼ਤਰਾ ਹੋ ਸਕਦਾ ਹੈ। ਸਾਡਾ ਤਾਂ ਸਰਬੱਤ ਦੇ ਭਲੇ ਦਾ ਪਾਲਕ ਧਰਮ ਹੈ।

ਸੰਤ ਜਰਨੈਲ ਸਿੰਘ ਦੇ ਪਿਤਾ ਸ. ਜੋਗਿੰਦਰ ਸਿੰਘ ਜੀ ਪਿੰਡ ਰੋਡੇ ਤਹਿਸੀਲ ਮੋਗਾ ਦੇ ਸਨ। ਸ. ਜੋਗਿੰਦਰ ਸਿੰਘ ਜੀ ਗੁਰਮੁਖ ਸਿੱਖ ਸਨ। ਉਨ੍ਹਾਂ ਵੱਡੇ ਪਿੰਡ ਰੋਡੇ ਤੋਂ ਦੋ ਕਿਲੋਮੀਟਰ ਦੂਰ ਖੇਤਾਂ ਵਿਚ ਘਰ ਜਾ ਪਾਏ ਸਨ। ਹੋਰ ਵੀ ਸਿੰਘ ਦੂਰ ਦੀਆਂ ਜ਼ਮੀਨਾਂ ਵਾਲੇ ਬਾਬਾ ਜੀ ਨਾਲ ਆ ਵਸੇ। ਦਮਦਮੀ ਟਕਸਾਲ ਦੇ ਮੋਹਰੀ ਮਹਾਂਪੁਰਸ਼ ਸੰਤ ਗੁਰਬਚਨ ਸਿੰਘ ਜੀ ਰੋਡੇ ਪਿੰਡ ਚੱਕਰ ਮਾਰਦੇ ਹੀ ਰਹਿੰਦੇ ਸਨ। ਇਸ ਪਿੰਡ ਦੀਆਂ ਅਕਾਲੀ ਮੋਰਚਿਆਂ ਵਿਚ ਵੱਡੀਆਂ ਮਾਰਾਂ ਸਨ। ਖ਼ਾਸ ਤੌਰ 'ਤੇ ਜੈਤੋ ਦੇ ਮੋਰਚੇ ਵਿਚ ਸੇਵਾ ਤੇ ਦਲੇਰੀ ਬਹੁਤ ਨਿਭਾਹੀ ਸੀ। ਇੱਕ ਵਾਰ ਸੰਤ ਗੁਰਬਚਨ ਸਿੰਘ ਜੀ ਸਿੱਖੀ ਦੇ ਕਥਾ ਪ੍ਰਚਾਰ ਲਈ ਰੋਡੇ ਪਿੰਡ ਆਏ। ਬਾਬਾ ਜੋਗਿੰਦਰ ਸਿੰਘ ਜੀ ਸੰਤਾਂ ਦੇ ਬੜੇ ਸ਼ਰਧਾਲੂ ਸਨ। ਉਨ੍ਹਾਂ ਨਾਲ ਭੁਜੰਗੀ ਜਰਨੈਲ ਸਿੰਘ ਵੀ ਸੰਤਾਂ ਦੇ ਦਰਸ਼ਨਾਂ ਨੂੰ ਆ ਗਿਆ। ਭੁਜੰਗੀ ਜਰਨੈਲ ਸਿੰਘ ਦੀ ਸੇਵਾ ਭਾਵਨਾ ਵੇਖ ਕੇ ਸੰਤ

ਗੁਰਬਚਨ ਸਿੰਘ ਜੀ ਨੇ ਉਸ ਨੂੰ ਬਾਬਾ ਜੋਗਿੰਦਰ ਸਿੰਘ ਤੋਂ ਮੰਗ ਲਿਆ।

"ਬਾਬਾ ਜੀ! ਇਹ ਬੇਟਾ ਤੁਸੀਂ ਸਾਨੂੰ ਦੇ ਦਿਓ; ਬਹੁਤ ਹੋਣਹਾਰ ਐ।"

"ਮਹਾਂਪੁਰਸ਼! ਬੇਟਾ ਤੁਹਾਡਾ ਹੀ ਹੈ, ਸਦਾ ਲਈ।" ਬਾਬਾ ਜੋਗਿੰਦਰ ਸਿੰਘ ਨੇ ਹੱਥ ਜੋੜ ਕੇ ਸੰਤਾਂ ਦੀ ਖ਼ਾਹਿਸ਼ ਮੰਨ ਲਈ।

ਸੰਤ ਗੁਰਬਚਨ ਸਿੰਘ ਜੀ ਦੀ ਸ਼ਰਣ ਵਿਚ ਆ ਕੇ ਜਰਨੈਲ ਸਿੰਘ ਗੁਰਬਾਣੀ ਅਰਥਾਂ ਸਮੇਤ ਯਾਦ ਕਰਨ ਵਿਚ ਕਮਾਲ ਦਾ ਹੋਣਹਾਰ ਨਿਕਲਿਆ। ਤਿੰਨ-ਚਾਰ ਵਾਰ ਪਾਠ ਕਰਨ 'ਤੇ ਗੁਰਬਾਣੀ ਜ਼ਬਾਨੀ ਯਾਦ ਹੋ ਜਾਂਦੀ। ਸੰਤ ਕਰਤਾਰ ਸਿੰਘ ਜੀ ਦੇ ਕਾਰ ਹਾਦਸੇ ਵਿਚ ਸਵਰਗਪੁਰੀ ਸਿਧਾਰ ਜਾਣ ਪਿੱਛੋਂ ਸੰਤ ਜਰਨੈਲ ਸਿੰਘ ਨੂੰ ਉਨ੍ਹਾਂ ਦੀ ਥਾਂ ਪੱਗ ਦਿੱਤੀ ਗਈ। ਆਪ ਨੇ ਫਿਰ-ਤੁਰ ਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਅਣਖ ਤੇ ਗੌਰਵ ਵਾਲੇ ਮਹਾਂਪੁਰਸ਼ ਸਨ। ਨਿਰੰਕਾਰੀ ਸੰਪਰਦਾ ਵਲੋਂ ਗੁਰੂਆਂ ਤੇ ਗੁਰਮਤ ਬਾਰੇ ਹੀਣ ਭਾਵ ਵਾਲੀਆਂ ਗੱਲਾਂ ਨਾ ਸਹਾਰ ਸਕੇ ਅਤੇ ਅੰਮ੍ਰਿਤਸਰ ਦੀ ਵਿਸਾਖੀ ਸਮੇਂ ਨਿਰੰਕਾਰੀਆਂ ਨਾਲ ਟੱਕਰ ਹੋ ਗਈ। ਸੰਮੇਲਨ ਹਟਾਉਣ ਗਿਆਂ 'ਤੇ ਤੇਰਾਂ ਸਿੰਘ ਸ਼ਹੀਦ ਹੋ ਗਏ। ਸੰਤ ਗੁੱਸੇ-ਖੋਰੇ ਸਨ। ਨਿਰੰਕਾਰੀਆਂ ਦੇ ਸਮੇਂ ਦੇ ਡੀ. ਸੀ. ਅਤੇ ਪੁਲੀਸ ਨੇ ਰੱਜ ਕੇ ਮਦਦ ਕੀਤੀ ਸੀ। ਇੰਦਰਾ ਚਾਹੁੰਦੀ ਸੀ, ਸਿੱਖ ਸਿੱਖਾਂ ਨੂੰ ਮਾਰਨ ਅਤੇ ਦੋਫਾੜ ਵਧੇ। ਇਸ ਪਾੜ ਨੂੰ ਚੌੜਾ ਕਰਨ ਲਈ ਅੱਗ ਬਾਣੀ ਦੇ ਐਡੀਟਰ ਮਹਾਸ਼ੇ ਨੇ ਬਲਦੀ 'ਤੇ ਤੇਲ ਪਾਇਆ। ਸਿੰਘਾਂ ਦੇ ਸੱਜਰੇ ਜ਼ਖ਼ਮਾਂ 'ਤੇ ਉਸ ਦੇ ਲੇਖਾ ਲੂਣ ਮਲਣ ਦਾ ਕੰਮ ਕੀਤਾ।

ਮਹਾਸ਼ੇ ਦੇ ਅੱਗ ਲਾਊ ਲੇਖਾਂ ਸੰਤ ਜਰਨੈਲ ਸਿੰਘ ਨੂੰ ਬੁਰੀ ਤਰ੍ਹਾਂ ਬੇਚੈਨ ਕਰ ਮਾਰਿਆ। ਬਦਲੇ ਦੀ ਭਾਵਨਾ ਕੌੜੀ ਵੇਲ ਵਾਂਗ ਵਧਣ ਲੱਗੀ। ਏਸੇ ਹੀ ਪ੍ਰੈੱਸ ਨੇ ਪਹਿਲੋਂ ਲਾਹੌਰ ਮੁਸਲਮਾਨਾਂ ਦੇ ਸੀਨੇ ਸਾੜੇ ਸਨ ਤੇ ਸਿੱਟੇ ਵਜੋਂ ਪਾਕਿਸਤਾਨ ਬਣਵਾ ਲਿਆ। ਹੁਣ ਰੰਗੀਂ ਵਸਦੇ ਪੰਜਾਬ ਨੂੰ ਤਬਾਹ ਕਰਨ ਲਈ ਜਲੰਧਰ ਆ ਝੰਡੇ ਗੱਡੇ। ਤੱਤੀਆਂ ਖ਼ਬਰਾਂ ਤੇ ਭੜਕਾਊ ਲੇਖਾਂ ਨਾਲ ਅਖ਼ਬਾਰਾਂ ਵੱਧ ਵਿਕਦੀਆਂ ਸਨ। ਇਹ ਉਨ੍ਹਾਂ ਦਾ ਵਪਾਰ ਸੀ। ਪਰ ਇਹ ਉੱਕਾ ਈ ਨਹੀਂ ਸੋਚਦੇ ਸਨ, ਜਿਹੜੇ ਅੰਗਿਆਰ ਅਸੀਂ ਲੋਕਾਂ ਦੇ ਦਿਲਾਂ ਵਿਚ ਬੀਜ ਰਹੇ ਆਂ; ਇਹ ਇੱਕ ਦਿਨ ਲਾਵਾ ਵੀ ਬਣ ਸਕਦੇ ਹਨ। ਅੰਦਰੋ ਅੰਦਰ ਇਹ ਜਨੂੰਨ ਪੰਜਾਬ ਨੂੰ ਚੜ੍ਹ ਰਿਹਾ ਸੀ। ਦੇਸ਼ ਦੀ ਪ੍ਰਧਾਨ ਮੰਤਰੀ ਪੰਜਾਬ ਦੇ ਦਿਨੋ-ਦਿਨ ਵਿਗੜਦੇ ਹਾਲਾਤ 'ਤੇ ਗੰਭੀਰਤਾ ਨਾਲ ਹੱਸ ਰਹੀ ਸੀ। ਉਸ ਨੂੰ ਗੁੱਸਾ ਸੀ, ਇਨ੍ਹਾਂ ਸਿੱਖਾਂ ਐਮਰਜੈਂਸੀ ਸਮੇਂ ਮੋਰਚਾ ਲਾ ਕੇ ਮੇਰੀ ਨੀਂਦ ਹਰਾਮ ਕਰ ਮਾਰੀ ਸੀ। ਪੰਜਾਬ ਦੀ ਭੱਠੀ ਨੂੰ ਹਾਲੇ ਹੋਰ ਮਘੀ ਜਾਣ ਦਿਓ। ਉਸ ਸ਼ਾਂਤੀ ਸਥਾਪਤ ਕਰਨ ਲਈ ਕੋਈ ਕਦਮ ਨਾ ਚੁੱਕਿਆ। ਉਹ ਚਾਹੁੰਦੀ ਸੀ, ਅਕਾਲੀਆਂ ਲਈ ਸੰਤ ਭਿੰਡਰਾਂ ਵਾਲਾ ਸ਼ਿਵ ਖੜ੍ਹਾ ਕੀਤਾ ਜਾਵੇ। ਚੰਗਾ ਹੈ, ਸਿੱਖਾਂ ਨੂੰ ਸਿੱਖ ਹੀ ਮਾਰਨ। ਇੰਦਰਾ ਤੇ ਉਸ ਦਾ ਮੁੰਡਾ ਰਾਜੀਵ ਸੰਤ ਜਰਨੈਲ ਸਿੰਘ ਦੀ ਨੇਤਾ ਦਾ ਦਮ ਭਰਦੇ ਸਨ? ਕਿਉਂਕਿ ਰਾਜਨੀਤੀ ਤੋਂ ਦੂਰ ਧਾਰਮਿਕ ਸੰਤ ਜਰਨੈਲ ਸਿੰਘ ਨੂੰ ਹੱਥਾਂ 'ਤੇ ਚਾੜ੍ਹ ਕੇ ਉਹ ਅਕਾਲੀਆਂ ਨਾਲ ਟਕਰਾਉ ਸੀ। ਸੰਤ ਇਸ ਡੂੰਘੀ ਚਾਲ ਤੋਂ ਬੇਖ਼ਬਰ ਸਨ। ਉਹ ਧੋਖਾ ਦੇਣ ਵਾਲੀ ਰਾਜਨੀਤੀ ਨੂੰ ਨਫ਼ਰਤ ਕਰਦੇ ਸਨ। ਦਿੱਲੀ, ਪੰਜਾਬ ਤੇ ਖ਼ਾਸ ਕਰਕੇ ਸਿੱਖਾਂ ਵਿਰੁੱਧ ਹਮੇਸ਼ਾ ਸਰਕੱਪ ਵਾਲੀਆਂ ਧੋਖਾਕਰੂ ਚਾਲਾਂ ਚੱਲਦੀ ਰਹੀ ਐ ਤੇ ਉਹ ਮਾਂ-ਪੁੱਤ ਮਹਾਂਪੁਰਸ਼ਾਂ ਨੂੰ ਆਪਣੇ ਚੱਕਰਵਿਊ ਵਿਚ ਫਸਾਉਣਾ ਚਾਹੁੰਦੇ ਸਨ।

ਸੰਤ ਜਰਨੈਲ ਸਿੰਘ ਦੀ ਜਨਮ ਭੂਮੀ ਪਿੰਡ ਰੋਡੇ ਤਹਿਸੀਲ ਮੋਗਾ ਵਿਚ ਸੀ। ਪੰਜਾਬ ਦੇ ਭੜਕਾਏ ਤੇ ਬੌਂਦਲਾਏ ਹਾਲਾਤ ਵਿਚ ਇੱਕ ਵਾਰ ਉਹ ਜੱਥੇ ਸਮੇਤ ਰੋਡੇ ਪਿੰਡ ਇੱਕ ਵਿਆਹ 'ਤੇ ਆਏ। ਆਲੇ-ਦੁਆਲੇ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਅਰਥਾਂ ਸਮੇਤ ਪੜ੍ਹਾਉਂਦੇ ਸਨ। ਉਨ੍ਹਾਂ ਦੀਆਂ ਸ਼ੰਕਾਵਾਂ ਨਿਵਰਤ ਕਰਦੇ। ਮਨਮਤ ਕਰਨ 'ਤੇ ਪੈਰੀਂ ਹੱਥ ਲਾਉਣ ਵਾਲਿਆਂ ਨੂੰ ਸਖ਼ਤੀ ਨਾਲ ਵਰਜਦੇ ਸਨ। ਸਿੰਘ ਨੂੰ ਸਿੰਘ ਫ਼ਤਹਿ ਬੁਲਾਵੇਗਾ; ਨਾ ਝੁਕੇਗਾ ਨਾ ਝੁਕਾਵੇਗਾ। ਪਿਆਰਿਓ, ਗੁਰੂ ਗੋਬਿੰਦ ਸਿੰਘ ਦੇ ਸ਼ੇਰ ਪੁੱਤਰ ਬਣੋ ਤੇ ਸਿੰਘ ਸਜੋ। ਉਹ ਬਾਣੀ ਨਾਲ ਬਾਣੇ 'ਤੇ ਵੀ ਜ਼ੋਰ ਦਿੰਦੇ ਸਨ। ਨੌਜਵਾਨਾਂ ਨੂੰ ਨਸ਼ਿਆਂ ਤੋਂ ਸਖ਼ਤੀ ਨਾਲ ਰੋਕਦੇ। ਐਨੀਆਂ ਸੁਹਣੀਆਂ ਸੂਰਤਾਂ ਨੂੰ ਕੋਹਝੀਆਂ ਤੇ ਕੁਢੱਵੀਆਂ ਬਣਾਉਂਦੇ ਹੋ। ਇਹ ਸੂਰਤ ਵਾਹਿਗੁਰੂ ਦੀ ਬਖ਼ਸ਼ ਐ; ਨਸ਼ਿਆਂ ਨਾਲ ਇਸ ਨੂੰ ਵਿਗਾੜੋ ਨਾ। ਸਾਬਤ ਸੂਰਤ ਰੱਬ ਦੀ; ਤੁਸੀਂ ਇਸ ਦਾ ਸੱਤਿਆਨਾਸ ਪੁੱਟਦੇ ਹੋ। ਹਾਥੀਆਂ ਨਾਲ ਮੁਕਾਬਲਾ ਕਰਨ ਵਾਲੇ ਬਚਿੱਤਰ ਸਿੰਘ ਬਣੋ।

ਸੰਤਾਂ ਦੇ ਇੱਕ ਸ਼ਰਧਾਲੂ ਨੇ ਰੋਡੇ ਪਿੰਡ ਦੇ ਹੀ ਆਪਣੇ ਦੋਸਤ ਨਛੱਤਰ ਸਿੰਘ ਕਾਮਰੇਡ ਨਾਲ ਆ ਗੱਲ ਕੀਤੀ।

"ਛੱਤਿਆ, ਤੂੰ ਸੰਤ ਜਰਨੈਲ ਸਿੰਘ ਦੇ ਦਰਸ਼ਨਾਂ ਨੂੰ ਕਿਉਂ ਨਹੀਂ ਜਾਂਦਾ। ਸਾਰਾ ਜਹਾਨ ਦਰਸ਼ਨ ਕਰ ਕਰ ਕ੍ਰਿਤਾਰਥ ਹੋ ਰਿਹਾ ਏ?"

"ਦਰਸ਼ਨਾਂ ਵਿਚ ਕੀ ਪਿਆ ਏ, ਗੱਲ ਤਾਂ ਵਿਚਾਰਧਾਰਾ ਦੀ ਹੁੰਦੀ ਹੈ", ਕਾਮਰੇਡ ਸਪਸ਼ਟ ਕਹਿ ਗਿਆ।

"ਵਿਚਾਰ ਵੀ ਕਰ ਲਵੀਂ, ਲਾਭ ਹੀ ਲਾਭ ਐ।"

"ਨਾ ਬਈ, ਮੈਂ ਆਂ ਸਿਰਮੁੰਨਾ, ਸੰਤ ਤੇਰੇ ਅੜਬ ਤੇ ਖੌਹਿਰਾ ਬਲਦੇ ਐ। ਮੇਰੀ ਹੋ ਜਾਊ ਝੜਪ, ਮੈਂ ਦਰਸ਼ਨਾਂ ਤੋਂ ਬਿਨਾਂ ਹੀ ਚੰਗਾ ਆਂ", ਨਛੱਤਰ ਨੇ ਆਪਣੇ ਦਿਲ ਦੀ ਕਹਿ ਦਿੱਤੀ।

"ਬਈ ਉਹ ਗ਼ਲਤ ਨੂੰ ਗ਼ਲਤ ਆਖਦੇ ਐ, ਕੀ ਮਾੜੀ ਗੱਲ ਕਰਦੇ ਐ। ਸੱਚ 'ਤੇ ਪਹਿਰਾ ਦਿੰਦੇ ਐ। ਤੂੰ ਚੱਲ ਕੇ ਇੱਕ ਵਾਰ ਅਜ਼ਮਾ ਵੇਖ।"

"ਵੇਖ ਭਰਾਵਾ, ਉਨ੍ਹਾਂ ਪੈਂਦੀ ਸੱਟੇ ਮੇਰੇ ਮੁੰਨੇ ਸਿਰ ਨੂੰ ਪੈ ਜਾਣਾ ਏ, ਮੇਰੇ ਤੋਂ ਬਰਦਾਸ਼ਤ ਕਰਨਾ ਔਖਾ ਹੋ ਜਾਣਾ ਏ ਤੇ ਫੇਰ ਸਿਆਪਾ ਖੜ੍ਹਾ ਹੋ ਜਾਵੇਗਾ।

"ਤੈਨੂੰ ਡਰ ਤਾਂ ਨਹੀਂ ਲੱਗਦਾ?" ਸਾਥੀ ਹੱਸ ਕੇ ਪੁੱਛ ਗਿਆ।

"ਡਰਦਾ ਤਾਂ ਮੈਂ ਰੱਬ ਤੋਂ ਵੀ ਨਹੀਂ। ਐਵੇਂ ਦੋਵੇਂ ਖਾਹ-ਮਖਾਹ ਹੋਵਾਂਗੇ, ਤੂੰ ਢਕੀ ਰਿੱਝਣ ਦੇ।"

"ਵਿਰੋਧੀ ਵਿਚਾਰਾਂ ਦੇ ਟਕਰਾਅ ਬਿਨਾਂ ਸੱਚ ਨਹੀਂ ਨਿੱਖਰਦਾ।" ਸਾਥੀ ਪਤੇ ਦੀ ਗੱਲ ਕਹਿ ਗਿਆ, ਨਾਲ ਵਿਅੰਗ ਵੀ ਕਰ ਮਾਰਿਆ, "ਟਕਰਾਅ ਵਿਚੋਂ ਕੁਝ ਹੋਰ ਈ ਨਿੱਖਰ ਆਵੇਗਾ। ਲਾਹਪਾਹ ਹੋਵੇਗੀ, ਸੰਗਤ ਤਮਾਸ਼ਾ ਵੇਖੇਗੀ।" ਕਾਮਰੇਡ ਜਾਊ ਨਹੀਂ ਸੀ।

"ਮੈਂ ਹਰ ਤਰ੍ਹਾਂ ਦੀ ਉੱਚੀ-ਨੀਵੀਂ ਗੱਲ ਦਾ ਜ਼ਿੰਮੇਵਾਰ ਆਂ। ਤੂੰ ਗੁਰਬਾਣੀ ਦਾ ਵਿਰੋਧੀ ਏਂ?"

"ਨਾ, ਕਦੇ ਵੀ ਨਾ। ਮੈਂ ਗੁਰਬਾਣੀ ਦੇ ਨਾਂ 'ਤੇ ਸ਼ਰਧਾ ਉੱਤੇ ਕੀਤੇ ਜਾ ਰਹੇ ਪਾਖੰਡ ਵਿਰੁਧ ਆਂ। ਗੁਰਬਾਣੀ ਨੇ ਤਾਂ ਲੋਕਾਂ ਨੂੰ ਗਾਡੀ ਰਾਹ ਵਿਖਾਇਆ ਏ।" ਕਮਿਊਨਿਸਟ ਨੇ

ਅੰਦਰਲੀ ਸ਼ਰਧਾ ਤੇ ਦ੍ਰਿੜ੍ਹਤਾ ਨਾਲ ਆਖਿਆ।

"ਸੰਤ ਪਾਖੰਡੀਆਂ ਦੇ ਅਸਲੋਂ ਉਲਟ ਐ, ਤੂੰ ਮਿਲੇਂਗਾ ਤਾਂ ਸੱਚ ਸਾਹਮਣੇ ਆ ਜਾਵੇਗਾ।"

"ਪਹਿਲੋਂ ਉਨ੍ਹਾਂ ਜਾਂਦਿਆਂ ਸਾਰ ਮੇਰੇ ਘੋਨੇ ਸਿਰ ਵਿਚ ਠੋਲ੍ਹਾ ਮਾਰਨਾ ਏਂ। ਮੈਂ ਦਿਲ ਦਾ ਸਿੱਖ ਆਂ, ਚਿੰਨ੍ਹਧਾਰੀ ਨਹੀਂ।"

"ਗੁਰੂ ਨਾਨਕ ਇਨਕਲਾਬੀ ਨਹੀਂ ਸਨ, ਜਿਹੜੇ ਵਿਰੋਧੀ ਵਿਚਾਰਾਂ ਤੇ ਪਾਖੰਡੀਆਂ ਨਾਲ ਥਾਂ-ਥਾਂ ਜਾ ਕੇ ਮੱਥਾ ਲਾਉਂਦੇ ਰਹੇ? ਤੈਨੂੰ ਡਰ ਕਾਹਦਾ ਏ?"

"ਗੁਰੂ ਨਾਨਕ ਸੱਚੇ ਤੇ ਖਾੜਕੂ ਇਨਕਲਾਬੀ ਸਨ, ਉਨ੍ਹਾਂ ਦਾ ਵਾਸਤਾ ਦੇਂਦਾ ਏਂ ਤਾਂ ਚੱਲ।" ਉਹ ਚੱਲਣ ਲਈ ਤਿਆਰ ਹੋ ਗਿਆ।

ਉਹ ਦੋਵੇਂ ਗੁਰਦੁਆਰੇ ਪਹੁੰਚ ਗਏ। ਨਛੱਤਰ ਨੇ ਦੋਵੇਂ ਹੱਥ ਜੋੜਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰੀ ਸ਼ਰਧਾ ਨਾਲ ਮੱਥਾ ਜਾ ਟੇਕਿਆ। ਲਾਗੇ ਬੈਠੇ ਸੰਤ ਜਰਨੈਲ ਸਿੰਘ ਵੱਲ ਝਾਕਿਆ ਵੀ ਨਾ। ਉਹ ਜਾਣ ਕੇ ਸੰਗਤ ਦੇ ਪਿੱਛੇ ਜਾ ਬੈਠਾ। ਜਦੋਂ ਕਥਾ ਸਮਾਪਤ ਹੋਈ, ਨਛੱਤਰ ਸਿੰਘ ਦਾ ਦੋਸਤ ਸੰਤ ਕੋਲ ਗਿਆ ਅਤੇ ਉਨ੍ਹਾਂ ਦੇ ਕੰਨ ਵਿਚ ਕੁਝ ਆਖਣ ਲੱਗਾ। ਨੱਛਤਰ ਨੇ ਸੋਚ ਲਿਆ, ਜ਼ਰੂਰ ਮੇਰੀ ਬਾਬਤ ਗੱਲ ਕੀਤੀ ਹੋਵੇਗੀ। ਪ੍ਰਸ਼ਾਦ ਵਰਤਣ ਲੱਗ ਪਿਆ ਸੀ। ਕਾਮਰੇਡ ਦਾ ਯਾਰ ਉਸ ਕੋਲ ਆ ਬੈਠਾ।

"ਸੰਤਾਂ ਨੂੰ ਕੀ ਕਹਿ ਕੇ ਆਇਆ ਏਂ?" ਨਛੱਤਰ ਨੇ ਉਸ ਤੋਂ ਪੁੱਛ ਲਿਆ। ਉਸ ਦਾ ਦਿਲ ਵੀ ਧੜਕ ਰਿਹਾ ਸੀ।

"ਮੈਂ ਕਿਹਾ ਏ, ਛੱਤੇ ਨੂੰ ਮੈਂ ਫੜ ਲਿਆਇਆ ਹਾਂ, ਮੰਨੇ ਕਾ ਸਿੱਖ ਤੁਸੀਂ ਬਣਾ ਲਵੋ", ਏਨੀ ਕਹਿ ਕੇ ਉਹ ਹੱਸ ਪਿਆ।

"ਪਾ ਦਿੱਤਾ ਸੇਵੀਆਂ ਵਿਚ ਲੂਣ, ਨਾ ਟਲਿਆ। ਏਸੇ ਕਰਕੇ ਮੈਂ ਨਹੀਂ ਸੀ ਆਉਂਦਾ।" ਨਛੱਤਰ ਨੇ ਫੁੰਕਾਰਾ ਮਾਰਿਆ।

"ਸੱਪ ਨੂੰ ਸੱਪ ਲੜੇ, ਵਿਹੁ ਕਿਹਨੂੰ ਚੜ੍ਹੇ। ਅੱਗ ਵਿਚ ਪਾਇਆਂ ਹੀ ਸੋਨੇ ਤੇ ਪਿੱਤਲ ਦੀ ਪਰਖ਼ ਹੁੰਦੀ ਐ।"

"ਤੂੰ ਵੇਖਦਾ ਏਂ ਤਮਾਸ਼ਾ, ਮੈਂ ਚੱਲਿਆਂ", ਉਹ ਉੱਠ ਕੇ ਖਲੋ ਗਿਆ।

ਦੋਸਤ ਨੇ ਉਸ ਦਾ ਝੱਗਾ, ਕੰਨੀਂ ਤੋਂ ਫੜ ਕੇ ਬਹਿਣ ਲਈ ਖਿੱਚਿਆ।

"ਪਹਿਲਾਂ ਪ੍ਰਸ਼ਾਦ ਲੈ ਗੁਰ ਸਿੱਖਾਂ ਵਾਂਗ। ਫੇਰ ਬਚਨ ਬਿਲਾਸ ਕਰਾਂਗੇ। ਸੰਤ ਤੈਨੂੰ ਜਾਣਦੇ ਐ।"

ਕਾਮਰੇਡ ਬਹਿ ਗਿਆ। ਪ੍ਰਸ਼ਾਦ ਲਏ ਬਿਨਾਂ ਜਾਣਾ ਉਸ ਨੂੰ ਵੀ ਅਵੱਗਿਆ ਜਾਪੀ। ਕਮਿਊਨਿਸਟਾਂ ਨੂੰ ਤਾਂ ਲੋਕ ਊਂ ਈ ਨਾਸਤਿਕ ਕਹਿ ਕਹਿ ਭੰਡੀ ਜਾਂਦੇ ਐ। ਪ੍ਰਸ਼ਾਦ ਨਾ ਲਿਆ, ਹੋਰ ਪੁਆੜਾ ਖੜ੍ਹਾ ਹੋ ਜਾਵੇਗਾ।

"ਯਾਰ ਤੂੰ ਜ਼ਰੂਰ ਟାਕਰਾ ਲਵਾਉਣਾ ਏਂ?"

"ਪਤਾ ਲੱਗ ਜਾਊ ਕਮਿਊਨਿਸਟ ਮੈਨੂਫੈਸਟੋ ਸੱਚਾ ਏ ਜਾਂ ਗੁਰਬਾਣੀ? ਆਪਾਂ ਤਾਂ ਸੱਚ ਭਾਲਣ ਵਾਲੇ ਆਂ", ਉਹ ਧੌਣ ਉੱਚੀ ਕਰ ਗਿਆ।

"ਦੋਵੇਂ ਸੱਚੇ ਐ। ਦੋਵਾਂ ਨੂੰ ਬੁਨਿਆਦੀ ਪੱਖੋਂ ਨਾ ਸਮਝਣ ਵਾਲੇ ਹੀ ਗ਼ਲਤ ਹਨ.....।"

"ਕਾਮਰੇਡ ਸਾਹਿਬ, ਦੇਗ ਲਓ?" ਪ੍ਰਸ਼ਾਦ ਵਰਤਾਉਂਦੇ ਭਾਈ ਨੇ ਉਸ ਨੂੰ ਧਿਆਨ ਕਰਨ ਲਈ ਪੁਕਾਰਿਆ।

ਨਛੱਤਰ ਨੇ ਦੇਗ ਲੈ ਲਈ। ਮੂੰਹ ਵਿਚ ਪਾਉਣ ਪਿੱਛੋਂ ਥੰਦੇ ਹੱਥ ਮੂੰਹ 'ਤੇ ਫੇਰਨ ਲੱਗ ਪਿਆ। ਦਾੜ੍ਹੀ ਦੇ ਕਰਚੇ ਉਹਦੇ ਸਖ਼ਤ ਹੱਥਾਂ ਵਿਚ ਵੀ ਚੁਭ ਰਹੇ ਸਨ। ਆਉਣ ਵਾਲੇ ਝਗੜੇ ਦੀ ਚੋਭ ਜ਼ਿਹਨ ਵਿਚ ਵੱਖਰੀ ਰੜਕ ਰਹੀ ਸੀ। ਉਂਝ ਥੰਦੇ ਹੱਥ ਫੇਰਨ ਨਾਲ ਚਿਹਰਾ ਲਿਸ਼ਕ ਪਿਆ ਸੀ। ਉਸ ਖਿਸਕਣ ਦੀ ਨੀਅਤ ਨਾਲ ਆਖਿਆ,

"ਚੰਗਾ ਬਈ ਦੋਸਤ ਮੈਂ ਚੱਲਦਾ ਆਂ?"

"ਨਾ ਬਈ ਸੰਤਾਂ ਨੇ ਤੇਰੇ ਨਾਲ ਖ਼ਾਸ ਗੱਲ ਕਰਨੀ ਐ", ਯਾਰ ਨੇ ਉਸ ਨੂੰ ਰੋਕ ਲਿਆ।

"ਮੇਰੇ ਨਾਲ ਗੱਲ? ਉਹ ਕਿਉਂ?" ਨਛੱਤਰ ਹੋਰ ਚੇਤੰਨ ਹੋ ਗਿਆ।

"ਤੂੰ ਤਾਂ ਖ਼ੁਸ਼ ਕਿਸਮਤ ਏਂ, ਜੀਹਦੇ ਨਾਲ ਸੰਤ ਆਪ ਗੱਲ ਕਰਨ ਵਾਲੇ ਐ।" ਉਸ ਆਪਣਾ ਸੱਜਾ ਹੱਥ ਸਾਥੀ ਦੇ ਮੋਢੇ 'ਤੇ ਰੱਖ ਦਿੱਤਾ।

"ਯਾਰ ਇਹ ਲੰਮੇ ਚੋਲੇ, ਰਾਹਬਾਂ, ਈਸਾਈ ਪਾਦਰੀਆਂ, ਮੁਸਲਮਾਨ ਦੀਨੀਆਂ ਅਤੇ ਸਾਡੇ ਸੰਤ-ਮਹੰਤਾਂ ਦੇ ਕਿਉਂ?" ਉਹ ਚੋਲਿਆਂ ਦੀ ਮਰਯਾਦਾ ਦੇ ਖ਼ਿਲਾਫ਼ ਸੀ। "ਇਨ੍ਹਾਂ ਚੋਲਿਆਂ ਹੇਠਾਂ ਪਤਾ ਏ ਕਿੰਨੇ ਗੁਨਾਹ ਹੁੰਦੇ ਐ?"

"ਤੂੰ ਸੰਤਾਂ ਤੋਂ ਆਪ ਹੀ ਪੁੱਛ ਲਵੀਂ।"

ਸੰਗਤ ਪ੍ਰਸ਼ਾਦ ਲੈ ਲੈ ਉੱਠਦੀ ਰਹੀ ਤੇ ਵਿਹਲ ਹੁੰਦੀ ਗਈ। ਸੰਤ ਮਹਾਰਾਜ ਦੀ ਤਾਬਿਆ ਤੋਂ ਉੱਠ ਖਲੋਤੇ। ਉਨ੍ਹਾਂ ਅੱਗੇ ਵਧ ਕੇ ਛੱਤੇ ਦਾ ਮੋਢਾ ਆ ਥਾਪੜਿਆ। ਕਾਮਰੇਡ ਦਾ ਅੰਦਰ ਹਿੱਲ ਗਿਆ। ਊਂ ਹਾਰ ਮੰਨਣ ਵਾਲਾ ਤਾਂ ਮੈਂ ਵੀ ਨਹੀਂ। ਮੈਂ ਕਹਿਨਾ, ਮੈਂ ਸਾਥੀ ਆਂ, ਇਹ ਸੰਤ ਬਣਦੇ ਐ, ਝਗੜਾ ਕੌਣ ਨਿਬੇੜੂ?

"ਭਾਈ ਨਛੱਤਰ ਸਿੰਘਾ, ਤੇਰਾ ਕੀ ਹਾਲ ਐ?" ਸੰਤਾਂ ਨੇ ਮੋਰਾਂ 'ਤੇ ਹੱਥ ਫੇਰਿਆ।

"ਤੁਹਾਡੀ ਕ੍ਰਿਪਾ ਐ ਜੀ।" ਉਸ ਜ਼ੋਰੀਂ ਮੁਸਕਾਣ ਪੈਦਾ ਕਰਦਿਆਂ ਉੱਤਰ ਮੋੜਿਆ।

"ਕ੍ਰਿਪਾ ਸਾਰਿਆਂ 'ਤੇ ਗੁਰੂ ਮਹਾਰਾਜ ਦੀ। ਬੰਦਾ ਤਾਂ ਬੰਦੇ ਦੀ ਸਹਾਇਤਾ ਹੀ ਕਰ ਸਕਦਾ ਏ।" ਸੰਤ ਨੇ ਉਸ ਨੂੰ ਗੁਰਦੁਆਰੇ ਵਿਚੋਂ ਬਾਹਰ ਨੂੰ ਤੋਰ ਲਿਆ। "ਸਿਆਣਾ ਕਰਕੇ ਤੇਰੇ ਨਾਲ ਕੁਝ ਵਿਚਾਰਾਂ ਕਰਨ ਨੂੰ ਜੀਅ ਕੀਤਾ ਏ। ਪਹਿਲੀ ਗੱਲ, ਜਿਹਦੇ ਦਿਲ ਨੂੰ ਲੱਗਦੀ ਐ, ਮਹਿਸੂਸ ਉਹੀ ਕਰਦਾ ਹੈ। ਬਾਕੀ ਲੋਕ ਤਾਂ ਪਸ਼ੂ ਬਿਰਤੀ ਹੁੰਦੇ ਐ। ਮਹਿਸੂਸ ਵਿਚ ਬੜੀ ਸ਼ਕਤੀ ਐ, ਜੇ ਇਸ ਨੂੰ ਸਹੀ ਕਾਰੇ ਲਾਇਆ ਜਾਵੇ। ਦੂਜੀ ਟੱਲ ਪੰਜਾਬ ਦਾ ਕੀ ਬਣੇਗਾ? ਇਹ ਦਿਨੋ-ਦਿਨ ਵਧਦੀ ਜਾ ਰਹੀ ਅੱਗ ਕਿਵੇਂ ਸ਼ਾਂਤ ਹੋਵੇਗੀ?"

"ਮੈਂ ਇੱਕ ਪੇਂਡੂ ਕਿਸਾਨ, ਕੀ ਦੱਸ ਸਕਦਾ ਆਂ। ਤੁਸੀਂ ਵੱਡੀਆਂ ਹਸਤੀਆਂ, ਪਹੁੰਚਾਂ ਵਾਲੇ। ਸਰਕਾਰਾਂ, ਅਫ਼ਸਰਾਂ, ਲੀਡਰਾਂ ਨੂੰ ਮਿਲਦੇ ਰਹਿੰਦੇ ਹੋ। ਸ਼ਾਇਦ ਜਾਣੀ ਜਾਣ ਵੀ ਹੋਵੋ।" ਉਹ ਦਿਲੋਂ ਵਿਅੰਗ ਕੀਤਾ। "ਪੰਜਾਬ ਦੀ ਅਮਨ-ਸ਼ਾਂਤੀ ਦਾ ਤੁਹਾਨੂੰ ਹੀ ਪਤਾ ਹੋ ਸਕਦਾ ਹੈ?" ਕਾਮਰੇਡ ਖਹਿੜਾ ਛੁਡਾਉਣਾ ਵੀ ਚਾਹੁੰਦਾ ਸੀ।

"ਤੇ ਤੇਰੀ ਪਾਰਟੀ ਨਹੀਂ ਵੇਖਦੀ ਘੱਟ ਗਿਣਤੀਆਂ ਨੂੰ ਸਾਰੇ ਹਿੰਦੋਸਤਾਨ ਵਿਚ ਕੁੱਟਿਆ ਤੇ ਲੁੱਟਿਆ ਜਾ ਰਿਹਾ ਏ, ਮੈਂ ਸਮਝਦਾ ਆਂ, ਇਹ ਕੁਝ ਬ੍ਰਾਹਮਣਵਾਦ ਵੱਲੋਂ ਜਾਣ

ਬੁੱਝ ਕੇ ਕੀਤਾ ਜਾ ਰਿਹਾ ਹੈ। ਕਈ ਪ੍ਰਕਾਰ ਦੀਆਂ ਹਿੰਦੂ ਸੈਨਾਵਾਂ ਖੜ੍ਹੀਆਂ ਕੀਤੀਆਂ ਹਨ। ਖ਼ਾਸ ਤੌਰ 'ਤੇ ਸਿੱਖਾਂ ਦੀ ਇਤਿਹਾਸਕ ਅਣਖ਼ ਨੂੰ ਬੇਇੱਜ਼ਤ ਕਰ ਰਹੇ ਹਨ, ਜਿਹੜੇ ਇਨ੍ਹਾਂ ਦੇ ਰਾਖੇ ਰਹੇ ਹਨ।" ਉਹ ਸੰਕੋਚ ਕਰ ਗਏ, ਨਛੱਤਰ ਦਾ ਪ੍ਰਤੀਕਰਮ ਜਾਣਨ ਲਈ।

"ਹਿੰਦੂ ਹਜ਼ਾਰ ਵਰ੍ਹੇ ਮੁਸਲਮਾਨਾਂ ਦਾ ਬੁਰੀ ਤਰ੍ਹਾਂ ਗੁਲਾਮ ਰਿਹਾ ਏ। ਹੁਣ ਹਕੂਮਤ ਹੱਥ ਆ ਜਾਣ ਨਾਲ ਪੁਰਾਣੇ ਜ਼ੁਲਮਾਂ ਦੇ ਬਦਲੇ ਤਾਂ ਲਏਗਾ ਹੀ।" ਨਛੱਤਰ ਨੇ ਮਨੋਵਿਗਿਆਨ ਦਾ ਸੱਚਾ ਪੱਖ ਲੈਂਦਿਆਂ ਉੱਤਰ ਦਿੱਤਾ।

"ਹਿੰਦੋਸਤਾਨ ਦਾ ਮੁਸਲਮਾਨ ਬੁਨਿਆਦੀ ਤੌਰ 'ਤੇ ਅੱਠਵੀਂ, ਦਸਵੀਂ ਪੀੜ੍ਹੀ ਤੋਂ ਹਿੰਦੂ ਜਾਂ ਦਲਿਤ ਸੀ। ਜ਼ੁਲਮ ਕੀਤਾ ਬਾਹਰੋਂ ਆਏ ਜ਼ਾਬਰਾਂ ਏਥੋਂ ਵਾਲੇ ਮੁਸਲਮਾਨ ਤਾਂ ਸਾਡੇ ਭਰਾਵਾਂ ਵਰਗੇ ਈ ਐ। ਸਿੱਖ ਹਿੰਦੂਆਂ ਨਾਲ ਹਮਦਰਦੀ ਕਰਨ ਵਾਲੇ ਰਾਖੇ ਸਨ। ਸਾਨੂੰ ਵੀ ਫ਼ਿਰਕੂ ਹਿੰਦੂਆਂ ਉਸੇ ਰੱਸੇ ਥੰਨ੍ਹ ਧਰਿਆ। ਇਸ ਬਦਲਾ ਲਊ ਸੋਚ ਦੀ ਸਮਝ ਨਹੀਂ ਆਉਂਦੀ।" ਸੰਤ ਨੇ ਕਾਮਰੇਡ ਦੇ ਮੋਢੇ ਤੋਂ ਹੱਥ ਚੁੱਕ ਲਿਆ। ਉਹ ਇੱਕ ਪੁਰਾਣੇ ਖੂਹ ਦੀ ਪਹੀ ਖੇਤਾਂ ਨੂੰ ਜਾ ਰਹੇ ਸਨ।

"ਦੇਸ਼ ਦੀ ਵੰਡ ਸਮੇਂ ਜਦੋਂ ਅੰਗਰੇਜ਼ਾਂ ਸਿੱਖਾਂ ਨੂੰ ਤੀਜੀ ਕੌਮ ਮੰਨ ਲਿਆ ਸੀ, ਇਨ੍ਹਾਂ ਆਪਣਾ ਹਿੱਸਾ ਕਿਉਂ ਨਾ ਲਿਆ। ਘੱਟੋ ਘੱਟ ਭਾਰਤ ਵਿਚ ਰਲਣ ਸਮੇਂ ਅੰਦਰੂਨੀ ਖ਼ੁਦਮੁਖ਼ਤਾਰੀ ਹੀ ਲਈ ਹੁੰਦੀ, ਜਿਹੜੀ ਸੁਖਾਲੀ ਹੀ ਮਿਲ ਸਕਦੀ ਸੀ।" ਨਛੱਤਰ ਨੇ ਤਿੱਖੇ ਸੱਚ ਦਾ ਵਾਰ ਕੀਤਾ।

"ਇਹਦੇ ਲਈ ਟਾਟੇ ਦਾ ਲੁਹਾਰ ਬਲਦੇਵ ਸਿੰਘ ਤੇ ਮਾਸਟਰ ਤਾਰਾ ਸਿੰਘ ਜ਼ਿੰਮੇਵਾਰ ਹਨ, ਸਗੋਂ ਇਤਿਹਾਸ ਦੇ ਦੋਸ਼ੀ ਜਿਹੜੇ ਲਾਰਿਆਂ 'ਤੇ ਹੀ ਪਰਚ ਗਏ।"

"ਸੰਤ ਜੀ, ਸਿਆਸਤ ਵਿਚ ਲਾਰਿਆਂ ਦੀ ਕੀ ਅਹਿਮੀਅਤ? ਹੁਣ ਨਤੀਜੇ ਸਾਰੀ ਕੌਮ ਨੂੰ ਭੁਗਤਣੇ ਪੈ ਰਹੇ ਐ। ਮਾਸਟਰ ਤਾਰਾ ਸਿੰਘ ਮਿਸਟਰ ਜਿਨਾਹ ਨੂੰ ਮਿਲੇ ਬਿਨਾਂ ਪਟਿਆਲਿਓਂ ਕਿਉਂ ਮੁੜ ਆਇਆ? ਜਿਨਾਹ ਨੇ ਕਿਹਾ ਸੀ, "ਸਿੱਖਾਂ-ਹਿੰਦੂਆਂ ਦੀ ਗੁਲਾਮੀ ਵੇਖੀ ਐ, ਹਾਕਮੀ ਨਹੀਂ ਤੱਕੀ। ਮੈਂ ਕੀ ਕਰ ਸਕਦਾ ਆਂ, ਜੇ ਸਿੱਖ ਗੁਲਾਮ ਹੀ ਰਹਿਣਾ ਚਾਹੁੰਦੇ ਹਨ। ਮਾੜੀ ਕਿਸਮਤ!" ਛੱਤੋ ਨੇ ਆਪਣੀ ਕਾਮਰੇਡੀ ਸੂਝ ਦਾ ਵਿਖਾਲਾ ਪਾਇਆ।

"ਤੂੰ ਠੀਕ ਆਖਦਾ ਏਂ, ਤੇਰੇ ਨਾਲ ਮੈਂ ਸਾਰਾ ਸਹਿਮਤ ਆਂ। ਗੁਲਾਮੀ ਤਾਂ ਗਲ ਪੈ ਗਈ। ਹੁਣ ਛੁਟਕਾਰਾ ਨਹੀਂ ਚਾਹੀਦਾ?"

"ਹਾਲਾਤ ਦੀ ਜੁਗ ਗਰਦੀ ਹੀ ਛੁਟਕਾਰਾ ਦੁਆ ਸਕਦੀ ਐ। ਹੱਥ ਵਢਾ ਲਏ; ਰਾਜਸੀ ਤਾਕਤ ਸਮੁੱਚੀ ਦੇ ਬੈਠੇ ਹੋ। ਹੁਣ ਕੀ ਹੋ ਸਕਦਾ ਹੈ?"

"ਕੀ ਹੁਣ ਕੌਮ ਜ਼ਿੱਲਤ ਦੀਆਂ ਜੁੱਤੀਆਂ ਹੀ ਖਾਵੇਗੀ? ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ। ਸਾਨੂੰ ਤਾਂ ਪੰਜਾਬ ਦਾ ਇੱਕ ਮਹਾਸ਼ਾ ਨਹੀਂ ਚੈਨ ਲੈਣ ਦੇਂਦਾ। ਲਾਹੌਰ ਵੀ ਹਿੰਦੂ ਪ੍ਰੈੱਸ ਨੇ ਮੁਸਲਮਾਨਾਂ ਨੂੰ ਚੋਭ੍ਹਾਂ ਦੇ ਦੇ ਪਾਕਿਸਤਾਨ ਬਣਾਇਆ। ਹੁਣ ਜਲੰਧਰ ਫ਼ਿਰਕੂ ਝੰਡੇ ਆ ਗੱਡੇ। ਘੱਟ ਗਿਣਤੀ ਵੇਖ ਸਾਡੇ ਦੁਆਲੇ ਹੋ ਗਏ। ਕਸ਼ਮੀਰ ਵਾਲੇ ਸ਼ੇਖ ਦੀ ਵੀ ਅਹੀ ਤਹੀ ਫੇਰ ਰਹੇ ਹਨ। ਆਪਣੀਆਂ ਤੱਤੀਆਂ ਠੰਡੀਆਂ ਨਾਲ ਅਖ਼ਬਾਰਾਂ ਧੜਾ ਧੜ ਵੇਚੀ ਜਾ ਰਹੇ ਹਨ।"

"ਉਹ ਆਪਣੀ ਫ਼ਿਰਕਾਪ੍ਰਸਤੀ ਤੋਂ ਮਜਬੂਰ ਹਨ। ਅਖ਼ਬਾਰ ਉਨ੍ਹਾਂ ਦਾ ਵਪਾਰ ਐ। ਮੈਂ

ਬੋਲੀ ਪੰਜਾਬੀ ਨਾਲ ਵੈਰ ਵਿੱਢੀ ਬੈਠੇ ਐ ਤੇ ਪੰਜਾਬ ਸਰਕਾਰੀ ਧੱਕੇ ਨਾਲ ਹਿੰਦੂ ਸੂਬਾ ਬਣਾਉਣਾ ਚਾਹੁੰਦੇ ਐ। ਤੁਹਾਡੇ ਅਕਾਲੀ ਅਸਲੋਂ ਖ਼ੁਦਗਰਜ਼, ਨਾ ਦੂਰ ਦੀ ਸੋਚਣ, ਨਾ ਸਮਝਣ।"

"ਤੁਹਾਡੀ ਪਾਰਟੀ ਕਾਂਗਰਸ ਦਾ ਹਰ ਭੀੜ ਵਿਚ ਡਟ ਕੇ ਸਾਥ ਦੇ ਰਹੀ ਐ ਤੇ ਕੁਰਬਾਨੀਆਂ ਕਰਨ ਵਾਲੇ ਅਕਾਲੀਆਂ ਨੂੰ ਫਿਰਕੂ ਆਖਦੀ ਐ।"

"ਮੈਂ ਇਸ ਗੱਲ ਨਾਲ ਸਹਿਮਤ ਨਹੀਂ। ਮੈਂ ਮਜ਼ਲੂਮ ਦਾ ਪੱਖੀ ਆਂ।" ਪਾਰਟੀ ਦੇ ਕਾਂਗਰਸ ਦਾ ਸਾਥ ਦੇਣ 'ਤੇ ਉਹ ਔਖਾ ਸੀ।

"ਸ਼ਾਬਾਸ਼! ਏਸੇ ਗੱਲ ਨੂੰ ਮੁੱਖ ਰੱਖ ਕੇ ਸਿੱਖਾਂ ਨੇ ਹਜ਼ਾਰਾਂ ਸ਼ਹਾਦਤਾਂ ਦੇ ਕੇ ਮਜ਼ਲੂਮਾਂ ਦੀ ਰਾਖੀ ਕੀਤੀ ਸੀ।"

"ਤੇ ਸੰਤ ਜੀ ਸ਼ਹਾਦਤਾਂ ਦਿੱਤੇ ਬਿਨਾਂ ਹੁਣ ਵੀ ਕੁਝ ਨਹੀਂ ਬਣਨਾ। ਆਜ਼ਾਦ ਨਿਸ਼ੰਗ ਨਾ ਹੋ ਸਕੀਏ, ਪਰ ਕੌਮ ਦਾ ਵਕਾਰ ਖੜ੍ਹਾ ਹੋ ਸਕਦਾ ਏ", ਕਾਮਰੇਡ ਸੁਭਾਵਕ ਹੀ ਕਹਿ ਗਿਆ।

"ਤੂੰ ਇਨ੍ਹਾਂ ਵਿਚਾਰਾਂ ਸਦਕਾ ਸਾਡੇ ਨਾਲ ਖਲੋਵੇਂਗਾ?" ਸੰਤਾਂ ਨੇ ਤੀਰ ਦੀ ਅਣੀ ਵਰਗੀਆਂ ਨਜ਼ਰਾਂ ਕਾਮਰੇਡ 'ਤੇ ਗੱਡ ਦਿੱਤੀਆਂ। ਤੀਰ ਉਨ੍ਹਾਂ ਦੇ ਹੱਥਾਂ ਵਿਚ ਖੇਡ ਰਿਹਾ ਸੀ।

"ਮੈਂ ਸੱਚ ਨਾਲ ਖਲੋਵਾਂਗਾ। ਜਿੱਥੇ ਲੋਕਾਂ ਦੇ ਹਿੱਤ ਮਰਦੇ ਹੋਣ, ਮੈਂ ਛਾਤੀ ਡਾਹਾਂਗਾ।"

"ਮੈਨੂੰ ਤੇਰੇ ਵਰਗੇ ਹੀ ਸੂਰਮੇ ਚਾਹੀਦੇ ਹਨ। ਅਸੀਂ ਭਲਕੇ ਨੂੰ ਫਿਰ ਮਿਲਾਂਗੇ ਜਾਂ ਅੱਜ ਰਾਤ ਨੂੰ। ਇਹ ਜ਼ਰੂਰੀ ਨਿਰਣਾ ਲੈਣਾ ਹੈ।" ਏਨੀ ਆਖ ਉਹ ਗੁਰਦੁਆਰੇ ਨੂੰ ਤੁਰ ਪਏ।

ਕਾਮਰੇਡ ਨਛੱਤਰ ਸਿੰਘ ਸੋਚ ਰਿਹਾ ਸੀ ਇਹ ਤਾਂ ਗੱਲ ਹੀ ਹੋਰ ਹੋ ਗਈ। ਮੈਂ ਤਾਂ ਡਰਦਾ ਸੀ, ਕੇਸ ਰੱਖਣ ਤੇ ਅੰਮ੍ਰਿਤ ਛਕਣ ਬਾਰੇ ਆਖਣਗੇ। ਪਰ....।

ਤੀਜਾ ਕਾਂਡ

"ਹਾਲੇ ਆਪਾਂ ਆਈਏ ਅਸਲੀ ਮਕਸਦ ਵੱਲ।" ਸੰਤ ਨੇ ਇੱਕ ਤਰ੍ਹਾਂ ਨਛੱਤਰ ਸਿੰਘ ਨੂੰ ਤਿਆਰ ਕਰ ਲਿਆ ਸੀ।

"ਸੰਤ ਜੀ, ਬੰਦਾ ਮਾਰਨਾ ਪਾਪ ਨਹੀਂ?" ਕਾਮਰੇਡ ਹਾਲੇ ਉਲਝਣ ਵਿਚੋਂ ਨਿਕਲਿਆ ਨਹੀਂ ਸੀ।

"ਬੰਦਾ ਮਾਰਨਾ ਬਿਲਕੁਲ ਪਾਪ ਹੈ। ਪਰ ਅਸਾਂ ਲੋਕਾਂ ਦੇ ਭਲੇ ਲਈ, ਪੰਜਾਬ ਦੇ ਕੌਮੀ ਭਲੇ ਨੂੰ ਮੁੱਖ ਰੱਖਣਾ ਏ। ਕ੍ਰਿਸ਼ਨ ਨੇ ਅਵਤਾਰ ਹੁੰਦਿਆਂ ਸਾਰੇ ਕੌਰਵ ਕਿਉਂ ਮਰਵਾਏ? ਰਾਮ ਨੇ ਰਾਵਣ ਨੂੰ ਕਿਉਂ ਮਾਰਿਆ? ਦੋਖ਼ੀਆਂ ਤੇ ਜ਼ਾਲਮਾਂ ਦਾ ਖ਼ਾਤਮਾ ਕਰਨਾ, ਲੋਕਾਂ ਦਾ ਪੁੰਨ ਖੱਟਣ ਵਾਲੀ ਗੱਲ ਐ। ਇਨ੍ਹਾਂ ਮਹਾਸ਼ਿਆਂ ਆਪਣੀ ਅਖ਼ਬਾਰੀ ਦੁਕਾਨ ਚਲਾਉਣ ਲਈ ਪੰਜਾਬ ਦੀ ਜੜ੍ਹ ਵੱਢ ਕੇ ਰੱਖ ਦਿੱਤੀ, ਜਿਨ੍ਹਾਂ ਦੀ ਖ਼ਾਤਰ ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਵਿਚ ਸਿਰ ਕਟਵਾਇਆ, ਉਹੀ ਹਿੰਦੂ ਹੁਣ ਸਿੱਖਾਂ ਨੂੰ ਹਿੰਦੂ ਬਣਾਉਣਾ ਚਾਹੁੰਦੇ ਐ। ਵਿਧਾਨ ਵਿਚ ਤਾਂ ਸਿੱਖਾਂ ਨੂੰ ਹਿੰਦੂ ਲਿਖ ਹੀ ਬੈਠੇ ਐ।"

"ਠੀਕ ਐ, ਮੈਂ ਹੂਲਾ ਫੱਕਾਂਗਾ। ਮੇਰਾ ਸਾਥ ਕੌਣ ਦੇਵੇਗਾ? ਹੋਰ ਸਾਥੀ? ਇਕੱਲੇ ਲਈ ਕੰਮ ਸਿਰ ਲਾਉਣਾ ਤੇ ਮੌਕਾ ਵਾਰਦਾਤ ਤੋਂ ਨੱਠਣਾ ਔਖਾ ਹੋ ਜਾਵੇਗਾ", ਉਹ ਦੁਬਿਧਾ ਵਿਚ ਹੁੰਦਾ ਵੀ ਵਿਉਂਤਾਂ ਸੋਚ ਰਿਹਾ ਸੀ।

"ਤੇਰਾ ਸਾਥ ਮੇਰਾ ਭਤੀਜਾ ਸਵਰਨ ਤੇ ਇੱਕ ਹੋਰ ਸਿੰਘ ਦੇਵੇਗਾ? ਹੋਰ ਹਦਾਇਤ, ਉਸ ਨੂੰ ਸੋਧ ਕੇ ਫੜਾਈ ਨਹੀਂ ਖਾਣੀ, ਸਾਡੇ ਕੋਲ ਪਹੁੰਚ ਜਾਣਾ। ਅਸੀਂ ਤੁਹਾਨੂੰ ਠੀਕ ਟਿਕਾਣੇ 'ਤੇ ਪੁਚਾਵਾਂਗੇ।" ਸੰਤਾਂ ਦਾ ਤੇਜ਼ ਪ੍ਰਤਾਪ ਹੋਰ ਚਮਕ ਉੱਠਿਆ।

"ਉਹ ਤਾਂ ਘਰੋਂ ਬਾਹਰ ਨਹੀਂ ਨਿਕਲਦਾ, ਜੇ ਨਿਕਲੇ ਤਾਂ ਕਾਰ ਵਿਚ ਜਾਂਦਾ ਹੈ, ਅਸੀਂ ਉਸ ਨੂੰ ਕਿਵੇਂ ਮਿਲਾਂਗੇ?"

"ਤੁਹਾਨੂੰ ਮੋਟਰ ਸਾਇਕਲ ਮਿਲੇਗਾ ਫਰਾਟੇ ਭਰਦਾ; ਹੋਰ ਦੱਸ?"

"ਤੁਸੀਂ ਆਖਦੇ ਹੋ ਤਾਂ ਮੈਂ ਹਿੱਕ ਥਾਪੜਦਾ ਆਂ, ਪਰ ਮੇਰਾ ਮਨ ਹਾਲੇ ਵੀ ਪੂਰਾ ਰਾਜ਼ੀ ਨਹੀਂ, ਪਤਾ ਨਹੀਂ ਕਿਉਂ?"

"ਦੇਖ, ਚਲਦੇ ਯੁੱਧ ਵਿਚ ਅਰਜਨ ਨੇ ਹਥਿਆਰ ਸੁੱਟ ਦਿੱਤੇ ਸਨ, ਮੈਂ ਆਪਣੇ ਭਰਾਵਾਂ ਨੂੰ ਕਿਵੇਂ ਮਾਰਾਂ? ਪਰ ਕ੍ਰਿਸ਼ਨ ਨੇ ਆਖਿਆ ਸੀ, ਇਨ੍ਹਾਂ ਨੂੰ ਤਾਂ ਇਨ੍ਹਾਂ ਦੇ ਪਾਪ ਮਾਰ ਰਹੇ ਐ। ਜੇ ਸਰੀਰ ਦਾ ਕੋਈ ਅੰਗ ਗਲ ਜਾਵੇ ਤੇ ਲਾਇਲਾਜ ਹੋ ਜਾਵੇ, ਡਾਕਟਰ ਉਸ ਨੂੰ ਕੱਟ ਦੇਂਦੇ ਹਨ ਕਿਉਂਕਿ ਬਾਕੀ ਸਰੀਰ ਨੂੰ ਬਚਾਉਣ ਅਤੇ ਤੰਦਰੁਸਤ ਰੱਖਣਾ ਹੁੰਦਾ ਹੈ। ਇਸ ਦੀ ਤੱਤੀ ਚੁੱਕ ਨੇ ਸਾਡੇ ਸਿੰਘ ਸ਼ਹੀਦ ਕਰਵਾਏ ਸਨ। ਫੇਰ ਅੰਮ੍ਰਿਤਸਰੋਂ ਭੱਜ ਆਇਆ ਸੀ। ਪੰਜਾਬ ਦੇ ਸਾਰੇ ਪੁਆੜਿਆਂ ਦੀ ਜੜ੍ਹ ਇਹ ਹੈ।" ਸੰਤਾਂ ਨੇ ਨਛੱਤਰ ਦੇ ਡੋਲਦੇ ਮਨ ਨੂੰ ਖੜ੍ਹਾ ਕਰਨ ਲਈ ਕਈ ਦਲੀਲਾਂ ਦਿੱਤੀਆਂ।

"ਦਿਲ ਮੰਨੇ ਨਾ ਮੰਨੇ, ਮੈਂ ਇਹ ਬੇੜਾ ਬੰਨ੍ਹੇ ਲਾਊਂਗਾ।" ਕਾਮਰੇਡ ਨੇ ਇਰਾਦਾ ਲੋਹਾ ਕਰ ਲਿਆ।

"ਇਹ ਕੰਮ ਸੰਤ ਕਰਤਾਰ ਸਿੰਘ ਦੀ ਬਰਸੀ ਤੋਂ ਪਹਿਲਾਂ ਪਹਿਲਾਂ ਹੋਣਾ ਚਾਹੀਦਾ ਏ। ਤੂੰ ਪੰਜਾਬ ਦੀ ਲਾਹਨਤ ਨੂੰ ਖ਼ਤਮ ਕਰ ਰਿਹਾ ਏਂ। ਅਹਿਸਾਨ ਫ਼ਰਾਮੋਸ਼ ਨੂੰ ਭਾਜੀ ਮੋੜ ਰਿਹਾ ਏਂ, ਹਰ ਤਰ੍ਹਾਂ ਦੀ ਦੁਬਿਧਾ ਛੱਡ ਦੇ।"

"ਬਸ ਫ਼ੈਸਲਾ ਹੋ ਗਿਆ ਤੇ ਹਥਿਆਰ?" ਨਛੱਤਰ ਨੇ ਇੱਕ ਹੋਰ ਮੰਗ ਰੱਖ ਦਿੱਤੀ।

"ਹਥਿਆਰਾਂ ਦਾ ਬੰਦੋਬਸਤ ਤੁਹਾਨੂੰ ਆਪ ਕਰਨਾ ਹੋਵੇਗਾ। ਕਿਵੇਂ ਕਰਨਾ ਏਂ? ਕਿੱਥੇ ਕਰਨਾ ਏਂ, ਉਸ ਦੀ ਵਿਉਂਤ ਤੈਨੂੰ ਹੀ ਕਰਨੀ ਹੋਵੇਗੀ। ਦੂਜੇ ਦੋਵੇਂ ਸਿੰਘ ਅਣਜਾਣ ਏਂ। ਹਾਂ, ਹੋਰ ਖ਼ਰਚ ਵੱਲੋਂ ਤੋਟ ਨਹੀਂ ਆਉਣ ਦਿੱਤੀ ਜਾਵੇਗੀ।"

"ਬਸ ਠੀਕ ਐ, ਸਮਝੋ ਕੰਮ ਹੋ ਗਿਆ।" ਨਛੱਤਰ ਪੱਕਾ ਮਨ ਬਣਾ ਕੇ ਉੱਠ ਖਲੋਤਾ। ਤਾਕ ਵਿਚ ਫਿਰਦੇ ਦੋਸਤ ਤੇ ਸਵਰਨ ਉਨ੍ਹਾਂ ਕੋਲ ਆ ਗਏ। ਸਵਰਨ ਸੰਤਾਂ ਕੋਲ ਬਹਿ ਗਿਆ। ਕਾਮਰੇਡ ਤੇ ਉਸ ਦਾ ਯਾਰ ਘਰ ਨੂੰ ਤੁਰ ਪਏ। ਗਲੀ ਦੇ ਮੋੜ 'ਤੇ ਨਛੱਤਰ ਆਖਣ ਲੱਗਾ,

"ਮਹਾਸ਼ੇ ਦੇ ਕਤਲ ਨਾਲ ਪੰਜਾਬ ਕੰਬ ਉੱਠੇਗਾ ਇੱਕ ਵਾਰੀ ਤਾਂ। ਮੇਰਾ ਨਾਂ ਸੰਤ ਜਰਨੈਲ ਸਿੰਘ ਕੋਲ ਤੂੰ ਲਿਆ ਸੀ?"

"ਲਿਆ ਤਾਂ ਮੈਂ ਈ ਸੀ, ਪਰ ਅਸੀਂ ਅਣਜਾਣ ਸਾਂ। ਇਹ ਖ਼ਤਰਨਾਕ ਕੰਮ ਸਿਰੇ ਨਹੀਂ ਚਾੜ੍ਹ ਸਕਦੇ ਸੀ।"

"ਸਾਲਿਆ ਤੂੰ ਮੈਨੂੰ ਕਦੋਂ ਬੱਕਰੇ ਵੱਢਦੇ ਨੂੰ ਵੇਖਿਆ ਸੀ।"

"ਵੇਖਿਆ ਤਾਂ ਨਹੀਂ, ਕਾਮਰੇਡ ਦਿਲ ਦੇ ਪੱਥਰ ਹੁੰਦੇ ਐ, ਕਈ ਖ਼ੂਨੀ ਇਨਕਲਾਬਾਂ ਵਿਚੋਂ ਲੰਘੇ ਐ। ਨਕਸਲੀ ਮੁੰਡੇ ਜਰਕੇ ਨਹੀਂ ਸਨ। ਤੈਨੂੰ ਰਾਜਨੀਤੀ ਤੇ ਰਣਨੀਤੀ ਦੇ ਸਾਰੇ ਦਾਅ-ਪੇਚ ਆਉਂਦੇ ਐ।" ਸਾਥੀ ਦਾ ਆਪਣਾ ਕੰਬਿਆ ਦਿਲ ਛੱਤੇ ਤੋਂ ਸਹਾਰਾ ਭਾਲਦਾ ਸੀ।

"ਪੁੱਤਰਾ ਖ਼ੂਨ ਆਹਲਾ ਨਹੀਂ ਜਾਂਦਾ। ਕਿਸੇ ਨਾ ਕਿਸੇ ਢੰਗ ਦੀ ਸਜ਼ਾ ਜ਼ਰੂਰ ਮਿਲਦੀ ਐ।"

"ਇਹ ਜ਼ਹਿਰ ਤਾਂ ਹੁਣ ਪੀਣੀ ਪੈਣੀ ਐ, ਮਰੀਏ ਚਾਹੇ ਜੀਵੀਏ, ਮਹਾਂਪੁਰਸ਼ਾਂ ਨੂੰ ਨਾਂਹ ਵੀ ਨਹੀਂ ਕਰ ਸਕਦੇ।"

"ਚੰਗਾ ਸੀ, ਉਹ ਮਹਾਂਪੁਰਖ਼ ਹੀ ਰਹਿੰਦੇ। ਏਸ ਜਜ਼ਬਾਤੀ ਸੋਚ ਨੂੰ ਸਕੂਲ ਦੇਣ ਵਾਲਾ ਏ। ਅੰਨ੍ਹੀ ਸ਼ਰਧਾ ਸ਼ਕਤੀ ਨੂੰ ਬੰਨ੍ਹ ਕੇ ਰੱਖਣਾ ਚਾਹੀਦਾ ਹੈ।"

"ਮੇਰੇ ਕੋਲ ਤਾਂ ਇਹ ਗੱਲ ਕਰ ਲਈ; ਹੋਰ ਕਿਸੇ ਕੋਲ ਨਾ ਫੁੱਟ ਪਈਂ। ਤੇਰੇ ਖਿਆਲ ਵਿਚ ਉਹ ਨਹੀਂ ਸੋਚਦੇ" ਸਾਥੀ ਡਰ ਅਨੁਭਵ ਕਰ ਗਿਆ।

"ਮਹਾਸ਼ਾ ਦੋਖੀ ਤੇ ਦੋਸ਼ੀ ਤਾਂ ਹੈ। ਪੰਜਾਬ, ਪੰਜਾਬੀ, ਪੰਜਾਬੀਆਂ ਅਤੇ ਸਿੱਖੀ ਨੂੰ ਢਾਅ ਲਾ ਰਿਹਾ ਹੈ। ਰਾਹ ਦੇ ਕੰਡੇ ਚੁਗਣੇ ਜਾਂ ਸਾੜਨੇ ਹੀ ਪੈਂਦੇ ਐ।"

"ਫੇਰ ਹੁਣ ਮੂੰਹ ਬੰਦ ਰੱਖ ਤੇ ਤਿਆਰੀ ਬਾਰੇ ਸੋਚ।" ਉਹ ਆਪਣੀ ਕਮਜ਼ੋਰੀ ਨੂੰ ਕਾਮਰੇਡ ਨਾਲ ਜੋੜ ਕੇ ਤਕੜਿਆਂ ਕਰਨਾ ਚਾਹੁੰਦਾ ਸੀ।

ਚੌਥਾ ਕਾਂਡ

ਨਛੱਤਰ ਸਿੰਘ ਨੇ ਦੋ ਪਿਸਤੌਲਾਂ ਦਾ ਬੰਦੋਬਸਤ ਕਰ ਲਿਆ। ਉਹ ਮਹਾਸ਼ੇ ਦਾ ਸਮਾਗਮਾਂ 'ਤੇ ਜਾਣ ਦਾ ਪ੍ਰੋਗਰਾਮ ਅਖ਼ਬਾਰਾਂ ਵਿਚੋਂ ਪੜ੍ਹਦਾ ਰਹਿੰਦਾ। ਉਸ ਦੇ ਦੂਜੇ ਸਾਥੀ ਵੀ ਧਿਆਨ ਰੱਖ ਰਹੇ ਸਨ। ਸਵਰਨ ਨੂੰ ਨਾਲ ਲੈ ਕੇ ਉਹ ਤਿੰਨੇ ਇਕੱਠੇ ਹੀ ਰਹਿਣ ਲੱਗ ਪਏ। ਚੌਕ ਮਹਿਤੇ ਅਤੇ ਕਦੇ ਅੰਮ੍ਰਿਤਸਰ ਚਲੇ ਜਾਂਦੇ। ਕੁਦਰਤੀ ਸੂਰਜ ਗ੍ਰਹਿਣ ਦਾ ਕੁਰੂਕਸ਼ੇਤਰ ਦਾ ਮੇਲਾ ਆ ਗਿਆ, ਜਿਸ ਵਿਚ ਮਹਾਸ਼ੇ ਦਾ ਭਾਸ਼ਣ ਦੇਣ ਦਾ ਵੇਰਵਾ ਛਪ ਗਿਆ ਸੀ। ਪ੍ਰੋਗਰਾਮ ਪੜ੍ਹਦੇ ਸਾਰ ਤਿੱਕੜੀ ਨੇ ਤਿਆਰੀ ਖਿੱਚ ਲਈ। ਕੁਰੂਕਸ਼ੇਤਰ ਵਿਚ ਉਨ੍ਹਾਂ ਦੀ ਜਾਣ ਪਛਾਣ ਕੋਈ ਨਹੀਂ ਸੀ, ਪਰ ਉਹ ਤਿੰਨੇ ਬੱਸਾਂ ਰਾਹੀਂ ਮੇਲੇ 'ਤੇ ਪਹੁੰਚ ਗਏ। ਆਸਾ ਪਾਸਾ ਨੱਠਣ ਲਈ ਜਾਚਿਆ। ਕੋਈ ਸਬੀਲ ਬਣਦੀ ਨਜ਼ਰ ਨਾ ਆਈ। ਜਿੱਥੇ ਮਹਾਸ਼ੇ ਨੇ ਲੈਕਚਰ ਦੇਣਾ ਸੀ, ਸਟੇਜ ਦੇ ਐਨ ਸਾਹਮਣੇ ਡਟ ਕੇ ਬਹਿ ਗਏ। ਆਥਣ ਢਲ ਗਈ, ਪਰ ਮਹਾਸ਼ਾ ਨਾ ਆਇਆ। ਉਸ ਦੀ ਵਧੀ ਸੀ। ਸਟੇਜ ਤੋਂ ਉਸ ਦੇ ਨਾ ਆਉਣ ਦੀ ਖ਼ਬਰ ਸੁਣਾਈ ਗਈ: "ਲਾਲਾ ਜੀ ਢਿੱਲੇ ਹੋਣ ਕਾਰਨ ਨਹੀਂ ਪਹੁੰਚ ਸਕੇ; ਉਨ੍ਹਾਂ ਦਾ ਟੈਲੀਫ਼ੋਨ ਆ ਚੁੱਕਾ ਹੈ।" ਤਿੱਕੜੀ ਉਦਾਸ ਪੈ ਗਈ। ਉਂਝ ਨਛੱਤਰ ਸਿੰਘ ਨੇ ਮਹਿਸੂਸ ਕੀਤਾ; ਚੰਗਾ ਹੋਇਆ ਮੂਜੀ ਨਹੀਂ ਆਇਆ, ਏਥੋਂ ਮਾਰ ਕੇ ਭੱਜਣਾ ਵੀ ਔਖਾ ਸੀ। ਫੜੇ ਜਾਂਦੇ ਹੋਰ ਜੱਭ ਪੈਣਾ ਸੀ। ਨੇੜੇ ਤੇੜੇ ਕੋਈ ਵਾਕਫ਼ੀ ਵੀ ਨਹੀਂ ਸੀ। ਉਹ ਚਾਹੁੰਦੇ ਸਨ, ਹਾਦਸਾ ਪੰਜਾਬ ਵਿਚ ਵਾਪਰੇ।

ਉਨ੍ਹਾਂ ਦੀ ਪਹਿਲੀ ਚੜ੍ਹਾਈ ਫੇਲ੍ਹ ਹੋ ਗਈ। ਦੂਜੀ ਚੜ੍ਹਾਈ ਪੈ ਗਈ ਮਲੇਰਕੋਟਲੇ ਦੀ। ਉੱਥੋਂ ਦੇ ਹਿੰਦੂਆਂ ਇੱਕ ਸੰਮੇਲਨ ਕਰਨਾ ਸੀ। ਸ਼ਹਿਰ ਤੇ ਆਲੇ ਦੁਆਲੇ ਦੇ ਲੋਕ ਬਹੁਤ ਆਏ ਹੋਏ ਸਨ। ਕਾਮਰੇਡ ਸਟੇਜ ਦੇ ਸਾਹਮਣੇ ਜਗ੍ਹਾ ਮੱਲ ਕੇ ਬਹਿ ਗਿਆ। ਮਲੇਰਕੋਟਲੇ ਵਿਚ ਉਨ੍ਹਾਂ ਨੂੰ ਹੌਸਲਾ ਸੀ, ਮਾਰ ਕੇ ਫੜੇ ਨਹੀਂ ਜਾਵਾਂਗੇ। ਨਛੱਤਰ ਤੇ ਇੱਕ ਕਾਮਰੇਡ ਸਾਥੀ ਦਾ ਪਿੰਡ ਉੱਥੋਂ ਨੇੜੇ ਹੀ ਸੀ। ਉਨ੍ਹਾਂ ਨੇ ਪਹਿਲੀ ਠਾਹਰ ਉਹਦਾ ਘਰ ਮਿੱਥ ਲਈ ਸੀ। ਨਛੱਤਰ ਸਿੰਘ ਮਨ ਵਿਚ ਵਿਉਂਤਾਂ ਲਾਉਂਦਾ ਰਿਹਾ, ਮੁਸਲਮਾਨ ਸਾਰੇ ਹੀ ਮਹਾਸ਼ੇ ਦੇ ਵਿਰੋਧੀ ਹਨ; ਪਰ ਸਾਡੀ ਸਿਆਣ ਗਿਆਣ ਵਾਲਾ ਕੋਈ ਨਹੀਂ; ਚਲੋ ਜੋ ਗੁਰੂ ਨੂੰ ਭਾਵੇ। ਸ਼ਾਮ ਪੈ ਗਈ, ਪਰ ਮਹਾਸ਼ਾ ਇਸ ਵਾਰ ਵੀ ਨਾ ਆਇਆ ਤੇ ਜਲਸਾ ਖ਼ਤਮ ਹੋ ਗਿਆ। ਇਸ ਤਰ੍ਹਾਂ ਜਮਨਾ ਨਗਰ ਵਿਚ ਵੀ ਉਸ ਦੀ ਉਡੀਕ ਕਰਦੇ ਰਹੇ। ਉਹ ਉੱਥੇ ਵੀ ਨਾ ਪਹੁੰਚਿਆ। ਛੱਤਾ ਸੋਚਦਾ ਸੀ, ਸਾਲਾ ਕਿਸਮਤ ਦਾ ਬਲੀ ਐ, ਜਿਹੜਾ ਤਿੰਨ ਹੱਲਿਆਂ ਵਿਚੋਂ ਬਚ ਗਿਆ। ਜਿਹਦਾ ਰਾਖ਼ਾ ਆਪ ਕਰਤਾਰ ਹੋਵੇ, ਉਸ ਨੂੰ ਕੌਣ ਮਾਰੇ। ਉਨ੍ਹਾਂ ਨੂੰ ਨਿਕੰਮੇ ਜਾਣ ਕੇ ਸੰਤਾਂ ਨੇ ਝਾੜ ਪਾਈ। ਸਵਰਨ ਨੇ ਮੂੰਹ ਪਾੜ ਕੇ ਆਖਿਆ,

"ਤੁਸੀਂ ਚਾਹੁੰਦੇ ਹੋ ਤਾਂ ਘਰ ਜਾ ਮਾਰੀਏ?"

"ਨਹੀਂ, ਉੱਥੇ ਪੂਰੀ ਸਕਿਓਰਿਟੀ ਬੈਠੀ ਐ। ਸ਼ਹਿਰ ਵਿਚੋਂ ਬਚ ਨਹੀਂ ਸਕੋਗੇ। ਮਾਰਨਾ

ਵੀ ਐ ਤੇ ਬਚਣਾ ਵੀ ਐ। ਤੁਹਾਡੀ ਅਗਵਾਈ ਨਛੱਤਰ ਕਰੇਗਾ।" ਸੰਤਾਂ ਇੱਕ ਤਰ੍ਹਾਂ ਚਿਤਾਵਨੀ ਦੇ ਦਿੱਤੀ।

ਥੋੜ੍ਹੇ ਦਿਨਾਂ ਪਿੱਛੋਂ ਮਹਾਸ਼ੇ ਲਈ ਚੌਥਾ ਹਮਲਾ ਪਟਿਆਲੇ ਦਾ ਆ ਪਿਆ। ਉੱਥੇ ਕਿਸੇ ਡਾਕਟਰ ਨੇ ਅੱਖਾਂ ਦਾ ਕੈਂਪ ਲਾਉਣਾ ਸੀ ਤੇ ਮਹਾਸ਼ੇ ਨੇ ਉਸਦਾ ਉਦਘਾਟਨ ਕਰਨਾ ਸੀ। ਸੰਤਾਂ ਉਨ੍ਹਾਂ ਨੂੰ ਬੁਲਿਟ ਮੋਟਰ ਸਾਈਕਲ ਕਿਤੋਂ ਲਿਆ ਦਿੱਤਾ, ਕਿਉਂਕਿ ਪੱਤਰਕਾਰ ਹਮੇਸ਼ਾ ਫੀਅਟ ਗੱਡੀ ਵਿਚ ਸਫ਼ਰ ਕਰਦਾ ਸੀ। ਮੋਟਰ ਸਾਇਕਲ ਬਰਾਬਰ ਲਾ ਕੇ ਮਾਰਨਾ ਸੁਖਾਲਾ ਸੀ। ਨਛੱਤਰ ਮੋਟਰ ਸਾਈਕਲ ਚਲਾਉਣ ਦਾ ਮਾਹਰ ਸੀ। ਪਟਿਆਲੇ ਕਾਹਲੀ ਵਿਚ ਕਿੱਕ ਮਾਰਨ ਲੱਗਿਆਂ ਕਿੱਲੀ ਵਿਚ ਫਸ ਕੇ ਉਸ ਦਾ ਪਜਾਮਾ ਪਾਟ ਗਿਆ। ਨੇੜੇ ਹੀ ਇੱਕ ਬੁੱਢੇ ਦਰਜ਼ੀ ਤੋਂ ਉਹ ਸਵਾਇਆ। ਉਦੋਂ ਤੱਕ ਮਹਾਸ਼ਾ ਵੀ ਪਹੁੰਚ ਗਿਆ। ਸ਼ਹਿਰ ਦਾ ਵਿਚਾਲਾ ਹੋਣ ਕਾਰਨ ਮਾਰਨ ਦਾ ਹੌਸਲਾ ਨਾ ਪਿਆ। ਥਾਂ ਥਾਂ ਪੁਲੀਸ ਦਾ ਪਹਿਰਾ ਸੀ ਤੇ ਬਚ ਨਿਕਲਣਾ ਮੁਸ਼ਕਿਲ ਸੀ। ਉਦਘਾਟਨ ਕਰਨ ਪਿੱਛੋਂ ਉਨ੍ਹਾਂ ਚਾਹ ਪੀਤੀ। ਤਿੱਕੜੀ ਨੂੰ ਅਚਵੀ ਲੱਗੀ ਹੋਈ ਸੀ। ਅਖ਼ੀਰ ਲਾਲੇ ਦੇ ਡਰਾਇਵਰ ਨੇ ਫੀਅਟ ਕਾਰ ਪਟਿਆਲੇ ਤੋਂ ਸਰਹੱਦ ਰੋਡ ਪਾ ਲਈ। ਉਨ੍ਹਾਂ ਵੀ ਮੋਟਰ ਸਾਇਕਲ ਪਿੱਛੇ ਤੋਰ ਲਿਆ। ਉਹ ਜਾਣ ਕੇ ਇੱਕ ਦੋ ਗੱਡੀਆਂ ਦੇ ਪਿੱਛੇ ਰਹਿੰਦੇ ਤਾਂ ਜੋ ਮਹਾਸ਼ਾ ਤੇ ਉਸ ਦਾ ਡਰਾਇਵਰ ਸਿਰ ਨਾ ਹੋ ਜਾਣ ਕਿ ਮੋਟਰ ਸਾਇਕਲ ਉਨ੍ਹਾਂ ਦਾ ਪਿੱਛਾ ਕਰ ਰਿਹਾ ਹੈ। ਮੋਟਰ ਸਾਇਕਲ ਦੇ ਨਵਾਂ ਹੋਣ ਕਾਰਨ ਉਹਦੇ ਗਰਮ ਹੋਣ ਦਾ ਧੁੜਕੂ ਸੀ। ਉਹ ਲੁਧਿਆਣੇ ਤੱਕ ਪਿੱਛਾ ਕਰਦੇ ਆਏ, ਪਰ ਚੱਜ ਦਾ ਦਾਅ ਕਿਤੇ ਨਾ ਲੱਗਾ। ਉਨ੍ਹਾਂ ਦੀ ਗੱਡੀ ਸ਼ਹਿਰ ਵਿਚ ਵੜਨ ਨਾਲੋਂ ਬਾਈਪਾਸ ਹੋ ਤੁਰੀ। ਤਿੰਨਾਂ ਮਨ ਬਣਾਇਆ ਕਿ ਲੁਧਿਆਣੇ ਦਾ ਬਾਈਪਾਸ ਵੀ ਟੱਪ ਜਾਣ ਦੇਈਏ।

ਅਖ਼ੀਰ ਫਲੌਰ ਦੇ ਰੇਲਵੇ ਫਾਟਕ ਤੋਂ ਪਹਿਲਾਂ ਸੜਕ ਦਾ ਮੋੜ ਆ ਗਿਆ। ਛੱਤੇ ਨੇ ਮੌਕਾ ਸਾਂਭਿਆ ਤੇ ਰੇਸ ਦੇ ਕੇ ਬੁਲਿਟ ਫੀਅਟ ਦੇ ਬਰਾਬਰ ਕਰ ਦਿੱਤਾ। ਸਵਰਨ ਨੇ ਦੋ ਗੋਲੀਆਂ ਮਾਰੀਆਂ। ਗੱਡੀ ਤੇਜ਼ ਹੋਣ ਦੀ ਬਜਾਏ ਰੁਕ ਗਈ ਅਤੇ ਮੋਟਰ ਸਾਇਕਲ ਖ਼ਾਸੀ ਵਾਟ ਅਗਾਂਹ ਨਿਕਲ ਗਿਆ। ਨਛੱਤਰ ਨੇ ਬੁਲੇਟ ਰੋਕ ਕੇ ਪਿਛਾਂਹ ਵੇਖਿਆ, ਗੱਡੀ ਲੁਧਿਆਣੇ ਵੱਲ ਨੂੰ ਮੋੜ ਕੱਟਣ ਲੱਗੀ ਸੀ। ਉਹਦਾ ਡਰਾਈਵਰ ਘਬਰਾ ਗਿਆ ਲੱਗਦਾ ਸੀ। ਉਨ੍ਹਾਂ ਝੱਟ ਮੋਟਰ ਸਾਇਕਲ ਫੀਅਟ ਲਾਗੇ ਲੈ ਆਂਦਾ। ਮਹਾਸ਼ੇ ਨੇ ਦੁਹਾਈ ਚੁੱਕ ਦਿੱਤੀ।

"ਮਾਰਤਾ ਉਏ ਲੋਕੋ ਮਾਰਤਾ। ਨਾ ਮਾਰਿਓ; ਮੈਂ ਤੁਹਾਡਾ ਕੁਝ ਨਹੀਂ ਵਿਗਾੜਿਆ।" ਪਹਿਲੀਆਂ ਗੋਲੀਆਂ ਲਾਲੇ ਨੂੰ ਨਹੀਂ ਲੱਗੀਆਂ ਸਨ। ਮੋਟਰ ਸਾਇਕਲ ਰੋਕ ਕੇ ਕਾਮਰੇਡ ਨੇ ਸਵਰਨ ਤੋਂ ਰੀਵਾਲਰ ਲਿਆ ਤੇ ਮਹਾਸ਼ੇ ਦੇ ਤਿੰਨ ਗੋਲੀਆਂ ਮਾਰੀਆਂ, ਤਾਂ ਜੋ ਸਹਿਕਦਾ ਨਾ ਰਹਿ ਜਾਵੇ। ਡਰਾਈਵਰ ਦੇ ਲੱਗੀ ਗੋਲੀ ਦਾ ਕਾਮਰੇਡ ਨੂੰ ਬਹੁਤ ਅਫ਼ਸੋਸ ਸੀ।

"ਭਰਾਵਾ, ਮਾਫ਼ੀ ਦੇਵੀਂ, ਤੈਨੂੰ ਬੇਗੁਨਾਹ ਨੂੰ ਨਹੀਂ ਮਾਰਨਾ ਸੀ; ਉੱਕ ਕੇ ਗੋਲੀ ਤੈਨੂੰ ਆ ਲੱਗੀ।"

ਗਰੀਬ ਹੋਣ ਕਾਰਨ ਉਸ ਨੂੰ ਮਾਰਨਾ ਤਾਂ ਸੋਚਿਆ ਹੀ ਨਹੀਂ ਸੀ, ਪਰ ਕਾਹਲੀ ਵਿਚ ਉਸ ਨੂੰ ਗੋਲੀ ਜਾ ਲੱਗੀ ਸੀ। ਕਾਮਰੇਡ ਪਛਤਾਵਾ ਕਰ ਰਿਹਾ ਸੀ। ਨਛੱਤਰ ਨੇ ਹੱਥ ਦੇ ਕੇ ਦੋਹਾਂ ਪਾਸਿਆਂ ਦਾ ਟ੍ਰੈਫ਼ਿਕ ਰੋਕ ਦਿੱਤਾ। ਮੋਟਰ ਸਾਈਕਲ ਸਟੈਂਡ 'ਤੇ ਖੜ੍ਹਾ ਸਟਾਰਟ ਹੀ ਸੀ। ਉਹ ਛੇਤੀ ਭੱਜਣਾ ਚਾਹੁੰਦੇ ਸੀ। ਉਸ ਦੀ ਕਲੱਚ ਪਲੇਟ ਖ਼ਰਾਬ ਹੋ ਗਈ ਤੇ ਉਸ ਗੇਅਰ ਨਾ ਫੜਿਆ। ਮੋਟਰ ਸਾਇਕਲ ਨਵਾਂ ਸੀ, ਹਾਲੇ ਉਸ ਦੀ ਪਹਿਲੀ ਸਰਵਿਸ ਵੀ ਨਹੀਂ ਹੋਈ ਸੀ।

ਤਿੰਨ ਬੈਠਣ 'ਤੇ ਲੰਮੇ ਸਫ਼ਰ ਕਾਰਨ ਉਹ ਬਹੁਤ ਗਰਮ ਹੋ ਗਿਆ ਸੀ। ਰੁਕਿਆ ਟ੍ਰੈਫ਼ਿਕ ਉਨ੍ਹਾਂ ਇਸ਼ਾਰਾ ਦੇ ਕੇ ਚਾਲੂ ਕਰ ਦਿੱਤਾ। ਮੋਟਰ ਸਾਇਕਲ ਰੇਲਵੇ ਫਾਟਕ ਵੱਲ ਨੂੰ ਧੱਕ ਕੇ ਰੇੜ੍ਹਿਆ। ਸਾਹਮਣੇ ਦੇ ਟਰੱਕਾਂ ਬੱਸਾਂ ਵਾਲਿਆਂ ਨੂੰ ਮੋੜ ਕਾਰਨ ਪਤਾ ਨਹੀਂ ਸੀ, ਕੀ ਵਾਪਰ ਗਿਆ ਹੈ। ਤਿੱਕੜੀ ਨੇ ਉੱਧਰ ਨੂੰ ਜਾਣਾ ਠੀਕ ਸਮਝਿਆ। ਮੋਟਰ ਸਾਇਕਲ ਸਾਰੇ ਯਤਨਾਂ ਦੇ ਬਾਵਜੂਦ ਨਾ ਤੁਰਿਆ। ਸਾਰਿਆਂ ਦੇ ਮਨਾਂ ਵਿਚ ਭੱਜਣ ਦੀ ਕਾਹਲੀ ਸੀ। ਪਾਸੀਂ ਬੇਥਾਹ ਸਰਕੜਾ ਤੇ ਬੂਟੀ ਉੱਗੀ ਹੋਈ ਸੀ। ਸਵਰਨ ਤੇ ਸਾਥੀ ਸੜਕ ਛੱਡ ਕੇ ਖੇਤਾਂ ਵੱਲ ਨੂੰ ਨੱਠ ਤੁਰੇ। ਕਾਮਰੇਡ ਵੀ ਮੋਟਰ ਸਾਇਕਲ ਪਾਸੇ ਸੁੱਟ ਕੇ ਉਨ੍ਹਾਂ ਪਿੱਛੇ ਭੱਜ ਤੁਰਿਆ।

ਸਵਰਨ ਨੂੰ ਕਾਹਲੀ ਵਿਚ ਲੰਮੇ ਘਾਹ ਤੇ ਬੂਟੀ ਕਾਰਨ ਪਤਾ ਨਾ ਲੱਗਾ, ਉਹ ਇੱਕ ਪੁਰਾਣੇ ਖੂਹ ਵਿਚ ਡਿੱਗ ਪਿਆ; ਜਿਸ ਉੱਤੇ ਮੌਣ ਕੋਈ ਨਹੀਂ ਸੀ। ਅਚਾਨਕ ਇੱਕ ਨਵੀਂ ਬਿਪਤਾ ਉਨ੍ਹਾਂ ਨੂੰ ਹੋਰ ਖੜ੍ਹੀ ਹੋ ਗਈ। ਸ਼ੁਕਰ ਗੁਰੂ ਦਾ, ਖੂਹ ਵਿਚ ਪਾਣੀ ਲੱਕ ਤੱਕ ਹੀ ਆਉਂਦਾ ਸੀ। ਦੂਜੇ ਦੋਵਾਂ ਨੇ ਪੱਗਾਂ ਜੋੜ ਕੇ ਪਹਿਲੋਂ ਵੱਟ ਦਿੱਤਾ। ਉਸ ਨੂੰ ਖਿੱਚ ਕੇ ਕੱਢਣ ਲਈ ਅੱਧਾ ਘੰਟਾ ਬਰਬਾਦ ਹੋ ਗਿਆ। ਉਦੋਂ ਤੱਕ ਕਤਲ ਵਾਲੀ ਥਾਂ 'ਤੇ ਪਈ ਹਾਲ ਦੋਹਾਈ ਉਨ੍ਹਾਂ ਨੂੰ ਸਾਫ਼ ਸੁਣਦੀ ਸੀ। ਉਹ ਇਹ ਵੀ ਜਾਣਦੇ ਸਨ, ਫਲੌਰ ਨੂੰ ਜਾਣ ਵਾਲੇ ਟਰੱਕ ਤੇ ਬੱਸਾਂ ਵਾਲੇ ਪੁਲੀਸ ਨੂੰ ਜ਼ਰੂਰ ਖ਼ਬਰ ਕਰਨਗੇ। ਪੱਕੇ ਸਬੂਤ ਵਜੋਂ ਮੋਟਰ ਸਾਇਕਲ ਤੇ ਪਿਆ ਸੀ। ਪੁਲੀਸ ਦੇ ਛੇਤੀ ਪਹੁੰਚ ਜਾਣ ਦੇ ਡਰੋਂ ਉਨ੍ਹਾਂ ਨੂੰ ਹੋਰ ਕਾਹਲੀ ਪਈ ਸੀ। ਉੱਧਰ ਸੰਤਾਂ ਦਾ ਡਰ, ਪੁਲੀਸ ਦੇ ਹੱਥ ਨਹੀਂ ਆਉਣਾ।

ਉੱਥੇ ਫ਼ੌਜੀ ਭਰਾਵਾਂ ਦਾ ਇੱਕ ਫਾਰਮ ਸੀ; ਜਿਸ ਵਿਚ ਦਸ-ਪੰਦਰਾਂ ਕਿੱਲੇ ਝੋਨਾ ਲਾਇਆ ਹੋਇਆ ਸੀ। ਉਹ ਛੇਤੀ ਕਰਨ ਲਈ ਇੱਕ ਦੂਜੇ ਨੂੰ ਆਵਾਜ਼ਾਂ ਮਾਰ ਰਹੇ ਸਨ। ਦੋਵੇਂ ਪਿਸਤੌਲ ਸਵਰਨ ਤੇ ਸਾਥੀ ਕੋਲ ਹੀ ਸਨ। ਉਹ ਦੋਵੇਂ ਵੱਟਾਂ ਤੋਂ ਦੀ ਭੱਜਦੇ ਕਾਮਰੇਡ ਤੋਂ ਕਾਫ਼ੀ ਵਿੱਥ ਪਾ ਗਏ। ਨਛੱਤਰ ਉਨ੍ਹਾਂ ਨਾਲ ਰਲਣ ਲਈ ਸਿੱਧਾ ਝੋਨੇ ਵਿਚਦੀ ਭੱਜ ਪਿਆ, ਪਰ ਉਸ ਤੋਂ ਝੋਨੇ ਵਿਚ ਖੜ੍ਹੇ ਪਾਣੀ ਕਾਰਨ ਭੱਜਿਆ ਨਹੀਂ ਜਾ ਰਿਹਾ ਸੀ। ਸੜਕ 'ਤੇ ਰੌਲਾ ਹੋਰ ਵਧ ਚੁੱਕਾ ਸੀ। ਪਿੰਡ ਦੇ ਫ਼ੌਜੀ ਭਰਾਵਾਂ ਕਾਮਰੇਡ ਨੂੰ ਘੇਰ ਕੇ ਮੱਝ ਪਿੰਡ ਲੈ ਆਂਦਾ। ਸਰਪੰਚ ਨੂੰ ਵੀ ਸੱਦ ਲਿਆ। ਕਾਮਰੇਡ ਨੇ ਝੱਟ ਗੱਲ ਬਣਾ ਲਈ ਕਿ ਸਾਡਾ ਟਰਾਂਸਪੋਰਟ ਕੰਪਨੀ ਵਾਲਿਆਂ ਦਾ ਝਗੜਾ ਸੀ, ਅਸੀਂ ਲੜ ਪਏ। ਪਿੰਡ ਵਾਲਿਆਂ ਨੂੰ ਹਾਲੇ ਤੱਕ ਸੜਕ ਤੇ ਮਹਾਸ਼ੇ ਦੇ ਮਾਰੇ ਜਾਣ ਦਾ ਪਤਾ ਨਹੀਂ ਸੀ, ਪਰ ਏਨੇ ਨੂੰ ਰਾਉਂਡ 'ਤੇ ਚੜ੍ਹੀ ਪੁਲੀਸ ਫਲੌਰ ਵਲੋਂ ਆ ਗਈ। ਲੁਧਿਆਣੇ ਦਾ ਐੱਸ. ਪੀ. ਪਹੁੰਚ ਗਿਆ। ਸਟੂਡੈਂਟ ਲਹਿਰ ਸਮੇਂ ਕਦੇ ਉਹ ਐੱਸ. ਪੀ. ਬਾਘੇ ਪੁਰਾਣੇ ਐੱਸ. ਐੱਚ. ਓ. ਲੱਗਾ ਰਿਹਾ ਸੀ। ਉਦੋਂ ਉਸ ਜ਼ਿਆਦਤੀ ਕੀਤੀ ਸੀ ਤੇ ਕਾਮਰੇਡ ਨਛੱਤਰ ਸਿੰਘ ਨੇ ਵਿਦਿਆਰਥੀ ਹੁੰਦਿਆਂ ਉਸ ਤੋਂ ਲੋਕਾਂ ਵਿਚ ਮੁਆਫ਼ੀ ਮੰਗਵਾਈ ਸੀ। ਫ਼ੌਜੀ ਭਰਾ ਨਛੱਤਰ ਸਿੰਘ ਨੂੰ ਵਕੂਏ ਵਾਲੀ ਥਾਂ ਲੈ ਆਏ। ਐੱਸ. ਪੀ. ਲੁਧਿਆਣਾ ਨੇ ਉਸ ਨੂੰ ਪਛਾਣ ਲਿਆ। ਹਾਲੇ ਥੋੜ੍ਹਾ ਦਿਨ ਖੜ੍ਹਾ ਸੀ। ਐੱਸ. ਪੀ. ਨੇ ਕਾਮਰੇਡ ਨੂੰ ਥਾਏਂ ਬਹੁਤ ਕੁੱਟਿਆ, ਡਾਂਗਾਂ ਦੀਆਂ ਸਿੱਧੀਆਂ ਹੁੱਜਾਂ ਪਸਲੀਆਂ ਵਿਚ ਮਾਰੀਆਂ। ਹੋਰ ਪੁਲੀਸ ਅਫ਼ਸਰ ਵੀ ਆ ਗਏ। ਉਨ੍ਹਾਂ ਮਨ ਬਣਾਇਆ, ਪੈਟਰੋਲ ਪਾ ਕੇ ਇਹਨੂੰ ਏਥੇ ਈ ਸਾੜ ਦੇਈਏ। ਇੱਕ ਸਿੱਖ ਅਫ਼ਸਰ ਨੇ ਰੋਕ ਲਿਆ।

"ਸਾਨੂੰ ਬੇਕਾਨੂੰਨੀ ਨਹੀਂ ਕਰਨੀ ਚਾਹੀਦੀ। ਇਉਂ ਤਾਂ ਕੇਸ ਦਾ ਮੁੱਦਾ ਹੀ ਖ਼ਤਮ ਹੋ ਜਾਵੇਗਾ।"

ਐੱਸ. ਪੀ. ਨੇ ਨਛੱਤਰ ਤੋਂ ਪੁੱਛਿਆ।

"ਤੇਰੇ ਨਾਲ ਹੋਰ ਕੌਣ-ਕੌਣ ਸੀ?"

"ਭਾਈ ਰਣਜੀਤ ਸਿੰਘ ਤੇ ਕਾਬਲ ਸਿੰਘ", ਕਿਉਂਕਿ ਉਹ ਨਿਰੰਕਾਰੀ ਗੁਰਬਚਨ ਸਿੰਘ ਦੇ ਕਤਲ ਕੇਸ ਵਿਚ ਫ਼ਰਾਰ ਸਨ। ਕਾਮਰੇਡ ਨੇ ਜਾਣ ਕੇ ਟਾਲਾ ਮਾਰ ਦਿੱਤਾ ਪਰ ਫੀਅਟ ਦਾ ਜ਼ਖ਼ਮੀ ਡਰਾਈਵਰ ਕਹਿ ਰਿਹਾ ਸੀ, "ਜੀ ਮੋਟਰ ਸਾਇਕਲ 'ਤੇ ਤਿੰਨੇ ਜਣੇ ਸਵਾਰ ਸਨ।"

ਕੁੱਟ ਮਾਰ ਕਰਦੇ ਕਾਮਰੇਡ ਨੂੰ ਲੁਧਿਆਣੇ ਲੈ ਆਂਦਾ। ਰਾਤੋ ਰਾਤ ਸੀ. ਬੀ. ਆਈ. ਹਵਾਈ ਜਹਾਜ਼ ਰਾਹੀਂ ਲੁਧਿਆਣੇ ਥਾਣੇ ਪਹੁੰਚ ਗਈ। ਜਲੰਧਰ ਤੇ ਲੁਧਿਆਣੇ ਦੇ ਹਿੰਦੂਆਂ ਰੌਲਾ ਪਾਉਣ ਵਾਲੀ ਭੈਰਵੀ ਚੁੱਕ ਲਈ। ਚੜ੍ਹੇ ਫ਼ਿਰਕੂ ਜਨੂੰਨ ਕਾਰਨ ਸਿੱਖਾਂ ਦੀਆਂ ਕਿੰਨੀਆਂ ਹੀ ਦੁਕਾਨਾਂ ਸਾੜ ਸੁੱਟੀਆਂ, ਪਰ ਪੁਲੀਸ ਦੀ ਸਿਆਣਪ ਨੇ ਹਿੰਦੂ ਸਿੱਖ ਫ਼ਸਾਦ ਹੋਣੋਂ ਸਖ਼ਤੀ ਨਾਲ ਰੋਕ ਲਿਆ।

ਸੀ. ਬੀ. ਆਈ. ਵਾਲੇ ਨਛੱਤਰ ਸਿੰਘ ਤੋਂ ਫ਼ੋਟੋਆਂ ਵਾਲੀ ਐਲਬਮ ਕੱਢ ਕੇ ਪੁੱਛਦੇ ਰਹੇ। ਉਨ੍ਹਾਂ ਭਾਈ ਰਣਜੀਤ ਤੇ ਕਾਬਲ ਸਿੰਘ ਦੀਆਂ ਫੋਟੋਆਂ ਵਿਖਾ ਕੇ ਪੁੱਛਿਆ,

"ਇਹ ਕੌਣ ਹਨ?"

"ਮੈਂ ਇਨ੍ਹਾਂ ਨੂੰ ਨਹੀਂ ਜਾਣਦਾ।" ਨਛੱਤਰ ਉਨ੍ਹਾਂ ਤਸਵੀਰਾਂ ਨੂੰ ਪਛਾਣ ਨਾ ਸਕਿਆ, ਕਿਉਂਕਿ ਨਾਵਾਂ 'ਤੇ ਉਨ੍ਹਾਂ ਹੱਥ ਰੱਖੇ ਹੋਏ ਸਨ। ਉਸ ਦੇ ਝੂਠ ਦਾ ਪੋਲ ਖੁੱਲ੍ਹ ਗਿਆ। ਕਾਮਰੇਡ ਕਦੇ ਉਨ੍ਹਾਂ ਦੋਵਾਂ ਨੂੰ ਮਿਲਿਆ ਹੀ ਨਹੀਂ ਸੀ।

ਮਹਾਸ਼ੇ ਦੇ ਕਤਲ ਦਾ ਕੇਸ ਇੰਸਪੈਕਟਰ ਬਹਾਲ ਸਿੰਘ ਤੇ ਬਿਸ਼ਨ ਦਾਸ ਬੇਦੀ ਨੂੰ ਸੌਂਪ ਦਿੱਤਾ। ਇਸ ਕਤਲ ਤੋਂ ਪਹਿਲਾਂ ਸੀ. ਆਈ. ਏ. ਦੇ ਇੰਸਪੈਕਟਰ ਤੇ ਬੇਦੀ ਨੇ ਬੜੇ ਝੂਠੇ ਮੁਕਾਬਲੇ ਬਣਾਏ ਸਨ। ਉਹ ਨਛੱਤਰ ਦੀਆਂ ਅੱਖਾਂ ਬੰਨ੍ਹ ਕੇ ਬਾਹਰ ਲੈ ਗਏ ਅਤੇ ਇੱਕ ਦਰੱਖ਼ਤ ਨਾਲ ਨਰੜ ਦਿੱਤਾ।

"ਓਏ ਕਾਮਰੇਡ ਦਿਆ ਬੱਚਿਆ!" ਬਹਾਲ ਸਿੰਘ ਨੇ ਨਛੱਤਰ ਬਾਰੇ ਪਹਿਲੀ ਜਾਣਕਾਰੀ ਲੈ ਲਈ ਸੀ। "ਤੇਰੇ ਵਰਗੇ ਤੇਰਾਂ ਨੂੰ ਪਹਿਲਾਂ ਪਾਰ ਬੁਲਾ ਚੁੱਕਾ ਆਂ, ਚੌਧਵਾਂ ਤੂੰ ਵੀ ਸਹੀ। ਜਿੰਦ ਪਿਆਰੀ ਐ ਤਾਂ ਬਾਕੀ ਦੇ ਦੋਵਾਂ ਕਾਤਲਾਂ ਦੇ ਅਸਲੀ ਨਾਂ ਦੱਸ ਦੇ; ਤੇਰਾ ਛੁਟਕਾਰਾ ਹੁਣੇ ਹੋ ਜਾਵੇਗਾ। ਨਹੀਂ ਤਾਂ....?"

"ਮੈਂ ਕਾਮਰੇਡ ਤੋਂ ਸਿੱਖ ਬਣ ਗਿਆ ਹਾਂ। ਮੈਨੂੰ ਮੌਤ ਦਾ ਖੌਫ਼ ਨਹੀਂ, ਤੂੰ ਆਪਣੀ ਵਾਹ ਲਾ ਲੈ।" ਨਛੱਤਰ ਨਿਝੱਕ ਉੱਤਰ ਦੇ ਗਿਆ। ਉਸ 'ਤੇ ਪਹਿਲਾਂ ਨਿੱਤ ਹੀ ਤਸ਼ੱਦਦ ਹੁੰਦਾ ਰਿਹਾ ਸੀ। ਦੁਖਦਾਈ ਮਾਰ ਸਮੇਂ ਉਹ ਸ਼ਹੀਦ ਪੁਰਖੇ ਸਿੰਘਾਂ ਨੂੰ ਯਾਦ ਕਰਨ ਲੱਗਾ; ਜਿਹੜੇ ਮੁਸਲਮਾਨੀ ਰਾਜ ਸਮੇਂ ਬੰਦ ਬੰਦ ਕਟਵਾ ਗਏ ਸਨ ਅਤੇ ਚਰਖੜੀਆਂ 'ਤੇ ਚੜ੍ਹ ਗਏ ਸਨ। ਉਸ ਨੂੰ ਇਹ ਵੀ ਪਤਾ ਸੀ ਬੇਦੀ ਅਤੇ ਬਹਾਲ ਨੇ ਕਿਵੇਂ ਤਸੀਹੇ ਦੇ ਕੇ ਸਿੰਘਾਂ ਨੂੰ ਸ਼ਹੀਦ ਕੀਤਾ ਸੀ।

ਮਹਾਸ਼ੇ ਦਾ ਕਤਲ ਛੇ ਸਤੰਬਰ ਨੂੰ ਹੋਇਆ ਸੀ। ਕਾਮਰੇਡ ਨੂੰ ਰਾਇ ਮੈਜਿਸਟ੍ਰੇਟ ਦੇ ਦਸ ਸਤੰਬਰ ਨੂੰ ਪੇਸ਼ ਕਰਕੇ ਰਿਮਾਂਡ ਲਿਆ ਗਿਆ। ਇਸ ਕਤਲ ਨੂੰ ਵੀ ਨਿਰੰਕਾਰੀ ਕਾਂਡ ਨਾਲ ਜੋੜ ਕੇ ਤਫ਼ਤੀਸ਼ ਕੀਤੀ ਜਾਣ ਲੱਗੀ। ਨਿੱਤ ਹੀ ਮਾਰ ਕੁਟਾਈ ਵਾਲਾ ਕਸਾਈਪੁਣਾ ਕੀਤਾ ਜਾਣ ਲੱਗਾ। ਇੱਕ ਵਾਰ ਫਿਰ ਅੱਖਾਂ ਬੰਨ੍ਹ ਕੇ ਇੱਕ ਨਹਿਰ ਦੇ ਰੈਸਟ ਹਾਊਸ ਵਿੱਚ ਲੈ

ਗਏ। ਸਾਰੇ ਰਾਹਾਂ ਦੀ ਆਵਾਜਾਈ ਬੰਦ ਕਰ ਦਿੱਤੀ। ਖੇਤਾਂ ਵਿਚ ਕੰਮ ਕਰਦੇ ਲੋਕਾਂ ਨੂੰ ਉੱਥੋਂ ਨਠਾ ਦਿੱਤਾ। ਚੌਕੰਨਾ ਨਛੱਤਰ ਸਮਝਦਾ ਸੀ ਮੈਨੂੰ ਮਾਰ ਕੇ ਕਤਲ ਕੇਸ ਦਾ ਭੋਠਾ ਬਹਾ ਲੈਣਗੇ। ਮੁਕੱਦਮੇ ਵਿਚ ਰਹਿ ਹੀ ਕੀ ਜਾਵੇਗਾ। ਉਹ ਮਨੋ ਤਕੜਾ ਸੀ ਕਿ ਇਹ ਮੈਨੂੰ ਮਾਰ ਨਹੀਂ ਸਕਦੇ। ਕੁੱਟਮਾਰ ਜਿੰਨੀ ਮਰਜ਼ੀ ਕਰ ਲੈਣ। ਉਹ ਚਾਹੁੰਦੇ ਸਨ, ਕਤਲ ਵਿਚ ਸੰਤ ਜਰਨੈਲ ਸਿੰਘ ਦਾ ਨਾਂ ਲਿਆ ਜਾਵੇ, ਪਰ ਉਸ ਸੰਤ ਦਾ ਨਾਂ ਨਾ ਲਿਆ। ਬੇਥਾਹ ਤਸ਼ੱਦਦ ਸਹਿੰਦਾ ਰਿਹਾ। ਉਹ ਪੀੜ ਦੀ ਇੰਤਹਾ ਵਿਚ ਕਈ ਵਾਰ ਬੇਹੋਸ਼ ਹੋਇਆ, ਪਰ ਉਸ ਸੰਤ ਦਾ ਨਾਂ ਜ਼ੁਬਾਨ 'ਤੇ ਨਾ ਲਿਆਂਦਾ। ਨਹਿਰ ਦੇ ਰੈਸਟ ਹਾਊਸ ਵਿਚ ਰੱਖਣ ਪਿੱਛੋਂ ਮਲੇਰਕੋਟਲੇ ਲੈ ਆਂਦਾ। ਜਿਵੇਂ ਜਿਵੇਂ ਉਹ ਤਸ਼ੱਦਦ ਕਰਦੇ, ਤਿਵੇਂ ਤਿਵੇਂ ਉਹ ਲੋਹਾ ਬਣਦਾ ਜਾਂਦਾ। ਪੁਲੀਸ ਸਾਰਾ ਜ਼ੋਰ ਲਾ ਰਹੀ ਸੀ, ਕਿਸੇ ਤਰ੍ਹਾਂ ਸੰਤ ਜਰਨੈਲ ਸਿੰਘ ਨੂੰ ਕਤਲ ਕੇਸ ਵਿਚ ਪਾ ਲਿਆ ਜਾਵੇ। ਵਾਅਦਾ ਮੁਆਫ਼ ਗਵਾਹ ਬਣਾਉਣ ਲਈ ਬੜਾ ਜ਼ੋਰ ਲਾਇਆ ਗਿਆ। ਦੋ ਨਿਰੰਕਾਰੀ ਤੇ ਸੀ. ਬੀ. ਆਈ ਵਾਲੇ ਅਫ਼ਸਰ ਨੋਟਾਂ ਦਾ ਇੱਕ ਟਰੰਕ ਭਰ ਕੇ ਲਿਆਏ ਅਤੇ ਉਸ ਅੱਗੇ ਖੋਲ੍ਹ ਦਿੱਤਾ।

"ਕਾਮਰੇਡ! ਇਹ ਸਭ ਤੇਰਾ ਮਾਲ ਐ, ਤੂੰ ਸੰਤਾਂ ਦੇ ਆਖੇ ਲੱਗ ਕੇ ਇਹ ਕਾਰਾ ਕੀਤਾ ਹੈ। ਅਸੀਂ ਸਮਝਦੇ ਆਂ, ਅਸਲ ਕਾਤਲ ਸੰਤ ਜਰਨੈਲ ਸਿੰਘ ਐ, ਤੂੰ ਭੋਲੇ ਭਾ ਫਸ ਗਿਆ। ਉਨ੍ਹਾਂ ਬਾਰੇ ਬਿਆਨ ਦੇ ਛੱਡ; ਤੂੰ ਅੱਜ ਹੀ ਬਰੀ! ਮਾਮੂਲੀ ਜ਼ਮਾਨਤ 'ਤੇ ਛੱਡ ਦਿੰਦੇ ਆਂ।" ਸੀ. ਬੀ. ਆਈ. ਵਾਲੇ ਹਰ ਤਰ੍ਹਾਂ ਦੇ ਹਥਕੰਡੇ ਵਰਤ ਰਹੇ ਸਨ।

"ਸਿੰਘਾਂ 'ਤੇ ਵੀ ਭੀੜ ਦਾ ਸਮਾਂ ਆਇਆ ਸੀ, ਜਦੋਂ ਅੱਸੀ ਰੁਪਏ ਸਿੱਖ ਦੇ ਸਿਰ ਦਾ ਮੁੱਲ ਪੈਂਦਾ ਸੀ। ਬੇਗਮਾਂ ਦੇ ਡੋਲਿਆਂ ਦੇ ਲਾਲਚ ਦਿੱਤੇ ਜਾਂਦੇ ਸਨ। ਸਿੰਘਾਂ ਸਿਦਕ ਨਿਭਾਹਿਆ, ਡੋਲੇ ਨਹੀਂ ਲਏ। ਮੈਂ ਉਨ੍ਹਾਂ ਸ਼ਹੀਦ ਪੁਰਖਿਆਂ ਦੀ ਔਲਾਦ ਆਂ। ਸਿੱਖ ਤਾਰੀਖ਼ ਨੂੰ ਦਾਗ਼ ਨਹੀਂ ਲਾਵਾਂਗਾ। ਮੈਂ ਗੱਜ ਵੱਜ ਕੇ ਆਖਦਾ ਆਂ, ਮਹਾਸ਼ੇ ਨੂੰ ਮੈਂ ਮਾਰਿਆ ਹੈ। ਉਹ ਪੰਜਾਬ ਦਾ ਸਹੀ ਅਰਥਾਂ ਵਿਚ ਦੁਸ਼ਮਣ ਸੀ। ਸਿੱਖਾਂ ਬਾਰੇ ਹਮੇਸ਼ਾ ਜ਼ਹਿਰ ਉਗਲਦਾ ਸੀ। ਉਸ ਸਿੱਖਾਂ ਤੇ ਨਿਰੰਕਾਰੀਆਂ ਵਿਚਕਾਰ ਅੱਗ ਲਾਈ ਅਤੇ ਟਕਰਾਅ ਕਰਵਾਇਆ। ਅਮਨ ਚੈਨ ਨਾਲ ਵਸਦੇ ਪੰਜਾਬ ਨੂੰ ਤਬਾਹ ਕਰਵਾਉਣ ਵਾਲਾ ਉਹੀ ਸੀ। ਉਸ ਨੂੰ ਮਾਰ ਕੇ ਮੈਂ ਕੋਈ ਪਾਪ ਨਹੀਂ ਕੀਤਾ।" ਨਛੱਤਰ ਸਿੰਘ ਅੰਦਰੋਂ ਪੁਰਾਣੇ ਸਿੰਘਾਂ ਵਾਲਾ ਸਿਦਕ ਬੋਲ ਰਿਹਾ ਸੀ।

"ਕਤਲ ਕੀਤਾ ਤਾਂ ਸੰਤਾਂ ਦੇ ਆਖਣ ਉੱਤੇ ਆ ਨਾ?" ਉਹ ਵਲ ਵਲ ਸਵਾਲ ਕਰ ਰਹੇ ਸਨ।

"ਨਹੀਂ, ਇਹ ਮੇਰੀ ਆਪਣੀ ਸੋਚ ਸੀ।"

"ਛੱਡੋ ਜੀ ਮਾਰ ਕੇ ਨਹਿਰ 'ਚ ਰੋੜ੍ਹੋ, ਕੰਮ ਮੁਕਦਾ ਹੋਵੇ।" ਉਨ੍ਹਾਂ ਨਛੱਤਰ 'ਤੇ ਡਰ ਪਾਉਣ ਲਈ ਉਸਦੇ ਸਾਹਮਣੇ ਆਪੋ ਵਿਚੀਂ ਗੱਲ ਕੀਤੀ। ਜਦੋਂ ਕਾਮਰੇਡ ਕੁੱਟਮਾਰ ਦੀ ਇੰਤਹਾ ਸਹਿ ਗਿਆ, ਕਿਸੇ ਤਰ੍ਹਾਂ ਦੇ ਲਾਲਚ ਨਾਲ ਭਰਮਾਇਆ ਵੀ ਨਾ ਗਿਆ, ਤਦ ਸਮਰਾਲੇ ਦਾ ਇੱਕ ਗੁੰਮ ਕਤਲ ਉਸ 'ਤੇ ਪਾ ਦਿੱਤਾ, ਜਿਸ ਦਾ ਪੁਲੀਸ ਨੂੰ ਥਹੁ ਪਤਾ ਨਹੀਂ ਲੱਗ ਰਿਹਾ ਸੀ। ਉਸ ਰਿਮਾਂਡ ਵਿਚ ਵੀ ਪੁਲੀਸ ਦੀ ਗੱਲ ਨਾ ਬਣੀ। 28 ਸਤੰਬਰ ਉਹ ਕੇਸ ਖਾਰਜ ਹੋ ਗਿਆ। ਪੁਲੀਸ ਵੀ ਹਾਰਨ ਵਾਲੀ ਨਹੀਂ ਸੀ। ਰਾਏ ਕੋਟ ਲਾਗੇ ਪੈਟਰੋਲ ਪੰਪ 'ਤੇ ਡਾਕਾ ਪੈ ਗਿਆ ਸੀ। ਉਹ ਡਾਕਾ ਕਾਮਰੇਡ ਸਿਰ ਪਾ ਦਿੱਤਾ। ਪੰਜ ਦਿਨਾਂ ਦਾ ਹੋਰ ਰਿਮਾਂਡ ਮੰਗ ਲਿਆ। 4 ਅਕਤੂਬਰ ਨੂੰ ਉਹ ਵੀ ਝੂਠਾ ਕੇਸ ਡਿਸਚਾਰਜ ਹੋ ਗਿਆ। ਅਖ਼ੀਰ ਕੋਈ ਵਾਹ ਨਾ ਜਾਂਦੀ ਵੇਖ ਉਸ ਨੂੰ ਲੁਧਿਆਣੇ ਦੀ ਸੈਂਟਰਲ ਜੇਲ੍ਹ ਭੇਜ ਦਿੱਤਾ।

ਪੰਜਵਾਂ ਕਾਂਡ

ਸਵਰਨ ਸਿੰਘ ਨੂੰ ਸੰਤਾਂ ਨੇ ਬੰਬਈ ਟਰੱਕਾਂ ਵਾਲਿਆਂ ਕੋਲ ਭੇਜ ਦਿੱਤਾ। ਟਰੱਕਾਂ ਵਾਲੇ ਸੰਤਾਂ ਦੇ ਬੇਹੱਦ ਸ਼ਰਧਾਲੂ ਤੇ ਉਪਾਸ਼ਕ ਸਨ, ਭਾਵੇਂ ਉਨ੍ਹਾਂ ਦੀ ਰਹਿਤ ਪੂਰਨ ਸਿੱਖਾਂ ਵਾਲੀ ਨਹੀਂ ਸੀ। ਸੰਤ ਉਨ੍ਹਾਂ ਨੂੰ ਬਹੁਤ ਕੋੜਦੇ ਸਨ। ਪਰ ਉਨ੍ਹਾਂ ਦਾ ਕੌੜਾ ਕੁਸੈਲਾ ਖਾਣਾ ਤੇ ਸ਼ਰਾਬ ਮੀਟ, ਚੱਲ ਸੋ ਚੱਲ ਸੀ।

"ਓਏ ਭੋੜਿਓ! ਦਸਮ ਪਾਤਸ਼ਾਹ ਦੀ ਕੁਰਬਾਨੀ ਵੱਲ ਤੱਕੋ; ਪੂਰੀ ਰਹਿਤ ਮਰਯਾਦਾ ਵਿਚ ਰਹਿੰਦਿਆਂ ਸਾਡੇ ਉੱਤੋਂ ਸਾਰਾ ਕੋੜਮਾ ਵੀ ਵਾਰ ਦਿੱਤਾ। ਤੁਸੀਂ ਨਾ-ਸ਼ੁਕਰਿਓ ਉਸ ਦੇ ਦਾੜ੍ਹੀ ਕੇਸ ਵੀ ਨਹੀਂ ਰੱਖ ਸਕਦੇ। ਗੁਰੂ ਦੀ ਅਮਾਨਤ ਨੂੰ ਕੱਟ ਕੱਟ ਘੱਟੇ ਰੋਲਦੇ ਹੋ।" ਸੰਤ ਬੜੀ ਔਖਿਆਈ ਨਾਲ ਤਾੜਨਾ ਕਰਦੇ ਸਨ।

ਮਹਾਰਾਜ ਜੀ, ਭੁੱਲ ਕਰੋ ਮਾਫ਼, ਸਾਡੀ ਰਹਿਣੀ-ਬਹਿਣੀ ਤੇ ਮੁਸਾਫ਼ਰੀ ਦਾ ਤੁਹਾਨੂੰ ਪਤਾ ਨਹੀਂ। ਅਸੀਂ ਆਂ ਊਠਾਂ ਦੇ ਕਾਫ਼ਲਿਆਂ ਵਰਗੇ, ਕਿਹੜੇ ਕਿਹੜੇ ਵਖ਼ਤਾਂ ਵਾਇਦਿਆਂ ਵਿਚੋਂ ਗੁਜ਼ਰਦੇ ਆਂ, ਅਸੀਂ ਹੀ ਜਾਣਦੇ ਆਂ। ਇਹ ਗੱਲਾਂ ਛੱਡੋ, ਕੋਈ ਸੇਵਾ ਦੱਸੋ; ਸਾਨੂੰ ਵਾਹ ਕੇ ਵੇਖੋ; ਪੂਰੀ ਲਾਹਾਂਗੇ। ਸਾਡੇ ਐਬਾਂ ਵੱਲ ਨਾ ਜਾਉ, ਸਿਦਕ ਪਰਤਿਆਉ", ਟਰੱਕਾਂ ਵਾਲਿਆਂ ਦੀਆਂ ਚਾਲੂ ਮੁਸੀਬਤਾਂ ਤੋਂ ਸੰਤ ਜਾਣੂ ਨਹੀਂ ਸਨ। ਭਾਂਤ ਭਾਂਤ ਦੇ ਸੂਬਿਆਂ ਦੀ ਪੁਲੀਸ ਤੋਂ ਚੋਰੀ ਬਚ ਕੇ ਨਿਕਲਦੇ, ਨੀਂਦ ਆਵੇ ਰਾਤ ਨੂੰ ਨਸ਼ਾ ਕਰਦੇ। ਫੜੇ ਜਾਂਦੇ, ਪਹਿਲੋਂ ਮਿੰਨਤ-ਤਰਲਾ ਕਰਦੇ, ਪੁਲੀਸ ਵਾਲੇ ਨਾ ਮੰਨਦੇ ਤਾਂ ਸੌ ਪੰਜਾਹ ਦੇ ਕੇ ਲੰਘ ਜਾਂਦੇ। ਪੈਸੇ ਦੇ ਕੇ ਲੰਘਣਾ, ਇੱਕ ਤਰ੍ਹਾਂ ਦਾ ਦਸਤੂਰ ਬਣ ਗਿਆ ਸੀ।

ਸੰਤਾਂ ਨੂੰ ਉਨ੍ਹਾਂ ਦੀ ਸ਼ਰਧਾ ਤੇ ਪੂਰਾ ਭਰੋਸਾ ਸੀ। ਏਸੇ ਲਈ ਸਵਰਨ ਨੂੰ ਉੱਥੇ ਛੱਡ ਦਿੱਤਾ। ਉਹ ਦੋ ਵੇਲੇ ਦਾ ਪਾਠੀ ਅਤੇ ਅੰਮ੍ਰਿਤਧਾਰੀ ਸਿੰਘ, ਸ਼ਰਾਬ ਪੀਣ ਤੇ ਬੀੜਾ ਲਾਉਣ ਵਾਲਿਆਂ ਨਾਲ ਕਿਵੇਂ ਨਿਭਾਉਂਦਾ। ਉਹ ਏਧਰ-ਓਧਰ ਟਰੱਕਾਂ 'ਤੇ ਹੋਰ ਸ਼ਹਿਰਾਂ ਵਿਚ ਵੀ ਜਾਂਦਾ ਰਿਹਾ। ਵੇਲੇ ਨਾਲ ਟਰੱਕ ਵਿਚ ਹੀ ਪਾਠ ਸ਼ੁਰੂ ਕਰ ਦੇਂਦਾ। ਉਸ ਨੂੰ ਸਭ ਤੋਂ ਬਹੁਤੀ ਔਖ ਰੋਟੀ ਪਾਣੀ ਸੁੱਚਮ ਦੀ ਆਉਂਦੀ ਸੀ। ਬੜੀ ਮੁਸ਼ਕਿਲ ਨਾਲ ਚਾਰ ਮਹੀਨੇ ਬੰਬਈ 'ਚ ਕੱਟੇ। ਸੰਤਾਂ ਦੀ ਆਗਿਆ ਤੋਂ ਬਿਨਾਂ ਬੰਬਈ ਤੋਂ ਖਿਸਕ ਆਇਆ ਅਤੇ ਆਪਣੀ ਰਿਸ਼ਤੇਦਾਰੀ ਵਿਚ ਗੁੰਮਟੀ ਕਲਾਂ ਆ ਗਿਆ। ਥੋੜ੍ਹੇ ਦਿਨਾਂ ਪਿੱਛੋਂ ਸੰਤਾਂ ਨੂੰ ਮਿਲਣ ਅੰਮ੍ਰਿਤਸਰ ਆ ਗਿਆ। ਉਨ੍ਹਾਂ ਸਵਰਨ ਨੂੰ ਬਹੁਤ ਕੁੱਟਿਆ ਕਿ ਤੂੰ ਬੰਬਈ ਤੋਂ ਕਿਉਂ ਭੱਜ ਆਇਆ। ਉਦੋਂ ਤੱਕ ਸੰਤ 'ਤੇ ਕੇਸ ਚੱਲ ਕੇ ਖਾਰਜ ਹੋ ਚੁੱਕਾ ਸੀ। ਪੁਲੀਸ ਦੇ ਜ਼ੋਰ ਲਾਉਣ ਦੇ ਬਾਵਜੂਦ ਨਛੱਤਰ ਸਿੰਘ ਸੰਤਾਂ 'ਤੇ ਅਗਵਾਹ ਨਹੀਂ ਬਣਿਆ ਸੀ।

ਸਵਰਨ ਸੰਤਾਂ ਕੋਲੋਂ ਵੀ ਖਿਸਕ ਕੇ ਗੁੰਮਟੀ ਕਲਾਂ ਆ ਗਿਆ। ਉਨ੍ਹਾਂ ਦੀ ਰੇਹੜੀ 'ਤੇ ਖੇਤੋਂ ਪੱਠੇ ਲਿਆਉਣ ਲੱਗ ਪਿਆ। ਪਸ਼ੂਆਂ ਨੂੰ ਪੱਠਾ-ਦੱਥਾ ਤੇ ਨਿੱਕੇ ਮੋਟੇ ਹੋਰ ਕੰਮ ਕਰਦਾ

ਰਿਹਾ। ਉਹ ਪਿੰਡ ਦੇ ਹਾਣੀ ਮੁੰਡਿਆਂ ਨਾਲ ਰੇਲ ਮੇਲ ਹੋ ਚੁੱਕਾ ਸੀ। ਸੁਹਣਾ ਜਵਾਨ ਸੀ, ਮੁੰਡਿਆਂ ਨਾਲ ਬਰਾਬਰ ਕੌਡੀ ਖੇਡਣ ਲੱਗ ਪਿਆ। ਕੌਡੀ ਦੀ ਖੇਡ ਵਿਚ ਚੰਗਾ ਨਿੱਖਰ ਆਇਆ, ਹੋਰ ਪਿੰਡਾਂ ਵਿਚ ਮੈਚ ਖੇਡਣ ਚਲਿਆ ਜਾਂਦਾ। ਉਨ੍ਹਾਂ ਪਿੰਡਾਂ ਵਿਚ ਕੱਛੇ ਤੇ ਕ੍ਰਿਪਾਨ ਵਾਲਾ ਖਿਡਾਰੀ ਮਸ਼ਹੂਰ ਹੋ ਗਿਆ। ਇਹ ਗੱਲ ਉਹਦੇ ਦਿਮਾਗੋਂ ਹੀ ਨਿਕਲ ਗਈ ਕਿ ਮੈਂ ਮਹਾਸ਼ੇ ਦੇ ਕਤਲ ਵਿਚ ਇੱਕ ਭਗੌੜਾ ਹਾਂ। ਉਸ ਦੀ ਰਿਸ਼ਤੇਦਾਰੀ ਦੇ ਗਵਾਂਢ ਇਕ ਪੁਲੀਸ ਦੇ ਸਿਪਾਹੀ ਦਾ ਘਰ ਸੀ। ਉਸ ਸਵਰਨ ਨੂੰ ਕੱਛੇ-ਕ੍ਰਿਪਾਨ ਵਿਚ ਖੇਡਦਿਆਂ ਪਹਿਲੋਂ ਵੇਖਿਆ, ਮੁੜ ਤਾੜਿਆ। ਉਸ ਚੁੱਪ ਚਾਪ ਸੂਹ ਕੱਢੀ। ਉਨ੍ਹਾਂ ਦਿਨਾਂ ਵਿਚ ਮਹਾਸ਼ੇ ਦੇ ਕਤਲ ਤੇ ਸੰਤਾਂ ਦੀਆਂ ਖ਼ਬਰਾਂ ਨਾਲ ਅਖ਼ਬਾਰਾਂ ਦੇ ਸਫ਼ੇ ਭਰੇ ਹੁੰਦੇ ਸਨ। ਬਹੁਤੀ ਚਰਚਾ ਏਸੇ ਕਤਲ ਬਾਰੇ ਹੀ ਹੁੰਦੀ ਸੀ। ਸਿਪਾਹੀ ਨੇ ਸਿਰ ਹਿਲਾਇਆ, ਕਿਤੇ ਲਾਲੇ ਦੇ ਕਤਲ ਵਿਚੋਂ ਭਗੌੜਾ ਇਹੋ ਸਿਘ ਨਾ ਹੋਵੇ। ਉਸ ਕਤਲ ਬਾਰੇ, 'ਚਾਹੀਦਾ ਹੈ' ਇਸ਼ਤਿਹਾਰ ਵੀ ਤਪਦੇ ਰਹਿੰਦੇ ਸਨ। ਉਸ ਥੋੜ੍ਹੇ ਦਿਨ ਤਾੜ ਰੱਖੀ। ਮੁੜ ਇੱਕ ਦਿਨ ਪੁਲੀਸ ਨੇ ਘੇਰਾ ਪਾ ਕੇ ਸਵਰਨ ਨੂੰ ਗ੍ਰਿਫ਼ਤਾਰ ਕਰ ਲਿਆ। ਫੜਿਆ ਉਸ ਨੂੰ ਗੁਮਟੀ ਕਲਾਂ ਤੋਂ, ਪਰ ਪੁਲੀਸ ਨੇ ਆਪਣੇ ਨੰਬਰ ਬਣਾਉਣ ਲਈ ਕਾਗਜ਼ਾਂ ਵਿਚ ਵਿਖਾਇਆ, ਜੈਤੋ ਨੇੜੇ ਇੱਕ ਵੀਰਾਨ ਭੱਠੇ ਵਿਚ ਟੇਪ ਰੀਕਾਰਡ ਸੁਣ ਰਿਹਾ ਸੀ। ਉਨ੍ਹਾਂ ਦਿਨਾਂ ਵਿਚ ਸ਼ਾਬਾਸ਼ ਲੈਣ ਲਈ ਝੂਠੇ ਮੁਕਾਬਲੇ ਤੇ ਝੂਠੀਆਂ ਗ੍ਰਿਫ਼ਤਾਰੀਆਂ ਪਾਉਣਾ ਆਮ ਗੱਲ ਸੀ।

ਫੜਨ ਪਿੱਛੋਂ ਉਸ ਨੂੰ ਜੈਤੋ ਦੇ ਥਾਣੇ ਲਿਆਂਦਾ ਗਿਆ ਤੇ ਰਿਮਾਂਡ ਬਿਨਾਂ ਜੇਲ੍ਹ-ਭੇਜ ਦਿੱਤਾ। ਗ੍ਰਿਫ਼ਤਾਰੀ ਅਦਾਲਤ ਵਿਚ ਝੂਠੀ ਸਾਬਤ ਹੋ ਗਈ। ਜਿਹੜਾ ਪੁਲੀਸ ਨੇ ਟੁੱਟਾ ਹੋਇਆ ਬਾਰਾਂ ਬੋਰ ਦਾ ਪਿਸਤੌਲ ਉਸ 'ਤੇ ਪਾਇਆ ਸੀ, ਉਸ ਬਾਰੇ ਸਵਰਨ ਸਿੰਘ ਦੇ ਵਕੀਲ ਨੇ ਮੈਜਿਸਟ੍ਰੇਟ ਨੂੰ ਬੇਨਤੀ ਕੀਤੀ,

"ਜਨਾਬ ਜ਼ਰਾ ਪਿਸਤੌਲ ਦਾ ਮੁਲਾਹਜ਼ਾ ਕਰਕੇ ਤਾਂ ਵੇਖੋ?"

ਮੈਜਿਸਟ੍ਰੇਟ ਨੇ ਵੇਖਿਆ ਤਾਂ ਉਸ ਦੇ ਹੱਥਾਂ ਵਿਚ ਪਿਸਤੌਲ ਦੇ ਦੋ ਟੋਟੇ ਹੋ ਗਏ। ਉਸ ਪੁਲੀਸ ਹੌਲਦਾਰ ਨੂੰ ਤਾੜਿਆ, "ਤੁਸੀਂ ਪੁਲੀਸ ਵਾਲੇ ਇਸ ਤਰ੍ਹਾਂ ਦੇ ਝੂਠੇ ਕੇਸ ਪਾਉਂਦੇ ਓ, ਤੁਹਾਨੂੰ ਸ਼ਰਮ ਆਉਣੀ ਚਾਹੀਦੀ ਐ।" ਪਰ ਪੁਲੀਸ 'ਤੇ ਅਦਾਲਤੀ ਸ਼ਰਮ ਦਾ ਕੋਈ ਅਸਰ ਨਾ ਹੋਇਆ। ਗ਼ਲਤ ਗ੍ਰਿਫ਼ਤਾਰੀ ਤੇ ਝੂਠੇ ਪਿਸਤੌਲ ਬਾਰੇ ਅਖ਼ਬਾਰਾਂ ਵਿਚ ਪੁਲਿਸ ਦੀ ਬਹੁਤ ਭੰਡੀ ਹੋਈ। ਮੈਜਿਸਟ੍ਰੇਟ ਨੇ ਸਵਰਨ ਸਿੰਘ ਨੂੰ ਸਾਫ਼ ਬਰੀ ਕਰ ਦਿੱਤਾ। ਪੁਲੀਸ ਨੇ ਉਸ ਨੂੰ ਮਹਾਸ਼ੇ ਦੇ ਕਤਲ ਵਿਚ ਲੁਧਿਆਣਾ ਜੇਲ੍ਹ ਵਿਚ ਨਛੱਤਰ ਸਿੰਘ ਕੋਲ ਭੇਜ ਦਿੱਤਾ।

ਇਨ੍ਹਾਂ ਦਿਨਾਂ ਵਿਚ ਇੱਕ ਹੋਰ ਦੁਰਘਟਨਾ ਵਾਪਰ ਗਈ। ਸੰਤ ਅੰਮ੍ਰਿਤਸਰ ਦੇ ਵਿਸਾਖੀ ਵਾਲੇ ਸ਼ਹੀਦੀ ਸਾਕੇ ਤੋਂ ਬਹੁਤ ਔਖੇ ਸਨ। ਬਹੁਤ ਗੁੱਸਾ ਉਸ ਸਮੇਂ ਦੇ ਡੀ. ਸੀ. ਉਪਰ ਸੀ, ਜਿਸ ਨਿਰੰਕਾਰੀਆਂ ਦਾ ਸੰਮੇਲਨ ਅੰਮ੍ਰਿਤਸਰ ਵਿਚ ਰਖਵਾਇਆ ਅਤੇ ਜਲੂਸ ਕਢਵਾਇਆ ਸੀ। ਉਸ ਸਾਕੇ ਵਿਚ ਤੇਰਾਂ ਸਿੰਘ ਸ਼ਹੀਦ ਹੋ ਗਏ ਸਨ। ਉਹ ਡੀ. ਸੀ. ਬਦਲੀ ਕਰਵਾ ਕੇ ਬਚਣ ਵਾਲੀ ਥਾਂ ਚੰਡੀਗੜ੍ਹ ਸਕੱਤਰੇਤ ਵਿਚ ਆ ਗਿਆ ਸੀ। ਸੰਤਾਂ ਉਸ ਨੂੰ ਖ਼ਤਮ ਕਰਨ ਲਈ ਆਪਣੇ ਸਿਦਕੀ ਸਿੰਘਾਂ ਦੀ ਡਿਊਟੀ ਲਾਈ।

"ਦੇਖੋ ਬਈ ਬਹਾਦਰੋ, ਉਸ ਨੂੰ ਗੱਡੀ ਵੀ ਚਾੜ੍ਹਨਾ ਹੈ, ਪਰ ਫੜਾਈ ਵੀ ਨਹੀਂ ਖਾਣੀ।"

"ਚੰਡੀਗੜ੍ਹ ਵਿਚ ਸੰਤ ਜੀ ਫੜਿਆ ਜਾਣਾ ਤਾਂ ਸੁਭਾਵਕ ਐ। ਸਾਰੇ ਪਾਸੇ ਅੱਗੇ-ਪਿੱਛੇ ਸਕਿਊਰਟੀ ਲੱਗੀ ਹੁੰਦੀ ਐ।" ਇੱਕ ਸਿੰਘ ਨੇ ਅਧੀਨਗੀ ਨਾਲ ਆਖਿਆ।

"ਨਹੀਂ, ਅਜਿਹੀ ਵਿਉਂਤ ਬਣਾਓ ਕਿ ਤੁਸੀਂ ਸਾਫ਼ ਬਚ ਕੇ ਸਾਡੇ ਕੋਲ ਆ ਸਕੋ। ਬਸ ਹੋਰ ਕੋਈ ਗੱਲ ਨਹੀਂ।" ਸੰਤ ਜਰਨੈਲ ਸਿੰਘ ਨੇ ਪੂਰੀ ਦ੍ਰਿੜ੍ਹਤਾ ਨਾਲ ਕਹਿ ਦਿੱਤਾ।

"ਕੋਸ਼ਿਸ਼ ਕਰਾਂਗੇ ਬਚਣ ਦੀ, ਮਾਰਾਂਗੇ ਜ਼ਰੂਰ ਪਰ.....।" ਫੜਾਈ ਦੇ ਮਸਲੇ ਬਾਰੇ ਉਹ ਦੋਚਿੱਤੇ ਸਨ।

"ਇੱਕ ਵਾਰੀ ਤੁਹਾਨੂੰ ਕਹਿ ਜੋ ਦਿੱਤਾ, ਸੋਧਣਾ ਹੈ ਤੇ ਫੜਾਈ ਨਹੀਂ ਦੇਣੀ।"

ਤਿਆਰ ਸਿੰਘਾਂ ਸਤਿ ਬਚਨ ਕਹਿ ਕੇ ਚੁੱਪ ਧਾਰ ਲਈ। ਉਨ੍ਹਾਂ ਰਿਵਾਲਵਰ ਕਾਬੂ ਕੀਤੇ ਅਤੇ ਮੋਟਰ ਸਾਇਕਲ 'ਤੇ ਸਵਾਰ ਹੋ ਕੇ ਚੰਡੀਗੜ੍ਹ ਪਹੁੰਚ ਗਏ। ਸਕੱਤਰੇਤ ਵਿਚ ਸਵੇਰ ਦੀ ਹਾਜ਼ਰੀ ਸਮੇਂ ਮੇਨ ਗੇਟ ਦੇ ਨੇੜੇ ਦੀਆਂ ਪੌੜੀਆਂ ਲਾਗੇ ਏਧਰ-ਓਧਰ ਦੀ ਤਾੜ ਰੱਖਦੇ ਆਨੀਂ ਬਹਾਨੀਂ ਟਹਿਲਦੇ ਰਹੇ। ਉਸ ਦਿਨ ਕੁਦਰਤੀ ਡੀ. ਸੀ. ਨਾਲ ਉਸ ਦਾ ਭਰਾ ਵੀ ਸੈਕਟਰੀਏਟ ਆ ਗਿਆ। ਦੋਵਾਂ ਸਿੰਘਾਂ ਜਿਉਂ ਹੀ ਡੀ. ਸੀ. ਨੂੰ ਵੇਖਿਆ, ਯਕਦਮ ਹਮਲਾ ਕਰ ਦਿੱਤਾ। ਪਹਿਲਾ ਫਾਇਰ ਡੀ. ਸੀ. ਨੂੰ ਲੱਗਾ। ਦੂਜੇ ਨਾਲ ਉਸ ਦਾ ਭਰਾ ਸਾਹਮਣੇ ਆਉਣ ਕਾਰਨ ਢੇਰੀ ਹੋ ਗਿਆ। ਡੀ. ਸੀ. ਜ਼ਖ਼ਮੀ ਹਾਲਤ ਵਿਚ ਪੌੜੀਆਂ ਚੜ੍ਹਦਾ ਗਿਆ ਤੇ ਮੋੜ ਮੁੜ ਗਿਆ। ਹੁਣ ਉਸ ਦਾ ਪਿੱਛਾ ਕਰਨਾ ਫ਼ਜ਼ੂਲ ਸੀ। ਦੋਵਾਂ ਸਿੰਘਾਂ ਭੱਜਣ ਵਿਚ ਹੀ ਸਿਆਣਪ ਸਮਝੀ। ਇੱਕ ਹੋਰ ਸਾਥੀ ਨੇ ਸਕੱਤਰੇਤ ਦੇ ਪਿਛਲੇ ਪਾਸੇ ਮੋਟਰ ਸਾਇਕਲ ਸਟਾਰਟ ਕਰ ਰੱਖਿਆ ਸੀ। ਪਹਿਰੇ 'ਤੇ ਖਲੋਤੇ ਕਿਸੇ ਪੁਲੀਸ ਵਾਲੇ ਦੀ ਜੁਰਅਤ ਨਾ ਪਈ ਉਨ੍ਹਾਂ ਨੂੰ ਹੱਥ ਪਾਉਣ ਦੀ। ਸਭ ਨੂੰ ਇਕਦਮ ਹੈਰਾਨੀ ਵਿਚ ਸਕਤਾ ਮਾਰ ਗਿਆ ਕਿ ਆਹ ਕੀ ਹੋ ਗਿਆ। ਸਭ ਨੂੰ ਹੱਥਾਂ-ਪੈਰਾਂ ਦੀ ਪੈ ਗਈ ਸੀ। ਸੈਕਟਰੀਏਟ ਵਿਚ ਗੋਲੀ ਤੇ ਖ਼ੂਨ? ਉਹ ਆਰਾਮ ਨਾਲ ਮੋਟਰ ਸਾਇਕਲ 'ਤੇ ਚੜ੍ਹ ਕੇ ਨਿਕਲ ਗਏ। ਉਨ੍ਹਾਂ ਦਾ ਕਿਸੇ ਪਿਛਾ ਨਾ ਕੀਤਾ। ਇਸ ਕਾਤਲਾਨਾ ਹਮਲੇ ਵਿਚ ਵੀ ਸਾਜ਼ਸ਼ੀ ਵਜੋਂ ਨਛੱਤਰ ਸਿੰਘ ਨੂੰ ਪਾ ਦਿੱਤਾ ਗਿਆ। ਜੇਲ੍ਹ ਵਿਚ ਬੈਠੇ ਦਾ ਹੀ ਪੰਜ ਦਿਨ ਦਾ ਰਿਮਾਂਡ ਲੈ ਲਿਆ। ਪੁੱਛ-ਪੜਤਾਲ ਚੱਲੀ। ਪੁਲੀਸ ਨੇ ਰੱਜ ਕੇ ਤਸ਼ੱਦਦ ਕੀਤਾ, ਪਰ ਪੁਲੀਸ ਦੇ ਹੱਥ ਕੁਝ ਨਾ ਆਇਆ। ਉਹ ਆਖਦਾ ਰਿਹਾ:—

"ਤੁਹਾਡੇ ਸਾਹਮਣੇ ਕਿੰਨੇ ਮਹੀਨਿਆਂ ਤੋਂ ਜੇਲ੍ਹ ਵਿਚ ਆਂ। ਚਿੜੀ ਏਥੇ ਫਟਕਦੀ ਨਹੀਂ, ਮੇਰੀ ਕੋਈ ਮੁਲਾਕਾਤ ਨੂੰ ਵੀ ਨਹੀਂ ਆਇਆ। ਤੁਸਾਂ ਝੂਠਾ ਕੇਸ ਪਾਉਣਾ ਏਂ, ਪਾ ਦਿਓ। ਲਾਲੇ ਦੇ ਕਤਲ ਬਿਨਾਂ ਮੈਂ ਕੁਝ ਨਹੀਂ ਕੀਤਾ।" ਉਹ ਆਪਣੀ ਥਾਂ ਸੱਚਾ ਸੀ ਤੇ ਦ੍ਰਿੜ੍ਹਤਾ ਨਾਲ ਕਾਇਮ ਰਿਹਾ।

ਪਰ ਪੁਲੀਸ ਵਾਲੇ ਆਪਣੀ ਜ਼ਿੱਦ 'ਤੇ ਅੜੇ ਰਹੇ। ਜਿਵੇਂ ਉਨ੍ਹਾਂ ਨੂੰ ਕੋਈ ਹੋਰ ਸੋਚ ਸ਼ਕਤੀ ਚਲਾ ਰਹੀ ਸੀ। ਅਸਲੋਂ ਝੂਠਾ ਕੇਸ ਸੱਚਾ ਕਿਵੇਂ ਸਾਬਤ ਹੁੰਦਾ। ਦੂਜੀ ਤਾਰੀਖ਼ 'ਤੇ ਨਛੱਤਰ ਬਰੀ ਹੋ ਗਿਆ। ਹੁਣ ਪੁਲੀਸ ਨੇ ਮਹਾਸ਼ੇ ਦੇ ਕਤਲ ਦਾ ਸਾਰਾ ਭਾਰ ਨਛੱਤਰ ਤੇ ਸਵਰਨ ਸਿੰਘ 'ਤੇ ਪਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਤੀਜਾ ਸਾਥੀ ਪੁਲੀਸ ਦੇ ਹੱਥ ਨਹੀਂ ਆਇਆ ਸੀ। ਐਡਵੋਕੇਟ ਜਨਰਲ ਦੇ ਸਲਾਹ ਮਸ਼ਵਰੇ 'ਤੇ ਪੂਰੀ ਤਿਆਰੀ ਨਾਲ ਚਲਾਨ ਪੇਸ਼ ਕਰ ਦਿੱਤਾ।

ਛੇਵਾਂ ਕਾਂਡ

ਸੰਤ ਆਪਣੇ ਵੱਲੋਂ ਸਵਰਨ ਸਿੰਘ ਨੂੰ ਬੰਬਈ ਟਰੱਕਾਂ ਵਾਲਿਆਂ ਕੋਲ ਛੱਡ ਕੇ ਬੇਫ਼ਿਕਰ ਹੋ ਗਏ ਸਨ, ਪਰ ਸਰਕਾਰੀ ਦਬਾਅ ਪੁਲੀਸ 'ਤੇ ਵਧਿਆ ਹੋਇਆ ਸੀ। ਲਾਲੇ ਦੇ ਵਾਰਿਸ ਜ਼ੋਰ ਦੇ ਰਹੇ ਸਨ ਕਿ ਇਸ ਕਤਲ ਵਿਚ ਸੰਤ ਜਰਨੈਲ ਸਿੰਘ ਬਰਾਬਰ ਦੇ ਗੁਨਾਹੀ ਹਨ। ਉਨ੍ਹਾਂ 'ਤੇ ਵੀ ਕਤਲ ਦਾ ਮੁਕੱਦਮਾ ਚੱਲਣਾ ਚਾਹੀਦਾ ਹੈ। ਬੰਬਈ ਦੀ ਵਾਪਸੀ ਤੋਂ ਸੰਤ ਚੰਦੋ ਕਲਾਂ, ਹਰਿਆਣੇ ਵਿਚ ਆ ਠਹਿਰੇ ਸਨ। ਪੁਲੀਸ ਨੇ ਘੇਰਾ ਪਾ ਕੇ ਫੜਨ ਦੀ ਸਕੀਮ ਬਣਾਈ। ਵਾਇਰਲੈੱਸ ਸੈੱਟਾਂ ਪੁਲੀਸ ਮੁਖੀ ਨਾਲ ਤਾਲਮੇਲ ਜੋੜਿਆ। ਉਹ ਸੰਤਾਂ ਤੋਂ ਤ੍ਰਹਿੰਦਾ ਸੀ। ਪੁਲੀਸ ਮੁਖੀ ਨੇ ਹਾਇਰ ਅਥਾਰਟੀ ਨੂੰ ਸੰਕੇਤ ਦਿੱਤਾ।

"ਇਹ ਕਤਲ ਦਾ ਕੇਸ ਭਾਵੇਂ ਕਿਹੋ ਜਿਹਾ ਹੈ, ਪੰਜਾਬ ਦਾ ਐ। ਏਸ ਬਲਾ ਨੂੰ ਨਾ ਛੇੜੋ, ਖਿਸਕ ਜਾਣ ਦਿਓ। ਇਹ ਪੰਜਾਬ ਪੁਲੀਸ ਦੀ ਸਿਰਦਰਦੀ ਐ, ਆਪੇ ਸਿੱਝਦੀ ਫਿਰੇਗੀ।"

ਚੰਦੋ ਕਲਾਂ ਵੀ ਸੁਨੇਹਾ ਪਹੁੰਚ ਗਿਆ ਕਿ ਪੁਲੀਸ ਘੇਰਾ ਪਾਉਣ ਵਾਲੀ ਐ। ਅਸਲ ਵਿਚ ਪੁਲੀਸ ਸੰਤਾਂ ਨੂੰ ਉੱਥੋਂ ਨਠਾਉਣਾ ਚਾਹੁੰਦੀ ਸੀ। ਸੰਤ ਤੜਕਸਾਰ ਹੀ ਉੱਥੋਂ ਇੱਕ ਗੱਡੀ ਲੈ ਕੇ ਨਿਕਲ ਗਏ। ਪੁਲੀਸ ਨੇ ਪੂਰੀ ਚੁਸਤੀ ਵਰਤੀ, ਐਨ ਉਦੋਂ ਛਾਪਾ ਮਾਰਿਆ ਜਦੋਂ ਸੰਤ ਜਾ ਚੁੱਕੇ ਸਨ। ਪੁਲੀਸ ਨੇ ਰੋਹਬ ਜਮਾਉਣ ਲਈ ਉੱਥੇ ਵਾਹਵਾ ਭੰਨ ਤੋੜ ਕੀਤੀ। ਅੱਗ ਲਾ ਕੇ ਦੋ ਗੱਡੀਆਂ ਸਾੜ ਦਿੱਤੀਆਂ, ਜਿਸ ਵਿਚ ਗੁਰਬਾਣੀ ਦੇ ਗ੍ਰੰਥ ਸਨ, ਜਿਹੜੇ ਨਾਲ ਹੀ ਸੜ ਗਏ। ਪੁਲੀਸ ਹੱਥੋਂ ਗੁਰਬਾਣੀ ਦਾ ਸੜ ਜਾਣਾ ਸੁਣ ਕੇ ਸੰਤ ਹੋਰ ਭੜਕ ਪਏ। ਇਹ ਸਰਕਾਰ ਸਾਨੂੰ ਦੇਸ਼ ਭਗਤ ਸਿੱਖਾਂ ਨੂੰ ਕੀ ਸਮਝਦੀ ਐ? ਪਵਿੱਤਰ ਗੁਰਬਾਣੀ ਇਨ੍ਹਾਂ ਜ਼ਾਲਮਾਂ ਸਾੜ ਦਿੱਤੀ? ਸਰਕਾਰ ਲਈ ਕੋਈ ਕਾਨੂੰਨ ਨਹੀਂ? ਕਾਨੂੰਨ ਕੇਵਲ ਲੋਕਾਂ ਵਾਸਤੇ ਈ ਐ?

ਸੰਤ ਚੰਦੋ ਕਲਾਂ ਤੋਂ ਸਿੱਧੇ ਮਹਿਤਾ ਚੌਕ ਗੁਰਦੁਆਰਾ ਦਰਸ਼ਨ ਪ੍ਰਕਾਸ਼ ਆ ਗਏ। ਹੁਣ ਉਨ੍ਹਾਂ ਨੂੰ ਫੜਨ ਲਈ ਕੇਂਦਰ ਸਰਕਾਰ ਵੱਲੋਂ ਵੀ ਪੰਜਾਬ ਪੁਲੀਸ ਨੂੰ ਖਿੱਚਿਆ ਜਾ ਰਿਹਾ ਸੀ। ਹਿੰਦੂਆਂ ਦੇ ਫ਼ਿਰਕੂ ਲੀਡਰਾਂ ਵੱਲੋਂ, ਜਿਨ੍ਹਾਂ ਪੰਜਾਬੀ ਬੋਲੀ ਅਤੇ ਪੰਜਾਬੀ ਸੂਬੇ ਦਾ ਰੱਜ ਕੇ ਵਿਰੋਧ ਕੀਤਾ ਸੀ, ਹਿੰਦ ਸਰਕਾਰ 'ਤੇ ਦਬਾਅ ਪਾਇਆ ਹੋਇਆ ਸੀ। ਤੁਹਾਡੇ ਕੋਲੋਂ ਇੱਕ ਬਾਗ਼ੀ ਹੋਇਆ ਸਾਧ ਕਾਬੂ ਨਹੀਂ ਕੀਤਾ ਜਾਂਦਾ। ਸਾਡੇ ਹੱਥਾਂ ਦੇ ਭਾਂਡੇ ਛੁਟੇ ਪਏ ਐ, ਜੀਣਾ ਦੁੱਭਰ। ਤੁਸੀਂ ਕੁਝ ਕਰੋ, ਨਹੀਂ ਸਾਡਾ ਤੇ ਪੰਜਾਬ ਦਾ ਕੋਈ ਹਾਲ ਨਹੀਂ। ਕੇਂਦਰ ਦੇ ਦਬਾਅ ਕਾਰਨ ਪੰਜਾਬ ਪੁਲੀਸ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਕ ਵਿਚ ਘੇਰ ਲਿਆ। ਥੋੜ੍ਹੀ-ਬਹੁਤ ਹਮਦਰਦੀ ਰੱਖਣ ਵਾਲੇ ਸਿੱਖ ਅਫ਼ਸਰਾਂ ਨੇ ਬੇਨਤੀ ਕੀਤੀ।

"ਮਹਾਂਪੁਰਸ਼ੋ! ਤੁਸੀਂ ਠਹਿਰੇ ਬੇਪ੍ਰਵਾਹ! ਅਸੀਂ ਕੁੜਿੱਕੀ ਵਿਚ ਫਸੇ ਆਂ। ਸਾਡੀ ਰੋਜ਼ੀ-ਰੋਟੀ ਦਾ ਸਵਾਲ ਐ। ਸਿੱਖ ਅਫ਼ਸਰਾਂ ਨੂੰ ਤਾਂ ਕੇਂਦਰ ਪਹਿਲਾਂ ਹੀ ਮੱਖਣ ਦੇ ਵਾਲ਼ ਵਾਂਗ ਧੂਹ ਧੂਹ ਬਾਹਰ ਕੱਢ ਰਹੀ ਐ। ਅਸੀਂ ਸਰਕਾਰ ਵਿਚ ਨਾ ਰਹੇ, ਕੌਮ ਦਾ ਕੀ ਬਣੇਗਾ? ਜ਼ਰਾ ਲੰਮੀ

ਸੋਚੋ? ਸਾਡੀ ਲਾਜ ਰੱਖੋ, ਤੁਸੀਂ ਗ੍ਰਿਫ਼ਤਾਰੀ ਦੇ ਦਿਓ, ਅਸੀਂ ਤੁਹਾਡੀ ਬਣਦੀ ਸਰਦੀ ਮਦਦ ਕਰਾਂਗੇ।"

"ਤੁਸੀਂ ਆਖਦੇ ਹੋ ਤਾਂ ਅਸੀਂ ਗ੍ਰਿਫ਼ਤਾਰੀ ਫਲਾਂ ਤਾਰੀਖ਼ ਨੂੰ ਦੇ ਦਿਆਂਗੇ, ਵਿਰੋਧ ਨਹੀਂ ਕਰਾਂਗੇ।" ਸੰਤ ਸਿੱਖ ਅਫ਼ਸਰਾਂ ਦੀ ਪਤਲੀ ਹਾਲਤ ਵੇਖ ਕੇ ਮੰਨ ਗਏ।

ਸਿੱਖ ਅਫ਼ਸਰਾਂ ਦੀ ਗਰਦਨ ਇੱਕ ਪਾਸੇ ਧਰਮ ਨੇ ਨੱਪੀ ਹੋਈ ਸੀ, ਦੂਜੇ ਪਾਸੇ ਕਾਨੂੰਨ ਭੁੱਖ ਦਾ ਵਿਕਰਾਲ ਰੂਪ ਧਾਰੀ ਖਲੋਤਾ ਸੀ। ਸੰਤ ਦੇ ਮੰਨ ਜਾਣ ਨਾਲ ਅਫ਼ਸਰ ਬਾਗ਼ੋ-ਬਾਗ ਹੋ ਗਏ। ਉਹ ਗੋਲੀ ਚਲਾਉਣ ਵਾਲੀ ਸਖ਼ਤੀ ਤੋਂ ਡਰਦੇ ਸਨ, ਸਿੱਖ ਹੋ ਕੇ ਗੁਰਦੁਆਰੇ 'ਤੇ ਹਮਲਾ ਕਰਨ। ਅੱਗੋਂ ਸੰਤ ਮਹਾਂਪੁਰਸ਼, ਸਿੰਘ ਸ਼ਹੀਦ ਹੋ ਗਏ, ਵਾਹੇ ਬੀਜੇ ਨਹੀਂ ਥਿਆਵਾਂਗੇ। ਸਿੱਖ ਤਾਰੀਖ਼ ਦੇ ਗ਼ਦਾਰ ਵੱਖ ਬਣਾਂਗੇ। ਭਾਵੇਂ ਅਸਾਂ ਕਾਨੂੰਨ ਪਾਲਣ ਦੀ ਸੌਂਹ ਖਾਧੀ ਐ। ਪੁਲੀਸ ਠਰੰਮੇ ਵਿਚ ਆ ਗਈ। ਜੇ ਸੰਤਾਂ ਗ੍ਰਿਫ਼ਤਾਰੀ ਲਈ ਵਚਨ ਦੇ ਦਿੱਤਾ,ਉਹ ਤੋੜਨ ਨਹੀਂ ਲੱਗੇ।

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਨੂੰ ਘੇਰਾ ਪਿਆ ਸੁਣ ਕੇ ਆਲੇ ਦੁਆਲੇ ਦੇ ਸ਼ਰਧਾਲੂ ਲੋਕ ਵਹੀਰਾਂ ਘੱਤ ਕੇ ਆ ਗਏ। ਸੈਂਕੜਿਆਂ ਨਹੀਂ, ਹਜ਼ਾਰਾਂ ਦਾ ਇਕੱਠ ਹੋ ਗਿਆ। ਲੋਕ ਆਖਣ ਸਾਨੂੰ ਮਾਰ ਕੇ ਹੀ ਮਹਾਂਪੁਰਸ਼ਾਂ ਦੀ ਗ੍ਰਿਫ਼ਤਾਰੀ ਹੋਵੇਗੀ। ਪੁਲੀਸ ਨੇ ਸਬਰ ਤੋਂ ਕੰਮ ਲਿਆ, ਪਰ ਖਿਚਾਅ ਤੇ ਬੋਲ ਬੁਲਾਰਾ ਵਧਦਾ ਗਿਆ। ਪੰਜਾਬ ਤੇ ਕੇਂਦਰ ਸਰਕਾਰ ਨੂੰ ਮਿੰਟ ਮਿੰਟ ਦੀ ਖ਼ਬਰ ਪਹੁੰਚ ਰਹੀ ਸੀ। ਸਿਆਣੇ ਪੁਲੀਸ ਅਫ਼ਸਰਾਂ ਸਰਕਾਰ ਨੂੰ ਸਲਾਹ ਦਿੱਤੀ, "ਧੱਕਾ ਤੇ ਜ਼ੋਰ-ਜ਼ਬਰਦਸਤੀ ਕੀਤੀ, ਮਾੜੇ ਨਤੀਜੇ ਅੱਗੇ ਆਉਣਗੇ। ਅੰਨ੍ਹੀ ਸ਼ਰਧਾ ਤੇ ਜੋਸ਼ ਪਤਾ ਨਹੀਂ ਕੀ ਕਰ ਬੈਠਣ। ਦੋਹੀਂ ਧਿਰੀਂ ਆਹਮਣੀ ਸਾਹਮਣੀ ਲੜਾਈ ਵਿਚ ਵੱਡਾ ਖ਼ੂਨ ਖਰਾਬਾ ਹੋ ਸਕਦਾ ਹੈ। ਸਿਆਣਪ ਇਸ ਵਿਚ ਹੀ ਐ, ਸੰਤਾਂ ਦੀ ਦਿੱਤੀ ਤਾਰੀਖ਼ ਤੱਕ ਇੰਤਜ਼ਾਰ ਕਰ ਲਿਆ ਜਾਵੇ। ਦੋ ਚਾਰ ਦਿਨ ਪਿੱਛੋਂ ਹੋਈ ਗ੍ਰਿਫ਼ਤਾਰੀ ਨਾਲ ਕੀ ਫ਼ਰਕ ਪੈਂਦਾ ਹੈ। ਸਰਕਾਰ ਤੇ ਅਸੀਂ ਇੱਕ ਲਾਹਨਤ ਤੋਂ ਬਚ ਜਾਵਾਂਗੇ। ਅਸੀਂ ਸਰਕਾਰ ਨੂੰ ਯਕੀਨ ਦਿਵਾਉਂਦੇ ਆਂ, ਸੰਤ ਆਪਣੇ ਵਚਨ ਤੋਂ ਭੱਜਦੇ ਨਹੀਂ।"

ਸੋ, ਸਰਕਾਰ ਦੀ ਸਲਾਹ ਨਾਲ ਪੁਲੀਸ ਦੇ ਕਰਤਿਆਂ-ਧਰਤਿਆਂ ਉਡੀਕ ਕਰਨ ਵਿਚ ਹੀ ਸਿਆਣਪ ਸਮਝੀ। ਸਿੱਖ ਅਫ਼ਸਰਾਂ ਇਹ ਵੀ ਸਮਝਿਆ, ਅਸੀਂ ਖਾਹਮਖਾਹ ਦੀ ਬਦਨਾਮੀ ਕਿਉਂ ਲਈਏ। ਕਤਲ ਰਾਜਨੀਤਕ ਐ ਤੇ ਪੰਜਾਬ ਵਿਚ ਹਿੰਦੂ ਸਿੱਖ ਦਾ ਪੁਆਇਆ ਪੁਆੜਾ ਵੀ ਪੋਲੀਟੀਕਲ ਐ। ਅਸਾਂ ਪੰਜਾਬ ਵਿਚ ਵਸਣਾ ਏਂ। ਸੋ, ਸਿੱਖ ਸੰਗਤ ਮੂੰਹੋਂ ਕਿਉਂ ਲੱਥੀਏ।

ਸੰਗਤਾਂ ਵਹੀਰਾਂ ਘੱਤੀਂ ਗੁਰਦੁਆਰਾ ਦਰਸ਼ਨ ਪ੍ਰਕਾਸ਼ ਨੂੰ ਚੜ੍ਹੀਆਂ ਆ ਰਹੀਆਂ ਸਨ। ਗੁਰਦੁਆਰੇ ਵਿਚ ਨਿੱਤ ਵਾਂਗ ਦੀਵਾਨ ਸਜਦਾ ਤੇ ਪਿੱਛੋਂ ਸੰਤ ਸ਼ਬਦ ਦੀ ਕਥਾ ਕਰਦੇ। ਉਨ੍ਹਾਂ ਸਾਰੀ ਸੰਗਤ ਨੂੰ ਬੇਨਤੀ ਕੀਤੀ:—

"ਗੁਰੂ ਦੇ ਸਿੱਖੋ! ਤੁਸਾਂ ਹਰ ਹਾਲਤ ਵਿਚ ਸ਼ਾਂਤ ਰਹਿਣਾ ਹੈ ਤੇ ਸਤਿਨਾਮ ਵਾਹਿਗੁਰੂ ਜਪਣਾ ਏਂ। ਅਸੀਂ ਗ੍ਰਿਫ਼ਤਾਰੀ ਦੇਵਾਂਗੇ।"

"ਨਹੀਂ ਨਹੀਂ, ਅਸੀਂ ਤੁਹਾਨੂੰ ਗ੍ਰਿਫ਼ਤਾਰ ਨਹੀਂ ਹੋਣ ਦਿਆਂਗੇ। ਨਹੀਂ ਹੋਣ ਦਿਆਂਗੇ।" ਭਰੇ ਦੀਵਾਨ ਵਿਚੋਂ ਆਵਾਜ਼ੇ ਗੂੰਜ ਰਹੇ ਸਨ। ਸੰਗਤ ਦਾ ਵਧਦਾ ਜੋਸ਼ ਬਾਹਾਂ ਉਲਾਰ ਰਿਹਾ ਸੀ।

ਸੰਤ ਤਹਿੰਮਲ ਰੱਖਣ ਲਈ ਸਮਝਾਇਆ।

"ਸਿੰਘੋ! ਪਿਛਲੇ ਇਤਿਹਾਸ ਵੱਲ ਨਜ਼ਰ ਮਾਰੋ। ਅਸੀਂ ਜ਼ੁਲਮ ਨੂੰ ਰੋਕਣ ਲਈ ਕੁਰਬਾਨੀਆਂ ਦੇਂਦੇ ਆਏ ਆਂ। ਇਸ ਵੇਲੇ ਅਸੀਂ ਹਥਿਆਰ ਦੀ ਲੜਾਈ ਨਹੀਂ ਲੜਨੀ। ਪਹਿਲੋਂ ਇਸ ਸਰਕਾਰ ਨਾਲ ਕਾਨੂੰਨ ਤੇ ਦਲੀਲ ਦੀ ਲੜਾਈ ਲੜਨੀ ਹੈ। ਤੁਸਾਂ ਸ਼ਾਂਤ ਰਹਿਣਾ, ਅਸੀਂ ਗ੍ਰਿਫ਼ਤਾਰੀ ਦਿਆਂਗੇ। ਅਸਾਂ ਵਚਨ ਦਿੱਤਾ ਹੈ। ਸਾਨੂੰ ਕਿਸੇ ਤਰ੍ਹਾਂ ਦਾ ਭੈਅ ਨਹੀਂ। ਤੁਸੀਂ ਸਾਰੇ ਹਰ ਤਰ੍ਹਾਂ ਬੇਫ਼ਿਕਰ ਰਹੋ।"

ਸੰਗਤ ਸੰਤਾਂ ਦੀ ਰਜ਼ਾ ਤੋਂ ਬਾਹਰ ਨਹੀਂ ਹੋ ਸਕਦੀ ਸੀ, ਪਰ ਫੜਾਈ ਵਿਰੁੱਧ ਪੂਰੇ ਰੋਹ ਵਿਚ ਸੀ। ਸੰਤਾਂ ਦੀ ਵਾਰ ਵਾਰ ਅਪੀਲ ਦੇ ਬਾਵਜੂਦ ਰੋਹ-ਜੋਸ਼ ਘਟਿਆ ਨਹੀਂ ਸੀ। ਸਭ ਤੋਂ ਵੱਧ ਪਤਲੀ ਹਾਲਤ ਪੁਲੀਸ ਦੀ ਸੀ। ਜੇ ਮਜਬੂਰੀ ਮੂੰਹ ਗੋਲੀ ਚਲਾਉਣੀ ਪਈ, ਆਪਣੇ ਹੀ ਭਰਾ ਭਾਈ ਮਰਨਗੇ, ਪਰ ਇਨ੍ਹਾਂ ਕੁਸਰੇ ਸਿੰਘਾਂ ਨੂੰ ਕੌਣ ਸਮਝਾਵੇ। ਉਹ ਵਾਹਿਗੁਰੂ ਅੱਗੇ ਪ੍ਰਾਰਥਨਾ ਕਰ ਰਹੇ ਸਨ ਸੱਚੇ ਪਾਤਸ਼ਾਹ! ਇਹ ਭੇਜਲ ਸ਼ਾਂਤ ਸ਼ਾਂਤ ਗੁਜ਼ਰ ਜਾਵੇ। ਉਹ ਇੱਕ ਤਰ੍ਹਾਂ ਸ਼ਬਦ ਦੀ ਧਾਰਨਾ ਮਨ ਵਿਚ ਚਿਤਵ ਰਹੇ ਸਨ? "ਔਖੀ ਘੜੀ ਨਾ ਵਿਖਾਈਂ ਮੇਰਿਆ ਮਾਲਕਾ!" ਪਰ ਹੋਣੀ ਨੂੰ ਕੌਣ ਰੋਕੇ।

20 ਸਤੰਬਰ ਨੂੰ ਗ੍ਰਿਫ਼ਤਾਰੀ ਦੇਣ ਦੀ ਤਾਰੀਖ ਨਿਸਚਤ ਸੀ। ਸੰਤਾਂ ਸਰੀਰ ਸੋਧ ਕੇ ਪਾਠ ਸੰਪੂਰਨ ਕੀਤਾ ਤੇ ਗ੍ਰਿਫ਼ਤਾਰੀ ਦੇਣ ਦਾ ਸੁਨੇਹਾ ਪੁਲੀਸ ਨੂੰ ਭੇਜ ਦਿੱਤਾ।ਪੁਲੀਸ ਅਫ਼ਸਰਾਂ ਨੂੰ ਸੰਤਾਂ ਦੇ ਆਖਣ 'ਤੇ ਪੂਰਨ ਵਿਸ਼ਵਾਸ ਸੀ। ਉਨ੍ਹਾਂ ਮੁੱਖ ਗੇਟ ਅੱਗੇ ਗੱਡੀ ਲਿਆ ਲਾਈ। ਸੰਗਤਾਂ ਦਾ ਵਹੀਰ ਸੰਤਾਂ ਨੂੰ ਤੁਰਨ ਨਾ ਦੇਵੇ। ਉਨ੍ਹਾਂ ਸਾਰਿਆਂ ਨੂੰ ਬੇਨਤੀ ਕੀਤੀ: —

"ਹੁਣ ਸਾਨੂੰ ਰਾਜ਼ੀ ਖੁਸ਼ੀ ਜਾਣ ਦਿਓ। ਗੁਰੂ ਸਾਡੇ ਅੰਗ ਸੰਗ ਐ।"

ਸੰਤਾਂ ਦੀ ਬੇਨਤੀ ਦੇ ਬਾਵਜੂਦ ਸੰਗਤਾਂ ਦਾ ਗੁੱਸਾ ਉਬਾਲੇ ਖਾ ਰਿਹਾ ਸੀ। ਪੁਲੀਸ ਨੇ ਲੋਕਾਂ ਨੂੰ ਸੰਤਾਂ ਦੁਆਲਿਓਂ ਹਟਾਉਣ ਲਈ ਹੱਥ ਜੋੜੇ, ਪਰ ਲੋਕ ਕਿਸੇ ਤਰ੍ਹਾਂ ਹਟਾਏ ਵੀ ਨਹੀਂ ਹਟ ਰਹੇ ਸਨ। ਇਸ ਧੱਕਮ ਧੱਕੇ ਵਿਚ ਸੰਤ ਪੁਲੀਸ ਦੀ ਗੱਡੀ ਦੇ ਨੇੜੇ ਆ ਗਏ। ਉਨ੍ਹਾਂ ਸਾਰੀ ਸੰਗਤ ਨੂੰ ਹੱਥ ਜੋੜ ਕੇ ਫ਼ਤਹਿ ਬੁਲਾਈ ਅਤੇ ਗੱਡੀ ਵਿਚ ਬਹਿ ਗਏ।

ਇਹ ਪਤਾ ਹੀ ਨਾ ਲੱਗਾ, ਕਦੋਂ ਪੁਲੀਸ 'ਤੇ ਇੱਟਾਂ-ਰੋੜੇ ਮੀਂਹ ਵਾਂਗ ਵਰ੍ਹਨੇ ਸ਼ੁਰੂ ਹੋ ਗਏ। ਪੁਲੀਸ ਘਬਰਾਈ ਹੀ ਨਹੀਂ, ਕਸੂਤੀ ਸਥਿਤੀ ਵਿਚ ਫਸ ਗਈ। ਉਨ੍ਹਾਂ ਆਪਣੇ ਬਚਾਅ ਖ਼ਾਤਰ ਪਹਿਲਾਂ ਹਵਾਈ ਫਾਇਰ ਕੀਤੇ, ਪਰ ਸਾਹਮਣਿਓਂ ਤੇ ਪਾਸਿਆਂ ਤੋਂ ਇੱਟਾਂ-ਪੱਥਰ ਵਰ੍ਹਨੇ ਬੰਦ ਨਾ ਹੋਏ। ਫਿਰ ਪੁਲੀਸ ਵਾਲਿਆਂ ਸਿੱਧੀ ਫਾਇਰਿੰਗ ਸ਼ੁਰੂ ਕਰ ਦਿੱਤੀ, ਜਿਸ ਵਿਚ ਕਿੰਨੇ ਹੀ ਸਿੰਘ ਸ਼ਹੀਦ ਹੋ ਗਏ। ਸੰਤਾਂ ਪ੍ਰਤੀ ਐਨੀ ਅਥਾਹ ਸ਼ਰਧਾ ਕਿ ਲੋਕ ਉਨ੍ਹਾਂ ਲਈ ਜਾਨਾਂ ਕੁਰਬਾਨ ਕਰ ਰਹੇ ਹਨ, ਪੁਲੀਸ ਵਾਲਿਆਂ ਲਈ ਬੇਹੱਦ ਹੈਰਾਨੀ ਦੀ ਗੱਲ ਸੀ। ਇੱਕ ਸਿਆਣਾ ਸਿੱਖ ਪੁਲੀਸ ਅਫ਼ਸਰ ਸੋਚ ਰਿਹਾ ਸੀ; "ਐਨੀ ਅੰਨ੍ਹੀ ਸ਼ਰਧਾ ਕਿੰਨੀ ਮਹਾਨ ਸ਼ਕਤੀ ਹੈ, ਜਿਹੜੀ ਮੌਤ ਨੂੰ ਵੰਗਾਰ ਰਹੀ ਹੈ। ਕਿਉਂ ਇਸ ਮਹਾਨ ਸ਼ਕਤੀ ਨੂੰ ਨੀਤੀ ਅਨੁਸਾਰ ਤਰਤੀਬ ਨਹੀਂ ਦਿੱਤੀ ਜਾ ਰਹੀ। ਯਾਰੋ, ਸਾਰੀ ਸਿੱਖ ਲੀਡਰਸ਼ਿਪ ਵਿਚੋਂ ਇੱਕ ਬੇਗਰਜ਼, ਇਮਾਨਦਾਰ ਸਿੰਘ ਲਲਕਾਰ ਕੇ ਨਹੀਂ ਉੱਠ ਸਕਦਾ, ਜਿਹੜਾ ਇਸ ਅਥਾਹ ਸ਼ਕਤੀ ਨੂੰ ਕੌਮੀ ਭਲੇ ਲਈ ਵਰਤ ਸਕੇ, ਸਿੱਖਾਂ ਦੀ ਤੇ ਪੰਜਾਬ ਦਾ ਕਲਿਆਣ ਕਰ ਸਕੇ। ਲਾਹਨਤ, ਹਰਦੂ ਲਾਹਨਤ! ਸੰਤ ਜਰਨੈਲ ਸਿੰਘ ਜੀ ਯਕੀਨਨ ਮਹਾਨ ਸ਼ਕਤੀਸ਼ਾਲੀ ਹਨ, ਪਰ ਸਹੀ ਨੀਤੀ

ਬਿਨਾਂ ਸਾਰੀ ਸ਼ਕਤੀ ਨਸ਼ਟ ਹੋ ਰਹੀ ਐ। ਅੱਜ ਭਰਾ ਭਰਾ ਨੂੰ ਮਾਰੀ ਜਾ ਰਿਹਾ ਹੈ। ਦੁਸ਼ਮਣ ਚਾਂਬੀ ਪਾ ਰਿਹਾ ਹੈ, ਕਿਉਂਕਿ ਪੰਜਾਬ ਹਰ ਪੱਖੋਂ ਕਮਜ਼ੋਰ ਹੋ ਰਿਹਾ ਹੈ। ਓ ਸੂਰਮੇ ਸਿੰਘੋ, ਅਸੀਂ ਢਿੱਡ ਦੀ ਖ਼ਾਤਰ ਗ਼ਦਾਰ ਸਹੀ, ਪਰ ਤੁਸੀਂ ਤਾਂ ਕੁਝ ਸੱਚੋ ਸੱਚ ਦਾ ਰਾਹ ਪਛਾਣੋ। ਸਹੀ ਨੀਤੀ ਨੂੰ ਗਲ ਲਾਏ ਬਿਨਾਂ ਕਲਿਆਣ ਨਹੀਂ ਹੋਣਾ। ਪਰ ਹੋਸ਼ ਦੀ ਗੱਲ ਜੋਸ਼ ਨੇ ਕਦੋਂ ਸੁਣੀ ਐ।

ਮਹਿਤਾ ਚੌਕ ਵਿਚ ਬੇਹੱਦ ਗੜਬੜ ਹੋਈ। ਸਿੰਘ ਮਾਰੇ ਗਏ, ਅਨੇਕਾਂ ਫੱਟੜ ਹੋਏ। ਪੁਲੀਸ ਦੇ ਆਦਮੀ ਬਹੁਤ ਜ਼ਖ਼ਮੀ ਹੋਏ ਸਨ। ਲੋਕ ਰਾਹ ਰੋਕਦੇ ਰਹੇ, ਪਰ ਇਸ ਖਿੱਚੋਤਾਣ ਵਿਚੋਂ ਪੁਲੀਸ ਵਾਲੇ ਗੱਡੀਆਂ ਕੱਢ ਕੇ ਲੈ ਗਏ ਅਤੇ ਸੰਤਾਂ ਨੂੰ ਲੁਧਿਆਣਾ ਜੇਲ੍ਹ ਵਿਚ ਲਿਆ ਬੰਦ ਕੀਤਾ। ਸੰਤ ਸ਼ਹੀਦਾਂ ਤੇ ਫੱਟੜਾਂ ਪ੍ਰਤੀ ਬੇਹੱਦ ਉਦਾਸ ਸਨ। ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਸੀ, ਕਿੰਨੇ ਸਿੰਘ ਸ਼ਹੀਦ ਤੇ ਜ਼ਖ਼ਮੀ ਹੋਏ ਹਨ।

ਜੇਲ੍ਹ ਵਿਚ ਆ ਕੇ ਚਤਰ ਪੁਲੀਸ ਅਫ਼ਸਰਾਂ ਸੰਤ ਜਰਨੈਲ ਸਿੰਘ ਤੋਂ ਲੰਮੀ ਪੁੱਛ ਦੱਸ ਸ਼ੁਰੂ ਕਰ ਦਿੱਤੀ।

"ਤੁਹਾਡੇ ਜਥੇ ਵਿਚ ਕਿੰਨੇ ਸਿੰਘ ਹਨ?" ਕਾਂ ਅਫ਼ਸਰ ਦੀ ਅੱਖ ਦੱਬੀ ਹੋਈ ਸੀ।

"ਗਿਣਤੀ ਨਹੀਂ। ਪੰਜ ਕਕਾਰੀ ਪੂਰਨ ਗੁਰਸਿੱਖ ਆਉਂਦੇ ਤੇ ਜਾਂਦੇ ਵੀ ਐ।"

"ਹਥਿਆਰ ਕਿੰਨੇ ਐ?"

"ਸਾਨੂੰ ਨਹੀਂ ਪਤਾ, ਲਸੰਸੀ ਸਿੰਘਾਂ ਦੇ ਨਾਂ ਹਨ।"

"ਤੁਹਾਡੇ ਬਾਡੀਗਾਰਡ ਕਿੰਨੇ ਐ?"

"ਕੋਈ ਨਹੀਂ। ਸ਼ਰਧਾਵਾਨ ਸਿੰਘ ਸੇਵਾ ਕਰਦੇ ਹਨ।"

"ਤੁਹਾਡੀ ਆਮਦਨ ਦਾ ਜ਼ਰਈਆ? ਬੈਂਕ ਅਕਾਊਂਟ?"

"ਸੰਗਤ ਹੀ ਸਾਡਾ ਬੈਂਕ ਅਕਾਊਂਟ ਐ।"

"ਟਕਸਾਲ ਦੀ ਜਾਇਦਾਦ ਕਿੱਥੇ ਕਿੱਥੇ ਐ?"

"ਚੌਕ ਮਹਿਤਾ ਬਿਨਾਂ ਕਿਤੇ ਨਹੀਂ।"

"ਹੋਰ ਆਮਦਨ ਦੇ ਸਾਧਨ ਵੀ ਹੋਣਗੇ?"

"ਸਾਧਨ ਕੋਈ ਨਹੀਂ, ਗੁਰੂ ਦੀ ਸੰਗਤ ਸੇਵਾ ਕਰਦੀ ਹੈ।"

"ਤੁਹਾਡੇ ਸੇਵਾਦਾਰਾਂ ਦੇ ਨਾਂ?"

"ਪੱਕਾ ਸੇਵਾਦਾਰ ਕੋਈ ਨਹੀਂ।"

"ਕਿੰਨੀਆਂ ਗੱਡੀਆਂ ਹਨ?"

"ਤਿੰਨ ਸਨ। ਦੋ ਪੁਲੀਸ ਨੇ ਚੰਦੋ ਕਲਾਂ ਵਿਚ ਸਾੜ ਦਿੱਤੀਆਂ।"

"ਹਥਿਆਰ ਕਿੱਥੋਂ ਆਉਂਦੇ ਹਨ?"

"ਕੋਈ ਹਥਿਆਰ ਕਿਤੋਂ ਨਹੀਂ ਆਉਂਦਾ। ਗੁਰੂ ਦਾ ਕੋਈ ਸਿੰਘ ਲੈ ਆਵੇ, ਉਹਦਾ ਪਤਾ ਨਹੀਂ।"

"ਤੁਹਾਡੇ ਪਰਿਵਾਰ ਕੋਲ ਕਾਰਬਾਈਨਾਂ ਦੇ ਲਾਇਸੈਂਸ ਹਨ?"

"ਇਹ ਪਰਿਵਾਰ ਵਾਲੇ ਹੀ ਦੱਸ ਸਕਦੇ ਹਨ।"

"ਤੁਹਾਡੇ ਘਰ ਦੇ ਮੈਂਬਰ ਜਥੇ ਵਿਚ ਕਿੰਨੇ ਹਨ?"

"ਕੋਈ ਨਹੀਂ।"

"ਤੁਹਾਡਾ ਮਿਸ਼ਨ ਕੀ ਐ?"

"ਜੋ ਗੁਰੂ ਗੋਬਿੰਦ ਸਿੰਘ ਦਾ ਸੀ। ਅੰਮ੍ਰਿਤ ਛਕਾਉਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ। ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਣਾ।"

"ਤੁਸੀਂ ਕੀ ਪ੍ਰਚਾਰ ਕਰਦੇ ਹੋ?"

"ਗੁਰਬਾਣੀ ਦਾ ਪਾਠ ਕਰਨਾ, ਅਰਥ ਦੱਸਣੇ ਤੇ ਕਥਾ ਕਰਵਾਉਣਾ ਸਾਡਾ ਪ੍ਰਚਾਰ ਐ।"

"ਪ੍ਰਚਾਰ ਕਰਨ ਕਿੱਥੇ ਕਿੱਥੇ ਜਾਂਦੇ ਹੋ?"

"ਜਿੱਥੇ ਸੰਗਤਾਂ ਬੁਲਾ ਲੈਣ।"

"ਅਕਾਲੀਆਂ ਨਾਲ ਕੀ ਸਬੰਧ ਐ?"

"ਕੋਈ ਸਬੰਧ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਾ ਹਰ ਬੰਦਾ ਸਾਡਾ ਭਾਈ ਹੈ।"

"ਨਿਰੰਕਾਰੀਆਂ ਨਾਲ ਕੀ ਝਗੜਾ ਐ?"

"ਝਗੜਾ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦੂਜੇ ਗੁਰੂਆਂ ਦੀ ਨਿੰਦਾ ਕਰਦੇ ਹਨ। ਉਨ੍ਹਾਂ ਦੀਆਂ ਕਿਤਾਬਾਂ ਜੁਗ-ਪੁਰਸ਼ ਤੇ ਅਵਤਾਰ ਬਾਣੀ ਪੜ੍ਹ ਸਕਦੇ ਹੋ।"

"ਉਨ੍ਹਾਂ ਨਾਲ ਝਗੜਾ ਕਦੋਂ ਹੋਇਆ?"

"1978 ਦੀ ਵਿਸਾਖੀ ਵਾਲੇ ਦਿਨ ਤੋਂ। ਤੁਹਾਨੂੰ ਸਭ ਪਤਾ ਹੈ। ਐਵੇਂ ਵਕਤ ਜ਼ਾਇਆ ਕਰਦੇ ਹੋ।"

"ਮੁਕੱਦਮੇ ਵਿਚੋਂ ਗੁਰਬਚਨ ਸਿੰਘ ਬਰੀ ਕਿਵੇਂ ਹੋਇਆ?"

"ਅਦਾਲਤ ਦੱਸ ਸਕਦੀ ਐ।"

"ਇਨ੍ਹਾਂ ਘਟਨਾਵਾਂ ਬਾਰੇ ਅਖ਼ਬਾਰਾਂ ਦਾ ਕੀ ਰੋਲ ਸੀ?"

"ਅਖ਼ਬਾਰਾਂ ਪੜ੍ਹ ਸਕਦੇ ਹੋ ਜਾਂ ਅਖ਼ਬਾਰਾਂ ਵਾਲੇ ਦੱਸ ਸਕਦੇ ਹਨ।"

"ਤੁਹਾਡੇ ਵਿਚਾਰਾਂ ਦਾ ਵਿਰੋਧ ਕਿਹੜਾ ਅਖ਼ਬਾਰ ਕਰਦਾ ਹੈ?"

"ਮੈਂ ਅਖ਼ਬਾਰ ਨਹੀਂ ਪੜ੍ਹਦਾ।"

"ਨਛੱਤਰ ਸਿੰਘ ਕਦੋਂ ਮਿਲਿਆ?"

"ਕਿਹੜਾ ਨਛੱਤਰ।"

"ਤੁਹਾਡੇ ਪਿੰਡ ਰੋਡਿਆਂ ਵਾਲਾ?"

"ਕਈ ਨਛੱਤਰ ਸਿੰਘ, ਵੇਖ ਕੇ ਹੀ ਦੱਸ ਸਕਦਾ ਹਾਂ।"

"ਸਵਰਨ ਸਿੰਘ ਤੁਹਾਡਾ ਭਤੀਜਾ ਅੱਜ-ਕੱਲ੍ਹ ਕਿੱਥੇ ਐ?"

"ਪਤਾ ਨਹੀਂ।" ਸੰਤਾਂ ਸਿਰ ਫੇਰ ਦਿੱਤਾ।

"ਦਿਲਬੀਰ ਸਿੰਘ ਨਥਾਣਾ ਕਿੱਥੇ ਐ? ਉਹਦੀ ਵੋਟ ਗੁਰਦੁਆਰਾ ਦਰਸ਼ਨ ਪ੍ਰਕਾਸ਼ ਦੇ ਨਾਂ 'ਤੇ ਬਣੀ ਐ?"

"ਇਹ ਦਿਲਬੀਰ ਹੀ ਦੱਸ ਸਕਦਾ ਹੈ। ਗੁਰਦੁਆਰੇ ਦੇ ਨਾਂ 'ਤੇ ਬਹੁਤ ਵੋਟਾਂ ਬਣੀਆਂ ਹਨ।"

"ਉੱਜਲ ਸਿੰਘ ਮਲਸੀਹਾਂ ਵਾਲੇ ਨਾਲ ਕੀ ਸਬੰਧ ਐ? ਉਹਦਾ ਨਵਾਂ ਮੋਟਰ ਸਾਇਕਲ?"

"ਮੈਨੂੰ ਮੋਟਰ ਸਾਇਕਲ ਬਾਰੇ ਕੋਈ ਪਤਾ ਨਹੀਂ।"

"ਉੱਜਲ ਸਿੰਘ ਨੇ ਸ਼ਹੀਦਾਂ ਦੇ ਵਾਰਸਾਂ ਨੂੰ ਕਿੰਨੀ ਸਹਾਇਤਾ ਦਿੱਤੀ?"

"ਉਹ ਹੀ ਦੱਸ ਸਕਦਾ ਹੈ।"

"ਚੰਦੋ ਕਲਾਂ ਕਦੋਂ ਗਏ?"

"ਤਾਰੀਖ਼ ਯਾਦ ਨਹੀਂ।"

"ਜਥੇ ਨਾਲ ਕੌਣ ਕੌਣ ਸਨ?"

"ਬਾਬਾ ਠਾਕਰ ਸਿੰਘ ਤੇ ਹੋਰ ਸੰਗਤ ਬਹੁਤ ਸੀ।"

"ਨਛੱਤਰ ਕਾਮਰੇਡ, ਸਵਰਨ ਸਿੰਘ ਤੇ ਦਿਲਬੀਰ ਨਾਲ ਤੁਹਾਡੇ ਸਬੰਧ ਗੂੜ੍ਹੇ ਹਨ?"

"ਗੂੜ੍ਹੇ ਸਬੰਧ ਕੋਈ ਨਹੀਂ। ਆਮ ਸੰਗਤ ਵਿਚ ਆਏ ਹੋਣ, ਯਾਦ ਨਹੀਂ।"

ਖਰਾਂਟ ਪੁਲੀਸ ਅਫ਼ਸਰਾਂ ਕੋਲ ਲੁਕਾਇਆ ਟੇਪ ਰਿਕਾਰਡ ਸੀ। ਉਹ ਚਾਹੁੰਦੇ ਸਨ ਕਿਸੇ ਤਰ੍ਹਾਂ ਪੁੱਛ ਸਿੱਧੇ-ਪੁੱਠੇ ਸਵਾਲਾਂ ਨਾਲ ਸੰਤਾਂ ਦਾ ਸਬੰਧ ਲਾਲੇ ਦੇ ਕਤਲ ਨਾਲ ਜੁੜ ਜਾਵੇ। ਲਾਲੇ ਦੇ ਵਾਰਿਸ ਕਹਿੰਦੇ ਸਨ, ਕਤਲ ਸੰਤਾਂ ਦੀ ਮਿਲੀ ਸਾਜ਼ਿਸ਼ ਨਾਲ ਹੋਇਆ ਹੈ। ਸਾਡਾ ਅਸਲ ਕਾਤਲ ਸੰਤ ਜਰਨੈਲ ਸਿੰਘ ਹੈ। ਭਿੰਡਰਾਂ ਵਾਲੇ ਤੋਂ ਬਿਨਾਂ ਮਹਾਸ਼ਾ ਜੀ ਦਾ ਕਤਲ ਹੋ ਈ ਨਹੀਂ ਸਕਦੇ ਸਨ। ਸੰਤ ਨੂੰ ਕਤਲ ਵਿਚ ਹਰ ਹਾਲਤ 'ਚ ਪਾਇਆ ਜਾਵੇ। ਸਰਕਾਰੀ ਦਬਾਅ ਪੁਲੀਸ ਅਫ਼ਸਰਾਂ 'ਤੇ ਚੜ੍ਹਾਇਆ ਹੋਇਆ ਸੀ ਕਿ ਜਰਨੈਲ ਸਿੰਘ ਨੂੰ ਕਤਲ ਕੇਸ ਵਿਚ ਉਲਝਾਇਆ ਜਾਵੇ। ਪਰ ਸਵਾਲਾਂ ਜਵਾਬਾਂ ਦੀ ਲੰਮੀ ਲੜੀ 'ਚ ਵੀ ਕੋਈ ਮੂੰਹ ਮੱਥਾ ਬਣਦਾ ਨਹੀਂ ਦਿੱਸਦਾ ਸੀ। ਪੱਲੇ ਕੁਝ ਨਾ ਪੈਣ 'ਤੇ ਵੀ ਉਨ੍ਹਾਂ ਆਪਣੀ ਵਾਹ ਜਾਰੀ ਰੱਖੀ।

"ਲਾਲੇ ਦੇ ਕਤਲ ਦੀ ਖ਼ਬਰ ਕਦੋਂ ਮਿਲੀ?"

"ਤਾਰੀਖ ਯਾਦ ਨਹੀਂ, ਸੰਗਤਾਂ ਨੇ ਦੱਸਿਆ ਸੀ।"

"ਫਾਇਰ ਕਿਹੜੀ ਖ਼ੁਸ਼ੀ ਵਿਚ ਕੀਤੇ?"

"ਕੋਈ ਫਾਇਰ ਨਹੀਂ, ਫਾਇਰ ਕਿਉਂ ਕਰਨੇ ਸੀ।"

"ਵਾਰੰਟਾਂ ਦੀ ਖ਼ਬਰ ਕਦੋਂ ਮਿਲੀ?"

"16 ਸਤੰਬਰ ਨੂੰ ਵਰੰਟ ਵਿਖਾਣ 'ਤੇ।"

"ਆਤਮ ਸਮਪਰਣ ਵਿਚ ਦੇਰੀ ਕਿਉਂ?"

"ਡੇਰੇ ਦਾ ਪ੍ਰਬੰਧ ਕਿਸੇ ਨੂੰ ਸੰਭਾਲਣਾ ਸੀ। ਬਾਬਾ ਠਾਕਰ ਸਿੰਘ ਨੂੰ ਸੌਂਪ ਕੇ ਪੇਸ਼ ਹੋ ਗਿਆ ਸਾਂ।"

"ਇਸ ਵੇਲੇ ਡੇਰੇ ਵਿਚ ਕੌਣ ਕੌਣ ਪਨਾਹ ਲਈ ਬੈਠੇ ਐ?"

"ਕੋਈ ਭਗੌੜਾ ਨਹੀਂ। ਪੁਲੀਸ ਜਾ ਕੇ ਫੜ ਸਕਦੀ ਹੈ।"

"ਉਨ੍ਹਾਂ ਕੋਲ ਅਸਲੇ ਕਿੰਨੇ ਐ?"

"ਜਦੋਂ ਭਗੌੜਾ ਈ ਕੋਈ ਨਹੀਂ, ਅਸਲਾ ਕਿੱਥੋਂ ਆ ਗਿਆ?"

"ਨਛੱਤਰ ਦਾ ਬਾਰ੍ਹਾਂ ਬੋਰ ਪਿਸਤੌਲ ਤੇ ਤਿੰਨ ਸੌ ਤਿੰਨ ਵਾਲਾ ਕਿੱਥੇ ਐ?"

"ਨਛੱਤਰ ਨੂੰ ਪਤਾ ਹੋਵੇਗਾ।"

"ਸਵਰਨ ਤੇ ਦਿਲਬੀਰ ਨੂੰ ਹਥਿਆਰ ਕੀਹਨੇ ਦਿੱਤੇ?"

"ਉਨ੍ਹਾਂ ਨੂੰ ਹੀ ਪਤਾ ਹੋਵੇਗਾ।"

"ਅਸਲ ਵਿਚ ਸੱਚ ਇਹ ਹੈ, ਲਾਲਾ ਤੇ ਨਿਰੰਕਾਰੀ ਬਾਬਾ ਤੁਸਾਂ ਮਰਵਾਏ ਹਨ?"

"ਮੈਂ ਇਹ ਕਤਲ ਨਹੀਂ ਕਰਵਾਏ।"

"ਤੁਸੀਂ ਆਖਿਆ ਸੀ, ਸਮਾਂ ਆਉਣ 'ਤੇ ਰਣਜੀਤ ਸਿੰਘ ਨੂੰ ਸੋਨੇ ਨਾਲ ਤੋਲਾਂਗਾ, ਕਿਸ ਬਹਾਦਰੀ ਦੇ ਸਬੰਧ ਵਿਚ?"

"ਮੈਂ ਅਖ਼ਬਾਰਾਂ ਵਿਚ ਪੜ੍ਹਿਆ ਸੀ, ਜੇ ਰਣਜੀਤ ਸਿੰਘ ਮੇਰੇ ਕੋਲ ਆਵੇ ਤਾਂ ਉਸ ਨੂੰ ਪੁਲੀਸ ਦੇ ਹਵਾਲੇ ਕਰ ਦੇਵਾਂਗਾ। ਉਸ ਖ਼ਬਰ ਦਾ ਮੋੜ ਦਿੱਤਾ ਸੀ, ਜੇ ਰਣਜੀਤ ਸਿੰਘ ਆ ਗਿਆ ਤਾਂ ਉਸ ਨੂੰ ਸ਼ਹੀਦਾਂ ਦੇ ਸਬੰਧ ਵਿਚ ਸੋਨੇ ਨਾਲ ਤੋਲਾਂਗਾ।"

ਪੁਲੀਸ ਅਫ਼ਸਰ ਥੱਕ ਹਾਰ ਕੇ ਚਲਿਆ ਗਿਆ। ਲੋੜੀਂਦੀ ਗੱਲ ਉਸ ਦੇ ਪੱਲੇ ਨਹੀਂ ਸੀ ਪਈ, ਜਿਸ ਨਾਲ ਸੰਤ ਜਰਨੈਲ ਸਿੰਘ ਨੂੰ ਮਹਾਸ਼ੇ ਦੇ ਕਤਲ ਵਿਚ ਘਸੀਟਿਆ ਜਾ ਸਕਦਾ। ਅਗਲੇ ਦਿਨ ਸੰਤਾਂ ਨੂੰ ਮੈਜਿਸਟ੍ਰੇਟ ਦੇ ਪੇਸ਼ ਕੀਤਾ ਗਿਆ। ਮੈਜਿਸਟ੍ਰੇਟ ਹਿੰਦੂ ਸੀ, ਸੰਤ ਨੂੰ ਵੇਖ ਕੇ ਘਬਰਾਇਆ ਕੰਬਣ ਲੱਗ ਪਿਆ। ਕਿੱਥੇ ਜਮ ਮੇਰੇ ਮੱਥੇ ਲਿਆ ਮਾਰਿਆ। ਉਸ ਤੋਂ ਹੱਥ ਵੱਜ ਕੇ ਪੇਪਰ ਵੇਟ ਭੁੰਜੇ ਡਿੱਗ ਪਿਆ। ਉਹ ਸੰਤਾਂ ਨੂੰ ਛੇਤੀ ਤੋਰਨਾ ਚਾਹੁੰਦਾ ਸੀ। ਜੱਜ ਦੇ ਕਮਰੇ ਤੋਂ ਬਾਹਰ ਸੰਗਤ "ਬੋਲੇ ਸੋ ਨਿਹਾਲ...." ਨਾਅਰੇ ਲਾ ਰਹੀ ਸੀ। ਮੈਜਿਸਟ੍ਰੇਟ ਹੋਰ ਘਬਰਾ ਗਿਆ। ਯਾਰੋ ਇਹ ਬਲਾ ਕਿਸੇ ਹੋਰ ਦੇ ਨਹੀਂ ਪੇਸ਼ ਕੀਤੀ ਜਾ ਸਕਦੀ ਸੀ? ਪੁਲੀਸ ਨੇ ਰਿਮਾਂਡ ਮੰਗਿਆ। ਉਸ ਝੱਟ ਦੇ ਕੇ ਮਸਾਂ ਕੋਰਟ ਖਾਲੀ ਕਰਵਾਇਆ ਤੇ ਸਾਹ ਸੁਖਾਲਾ ਲਿਆ।

ਸੰਤਾਂ ਨੂੰ ਫ਼ਿਰੋਜ਼ਪੁਰ ਜੇਲ੍ਹ 'ਚ ਭੇਜ ਦਿੱਤਾ ਗਿਆ। ਉੱਥੇ ਉਨ੍ਹਾਂ ਦੀ ਮੁਲਾਕਾਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਹੁੰਚੇ।

"ਕਿਸੇ ਚੀਜ਼ ਦੀ ਲੋੜ ਦੱਸ, ਕੋਈ ਕੰਮ?"

"ਸਭ ਠੀਕ ਐ, ਲੋੜਾਂ ਗੁਰੂ ਪੂਰੀਆਂ ਕਰ ਰਿਹਾ ਹੈ।" ਸੰਤਾਂ ਚੜ੍ਹਦੀ ਕਲਾ ਵਿਚ ਉੱਤਰ ਦਿੱਤਾ।

ਅਗਲੇ ਦਿਨ ਦਿੱਲੀ ਵਾਲੇ ਜਥੇਦਾਰ ਸੰਤੋਖ ਸਿੰਘ ਮੁਲਾਕਾਤ ਕਰਨ ਆ ਗਏ। ਫ਼ਤਹਿ ਬੁਲਾਉਣ ਪਿੱਛੋਂ ਆਖਣ ਲੱਗੇ।

"ਮੈਂ ਇੰਦਰਾ ਗਾਂਧੀ ਨੂੰ ਮਿਲ ਕੇ ਆ ਰਿਹਾ ਆਂ। ਉਸ ਕੋਲੋਂ ਤੁਹਾਡਾ ਹਰ ਕੰਮ ਕਰਵਾ ਸਕਦਾ ਆਂ। ਉਹ ਤੁਹਾਡਾ ਬੜਾ ਸਤਿਕਾਰ ਕਰਦੇ ਹਨ।"

"ਜਥੇਦਾਰ ਜੀ, ਤੁਸੀਂ ਆਏ, ਤੁਹਾਡੀ ਬੜੀ ਮਿਹਰਬਾਨੀ। ਇੰਦਰਾ ਮੇਰਾ ਸਤਿਕਾਰ ਕਰਨ ਦੀ ਥਾਂ, ਸਿੱਖ ਕੌਮ ਦਾ ਸਤਿਕਾਰ ਕਿਉਂ ਨਹੀਂ ਕਰਦੀ। ਪੰਜਾਬ ਦੀਆਂ ਮੰਗਾਂ ਕਿਉਂ ਨਹੀਂ ਮੰਨਦੀ। ਉਹਦੀ ਪੁਲੀਸ ਨੇ ਚੰਦੋ ਕਲਾਂ ਵਿਚ ਗੁਰਬਾਣੀ ਦੀਆਂ ਪੁਸਤਕਾਂ ਸਾੜ ਦਿੱਤੀਆਂ। ਤੁਸੀਂ ਸਤਿਕਾਰ ਆਖਦੇ ਹੋ, ਮੇਰਾ ਅੰਦਰ ਬਲ ਬਲ ਉੱਠਦਾ ਏ।" ਸੰਤ ਪੂਰੇ ਰੋਹ ਤੇ ਗੁਸੈਲੇ ਜਲਾਲ ਵਿਚ ਸਨ।

"ਮਹਾਂਪੁਰਖੋ! ਗੁੱਸਾ ਥੁੱਕੋ। ਗੁਰਬਾਣੀ ਸਾੜੀ ਭਜਨ ਲਾਲ ਦੀ ਪੁਲੀਸ ਨੇ, ਇੰਦਰਾ ਜੀ ਨੇ ਇਸ ਦਾ ਦਿਲੀ ਦੁੱਖ ਮੰਨਿਆ ਸੀ।" ਸੰਤੋਖ ਸਿੰਘ ਨੇ ਇੰਦਰਾ ਲਈ ਝੂਠਾ ਪੋਚਾ ਮਾਰਿਆ।

"ਇਹ ਪਾਖੰਡ ਉਸ ਦਾ ਬਾਪ ਵੀ ਸਿੱਖਾਂ ਨਾਲ ਕਰਦਾ ਰਿਹਾ ਏ, ਵਾਅਦੇ ਕਰ ਕਰ ਮੁੱਕਰਦਾ ਰਿਹਾ ਏ। ਮੇਰਾ ਝੂਠਿਆਂ ਤੇ ਜ਼ਾਲਮਾਂ ਨਾਲ ਕੋਈ ਸਮਝੌਤਾ ਨਹੀਂ।" ਸੰਤਾਂ ਤੋੜ ਕੇ ਜਵਾਬ ਦਿੱਤਾ।

"ਮੇਰੇ ਲਈ ਕੋਈ ਸੇਵਾ?" ਜਥੇਦਾਰ ਸੰਤੋਖ ਸਿੰਘ ਨੇ ਹੱਥ ਜੋੜੇ ਹੋਏ ਸਨ।

"ਤੁਹਾਡੀ ਮਿਹਰਬਾਨੀ, ਗੁਰੂ ਤੇ ਸੰਗਤ ਦਾ ਸਿਰ 'ਤੇ ਹੱਥ ਹੈ। ਇੰਦਰਾ ਝੂਠਿਆਂ ਦੀ ਰਾਣੀ ਐ। ਕਿਸੇ ਵੀ ਰਾਜੇ ਨਾਲੋਂ ਪਰਜਾ ਵੱਡੀ ਹੁੰਦੀ ਐ। ਤੁਸੀਂ ਇੰਦਰਾ ਦੀ ਥਾਂ ਸੰਗਤ ਦਾ ਲੜ ਫੜੋ।"

ਇਹ ਮੁਲਾਕਾਤ ਜੇਲ੍ਹ ਸੁਪਰਡੈਂਟ ਦੇ ਦਫ਼ਤਰ ਵਿਚ ਹੋਈ ਸੀ। ਉਸ ਸਾਰਿਆਂ ਨੂੰ ਚਾਹ ਮੰਗਵਾ ਦਿੱਤੀ। ਸੰਤ ਚਾਹ ਪੀਂਦੇ ਨਹੀਂ ਸਨ। ਉਨ੍ਹਾਂ ਲਈ ਦੁੱਧ ਮੰਗਵਾਇਆ ਗਿਆ। ਸੰਤੋਖ ਸਿੰਘ ਸੰਤਾਂ ਦੀ ਹਮਦਰਦੀ ਜਿੱਤਣ ਆਇਆ ਸੀ, ਪਰ ਉਨ੍ਹਾਂ ਦੀਆਂ ਖ਼ਰੀਆਂ ਖ਼ਰੀਆਂ ਸੁਣ ਕੇ ਥੋੜ੍ਹਾ ਹੌਲ਼ਾ ਜਿਹਾ ਪੈ ਗਿਆ।

"ਸੰਤ ਜੀ, ਮੇਰੀ ਬੇਨਤੀ ਹੈ, ਰਾਜ ਸ਼ਕਤੀ ਵਿਚ ਆਪਣਾ ਹਿੱਸਾ ਚਾਹੀਦਾ ਹੈ, ਨਹੀਂ ਤਾਂ ਕੌਮ ਕੱਖੋਂ ਹੌਲ਼ੀ ਹੋ ਜਾਵੇਗੀ।" ਜਥੇਦਾਰ ਨੇ ਰਾਜਨੀਤਕ ਭਲੱਥਾ ਮਾਰਿਆ।

"ਅਕਬਰ ਨੇ ਰਾਜਪੂਤਾਂ ਦੇ ਡੋਲੇ ਲੈ ਕੇ ਸਾਰਾ ਰਾਜਪੂਤਾਨਾ ਹੜੱਪ ਕਰ ਲਿਆ ਸੀ। ਇਸ ਦੇਸ਼ ਨੂੰ ਅਥਾਹ ਕੁਰਬਾਨੀਆਂ ਦੇ ਕੇ ਆਜ਼ਾਦ ਕਰਵਾਉਣ ਵਾਲੇ ਸਿੱਖ ਅੱਜ ਗੁਲਾਮੀ ਤੇ ਜ਼ਿੱਲਤ ਦੀ ਜ਼ਿੰਦਗੀ ਭੋਗ ਰਹੇ ਹਨ। ਅਸੀਂ ਚਾਹੁੰਦੇ ਆਂ, ਸਭ ਨੂੰ ਬਰਾਬਰ ਦੀ ਆਜ਼ਾਦੀ ਮਿਲੇ ਤੇ ਸਰਬੱਤ ਦਾ ਭਲਾ ਹੋਵੇ।"

"ਮੈਂ ਪੰਜਾਬ ਦੀਆਂ ਸਾਰੀਆਂ ਮੰਗਾਂ ਇੰਦਰਾ ਤੋਂ ਮੰਨਵਾ ਸਕਦਾ ਆਂ। ਤੁਸੀਂ ਮੇਰਾ ਸਾਥ ਦਿਓ।" ਉਸ ਨਵਾਂ ਪੈਂਤੜਾ ਕੱਢ ਮਾਰਿਆ। "ਮੈਂ ਪੰਜਾਬ ਦੇ ਅਕਾਲੀਆਂ ਨੂੰ ਵਾਰ-ਵਾਰ ਆਖਿਆ ਏ: ਤੁਸੀਂ ਪੰਜਾਬ ਵਿਚ ਜੋ ਮਰਜ਼ੀ ਕਰੋ, ਦਿੱਲੀ ਮੇਰੇ ਜੋਗੀ ਰਹਿਣ ਦਿਓ, ਮੈਂ ਤੁਹਾਡੇ ਸਾਹੀਂ ਸਾਹ ਲਵਾਂਗਾ।"

"ਮੈਂ ਅਕਾਲੀਆਂ ਦੀ ਮੱਤ ਅਨੁਸਾਰ ਨਹੀਂ ਚੱਲਦਾ। ਮੈਂ ਗੁਰੂ ਗੋਬਿੰਦ ਸਿੰਘ ਦਾ ਕੱਟੜ ਸਿੱਖ ਆਂ। ਉਨ੍ਹਾਂ ਦੇ ਅਸੂਲਾਂ ਨੂੰ ਨਹੀਂ ਛੱਡ ਸਕਦਾ।"

"ਇਹੋ ਤਾਂ ਸਿੱਖੀ ਐ। ਤੁਸੀਂ ਮਹਾਨ ਹੋ ਮਹਾਂਪੁਰਖੋ! ਮੈਂ ਤੁਹਾਡੇ ਤੇ ਪੰਜਾਬ ਲਈ ਪੂਰੀ ਵਾਹ ਲਾਵਾਂਗਾ।" ਸੰਤੋਖ ਸਿੰਘ ਕਿਸੇ ਤਰ੍ਹਾਂ ਸੰਤ ਜੀ ਦਾ ਭਰੋਸਾ ਜਿੱਤਣਾ ਚਾਹੁੰਦਾ ਸੀ।

"ਇਸ ਬ੍ਰਾਹਮਣਵਾਦ ਨੇ ਜਥੇਦਾਰ ਜੀ ਸਿੱਖਾਂ ਨੂੰ ਬੜਾ ਖੁਆਰ ਕੀਤਾ ਹੈ। ਨਹਿਰੂ ਨੇ ਕੈਰੋਂ ਨੂੰ ਹੱਥਾਂ 'ਤੇ ਚਾੜ੍ਹ ਕੇ ਮੁੱਖ ਮੰਤਰੀ ਬਣਾਇਆ ਤੇ ਸਤਲੁਜ, ਬਿਆਸ ਦਾ ਸਾਰਾ ਪਾਣੀ ਰਾਜਸਥਾਨ ਨੂੰ ਦੇ ਦਿੱਤਾ। ਗਿਆਨੀ ਜ਼ੈਲ ਸਿੰਘ ਨੂੰ ਗੱਦੀ ਦਿੱਤੀ, ਉਸ ਤੋਂ ਐੱਸ. ਵਾਈ. ਐੱਲ. ਨਹਿਰ ਲਈ ਅੰਗੂਠਾ ਲਵਾ ਲਿਆ। ਫੇਰ ਦਰਬਾਰਾ ਸਿੰਘ ਨੂੰ ਅੱਗੇ ਕਰਕੇ ਨਹਿਰ ਦਾ ਕੇਸ ਸੁਪਰੀਮ ਕੋਰਟ ਵਿਚੋਂ ਵਾਪਸ ਕਰਵਾ ਦਿੱਤਾ। ਤੇਰੀ ਇੰਦਰਾ ਲਈ ਪੰਜਾਬ ਦੇ ਸਾਰੇ ਕਾਂਗਰਸੀ ਰਬੜ ਦੀ ਮੋਹਰ ਹਨ, ਜਿੱਥੇ ਮਰਜ਼ੀ ਲਾ ਲਵੇ। ਕੀ ਤੁਸੀਂ ਵੀ ਪੰਜਾਬ ਦੇ ਹਿੱਤਾਂ ਵਿਰੁੱਧ ਇੰਦਰਾ ਦੀ ਮੋਹਰ ਬਣੋਗੇ? ਪ੍ਰਾਪਤੀ ਦਾ ਸਹੀ ਰਾਹ ਹੈ, ਸਾਰੇ ਪੰਥ ਨੂੰ ਇਕੱਠਾ ਕਰੋ।" ਸੰਤਾਂ ਨੇ ਥੋੜ੍ਹੇ ਸ਼ਬਦਾਂ ਵਿਚ ਪੰਜਾਬ ਦੀ ਵਿਗੜੀ ਸਥਿਤੀ ਦੀ ਵਿਆਖਿਆ ਕਰ ਦਿੱਤੀ।

"ਮੈਂ ਪੰਥ ਇਕੱਠਾ ਕਰਨ ਲਈ ਤਿਆਰ ਆਂ, ਤੁਸੀਂ ਅਗਵਾਈ ਕਰੋ।" ਜਥੇਦਾਰ

ਸੰਤਾਂ ਦੇ ਸੱਚ ਅਤੇ ਸੋਚ ਤੋਂ ਖਹਿੜਾ ਛੁਡਾਉਣ ਦਾ ਰਾਹ ਲੱਭ ਰਿਹਾ ਸੀ।

"ਮੈਂ ਰਾਜਨੀਤਕ ਬੰਦਾ ਨਹੀਂ, ਧਾਰਮਿਕ ਬੰਦਾ ਆਂ। ਗੁਰੂ ਦੀ ਰਜ਼ਾ ਵਿਚ ਚੱਲਣ ਵਾਲਾ। ਤੁਸੀਂ ਆਪਣੇ ਸੰਗੀ ਸਾਥੀ ਭਾਲੋ ਤੇ ਪਹਿਲਾਂ ਕੁਰਬਾਨੀ ਤੇ ਤਿਆਗ ਤੁਸੀਂ ਕਰੋ।" ਏਨੀ ਕਹਿ ਕੇ ਸੰਤ ਕਰਸੀ ਤੋਂ ਉੱਠ ਖਲੋਤੇ। "ਚੰਗਾ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।" ਉਹ ਜੇਲ੍ਹ ਸੁਪਰਡੈਂਟ ਦੇ ਦਫ਼ਤਰੋਂ ਬਾਹਰ ਨਿਕਲ ਗਏ। ਜਥੇਦਾਰ ਸੰਤੋਖ ਸਿੰਘ ਸੰਤ ਜਰਨੈਲ ਸਿੰਘ ਦਾ ਬੜਾ ਸਤਿਕਾਰ ਕਰਦਾ ਸੀ। ਦਿੱਲੀ ਦੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ। ਉਸ ਦਾ ਇੰਦਰਾ ਗਾਂਧੀ ਨਾਲ ਨੇੜ ਸੀ। ਸ਼੍ਰੋਮਣੀ ਅਕਾਲੀ ਦਲ ਨੂੰ ਉਹ ਚੁਭਦਾ ਸੀ। ਉਹਦਾ ਮੱਤ ਸੀ ਅਕਾਲੀ ਦਲ ਪ੍ਰਤੀ! ਤੁਸੀਂ ਪੰਜਾਬ ਵਿਚ ਰਾਜ ਕਰੋ, ਦਿੱਲੀ ਮੇਰੇ ਜੋਗੀ ਰਹਿਣ ਦਿਓ। ਉਸ ਸੀਸ ਗੰਜ ਗੁਰਦੁਆਰੇ ਨਾਲ ਲੱਗਦੀ ਮਸਜਦ ਵਾਲੀ ਥਾਂ ਗੁਰਦੁਆਰੇ ਨੂੰ ਦਿਵਾਈ ਸੀ। ਐਮਰਜੈਂਸੀ ਦੇ ਸਮੇਂ ਇੰਦਰਾ ਬੜੇ ਔਖੇ ਸਿਆਸੀ ਹਾਲਾਤ ਵਿਚੋਂ ਲੰਘ ਰਹੀ ਸੀ। ਉਸ ਸਮੇਂ ਉਹ ਸਿੱਖਾਂ ਨੂੰ ਨਾਲ ਜੋੜਨਾ ਚਾਹੁੰਦੀ ਸੀ। ਉਸ ਜਥੇਦਾਰ ਦੇ ਆਖੇ ਵੇਖੇ ਅਕਾਲੀ ਲੀਡਰਾਂ ਦੀ ਇੱਕ ਮੀਟਿੰਗ ਵੀ ਬੁਲਾਈ ਕਿ ਤੁਸੀਂ ਮੇਰੇ ਵਿਰੁੱਧ ਮੋਰਚਾ ਨਾ ਲਾਓ, ਆਓ ਗੱਲ ਕਰੋ, ਤੁਹਾਨੂੰ ਕੀ ਚਾਹੀਦਾ ਹੈ?

ਉਸ ਮੀਟਿੰਗ ਵਿਚ ਸੰਤ ਹਰਚੰਦ ਸਿੰਘ, ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ ਤੇ ਜਗਦੇਵ ਸਿੰਘ ਤਲਵੰਡੀ ਹਾਜ਼ਰ ਸਨ। ਇੰਦਰਾ ਚਾਹੁੰਦੀ ਸੀ, ਤੁਸੀਂ ਪੰਜਾਬ ਵਿਚ ਅਕਾਲੀ ਰਾਜ ਕਰੋ, ਪਰ ਤੁਹਾਡੇ ਮੈਂਬਰ ਪਾਰਲੀਮੈਂਟ, ਸੈਂਟਰ ਵਿਚ ਮੇਰਾ ਸਾਥ ਦੇਣਗੇ। ਉਹ ਚੰਡੀਗੜ੍ਹ ਵੀ ਦੇਂਦੀ ਸੀ ਅਤੇ ਹੋਰ ਰਿਆਇਤਾਂ ਲਈ ਵੀ ਤਿਆਰ ਸੀ, ਪਰ ਅਕਾਲੀ ਲੀਡਰਾਂ ਤੋਂ ਮੌਕਾ ਨਾ ਸਾਂਭਿਆ ਗਿਆ। ਉੱਧਰ ਪ੍ਰਕਾਸ਼ ਸਿੰਘ ਬਾਦਲ, ਜੈ ਪ੍ਰਕਾਸ਼ ਨਰਾਇਣ ਨਾਲ ਗੱਲ ਕਰਨ ਗਿਆ ਸੀ। ਉਸ ਇੰਦਰਾ ਦੇ ਖ਼ਿਲਾਫ਼ ਬਾਦਲ ਦੇ ਕੰਨ ਵਿਚ ਫੂਕ ਮਾਰੀ ਕਿ ਤੁਸੀਂ ਸ਼ਹਿਰੀ ਆਜ਼ਾਦੀਆਂ ਦੀ ਬਹਾਲੀ ਲਈ ਮੋਰਚਾ ਲਾਓ। ਸਮਝੌਤੇ ਵਾਲੀ ਗੱਲ ਸੁਣ ਕੇ ਪ੍ਰਕਾਸ਼ ਸਿੰਘ ਨੇ ਆਖਿਆ:

"ਮੈਂ ਤਾਂ ਜੈ ਪ੍ਰਕਾਸ਼ ਨਰਾਇਣ ਜੀ ਨਾਲ ਮੋਰਚਾ ਲਾਉਣ ਬਾਰੇ ਪੱਕਾ ਕਰ ਆਇਆ ਹਾਂ। ਜੇ ਮੋਰਚਾ ਨਾ ਲਾਇਆ ਝੂਠਾ ਪਵਾਂਗਾ।"

ਬਾਦਲ ਦੀ ਗੱਲ ਸੁਣ ਕੇ ਅਕਾਲੀ ਆਗੂ ਚੁੱਪ ਹੋ ਗਏ। ਅੰਤ ਨੂੰ ਟੌਹੜਾ ਸਾਹਿਬ ਨੇ ਜ਼ੁਬਾਨ ਖੋਲ੍ਹੀ।

"ਮੋਰਚਿਆਂ ਵਿਚੋਂ ਸਾਨੂੰ ਪਹਿਲਾਂ ਵੀ ਕੁਝ ਨਹੀਂ ਪ੍ਰਾਪਤ ਹੋਇਆ। ਪੰਜਾਬੀ ਸੂਬਾ, ਸਹੀ ਇਹ ਗੱਲ ਐ, ਪੈਂਹਠ ਦੀ ਜੰਗ ਵਿਚ ਫ਼ੌਜੀ ਸਿੱਖਾਂ ਦੀਆਂ ਸ਼ਹਾਦਤਾਂ ਅਤੇ ਬਹਾਦਰੀ ਕਾਰਨ ਮਿਲਿਆ ਹੈ। ਅਸੀਂ ਆਂ ਘੱਟ ਗਿਣਤੀ ਤੇ ਘੱਟ ਗਿਣਤੀ ਨੂੰ ਸਰਕਾਰ ਨਾਲ ਮਿਲ ਕੇ ਹੀ ਕੋਈ ਲਾਭ ਮਿਲ ਸਕਦਾ ਹੈ।"

ਸੱਤਵਾਂ ਕਾਂਡ

ਪ੍ਰਕਾਸ਼ ਸਿੰਘ ਬਾਦਲ ਦੇ ਅੜ ਜਾਣ ਕਰਕੇ ਇੰਦਰਾ ਨਾਲ ਸਮਝੌਤਾ ਨਾ ਹੋ ਸਕਿਆ ਅਤੇ ਅਕਾਲੀਆਂ ਮੋਰਚਾ ਸ਼ੁਰੂ ਕਰ ਦਿੱਤਾ। ਇੰਦਰਾ ਨੇ ਧਰਮ ਯੁੱਧ ਮੋਰਚਾ ਤਾਰਪੀਡੋ ਕਰਨ ਲਈ ਜਥੇਦਾਰ ਸੰਤੋਖ ਸਿੰਘ ਆਦਿ ਨਿਕਟ-ਵਰਤੀਆਂ ਦਾ ਸਲਾਹ ਮਸ਼ਵਰਾ ਕਰਕੇ ਸੰਤ ਜਰਨੈਲ ਸਿੰਘ ਨੂੰ ਹੱਥ ਵਿਚ ਲੈਣ ਦੀ ਵਿਉਂਤ ਸੋਚੀ। ਹਰਿਆਣੇ ਦਾ ਭਜਨ ਲਾਲ ਵੀ ਚਾਹੁੰਦਾ ਸੀ, ਅਕਾਲੀਆਂ ਨੂੰ ਢਾਇਆ ਜਾਵੇ। ਇੰਦਰਾ ਨੇ ਸੰਤ ਜਰਨੈਲ ਸਿੰਘ ਨੂੰ ਆਪਣੇ ਨਾਲ ਜੋੜਨ ਲਈ ਇੱਕ ਚਿੱਠੀ ਲਿਖਣ ਦਾ ਮਨ ਬਣਾਇਆ, ਕਿਉਂਕਿ ਸੀ. ਆਈ. ਡੀ. ਦੀਆਂ ਅੰਮ੍ਰਿਤਸਰ ਤੋਂ ਰਿਪੋਰਟਾਂ ਸਨ ਕਿ ਮੋਰਚੇ ਦੇ ਜਥੇ ਵਿਚ ਤਿੰਨ ਹਿੱਸੇ ਸੰਤ ਜਰਨੈਲ ਸਿੰਘ ਦੇ ਬੰਦੇ ਗ੍ਰਿਫ਼ਤਾਰੀ ਦੇ ਰਹੇ ਹਨ। ਸਮਝਿਆ ਇਹ ਗਿਆ ਕਿ ਸੰਤ ਜਰਨੈਲ ਸਿੰਘ ਅਕਾਲੀਆਂ ਨਾਲੋਂ ਭਾਰੂ ਹੈ। ਇਸੇ ਲਈ ਸਿੱਖਾਂ ਵਿਚ ਪਾੜ ਪਾਣ ਅਤੇ ਅਕਾਲੀਆਂ ਨੂੰ ਦਬਾਣ ਲਈ ਸੰਤ ਜਰਨੈਲ ਸਿੰਘ ਦੀ ਚੋਣ ਕੀਤੀ ਗਈ। ਇੰਦਰਾ ਨੇ ਇਹ ਗੱਲ ਭਜਨ ਲਾਲ ਮੁੱਖ ਮੰਤਰੀ ਹਰਿਆਣਾ ਨਾਲ ਸਾਂਝੀ ਕੀਤੀ। ਉਸ ਇਸ ਕੰਮ ਲਈ ਹਰਿਆਣਾ ਅਸੈਂਬਲੀ ਦੇ ਉਪਾਸ਼ਕ ਸ੍ਰ. ਗੁਰਦੀਪ ਸਿੰਘ ਜਲਮਾਨਾ ਅਤੇ ਚੱਕੂ ਪਿੰਡ ਦੇ ਸਰਪੰਚ ਅਵਤਾਰ ਸਿੰਘ ਨੂੰ ਪਿੱਪਲੀ ਦੇ ਰੈਸਟ ਹਾਊਸ ਵਿਚ ਪੁਲੀਸ ਦੀ ਮਾਰਫ਼ਤ ਸੱਦ ਲਿਆ। ਉਸ ਆਖਿਆ,

"ਸਿੰਘੋ! ਪੁੰਨ ਖੱਟਣ ਦਾ ਮੌਕਾ ਆ ਗਿਆ ਹੈ, ਇੰਦਰਾ ਬੀਬੀ ਸੰਤ ਜਰਨੈਲ ਸਿੰਘ ਨਾਲ ਸਿੱਧੀ ਗੱਲ ਕਰਨਾ ਚਾਹੁੰਦੀ ਐ।"

"ਅਸੀਂ ਸਰਦਾਰ ਜੀ ਇਸ ਵਿਚ ਕੀ ਸੇਵਾ ਕਰ ਸਕਦੇ ਆਂ?" ਗੁਰਦੀਪ ਸਿੰਘ ਨੇ ਮੋੜ ਦਿੱਤਾ।

"ਤੁਸੀਂ ਸੰਤ ਜਰਨੈਲ ਸਿੰਘ ਕੋਲ ਜਾਓ ਤੇ ਸਾਡਾ ਸੁਨੇਹਾ ਦਿਓ।"

"ਤੁਸੀਂ ਗੱਡੀ ਦਾ ਬੰਦੋਬਸਤ ਕਰੋ, ਜਿਸ ਨੂੰ ਕੋਈ ਰਾਹ ਵਿਚ ਰੋਕੇ ਨਾ।" ਗੁਰਦੀਪ ਸਿੰਘ ਨੂੰ ਥਾਂ ਥਾਂ ਪੁਲੀਸ ਦੇ ਨਾਕੇ ਕਿਤੇ ਵੀ ਫੜ ਕੇ ਅੰਦਰ ਦੇ ਦੇਣ ਦਾ ਡਰ ਸੀ।

"ਨਹੀਂ, ਤੁਹਾਨੂੰ ਕੋਈ ਨਹੀਂ ਰੋਕੇਗਾ ਧੁਰ ਤੱਕ, ਗੱਡੀ ਤਿਆਰ ਐ। ਪਹਿਲਾਂ ਮੈਂ ਸੰਤਾਂ ਨਾਲ ਗੱਲ ਕਰਾਂਗਾ। ਇੰਦਰਾ ਲਈ ਸਕਿਓਰਿਟੀ ਦਾ ਵੀ ਚੱਕਰ ਐ।" ਤਾਰਾ ਸਿੰਘ ਨੇ ਉਨ੍ਹਾਂ ਨੂੰ ਸਮਝਾਇਆ।

ਸੰਤ ਉਨ੍ਹਾਂ ਦਿਨਾਂ ਵਿਚ ਸ੍ਰੀ ਅਕਾਲ ਤਖ਼ਤ ਰਹਿੰਦੇ ਸਨ। ਹਰਿਆਣੇ ਦੇ ਸਿੰਘਾਂ ਜਾ ਫ਼ਤਹਿ ਬੁਲਾਈ। ਚੰਦੋ ਕਲਾਂ ਦੇ ਸਾਕੇ ਸਮੇਂ ਸੰਤ ਤੇ ਉਨ੍ਹਾਂ ਦਾ ਜਥਾ ਗੁਰਦੀਪ ਸਿੰਘ ਦੇ ਘਰ ਰਹੇ ਸੀ। ਉਹ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਤੇ ਸਾਂਝ ਰੱਖਦੇ ਸਨ। ਹੱਸ ਕੇ ਬੋਲੇ,

"ਆਓ ਬਈ ਸਿੰਘੋ, ਕਿਵੇਂ ਆਉਣਾ ਹੋਇਆ?"

"ਸਾਡਾ ਸੁਨੇਹਾ ਸਾਰਿਆਂ ਵਿਚ ਆਖਣ ਵਾਲਾ ਨਹੀਂ।"

"ਸੰਗਤ ਤੋਂ ਕੀ ਪਰਦਾ, ਇਹ ਆਪਣੇ ਹੀ ਬੰਦੇ ਹਨ, ਨਿਝੱਕ ਹੋ ਕੇ ਆਖੋ?"

"ਜੀ ਸਾਨੂੰ ਤਾਰਾ ਸਿੰਘ ਅਸੈਂਬਲੀ ਸਪੀਕਰ ਨੇ ਭੇਜਿਆ ਹੈ। ਉਸ ਨੂੰ ਭਜਨ ਲਾਲ ਨੇ ਕਿਹਾ ਹੈ ਕਿ ਇੰਦਰਾ ਬੀਬੀ ਤੁਹਾਨੂੰ ਮਿਲਣਾ ਚਾਹੁੰਦੀ ਐ।" ਸਿੰਘਾਂ ਥੋੜ੍ਹੇ ਸ਼ਬਦਾਂ ਵਿਚ ਸੁਨੇਹਾ ਪੂਰਾ ਕਰ ਦਿੱਤਾ।

"ਦੇਖੋ ਬਈ ਭਜਨ ਲਾਲ ਤਾਂ ਸਾਡੇ ਮੱਥੇ ਨਾ ਲੱਗੇ। ਹਾਂ, ਇੰਦਰਾ ਨਾਲ ਗੱਲ ਕਰਨ ਨੂੰ ਤਿਆਰ ਆਂ। ਸਾਡੇ ਵੱਲੋਂ ਤਾਰਾ ਸਿੰਘ ਨੂੰ ਕਹਿਣਾ, ਜੇ ਵਿਚੋਲਗੀ ਕਰਨ ਲੱਗਾ ਏਂ ਤਾਂ ਤਕੜਾ ਹੋ ਕੇ ਕਰੀਂ।"

ਸਿੰਘ ਸੰਤਾਂ ਦਾ ਸੁਨੇਹਾ ਲੈ ਕੇ ਤਾਰਾ ਸਿੰਘ ਦੀ ਕੋਠੀ ਚੰਡੀਗੜ੍ਹ ਆ ਵੱਜੇ। ਉਨ੍ਹਾਂ ਸੰਤਾਂ ਨਾਲ ਹੋਈ ਸਾਰੀ ਗੱਲ ਤਾਰਾ ਸਿੰਘ ਨੂੰ ਆ ਦੱਸੀ। ਉਸ ਆਖਿਆ,

"ਸ਼ਾਬਾਸ਼, ਤੁਸੀਂ ਕੰਮ ਪੂਰਾ ਕਰ ਆਏ। ਭਜਨ ਲਾਲ ਨਾਲ ਗੱਲ ਕਰਕੇ ਤੁਹਾਨੂੰ ਦੱਸਾਂਗਾ। ਹੁਣ ਤੁਸੀਂ ਚਾਹ-ਪਾਣੀ ਪੀਓ।" ਉਹ ਸਿੰਘ ਉੱਥੋਂ ਆਪਣੇ ਆਪਣੇ ਪਿੰਡਾਂ ਨੂੰ ਚਲੇ ਗਏ।

ਇਨ੍ਹਾਂ ਮੁਲਾਕਾਤਾਂ ਵਿਚ ਇੱਕ ਹੋਰ ਇੰਟਰਵਿਊ ਆ ਪਈ। ਸ੍. ਸੁਰਜੀਤ ਸਿੰਘ ਨੰਦਾ ਨੇ ਕੌਮੀ ਰਾਜਨੀਤੀ ਦੇ ਜੂਨ ਮਹੀਨੇ ਦਾ 'ਸੰਤ ਭਿੰਡਰਾਂ ਵਾਲੇ-ਵਿਸ਼ੇਸ਼ ਅੰਕ' ਕੱਢਿਆ। ਉਨ੍ਹਾਂ ਦੀ ਇੰਟਰਵਿਊ ਵੀ ਇਸੇ ਸਬੰਧ ਵਿਚ ਛਾਪੀ ਗਈ।

"ਸੰਤ ਜੀ, ਗਿਆਨੀ ਜ਼ੈਲ ਸਿੰਘ ਨੇ ਰਾਸ਼ਟਰਪਤੀ ਹੁੰਦਿਆਂ ਸਿੱਖਾਂ ਨੂੰ ਕੌਮ ਮੰਨਣ ਤੋਂ ਨਾਂਹ ਕਰ ਦਿੱਤੀ ਹੈ?"

"ਉਹ ਆਪਣੇ ਆਪ ਨੂੰ ਸਿੱਖ ਹੋਣੋਂ ਵੀ ਨਾਂਹ ਕਰ ਸਕਦਾ ਹੈ, ਰਾਸ਼ਟਰਪਤੀ ਜੋ ਹੈ। ਜ਼ੈਲ ਸਿੰਘ ਦੇ ਕਹਿਣ ਨਾਲ ਸਿੱਖ ਹਿੰਦੂ ਨਹੀਂ ਬਣ ਚੱਲੇ। ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਗਾਡੀ ਰਾਹ ਬਣਾ ਕੇ ਨਵੀਂ ਕੌਮ ਦੀ ਸਥਾਪਨਾ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਕੰਕਾਰ ਬਖ਼ਸ਼ ਕੇ ਪੱਕੀ ਮੋਹਰ ਲਾ ਦਿੱਤੀ। ਅਸਲ ਵਿਚ ਬ੍ਰਾਹਮਣਵਾਦ ਨੇ ਜਿਸ ਨੂੰ ਵੀ ਕੁਰਸੀ ਦਿੱਤੀ, ਉਸ ਤੋਂ ਸਿੱਖ ਕੌਮ ਵਿਰੁੱਧ ਫ਼ਤਵੇ ਲਏ ਅਤੇ ਇੱਕ ਸਿੱਖ ਤੋਂ ਸਿੱਖਾਂ ਵਿਰੁੱਧ ਗ਼ਦਾਰੀ ਕਰਵਾਈ। ਅੰਗਰੇਜ਼ ਤੇ ਗਾਂਧੀ ਨੇ ਤਿੰਨ ਕੌਮਾਂ ਮੰਨੀਆਂ। ਬਾਬਾ ਖੜਕ ਸਿੰਘ ਦੇ ਆਖਣ 'ਤੇ ਸਿੱਖਾਂ ਦਾ ਕੇਸਰੀ ਰੰਗ ਤਰੰਗੇ ਝੰਡੇ ਵਿਚ ਸਭ ਤੋਂ ਉੱਪਰ ਰੱਖਿਆ। ਆਜ਼ਾਦੀ ਮਿਲਣ ਸਾਰ ਹੀ ਪਟੇਲ ਵੱਲੋਂ ਸਿੱਖਾਂ ਨੂੰ ਜਰਾਇਮ ਪੇਸ਼ਾ ਦਾ ਤੋਹਫ਼ਾ, ਸਰਕੂਲਰ ਕੱਢ ਮਾਰਿਆ।" ਸੰਤਾਂ ਰੜਕਵੀਂ ਭਾਸ਼ਾ ਵਿਚ ਵਿਆਖਿਆ ਕੀਤੀ।

"ਜਿਵੇਂ ਜਿਵੇਂ ਮੋਰਚਾ ਲੰਮਾ ਹੁੰਦਾ ਜਾ ਰਿਹਾ ਹੈ, ਸਰਕਾਰ ਦਾ ਰਵੱਈਆ ਹੋਰ ਕਠੋਰ ਹੁੰਦਾ ਜਾ ਰਿਹਾ ਹੈ। ਇਹ ਸਮੱਸਿਆ ਕਿਵੇਂ ਨਿਪਟੇਗੀ?"

"ਕੋਊ ਕਿਸੀ ਕੋ ਰਾਜ ਨਾ ਦੇ ਹੈਂ॥ ਜੋ ਲੈ ਹੈਂ ਨਿਜ ਬਲ ਤੇ ਲੈ ਹੈਂ॥

ਜੇ ਕੌਮ ਕੇਸਰੀ ਨਿਸ਼ਾਨ ਹੇਠਾਂ ਇਕਮੁੱਠ ਹੋ ਜਾਵੇ, ਇਨ੍ਹਾਂ ਨੂੰ ਸਭ ਕੁਝ ਮਿਲ ਸਕਦਾ ਹੈ। ਧਰਮ ਯੁੱਧ ਮੋਰਚੇ ਨੇ ਸਿੱਖਾਂ ਵਿਚ ਨਵੀਂ ਰੂਹ ਫੂਕੀ ਹੈ। ਅੱਜ ਲੋੜ ਹੈ: "ਨਿਸਚੈ ਕਰ ਅਪਨੀ ਜੀਤ ਕਰੋਂ" ਦੇ ਨਾਅਰੇ ਦੀ।"

"ਕੁਝ ਅਖ਼ਬਾਰਾਂ ਆਖਦੀਆਂ ਹਨ, ਅਕਾਲੀ ਦਲ ਦਾ ਮੋਰਚਾ ਖਾਲਿਸਤਾਨ ਲਈ ਹੈ। ਇਹ ਧਰਮ ਯੁੱਧ ਨਹੀਂ, ਕੁਰਸੀ ਯੁੱਧ ਐ?"

"ਅਕਾਲੀਆਂ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ। ਪੰਜਾਬ ਦੇ ਹਿੱਤਾਂ ਦੀ ਗੱਲ ਕਰੋ। ਪੰਜਾਬ ਦਾ ਪਾਣੀ ਜੇ ਪੰਜਾਬ ਕੋਲ ਰਹੇ, ਖੁਸ਼ਹਾਲ ਹੋਵੇਗਾ। ਉਸ ਪੈਦਾਵਾਰ ਨਾਲ ਪੰਜਾਬ ਦਾ ਹਿੰਦੂ ਵਪਾਰੀ ਵੀ ਤਰੱਕੀ ਕਰੇਗਾ। ਪਾਣੀ ਬਿਨਾਂ ਜੇ ਕਿਸਾਨ ਘਸਿਆਰਾ ਬਣੇਗਾ, ਹਿੰਦੂ ਵਪਾਰੀ ਵੀ ਤਬਾਹ ਹੋਵੇਗਾ।"

"ਇਹ ਦਲੀਲ ਠੀਕ ਐ, ਪਰ ਪੰਜਾਬ ਦਾ ਹਿੰਦੂ ਵਪਾਰੀ ਇਨ੍ਹਾਂ ਮੰਗਾਂ ਦਾ ਸਾਥ ਕਿਉਂ ਨਹੀਂ ਦੇ ਰਿਹਾ?"

"ਹਿੰਦੂ ਵਪਾਰੀ ਆਪਣੇ ਵਪਾਰ 'ਤੇ ਪੈਰ ਕੁਹਾੜਾ ਮਾਰ ਰਿਹਾ ਹੈ। ਉਸ ਨੂੰ ਫ਼ਿਰਕੂ ਪਾਣ ਚੜ੍ਹੀ ਹੋਈ ਐ। ਇਹ ਸਵਾਲ ਉਨ੍ਹਾਂ ਤੋਂ ਪੁੱਛਣਾ ਚਾਹੀਦਾ ਹੈ। ਕੱਲ੍ਹ ਇੰਦਰਾ ਨੇ ਐਮਰਜੈਂਸੀ ਲਾ ਕੇ ਸਾਰੇ ਵਿਰੋਧੀ ਲੀਡਰ ਅੰਦਰ ਤੁੰਨ ਦਿੱਤੇ, ਕਿਸੇ ਕੰਨ ਨਹੀਂ ਫੜਿੱਕੇ। ਸਿੱਖਾਂ ਸ਼ਹਿਰੀ ਹੱਕਾਂ ਲਈ ਮੋਰਚਾ ਲਾਇਆ। ਹਿੰਦੂ ਲੀਡਰ ਛੁਡਾਏ ਹੀ ਨਹੀਂ, ਸਗੋਂ ਰਾਜ ਭਾਗ ਲੈ ਕੇ ਦਿੱਤਾ। ਹਿੰਦੂ ਉਨ੍ਹਾਂ ਲਈ ਦਿੱਤੀਆਂ ਸਾਡੀਆਂ ਕੁਰਬਾਨੀਆਂ ਭੁੱਲ ਗਏ ਹਨ।"

"ਸੰਤ ਜੀ ਇਹ ਮੰਗਾਂ ਐਨੀਆਂ ਅਹਿਮ ਐ, ਜਿਨ੍ਹਾਂ ਲਈ ਸੈਂਕੜੇ ਸਿੰਘ ਸ਼ਹੀਦ ਕਰਵਾਏ ਜਾ ਸਕਦੇ ਹਨ?"

"ਅਸਾਂ ਸਿਰ ਦੇ ਕੇ ਆਜ਼ਾਦੀ ਦੀ ਮਹਿੰਗੀ ਕੀਮਤ ਤਾਰੀ ਐ, ਅੱਜ ਅਸੀਂ ਦੋ ਨੰਬਰ ਦੇ ਸ਼ਹਿਰੀ ਅਥਵਾ ਗੁਲਾਮੀ ਹੰਢਾਈਏ? ਕੁਰਬਾਨੀਆਂ ਤਾਂ, ਤਾਂ ਦਿੱਤੀਆਂ ਸਨ ਕਿ ਅਸੀਂ ਅਣਖ ਤੇ ਗੌਰਵ ਨਾਲ ਜੀਅ ਸਕੀਏ।"

"ਮਹਾਰਾਜ ਜੀ, ਤੁਸੀਂ ਆਖਦੇ ਹੋ ਕੌਮ ਇੱਕਮੁੱਠ ਹੋ ਕੇ ਜੂਝ ਰਹੀ ਹੈ, ਪਰ ਸੰਤ ਹਰਚੰਦ ਸਿੰਘ ਜੀ ਖਾਲਿਸਤਾਨ ਦੀ ਉੱਕਾ ਹਮਾਇਤ ਨਹੀਂ ਕਰਦੇ?"

"ਤੁਹਾਨੂੰ ਕੀਹਨੇ ਆਖਿਆ ਏ, ਖਾਲਿਸਤਾਨ ਸਾਡੀ ਮੰਗ ਐ। ਆਜ਼ਾਦ ਗੌਰਵ ਨਾਲ ਜੀਣਾ ਸਾਡੀ ਕੌਮੀ ਮੰਗ ਐ। ਸਾਡੇ ਪੈਦਾਵਾਰੀ ਸਾਧਨ ਨਾ ਲੁੱਟੇ ਜਾਣ, ਬਿਜਲੀ-ਪਾਣੀ, ਬਾਕੀ ਗੱਲ ਮੋਰਚਾ ਡਿਕਟੇਟਰ ਲੌਂਗੋਵਾਲ ਜੀ ਤੋਂ ਪੁੱਛ ਸਕਦੇ ਹੋ।"

"ਲੋਕ ਤੁਹਾਨੂੰ ਮਿਲਣ ਘੱਟ, ਪਰ ਗੁਰੂ ਨਾਨਕ ਨਿਵਾਸ ਵਿਚ ਲਾਈ ਬੰਬ ਫੈਕਟਰੀ ਵੇਖਣ ਬਹੁਤਾ ਆਉਂਦੇ ਹਨ?"

"ਹਾਂ, ਜਿਹੜੇ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਤਿਆਰ ਕੀਤਾ ਜਾਂਦਾ ਹੈ, ਉਹ ਬੰਬ ਹੀ ਬਣ ਜਾਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁੱਢ ਵਿਚ ਪੰਜ ਬੰਬ ਸਾਜੇ ਸਨ। ਇਹ ਫੈਕਟਰੀ ਹਰ ਗੁਰਦੁਆਰਾ ਵਿਚ ਐ।"

"ਇੱਕ ਨੇਕ ਸਾਫ਼ ਦਿਲ ਵਾਲੇ ਵਿਅਕਤੀ ਲਈ ਵੀ ਪਾਠ ਜ਼ਰੂਰੀ ਐ?'

"ਜ਼ਰੂਰੀ ਐ, ਜਿਵੇਂ ਸਾਫ਼ ਲਿਬਾਸ ਪਾਇਆ ਅਗਲੇ ਦਿਨ ਮੈਲਾ ਹੋ ਜਾਂਦਾ ਹੈ, ਇਵੇਂ ਸਾਫ਼ ਮਨ ਵੀ ਵਿਕਾਰਾਂ ਭਰੇ ਸਮਾਜ ਵਿਚ ਮੈਲਾ ਹੋ ਜਾਂਦਾ ਹੈ। ਮਨ ਦੀ ਸ਼ੁੱਧਤਾ ਲਈ ਅਰਥ ਅਨੁਭਵਾਂ ਸਮੇਤ ਪਾਠ ਜ਼ਰੂਰੀ ਐ।"

ਦਰਸ਼ਨਾਂ ਨੂੰ ਆਉਣ ਵਾਲੇ ਅਖ਼ਬਾਰੀ ਬੰਦੇ, ਸਰਕਾਰੀ ਏਜੰਟ ਟੇਢੇ-ਮੇਢੇ ਸਵਾਲਾਂ ਨਾਲ ਸੰਤਾਂ ਨੂੰ ਉਖੇੜਨ ਦਾ ਯਤਨ ਕਰਦੇ, ਪਰ ਸੰਤ ਆਪਣੇ ਸਤਿ ਵਚਨਾਂ ਤੋਂ ਏਧਰ-ਓਧਰ ਨਾ ਹੁੰਦੇ। ਪੁਲੀਸ ਅਫ਼ਸਰ ਵਲ ਵਿੰਗ ਨਾਲ ਸੰਤਾਂ ਨੂੰ ਲਾਲੇ ਦੇ ਕਤਲ ਵਿਚ ਪਾਉਣ ਲਈ ਜ਼ੋਰ ਲਾਉਂਦੇ ਰਹੇ। ਪਰ ਕੋਈ ਠੋਸ ਸਬੂਤ ਨਾ ਬਣਨ 'ਤੇ 9 ਨਵੰਬਰ ਨੂੰ ਸੰਤ ਜਰਨੈਲ ਸਿੰਘ

ਨੂੰ ਫਿਰੋਜ਼ਪੁਰ ਜੇਲ੍ਹ ਵਿਚੋਂ ਕੱਢ ਕੇ ਸਿੱਧਾ ਸਿੱਧਵਾਂ ਬੇਟ ਨਹਿਰੀ ਰੈਸਟ ਹਾਊਸ (ਲੁਧਿਆਣਾ) ਲਿਆਂਦਾ ਗਿਆ। ਜੁਡੀਸ਼ਲ ਮੈਜਿਸਟ੍ਰੇਟ ਸ੍ਰੀ ਪ੍ਰਕਾਸ਼ ਰਾਏ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਜੱਜ ਸਾਹਿਬ ਨੇ ਬੈਠਣ ਲਈ ਆਪਣੀ ਕੁਰਸੀ ਪੇਸ਼ ਕਰ ਦਿੱਤੀ। ਸੰਤਾਂ ਨੇ ਨਿਰਮਾਣਤਾ ਨਾਲ ਆਖਿਆ,

"ਸ੍ਰੀ ਮਾਨ ਜੀ, ਅਸੀਂ ਕਾਨੂੰਨੀ ਹਿਰਾਸਤ ਵਿਚ ਆਂ, ਇਸ ਲਈ ਤੁਹਾਡੀ ਕੁਰਸੀ 'ਤੇ ਨਹੀਂ ਬਹਿ ਸਕਦੇ।

"ਨਹੀਂ, ਤੁਸੀਂ ਮਹਾਂਪੁਰਸ਼ ਹੋ, ਜ਼ਰੂਰ ਬੈਠੋ?"

"ਇਹ ਇਨਸਾਫ਼ ਦੀ ਕੁਰਸੀ ਐ, ਮੈਂ ਮੁਲਜ਼ਮ ਇਸ 'ਤੇ ਕਿਵੇਂ ਬਹਿ ਸਕਦਾ ਆਂ?

"ਇਹ ਦੁਨਿਆਵੀ ਅਦਾਲਤ ਐ, ਜਿਹੜੀ ਨਿਆਂ ਕਰਨ ਵਿਚ ਧੋਖਾ ਖਾ ਸਕਦੀ ਹੈ। ਤੁਸੀਂ ਪਰਮਾਰਥੀ ਮਹਾਂਪੁਰਸ਼ ਹੋ, ਤੁਹਾਡਾ ਆਦਰ-ਸਤਿਕਾਰ ਕਰਨਾ ਬਣਦਾ ਹੈ।"

ਸੰਤਾਂ ਜੱਜ ਦੀ ਕੁਰਸੀ 'ਤੇ ਬਹਿਣੋਂ ਨਾਂਹ ਕਰ ਦਿੱਤੀ। ਫਿਰ ਜੱਜ ਨੇ ਮਹਾਂਪੁਰਸ਼ ਦੀ ਕੁਰਸੀ ਤੋਂ ਨੀਵੀਂ ਉੱਪਰ ਬਹਿਣਾ ਪ੍ਰਵਾਨ ਕਰ ਲਿਆ। ਗ੍ਰਿਫ਼ਤਾਰੀ ਪਿੱਛੋਂ ਸੰਤਾਂ ਨੂੰ ਥਾਂ ਪਰ ਥਾਂ 'ਤੇ ਲੈ ਜਾਇਆ ਤੇ ਘੁਮਾਇਆ ਗਿਆ। ਨਾਲ ਦੀ ਨਾਲ ਚੰਦ ਚਲਾਕ ਪੁਲੀਸ ਅਫ਼ਸਰ ਪੁੱਛ ਦੱਸ ਕਰਦੇ ਰਹੇ। ਸਿੱਖ ਕੌਮ ਦੇ ਭਾਰੀ ਦਬਾਅ ਅਤੇ ਸਬੂਤ ਨਾ ਮਿਲਣ ਕਾਰਨ ਮਜਬੂਰੀ ਮੂੰਹ ਉਨ੍ਹਾਂ ਨੂੰ ਸਤਿਕਾਰ ਸਹਿਤ ਬਰੀ ਕਰ ਦਿੱਤਾ।

ਰਿਹਾਈ ਪਿੱਛੋਂ ਸੰਤਾਂ ਸਾਰੇ ਪੰਜਾਬ ਦਾ ਜ਼ਬਰਦਸਤ ਦੌਰਾ ਕੀਤਾ। ਦਸ ਦਿਨ ਲਾ ਕੇ ਦਿੱਲੀ ਧਰਮ ਪ੍ਰਚਾਰ ਕਰਦੇ ਰਹੇ ਅਤੇ ਪੰਜਾਬ ਦੀਆਂ ਮੰਗਾਂ ਦੇ ਹੱਕ ਵਿਚ ਧਰਮ ਯੁੱਧ ਮੋਰਚੇ ਦੀ ਵਿਆਖਿਆ ਕੀਤੀ। ਦਿੱਲੀ ਤੋਂ ਸ਼ਰਧਾਲੂਆਂ ਦੀ ਮੰਗ ਕਾਰਨ ਬੰਬਈ ਪਹੁੰਚ ਗਏ। ਘੰਟਿਆਂ ਵਿਚ ਪੰਜਾਬ ਪਹੁੰਚ ਗਏ। ਸ਼ਾਇਦ ਮਹਾਂਰਾਸ਼ਟਰ ਸਰਕਾਰ ਕਿਸੇ ਗੜਬੜ ਦੇ ਡਰੋਂ ਸੰਤਾਂ ਨੂੰ ਉੱਥੋਂ ਭਜਾਉਣਾ ਹੀ ਚਾਹੁੰਦੀ ਸੀ।

ਅੱਠਵਾਂ ਕਾਂਡ

26 ਅਪ੍ਰੈਲ ਨੂੰ ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ ਲਈ ਮੰਗ ਰੱਖ ਕੇ ਮੋਰਚਾ ਲਾ ਦਿੱਤਾ। ਅਨੇਕਾਂ ਸਿੰਘਾਂ ਗ੍ਰਿਫ਼ਤਾਰੀ ਦਿੱਤੀ। ਵਿਖਾਵਿਆਂ ਦੇ ਸਬੰਧ ਵਿਚ ਫੜੇ ਸਿੰਘਾਂ ਨੂੰ ਛੁਡਾਉਣ ਲਈ ਭਾਈ ਅਮਰੀਕ ਸਿੰਘ ਨੇ ਵਕੀਲ ਦਾ ਪ੍ਰਬੰਧ ਕੀਤਾ। ਪੇਸ਼ਬੰਦੀ ਵਜੋਂ ਪੁਲੀਸ ਨੇ ਉਸ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਉਸ ਸਮੇਂ ਸੰਤ ਮਾਝੇ ਵਿਚ ਸਿੱਖੀ ਪ੍ਰਚਾਰ ਕਰ ਰਹੇ ਸਨ। ਭਾਈ ਅਮਰੀਕ ਸਿੰਘ ਦੀ ਗ੍ਰਿਫ਼ਤਾਰੀ ਸੁਣ ਕੇ ਗੁਰੂ ਨਾਨਕ ਨਿਵਾਸ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਸਿੰਘਾਂ ਦੀ ਬਿਨਾਂ ਸ਼ਰਤ ਰਿਹਾਈ ਨੂੰ ਮੁੱਖ ਰੱਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਕੇ ਧਰਮ ਯੁੱਧ ਮੋਰਚੇ ਵਿਚ ਪੱਕੇ ਤੌਰ 'ਤੇ ਸ਼ਾਮਲ ਹੋ ਗਏ। ਸਰਕਾਰ ਵਿਰੁੱਧ ਮੋਰਚਾ ਜ਼ੋਰ-ਸ਼ੋਰ ਨਾਲ ਭਖ ਪਿਆ। ਐੱਸ. ਵਾਈ. ਐੱਲ. ਨਹਿਰ ਵਾਲਾ ਕਪੂਰੀ ਤੋਂ ਸ਼ੁਰੂ ਹੋਇਆ ਮੋਰਚਾ ਅੰਮ੍ਰਿਤਸਰ ਆ ਗਿਆ ਸੀ। ਸੰਤਾਂ ਨੂੰ ਦੇਸ਼ ਦੇ ਵੱਡੇ ਵੱਡੇ ਰਾਜਸੀ ਲੀਡਰ ਅਤੇ ਵਕੀਲ, ਲੰਗਰ ਦੀ ਛੱਤ 'ਤੇ ਆ ਕੇ ਮਿਲਣ ਲੱਗੇ। ਡਾ. ਸੁਬਰਾਮਨੀਅਮ ਸੁਆਮੀ ਨੇ ਸੰਤਾਂ ਨਾਲ ਗੱਲਬਾਤ ਕਰਕੇ ਬਿਆਨ ਦਿੱਤਾ:

"ਜੇ ਸੰਤ ਜਰਨੈਲ ਸਿੰਘ ਜੀ ਅੱਤਵਾਦੀ ਹਨ ਤਾਂ ਮੈਂ ਵੀ ਅੱਤਵਾਦੀ ਆਂ। ਸੰਤ ਸੱਚ 'ਤੇ ਖਲੋਤੇ ਹਨ; ਉਨ੍ਹਾਂ ਦੀਆਂ ਸਾਰੀਆਂ ਮੰਗਾਂ ਹੱਕੀ ਹਨ।"

ਪੰਜਾਬ ਦੀਆਂ ਹੱਕੀ ਮੰਗਾਂ ਲਈ ਸੰਤ ਜੀ ਨੇ ਅਕਾਲੀ ਦਲ ਦੇ ਮੋਢੇ ਨਾਲ ਮੋਢਾ ਜੋੜ ਲਿਆ। ਮੋਰਚਾ ਦਿਨੋ-ਦਿਨ ਚੜ੍ਹਦੀ ਕਲਾ ਵਿਚ ਜਾ ਰਿਹਾ ਸੀ। ਪੰਜਾਬ ਤੇ ਹਿੰਦ ਸਰਕਾਰ ਨੂੰ ਫ਼ਿਕਰ ਪੈ ਗਿਆ। ਕਿਵੇਂ ਨਾ ਕਿਵੇਂ ਇਨ੍ਹਾਂ ਵਿਚ ਦੁਫੇੜ ਪਾਈ ਜਾਵੇ। ਉਨ੍ਹਾਂ ਗ਼ਦਾਰ ਲੱਭਣੇ ਸ਼ੁਰੂ ਕਰ ਦਿੱਤੇ। ਹਰ ਸਰਕਾਰ ਆਪਣਾ ਰਾਜ-ਭਾਗ ਕਾਇਮ ਰੱਖਣ ਲਈ ਆਪਣੇ ਏਜੰਟ ਤੇ ਗ਼ਦਾਰ ਪਾਲ ਕੇ ਰੱਖਦੀ ਹੈ ਤੇ ਉਨ੍ਹਾਂ ਨੂੰ ਔਖੀ ਵੇਲੇ ਵਰਤਦੀ ਐ। ਦਿੱਲੀ ਦੇ ਅਖ਼ਬਾਰਾਂ ਵਾਲੇ ਵੀ ਆ ਕੇ ਅੱਖੀਂ ਹਾਲ-ਚਾਲ ਵੇਖਣ ਲੱਗੇ। ਸਰਕਾਰ ਕੋਲ ਮੋਰਚੇ ਨੂੰ ਠੱਲ੍ਹ ਪਾਉਣ ਲਈ ਕੋਈ ਸਹੀ ਉੱਤਰ ਨਹੀਂ ਸੀ। ਪੰਜਾਬ ਅੰਗੜਾਈ ਭਰ ਕੇ ਉੱਠ ਖਲੋਤਾ, ਆਪਣਾ ਨਿਆਂ ਮੰਗ ਰਿਹਾ ਸੀ। ਪਰ ਭਾਰਤ ਸਰਕਾਰ ਜ਼ੋਰ-ਜ਼ੁਲਮ 'ਤੇ ਤੁਲੀ ਹੋਈ ਸੀ। ਉਸ ਆਖਣਾ ਸ਼ੁਰੂ ਕਰ ਦਿੱਤਾ, ਇਹ ਬਗ਼ਾਵਤ ਐ; ਸਖ਼ਤੀ ਨਾਲ ਦਬਾਅ ਦਿੱਤੀ ਜਾਵੇਗੀ। ਸਰਕਾਰ ਪੱਖੀਆਂ ਵੱਲੋਂ ਜਾਇਜ਼ ਮੰਗਾਂ ਨਾਲ ਖਾਲਿਸਤਾਨ ਜਾਣ-ਬੁੱਝ ਕੇ ਮੱਲੋ-ਮੱਲੀ ਜੋੜਿਆ ਜਾ ਰਿਹਾ ਸੀ। ਇੱਕ ਪੱਤਰਕਾਰ ਨੇ ਸੰਤਾਂ ਨੂੰ ਸਪਸ਼ਟ ਪੁੱਛ ਲਿਆ:

"ਤੁਸੀਂ ਖਾਲਿਸਤਾਨ ਚਾਹੁੰਦੇ ਹੋ?"

"ਸਾਨੂੰ ਗ਼ਲਤ ਕਿਉਂ ਸਮਝਿਆ ਜਾ ਰਿਹਾ ਹੈ। ਸਿੱਖ ਕੌਮ ਬਰਾਬਰ ਦਾ ਨਿਆਂ ਮੰਗਦੀ ਐ। ਆਜ਼ਾਦੀ ਦਾ ਗੌਰਵ ਚਾਹੁੰਦੀ ਐ। ਜੇ ਭਾਰਤ ਸਰਕਾਰ ਸਾਨੂੰ ਖਾਲਿਸਤਾਨ ਦੇ ਕੇ ਗਲੋਂ ਲਾਹੁਣਾ ਚਾਹੁੰਦੀ ਐ, ਅਸੀਂ ਲੈਣੋਂ ਨਾਂਹ ਨਹੀਂ ਕਰਾਂਗੇ, ਸਰਕਾਰ ਆਪਣੇ ਦਿਲੋਂ ਇਹ

ਭਰਮ ਤੇ ਗੁਮਾਨ ਕੱਢ ਦੇਵੇ ਕਿ ਅਸੀਂ ਭੁੱਖੇ ਮਰ ਜਾਵਾਂਗੇ। ਅਸੀਂ ਲੰਗੜੇ-ਲੂਲੇ ਨਹੀਂ, ਕਿਰਤ ਕਰਨਾ, ਵੰਡ ਛਕਣਾ, ਸਾਡੇ ਧਰਮ ਵਿਚ ਐ। ਸਿੱਖ ਕੌਮ ਸਰਬੱਤ ਦੇ ਭਲੇ ਦੀ ਭਾਈਵਾਲ ਐ। ਅਸੀਂ ਤੁਹਾਨੂੰ ਪੁੱਛਦੇ ਆਂ, ਇਹ ਸਰਕਾਰ ਲੂੰਬੜ ਚਾਲਾਂ ਨਾਲ ਸਾਨੂੰ ਆਪਣੇ ਵਿਰੋਧੀ ਕਿਉਂ ਬਣਾਉਂਦੀ ਐ, ਸਿਦਕਵਾਨ ਸਾਥੀ ਕਿਉਂ ਨਹੀਂ ਸਮਝਦੀ।'' ਉਨ੍ਹਾਂ ਪੂਰੇ ਜਲਾਲ ਵਿਚ ਵਿਸਥਾਰ ਨਾਲ ਉੱਤਰ ਦਿੱਤਾ।

"ਸੰਤ ਭਾਵੇਂ ਬਹੁਤ ਪੜ੍ਹੇ-ਲਿਖੇ ਨਹੀਂ ਸਨ, ਸਿਵਾਏ ਗੁਰਬਾਣੀ ਵਿਚਾਰ ਦੇ, ਪਰ ਸੱਚ ਦੇ ਹਥਿਆਰ ਆਸਰੇ ਸਭ ਨੂੰ ਸਪੱਸ਼ਟ ਕਰ ਦੇਂਦੇ ਸਨ। ਇਉਂ ਹੀ ਸਿੱਖ ਕੌਮ ਬਾਰੇ ਸਰਕਾਰ ਤੇ ਪ੍ਰੈੱਸ ਦੇ ਪਾਏ ਭੁਲੇਖਿਆਂ ਨੂੰ ਦੂਰ ਕਰਦੇ ਸਨ। ਇੱਕ ਦਿਨ ਜਸਵੰਤ ਸਿੰਘ ਕੰਵਲ ਵੀ ਨਾਨਕ ਨਿਵਾਸ ਪਹੁੰਚ ਗਿਆ।

"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ!'' ਕੰਵਲ ਨੇ ਹੱਥ ਜੋੜ ਫ਼ਤਹਿ ਬੁਲਾਈ।

ਫ਼ਤਹਿ ਦਾ ਜਵਾਬ ਦੇਂਦਿਆਂ ਸੰਤਾਂ ਹੱਸ ਕੇ ਆਖਿਆ।

"ਆ ਬਈ ਕੰਵਲ, ਬੜਾ ਲੇਟ ਆਇਆ ਏਂ। ਤੇਰੇ ਲਿਖਣ ਵਾਲੇ ਕਿੰਨੇ ਹੀ ਭਾਣੇ ਇੱਥੇ ਵਰਤ ਗਏ।''

"ਤੁਹਾਡੇ ਦਰਸ਼ਨ ਕਰਨੇ ਸੀ ਤੇ....।''

"ਦਰਸ਼ਨਾਂ ਵਿਚ ਕੀ ਪਿਆ ਏ; ਗੱਲ ਤਾਂ ਵਿਚਾਰਾਂ ਦੀ ਹੁੰਦੀ ਐ।'' ਸੰਤਾਂ ਨੇ ਕੰਵਲ ਦੀ ਗੱਲ ਮੱਲੋਮੱਲੀ ਖੋਹ ਲਈ।

"ਦਰਸ਼ਨਾਂ ਵਿਚ ਵਿਚਾਰਾਂ ਦੀ ਸਾਂਝ ਵੀ ਰਲੀ ਹੁੰਦੀ ਐ।'' ਉਂਜ ਕੰਵਲ ਦਾ ਮਨ ਕਹਿ ਰਿਹਾ ਸੀ, ਮੈਨੂੰ ਪਹਿਲੋਂ ਆਉਣਾ ਚਾਹੀਦਾ ਸੀ।

"ਝੂਠ ਕਿਉਂ ਬੋਲਦਾ ਏਂ। ਤੇਰੇ ਬੁੱਧੀਜੀਵੀ ਕਿੱਥੇ ਐ? ਉਹ ਕਿਉਂ ਨਹੀਂ ਬੋਲਦੇ, ਲਿਖਦੇ। ਮੂੰਹ ਵਿਚ ਘੁੰਗਣੀਆਂ ਕਿਉਂ ਪਾਈਆਂ ਏਂ। ਐਨਾ ਗਰਮ ਹੋਇਆ ਲੋਹਾ ਕਦੋਂ ਮਿਲੇਗਾ? ਜਿਹੜੇ ਚੁੱਪ ਹਨ, ਸੱਚ 'ਤੇ ਨਹੀਂ ਡਟਦੇ, ਇਤਿਹਾਸ ਦੇ ਛੋਟੇ-ਵੱਡੇ ਸਭ ਦੋਸ਼ੀ ਤੇ ਗ਼ਦਾਰ ਹੋਣਗੇ।''

"ਤੁਸੀਂ ਠੀਕ ਆਖਦੇ ਹੋ। ਜੇ ਬੁੱਧੀਜੀਵੀ ਦੇ ਪੱਲੇ ਸੱਚ ਨਹੀਂ, ਕੁਝ ਵੀ ਨਹੀਂ। ਗੁਰੂ ਨਾਨਕ ਦੇਵ ਜੀ ਨੇ ਸਿਰ 'ਤੇ ਉੱਲਰੀ ਲਹੂ ਲਿੱਬੜੀ ਤਲਵਾਰ ਸਾਹਮਣੇ ਬਾਬਰ ਨੂੰ ਹੱਤਿਆਰਾ ਆਖਿਆ ਸੀ। ਇਹ ਹੈ ਇੱਕ ਬੁੱਧੀਜੀਵੀ ਦਾ ਕਰਤੱਵ। ਪਰ ਘਟਨਾ ਦੇ ਸਿੱਟਿਆਂ ਬਾਰੇ ਸੋਚਣਾ ਤੇ ਲਿਖਣਾ ਵੀ ਬੁੱਧੀਜੀਵੀ ਦਾ ਫ਼ਰਜ਼ ਹੈ। ਪਰ ਸੰਤ ਜੀ ਗੱਲ ਵਿਗੜਦੀ ਜਾ ਰਹੀ ਐ; ਕਿਸੇ ਚੰਗੇ ਪਾਸੇ ਨੂੰ ਨਹੀਂ ਜਾ ਰਹੀ।''

"ਦੇਖ ਬਈ ਕੰਵਲ, ਮੈਂ ਆਂ ਸਿੱਧਾ ਤੇ ਸੱਚਾ ਬੰਦਾ....।''

ਕੰਵਲ ਵਿਚੋਂ ਹੀ ਬੋਲ ਪਿਆ;

"ਸੱਚ ਨੂੰ ਮੁੱਢ ਕਦੀਮ ਤੋਂ ਫ਼ਾਂਸੀ ਮਿਲਦੀ ਰਹੀ ਐ। ਦੁੱਧ ਪੀਣੇ ਫਾਂਡਰੂ ਮਜਨੂੰ ਭੱਜ ਜਾਂਦੇ ਹਨ ਤੇ ਸਿਦਕਵਾਨ ਖੜ੍ਹੇ ਰਹਿ ਜਾਂਦੇ ਹਨ।''

"ਦੇਖ ਔਰੰਗਜ਼ੇਬ ਕੋਲ ਜ਼ੋਰ-ਜ਼ੁਲਮ ਵਾਲੀ ਕੂੜ ਦੀ ਰਾਜਨੀਤੀ ਸੀ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਪਾਸ ਸੱਚ ਦਾ ਧਰਮ ਸੀ। ਓਹੀ ਹਾਲਾਤ ਅੱਜ ਐ। ਪੰਜਾਬ ਧੌਲ ਐ ਦੇਸ਼ ਦਾ;

ਪਰ ਤੂੰ ਕਿਉਂ ਨਹੀਂ ਵੇਖਦਾ ਇਨ੍ਹਾਂ ਕਾਂਗਰਸੀ ਕਾਵਾਂ ਕਿਵੇਂ ਖਾਣਾ ਸ਼ੁਰੂ ਕੀਤਾ ਏ। ਇਨ੍ਹਾਂ ਕਾਂਗਰਸੀਆਂ ਨੂੰ ਆਪਣਾ ਪੰਜਾਬ ਨਹੀਂ ਦਿੱਸਦਾ। ਕਿਵੇਂ ਗ਼ਦਾਰੀਆਂ ਕਰਨ ਲਈ ਇੱਕ ਦੂਜੇ ਤੋਂ ਮੂਹਰੇ ਹੋ ਹੋ ਡਿੱਗਦੇ ਐ। ਤੇਰਾ ਵਾਰਿਸ ਸ਼ਾਹ ਆਖਦਾ ਸੀ: "ਅਸੀਂ ਇਸ਼ਕ ਦੇ ਆਣ ਮੈਦਾਨ ਰੁੱਝੇ, ਬੁਰਾ ਸੂਰਮੇ ਨੂੰ ਰਣੋ ਹੱਲਣਾ ਈ।" ਏਨੀ ਕਹਿ ਕੇ ਉਹ ਬੇਪਰਵਾਹੀ ਨਾਲ ਹੱਸ ਪਏ।

"ਸੰਤ ਜੀ, ਰਾਜੀਵ ਤਾਂ ਤੁਹਾਡਾ ਯਾਰ ਐ, ਨਿਆਂ ਦੁਆਣ ਵਿਚ ਕੁਝ ਮਦਦ.....।"

"ਤੇਰੀ ਚੋਟ ਕਰਨ ਦੀ ਆਦਤ ਨਹੀਂ ਗਈ।"

"ਨਹੀਂ ਸੰਤ ਜੀ, ਇਸ ਟਕਰਾਅ ਨੂੰ ਰੋਕਣ ਲਈ ਉਸ ਨੂੰ ਅੱਗੇ ਆਉਣਾ ਚਾਹੀਦਾ ਸੀ। ਉਹ ਇੰਦਰਾ ਦਾ ਵਾਰਿਸ ਬਣਨ ਜਾ ਰਿਹਾ ਹੈ।" ਸੰਤ ਸੋਚਣ ਲੱਗ ਪਏ। ਕੰਵਲ ਨੇ ਮੁੜ ਕਹਿਣਾ ਸ਼ੁਰੂ ਕੀਤਾ। "ਇਹ ਸਿੱਖ ਕੌਮ ਦੇ ਭਵਿੱਖ ਦਾ ਸਵਾਲ ਐ। ਨਿਰਾ ਧਰਮ ਅਤੇ ਸੱਚ 'ਤੇ ਅੜੇ ਰਹਿਣ ਨਾਲ ਸੰਜੀਦਾ ਰਾਜਨੀਤੀ ਵਰਤ ਲੈਣ ਵਿਚ ਕੀ ਹਰਜ ਐ?"

"ਮੈਨੂੰ ਵਲ ਫੇਰ ਵਾਲੀ ਰਾਜਨੀਤੀ ਨਹੀਂ ਆਉਂਦੀ। ਵਿਚਲੀ ਗੱਲ ਐ, ਸਰਕਾਰ ਟਕਸਾਲ ਨੂੰ ਪਾਰਟੀ ਨਾਲੋਂ ਤੋੜਨਾ ਚਾਹੁੰਦੀ ਐ। ਭਾਈ ਅਮਰੀਕ ਸਿੰਘ ਦੀ ਸ਼੍ਰੋਮਣੀ ਕਮੇਟੀ ਦੀ ਚੋਣ ਸਮੇਂ ਵੀ ਇਹ ਚਾਲਾਂ ਚੱਲੀਆਂ ਗਈਆਂ ਸਨ। ਅਸੀਂ ਸ਼੍ਰੋਮਣੀ ਕਮੇਟੀ ਦੇ ਪਰਪੱਕ ਗੁਰਮੁੱਖ ਮੈਂਬਰ ਚੁਣਨਾ ਚਾਹੁੰਦੇ ਸਾਂ, ਪਰ ਅਕਾਲੀ ਪਾਰਟੀ ਕੱਚੇ-ਪਿੱਲੇ ਸਿੱਖਾਂ ਨੂੰ ਵੀ ਮੈਂਬਰੀਆਂ ਬਖ਼ਸ਼ੀ ਜਾ ਰਹੀ ਐ। ਕੌਮ ਦਾ ਨਿਘਾਰ ਏਥੋਂ ਸ਼ੁਰੂ ਹੁੰਦਾ ਏ।"

"ਮੈਂ ਤੁਹਾਡੀ ਰਾਇ ਨਾਲ ਸੋਲ੍ਹਾਂ ਆਨੇ ਸਹਿਮਤ ਆਂ, ਪਰ ਤੁਹਾਡਾ ਸੰਤ ਲੌਂਗੋਵਾਲ ਜੀ ਨਾਲ ਕੀ ਵਿਰੋਧ ਐ? ਉਹ ਤਾਂ ਭਲੇ ਲੋਕ ਹਨ।"

"ਅਸੀਂ ਲੁੱਚੇ ਲੋਕ ਆਂ।" ਉਹ ਤਤਫੱਟ ਬੋਲ ਪਏ। "ਅਸੀਂ ਉਨ੍ਹਾਂ ਨੂੰ ਮੋਰਚੇ ਦਾ ਡਿਕਟੇਟਰ ਮੰਨਿਆ ਏ, ਸਤਿਕਾਰ ਕਰਦੇ ਆਂ। ਸਾਡੇ ਬੰਦੇ ਮੋਰਚੇ ਵਿਚ ਜਾਂਦੇ ਹਨ। ਸਾਡਾ ਕੋਈ ਵਿਰੋਧ ਨਹੀਂ।"

"ਇਹ ਤਾਂ ਠੀਕ ਐ। ਅੰਗਰੇਜ਼ ਹਿੰਦੋਸਤਾਨੀਆਂ ਨੂੰ ਪਾੜ ਪਾੜ ਰਾਜ ਕਰਦਾ ਰਿਹਾ। ਕਾਂਗਰਸ ਨੇ ਵੀ ਇਹੋ ਹੱਥ ਲੈ ਲਿਆ ਹੈ। ਕੇਂਦਰ ਤਾਂ ਪੰਜਾਬ ਦੇ ਕਾਂਗਰਸੀਆਂ ਨੂੰ ਵੀ ਇੱਕ-ਮੁੱਠ ਨਹੀਂ ਹੋਣ ਦੇਂਦਾ, ਕਿਤੇ ਪੰਜਾਬ ਦੀਆਂ ਸਹੀ ਮੰਗਾਂ ਲਈ ਇਹ ਅਕਾਲੀਆਂ ਦੀ ਹਮਾਇਤ ਵਿਚ ਨਾ ਖਲੋ ਜਾਣ। ਜੇ ਤੁਸੀਂ ਦੋਵੇਂ ਕੌਮ ਦੇ ਮਹਾਨ ਆਗੂ ਹੀ ਨਹੀਂ, ਮਹਾਨ ਥੰਮ ਆਖਾਂਗਾ: ਇੱਕ ਮੁੱਠ ਨਹੀਂ, ਸਿੱਖ ਕੌਮ ਤੇ ਪੰਜਾਬ ਦਾ ਸਤਿਆਨਾਸ ਪੁੱਟਿਆ ਜਾਵੇਗਾ।"

"ਤੁਸੀਂ ਜਾ ਕੇ ਲੌਂਗੋਵਾਲ ਨੂੰ ਸਮਝਾਓ ਨਾ?"

"ਤੁਸੀਂ ਮੋਰਚੇ ਦੇ ਡਿਕਟੇਟਰ ਬਣਨਾ ਚਾਹੋਗੇ।"

"ਡਿਕਟੇਟਰ ਉਹੀ ਰਹਿਣਗੇ, ਪਰ ਸਾਡੇ ਨਾਲ ਸਲਾਹ ਮਸ਼ਵਰਾ ਜ਼ਰੂਰ ਕਰਨ। ਅਸੀਂ ਹੋਰ ਕੁਝ ਨਹੀਂ ਚਾਹੁੰਦੇ।"

"ਇੱਕ ਹੋਰ ਬੇਨਤੀ, ਹਥਿਆਰ ਦੋਵਾਂ ਧਿਰਾਂ ਕੋਲ ਹਨ, ਡਰ ਹੈ ਕਿਤੇ ਆਹਮਣੇ-ਸਾਹਮਣੇ ਨਾ ਹੋ ਜਾਣ",

"ਅਸੀਂ ਐਨੇ ਅਨਾੜੀ ਨਹੀਂ। ਕੰਵਲ ਇਹ ਵਹਿਮ ਦਿਲੋਂ ਕੱਢ ਦੇਵੇ। ਇਹ ਕੰਮ ਤਾਂ ਸਰਕਾਰ ਕਰਵਾਉਣ ਨੂੰ ਫਿਰਦੀ ਐ। ਅਸਾਂ ਨਾਨਕ ਨਿਵਾਸ ਛੱਡ ਦੇਣ ਦਾ ਮਨ ਬਣਾ

ਲਿਆ ਹੈ।" ਉਨ੍ਹਾਂ ਫ਼ੈਸਲੇ ਵਜੋਂ ਆਖਿਆ।

ਕੰਵਲ ਨਿਸਚਿੰਤ ਹੋ ਕੇ ਸ਼੍ਰੋਮਣੀ ਕਮੇਟੀ ਦੀ ਦੂਜੀ ਮੰਜ਼ਲ ਵਿਚ ਸੰਤ ਲੌਂਗੋਵਾਲ ਜੀ ਕੋਲ ਆ ਗਿਆ। ਫ਼ਤਹਿ ਬੁਲਾਈ ਅਤੇ ਚੌਕੜਾ ਮਾਰ ਕੇ ਬਹਿ ਗਿਆ।

"ਇਹ ਜਸਵੰਤ ਸਿੰਘ ਕੰਵਲ ਜੀ ਐ, ਸੰਤ ਜੀ, ਪੰਜਾਬੀ ਦੇ ਲੇਖਕ" ਇੱਕ ਜਾਣੂ ਸਿੰਘ ਨੇ ਪਛਾਣ ਕਰਵਾਈ।

"ਕੰਵਲ!" ਲੌਂਗੋਵਾਲ ਜੀ ਨੇ ਉੱਠ ਕੇ ਜੱਫ਼ੀ ਪਾ ਲਈ। "ਬਈ ਤੇਰਾ ਪੰਜਾਬ ਦੇ ਹੱਕਾਂ ਬਾਰੇ ਲੇਖ ਪੜ੍ਹਿਆ ਸੀ, ਅਸਾਂ ਉਸ ਨੂੰ ਚੌਵਰਕੀ ਸਫ਼ਿਆਂ ਵਿਚ ਛਾਪ ਕੇ ਲੋਕਾਂ ਦੇ ਗਿਆਤ ਲਈ ਵੰਡਿਆ ਸੀ। ਉਹ ਸਾਡੇ ਵਿਚਾਰਾਂ ਤੇ ਮੰਗਾਂ ਦੀ ਸਹੀ ਤੌਰ 'ਤੇ ਵਿਆਖਿਆ ਕਰਦਾ ਸੀ। ਤੁਹਾਡੀ ਲੇਖਣੀ ਵਿਚ ਜਾਨ ਐ। ਅਸਲ ਵਿਚ ਜਾਨ ਸੱਚ ਵਿਚ ਹੁੰਦੀ ਐ। ਤੁਸੀਂ ਇੱਥੇ ਸਾਡੇ ਕੋਲ ਆ ਜਾਵੋ।"

"ਸੈਂਤਾਲੀ ਵਿਚ ਇੱਥੋਂ ਹੀ ਗਿਆ ਹਾਂ।" ਕੰਵਲ ਨੇ ਵੰਡ ਸਮੇਂ ਦੀਆਂ ਤਲਖ਼ੀਆਂ ਨੂੰ ਯਾਦ ਕਰਕੇ ਆਖਿਆ।

ਇੱਕ ਸਿੰਘ ਨੇ ਸੰਤਾਂ ਦਾ ਦੁਪਹਿਰ ਦਾ ਭੋਜਨ ਤਿਆਰ ਕਰ ਦਿੱਤਾ ਸੀ। ਸੰਤਾਂ ਕੰਵਲ ਨੂੰ ਵੀ ਲੰਗਰ ਛਕਣ ਲਈ ਪ੍ਰੇਰਿਆ। ਤ੍ਰਿਪਤੀ ਹੋਣ ਪਿੱਛੋਂ ਲੌਂਗੋਵਾਲ ਜੀ ਦੇ ਚੂਲਾ ਪੜ੍ਹੇ ਜਾਣ ਪਿੱਛੋਂ ਕੰਵਲ ਨੇ ਗੱਲ ਤੋਰੀ।

"ਸਰਕਾਰ ਮੋਰਚੇ ਵਾਲੇ ਸਿੰਘਾਂ ਨੂੰ ਇੱਕ ਪਾਸੇ ਫੜਦੀ ਐ, ਦੂਜੇ ਪਾਸੇ ਛੱਡ ਜਾਂਦੀ ਐ, ਇਉਂ ਗੱਲ ਕਿਵੇਂ ਸਿਰੇ ਲੱਗੇਗੀ?"

"ਕਾਂਗਰਸ ਸਰਕਾਰ ਮੰਨੇ ਭਾਵੇਂ ਨਾ ਮੰਨੇ, ਊਂ ਉਹਦੀ ਲਿੱਦ ਨਿਕਲੀ ਪਈ ਐ।"

"ਮੋਰਚੀਆਂ ਨੂੰ ਛੱਡ ਜਾਣ ਨਾਲ ਸਰਕਾਰ ਦੀ ਸਿਹਤ 'ਤੇ ਕੀ ਅਸਰ ਪੈਂਦਾ ਹੈ? ਇੰਦਰਾ ਬਹੁਤ ਜ਼ਿੱਦੀ ਔਰਤ ਐ। ਉਸ ਨੂੰ ਐਮਰਜੰਸੀ ਸਮੇਂ ਤੁਹਾਡੇ ਲਾਏ ਮੋਰਚੇ ਦੀ ਔਖ ਚੋਭ੍ਹਾਂ ਦੇ ਰਹੀ ਐ। ਬਦਲੇ ਖੋਰ ਔਰਤ ਦਾ ਕੋਈ ਹੋਰ ਹੱਲ ਲੱਭੋ?"

"ਉਹ ਕਿਵੇਂ?"

"ਅਕਾਲੀ ਦਲ ਤੇ ਦਮਦਮੀ ਟਕਸਾਲ ਦੀ ਤਨੋ, ਮਨੋ ਤੇ ਧਨੋ ਏਕਤਾ ਜਿਹੜੀ ਉੱਤੋਂ ਤਾਂ ਦਿੱਸਦੀ ਐ, ਅੰਦਰੋਂ ਸੰਗਤਰੇ ਦੀਆਂ ਫਾੜੀਆਂ ਬਣੀ ਹੋਈ ਐ।" ਕੰਵਲ ਨੇ ਸਪਸ਼ਟ ਕਹਿ ਦਿੱਤਾ।

"ਅਸੀਂ ਟਕਸਾਲ ਦੀ ਹਰ ਸਹੀ ਗੱਲ ਮੰਨਣ ਲਈ ਤਿਆਰ ਹਾਂ।" ਲੌਂਗੋਵਾਲ ਜੀ ਨੇ ਕਿਤੂ-ਪ੍ਰੰਤੂ ਕਰੇ ਬਿਨਾਂ ਕਹਿ ਦਿੱਤਾ।

"ਉਹ ਚਾਹੁੰਦੇ ਹਨ, ਉਨ੍ਹਾਂ ਕੋਲੋਂ ਹੀ ਆਇਆ ਹਾਂ, ਸਾਡੇ ਨਾਲ ਸਿਰਫ਼ ਸਲਾਹ ਮਸ਼ਵਰਾ ਜ਼ਰੂਰ ਕਰ ਲਿਆ ਕਰਨ।"

"ਜੀ ਸਦਕੇ, ਹਰ ਸਮੇਂ। ਕੰਵਲ ਸਾਡਾ ਤਾਂ ਗੁਰੂ ਉੱਤੇ ਭਰੋਸਾ ਐ। ਚਲੀ ਚੱਲਣ ਦਿਓ, ਅਭੀ ਤੋ ਨਾਓਂ ਸਮੁੰਦਰ ਮੇਂ....।" ਸੰਤ ਹਰਚੰਦ ਸਿੰਘ ਜੀ ਹੱਦੋਂ ਵੱਧ ਭਲੇ ਪੁਰਸ਼ ਸਾਬਤ ਹੋਏ। ਭਲਾ ਤੇ ਚਲਾਕ ਪੁਰਸ਼ ਵੀ ਭਵਿੱਖ ਦੇ ਸਿੱਟਿਆਂ ਬਾਰੇ ਹਨੇਰੇ 'ਚ ਹੁੰਦਾ ਹੈ। ਜੇ ਚਾਨਣ ਹੋਵੇ, ਕਦੇ ਹਾਰੇ ਨਾ, ਦੁਖਾਂਤ ਦਾ ਮੂੰਹ ਨਾ ਪਵੇ।

"ਬੈਟਰਮੈਂਟ ਐਜੀਟੇਸ਼ਨ ਸਮੇਂ ਬਾਬਾ ਸੋਹਣ ਸਿੰਘ ਭਕਨਾ ਨੇ ਆਖਿਆ ਸੀ: ਮੋਰਚਾ

ਸ਼ੁਰੂ ਕਰਨਾ ਸੁਖਾਲਾ ਹੈ, ਪਰ ਬੰਦ ਕਰਨਾ ਬਹੁਤ ਔਖਾ। ਬਿਨਾਂ ਕੁਝ ਹਾਸਲ ਕੀਤੇ ਮੋਰਚਾ ਬੰਦ ਕਰ ਦਿੱਤਾ, ਸਮਝੋ ਪਾਰਟੀ ਲੋਕਾਂ ਵਿਚੋਂ ਖ਼ਤਮ।" ਕੰਵਲ ਨੇ ਭਕਨੇ ਵਾਲੀ ਟਿੱਪਣੀ ਗੰਭੀਰਤਾ ਨਾਲ ਆਖੀ।

"ਹਾਲੇ ਤਾਂ ਕੰਵਲ ਮੋਰਚਾ ਚੜ੍ਹਦੀ ਕਲਾ ਵਿਚ ਜਾ ਰਿਹਾ ਸੀ। ਸਾਡੇ ਕੋਲ ਤਿੰਨ ਮਹੀਨੇ ਦੀ ਕੋਟਾ ਲਿਸਟ ਪਈ ਐ। ਲੋਕ ਤਾਂ ਬਹੁਤ ਉਤਾਵਲੇ ਐ ਜੇਲ੍ਹ ਜਾਣ ਲਈ।" ਸੰਤ ਹਰ ਤਰ੍ਹਾਂ ਤਸੱਲੀ ਵਿਚ ਸੀ।

"ਇੱਕ ਖ਼ਤਰਾ ਹੋਰ, ਸਰਕਾਰ ਦੀ ਕੋਈ ਵਾਹ ਨਾ ਗਈ ਤਾਂ ਹਿੰਸਾ ਦਾ ਰਾਹ-ਬਹਾਨਾ ਭਾਲੇਗੀ। ਸਰਕਾਰ ਨੂੰ ਬਲ ਪ੍ਰਯੋਗ ਕਰਨ ਦਾ ਮੌਕਾ ਨਹੀਂ ਮਿਲਣਾ ਚਾਹੀਦਾ।"

"ਸਾਡਾ ਧਰਮ ਯੁੱਧ ਮੋਰਚਾ ਹਰ ਹਾਲਤ ਵਿਚ ਸ਼ਾਂਤਮਈ ਰਹੇਗਾ। ਜ਼ੁਲਮ ਸਹਿ ਲੈਣਾ ਹੈ, ਅੱਗੋਂ ਹੱਥ ਨਹੀਂ ਚੁੱਕਣਾ। ਇੱਕ ਹਾਸੇ ਦੀ ਗੱਲ ਸੁਣਾਵਾਂ; ਇੱਕ ਸਿਪਾਹੀ ਨੇ ਜੱਥੇ ਵਾਲੇ ਨੌਜਵਾਨ ਸਿੰਘਾਂ ਦੇ ਮੌਰਾਂ ਵਿਚ ਡੰਡਾ ਮਾਰਿਆ। ਨੌਜਵਾਨ ਨੇ ਸਿਪਾਹੀ ਨੂੰ ਆਖਿਆ,

"ਸਾਲਿਆ ਹੌਲੀ ਮਾਰ ਲੈ।"

ਸਿਪਾਹੀ ਹੱਸ ਪਿਆ ਤੇ ਲੱਗਦੇ ਹੱਥ ਦੋ ਡੰਡੇ ਹੋਰ ਧਰ ਦਿੱਤੇ।

"ਇਹ ਸਾਲਿਆ ਆਖੇ ਦੇ।"

"ਸੰਤਾਂ ਹੱਥ ਬੰਨ੍ਹ ਕੇ ਤੋਰੇ ਆਂ, ਨਹੀਂ ਤੇਰੀਆਂ ਲੀਰਾਂ ਕਰ ਦੇਂਦਾ।" ਸੰਤ ਗੱਲ ਸੁਣਾਉਂਦੇ ਹੱਸ ਰਹੇ ਸਨ।

"ਇਹ ਹੈ ਪੰਜਾਬ ਦਾ ਅਸਲ ਕਰੈਕਟਰ। ਸਾਡੇ ਆਗੂ ਇਸ ਕਰੈਕਟਰ ਨੂੰ ਨਿਰੋਈ ਸੇਧ ਨਹੀਂ ਦੇ ਸਕੇ।" ਕੰਵਲ ਨੇ ਹੱਥ ਚੁੱਕ ਕੇ ਕਿਹਾ।

ਐਨੇ ਕੁ ਜਰਨਲਿਸਟ ਲੌਂਗੋਵਾਲ ਜੀ ਦੀ ਇੰਟਰਵਿਊ ਲਈ ਆ ਗਏ। ਸੰਤ ਨੇ ਜੀ ਆਇਆਂ ਆਖ ਫ਼ਤਹਿ ਬੁਲਾਈ। ਸਭ ਲਈ ਚਾਹ ਤੇ ਬਿਸਕੁਟ ਮੰਗਵਾਏ। ਕੰਵਲ ਨੇ ਦਿਲਚਸਪ ਵਾਰਤਾ ਲਈ ਚੁੱਪ ਸਾਧ ਲਈ। ਇੱਕ ਜਰਨਲਿਸਟ ਨੇ ਸਵਾਲ ਖੜ੍ਹਾ ਕੀਤਾ।

"ਸੰਤ ਜੀ, ਆਪਣੀਆਂ ਮੰਗਾਂ ਦਾ ਸੰਖੇਪ ਸਾਰ ਦੱਸੋ? ਜਿਨ੍ਹਾਂ ਲਈ ਮੋਰਚਾ ਲਾਇਆ ਏ।"

"ਐਨਾ ਰੌਲਾ ਪੈ ਚੁੱਕਾ ਏ, ਤੁਹਾਨੂੰ ਸਾਡੀਆਂ ਮੰਗਾਂ ਬਾਰੇ ਹੀ ਪਤਾ ਨਹੀਂ। ਲੱਗਦੇ ਤਾਂ ਪੰਜਾਬੀ ਹੋ, ਗੱਲ ਪ੍ਰਦੇਸੀਆਂ ਵਾਲੀ ਛੇੜਦੇ ਹੋ?"

"ਸਾਨੂੰ ਠੀਕ ਤਰ੍ਹਾਂ ਜਾਣਕਾਰੀ ਨਹੀਂ।" ਇੱਕ ਹੋਰ ਨੇ ਟੇਪ ਰਿਕਾਰਡਰ ਖੋਲ੍ਹ ਲਿਆ।

"ਗੁਰੂ ਤੁਹਾਡਾ ਭਲਾ ਕਰੇ, ਸੁਮੱਤ ਬਖ਼ਸ਼ੇ। ਮੁੱਢ ਵਿਚ ਪਾਣੀ ਨੂੰ ਹੀ ਲੈ ਲੈਂਦੇ ਆਂ। ਜਿਹੜਾ ਮੋਰਚੇ ਦੀ ਬੁਨਿਆਦ ਬਣਿਆ ਹੈ। ਪੰਜ ਆਬ ਕਰਕੇ ਪੰਜਾਬ ਨਾਂ ਵਜੂਦ ਵਿਚ ਆਇਆ....।"

"ਹੁਣ ਤਾਂ ਢਾਈ ਆਬ ਹੀ ਆਖੋ।" ਇੱਕ ਹੋਰ ਚੋਟ ਕਰ ਗਿਆ।

"ਪੰਜਾਬ ਦੀ ਤਾਰੀਖ਼ ਨੇ ਸਿਕੰਦਰ ਤੋਂ ਲੈ ਕੇ ਬੜੇ ਹੇਰ-ਫੇਰ ਵੇਖੇ ਹਨ। ਅਸੀਂ ਢਾਈ ਆਬ ਨੂੰ ਮੁੱਖ ਰੱਖ ਕੇ ਗੱਲ ਕਰ ਲੈਂਦੇ ਆਂ। ਹਰਿਆਣਾ ਤੇ ਰਾਜਸਥਾਨ ਦਾ ਇੱਕ ਇੰਚ ਇਲਾਕਾ ਵੀ ਸਾਡੇ ਦਰਿਆਵਾਂ ਨਾਲ ਨਹੀਂ ਲੱਗਦਾ। ਸਾਡੇ ਆਪਣੇ ਵਿਧਾਨ ਅਨੁਸਾਰ ਰਿਪੇਰੀਅਨ ਕਾਨੂੰਨ ਅਨੁਸਾਰ ਦੋਵੇਂ ਰਾਜ ਇੱਕ ਬੂੰਦ ਪਾਣੀ ਦੇ ਹੱਕਦਾਰ ਨਹੀਂ। ਪੰਜਾਬ ਵਿਚ

ਕਾਂਗਰਸੀ ਰਾਜ ਸੀ, ਕੇਂਦਰ ਨੇ ਕੁਰਸੀਆਂ ਦਾ ਲਾਲਚ ਦੇ ਦੇ ਪੰਜਾਬ ਦੇ ਕਾਂਗਰਸੀਆਂ ਤੋਂ ਜੋ ਮਰਜ਼ੀ ਲਿਖਵਾ ਲਿਆ। ਜੇ ਇਸੇ ਤਰ੍ਹਾਂ ਪੰਜਾਬ ਦੇ ਪਾਣੀ ਦੀ ਲੁੱਟ ਪੈਂਦੀ ਰਹੀ, ਇਹ ਰੇਗਿਸਤਾਨ ਨਹੀਂ ਬਣ ਜਾਵੇਗਾ?

"ਦੂਜੀ ਗੱਲ, ਸਤਵੰਜਾ ਦੇ ਗ਼ਦਰ ਸਮੇਂ ਅੰਗਰੇਜ਼ਾਂ ਜਾਟਾਂ ਨੂੰ ਸਜ਼ਾ ਦੇਣ ਲਈ ਹਰਿਆਣੇ ਨੂੰ ਪੰਜਾਬ ਨਾਲ ਜੋੜਿਆ ਸੀ। ਹਰਿਆਣਾ ਤਾਂ ਪੰਜਾਬ ਦਾ ਹਿੱਸਾ ਹੀ ਨਹੀਂ ਸੀ। ਸਦੀਆਂ ਪੁਰਾਣੇ ਪੰਜਾਬ ਦੀ ਹੱਦ ਮਾਰਕੰਡਾ ਦਰਿਆ ਤੱਕ ਸੀ। ਮੈਨ ਦੁਆਬ ਤੱਕ ਠੇਠ ਪੰਜਾਬੀ ਬੋਲੀ ਜਾਂਦੀ ਹੈ। ਵਿਸ਼ਾਲ ਪੰਜਾਬ ਦੀ ਥਾਂ ਸਾਨੂੰ ਸੂਬੀ ਬਣਾ ਕੇ ਦੇ ਦਿੱਤੀ। ਰਾਜਧਾਨੀ ਚੰਡੀਗੜ੍ਹ ਕੇਂਦਰ ਨੇ, ਹਰਿਆਣਾ ਤੇ ਪੰਜਾਬ ਨੂੰ ਲੜਦੇ ਰੱਖਣ ਲਈ ਆਪ ਦੱਬ ਲਈ, ਜਿਹੜੀ ਪੰਜਾਬੀ ਬੋਲਦੇ ਇਲਾਕੇ ਖਰੜ ਤਹਿਸੀਲ ਦਾ ਹਿੱਸਾ ਸੀ।"

"ਤੀਜੇ ਭਾਖੜੇ ਦੀ ਬਿਜਲੀ ਮਨਮਰਜ਼ੀ ਦੇ ਭਾਅ ਹਥਿਆ ਲਈ ਤਾਂ ਜੋ ਪੰਜਾਬ ਇੰਡਸਟਰੀ ਲਾ ਕੇ ਤਕੜਾ ਨਾ ਹੋ ਜਾਵੇ। ਪੰਜਾਬ ਦੇ ਕਾਂਗਰਸੀ, ਜਿੱਥੇ ਨਹਿਰੂ ਇੰਦਰਾ ਅੰਗੂਠਾ ਲਾਉਣ ਲਈ ਆਖਦੇ ਰਹੇ, ਚੁੱਪ-ਚਾਪ ਲਾਉਂਦੇ ਰਹੇ। ਉਹ ਕਾਂਗਰਸੀ ਪੰਜਾਬ ਦੇ ਤਰਜਮਾਨ ਨਹੀਂ ਸਨ। ਪੰਜਾਬ ਦਾ ਪਹਿਲੇ ਨੰਬਰ ਦਾ ਵਾਰਿਸ ਕਿਸਾਨ ਸੀ, ਜਿਸ ਨੂੰ ਕਿਸੇ ਪੁੱਛਿਆ ਨਹੀਂ।"

"ਸੋ ਪਾਣੀ, ਬਿਜਲੀ, ਰਾਜਧਾਨੀ ਤੇ ਪੰਜਾਬੀ ਬੋਲਦੇ ਇਲਾਕਿਆਂ ਦੀ ਮਾਲਕੀ ਪੰਜਾਬ ਨੂੰ ਮਿਲਣੀ ਚਾਹੀਦੀ ਹੈ।"

"ਜੇ ਸਰਕਾਰ ਨੇ ਨਾ ਦਿੱਤੇ?" ਇੱਕ ਅਖ਼ਬਾਰੀ ਨੁਮਾਇੰਦਾ ਬੋਲ ਪਿਆ।

"ਉਹੀ ਤਾਂ ਰਗੜੇ ਖਾਈ ਜਾ ਰਹੇ ਆਂ। ਇਨ੍ਹਾਂ ਜਾਣ-ਬੁੱਝ ਕੇ ਸਾਨੂੰ ਮੋਰਚਿਆਂ ਦੇ ਰਾਹ ਪਾਇਆ ਏ ਤਾਂ ਜੋ ਪੰਜਾਬ ਅਮਨ ਚੈਨ ਨਾਲ ਵਸਦਾ, ਕਿਰਤ ਕਰਦਾ ਕਿਤੇ ਖੁਸ਼ਹਾਲ ਨਾ ਹੋ ਜਾਵੇ। ਸੋ, ਸਾਡੀ ਹੱਕੀ ਲੜਾਈ ਜਾਰੀ ਰਹੇਗੀ।"

"ਪੰਜਾਬ ਦੇ ਖੁਸ਼ਹਾਲ ਹੋਣ ਦੀ ਤਾਂ ਸਰਕਾਰ ਨੂੰ ਖੁਸ਼ੀ ਹੋਵੇਗੀ, ਉਨ੍ਹਾਂ ਦੀ ਆਮਦਨ ਵਧੇਗੀ।"

"ਬਹੁਤੀ ਖੁਸ਼ਹਾਲ ਹੁੰਦਾ ਸ਼ਰੀਕ ਸਹਾਰਿਆ ਨਹੀਂ ਜਾਂਦਾ। ਇਨ੍ਹਾਂ ਆਪਣੀ ਮਰਜ਼ੀ ਦੀਆਂ ਕਮੇਟੀਆਂ ਟ੍ਰਿਬਿਊਨਲ ਬਣਾਏ, ਉਨ੍ਹਾਂ ਤੋਂ ਮਨਮਰਜ਼ੀ ਦੇ ਫ਼ੈਸਲੇ ਕਰਵਾਏ ਸਾਰੇ ਪੰਜਾਬ ਦੇ ਉਲਟ। ਪੰਜਾਬ ਦੇ ਕਿਸਾਨ ਨੂੰ ਕਿਸੇ ਪੁੱਛਿਆ ਤੱਕ ਨਹੀਂ, ਤੇਰੀ ਜਿਨਸ ਐਸ ਭਾਅ ਲੈਣੀ ਐ। ਮਨਮਰਜ਼ੀ ਦੀ ਲੁੱਟ ਨਾਲ ਕਿਸਾਨ ਕੰਗਾਲ ਹੋ ਕੇ ਰਹਿ ਗਿਆ ਹੈ।"

"ਹਿੰਦੂ ਮੋਰਚੇ ਵਿਚ ਸਾਥ ਕਿਉਂ ਨਹੀਂ ਦੇ ਰਹੇ, ਜਦੋਂ ਪਾਣੀ ਦੀ ਖੁਸ਼ਹਾਲੀ ਕਾਰਨ ਉਨ੍ਹਾਂ ਦੇ ਵਪਾਰ ਨੂੰ ਵੀ ਲਾਭ ਹੋਣਾ ਏਂ?"

"ਇਹ ਗੱਲ ਤੁਹਾਨੂੰ ਹਿੰਦੂ ਵਪਾਰੀਆਂ ਨੂੰ ਸਮਝਾਉਣੀ ਚਾਹੀਦੀ ਐ। ਅਸੀਂ ਤਾਂ ਸਰਬੱਤ ਦੇ ਭਲੇ ਅਨੁਸਾਰ ਸਾਰੇ ਪੰਜਾਬੀਆਂ ਨੂੰ ਆਪਣੇ ਮਿੱਤਰ ਸਮਝਦੇ ਆਂ। ਸਿੱਖੀ ਸਾਰੀਆਂ ਜਾਤਾਂ, ਵਰਨਾਂ ਤੇ ਫ਼ਿਰਕਿਆਂ ਨੂੰ ਮਿਟਾ ਕੇ ਸਿੱਕੇਬੰਦ ਸਿੱਖ ਮਨੁੱਖ, ਕੇਵਲ ਮਨੁੱਖਤਾ ਦੀ ਧਾਰਨੀ ਹੈ।"

"ਲੱਗਦਾ ਏ ਸੰਤ ਜੀ, ਤੁਹਾਡੀਆਂ ਮੰਗਾਂ ਠੀਕ ਹਨ, ਪਰ ਮੰਨਣੀਆਂ ਕਿਸੇ ਨਹੀਂ, ਫਿਰ ਵੀ ਪੈਂਤੜਾ ਮੱਲੋਗੇ?"

"ਸਰਕਾਰ ਵੱਧ ਤੋਂ ਵੱਧ ਹੋਰ ਜ਼ੁਲਮ ਕਰ ਲਵੇਗੀ। ਅਸੀਂ ਸਹਾਂਗੇ, ਪਰ ਆਪਣੇ ਹੱਕ-ਸੱਚ ਤੋਂ ਪਿੱਛੇ ਨਹੀਂ ਹਟਾਂਗੇ।"

"ਗੱਲਾਂ ਸੰਤ ਜੀ ਹੋਰ ਵੀ ਬਹੁਤ ਹਨ, ਪਰ ਤੁਸਾਂ ਸੰਖੇਪ ਵਿਚ ਨਿਚੋੜ ਦੱਸ ਦਿੱਤਾ, ਤੁਹਾਡਾ ਬਹੁਤ-ਬਹੁਤ ਧੰਨਵਾਦ!"

"ਪਰ ਆਉਣ ਵਾਲੇ ਅਖ਼ਬਾਰੀ ਭਰਾਵੋ, ਸਾਡਾ ਵੀ ਤੁਹਾਡੇ ਪ੍ਰਤੀ ਇੱਕ ਗਿਲਾ ਹੈ: ਤੁਸੀਂ ਸਾਨੂੰ ਸਹੀ ਸਹੀ ਨਹੀਂ ਲਿਖਦੇ। ਮੰਨ ਕੇ ਕੁਝ ਜਾਂਦੇ ਹੋ, ਲਿਖ ਜਾ ਕੇ ਕੁਝ ਹੋਰ ਈ ਦਿੰਦੇ ਓ। ਇਹ ਈਮਾਨਦਾਰੀ ਨਹੀਂ।"

"ਤੁਸਾਂ ਬਿਲਕੁਲ ਸੱਚ ਫ਼ਰਮਾਇਆ। ਸਾਡੀਆਂ ਵੀ ਕੁਝ ਮਜਬੂਰੀਆਂ ਹੁੰਦੀਆਂ ਹਨ। ਇਸ ਗੱਲੋਂ ਅਸੀਂ ਪਾਕ ਸਾਫ਼ ਨਹੀਂ। ਸਾਨੂੰ ਮਾਫ਼ ਕਰ ਦੇਣਾ, ਸਾਡੇ 'ਤੇ ਵੀ ਹੋਰ ਮਾਲਕ ਹਨ।" ਜਰਨਲਿਸਟ ਹੱਥ ਜੋੜ ਕੇ ਉੱਠ ਖਲੋਤੇ।

"ਸਾਡੇ ਲਾਇਕ ਕੋਈ ਸੇਵਾ ?" ਸੰਤ ਵੀ ਉੱਠ ਕੇ ਖਲੋ ਗਏ। "ਅਸੀਂ ਮਜਬੂਰੀਆਂ ਨੂੰ ਸਮਝਦੇ ਆਂ। ਪਰ ਮਨੁੱਖੀ ਈਮਾਨ ਨੂੰ ਕੀ ਜਵਾਬ ਦਿਓਗੇ?"

"ਨਹੀਂ, ਧੰਨ-ਧੰਨ, ਤੁਹਾਡੀ ਬੜੀ ਮਿਹਰਬਾਨੀ! ਤੁਸੀਂ ਕ੍ਰਿਪਾਲੂ ਹੋ, ਖ਼ਿਮਾ ਕਰ ਦੇਵੋਗੇ।"

"ਚੰਗਾ, ਜੀ ਆਇਆਂ ਨੂੰ ਖੁਸ਼ ਰਹੋ।" ਲੌਂਗੋਵਾਲ ਜੀ ਨੇ ਵਿਦਾਇਗੀ ਲਈ ਹੱਥ ਜੋੜ ਦਿੱਤੇ।

ਉਨ੍ਹਾਂ ਦੇ ਚਲੇ ਜਾਣ ਪਿੱਛੋਂ ਕੰਵਲ ਤੋਂ ਆਖਣੋਂ ਨਾ ਰਹਿ ਹੋਇਆ।

"ਮਹਾਂਪੁਰਸ਼ੋ! ਇਹ ਸਭ ਉਸ ਸਰਕਾਰ ਦੇ ਖਰੀਦੇ ਹੋਏ ਪੁਰਜ਼ੇ ਐ।"

"ਕੰਵਲ ਸਾਨੂੰ ਕੀ ਭੁੱਲਿਆ ਏ।" ਸੰਤ ਮੁਸਕਰਾ ਕੇ ਚੁੱਪ ਹੋ ਗਏ।

ਨੌਵਾਂ ਕਾਂਡ

ਭਾਰਤ ਦੀ ਸਿਆਸਤ ਸੁਕੜ ਕੇ ਅੰਮ੍ਰਿਤਸਰ ਆ ਗਰਮ ਹੋਈ ਸੀ। ਧਰਮ ਯੁੱਧ ਮੋਰਚਾ ਪੂਰੇ ਜੋਬਨ 'ਤੇ ਆ ਚੁੱਕਾ ਸੀ। ਨਿੱਤ ਹੀ ਪੰਜਾਹ-ਸੌ ਬੰਦੇ ਨਾਅਰੇ ਮਾਰਦੇ ਨਿਕਲਦੇ ਤੇ ਕੋਤਵਾਲੀ ਗ੍ਰਿਫ਼ਤਾਰੀ ਜਾ ਦਿੰਦੇ। ਚਾਰ ਪੰਜ ਸੌ ਦਾ ਇਕੱਠ ਮੋਰਚਿਆਂ ਨੂੰ ਛੱਡਣ ਜਾਂਦਾ ਅਤੇ ਨਾਅਰਿਆਂ ਦਾ ਮੋੜ ਲਲਕਾਰਿਆਂ ਵਿਚ ਦਿੰਦਾ। ਉੱਤਰੀ ਹਿੰਦੋਸਤਾਨ ਦਾ ਤਜਾਰਤੀ ਕੇਂਦਰ ਅੰਮ੍ਰਿਤਸਰ ਅਸਲੋਂ ਉਦਾਸ ਤੇ ਸਹਿਮਿਆ ਹੋਇਆ ਸੀ। ਪੰਜਾਬ ਦੇ ਫ਼ਿਰਕੂ ਅਖ਼ਬਾਰਾਂ ਦੇ ਪ੍ਰਾਪੇਗੰਡੇ ਨੇ ਹਿੰਦੂਆਂ ਦੇ ਦਿਲਾਂ ਵਿਚ ਸਿੱਖਾਂ ਵਿਰੁੱਧ ਬੜੀ ਜ਼ਹਿਰ ਭਰ ਛੱਡੀ ਸੀ। ਇਹ ਵਿਹਲੇ ਪ੍ਰਾਪੇਗੰਡੇ ਨੇ ਫ਼ਿਰਕੂ ਸੋਚ ਨੂੰ ਸਿਖ਼ਰਾਂ 'ਤੇ ਲੈ ਆਂਦਾ। ਦੇਸ਼ ਦੀ ਏਕਤਾ ਵਿਚ ਤਰੇੜਾਂ ਦੇਣ ਵਾਲਿਆਂ ਦੇ ਖ਼ਿਲਾਫ਼ ਕੇਂਦਰ ਸਰਕਾਰ ਕੋਈ ਕਾਰਵਾਈ ਨਹੀਂ ਕਰਦੀ ਸੀ। ਉਹ ਜੋ ਮਰਜ਼ੀ ਲਿਖੀ ਜਾਣ, ਉਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਸੀ। ਉਹ ਸਮਝਦੇ ਸਨ, ਕੇਂਦਰ ਦੀ ਸਰਕਾਰ ਸਾਡੀ ਐ, ਇਹ ਡੇਢ ਫ਼ੀਸਦੀ ਸਿੱਖ ਕੀ ਕਰ ਲੈਣਗੇ। ਮਹਿਸੂਸ ਇਉਂ ਕੀਤਾ ਜਾ ਰਿਹਾ ਸੀ, ਜਿਵੇਂ ਕੇਂਦਰੀ ਸਰਕਾਰ ਦੀ ਮਰਜ਼ੀ ਨਾਲ ਉੱਦਮੂਲ ਉਠਾਇਆ ਜਾ ਰਿਹਾ ਹੋਵੇ। ਵਪਾਰ ਪੱਖੋਂ ਅੰਮ੍ਰਿਤਸਰ ਵਿਚ ਕਾਂ ਪੈਣ ਲੱਗ ਪਏ। ਸੰਤ ਜਰਨੈਲ ਸਿੰਘ ਦੇ ਜੱਥੇ ਨਾਲ ਮੋਰਜੀਵੜੇ ਹਥਿਆਰਬੰਦ ਹੋ ਹੋ ਜੁੜਦੇ ਗਏ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਘਟਦੀ ਗਈ।

ਸਰਕਾਰ ਪੰਜਾਬ ਦੀਆਂ ਹੱਕੀ ਮੰਗਾਂ ਵੱਲ ਧਿਆਨ ਹੀ ਨਹੀਂ ਕਰ ਰਹੀ ਸੀ। ਮੋਰਚੇ ਦੀ ਵਧਦੀ ਚੜ੍ਹਾਈ ਵੇਖ ਕੇ ਬਾਹਰਲੇ ਦੇਸ਼ਾਂ ਦੇ ਪੱਤਰਕਾਰ ਵੀ ਆਉਣੇ ਸ਼ੁਰੂ ਹੋ ਗਏ। ਉਹ ਸਮਝਦੇ ਸਨ ਸਿੱਖਾਂ ਅਤੇ ਸਰਕਾਰ ਵਿਚ ਗੱਲ ਅੜ ਖਲੋਤੀ ਐ; ਇੱਥੇ ਕੁਝ ਅਵੱਲਾ ਵਾਪਰਨ ਵਾਲਾ ਹੈ। ਉਹ ਸੰਤਾਂ ਦੇ ਇੰਟਰਵਿਊ ਲੈਂਦੇ ਤੇ ਸੰਤੁਸ਼ਟੀ ਜ਼ਾਹਰ ਕਰਦੇ। ਮੋਰਚੇ ਦੇ ਡਿਕਟੇਟਰ ਆਖਦੇ:

"ਅਸੀਂ ਸਰਕਾਰ ਨੂੰ ਚੈਲੰਜ ਕਰਕੇ ਆਖਦੇ ਆਂ, ਸਾਨੂੰ ਦੱਸੇ ਅਸੀਂ ਕਿੱਥੇ ਗ਼ਲਤ ਆਂ। ਦਰਿਆਵਾਂ ਦੀ ਮਾਲਕੀ ਆਜ਼ਾਦ ਭਾਰਤ ਦੇ ਬਣਾਏ ਵਿਧਾਨ ਅਨੁਸਾਰ ਸਾਡੀ ਨਹੀਂ? ਇੰਟਰਨੈਸ਼ਨਲ ਕਾਨੂੰਨ ਰਾਹੀਂ ਵੀ ਦਰਿਆ ਸਾਡੇ ਹਨ। ਫਿਰ ਪੰਜਾਬ ਦੇ ਪਾਣੀਆਂ 'ਤੇ ਨਿੱਤ ਨਵੇਂ ਡਾਕੇ ਕਿਉਂ ਮਾਰੇ ਜਾ ਰਹੇ ਹਨ? ਇਨ੍ਹਾਂ ਪੰਜਾਬ ਨੂੰ ਰੇਗਿਸਤਾਨ ਬਣਾਉਣਾ ਮਿੱਥਿਆ ਏ। ਜ਼ਬਾਨ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣਾ ਮੰਨਿਆ, ਪਰ ਵੰਡ ਪਾਈ ਹਿੰਦੂ-ਸਿੱਖ ਦੀ। ਪਾਕਿਸਤਾਨ ਇਨ੍ਹਾਂ ਜਵਾਹਰ ਲਾਲ ਨਹਿਰੂ ਹੋਰਾਂ ਬਣਾਇਆ ਫ਼ਿਰਕੂ ਲਹਿਰਾਂ ਉੱਤੇ। ਅਸਾਂ ਉਸ ਦਾ ਸਖ਼ਤ ਵਿਰੁੱਧ ਕੀਤਾ। ਦੇਸ਼ ਪਾੜਿਆ, ਦਸ ਲੱਖ ਬੇਗੁਨਾਹ ਲੋਕ ਮਰਵਾਏ। ਐਨੇ ਕੁਕਰਮ ਕਮਾ ਕੇ ਫ਼ਿਰਕੂ ਸਾਨੂੰ ਸਿੱਖਾਂ ਨੂੰ ਆਖਦੇ ਐ, ਕਿਉਂਕਿ ਅਸੀਂ ਘੱਟ ਗਿਣਤੀ ਆਂ। ਅਸੀਂ ਭਾਵੇਂ ਥੋੜ੍ਹੇ ਆਂ, ਪਰ ਇਤਿਹਾਸਕ ਗੌਰਵ ਰੱਖਣ ਵਾਲੀ ਕੌਮ ਆਂ। ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖ ਕੇ ਲੰਘੜੀ ਸੂਬੀ ਸਾਨੂੰ ਦਿੱਤੀ। ਖਰੜ ਤਹਿਸੀਲ ਵਿਚ ਪੈਂਦੀ ਰਾਜਧਾਨੀ

ਚੰਡੀਗੜ੍ਹ ਆਪ ਸਾਂਭ ਕੇ ਬਹਿ ਗਏ। ਬਿੱਲੀਆਂ ਦੇ ਪਨੀਰ ਵੰਡਣ ਵਾਲੀ ਕਹਾਣੀ ਬਾਂਦਰ ਜੱਜ ਕੁਝ ਆਪ ਖਾ ਲਿਆ, ਬਾਕੀ ਹਰਿਆਣਾ ਦੇ ਢਿੱਡ ਪਾ ਦਿੱਤਾ ਅਤੇ ਪੰਜਾਬ ਨਿਆਂ ਦੀ ਕੁਰਸੀ ਵੱਲ ਵੇਖਦਾ ਹੀ ਰਹਿ ਗਿਆ। ਆਪਣੀ ਹੋਂਦ ਕਾਇਮ ਰੱਖਣ ਲਈ ਅਸਾਂ ਮਰਦੀ ਨੂੰ ਅੱਕ ਚੱਬ ਕੇ ਮੋਰਚਾ ਲਾਇਆ ਏ। ਕਿਸੇ ਦਾ ਐਵੇਂ ਜੀਅ ਨਹੀਂ ਕਰਦਾ ਜੇਲ੍ਹਾਂ 'ਚ ਜਾਣ ਨੂੰ ਤੇ ਡਾਂਗਾਂ ਖਾਣ ਨੂੰ।" ਲੌਂਗੋਵਾਲ ਜੀ ਨੇ ਦਮ ਲੈ ਕੇ ਬੋਲਣਾ ਸ਼ੁਰੂ ਕੀਤਾ।

"ਅੰਗਰੇਜ਼ ਸਾਮਰਾਜ ਤੋਂ ਆਜ਼ਾਦੀ ਲੈਣ ਲਈ ਸਿੱਖਾਂ ਦੀਆਂ ਕੁਰਬਾਨੀਆਂ ਇੱਕ ਪਾਸੇ ਰੱਖ ਲਓ ਅਤੇ ਸਾਰੇ ਹਿੰਦੁਸਤਾਨ ਦੀਆਂ ਦੂਜੇ ਪਾਸੇ, ਤਾਰੀਖ ਬੋਲ ਕੇ ਅੰਕੜੇ ਦੱਸੇਗੀ। ਉਂ ਅਸੀਂ ਡੇਢ ਫ਼ੀਸਦੀ ਆਂ। ਭੁੱਖੇ ਹਿੰਦੁਸਤਾਨ ਨੂੰ ਕਰੜੀ ਮਿਹਨਤ ਕਰਕੇ ਰਜਾਉਣ ਵਾਲੀ ਪੰਜਾਬੀ ਸੂਬੀ। ਨਹੀਂ ਇਹ ਦਾਣੇ ਲੈਣ ਲਈ ਖਾਲੀ ਬੋਰੀ ਚੁੱਕੀ ਕਦੇ ਆਸਟ੍ਰੇਲੀਆ, ਕਨੇਡਾ ਤੇ ਅਮਰੀਕਾ ਭੱਜੇ ਫਿਰਦੇ ਸਨ। ਜਮਹੂਰੀਅਤ ਦੀ ਬਹੁਗਿਣਤੀ ਸਾਡਾ ਗਲ ਘੁੱਟਣ 'ਤੇ ਆਈ ਹੋਈ ਐ। ਚੀਨ ਤੇ ਪਾਕ ਨਾਲ ਜੰਗਾਂ ਲੜੀਆਂ, ਇਨ੍ਹਾਂ ਦੇ ਜਨਰਲ ਕੌਲ ਵਰਗੇ ਸਾਬਣ ਪੀ ਕੇ ਹਸਪਤਾਲਾਂ ਵਿਚ ਜਾ ਪਏ ਅਤੇ ਨੇਫ਼ਾ ਦੀਆਂ ਪਹਾੜੀਆਂ ਵਿਚ ਸਿੱਖ ਗੋਲੀਆਂ ਖਾ ਰਹੇ ਸਨ। ਸਾਨੂੰ ਕਿਸੇ ਤਾਰੀਖ਼ੀ ਮੋੜ 'ਤੇ ਗ਼ਲਤ ਸਾਬਤ ਕਰ ਦੇਣ, ਅਸੀਂ ਹਰ ਸਜ਼ਾ ਭੁਗਤਣ ਲਈ ਤਿਆਰ ਆਂ। ਹਾਂ, ਅਸਾਂ ਅੱਜ ਆਪਣਾ ਹੱਕ ਮੰਗ ਲਿਆ ਫ਼ਿਰਕੂ ਹੋ ਗਏ, ਅੱਤਵਾਦੀ ਤੇ ਦੋਸ਼ੀ ਹੋ ਗਏ। ਇਸ ਸਰਕਾਰ ਨੇ ਸਾਨੂੰ ਅਖ਼ਬਾਰਾਂ ਅਤੇ ਬਾਹਰਲੀਆਂ ਅੰਬੈਸੀਆਂ ਰਾਹੀਂ ਭੰਡਣਾ ਤੇ ਬਦਨਾਮ ਕਰਨਾ ਸ਼ੁਰੂ ਕੀਤਾ ਹੋਇਆ ਹੈ। ਅਸੀਂ ਆਪਣੀ ਦਸਾਂ ਨਹੁੰਆਂ ਦੀ ਕਿਰਤ ਤੇ ਸਿੱਖੀ ਸਿਦਕ ਦੇ ਭਰੋਸੇ ਖਲੋਤੇ ਆਂ। ਇਹ ਸਾਨੂੰ ਹਰ ਪੱਖੋਂ ਤਬਾਹ ਕਰਨ 'ਤੇ ਤੁਲੇ ਹੋਏ ਐ। ਅਸੀਂ ਆਜ਼ਾਦ ਭਾਰਤ ਵਿਚ ਬਹਾਦਰਾਂ ਵਾਂਗ ਆਜ਼ਾਦ ਮੁੱਛ ਚੁੱਕ ਕੇ ਜਿਊਣਾ ਚਾਹੁੰਦੇ ਆਂ। ਇਹ ਸਾਨੂੰ ਆਪਣੇ ਕੰਮ ਤੇ ਵਗਾਰੀ ਬਣਾ ਕੇ ਰੱਖਣਾ ਚਾਹੁੰਦੇ ਐ। ਅਸੀਂ ਬਰਾਬਰ ਦਾ ਹੱਕ ਮੰਗਦੇ ਆਂ। ਇਹ ਦੇਣਾ ਨਹੀਂ ਚਾਹੁੰਦੇ, ਅਸੀਂ ਛੱਡਣਾ ਨਹੀਂ ਚਾਹੁੰਦੇ ਸਾਡਾ ਰੱਟਾ ਇਹ ਹੈ।

"ਸਾਡੀ ਤੁਹਾਡੇ ਅੱਗੇ ਗੁਜ਼ਾਰਿਸ਼ ਐ: ਤੁਸੀਂ ਪੜਤਾਲ ਕਰੋ, ਜਾਂਚੋ, ਸਾਡਾ ਗੁਨਾਹ ਸਾਡੀ ਝੋਲੀ ਪਾਓ। ਜੇ ਅਸੀਂ ਸੱਚੇ ਤੇ ਸਹੀ ਆਂ, ਤਦ ਸਾਡੇ ਹੱਕ ਵਿਚ ਫਤਵਾ ਦਿਓ?"

"ਅਸੀਂ ਬਹੁਤ ਕੁਝ ਜਾਣ ਚੁੱਕੇ ਆਂ। ਇੱਕ ਬਰਤਾਨਵੀ ਪੱਤਰਕਾਰ ਉੱਤਰ ਦੇਣ ਲੱਗਾ। ਤੁਹਾਡੇ ਨਾਲ 1947 ਤੋਂ ਹੀ ਅਨਿਆਂ ਹੁੰਦਾ ਆਇਆ ਹੈ। ਤੁਹਾਡੀ ਬਹਾਦਰੀ ਦੀਆਂ ਧਾਕਾਂ ਦੀ ਗਵਾਹੀ ਤਾਰੀਖ਼ ਦੇ ਰਹੀ ਹੈ।" ਉਸ ਦੀ ਅੰਗਰੇਜ਼ੀ ਨੂੰ ਇੱਕ ਸਿੰਘ ਪੰਜਾਬੀ ਵਿਚ ਉਲਥਾ ਰਿਹਾ ਸੀ। "ਤੁਸੀਂ ਸਖ਼ਤ ਮਿਹਨਤ ਨਾਲ ਜੰਗਲ ਤੇ ਉਜਾੜਾਂ ਆਬਾਦ ਕਰਨ ਵਾਲੇ ਹੋ, ਭੁੱਖੇ ਇੰਡੀਆ ਨੂੰ ਰਜਾਉਣ ਵਾਲੇ ਓ। ਘੱਟ ਗਿਣਤੀ ਕਰਕੇ ਤੁਹਾਨੂੰ ਦਬਾਇਆ ਜਾ ਰਿਹਾ ਹੈ। ਇਨ੍ਹਾਂ ਦੀਆਂ ਅੰਬੈਸੀਆਂ ਕੁਝ ਆਖੀ ਜਾਣ, ਪਰ ਅੰਗਰੇਜ਼ ਕੌਮ ਐਨੀ ਨਿਆਣੀ ਨਹੀਂ, ਝੂਠ ਨੂੰ ਸੱਚ ਮੰਨ ਲਵੇਗੀ। ਤੁਹਾਡਾ ਸ਼ਾਂਤਮਈ ਮੋਰਚਾ ਗ਼ਲਤ ਨਹੀਂ। ਤੁਹਾਡੀਆਂ ਮੰਗਾਂ ਕਾਨੂੰਨੀ, ਮਨੁੱਖੀ ਅਤੇ ਇਖ਼ਲਾਕੀ ਪੱਖੋਂ ਹੱਕੀ ਤੇ ਸਹੀ ਹਨ। ਅਸੀਂ ਇਨ੍ਹਾਂ ਦੀ ਹਮਾਇਤ ਕਰਦੇ ਆਂ।" ਉਸ ਸਾਹ ਭਰ ਕੇ ਚਾਹ ਦਾ ਪਿਆਲਾ ਚੁੱਕ ਲਿਆ।

"ਤੁਹਾਨੂੰ ਕਿਸੇ ਤਰ੍ਹਾਂ ਦਾ ਭੁਲੇਖਾ ਨਾ ਰਹੇ।" ਸੰਤ ਜੀ ਨੇ ਹੱਥ ਚੁੱਕ ਕੇ ਆਖਿਆ। "ਅਸੀ ਹਿੰਦੋਸਤਾਨ ਵਿਚ ਹੀ ਆਜ਼ਾਦ ਰਹਿਣਾ ਚਾਹੁੰਦੇ ਆਂ। ਅੱਡ ਹੋਣ ਦਾ ਸਵਾਲ ਨਹੀਂ ਪੈਦਾ ਹੁੰਦਾ। ਇਹ ਸਰਕਾਰ ਖਾਲਿਸਤਾਨ ਦਾ ਡੌਰੂ ਖੜਕਾ ਕੇ ਸਾਨੂੰ ਬਦਨਾਮ ਕਰ ਰਹੀ ਹੈ।

ਇਨ੍ਹਾਂ ਦੀ ਬਹੁਗਿਣਤੀ, ਪੈਸਾ ਅਤੇ ਹਕੂਮਤੀ ਸੰਗੀਨ ਸਾਡੇ ਸੀਨੇ 'ਤੇ ਰੱਖੀ ਹੋਈ ਐ। ਅਸੀਂ ਸ਼ਾਨਦਾਰ ਤਾਰੀਖੀ ਵਿਰਾਸਤ ਦੇ ਮਾਲਕ ਆਂ। ਲੰਗੜੇ-ਲੂਲੇ ਨਹੀਂ। ਇੱਥੋਂ ਦਾ ਹਿਦੂ ਗਿਆਰਾਂ ਸੌ ਸਾਲ ਤੋਂ ਮੁਸਲਮਾਨਾਂ ਤੇ ਅੰਗਰੇਜ਼ਾਂ ਦਾ ਗੁਲਾਮ ਰਿਹਾ ਹੈ। ਹੁਣ ਹਕੂਮਤ ਹੱਥ ਆਈ ਤਾਂ ਗਿੱਦੜੋਂ ਸ਼ੀਂਹ ਬਣ ਕੇ ਘੱਟ ਗਿਣਤੀਆਂ ਤੋਂ ਬਦਲੇ ਲੈ ਰਿਹਾ ਹੈ।"

ਜਰਨਲਿਸਟ ਉੱਠ ਕੇ ਖਲੋ ਗਏ।

"ਸੰਤ ਜੀ! ਅਸੀਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦੇ ਆਂ। ਤੁਸੀਂ ਸਹੀ ਪਿਕਚਰ ਵਿਖਾ ਕੇ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ। ਤੁਹਾਡੀ ਹਲੀਮੀ ਤੇ ਸ਼ਰਾਫ਼ਤ ਦੇ ਅਸੀਂ ਦਿਲੋਂ ਕਾਇਲ ਆਂ।"

ਲੌਂਗੋਵਾਲ ਜੀ ਨੇ ਦਰਵਾਜ਼ੇ ਤੱਕ ਜਾ ਕੇ ਉਨ੍ਹਾਂ ਨੂੰ ਵਿਦਾ ਆਖੀ।

ਨਿੱਤ ਹੀ ਮੋਰਚੇ ਵਾਲਾ ਜਥਾ ਚੱਲਣ ਤੋਂ ਪਹਿਲਾਂ ਦੀਵਾਨ ਸਜਦਾ ਸੀ। ਬੜੀਆਂ ਧੜੱਲੇਦਾਰ ਤੇ ਖੜਕੇਦਾਰ ਤਕਰੀਰਾਂ ਹੁੰਦੀਆਂ ਸਨ। ਇੰਦਰਾ ਗਾਂਧੀ ਤੇ ਉਸ ਦੀ ਸਰਕਾਰ ਨੂੰ ਕੋਸਿਆ ਜਾਂਦਾ। ਪੰਜਾਬ ਦੇ ਕਾਂਗਰਸੀਆਂ ਨੂੰ ਕਾਲੇ ਕਾਂ, ਗਦਾਰ ਤੇ ਇੰਦਰਾ ਦੇ ਝੋਲੀ ਚੁੱਕ ਕਿਹਾ ਜਾਂਦਾ। ਉਂਝ ਮੋਰਚੇ ਦੀ ਐਨੀ ਚੜ੍ਹਤ ਸੀ ਕਿ ਪੰਜਾਬ ਦੇ ਕਾਂਗਰਸੀ ਖੁੱਡਾਂ ਦੇ ਚੂਹੇ ਬਣੇ ਹੋਏ ਸਨ। ਗ਼ੈਰ ਮੁਲਕੀ ਪੱਤਰਕਾਰ ਵੀ ਦੀਵਾਨ ਵਿਚ ਆ ਗਏ। ਉਨ੍ਹਾਂ ਦੇ ਦੇਸ਼ ਇਸ ਤਰ੍ਹਾਂ ਦਾ ਅਜੂਬਾ ਨਹੀਂ ਹੁੰਦਾ ਸੀ। ਉਹ ਮੋਰਚੇ ਦੀ ਤਹਿ ਤੱਕ ਜਾਣਾ ਚਾਹੁੰਦੇ ਸਨ। ਸੰਤ ਹਰਚੰਦ ਸਿੰਘ ਜੀ ਨੇ ਸਹਿਜ ਨਾਲ ਤਕਰੀਰ ਸ਼ੁਰੂ ਕੀਤੀ:

"ਗੁਰੂ ਦੀ ਸਾਜੀ ਨਿਵਾਜੀ ਸਾਧ ਸੰਗਤ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ! ਗੁਰੂ ਫ਼ਤਹਿ ਹੀ ਦੇਵੇਗਾ, ਸਾਡਾ ਭਰੋਸਾ ਹੈ, ਸਾਡੀ ਗੁਰੂ ਅੱਗੇ ਅਰਦਾਸ ਐ, ਅਸਾਂ ਕਿਸੇ ਦਾ ਕੁਝ ਨਹੀਂ ਲੈਣਾ, ਹਰਿਆਣਾ, ਰਾਜਸਥਾਨ ਤੇ ਨਾ ਦਿੱਲੀ ਦਾ। ਜੋ ਆਪਣਾ ਹੈ, ਉਹ ਛੱਡਣਾ ਨਹੀਂ। ਸਰਕਾਰ ਗ਼ਲਤ ਢੰਗ-ਤਰੀਕੇ ਅਪਣਾ ਕੇ ਸਾਨੂੰ ਕੁਚਲ ਨਹੀਂ ਸਕੇਗੀ। ਉਹ ਜਿੰਨਾ ਦਬਾਵੇਗੀ, ਦੂਣ ਸਵਾਏ ਉੱਭਰਾਂਗੇ। ਅਸੀਂ ਸਰਕਾਰ ਨੂੰ ਚੈਲੰਜ ਕਰਦੇ ਆਂ, ਕੇਂਦਰ ਸਰਕਾਰ ਸਾਨੂੰ ਸਾਡੇ ਲੋਕਾਂ ਅਤੇ ਕੌਮਾਂਤਰੀ ਕਚਹਿਰੀ ਵਿਚ ਝੂਠੇ ਸਾਬਤ ਕਰੇ, ਨਹੀਂ ਤਾਂ ਅਸੀਂ ਪੈਰ ਪੈਰ 'ਤੇ ਸਾਡੇ ਨਾਲ ਕੀਤੇ ਦਗ਼ੇ ਸਾਬਤ ਕਰਦੇ ਆਂ। ਸਰਕਾਰ ਨੂੰ ਹਉਮੈ ਦਾ ਚੜ੍ਹਿਆ ਹੰਕਾਰ ਛੱਡਣਾ ਚਾਹੀਦਾ ਹੈ। ਅਸੀਂ ਇਸ ਦੇਸ਼ ਦੇ ਜੱਦੀ ਪੁਸ਼ਤੀ ਵਾਰਿਸ ਆਂ। ਆਜ਼ਾਦੀ ਜਿੱਤਣ ਵਾਲੇ ਆਂ। ਤਾਰੀਖ਼ ਸਾਨੂੰ ਤੀਜੀ ਕੌਮ ਘੋਸ਼ਿਤ ਕਰ ਚੁੱਕੀ ਐ। ਦੇਸ਼ ਵੰਡ ਸਮੇਂ ਅੰਗਰੇਜ਼ ਨੇ ਹਿੰਦੂ ਤੇ ਮੁਸਲਮਾਨਾਂ ਦੇ ਬਰਾਬਰ ਸਿੱਖਾਂ ਨੂੰ ਕੌਮ ਮੰਨਿਆ ਸੀ। ਅਸੀਂ ਸਰਬੱਤ ਦੇ ਭਲੇ ਲਈ ਜਿਉਣ ਵਾਲੀ ਕੌਮ ਆਂ। ਅਸੀਂ ਜਿਸ ਤਰ੍ਹਾਂ ਇਸ ਦੇਸ਼ ਲਈ ਕੌਮੀ ਘਾਲ੍ਹਨਾਵਾਂ ਘਾਲ੍ਹੀਆਂ ਹਨ, ਓਸੇ ਕੌਮੀ ਵੱਕਾਰ ਨਾਲ ਜਿਉਣਾ ਚਾਹੁੰਦੇ ਆਂ। ਇਹ ਫ਼ਿਰਕੂ ਬ੍ਰਾਹਮਣਵਾਦ ਸਾਨੂੰ ਜੈਨੀਆਂ ਤੇ ਬੋਧੀਆਂ ਵਾਂਗ ਆਪਣੇ ਵਿਚ ਘੋਲ ਲੈਣਾ ਚਾਹੁੰਦਾ ਐ। ਇਸੇ ਕਰਕੇ ਸਾਨੂੰ ਵਿਧਾਨ ਦੀ ਪੱਚੀ ਵਿੱਚ ਹਿੰਦੂ ਲਿਖਿਆ ਹੋਇਆ ਏ।"

"ਮੇਰੀ ਮੋਰਚੇ ਵਿਚ ਜਾਣ ਵਾਲੇ ਸਿੰਘਾਂ ਤੇ ਹੋਰ ਸਮੂਹ ਵਰਕਰਾਂ ਨੂੰ ਚਿਤਾਵਨੀ ਹੈ। ਸਾਡਾ ਮੋਰਚਾ ਸ਼ਾਂਤਮਈ ਐ। ਅਸੀਂ ਸਰਕਾਰੀ ਲਾਠੀ ਦਾ ਜਵਾਬ ਗੁਰੂ ਕੇ ਮੋਰਚੇ ਵਾਂਗ ਵਾਹਿਗੁਰੂ ਦਾ ਜਾਪ ਕਰਦਿਆਂ ਦੇਣਾ ਹੈ। ਤੁਸਾਂ ਆਪਣੇ ਹੱਕਾਂ ਲਈ ਸੰਤ ਸਿਪਾਹੀ ਦਾ ਰੋਲ ਅਦਾ ਕਰਨਾ ਹੈ। ਮੋਰਚੇ ਵਿਚ ਹਿੱਸਾ ਲੈਣ ਵਾਲੀ ਸੰਗਤ ਹੁੰਮ-ਹੁਮਾ ਕੇ ਆ ਰਹੀ ਹੈ। ਦ੍ਰਿੜ੍ਹਤਾ ਨਾਲ ਕਦਮ ਪੁੱਟੋ, ਗੁਰੂ ਤੁਹਾਡੇ ਅੰਗ-ਸੰਗ ਫ਼ਤਹਿ ਬਖ਼ਸ਼ੇਗਾ।" ਐਨੀ ਕਹਿ ਕੇ ਸੰਤ

ਲੌਂਗੋਵਾਲ ਜੀ ਇੰਟਰਨੈਸ਼ਨਲ ਪੱਤਰਕਾਰਾਂ ਵਿਚ ਹੀ ਬਹਿ ਗਏ। ਪੱਤਰਕਾਰ ਸੰਤ ਜਰਨੈਲ ਸਿੰਘ ਨੂੰ ਵੀ ਸੁਣਨਾ ਚਾਹੁੰਦੇ ਸੀ।"

ਸਟੇਜ ਸਕੱਤਰ ਨੇ ਮਾਇਕ ਤੋਂ ਪੁਕਾਰਿਆ।

"ਹੁਣ ਮਹਾਂਪੁਰਖ਼ ਸੰਤ ਜਰਨੈਲ ਸਿੰਘ ਜੀ, ਜਿਹੜੇ ਦਲੇਰ ਕੌਮ ਦੇ ਦਲੇਰ ਜਰਨੈਲ ਹਨ, ਆਪਣੇ ਪ੍ਰਵਚਨ ਕਰਨਗੇ।"

ਸੰਤ ਜਰਨੈਲ ਸਿੰਘ ਨੇ ਸਟੇਜ 'ਤੇ ਆ ਕੇ ਆਪਣਾ ਤੀਰ ਦੋਵਾਂ ਹੱਥਾਂ ਵਿਚ ਲੈਂਦਿਆਂ ਸਾਰੀ ਸੰਗਤ ਨੂੰ ਫ਼ਤਹਿ ਬੁਲਾਈ।

"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ। ਬਈ ਫ਼ਤਹਿ ਦਾ ਜਵਾਬ ਸਿੰਘੋ ਢਿੱਲਾ ਕਿਉਂ ਆਇਆ ਏ? ਦੁਬਾਰਾ ਫ਼ਤਹਿ ਗੁੰਜਾਓ। ਵਾਹਿਗੁਰੂ ਜੀ ਕਾ.....। ਹਾਂ ਹੁਣ ਗੱਲ ਬਣੀ ਐ। ਸਾਡੀ ਫ਼ਤਹਿ ਅੰਮ੍ਰਿਤਸਰ ਤੋਂ ਬੋਲਦੀ ਸੀ, ਤਦ ਲਾਹੌਰ ਦੀਆਂ ਕੰਧਾਂ ਕੰਬਦੀਆਂ ਸਨ। ਦਿੱਲੀ ਨੂੰ ਪਤਾ ਲੱਗਣਾ ਚਾਹੀਦਾ ਹੈ, ਮੈਂ ਕੀਹਦੇ ਨਾਲ ਪੰਗਾ ਪਾ ਲਿਆ ਹੈ। ਸਾਡਾ ਸਿਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਝੁਕਣਾ ਚਾਹੀਦਾ ਹੈ। ਕਿਸੇ ਵੀ ਸਰਕਾਰ ਦਾ ਜ਼ੁਲਮ ਸਾਡਾ ਸਿਰ ਵੱਢ ਸਕਦਾ ਹੈ, ਪਰ ਝੁਕਾਅ ਨਹੀਂ ਸਕਦਾ। ਸਰਕਾਰ ਪੰਜਾਬ ਦੋਖ਼ੀ ਕਾਣੇ ਕਾਂਗਰਸੀਆਂ ਤੇ ਫ਼ਿਰਕੂ ਅਖ਼ਬਾਰਾਂ ਵਾਲਿਆਂ ਦੀ ਚੁੱਕ ਤੋਂ ਬਾਜ ਆਵੇ। ਅਸੀਂ ਦੁੱਧ ਧੋਤੇ ਸਿੱਖ ਆਂ। ਕਿਸੇ ਦਾ ਖਾਣਾ ਹਰਾਮ ਸਮਝਦੇ ਆਂ। ਕਿਸੇ ਨਾਲ ਧੱਕਾ ਕਰਨਾ ਗੁਨਾਹ ਸਮਝਦੇ ਆਂ। ਪਰ ਆਪਣਾ ਹੱਕ ਛੱਡਣ ਵਾਲੀ ਕੌਮ ਵੀ ਅਸੀਂ ਨਹੀਂ। ਇੰਦਰਾ ਦਹੀਂ ਦੇ ਭੁਲੇਖੇ ਰੂੰ ਨਾ ਖਾ ਜਾਵੇ। ਅਸੀਂ ਉਸ ਨੂੰ ਖ਼ਬਰਦਾਰ ਕਰਕੇ ਆਖਦੇ ਆਂ। ਸਾਡੇ ਵਰਗਾ ਅਥਵਾ ਸਿੱਖਾਂ ਵਰਗਾ ਇਸ ਦੇਸ਼ ਲਈ ਹੋਰ ਕੋਈ ਵਫ਼ਾਦਾਰ ਨਹੀਂ ਹੋ ਸਕਦਾ। ਇਸ ਦਾ ਸਬੂਤ ਮੂੰਹ ਬੋਲਦੀ ਤਾਰੀਖ਼ ਦੇ ਰਹੀ ਹੈ।"

ਸੰਗਤ ਵਿਚੋਂ "ਬੋਲੇ ਸੋ ਨਿਹਾਲ" ਦਾ ਨਾਅਰਾ ਉੱਠ ਪਿਆ ਤੇ ਸਾਰਿਆਂ 'ਸਤਿ ਸ੍ਰੀ ਅਕਾਲ!' ਨਾਲ ਅਸਮਾਨ ਗੂੰਜਣ ਲਾ ਦਿੱਤਾ। ਸੰਤ ਜਰਨੈਲ ਸਿੰਘ ਨੇ ਤਕਰੀਰ ਦੀ ਟੁੱਟੀ ਲੜੀ ਮੁੜ ਜੋੜ ਲਈ।

"ਅਸੀਂ ਪਾਕਿਸਤਾਨ ਵਿਚ ਆਜ਼ਾਦ ਸਟੇਟ ਛੱਡ ਕੇ ਭਾਰਤ ਨਾਲ ਆਏ। ਜੇ ਨਾ ਆਉਂਦੇ, ਪਾਕਿਸਤਾਨ ਦੀ ਹੱਦ ਮਾਰਕੰਡਾ ਦਰਿਆ ਬਣਦੀ ਸੀ, ਕਿਉਂਕਿ ਮੁਗਲਾਂ ਦੇ ਰਾਜ ਸਮੇਂ ਤੱਕ ਸਰਹੰਦ ਸੂਬੇ ਦੀ ਹੱਦ ਮਾਰਕੰਡਾ ਤੱਕ ਜਾਂਦੀ ਸੀ। ਉਸ ਤੋਂ ਅਗਾਂਹ ਪਾਣੀਪਤ ਸੂਬਾ ਸ਼ੁਰੂ ਹੁੰਦਾ ਸੀ, ਕਸ਼ਮੀਰ ਦੀ ਲੜਾਈ ਪਟਿਆਲੇ ਦੇ ਬਹਾਦਰਾਂ ਸ੍ਰੀ ਨਗਰ ਦਾ ਹਵਾਈ ਅੱਡਾ ਮੱਲ ਕੇ ਜਿੱਤਣੀ ਸ਼ੁਰੂ ਕੀਤੀ। ਅਸੀਂ ਭਾਰਤ ਨਾਲ ਨਾ ਆਉਂਦੇ ਕਸ਼ਮੀਰ ਹੱਥੋਂ ਗਿਆ ਸੀ ਤੇ ਦਿੱਲੀ ਨੂੰ ਵਖ਼ਤ ਖੜ੍ਹਾ ਹੋਇਆ ਪਿਆ ਸੀ। ਚੀਨ ਦੀ ਲੜਾਈ ਸਮੇਂ ਨੇਫ਼ਾ ਦੀਆਂ ਕੰਧਰਾਂ ਵਿਚ ਸਿੱਖ ਸਿਪਾਹੀ ਲੜ ਮਰ ਰਹੇ ਸਨ ਤੇ ਨਹਿਰੂ ਦਾ ਚਹੇਤਾ ਜਨਰਲ ਕੌਲ ਸਾਬਣ ਪੀ ਕੇ ਹਸਪਤਾਲ ਜਾ ਪਿਆ ਸੀ। 1965 ਦੀ ਪਾਕ ਜੰਗ ਦਾ ਹਾਲ ਮਾਝੇ ਦੇ ਸਿੱਖਾਂ ਤੋਂ ਪੁੱਛੋ, ਸਿੱਖ ਅਫ਼ਸਰਾਂ ਛਾਤੀਆਂ ਨਾਲ ਬੰਬ ਬੰਨ-ਬੰਨ ਦੁਸ਼ਮਣ ਦੇ ਪੈਟਨ ਟੈਂਕਾਂ ਦਾ ਕਬਰਸਤਾਨ ਬਣਾ ਧਰਿਆ। ਅਮਰੀਕੀ ਮਾਹਰ ਵੇਖਣ ਆਏ, 'ਸਾਡੇ ਬਣਾਏ ਟੈਂਕ ਤੋੜ ਸੁੱਟੇ?" ਸਿੱਖ ਹੋਣ ਨਾ ਤਾਂ ਲੜਾਈ ਥੰਮਣ ਨਾ। ਵਰਨਾ ਆਰਮੀ ਹਾਈ ਕਮਾਂਡ ਨੇ ਤਾਂ ਦਿੱਲੀ ਤੋਂ ਆਰਡਰ ਭੇਜ ਦਿੱਤੇ ਸਨ ਕਿ ਬਿਆਸ ਦੇ ਉਰਾਰ ਮੋਰਚੇ ਆ ਮੱਲੋ। ਇਹ ਤਾਂ ਬਹਾਦਰ ਤੇ ਦਲੇਰ ਸਿੱਖ ਅਫ਼ਸਰ ਹੀ ਸਨ, ਜਿਨ੍ਹਾਂ ਹਾਈ ਕਮਾਂਡ ਤੋਂ ਪਰਵਾਹਰੇ ਹੋ ਕੇ ਆਪਣੀ ਜ਼ਿੰਮੇਵਾਰੀ 'ਤੇ

ਲੜਾਈ ਲੜੀ ਅਤੇ ਪਾਕ ਫ਼ੌਜ ਦਾ ਮੂੰਹ ਮੋੜ ਕੇ ਰੱਖ ਦਿੱਤਾ। ਇਕੱਹਤਰ ਦੀ ਜੰਗ ਵਿਚ ਬੰਗਲਾ ਦੇਸ਼ ਵੀ ਸਿੱਖ ਸਰਦਾਰਾਂ ਆਜ਼ਾਦ ਕਰਵਾਇਆ, ਸਗੋਂ ਜਨਰਲ ਜਗਜੀਤ ਸਿੰਘ ਅਰੋੜਾ, ਜਨਰਲ ਸੁਬੇਗ ਸਿੰਘ ਤੇ ਜਨਰਲ ਸੰਤ ਸਿੰਘ ਨੇ ਤਰਾਨਵੇਂ ਹਜ਼ਾਰ ਕੈਦੀਆਂ ਤੋਂ ਹਥਿਆਰ ਸੁਟਵਾਏ ਤੇ ਕੈਦੀ ਬਣਾਏ ਤੇ ਦੁਨੀਆ ਵਿਚ ਇੰਦਰਾ ਦੀ ਜੈ ਜੈ ਕਾਰ ਕਰਵਾਈ। ਦੇਖੋ ਯਾਰੋ ਜਿਨ੍ਹਾਂ ਤਾਜ ਬਖ਼ਸ਼ੇ ਆਨ ਸ਼ਾਨ ਵਧਾਈ, ਅੱਜ ਉਨ੍ਹਾਂ ਨੂੰ ਹੀ ਧਮਕੀਆਂ ਚਾੜ੍ਹੀਆਂ ਜਾ ਰਹੀਆਂ ਸਨ। ਅਹਿਸਾਨ ਫ਼ਰਾਮੋਸ਼ੀ ਦੀ ਵੀ ਕੋਈ ਹੱਦ ਹੁੰਦੀ ਐ। ਇਹ ਠੀਕ ਐ ਬ੍ਰਾਹਮਣਵਾਦ ਬਹੁਗਿਣਤੀ ਨੂੰ ਨਾਲ ਜੋੜੀ ਬੈਠਾ ਹੈ। ਜੰਗਲ ਜੀਵ-ਜੰਤੂਆਂ ਨਾਲ ਭਰਿਆ ਹੁੰਦਾ ਏ। ਪਰ ਸ਼ੇਰ ਥੋੜ੍ਹੇ ਹੀ ਹੁੰਦੇ ਹਨ। ਉਹ ਬਹੁਗਿਣਤੀ ਦੇ ਗੁਲਾਮ ਨਹੀਂ ਹੁੰਦੇ। ਦਿੱਲੀ ਸਮਝ ਲਵੇ, ਸ਼ੇਰ ਕਦੇ ਘਾਹ ਨਹੀਂ ਖਾਇਆ ਕਰਦੇ ਤੇ ਨਾ ਹੀ ਸਵਾਰੀ ਕਰਵਾਇਆ ਕਰਦੇ ਹਨ। ਇੰਦਰਾ ਸਾਡੀ ਤਾਰੀਖ਼ ਪੜ੍ਹੇ ਤੇ ਗ਼ਲਤ ਹੱਥਾਂ ਤੇ ਚੁੱਕਾਂ ਵਿਚ ਆ ਕੇ ਸਾਡੇ ਨਾਲ ਵਿਗਾੜ ਨਾ ਪਾਵੇ। ਸਾਡੇ ਗੁਰੂ ਦਾ ਹੁਕਮ ਐ, ਕਿਸੇ ਨੂੰ ਭੈਅ ਦੇਣਾ ਨਹੀਂ ਤੇ ਨਾਲ ਹੀ ਭੈਅ ਲੈਣਾ ਨਹੀਂ।" ਉਨ੍ਹਾਂ ਤੀਰ ਖੱਬੇ ਹੱਥੋਂ ਸੱਜੇ ਕਰ ਲਿਆ, "ਮੈਂ ਇੰਦਰਾ ਦੇ ਪਿਛਲੱਗਾਂ ਨੂੰ ਪੁੱਛਦਾ ਆਂ, ਜੇ ਹਰਿਦਵਾਰ ਤੇ ਕਾਸ਼ੀ ਪਵਿੱਤਰ ਸ਼ਹਿਰ ਕਰਾਰ ਦਿੱਤੇ ਜਾ ਸਕਦੇ ਹਨ ਤਾਂ ਸ੍ਰੀ ਹਰਿਮੰਦਰ ਅੰਮ੍ਰਿਤਸਰ ਕਿਉਂ ਨਹੀਂ? ਜੇ ਧਰਮ ਦਾ ਆਸਰਾ ਲਿਆ ਹੈ, ਤਦ ਮੈਂ ਆਖਾਂਗਾ, ਸ੍ਰੀ ਅੰਮ੍ਰਿਤਸਰ ਨਾਲ ਬੋਧ ਗਯਾ ਤੇ ਅਜਮੇਰ ਸ਼ਰੀਫ ਵੀ ਪਵਿੱਤਰ ਸ਼ਹਿਰ ਐਲਾਨੇ ਜਾਣੇ ਚਾਹੀਦੇ ਹਨ। ਮਿੱਠਾ ਮਿੱਠਾ ਹੜੱਪ ਕੇ ਕੌੜਾ ਕੌੜਾ ਥੂਹ ਨਹੀਂ ਹੋਣ ਦਿੱਤਾ ਜਾਵੇਗਾ। ਇਨਸਾਫ਼ ਦੀ ਤੱਕੜੀ ਦੇ ਪੱਲੇ ਬਰਾਬਰ ਹੋਣੇ ਚਾਹੀਦੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਫ਼ੁਰਮਾਨ ਅਨੁਸਾਰ: **'ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ॥'** ਸਾਨੂੰ ਮੌਤ ਦਾ ਭੈਅ ਨਹੀਂ। ਅਸੀਂ ਸ਼ਮਾਂ ਬੁਝਾ ਦੇਣ ਵਾਲੇ ਪ੍ਰਵਾਨੇ ਆਂ। ਮੈ ਇੰਦਰਾਵਾਦੀਆਂ ਨੂੰ ਚੈਲਿੰਜ ਕਰਦਾ ਆਂ। ਬਿਨਾਂ ਡਰ ਸਟੇਜ 'ਤੇ ਆਓ, ਸਾਨੂੰ ਗ਼ਲਤ ਸਾਬਤ ਕਰੋ। ਸੱਚੇ-ਝੂਠੇ ਦਾ ਨਿਆਂ ਆਹ ਸੰਗਤ ਕਰੇਗੀ, ਜਨਤਾ ਕਰੇਗੀ ਤੇ ਪੰਜਾਬ ਦੇ ਲੋਕ ਕਰਨਗੇ। ਜੇ ਇੰਦਰਾ ਨੇ ਐਮਰਜੈਂਸੀ ਸਮੇਂ ਸਿੱਖਾਂ ਵੱਲੋਂ ਲਾਏ ਮੋਰਚੇ ਦਾ ਬਦਲਾ ਲੈਣਾ ਏ, ਉਹ ਇਹ ਵੀ ਤਮਾਸ਼ਾ ਵੇਖ ਲਵੇ। ਅਸੀਂ ਮਰ-ਮਿਟਣ ਲਈ ਵੀ ਤਿਆਰ ਆਂ।

"ਸੋ ਖਾਲਸਾ ਜੀ, ਕਲਗੀਆਂ ਵਾਲੇ ਦਾ ਆਸਰਾ ਤੇ ਭਰੋਸਾ ਲੈ ਕੇ ਸਦਾ ਚੜ੍ਹਦੀ ਕਲਾ ਵਿਚ ਰਹੋ। ਸੋ, ਵਾਹਿਗੁਰੂ ਜੀ ਕਾ ਖਾਲਸਾ.....।"

ਬਾਹਰਲੇ ਦੇਸ਼ਾਂ ਦੇ ਪੱਤਰਕਾਰਾਂ ਦੀਵਾਨ ਤੋਂ ਬਾਹਰ ਆ ਕੇ ਵਿਚਾਰ ਕੀਤੀ: "ਦੋਵਾਂ ਸੰਤਾਂ ਵਿਚ ਸੁਭਾਵੀ ਫ਼ਰਕ ਐ। ਇਕ ਠੰਡੀ ਸਿਆਣਪ ਤੇ ਦੂਜਾ ਤੱਤਾ ਜੋਸ਼। ਪਰ ਪਰਖ ਵੱਲੋਂ ਦੋਵੇਂ ਸੱਚੇ ਹਨ। ਜੇ ਇਹ ਜੋਸ਼ ਤੇ ਠੰਡੀ ਸਿਆਣਪ ਜੁੜ ਜਾਣ, ਮੱਲ ਮਾਰ ਸਕਦੇ ਹਨ। ਪਰ ਸਰਕਾਰ ਦੇ ਛੱਡੇ ਏਜੰਟ ਇਨ੍ਹਾਂ ਨੂੰ ਕਦੇ ਇੱਕ ਨਹੀਂ ਹੋਣ ਦੇਣਗੇ। ਚੰਗਾ ਹੁੰਦਾ, ਘੱਟ-ਗਿਣਤੀ ਬਹੁ-ਗਿਣਤੀ ਨਾਲ ਮਿਲ ਕੇ ਚੱਲਦੀ, ਪਰ ਫ਼ਿਰਕੂ ਪਾੜਾ ਘੱਟ ਨਹੀਂ, ਵਧ ਰਿਹਾ ਹੈ। ਇਹ ਪਾੜਾ ਕਿਸੇ ਕਾਰੇ ਉੱਤੇ ਜ਼ਰੂਰ ਪਹੁੰਚੇਗਾ। ਮਾੜੀ ਕਿਸਮਤ ਪੰਜਾਬ ਦੇ ਲੋਕਾਂ ਦੀ।"

ਉਹ ਇਸ ਤਰ੍ਹਾਂ ਦੀਆਂ ਵਿਚਾਰਾਂ ਕਰਦੇ ਆਪਣੇ ਹੋਟਲ ਨੂੰ ਚੱਲ ਪਏ। ਉਨ੍ਹਾਂ ਦੇ ਬਰਾਬਰ ਹੀ ਨਾਅਰੇ ਮਾਰਦਾ ਸਿੰਘਾਂ ਦਾ ਜਥਾ ਕੋਤਵਾਲੀ ਨੂੰ ਗ੍ਰਿਫ਼ਤਾਰੀ ਦੇਣ ਲਈ ਮਾਰਚ ਕਰ ਰਿਹਾ ਸੀ।

ਦਸਵਾਂ ਕਾਂਡ

ਕੈਪਟਨ ਗੁਰਬਖ਼ਸ਼ ਸਿੰਘ ਪਟਿਆਲੇ ਵਾਲੇ ਗੁਰਦੁਆਰੇ ਦੀ ਸੇਵਾ ਪੂਰੀ ਕਰਕੇ ਸੰਤ ਖੜਕ ਸਿੰਘ ਦੇ ਚਰਨਾਂ ਵਿਚ ਆ ਹਾਜ਼ਰ ਹੋਇਆ। ਸੰਤਾਂ ਉਸ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ।

"ਗੁਰਬਖ਼ਸ਼ ਸਿੰਘ, ਭਾਈ ਤੂੰ ਬੜਾ ਮਾਅਰਕਾ ਮਾਰ ਕੇ ਆਇਆ ਏਂ, ਪੂਰਨ ਗੁਰਮੁਖਾਂ ਵਾਲਾ।" ਸੰਤ ਖੜਕ ਸਿੰਘ ਜੀ ਐਨਕਾਂ ਵਿਚੋਂ ਵੇਖਦੇ ਉਸ 'ਤੇ ਬਹੁਤ ਪ੍ਰਸੰਨ ਸਨ। ਸ਼ਾਬਾਸ਼ ਦਾ ਥਾਪੜਾ ਦੇਂਦੇ ਬੋਲੇ। "ਅਸੀਂ ਵਰੱਕਤ ਹੋ ਕੇ ਐਨੀ ਸੇਵਾ ਨਹੀਂ ਕਰ ਸਕੇ, ਜਿੰਨੀ ਤੂੰ ਗ੍ਰਿਹਸਥੀ ਹੁੰਦਾ ਪੂਰੀ ਲਾਹ ਆਇਆ ਏਂ।"

"ਸੰਤ ਬਾਬਾ ਜੀ! ਮੈਂ ਕੀ, ਮੇਰੀ ਸੇਵਾ ਕੀ? ਇਹ ਤਾਂ ਸਾਰੀ ਤੁਹਾਡੀ ਕ੍ਰਿਪਾ ਸੀ। ਤੁਸਾਂ ਸੇਵਾ ਬਖ਼ਸ਼ੀ, ਦਾਸ ਹਾਜ਼ਰ ਹੋ ਗਿਆ। ਮੈਨੂੰ ਤਾਂ ਜਿੱਥੇ ਖਲਾਰੋਗੇ, ਖਲੋਵਾਂਗਾ। ਹੁਣ ਵੀ ਨਿਸ਼ੰਗ ਕੋਈ ਹੁਕਮ ਕਰੋ।" ਕੈਪਟਨ ਹੱਥ ਜੋੜੀ ਸਿਰ ਝੁਕਾਈ ਖਲੋਤਾ ਸੀ।

"ਆ ਜਾਹ, ਬਹਿ ਜਾਹ।" ਸੰਤਾਂ ਉਸ ਨੂੰ ਆਪਣੇ ਬਰਾਬਰ ਤਖ਼ਤਪੋਸ਼ 'ਤੇ ਬਹਾਉਣਾ ਚਾਹਿਆ, ਪਰ ਗੁਰਬਖ਼ਸ਼ ਸਿੰਘ ਚੌਕੜਾ ਮਾਰ ਕੇ ਸੰਤਾਂ ਦੇ ਚਰਨਾਂ ਵਿਚ ਬਿਰਾਜ ਗਿਆ। "ਹਾਲੇ ਤੂੰ ਦਮ ਲੈ ਲਾ। ਸੇਵਾ ਮੁੱਕਦੀ ਨਹੀਂ, ਜੇ ਸੇਵਕ ਕਰਨਾ ਚਾਹੇ, ਘਰ ਦੇ ਕੁਝ ਕੰਮ ਸਵਾਰ ਲੈ। ਬੱਚੇ ਪੜ੍ਹਦੇ ਐ, ਲਾਇਕ ਐ? ਬਾਪ ਸਿਰ 'ਤੇ ਨਾ ਹੋਵੇ, ਅੱਜ-ਕੱਲ੍ਹ ਦੀ ਮੁੰਡੀਰ ਵਿਗੜ ਜਾਂਦੀ ਐ। ਥੋੜ੍ਹਾ ਕਸ ਕੇ ਰੱਖੀਂ। ਸਿੱਖੀ ਰਹਿਤ ਵਿਚ ਪੂਰੇ ਐ?" ਉਹ ਆਪਣੇ ਆਸ਼ੀਰਵਾਦ ਨਾਲ ਕਿੰਨੇ ਹੀ ਸਵਾਲ ਕਰ ਗਏ। ਜਿਹੜੇ ਗੁਰਬਖ਼ਸ਼ ਸਿੰਘ ਦੀ ਗ੍ਰਿਹਸਥੀ ਨਾਲ ਸਬੰਧਤ ਸਨ।

"ਜੀ ਵੱਡਾ ਲਾਇਕ ਐ। ਬੀ. ਏ. ਕਰ ਲਈ ਹੈ। ਕੁੜੀ ਦਸਵੀਂ ਵਿਚੋਂ ਫਸਟ ਆਈ ਸੀ। ਪ੍ਰਗਟ ਥੋੜ੍ਹਾ ਅੱਥਰਾ ਚੱਲਦਾ ਏ। ਇੱਕ-ਦੋ ਵਾਰ ਚੰਡਿਆ ਵੀ, ਪਰ ਉਹ ਪ੍ਰਵਾਹ ਨਹੀਂ ਮੰਨਦਾ। ਹੁੰਦੜਹੇਲ ਹੋਣ ਕਾਰਨ ਊਂ ਖੇਡਾਂ ਵਿਚ ਫੰਨੇ ਐ।" ਕੈਪਟਨ ਨੇ ਆਪਣੇ ਘਰ ਬਾਰੇ ਜਾਣਕਾਰੀ ਦਿੱਤੀ।

"ਬਈ ਮਾਰਿਆਂ ਬੱਚੇ ਢੀਠ ਹੋ ਜਾਂਦੇ ਹਨ। ਪਿਆਰ ਦੇ ਨਿੱਘੇ ਸੁਭਾਅ ਵਾਲਾ ਵਰਤਾਰਾ ਕੁਰਾਹੇ ਜਾਂਦੇ ਨੂੰ ਮੋੜ ਲੈਂਦਾ ਏ।" ਸੰਤਾਂ ਕੈਪਟਨ ਨੂੰ ਸਲਾਹ ਦਿੱਤੀ। "ਕੁਦਰਤ ਬੇਪ੍ਰਵਾਹ ਐ। ਸਾਰੇ ਬੱਚੇ ਇੱਕ ਸਾਮਾਨ ਨਹੀਂ ਹੁੰਦੇ।"

"ਮੈਨੂੰ ਜੀ ਬਹੁਤਾ ਦੁੱਖ ਇਸ ਗੱਲ ਦਾ ਏ, ਉਸ ਨੇ ਕੇਸ ਕਤਲ ਕਰਵਾ ਦਿੱਤੇ, ਅਖੇ ਕੌਡੀ ਖੇਡਣ ਸਮੇਂ ਉਲਝ ਜਾਂਦੇ ਹਨ।" ਕੈਪਟਨ ਨੇ ਦੁੱਖ ਨਾ ਸਿਰ ਮਾਰਿਆ।

"ਭਾਈ ਸਿੱਖਾ, ਇਹ ਗੱਲ ਉਸ ਬਹੁਤ ਮਾੜੀ ਕੀਤੀ। ਗੁਰੂ ਦੀ ਬਖ਼ਸ਼ੀਸ਼ ਕੇਸਾਂ ਨੂੰ ਦਾਗ ਲਾ ਧਰਿਆ। ਉਹਨੂੰ ਸਾਡੇ ਕੋਲ ਲਿਆਵੀਂ।"

"ਮੈਂ ਜ਼ੋਰ ਲਾਵਾਂਗਾ ਲਿਆਣ ਲਈ, ਪਰ ਉਸ ਆਉਣਾ ਨਹੀਂ ਸ਼ਰਮ ਦੇ ਮਾਰੇ ਨੇ।" ਕੈਪਟਨ ਨੇ ਝਿਜਕ ਜ਼ਾਹਰ ਕੀਤੀ। "ਉਂ ਕੰਮ ਨੂੰ ਵੱਡੇ ਨਾਲੋਂ ਵੀਹ ਗੁਣਾ ਏ।"

"ਉਹ ਤਾਂ ਠੀਕ ਐ, ਪਰ ਉਸ ਨੂੰ ਸਿੱਖੀ ਤੋਂ ਬਾਹਰ ਨਹੀਂ ਜਾਣ ਦੇਣਾ। ਵੱਡਾ ਕਿਸੇ ਕਾਰ ਵਿਹਾਰ, ਨੌਕਰੀ ਆਦਿ 'ਤੇ ਨਹੀਂ ਲੱਗਾ?"

"ਸੰਤ ਜੀ, ਉਹ ਫ਼ੌਜ ਵਿਚ ਭਰਤੀ ਹੋਣਾ ਚਾਹੁੰਦਾ ਏ। ਉਹਦੀ ਮਾਂ ਰੋਕਦੀ ਐ, ਮੈਂ ਰਾਜ਼ੀ ਆਂ।"

"ਫ਼ੌਜੀ ਨੌਕਰੀ ਬਹਾਦਰਾਂ ਵਾਲਾ ਕੰਮ ਐ। ਪਾਕਿਸਤਾਨੀ ਜੰਗ ਵਿਚ ਜੇ ਸਾਡੇ ਸਿੱਖ ਮੁੰਡੇ ਅੱਗੇ ਵਧ ਵਧ ਕੇ ਨਾ ਲੜਦੇ, ਤਰਨ ਤਾਰਨ ਤੇ ਅੰਮ੍ਰਿਤਸਰ ਤਬਾਹ ਹੋ ਜਾਣੇ ਸਨ। ਸ਼ਾਬਾਸ਼ ਉਨ੍ਹਾਂ ਬਹਾਦਰ ਫ਼ੌਜੀ ਸਿੰਘਾਂ ਦੇ ਪੰਜਾਬ ਦੀ ਲਾਜ ਰੱਖ ਵਿਖਾਈ। ਵੱਡਾ ਜੇ ਖੁਸ਼ੀ ਨਾਲ ਫ਼ੌਜ ਵਿਚ ਜਾਣਾ ਚਾਹੁੰਦਾ ਹੈ, ਜ਼ਰੂਰ ਭਰਤੀ ਕਰਵਾਓ।"

"ਪੜ੍ਹਿਆ ਲਿਖਿਆ ਏ, ਪੂਰਾ ਜਵਾਨ ਏ। ਭਰਤੀ ਤਾਂ ਉਸ ਨੂੰ ਅਫ਼ਸਰ ਹੱਸ ਕੇ ਕਰ ਲੈਣਗੇ, ਪਰ ਹੋਰ ਗੱਲ ਐ।" ਕੈਪਟਨ ਗੱਲ ਰੋਕ ਗਿਆ।

"ਹੋਰ ਕੀ ਗੱਲ ਐ?"

"ਮਾਈ ਕੁਝ ਵਧੇਰੇ ਈ ਢਿੱਲੀ ਐ। ਮੇਰੀ ਗ਼ੈਰਹਾਜ਼ਰੀ ਵਿਚ ਦਵਾ-ਦਾਰੂ ਠੀਕ ਤਰ੍ਹਾਂ ਨਹੀਂ ਹੋ ਸਕੀ। ਦੂਜੇ ਉਹ ਦਵਾਈ ਖਾਂਦੀ ਨਹੀਂ। ਬੱਸ ਸਿਮਰਨਾ ਹੱਥੋਂ ਛੱਡਦੀ ਨਹੀਂ। ਆਂਹਦੀ ਐ-ਮੇਰੀ ਚਿੱਠੀ ਆਈ ਪਈ ਐ।"

"ਬਈ ਗੁਰਮੁਖਾ, ਦੱਬ ਕੇ ਦਵਾ-ਦਾਰੂ ਕਰੋ। ਮਾਵਾਂ ਠੰਡੀਆਂ ਛਾਵਾਂ ਕਿਤੋਂ ਨਹੀਂ ਮਿਲਦੀਆਂ। ਮਾਪਿਆਂ ਦੀ ਸੇਵਾ ਵੀ ਤੀਰਥ ਐ। ਕਿਸੇ ਚੰਗੇ ਡਾਕਟਰ ਨੂੰ ਦਿਖਾਓ।" ਸੰਤਾਂ ਵੀ ਫ਼ਿਕਰ ਅਨੁਭਵ ਕੀਤਾ। "ਬਈ ਅਸੀਂ ਤੈਨੂੰ ਪਟਿਆਲੇ ਸੇਵਾ ਲਈ ਭੇਜਿਆ, ਪਿੱਛੋਂ ਮਾਈ ਬਿਮਾਰ ਪੈ ਗਈ।"

"ਚੰਗਾ ਜੀ, ਫੇਰ ਛੁੱਟੀਆਂ ਬਖ਼ਸ਼ੋ।" ਉਸ ਸੰਤਾਂ ਦੇ ਪੈਰ ਛੂਹੇ। "ਜਿਵੇਂ ਵੀ ਤੁਹਾਡੀ ਆਗਿਆ ਹੋਵੇਗੀ, ਦਾਸ ਹਾਜ਼ਰੀ ਭਰੇਗਾ।"

"ਨਾ ਬਈ, ਹੁਣ ਪਹਿਲਾਂ ਮਾਈ ਨੂੰ ਤੰਦਰੁਸਤ ਕਰੋ, ਫੇਰ, ਫੇਰ ਵੇਖਾਂਗੇ।" ਸੰਤਾਂ ਸੇਵਕ ਦਾ ਮੋਢਾ ਥਾਪੜਿਆ।

"ਸਤਿ ਬਚਨ ਮਹਾਰਾਜ!"

ਸੰਤਾਂ ਤੋਂ ਵਿਦਾ ਲੈ ਕੇ ਕੈਪਟਨ ਗੁਰਬਖ਼ਸ਼ ਸਿੰਘ ਘਰ ਨੂੰ ਤੁਰ ਪਿਆ। ਮਾਈ ਦੀ ਬਿਮਾਰੀ ਦਾ ਫ਼ਿਕਰ ਉਹਦੇ ਸਿਰ ਨੂੰ ਚੜ੍ਹਿਆ ਹੋਇਆ ਸੀ। ਘਰ ਪਹੁੰਚ ਕੇ ਪਤਾ ਲੱਗਾ, ਮਾਈ ਦੋ ਵਾਰ ਬੇਹੋਸ਼ ਹੋ ਚੁੱਕੀ ਐ। ਗੁਰਬਖ਼ਸ਼ ਦਾ ਬੋਲ ਸੁਣ ਕੇ ਉਸ ਮੁੜ ਅੱਖਾਂ ਪੁੱਟੀਆਂ। ਪੁੱਤ ਵੱਲ ਇੱਕ ਹੱਥ ਚੁੱਕਿਆ, ਸੁੱਕੀ ਬਾਂਹ ਹਿੱਲਣ ਤੋਂ ਇਨਕਾਰੀ ਸੀ। ਥੋੜ੍ਹਾ ਸਮਾਂ ਪੁੱਤਰ ਵੱਲ ਵੇਖਿਆ ਤੇ ਮੁਸਕਰਾਈ, ਮੁੜ ਹਮੇਸ਼ਾ ਲਈ ਅੱਖਾਂ ਮੀਟ ਲਈਆਂ, ਜਿਵੇਂ ਪੁੱਤਰ ਨੂੰ ਹੀ ਉਡੀਕ ਰਹੀ ਸੀ।

* * *

ਸੁੱਖੋ ਮਾਈ ਦੇ ਭੋਗ 'ਤੇ ਗੁਰਬਖ਼ਸ਼ ਸਿੰਘ ਦਾ ਪਗਵੱਟ ਯਾਰ ਹੌਲਦਾਰ ਤੇਜਾ ਸਿੰਘ ਵੀ ਆਇਆ। ਸਾਰੇ ਪਿੰਡ ਨੂੰ ਰੋਟੀ ਖਵਾਈ ਗਈ। ਸੰਤ ਖੜਕ ਸਿੰਘ ਜੀ ਨੇ ਸ਼ਬਦ ਦੀ ਕਥਾ

ਕੀਤੀ। ਸਾਰੀ ਸੰਗਤ ਸੋਗ ਵਿਚ ਡੁੱਬੀ ਸੰਤਾਂ ਦੇ ਪ੍ਰਵਚਨ ਇੱਕ ਮਨ ਹੋ ਕੇ ਸੁਣ ਰਹੀ ਸੀ। ਅਰਦਾਸ ਪਿੱਛੋਂ ਮਹਾਰਾਜ ਦਾ ਵਾਕ ਲਿਆ ਅਤੇ ਭੋਗ ਪਾਇਆ ਗਿਆ। ਸੰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਤੋਂ ਉੱਠ ਕੇ ਗੁਰਬਖ਼ਸ਼ ਸਿੰਘ ਨੂੰ ਥਾਪੜਾ ਦਿੱਤਾ।

"ਤੂੰ ਗੁਰਮੁਖ ਸਿੰਘ ਏਂ, ਗੁਰੂ ਦਾ ਭਾਣਾ ਉਹਦੀ ਰਜ਼ਾ ਵਿਚ ਮੰਨਣ ਵਾਲਾ। ਬੰਦਾ ਜਦੋਂ ਜਨਮ ਲੈਂਦਾ ਏ, ਮੌਤ ਦਾ ਸੱਚ ਨਾਲ ਲੈ ਕੇ ਆਉਂਦਾ ਹੈ। ਤੇਰੀ ਮਾਈ ਨੇ ਗੁਰਬਾਣੀ ਦਾ ਪਾਠ ਆਖ਼ਰੀ ਦਮਾਂ ਤੱਕ ਨਹੀਂ ਛੱਡਿਆ। ਉਹ ਗੁਰੂ ਚਰਨਾਂ ਵਿਚ ਜਾ ਬਿਰਾਜੀ। ਅਸਾਂ ਤੁਸਾਂ ਸਭ ਨੇ ਉੱਥੇ ਜਾਣਾ ਹੈ। ਬਿਲਕੁਲ ਰੋਣਾ ਨਹੀਂ। ਧੀਰਜ ਕਰੋ, ਹੌਸਲਾ ਫੜੋ। **"ਸੰਤ ਮਰੈ ਕਿਆ ਰੋਈਐ ਜੋ ਆਪਣੇ ਗ੍ਰਿਹਿ ਜਾਏ॥"**

ਸੰਤ ਸਾਰੇ ਪਰਿਵਾਰ ਨੂੰ ਦਿਲਾਸਾ ਦੇ ਕੇ ਅੰਮ੍ਰਿਤਸਰ ਨੂੰ ਤੁਰ ਗਏ। ਗੁਰਬਖ਼ਸ਼ ਸਿੰਘ ਨੂੰ ਸਾਰਾ ਘਰ-ਪਰਿਵਾਰ ਹੁੰਦਿਆਂ ਉਦਾਸ ਉਦਾਸ ਲੱਗ ਰਿਹਾ ਸੀ। ਉਸ ਨੂੰ ਮਾਂ ਨੇ ਕਿਵੇਂ ਗੁਰੂ ਕਿਆਂ ਤੋਂ ਅਰਦਾਸ ਕਰਕੇ ਲਿਆ ਸੀ। ਇੱਕ ਇੱਕ ਗੱਲ ਯਾਦ ਆ ਰਹੀ ਸੀ। ਹਉਕਿਆਂ ਵਿਚ ਡੋਲਦੇ ਨੂੰ ਤੇਜਾ ਸਿੰਘ ਨੇ ਆ ਫੜਿਆ।

"ਤੂੰ ਗੁਰੂ ਘਰ ਦਾ ਸ਼ਰਧਾਲੂ ਸਿੰਘ, ਕਿਉਂ ਡੋਲਦਾ ਏਂ। ਤੂੰ ਸੂਰਮਿਆਂ ਵਾਂਗ ਮਾਂ ਦੀ ਮੌਤ ਦਾ ਮੁਕਾਬਲਾ ਕਰ।"

"ਅਸੀਂ ਤੁਸੀਂ ਸਾਰੇ ਉਹੀ ਆਂ, ਪਰ ਘਰ ਓਪਰਾ ਲੱਗਦਾ ਹੈ।" ਭਰੀ ਹਿੱਕ ਵਿਚੋਂ ਹਉਕਾ ਨਿਕਲ ਗਿਆ। "ਤੂੰ ਅੱਜ ਜਾਈਂ ਨਾ, ਮੇਰਾ ਜੀਅ ਥਾਵੇਂ ਨਹੀਂ।"

"ਤੂੰ ਯਾਰ ਸਾਰੇ ਫ਼ਿਕਰ ਵਗਾਹ ਛੱਡ। ਮੈਂ ਹਰ ਵੇਲੇ ਤੇਰੇ ਨਾਲ ਆਂ, ਸਾਹੀ ਸਾਹ ਲਵਾਂਗਾ।"

"ਭਾਅ ਜੀ, ਇਨ੍ਹਾਂ ਦੇ ਨਾਲ ਰਹੋ। ਕੁਝ ਬਹੁਤਾ ਈ ਮਸੂਸ ਕਰ ਗਏ ਐ।" ਨਸੀਬ ਕੌਰ ਨੇ ਤੇਜਾ ਸਿੰਘ ਨੂੰ ਫ਼ਿਕਰ ਅਨੁਭਵ ਕਰਦਿਆਂ ਕਿਹਾ।

ਗੁਰਤੇਜ ਤੇ ਹਰਸ਼ਰਨ ਕੌਰ ਵੀ ਮਸੋਸੇ ਜਿਹੇ ਖਲੋਤੇ ਸਨ।

"ਭੈਣ ਤੂੰ ਫ਼ਿਕਰ ਨਾ ਕਰ, ਮੈਂ ਇਹਨੂੰ ਹੌਲਾ ਫੁੱਲ ਕਰ ਦੇਵਾਂਗਾ।" ਤੇਜਾ ਸਿੰਘ ਨੇ ਦਾੜ੍ਹੀ ਦੀ ਗੁੱਟੀ ਮਰੋੜ ਕੇ ਠੋਡੀ ਹੇਠਾਂ ਦੇ ਲਈ।

"ਬਾਪੂ ਜੀ! ਐਨੀ ਉਮਰ ਵਿਚ ਤਾਂ ਬੁੱਢਾ ਹੋ ਕੇ ਰੁੱਖ ਵੀ ਡਿੱਗ ਪੈਂਦਾ ਏ। ਤੂੰ ਐਨਾ ਹੋਰਵਾ ਕਿਉਂ ਕਰਦਾ ਏਂ।" ਛੋਟਾ ਪ੍ਰਗਟ ਸਿਆਣਿਆਂ ਵਾਂਗ ਬਾਬੜ ਕੇ ਬੋਲ ਪਿਆ। "ਏਥੇ ਕਿੱਲੇ ਕੀਹਦੇ ਗੱਡੇ ਐ, ਵੇਖਾਂਗੇ ਅਸੀਂ ਤੁਸੀਂ ਨਹੀਂ ਮਰਦੇ। ਵਾਹਿਗੁਰੂ ਨੂੰ ਮੰਨਦੇ ਹੋ ਤਾਂ ਉਸ ਦਾ ਭਾਣਾ ਵੀ ਮੰਨੋ।"

"ਮੰਨਾਂਗਾ ਪੁੱਤਰਾ, ਪਰ ਮਾਵਾਂ ਦੂਜਾ ਰੱਬ ਹੁੰਦੀਆਂ ਏਂ, ਤੂੰ ਹਾਲੇ ਕੀ ਜਾਣੇ।"

ਭੋਗ 'ਤੇ ਆਏ ਰਿਸ਼ਤੇਦਾਰ ਮਿਲ ਮਿਲ ਤੇ ਹੋਰ ਭਾਈਚਾਰਾ ਆਥਣ ਹੁੰਦੀ ਤੱਕ ਕੇ ਸਭ ਤੁਰ ਗਏ। ਤੇਜਾ ਸਿੰਘ ਗੁਰਬਖ਼ਸ਼ ਯਾਰ ਨੂੰ ਲੈ ਕੇ ਬਾਹਰ ਖੇਤਾਂ ਨੂੰ ਨਿਕਲ ਤੁਰਿਆ।

"ਬਖ਼ਸ਼ਿਆ! ਮੈਂ ਇੱਕ ਵਾਰ ਧਰਮ ਯੁੱਧ ਮੋਰਚੇ ਵਿਚ ਜਾ ਆਇਆ ਹਾਂ। ਦੋਬਾਰਾ ਜਾਣਾ ਚਾਹੁੰਦਾ ਆਂ, ਤੇਰੀ ਕੀ ਸਲਾਹ ਐ?"

"ਐਸ ਹਾਲਤ ਵਿਚ ਮੈਂ ਘਰ ਛੱਡ ਕੇ ਨਹੀਂ ਜਾ ਸਕਦਾ।" ਗੁਰਬਖ਼ਸ਼ ਨੇ ਆਪਣਾ ਸੋਗ ਤੋੜਦਿਆਂ ਜਵਾਬ ਦਿੱਤਾ।

"ਮੈਂ ਤੈਨੂੰ ਮੋਰਚੇ ਵਿਚ ਚੱਲਣ ਲਈ ਨਹੀਂ ਕਹਿ ਰਿਹਾ। ਮੈਂ ਤਾਂ ਆਪਣੀ ਗੱਲ ਕਰ ਰਿਹਾ ਆਂ।" ਉਹ ਕੈਪਟਨ ਨੂੰ ਆਪਣੀ ਅਸਲ ਗੱਲ 'ਤੇ ਲਿਆਉਣਾ ਚਾਹੁੰਦਾ ਸੀ। "ਮੈਂ ਅੱਗੇ ਵੀ ਗੱਲ ਤੋਰੀ ਸੀ, ਤੂੰ ਆਖੇਂਗਾ ਕਿਹੜੇ ਵੇਲੇ ਗੱਲ ਕਰਨ ਲੱਗਾ ਏ।"

"ਕੀ ਗੱਲ, ਮੈਨੂੰ ਯਾਦ ਨਹੀਂ। ਵੇਲੇ ਨੂੰ ਕੀ ਐ, ਤੂੰ ਗੱਲ ਦੱਸ?"

"ਮੈਂ ਕੁੜੀ ਦਾ ਬੋਝ ਲਾਹੁਣਾ ਚਾਹੁੰਦਾ ਆਂ, ਤੂੰ ਗੁਰਤੇਜ ਲਈ....।"

ਕੈਪਟਨ ਨੇ ਗੱਲ ਵਿਚਕਾਰੋਂ ਬੋਚ ਲਈ;

"ਭਾਵੇਂ ਸਮਾਂ ਸੁਖਾਵਾਂ ਨਹੀਂ, ਪਰ ਮੈਨੂੰ ਯਾਦ ਐ। ਤੇਰਾ ਦੁੱਖ, ਮੇਰਾ ਦੁੱਖ, ਅਸਾਂ ਘਰ ਸਲਾਹ ਕੀਤੀ ਸੀ, ਪਰ ਰਿਸ਼ਤੇਦਾਰੀ ਤੇਰੇ ਨਾਲ ਪੱਕੀ ਪਾਵਾਂਗੇ।"

"ਪਰ ਕਦੋਂ? ਮੈਂ ਮਨ ਦੀ ਚਿੰਤਾ ਛੇਤੀ ਲਾਹੁਣੀ ਚਾਹੁੰਦਾ ਆਂ। ਤੁਸੀਂ ਇੱਕ ਮਹੀਨੇ ਦਾ ਸੋਗ ਸੰਨ੍ਹ ਰੱਖ ਕੇ ਗੱਲ ਨੂੰ ਸਿਰੇ ਲਾਓ।" ਤੇਜਾ ਸਿੰਘ ਨੂੰ ਇੱਕ ਖੁਸ਼ੀ ਚੜ੍ਹਨੀ ਸ਼ੁਰੂ ਹੋ ਗਈ।

"ਬਈ ਤੇਜਾ ਸਿਆਂ ਤੈਨੂੰ ਬੁਰੀ ਨਾ ਲੱਗੇ। ਮੈਂ ਨਸੀਬ ਕੌਰ ਤੋਂ ਬਾਹਰ ਨਹੀਂ ਹੋ ਸਕਦਾ।" ਉਹ ਤੁਰਦੇ-ਤੁਰਦੇ ਇੱਕ ਪੁਰਾਣੇ ਖੂਹ 'ਤੇ ਆ ਗਏ, ਜਿਸ ਦੀ ਮਾਹਲ ਨਹੀਂ ਸੀ। ਪਰ ਚਰਖੜੀਆਂ, ਜ਼ੰਗਾਲੇ ਬੂੜੀਏ ਤੇ ਤੇੜਾਂ ਖਾਧੀ ਗਾਧੀ ਅਣਵਾਹੇ ਖ਼ਾਮੋਸ਼ ਤੇ ਨਕਾਰਾ ਹੋਏ ਪਏ ਸਨ। ਉਹ ਦੋਵੇਂ ਗਾਧੀ ਤੇ ਬਹਿ ਗਏ, ਜਿਸ ਦਾ ਸਿਰਾ ਪੈੜ ਨਾਲ ਲੱਗਦਾ ਸੀ। ਲਾਗੇ ਸੁੱਕੀਆਂ ਫਲੀਆਂ ਖੜਕਾਂਦਾ ਸ਼ਰੀਂਹ ਹੁਲਾਰੇ ਲੈ ਰਿਹਾ ਸੀ। ਸੂਰਜ ਦੂਰ ਹਰਿਆਲੇ ਖੇਤਾਂ ਵਿਚ ਅੱਧਾ ਖੁੱਭਾ ਪਿਆ ਸੀ। ਅੱਧਾ ਅਸਮਾਨ ਲਾਲੋਂ-ਲਾਲ ਹੋ ਚੁੱਕਾ ਸੀ। ਪੰਛੀ ਆਪਣੇ ਆਲ੍ਹਣਿਆਂ ਨੂੰ ਧਾਈਆਂ ਕਰ ਰਹੇ ਸਨ।

"ਭੈਣ ਜੀ, ਕੀ ਆਖਦੇ ਐ? ਝਿਜਕ ਨਾ, ਸਾਫ਼ ਸਾਫ਼ ਕਹਿ ਛੱਡ। ਤੇਰੇ ਮੇਰੇ ਵਿਚ ਕਾਹਦਾ ਓਹਲਾ?" ਤੇਜਾ ਸਿੰਘ ਦੇ ਚਿਹਰੇ 'ਤੇ ਉਦਾਸ ਬੱਦਲੀ ਛਾਂ ਕਰ ਗਈ।

"ਜਿਵੇਂ ਤੈਨੂੰ ਆਪਣੀ ਬੇਟੀ ਬੀਰਇੰਦਰ ਕੌਰ ਦੀ ਫ਼ਿਕਰ ਐ, ਸਾਨੂੰ ਵੀ ਜਵਾਨ ਹਰਸ਼ਰਨ ਕੌਰ ਦੀ ਚਿੰਤਾ ਹੈ। ਨਸੀਬ ਚਾਹੁੰਦੀ ਐ, ਧੀ ਦਾ ਸਾਹਾ ਪਹਿਲਾ ਕੀਤਾ ਜਾਵੇ। ਗੁਰਤੇਜ ਹਾਲੇ ਨਾਂਹ ਕਰੀ ਆ ਰਿਹਾ ਏ ਕਿ ਮੈਂ ਪਹਿਲਾਂ ਭਰਤੀ ਹੋਣਾ ਏਂ।" ਗੁਰਬਖ਼ਸ਼ ਅਸਲ ਗੱਲ ਆਖਣੋਂ, ਹਾਲੇ ਝਿਜਕਦਾ ਸੀ।

"ਫੇਰ ਰਿਸ਼ਤੇਦਾਰੀ ਵਾਲੀ ਕੀ ਗੱਲ ਹੋਈ।" ਤੇਜਾ ਸਿੰਘ ਥੋੜ੍ਹਾ ਮਾਯੂਸ ਹੋ ਗਿਆ।

"ਅਸੀਂ ਆਪਣੀ ਹਰਸ਼ਰਨ ਰਾਜਬੀਰ ਨਾਲ ਵਿਆਹੁਣਾ ਚਾਹੁੰਦੇ ਆਂ। ਇਹ ਅਸਾਂ ਦੋਵਾਂ ਬਹੁਤ ਦੇਰ ਦੀ ਸਲਾਹ ਕੀਤੀ ਹੋਈ ਐ, ਪਰ ਤੇਰੇ ਨਾਲ ਗੱਲ ਕਰਨ ਦਾ ਮੌਕਾ ਨਹੀਂ ਜੁੜਿਆ।" ਤੇਜਾ ਸਿੰਘ ਨੂੰ ਚੁੱਪ ਵੇਖ ਕੇ ਕੈਪਟਨ ਨੇ ਗੱਲ ਅਗਾਂਹ ਵਧਾਈ। "ਤੂੰ ਆਪ ਹੀ ਆਖਿਆ ਸੀ ਜਾਂ ਸਾਕ ਦੇ ਦਿਓ, ਨਹੀਂ ਤਾਂ ਲੈ ਲਓ। ਭਾਵੇਂ ਤੂੰ ਉਦੋਂ ਸ਼ਰਾਬ ਪੀਤੀ ਸੀ, ਪਰ ਸ਼ਰਾਬੀ ਤੂੰ ਬਿਲਕੁਲ ਨਹੀਂ ਸੀ। ਮੈਂ ਤੇ ਨਸੀਬ ਨੇ ਤੇਰੇ ਪਿੱਛੋਂ ਸਲਾਹ ਨਾਲ ਰਾਜਬੀਰ ਪਸੰਦ ਕਰ ਲਿਆ ਸੀ।"

"ਯਾਰ ਮੈਂ ਤਾਂ ਗੁਰਤੇਜ ਨੂੰ ਆਪਣਾ ਬੇਟਾ ਬਣਾਈ ਬੈਠਾ ਸੀ। ਤੁਸਾਂ ਹੋਰ ਈ ਕੱਛ ਵਿਚੋਂ ਮੂੰਗਲੀ ਕੱਢ ਮਾਰੀ।" ਆਸ ਦੇ ਉਲਟ ਹੌਲਦਾਰ ਥੋੜ੍ਹਾ ਝੇਰਾ ਕਰ ਗਿਆ।

"ਤੇਜਾ ਸਿੰਘ, ਧੀਆਂ ਦਾ ਫ਼ਿਕਰ ਮਾਪਿਆਂ ਨੂੰ ਪਹਿਲਾਂ, ਮੁੰਡਿਆਂ ਲਫੰਡਰਾਂ ਦਾ ਕੀ ਏ। ਧੀਆਂ ਸੁੱਖ ਸਬੀਲੀ ਨਾਲ ਆਪਣੇ ਸਹੁਰੇ ਘਰ ਜਾਣ। ਮਾਪਿਆਂ ਸਿਰੋਂ ਮਣਾਂ ਮੂੰਹ ਭਾਰ ਲਹਿ ਜਾਂਦਾ ਹੈ।"

"ਉਹ ਤਾਂ ਤੇਰੀ ਗੱਲ ਯਥਾਰਥੀ ਐ। ਮੈਂ ਵੀ ਇਹੋ ਭਾਰ ਹੌਲਾ ਕਰਨਾ ਚਾਹੁੰਦਾ ਸੀ, ਪਰ ਹੁੰਦਾ ਉਹ ਐ, ਜੋ ਗੁਰੂ ਨੂੰ ਮਨਜ਼ੂਰ ਹੋਵੇ।" ਤੇਜਾ ਸਿੰਘ ਆਪਣੇ ਉਲਝੇ ਖਿਆਲਾਂ ਵਿਚੋਂ ਨਹੀਂ ਨਿਕਲਿਆ ਸੀ। ਵੱਡਾ ਸਾਰਾ ਸਾਹ ਭਰ ਕੇ ਬੋਲਿਆ। "ਜੇ ਤੁਹਾਡੀ ਏਹੀ ਮਰਜ਼ੀ ਐ, ਮੈਂ ਥੋੜ੍ਹਾ ਮੂੰਹ ਫੱਟ ਆਂ। ਰਾਜਬੀਰ ਹੁਣ ਮੇਰੇ ਨਾਲੋਂ ਸਿਆਣਾ ਹੋ ਚੁੱਕਾ ਏ। ਉਸ ਬੀ. ਐੱਸ. ਸੀ. ਕਰ ਲਈ ਐ। ਹੋ ਸਕਦਾ ਏ, ਉਹ ਹਰਸ਼ਰਨ ਨੂੰ ਵੇਖਣ ਲਈ....।" ਉਹ ਯਾਰੀ ਨੂੰ ਮਹਿਸੂਸ ਕਰਦਿਆਂ ਗੱਲ ਥਾਏਂ ਛੱਡ ਦਿੱਤੀ।

"ਆਪਾਂ ਦੋ ਦੋ ਨਹੀਂ ਤੇਜਾ ਸਿਆਂ, ਹਰਸ਼ਰਨ ਜਿਹੀ ਮੇਰੀ ਧੀ, ਤਿਹੀ ਤੇਰੀ। ਰਾਜਬੀਰ ਦੜ ਦੜਾਂਦਾ ਸਿੱਧਾ ਘਰ ਆਵੇ। ਹਰਸ਼ਰਨ ਤੇ ਨਸੀਬ ਨਾਲ ਖੁੱਲ੍ਹ ਕੇ ਗੱਲਾਂ ਕਰੇ। ਤੁਸੀਂ ਚਾਹੋ, ਬਾਬਾ ਖੜਕ ਸਿੰਘ ਦੇ ਡੇਰੇ ਵੀ ਇਕੱਠੇ ਹੋਇਆ ਜਾ ਸਕਦਾ ਏ। ਰਾਜਬੀਰ ਦਾ ਦਿਲ ਮੰਨੇ, ਉਸ ਨੂੰ ਚੰਗਾ ਲੱਗੇ, ਤਦ ਰਿਸ਼ਤਾ ਹੋਵੇਗਾ। ਉਸ ਨੂੰ ਮਜਬੂਰ ਕਰਕੇ ਰਿਸ਼ਤਾ ਕਰਨਾ ਚੰਗੀ ਗੱਲ ਨਹੀਂ ਹੋਵੇਗੀ। ਮੈਂ ਐਨੇ ਕੁ ਖੁੱਲ੍ਹੇ ਵਿਚਾਰਾਂ ਦਾ ਆਂ। ਸਾਰੀ ਉਮਰ ਦੀ ਬਣੀ ਬਣਾਈ ਖੂਹ ਖਾਤੇ ਨਹੀਂ ਪਾਉਣੀ ਚਾਹੀਦੀ।" ਗੁਰਬਖ਼ਸ਼ ਸਿੰਘ ਨੇ ਆਪਣੇ ਸਾਥੀ ਨੂੰ ਗੱਲ ਚੰਗੀ ਤਰ੍ਹਾਂ ਨਿਖ਼ਾਰ ਦਿੱਤੀ।

"ਹੁਣ ਇਹ ਗੱਲ ਆਪਣੇ ਦੋਵਾਂ ਦੇ ਵੱਸ ਨਹੀਂ ਰਹੀ। ਪਤਾ ਨਹੀਂ ਊਠ ਕਿਹੜੀ ਕਰਵਟ ਬੈਠੇ, ਪਰ ਮੈਂ ਉਦਾਸ ਜ਼ਰੂਰ ਹੋਇਆ ਆਂ।" ਉਸ ਸਿਰ ਮਾਰਿਆ।

"ਉਦਾਸ ਕਿਉਂ? ਕੀ ਯਾਰੀ ਰਿਸ਼ਤੇਦਾਰੀ ਵਿਚ ਬਦਲ ਕੇ ਸੰਘਣੀ ਨਹੀਂ ਹੋ ਜਾਵੇਗੀ?" ਗੁਰਬਖ਼ਸ਼ ਸਿੰਘ ਦਾ ਦਿਲ ਵੀ ਧੜਕਦਾ ਸੀ, ਹੋ ਸਕਦਾ ਏ ਰਾਜਬੀਰ ਕੋਈ ਬਹਾਨਾ ਖੜ੍ਹਾ ਕਰਕੇ ਨਾਂਹ ਕਰ ਦੇਵੇ। ਸਿੱਧੇ ਤੌਰ 'ਤੇ ਜਵਾਬ ਦੇਣਾ ਮਾਪਿਆਂ ਦੀ ਯਾਰੀ ਦੇ ਤਾਣ ਔਖਾ ਸੀ।

ਦੋਵਾਂ ਵਿਚਕਾਰ ਇੱਕ ਚੁੱਪ ਅੜ ਖਲੋਤੀ, ਜਿਵੇਂ ਗੱਲਾਂ ਹੀ ਮੁੱਕ ਗਈਆਂ ਸਨ। ਤੇਜਾ ਸਿੰਘ ਸੋਚਦਾ ਸੀ, ਖਿਆਲ ਕੀ ਸੀ, ਹੋ ਕੀ ਗਿਆ! ਐਨ ਗੁਰਬਖ਼ਸ਼ ਸਿੰਘ ਦਾ ਵੀ ਇਹੋ ਹਾਲ ਸੀ। ਜੇ ਰਾਜਬੀਰ ਲੱਤ ਚੁਕ ਗਿਆ, ਸਭ ਕੁਝ ਹੀ ਟੁੱਟ-ਭੱਜ ਜਾਵੇਗਾ। ਤੇਜਾ ਸਿੰਘ ਪਿੱਠ ਦਾ ਦੁਪੱਟਾ ਝਾੜ ਕੇ ਗਾਧੀ ਤੋਂ ਉੱਠ ਖਲੋਤਾ।

"ਯਾਰਾ, ਮੈਂ ਆਪਣਾ ਸਾਰਾ ਤਾਣ ਲਾਊਂਗਾ, ਤੂੰ ਮਸੋਸੀ ਨਾ ਵੱਟ। ਅਸੀਂ ਯਾਰ ਆਂ, ਯਾਰ ਹੀ ਰਹਾਂਗੇ।" ਤੇਜਾ ਸਿੰਘ ਨੇ ਪੂਰੇ ਮਨ ਨਾਲ ਹਾਮੀ ਭਰ ਦਿੱਤੀ।

ਪਿੰਡ ਦੇ ਗੁਰਦੁਆਰੇ ਤੋਂ ਸੰਖ ਘੜਿਆਲ ਪੂਰਿਆ ਜਾ ਰਿਹਾ ਸੀ। ਗੁਰਬਖ਼ਸ਼ ਸਿੰਘ ਨੇ ਗਾਧੀ ਤੋਂ ਲਹਿੰਦਿਆਂ ਹੀ ਰਹਿਰਾਸ ਦਾ ਪਾਠ ਸ਼ੁਰੂ ਕਰ ਦਿੱਤਾ। ਤੇਜਾ ਸਿੰਘ ਨੇ ਵੀ ਆਪਣਾ ਧਿਆਨ ਪਾਠ ਸੁਣਨ ਵਿਚ ਲਾ ਦਿੱਤਾ।

ਗਿਆਰ੍ਹਵਾਂ ਕਾਂਡ

ਅੰਮ੍ਰਿਤਸਰ ਸ਼ਹਿਰ ਦੀ ਹਾਲਤ ਕਾਫ਼ੀ ਗੜਬੜਾਈ ਹੋਈ ਸੀ, ਵਪਾਰੀਆਂ ਵਿਚ ਪੂਰਾ ਸਹਿਮ ਸੀ। ਬਾਜ਼ਾਰਾਂ ਵਿਚ ਪਹਿਲਾਂ ਵਰਗੀਆਂ ਰੌਣਕਾਂ ਨਹੀਂ ਸਨ। ਧਰਮ ਯੁੱਧ ਮੋਰਚਾ ਆਪਣੀ ਪੂਰੀ ਚੜ੍ਹਾਈ ਵਿਚ ਚੱਲ ਰਿਹਾ ਸੀ। ਇਸ ਦੇ ਨਾਲ ਹੀ ਅਫ਼ੀਮ ਤੇ ਹਥਿਆਰ ਪਾਕਿਸਤਾਨ ਤੋਂ ਲਿਆ ਕੇ ਵੇਚਣ ਵਾਲਿਆਂ ਦੀ ਵੀ ਚੜ੍ਹ ਮੱਚੀ ਸੀ। ਸਰਕਾਰ ਤੇ ਪੁਲੀਸ ਦਾ ਸਾਰਾ ਧਿਆਨ ਮੋਰਚੇ ਦੀ ਵਧਦੀ ਅਫ਼ਰਾ-ਤਫ਼ਰੀ ਵੱਲ ਲੱਗਾ ਹੋਇਆ ਸੀ। ਬਾਰਡਰ ਸਕਿਉਰਿਟੀ ਫੋਰਸ ਨਾਲ ਸਮਗਲਰਾਂ ਦੀ ਸਾਜ਼-ਬਾਜ਼ ਸੀ। ਸਮਗਲਰ ਤੇ ਜੁਰਮ ਕਰਨ ਵਾਲੇ ਕੁਕਰਮ ਕਰਕੇ ਸ੍ਰੀ ਦਰਬਾਰ ਸਾਹਿਬ ਆ ਛੁਪਦੇ ਸਨ। ਇਸ ਦੇ ਉਲਟ ਸਿਦਕਵਾਨ ਸਿੰਘ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨਾਲ ਜੁੜ ਰਹੇ ਸਨ। ਇਸ ਵਗਦੀ ਗਰਮ ਲਹਿਰ ਵਿਚ ਲੋਹਾ ਲੱਕੜੀ ਇੱਕ ਹੋਏ ਪਛਾਣੇ ਨਹੀਂ ਜਾ ਰਹੇ ਸੀ। ਉੱਥੇ ਚੋਰ-ਉਚੱਕੇ ਵੀ ਕਾਨੂੰਨ ਤੋਂ ਡਰਦੇ ਖੱਟੇ ਦੁਪੱਟੇ ਬੰਨ੍ਹ ਕੇ ਸੰਤਾਂ ਦੇ ਪੈਰੀਂ ਆ ਪੈਂਦੇ ਸਨ। ਸੰਤਾਂ ਕੋਲ ਸ਼ਿਕਾਇਤ ਪੁੱਜਦੀ, ਮਾੜਾ ਅਸਰ ਤਹਿਰੀਕ ਨੂੰ ਫੇਲ੍ਹ ਕਰਾਵੇਗਾ। ਇਸ ਦਾ ਅਸਰ ਲੋਕਾਂ ਅਤੇ ਸ਼ਰਧਾਲੂਆਂ 'ਤੇ ਭੈੜਾ ਪੈ ਰਿਹਾ ਸੀ। ਸੰਤ ਅੱਗੋਂ ਆਖਦੇ, ਮੈਨੂੰ ਦੱਸੋ ਜਾਂ ਫੜੋ, ਕਿਹੜਾ ਦੁਰਾਚਾਰੀ ਹੈ। ਪਤਾ ਲੱਗਣ 'ਤੇ ਸੰਤਾਂ ਨੇ ਕਈਆਂ ਨੂੰ ਫਾਂਟ ਵੀ ਚਾੜ੍ਹੀ। ਪਰ ਮੀਸਣੇ ਦੜ ਵੱਟ ਕੇ ਜ਼ੋਰ-ਸ਼ੋਰ ਨਾਲ ਪਾਠ ਸ਼ੁਰੂ ਕਰ ਦੇਂਦੇ। ਮਾੜੇ ਚੰਗੇ ਸਾਧ ਚੋਰ ਦੀ ਉਸ ਗੜਬੜੀ 'ਚ ਪਛਾਣ ਨਹੀਂ ਰਹੀ ਸੀ। ਜਿੱਥੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਸੰਗਤ ਦੀ ਆਵਾਜਾਈ ਘਟੀ ਸੀ, ਉੱਥੇ ਸ਼ਹਿਰ ਦਾ ਵਪਾਰ ਠੱਪ ਹੋ ਕੇ ਰਹਿ ਗਿਆ ਸੀ।

ਸੰਤਾਪ ਭੋਗ ਰਹੇ ਹਿੰਦੂਆਂ, ਸਿੱਖਾਂ ਤੋਂ ਚੋਰੀ ਇਸ ਗੜਬੜੀ ਵਾਲੀ ਲੁੱਟ ਤੋਂ ਛੁਟਕਾਰਾ ਪਾਉਣ ਲਈ ਇੱਕ ਮੀਟਿੰਗ ਕੀਤੀ। ਦੋ ਦਿਨ ਪਹਿਲਾਂ ਇੱਕ ਨਾਮੀ ਫ਼ਿਰਕੂ, ਜਿਹੜਾ ਸ਼ਹਿਰ ਵਿਚ ਆਪੇ ਨੂੰ ਗਾਡ ਫਾਦਰ ਸਮਝਦਾ ਸੀ, ਨੇ ਮੋਰਚੇ ਵਿਰੁੱਧ ਸਰਕਾਰ ਦੇ ਹੱਕ ਵਿਚ ਇੱਕ ਜਲੂਸ ਕਢਵਾਇਆ ਸੀ। ਜਲੂਸ ਸ਼ਹਿਰ ਦੇ ਬਾਜ਼ਾਰਾਂ ਵਿਚੋਂ ਦੀ ਹੁੰਦਾ ਰੇਲਵੇ ਸਟੇਸ਼ਨ 'ਤੇ ਜਾ ਪਹੁੰਚਿਆ। ਉੱਥੇ ਸ੍ਰੀ ਦਰਬਾਰ ਸਾਹਿਬ ਦਾ ਇੱਕ ਖ਼ੂਬਸੂਰਤ ਮਾਡਲ ਟੂਰੈਸਟਾਂ ਅਤੇ ਯਾਤਰੂਆਂ ਦੀ ਖਿੱਚ ਲਈ ਰੱਖਿਆ ਹੋਇਆ ਸੀ। ਗਾਡ ਫਾਦਰ ਨੇ ਆਪਣੀ ਭੱਲ ਬਣਾਉਣ ਲਈ ਬਿਨਾਂ ਕੁਝ ਸੋਚੇ-ਸਮਝੇ ਲੱਤਾਂ ਮਾਰ ਮਾਰ ਮਾਡਲ ਭੰਨ ਸੁੱਟਿਆ ਅਤੇ ਨਾਅਰੇ ਲਾਏ: "ਗੁੰਡਾਗਰਦੀ ਨਹੀਂ ਚੱਲੇਗੀ, ਸਿੰਘਾ ਸ਼ਾਹੀ ਨਹੀਂ ਚੱਲੇਗੀ, ਨਹੀਂ ਚੱਲੇਗੀ!" ਨਫ਼ਰਤ ਤੇ ਫ਼ਿਰਕੂ ਭਾਵਨਾ ਨਾਲ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਤੋੜਨ ਵਾਲੀ ਭੈੜੀ ਖ਼ਬਰ ਸੰਤ ਜਰਨੈਲ ਸਿੰਘ ਕੋਲ ਵੀ ਪੁੱਜ ਗਈ।

"ਇਨ੍ਹਾਂ ਫ਼ਿਰਕੂਆਂ ਦੀ ਐਸੀ-ਤੈਸੀ, ਇਹ ਐਨੇ ਕਮੀਨੇ ਹੋ ਗਏ; ਜਿਸ ਸ੍ਰੀ ਦਰਬਾਰ ਸਾਹਿਬ ਨੂੰ ਹਰ ਵਰਗ ਦੇ ਲੋਕ ਸਾਂਝਾ ਤੀਰਥ ਅਸਥਾਨ ਸਮਝ ਕੇ ਸਿਰ ਝੁਕਾਂਦੇ ਹਨ; ਲੱਤਾਂ ਮਾਰ ਮਾਰ ਤੋੜ ਦਿੱਤਾ।" ਗੁੱਸੇ ਵਿਚ ਉਨ੍ਹਾਂ ਦਾ ਚਿਹਰਾ ਲਾਲ-ਸੂਹਾ ਹੋ ਗਿਆ। ਉਹ ਫੁੰਕਾਰ ਉੱਠੇ: "ਕੁਰਬਾਨੀ ਕਰਨ ਤੇ ਬਦਲਾ ਲੈਣ ਲਈ ਕੋਈ ਉੱਠੇਗਾ?"

ਦੋ ਨੌਜਵਾਨ ਸਿੰਘ ਝੱਟ ਉੱਠ ਕੇ ਖਲੋ ਗਏ। ਤਿੰਨ ਸਿੰਘ ਹੋਰ ਗਲ ਵਿਚ ਸਾਫ਼ੇ ਪਾ ਕੇ ਖੜ੍ਹੇ ਹੋ ਗਏ। ਮਾਡਲ ਤੋੜਨ ਦੀ ਖ਼ਬਰ ਨੇ ਸੰਤਾਂ ਅੰਦਰ ਅੱਗ ਭੜਕਾ ਦਿੱਤੀ ਸੀ।

"ਮਹਾਂਪੁਰਸ਼ੋ! ਹੁਕਮ ਕਰੋ, ਪੂਰੀ ਵਾਹ ਲਾਹਾਂਗੇ।" ਸਿੰਘ ਹਰ ਤਰ੍ਹਾਂ ਤਿਆਰ-ਬਰ-ਤਿਆਰ ਸਨ।

"ਸ੍ਰੀ ਦਰਬਾਰ ਸਾਹਿਬ ਦਾ ਮਾਡਲ ਤੋੜ ਕੇ ਉਨ੍ਹਾਂ ਕੌਮ ਦਾ ਦਿਲ ਹੀ ਨਹੀਂ ਤੋੜਿਆ, ਸਗੋਂ ਸਾਡੀ ਅਣਖ, ਇੱਜ਼ਤ ਤੇ ਧਰਮ ਨੂੰ ਲਲਕਾਰਿਆ ਹੈ। ਹਿੰਦੂ ਧਰਮ ਦੀ ਕਿਸੇ ਤਰ੍ਹਾਂ ਵੀ ਹਾਨੀ ਨਹੀਂ ਕਰਨੀ, ਖ਼ਬਰਦਾਰ! ਅਧਰਮੀ ਤੇ ਹੰਕਾਰੇ ਜ਼ਾਲਮ ਨੂੰ ਸੋਧਣਾ ਹੈ। ਬਸ, ਹੋਰ ਕੁਝ ਨਹੀਂ।" ਸੰਤ ਪੂਰੇ ਜਲਾਲ ਤੇ ਗੁੱਸੇ ਵਿਚ ਤੰਦੂਰ ਵਾਂਗ ਤਪੇ ਖਲੋਤੇ ਸਨ। "ਇਨ੍ਹਾਂ ਕਮੀਨਿਆਂ ਚੰਦ ਕਲਾਂ ਵਿਚ ਗੁਰਬਾਣੀ ਨੂੰ ਸਾੜਿਆ। ਮੁਗਲਾਂ ਦੁਰਾਨੀਆਂ ਸਾਡੇ 'ਤੇ ਅਥਾਹ ਜ਼ੁਲਮ ਕੀਤੇ, ਪਰ ਗੁਰਬਾਣੀ ਨਹੀਂ ਸਾੜੀ ਸੀ। ਅਸਾਂ ਦੇਸ਼ ਆਜ਼ਾਦ ਕਰਵਾਉਣ ਵਿਚ ਕਿਹੜੀ ਕੁਰਬਾਨੀ ਨਹੀਂ ਕੀਤੀ। ਸਾਡੀ ਆਜ਼ਾਦੀ ਦਾ ਹਿੱਸਾ ਕਿੱਥੇ ਐ? ਅਸੀਂ ਬੇਇੱਜ਼ਤ ਹੋ ਕੇ ਜੀਣ ਨਾਲੋਂ ਗੈਰਤਮੰਦ ਮੌਤ ਨੂੰ ਤਰਜੀਹ ਦੇਵਾਂਗੇ। ਸਿੰਘੋ! ਬਦਲਾ ਲੈਣ ਦੀ ਵਿਉਂਤ ਤੁਸਾਂ ਆਪ ਬਣਾਉਣੀ ਐ। ਫੜਾਈ ਨਹੀਂ ਖਾਣੀ। ਸਿੱਧੇ ਸਾਡੇ ਕੋਲ ਪਹੁੰਚਣਾ ਏ।"

ਦੋ ਗੱਭਰੂ ਸਿਰ ਝੁਕਾਅ ਤੇ 'ਸਤਿ ਬਚਨ' ਆਖ ਲੰਗਰ ਦੀ ਛੱਤ ਤੋਂ ਲਹਿ ਪਏ। ਆਗਿਆ ਦਾ ਪਾਲਣ ਕਰਨ ਲਈ ਤੁਰੇ ਹੀ ਸਨ, ਰਹਿਰਾਸ ਦਾ ਪਾਠ ਸ਼ੁਰੂ ਹੋ ਗਿਆ। ਇੱਕ ਨੇ ਦੂਜੇ ਨੂੰ ਸਲਾਹ ਦਿੱਤੀ:

"ਪਾਠ ਸੁਣ ਲਈਏ।"

"ਠੀਕ, ਕੀਰਤਿਨ ਸੋਹਿਲੇ ਦਾ ਪਾਠ ਵੀ ਹੋ ਲੈਣ ਦੇਈਏ। ਓਦੋਂ ਤੱਕ ਹਨੇਰਾ ਹੋਰ ਵੱਧ ਜਾਵੇਗਾ।" ਭੱਜ ਨਿਕਲਣਾ ਸੁਖਾਲਾ ਹੋਵੇਗਾ।

"ਹਨੇਰਾ ਪਏ ਤੋਂ ਕੋਈ ਪਛਾਣੇਗਾ ਵੀ ਨਹੀਂ।" ਪਹਿਲੇ ਨੇ ਮੁੜ ਕਿਹਾ। "ਜਾਈਏ ਭਾਵੇਂ ਦੂਰੋਂ ਦੀ ਵਲ ਪਾ ਕੇ, ਪਰ ਆਉਣ ਦਾ ਰਾਹ ਸੁਖਾਲਾ ਤੇ ਮੋੜਾਂ ਵਾਲਾ ਹੋਣਾ ਚਾਹੀਦਾ ਏ।"

"ਮੈਂ ਤੇਰੇ ਨਾਲ ਸਹਿਮਤ ਆਂ।"

ਉਨ੍ਹਾਂ ਖੱਟੇ ਪਟਕੇ ਲਾਹ ਕੇ ਚਿੱਟੀਆਂ ਕਾਂਗਰਸੀ ਦਸਤਾਰਾਂ ਸਜਾਅ ਲਈਆਂ ਤੇ ਬੇਫ਼ਿਕਰ ਹੋ ਕੇ ਤੁਰ ਪਏ। ਬਿਜਲੀ ਦਾ ਪੀਲਾ ਚਾਨਣ ਮਰਿਆ-ਮਰਿਆ ਸੀ। ਉਨ੍ਹਾਂ ਅਪਰਾਧੀ ਦੇ ਬੂਹੇ ਅੱਗੇ ਬਾਹਰਲਾ ਬਲਬ ਜਗਦਾ ਤੱਕਿਆ, ਉਹਦਾ ਸਵਿੱਚ ਅੰਦਰ ਸੀ। ਇੱਕ ਨੇ ਝੱਟ ਟੱਲੀ ਵਾਲਾ ਸਵਿੱਚ ਨੱਪ ਦਿੱਤਾ ਅਤੇ ਦੂਜੇ ਨੇ ਤਿਆਰੀ ਖਿੱਚ ਲਈ।

ਥੋੜ੍ਹੇ ਚਿਰ ਪਿੱਛੋਂ ਪਹਿਲਾਂ ਅੰਦਰ ਚੱਲਣ ਦਾ ਖੜਾਕ ਹੋਇਆ, ਮੁੜ ਬੂਹਾ ਖੁੱਲ੍ਹ ਗਿਆ। ਕੁਦਰਤੀ ਮਾਡਲ ਭੰਨਣ ਵਾਲੇ ਗਾਡ ਫਾਦਰ ਨੇ ਹੀ ਦਰਵਾਜ਼ਾ ਆ ਖੋਲ੍ਹਿਆ। ਤਿਆਰ ਖਲੋਤੇ ਸਿੰਘ ਨੇ ਉਸ ਨੂੰ ਬੂਹਾ ਬੰਦ ਕਰਨ ਦਾ ਮੌਕਾ ਹੀ ਨਾ ਦਿੱਤਾ ਅਤੇ ਦੜ-ਦੜ ਪਿਸਤੌਲ ਦੇ ਦੋ ਫਾਇਰ ਵਰ੍ਹਾ ਦਿੱਤੇ।

"ਹਾਏ ਓਏ ਮਾਰਤਾ" ਆਖਦਾ ਗਾਡ ਫਾਦਰ ਥਾਏਂ ਢੇਰੀ ਹੋ ਗਿਆ। ਸਿੰਘਾਂ ਪੈਰ ਤੋਂ ਹੀ ਛੂਟਾਂ ਵੱਟ ਲਈਆਂ। ਧੜੂਕੇ ਪੈਣ ਨਾਲ ਲਾਅਲਾ ਲਾਲਾ ਹੋ ਉੱਠੀ। ਪਰ ਮਾਰਨ ਵਾਲੇ ਅੰਮ੍ਰਿਤਸਰ ਦੀਆਂ ਭੀੜੀਆਂ ਤੇ ਵਲ ਖਾਂਦੀਆਂ ਗਲੀਆਂ ਵਿਚੋਂ ਦੀ ਪੱਤਰਾ ਵਾਚ ਗਏ। ਫ਼ਿਰਕੂ ਆਗੂ ਦੀ ਮੌਤ ਨਾਲ ਹਾਹਾਕਾਰ ਮਚ ਉੱਠੀ। ਇਕੱਠੇ ਹੋਏ ਵਪਾਰੀ ਲੰਮੇ ਸਹਿਮ ਵਿਚ ਡੁੱਬ ਕੇ ਰਹਿ ਗਏ। ਉਹ ਸੋਚਣ ਲਈ ਮਜਬੂਰ ਹੋ ਗਏ, ਇਸ ਤਰ੍ਹਾਂ ਕਿਵੇਂ ਗੁਜ਼ਾਰਾ ਹੋਵੇਗਾ?

ਸਿਆਣੇ ਆਗੂਆਂ ਅਗਲੇ ਦਿਨ ਇੱਕ ਖ਼ੁਫ਼ੀਆ ਮੀਟਿੰਗ ਦਾ ਪ੍ਰਬੰਧ ਕੀਤਾ।

ਬਿਨਾਂ ਪ੍ਰਧਾਨ ਥਾਪੇ ਮੀਟਿੰਗ ਦੀ ਕਾਰਵਾਈ ਸ਼ੁਰੂ ਕਰ ਲਈ। ਇੱਕ ਨੰਗੇ ਸਿਰ ਵਾਲੇ ਨੇ ਬੋਲਣਾ ਸ਼ੁਰੂ ਕੀਤਾ:

"ਭਰਾਵੋ! ਅਜਿਹੀ ਸਕੀਮ ਸੋਚੋ, ਇਸ ਸਾਅੜਸਤੀ ਤੋਂ ਛੁਟਕਾਰਾ ਮਿਲੇ; ਸੱਪ ਮਰੇ, ਪਰ ਸੋਟੀ ਨਾ ਟੁੱਟੇ। ਕਮਾਈ ਅਸਲੋਂ ਬੰਦ ਹੋ ਗਈ। ਡਰਦਾ ਗਾਹਕ ਅੰਮ੍ਰਿਤਸਰ ਨਹੀਂ ਆਉਂਦਾ। ਇਸ ਤਰ੍ਹਾਂ ਦੀ ਬੁਰਛਾਗਰਦੀ ਵਿਚ ਕੰਗਾਲ ਹੋ ਜਾਵਾਂਗੇ।"

"ਤੂੰ ਲਾਲਾ ਠੀਕ ਆਖਦਾ ਏਂ।" ਵੱਡੀ ਉਮਰ ਦੇ ਬੰਦੇ ਨੇ ਉਸ ਦੀ ਗੱਲ ਫੜ ਲਈ। "ਭਿੰਡਰਾਂ ਵਾਲੇ ਦੇ ਬੰਦੇ ਖੱਟੇ ਦੁਪੱਟੇ ਬੰਨ੍ਹ ਕੇ ਚਾਰ-ਪੰਜ ਜਣਿਆਂ ਦੀ ਚੌਕੜੀ ਬਣਾਉਂਦੇ ਐ ਤੇ ਫੰਡ ਦੀ ਉਗਰਾਹੀ ਲਈ ਚੜ੍ਹ ਪੈਂਦੇ ਐ। ਵੱਟਿਆ ਕੁਝ ਨਹੀਂ ਹੁੰਦਾ। ਉਸ ਧੌਂਸ ਨਾਲ ਮੂੰਹ ਮੰਗਿਆ ਫੰਡ ਮੰਗਦੇ ਐ। ਇਉਂ ਕਿਵੇਂ ਚੱਲੇਗਾ?"

"ਬਦੀ ਸਿੱਧੇ ਇੰਦਰਾ ਦੇ ਵੱਜੇ।" ਗਾਂਧੀ ਟੋਪੀ ਵਾਲੇ ਨੇ ਆਪਣਾ ਸਿਆਸੀ ਸੁਝਾਅ ਰੱਖਿਆ। "ਉਸ ਨੂੰ ਆਖੋ, ਸਾਨੂੰ ਵਸਣ ਨੂੰ ਥਾਂ ਦੇਹ, ਅਸੀਂ ਅੰਮ੍ਰਿਤਸਰੋਂ ਤਾਂ ਉੱਝੜੇ ਈ ਪਏ ਆਂ। ਆਖੀਏ, ਆਹ ਤੇਰਾ ਰਾਜ, ਜਿਸ ਵਿਚ ਕਤਲ 'ਤੇ ਕਤਲ, ਡਕੈਤੀਆਂ ਅਤੇ ਜਬਰੀ ਜਜ਼ੀਆ ਲਿਆ ਜਾਂਦਾ ਹੈ। ਰੋਵਾਂ ਪਿੱਟਾਂਗੇ ਉਹਦੇ ਅੱਗੇ, ਤਦ ਹੀ ਕੋਈ ਕਾਰਵਾਈ ਕਰੇਗੀ। ਚੁੱਪ ਕਰਕੇ ਧੱਕਾਸ਼ਾਹੀ ਤੇ ਸਿੰਘਾਸ਼ਾਹੀ ਝੱਲੀ ਜਾਣਾ ਕਿਵੇਂ ਵਾਰਾ ਖਾਵੇਗੀ?" ਟੋਪੀ ਲਾਹ ਕੇ ਉਸ ਖਿੱਚੜੀ ਵਾਲਾਂ 'ਤੇ ਹੱਥ ਫੇਰਿਆ। "ਕੋਈ ਚਾਹ-ਚੂਹ ਦਾ ਬੰਦੋਬਸਤ ਨਹੀਂ ਕੀਤਾ?"

"ਸਾਨੂੰ ਮਰਨ ਸੁੱਝ ਰਿਹਾ ਹੈ, ਇਹਨੂੰ ਚਾਹ ਦੀ ਪਈ ਐ।" ਘਰ ਵਾਲੇ ਨੇ ਸੜ ਕੇ ਆਖਿਆ। "ਖਾਊ ਯਾਰ ਕਾਂਗਰਸੀਆਂ ਦੀ ਜ਼ਾਤ ਗੁੱਝੀ ਨਹੀਂ ਰਹਿੰਦੀ। ਤੇਰਾ ਮੂੰਹ ਝੁਲਸਦੇ ਆਂ।" ਉਸ ਆਪਣੇ ਮੁੰਡੇ ਨੂੰ ਆਵਾਜ਼ ਮਾਰੀ। "ਕੁੰਦਨਾ, ਚਾਹ ਤਿਆਰ ਨਹੀਂ ਹੋਈ?"

"ਲਿਆਇਆ ਬਾਈ ਜੀ।" ਕੁੰਦਨ ਨੇ ਅੰਦਰੋਂ ਆਵਾਜ਼ ਦਿੱਤੀ।

ਬਾਜ਼ਾਰ ਦੇ ਚੌਧਰੀ ਨੇ ਬੋਲਣਾ ਆਪਣਾ ਫ਼ਰਜ਼ ਸਮਝਿਆ।

"ਸਭ ਤੋਂ ਪਹਿਲਾਂ ਸਾਨੂੰ ਸਾਰਿਆਂ ਨੂੰ ਸਿਆਸੀ ਸਮਾਜੀ ਵਿਰੋਧ ਮਿਟਾ ਕੇ ਇੱਕ ਹੋਣਾ ਚਾਹੀਦਾ ਏ। ਇਸ ਸਿਰ ਪਈ ਮੁਸੀਬਤ ਨੂੰ ਸਾਂਝੀ ਬਣਾ ਕੇ ਲੜੀਏ। ਜੇ ਇੱਕ ਵਾਰ ਛੱਟੀ ਪੁਆ ਲਈ ਸਮਝੋ ਸਾਰੀ ਉਮਰ ਦਾ ਗਧੀ ਲੱਦਾ ਚੁੱਕਣਾ ਪਏਗਾ। ਏਥੇ ਦੋਹਰੀ ਨੀਤੀ ਧਾਰਨ ਦੀ ਲੋੜ ਐ, ਡੈਪੂਟੇਸ਼ਨ ਇੱਕ ਸਿੱਧਾ ਇੰਦਰਾ ਕੋਲ ਪਹੁੰਚੇ ਤੇ ਰੋਵੇ ਪਿੱਟੇ। ਇਸ ਦੀ ਕਿਸੇ ਨੂੰ ਅਥਵਾ ਅਖ਼ਬਾਰਾਂ ਵਾਲਿਆਂ ਨੂੰ ਸੂਹ ਨਾ ਲੱਗੇ। ਦੂਜਾ ਜੱਥਾ ਭਿੰਡਰਾਂ ਵਾਲੇ ਕੋਲ ਫ਼ਰਿਆਦ ਲੈ ਕੇ ਜਾਵੇ। ਆਖੇ, ਤੁਹਾਡੇ ਬੰਦੇ ਆਥਣ-ਸਵੇਰੇ ਉਗਰਾਹੀ ਨੂੰ ਚੜ੍ਹੇ ਰਹਿੰਦੇ ਐ। ਤੁਸੀਂ ਆਪ ਦੱਸੋ, ਤੁਹਾਨੂੰ ਕੀ ਚਾਹੀਦਾ ਹੈ? ਤੁਹਾਡੇ ਭੇਜੇ ਬੰਦੇ ਤੁਹਾਡਾ ਨਾਂ ਲੈ ਕੇ ਪੈਸੇ ਵੀ ਉਗਰਾਹੁੰਦੇ ਐ ਤੇ ਧਮਕੀਆਂ ਵੀ ਚਾੜ੍ਹਦੇ ਐ। ਦੁਸ਼ਮਣ ਦੀ ਇਕਮੁੱਠ ਤਾਕਤ ਨੂੰ ਚਾਣਕਿਆ ਨੀਤੀ ਅਨੁਸਾਰ ਪਾੜੀਏ। ਸਿੱਧਾ ਵਿਰੋਧ ਦੁਸ਼ਮਣ ਨੂੰ ਖ਼ਬਰਦਾਰ ਕਰਦਾ ਹੈ, ਤਾਕਤ ਦੇਂਦਾ ਹੈ। ਮੈਨੂੰ ਦੋਵਾਂ ਜਥਿਆਂ ਵਿਚੋਂ ਕਿਸੇ ਨਾਲ ਪਾ ਲਵੋ; ਮੈਂ ਸਾਫ਼-ਸਪਸ਼ਟ ਗੱਲ ਕਰਾਂਗਾ।"

"ਤੁਸੀਂ ਭਿੰਡਰਾਂ ਵਾਲੇ ਕੋਲ ਜਾਣ ਵਾਲਿਆਂ ਦੀ ਅਗਵਾਈ ਕਰੋ।" ਗਾਂਧੀ ਟੋਪੀ ਬੋਲ ਪਈ। "ਇੰਦਰਾ ਨਾਲ ਮੈਂ ਗੱਲ ਕਰਾਂਗਾ।"

"ਇਹਨੂੰ ਲੀਡਰੀ ਚਮਕਾਉਣ ਦਾ ਮੌਕਾ ਚਾਹੀਦਾ ਹੈ।" ਘਰ ਵਾਲਾ ਟੋਪੀ ਨੂੰ ਚੋਟ ਕਰ ਗਿਆ।

"ਮੁੰਡਾ ਚਾਹ ਲੈ ਕੇ ਆਇਆ। ਉਸ ਨਾਲ ਇੱਕ ਨੌਕਰ ਸੀ। ਸਾਰਿਆਂ ਅੱਗੇ ਪਿਆਲੇ

ਟਿਕਾਅ ਦਿੱਤੇ ਅਤੇ ਖ਼ੁਸ਼ਕ ਮੇਵੇ ਦੀਆਂ ਦੋ ਪਲੇਟਾਂ ਵਿਚਕਾਰ ਰੱਖ ਦਿਤੀਆਂ।

"ਮੀਟਿੰਗ ਦੀ ਸ਼ਾਨ ਹੁਣ ਬਣੀ ਐ।" ਟੋਪੀ ਘਰ ਵਾਲੇ ਦੀ ਪ੍ਰਸੰਸਾ ਕਰ ਗਈ।

"ਏਥੇ ਜਿੰਨੇ ਮਰਜ਼ੀ ਖਾ ਲੈ, ਤੈਨੂੰ ਝੱਗੀ ਦੀਆਂ ਜੇਬ੍ਹਾਂ ਨਹੀਂ ਭਰਨ ਦੇਣੀਆਂ।" ਖੁੱਲ੍ਹ ਖੁਲਾਸੇ ਘਰ ਵਾਲੇ ਨੇ ਮੁੜ ਚੋਟ ਦੋਹਰਾਈ। ਚਾਹ ਪੀਣ ਪਿੱਛੋਂ ਇੱਕ ਡਰੂ ਨੇ ਕਿਹਾ।

"ਉਸ ਭੂੰਡਾਂ ਵਾਲੇ ਕੋਲ ਨਾ ਜਾਓ, ਉਹ ਤਾਂ ਬਗੜ ਬਘਿਆੜ ਐ, ਖਾਵੇਗਾ ਪਹਿਲੋਂ ਗੱਲ ਮਗਰੋਂ ਸੁਣੇਗਾ।"

"ਜਿਹੜਾ ਮੁੰਡਾ ਚੁੱਕ ਕੇ ਫਰੌਤੀ ਲਈ, ਉਹ?" ਇੱਕ ਹੋਰ ਸ਼ਿਕਾਇਤ ਉੱਠ ਪਈ।

ਰੋਸਿਆਂ, ਨਿਹੋਰਿਆਂ ਤੇ ਗੁੱਸਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਖ਼ਾਮੋਸ਼ ਮੀਟਿੰਗ ਵਿਚ ਰੌਲਾ ਵਧ ਗਿਆ। ਟੋਪੀ ਵਾਲੇ ਨੇ ਆਗੂ ਦੀ ਹੈਸੀਅਤ ਵਿਚ ਰੌਲਾ ਬੰਦ ਕਰਵਾਇਆ।

"ਆਪੋ ਆਪਣੇ ਰੌਲੇ-ਰੱਪੇ ਨਾਲ ਅਸੀਂ ਇਸ ਬਲਾ ਤੋਂ ਛੁਟਕਾਰਾ ਨਹੀਂ ਪਾ ਸਕਦੇ। ਖੁੱਲ੍ਹੀਆਂ ਉਂਗਲਾਂ ਨੂੰ ਮੁੱਠੀ ਦੀ ਤਾਕਤ ਵਿਚ ਬਦਲੋ। ਜੋ ਕਰਨਾ ਏ, ਉਸ ਦੀ ਦੁਸ਼ਮਣ ਨੂੰ ਬਿੜਕ ਨਹੀਂ ਹੋਣੀ ਚਾਹੀਦੀ। ਸਭ ਤੋਂ ਪਹਿਲ੍ਹਾਂ ਆਪਾਂ ਭਿੰਡਰਾਂ ਵਾਲੇ ਨੂੰ ਮਿਲੀਏ ਤੇ ਉਹਦੇ ਚੇਲੇ-ਚਾਟੜਿਆਂ ਬਾਰੇ ਧੀਰਜ ਨਾਲ ਗੱਲ ਕਰੀਏ, ਆਪਣਾ ਗਿਲਾ ਵੀ ਜਤਾਈਏ।"

"ਮਿਲ ਲਓ ਨਿਸ਼ੰਗ, ਉਹ ਸੰਤ ਘੱਟ, ਬਗੜ ਬਘਿਆੜ ਬਹੁਤਾ ਏ।" ਕਿਸੇ ਚੋਟ ਮਾਰੀ।

"ਸਿੱਧੇ ਪਏ ਨੂੰ ਸ਼ੇਰ ਨਹੀਂ ਖਾਂਦਾ।" ਹੁਣ ਤੱਕ ਚੁੱਪ ਸਾਧੀ ਬੈਠੇ ਪੱਗ ਵਾਲੇ ਭਾਈ ਨੇ ਗੱਲ ਆਪਣੇ ਹੱਥ ਲਈ। "ਭਰਾਓ ਮੇਰਾ ਵੀ ਥੋੜ੍ਹਾ ਆਪਣੇ ਭਾਈਚਾਰੇ ਬਾਰੇ ਗਿਲਾ ਹੈ। ਮੈਂ ਭਿੰਡਰਾਂ ਵਾਲੇ ਦੀ ਧੱਕੜ ਨੀਤੀ ਦਾ ਵਿਰੋਧੀ ਆਂ। ਤੁਹਾਡੀਆਂ ਵੀ ਸਾਰੀਆਂ ਗੱਲਾਂ ਨਾਲ ਸਹਿਮਤ ਨਹੀਂ, ਮੇਰੀਆਂ ਗੱਲਾਂ ਨੂੰ ਦੂਰ-ਅੰਦੇਸ਼ੀ ਤੇ ਸੰਜੀਦਗੀ ਨਾਲ ਲੈਣਾ, ਫ਼ਜ਼ੂਲ 'ਤੇ ਆਵਾਗੌਣ ਨਾ ਸਮਝਣਾ। ਮੇਰੇ ਖਿਆਲ ਵਿਚ ਭਿੰਡਰਾਂ ਵਾਲਾ ਅਸਾਂ ਪੈਦਾ ਕੀਤਾ ਹੈ। ਉਸ ਵਿਚ ਮੁੱਖ ਦੋਸ਼ੀ ਸਰਕਾਰ, ਹਿੰਦੂਆਂ, ਸਿੱਖਾਂ ਨੂੰ ਪਾੜਨ ਵਾਲੀ ਹੈ। ਦੂਜੇ ਦੋਸ਼ੀ ਮਹਾਸ਼ਾ ਪ੍ਰੈੱਸ ਤੇ ਅਕਾਲੀ ਮੰਗਾਂ ਦਾ ਵਿਰੋਧ ਕਰਨ ਵਾਲੀਆਂ ਪਾਰਟੀਆਂ ਹਨ, ਜਿਨ੍ਹਾਂ ਹਰ ਸਿਆਸੀ ਮੋੜ 'ਤੇ ਪੰਜਾਬ ਦੇ ਹਿੱਤਾਂ ਦੀ ਅੰਨ੍ਹੀ ਮੁਖ਼ਾਲਫ਼ਤ ਕੀਤੀ ਤੇ ਪੰਜਾਬ ਦਾ ਅੰਨ੍ਹੀ ਵਿਰੋਧਤਾ ਨਾਲ ਬੁਰਾ ਸੋਚਿਆ ਹੀ ਨਹੀਂ, ਅਮਲੀ ਤੌਰ 'ਤੇ ਕੀਤਾ ਤੇ ਕਰਵਾਇਆ। ਅੱਜ ਸਾਡੀ ਮੀਟਿੰਗ ਵਿਚ ਸਭ ਨੇ ਠੇਠ ਪੰਜਾਬੀ ਬੋਲੀ ਐ, ਪਰ ਅਸੀਂ ਸੰਨ ਇਕਵੰਜਾ ਤੋਂ ਇਸ ਦਾ ਵਿਰੋਧ ਕਰਦੇ ਆ ਰਹੇ ਆਂ। ਸਰਕਾਰੀ ਜ਼ੁਬਾਨ ਪੰਜਾਬੀ ਬਣ ਜਾਣ ਪਿੱਛੋਂ ਵੀ ਵਿਰੋਧ ਦਾ ਖਹਿੜਾ ਨਹੀਂ ਛੱਡਿਆ। ਸਾਡੇ ਡੀ. ਏ. ਵੀ. ਸਕੂਲਾਂ ਤੇ ਕਾਲਜਾਂ ਨੇ ਇਸ ਨੂੰ ਭ੍ਰਿਸ਼ਟ ਜ਼ੁਬਾਨ ਸਮਝ ਕੇ ਪੜ੍ਹਾਉਣੋਂ ਪਰ੍ਹੇ ਹੀ ਰੱਖਿਆ। ਹਾਲਾਂਕਿ ਗੁਰੂ ਗ੍ਰੰਥ ਸਾਹਿਬ ਵਿਚ ਸਾਡੇ ਪੁਰਖੇ ਗੁਰੂਆਂ ਤੇ ਭਗਤਾਂ ਦੀ ਬਾਣੀ ਦਰਜ ਹੈ। ਵਾਰਿਸ ਦੀ ਹੀਰ ਤੇ ਸੂਫ਼ੀਆਂ ਦੇ ਕਲਾਮ ਕਿੰਨੀ ਮਿੱਠੀ ਬੋਲੀ ਵਿਚ ਹਨ। ਕੋਈ ਮਾਂ ਬੋਲੀ ਵੀ ਭ੍ਰਿਸ਼ਟ ਹੁੰਦੀ ਐ। ਭ੍ਰਿਸ਼ਟ ਕੇਵਲ ਫ਼ਿਰਕੂ ਮਨ ਹੁੰਦਾ ਹੈ।" ਉਸ ਆਪਣੀ ਗੱਲ ਨੂੰ ਖੰਘ ਕੇ ਜਾਰੀ ਰੱਖਿਆ। "ਦੂਜੇ ਅਸਾਂ ਪੰਜਾਬੀ ਸੂਬੇ ਦਾ ਡਟ ਕੇ ਵਿਰੋਧ ਕੀਤਾ। ਸਾਡੀ ਮੁਖ਼ਾਲਫ਼ਤ ਕਾਰਨ ਜ਼ੁਬਾਨ ਦੇ ਆਧਾਰ 'ਤੇ ਘੱਟ ਹਿੰਦੂ ਸਿੱਖ ਗਿਣਤੀ ਨੂੰ ਮੁੱਖ ਰੱਖ ਕੇ ਉਲੀਕਿਆ ਗਿਆ। ਹਿੰਦੂ ਸਿੱਖਾਂ ਦੀ ਘਿਉ-ਖਿੱਚੜੀ ਵਾਲੀ ਏਕਤਾ ਵਿਚ ਪਾੜਾ ਪਾ ਧਰਿਆ। ਸਾਡੇ ਭਾਈ ਮਹਾਸ਼ੇ ਹੋਮ ਮਨਿਸਟਰ ਨੰਦੇ ਦੇ ਗਲ ਜਾ ਪਏ ਕਿ ਸਾਨੂੰ ਸਿੱਖਾਂ ਤੋਂ ਮਰਵਾਉਣਾ ਏ? ਉਸ ਉੱਤਰ ਦਿੱਤਾ, ਜਾਓ ਬੇ-ਫ਼ਿਕਰ ਰਹੋ, ਸਿੱਖ ਸੂਬਾ ਲੈਣਗੇ ਹੀ ਨਹੀਂ। ਉਸ ਆਪਣੇ ਕਮਿਸ਼ਨ ਰਾਹੀਂ ਅਜਿਹੀ ਕੈਂਚੀ ਫੇਰੀ, ਸੂਬੇ ਦੀ ਥਾਂ ਸੂਬੀ ਬਣਾ ਘੱਤੀ। ਪੰਜਾਬੀ

ਬੋਲਣ ਵਾਲੇ ਕਾਂਗੜਾ, ਊਨਾ, ਕਾਲਕਾ, ਅੱਧ ਅੰਬਾਲਾ ਤੇ ਅੱਧਾ ਸਰਸਾ ਕੱਟ ਕੇ ਅਹੁ ਮਾਰੇ। ਇਹ ਇਲਾਕੇ ਸੂਬੇ ਵਿਚ ਆਉਂਦੇ, ਦਲਿਤਾਂ ਨੂੰ ਮਿਲਾ ਕੇ ਅਸੀਂ ਪੰਜਾਬ ਵਿਚ ਬਹੁ-ਗਿਣਤੀ ਹੁੰਦੇ ਸਾਂ। ਸਰਕਾਰ ਵਿਚ ਸਾਡਾ ਹੱਥ ਉੱਤੇ ਹੁੰਦਾ। ਪੈਰ ਕੁਹਾੜਾ ਮਾਰਿਆ ਗ਼ਾਫ਼ਲ ਆਪਣੇ ਹਾਥ।"

ਉਸ ਨੇ ਖ਼ਰੀਆਂ ਖ਼ਰੀਆਂ ਸੁਣਾਈਆਂ, ਸਾਰਿਆਂ ਦੇ ਮੂੰਹ ਬੰਦ ਹੋ ਗਏ। ਉਸ ਹੱਥ ਖੜ੍ਹਾ ਕੀਤਾ।

"ਹਾਲੇ ਮੇਰੀ ਗੱਲ ਮੁੱਕੀ ਨਹੀਂ। ਤੀਜੀ ਵੱਡੀ ਗੱਲ ਮੋਰਚੇ ਦਾ ਵਿਰੋਧ ਐ, ਜਿਹੜਾ ਅਕਾਲੀਆਂ ਐੱਸ. ਵਾਈ. ਐੱਲ. ਨਹਿਰ ਵਿਰੁੱਧ ਲਾਇਆ ਏ। ਕਾਨੂੰਨੀ ਤੇ ਅਸਲੀ ਤੌਰ 'ਤੇ ਪੰਜਾਬ ਦੇ ਦਰਿਆਵਾਂ ਦੀ ਮਾਲਕੀ ਨਿਰੋਲ ਪੰਜਾਬ ਦੀ ਐ। ਠੱਗੀਆਂ, ਧੋਖਿਆਂ ਤੇ ਕਾਂਗਰਸ ਦੀਆਂ ਗ਼ਦਾਰੀਆਂ ਕਾਰਨ ਹੁਣ ਤੱਕ ਪੰਜਾਬ ਦਾ ਪਾਣੀ ਖੋਹਿਆ ਗਿਆ ਹੈ। ਪੰਜਾਬ ਕਾਂਗਰਸ ਦੇ ਗ਼ਦਾਰਾਂ ਨੂੰ ਪੰਜਾਬ ਦੇ ਲੋਕਾਂ ਦੇ ਹਿਤਾਂ ਨਾਲੋਂ ਗੱਦੀਆਂ ਪਿਆਰੀਆਂ ਸਨ। ਪੰਜਾਬ ਦੇ ਦੁਸ਼ਮਣਾਂ ਨੂੰ ਪੈਦਾਵਾਰੀ ਸਾਧਨ ਬਿਜਲੀ-ਪਾਣੀ ਚਾਹੀਦੇ ਸਨ। ਲੁੱਟੇ ਇਸ ਵਿਚ ਅਸੀਂ ਤੁਸੀਂ ਸਾਰਾ ਪੰਜਾਬ ਗਿਆ। ਪੰਜਾਬ ਦਾ ਭੋਲਾ ਕਿਸਾਨ ਸਾਡਾ ਪੱਕਾ ਗਾਹਕ, ਕਿਰਤੀ ਬੰਦਾ, ਗੁਰੂ ਦੀ ਰਜ਼ਾ ਮੰਨਣ ਵਾਲਾ, ਅਸੀਂ ਬਿਨਾਂ ਕੁਝ ਸੋਚੇ-ਸਮਝੇ ਉਸ ਨੂੰ ਮਰਵਾਉਣ ਤੁਰ ਪਏ। ਅਸੀਂ ਆਪਣੇ ਗਾਹਕ ਬਿਨਾਂ ਕਿਵੇਂ ਜੀਆਂਗੇ? ਕਿਸਾਨ ਘਰ ਦਾਣੇ ਨਹੀਂ ਆਉਣਗੇ, ਵਪਾਰੀ ਕਿਵੇਂ ਖ਼ੁਸ਼ਹਾਲ ਹੋਵੇਗਾ। ਪਾਣੀ ਖੋਹੇ ਜਾਣ 'ਤੇ ਪੰਜਾਬ ਅਵੱਸ਼ ਰੇਗਿਸਤਾਨ ਬਣੇਗਾ। ਉਸ ਰੇਗਿਸਤਾਨ ਵਿਚ ਤੁਸੀਂ ਆਪਣਾ ਟਿਕਾਣਾ ਭਾਲਣ ਦੀ ਸੋਚ ਲਵੋ। ਮੇਰੇ ਮਨ ਦਾ ਫ਼ੈਸਲਾ ਐ, ਮੈਂ ਇਸ ਮੋਰਚੇ ਵਿਚ ਜਾਵਾਂਗਾ।"

"ਲਓ, ਕਰ ਲਓ ਘਿਓ ਨੂੰ ਭਾਂਡਾ", ਕਾਂਗਰਸੀ ਤੋਂ ਆਖਣੋਂ ਰਹਿ ਨਾ ਹੋਇਆ। ਉਹ ਪੰਜਾਬ ਕਾਂਗਰਸ ਨੂੰ ਗ਼ਦਾਰ ਆਖਣ 'ਤੇ ਅੰਦਰੋਂ ਔਖਾ ਸੀ।

"ਹਾਂ, ਅਕਾਲੀਆਂ ਸਿਰ ਦੋਸ਼ ਇਹ ਰਿਹਾ ਹੈ।" ਉਸ ਭਾਈ ਨੇ ਮੋੜ ਦਿੱਤਾ। "ਉਹ ਕੇਵਲ ਹੁਣ ਤੱਕ ਸਿੱਖਾਂ ਬਾਰੇ ਹੀ ਸੋਚਦੇ ਰਹੇ, ਸਾਨੂੰ ਅਥਵਾ ਸਮੂਹ ਪੰਜਾਬੀਆਂ ਨੂੰ ਨਾਲ ਲੈਣ ਦਾ ਯਤਨ ਨਹੀਂ ਕੀਤਾ। ਇਸੇ ਕਾਰਨ ਉਹ ਕੋਈ ਖ਼ਾਸ ਪ੍ਰਾਪਤੀ ਨਹੀਂ ਕਰ ਸਕੇ, ਪਰ ਪਾਣੀ ਰੋਕਣ ਵਾਲੀ ਗੱਲ ਸਮੁੱਚੇ ਪੰਜਾਬ ਦੇ ਹਿੱਤ ਵਿਚ ਐ। ਕੋਈ ਵੀ ਪੈਂਤੜਾ ਮੱਲਣ ਤੋਂ ਪਹਿਲਾਂ ਅੱਗੇ-ਪਿੱਛੇ ਨੂੰ ਪੜਤਾਲ ਲੈਣਾ ਚਾਹੀਦਾ ਹੈ।" ਉਸ ਬੋਲਣਾ ਬੰਦ ਕਰਕੇ ਪ੍ਰਤੀਕਰਮ ਜਾਨਣਾ ਚਾਹਿਆ।

ਬਾਜ਼ਾਰ ਦੇ ਚੌਧਰੀ ਨੇ ਸੱਚੀਆਂ ਸੁਣ ਕੇ ਸਾਰੀਆਂ 'ਤੇ ਸੁਹਾਗਾ ਫੇਰਨਾ ਠੀਕ ਸਮਝਿਆ।

"ਭਾਈ ਸਾਹਿਬ ਤੁਸਾਂ ਨੱਬੇ ਫ਼ੀਸਦੀ ਦਰੁਸਤ ਫ਼ਰਮਾਇਆ। ਅਗਲੀਆਂ-ਪਿਛਲੀਆਂ ਸੁੱਟੋ ਖੂਹ ਵਿਚ, ਮਗਰਮੱਛ ਤੋਂ ਛੋਟੀਆਂ ਮੱਛੀਆਂ ਦੇ ਬਚਾਅ ਬਾਰੇ ਦੱਸੋ?"

"ਮੈਂ ਭਿੰਡਰਾਂ ਵਾਲੇ ਕੋਲ ਚੱਲਣ ਨੂੰ ਤਿਆਰ ਆਂ। ਅੰਮ੍ਰਿਤਸਰ ਦੇ ਵਪਾਰੀਆਂ ਤੇ ਲੋਕਾਂ ਦਾ ਦੁਖੜਾ ਉਸ ਅੱਗੇ ਰੱਖਾਂਗਾ, ਬਿਨਾਂ ਡਰ ਭੈਅ ਦੇ।"

"ਚਲੋ ਠੀਕ ਐ, ਫ਼ੈਸਲਾ ਤਹਿ ਹੋਇਆ, ਭਲਕੇ ਭਿੰਡਰਾਂ ਵਾਲੇ ਕੋਲ ਚਲਿਆ ਜਾਵੇ। ਉਨ੍ਹਾਂ ਨੂੰ ਟੋਹਿਆ ਜਾਵੇ, ਪਾਣੀ ਕਿੰਨਾ ਡੂੰਘਾ ਐ।"

ਕਾਂਗਰਸੀ ਨੇ ਚਾਹ-ਪਾਣੀ ਲਈ ਘਰ ਵਾਲੇ ਦਾ ਧੰਨਵਾਦ ਕਰਨਾ ਸਾਰਿਆਂ ਵੱਲੋਂ ਆਪਣਾ ਫ਼ਰਜ਼ ਸਮਝਿਆ।

ਬਾਰ੍ਹਵਾਂ ਕਾਂਡ

ਅਗਲੇ ਦਿਨ ਲਾਲਾ ਵਪਾਰੀਆਂ ਸਲਾਹ ਬਣਾਈ, ਸੰਤ ਕੋਲ ਜਾਣ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਪ੍ਰਸ਼ਾਦ ਚੜ੍ਹਾ ਕੇ ਮੱਥਾ ਟੇਕੀਏ। ਫੇਰ ਸੰਤਾਂ ਦੇ ਚਰਨਾਂ ਵਿਚ ਅਰਜ਼ੋਈ ਕਰੀਏ। ਸਾਰਿਆਂ ਨੂੰ ਇਹ ਸਲਾਹ ਚੰਗੀ ਲੱਗੀ। ਉਹ ਸ੍ਰੀ ਦਰਬਾਰ ਸਾਹਿਬ ਦੇ ਪਹਿਲਾਂ ਵਾਂਗ ਸ਼ਰਧਾਲੂ ਦਿੱਸ ਆਉਣਾ ਚਾਹੁੰਦੇ ਸਨ। ਜੋੜਾ ਘਰ ਵਿਚ ਜੁੱਤੀਆਂ ਜਮ੍ਹਾਂ ਕਰਵਾਈਆਂ ਅਤੇ ਪੈਰ ਪਾਣੀ ਨਾਲ ਸੁੱਚੇ ਕਰਕੇ ਪ੍ਰਕਰਮਾ 'ਚ ਉਤਰ ਗਏ। ਸੇਵਾਦਾਰ ਤੇ ਹੋਰ ਸਿੰਘ ਥੋੜ੍ਹੇ ਹੈਰਾਨ ਹੋਏ, ਕੋਈ ਗੱਲ ਐ, ਜਿਹੜੇ ਇਹ ਇਕੱਠ ਮਾਰ ਕੇ ਆਏ ਐ। ਸ਼ਾਇਦ ਦਾਲ ਵਿਚ ਕਾਲਾ ਹੋਵੇ। ਪਰ ਲਾਲਾ ਪਾਰਟੀ ਹੱਥ ਜੋੜੀ 'ਧੰਨ ਗੁਰੂ ਰਾਮਦਾਸ' ਉਚਾਰਦੀ ਸ੍ਰੀ ਦਰਬਾਰ ਸਾਹਿਬ ਦੀ ਸਰਦਲ 'ਤੇ ਆ ਝੁਕੀ। ਉਨ੍ਹਾਂ ਪੱਚੀ ਰੁਪਏ ਦੀ ਦੇਗ ਪਰਚੀ ਕਟਵਾਈ। ਕੜਾਹ-ਪ੍ਰਸ਼ਾਦ ਲੈ ਕੇ ਦਰਸ਼ਨੀ ਡਿਊਢੀ ਆ ਮੱਥਾ ਟੇਕਿਆ। 'ਧੰਨ ਗੁਰੂ ਰਾਮਦਾਸ' ਦਾ ਜਾਪ ਜਾਰੀ ਸੀ। ਭੀੜ ਖ਼ਾਸ ਨਹੀਂ ਸੀ। ਟਾਵਾਂ-ਟਾਵਾਂ ਯਾਤਰੀ ਹੀ ਮੱਥਾ ਟੇਕਣ ਆ, ਜਾ ਰਿਹਾ ਸੀ।

ਸੇਵਾਦਾਰ ਨੇ ਸਤਿਕਾਰ ਨਾਲ ਸਿਰ ਝੁਕਾ ਕੇ ਦੇਗ ਫੜ ਲਈ। ਗੁਰਬਾਣੀ ਦਾ ਕੀਰਤਨ ਪ੍ਰਵਾਹ ਜਾਰੀ ਸੀ। ਸ਼ਬਦ ਚੱਲ ਰਿਹਾ ਸੀ:

"ਤੇਰੀ ਸ਼ਰਨ ਮੇਰੇ ਦੀਨ ਦਿਆਲਾ....।"

ਵਪਾਰੀ ਜਥਾ ਕੀਰਤਨ ਦੀ ਲਯ ਵਿਚ ਝੂਮਿਆ ਗਿਆ, ਪਰ ਅੰਦਰ ਪੂਰੀ ਸ਼ਾਂਤੀ ਨਹੀਂ ਸੀ। ਉਹ ਪ੍ਰਸ਼ਾਦ ਲੈ ਕੇ ਬਾਹਰ ਆ ਗਏ। ਤਲਾਬ ਦੀਆਂ ਮੱਛੀਆਂ ਦੇ ਮੂੰਹ ਵੀ ਕਿਣਕਾ ਪਾਇਆ। ਸੰਤਾਂ ਬਾਰੇ ਪਤਾ ਕੀਤਾ। ਕਿਸੇ ਦੱਸਿਆ ਉਹ ਤਾਂ ਲੰਗਰ ਦੀ ਛੱਤ 'ਤੇ ਬਰਾਜਦੇ ਐ, ਉਨ੍ਹਾਂ ਦੱਸਣ ਵਾਲੇ ਸਿੰਘ ਨੂੰ ਨਾਲ ਲੈ ਲਿਆ। ਸਮੂਹ ਲਾਲਾ ਪਾਰਟੀ ਨੇ ਸੰਤਾਂ ਦੇ ਪੈਰ ਛੂਹਣੇ ਚਾਹੇ, ਪਰ ਸੰਤ ਉਨ੍ਹਾਂ ਨੂੰ ਮਿਲਣ ਲਈ ਉੱਠ ਖਲੋਤੇ ਅਤੇ ਪਿਛਾਂਹ ਹਟ ਗਏ।

"ਭਰਾਵੋ! ਬੰਦਾ ਬੰਦੇ ਦੇ ਪੈਰੀਂ ਹੱਥ ਲਾਵੇ, ਇਹ ਸਿੱਖੀ ਵਿਚ ਮਨਮਤ ਐ, ਦਾਸਤਾਂ ਦੀ ਨਿਸ਼ਾਨੀ ਹੈ। ਅਸੀਂ ਸਾਰੇ ਗੁਰੂ ਦੀ ਬਖ਼ਸ਼ੀ ਫ਼ਤਹਿ ਗੁੰਜਾਈਏ: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।" ਸੰਤਾਂ ਹੱਥ ਜੋੜ ਕੇ ਆਈ ਸੰਗਤ ਨੂੰ ਹਲਕਾ ਜਿਹਾ ਸਿਰ ਝੁਕਾ ਦਿੱਤਾ। ਉਨ੍ਹਾਂ ਦੋਵਾਂ ਦੇ ਹੱਥਾਂ ਵਿਚ ਤੀਰ ਲਿਸ਼ਕ ਰਿਹਾ ਸੀ। "ਆਓ ਪਿਆਰਿਓ, ਬੈਠੋ?"

ਉਨ੍ਹਾਂ ਬੈਠਣ ਤੋਂ ਪਹਿਲਾਂ ਲਿਆਂਦੇ ਫ਼ਲ ਸੰਤਾਂ ਅੱਗੇ ਰੱਖ ਦਿੱਤੇ। ਸੰਤਾਂ ਸਾਰੇ ਫ਼ਲ ਵਰਤਾਅ ਦੇਣ ਦਾ ਇੱਕ ਸਿੰਘ ਨੂੰ ਆਦੇਸ਼ ਦੇ ਦਿੱਤਾ। ਸਾਰਿਆਂ ਵਿਚ ਇੱਕ ਚੁੱਪ, ਇੱਕ ਹੈਰਾਨੀ ਪਸਰੀ ਹੋਈ ਸੀ। ਸਮਝੋ ਸਭ ਤੇ ਇੱਕ ਤਰ੍ਹਾਂ ਸਾਹ ਰੁਕੇ ਹੋਏ ਹਨ। ਹੁਣ ਕੁਝ ਹੋਵੇਗਾ, ਪਰ ਪਤਾ ਨਹੀਂ ਕੀ ਵਾਪਰੇ। ਸੰਤ ਜਰਨੈਲ ਸਿੰਘ ਨੇ ਪੁੱਛਣ ਦੀ ਪਹਿਲ ਕੀਤੀ।

"ਹਿੰਦੂ ਭਰਾਵੋ, ਜੀ ਆਇਆਂ ਨੂੰ। ਉਦਾਸ ਲੱਗਦੇ ਹੋ, ਕੀ ਗੱਲ ਐ?"

"ਸੰਤ ਜੀ ਮਹਾਰਾਜ, ਤੁਸੀਂ ਜਾਣੀ-ਜਾਣ ਓ। ਹੋਰ ਨਹੀਂ ਤਾਂ ਸਾਡੇ ਚਿਹਰਿਆਂ 'ਤੇ

ਲਿਖਿਆ ਹੀ ਪੜ੍ਹ ਲਵੋ।" ਪੱਗ ਵਾਲੇ ਭਾਈ ਨੇ ਪੈਰ ਰੱਖਦਿਆਂ ਉੱਤਰ ਦਿੱਤਾ।

"ਜਾਣੀ-ਜਾਣ ਵਾਹਿਗੁਰੂ ਐ। ਮੈਂ ਤਾਂ ਤੁਹਾਡੇ ਵਰਗਾ ਹੀ ਸਾਦਾ ਬੰਦਾ ਆਂ। ਤੁਸੀਂ ਸਮੱਸਿਆ ਦੱਸੋ, ਗੁਰੂ ਬਾਬਾ ਮਿਹਰ ਕਰੇਗਾ।"

"ਸੱਚੀ ਗੱਲ ਇਹ ਹੈ ਮਹਾਂਪੁਰਖੋ! ਤੁਹਾਡੇ ਪਾਲੇ ਸਿੰਘ ਸਾਨੂੰ ਜੀਣ ਨਹੀਂ ਦੇਂਦੇ। ਤੁਸੀਂ ਆਖੋ ਤਾਂ ਜੁੱਲੀ-ਬਿਸਤਰਾ ਚੁੱਕ ਕੇ ਕਿਧਰੇ ਚਲੇ ਜਾਂਦੇ ਆਂ।" ਉਸ ਪੂਰੀ ਨਰਮੀ ਨਾਲ ਗਿਲਾ ਜਤਾਇਆ।

"ਸਾਡੇ ਸਿੰਘਾਂ ਤੁਹਾਨੂੰ ਦੁੱਖ ਦਿੱਤਾ।" ਤੁਹਾਨੂੰ ਸ਼ਬਦ 'ਤੇ ਜ਼ੋਰ ਦੇਂਦੇ ਸੰਤ ਗੁੱਸੇ ਵਿਚ ਉੱਠ ਕੇ ਖਲੋ ਗਏ। ਦੋ ਮੁੰਡੇ ਓਦੋਂ ਹੀ ਇਕੱਠ ਵਿਚੋਂ ਉੱਠ ਕੇ ਖਿਸਕ ਚੱਲੇ।

"ਜ਼ਰਾ ਦੱਸੋ ਤਾਂ ਕਿਹੜੇ ਸਿੰਘਾਂ ਤੁਹਾਨੂੰ ਦੁੱਖ ਦਿੱਤਾ ਏ?"

"ਅਹੋ ਜਿਹੜੇ ਦੋ ਜਾ ਰਹੇ ਐ।" ਉਸ ਬੇਝਿਜਕ ਹੋ ਕੇ ਉਨ੍ਹਾਂ ਵੱਲ ਉਂਗਲ ਸੇਧ ਦਿੱਤੀ।

"ਵਾਪਸ ਆਓ ਓਏ, ਏਥੇ ਸੰਗਤ ਵਿਚ ਖਲੋਵੋ।" ਮੁੰਡੇ ਡਰਦੇ ਡਰਦੇ ਵਾਪਸ ਆ ਗਏ। ਸੰਤ ਆਈ ਸੰਗਤ ਨੂੰ ਮੁੜ ਸੰਬੋਧਨ ਹੋਏ, "ਤੁਸੀਂ ਭਰਾਓ ਸਾਡੀ ਹਿੱਕ ਦੇ ਵਾਲ। ਸਾਡੇ ਪੁਰਖੇ, ਤੁਸੀਂ ਹੀ ਸਾਡੀਆਂ ਜੜ੍ਹਾਂ। ਆਪਣੀਆਂ ਜੜ੍ਹਾਂ ਵੱਢਾਂਗੇ ਤਾਂ ਛਾਂ ਕਿੱਥੋਂ ਭਾਲਾਂਗੇ। ਡਰਨਾ ਬਿਲਕੁਲ ਨਹੀਂ, ਮੈਂ ਤੁਹਾਡੀ ਸੱਜੀ ਬਾਂਹ, ਤੁਹਾਡੇ ਨਾਲ ਖਲੋਤਾ ਆਂ। ਸੱਚੋ ਸੱਚ ਦੱਸੋ, ਇਨ੍ਹਾਂ ਕੀ ਕੀ ਦੁੱਖ ਦਿੱਤੇ ਹਨ।"

"ਬਾਬਾ ਜੀ ਇਹ ਹੀ ਨਹੀਂ; ਇਨ੍ਹਾਂ ਦੇ ਹੋਰ ਸਾਥੀ ਵੀ ਹਨ। ਤੁਹਾਡਾ ਨਾਂ ਲੈ ਕੇ ਹਰ ਹਫ਼ਤੇ ਫੰਡ ਮੰਗਣ ਆਉਂਦੇ ਐ ਅਤੇ ਧਮਕਾਉਂਦੇ ਐ: ਤੁਹਾਨੂੰ ਨਾਂਹ-ਨੁੱਕਰ ਕਰਨ ਵਾਲਿਆਂ ਨੂੰ ਸੋਧ ਦਿਆਂਗੇ। ਸਾਡੀ ਜਾਨ ਅੱਜ ਐ ਜਾਂ ਭਲਕ; ਜਿਵੇਂ ਮਰਜ਼ੀ ਤੁਸੀਂ ਕੱਢ ਲਵੋ। ਤੁਹਾਡੇ ਹਜ਼ੂਰ ਆਂ। ਬੈਠੇ ਆਂ।" ਉਹ ਸੱਜਣ ਹੱਥ ਜੋੜੀ ਖਲੋਤਾ ਰਿਹਾ।

ਕ੍ਰੋਧ ਵਿਚ ਆਏ ਸੰਤ ਜਰਨੈਲ ਸਿੰਘ ਨੇ ਦੋਵਾਂ ਦੇ ਮਾਰ ਮਾਰ ਡਾਂਗਾਂ ਬਿਬਲੀ ਬੁਲਾ ਦਿੱਤੀ। ਉਹ ਮਿੰਨਤਾਂ ਤਰਲੇ ਕਰਨ, ਹੱਥ ਜੋੜਨ। ਸੰਤਾਂ ਦਾ ਗੁੱਸਾ ਹੋਰ ਭੜਕ ਰਿਹਾ ਸੀ।

"ਤੁਸੀਂ ਕੁੱਤਿਓ, ਲੁਟੇਰਿਓ! ਸਾਡਾ ਨਾਂ ਵੇਚਿਆ। ਸਿੱਖੀ ਨੂੰ ਲਾਜ ਲਾਈ। ਤੁਹਾਨੂੰ ਜਿਉਂਦਿਆਂ ਨਹੀਂ ਛੱਡਾਂਗਾ।"

"ਮਾਪਿਓ! ਬਾਬਾ ਜੀ! ਹਾਇ ਬਾਹੁੜੀ। ਨਾ ਮਾਰੋ, ਤੁਹਾਡੇ ਸੇਵਕ ਆਂ।"

"ਅਸੀਂ ਤੁਹਾਡੇ ਵਰਗੇ ਮੁੰਡਿਆਂ ਨੂੰ ਚੂਰਾਂ ਵਿਚ ਡਾਹੁਣਾ ਏਂ।" ਸੰਤ ਉਨ੍ਹਾਂ ਨੂੰ ਕੁੱਟਦੇ ਆਪ ਹਫ਼ ਗਏ। ਗੱਲ ਕਰਨ ਵਾਲਾ ਭਾਈ ਮੁੜ ਅੱਗੇ ਆ ਗਿਆ।

"ਬਾਬਾ ਜੀ, ਬਹੁਤ ਹੋ ਗਈ ਜਾਣ ਦਿਓ, ਬਖ਼ਸ਼ ਦਿਓ। ਇਨ੍ਹਾਂ ਕਰ ਲਈ, ਅਸਾਂ ਜਰ ਲਈ। ਹੁਣ ਹੋਰ ਨਾ ਮਾਰੋ।" ਉਹ ਜੱਥ ਜੋੜੀ ਮਨ੍ਹਾਂ ਕਰ ਰਿਹਾ ਸੀ।

ਲੁਟੇਰੇ ਨਿੱਸਲ ਹੋਏ, ਪਾਸੇ ਭੰਨਾਈ, ਹੱਥ ਜੋੜੀ ਹਾੜੇ-ਮਿੰਨਤਾਂ 'ਤੇ ਆਏ ਹੋਏ ਸਨ।

"ਨਿਕਲ ਜਾਓ ਕੁੱਤਿਓ ਇੱਥੋ; ਮੁੜ ਤੁਹਾਨੂੰ ਸ੍ਰੀ ਦਰਬਾਰ ਸਾਹਿਬ ਵਿਚ ਵੇਖ ਲਿਆ, ਜਿਉਂਦੇ ਨਹੀਂ ਛੱਡਾਂਗਾ।" ਸੰਤਾਂ ਇੱਕ ਉੱਠਦੇ ਲੁਟੇਰੇ ਨੂੰ ਡਾਂਗ ਦੀ ਹੁੱਝ ਮਾਰ ਕੇ ਮੁੜ ਨਿਸਾਲ ਦਿੱਤਾ। "ਕਮੀਨਿਓ ਜਿਨ੍ਹਾਂ ਨੂੰ ਲੁੱਟਦੇ ਰਹੇ, ਓਹੀ ਤਰਸ ਖਾ ਕੇ ਤੁਹਾਨੂੰ ਛੁਡਾ ਰਹੇ ਐ।"

ਹਿੰਦੂ ਭਾਈ ਨੇ ਡਾਂਗ ਸੰਤਾਂ ਹੱਥੋਂ ਫੜ ਲਈ। ਮਾਰ ਖਾਣ ਵਾਲਿਆਂ ਦਾ ਪਤਾ ਨਹੀਂ, ਕੀ ਕੁਝ ਟੁੱਟਾ ਸੀ।

"ਆਓ ਬਰਾਜੋ ਬਾਬਾ ਜੀ, ਬਹੁਤ ਹੋ ਗਈ ਇਨ੍ਹਾਂ ਨਾਲ।"

"ਭਰਾਵੋ, ਸਾਨੂੰ ਖਿਮਾ ਕਰਨਾ। ਜਿਨ੍ਹਾਂ ਜਿਨ੍ਹਾਂ ਦਾ ਨੁਕਸਾਨ ਹੋਇਆ ਏ, ਉਨ੍ਹਾਂ ਦੀ ਲਿਸਟ ਬਣਾ ਕੇ ਲਿਆਓ, ਅਸੀਂ ਭੁਗਤਾਣ ਕਰਾਂਗੇ।" ਸੰਤਾਂ ਨੇ ਲੋਟੂ ਯਾਰਾਂ 'ਤੇ ਚੰਗੀ ਭੁੱਟੀ ਲਾਈ ਸੀ। "ਜੇ ਬੰਦੇ ਦੇ ਪੁੱਤ ਹੋ, ਕੁਝ ਖਾ ਕੇ ਮਰ ਜਾਓ। ਦੁਸ਼ਟੋ ਗੁਰੂ ਘਰ ਵਿਚ ਲੁੱਟਾਂ-ਖੋਹਾਂ।"

ਉਨ੍ਹਾਂ ਲੱਥੀਆਂ ਪੱਗਾਂ ਚੁੱਕੀਆਂ 'ਤੇ ਖੁੱਲ੍ਹੇ ਕੇਸੀਂ ਲੰਙ ਮਾਰਦੇ ਲੰਗਰ ਦੀ ਛੱਤ ਦੀਆਂ ਪੌੜੀਆਂ ਉਤਰ ਗਏ। ਉਹ ਹਾਲੇ ਥੱਲੇ ਹੀ ਉਤਰੇ ਸਨ ਕਿ ਇੱਕ ਸਿੰਘ ਇੱਕ ਹੋਰ ਚੋਰੀ ਘਸੀਟੀ ਲਈ ਆਉਂਦੇ ਤੱਕਿਆ। ਉਹ ਸਿੰਘ ਚੋਰ ਨੂੰ ਮੁੱਕੀਆਂ ਘਸੁੰਨਾਂ ਨਾਲ ਗੁੰਨ੍ਹੀ ਆ ਰਿਹਾ ਸੀ।

"ਮਹਾਂਪੁਰਖੋ!" ਉਸ ਸਾਹ ਭਰਦਿਆਂ ਕਿਹਾ, "ਆਹ ਅਫ਼ੀਮ ਦਾ ਸਮਗਲਰ। ਪੂਰੀ ਕਿੱਲੋ ਦੇ ਨੇੜੇ ਹੋਵੇਗੀ। ਨੌਜਵਾਨ ਪੰਜਾਬੀਆਂ ਨੂੰ ਨਰਕਧਾਰੀ ਬਣਾ ਰਿਹਾ ਹੈ। ਹੁਕਮ ਕਰੋ, ਸੋਧਾ ਲਾਇਆ ਜਾਵੇ?"

ਮਸਾਂ ਸ਼ਾਂਤ ਹੋਏ ਸੰਤ ਮੁੜ ਭੜਕ ਪਏ। ਓਹੀ ਡਾਂਗ ਮੁੜ ਚੁੱਕ ਲਈ। ਪੈਣ ਦੇ ਜਿੱਥੇ ਪੈਂਦੀ ਐ। ਲੰਗਰ ਦੀ ਛੱਤ ਬਾਹੁੜੀਆਂ ਪਾਉਣ ਲੱਗੀ।

"ਬਾਬਾ ਜੀ, ਇਸ ਵਾਰ ਮਾਫ਼ੀ ਦੇ ਦਿਓ, ਮੈਂ ਨਾ ਇਸ ਰਾਹ ਪਿਆ। ਪੁੱਤ-ਪੋਤੇ ਨੂੰ ਕਹਿ ਜਾਊਂਗਾ। ਨਾ ਬਾਬਾ ਜੀ, ਮਰ ਜਾਊਂਗਾ। ਬਖ਼ਸ਼ ਦਿਓ ਮਾਪਿਓ।" ਇਹ ਦੋਹਾਈ ਚੁੱਕੀ ਜਾ ਰਿਹਾ ਸੀ।

"ਤੈਨੂੰ ਮਾਫ਼ੀ ਦੁਸ਼ਟਾ ਜ਼ਹਿਰ ਵੇਚਣ ਵਾਲੇ ਨੂੰ, ਤੁਹਾਡੇ ਵਰਗਿਆਂ ਪੰਜਾਬ ਦੀ ਜੁਆਨੀ ਗਾਲ੍ਹ ਕੇ ਰੱਖ ਦਿੱਤੀ।" ਸੰਤਾਂ ਉਸ ਦੀ ਵੀ ਕੁਟਾਈ ਕੀਤੀ। ਜਿਵੇਂ ਛੱਲੀਆਂ ਭੰਨੀ ਦੀਆਂ ਏਂ।

ਹਿੰਦੂਆਂ ਦਾ ਆਇਆ ਜਥਾ ਵੱਖਰੀ ਮੁਸੀਬਤ ਨੂੰ ਫੜਿਆ ਹੋਇਆ ਸੀ। ਅਸੀਂ ਤਾਂ ਇਸ ਨੂੰ ਭੂੰਡਾਂ ਵਾਲਾ ਹੀ ਸਮਝਦੇ ਸੀ। ਇਹ ਤਾਂ ਮਨੁੱਖੀ ਬੁਰਾਈਆਂ ਨਾਲ ਲੜਨ ਵਾਲਾ ਸੰਤ ਸਿਪਾਹੀ ਐ।

"ਮਾਪਿਓ! ਕਿਵੇਂ ਛੱਡਦੇ ਵੀ ਓ?"

ਸੰਤ ਭਾਈ ਅਮਰੀਕ ਸਿੰਘ ਨੂੰ ਸੰਬੋਧਨ ਹੋਏ:

"ਭਾਈ ਅਮਰੀਕ ਸਿੰਘਾ, ਡੀ. ਐੱਸ. ਪੀ. ਨੂੰ ਫ਼ੋਨ ਕਰੋ, ਆਪਣਾ ਚੋਰ ਲੈ ਜਾਣ।"

"ਨਾ ਮਹਾਰਾਜ, ਮੈਨੂੰ ਕਸਾਈਆਂ ਵੱਸ ਨਾ ਪਾਓ, ਨਿਸ਼ੰਗ ਐਥੇ ਹੀ ਮਾਰ ਦਿਓ।" ਉਹ ਹੱਥ ਜੋੜੀ ਲਿਲਕੜੀਆਂ ਲੈ ਰਿਹਾ ਸੀ।

"ਸਤਿ ਬਚਨ ਮਹਾਂਪੁਰਸ਼ੋ!" ਅਮਰੀਕ ਸਿੰਘ ਫੋਨ ਕਰਨ ਲਈ ਥੱਲੇ ਉਤਰ ਗਿਆ।

ਹਿੰਦੂ ਭਾਈਆਂ ਦਾ ਜਥਾ ਹੱਥ ਜੋੜ ਕੇ ਉੱਠ ਖਲੋਤਾ।

"ਮਹਾਂਪੁਰਖੋ! ਸਾਡੇ ਸਾਰੇ ਭੁਲੇਖੇ ਦੂਰ ਹੋ ਗਏ। ਤੁਹਾਡੇ ਬਾਰੇ ਗ਼ਲਤ ਪ੍ਰਾਪੇਗੰਡਾ ਤੇ ਝੂਠੀਆਂ ਅਫ਼ਵਾਹਾਂ ਅਖ਼ਬਾਰਾਂ ਵਾਲਿਆਂ ਵੱਲੋਂ ਬਹੁਤੀਆਂ ਫੈਲਾਈਆਂ ਜਾ ਰਹੀਆਂ ਹਨ। ਪਰ ਅਸਲ ਸੱਚ ਦੇ ਦਰਸ਼ਨ ਕਰਕੇ ਹੀ ਪਤਾ ਲੱਗਾ ਏ ਕਿ ਤੁਸੀਂ ਕਲਯੁੱਗ ਵਿਚ ਸੱਚ ਦੇ ਅਵਤਾਰ ਹੋ।"

"ਨਾ ਬਈ ਪਿਆਰਿਓ, ਐਨਾ ਭਾਰ ਨਾ ਚਾੜ੍ਹੋ। ਮੈਂ ਤਾਂ ਤੁਹਾਡੀ ਸੰਗਤ ਦੀ ਧੂੜ ਵਰਗਾ ਵੀ ਨਹੀਂ। ਮੈਂ ਆਖਿਆ ਸੀ, ਅਸੀਂ ਸਿੱਖ ਤੁਹਾਨੂੰ ਆਪਣੀ ਹਿੱਕ ਦਾ ਵਾਲ ਸਮਝਦੇ ਸੀ। ਸਾਡਾ ਤੁਹਾਡੇ ਨਾਲ ਭੋਰਾ ਜਿੰਨਾ ਰੌਲਾ ਨਹੀਂ। ਸਾਡਾ ਮੋਰਚਾ ਸਰਕਾਰ ਵਿਰੁੱਧ ਹੈ, ਜਿਹੜੀ ਸਾਡੀ ਤੁਹਾਡੇ ਪੰਜਾਬ ਦੇ ਹੱਕ ਦੱਬੀ ਬੈਠੀ ਐ। ਪੰਜਾਬ ਦਾ ਪਾਣੀ ਪੰਜਾਬ ਕੋਲ ਰਹੇਗਾ। ਕਿਸਾਨ ਨਾਲੋਂ ਪਹਿਲਾਂ ਤੁਸੀਂ ਖੁਸ਼ਹਾਲ ਹੋਵੋਗੇ। ਅਸੀਂ ਤੁਹਾਨੂੰ ਚੈਲਿੰਜ ਨਾਲ ਆਖਦੇ ਆਂ। ਸਾਡੀ ਕੋਈ ਗ਼ਲਤ ਮੰਗ ਹੈ ਤਾਂ ਦੱਸੋ, ਅਸੀਂ ਵਾਪਸ ਲੈ ਲਵਾਂਗੇ। ਜੱਟ ਤੁਹਾਡਾ ਪੱਕਾ ਗਾਹਕ। ਉਸ ਦਾ ਤੁਹਾਡੇ ਬਿਨਾਂ ਨਹੀਂ ਸਰਦਾ ਤੇ ਤੁਸੀਂ ਉਸ ਨਾਲ ਹੀ ਖੁਸ਼ਹਾਲ ਹੋ।

ਸਾਡਾ ਤੁਹਾਡਾ ਨਹੁੰ ਮਾਸ ਦਾ ਰਿਸ਼ਤਾ। ਇਹ ਤਾਂ ਸਰਕਾਰੀ ਪ੍ਰੈੱਸ ਹੀ ਆਪਣੇ ਵਿਚ ਦੋਫਾੜ ਪਾ ਰਿਹਾ ਹੈ। ਤੁਸੀਂ ਆਪਣੀ ਦੁੱਖ-ਤਕਲੀਫ਼ ਦੱਸੋ, ਤੁਹਾਡੀ 'ਵਾ ਵੱਲ ਨਾ ਕੋਈ ਝਾਕੇਗਾ। ਕੋਈ ਵੀ ਭੀੜ ਪਈ, ਅਸੀਂ ਪਹਿਲਾਂ ਮਰਾਂਗੇ। ਤੁਹਾਡੇ ਨਾਲ ਵਚਨ ਰਿਹਾ। ਇਹ ਵਚਨ ਕਦੇ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਵੀ ਦਿੱਤਾ ਸੀ। ਅਸੀਂ ਉਨ੍ਹਾਂ ਦੇ ਵਚਨਾਂ ਦੇ ਪਹਿਰੇਦਾਰ ਆਂ। ਬੇਫ਼ਿਕਰ ਹੋ ਕੇ ਸਿਰਹਾਣੇ ਹੇਠ ਬਾਂਹ ਦੇ ਕੇ ਸੌਂ ਜਾਓ, ਅਸਲੋਂ ਨਿਸਚਿੰਤ ਹੋ ਕੇ। ਹਾਂ, ਆਪਣੇ ਨੁਕਸਾਨ ਦੀ ਲਿਸਟ ਭੇਜ ਦੇਣੀ, ਅਸੀਂ ਉਸ ਨੂੰ ਪੂਰਾਂਗੇ।

"ਨਹੀਂ ਸੰਤ ਜੀ! ਤੁਸੀਂ ਪਰਉਪਕਾਰੀ, ਸਗੋਂ ਸਾਨੂੰ ਸੇਵਾ ਦੱਸੋ?"

"ਤੁਸੀਂ ਸਾਡੇ ਨਾਲ ਮੋਢਾ ਜੋੜੋ ਤਾਂ ਪੰਜਾਬ ਦੀ ਹਰ ਮੈਦਾਨ ਫ਼ਤਹਿ ਹੋਵੇਗੀ।"

"ਅਸੀਂ ਤੁਹਾਡੇ ਕਿਰਦਾਰ ਨੂੰ ਅੱਖੀਂ ਵੇਖ ਲਿਆ। ਸਾਡੇ ਕੱਚੇ ਵਿਸ਼ਵਾਸ ਬਦਲ ਗਏ। ਅਸੀਂ ਤੁਹਾਡੇ ਨਾਲ ਖਲੋਵਾਂਗੇ।" ਪੱਗ ਵਾਲੇ ਭਾਈ ਨੇ ਤਸੱਲੀ ਪ੍ਰਗਟ ਕੀਤੀ।

"ਗੁਰੂ ਮਹਾਰਾਜ ਨੂੰ ਸਾਖੀ ਮਿੱਥ ਕੇ ਆਖਦੇ ਆਂ, ਅਸੀਂ ਤੁਹਾਡੇ ਆਂ। ਤੁਹਾਡੇ ਰਹਾਂਗੇ।" ਸੰਤਾਂ ਆਖਰੀ ਭਰੋਸਾ ਪ੍ਰਗਟ ਕੀਤਾ।

"ਹੱਛਾ ਜੀ ਮਹਾਰਾਜ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ!" ਸਾਰੀ ਬੈਠੀ ਸੰਗਤ ਨੇ ਫ਼ਤਹਿ ਨੂੰ ਜੈਕਾਰੇ ਦਾ ਰੂਪ ਦੇ ਦਿੱਤਾ।

ਸੰਤਾਂ ਦੇ ਹਾਂ ਪੱਖੀ ਰਵੱਈਏ ਕਾਰਨ ਉਹ ਪੌੜੀਆਂ ਉਤਰਦੇ ਉਹ ਨਹੀਂ ਸਨ, ਜਿਹੜੇ ਚੜ੍ਹਨ ਵੇਲੇ ਸਨ। ਇੱਕ ਨਵੇਂ ਵਿਸ਼ਵਾਸ ਵਿਚ ਉਨ੍ਹਾਂ ਦੇ ਸਿਰ ਹਿੱਲ ਰਹੇ ਸਨ।

ਤੇਰ੍ਹਵਾਂ ਕਾਂਡ

ਜਿਹੜਾ ਹਿੰਦੂ ਜਥਾ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਨੂੰ ਮਿਲਣ ਗਿਆ, ਉਸ ਵਿਚ ਫ਼ਿਰਕੂ ਸੋਚ ਵਾਲੇ ਬੰਦੇ ਬਹੁਤ ਸਨ। ਉਹ ਇੰਦਰਾ ਅੱਗੇ ਬੁਰੀ ਤਰ੍ਹਾਂ ਪਿੱਟੇ।

"ਇੰਦਰਾ ਬੀਬੀ ਜੀ! ਅਸੀਂ ਮਾਰੇ ਗਏ, ਕੱਖ ਨਹੀਂ ਰਿਹਾ। ਅੰਮ੍ਰਿਤਸਰ ਖ਼ੂਨੋ ਖ਼ੂਨ ਹੋਇਆ ਪਿਆ ਏ। ਆਏ ਦਿਨ ਕੋਈ ਨਾ ਕੋਈ ਤੁਹਾਡਾ ਵਰਕਰ ਕਤਲ, ਡਕੈਤੀ ਤੇ ਮਾਰਧਾੜਾਂ ਦਾ ਤਾਂ ਅੰਤ ਹੀ ਨਹੀਂ। ਕਿਸੇ ਦਾ ਮੁੰਡਾ ਚੁੱਕ ਲਿਆ, ਲੱਖਾਂ ਦੀ ਫਿਰੌਤੀ ਲੈ ਲਈ। ਪੂਰੀ ਬੁਰਛਾਗਰਦੀ। ਇਸ ਭਿੰਡਰਾਂ ਵਾਲੇ ਨੇ ਬੁਰੀ ਤਰ੍ਹਾਂ ਅੱਤ ਚੁੱਕ ਰੱਖੀ ਹੈ। ਨਿਰੰਕਾਰੀ ਗੁਰੂ ਗੁਰਬਚਨ ਸਿੰਘ ਨੂੰ ਮਾਰ ਕੇ ਉਨ੍ਹਾਂ ਦੀਆਂ ਚੜ੍ਹ ਮੱਚੀਆਂ ਹਨ। ਪੱਤਰਕਾਰ ਮਹਾਸ਼ੇ ਦੇ ਕਤਲ ਨੇ ਪੰਜਾਬ ਥਰ ਥਰ ਕੰਬਣ ਲਾ ਦਿੱਤਾ। ਸਾਡਾ ਕੋਈ ਹਾਲ ਨਹੀਂ, ਦੁਹਾਈ ਐ ਰਾਮ ਜੀ ਦੀ, ਕੋਈ ਹਾਲ ਨਹੀਂ। ਅੰਮ੍ਰਿਤਸਰ ਉੱਜੜ ਰਿਹਾ ਹੈ। ਉਸ ਨੂੰ ਵੱਸਦਾ ਰੱਖ ਤੇ ਭਿੰਡਰਾਂ ਵਾਲੇ ਨੂੰ ਨੱਥ?" ਗਾਂਧੀ ਟੋਪੀ ਵਾਲੇ ਕਾਂਗਰਸੀ ਆਗੂ ਨੇ ਆਪਣੇ ਦਿਲ ਦੀ ਭੜਾਸ ਕੱਢ ਮਾਰੀ।

"ਅਰੇ ਭਾਈ ਸਾਹਿਬ ਨੱਥ ਕਿਆ ਹੋਤਾ ਹੈ?" ਇੰਦਰਾ ਨੇ ਅੱਧ-ਹਾਸੀ ਤੇ ਸੰਜੀਦਗੀ ਨਾਲ ਪੁੱਛਿਆ।

"ਨੱਥ ਹੋਤਾ ਹੈ ਕਾਬੂ ਕਰਨਾ।" ਇੱਕ ਹੋਰ ਸਾਥੀ ਨੇ ਹਿੰਦੀ ਵਿਚ ਸਮਝਾਉਣਾ ਚਾਹਿਆ। "ਜਬ ਗਾਏ ਦਾ ਬੱਛੜਾ ਹੱਲ ਜੋਤਨੇ ਕੇ ਕਾਬਲ ਹੋ ਜਾਏ; ਤਬ ਉਸ ਕੇ ਨਾਕ ਮੇਂ ਛੇਦ ਡਾਲ ਕੇ ਰੱਸੀ ਪਾਈ ਜਾਤੀ ਹੈ। ਉਸੇ ਨੱਥ ਕਹਿਤੇ ਹੈਂ। ਇਸ ਤਰ੍ਹਾਂ ਛਲਾਂਗੇ ਲਗਾਣੇ ਵਾਲਾ ਵਹਿੜਾ ਕਾਬੂ ਆ ਜਾਤਾ ਹੈ। ਦੇਖੋ ਮਾਤਾ ਜੀ, ਰਾਜ ਹੋ ਆਪ ਕਾ ਭਾਵ ਹਿੰਦੂਓਂ ਕਾ, ਔਰ ਹੁਕਮ ਚਲੇ ਪੰਜਾਬ ਮੇਂ ਭਿੰਡਰਾਂ ਵਾਲੇ ਕਾ, ਯਹ ਕੈਸੇ ਬਰਦਾਸ਼ਤ ਹੋਗਾ। ਆਪ ਕ੍ਰਿਪਾ ਕਰੋਂ, ਹਮੇਂ ਬਚਾਏਂ।"

"ਆਪ ਕੋ ਕੁਛ ਨਹੀਂ ਹੋਗਾ।" ਇੰਦਰਾ ਨੇ ਐਨਕ ਲਾਹ ਕੇ ਮੇਜ਼ 'ਤੇ ਰੱਖ ਦਿੱਤੀ। ਉਹ ਜ਼ਰੂਰੀ ਫਾਈਲਾਂ ਨਿਪਟਾ ਰਹੀ ਸੀ। "ਜੋ ਜੁਰਮ ਕਰੇਗਾ, ਆਖ਼ਰ ਵੋਹੀ ਭੁਗਤੇਗਾ। ਆਪ ਕੋਈ ਫ਼ਿਕਰ ਮਤ ਕਰੋਂ। ਹਮੇ ਰਾਤ-ਦਿਨ ਵਹਾਂ ਸੇ ਰਿਪੋਰਟਸ ਮਿਲ ਰਹੀ ਹੈਂ, ਹਮ ਵਕਤ ਕੇ ਇੰਤਜ਼ਾਰ ਮੇਂ ਹੈਂ।" ਉਸ ਟੱਲੀ ਨੂੰ ਹੱਥ ਮਾਰਿਆ। ਝੱਟ ਵਿਚ ਸੇਵਾਦਾਰ ਦਫ਼ਤਰ ਦਾ ਬਾਰ ਖੋਲ੍ਹ ਕੇ ਹਾਜ਼ਰ ਹੋ ਗਿਆ। "ਦੇਖੋ ਭਾਈ ਇਨ ਸਬ ਕੋ ਚਾਏ ਵਗੈਰਾ ਪਿਲਾਓ, ਖ਼ੂਬ ਸੇਵਾ ਕਰੋ, ਪੰਜਾਬ ਸੇ ਆਏ ਹੈਂ।"

"ਇੰਦਰਾ ਜੀ, ਚਾਏ ਤੋ ਹਮ ਰੋਜ਼ ਪੀਤੇ ਹੈਂ।" ਗਾਂਧੀ ਟੋਪੀ ਵਾਲਾ ਮੁੜ ਚੀਕ ਪਿਆ। "ਸਾਨੂੰ ਬਚਾਣੇ ਕਾ ਕੋਈ ਫੌਰੀ ਉਪਾਅ ਕਰੋ। ਜੋ ਲੰਡਾ ਲੁੱਚਾ, ਸਮਗਲਰ, ਬਦਮਾਸ਼ ਆਦਿ ਹੈ; ਹਥਿਆਰ ਲੈ ਕੇ ਉਸ ਦੇ ਜਥੇ ਵਿਚ ਭਰਤੀ ਹੋ ਰਿਹਾ ਹੈ। ਹਮੇਂ ਮਾਰਾਂ ਜਾ ਰਿਹਾ ਹੈ ਔਰ ਲੁੱਟਾ ਜਾ ਰਿਹਾ ਹੈ। ਹਮ ਯਹਾਂ ਚਾਏ ਪੀਣੇ ਨਹੀਂ ਆਏ। ਹਮਾਰਾ ਕਾਂਗਰਸੀ ਆਗੂ ਘਰ ਆ ਕੇ ਮਾਰ ਦੀਆ। ਬਰਾਏ ਮਿਹਰਬਾਨੀ ਹਮੇਂ ਬਚਾਈਏ। ਹਮਾਰੀ ਰੱਖਿਆ ਕਰੋ। ਪ੍ਰਧਾਨ ਮੰਤਰੀ ਜੀ, ਹੋਰ ਬਚਾਅ ਵਾਸਤੇ ਕਿੱਥੇ ਜਾਈਏ?" ਉਹ ਜੁੜੇ ਹੱਥਾਂ ਨੂੰ ਵਾਰ ਵਾਰ ਹਿਲਾ ਰਿਹਾ ਸੀ।

"ਮੈਂ ਆਪ ਕੋ ਯਕੀਨ ਦਿਲਾਤੀ ਹੂੰ, ਆਪ ਕੀ ਰਕਸ਼ਾ ਕੀ ਜਾਏਗੀ। ਆਪ ਬੇਫ਼ਿਕਰ ਰਹੇਂ।" ਉਸ ਪੂਰਾ ਭਰੋਸਾ ਦਿੱਤਾ। "ਆਪ ਕੇ ਜਲੂਸ ਨੇ ਹਰਿਮੰਦਰ ਸਾਹਿਬ ਕਾ ਮਾਡਲ ਵੀ ਤੋੜਾ ਥਾ?"

"ਅਜੀ ਬੇਵਕੂਫ਼ ਲੜਕੋਂ ਨੇ ਜੋਸ਼ ਮੇਂ ਆ ਕਰ ਤੋੜ ਦੀਆ। ਔਰ ਉਸੀ ਸ਼ਾਮ ਵੋਹ ਆਪਣੇ ਘਰ ਕੇ ਆਗੇ ਅੱਤਵਾਦੀਓਂ ਸੇ ਮਾਰਾ ਗਿਆ।"

"ਦੇਖੋ ਧਰਮ ਅਸਥਾਨ ਸਭ ਕੇ ਪਵਿੱਤਰ ਹੋਤੇ ਹੈਂ। ਮੰਦਰ, ਮਸਜਦ, ਗਿਰਜਾ ਹੋ ਜਾਂ ਗੁਰਦੁਆਰਾ, ਇਨ ਕੀ ਇੱਜ਼ਤ ਨਹੀਂ ਕਰ ਸਕਤੇ ਤੋ ਤੋੜੋ ਮਤ। ਅਬ ਜਾਓ, ਚਾਏ ਠੰਡੀ ਹੋ ਰਹੀ ਹੋਗੀ। ਮੈਨੇ ਔਰ ਵੀ ਜ਼ਰੂਰੀ ਕਾਮ ਨਿਪਟਾਣੇ ਹੈਂ।" ਉਸ ਐਨਕ ਮੁੜ ਨੱਕ 'ਤੇ ਰੱਖ ਲਈ ਅਤੇ ਫਾਈਲ 'ਤੇ ਦਸਤਖ਼ਤ ਕਰਨ ਲਈ ਕਲਮ ਚੁੱਕ ਲਈ।

ਪ੍ਰਧਾਨ ਮੰਤਰੀ ਦੇ ਦਫ਼ਤਰੋਂ ਬਾਹਰ ਆਉਂਦਿਆਂ ਦਲ ਦੇ ਇੱਕ ਸਾਥੀ ਤੋਂ ਬੋਲਣੋਂ ਨਾ ਰਹਿ ਹੋਇਆ,

"ਮਿਲ ਲਓ ਇੰਦਰਾ ਨੂੰ, ਲੈ ਲਓ ਧੱਗੜੀਆਂ। ਮੈਂ ਕਦੋਂ ਦਾ ਰੋ ਪਿੱਟ ਰਿਹਾ ਆਂ, ਆਪਣੀ ਤਾਕਤ ਜਮ੍ਹਾਂ ਕਰੋ। ਅਸੀਂ ਕਿਉਂ ਨਹੀਂ ਹਥਿਆਰ ਇਕੱਠੇ ਕਰ ਸਕਦੇ। ਤੁਹਾਡੇ ਉੱਤੋਂ ਮੁਸਲਮਾਨ ਰਾਜ ਵਾਲੀ ਗੁਲਾਮੀ ਦੀ ਛੱਟ ਨਹੀਂ ਚੁੱਕੀ ਗਈ। ਤੁਸੀਂ ਦੱਬੂ ਦੇ ਦੱਬੂ ਰਹੇ।"

"ਸਾਡਾ ਸਰਕਾਰ ਨੂੰ ਖ਼ਬਰਦਾਰ ਕਰਨਾ ਫ਼ਰਜ਼ ਸੀ। ਆਖ਼ਰ ਨੂੰ ਗੱਲ ਤਾਂ ਸਰਕਾਰ ਨੇ ਹੀ ਤਹਿ ਕਰਨੀ ਹੈ। ਹਾਂ, ਹਥਿਆਰ ਤੇ ਏਕਤਾ ਦੀ ਤਾਕਤ ਆਪਣੇ ਬਚਾਅ ਲਈ ਮਾੜੀ ਗੱਲ ਨਹੀਂ। ਮੈਂ ਇਸ ਨਾਲ ਸਹਿਮਤ ਆਂ।" ਕਾਂਗਰਸੀ ਆਪਣੀ ਰਾਏ ਦੇ ਗਿਆ।

"ਯਾਰੋ ਐਨਾ ਰਾਜ ਪਾਸਾਰ ਹੋਵੇ ਹਿੰਦੂਆਂ ਦਾ, ਮੁੱਠੀ ਭਰ ਸਿੱਖ ਸਾਨੂੰ ਖਦੇੜਨ, ਦਬਾਉਣ, ਲਾਹਨਤ ਨਹੀਂ? ਸਰਕਾਰ ਨੂੰ ਆਪਾਂ ਦੱਸਣਾ ਸੀ, ਦੱਸ ਚੱਲੇ ਆਂ, ਹੁਣ ਆਪਣੇ ਪੈਰਾਂ 'ਤੇ ਖਲੋ ਕੇ ਮੁਕਾਬਲਾ ਕਰੋ। ਤੁਹਾਡਾ ਪੈਸਾ ਜੇ ਰਾਸ਼ਟਰ ਨੂੰ ਬਚਾਣ ਦੇ ਕੰਮ ਨਾ ਆਇਆ ਇਨ੍ਹਾਂ ਠੀਕਰੀਆਂ ਦਾ ਕੀ ਫ਼ਾਇਦਾ। ਲੱਗਦਾ ਏ, ਤੁਸੀਂ ਇੱਕ ਹੋਰ ਮਹਿਮੂਦ ਗਜ਼ਨਵੀ ਨੂੰ ਆਵਾਜ਼ਾਂ ਮਾਰ ਰਹੇ ਹੋ।" ਦਲ ਦੇ ਸਾਥੀ ਨੇ ਮਹਿਮੂਦ ਦਾ ਨਾਂ ਲੈ ਕੇ ਸਾਰਿਆਂ ਨੂੰ ਝੰਜੋੜਿਆ।

ਇੱਕ ਹੋਰ ਸੰਜੀਦਾ ਸਾਥੀ ਨੇ ਯਾਰ ਦੇ ਕੰਨ ਵਿਚ ਸਹਿਜ ਨਾਲ ਆਖਿਆ:

"ਭਰਾਵਾ ਸਹਿਆ ਆ ਗਿਆ ਦੋ ਬਘਿਆੜਾਂ ਦੇ ਸੰਨ੍ਹ; ਬਚਾਅ ਸਰਕਾਰ ਦੀ ਓਟ ਨਾਲ ਹੀ ਹੋ ਸਕਦਾ ਏ। ਮੈਂ ਤਾਂ ਇੱਥੋਂ ਡੇਹਰਾਦੂਨ ਕੁੜੀ ਕੋਲ ਕੁਝ ਦਿਨ ਲਾ ਕੇ ਆਊਂਗਾ। ਬਲਦੀ ਅੱਗ ਵਿਚ ਕੌਣ ਸੜੇ।" ਸੁਣਨ ਵਾਲੇ ਨੇ ਕੰਨ ਲਪੇਟ ਲਏ।

"ਲੱਗਦਾ ਏ ਅੰਮ੍ਰਿਤਸਰ ਸੜੇਗਾ। ਇੰਦਰਾ ਨੇ ਚੁਸਤ ਬੋਲਾਂ ਬਿਨਾਂ ਸਾਡੇ ਪੱਲੇ ਕੱਖ ਨਹੀਂ ਪਾਇਆ, ਪਰ ਜ਼ਿੱਦ ਤੇ ਇਰਾਦੇ ਦੀ ਪੱਕੀ ਐ। ਜੋ ਕਰਨਾ ਹੁੰਦਾ ਏ, ਉਸ ਦੀ ਭਾਫ਼ ਨਹੀਂ ਕੱਢਦੀ।"

"ਦੇਖੋ ਡਾਢੇ ਨੂੰ ਕੀ ਮਨਜ਼ੂਰ ਐ। ਆਸਾਰ ਚੰਗੇ ਨਹੀਂ ਲੱਗਦੇ। ਜਦੋਂ ਹਨੇਰੀ ਆਉਣੀ ਹੋਵੇ, ਪਹਿਲਾਂ ਵੱਟ ਮਰੋੜ ਜ਼ਰੂਰ ਹੁੰਦਾ ਏ।"

"ਤੇਰਾ ਕਾਂਗਰਸੀ ਆਗੂ ਕਾਜੂ ਜੇਬ੍ਹ ਵਿਚ ਪਾਈ ਜਾਂਦਾ ਹੈ।"

"ਪਤਾ ਨਹੀਂ, ਇਨ੍ਹਾਂ ਦੀ ਕਮੀਨੀ ਆਦਤ ਹੇਰਾ-ਫੇਰੀ ਵਾਲੀ ਕਦੋਂ ਜਾਵੇਗੀ।"

"ਜਦੋਂ ਇਨ੍ਹਾਂ ਰਾਸ਼ਟਰ ਤਬਾਹ ਕਰ ਦਿੱਤਾ।"

ਉਹ ਨਿਰਾਸ਼ ਚਿਹਰਿਆਂ ਨਾਲ ਚਾਹ ਵਾਲੇ ਸਿਟਿੰਗ ਰੂਮ 'ਚੋਂ ਬਾਹਰ ਆ ਗਏ।

ਚੌਧਵਾਂ ਕਾਂਡ

ਬਹੁਤ ਹੀ ਸੋਚ-ਵਿਚਾਰ ਪਿੱਛੋਂ ਇੰਦਰਾ ਗਾਂਧੀ ਨੇ ਆਪਣੀ ਚਿੱਠੀ ਸੰਤ ਜਰਨੈਲ ਸਿੰਘ ਨੂੰ ਭੇਜ ਦਿੱਤੀ।

ਇਹ ਚਿੱਠੀ ਪਹਿਲੋਂ ਭਜਨ ਲਾਲ ਨੂੰ ਦਿੱਤੀ ਗਈ। ਸੋਚਿਆ ਇਹ ਗਿਆ ਸੀ, ਚਿੱਠੀ ਸੰਤ ਹਰਬੰਸ ਸਿੰਘ ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਰਾਹੀਂ ਸੰਤ ਜਰਨੈਲ ਸਿੰਘ ਨੂੰ ਭੇਜੀ ਜਾਵੇ, ਕਿਉਂਕਿ ਗੁਰਦੁਆਰਿਆਂ ਦੀ ਅਥਾਹ ਸੇਵਾ ਕਰਵਾਉਣ ਕਾਰਨ ਸੰਤ ਹਰਬੰਸ ਸਿੰਘ ਜੀ ਦੀ ਸਿੱਖ ਜਗਤ ਵਿਚ ਬੜੀ ਭਾਰੀ ਪ੍ਰਸਿੱਧੀ ਤੇ ਮਹਿਮਾ ਸੀ। ਇੱਕ ਪਾਸੇ ਇੰਦਰਾ ਚਕਰਾਤਾ ਪਹਾੜੀਆਂ ਵਿਚ ਹਰਿਮੰਦਰ ਸਾਹਿਬ ਦਾ ਮਾਡਲ ਤਿਆਰ ਕਰਵਾ ਕੇ ਹਮਲਾ ਕਰਨ ਦੀ ਰੀ-ਹਰਸਲ ਕਰਵਾ ਰਹੀ ਸੀ। ਦੂਜੇ ਪਾਸੇ ਭੱਦਰ ਪੁਰਸ਼ਾਂ ਨੂੰ ਵਿਚ ਪਾ ਕੇ ਸਮਝੌਤੇ ਦਾ ਵੀ ਰਾਹ ਕੱਢਣਾ ਚਾਹੁੰਦੀ ਸੀ। ਸੰਤ ਹਰਬੰਸ ਸਿੰਘ ਜੀ ਨੇ ਸਾਫ਼ ਜਵਾਬ ਦੇ ਦਿੱਤਾ।

"ਭਾਈ ਸਾਹਿਬ! ਸਾਡੀ ਬੇਨਤੀ ਐ, ਅਸੀਂ ਧਾਰਮਿਕ ਬੰਦੇ, ਸਾਨੂੰ ਰਾਜਨੀਤੀ ਦੀ ਦਲਦਲ ਤੋਂ ਬਖ਼ਸ਼ੋ। ਆਪਣੀ ਚਿੱਠੀ ਰਾਹੀਂ ਸਾਨੂੰ ਖਾੜਕੂਆਂ ਦੇ ਮੱਥੇ ਕਿਉਂ ਮਾਰਦੇ ਹੋ?"

ਸੰਤ ਹਰਬੰਸ ਸਿੰਘ ਜੀ ਦੀ ਨਾਂਹ ਪਿੱਛੋਂ ਇਹ ਗੁਣਾ ਗੁਰਮੁਖ ਜਾਣ ਕੇ ਸ੍. ਤਾਰਾ ਸਿੰਘ ਸਪੀਕਰ ਹਰਿਆਣਾ ਅਸੈਂਬਲੀ ਦੇ ਹਿੱਸੇ ਮੱਲੋਮੱਲੀ ਨਿਕਲ ਆਇਆ, ਕਿਉਂਕਿ ਭਜਨ ਲਾਲ ਦੇ ਤਾਂ ਸੰਤ ਮੱਥੇ ਹੀ ਨਹੀਂ ਲੱਗਣਾ ਚਾਹੁੰਦੇ ਸਨ ਅਤੇ ਉਹ ਖਾੜਕੂਆਂ ਦੇ ਉੱਝ ਵੀ ਅੱਖ-ਤਿਣ ਸੀ। ਸਪੀਕਰ ਤਾਰਾ ਸਿੰਘ ਦਿਲੋਂ ਖੁਸ਼ ਸੀ। ਜੇ ਮੇਰੇ ਰਾਹੀਂ ਸਿੱਖਾਂ ਦੀ ਵਿਗੜੀ ਬਣ ਜਾਵੇ, ਇਸ ਤੋਂ ਚੰਗਾ ਹੋਰ ਕੀ ਹੋ ਸਕਦਾ ਹੈ। ਉਸ ਆਪਣੇ ਬੰਦੇ ਮਹਾਂਪੁਰਸ਼ਾਂ ਕੋਲ ਭੇਜ ਕੇ ਰਾਹ ਸਾਫ਼ ਕਰ ਲਿਆ ਸੀ। ਉਸ ਬੜੇ ਸਤਿਕਾਰ ਨਾਲ ਹੱਥ ਜੋੜਦਿਆਂ ਸਿਰ ਨਿਵਾ ਕੇ ਸੰਤ ਜਰਨੈਲ ਸਿੰਘ ਨੂੰ ਫ਼ਤਹਿ ਆ ਬੁਲਾਈ।

"ਮਹਾਂਪੁਰਸ਼ੋ! ਮੈਂ ਆਪ ਜੀ ਲਈ ਇੰਦਰਾ ਗਾਂਧੀ ਜੀ ਦਾ ਇੱਕ ਮੁਬਾਰਕ ਸੁਨੇਹਾ ਲੈ ਕੇ ਆਇਆ ਹਾਂ, ਜਿਸ ਨਾਲ ਸਾਰੇ ਝਗੜੇ ਮੁੱਕ ਜਾਣਗੇ।"

"ਜੀ ਆਇਆਂ ਨੂੰ ਗੁਰੂ ਦਿਆ ਸਿੱਖਾ। ਸੁਨੇਹਾ ਸੁੱਖ ਦਾ ਏ? ਹੁਣ ਤਾਈਂ ਤਾਂ ਦਿੱਲੀ ਨੇ ਦੁੱਖ ਹੀ ਦਿੱਤਾ ਹੈ।" ਉਨ੍ਹਾਂ ਹੱਸਦਿਆਂ ਉੱਤਰ ਦਿੱਤਾ।

"ਆਹ ਚਿੱਠੀ ਐ ਸੁੱਖ ਦੀ, ਤੁਹਾਡੇ ਨਾਂ।"

"ਪੜ੍ਹ ਕੇ ਸੁਣਾਓ?" ਸੰਤ ਜੀ ਨੇ ਤਾਰਾ ਸਿੰਘ ਨੂੰ ਇਸ਼ਾਰਾ ਵੀ ਦਿੱਤਾ।

"ਜੀਆ, ਮਹਾਂਪੁਰਸ਼ੋ, ਇਕੱਲੇ....।" ਉਹ ਥੋੜ੍ਹਾ ਝਿਜਕ ਗਿਆ।

"ਭਾਈ ਤਾਰਾ ਸਿਆਂ, ਅਸੀਂ ਬੁੱਕਲ ਵਿਚ ਰੋੜੀ ਨਹੀਂ ਭੰਨਣ ਵਾਲੇ। ਸੱਚ ਦੇ ਪੁਜਾਰੀ ਆਂ। ਤੁਸੀਂ ਨਿਝਕ ਹੋ ਕੇ ਪੜ੍ਹੋ; ਇਹ ਸਭ ਆਪਣੇ ਈ ਬੰਦੇ ਐ। ਮਹਾਨ ਸੰਗਤ ਤੋਂ ਕਾਹਦਾ ਲੁਕਾਅ।" ਸੰਤ ਬੇਪ੍ਰਵਾਹੀ ਨਾਲ ਕਹਿ ਗਏ।

ਸੰਤਾਂ ਦੇ ਲਾਗੇ ਭਾਈ ਅਮਰੀਕ ਸਿੰਘ, ਅਖ਼ਬਾਰ ਪੰਜਾਬੀ ਟ੍ਰਿਬਿਊਨ ਦਾ ਨਾਮਾਨਿਗਾਰ ਸ੍ਰ. ਦਿਲਬੀਰ ਸਿੰਘ ਅਤੇ ਇੱਕ ਹੋਰ ਸਿੰਘ ਬੈਠਾ ਸੀ। ਸ੍ਰ. ਤਾਰਾ ਸਿੰਘ ਨੇ ਇੰਦਰਾ ਗਾਂਧੀ ਵਾਲੀ ਚਿੱਠੀ ਖੋਲ੍ਹ ਲਈ। ਪਹਿਲੋਂ ਚੁੱਪ-ਚਾਪ ਪੜ੍ਹੀ। ਸੰਤ ਤੇ ਦੂਜੇ ਸਿੰਘ ਚਿੱਠੀ ਵਾਚਦੇ ਤਾਰਾ ਸਿੰਘ ਦੇ ਚਿਹਰੇ ਦੇ ਹਾਵ-ਭਾਵ ਪੜ੍ਹ ਰਹੇ ਸਨ। ਬਾਕੀ ਸੰਗਤ ਉੱਭ ਹੈਰਾਨ, ਇੰਦਰਾ ਗਾਂਧੀ ਨੇ ਕੀ ਲਿਖਿਆ ਹੋਵੇਗਾ, ਮੋਰਚਾ ਬੰਦ ਕਰ ਦਿਓ ਜਾਂ ਮੈਂ ਤੁਹਾਨੂੰ ਮਿਲਣਾ ਚਾਹੁੰਦੀ ਆਂ?

ਸਪੀਕਰ ਨੇ ਚਿੱਠੀ ਤਹਿ ਕਰਦਿਆਂ ਬੇਨਤੀ ਕੀਤੀ।

"ਸੰਖੇਪ ਵਿਚ ਪ੍ਰਧਾਨ ਮੰਤਰੀ ਜੀ ਨੇ ਸਤਿਕਾਰ ਨਾਲ ਤੁਹਾਨੂੰ ਆਫ਼ਰ ਕੀਤੀ ਹੈ ਕਿ ਵਿਧਾਨ ਨੂੰ ਛੇੜੇ ਬਗ਼ੈਰ ਤਕਰੀਬਨ ਤੁਹਾਡੀਆਂ ਸਾਰੀਆਂ ਮੰਗਾਂ ਮੰਨ ਲਈਆਂ ਜਾਣਗੀਆਂ। ਸਾਰੇ ਸ਼ਿਕਵੇ ਦੂਰ ਕਰ ਦਿੱਤੇ ਜਾਣਗੇ। ਪੂਰੀ ਹਮਦਰਦੀ ਨਾਲ ਸਾਰੀਆਂ ਮੰਗਾਂ 'ਤੇ ਗ਼ੌਰ ਕੀਤਾ ਜਾਵੇਗਾ। ਸਿੱਖ ਬਹਾਦਰ ਤੇ ਦੇਸ਼ ਭਗਤ ਹਨ। ਉਹ ਪਹਿਲਾਂ ਵਾਂਗ ਹੀ ਦੇਸ਼ ਦੀ ਸੇਵਾ ਤੇ ਉਸਾਰੀ ਵਿਚ ਪੂਰੀ ਲਗਨ ਨਾਲ ਹਿੱਸਾ ਪਾਉਂਦੇ ਰਹਿਣਗੇ....।"

"ਭਾਈ ਤਾਰਾ ਸਿੰਘਾ! ਅਸੀਂ ਦੇਸ਼ ਦੀ ਸੇਵਾ ਅਤੇ ਕੁਰਬਾਨੀ ਤੋਂ ਕਦੋਂ ਪਿੱਛੇ ਹਟੇ ਆਂ? ਅਸੀਂ ਆਪਣੇ ਦੇਸ਼ ਲਈ ਹਰ ਕੁਰਬਾਨੀ ਕਰਦੇ ਹੀ ਰਹਾਂਗੇ। ਹਾਲੇ ਤੁਸਾਂ ਸਾਡਾ ਐਨਾ ਸੁਨੇਹਾ ਹੀ ਪ੍ਰਧਾਨ ਮੰਤਰੀ ਨੂੰ ਦੇ ਦੇਣਾ। ਚਿੱਠੀ ਦਾ ਉੱਤਰ ਅਸੀਂ ਸੰਗਤ ਅਤੇ ਸਿਆਣੇ ਸੱਜਣਾਂ ਦੀ ਸਲਾਹ ਨਾਲ ਸੋਚ-ਵਿਚਾਰ ਕੇ ਦਿਆਂਗੇ।" ਸੰਤ ਗੰਭੀਰ ਸੋਚ ਵਿਚ ਉੱਤਰ ਗਏ। ਮੁੜ ਬੋਲੇ, "ਤੁਹਾਨੂੰ ਜੀ ਆਇਆਂ ਨੂੰ ਆਖਦੇ ਆਂ, ਧੰਨਵਾਦ ਕਰਦੇ ਆਂ। ਹੁਣ ਸਿੱਖਾਂ ਦਾ ਰੇੜਕਾ ਮੁਕਾਣ ਲੱਗੇ ਹੋ, ਤਦ ਤਕੜੇ ਹੋ ਕੇ ਥੰਮਾ ਲਾਓ। ਭਾਈ ਅਮਰੀਕ ਸਿੰਘ ਜੀ! ਸਰਦਾਰ ਤਾਰਾ ਸਿੰਘ ਦੀ ਸੇਵਾ ਕਰੋ, ਕੁਝ ਖੁਆਓ ਪਿਆਓ; ਪ੍ਰਧਾਨ ਮੰਤਰੀ ਦੇ ਦੂਤ ਹਨ।" ਏਨੀ ਕਹਿ ਕੇ ਉਹ ਹੱਸ ਪਏ ਅਤੇ ਭਾਈ ਤਾਰਾ ਸਿੰਘ ਨੂੰ ਹੌਸਲੇ ਦਾ ਥਾਪੜਾ ਦਿੱਤਾ।

ਸ੍ਰ. ਤਾਰਾ ਸਿੰਘ ਦੇ ਜਾਣ ਪਿੱਛੋਂ ਸੰਤ ਆਪਣੇ ਹਮਦਰਦਾਂ ਨਾਲ ਸਲਾਹ-ਮਸ਼ਵਰਾ ਕਰਨ ਲੱਗ ਪਏ।

"ਕਿਉਂ ਬਈ ਸਿੰਘੋ! ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਜੀ, ਮੋਰਚਾ ਸ਼ੁਰੂ ਕੀਤਾ ਪਹਿਲਾਂ ਅਕਾਲੀਆਂ ਨੇ, ਪ੍ਰਧਾਨ ਮੰਤਰੀ ਨੇ ਚਿੱਠੀ ਸਾਨੂੰ ਕਿਉਂ ਲਿਖੀ?" ਚਿੱਠੀ ਸੰਤਾਂ ਮੁੱਠ ਵਿਚ ਘੁੱਟੀ ਹੋਈ ਸੀ।

ਦਿਲਬੀਰ ਸਿੰਘ ਸਿਰ ਹਿਲਾ ਕੇ ਹੱਸ ਪਿਆ।

"ਮਹਾਂਪੁਰਸ਼ੋ, ਤੁਸੀਂ ਨਹੀਂ ਸਮਝਦੇ, ਚਿੱਠੀ ਤੁਹਾਨੂੰ ਹੀ ਕਿਉਂ ਲਿਖੀ ਗਈ?"

"ਸਮਝਦੇ ਆਂ ਚਿਰੋਕਣੇ, ਪਰ ਤੁਹਾਡੀ ਰਾਇ ਨਾਲ ਰਲਾਉਣਾ ਚਾਹੁੰਦੇ ਆਂ।"

"ਪਹਿਲੀ ਗੱਲ, ਮੋਰਚੇ ਦੀ ਬੈਕ ਬੋਨ ਹੁਣ ਅਕਾਲੀ ਦਲ ਨਾਲੋਂ ਤੁਸੀਂ ਬਣ ਚੁੱਕੇ ਹੋ। ਦੂਜੇ ਤੁਹਾਡੇ ਰਾਹੀਂ ਅਕਾਲੀ ਦਲ ਸੁਖਾਲਿਆਂ ਹੀ ਮਾਰਿਆ ਜਾ ਸਕਦਾ ਏ। ਚਾਲਾਕ ਇੰਦਰਾ ਅਕਾਲੀ ਦਲ ਦਾ ਪਿੰਡਾਂ ਤੱਕ ਪਹੁੰਚੀ ਜਥੇਬੰਦੀ ਨੂੰ ਤੋੜਨਾ ਚਾਹੁੰਦੀ ਐ ਅਤੇ ਤੁਹਾਨੂੰ ਆਪਣੇ ਨਾਲ ਜੋੜਨਾ।"

"ਇਹਦਾ ਨਤੀਜਾ?"

"ਸਿੱਖ ਖੱਖੜੀਆਂ ਕਰੇਲੇ, ਇਨ੍ਹਾਂ ਦੀਆਂ ਬੁਨਿਆਦੀ ਮੰਗਾਂ ਨੂੰ ਘੱਟੇ ਰੋਲਣਾ ਸੁਖਾਲਾ

ਹੋ ਜਾਵੇਗਾ। ਛੋਟੀ ਮੋਟੀ ਮੰਗ ਮੰਨ ਕੇ ਸਿੱਖਾਂ ਦੀਆਂ ਅੱਖਾਂ ਪੂੰਝ ਦੇਣਗੇ।" ਸੰਤਾਂ ਵੱਲ ਝਾਕ ਕੇ ਦਲਬੀਰ ਸਿੰਘ ਮੁੜ ਬੋਲਿਆ। "ਕੌਮੀ ਚੜ੍ਹਾਈ ਨੂੰ ਇੱਕ ਵਾਰ ਠੱਲ੍ਹ ਪੈ ਜਾਵੇ, ਮੁੜ ਉਸ ਹਾਲਾਤ ਵਿਚ ਤੁਹਾਨੂੰ ਲਿਆਉਣ ਲਈ ਕਈ ਵਰ੍ਹੇ ਲੱਗ ਜਾਂਦੇ ਹਨ। ਅਸਲ ਵਿਚ ਇੰਦਰਾ ਗਾਂਧੀ ਸਿਆਸੀ ਚਾਲਾਂ ਨਾਲ ਤੁਹਾਨੂੰ ਦੋਵਾਂ ਪ੍ਰਭਾਵੀ ਸੰਤਾਂ ਨੂੰ ਟਕਰਾਉਣਾ ਚਾਹੁੰਦੀ ਐ।"

"ਬਿਲਕੁਲ ਦਿਲਬੀਰ ਸਿਆਂ, ਤੂੰ ਸਾਡੇ ਦਿਲ ਦੀ ਆਖੀ ਐ। ਅਸੀਂ ਭਰਾ ਮਾਰੂ ਜੰਗ ਨਹੀਂ ਛਿੜਨ ਦਿਆਂਗੇ। ਜਿੰਨਾ ਚਿਰ ਸਿੱਖਾਂ ਨੂੰ ਵਿਧਾਨ ਵਿਚ ਇੱਕ ਕੌਮ ਨਹੀਂ ਮੰਨਿਆ ਜਾਂਦਾ, ਅਸੀਂ ਕਿਸੇ ਸਮਝੌਤੇ ਦੀ ਹਾਮੀ ਨਹੀਂ ਭਰਾਂਗੇ ਅਤੇ ਕੋਈ ਸਮਝੌਤਾ ਸੰਗਤ ਤੋਂ ਲੁਕਾ ਕੇ ਨਹੀਂ ਕੀਤਾ ਜਾਵੇਗਾ। ਇਸ ਮਸਲੇ 'ਤੇ ਅਸੀਂ ਹਰ ਤਰ੍ਹਾਂ ਮੋਰਚੇ ਅਤੇ ਅਕਾਲੀ ਦਲ ਦੇ ਨਾਲ ਡਟ ਕੇ ਖਲੋਤੇ ਰਹਾਂਗੇ।" ਸੰਤਾਂ ਇੱਕ ਲੰਮਾ ਫੂੰਕਾਰਾ ਮਾਰਿਆ। "ਮੈਂ ਕੋਈ ਗੱਲ ਵੀ ਮੋਰਚਾ ਡਿਕਟੇਟਰ ਤੋਂ ਲੁਕਾਣਾ ਨਹੀਂ ਚਾਹੁੰਦਾ। ਮੈਂ ਚਾਹੁੰਦਾ ਆਂ ਇਹ ਚਿੱਠੀ ਲੈ ਕੇ ਆਪਾਂ ਸੰਤ ਹਰਚੰਦ ਸਿੰਘ ਜੀ ਦੀ ਰਾਏ ਲਈਏ ਅਤੇ ਉਨ੍ਹਾਂ ਨੂੰ ਜਣਾਈਏ, ਅਸੀਂ ਤੁਹਾਡੇ ਕੋਲੋਂ ਕੁਝ ਵੀ ਲੁਕਾਅ ਨਹੀਂ ਰਹੇ।"

"ਹਰ ਸੋਚ, ਹਰ ਚਾਲ ਬੱਝਵੀਂ ਤਾਕਤ ਨਾਲ ਚੱਲਣ ਵਿਚ ਹੀ ਪੰਥ ਤੇ ਪੰਜਾਬ ਦਾ ਭਲਾ ਹੈ।"

ਓਦੋਂ ਤੱਕ ਭਾਈ ਅਮਰੀਕ ਸਿੰਘ ਜੀ ਵੀ ਆ ਗਏ। ਉਨ੍ਹਾਂ ਆਖਿਆ,

"ਬਿਲਕੁਲ ਠੀਕ। ਕੋਈ ਸਾਡੀ ਇਮਾਨਦਾਰੀ 'ਤੇ ਕਦੇ ਸ਼ੱਕ ਨਹੀਂ ਕਰ ਸਕੇਗਾ।"

"ਚਲੋ ਫਿਰ ਹੁਣੇ ਹੀ ਮੋਰਚਾ ਡਿਕਟੇਟਰ ਕੋਲ ਚੱਲਦੇ ਆਂ ਤੇ ਚਿੱਠੀ ਉਨ੍ਹਾਂ ਨੂੰ ਵਿਖਾਂਦੇ ਆਂ। ਉਹ ਸਾਨੂੰ ਆਪਣੇ ਤੋਂ ਬਾਹਰ ਨਾ ਸਮਝਣ।" ਸੰਤ ਉੱਠ ਕੇ ਖਲੋ ਗਏ।

ਲੰਗਰ ਦੀਆਂ ਪੌੜੀਆਂ ਉਤਰ ਕੇ ਉਹ ਤੇਜਾ ਸਿੰਘ ਸਮੁੰਦਰੀ ਹਾਲ ਦੀਆਂ ਚੜ੍ਹਨ ਲੱਗ ਪਏ। ਸਾਰਿਆਂ ਦੇ ਸਿਰਾਂ ਵਿਚ ਇੱਕ ਸੋਚ ਨੇ ਦੌੜ ਲਾਈ ਹੋਈ ਸੀ। ਇਹ ਚਾਲ ਸਿੱਖਾਂ ਦਾ ਮੋਰਚਾ ਫੇਲ੍ਹ ਕਰਨ ਵਾਲੀ ਤਾਂ ਨਹੀਂ? ਪਤਾ ਨਹੀਂ ਇੰਦਰਾ ਦੇ ਵਿਚਲੇ ਇਰਾਦੇ ਕੀ ਹਨ? ਪਰ ਸਾਂਝੀ ਸੋਚ ਨਾਲ ਹੀ ਕਦਮ ਪੁੱਟਣਾ ਚਾਹੀਦਾ ਹੈ। ਉਨ੍ਹਾਂ ਸਮੁੰਦਰੀ ਹਾਲ ਦੀ ਵਿਚਕਾਰਲੀ ਮੰਜ਼ਲ ਵਿਚ ਸੰਤ ਹਰਚੰਦ ਸਿੰਘ ਜੀ ਨੂੰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਆ ਬੁਲਾਈ।

"ਆਓ-ਆਓ, ਮਹਾਂਪੁਰਸ਼ੋ! ਧੰਨ ਭਾਗ ਤੁਸੀਂ ਆਏ। ਆਓ ਬਿਰਾਜੋ?" ਖਲੋਤੇ ਸੰਤ ਹਰਚੰਦ ਸਿੰਘ ਜੀ ਖੁਸ਼ੀ ਵਿਚ ਹੱਥ ਹਿਲਾ ਰਹੇ ਸਨ।

"ਕੀ ਛਕੋਗੇ? ਪਹਿਲਾਂ ਸੇਵਾ ਦੱਸੋ?" ਉਹ ਸਤਿਕਾਰ ਵਿਚ ਹੱਥ ਜੋੜੀ ਖਲੋਤੇ ਰਹੇ।

"ਸਭ ਭਰਪੂਰ ਐ, ਗੁਰੂ ਦੀਆਂ ਮਿਹਰਾਂ ਹਨ।" ਸੰਤਾਂ ਨੇ ਚੌਕੜਾ ਮਾਰਦਿਆਂ ਉੱਤਰ ਦਿੱਤਾ। "ਅਸੀਂ ਤੁਹਾਡੀ ਸੇਵਾ ਵਿਚ ਇਉਂ ਆਏ ਆਂ...." ਉਨ੍ਹਾਂ ਚਿੱਠੀ ਵਾਲੀ ਫਾਈਲ ਖੋਲ੍ਹ ਲਈ। "ਆਹ ਚਿੱਠੀ ਆਈ ਐ, ਪ੍ਰਧਾਨ ਮੰਤਰੀ ਵੱਲੋਂ।" ਉਨ੍ਹਾਂ ਦੇ ਦੂਜੇ ਸਾਥੀ ਵੀ ਬਹਿ ਗਏ।

"ਕੀ ਕਹਿੰਦੀ ਐ ਬੀਬੀ ਹੁਣ?" ਸੰਤ ਹਰਚੰਦ ਸਿੰਘ ਅੰਦਰ ਇੱਕ ਹਨੇਰੀ ਝੁੱਲ ਪਈ। 'ਡਿਕਟੇਟਰ ਧਰਮ ਯੁੱਧ ਮੋਰਚੇ ਦਾ ਮੈਂ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਮੈਂ, ਚਿੱਠੀ ਆਈ ਮਹਾਂਪੁਰਸ਼ ਜਰਨੈਲ ਸਿੰਘ ਨੂੰ? ਇਹਦੇ ਪਿੱਛੇ ਕਾਰਨ? ਦਾਲ 'ਚ ਕੁਝ ਕਾਲਾ ਲੱਗਦਾ

ਏ?' ਉਨ੍ਹਾਂ ਦਾ ਸਿਰ ਥਾਹ ਨਾ ਪਾ ਸਕਿਆ।

"ਤੁਹਾਡੀ ਬੀਬੀ ਕਹਿੰਦੀ ਐ।" ਸੰਤ ਜਰਨੈਲ ਸਿੰਘ ਦੇ ਸੰਬੋਧਨ 'ਤੇ ਸਾਰੇ ਹੱਸ ਪਏ।

"ਉਹ ਸਾਰਿਆਂ ਦੀ ਸਾਂਝੀ ਬੀਬੀ ਐ।" ਸੰਤ ਹਰਚੰਦ ਸਿੰਘ ਜੀ ਏਨੀ ਕਹਿ ਕੇ ਆਪ ਵੀ ਹੱਸਣ ਲੱਗ ਪਏ।

"ਉਹ ਆਖਦੀ ਏ, ਵਿਧਾਨ ਨੂੰ ਛੇੜੇ ਬਿਨਾਂ ਤੁਹਾਡੀਆਂ ਮੰਗਾਂ ਮੰਨੀਆਂ ਜਾ ਸਕਦੀਆਂ ਹਨ, ਗਿਲੇ-ਸ਼ਿਕਵੇ ਦੂਰ ਕੀਤੇ ਜਾ ਸਕਦੇ ਹਨ। ਲਓ ਚਿੱਠੀ ਹੀ ਪੂਰੀ ਦੀ ਪੂਰੀ ਸੁਣ ਲਵੋ।" ਉਨ੍ਹਾਂ ਚਿੱਠੀ ਦਿਲਬੀਰ ਸਿੰਘ ਵੱਲ ਵਧਾ ਦਿੱਤੀ।

"ਇਹ ਐਨੇ ਚਿਰ ਪਿੱਛੋਂ ਸਿੱਧੇ ਰਾਹ ਕਿਵੇਂ ਆ ਪਈ।" ਪ੍ਰਧਾਨ ਅਕਾਲੀ ਦਲ ਹਾਲੇ ਵੀ ਚੱਕਰਾਂ ਵਿਚ ਪਏ ਹੋਏ ਸਨ। "ਮਸਲਾ ਗੰਭੀਰ ਹੈ, ਵਿਚਾਰ ਮੰਗਦਾ ਹੈ, ਐਗਜ਼ੈਕਟਿਵ ਦੀ ਮੀਟਿੰਗ ਸੱਦਣੀ ਪਵੇਗੀ।"

"ਤੁਸੀਂ ਪਹਿਲੋਂ ਚਿੱਠੀ ਸੁਣ ਲਵੋ?" ਸੰਤ ਨੇ ਮੋਰਚਾ ਡਿਕਟੇਟਰ ਦਾ ਚਿਹਰਾ ਪੜ੍ਹਨਾ ਸ਼ੁਰੂ ਕਰ ਦਿੱਤਾ, ਜਿਹੜਾ ਸ਼ਾਂਤ ਹੋਣ 'ਤੇ ਵੀ ਚਿੰਤਾ ਨੂੰ ਫੜਿਆ ਹੋਇਆ ਸੀ।

ਦਿਲਬੀਰ ਸਿੰਘ ਨੇ ਪਹਿਲੋਂ ਚਿੱਠੀ ਮੂੰਹ ਵਿਚ ਪੜ੍ਹੀ ਅਤੇ ਮੁੜ ਤੱਤ ਆਖਣਾ ਸ਼ੁਰੂ ਕੀਤਾ:-

"ਸ੍ਰੀ ਮਾਨ ਸਤਿਕਾਰ ਯੋਗ ਸੰਤ ਜਰਨੈਲ ਸਿੰਘ ਜੀ !

ਮੈਂ ਪੰਜਾਬ ਦੇ ਉਲਝੇ ਮਸਲੇ ਨੂੰ ਹੱਲ ਕਰਨ ਲਈ ਤੁਹਾਨੂੰ ਮਿਲਣਾ ਚਾਹੁੰਦੀ ਆਂ। ਅਸੀਂ ਵਿਚਾਰ-ਵਟਾਂਦਰੇ ਨਾਲ ਪੰਜਾਬ ਦੀਆਂ ਮੰਗਾਂ ਦਾ ਹੱਲ ਕੱਢ ਲਵਾਂਗੇ। ਮੇਰਾ ਖ਼ਿਆਲ ਐ, ਵਿਧਾਨ ਨੂੰ ਹਿਲਾਏ ਬਿਨਾਂ ਤੁਹਾਡੀਆਂ ਸਾਰੀਆਂ ਮੰਗਾਂ ਦਾ ਨਿਪਟਾਰਾ ਕਰ ਲਵਾਂਗੇ। ਮੇਰੀ ਸਕਿਓਰਿਟੀ ਨੂੰ ਮੁੱਖ ਰੱਖ ਕੇ ਤੁਸੀਂ ਮਿਲਣ ਦਾ ਸਮਾਂ ਕੱਢੋ। ਭਾਰਤ ਦੀ ਸ਼ਕਤੀ ਨੂੰ ਮੋਰਚਿਆਂ ਵਿਚ ਪਾ ਕੇ ਐਵੇਂ ਜ਼ਾਇਆ ਨਾ ਕਰੀਏ। ਕੋਈ ਵੀ ਝਗੜਾ ਮਿਲ ਬਹਿ ਕੇ ਹੀ ਹੱਲ ਕੀਤਾ ਜਾ ਸਕਦਾ ਹੈ। ਤੁਸੀਂ ਦੇਸ਼ ਭਗਤ, ਬਹਾਦਰ ਤੇ ਮਿਹਨਤੀ ਪੰਜਾਬੀ ਹੋ, ਮੈਨੂੰ ਆਸ ਹੈ, ਤੁਸੀਂ ਭਾਰਤ ਦੀ ਉਸਾਰੀ ਤੇ ਖੁਸ਼ਹਾਲੀ ਵਿਚ ਵਧ ਚੜ੍ਹ ਕੇ ਹਿੱਸਾ ਪਾਉਂਦੇ ਰਹੋਗੇ।

ਧੰਨਵਾਦ ਨਾਲ,

ਇੰਦਰਾ ਗਾਂਧੀ

ਪ੍ਰਧਾਨ ਮੰਤਰੀ ਭਾਰਤ ਸਰਕਾਰ।"

ਦਿਲਬੀਰ ਸਿੰਘ ਨੇ ਚਿੱਠੀ ਤਹਿ ਕਰਕੇ ਸੰਤ ਜਰਨੈਲ ਸਿੰਘ ਵੱਲ ਵਧਾ ਦਿੱਤੀ। ਉਨ੍ਹਾਂ ਫਾਈਲ ਵਿਚ ਰੱਖਦਿਆਂ ਸੰਤ ਹਰਚੰਦ ਸਿੰਘ ਜੀ ਨੂੰ ਆਖਿਆ,

"ਤੁਹਾਡੀ ਕੀ ਰਾਏ ਹੈ?"

"ਮੇਰਾ ਖਿਆਲ ਐ, ਅਕਾਲੀ ਦਲ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿਚਾਰ ਲਈ ਸੱਦ ਲਈ ਜਾਵੇ। ਉਸ ਵਿਚ ਤੁਸੀਂ ਆਪਣੀ ਵੀ ਸਲਾਹ ਦੇਵੋ।" ਸੰਤ ਹਰਚੰਦ ਸਿੰਘ ਜੀ ਐਨੀ ਕਹਿ ਕੇ ਸ਼ਾਂਤ ਹੋ ਗਏ।

"ਮਹਾਂਪੁਰਸ਼ੋ! ਲਿਖਣ ਵਾਲੀ ਗੱਲ ਵੱਲ ਤੁਹਾਡੀ ਬੀਬੀ ਨੇ ਇਸ਼ਾਰਾ ਵੀ ਨਹੀਂ ਕੀਤਾ।"

"ਉਹ ਕਿਹੜੀ ਗੱਲ?"

"ਅਸੀਂ ਸਿੱਖ ਇੱਕ ਕੌਮ ਆਂ। ਵਿਧਾਨ ਵਿਚ ਪੂਰਨ ਕੌਮ ਮੰਨਿਆ ਜਾਵੇ ਤੇ ਸਾਨੂੰ ਪੱਚੀ ਧਾਰਾ ਵਿਚੋਂ ਕੱਢਿਆ ਜਾਵੇ। ਸਾਡੀ ਬੁਨਿਆਦੀ ਮੰਗ ਇਹ ਹੈ। ਇਹਦੇ ਬਿਨਾਂ ਸਾਨੂੰ ਕੋਈ ਸਮਝੌਤਾ ਮਨਜ਼ੂਰ ਨਹੀਂ।" ਸੰਤ ਜਰਨੈਲ ਸਿੰਘ ਜੀ ਥੋੜ੍ਹਾ ਤਾਅ ਖਾ ਗਏ। ਉਹ ਸੰਤ ਹਰਚੰਦ ਸਿੰਘ ਜੀ ਦੇ ਠੰਡੇਪਣ 'ਤੇ ਥੋੜ੍ਹੇ ਔਖੇ ਸਨ।

"ਮਹਾਂਪੁਰਸ਼ੋ, ਮੈਂ ਤੁਹਾਡੇ ਨਾਲ ਪੂਰੀ ਸੰਮਤੀ ਰੱਖਦਾ ਆਂ, ਪਰ ਸਾਰਿਆਂ ਨਾਲ ਸਲਾਹ ਕਰਨ ਵਿਚ ਕੀ ਹਰਜ਼ ਹੈ।"

"ਤੁਸੀਂ ਸਲਾਹਾਂ ਕਰੋ, ਜੋ ਮਰਜ਼ੀ ਕਰੋ, ਸਾਨੂੰ ਪੂਰਨ ਕੌਮ ਮੰਨੇ ਬਿਨਾਂ ਕੋਈ ਸਮਝੌਤਾ ਮਨਜ਼ੂਰ ਨਹੀਂ ਹੋਵੇਗਾ।" ਸੰਤ ਜਰਨੈਲ ਸਿੰਘ ਦੋ ਟੁੱਕ ਫ਼ੈਸਲਾ ਕਰਕੇ ਉੱਠ ਖਲੋਤੇ।

ਉਨ੍ਹਾਂ ਦੇ ਸਾਥੀ ਵੀ ਖਲੋ ਗਏ। ਫ਼ਤਹਿ ਬੁਲਾ ਕੇ ਉਹ ਸ਼੍ਰੋਮਣੀ ਕਮੇਟੀ ਦੀਆਂ ਪੌੜੀਆਂ ਉਤਰ ਆਏ। ਇੱਕ ਦਿਨ ਦੀ ਸੋਚ-ਵਿਚਾਰ ਪਿੱਛੋਂ ਉਨ੍ਹਾਂ ਇੰਦਰਾ ਨੂੰ ਜਵਾਬ ਦੇਣ ਦਾ ਮਨ ਬਣਾ ਲਿਆ। ਜਵਾਬ ਨਾ ਦੇਣਾ ਵੀ ਠੀਕ ਨਹੀਂ ਸੀ। ਉਨ੍ਹਾਂ ਜਵਾਬ ਲਿਖਵਾਉਣਾ ਸ਼ੁਰੂ ਕੀਤਾ:—

ਪੰਦਰ੍ਹਵਾਂ ਕਾਂਡ

ੴ ਸਤਿਗੁਰ ਪ੍ਰਸਾਦਿ॥

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥

ਸੈਫ ਸਰੋਹੀ ਸੈਥੀ ਯਹੈ ਹਮਾਰੈ ਪੀਰ॥੩॥

ਰਾਜਨੀਤੀ ਪੱਖ ਤੋਂ ਹਿੰਦੋਸਤਾਨ ਦੇ ਪ੍ਰਮੁੱਖ ਸੇਵਾਦਾਰ ਬੀਬੀ ਇੰਦਰਾ ਜੀ,

ਤੁਹਾਡੇ ਬੋਲੇ ਕੰਨਾਂ ਤੱਕ ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਤੋਂ ਸਿੱਖ ਦੁਖੀ ਹਿਰਦਿਆਂ ਦੀ ਆਵਾਜ਼ ਪਹੁੰਚਾਉਣ ਵਾਸਤੇ ਚਿੱਠੀ ਦੁਆਰਾ ਮੈਂ ਆਪਣਾ ਵਿਚਾਰ ਪ੍ਰਗਟ ਕਰ ਰਿਹਾ ਹਾਂ। ਭਾਵੇਂ ਕਿ ਬੋਲੇ ਕੰਨਾਂ ਦਾ ਬੁਲਾਏ ਅੱਖਰ ਸੁਣ ਕੇ ਤੁਹਾਨੂੰ ਕੁਝ ਮਹਿਸੂਸ ਹੋਵੇਗਾ ਕਿ ਕਿਹੋ ਜਿਹੀ ਭਾਸ਼ਾ ਵਰਤੀ ਹੈ, ਪਰ ਮੈਂ ਬੋਲੇਪਣ ਦੀ ਸਿੱਧਤਾ ਵਾਸਤੇ ਵਿਚਾਰ ਦੱਸਣੇ ਜ਼ਰੂਰੀ ਸਮਝਦਾ ਹਾਂ, ਧਿਆਨ ਨਾਲ ਪੜ੍ਹ ਲੈਣਾ।

ਹਿੰਦੂ ਬਰਾਦਰੀ ਨਾਲ ਸਬੰਧ ਰੱਖਣ ਵਾਲੇ ਲਾਲਾ ਜਗਤ ਨਰਾਇਣ ਦੀ ਮੌਤ ਦੀ ਇਨਕੁਆਰੀ ਤਿੰਨਾਂ ਦਿਨਾਂ ਵਿਚ ਹੋ ਜਾਂਦੀ ਹੈ। ਇਨਕੁਆਰੀ ਸਬੂਤ ਮੇਰੀ ਗ੍ਰਿਫ਼ਤਾਰੀ ਦਾ ਵਾਰੰਟ, ਪਰ ਸਿੱਖਾਂ ਦੇ ਇਸ਼ਟ ਨੂੰ ਸਿੱਖ ਕੌਮ ਦੀ ਬੱਸਾਂ...ਸਮੱਗਰੀ ਦੀ ਚੰਦੋ ਕਲਾਂ...(ਅੱਖਰ ਪੜ੍ਹੇ ਨਹੀਂ ਗਏ) ਦੀ ਤਿੰਨ ਲੱਖ ਦੀ ਲੁੱਟ-ਖਸੁੱਟ ਦੀ ਇਨਕੁਆਰੀ ਸਿੱਖ ਜੱਜ ਦੇ ਹੱਥ ਵਿਚ ਹੈ, ਜਦੋਂ ਕਿ ਮੇਰਾ ਕੇਸ ਇੱਕ ਹਿੰਦੂ ਜੱਜ ਪਾਸ ਲਗਵਾਇਆ ਗਿਆ, ਇਹ ਬੋਲੇਪਣ ਦੀ ਜਾਗਦੀ ਮਿਸਾਲ ਹੈ, ਕਿਉਂਕਿ ਕਿਸੇ ਸਿੱਖ ਨੇ ਕੋਈ ਇਤਰਾਜ਼ ਨਹੀਂ ਸੀ ਕਰਨਾ। ਪਰ ਸਿੱਖ ਦੀ ਇਨਕੁਆਰੀ ਹਿੰਦੂ ਜੱਜ ਪਾਸ ਕਿਉਂ?

ਬਹੁਗਿਣਤੀ ਦੇ ਲੋਕਾਂ ਵਿਚੋਂ ਲਾਲਾ ਜਗਤ ਨਰਾਇਣ ਦੀ ਲਾਸ਼ ਦਾ ਪੋਸਟ ਮਾਰਟਮ ਕਰਕੇ ਲਾਸ਼ ਰਮੇਸ਼ (ਉਸ ਦੇ ਪੁੱਤਰ) ਨੂੰ ਦਿੱਤੀ ਗਈ। ਪਰ 24 ਸਤੰਬਰ ਨੂੰ ਮਹਿਤਾ ਚੌਂਕ ਵਿਚ ਡੇਢ ਦਰਜਨ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਦਾ ਪੋਸਟ ਮਾਰਟਮ ਕਰਕੇ ਇੱਕ ਵੀ ਸਰੀਰ ਵਾਰਿਸਾਂ ਨੂੰ ਵਾਪਸ ਨਹੀਂ ਕੀਤਾ, ਵਿਤਕਰੇ ਦੀ ਸਪਸ਼ਟ ਨਿਸ਼ਾਨੀ ਹੈ।

ਕਿਸੇ ਵੀ ਹਿੰਦੂ ਨੇ ਹਿੰਦੀ ਬੋਲਣ ਵਾਸਤੇ, ਹਿੰਦੀ ਸੂਬਾ ਬਣਾਉਣ ਵਾਸਤੇ, ਹਿੰਦੂ ਧਾਰਮਿਕ ਮੰਦਰ ਉਪਰ ਗੱਡੀ (ਰੇਲ) ਦਾ ਨਾਂ ਰਖਾਉਣ ਵਾਸਤੇ, ਹਿੰਦੂ ਧਾਰਮਿਕ ਸ਼ਹਿਰ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ ਜਾਂ ਆਪਣੇ ਧਾਰਮਿਕ ਚਿੰਨ੍ਹ ਨੂੰ ਅਪਨਾਉਣ ਵਾਸਤੇ ਹਿੰਦੋਸਤਾਨ ਵਿਚ ਆਜ਼ਾਦੀ ਤੋਂ ਪਿੱਛੋਂ ਦੱਸ, ਕੋਈ ਇੱਕ ਵੀ ਹਿੰਦੂ ਨੇ ਜੇਲ੍ਹ ਕੱਟੀ ਹੈ?

ਪਰ ਇਸ ਦੇ ਉਲਟ ਸਿੱਖਾਂ ਨੂੰ ਪੰਜਾਬੀ ਬੋਲਣ ਵਾਸਤੇ, ਪੰਜਾਬੀ ਸੂਬਾ ਲੈਣ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਟਰਾਂਸਮੀਟਰ ਲਾਉਣ ਵਾਸਤੇ, ਸਿੱਖ ਇੱਕ ਵੱਖਰੀ ਕੌਮ ਕਹਾਉਣ ਵਾਸਤੇ, ਧਾਰਮਿਕ ਅਸਥਾਨ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ ਅਤੇ ਆਪਣੇ ਧਾਰਮਿਕ ਚਿੰਨ੍ਹ ਨੂੰ ਪਰਪੱਕਤਾ ਸਹਿਤ ਧਾਰਨ ਕਰਨ ਵਾਸਤੇ ਆਜ਼ਾਦੀ ਤੋਂ ਪਿੱਛੋਂ ਦੋ ਲੱਖ ਤੋਂ ਵੱਧ ਕੈਦ ਅਤੇ ਭਾਰੀ ਗਿਣਤੀ ਵਿਚ ਸ਼ਹੀਦੀਆਂ ਪਾ ਕੇ ਵੀ ਤੁਹਾਡੇ ਬੋਲੇ ਕੰਨਾਂ ਤੱਕ ਆਵਾਜ਼ ਨਹੀਂ ਪੁੱਜੀ। ਸਿੱਖ ਹਮੇਸ਼ਾ ਹੀ ਜਬਰ ਦਾ ਮੁਕਾਬਲਾ ਸਬਰ ਨਾਲ ਕਰਦਾ ਹੈ ਅਤੇ ਸਬਰ ਨਾਲ ਕਰਾਂਗੇ। ਪਰ ਇਹ

ਤੁਹਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਜਦੋਂ ਸਬਰ ਦਾ ਪਿਆਲਾ ਭਰ ਜਾਵੇ, ਤਦੋਂ ਸਿੱਖ ਮਜਬੂਰ ਹੋ ਕੇ ਆਪਣਾ ਹੱਕ ਲੈਣ ਵਾਸਤੇ ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਮੰਨ ਕੇ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥ (ਜ਼ਫ਼ਰ ਨਾਮਹ)

ਦੇ ਅਨੁਸਾਰ ਚੱਲਣਾ ਪੈਂਦਾ ਹੈ। ਪਰ ਇਸ 'ਤੇ ਚੱਲਣ ਵਾਸਤੇ ਅੱਜ ਸਾਡਾ ਕੋਈ ਇਰਾਦਾ ਨਹੀਂ। ਪਰ ਜੇ ਕੁਰਸੀ ਦੇ ਨਸ਼ੇ ਵਿਚ ਇਸ ਤਰ੍ਹਾਂ ਹੀ ਸਿੱਖਾਂ ਨਾਲ ਅੱਤਿਆਚਾਰ ਹੁੰਦਾ ਰਿਹਾ ਤਾਂ ਇਸ ਨੂੰ ਹੁਣ ਬਹੁਤੇ ਸਾਲ ਜਾਂ ਮਹੀਨੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਕਿਉਂਕਿ ਸ਼ਾਂਤੀ ਪੂਰਵਕ ਚੱਲਦਿਆਂ ਹੋਇਆਂ ਅਤੇ ਜ਼ੁਲਮ ਸਹਾਰਦਿਆਂ ਹੋਇਆਂ ਸਬਰ ਦਾ ਪਿਆਲਾ ਭਰ ਚੁੱਕਾ ਹੈ। ਜਦੋਂ ਕਿ ਸਾਡਾ ਪ੍ਰਚਾਰ ਹਿੰਦੂ ਨੂੰ ਪੱਕਾ ਹਿੰਦੂ ਬਣਾਉਣ ਵਾਸਤੇ ਪ੍ਰੇਰਨਾ ਕਰਨੀ, ਸਹੀ ਹਿੰਦੂ ਦੇ ਲੱਖਣ ਧੋਤੀ, ਟੋਪੀ, ਸੋਟੀ, ਚੋਟੀ, ਜਨੇਊ, 12 ਤਿਲਕ, (ਮੱਥਾ, ਨੱਕ, ਠੋਡੀ, ਕੰਨਾਂ, ਛਾਤੀ, ਗੱਲ੍ਹਾਂ, ਗਿੱਚੀ ਅਤੇ ਤਾਲੂ ਵਿਚ) ਗੀਤਾ ਦਾ ਪਾਠੀ, ਸ਼ਿਵਲਿੰਗ ਦੀ ਚਰਣਾਮਤ ਅਤੇ ਸ਼ਿਵਦੁਆਰੇ ਟੱਲੀਆਂ ਖੜਕਾਵੇ ਅਤੇ ਜਗਤਜਨ (ਤਮਾਕੂ) ਨਾ ਵਰਤੇ, ਉਸ ਹਿੰਦੂ ਨੂੰ ਆਪਣਾ ਭਰਾ ਸਮਝਦੇ ਹਾਂ। ਮੁਸਲਮਾਨ ਪੱਕਾ ਮੁਸਲਮਾਨ ਬਣੇ, ਸਿੱਖ ਆਪਣੇ ਧਰਮ ਵਿਚ ਪੱਕਾ ਹੋਵੇ। ਇਹ ਸਾਡਾ ਪ੍ਰਚਾਰ ਹੈ, ਪਰ ਐਸਾ ਪ੍ਰਚਾਰ ਕਰਨ ਵਾਲੇ ਨੂੰ ਅੱਤਵਾਦੀ ਕਹਿਣਾ ਕਿੱਥੋਂ ਕੁ ਤੱਕ ਸੱਚਾਈ ਹੈ?

ਹਕੂਮਤ ਦੇ ਨਸ਼ੇ ਵਿਚ ਸਿੱਖਾਂ ਨੂੰ ਮੁਕਾਉਣ ਦਾ ਯਤਨ ਕਰਦੇ ਹੋਏ ਬਹੁਤ ਹੀ ਗੁਜ਼ਰੇ ਹਨ ਅਤੇ ਹਕੂਮਤ ਕਰਨ ਵਾਲੇ ਲੋਕਾਂ ਦਾ ਨਾਮੋ-ਨਿਸ਼ਾਨ ਨਹੀਂ ਰਿਹਾ। ਜੇ ਉਸੇ ਤਰ੍ਹਾਂ ਹੀ ਜ਼ੁਲਮ ਤੇ ਅੱਤਿਆਚਾਰ ਜਾਰੀ ਰੱਖਿਆ ਤਾਂ ਤੁਹਾਡਾ ਵੀ ਕਦੇ ਉਹੀ ਹਸ਼ਰ ਨਾ ਹੋਵੇ, ਕਿਉਂਕਿ ਕੁਰਸੀ ਅਤੇ ਮਾਇਆ ਇਸਥਿਤ ਨਹੀਂ। ਗੁਰਬਾਣੀ ਦਾ ਫ਼ੁਰਮਾਨ ਹੈ:-

ਇਹਾ ਮਾਇਆ ਕੀ ਸੋਭਾ.....
ਕੋਊ ਹਰਿ ਸਮਾਨਿ ਨਹੀ ਰਾਜਾ ॥
ਨਾਂਗੇ ਪਾਵਹੁ ਤੇ ਗਏ.....
ਰਾਵਨ ਹੂੰ ਤੇ ਅਧਿਕ ਛਤ੍ਰਪਤਿ.....

ਸਿੱਖ ਲੜਕੀਆਂ ਨੂੰ ਨੰਗੀਆਂ ਕਰਕੇ ਉਸ ਦੇ ਪਿਤਾ ਨੂੰ ਉੱਪਰ ਪਾਉਣਾ, ਸਿੱਖ ਦੇ ਮੂੰਹ ਵਿਚ ਥੁੱਕਣਾ, ਪੱਟ ਚੀਰ ਕੇ ਲੂਣ ਪਾਉਣਾ, ਸਿੱਖਾਂ ਦੇ ...ਨੂੰ ਅੱਗ ਲਾਉਣੀ, ਸਿੱਖ ਲੜਕੀਆਂ 'ਤੇ ਕੇਸ ਚਲਾਉਣੇ, ਸਿੱਖ ਵਿਦਿਆਰਥੀਆਂ ਨੂੰ ਨਜ਼ਰਬੰਦ ਕਰਨਾ, ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਨਾ ਅਤੇ ਸ੍ਰੀ ਗੁਰੂ.....ਜੀ ਦੇ ਕਤਲ ਮੁੱਖ ਮੰਤਰੀ ਪੰਜਾਬ, ਰਬੈਰੋ, ਡੀ.ਆਰ. ਭੱਟੀ ਲੁਧਿਆਣਾ, ਡੀ.ਆਈ.ਜੀ. ਮਾਂਗਟ ਪਟਿਆਲਾ ਅਤੇ ਇਨ੍ਹਾਂ ਦੇ ਸਾਥੀਆਂ ਨੂੰ ਡੀ. ਸੀ. ਹੁਕਮ ਰੂਪੀ ਖੰਨਾ ਹੋਰਾਂ ਨੂੰ ਲੁਕਾਉਣਾ, ਬੋਲਿਆਂ, ਗੂੰਗਿਆਂ ਦੀ ਪ੍ਰਤੱਖ ਮਿਸਾਲ ਹੈ। ਇਹ ਸੰਖੇਪ ਰੂਪ ਵਿਚ ਦੱਸਿਆ ਹੈ।

ਸਮਾਂ ਆਉਣ 'ਤੇ ਵਿਸਥਾਰ ਸਹਿਤ ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਬਾਰੇ ਦੱਸਾਂਗਾ।

ਜਰਨੈਲ ਸਿੰਘ ਖਾਲਸਾ

19.2.83

"ਸਾਡਾ ਇਹ ਜਵਾਬ ਭਾਈ ਅਮਰੀਕ ਸਿੰਘ ਜੀ ਪ੍ਰਧਾਨ ਮੰਤਰੀ ਨੂੰ ਪੋਸਟ ਕਰ ਦਿਓ।" ਉਨ੍ਹਾਂ ਲੰਮਾ ਸਾਹ ਖਿੱਚ ਕੇ ਆਪਣਾ ਤੀਰ ਛਾਤੀ ਨਾਲ ਘੁੱਟ ਲਿਆ।

"ਬਹੁਤ ਠੀਕ ਮਹਾਂਪੁਰਸ਼ੋ! ਹੁਣੇ ਪੋਸਟ ਕਰ ਦੇਂਦੇ ਆਂ।" ਭਾਈ ਅਮਰੀਕ ਸਿੰਘ ਖ਼ਤ ਲੈ ਕੇ ਲੰਗਰ ਦੀਆਂ ਪੌੜੀਆਂ ਉਤਰ ਗਿਆ।

ਸੋਲਵਾਂ ਕਾਂਡ

ਇੱਕ ਰਿਟਾਇਰਡ ਸਿੱਖ ਕਰਨਲ ਲੰਗਰ ਦੀਆਂ ਪੌੜੀਆਂ ਚੜ੍ਹਿਆ ਅਤੇ ਸੰਤ ਜਰਨੈਲ ਸਿੰਘ ਨੂੰ ਫ਼ਤਹਿ ਬੁਲਾ ਕੇ ਉਨ੍ਹਾਂ ਦੇ ਕੋਲ ਬਹਿ ਗਿਆ। ਸੰਤ ਫ਼ੌਜੀ ਭਾਈਆਂ ਦਾ ਬੜਾ ਆਦਰ-ਸਤਿਕਾਰ ਕਰਦੇ ਸਨ। ਫ਼ੌਜੀਆਂ ਨੂੰ ਭਰਤੀ ਕਰਨ ਪਿੱਛੋਂ ਉਨ੍ਹਾਂ ਦੇ ਧਰਮ ਨਿਸਚੇ ਅਨੁਸਾਰ ਸੌਂਹ ਖਵਾਈ ਜਾਂਦੀ ਸੀ। ਉਸ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੌਂਹ ਖਾਧੀ ਸੀ ਕਿ ਦੇਸ਼ ਦੀ ਆਨ-ਸ਼ਾਨ ਤੋਂ ਜਿੰਦ-ਜਾਨ ਵਾਰ ਦਿਆਂਗਾ। ਦੇਸ਼ ਦੀ ਆਜ਼ਾਦੀ ਦੀ ਰਾਖੀ ਕਰਾਂਗਾ ਅਤੇ ਇਸ 'ਤੇ ਕਿਸੇ ਦੁਸ਼ਮਣ ਦੇ ਕੀਤੇ ਹਮਲੇ ਅੱਗੇ ਆਪਣੀ ਹਿੱਕ ਡਾਹ ਦੇਵਾਂਗਾ। ਗੁਰੂ ਘਰ ਨਾਲ ਹਰ ਸਿੱਖ ਫ਼ੌਜੀ ਦਾ ਪਿਆਰ, ਸਿਦਕ ਤੇ ਭਗਤੀ ਭਾਵਨਾ ਕੁਦਰਤੀ ਜੁੜੀ ਹੁੰਦੀ ਐ ਕਿਉਂਕਿ ਉਸ ਖ਼ਤਰਿਆਂ ਦੇ ਮੋਰਚਿਆਂ ਮੂਹਰੇ ਹਮੇਸ਼ਾ ਪਹਿਰਾ ਦੇਣਾ ਹੁੰਦਾ ਏ। ਜਦੋਂ ਕਿ ਬਾਕੀ ਸਾਰਾ ਦੇਸ਼ ਸਿਰਹਾਣੇ ਬਾਂਹ ਦੇ ਕੇ ਨਿਸਚਿੰਤ ਸੁੱਤਾ ਹੁੰਦਾ ਹੈ। ਕੁਝ ਇਸ ਤਰ੍ਹਾਂ ਦੇ ਵਿਸ਼ਵਾਸਾਂ ਵਾਲਾ ਸੀ ਉਹ ਕਰਨਲ ਭਾਈ। ਸੰਤਾਂ ਉਸ ਨੂੰ ਜੀ ਆਇਆਂ ਨੂੰ ਆਖਦਿਆਂ ਪੁੱਛਿਆ,

"ਸੁਣਾ ਭਾਈ ਸਿੰਘਾ! ਕੀ ਹਾਲ ਐ, ਕੋਈ ਸਮੱਸਿਆ?"

"ਮਹਾਰਾਜ ਸਮੱਸਿਆ ਹੈ, ਵੱਡੀ ਭਾਰੀ, ਪਰ ਮੈਂ ਇਉਂ ਸਾਰਿਆਂ ਵਿਚ ਨਹੀਂ ਕਹਿ ਸਕਦਾ", ਉਸ ਆਲੇ-ਦੁਆਲੇ ਦੀ ਸੰਗਤ ਵੱਲ ਇਸ਼ਾਰਾ ਕੀਤਾ।

ਮਹਾਂਪੁਰਖਾਂ ਬੈਠੇ ਸਿੰਘਾਂ ਵੱਲ ਤੱਕਿਆ, ਮੁੜ ਆਪ ਹੀ ਆਖਿਆ:

"ਆਪਾਂ ਇਨ੍ਹਾਂ ਤੋਂ ਥੋੜ੍ਹਾ ਪਾਸਾ ਵੱਟ ਲੈਂਦੇ ਆਂ।" ਉਹ ਉਠ ਕੇ ਲੰਮੀ ਚੌੜੀ ਦਰੀ ਦੇ ਇੱਕ ਖੂੰਜੇ ਜਾ ਬੈਠੇ। ਫ਼ੌਜੀ ਭਾਈ ਵੀ ਨੇੜੇ ਹੋ ਕੇ ਬਿਰਾਜ ਗਿਆ।

"ਹਾਂਅ, ਹੁਣ ਕਹੋ ਕੀ ਗੱਲ ਐ?"

"ਮੈਂ ਆਂ ਰਿਟਾਇਰਡ ਫ਼ੌਜੀ ਕਰਨਲ; ਤਿੰਨ ਜੰਗਾਂ ਲੜ ਚੁੱਕਾ ਆਂ। ਚੀਨ ਵਾਲਿਆਂ ਦਾ ਕੈਦੀ ਵੀ ਰਹਿ ਚੁੱਕਾ ਆਂ। ਤੁਹਾਡੇ ਲਈ ਇੱਕ ਇਨਫਰਮੇਸ਼ਨ ਲੈ ਕੇ ਆਇਆ ਹਾਂ। ਇੰਦਰਾ ਫ਼ੌਜੀ ਅਸੂਲਾਂ ਤੇ ਨੇਮਾਂ ਤੋਂ ਬਾਹਰ ਜਾ ਰਹੀ ਐ। ਅਸੀਂ ਪੁਰਾਣੇ ਫ਼ੌਜੀ ਉਸ ਨੂੰ ਗ਼ਲਤ ਸਮਝਦੇ ਆਂ।" ਸੰਤ ਭਾਈ ਨੂੰ ਪੂਰੇ ਧਿਆਨ ਨਾਲ ਸੁਣ ਰਹੇ ਸਨ। "ਪਹਿਲੀ ਗੱਲ ਤੁਹਾਡੇ 'ਤੇ ਹਮਲਾ ਹੋਣ ਵਾਲਾ ਐ; ਸਮੁੱਚੇ ਸਿੱਖ ਕੌਮ ਤੇ ਦਰਬਾਰ ਸਾਹਿਬ 'ਤੇ।"

"ਇਸ ਗੱਲ ਦਾ ਸਿੰਘਾ ਸਾਨੂੰ ਪਤਾ ਹੈ। ਇਨ੍ਹਾਂ ਅਕ੍ਰਿਤਘਣਾਂ ਤੋਂ ਏਹੀ ਆਸ ਕੀਤੀ ਜਾ ਸਕਦੀ ਹੈ। ਜੀਹਦਾ ਖਾਂਦੇ ਐ, ਉਸ ਨੂੰ ਡੰਗ ਮਾਰਦੇ ਐ।"

"ਹਮਲਾ ਹੋਇਆ ਤਾਂ ਤੁਸੀਂ ਬਚਾਅ ਕਿਵੇਂ ਕਰੋਗੇ? ਭਾਵ ਰੋਕ ਥਾਮ?" ਫ਼ੌਜੀ ਨੇ ਸੰਤ ਜਰਨੈਲ ਸਿੰਘ ਦਾ ਚਿਹਰਾ ਪੜ੍ਹਨਾ ਸ਼ੁਰੂ ਕਰ ਦਿੱਤਾ।

"ਗੁਰੂ ਘਰ 'ਤੇ ਹਮਲਾ ਹੋਇਆ, ਸਿੰਘਾਂ ਕੋਲ ਗੁਰੂ ਦੀ ਦਿੱਤੀ ਅਮਾਨਤ ਜਾਨ ਹੁੰਦੀ

ਐ, ਲੇਖੇ ਲਾ ਦਿਆਂਗੇ।" ਸੰਤਾਂ ਨਾਲ ਹੀ ਫੁੰਕਾਰਾ ਮਾਰਿਆ, ਜਿਵੇਂ ਡਰ ਉਨ੍ਹਾਂ ਦੇ ਨੇੜੇ ਨਾ ਆਇਆ ਹੋਵੇ। ਉਹ ਉੱਠ ਕੇ ਖਲੋ ਗਏ। ਕੋਈ ਜੋਸ਼ ਉਨ੍ਹਾਂ ਨੂੰ ਬੇਚੈਨ ਕਰ ਗਿਆ ਸੀ। "ਆ ਜਾਹ, ਮੇਰੇ ਨਾਲ ਫਿਰ। ਆਪਾਂ ਇਸ ਤਰ੍ਹਾਂ ਹੀ ਕੌਮ ਦੀ ਹੋਣੀ ਬਾਰੇ ਸੋਚਾਂਗੇ।"

ਫੌਜੀ ਨੇ ਉੱਠ ਕੇ ਨਾਲ ਕਦਮਾਂ ਮੇਲਣੀਆਂ ਸ਼ੁਰੂ ਕਰ ਦਿੱਤੀਆਂ।

"ਨਿਰੀਆਂ ਜਿੰਦਾਂ ਵਾਰ ਦੇਣ ਨਾਲ ਜਿੱਤ ਪ੍ਰਾਪਤ ਨਹੀਂ ਹੁੰਦੀ। ਇਹ ਨਿਰੀਆਂ ਜਜ਼ਬਾਤੀ ਟਾਹਰਾਂ ਹਨ। ਮਾਫ਼ ਕਰਨਾ; ਤੁਸੀਂ ਸਰਕਾਰ ਦੇ ਨਵੀਨ ਹਥਿਆਰਾਂ ਦਾ ਮੁਕਾਬਲਾ ਇਨ੍ਹਾਂ ਪੁਰਾਣੇ ਹਥਿਆਰਾਂ ਨਾਲ ਨਹੀਂ ਕਰ ਸਕੋਗੇ।"

"ਸਿੰਘਾ! ਪਹਿਲੀ ਗੱਲ, ਇੰਦਰਾ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਵੱਡੀ ਗਲਤੀ ਨਹੀਂ ਕਰੇਗੀ। ਊਂ ਉਸ ਨੂੰ ਸਿੱਖਾਂ ਵਿਰੁੱਧ ਭੜਕਾਉਣ ਵਾਲੇ ਬਹੁਤ ਹਨ। ਸਾਨੂੰ ਖ਼ਬਰ ਮਿਲਦੀ ਰਹਿੰਦੀ ਐ।" ਸੰਤਾਂ ਦਾ ਵਿਸ਼ਵਾਸ ਦੁਬਿਧਾ ਵਿਚ ਪਿਆ ਹੋਇਆ ਸੀ, ਪਰ ਧਾਰਮਿਕ ਨਿਸਚੇ ਅਨੁਸਾਰ ਉਹ ਅਡੋਲ ਹੋ ਜਾਂਦੇ ਸਨ।

"ਤੁਸੀਂ ਦੋ ਚਿੱਤੇ ਹੋ। ਇੱਕ ਪਾਸੇ ਆਖਦੇ ਹੋ, ਸਾਨੂੰ ਹਮਲੇ ਬਾਰੇ ਪਤਾ ਹੈ; ਦੂਜੇ ਪਾਸੇ ਕਹਿੰਦੇ ਹੋ, ਇੰਦਰਾ ਐਨੀ ਵੱਡੀ ਗ਼ਲਤੀ ਨਹੀਂ ਕਰਨ ਲੱਗੀ। ਫ਼ੌਜੀ ਇਸ ਤਰ੍ਹਾਂ ਨਹੀਂ ਸੋਚਦੇ।" ਕਰਨਲ ਸਾਹਿਬ ਨੂੰ ਸੰਤਾਂ ਦੀ ਸੋਚ ਵਿਚ ਅਨਾੜੀਪੁਣੇ ਦਾ ਅਹਿਸਾਸ ਹੋਇਆ।

"ਨੀਤੀ ਵਾਲੀ ਤੱਕੜੀ ਦੇ ਦੋ ਪੱਲੜੇ ਹੁੰਦੇ ਐ। ਸੱਚ ਤੇ ਝੂਠ। ਸਿੰਘਾਂ ਹਮੇਸ਼ਾ ਸੱਚ ਦਾ ਸਾਥ ਦਿੱਤਾ ਹੈ, ਇਤਿਹਾਸ ਇਸ ਦਾ ਗਵਾਹ ਹੈ।"

"ਇਹ ਪਿਦਰਮ ਸੁਲਤਾਨ ਬੂਦ ਵਾਲੀ ਗੱਲ ਐ (ਸਾਡੇ ਪੁਰਖੇ ਬਾਦਸ਼ਾਹ ਸਨ ਫਾਰਸੀ) ਇਨ੍ਹਾਂ ਨੂੰ ਵੀ ਮੈਂ ਜਜ਼ਬਾਤੀ ਢਾਰਸਾਂ ਆਖਾਂਗਾ। ਨੀਤੀ ਅਨੁਸਾਰ ਲੜਾਈ ਸੱਚ-ਝੂਠ ਤੇ ਨੇਕੀ-ਬਦੀ ਦੀ ਜ਼ਰੂਰ ਹੁੰਦੀ ਐ, ਪਰ ਮੈਦਾਨ ਤਾਕਤ, ਹਮੇਸ਼ਾ ਤਾਕਤ ਨਾਲ ਮਾਰਿਆ ਜਾਂਦਾ ਹੈ। ਇਹ ਸਾਡਾ ਫ਼ੌਜੀ ਤੱਤ ਹੈ ਜਾਂ ਤਾਂ ਮੁਕਾਬਲਾ ਨਾ ਕਰੋ, ਹਥਿਆਰ ਰੱਖ ਦੇਵੋ, ਨਹੀਂ ਪੂਰੀ ਤਾਕਤ ਨਾਲ ਟੱਕਰ ਲਵੋ। ਲੜਾਈ ਦੇ ਦੋ ਹੀ ਪੈਂਤੜੇ ਹੁੰਦੇ ਹਨ।" ਫ਼ੌਜੀ ਨੂੰ ਆਪਣੇ ਤੱਤ ਤਜਰਬੇ 'ਤੇ ਮਾਣ ਸੀ।

"ਹਥਿਆਰ ਰੱਖ ਦੇਣ ਨਾਲ ਕਰਨਲ ਸਾਹਿਬ, ਸਿੰਘਾਂ ਦੀ ਮੁੱਛ ਰਹਿ ਜਾਵੇਗੀ? ਅਸੀਂ ਆਪਣੇ ਇਤਿਹਾਸ ਨੂੰ ਕਲੰਕਿਤ ਨਹੀਂ ਕਰਾਂਗੇ। ਇਸ ਨੂੰ ਆਪਣੇ ਲਹੂ ਨਾਲ ਲਿਖਾਂਗੇ। ਜਿਵੇਂ ਸਾਡੇ ਸ਼ਹੀਦ ਪੁਰਖੇ ਲਿਖਦੇ ਆਏ ਹਨ।" ਉਨ੍ਹਾਂ ਹੱਥਲਾ ਤੀਰ ਪੱਕੀ ਕੰਧ ਨਾਲ ਜੋੜ ਦਿੱਤਾ।

"ਤੁਸੀਂ ਜਾਨਾਂ ਵਾਰ ਕੇ ਇਤਿਹਾਸ ਤਾਂ ਪੈਦਾ ਕਰ ਸਕਦੇ ਹੋ; ਜਿਸ ਜਿੱਤ ਲਈ ਮੋਰਚਾ ਲਾਇਆ ਹੈ, ਉਹ ਪ੍ਰਾਪਤ ਨਹੀਂ ਕਰ ਸਕੋਗੇ।" ਕਰਨਲ ਨਾਲ ਹੀ ਸਿਰ ਫੇਰ ਗਿਆ।

"ਜ਼ੁਲਮ ਅਤੇ ਅਨਿਆਂ ਵਿਰੁਧ ਅੜਨਾ, ਲੜਨਾ ਤੇ ਕੁਰਬਾਨੀ ਦੇਣਾ ਖ਼ਾਲਸੇ ਦਾ ਧਾਰਮਿਕ ਕਿਰਦਾਰ ਰਿਹਾ ਹੈ। ਅਸੀਂ ਸ਼ਹੀਦ ਭਾਈ ਦੀਪ ਸਿੰਘ ਦੀ ਔਲਾਦ ਆਂ, ਟਕਸਾਲ ਨੂੰ ਲਾਜ ਨਹੀਂ ਲੱਗਣ ਦੇਵਾਂਗੇ, ਭਾਵੇਂ ਕੁਝ ਵੀ ਹੋ ਜਾਵੇ।" ਸੰਤ ਨੇ ਲੰਮੇ ਦਾੜ੍ਹੇ ਨੂੰ ਹਵਾ ਵਿਚ ਉਡਦੇ ਨੂੰ ਸੰਵਾਰਿਆ।

"ਤੁਸੀਂ ਨਿਰੀ ਟਕਸਾਲ ਦੀ ਹੀ ਗੱਲ ਕਿਉਂ ਕਰਦੇ ਹੋ? ਬਾਕੀ ਪੰਜਾਬ........।"

"ਅਸੀਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਅਰਦਾਸ ਅਨੁਸਾਰ ਸਰਬੱਤ ਦੇ ਭਲੇ

ਲਈ ਵਚਨਬੱਧ ਆਂ, ਕਿਉਂਕਿ ਬਾਕੀ ਰਾਜਸੀ ਪਾਰਟੀਆਂ ਨੰਗਾ ਜ਼ੁਲਮ ਹੁੰਦਾ ਵੇਖ ਕੇ ਮੂੰਹ ਹੀ ਨਹੀਂ ਲੁਕਾਂਦੀਆਂ; ਸਗੋਂ ਖੁਸ਼ੀ ਹੋ ਚੁੱਕੀਆਂ ਹਨ। ਇਨਕਲਾਬ ਲਿਆਉਣ ਵਾਲੇ ਵੀ ਇੰਦਰਾ ਦੀ ਬੁੱਕਲ ਵਿਚ ਜਾ ਬੈਠੇ ਹਨ ਤੇ ਸਾਨੂੰ ਸੱਚ 'ਤੇ ਸਿਰਧੜ ਦੀ ਬਾਜ਼ੀ ਲਾਈ ਬੈਠਿਆਂ ਨੂੰ ਫ਼ਿਰਕਾਪ੍ਰਸਤ ਆਖਦੇ ਹਨ। ਅਸੀਂ ਸਮੁੱਚੇ ਪੰਜਾਬ ਨਾਲ ਸਿੱਖਾਂ ਦਾ ਸਿਰ ਤੇ ਮੁੱਛ ਉੱਚੀ ਵੇਖਣਾ ਚਾਹੁੰਦੇ ਆਂ, ਕਿਉਂਕਿ ਸਿੱਖਾਂ ਦੇਸ਼ ਅਤੇ ਆਜ਼ਾਦੀ ਲਈ ਬੇਥਾਹ ਕੁਰਬਾਨੀਆਂ ਕੀਤੀਆਂ ਹਨ ਅਤੇ ਹੁਣ ਵੀ ਕਰਾਂਗੇ, ਪਿੱਛੇ ਨਹੀਂ ਹਟਾਂਗੇ।" ਸੰਤ ਥੋੜ੍ਹਾ ਜਜ਼ਬਾਤ ਵਿਚ ਆ ਗਏ, ਕਿਉਂਕਿ ਜਿਨ੍ਹਾਂ ਦੀ ਚੀਚੀ ਨੂੰ ਕਦੇ ਚੀਰਾ ਨਹੀਂ ਆਇਆ ਸੀ, ਉਹੀ ਸਭ ਤੋਂ ਵੱਧ ਵਿਰੋਧ ਕਰ ਰਹੇ ਸਨ।

"ਜੇ ਇਹ ਗੱਲ ਏ ਤਾਂ ਸੁਣੋ: ਡੇਹਰਾਦੂਨ ਤੋਂ ਕੁਝ ਮੀਲਾਂ ਦੀ ਵਿੱਥ 'ਤੇ ਉੱਤਰ ਵੱਲ ਚਕਰਾਤਾ ਪਹਾੜੀਆਂ ਵਿਚਕਾਰ ਆਵਾਜਾਈ ਬਵਰਜਿਤ ਏਰੀਆ ਕਰਾਰ ਦੇ, ਸ੍ਰੀ ਦਰਬਾਰ ਸਾਹਿਬ ਦਾ ਮਾਡਲ ਖੜ੍ਹਾ ਕਰਕੇ ਹਮਲੇ ਦੀ ਰਿਹਰਸਲ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਦੀ ਰਿਹਰਸਲ ਫ਼ੌਜੀ ਪੱਖੋਂ ਐਵੇਂ ਨਹੀਂ ਕੀਤੀ ਜਾਂਦੀ। ਸਮਝੋ ਹਮਲਾ ਅਵੱਸ਼ ਹੋਵੇਗਾ।" ਫ਼ੌਜੀ ਕਰਨਲ ਨੇ ਸੱਜੇ ਹੱਥ ਦੀ ਉਂਗਲ ਨਾਲ ਹਵਾ ਨੂੰ ਚੀਰਿਆ।

ਸੰਤ, ਕਰਨੈਲ ਦੀ ਖ਼ਬਰ ਨਾਲ ਸੋਚਾਂ ਵਿਚ ਪੈ ਗਏ। ਥੋੜ੍ਹੀ ਖ਼ਾਮੋਸ਼ੀ ਪਿੱਛੋਂ ਸਿਰ ਉੱਚਾ ਕਰਕੇ ਬੋਲੇ:

"ਦੁਸ਼ਮਣ ਆਪਣੀ ਤਿਆਰੀ ਲਈ ਕੁਝ ਵੀ ਕਰ ਸਕਦਾ ਏ।"

"ਤੁਹਾਡਾ ਜੋ ਹਾਲ ਦਿੱਸਦਾ ਏ, ਉਨ੍ਹਾਂ ਦੇ ਨਵੀਨ ਹਥਿਆਰਾਂ ਅੱਗੇ ਘੰਟਾ ਭਰ ਵੀ ਨਹੀਂ ਠਹਿਰ ਸਕੇਗਾ।"

"ਫਿਰ ਤੁਸੀਂ ਤਜਰਬੇਕਾਰ ਫ਼ੌਜੀ ਹੋ, ਕਈ ਜੰਗਾਂ ਲੜ ਚੁੱਕੇ ਹੋ; ਤੁਹਾਡੇ ਖਿਆਲ ਵਿਚ ਸਾਨੂੰ ਕੀ ਪੈਂਤੜਾ ਮੱਲਣਾ ਚਾਹੀਦਾ ਏ?" ਥੋੜ੍ਹਾ ਚਿੰਤਾ ਨਾਲ ਸੰਤਾਂ ਸਲਾਹ ਪੁੱਛੀ।

"ਕਿਸੇ ਯੁੱਧ ਜੇਤੂ ਫ਼ੌਜੀ ਅਫ਼ਸਰ ਨੂੰ ਭਾਲੋ ਤੇ ਆਗੂ ਬਣਾਉ। ਉਹ ਹੀ ਨਕਸ਼ੇ ਜਾਚ ਕੇ ਤੁਹਾਨੂੰ ਟਿਕਾਣੇ ਦੇ ਮੋਰਚੇ ਦੇ ਸਕਦਾ ਹੈ।"

"ਤੁਹਾਡੇ ਨਾਲੋਂ ਯੁੱਧ ਜੇਤੂ ਜਰਨੈਲ ਹੋਰ ਕਿਹੜਾ ਹੋਵੇਗਾ। ਸਾਨੂੰ ਵਫ਼ਾਦਾਰ ਤੇ ਸਿਦਕਵਾਨ ਲੋੜੀਂਦਾ ਏ ਤੇਰੇ ਵਰਗਾ।"

"ਵੇਖ ਬਈ ਸਿੰਘਾ, ਸਾਡੀ ਨਜ਼ਰ ਐਨੀ ਦੂਰ ਤੱਕ ਨਹੀਂ ਜਾਂਦੀ; ਸਾਨੂੰ ਤੇਰੇ 'ਤੇ ਭਰੋਸਾ ਹੈ, ਤੇਰੇ ਵਿਚ ਉਹ ਸਾਰੇ ਲੋੜੀਂਦੇ ਗੁਣ ਮੌਜੂਦ ਐ।" ਸੰਤ ਕਰਨਲ ਨੂੰ ਆਪਣੀ ਮਾਲਾ ਦਾ ਮੋਤੀ ਬਣਾ ਲੈਣਾ ਚਾਹੁੰਦੇ ਸਨ।

"ਤੁਸੀਂ ਮਹਾਂਪੁਰਸ਼ੋ, ਇਹ ਸੇਵਾ ਦਿਉ ਬੰਗਲਾ ਦੇਸ਼ ਜੇਤੂ ਜਰਨਲ ਸੁਬੇਗ ਸਿੰਘ ਨੂੰ।" ਕਰਨਲ ਨੇ ਠੀਕ ਨਿਸ਼ਾਨਾ ਦੇ ਮਾਰਿਆ।

"ਹਾਂਅ ਬਈ, ਯਾਦ ਆਇਆ।" ਸੰਤ ਦੀਆਂ ਕਾਲੀਆਂ ਅੱਖਾਂ ਵਿਚ ਇਕਦਮ ਚਮਕ ਆ ਗਈ। ਉਨ੍ਹਾਂ ਦਾ ਗੁੱਸੇ ਤੇ ਚਿੰਤਾ ਦੇ ਮਿਲਗੋਭੇ ਵਿਚ ਚਿਹਰਾ ਖਿੜ ਪਿਆ। "ਜੇ ਉਹ ਨਾ ਮੰਨਿਆ, ਤੈਨੂੰ ਜ਼ੋਰ ਲਾਉਣਾ ਪਊ। ਇਹ ਸਿਰ ਤਲੀ 'ਤੇ ਧਰਨ ਵਾਲੀ ਗੱਲ ਐ।"

"ਜ਼ਰੂਰ ਮੰਨ ਜਾਵੇਗਾ। ਉਸ ਨੂੰ ਕੇਂਦਰ ਸਰਕਾਰ 'ਤੇ ਸੱਜਰਾ ਗੁੱਸਾ ਏ। ਹਾਈ ਕਮਾਂਡ ਨੇ ਇੰਦਰਾ ਕੋਲ ਸ਼ਿਕਾਇਤਾਂ ਕਰਕੇ ਉਸ ਨੂੰ ਫ਼ੌਜ ਵਿਚੋਂ ਕੱਢਵਾ ਦਿੱਤਾ ਏ।"

"ਬੰਗਲਾ ਦੇਸ਼ ਦੇ ਜੇਤੂ ਜਰਨੈਲ ਨੂੰ ਤਾਂ ਮਾਨ ਸਨਮਾਨ ਦੇਣਾ ਚਾਹੀਦਾ ਸੀ। ਅਜਿਹਾ ਕਿਉਂ ਕੀਤਾ?" ਉਹ ਥੋੜ੍ਹੇ ਹੈਰਾਨ ਹੋ ਗਏ।

"ਉਸ ਕਿਸੇ ਵੱਡੇ ਅਫ਼ਸਰ ਨੂੰ ਘਰ ਦਾਅਵਤ ਦੇ ਕੇ ਗ਼ਲਤੀ ਕਰ ਮਾਰੀ। ਉਸ ਜਨਰਲ ਅਫ਼ਸਰ ਨੇ ਜਦੋਂ ਸੁਬੇਗ ਸਿੰਘ ਦੇ ਘਰ ਈਰਾਨੀ ਗ਼ਲੀਚੇ ਤੇ ਹੋਰ ਕੀਮਤੀ ਸਾਮਾਨ ਵੇਖਿਆ, ਹੈਰਾਨ ਹੀ ਰਹਿ ਗਿਆ। ਉਸ ਸਮਝਿਆ, ਇਸ ਬੰਗਲਾ ਦੇਸ਼ ਦੀ ਜੰਗ ਵਿਚੋਂ ਭਾਰੀ ਲੁੱਟ ਕੀਤੀ ਹੈ। ਫੀਸਟ ਖਾਣ ਵਾਲੇ ਕੁੱਤੇ ਨੂੰ ਖੀਰ ਨਾ ਪਚੀ। ਉਸ ਹਾਈ ਕਮਾਂਡ ਵਿਚ ਸ਼ਿਕਾਇਤ ਰੱਖ ਦਿੱਤੀ। ਉਹ ਜਨਰਲ ਸੜਦੇ ਸਨ, ਬੰਗਲਾ ਦੇਸ਼ ਦੀ ਜਿੱਤ ਦਾ ਸਿਹਰਾ ਜਨਰਲ ਸੁਬੇਗ ਸਿੰਘ, ਜਨਰਲ ਸੰਤ ਸਿੰਘ ਅਰੋੜਾ ਸਾਹਿਬ ਨੂੰ ਕਿਉਂ ਮਿਲ ਗਿਆ। ਉਹ ਇਹ ਜਿੱਤ ਆਪ ਲੈਣਾ ਚਾਹੁੰਦੇ ਸਨ। ਇਨ੍ਹਾਂ ਕਾਰਨਾਂ ਸੁਬੇਗ ਸਿੰਘ ਦਾ ਮੱਕੂ ਬੰਨ੍ਹ ਦਿੱਤਾ।" ਕਰਨਲ ਨੇ ਸੁਬੇਗ ਸਿੰਘ ਦੀ ਕਹਾਣੀ ਮੋਟੇ ਤੌਰ 'ਤੇ ਕਹਿ ਦਿੱਤੀ।

"ਹੱਛਾ ਇਹ ਗੱਲ ਸੀ।" ਸੰਤ ਨੇ ਸਿਰ ਹਿਲਾਇਆ। "ਹੁਣ ਤੂੰ ਸਿੰਘਾ ਕਿਧਰੇ ਨਹੀਂ ਜਾਣਾ। ਅੱਜ ਰਾਤ ਸਾਡੇ ਕੋਲ ਟਿਕਣਾ ਹੈ। ਤੂੰ ਤਾਂ ਲਿੱਦ ਵਿਚੋਂ ਨਿਕਲਿਆ ਮਾਣਕ ਏਂ। ਸਾਡੀ ਚਿੱਠੀ ਤੂੰ ਹੀ ਸ੍ਰ. ਸੁਬੇਗ ਸਿੰਘ ਕੋਲ ਲੈ ਕੇ ਜਾਵੇਂਗਾ।" ਉਨ੍ਹਾਂ ਕਰਨਲ ਦਾ ਮੋਢਾ ਥਾਪੜਿਆ।

"ਜਿਵੇਂ ਮਹਾਂਪੁਰਸ਼ੋ ਹੁਕਮ ਕਰੋ।" ਕਰਨਲ ਨੇ ਹੱਥ ਜੋੜ ਕੇ ਸਿਰ ਝੁਕਾ ਦਿੱਤਾ।

"ਤੂੰ ਤਾਂ ਬਹੁਤ ਹੀ ਕੰਮ ਦਾ ਬੰਦਾ ਏਂ। ਅਸੀਂ ਤਾਂ ਫਾਲੇ ਕੁੱਟ ਜੱਟ ਆਂ। ਫ਼ੌਜੀ ਦਾਅ-ਪੇਚ ਕਦੋਂ ਸਿੱਖਦੇ।" ਉਨ੍ਹਾਂ ਭਾਈ ਹਰਮਿੰਦਰ ਸਿੰਘ ਸੰਧੂ ਨੂੰ ਇਸ਼ਾਰੇ ਨਾਲ ਕੋਲ ਸੱਦਿਆ। "ਬਈ ਇਸ ਸਿੰਘ ਨੂੰ ਸੰਧੂਆਂ ਲੈ ਜਾਓ ਤੇ ਪ੍ਰਸ਼ਾਦ ਪਾਣੀ ਦੀ ਪੂਰੀ ਸੇਵਾ ਕਰੋ।"

ਫ਼ੌਜੀ ਕਰਨਲ ਹਰਮਿੰਦਰ ਸੰਧੂ ਨਾਲ ਤੁਰ ਗਿਆ ਤੇ ਸੰਤ ਮੁੜ ਸੰਗਤ ਵਿਚ ਆ ਬੈਠੇ।

ਸਤਾਰਵਾਂ ਕਾਂਡ

ਛੋਟੀਆਂ ਮੋਟੀਆਂ ਘਟਨਾਵਾਂ ਅੰਮ੍ਰਿਤਸਰ ਵਿਚ ਵਾਪਰਦੀਆਂ ਹੀ ਰਹਿੰਦੀਆਂ ਸਨ। ਜਿਥੇ ਹਾਲਾਤ ਸਾਜ਼ਗਾਰ ਨਾ ਹੋਣ, ਉੱਥੇ ਸਮਾਜੀ ਦੁਰਘਟਨਾਵਾਂ ਨਾਲ ਘਰੇਗੀ ਕਲੇਸ਼ ਵੀ ਵਧ ਜਾਂਦਾ ਹੈ। ਇੱਕ ਦਿਨ ਦੁਪਹਿਰੇ ਇੱਕ ਹਿੰਦੂ ਜਵਾਨ ਕੁੜੀ ਹਰਫਲੀ ਤੇ ਭੱਜੀ ਭੱਜੀ ਆਉਂਦੀ ਸੰਤ ਜਰਨੈਲ ਸਿੰਘ ਦੇ ਚਰਨਾਂ ਵਿਚ ਆ ਡਿੱਗੀ। ਉਹ ਸਾਰੀ ਡਰ ਕਾਰਨ ਕੰਬੀ ਜਾ ਰਹੀ ਸੀ।

"ਬੇਟਾ ਉੱਠ? ਕੀ ਗੱਲ ਐ, ਤੂੰ ਰੋ ਕਿਉਂ ਰਹੀ ਏਂ?" ਸੰਤਾਂ ਕੁੜੀ ਨੂੰ ਸਾਵਧਾਨ ਕਰਨਾ ਚਾਹਿਆ।

"ਜੀਅ...ਤੁਹਾਡੇ ਚਰਨਾਂ ਵਿਚ ਆ ਡਿੱਗੀ ਆਂ। ਮਰਵਾ ਦਿਉ ਜਾਂ ਬਚਾ ਲਵੋ।" ਉਹਦੀਆਂ ਅੱਖਾਂ ਛੱਜੀਂ ਖਾਰੀ ਪਾਣੀ ਡੋਲ ਰਹੀਆਂ ਸਨ।

"ਬੇਟੀ ਸਾਨੂੰ ਉੱਠ ਕੇ ਗੱਲ ਦੱਸ, ਕਿਸੇ ਦਾ ਵੀ ਭੈਅ ਵਗਾਹ ਕੇ ਆਖ?"

"ਜੀ, ਮੈਨੂੰ ਮਾਰਨ ਲੱਗੇ ਸੀ।" ਸਹਿਮੀ ਹੋਈ ਕੁੜੀ ਮਸਾਂ ਐਨਾ ਹੀ ਕਹਿ ਸਕੀ।

"ਕੌਣ ਮਾਰਨ ਲੱਗਾ ਸੀ, ਪਤਾ ਵੀ ਲੱਗੇ ਪੁੱਤਰਾ?"

"ਜੀ ਮਹਾਰਾਜ, ਮੇਰੀ ਸੱਸ ਤੇ ਘਰ ਵਾਲਾ।"

"ਕੌਣ ਘਰ ਵਾਲਾ, ਕੀ ਨਾਂ ਏ, ਉਸ ਦਾ? ਪਹਿਲੋਂ ਇਸ ਵਿਚਾਰੀ ਨੂੰ ਪਾਣੀ ਪਿਆਓ?"

ਇੱਕ ਸੇਵਾਦਾਰ ਝੱਟ ਪਾਣੀ ਦਾ ਗਲਾਸ ਲੈ ਆਇਆ। ਕੁੜੀ ਨੇ ਪਾਣੀ ਪੀ ਕੇ ਸੁਰਤ ਫੜੀ।

"ਤੂੰ ਬੇਟਾ ਡਰ ਲਾਹ ਛੱਡ। ਏਥੇ ਤੇਰੀ ਜਾਨ ਨੂੰ ਕੋਈ ਖ਼ਤਰਾ ਨਹੀਂ; ਇਹ ਗੁਰੂ ਘਰ ਐ। ਕੀ ਨਾਂ ਥਾਂ ਏ ਤੇਰੇ ਘਰ ਵਾਲੇ ਦਾ? ਕਿਉਂ ਮਾਰਨ ਲੱਗੇ ਸੀ?" ਸੰਤਾਂ ਉਸ ਦੇ ਸਿਰ 'ਤੇ ਦਿਲਾਸੇ ਵਜੋਂ ਹੱਥ ਰੱਖ ਦਿੱਤਾ।

"ਜੀ ਦੋ ਸਾਲ ਹੋ ਗਏ ਮੈਨੂੰ ਵਿਆਹੀ ਨੂੰ। ਮੇਰਾ ਬਾਪ ਗ਼ਰੀਬ ਹੀ ਨਹੀਂ, ਸ਼ੂਗਰ ਰੋਗ ਕਾਰਨ ਉਸ ਦੀ ਇੱਕ ਲੱਤ ਵੀ ਕੱਟੀ ਗਈ ਐ। ਹੁਣ ਇਹ ਸਕੂਟਰ ਮੰਗਦੇ ਐ। ਮੇਰਾ ਬਾਪ ਦਵਾਈ ਖਾਣੋਂ ਵੀ ਆਜ਼ੀ ਐ। ਉਹ ਸਕੂਟਰ ਕਿਥੋਂ ਲੈ ਕੇ ਦੇਵੇ, ਅੱਜ ਮਾਂ ਪੁੱਤ ਨੇ ਸਲਾਹ ਕਰਕੇ ਮੈਨੂੰ ਸਾੜਨ ਦੀ ਵਿਉਂਤ ਬਣਾ ਲਈ। ਤੇਲ ਦੀ ਪੀਪੀ ਮੈਂ ਸੱਸ ਦੇ ਕਮਰੇ ਵਿਚ ਵੇਖ ਲਈ ਸੀ। ਮੈਂ ਮਾਂ ਪੁੱਤ ਦੇ ਤੌਰ ਬਦਲੇ ਵੀ ਜਾਚ ਲਏ ਸਨ। ਮੇਰੇ ਮਾਲਕ ਨੇ ਮੈਨੂੰ ਜੱਫੀ ਪਾ ਲਈ। ਸੱਸ ਨੇ ਤੇਲ ਵਾਲੀ ਪੀਪੀ ਚੁੱਕ ਲਿਆਂਦੀ। ਤੇਲ ਪਾਉਣ ਤੋਂ ਪਹਿਲਾਂ ਮੈਂ ਆਪਣੇ ਪਤੀ ਦੇ ਹੱਥਾਂ 'ਤੇ ਦੰਦੀਆਂ ਵੱਢ ਕੇ ਆਪਣਾ ਆਪ ਛੁਡਾ ਲਿਆ। ਪੁੱਛਦੀ ਪੁੱਛਦੀ ਤੁਹਾਡੇ ਚਰਨਾਂ ਵਿਚ ਆ ਡਿੱਗੀ ਆਂ। ਮਰਵਾ ਦਿਉ ਚਾਹੇ ਬਚਾ ਲਵੋ। ਮੇਰਾ ਕੋਈ ਨਹੀਂ ਮਹਾਰਾਜ।

ਉਹ ਮਾਂ ਪੁੱਤ ਮੈਨੂੰ ਜ਼ਰੂਰ ਸਾੜ ਕੇ ਮਾਰ ਦੇਣਗੇ। ਮੇਰਾ ਬਿਮਾਰ ਬਾਪ ਕੁਝ ਕਰਨ ਜੋਗਾ ਨਹੀਂ।" ਕੁੜੀ ਨੇ ਮੁੜ ਸੰਤਾਂ ਦੇ ਚਰਨਾਂ ਵਿਚ ਮੱਥਾ ਟੇਕ ਦਿੱਤਾ।

"ਨਾ ਬੀਬਾ ਇਉਂ ਨਹੀਂ ਕਰੀਦਾ। ਤੇਰੇ ਪਤੀ ਦਾ ਕੀ ਨਾਂ ਏ?"

"ਜੀ ਰਮੇਸ਼ ਕੁਮਾਰ ਐ, ਕਰਮੋ ਡਿਉਢੀ ਮਨਿਆਰੀ ਦੀ ਛੋਟੀ ਜਿਹੀ ਦੁਕਾਨ ਏ।"

"ਤੂੰ ਬੇਟਾ ਔਥੇ ਕੰਧ ਨਾਲ ਢੋ ਲਾ ਕੇ ਬਹਿ ਜਾ। ਹੁਣੇ ਬੁਲਾਉਂਦੇ ਆਂ ਰਮੇਸ਼ ਨੂੰ। ਤੂੰ ਸਾਡੀ ਧੀ ਏਂ, ਤੇਰੀ ਹਰ ਤਰ੍ਹਾਂ ਰੱਖਿਆ ਕਰਾਂਗੇ।" ਸੰਤਾਂ ਕੁੜੀ ਨੂੰ ਦਿਲਾਸਾ ਦਿੱਤਾ। "ਤੂੰ ਘਬਰਾ ਨਾ।"

"ਜੀ ਮੇਰਾ ਕੋਈ ਨਹੀਂ, ਤੁਹਾਡਾ ਹੀ ਆਸਰਾ ਤੱਕ ਕੇ ਆਈ ਆਂ।"

ਸੰਤ ਜਰਨੈਲ ਸਿੰਘ ਨੇ ਦੋ ਨੌਜਵਾਨ ਸਿੰਘ ਰਮੇਸ਼ ਨੂੰ ਸੱਦਣ ਲਈ ਤੋਰ ਦਿੱਤੇ। ਉਨ੍ਹਾਂ ਕਰਮੋ ਡਿਉਢੀ ਨਾਂ ਪੁੱਛ ਕੇ ਰਮੇਸ਼ ਨੂੰ ਬਾਹੋਂ ਜਾ ਫੜਿਆ।

"ਦੁਕਾਨ ਬੰਦ ਕਰ, ਸੰਤਾਂ ਤੈਨੂੰ ਸ੍ਰੀ ਦਰਬਾਰ ਸਾਹਿਬ ਬੁਲਾਇਆ ਏ।" ਰਮੇਸ਼ ਨੇ ਉਡੇ ਮੂੰਹ ਦੋਵਾਂ ਸਿੰਘਾਂ ਵੱਲ ਵੇਖਿਆ। ਉਸ ਸੋਚਿਆ, ਨਾ ਜਾਵਾਂ, ਪਰ ਇਨ੍ਹਾਂ ਜਮਾਂ ਮੈਨੂੰ ਕਦੋਂ ਛੱਡਿਆ। ਰਮੇਸ਼ ਦੀ ਦੋਚਿੱਤੀ ਜਾਚ ਕੇ ਉਨ੍ਹਾਂ ਆਖਿਆ, "ਸਿੱਧੀ ਤਰ੍ਹਾਂ ਤੁਰਨਾ ਏ ਕਿ ਦੂਜੇ ਲੋਟ?"

ਉਸ ਦੁਕਾਨ ਦਾ ਸ਼ਟਰ ਸੁੱਟ ਕੇ ਜਿੰਦਰਾ ਮਾਰ ਦਿੱਤਾ ਅਤੇ ਸਿੰਘਾਂ ਦੇ ਨਾਲ ਤੁਰ ਪਿਆ। 'ਸੰਤ ਕਿਤੇ ਕੀ ਕਰ ਲੈਣਗੇ? ਉਹ ਕੁੱਤੀ ਜ਼ਰੂਰ ਸਾਧ ਕੋਲ ਫ਼ਰਿਆਦ ਲੈ ਕੇ ਗਈ ਐ। ਇਹ ਆਫ਼ਰੇ ਸਿੰਘ ਕੁੱਟ ਚਾੜ੍ਹਨ ਲੱਗੇ ਕਿਹੜਾ ਕਿਸੇ ਦੀ ਸੁਣਦੇ ਐ। ਪਰ ਉਹ ਮੇਰੀ ਜ਼ਨਾਨੀ ਐ, ਇਹ ਸਾਲੇ ਲੱਗਦੇ ਐ ਟੰਗ ਅੜਾਉਣ ਦੇ।' ਉਹ ਸਾਰੇ ਰਾਹ ਕੁੜਦਾ ਆਇਆ। ਲਾਗ ਦੀਆਂ ਦੁਕਾਨਾਂ ਵਾਲਿਆਂ ਉਸ ਦੀ ਮਾਂ ਨੂੰ ਖ਼ਬਰ ਜਾ ਕੀਤੀ: ਤੇਰੇ ਪੁੱਤ ਨੂੰ ਦੋ ਸਿੰਘ ਦਰਬਾਰ ਸਾਹਿਬ ਨੂੰ ਲੈ ਗਏ। ਉਹ ਵੀ ਬੂ-ਦੁਹਾਈ ਕਰਦੀ ਮਗਰ ਹੀ ਨੱਠ ਪਈ।

ਜਦੋਂ ਰਮੇਸ਼ ਲੰਗਰ ਦੀ ਛੱਤ 'ਤੇ ਸੰਤ ਦੇ ਪੇਸ਼ ਹੋਇਆ, ਉਹਦਾ ਮੂੰਹ ਇੱਕ ਭੈਅ ਕਾਰਨ ਉਡ ਗਿਆ। ਪਤਾ ਨਹੀਂ ਕੀ ਕਰਨਗੇ ਕਸਾਈ। ਉਹਦੀ ਘਰ ਵਾਲੀ ਵੀ ਕੰਧ ਦੀ ਢੋ ਛੱਡ ਕੇ ਕੋਲ ਆ ਗਈ।

"ਕਿਉਂ ਬਈ ਰਮੇਸ਼, ਇਹ ਕੁੜੀ ਤੇਰੀ ਕੀ ਲੱਗਦੀ ਐ?" ਸੰਤਾਂ ਨੇ ਨਰਮ ਸ਼ਬਦਾਂ ਵਿਚ ਸਟੀਲ ਵਰਗੀ ਸਖ਼ਤੀ ਵਰਤੀ।

"ਜੀ ਮੇਰੀ ਘਰ ਵਾਲੀ ਐ।" ਉਹਦੇ ਜੋੜੇ ਹੱਥ ਕੰਬ ਗਏ।

"ਘਰ ਵਾਲੀ ਕਰਕੇ ਅੱਜ ਇਹਨੂੰ ਸਾੜਨ ਲੱਗਾ ਸੀ?"

"ਨਾ ਜੀ ਮਾਪਿਓ.....ਮੈਂ ਕਿਉਂ ਸਾੜਾਂਗਾ। ਮੈਂ ਆਪਣਾ ਘਰ ਬਰਬਾਦ ਕਰਨਾ ਹੈ।" ਜਵਾਬ ਦੇਂਦਾ ਉਹ ਥਥਲਾ ਗਿਆ।

"ਇਹ ਝੂਠ ਨਹੀਂ ਬੋਲ ਸਕਦੀ ਸਾਡੇ ਕੋਲ। ਤੂੰ ਸਕੂਟਰ ਪਿੱਛੇ ਇਹਦਾ ਕਤਲ ਕਰਨ ਲੱਗਾ ਸੀ। ਤੈਨੂੰ ਤੇ ਤੇਰੀ ਮਾਂ ਨੂੰ ਕਾਨੂੰਨ ਦਾ ਡਰ ਨਹੀਂ ਸੀ?" ਸੰਤਾਂ ਦੇ ਬੋਲ ਕਰੜਾਈ ਫੜਦੇ ਗਏ। ਸੰਤ ਉਠ ਕੇ ਖਲੋ ਗਏ। ਪਾਣੀ ਬਣੇ ਰਮੇਸ਼ ਦੇ ਭਾਅ ਦੀ ਬਣ ਗਈ। ਏਥੋਂ ਭੱਜ ਜਾਵਾਂ। ਚੰਗਾ ਸੀ, ਮੈਂ ਆਉਂਦਾ ਈ ਨਾ, ਪਰ ਹੁਣ ਛੁਟਕਾਰਾ? ਝੂਠ ਬੋਲਿਆ, ਬਘਿਆੜ ਨੇ ਲੇਲਾ ਨਹੀਂ ਛੱਡਣਾ। ਭੱਜਾਂ? ਇਨ੍ਹਾਂ ਜਮ੍ਹਾਂ ਕਦੋਂ ਭੱਜਣ ਦਿੱਤਾ। ਇੱਲਾਂ ਵਾਂਗ ਤਾਂ ਦੁਆਲੇ ਘੇਰਾ ਘੱਤਿਆ ਏ। ਉਸ ਨੂੰ ਚੁੱਪ ਵੇਖ ਸੰਤ ਕੜਕ ਪਏ। "ਕਿਉਂ ਫੇਰ ਸਕੂਟਰ ਦੇਈਏ ਤੈਨੂੰ?"

"ਬਖ਼ਸ਼ ਲਉ ਮਹਾਰਾਜ!" ਉਹ ਸੰਤਾਂ ਅੱਗੇ ਲੰਮਾ ਪੈ ਗਿਆ। "ਤੁਸੀਂ ਮਹਾਤਮਾ, ਮਹਾਂਪੁਰਸ਼, ਇੱਕ ਭੁੱਲ ਤਾਂ ਸਾਰੇ ਮਾਫ਼ ਕਰ ਦੇਂਦੇ ਐ।" ਰਮੇਸ਼ ਨੇ ਆਪਾ ਅਸਲੋਂ ਢੇਰੀ ਕਰ ਦਿੱਤਾ।

"ਉੱਠ ਕੇ ਆਪ ਦੱਸ, ਤੂੰ ਮਾਫ਼ ਕਰਨ ਵਾਲਾ ਏਂ?" ਸੰਤਾਂ ਦੀਆਂ ਲਾਲ ਸੂਹੀਆਂ ਅੱਖਾਂ ਵੱਲ ਝਾਕਿਆ ਨਹੀਂ ਜਾ ਰਿਹਾ ਸੀ।

"ਮਹਾਰਾਜ, ਮੈਂ ਤੁਹਾਡੇ ਪੁੱਤਰਾਂ ਵਰਗਾ ਆਂ। ਇਸ ਵਾਰ ਬਖ਼ਸ਼ ਦਿਉ, ਮੁੜ ਸ਼ਿਕਾਇਤ ਆ ਜਾਵੇ, ਪੁੱਠਾ ਟੰਗ ਦੇਣਾ। ਮੈਂ ਭੁੱਲ ਗਿਆ।" ਉਸ ਆਪਣੇ ਦੋਵੇਂ ਕੰਨ ਫੜੇ ਹੋਏ ਸਨ।

"ਕੁੜੀ ਵਿਚ ਕੋਈ ਨੁਕਸ, ਚੁੱਕਦੀ, ਚੁਰਾਉਂਦੀ ਜਾਂ ਕਿਧਰੇ ਸੁੱਟਦੀ?"

"ਨਾ ਬਾਬਿਓ, ਇਹ ਨਿਰਾ ਸੋਨਾ।" ਉਸ ਘਰ ਵਾਲੀ ਵੱਲ ਧਿਆਨ ਮੋੜਿਆ, "ਮਧੂ ਮੈਨੂੰ ਨਰਕ ਨਾ ਝੱਲੇ ਜੇ ਤੈਨੂੰ ਅਲਫ਼ ਬੇ ਆਖਾਂ। ਏਥੋਂ ਬਖ਼ਸ਼ਵਾ ਲੈ।"

"ਗੱਲ ਸੁਣ ਓਏ ਰਮੇਸ਼ਿਆ! ਹੁਣ ਇਹ ਸਾਡੀ ਧੀ ਐ, ਗੁਰੂ ਘਰ ਆਈ ਐ।" ਸੰਤਾਂ ਮਧੂ ਦੇ ਸਿਰ 'ਤੇ ਆਪਣਾ ਹੱਥ ਰੱਖ ਦਿੱਤਾ। "ਕਰਨੀ ਤੇਰੇ ਨਾਲ ਬਹੁਤ ਬੁਰੀ ਸੀ, ਪਰ ਤੈਨੂੰ ਇਸ ਧੀ ਕਾਰਨ ਹੀ ਕੁਝ ਨਹੀਂ ਆਖਿਆ।"

"ਮੇਰੇ ਤਾਂ ਜੀ ਸਾਹ ਹੁਣੇ ਗਲ ਵਿਚ ਆਏ ਪਏ ਐ।" ਰਮੇਸ਼ ਡਰ ਤੋਂ ਮੁਕਤ ਨਹੀਂ ਹੋਇਆ ਸੀ। ਕਮਰੀ ਮਾਰੇ ਊਠ ਵਾਂਗ ਕੰਬੀ ਜਾ ਰਿਹਾ ਸੀ।

ਓਦੋਂ ਹੀ ਰਮੇਸ਼ ਦੀ ਮਾਂ ਸੰਤਾਂ ਦੇ ਚਰਨਾਂ ਵਿਚ ਆ ਢੇਰੀ ਹੋਈ।

"ਬਖ਼ਸ਼ੋ ਮਹਾਰਾਜ! ਮਹਾਂਪੁਰਸ਼ੋ! ਤੁਹਾਡੇ ਚਰਣਾਂ ਦੀ ਧੂੜ ਆਂ।"

"ਇਹ ਮੇਰੀ ਸੱਸ ਐ ਮਹਾਪੁਰਸ਼ੋ!" ਮਧੂ ਨੇ ਹੱਥ ਕਰਕੇ ਦੱਸਿਆ।

"ਮਾਈ ਜੀ, ਉੱਠ ਕੇ ਖੜ੍ਹੀ ਹੋ ਤਾਂ?" ਸੱਸ ਵੀ ਥਰ ਥਰ ਕੰਬੀ ਜਾ ਰਹੀ ਸੀ। ਹੇ ਰਾਮ ਏਥੋਂ ਬਚਾ ਕੇ ਘਰ ਲੈ ਚੱਲ ਇੱਕ ਵਾਰ। ਮੈਂ ਗੁਰੂ ਘਰ ਦੇਗ ਦਿਆਂਗੀ। "ਮਾਈ, ਦੱਸ ਰਮੇਸ਼ ਚਾਹੀਦਾ ਏ ਕਿ ਮਧੂ?"

"ਜੀ, ਮੈਨੂੰ ਦੋਵੇਂ ਚਾਹੀਦੇ ਐ। ਬਸ ਸਾਨੂੰ ਬਖ਼ਸ਼ ਲਵੋ, ਤੁਸੀਂ ਬਖ਼ਸ਼ਣਹਾਰ ਹੋ।" ਸੱਸ ਤਰਲੇ ਲੈ ਰਹੀ ਸੀ, ਕਿਵੇਂ ਨਾ ਕਿਵੇਂ ਛੁਟਕਾਰਾ ਮਿਲ ਜਾਵੇ।

"ਜੇ ਮਾਈ ਮਧੂ ਦਾ ਬਿਮਾਰ ਬਾਪ ਗ਼ਰੀਬ ਐ, ਕੁਝ ਦੇਣ ਜੋਗਾ ਨਹੀਂ, ਇਸ ਵਿਚ ਮਧੂ ਦਾ ਕੀ ਕਸੂਰ ਐ?" ਸੰਤ ਨਰਮੀ 'ਤੇ ਆ ਗਏ।

"ਨਾ ਜੀ, ਸਾਨੂੰ ਕੁਝ ਨਹੀਂ ਚਾਹੀਦਾ, ਮਿੱਟੀ ਪਾਉ ਲੈਣ ਦੇਣ 'ਤੇ।" ਸੱਸ ਚੁਸਤੀ ਵਰਤ ਕੇ ਪੁੱਤਰ ਦੀ ਰਿਹਾਈ ਚਾਹੁੰਦੀ ਸੀ।

ਰਮੇਸ਼ ਨੇ ਹੱਥ ਜੋੜੇ ਹੋਏ ਸਨ, ਉਹ ਕਿਸੇ ਵੀ ਕੀਮਤ 'ਤੇ ਛੁਟਕਾਰਾ ਭਾਲਦਾ ਸੀ।

"ਮਾਪਿਓ! ਮੈਂ ਆਪ ਦੀ ਆਗਿਆ ਦਾ ਪਾਲਣ ਕਰਾਂਗਾ, ਬੰਦਾ ਬਣ ਕੇ ਰਹਾਂਗਾ।"

"ਸਕੂਟਰ ਕਿਹੜੀ ਗੱਲ ਐ, ਅਸੀਂ ਤੈਨੂੰ ਲੈ ਦਿੰਦੇ ਆਂ, ਪਰ ਸਾਡੀ ਧੀ ਨੂੰ ਓਏ ਨਹੀਂ ਕਹੇਂਗਾ?"

"ਨਾ ਮਹਾਂਪੁਰਸ਼ੋ ਕਦੇ ਵੀ ਨਾ। ਸਕੂਟਰ ਦਾ ਹੁਣ ਨਾਂ ਨਾ ਲਵੋ। ਏਥੋਂ ਛੁਟਕਾਰਾ ਦਿਉ, ਮੁੜ ਜ਼ਿੰਦਗੀ ਭਰ ਨਾ ਗ਼ਲਤੀ ਹੋਊ। ਤੁਹਾਡੇ ਸਾਹਮਣੇ ਕੰਨ ਫੜਦਾ ਆਂ।" ਰਮੇਸ਼ ਦਿਲੋਂ ਖ਼ਿਮਾ ਚਾਹੁੰਦਾ ਸੀ।

ਸੰਤਾਂ ਨੇ ਮਧੂ ਨੂੰ ਪਿਆਰ ਨਾਲ ਆਖਿਆ,

"ਬੇਟਾ ਨਾਲ ਜਾਹ?"

"ਜੀ ਮੈਨੂੰ ਡਰ ਲੱਗਦਾ ਏ।"

"ਬਿਨਾਂ ਡਰ ਭੈਅ ਜਾਹ। ਗੁਰੂ 'ਤੇ ਭਰੋਸਾ ਕਰ। ਰਮੇਸ਼ ਦੇ ਵਚਨਾਂ 'ਤੇ ਸਾਨੂੰ ਇਤਬਾਰ ਆ ਗਿਆ ਹੈ। ਕਿਸੇ ਵੀ ਔਖ ਵਿਚ ਤੂੰ ਮੇਰੀ ਧੀ ਏਂ।"

"ਤੁਸੀਂ ਹੀ ਮੇਰੇ ਮਾਪੇ ਹੋ, ਰਖਵਾਲੇ ਹੋ। ਜਿਥੇ ਭੇਜੋਗੇ, ਜਾਵਾਂਗੀ। ਊਂ ਮੈਨੂੰ ਇਨ੍ਹਾਂ ਦਾ ਵਿਸਾਹ ਕੋਈ ਨਹੀਂ। ਮੈਂ ਤਾਂ ਮਸਾਂ ਜਾਨ ਬਚਾ ਕੇ ਆਈ ਸੀ।" ਕੁੜੀ ਸੰਤਾਂ ਦੇ ਤਸੱਲੀ ਦੇਣ 'ਤੇ ਵੀ ਧੀਰਜ ਨਹੀਂ ਧਰ ਰਹੀ ਸੀ।

"ਅਸੀਂ ਏਥੇ ਈ ਆਂ, ਗੁਰੂ ਤੇਰਾ ਰਖਵਾਲਾ। ਸਾਨੂੰ ਹੁਣ ਯਕੀਨ ਐ, ਰਮੇਸ਼ ਕੁਝ ਵੀ ਗ਼ਲਤ ਨਹੀਂ ਸੋਚੇਗਾ ਤੇ ਕਰੇਗਾ।"

"ਮਧੂ! ਮੈਂ ਮਹਾਂਪੁਰਸ਼ਾਂ ਤੇ ਗੁਰੂ ਦੇ ਅਸਥਾਨ 'ਤੇ ਵਚਨ ਦੇਂਦਾ ਆਂ, ਤੈਨੂੰ ਸੁਪਨੇ ਵਿਚ ਵੀ ਦੁੱਖ ਨਹੀਂ ਦੇਵਾਂਗਾ। ਮੈਨੂੰ ਤੂੰ ਬਖ਼ਸ਼ ਕੇ ਘਰ ਨੂੰ ਲੈ ਚੱਲ।" ਉਹ ਆਪਣੀ ਘਰ ਵਾਲੀ ਅੱਗੇ ਝੁਕਿਆ ਹੋਇਆ ਸੀ।

"ਮਾਈ!" ਸੰਤਾਂ ਸੱਸ ਨੂੰ ਤੰਬੀਹ ਵਜੋਂ ਆਖਿਆ, "ਕਦੇ ਤੂੰ ਵੀ ਨੂੰਹ ਰਹੀ ਹੋਵੇਂਗੀ; ਉਸ ਵੇਲੇ ਨੂੰ ਯਾਦ ਕਰ। ਘਰ ਸੱਸਾਂ ਪੱਟਦੀਆਂ ਏ, ਨੂੰਹਾਂ ਨਹੀਂ। ਮੇਰਾ ਸੁਭਾਅ ਮਾੜਾ ਐ; ਜੇ ਮਧੂ ਨੂੰ ਕੁਝ ਵੀ ਹੋ ਗਿਆ, ਸਮਝ ਲੈ ਮਾਂ-ਪੁੱਤ ਵਾਹੇ ਬੀਜੇ ਨਹੀਂ ਥਿਆਵੋਗੇ।"

"ਮਹਾਰਾਜ ਮਿਹਰ ਕਰੋ! ਮੈਂ ਮਧੂ ਨੂੰ ਧੀ ਬਣਾ ਕੇ ਰੱਖਾਂਗੀ।"

"ਜੇ ਸੱਸ ਨੂੰਹ ਨੂੰ ਧੀ ਬਣਾ ਕੇ ਰੱਖੇ, ਕੋਈ ਪੁਆੜਾ ਨਾ ਪਵੇ। ਚੰਗਾ ਛੁੱਟੀ ਕਰੋ?"

ਉਹ ਤਿੰਨੇ ਮੁੜ ਸੰਤਾਂ ਦੇ ਪੈਰੀਂ ਪੈਣ ਲੱਗੇ ਸਨ। ਸੰਤ ਆਪ ਪਿਛਾਂਹ ਹਟ ਗਏ।

"ਨਾ ਬਈ ਰਮੇਸ਼ ਮਨਮਤ ਨਾ ਕਰੋ। ਫ਼ਤਹਿ ਬੁਲਾਓ; ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।" ਉਨ੍ਹਾਂ ਜਾਂਦਿਆਂ ਨੂੰ ਮੁੜ ਚਿਤਾਵਨੀ ਦਿੱਤੀ। "ਰਮੇਸ਼ ਯਾਦ ਰਹੇ, ਮਧੂ ਹੁਣ ਸਾਡੀ ਧੀ ਹੈ।"

"ਮਹਾਂਪੁਰਸ਼ੋ, ਵਾਲ ਜਿੰਨਾ ਉਲਾਂਭਾ ਨਹੀਂ ਆਵੇਗਾ।"

"ਗੁਰੂ ਕ੍ਰਿਪਾ ਨਾਲ ਸਦਾ ਸੁਖੀ ਵਸੋ।" ਸੰਤਾਂ ਉਨ੍ਹਾਂ ਜਾਂਦਿਆਂ ਨੂੰ ਆਪਣੀ ਵਲੋਂ ਆਸ਼ੀਰਵਾਦ ਦਿੱਤਾ।

ਅਠਾਰਵਾਂ ਕਾਂਡ

ਸ੍ਰੀ ਦਰਬਾਰ ਸਾਹਿਬ ਕੇਂਦਰ ਸਰਕਾਰ ਨੂੰ ਬੁਰੀ ਤਰ੍ਹਾਂ ਚੁਭਣ ਲੱਗ ਪਿਆ। ਕੋਈ ਨਾ ਕੋਈ ਅੱਥਰੀ ਘਟਨਾ ਆਏ ਦਿਨ ਵਾਪਰੀ ਹੀ ਰਹਿੰਦੀ ਸੀ। ਸਰਕਾਰੀ ਰਿਪੋਰਟਾਂ ਅਤੇ ਡੈਪੂਟੇਸ਼ਨਾਂ ਇੰਦਰਾ ਨੂੰ ਵੱਖ ਉਪਰਾਮ ਕਰ ਮਾਰਿਆ ਸੀ। ਉਹ ਹਰ ਤਰ੍ਹਾਂ ਦੀ ਗੜਬੜੀ ਨੂੰ ਆਪਣੇ ਇਰਾਦੇ ਦੀ ਪੂਰਤੀ ਸਮਝਦੀ ਸੀ। ਸਿੱਖਾਂ ਨੂੰ ਅੱਤਵਾਦੀ ਗਰਦਾਨਣ ਲਈ ਉਸ ਆਪਣੀਆਂ ਸਾਰੀਆਂ ਅੰਬੈਸੀਆਂ ਨੂੰ ਸਤੱਰਕ ਕੀਤਾ ਹੋਇਆ ਸੀ। ਅੰਬੈਸੀਆਂ ਦੁਨੀਆਂ ਦੇ ਵੱਡੇ ਵੱਡੇ ਅਖ਼ਬਾਰਾਂ ਵਾਲਿਆਂ ਤੋਂ ਸਿੱਖਾਂ ਨੂੰ ਅੱਤਵਾਦੀ ਦੇ ਤੌਰ 'ਤੇ ਬਦਨਾਮ ਕਰਵਾਉਣਾ ਸ਼ੁਰੂ ਕਰ ਦਿੱਤਾ। ਏਧਰ ਧਰਮ-ਯੁੱਧ ਮੋਰਚਾ ਲਗਾਤਾਰ ਚੜ੍ਹਦੀ ਕਲਾ ਵਿਚ ਚੱਲੀ ਜਾ ਰਿਹਾ ਸੀ। ਸਰਕਾਰੀ ਕਰਮਚਾਰੀ ਸਫ਼ੈਦ ਕੱਪੜਿਆਂ ਵਿਚ ਸੂਹ ਲੈਣ ਲਈ ਦਿਨ-ਰਾਤ ਆਮ ਹੀ ਸ੍ਰੀ ਦਰਬਾਰ ਸਾਹਿਬ ਤੇ ਆਲੇ-ਦੁਆਲੇ ਫਿਰ ਰਹੇ ਸਨ। ਪੰਜਾਬ ਸਰਕਾਰ, ਗਵਰਨਰ ਤੇ ਕੇਂਦਰ ਨੂੰ ਝਟ ਝਟ ਦੀਆਂ ਸੂਚਨਾਵਾਂ ਪੁੱਜ ਰਹੀਆਂ ਸਨ।

ਅੰਮ੍ਰਿਤਸਰ ਤੋਂ ਦਿੱਲੀ ਨੂੰ ਚੱਲੀ ਬੱਸ ਵਿਚੋਂ ਹਿੰਦੂਆਂ ਨੂੰ ਕੱਢ ਲਿਆ। ਸਵਾਰੀਆਂ ਬਣ ਕੇ ਚੜ੍ਹੇ, ਗੁੰਡਿਆਂ ਡਰਾਈਵਰ ਨੂੰ ਹਥਿਆਰ ਵਿਖਾ ਕੇ ਗੱਡੀ ਰੋਕ ਲਈ ਸੀ। ਸਾਰੀ ਬਸ ਸਕਤੇ ਵਿਚ ਆਈ ਹੋਈ ਸੀ। ਹਥਿਆਰਬੰਦਾਂ ਦੇ ਮੂੰਹ ਸਿਰ ਲਪੇਟੇ ਹੋਏ ਸਨ। ਉਨ੍ਹਾਂ ਛੇ ਹਿੰਦੂਆਂ ਨੂੰ ਥਾਏਂ ਗੋਲੀ ਮਾਰ ਦਿੱਤੀ। ਨਿਰਦੋਸ਼ ਹਿੰਦੂਆਂ ਨੂੰ ਮਾਰਨਾ ਸਿੱਖਾਂ ਸਿਰ ਥੱਪਿਆ ਗਿਆ। ਸਾਰਾ ਪੰਜਾਬ ਤ੍ਰਾਹ-ਤ੍ਰਾਹ ਕਰ ਉੱਠਿਆ। ਅਖ਼ਬਾਰਾਂ ਦੇ ਮੁੱਖ ਪੰਨਿਆਂ ਦੀਆਂ ਸੁਰਖੀਆਂ ਸਮਝੋ ਲਹੂ ਲਿੱਬੜੀਆਂ ਹੋਈਆਂ ਸਨ। ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਨੇ ਪੱਤਰਕਾਰਾਂ ਨੂੰ ਸੱਦ ਕੇ ਬਿਆਨ ਦਿੱਤਾ:

"ਸਿੱਖ ਇਹ ਕਾਰਾ ਕਦੇ ਨਹੀਂ ਕਰ ਸਕਦੇ। ਮੋਰਚਾ ਫੇਲ੍ਹ ਕਰਨ ਲਈ ਇਹ ਸਰਕਾਰ ਦੇ ਸੋਚੇ ਸਮਝੇ ਹੱਥ-ਕੰਡੇ ਐ। ਸਿੱਖ ਹਿੰਦੂਆਂ ਦੇ ਰਖਵਾਲੇ ਰਹੇ ਹਨ। ਉਨ੍ਹਾਂ ਨਾਲ ਸਾਡੀਆਂ ਭਾਈਚਾਰਕ ਤੇ ਸੱਭਿਆਚਾਰਕ ਸਾਂਝਾਂ ਹਨ। ਦੋ ਭਰਾ ਆਮ ਈ, ਇੱਕ ਸਿੱਖ, ਦੂਜਾ ਹਿੰਦੂ ਹਨ। ਸਾਨੂੰ ਬਦਨਾਮ ਕਰਨ ਲਈ ਇਹ ਕਾਰਾ ਕੀਤਾ ਗਿਆ ਹੈ। ਅਸੀਂ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਦਿਲੀ ਦੁੱਖ ਪ੍ਰਗਟ ਕਰਦੇ ਆਂ। ਪੰਥ ਤੇ ਪੰਜਾਬ ਦੇ ਦੋਖੀ ਅਜਿਹੇ ਹੋਰ ਭੈੜੇ ਕਾਰੇ ਵੀ ਕਰ ਸਕਦੇ ਹਨ। ਹਿੰਦੂਆਂ ਦੇ ਪਵਿੱਤਰ ਮੰਦਰਾਂ ਦਾ ਅਸੀਂ ਭਰਪੂਰ ਸਤਿਕਾਰ ਕਰਦੇ ਹਾਂ। ਮੰਦਰਾਂ ਦੀ ਪਵਿੱਤਰਤਾ ਭੰਗ ਕਰਨ ਲਈ ਗਊ ਪੂਛ ਅਥਵਾ ਸਿੰਗ ਆਦਿ ਮੁੱਲ ਖਰੀਦੇ ਹੀ ਸੁੱਟ ਸਕਦੇ ਹਨ। ਇਹ ਹਿੰਦੂ ਸਿੱਖ ਵਿਚ ਪਾੜਾ ਪਾਉਣ ਦੀਆਂ ਚਾਲਾਂ ਹਨ। ਅਸੀਂ ਲੋਕਾਂ ਨੂੰ ਵਿਸ਼ਵਾਸ ਦਿਵਾਉਂਦੇ ਆਂ, ਹਿੰਦੂ ਸਾਡੀ ਸੱਜੀ ਬਾਂਹ ਭਰਾ ਹਨ। ਧਰਮ-ਯੁੱਧ ਮੋਰਚਾ ਸ਼ਾਂਤੀ ਸੰਪੰਨ ਅਤੇ ਹੱਕ ਸੱਚ ਦੇ ਆਧਾਰ ਤੇ ਲੋਕਾਂ ਦੇ ਹਿੱਤਾਂ ਲਈ ਲੜਿਆ ਜਾ ਰਿਹਾ ਹੈ।"

"ਤੁਹਾਡੇ ਖਿਆਲ ਵਿਚ ਕਾਤਲ ਕੌਣ ਹੋ ਸਕਦੇ ਹਨ?" ਇੱਕ ਪੱਤਰਕਾਰ ਨੇ ਸਵਾਲ ਪੁੱਛਿਆ।

"ਜ਼ਰਾ ਸੋਚੋ, ਹਿੰਦੂ-ਸਿੱਖ ਵਿਚ ਪਾੜਾ ਪਾਉਣ ਦਾ ਲਾਭ ਕੀਹਨੂੰ ਹੋ ਸਕਦਾ ਏ? ਯਕੀਨਨ ਬੇਗੁਨਾਹਾਂ, ਉਹ ਵੀ ਹਿੰਦੂ ਭਰਾਵਾਂ ਦੇ ਕਤਲਾਂ, ਮੋਰਚੇ ਨੂੰ ਵੱਡੀ ਸੱਟ ਮਾਰੀ ਹੈ, ਇਹ ਪੰਜਾਬ ਸਰਕਾਰ ਦਾ ਕਾਰਾ ਹੈ, ਕੇਂਦਰ ਦੀਆਂ ਨਜ਼ਰਾਂ ਵਿਚ ਚੜ੍ਹਨ ਲਈ।"

ਸੰਤ ਹਰਚੰਦ ਸਿੰਘ ਦਾ ਇਹ ਬਿਆਨ ਆ ਜਾਣ ਨਾਲ, ਕੁਝ ਲੋਕਾਂ ਉਲਟੀ ਦਿਸ਼ਾ ਵੱਲ ਸੋਚਣਾ ਸ਼ੁਰੂ ਕਰ ਦਿੱਤਾ। ਉਸ ਗੰਦਲੀ ਅਵਸਥਾ ਵਿਚ ਸਹੀ ਸੋਚ ਲੋਕਾਂ ਤੇ ਰਾਜਸੀ ਲੀਡਰਾਂ ਕੋਲੋਂ ਮੁੱਕ ਹੀ ਗਈ ਸੀ। ਕੌਣ ਸੱਚਾ ਹੈ, ਕੌਣ ਝੂਠਾ; ਲੋਕ ਫ਼ੈਸਲਾ ਹੀ ਨਹੀਂ ਕਰ ਸਕਦੇ ਸਨ। ਅਗਲੇ ਦਿਨ ਪੱਤਰਕਾਰਾਂ ਸੰਤ ਜਰਨੈਲ ਸਿੰਘ ਤੋਂ ਹਿੰਦੂ ਕਤਲਾਂ ਬਾਰੇ ਪੁੱਛਿਆ, ਉਨ੍ਹਾਂ ਜਵਾਬ ਦਿੱਤਾ:

"ਅਸੀਂ ਮੋਰਚਾ ਡਿਕਟੇਟਰ ਦੇ ਬਿਆਨ ਨਾਲ ਪੂਰੇ ਸਹਿਮਤ ਆਂ। ਗੁਰੂ ਦਾ ਸਿੱਖ ਇਹ ਕਾਰਾ ਕਦੇ ਨਹੀਂ ਕਰੇਗਾ। ਖਰੀਦੇ ਹੋਏ ਗੁੰਡਿਆਂ ਇਹ ਕਾਰਾ ਕੀਤਾ ਹੈ। ਸਾਨੂੰ ਭਾਰੀ ਦੁੱਖ ਐ, ਅਸੀਂ ਉਨ੍ਹਾਂ ਦੇ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦੇ ਆਂ।"

ਫ਼ਿਰਕੂ ਪੱਤਰਕਾਰਾਂ ਬਾਹਰ ਆ ਕੇ ਕਿਹਾ,

"ਇਹ ਮਗਰਮੱਛ ਦੇ ਹੰਝੂ ਹਨ।"

"ਪਰ ਇਨ੍ਹਾਂ ਨੂੰ ਛੇ ਹਿੰਦੂ ਮਾਰਨ ਦਾ ਕੀ ਲਾਭ?" ਇੱਕ ਹੋਰ ਪੱਤਰਕਾਰ ਨੇ ਮੋੜਵਾਂ ਸਵਾਲ ਕੀਤਾ।

"ਲਾਭ ਹੈ, ਹਿੰਦੂਆਂ ਨੂੰ ਡਰਾਉਣਾ ਤੇ ਪੰਜਾਬ ਵਿਚੋਂ ਭਜਾਉਣਾ।"

"ਬਿਲਕੁਲ ਗ਼ਲਤ ਸੋਚ।"

"ਆਪਣਾ ਆਪਣਾ ਖਿਆਲ ਐ।"

ਪੱਤਰਕਾਰਾਂ ਵਿਚ ਵੀ ਵਿਖਰੇਵਾਂ ਤੇ ਖਿਚਾਓ ਆ ਗਿਆ ਸੀ। ਸਰਕਾਰ ਤੇ ਲੋਕਾਂ ਦੀ ਲੜਾਈ ਵਿਚ ਅਖ਼ਬਾਰਾਂ ਵਾਲੇ ਵੀ ਸ਼ਾਮਲ ਹੋ ਚੁੱਕੇ ਸਨ। ਪੰਜਾਬ ਦੇ ਸਿਰ ਨੂੰ ਉਸ ਸਮੇਂ ਸਰਸਾਮ ਚੜ੍ਹਿਆ ਹੋਇਆ ਸੀ। ਸੰਤ ਜਰਨੈਲ ਸਿੰਘ ਦੇ ਹਥਿਆਰਬੰਦ ਸਿੰਘਾਂ ਤੋਂ ਸਾਰਾ ਅੰਮ੍ਰਿਤਸਰ ਡਰਿਆ, ਕੰਨ ਨਹੀਂ ਫੜਿੱਕਦਾ ਸੀ। ਅੱਖ ਚੁਰਾਣੀ ਖ਼ਾਮੋਸ਼ੀ ਨੇ ਮਸੋਸੀ ਵੱਟੀ ਹੋਈ ਸੀ। ਸਾਥੀ ਸਾਥੀ ਨੂੰ ਤੇ ਮਿੱਤਰ ਮਿੱਤਰ ਨੂੰ ਵੀ ਸਹੀ ਜਾਣਕਾਰੀ ਨਹੀਂ ਦੇ ਰਿਹਾ ਸੀ। ਅੰਮ੍ਰਿਤਸਰ ਤੇ ਬਾਕੀ ਪੰਜਾਬ ਦਾ ਹਿੰਦੂ ਬਿਲਕੁਲ ਨਹੀਂ ਸਮਝ ਰਿਹਾ ਸੀ, ਮੋਰਚਾ ਸਾਰੇ ਪੰਜਾਬ ਦੀ ਖ਼ੁਸ਼ਹਾਲੀ ਦੀ ਜ਼ਾਮਨੀ ਭਰਦਾ ਹੈ। ਮਿਸਟਰ ਜਿਨਾਹ ਦੇ ਆਖਣ ਅਨੁਸਾਰ ਸਿੱਖਾਂ ਕਾਂਗਰਸ ਨੂੰ ਹਿੰਦੂਆਂ ਦੀ ਜਮਾਤ ਸਮਝਣਾ ਸ਼ੁਰੂ ਕਰ ਦਿੱਤਾ। ਪੰਜਾਬ ਦੇ ਕਾਂਗਰਸੀ ਪੰਜਾਬ ਦੇ ਹਿੱਤਾਂ ਤੋਂ ਬੇਪ੍ਰਵਾਹ ਕੇਂਦਰੀ ਸਰਕਾਰ ਦੇ ਟੁੱਚੇ ਏਜੰਟ ਪੱਕੇ ਹੋ ਚੁੱਕੇ ਸਨ। ਅਕਾਲੀਆਂ ਦੀ ਮੋਟੀ ਸੋਚ ਅਨੁਸਾਰ ਹੁਣ ਤੱਕ ਦੇ ਵਰਤਾਰੇ ਤੋਂ ਕਾਂਗਰਸੀ ਪੰਜਾਬ ਦੇ ਹਿੱਤਾਂ ਦੇ ਗ਼ਦਾਰ ਬਣ ਚੁੱਕੇ ਸਨ। ਅਸਲ ਵਿਚ ਮਿਸਟਰ ਜਿਨਾਹ ਤੇ ਨਹਿਰੂ ਤਾਰੀਖ਼ੀ ਤੌਰ 'ਤੇ ਵੱਡੇ ਫ਼ਿਰਕਾਪ੍ਰਸਤ ਸਾਬਤ ਹੋ ਚੁੱਕੇ ਸਨ, ਜਿਨ੍ਹਾਂ ਦੇਸ਼ ਨੂੰ ਹਿੰਦੂ ਮੁਸਲਮਾਨ ਦੀ ਗਿਣਤੀ ਤੇ ਸੋਚਣੀ ਅਨੁਸਾਰ ਵੰਡਿਆ। ਇਹ ਵੰਡ ਹਿੰਦੂ ਮੁਸਲਮਾਨ ਤੋਂ ਤਿਲਕ ਕੇ ਹੁਣ ਸਿੱਖਾਂ-ਹਿੰਦੂਆਂ ਵਿਚ ਆ ਗਈ ਸੀ। ਇਹ ਫ਼ਿਰਕੂ ਪਾੜਾ ਸਿੱਖਾਂ ਨੂੰ ਹੋਰ ਝੰਜੋੜਾ ਦੇ ਗਿਆ ਜਦੋਂ ਨਹਿਰੂ ਕੀਤੇ ਵਾਅਦਿਆਂ ਤੋਂ ਇਹ ਕਹਿ ਕੇ ਮੁੱਕਰ ਗਿਆ ਕਿ "ਹੁਣ ਤਾਂ ਹਾਲਾਤ ਹੀ ਬਦਲ ਗਏ।" ਤਾਰੀਖ਼ੀ ਸੱਚ ਸਪੱਸ਼ਟ ਐ, ਨਹਿਰੂ ਨੇ ਮੌਲਾਨਾ ਆਜ਼ਾਦ ਤੇ ਗਾਂਧੀ ਦੇ ਵਿਰੋਧ ਦੇ ਬਾਵਜੂਦ ਪਾਕਿਸਤਾਨ ਮੰਨ ਲਿਆ

ਸੀ। ਨਹਿਰੂ ਜਿਨਾਹ ਨਾਲ ਬਰਾਬਰ ਦਾ ਫ਼ਿਰਕਾਪ੍ਰਸਤ ਸੀ ਅਤੇ ਦੇਸ਼ ਵੰਡ ਸਮੇਂ ਦਸ ਲੱਖ ਬੇਗੁਨਾਹਾਂ ਦੀ ਕਤਲੇਆਮ ਦੇ ਦੋਵੇਂ ਦੋਸ਼ੀ ਸਨ, ਪਰ ਤਾਕਤ ਵਿਚ ਆਈ ਰਾਣੀ ਨੂੰ ਕੌਣ ਆਖਦਾ, "ਰਾਣੀ, ਰਾਣੀ ਅੱਗਾ ਢੱਕ।" ਲੋਕਾਂ ਦਾ ਅੱਜ ਤੱਕ ਵਿਸ਼ਵਾਸ ਐ, ਮੁਲਕ ਦੀ ਵਾਗਡੋਰ ਹੁੰਦੀ ਸੁਭਾਸ਼ ਬਾਬੂ ਦੇ ਹੱਥ, ਲੋਕਾਂ ਦੇ ਸਾਹਮਣੇ ਫ਼ਿਰਕੂ ਕਾਤਲਾਂ ਨੂੰ ਗੋਲੀ ਮਾਰ ਦੇਂਦਾ। ਵੱਡੇ ਆਗੂਆਂ ਦੀਆਂ ਬੱਜਰ ਗ਼ਲਤੀਆਂ ਗ਼ਦਾਰੀਆਂ ਤੇ ਗੁਨਾਹਾਂ ਨੂੰ ਤਾਕਤ ਢਕ ਲੈਂਦੀ ਐ। ਦੇਸ਼ ਦੀ ਫ਼ਿਰਕੂ ਤੇ ਗ਼ਲਤ ਵੰਡ ਦਾ ਸਾਰਾ ਬੋਝ ਇਕੱਲੇ ਪੰਜਾਬ 'ਤੇ ਪਿਆ, ਕਿਉਂਕਿ ਅਕਾਲੀ ਦਲ ਤੋਂ ਬਿਨਾਂ ਕੇਂਦਰ ਦੀ ਧੱਕੇਸ਼ਾਹੀ ਅੱਗੇ ਕੋਈ ਨਹੀਂ ਅੜਦਾ ਸੀ। ਸੋ, ਹੁਣ ਕਾਂਗਰਸ ਨੇ ਅਖ਼ਬਾਰੀ ਪ੍ਰਾਪੇਗੰਡੇ ਰਾਹੀਂ ਬੱਸ ਦੇ ਹਿੰਦੂ ਕਤਲਾਂ ਨੂੰ ਅਕਾਲੀਆਂ ਸਿਰ ਪਾਉਣ ਦਾ ਯਤਨ ਕੀਤਾ ਹੋਇਆ ਸੀ। ਪਰ ਅਸਲੀਅਤ ਹੋਰ ਹੀ ਸੀ; ਜਿਸ ਕਾਰਨ ਸ੍ਰ. ਦਰਬਾਰਾ ਸਿੰਘ ਦੀ ਸਰਕਾਰ ਭੰਗ ਕਰਕੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ।

ਬਿਜਲੀ-ਪਾਣੀ ਕੇਂਦਰ ਦੇ ਖੋਹ ਲੈਣ ਨਾਲ ਪੰਜਾਬ 'ਤੇ ਆਰਥਕ ਬੋਝ ਪੈਂਦਾ ਗਿਆ। ਪਾਰਲੀਮੈਂਟ ਵਿਚ ਗਏ ਕਾਂਗਰਸੀ ਕੇਂਦਰ ਦੇ ਜ਼ਰ ਖ਼ਰੀਦ ਗੁਲਾਮਾਂ ਵਰਗੇ ਸਨ। ਉਹ ਕੋਈ ਵੱਡੀ ਸਨਅਤ ਪੰਜਾਬ ਵਿਚ ਨਾ ਲਿਆ ਸਕੇ; ਜਿਸ ਨਾਲ ਬੇਰੋਜ਼ਗਾਰ ਨੌਜਵਾਨਾਂ ਨੂੰ ਕੰਮ ਮਿਲ ਸਕਦਾ। ਫ਼ੌਜ ਵਿਚੋਂ ਸਿੱਖਾਂ ਦੀ ਗਿਣਤੀ ਜਗਜੀਵਨ ਰਾਮ ਨੇ ਡੀਫੈਂਸ ਮਨਿਸਟਰ ਬਣਦਿਆਂ ਹੀ ਡੇਢ ਫ਼ੀਸਦੀ 'ਤੇ ਲੈ ਆਂਦੀ। ਸਰਕਾਰ ਨੂੰ ਪੈਂਹਠ ਦੀ ਜੰਗ ਭੁੱਲ ਗਈ, ਜਿਹੜੀ ਸਿੱਖ ਫ਼ੌਜੀ ਅਫ਼ਸਰਾਂ ਤੱਕ ਨੇ ਛਾਤੀਆਂ ਨਾਲ ਬੰਬ ਬੰਨ੍ਹ-ਬੰਨ੍ਹ ਪੈਟਨ ਟੈਂਕ ਤੋੜੇ ਸਨ। ਸਰਕਾਰ ਨੂੰ ਭੁੱਲ ਗਈ ਬੰਗਲਾ ਦੇਸ਼ ਦੀ ਜੰਗ, ਜਿਸ ਨੂੰ ਆਜ਼ਾਦ ਕਰਵਾਇਆ ਤੇ ਸੁਬੇਗ ਸਿੰਘ ਵਰਗੇ ਸਿੱਖ ਜਰਨੈਲਾਂ ਤਰਾਨਵੇਂ ਹਜ਼ਾਰ ਪਾਕਿਸਤਾਨੀ ਕੈਦੀ ਬਣਾਏ ਸਨ। ਸਰਕਾਰ ਨੂੰ ਵਿਸਰ ਗਏ ਪਟਿਆਲਾ ਰਜਮੈਂਟ ਦੇ ਸੂਰਮੇ, ਜਿਨ੍ਹਾਂ ਪਹਿਲੀ ਸੱਟੇ ਸ੍ਰੀ ਨਗਰ ਦਾ ਹਵਾਈ ਅੱਡਾ ਨੱਪ ਕੇ ਕਸ਼ਮੀਰ ਹੱਥੋਂ ਜਾਂਦਾ ਬਚਾਇਆ। ਗੱਲ ਕੀ ਕੇਂਦਰ ਸਰਕਾਰ ਦੀਆਂ ਕੁਟਲ ਚਾਲਾਂ ਨਾਲ ਪੰਜਾਬ ਦਾ ਗੱਭਰੂ ਬੇਰੁਜ਼ਗਾਰ ਹੁੰਦਾ ਗਿਆ। ਵਿਹਲ ਤੇ ਆਵਾਰਗੀ ਨੇ ਉਸ ਨੂੰ ਨਸ਼ਿਆਂ ਨਾਲ ਜੋੜ ਦਿੱਤਾ। ਜ਼ਮੀਨ ਪੰਜਾਬ ਕੋਲ ਥੋੜ੍ਹੀ ਸੀ। ਪਾਕਿਸਤਾਨ ਦੀ ਕਾਟ ਨੇ ਬਹੁਤ ਜ਼ਮੀਨ ਖਾ ਲਈ ਸੀ। ਬਹੁਤ ਸਾਰੀਆਂ ਫ਼ੌਜੀ ਛਾਉਣੀਆਂ ਹੜੱਪ ਲਈਆਂ। ਬਹੁਤੇ ਲੋਕ ਥੋੜ੍ਹੀਆਂ ਜ਼ਮੀਨਾਂ ਮਹਿੰਗੇ ਭਾਅ ਵੇਚ ਕੇ ਯੂ. ਪੀ. ਤੇ ਰਾਜਸਥਾਨ ਚਲੇ ਗਏ। ਪੈਦਾਵਾਰ ਦੇ ਭਾਅ ਕੀਮਤ ਸੂਚਕ ਅੰਗ ਨਾਲ ਨਾ ਜੋੜ ਦੇਣ ਕਾਰਨ ਵਿਚਾਰਾ ਕਿਸਾਨ ਵਪਾਰੀਆਂ ਤੇ ਸਰਕਾਰ ਨੇ ਲੁੱਟ ਲਿਆ। ਖੇਤੀ ਘਾਟੇ ਵਾਲਾ ਧੰਦਾ ਹੋ ਕੇ ਰਹਿ ਗਿਆ। ਬੈਂਕਾਂ ਤੇ ਆੜ੍ਹਤੀਆਂ ਦੇ ਕਰਜ਼ੇ ਕਾਰਨ ਕਿਸਾਨ ਅਸਲੋਂ ਬੋਡਾ ਹੋ ਗਿਆ। ਮੰਦੇ ਹਾਲੀਂ ਪੰਜਾਬ ਦੇ ਸਰਹੱਦੀ ਲੋਕ ਸਮਗਲਿੰਗ ਵਿਚ ਪੈ ਗਏ। ਪੁਲੀਸ ਦੀ ਦਬਸ਼ ਤੋਂ ਡਰਦੇ ਉਹ ਦਰਬਾਰ ਸਾਹਿਬ ਆ ਲੁਕਦੇ। ਦੋਵੇਂ ਸੰਤ ਭੈੜੇ ਕੰਮਾਂ ਵਾਲਿਆਂ ਨੂੰ ਮੂੰਹ ਨਹੀਂ ਲਾਉਂਦੇ ਸਨ, ਪਰ ਉਨ੍ਹਾਂ ਦੇ ਸਮਗਲਿੰਗ ਕੀਤੇ ਹਥਿਆਰ ਸੰਤ ਜਰਨੈਲ ਸਿੰਘ ਨੂੰ ਸੁਖਾਂਦੇ ਸਨ।

ਇਨ੍ਹਾਂ ਹਥਿਆਰਾਂ ਕਾਰਨ ਹੀ ਪੰਜਾਬ ਨੂੰ ਕਾਂਬਾ ਚੜ੍ਹਨ ਵਾਲੀ ਇੱਕ ਅੱਤ ਭੈੜੀ ਘਟਨਾ ਵਾਪਰ ਗਈ। ਇੱਕ ਸਟੇਸ਼ਨ ਵੈਗਨ 'ਤੇ ਇੱਕ ਫੋਰ ਵੀਲ੍ਹਰ ਗੁਰੂ ਰਾਮਦਾਸ ਸਰਾਂ ਤੋਂ ਚੌਕ ਮਹਿਤਾ ਨੂੰ ਜਾ ਰਹੇ ਸਨ। ਉਨ੍ਹਾਂ ਨੂੰ ਅੱਗੋਂ-ਪਿੱਛੋਂ ਪੁਲੀਸ ਧਾੜ ਦਾ ਘੇਰਾ ਪੈ ਗਿਆ।

ਦੋਵਾਂ ਗੱਡੀਆਂ ਵਿਚ ਬੈਠੇ ਸਿੰਘਾਂ ਸੋਚਿਆ, ਹੁਣ ਕੀ ਕੀਤਾ ਜਾਵੇ। ਜੇ ਹੱਥ ਖੜ੍ਹੇ ਕਰਕੇ ਹਥਿਆਰ ਦੇਂਦੇ ਆਂ ਤਾਂ ਗ੍ਰਿਫ਼ਤਾਰੀ ਨਾਲ ਸੰਤਾਂ ਦੇ ਕ੍ਰੋਧ ਦੇ ਵੀ ਭਾਗੀ ਬਣਦੇ ਆਂ। ਚੌਕ ਮਹਿਤਾ ਘੇਰੇ ਤੋਂ ਦੂਰ ਪੈਂਦਾ ਸੀ। ਵਾਇਰਲੈੱਸ ਰਾਹੀਂ ਮੰਗਵਾਈ ਪੁਲੀਸ ਹੋਰ ਆ ਗਈ। ਉਨ੍ਹਾਂ ਅੰਮ੍ਰਿਤਸਰ ਨੂੰ ਮੁੜਨਾ ਮੁਨਾਸਿਬ ਸਮਝਿਆ। ਮੁੜਦੀਆਂ ਗੱਡੀਆਂ ਨੂੰ ਪੁਲੀਸ ਨੇ ਰੋਕਿਆ। ਜਦ ਨਾ ਰੁਕੀਆਂ, ਪੁਲੀਸ ਨੇ ਪਿੱਛੋਂ ਫਾਇਰ ਖੋਲ੍ਹ ਦਿੱਤਾ। ਦੋ ਸਿੰਘਾਂ ਨੂੰ ਗੋਲੀਆਂ ਲੱਗੀਆਂ। ਇੱਕ ਤਾਂ ਫੋਰ ਵੀਲ੍ਹਰ ਵਿਚ ਹੀ ਦਮ ਤੋੜ ਗਿਆ। ਸਿੰਘਾਂ ਵੀ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਪੁਲੀਸ ਦੇ ਵੀ ਦੋ ਜਵਾਨ ਮਾਰੇ ਗਏ। ਡਰਾਇਵਰਾਂ ਗੱਡੀਆਂ ਚਾਲੂ ਰੱਖੀਆਂ। ਅੱਗੋਂ-ਪਿੱਛੋਂ ਮੀਂਹਾਂ ਵਾਂਗ ਗੋਲੀ ਵਰ੍ਹ ਰਹੀ ਸੀ। ਸਿੰਘ ਵੀ ਅੱਗੇ-ਪਿੱਛੇ ਮੋੜਵਾਂ ਜਵਾਬ ਦੇ ਰਹੇ ਸਨ। ਨਵੀਂ ਆਈ ਪੁਲੀਸ ਨਫ਼ਰੀ ਅੱਗੇ ਬਹੁਤੀ ਸੀ। ਉਨ੍ਹਾਂ ਨੂੰ ਸੂਹ ਸੀ, ਗੱਡੀਆਂ ਵਿਚ ਹਥਿਆਰ ਮਹਿਤਾ ਚੌਕ ਜਾ ਰਹੇ ਹਨ। ਇੱਕ ਸਿੰਘ ਹੋਰ ਸ਼ਹੀਦ ਹੋ ਗਿਆ। ਵੱਡੀ ਬੱਚਤ ਇਹ ਰਹੀ ਗੱਡੀਆਂ ਦੇ ਟਾਇਰ ਪੰਕਚਰ ਨਹੀਂ ਹੋਏ। ਉਹ ਗੱਡੀਆਂ ਭਜਾ ਕੇ ਗੋਲੀ ਦੀ ਮਾਰ ਤੋਂ ਬਾਹਰ ਹੋ ਗਏ। ਦੋ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਅਤੇ ਤਿੰਨ ਹੋਰ ਜ਼ਖ਼ਮੀ ਸਿੰਘਾਂ ਨੂੰ ਗੱਡੀਆਂ ਗੁਰੂ ਰਾਮਦਾਸ ਸਰਾਂ ਅੱਗੇ ਲੈ ਆਈਆਂ।

ਸਾਰਾ ਹਾਲ ਜਾਣ ਕੇ ਸੰਤ ਜਰਨੈਲ ਸਿੰਘ ਬਹੁਤ ਘਬਰਾ ਗਏ। ਗੱਡੀਆਂ ਦੇ ਚੌਕ ਮਹਿਤਾ ਜਾਣ ਦਾ ਤਾਂ ਕਿਸੇ ਨੂੰ ਉੱਕਾ ਈ ਪਤਾ ਨਹੀਂ ਸੀ। ਪੁਲੀਸ ਕਿਵੇਂ ਜਾਣ ਗਈ। ਇਸ ਗੱਲ ਦੀ ਜਾਣਕਾਰੀ ਮੇਰੇ ਖ਼ਾਸ ਦੋ ਸ਼ਰਧਾਲੂਆਂ ਨੂੰ ਹੀ ਸੀ। ਉਨ੍ਹਾਂ ਵਿਚੋਂ ਇੱਕ ਗੱਡੀਆਂ ਨਾਲ ਸੀ। ਦੂਜਾ ਸੰਤਾਂ ਦਾ ਬਹੁਤ ਨਿੱਜ ਦਾ ਪਰਪੱਕ ਸੇਵਕ ਪੁਲੀਸ ਦਾ ਵੱਡਾ ਅਫ਼ਸਰ ਸੀ। ਅਫ਼ਸਰ ਸੰਤਾਂ ਦਾ ਅਨਿਨ ਭਗਤ ਸੀ। ਬਿਨਾਂ ਭੇਤ ਜ਼ਾਹਰ ਹੋਣ ਦੇ ਪੁਲੀਸ ਕਿਵੇਂ ਘੇਰਾ ਪਾ ਸਕਦੀ ਐ। ਸ਼ੱਕ ਮੁੜ-ਮੁੜ ਵੱਡੇ ਪੁਲੀਸ ਅਫ਼ਸਰ 'ਤੇ ਜਾਂਦਾ ਸੀ। ਹੋ ਨਾ ਹੋ, ਪੁਲੀਸ ਅਫ਼ਸਰ ਹੀ ਈਮਾਨ ਹਾਰ ਗਿਆ। ਸਾਡੇ ਸਿੰਘ ਨੁਕਸਾਨੇ ਗਏ। ਸੰਤਾਂ ਦਾ ਚੈਨ ਸਾਥੀਆਂ ਦੇ ਮਾਰੇ ਜਾਣ ਨਾਲ ਅਸਲੋਂ ਗਵਾਚ ਗਿਆ। ਉਹ ਆਪਣੇ ਸੇਵਕਾਂ ਨੂੰ ਦਿਲ ਦੇ ਟੁਕੜੇ ਹੀ ਸਮਝਦੇ ਸੀ। ਇਹ ਬੰਦਾ ਤਾਂ ਸਾਨੂੰ ਕਦੇ ਵੀ ਡੋਬ ਸਕਦਾ ਏ। ਘਰ ਦੇ ਭੇਤ ਨੇ ਰਾਵਣ ਮਾਰਿਆ। ਹੋ ਸਕਦਾ ਏ ਸਰਕਾਰ ਨੇ ਸਾਡੇ ਨਾਲ ਜੋੜਿਆ ਹੋਵੇ। ਉਨ੍ਹਾਂ ਆਪਣੇ ਸਿਦਕਵਾਨ ਸਾਥੀਆਂ ਨਾਲ ਸਲਾਹ ਕੀਤੀ ਕਿ ਕੀ ਕੀਤਾ ਜਾਵੇ? ਫ਼ੈਸਲਾ ਹੋਇਆ, ਘਰ ਦਾ ਭੇਤੀ ਸੋਧਿਆ ਜਾਣਾ ਚਾਹੀਦਾ ਹੈ। ਦੋ ਸਿੰਘਾਂ ਦੀ ਪਿਸਤੌਲ ਦੇ ਕੇ ਡਿਊਟੀ ਲਾ ਦਿੱਤੀ, ਪਰ ਸੰਤ ਹਾਲੇ ਵੀ ਡਾਵਾਂਡੋਲ ਸਨ।

ਡਿਊਟੀ ਵਜਾਉਣ ਵਾਲੇ ਮੁੰਡੇ ਅਜਿਹੇ ਕੰਮਾਂ ਲਈ ਜਜ਼ਬਾਤੀ ਹੀ ਨਹੀਂ, ਕਾਹਲੇ ਵੀ ਸਨ। ਉਨ੍ਹਾਂ ਪੁਲੀਸ ਅਫ਼ਸਰ ਨੂੰ ਮਾਰਨ ਦੀ ਬਹੁਤ ਹੀ ਮਾੜੀ ਥਾਂ ਚੁਣੀ। ਸੀਨੀਅਰ ਅਫ਼ਸਰ ਗੁਰੂ ਘਰ ਦਾ ਸ਼ਰਧਾਲੂ ਸੀ। ਨਿੱਤ ਸਵੇਰੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਆਪਣਾ ਦਫ਼ਤਰੀ ਕੰਮ ਸ਼ੁਰੂ ਕਰਦਾ ਸੀ। ਮਾਰਨ ਵਾਲਿਆਂ ਤਾਕ ਰੱਖੀ। ਇਸ਼ਾਰਾ ਦੇਣ ਵਾਲੇ ਦੋ ਸਿੰਘ ਟਿਕਾਣਿਆਂ 'ਤੇ ਖਲਾਰੇ ਹੋਏ ਸਨ। ਅਫ਼ਸਰ ਸ਼ਰਧਾ ਅਨੁਸਾਰ ਸਵੇਰੇ ਆਇਆ। ਕੜਾਹ-ਪ੍ਰਸ਼ਾਦ ਦੀ ਦੇਗ ਲੈ ਕੇ ਅੰਦਰ ਗਿਆ। ਦੇਗ ਸੇਵਾਦਾਰ ਸਿੰਘ ਨੂੰ ਫੜਾ ਕੇ ਪੂਰੀ ਸਨੇਹ ਸ਼ਰਧਾ ਨਾਲ ਮੱਥਾ ਟੇਕਿਆ। ਸੇਵਾਦਾਰ ਭਾਈ ਨੇ ਗੁਰੂ ਦੇ ਸੀਤ ਪ੍ਰਸ਼ਾਦ ਵਜੋਂ ਪੱਤੇ ਦੇ ਡੂੰਨੇ ਵਿਚ ਥੋੜ੍ਹੀ ਦੇਗ ਮੋੜ ਦਿੱਤੀ। ਉਸ ਥੋੜ੍ਹਾ ਸਮਾਂ ਮਨੋਹਰ ਕੀਰਤਨ ਸੁਣਿਆ। ਸੀਤ ਪ੍ਰਸ਼ਾਦ ਹੱਥ ਵਿਚ ਫੜੀ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਪਾਈ। ਡਿਊਢੀ ਤੋਂ ਗੁਰੂ ਨੂੰ

ਨਮਸਕਾਰ ਕੀਤੀ ਤੇ ਬਾਹਰ ਨੂੰ ਤੁਰ ਪਿਆ। ਥੰਮ ਨਾਲ ਖਲੋਤੇ ਭੇਤੀ ਨੇ ਮੋੜ ਵਾਲੇ ਨੂੰ ਇਸ਼ਾਰੇ ਵਜੋਂ ਦੁਪੱਟਾ ਹਿਲਾ ਦਿੱਤਾ। ਮੋੜ ਵਾਲੇ ਨੇ ਦਰਸ਼ਨੀ ਪੌੜੀਆਂ ਵਾਲੇ ਨੂੰ ਹਵਾ ਨਾਲ ਉਂਗਲ ਚੀਰੀ। ਚਿੱਟੇ ਕੱਪੜਿਆਂ ਵਿਚ ਪੁਲੀਸ ਅਧਿਕਾਰੀ ਦੇਗ ਫੜੀ ਪੌੜੀਆਂ ਚੜ੍ਹ ਪਿਆ। ਉਸ ਨੂੰ ਕਿਸੇ ਤਰ੍ਹਾਂ ਦਾ ਗੁਰੂ ਘਰ ਵਿਚ ਡਰ ਨਹੀਂ ਸੀ। ਜਦੋਂ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾ ਪੌੜੀਆਂ ਚੜ੍ਹ ਕੇ ਬਾਹਰ ਆਇਆ, ਦੜਾਦੜ ਪਿਸਤੌਲ ਦੇ ਫਾਇਰ ਹੋਏ ਤੇ ਉਹ ਥਾਏਂ ਪਾਸੇ ਪਰਨੇ ਡਿੱਗ ਪਿਆ। ਪਵਿੱਤਰ ਦੇਗ ਉਸ ਦੇ ਹੱਥੋਂ ਬੁੱਕੋ ਡੁੱਲ੍ਹ ਗਈ। ਮਾਰਨ ਵਾਲੇ ਝੱਟ ਸ੍ਰੀ ਦਰਬਾਰ ਸਾਹਿਬ ਉਤਰ ਗਏ। ਦੋ ਮਿੰਟ ਵਿਚ ਹੀ ਘਟਨਾ ਪੂਰੀ ਤਰ੍ਹਾਂ ਵਾਪਰ ਗਈ।

ਇਕ ਦਮ ਹਾਹਾਕਾਰ ਮਚ ਗਈ। ਕੋਲ ਖਲੋਤੇ ਲੋਕਾਂ ਦੀਆਂ ਜੀਭਾਂ ਠਾਕੀਆਂ ਗਈਆਂ, ਪਰ ਡੌਰ ਭੌਰ ਅੱਖਾਂ ਹੋਰ ਚੌੜੀਆਂ ਹੋ ਗਈਆਂ। ਲੋਕ ਤਿੰਨਾਂ ਪਾਸਿਆਂ ਨੂੰ ਭੱਜ ਤੁਰੇ। ਝੱਟ ਵਿਚ ਹੀ ਗੰਭੀਰ ਰੂਪ ਚੁੱਪ ਵਰਤ ਗਈ। ਜਦੋਂ ਸੰਤ ਜਰਨੈਲ ਸਿੰਘ ਨੂੰ ਪਤਾ ਲੱਗਿਆ, ਉਨ੍ਹਾਂ ਗਲਤ ਥਾਂ ਮਾਰਨ ਦਾ ਬਹੁਤ ਬੁਰਾ ਮਨਾਇਆ। ਉਹ ਚਾਹੁੰਦੇ ਸਨ, ਇਹ ਦੁਰਘਟਨਾ ਘੱਟੋ-ਘੱਟ ਦਰਬਾਰ ਸਾਹਿਬ ਵਿਚ ਨਾ ਵਰਤਾਈ ਜਾਂਦੀ। ਵੱਡੇ ਪੁਲੀਸ ਅਫ਼ਸਰ ਦਾ ਦਰਬਾਰ ਸਾਹਿਬ ਦੀ ਡਿਉਢੀ ਸਾਹਮਣੇ ਮਾਰਿਆ ਜਾਣਾ, ਸਾਰੇ ਅੰਮ੍ਰਿਤਸਰ ਨੂੰ ਸਹਿਮ ਨਾਲ ਭਾਰੀ ਸਦਮਾ ਦੇ ਗਿਆ। ਸੰਤਾਂ ਨਾਲ ਹਮਦਰਦੀ ਰੱਖਣ ਵਾਲੇ ਪੁਲੀਸ ਦੇ ਬੰਦੇ ਨਫ਼ਰਤ ਨਾਲ ਭਰ ਗਏ। ਇਹ ਨਫ਼ਰਤ ਤੇ ਸੋਗ ਅੰਮ੍ਰਿਤਸਰ ਤੋਂ ਚੰਡੀਗੜ੍ਹ ਹੁੰਦਾ ਦਿੱਲੀ ਦਰਬਾਰ ਤੱਕ ਪੁੱਜ ਗਿਆ।

ਪੰਜਾਬ ਦੀ ਬੇੜੀ ਪੂਰੀ ਤਰ੍ਹਾਂ ਘੁੰਮਣਘੇਰੀ ਵਿਚ ਫਸ ਗਈ।

ਸ੍ਰੀ ਦਰਬਾਰ ਸਾਹਿਬ ਦੇ ਬੂਹੇ ਅੱਗੇ ਇੱਕ ਵੱਡੇ ਸਿੱਖ ਪੁਲੀਸ ਅਫ਼ਸਰ ਦਾ ਕਤਲ ਸੁਣ ਕੇ ਇੰਦਰਾ ਮੁਸਕਰਾ ਪਈ। ਬੁਲਾਏ ਗਏ ਹੋਮ ਸੈਕਟਰੀ ਨੂੰ ਇੰਦਰਾ ਨੇ ਬਹਿ ਜਾਣ ਦਾ ਇਸ਼ਾਰਾ ਦਿੱਤਾ। ਉਸ ਕਹਿਣਾ ਸ਼ੁਰੂ ਕੀਤਾ:—

"ਜਨਾਬ, ਇਸ ਤਰ੍ਹਾਂ ਸੇ ਕਿਤਨੀ ਕੁ ਦੇਰ ਸਿੱਘਾਸ਼ਾਹੀ ਚਲੇਗੀ। ਇਤਲਾਹਾਤ ਮੁਤਾਬਕ ਪੰਜਾਬ ਦਾ ਕੋਈ ਹਾਲ ਨਹੀਂ। ਅੰਮ੍ਰਿਤਸਰ ਕਾ ਸਾਰਾ ਕਾਰੋਬਾਰ ਤਕਰੀਬਨ ਠੱਪ ਹੋ ਚੁੱਕਾ ਹੈ। ਵਪਾਰੀ ਪਿੱਟ ਰਹੇ ਹੈਂ। ਕਾਂਗਰਸੀ ਲੀਡਰ ਰੋਸ ਕਰਨੇ ਆਏ ਹੀ ਰਹਿਤੇ ਹੈਂ। ਦਰਬਾਰ ਸਾਹਿਬ ਮੇਂ ਹਥਿਆਰ ਜਮ੍ਹਾਂ ਹੋ ਰਹੇ ਹੈਂ। ਜਨਰਲ ਸੁਬੇਗ ਸਿੰਘ ਵਹਾਂ ਪੱਕੇ ਮੋਰਚੇ ਬਣਾ ਰਹੇ ਹੈਂ। ਗੰਦਮ ਕੇ ਟਰੱਕੋਂ ਮੇਂ ਹਥਿਆਰ ਰਾਸ਼ਣ ਕੇ ਬਹਾਨੇ ਅੰਦਰ ਲਿਜਾਏ ਜਾ ਰਹੇ ਹੈਂ। ਵਹਾਂ ਕੀ ਪੁਲੀਸ ਕੋ ਸਭ ਪਤਾ ਹੈ। ਮਗਰ ਇਜਾਜ਼ਤ ਕੇ ਬਗ਼ੈਰ ਵੋਹ ਰੋਕ ਨਹੀਂ ਸਕਤੇ, ਪਕੜ ਨਹੀਂ ਸਕਤੇ। ਆਪ ਇਸ਼ਾਰਾ ਦੇਂ ਤੋ ਹਥਿਆਰ ਕਾਬੂ ਕੀਏ ਜਾਏਂ। ਅਕਾਲੀ ਲੀਡਰੋਂ ਕੋ ਬੁਲਾ ਕਰ ਆਪਣਾ ਹਮ ਖਿਆਲ ਬਨਾਨਾ ਚਾਹੀਏ। ਇਸ ਤਰ੍ਹਾਂ ਭਿੰਡਰਾਂ ਵਾਲਾ ਲੋਗੋਂ ਸੇ ਕੱਟ ਕਰ ਕਮਜ਼ੋਰ ਪੜ ਜਾਏਗਾ।"

"ਕਿਆ ਭਿੰਡਰਾਂ ਵਾਲਾ।" ਇੰਦਰਾ ਹੋਮ ਮਨਿਸਟਰੀ ਦੀ ਸੰਖੇਪ ਰਿਪੋਰਟ ਸੁਣ ਕੇ ਮੁਸਕਰਾ ਪਈ। "ਜੋ-ਜੋ ਹੋ ਰਹਾ ਹੈ, ਅੱਛਾ ਹੀ ਹੋ ਰਹਾ ਹੈ। ਅਭੀ ਔਰ ਹੋਨੇ ਦੋ, ਰੋਕੋ ਮਤ। ਹਥਿਆਰ ਭੀ ਅੰਦਰ ਜਾਣੇ ਦੋ, ਰੋਕੋ ਨਾ। ਐਸੇ ਕਤਲੋਂ ਔਰ ਫਿਰੌਤੀਓਂ ਸੇ ਲੋਕ ਪ੍ਰੇਸ਼ਾਨ ਹੋਂਗੇ। ਅਭੀ ਫ਼ਲ ਕੱਚਾ ਹੈ, ਇਸੇ ਪਕਨੇ ਦੋ। ਖ਼ੁਦ ਹੀ ਪੱਕ ਕਰ ਨੀਚੇ ਗਿਰ ਜਾਏਗਾ। ਹਿੰਦੋਸਤਾਨ ਬਹੁਤ ਬੜਾ ਹੈ, ਵਿਸ਼ਾਲ ਹੈ। ਭਿੰਡਰਾਂ ਵਾਲਾ ਕਿਆ ਚੀਜ਼ ਹੈ। ਕੱਲ੍ਹ ਹਮਾਰਾ ਵਰਕਰ ਥਾ-

ਆਜ ਬਾਗ਼ੀ ਹੋਣੇ ਕੀ ਬਾਤ ਕਰਤਾ ਹੈ, ਅਨਪੜ੍ਹ। ਵੋਹ ਤੋ ਕੁਛ ਨਹੀਂ ਜਾਣਤਾ। ਹਾਂ, ਸੰਤ ਹੋਨੇ ਕੇ ਨਾਤੇ ਲੋਗੋਂ ਕੋ ਆਪਣੇ ਪੀਛੇ ਜ਼ਰੂਰ ਲਾ ਲੇਤਾ ਹੈ। ਸੰਤ ਮਹਾਤਮਾ ਕੇ ਪੀਛੇ ਲੋਗੋਂ ਕਾ ਲਗਨਾ ਆਮ ਰਿਵਾਜ ਹੈ। ਬਹੁਤ ਤਲਖ਼ ਬੋਲਤਾ ਹੈ, ਹਮੇਂ ਮਾਲੂਮ ਹੈ। ਮਗਰ ਕਿਤਨੀ ਦੇਰ ਬਕਵਾਸ ਕਰੇਗਾ। ਹਮਾਰੀ ਉਸ ਪਰ ਹਰ ਤਰ੍ਹਾਂ ਸੇ ਨਜ਼ਰ ਹੈ। ਮੇਰੇ ਪੂਛੇ ਬਗ਼ੈਰ ਕੋਈ ਹੁਕਮ ਨਹੀਂ ਦੇਨਾ।"

"ਯੈੱਅਸ ਸਰ! ਵੈਸਾ ਹੀ ਹੋਗਾ, ਜੈਸਾ ਆਪ ਚਾਹੇਂਗੇ।" ਐਨਾ ਕਹਿ ਕੇ ਹੋਮ ਸੈਕਰੇਟਰੀ ਉੱਠ ਖਲੋਤਾ।

"ਬਾਹਰ ਫ਼ੌਜੀ ਅਫ਼ਸਰ ਸ਼ਰਮਾ ਬੈਠਾ ਹੋਗਾ, ਉਸੇ ਅੰਦਰ ਭੇਜ ਦੇਣਾ?"

"ਜੀ!" ਹੋਮ ਸੈਕਰੇਟਰੀ ਇੰਦਰਾ ਨੂੰ ਸਿਰ ਝੁਕਾ ਕੇ ਬਾਹਰ ਹੋ ਗਿਆ ਅਤੇ ਉਸ ਮਿਸਟਰ ਸ਼ਰਮਾ ਨੂੰ ਅੰਦਰ ਜਾਣ ਦਾ ਇਸ਼ਾਰਾ ਦੇ ਦਿੱਤਾ।

ਮਿਸਟਰ ਸ਼ਰਮਾ ਨੇ ਅੰਦਰ ਵੜਦਿਆਂ ਹੀ ਟੋਪੀ ਲਾਹ ਲਈ।

"ਸਰ ਆਪ ਨੇ ਦਾਸ ਕੋ ਯਾਦ ਕੀਆ?" ਉਸ ਅੱਡੀਆਂ ਜੋੜ ਕੇ ਸਲੂਟ ਮਾਰਿਆ।

"ਹਾਂ ਬਈ ਸ਼ਰਮਾ ਸਾਹਿਬ, ਕੁਝ ਕਾਮ ਹੋਤੇ ਹੈਂ ਜੋ ਅਪਨੇ ਸੇ ਕਰਵਾਏ ਜਾਤੇ ਹੈਂ।" ਇੰਦਰਾ ਨੇ ਵਿਸ਼ ਕਰਦਿਆਂ ਬੈਠਣ ਲਈ ਐਨਕ ਦਾ ਇਸ਼ਾਰਾ ਦਿੱਤਾ।

ਸ਼ਰਮਾ ਪੰਜਾਬੀ ਸੀ, ਪਰ ਪੰਜਾਬੀ ਬੋਲਣੀ ਆਪਣੀ ਸ਼ਾਨ ਦੇ ਖ਼ਿਲਾਫ਼ ਸਮਝਦਾ ਸੀ। ਮੁਲਕ ਦੀ ਵੰਡ ਸਮੇਂ ਉਸ ਦਾ ਬਾਪ ਸਿੱਧਾ ਦਿੱਲੀ ਪਹੁੰਚ ਗਿਆ ਸੀ। ਉਹ ਕਾਂਗਰਸ ਦਾ ਵਰਕਰ ਰਿਹਾ। ਕਿਸੇ ਤਰ੍ਹਾਂ ਸਿੱਧਾ ਜਵਾਹਰ ਲਾਲ ਨਹਿਰੂ ਨੂੰ ਜਾ ਮਿਲਿਆ ਤੇ ਮੁੰਡੇ ਨੂੰ ਡੇਹਰਾਦੂਨ ਆਰਮੀ ਅਕੈਡਮੀ ਵਿਚ ਦਾਖ਼ਲ ਕਰਵਾ ਲਿਆ। ਅੱਜ ਸ਼ਰਮਾ ਆਰਮੀ ਵਿਚ ਇਤਬਾਰਯੋਗ ਵੱਡਾ ਅਫ਼ਸਰ ਸੀ।

"ਸਰ, ਤੁਸੀਂ ਹੁਕਮ ਕਰੋ, ਜਾਨ ਹਾਜ਼ਰ ਹੈ। ਹਮ ਤੋ ਤੁਮਾਰਾ ਔਰ ਸ੍ਰੀ ਜਵਾਹਰ ਲਾਲ ਜੀ ਕਾ ਦੇਨ ਨਹੀਂ ਦੇ ਸਕਤੇ।" ਉਸ ਉੱਤਰ ਵਿਚ ਝੋਲੀ ਚੁੱਕਣੀ ਆਪਣਾ ਫ਼ਰਜ਼ ਸਮਝਿਆ।

"ਵੋਹ ਭਿੰਡਰਾਂ ਵਾਲਾ ਹੈ ਨਾਅ, ਬਾਗ਼ੀਆਨਾ ਬਕਵਾਸ ਕਰਤਾ ਹੈ, ਉਸੇ ਸਬਕ ਸਿਖਾਨਾ ਹੈ।"

"ਕੋਈ ਬਾਤ ਹੀ ਨਹੀਂ ਸਰ। ਮੱਖੀ ਕੀ ਤਰ੍ਹਾਂ ਮਸਲ ਦੇਂਗੇ। ਆਪ ਹੁਕਮ ਕਰੇਂ ਸਹੀ।"

ਇੰਦਰਾ ਨੇ ਘੰਟੀ 'ਤੇ ਹੱਥ ਮਾਰਿਆ। ਸੇਵਾਦਾਰ ਝੱਟ ਹਾਜ਼ਰ ਹੋ ਗਿਆ।

"ਹਾਂ ਬਈ ਚਾਏ ਲਾਓ?"

ਸੇਵਾਦਾਰ ਸਿਰ ਝੁਕਾ ਕੇ ਤੁਰ ਗਿਆ।

"ਸਰ ਚਾਏ ਕੀ ਕਿਆ ਜ਼ਰੂਰਤ ਹੈ?"

"ਆਪ ਉਨ ਮੇਂ ਸੇ ਹੈਂ, ਜਿਹਨੇਂ ਹਮ ਅਪਨੇ ਸਮਝਤੇ ਹੈਂ। ਆਰਮੀ ਅਫ਼ਸਰ ਤੋ ਆਪ ਹੈਂ ਹੀ।" ਇੰਦਰਾ ਜਾਣਦੀ ਸੀ, ਕਿਸੇ ਤੋਂ ਕਿਵੇਂ ਕੰਮ ਲੈਣਾ ਹੈ।

"ਜਨਾਬ ਜੀ, ਯਹ ਤੋ ਆਪ ਕੀ ਮਿਹਰਬਾਨੀ ਹੈ, ਜੋ ਆਪ ਹਮੇਂ ਇਸ ਕਾਬਲ ਸਮਝਤੇ ਹੈਂ। ਹਮ ਤੋ ਆਪ ਕੇ ਜਾਨ ਨਿਸਾਰ ਖਾਦਮ ਹੈਂ।" ਉਸ ਤਾਰੀਫ਼ ਕਰਨੀ ਆਪਣਾ ਫ਼ਰਜ਼ ਸਮਝਿਆ। "ਜਿਤਨਾ ਬੜਾ ਰਾਜ ਆਪ ਕਾ, ਇਤਨਾ ਤੋ ਚੰਦਰ ਗੁਪਤ ਸਮਰਾਟ ਕਾ ਵੀ ਨਾ ਥਾ।"

"ਵੋਹ ਤੋਂ ਸ਼ਖ਼ਸੀ ਰਾਜ ਥਾ, ਅਬ ਤੋ ਆਪ ਕਾ ਵੀ ਬਰਾਬਰ ਰਾਜ ਹੈ। ਹਮ ਇਸੇ ਔਰ ਮਜ਼ਬੂਤ ਦੇਖਨਾ ਚਾਹਤੇ ਹੈਂ। ਤੁਮਾਰੀ ਰਾਏ ਔਰ ਮਦਦ ਚਾਹੀਏ।"

"ਬੰਦਾ ਹਰ ਕੁਰਬਾਨੀ ਕੇ ਲੀਏ ਹਾਜ਼ਰ ਹੈ ਜਨਾਬ।" ਸ਼ਰਮਾ ਹਿੱਕ ਨੂੰ ਦੋ ਵਾਹ ਥਾਪੜ ਗਿਆ।

"ਕੁਰਬਾਨੀ ਦੇਨੇ ਕੇ ਲੀਏ ਔਰ ਬਹੁਤ ਹੈਂ। ਹਮੇਂ ਠੋਸ ਰਾਏ ਚਾਹੀਏ। ਚਾਣਕਿਆ ਆਪ ਕਾ ਬੜਾ ਥਾ। ਐਸੀ ਜੁਗਤ ਚਲਾਓ ਕਿ ਸਾਂਪ ਮਰੇ ਔਰ ਲਾਠੀ ਭੀ ਨਾ ਟੂਟੇ।"

"ਹੋਗਾ, ਐਸਾ ਹੀ ਹੋਗਾ ਸਰ। ਭਿੰਡਰਾਂ ਵਾਲਾ ਕੋ ਖ਼ਤਮ ਕਰਨਾ ਹੀ ਬਿਹਤਰ ਹੋਗਾ, ਵਰਨਾ ਔਰ ਬਾਗ਼ੀ ਜੱਥੇ ਤਿਆਰ ਕਰੇਗਾ। ਗ੍ਰਿਫ਼ਤਾਰੀ ਸੇ ਵੋਹ ਔਰ ਬੜਾ ਹੋ ਜਾਏਗਾ।"

"ਆਪ ਤੋ ਰਾਜਨੀਤੀ ਕੇ ਮਾਹਰ ਲਗਤੇ ਹੈਂ, ਆਰਮੀ ਅਫ਼ਸਰ ਹੋ ਕਰ ਵੀ।"

"ਆਰਮੀ ਮੇਂ ਚਲੇ ਗਏ ਤੋ ਕਿਆ, ਦਿਮਾਗ਼ ਤੋਂ ਏਕ ਬ੍ਰਾਹਮਣ ਕਾ ਹੈ।" ਸ਼ਰਮਾ ਆਪਣੀ ਵਡਿਆਈ ਕਰ ਗਿਆ। "ਸਰ ਮੇਰੀ ਰਾਏ, ਆਰਮੀ ਕੀ ਕਮਾਂਡ ਏਕ ਸਿੱਖ ਕੋ ਦੀ ਜਾਏ। ਸਿੱਖੋਂ ਕੋ ਸਿੱਖੋਂ ਸੇ ਹੀ ਟਕਰਾਇਆ ਜਾਏ। ਸਿੱਖ ਭਾਈਚਾਰੇ ਮੇਂ ਫੂਟ ਪੜੇਗੀ। ਏਕ-ਦੂਸਰੇ ਕੋ ਗਾਲੀਆਂ ਦੇਂਗੇ ਔਰ ਦੁਸ਼ਮਣ ਬਨ ਕਰ ਮਾਰੇਂਗੇ। ਇਨ ਕੀ ਤਾਰੀਖ਼ ਵੀ ਆਪਸ ਮੇਂ ਲੜ ਮਰਨੇ ਕੀ ਤਾਰੀਖ਼ ਹੈ।"

"ਓ ਵੰਡਰਫੁਲ ਸ਼ਰਮਾ ਸਾਹਿਬ! ਆਪ ਤੋ ਕੋਇਲੇ ਕੀ ਕਾਨ ਕੇ ਹੀਰੇ ਹੋ। ਕਿਆ ਜੁਗਤ ਚਲਾਈ ਹੈ।" ਇੰਦਰਾ ਨੇ ਇਸ ਤਰ੍ਹਾਂ ਦੇ ਅਨੇਕਾਂ ਸ਼ਰਮਿਆਂ ਨੂੰ ਬੁੱਧੂ ਬਣਾਇਆ ਸੀ। "ਲੋ, ਅਬ ਚਾਏ ਪੀਓ?" ਇੰਦਰਾ ਪੂਰੀ ਖ਼ੁਸ਼ ਦਿੱਸ ਰਹੀ ਸੀ।

ਚਪੜਾਸੀ ਨੇ ਚਾਹ ਦਾ ਪਿਆਲਾ ਸ਼ਰਮੇ ਅੱਗੇ ਕਰ ਦਿੱਤਾ। ਇੰਦਰਾ ਨੇ ਚਮਚੇ ਨਾਲ ਖੰਡ ਹਿਲਾ ਕੇ ਉਸ ਨੂੰ ਬਾਹਰ ਟ੍ਰੇਅ ਵਿਚ ਰੱਖ ਦਿੱਤਾ।

"ਸੁਨਾ ਹੈ, ਵੋਹ ਬੰਗਲਾ ਦੇਸ਼ ਵਾਲਾ ਸੁਬੇਗ ਸਿੰਘ, ਵਹਾਂ ਦਰਬਾਰ ਸਾਹਿਬ ਮੇਂ ਮੋਰਚੇ ਬਨਾ ਰਹਾ ਹੈ।" ਇੰਦਰਾ ਨੇ ਡੂੰਘੀ ਨਜ਼ਰ ਨਾਲ ਸ਼ਰਮੇ ਨੂੰ ਤੱਕਿਆ।

"ਵੋਹ ਸੁਬੇਗ, ਬੰਗਲਾ ਦੇਸ਼ ਕਾ ਲੁਟੇਰਾ। ਗੰਦਮ ਕੇ ਸਾਥ ਘੁਣ ਵੀ ਪਿਸ ਜਾਏਗਾ।" ਸ਼ਰਮੇ ਨੇ ਚਾਹ ਦੀ ਘੁੱਟ ਭਰ ਲਈ। ਉਹ ਗਰਮ ਸੀ, ਪਰ ਸ਼ਰਮਾ ਉਸ ਨੂੰ ਬਾਹਰ ਵੀ ਨਹੀਂ ਸੁੱਟ ਸਕਦਾ ਸੀ।

"ਯੂੰ ਯਹ ਸਿੱਖ ਲੋਗ ਬਹਾਦਰ ਤੋ ਹੋਤੇ ਹੀ ਹੈਂ, ਪਰ ਅਕਲ ਪੇ ਆ ਕਰ ਮਾਰ ਖਾ ਜਾਤੇ ਹੈਂ। ਬੰਗਲਾ ਦੇਸ਼ ਤੀਨ ਹਫ਼ਤੇ ਮੇਂ ਫ਼ਤਹਿ ਕਰਨੇ ਕੀ ਸਕੀਮ ਥੀ। ਮਗਰ ਇਨ ਲੋਗੋਂ ਨੇ ਦੋ ਹਫ਼ਤੇ ਮੇਂ ਢਾਕਾ ਢਾਲ ਕਰ ਦੀਆ ਔਰ ਤਰਾਨਵੇਂ ਹਜ਼ਾਰ ਕੈਦੀ ਵੀ ਬਾਂਧ ਲੀਏ।" ਇੰਦਰਾ ਦੇ ਮੂੰਹੋਂ ਸਿੱਖਾਂ ਦੀ ਮੱਲੋਮੱਲੀ ਤਾਰੀਫ਼ ਹੋ ਗਈ।

"ਸਰ, ਮੈਂ ਪੰਜਾਬੀ ਹੂੰ। ਸਿੱਖੋਂ ਕੀ ਰਗ-ਰਗ ਸੇ ਜਾਣੂ ਹੂੰ। ਯਹ ਕੁੱਟੇ ਹੀ ਸੂਤ ਆਤੇ ਹੈਂ। ਯਹ ਚੈਨ ਸੇ ਬੈਠ ਹੀ ਨਹੀਂ ਸਕਤੇ। ਮਾਸਟਰ ਤਾਰਾ ਸਿੰਘ ਔਰ ਖੜਕ ਸਿੰਘ ਨੇ ਇਨ ਕੋ ਮੋਰਚੋਂ ਮੇਂ ਹੀ ਫਸਾਏ ਰੱਖਾ। ਜੇਲ੍ਹ ਜਾਤੇ ਰਹੇ, ਕੁੱਟ ਖਾਤੇ ਰਹੇ। ਇਨਹੋਂ ਕੋਈ ਪੂਛੇ, ਹਾਸਲ ਕਿਆ ਕੀਆ।" ਸ਼ਰਮਾ ਕੱਚੀ ਹਿੰਦੀ ਵਿਚ ਪੱਕੀ ਪੰਜਾਬੀ ਦੀ ਮਿੱਸ ਪਾ ਜਾਂਦਾ ਸੀ। "ਬੰਗਲਾ ਦੇਸ਼ ਤੋ ਫ਼ਤਹਿ ਹੋਣਾ ਹੀ ਥਾ। ਜਬ ਹਰ ਤਰਫ਼ ਸੇ ਸਪਲਾਈ ਬੰਦ ਹੋ ਜਾਏ, ਸਿਪਾਹੀ ਦਿਲ ਹਾਰ ਦੇਤੇ ਹੈਂ। ਆਪ ਨੇ ਯਹ ਲੜਾਈ ਇਨ ਕੋ ਦੇ ਕਰ ਅਹਿਸਾਨ ਕੀਆ ਹੈ, ਔਰ ਇਨਹੋਂ ਨੇ

ਲੁਟ ਸ਼ੁਰੂ ਕਰਦੀ। ਆਪ ਨੇ ਸੁਬੇਗ ਸਿੰਘ ਕੇ ਘਰ ਮੇਂ ਸਾਮਾਨ ਨਹੀਂ ਦੇਖਾ, ਦੇਖਤੇ ਤੋ ਹੈਰਾਨ ਰਹਿ ਜਾਤੇ।"

"ਯਹ ਬਾਤੇਂ ਛੋੜੋ। ਅਭੀ ਆਪ ਨੇ ਅਪਣੇ ਖ਼ਾਸ-ਖਾਸ ਸਾਥੀਓਂ ਸੇ ਸਲਾਹ-ਮਸ਼ਵਰਾ ਕਰਨਾ ਹੈ। ਬਾਤ ਦਿਲ ਮੇਂ ਰਹੇ, ਜ਼ਬਾਨ ਪਰ ਨਾ ਆਏ। ਕੌਣ ਸਿੱਖ ਸਹੀ ਕਮਾਂਡ ਕਰ ਸਕਤਾ ਹੈ। ਉਸ ਕੋ ਆਪ ਨੇ ਚੁਣਨਾ ਹੈ ਔਰ ਮੁਝੇ ਬਤਾਨਾ ਹੈ। ਯਹ ਕਾਮ ਆਸਾਨ ਮੱਤ ਸਮਝੋ। ਹਮਲਾ ਹੋਨੇ ਪਰ ਸਾਰੀ ਸਿੱਖ ਕੌਮ ਏਕ ਦਮ ਭੜਕੇਗੀ। ਉਸ ਕੋ ਵੀ ਕਾਬੂ ਰਖਨਾ ਹੈ। ਲੋਗ ਯਹ ਸਮਝੇਂ ਹਮ ਨੇ ਕਾਤਲੋਂ, ਗੁੰਡੋਂ ਔਰ ਸਮਗਲਰੋਂ ਕੋ ਖ਼ਤਮ ਕਰਨੇ ਕੇ ਲੀਏ ਹਮਲਾ ਕੀਆ ਹੈ। ਲੋਗ ਹਰ ਹਾਲਤ ਮੇਂ ਹਮਾਰੇ ਸਾਥ ਰਹੇਂ। ਹਾਂ ਜ਼ਰੂਰੀ ਬਾਤ, ਦਰਬਾਰ ਸਾਹਿਬ ਕੋ ਆਂਚ ਨਹੀਂ ਆਨੀ ਚਾਹੀਏ।" ਉਸ ਚਾਹ ਵਾਲੀ ਟ੍ਰੇਅ ਪਾਸੇ ਧੱਕ ਦਿੱਤੀ।

"ਸਰ ਭਰੋਸਾ ਰੱਖੇਂ, ਐਸਾ ਹੀ ਹੋਗੇ, ਆਪ ਜਨਾਬ ਬਹੁਤ ਦੂਰ ਅੰਦੇਸ਼ ਹੈਂ। ਹਿੰਦ ਕੋ ਆਪ ਪਰ ਫ਼ਖ਼ਰ ਹੈ, ਮੇਰੀ ਗੁਜ਼ਾਰਿਸ਼ ਹੈ, ਪ੍ਰੈੱਸ ਕੀ ਥੋੜ੍ਹੀ ਖਿੱਚਾਈ ਕੀ ਜਾਏ। ਵੋਹ ਸੱਚ ਕੋ ਝੂਠ ਔਰ ਝੂਠ ਕੋ ਸੱਚ ਸਾਬਤ ਕਰ ਦੇਂਗੇ।" ਸ਼ਰਮੇ ਨੇ ਇੱਕ ਹੋਰ ਦਲੀਲ ਦਿੱਤੀ, ਜਿਸ ਨਾਲ ਝੂਠੇ ਹੁੰਦਿਆਂ ਵੀ ਸੱਚ ਪੁੱਤ ਬਣਿਆ ਜਾ ਸਕਦਾ ਸੀ।

"ਸ਼ਰਮਾ ਜੀ, ਆਪ ਕੀ ਯਹ ਬਾਤ ਵੀ ਕਾਬਲੇ ਤਾਰੀਫ਼ ਐ।" ਇੰਦਰਾ ਨੇ ਹੱਥ ਹਿਲਾ ਕੇ ਸ਼ਾਬਾਸ਼ ਦਿੱਤੀ।

"ਤਮਾਮ ਖ਼ਬਰੇਂ ਔਰ ਬਿਆਨ ਆਪ ਕੀ ਦੇਖ-ਰੇਖ ਮੇਂ ਜਾਣੇ ਚਾਹੀਏ।"

ਚਪੜਾਸੀ ਖਾਲੀ ਪਿਆਲਿਆਂ ਵਾਲੀ ਟ੍ਰੇਅ ਲੈ ਗਿਆ। ਸ਼ਰਮੇ ਨੇ ਗੱਲ ਜਾਰੀ ਰੱਖੀ।

"ਟੀ. ਵੀ., ਰੇਡੀਓ 'ਤੇ ਪ੍ਰੈੱਸ ਜਿਸ ਦੇ ਕਾਬੂ ਰਹੇਗੀ, ਵੋਹੀ ਲੋਗੋਂ ਮੇਂ ਸੱਚਾ ਰਹੇਗਾ। ਬਹੁਤ ਸਾਲ ਬਾਅਦ ਅਗਰ ਸੱਚ ਕਾ ਪਤਾ ਵੀ ਲਗਾ, ਤਬ ਤੱਕ ਵੋਹ ਬਹੁਤ ਕਮਜ਼ੋਰ ਹੋ ਚੁੱਕਾ ਹੋਗਾ।"

"ਯਹ ਬੰਦੋਬਸਤ ਪਹਿਲੇ ਸੇ ਹੀ ਕਰ ਰਖਾ ਹੈ। ਆਪ ਤਿਆਰੀ ਕਰੇਂ ਔਰ ਮੁਝੇ ਇਤਲਾਹ ਦੇਂ, ਬੱਸ।" ਉਹ ਇੱਕ ਤਰ੍ਹਾਂ ਅੱਕ ਵੀ ਗਈ ਸੀ।

"ਯਹਿਅਸਰ!" ਆਰਮੀ ਅਫ਼ਸਰ ਸਲਾਮ ਮਾਰ ਕੇ ਕਮਰਿਓਂ ਬਾਹਰ ਹੋ ਗਿਆ।

ਉੱਨੀਵਾਂ ਕਾਂਡ

ਤੇਜਾ ਸਿੰਘ ਹੌਲਦਾਰ ਅਤੇ ਕੈਪਟਨ ਗੁਰਬਖ਼ਸ਼ ਸਿੰਘ ਯਾਰ ਤੋਂ ਕੁੜਮ ਬਣ ਗਏ। ਦੋਵਾਂ ਸਾਂਝੀ ਸਲਾਹ ਨਾਲ ਮੁੰਡੇ-ਕੁੜੀ ਨੂੰ ਸੰਤ ਖੜਕ ਸਿੰਘ ਦੇ ਡੇਰੇ ਮਿਲਦੇ ਕਰ ਦਿੱਤਾ। ਤੇਜਾ ਸਿੰਘ ਦੇ ਮੁੰਡੇ ਰਾਜਬੀਰ ਸਿੰਘ ਨੇ ਮੂੰਹ ਪਾੜ ਕੇ ਕਹਿ ਹੀ ਦਿੱਤਾ:

"ਤੁਸੀਂ ਵੱਡੇ ਹੋ, ਤੁਹਾਡਾ ਸਤਿਕਾਰ ਕਰਦੇ ਆਂ। ਜਿਸ ਮੁੰਨੀ ਬੰਨ੍ਹ ਦਿਓਗੇ, ਪਸ਼ੂਆਂ ਵਾਂਗ ਖੜ੍ਹੇ ਰਹਾਂਗੇ।" ਉਸ ਕੈਪਟਨ ਗੁਰਬਖ਼ਸ਼ ਸਿੰਘ ਨੂੰ ਸਾਊ ਢੰਗ ਨਾਲ ਇੱਕ ਤਰ੍ਹਾਂ ਬੇਨਤੀ ਕੀਤੀ। "ਹੁਣ ਜ਼ਮਾਨਾ ਤੁਹਾਡੇ ਵਾਲਾ ਨਹੀਂ ਰਿਹਾ। ਓਦੋਂ ਤਾਂ ਨਾਈ ਰੁਪਈਆ ਹੱਥ ਧਰ ਆਉਂਦਾ ਸੀ ਤੇ ਸਾਕ ਪੱਕਾ ਹੋ ਜਾਂਦਾ ਸੀ। ਕੁੜੀ ਮੁੰਡੇ ਨੇ ਤਾਂ ਇੱਕ-ਦੂਜੇ ਨੂੰ ਕੀ ਵੇਖਣਾ ਸੀ, ਮਾਂ-ਬਾਪ ਤੱਕ ਨਹੀਂ ਜਾਣਦੇ ਸਨ। ਲਾਗੀਆਂ ਦੇ ਭਰੋਸੇ 'ਤੇ ਹੀ ਕੁੜੀ ਮੁੰਡੇ ਨੂੰ ਨਰੜ ਦਿੱਤਾ ਜਾਂਦਾ ਸੀ ਅਤੇ ਨਤੀਜੇ ਖ਼ਾਸ ਚੰਗੇ ਨਹੀਂ ਨਿਕਲਦੇ ਸਨ।" ਉਸ ਗੱਲ ਨੂੰ ਇੱਥੋਂ ਤੱਕ ਲਿਆ ਕੇ ਸੰਕੋਚ ਕਰ ਲਈ।

"ਤੇਜਿਆ! ਮੁੰਡਾ ਤਾਂ ਆਪਾਂ ਨੂੰ ਬਹੁਤ ਪਿਛਾਂਹ ਛੱਡ ਗਿਆ।" ਕੈਪਟਨ ਨੇ ਮੁੜ ਰਾਜਬੀਰ ਵੱਲ ਮੂੰਹ ਭੰਵਾਇਆ। "ਮੰਨਿਆ, ਬੱਲਿਆ, ਤੂੰ ਸਾਡੇ ਨਾਲੋਂ ਬਹੁਤਾ ਪੜ੍ਹ-ਲਿਖ ਗਿਆ ਏਂ, ਪਰ ਅਸੀਂ ਵੀ ਭੇਡਾਂ ਨਹੀਂ ਚਾਰੀਆਂ। ਜ਼ਿੰਦਗੀ ਮੌਤ ਦੀਆਂ ਲੜਾਈਆਂ ਘੁਲਦੇ ਰਹੇ ਆਂ। ਦੋਵਾਂ ਦੇ ਜ਼ਖ਼ਮ ਵੇਖ ਸਕਦਾ ਏਂ। ਹਰ ਹਬੀ-ਨਬੀ ਵਿਚ ਗੁਰੂ ਦੇ ਸਿੱਖ ਬਣ ਕੇ ਨਿੱਤਰੇ ਆਂ। ਹਾਂ, ਅਸਾਂ ਤੁਹਾਡੀ ਕੁਤਰਬਿਦੀਆਂ ਵਾਲੀ ਸਾਇੰਸ ਜ਼ਰੂਰ ਨਹੀਂ ਪੜ੍ਹੀ।"

ਕੈਪਟਨ ਦੀ ਏਨੀ ਗੱਲ ਨਾਲ ਹਾਸੜ ਪੈ ਗਈ। ਗੁਰਬਖ਼ਸ਼ ਸਿੰਘ ਦੀ ਘਰ ਵਾਲੀ ਨਸੀਬ ਕੌਰ ਕੁੜੀ ਹਰਸ਼ਰਨ ਕੌਰ ਨਾਲ ਆਈ ਸੀ। ਸਾਰੇ ਚਾਹੁੰਦੇ ਸਨ, ਮੁੰਡਾ ਕੁੜੀ ਨੂੰ ਵੇਖ ਕੇ ਤਸੱਲੀ ਕਰ ਲਵੇ, ਪਰ ਰਾਜਬੀਰ ਦੀ ਇਉਂ ਤਸੱਲੀ ਨਹੀਂ ਹੋ ਰਹੀ ਸੀ। ਉਹ ਚਾਹੁੰਦਾ ਸੀ, ਹਰਸ਼ਰਨ ਨਾਲ ਨਿਵੇਕਲੇ ਹੋ ਕੇ ਮਨ ਦੀਆਂ ਗੱਲਾਂ ਕੀਤੀਆਂ ਜਾਣ। ਉਹ ਕੀ ਚਾਹੁੰਦੀ ਐ? ਉਹਦੇ ਮਨ ਦੀ ਥਾਹ ਪਾਈ ਜਾਵੇ। ਸੰਤ ਖੜਕ ਸਿੰਘ ਜੀ ਤਰਨਤਾਰਨ ਵਾਲੀ ਸੜਕ ਦੇ ਡੇਰੇ ਗਏ ਹੋਏ ਸਨ। ਉੱਥੇ ਸੇਵਾ ਚਲ ਰਹੀ ਸੀ। ਸੇਵਾਦਾਰ ਨੇ ਸਾਰਿਆਂ ਅੱਗੇ ਚਾਹ ਦੇ ਬਾਟੇ ਲਿਆ ਧਰੇ ਅਤੇ ਲੂਣ ਵਾਲੀਆਂ ਪਕੌੜੀਆਂ ਦਾ ਛਿੱਕੂ ਸਾਰਿਆਂ ਵਿਚਾਲੇ ਰੱਖ ਦਿੱਤਾ। ਉਹ ਸਾਰੇ ਚਾਹ ਪੀਣ ਲੱਗ ਪਏ, ਹਰਸ਼ਰਨ ਬਹੁਤ ਸੰਗਦੀ ਸੀ। ਉਹ ਇਸ ਤਰ੍ਹਾਂ ਕਦੇ ਆਪਣੀਆਂ ਸਹੇਲੀਆਂ ਨਾਲ ਵੀ ਘੱਟ ਹੀ ਜੁੜੀ ਸੀ। ਉਸ ਚਾਹ ਤਾਂ ਪੀ ਲਈ, ਪਰ ਪਕੌੜੀਆਂ ਨਾ ਲਈਆਂ। ਉਹ ਥੋੜ੍ਹੀ ਘੁਟੀ-ਵੱਟੀ ਬੈਠੀ ਰਹੀ। ਉੱਝ ਉਸ ਚੋਰ ਝਾਤੀਆਂ ਨਾਲ ਰਾਜਬੀਰ ਨੂੰ ਪੁੱਛਿਆ।

"ਪੁੱਤਰਾ, ਖੁੱਲ੍ਹ ਕੇ ਦੱਸ, ਤੂੰ ਕੀ ਚਾਹੁੰਦਾ ਏਂ?" ਉਸ ਨੂੰ ਰਾਜਬੀਰ ਪਹਿਲੀ ਨਜ਼ਰੇ ਹੀ ਪਸੰਦ ਆ ਗਿਆ ਸੀ। ਸਿਹਤ ਭਰਿਆ ਸਰੀਰ ਕਦ-ਕਾਠ ਤੇ ਕਣਕਵੰਨਾ ਰੰਗ ਸਭ ਕੁਝ ਜਚਦਾ-ਮਿਚਦਾ ਸੀ।

"ਬੇ ਜੀ! ਤੁਸੀਂ ਸਿਆਣੇ ਮਾਪੇ ਹੋ, ਤੁਹਾਡੇ ਅੱਗੇ ਕੀ ਆਖਾਂ।" ਰਾਜਬੀਰ ਨੂੰ ਏਨੀ ਕਹਿ ਕੇ ਝਿਜਕ ਆ ਗਈ।

"ਨਹੀਂ ਬੇਟਾ ਤੂੰ ਨਿਸ਼ੰਗ ਹੋ ਕੇ ਕੁਝ ਵੀ ਆਖ। ਅਸੀਂ ਇੱਕੋ ਟੱਬਰ ਆਂ, ਸਾਨੂੰ ਤੂੰ ਦੋ ਨਾ ਸਮਝ।" ਕੈਪਟਨ ਮੁੰਡੇ ਦਾ ਦਿਲ ਖੋਲ੍ਹਣਾ ਚਾਹੁੰਦਾ ਸੀ।

"ਤੁਸੀਂ ਜੋ ਕਰ ਦਿਉਗੇ, ਮਨਜ਼ੂਰ ਕਰਾਂਗਾ। ਸਾਊ ਪੁੱਤ ਬਣਨ ਦੀ ਵਾਹ ਲਾਵਾਂਗਾ, ਨਾਬਰ ਨਹੀਂ ਹੋਵਾਂਗਾ। ਪਰ....।" ਉਹ ਕੁਝ ਕਹਿੰਦਾ ਕਹਿੰਦਾ ਰੁਕ ਗਿਆ।

"ਪਰ ਕੀ?" ਤੇਜਾ ਸਿੰਘ ਨੇ ਗੁਸੈਲੇ ਖੰਘੂਰੇ ਨਾਲ ਬਾਪ ਦੇ ਰੋਹਬ ਵਜੋਂ ਪੁੱਛਿਆ।

"ਮੈਂ ਆਖਿਆ ਸੀ, ਸਮੇਂ ਦੀ ਤਬਦੀਲੀ ਨਾਲ ਅਸੀਂ ਤੁਹਾਡੇ ਵਰਗੇ ਨਹੀਂ ਹੋ ਸਕਦੇ। ਤੁਹਾਡੇ ਤੋਂ ਵੱਖਰੀ ਸੋਚ ਵੀ ਰੱਖਦੇ ਆਂ।" ਕੁੜੀ ਵਲੋਂ ਵੀ ਦਲੀਲ ਦੇ ਰਿਹਾ ਸੀ। "ਪਰ ਤੁਹਾਡੀ ਆਗਿਆਕਾਰੀ ਸਿਰ ਨਹੀਂ ਚੁੱਕਣ ਦੇਂਦੀ।"

"ਨਹੀਂ ਬਈ ਕਾਕਾ, ਸਾਡੀ ਸੋਚ ਕਿੰਨੀ ਪੁਰਾਣੀ ਸਹੀ, ਅਸੀਂ ਜ਼ਬਰਦਸਤੀ ਨਹੀਂ ਕਰਾਂਗੇ। ਜੇ ਹਰਸ਼ਰਨ ਤੈਨੂੰ ਪਸੰਦ ਨਹੀਂ, ਨਿਸ਼ੰਗ ਨਾਂਹ ਕਰ, ਅਸੀਂ ਕੋਈ ਗਿਲਾ ਨਹੀਂ ਕਰਾਂਗੇ", ਕੈਪਟਨ ਠੰਢਾ ਸਾਹ ਭਰ ਗਿਆ। ਉਹ ਸਮਝਦਾ ਸੀ, ਇਹ ਕੀ ਹੋ ਗਿਆ; ਉਹ ਤਾਂ ਗੱਲ ਨੂੰ ਪੱਕੀ ਕਰੀ ਬੈਠਾ ਸੀ।

"ਓਏ ਰਾਜੂ?" ਤੇਜਾ ਸਿੰਘ ਦੀਆਂ ਗੁੱਸੇ ਵਿਚ ਅੱਖਾਂ ਚੜ੍ਹੀਆਂ ਹੋਈਆਂ ਸਨ।

"ਬਾਪੂ ਜੀ! ਮੈਂ ਤੁਹਾਡੀ ਯਾਰੀ ਨੂੰ ਟੁੱਟਣ ਨਹੀਂ ਦਿਆਂਗਾ। ਮੈਨੂੰ ਤੁਹਾਡੀ ਜਾਨ ਵਾਰੂ ਪੁਰਾਣੀ ਦੋਸਤੀ ਦਾ ਅਹਿਸਾਸ ਹੈ। ਤੁਸੀਂ ਜੋ ਵੀ ਕਰੋਗੇ, ਨਾਂਹ ਨਹੀਂ ਕਰਾਂਗਾ।" ਆਪਣੇ ਮਨ ਦੀ ਗੱਲ ਉਸ ਥਾਏਂ ਦੱਬ ਲਈ। ਪਰ ਜਿਵੇਂ ਉਹ ਚਾਹੁੰਦਾ ਸੀ, ਹੋ ਨਹੀਂ ਸੀ ਰਿਹਾ।

ਨਸੀਬ ਕੌਰ ਇਹ ਸਾਕ ਛੱਡਣਾ ਨਹੀਂ ਚਾਹੁੰਦੀ ਸੀ। ਮੁੰਡਾ ਉਸ ਨੂੰ ਅਕਲ-ਸ਼ਕਲ ਵੱਲੋਂ ਸੋਨੇ ਦੀ ਘੁੰਡਰ ਲੱਗਾ ਸੀ।

"ਪੁੱਤਰਾ, ਤੇਰੇ ਮਨ ਵਿਚ ਕੁਝ ਹੈ, ਤੂੰ ਖੁੱਲ੍ਹ ਕੇ ਕਿਉਂ ਨਹੀਂ ਦੱਸਦਾ, ਅਸੀਂ ਕੋਈ ਓਪਰੇ ਆਂ। ਪੱਚੀਆਂ-ਤੀਹਾਂ ਵਰ੍ਹਿਆਂ ਤੋਂ ਤੇਰਾ ਪਿਉ ਆਉਂਦਾ-ਜਾਂਦਾ ਹੈ, ਆਪਣਾ ਘਰ ਸਮਝ ਕੇ।"

ਹਰਸ਼ਰਨ ਚਾਹ ਵਾਲੇ ਜੂਠੇ ਭਾਂਡੇ ਚੁੱਕ ਕੇ ਮਾਂਜਣ ਜਾ ਲੱਗੀ। ਕੀ ਹੋਵੇਗਾ, ਉਹਦੇ ਦਿਲ ਦੀ ਧੜਕਣ ਫੜਫੜਾ ਰਹੀ ਸੀ। ਰਾਜਬੀਰ ਨੇ ਬੇਮਾਲੂਮ ਹਾਉਕਾ ਭਰ ਕੇ ਕਿਹਾ।

"ਬੇ ਜੀ, ਸੱਚੀ ਗੱਲ ਇਹ ਐ, ਮੈਂ ਕੁਝ ਕਿਹਾ, ਤੁਸੀਂ ਗੁੱਸੇ ਹੋਵੋਗੇ।"

"ਨਾ ਪੁੱਤਰਾ, ਗੁੱਸੇ ਕਿਉਂ ਹੋਣਾ ਏਂ, ਤੂੰ ਕਹਿ ਦੇ ਜੋ ਵੀ ਦਿਲ ਵਿਚ ਐ।" ਗੁਰਬਖ਼ਸ਼ ਨੇ ਮੁੰਡੇ ਨੂੰ ਹੌਸਲਾ ਦਿੱਤਾ।

"ਓਏ ਰਾਜਬੀਰ, ਤੇਰੀ ਮੱਤ ਮਾਰੀ ਐ?" ਤੇਜਾ ਸਿੰਘ ਇੱਕ ਤਰ੍ਹਾਂ ਮੁੰਡੇ ਨੂੰ ਘੂਰ ਰਿਹਾ ਸੀ।

"ਬਾਪੂ ਜੀ! ਮੈਂ ਤੁਹਾਡੀ ਰਾਏ ਤੋਂ ਬਾਹਰ ਨਹੀਂ ਜਾਵਾਂਗਾ, ਪਰ ਇਹ ਸਾਰੀ ਜ਼ਿੰਦਗੀ ਜਿਉਣ ਦਾ ਮਸਲਾ ਹੈ।" ਉਸ ਕੈਪਟਨ ਵੱਲ ਮੂੰਹ ਫੇਰਿਆ। "ਅਸਾਂ ਇਸ ਤਰ੍ਹਾਂ ਇੱਕ-ਦੂਜੇ ਨੂੰ ਵੇਖ ਲਿਆ, ਜਿਵੇਂ ਮੂਰਤਾਂ ਵੇਖੀ ਦੀਆਂ ਹਨ। ਮਨ ਤਾਂ ਸਾਡੇ ਮੁੱਠੀ ਬੰਦ ਹੀ ਰਹੇ।" ਉਹ ਦੋਵੇਂ ਮੁੱਠਾਂ ਮੀਚ ਗਿਆ।

"ਠੀਕ ਐ ਪੁੱਤਰਾ, ਮੈਂ ਤੇਰੀ ਖ਼ਾਹਿਸ਼ ਸਮਝ ਲਈ।" ਉਸ ਹੱਥ ਧੋਂਦੀ ਹਰਸ਼ਰਨ ਨੂੰ ਆਖਿਆ। "ਬੇਟੀ ਸ਼ਰਨ, ਤੂੰ ਰਾਜ ਨਾਲ ਜਾਹ, ਬਾਜ਼ਾਰ ਘੁੰਮ ਆਵੇਂ ਜਾਂ ਦਰਬਾਰ ਸਾਹਿਬ ਮੱਥਾ ਟੇਕ ਆਵੇਂ। ਆਪਣੇ ਮਨ ਦੀਆਂ ਗੱਲਾਂ ਖੋਲ੍ਹ ਕੇ ਕਰਨੀਆਂ। ਸਾਨੂੰ ਤੂੰ ਰਾਜ ਓਪਰਾ ਨਹੀਂ।" ਨਸੀਬ ਨੇ ਰਾਜਬੀਰ ਦਾ ਮੋਢਾ ਪਿਆਰ ਨਾਲ ਥਾਪੜਿਆ।

ਹਰਸ਼ਰਨ ਰਾਜਬੀਰ ਨਾਲ ਇਉਂ ਤੁਰ ਪਈ, ਜਿਵੇਂ ਲੰਮੇ ਬੁਖ਼ਾਰ ਤੋਂ ਉੱਠੀ ਹੋਵੇ। ਉਸ ਇਸ ਤਰ੍ਹਾਂ ਸੋਚਿਆ ਹੀ ਨਹੀਂ ਸੀ। ਉਸ ਮੁੰਡੇ ਪਿੱਛੇ ਪੌੜੀਆਂ ਉਤਰਦਿਆਂ ਇੱਕ ਵਾਰ ਮਾਂ ਵੱਲ ਮੁੜ ਵੇਖਿਆ। ਮਾਂ ਨੇ ਹੱਥ ਹਿਲਾ ਕੇ ਹੌਸਲਾ ਦਿੱਤਾ।

"ਕਿੱਧਰ ਨੂੰ ਚੱਲੀਏ?" ਪੌੜੀਆਂ ਉਤਰ ਕੇ ਰਾਜਬੀਰ ਨੇ ਪੁੱਛਿਆ।

"ਜਿੱਧਰ ਮਰਜ਼ੀ ਲੈ ਚੱਲੋ।" ਕੁੜੀ ਨੇ ਉਸ ਨੂੰ ਮਨ ਨਾਲ ਆਪਣਾ ਬੰਦਾ ਮੰਨ ਲਿਆ ਸੀ। ਉਹਦੇ ਛੋਟੇ ਜਿੰਨੇ ਜਵਾਬ ਨਾਲ ਉਹ ਪੈਰਾਂ ਤੱਕ ਹਿੱਲ ਗਿਆ।

ਉਹ ਦੋਵੇਂ ਬਾਜ਼ਾਰ ਵਿਚ ਬਰਾਬਰ ਤੁਰ ਰਹੇ ਸਨ।

"ਤੈਨੂੰ ਮੇਰਾ ਇਸ ਤਰ੍ਹਾਂ ਮਿਲਣਾ ਬੁਰਾ ਤਾਂ ਨਹੀਂ ਲੱਗਾ?"

"ਨਹੀਂ, ਬੁਰਾ ਨਹੀਂ ਲੱਗਾ। ਰੁਪਈਆ ਖ਼ਰਾ-ਖੋਟਾ ਟੁਣਕਾ ਕੇ ਜੇਬ੍ਹ ਵਿਚ ਪਾਉਣਾ ਚਾਹੀਦਾ ਹੈ। ਤੁਸੀਂ ਕੋਈ ਬੁਰਾ ਨਹੀਂ ਸੋਚਿਆ।" ਕੁੜੀ ਨੇ ਹਾਲੇ ਤੱਕ ਸੰਜੀਦਗੀ ਨਹੀਂ ਛੱਡੀ ਸੀ।

"ਬਸ, ਇਹੋ ਜਾਣਨਾ ਸੀ, ਪਰ ਮੈਂ ਹਾਲੇ ਵੀ ਹੀਣ ਭਾਵਨਾ ਦਾ ਫੜਿਆ ਹੋਇਆ ਆਂ। ਤੇਰੇ ਮਾਂ-ਬਾਪ ਸ਼ਾਇਦ ਮੈਨੂੰ ਹੋਛਾ ਸਮਝਣ।" ਰਾਜ ਚਾਹੁੰਦਾ ਸੀ, ਹਰਸ਼ਨ ਪੂਰੀਆਂ ਅੱਖਾਂ ਖੋਲ੍ਹ ਕੇ ਉਹਦੇ ਦਿਲ ਤੱਕ ਉਤਰੇ। "ਮੈਂ ਇਸ ਲਈ ਤੈਨੂੰ ਬਾਹਰ ਲੈ ਕੇ ਆਇਆ ਆਂ, ਕਿਤੇ ਤੇਰੇ ਨਾਲ ਬੇਇਨਸਾਫ਼ੀ ਤਾਂ ਨਹੀਂ ਹੋ ਰਹੀ?"

ਕੁੜੀ ਨੇ ਸਿਰ ਚੁੱਕ ਕੇ ਰਾਜਬੀਰ ਨੂੰ ਤੱਕਿਆ।

"ਨਾ, ਕੋਈ ਬੇਇਨਸਾਫ਼ੀ ਨਹੀਂ। ਮੇਰੇ ਮਾਂ-ਬਾਪ ਮੇਰੇ ਲਈ ਚੰਗਾ ਹੀ ਸੋਚਣਗੇ। ਜਿਸ ਨੂੰ ਆਪਣਾ ਬਣਾਉਣਾ ਹੋਵੇ; ਉਸ ਨੂੰ ਹੋਛਾ ਕਿਵੇਂ ਸਮਝਿਆ ਜਾ ਸਕਦਾ ਏ, ਮੇਰੇ ਮਾਂ-ਬਾਪ ਐਨੇ ਕਮਜ਼ੋਰ ਦਿਲ ਨਹੀਂ।" ਸੋਚਾਂ ਵਿਚ ਆਈ ਕੁੜੀ ਮੁੰਡੇ ਨਾਲੋਂ ਦੋ ਕਦਮਾਂ ਪਿਛਾਂਹ ਹੋ ਜਾਂਦੀ, ਮੁੜ ਹੰਭਲਾ ਮਾਰ ਕੇ ਬਰਾਬਰ ਆ ਜਾਂਦੀ।

"ਦਰਬਾਰ ਸਾਹਿਬ ਹੀ ਚੱਲਦੇ ਆਂ।" ਰਾਜਬੀਰ ਸੋਚ ਰਿਹਾ ਸੀ, ਕਿਹੜੀ ਗੱਲ ਤੋਰਾਂ। ਭਾਵੇਂ ਏਸ ਦਸਵੀਂ ਕੀਤੀ ਐ; ਜਵਾਬ ਬੜੇ ਸਿੱਕੇ ਬੰਦ ਦੇਂਦੀ ਐ। ਖਿਆਲ ਐ, ਚੰਗੀ ਲੰਘ ਜਾਵੇਗੀ। ਇਹ ਲਿਹਾਜਦਾਰੀ ਵਿਚ ਮਿਲਿਆ ਸਾਕ ਐ, ਪਰ ਉਹ ਕਾਲਜ ਵਾਲੀ ਸ਼ੀਲੋ? ਟੋਏ ਵਿਚ ਪੈਰ ਪੈ ਜਾਣ ਕਾਰਨ ਉਹ ਔਖੜਦਾ ਮਸਾਂ ਬਚਿਆ। ਅਸਲ ਵਿਚ ਉਸ ਨੂੰ ਹਰਸ਼ਰਨ ਨੇ ਬੋਚ ਲਿਆ ਸੀ। ਸ੍ਰੀ ਅਕਾਲ ਤਖ਼ਤ ਦੀਆਂ ਖੱਬੀਆਂ ਪੌੜੀਆਂ ਉਤਰ ਕੇ ਉਹ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਆ ਗਏ। ਖੂੰਜੇ ਦੀ ਛਾਂ ਵੇਖ ਕੇ ਫ਼ਰਸ਼ 'ਤੇ ਬਹਿ ਗਏ। ਮਈ ਮਹੀਨੇ ਦੀ ਗਰਮੀ ਸਵੇਰੇ ਹੀ ਸ਼ੁਰੂ ਹੋ ਜਾਂਦੀ ਸੀ। ਗੱਲ ਕਰਨ ਤੋਂ ਪਹਿਲਾਂ ਮੁੰਡਾ ਹੱਸ ਪਿਆ।

"ਤੂੰ ਇਹ ਕਿਉਂ ਨਹੀਂ ਪੁੱਛਦੀ, ਮੈਂ ਕਿਸੇ ਕਾਲਜ ਦੀ ਕੁੜੀ ਨਾਲ.....।" ਉਸ ਸਮਝਣ ਲਈ ਗੱਲ ਅਧੂਰੀ ਛੱਡ ਦਿੱਤੀ।

"ਮੈਂ ਕਿਉਂ ਸੋਚਾਂ ਇਸ ਤਰ੍ਹਾਂ।" ਉਸ ਰਾਜਬੀਰ ਦਾ ਚਿਹਰਾ ਪੜਤਾਲਣਾ ਸ਼ੁਰੂ ਕਰ ਦਿੱਤਾ।

"ਜਵਾਨ ਉਮਰ ਦੇ ਜਜ਼ਬੇ ਕਈ ਵਾਰ ਆਪ-ਮੁਹਾਰੇ ਹੋ ਜਾਂਦੇ ਹਨ। ਅੱਖਾਂ ਤੱਤੀਆਂ ਕਰਨੋਂ ਨਹੀਂ ਹਟਦੇ।"

"ਜੇ ਤੁਹਾਡਾ ਕਿਤੇ ਦਿਲ ਹੈ; ਸਾਫ਼ ਕਹਿ ਦੇਵੋ, ਤੁਹਾਨੂੰ ਸ਼ਰਮਿੰਦਾ ਨਹੀਂ ਕਰਾਂਗੀ। ਮਾਪਿਆਂ ਸਾਹਮਣੇ ਆਪ ਨਾਂਹ ਕਰ ਦੇਵਾਂਗੀ।" ਕੁੜੀ ਦਾ ਦਿਲ ਅੰਦਰੋਂ ਕੰਬ ਗਿਆ।

"ਤੂੰ ਤਾਂ ਬਹੁਤ ਹੀ ਬਹਾਦਰ ਕੁੜੀ ਏਂ; ਹਰ ਤਰ੍ਹਾਂ ਦੀ ਕੁਰਬਾਨੀ ਕਰ ਜਾਣ ਵਾਲੀ।" ਉਸ ਹਾਉਕਾ ਭਰ ਕੇ ਅੱਖਾਂ ਮੀਟ ਲਈਆਂ। "ਚੱਲ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਆਈਏ। ਮੈਂ ਤੇਰੀ ਉਮਰ ਭਰ ਬਾਂਹ ਨਹੀਂ ਛੱਡਾਂਗਾ। ਤੂੰ ਤਾਂ ਸਿਦਕਵਾਨ ਸਿੱਪ ਦਾ ਮੋਤੀ ਏਂ।" ਫੇਰ ਉਹ ਹੋਰ ਕਹਿ ਗਿਆ। "ਕਾਲਜ ਵਿਚ ਕਲਾਸ ਫੈਲੋ ਕੁੜੀਆਂ ਨਾਲ ਖਹਿ-ਮਖਹਿ ਚੱਲਦੀ ਹੀ ਰਹਿੰਦੀ ਐ। ਉੱਥੇ ਕਮਚਾਲਾ ਹੋ ਕੇ ਗੁਜ਼ਾਰਾ ਨਹੀਂ ਹੁੰਦਾ। ਨਹੀਂ ਤਾਂ ਬੁੱਧੂ ਨਾਥ ਬਣਨਾ ਪੈਂਦਾ ਹੈ। ਤੂੰ ਕੋਈ ਐਸਾ-ਵੈਸਾ ਖਿਆਲ ਨਾ ਦਿਲ ਵਿਚ ਲੈ ਆਵੀਂ।"

ਰਾਜਬੀਰ ਦੇ ਤਸੱਲੀ ਦੇਣ 'ਤੇ ਵੀ ਹਰਸ਼ਰਨ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਵੇਖ ਰਹੀ ਸੀ। ਇਹ ਕਿਹੋ ਜਿਹੀਆਂ ਗੱਲਾਂ ਕਰਦੇ ਐ। ਉਨ੍ਹਾਂ ਦੇ ਕੋਲੋਂ ਦੀ ਗਲ ਪਿਸਤੌਲ ਪਾਈ, ਖੱਟਾ-ਦੁਪੱਟਾ ਸਿਰ ਸਜਾਈ, ਇੱਕ ਨੌਜਵਾਨ ਦੋ ਵਾਰ ਲੰਘਿਆ। ਰਾਜਬੀਰ ਠੰਢੀ ਰੜਕ ਨਾਲ ਬੋਲਿਆ:

"ਕਿਉਂ ਸਿੰਘਾ, ਕਸੂਤਾ ਜਿਹਾ ਝਾਕਦਾ ਏਂ, ਖੈਰ ਐ?"

"ਨਾ ਬਾਊ, ਕਸੂਤੀ ਨਜ਼ਰ ਕਿਉਂ ਵੇਖਣਾ ਏ, ਮੌਜ ਕਰੋ।" ਸਿੰਘ ਨੇ ਚੋਟ ਕਰਕੇ ਅੱਗੇ ਲੰਘਦਿਆਂ ਪਿਛਾਂਹ ਭੌਂ ਕੇ ਨਾ ਵੇਖਿਆ।

ਹਰਸ਼ਰਨ ਨੇ ਰਾਜਬੀਰ ਨੂੰ ਕੁਝ ਵੀ ਕਹਿਣੋਂ ਹੱਥ ਚੁੱਕ ਕੇ ਰੋਕ ਦਿੱਤਾ, ਪਰ ਉਹ ਉਸ ਨੂੰ ਗਲੋਂ ਫੜਨਾ ਚਾਹੁੰਦਾ ਸੀ। ਉਨ੍ਹਾਂ ਸਹਿਜ ਸਹਿਜ ਤੁਰਦਿਆਂ ਦਰਸ਼ਨੀ ਡਿਉਢੀ ਮੱਥਾ ਆ ਟੇਕਿਆ। ਡਿਉਢੀ ਦੀ ਧੂੜ ਮੱਥੇ ਨੂੰ ਲਾਈ ਤੇ ਸ੍ਰੀ ਦਰਬਾਰ ਸਾਹਿਬ ਵੱਲ ਹੱਥ ਜੋੜ ਕੇ ਤੁਰ ਪਏ। ਸੇਵਾਦਾਰਾਂ ਬਿਨਾਂ ਉੱਥੇ ਕੋਈ ਨਹੀਂ ਸੀ। ਦੋਹਾਂ ਬਰਾਬਰ ਮੱਥਾ ਜਾ ਟੇਕਿਆ। ਪ੍ਰਸ਼ਾਦ ਲਿਆ ਤੇ ਬਾਹਰ ਆ ਗਏ। ਪ੍ਰਸ਼ਾਦ ਛਕਣ ਪਿੱਛੋਂ ਮੁੰਡਾ ਬੋਲਿਆ।

"ਲੈ ਬਈ ਮਹਾਰਾਣੀ ਮੇਰਾ ਤਾਂ ਹਰੀ ਦੀ ਸ਼ਰਣ ਆ ਕੇ ਵਿਆਹ ਹੋ ਗਿਆ, ਤੂੰ ਜਦੋਂ ਮਰਜ਼ੀ ਲਾਵਾਂ ਲੈ ਲਵੀਂ।"

"ਤੁਹਾਡਾ ਵਿਆਹ ਰਾਜਾ ਸਾਹਿਬ ਮੇਰੇ ਬਿਨਾਂ ਹੀ ਹੋ ਗਿਆ।" ਕੁੜੀ ਨੇ ਉੱਤਰ ਚੋਟ ਵਿਚ ਬਦਲ ਦਿੱਤਾ।

"ਬੱਸ, ਮੈਨੂੰ ਜੋ ਚਾਹੀਦੀ ਸੀ, ਮਿਲ ਗਈ, ਗੁਰੂ ਨੇ ਬਖ਼ਸ਼ ਦਿੱਤੀ। ਉਸ ਦਾ ਤੇ ਤੇਰਾ ਬਹੁਤ ਬਹੁਤ ਧੰਨਵਾਦ!" ਹਰਸ਼ਰਨ ਉਸ ਦੇ ਧੰਨਵਾਦ 'ਤੇ ਹੱਸ ਪਈ। "ਆਪਣੇ ਮਾਂ-ਬਾਪ ਦਾ ਵੀ ਸ਼ੁਕਰੀਆ, ਜਿਨ੍ਹਾਂ ਮੋਤੀ ਮੇਰੇ ਗਲ਼ ਪਾ ਦਿੱਤਾ। ਬਹੁਤਾ ਬੇ ਜੀ ਦਾ। ਮੈਨੂੰ ਫ਼ੌਜੀ ਬਾਪੂਆਂ ਨਾਲੋਂ ਉਹ ਬੇਹੱਦ ਸਿਆਣੀ ਜਾਪੀ ਐ। ਹਾਂ ਤੂੰ ਵੀ ਤਾਂ ਉਹਦੀ ਧੀ ਏਂ, ਪਟਾਕਾ ਜਵਾਬ ਦੇਣ ਵਾਲੀ।"

"ਬਸ ਕਰੋ ਜੀ, ਹੋਰ ਫੂਕ ਨਾ ਭਰੋ, ਨਹੀਂ ਭਕਾਨਾ ਪਾਟ ਜਾਵੇਗਾ।'

ਉਹ ਜੱਕੜ ਮਾਰਦੇ ਬਾਜ਼ਾਰ ਆ ਗਏ।

"ਹੱਛਾ ਦੱਸ, ਕੀ ਖਾਣਾ ਏਂ?" ਉਹ ਹਰਸ਼ਰਨ ਨੂੰ ਰਜਾਉਣਾ ਚਾਹੁੰਦਾ ਸੀ।

"ਚਾਹ ਤਾਂ ਹੁਣ ਪੀ ਕੇ ਆਏ ਆਂ, ਹੋਰ ਕੀ ਖਾਣਾ-ਪੀਣਾ ਏ।" ਹਰਸ਼ਰਨ ਹਾਲੇ ਵੀ ਹਰ ਤਰ੍ਹਾਂ ਦੀ ਸੰਕੋਚ ਵਿਚੋਂ ਨਹੀਂ ਨਿਕਲੀ ਸੀ।

"ਨਹੀਂ, ਮੇਰੀ ਰੀਝ ਏ ਤੂੰ ਕੁਝ ਖਾਵੇਂ, ਪੀਵੇਂ ਤੇ ਪਹਿਨੇ।"

"ਮੈਂ ਸਾਦਾ ਸੁਭਾਅ ਰਹਿਣ ਵਾਲੀ ਕੁੜੀ ਆਂ। ਮੈਨੂੰ ਕੁਝ ਨਹੀਂ ਚਾਹੀਦਾ।" ਉਸ ਸਿਰ ਫੇਰ ਦਿੱਤਾ।

"ਇੱਕ ਗੱਲ ਤਾਂ ਜ਼ਬਰਦਸਤੀ ਮਨਾਊਂਗਾ।" ਉਹ ਮੁਸਕਰਾ ਰਿਹਾ ਸੀ।

"ਹੁਣੇ ਈ ਜ਼ਬਰਦਸਤੀਆਂ ਕਰਨ ਲੱਗ ਪਏ, ਅਗਾਂਹ ਕਿਵੇਂ ਲੰਘੇਗੀ।" ਹਰਸ਼ਰਨ ਨੇ ਮੁੜ ਚੋਟ ਖੜ੍ਹੀ ਕਰ ਦਿੱਤੀ।

ਉਹ ਮਾਈ ਸੇਵਾ ਬਾਜ਼ਾਰ ਵਿਚ ਵਾਹਵਾ ਅੱਗੇ ਲੰਘ ਆਏ।

"ਵੇਖ ਸਾਥੀ ਦਾ ਦਿਲ ਨਹੀਂ ਤੋੜੀਦਾ, ਮੇਰੀ ਖੁਸ਼ੀ ਲਈ ਆ ਜਾਹ।" ਉਹ ਇੱਕ ਦੁਕਾਨ ਵਿਚ ਵੜ ਗਿਆ। ਉਹ ਹਾਥੀ ਦੰਦ ਦੀ ਨਿਕਾਸ਼ੀ ਦੀ ਦੁਕਾਨ ਸੀ। "ਮੈਂ ਚਾਹੁੰਦਾ ਆਂ, ਤੂੰ ਹਾਥੀ ਦੰਦ ਦੀ ਮਨਪਸੰਦ ਕੈਂਠੀ ਖਰੀਦ ਲਵੇਂ। ਸੋਨੇ ਦੀ ਤਾਂ ਹਾਲੇ ਮੈਂ ਲੈ ਕੇ ਦੇ ਨਹੀਂ ਸਕਦਾ, ਕਮਾਉਣ ਨਹੀਂ ਲੱਗਾ।"

"ਮੈਨੂੰ ਗਹਿਣਿਆਂ ਦਾ ਕੋਈ ਸ਼ੌਕ ਨਹੀਂ; ਤੁਸੀਂ ਯਕੀਨ ਕਿਉਂ ਨਹੀਂ ਕਰਦੇ।" ਉਸ ਸ਼ੀਸ਼ੇ ਵਾਲੇ ਬਕਸੇ ਵੱਲ ਝਾਤ ਵੀ ਮਾਰੀ; ਜਿੱਥੇ ਕੈਂਠੀਆਂ ਸਜਾ ਕੇ ਰੱਖੀਆਂ ਸਨ। ਦੁਕਾਨਦਾਰ ਝੱਟ ਬਕਸੇ ਦੇ ਦੂਜੇ ਪਾਸੇ ਆ ਖਲੋਤਾ।

"ਬੋਲੋ ਬੀਬਾ ਜੀ, ਕਿਹੜੀ ਪਸੰਦ ਏ?"

"ਬਈ ਇਹ ਤਾਂ ਗੂੰਗੀ ਏ। ਤੂੰ ਆਹ ਵਿਚਕਾਰਲੀ ਵਿਖਾ?" ਰਾਜਬੀਰ ਨੇ ਹਾਰ ਦੇ ਸੇਧ ਸ਼ੀਸ਼ੇ 'ਤੇ ਉਂਗਲ ਰੱਖ ਦਿੱਤੀ।

ਦੁਕਾਨਦਾਰ ਨੇ ਬਕਸੇ ਦੇ ਹੇਠਾਂ ਦੀ ਹੱਥ ਪਾ ਕੇ ਕੈਂਠੀ ਸ਼ੀਸ਼ੇ 'ਤੇ ਗੋਲ ਦਾਇਰੇ ਵਿਚ ਰੱਖ ਦਿੱਤੀ।

"ਸਰਦਾਰ ਜੀ, ਤੁਹਾਡੀ ਪਰਖ਼ ਕਮਾਲ ਏ।" ਦੁਕਾਨਦਾਰ ਗਾਹਕ ਦੀ ਸਿਫ਼ਤ ਕਰ ਰਿਹਾ ਸੀ।

"ਮੈਨੂੰ ਜੀ ਕੈਂਠੀ ਨਹੀਂ ਚਾਹੀਦੀ।" ਹਰਸ਼ਰਨ ਨੇ ਮੁੜ ਨਾਂਹ ਕਰ ਦਿੱਤੀ।

"ਬੀਬੀ ਜੀ, ਤੁਸੀਂ ਪਹਿਨ ਕੇ ਤਾਂ ਵੇਖੋ ਇੱਕ ਵਾਰ।" ਦੁਕਾਨਦਾਰ ਮੰਦੇ ਕਾਰਨ ਗਾਹਕ ਜਾਣ ਨਹੀਂ ਦੇਣਾ ਚਾਹੁੰਦਾ ਸੀ। ਬਾਜ਼ਾਰ ਸੁੰਨਾ ਪਿਆ ਸੀ। ਕੋਈ ਗਾਹਕ ਹੀ ਨਹੀਂ ਬਹੁੜ ਰਿਹਾ ਸੀ।

ਰਾਜਬੀਰ ਨੇ ਮੱਲੋ-ਮੱਲੀ ਕੈਂਠੀ ਉਹਦੇ ਗਲ ਪਾ ਕੇ ਪਿੱਛੋਂ ਬੀੜਾ ਕਸ ਦਿੱਤਾ।

"ਕਿਆ ਬਾਤ ਏ।" ਫਿਰ ਮੁੰਡਾ ਆਪ ਹੀ ਪ੍ਰਸੰਸਾ ਕਰਨ ਲੱਗ ਪਿਆ। "ਕੀਮਤ ਦੱਸੋ ਜੀ?" ਉਸ ਦੁਕਾਨਦਾਰ ਨੂੰ ਪੁੱਛਿਆ।

"ਵੈਸੇ ਸਰਦਾਰ ਜੀ ਤੋਹਫ਼ੇ ਦੀ ਕੋਈ ਕੀਮਤ ਨਹੀਂ ਹੁੰਦੀ। ਲੋਕਾਂ ਪਾਸੋਂ ਦੋ ਸੌ ਲੈਂਦੇ ਆਂ, ਮੰਦੇ ਕਾਰਨ ਤੁਹਾਡੇ ਕੋਲੋਂ ਡੇਢ ਸੌ ਲੈ ਲਵਾਂਗੇ।"

"ਕੁਝ ਗੁੰਜਾਇਸ਼?"

"ਹੋਰ ਦਸ ਘੱਟ ਦੇ ਦਿਓ।"

"ਮੈਂ ਨਹੀਂ ਐਨੀ ਮਹਿੰਗੀ ਲੈਣੀ", ਹਰਸ਼ਰਨ ਕੈਂਠੀ ਗਲੋਂ ਲਾਹੁਣਾ ਚਾਹੁੰਦੀ ਸੀ, ਪਰ ਉਸ ਤੋਂ ਧੌਣ ਪਿਛਲਾ ਬੀੜਾ ਨਹੀਂ ਖੁੱਲ੍ਹਦਾ ਸੀ।

"ਬੀਬੀ ਇਹਦੇ ਵਿਚ ਗੁਲਾਬ ਦੇ ਫੁੱਲ ਕੁਰੇਦੇ ਹੋਏ ਐ। ਇਹ ਤੁਹਾਨੂੰ ਪੰਜਾਬ ਵਿਚ ਕਿਤੋਂ ਨਹੀਂ ਮਿਲੇਗਾ।"

"ਮੇਰਾ ਖਿਆਲ ਐ ਮਹਿਕ ਵੀ ਆਉਂਦੀ ਹੋਵੇਗੀ।" ਰਾਜਬੀਰ ਨੇ ਚੋਟ ਮਾਰੀ ਤੇ ਇੱਕ ਸੌ ਚਾਲ੍ਹੀ ਸ਼ੀਸ਼ੇ ਦੇ ਬਕਸੇ 'ਤੇ ਧਰ ਦਿੱਤੇ।

ਦੁਕਾਨਦਾਰ ਨੇ ਨੋਟ ਚੁੱਕ ਕੇ ਮੱਥੇ ਨੂੰ ਲਾਏ।

"ਨਾਲ ਈਮਾਨ ਦੇ, ਕੱਲ ਦੀ ਇੱਕ ਦੁਆਨੀ ਨਹੀਂ ਵੱਟੀ, ਪਰਸੋਂ ਪੰਜਾਹ ਵੱਟੇ ਸਨ ਜਾਂ ਅੱਜ ਤੁਹਾਡੀ ਬੋਹਣੀ ਕੀਤੀ ਏ।" ਦੁਕਾਨਦਾਰ ਦਾ ਮਾਯੂਸ ਮੂੰਹ ਦੱਸਦਾ ਸੀ, ਉਹ ਝੂਠ ਨਹੀਂ ਬੋਲਦਾ।

"ਯਾਰ ਐਨੀ ਸੁੰਨਸਾਨ ਬਾਜ਼ਾਰ ਵਿਚ, ਜਿੱਥੇ ਹਿੱਕ ਨਾਲ ਹਿੱਕ ਭਿੜਦੀ ਸੀ। ਆਖ਼ਰ ਗੱਲ ਕੀ ਹੋ ਗਈ?" ਰਾਜਬੀਰ ਆਪ ਹੈਰਾਨ ਸੀ।

"ਸਰਦਾਰ ਜੀ ਕੀ ਆਖੀਏ। ਸੱਚ ਆਖਿਆਂ ਜ਼ਬਾਨ ਠਾਕੀਦੀ ਏ। ਕਿਰਪਾਨਾਂ ਵਾਲੇ ਸਿੰਘ ਆਉਂਦੇ ਐ, ਜੋ ਹੱਥ ਲੱਗਦਾ ਏ, ਚੁੱਕ ਕੇ ਲੈ ਜਾਂਦੇ ਹਨ। ਇੱਕ ਦਿਨ ਰੁਪਇਆ ਟੱਕਾ ਵੱਟਿਆ ਨਹੀਂ ਸੀ, ਮੇਰੀ ਘੜੀ ਹੀ ਗੁੱਟ ਤੋਂ ਲਾਹ ਕੇ ਲੈ ਗਏ। ਕੀਹਦੇ ਕੋਲ ਫਰਿਆਦ ਕਰੀਏ। ਅੰਮ੍ਰਿਤਸਰ ਤਾਂ ਗਰਕਣ 'ਤੇ ਆ ਗਿਆ ਏ।" ਦੁਕਾਨਦਾਰ ਧਾਹ ਮਾਰਨ ਵਾਲਾ ਹੋਇਆ ਪਿਆ ਸੀ।

"ਤੁਸੀਂ ਸੰਤ ਭਿੰਡਰਾਂ ਵਾਲੇ ਨੂੰ ਕਿਉਂ ਨਹੀਂ ਕਹਿੰਦੇ ਕਿ ਤੁਹਾਡੇ ਬੰਦੇ ਧਾੜੇ ਮਾਰ ਰਹੇ ਐ ਦਿਨੇ ਹੀ।" ਰਾਜਬੀਰ ਨੂੰ ਇਸ ਅਣਹੋਣੀ 'ਤੇ ਗੁੱਸਾ ਆ ਰਿਹਾ ਸੀ।

"ਸਰਦਾਰ ਜੀ ਇਸ ਨੂੰ ਏਥੇ ਈ ਢੱਕੀ ਰਹਿਣ ਦਿਓ। ਵਾਹ ਪਏ ਜਾਣੀਏ ਜਾਂ ਰਾਹ ਪਏ।" ਦੁਕਾਨਦਾਰ ਗੰਜਾ ਸਿਰ ਖੁਰਕਣ ਲੱਗ ਪਿਆ।

"ਬਹੁਤ ਮਾੜੀ ਗੱਲ, ਨਤੀਜੇ ਚੰਗੇ ਨਹੀਂ ਨਿਕਲਣੇ।" ਰਾਜਬੀਰ ਹਰਸ਼ਰਨ ਦੀ ਬਾਂਹ ਫੜ ਕੇ ਦੁਕਾਨ ਤੋਂ ਲਹਿ ਪਿਆ। "ਵੇਖ ਕਿੰਨੀ ਸੁਹਣੀ ਹੋ ਗਈ ਏਂ।" ਉਹ ਉਸ ਨੂੰ ਵੇਖ ਕੇ ਮੁਸਕਰਾ ਪਿਆ।

"ਗਹਿਣੇ ਪਾ ਕੇ ਕੋਈ ਸੁਹਣਾ ਹੋ ਜਾਂਦਾ ਏ?"

"ਜ਼ਨਾਨੀ ਦੀ ਖ਼ਾਹਿਸ਼ ਹੁੰਦੀ ਐ।"

"ਮੈਂ ਉਨ੍ਹਾਂ ਜ਼ਨਾਨੀਆਂ ਵਿਚੋਂ ਨਹੀਂ। ਮੇਰੀ ਚਾਹ ਹੈ, ਤੁਹਾਡੇ ਵੀ ਕੋਈ ਗਹਿਣਾ ਨਾ ਹੋਵੇ।"

"ਬੱਲੇ ਕਮਾਲਾਂ, ਤੂੰ ਠੀਕ ਸੋਚਦੀ ਏਂ।" ਰਾਜਬੀਰ ਦੀ ਦਿਲ ਦੀ ਹੋ ਗਈ ਸੀ।

ਦੋਵੇਂ ਪ੍ਰਸੰਨਚਿੱਤ, ਖ਼ਾਲੀ ਬਾਜ਼ਾਰ ਵਿਚ ਆਪੂੰ ਭਰੇ ਭਰੇ ਡੇਰੇ ਨੂੰ ਵਾਪਸ ਜਾ ਰਹੇ ਸਨ।

ਵੀਹਵਾਂ ਕਾਂਡ

ਇੱਕ ਵਾਰ ਸੰਤ ਜਰਨੈਲ ਸਿੰਘ ਇੱਕ ਸਰਹੱਦੀ ਪਿੰਡ ਗਏ। ਉੱਥੇ ਉਨ੍ਹਾਂ ਦਾ ਇੱਕ ਸ਼ਰਧਾਲੂ ਤਾਰਾ ਸਿੰਘ ਰਿਟਾਇਰਡ ਫ਼ੌਜੀ ਰਹਿੰਦਾ ਸੀ। ਸੰਤਾਂ ਦੇ ਬਿਨਾਂ ਦੱਸੇ ਆਉਣ ਨਾਲ ਘਰ ਵਾਲਿਆਂ ਨੂੰ ਚਾਅ ਚੜ੍ਹ ਗਿਆ। ਫ਼ੌਜੀ ਨੀਵਾਂ ਹੋ ਕੇ ਸੰਤਾਂ ਦੇ ਪੈਰਾਂ ਨੂੰ ਔਹਲਿਆ। ਸੰਤ ਹੋਰ ਪਿਛਾਂਹ ਹਟ ਗਏ।

"ਸਿੰਘੋ। ਤੁਹਾਨੂੰ ਕਿੰਨੀ ਵਾਰ ਆਖਿਆ ਏ, ਪੈਰੀਂ ਹੱਥ ਲਾਉਣਾ ਮਨਮਤ ਹੈ; ਹਿੰਦੂ ਪਰੰਪਰਾ ਹੈ। ਸਿੰਘ, ਸਿੰਘ ਨੂੰ ਫ਼ਤਹਿ ਬੁਲਾਵੇ; ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ। ਇਹ ਸਾਡੇ ਗੁਰੂ ਦਾ ਫ਼ੁਰਮਾਨ ਐ।"

ਫ਼ੌਜੀ ਦੀ ਧੀ ਨੇ ਕੁਰਸੀ ਲਿਆਂਦੀ ਅਤੇ ਝਾੜ ਕੇ ਉਸ 'ਤੇ ਗੱਦੀ ਰੱਖ ਦਿੱਤੀ।

"ਬੇਟੀ ਖੰਡ ਪਾ ਕੇ ਦੁੱਧ ਲਾਹ ਲਿਆ, ਸੰਤ ਚਾਹ ਨਹੀਂ ਛਕਦੇ।" ਫ਼ੌਜੀ ਨੇ ਧੀ ਨੂੰ ਆਦੇਸ਼ ਦਿੱਤਾ।

"ਭਾਈ ਤਾਰਾ ਸਿੰਘ ਦੁੱਧ ਨੂੰ ਤਾਂ ਰਹਿਣ ਦੇ। ਸਾਨੂੰ ਇਹ ਦੱਸ ਤੇਰੇ ਕਿੰਨੇ ਮੁੰਡੇ ਹਨ?" ਸੰਤਾਂ ਕੁਰਸੀ 'ਤੇ ਬਹਿਣ ਸਾਰ ਸਵਾਲ ਪਾ ਦਿੱਤਾ।

"ਜੀ ਤੁਹਾਡੀ ਕ੍ਰਿਪਾ ਨਾਲ ਦੋ ਹਨ। ਸੁਹਣਾ ਕੰਮ-ਧੰਦਾ ਕਰੀ ਜਾਂਦੇ ਹਨ।"

"ਤੂੰ ਹੁਣ ਵਿਹਲੀਆਂ ਖਾਂਦਾ ਏਂ?" ਸੰਤ ਮਖ਼ੌਲ ਕਰਕੇ ਹੱਸ ਪਏ।

"ਲਓ ਜੀ ਵਿਹਲੀਆਂ ਕਿੱਥੇ। ਤੇਈ ਵਰ੍ਹੇ ਫ਼ੌਜ ਵਿਚ ਹੱਡ-ਗੋਡੇ ਰਗੜਾਏ। ਪੈਂਹਠ ਦੀ ਜੰਗ ਵਿਚ ਮਰਦਾ-ਮਰਦਾ ਮਸਾਂ ਬਚਿਆ। ਪੈਨਸ਼ਨ ਲੈ ਕੇ ਘਰ ਆਇਆ ਹਾਂ। ਅਜੇ ਵਿਹਲੀਆਂ ਖਾਂਦਾ ਆਂ।" ਫ਼ੌਜੀ ਨੇ ਤਿੜ ਕੇ ਆਪਣੀ ਕਾਰਗੁਜ਼ਾਰੀ ਦੱਸੀ।

"ਹੁਣ ਤਾਂ ਕੁਝ ਨਹੀਂ ਕਰਦਾ ਨਾਅ?"

"ਤੁਸੀਂ ਹੁਕਮ ਕਰੋ, ਲਾਹੌਰ ਨੂੰ ਜਾਵਾਂ, ਹਾਲੇ ਤਾਂ ਦੇਹ ਚੱਲਦੀ ਐ।" ਤਾਰਾ ਸਿੰਘ ਚੜ੍ਹਦੀ ਕਲਾ ਵਿਚ ਸੀ।

"ਸਾਨੂੰ ਲੱਗਦਾ ਏ, ਇੰਦਰਾ ਮੱਲੋਮੱਲੀ ਗਲ਼ ਪੈਂਦੀ ਐ। ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ। ਐਮਰਜੈਂਸੀ ਸਮੇਂ ਮੋਰਚਾ ਲਾਇਆ ਅਕਾਲੀਆਂ, ਹੁਣ ਸਾਰੀ ਸਿੱਖ ਕੌਮ ਤੋਂ ਬਦਲਾ ਲੈਣਾ ਚਾਹੁੰਦੀ ਐ। ਸਾਡੇ ਮੋਰਚੇ ਕਾਰਨ ਵੀ ਤੜਿੰਗ ਐ। ਸੱਚ ਨਾਂ-ਮਾਤਰ, ਹੈਂਕੜ ਨਾਲ ਆਫਰੀ। ਬਸ ਗੱਲ ਖ਼ਤਮ, ਤੇਰੀ ਲੋੜ ਐ ਸਾਨੂੰ।" ਸੰਤਾਂ ਦੁੱਧ ਦਾ ਗਲਾਸ ਫੜ ਲਿਆ। "ਪੁੱਤਰਾ, ਸਾਡੇ ਗੱਡੀ ਵਾਲਿਆਂ ਨੂੰ ਚਾਹ ਛਕਾ ਦਿਓ?"

"ਜੀ, ਹੁਣੇ ਹੋ ਜਾਂਦੀ ਐ।" ਕੁੜੀ ਨੇ ਸਿਰ ਝੁਕਾਅ ਕੇ ਆਖਿਆ।

"ਜਿਸ ਦਿਨ ਕਹੋ, ਹਾਜ਼ਰ। ਮੋਰਚੇ ਵਿਚ ਜਾਣ ਲਈ ਤਿਆਰ ਆਂ।" ਤਾਰਾ ਸਿੰਘ ਤਿਆਰ-ਬਰ-ਤਿਆਰ ਸੀ।

"ਤੈਨੂੰ ਮੋਰਚੇ ਵਿਚ ਨਹੀਂ ਭੇਜਣਾ। ਤੇਰੇ ਕੋਲੋਂ ਹੋਰ ਕੰਮ ਲੈਣਾ ਏ।"

"ਮਹਾਂਪੁਰਸ਼ੋ ਸਿਰ ਹਾਜ਼ਰ ਐ, ਹੁਕਮ ਕਰੋ ਸਹੀ। ਗੋਲੀ ਸਿੱਧੀ ਗੁਲਜਰੀ ਵਿਚ ਵੱਜੇਗੀ।"

"ਬਸ ਸਾਨੂੰ ਤੇਰੇ ਵਰਗੇ ਸੂਰਮਿਆਂ ਦੀ ਹੀ ਲੋੜ ਐ। ਆਪਦਾ ਕਛਹਿਰਾ-ਪਰਨਾ ਚੁੱਕ ਲੈ, ਤੂੰ ਹੁਣ ਸਾਡੇ ਨਾਲ ਚੱਲਣਾ ਏਂ।" ਸੰਤਾਂ ਨੇ ਤਾਰਾ ਸਿੰਘ ਨੂੰ ਆਪਣੇ ਨਾਲ ਜੋੜਨ ਦਾ ਸੰਕੇਤ ਦੇ ਦਿੱਤਾ।

"ਗੋਲੀ ਕੀਹਦੀ, ਗਹਿਣੇ ਕੀਹਦੇ।" ਫ਼ੌਜੀ ਨੇ ਦੋਵੇਂ ਬਾਹਾਂ ਖੋਲ੍ਹ ਕੇ ਕਿਹਾ, "ਲੰਡਿਆ ਤੈਨੂੰ ਚੋਰ ਲੈ ਜਾਣ; ਯਾਰਾਂ ਪੱਠੇ ਹੀ ਖਾਣੇ ਐ।"

"ਗੱਲ ਨਿਰੇ ਪੱਠੇ ਖਾਣ ਦੀ ਨਹੀਂ, ਕੁਝ ਕਰ ਵਿਖਾਉਣ ਦੀ ਐ। ਸਾਡੇ ਸਿੰਘ ਐ ਅਨਾੜੀ; ਤੂੰ ਉਨ੍ਹਾਂ ਨੂੰ ਤਿਆਰੀ ਦੇਣੀ ਹੈ। ਤੈਨੂੰ ਤਦ ਲੈ ਕੇ ਜਾ ਰਹੇ ਆਂ। ਸਮਾਂ ਥੋੜ੍ਹਾ ਹੈ, ਸਮਝ, ਹਨੇਰੀ ਚੜ੍ਹੀ ਆ ਰਹੀ ਐ। ਇਦਰਾ ਨੂੰ ਤਾਕਤ ਦਾ ਕੁਝ ਵਧੇਰੇ ਹੀ ਹੰਕਾਰ ਐ। ਏਧਰ ਸਿੰਘਾਂ ਵੀ ਆਪਣਾ ਸਿਦਕ ਦਾਅ 'ਤੇ ਲਾ ਰੱਖਿਆ ਏ। ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥" ਸੰਤ ਆਪਣੇ ਸਿੰਘ ਨੂੰ ਹਲੂਣ ਹਲੂਣ ਜੋਹ ਰਹੇ ਸਨ।

"ਮਹਾਰਾਜ, ਮੁੱਕਦੀ ਗੱਲ, ਸਰੀਰ ਤੁਹਾਡਾ, ਸਿਰ ਵੀ ਤੁਹਾਡਾ, ਜਿੱਥੇ ਮਰਜ਼ੀ ਲੇਖੇ ਲਾ ਦਿਓ।" ਤਾਰਾ ਸਿੰਘ ਹਰ ਤਰ੍ਹਾਂ ਕਰਮਕੱਸਾ ਕਰੀ ਖਲੋਤਾ ਸੀ।

"ਬੀਬਾ, ਆਹ ਗਲਾਸ ਚੁੱਕ ਲੈ?" ਉਨ੍ਹਾਂ ਇੱਕ ਸੌ ਦਾ ਨੋਟ ਕੁੜੀ ਅੱਗੇ ਕਰ ਦਿੱਤਾ ਅਤੇ ਸਿਰ 'ਤੇ ਪਿਆਰ ਦਾ ਹੱਥ ਰੱਖਿਆ।

"ਕੀ ਕਰਦੇ ਹੋ ਮਹਾਰਾਜ, ਤੁਹਾਨੂੰ ਦੇਣਾ ਹੈ ਜਾਂ ਲੈਣਾ। ਨਾ ਇਹ ਰੱਖੋ।" ਤਾਰਾ ਸਿੰਘ ਨੇ ਸੰਤ ਨੂੰ ਨੋਟ ਦੇਣੋਂ ਰੋਕਿਆ।

"ਸਾਡੀ ਧੀ ਐ, ਅਸਾਂ ਜ਼ਰੂਰ ਦੇਣਾ ਹੈ। ਲੈ ਬੀਬੀ, ਨਾਂਹ ਨਾ ਕਰ। ਸਾਡਾ ਵਚਨ ਐ, ਤੈਨੂੰ ਲੈਣਾ ਪਵੇਗਾ।"

ਕੁੜੀ ਨੇ ਨੋਟ ਫੜ ਕੇ ਮੱਥੇ ਨੂੰ ਲਾਇਆ।

"ਮਹਾਂਪੁਰਸ਼ੋ! ਮੈਂ ਇਸ ਨੂੰ ਖ਼ਰਚਾਂਗੀ ਨਹੀਂ। ਤੁਹਾਡੀ ਅਮਾਨਤ ਵਜੋਂ ਸਾਂਭ ਕੇ ਰੱਖਾਂਗੀ।" ਕੁੜੀ ਨੇ ਨੋਟ ਮੁੱਠ ਵਿਚ ਘੁੱਟ ਲਿਆ।

"ਬੇਟੀ ਇਹ ਤੈਨੂੰ ਖ਼ਰਚਣ ਵਾਸਤੇ ਦਿੱਤਾ ਹੈ।" ਸੰਤ ਤਾਰਾ ਸਿੰਘ ਨੂੰ ਸੰਬੋਧਨ ਹੋਏ; "ਹਾਂਅ ਬਈ ਤਾਰਾ ਸਿੰਘ ਬੈਠ ਗੱਡੀ ਵਿਚ ਚਾਲੇ ਪਾਈਏ। ਸਰਕਾਰ ਸਾਡੇ ਵਾਰੰਟ ਕੱਢ ਕੇ ਹਲਕੀ ਫਿਰਦੀ ਐ। ਸ੍ਰੀ ਦਰਬਾਰ ਸਾਹਿਬ ਬੈਠਿਆਂ 'ਤੇ ਵੀ ਕਤਲਾਂ ਦੇ ਕੇਸ ਪਾਈ ਜਾ ਰਹੀ ਐ। ਹੁਣ ਹੋਰ ਰਾਹ ਚੱਲਣਾ ਏ ਸਰਾਏ ਅਮਾਨਤ ਖਾਂ ਵੱਲ ਦੀ।"

ਤਾਰਾ ਸਿੰਘ ਨੇ ਕੁੜੀ ਨੂੰ ਪਿਆਰ ਦਿੱਤਾ ਅਤੇ ਦੋਹਾਂ ਮੁੰਡਿਆਂ ਨੂੰ ਆਖਿਆ।

"ਇਹ ਘਰ ਹੁਣ ਤੁਹਾਡਾ ਏ, ਤੁਸਾਂ ਹੀ ਸੰਭਾਲਣਾ ਏ। ਗੁਰੂ ਮਿਲਾਵੇਗਾ ਤਾਂ ਫੇਰ ਮਿਲਾਂਗੇ।"

"ਬੱਚਿਓ, ਮੇਰੀ ਇੱਕ ਗੱਲ ਪੱਲੇ ਬੰਨ੍ਹ ਲਵੋ, ਤੁਸਾਂ ਸਭ ਨੇ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣਨਾ ਏ।" ਸੰਤਾਂ ਨੇ ਮੁੰਡਿਆਂ ਨੂੰ ਆਸ਼ੀਰਵਾਦ ਦਿੱਤੀ।

"ਸਤਿ ਬਚਨ ਮਹਾਰਾਜ! ਅੰਮ੍ਰਿਤ ਜ਼ਰੂਰ ਛਕਾਂਗੇ। ਤੁਹਾਡੀ ਆਗਿਆ ਦਾ ਪਾਲਣ ਕਰਾਂਗੇ।" ਮੁੰਡਿਆਂ ਹੱਥ ਜੋੜ ਕੇ ਸਿਰ ਝੁਕਾਅ ਦਿੱਤਾ।

"ਭਾਈ ਤਾਰਾ ਸਿਆਂ, ਤੂੰ ਡਰਾਈਵਰ ਭਾਈ ਨਾਲ ਅੱਗੇ ਬੈਠ। ਅਸੀਂ ਸਿੰਘਾਂ ਨਾਲ ਪਿੱਛੇ ਬੈਠਾਂਗੇ; ਜਿੱਥੇ ਕੋਈ ਵੇਖ ਨਾ ਸਕੇ।" ਸੰਤ ਹਰ ਪੱਖੋਂ ਸੁਚੇਤ ਸਨ।

ਤਾਰਾ ਸਿੰਘ ਅੱਗੇ ਬਹਿ ਗਿਆ। ਸਾਰਿਆਂ ਫ਼ਤਹਿ ਗੁੰਜਾਈ ਅਤੇ ਗੱਡੀ ਨਵੇਂ ਰਾਹ ਹੋ ਤੁਰੀ।

ਇੱਕੀਵਾਂ ਕਾਂਡ

ਜਦੋਂ ਸਰਕਾਰ ਦਾ ਸਾਰਾ ਧਿਆਨ ਕਿਸੇ ਰਾਜਸੀ ਤਹਿਰੀਕ ਅਥਵਾ ਗੜਬੜ ਨੂੰ ਦਬਾਉਣ ਵਿਚ ਲੱਗਾ ਹੋਵੇ, ਓਦੋਂ ਚੋਰਾਂ, ਯਾਰਾਂ ਤੇ ਸਮਗਲਰ ਟਾਈਪ ਲੋਕਾਂ ਦੀਆਂ ਚੜ੍ਹ ਮੱਚਦੀਆਂ ਹਨ। ਸੰਤ, ਤਾਰਾ ਸਿੰਘ ਵਰਗੇ ਫ਼ੌਜੀਆਂ ਜਾਂ ਸਿਦਕੀ ਸਿੰਘਾਂ ਨੂੰ ਭਾਲ ਰਹੇ ਸਨ। ਪਰ ਛਿੰਦੇ ਵਰਗੇ ਮਾਰਖੋਰੇ ਬਦਮਾਸ਼ ਪਨਾਹ ਲੈਣ ਲਈ ਸੰਤ ਜਰਨੈਲ ਸਿੰਘ ਨਾਲ ਆ ਆ ਜੁੜ ਰਹੇ ਸਨ। ਸ੍ਰੀ ਦਰਬਾਰ ਸਾਹਿਬ ਨੂੰ ਉਨ੍ਹਾਂ ਲੋਕਾਂ ਆਪਣਾ ਮਹਿਫ਼ੂਜ਼ ਅੱਡਾ ਬਣਾ ਲਿਆ ਸੀ। ਛਿੰਦਾ ਇੱਕ ਕਤਲ ਕਰਕੇ ਸਾਫ਼ ਬਰੀ ਹੋ ਗਿਆ ਸੀ। ਬਦਮਾਸ਼ਾਂ ਵਿਚ ਸਿਰ-ਕੱਢ ਹੁੰਦਿਆਂ, ਉਸ ਭਾੜੇ ਦੇ ਕਾਤਲ ਰੱਖਣੇ ਸ਼ੁਰੂ ਕਰ ਦਿੱਤੇ। ਹਥਿਆਰ ਕੋਲ ਸਨ, ਦੋ-ਚਾਰ ਆਪਣੇ ਵਰਗੇ ਸਾਥੀ ਨਾਲ ਹੋਰ ਰਲਾ.ਲਏ। ਬਦਮਾਸ਼ੀ ਪੱਖੋਂ ਉਹ ਵਾਹਵਾ ਗੁਲਛਾੜ ਗਿਆ ਸੀ। ਉਸ ਗਵਾਂਢੀ ਪਿੰਡ ਤੋਂ ਮੁੰਡਾ ਚੁਕਵਾ ਕੇ ਪੰਜਾਹ ਹਜ਼ਾਰ ਦੀ ਫਿਰੌਤੀ ਮਾਂਜ ਲਈ। ਜਿੱਥੋਂ ਦੀ ਲੰਘਦਾ, ਸ਼ਰੀਫ਼ ਆਦਮੀ ਉਸ ਨੂੰ ਲਾਹਨਤ ਦੇਣ ਦੀ ਥਾਂ 'ਸਤਿ ਸ੍ਰੀ ਅਕਾਲ' ਆਖਦੇ। ਉਸ ਲੋਕਾਂ ਤੋਂ ਮੱਲੋਮੱਲੀ ਆਪੇ ਨੂੰ ਭਾਈ ਛਿੰਦਰਪਾਲ ਸਿੰਘ ਅਖਵਾਉਣਾ ਸ਼ੁਰੂ ਕਰ ਦਿੱਤਾ, ਕਿਉਂਕਿ ਉਸ ਸੰਤ ਜਰਨੈਲ ਸਿੰਘ ਦੀ ਸ਼ਰਣ ਆ ਲਈ ਸੀ। ਧਾੜੇ ਮਾਰਨਾ ਉਸ ਦਾ ਪੇਸ਼ਾ ਸੀ; ਜਿਸ ਦਾ ਸੰਤ ਜਰਨੈਲ ਸਿੰਘ ਨੂੰ ਕੋਈ ਪਤਾ ਨਹੀਂ ਸੀ। ਛਿੰਦੇ ਨੇ ਆਪਣਾ ਇੱਕ ਤਰ੍ਹਾਂ ਵੱਖਰਾ ਬਿਜ਼ਨਸ ਸ਼ੁਰੂ ਕਰ ਦਿੱਤਾ। ਕਿਸੇ ਖਾਂਦੇ-ਪੀਂਦੇ ਘਰ ਉਸ ਆਪਣੇ ਬੰਦੇ ਭੇਜ ਦੇਣੇ, ਪੂਰੇ ਸਿੰਘ ਸਜਾ ਕੇ ਉਨ੍ਹਾਂ ਹੁਸ਼ਿਆਰ ਦਾਅ ਖੇਡਣਾ।

"ਸਰਦਾਰ ਜੀ! ਤੁਹਾਡੇ ਕੋਲ ਕਾਹਦਾ ਲੁਕਾ ਸਾਨੂੰ ਭਾਈ ਛਿੰਦਰਪਾਲ ਸਿੰਘ ਨੇ ਤੁਹਾਡੇ ਕੋਲ ਭੇਜਿਆ ਏ। ਭਾਈ ਸਾਹਿਬ ਜੀ, ਸੰਤ ਜਰਨੈਲ ਸਿੰਘ ਦਾ ਟਾਕਰਾ ਲੱਗ ਗਿਆ ਇਦਰਾ ਗਾਂਧੀ ਨਾਲ। ਉਨ੍ਹਾਂ ਹਥਿਆਰ ਖਰੀਦਣੇ ਹਨ। ਤੁਹਾਡੇ ਕੋਲੋਂ ਸਹਾਇਤਾ ਲਈ ਉਨ੍ਹਾਂ ਆਹ ਚਿੱਠੀ ਘੱਲੀ ਏ।" ਉਨ੍ਹਾਂ ਚਿੱਠੀ ਘਰ ਵਾਲੇ ਦੇ ਹਵਾਲੇ ਕਰ ਦੇਣੀ ਅਤੇ ਆਪ ਮੰਜੇ ਮੱਲ ਕੇ ਬਹਿ ਜਾਣਾ।

ਘਰ ਵਾਲਾ ਇਕਦਮ ਹੈਰਾਨ-ਪ੍ਰੇਸ਼ਾਨ। ਇਹ ਬਲਾ ਕਿੱਧਰੋਂ? ਬਦਮਾਸ਼ ਛਿੰਦਾ ਇੱਕ ਪਾਸੇ ਹਥਿਆਰ ਚੁੱਕੀ ਦਿੱਸਦਾ, ਦੂਜੇ ਪਾਸੇ ਸੰਤਾਂ ਦੀ ਚਿੱਠੀ ਹੱਥ ਵਿਚ ਅੰਗਿਆਰ ਬਣੀ ਲੱਗਦੀ। ਫਸਿਆ ਮਰਦਾ ਕੀ ਨਾ ਕਰਦਾ। ਚਿੱਠੀ ਪੜ੍ਹ ਕੇ ਸਰਦਾਰ ਚਿੰਤਾ ਵਿਚ ਡੁੱਬ ਜਾਂਦਾ। ਜਿੰਨਾ ਕੁ ਪੰਜ-ਦਸ ਹਜ਼ਾਰ ਕੋਲ ਹੋਣਾ, ਹਵਾਲੇ ਕਰ ਦੇਣਾ। ਬਾਕੀ ਗੱਲ ਹੱਥ ਜੋੜ ਕੇ ਇਕਰਾਰ ਕਰ ਲੈਣਾ। ਇਉਂ ਛਿੰਦਾ ਤੇ ਉਸ ਦੇ ਬੰਦੇ ਸੰਤਾਂ ਦੇ ਨਾਂ 'ਤੇ ਧਾੜੇ ਮਾਰਦੇ ਰਹੇ। ਸ਼ਰਾਬ ਦੇ ਠੇਕਿਆਂ ਤੋਂ ਬੋਤਲਾਂ ਚੁੱਕਦਿਆਂ ਉਨ੍ਹਾਂ ਕਦੇ ਪੈਸੇ ਨਹੀਂ ਦਿੱਤੇ ਸਨ। ਕਰਿੰਦੇ ਨੇ ਮਾਲਕ ਨੂੰ ਆਖਣਾ, ਮੈਂ ਦੋ-ਚਾਰ ਬੋਤਲਾਂ ਪਿੱਛੇ ਜਾਨ ਥੋੜ੍ਹੇ ਗਵਾਉਣੀ ਸੀ। ਸੰਤਾਂ ਤੱਕ ਛਿੰਦੇ ਦੀਆਂ ਸ਼ਿਕਾਇਤਾਂ ਪਹੁੰਚਣ ਲੱਗ ਪਈਆਂ। ਪਟਰੋਲ ਪੰਪਾਂ ਤੋਂ ਗੱਡੀਆਂ ਵਿਚ ਤੇਲ ਪੁਆ

ਲੈਣਾ, ਕਦੇ ਅੱਧ-ਪਚੱਧ ਦੇ ਦੇਣਾ, ਕਦੇ ਇਕਰਾਰ ਕਰ ਲੈਣਾ। ਇਕਰਾਰ ਮੋਇਆਂ ਪੂਰਾ ਕਰਨਾ ਸੀ।

ਸੰਤਾਂ ਦੀ ਖ਼ਾਸ ਸੱਜੀ ਬਾਂਹ ਸੋਢੀ, ਜਿਹੜਾ ਨਿਰੰਕਾਰੀ ਡੀ. ਸੀ. ਮਾਰਨ ਲਈ ਚੰਡੀਗੜ੍ਹ ਸੇਕਟ੍ਰੀਏਟ ਜਾ ਚੜ੍ਹਿਆ ਸੀ; ਨੇ ਸੰਤਾਂ ਕੋਲ ਸ਼ਿਕਾਇਤ ਕਰ ਦਿੱਤੀ।

"ਮਹਾਂਪੁਰਸ਼ੋ! ਛਿੰਦਾ ਤੁਹਾਡਾ ਤੇ ਟਕਸਾਲ ਦਾ ਨਾਂ ਵੇਚ ਵੇਚ ਬਦਨਾਮ ਕਰਦੇ, ਉਗਰਾਹੀਆਂ ਕਰ ਰਿਹਾ ਏ। ਮੇਰੀ ਸਲਾਹ ਹੈ, ਉਸ ਨੂੰ ਇੱਥੋਂ ਬਾਹਰ ਕੱਢ ਦਿੱਤਾ ਜਾਵੇ ਅਤੇ ਆਪਣੇ ਸਾਰੇ ਸਿੰਘਾਂ ਨੂੰ ਇਹਦੇ ਬਾਰੇ ਖ਼ਬਰਦਾਰ ਕਰ ਦਿੱਤਾ ਜਾਵੇ।"

"ਛਿੰਦਾ ਤਾਂ ਸਾਡੇ ਕੋਲ ਗੁਰੂ ਦੀਆਂ ਸੌਂਹਾਂ ਘੱਤਦਾ ਸੀ ਕਿ ਜੋ ਪਹਿਲਾਂ ਹੋ ਗਿਆ, ਉਸ ਤੋਂ ਤੋਬਾ। ਹੁਣ ਪੂਰੇ ਸਿਦਕ ਨਾਲ ਗੁਰੂ ਘਰ ਸੇਵਾ ਕਰਾਂਗਾ।" ਸੰਤਾਂ ਸ਼ੰਕਾ ਵਿਚ ਜਵਾਬ ਦਿੱਤਾ।

"ਤੁਸੀਂ ਸਟੂਡੈਂਟਸ ਫੈਡਰੇਸ਼ਨ ਵਾਲੇ ਭਾਈ ਅਮਰੀਕ ਸਿੰਘ ਜਾਂ ਹਰਮਿੰਦਰ ਸਿੰਘ ਤੋਂ ਪੜਤਾਲ ਕਰਵਾ ਲਵੋ। ਸੱਚ ਨਿੱਤਰ ਆਵੇਗਾ।"

ਸੋਢੀ ਨੂੰ ਦੱਸਣ ਵਾਲੇ ਬਹੁਤ ਸਨ। ਉਸ ਦਾ ਆਪਣਾ ਇੱਕ ਢਾਣਾ ਸੀ, ਪਰ ਉਹ ਹਰ ਤਰ੍ਹਾਂ ਸੰਤਾਂ ਦਾ ਅਗਿਆਕਾਰੀ ਸੀ। ਉੱਥੇ ਰਾਮ-ਨਾਮ ਨਾਲ ਪੈਸੇ ਦੀ ਵੱਖਰੀ ਲੁੱਟ ਪਈ ਹੋਈ ਸੀ। ਹਥਿਆਰਾਂ ਵਾਲਿਆਂ ਤੋਂ ਲੋਕ ਬਹੁਤ ਪੀੜਤ ਸਨ। ਇਹ ਬਿਮਾਰੀ ਸ਼ਹਿਰ ਵਿਚੋਂ ਨਿਕਲ ਕੇ ਪਿੰਡਾਂ ਨੂੰ ਵੱਧ ਤੁਰੀ ਸੀ।

"ਠੀਕ ਐ, ਮੈਂ ਹਰਮਿੰਦਰ ਨੂੰ ਇਸ ਪੜਤਾਲ 'ਤੇ ਲਾਉਂਦਾ ਆਂ। ਅਸਾਂ ਤਾਂ ਬਦਮਾਸ਼ਾਂ ਦਾ ਖ਼ਾਤਮਾ ਕਰਨਾ ਏ। ਇਹ ਕੀ ਗੱਲ ਹੋਈ, ਟਕਸਾਲ ਤੇ ਸਾਡੇ ਨਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ।" ਸੰਤ ਬਹੁਤ ਔਖੇ ਸਨ।

"ਪਿਛਲੀ ਇਲੈਕਸ਼ਨ ਵਿਚ ਛਿੰਦਾ ਕਾਂਗਰਸ ਲਈ ਕੰਮ ਕਰਦਾ ਰਿਹਾ ਏ। ਇੱਕ ਕਾਂਗਰਸੀ ਗੁੰਡੇ 'ਤੇ ਕਿਵੇਂ ਇਤਬਾਰ ਕੀਤਾ ਜਾ ਸਕਦਾ ਹੈ।" ਸੋਢੀ ਪੂਰੇ ਵਿਸ਼ਵਾਸ ਨਾਲ ਕਹਿ ਰਿਹਾ ਸੀ।

ਸੋਢੀ ਦੀ ਸ਼ਿਕਾਇਤ ਬਾਰੇ ਚੁਗਲਖ਼ੋਰਾਂ ਛਿੰਦੇ ਨੂੰ ਵੀ ਜਾ ਦੱਸਿਆ। ਹਥਿਆਰ ਦੋਵਾਂ ਧਿਰਾਂ ਕੋਲ ਸਨ। ਛਿੰਦੇ ਨੇ ਸੋਚਿਆ, ਸੋਢੀ ਸੰਤਾਂ ਦੀ ਸਰਦਾਰੀ ਨੱਪੀ ਬੈਠਾ ਏ, ਜਾਂ ਤਾਂ ਉਹਦਾ ਕੰਡਾ ਕੱਢੀਏ, ਨਹੀਂ ਇੱਥੋਂ ਖਿਸਕ ਚੱਲੀਏ। ਪਰ ਇੱਥੋਂ ਵਰਗੇ ਧਾੜੇ ਬਾਹਰ ਨਹੀਂ ਮਿਲਣੇ। ਬਾਹਰ ਪੁਲੀਸ ਵਾਲੇ ਅੱਧ ਪਹਿਲਾਂ ਧਰਾ ਲੈਂਦੇ ਐ। ਸੋਢੀ ਨੂੰ ਵੇਲਾ ਤਕਾ ਕੇ ਗੱਡੀ ਚਾੜ੍ਹ ਦਿੱਤਾ ਜਾਵੇ ਤੇ ਸੰਤਾਂ ਦੀ ਸਰਦਾਰੀ ਆਪਣੇ-ਆਪ ਮਿਲ ਜਾਵੇਗੀ। ਉਨ੍ਹਾਂ ਨੂੰ ਹਥਿਆਰਬੰਦ ਬੰਦਿਆਂ ਦੀ ਲੋੜ ਐ। ਇਉਂ ਸੰਤ ਆਪਣੀ ਮੁੱਠੀ ਵਿਚ ਹੋਣਗੇ ਤੇ ਮਨਮਰਜ਼ੀ ਦੇ ਗੁਲਛੱਰੇ ਉਡਾਵਾਂਗੇ। ਉਸ ਇੱਕ ਪੀ. ਟੀ. ਬਦਮਾਸ਼ ਨੂੰ ਨਾਲ ਗੰਢ ਲਿਆ। ਦੋਵਾਂ ਰਲ ਕੇ ਵਿਉਂਤ ਬਣਾਈ ਤੇ ਸੋਢੀ ਕਤਲ ਕਰ ਦਿੱਤਾ।

ਸੋਢੀ ਸੰਤਾਂ ਦੀ ਸੱਜੀ ਬਾਂਹ ਹੀ ਨਹੀਂ, ਇੱਕ ਤਰ੍ਹਾਂ ਜਿੰਦ-ਜਾਨ ਸੀ। ਉਸ ਨੂੰ ਜਿੱਧਰ ਵੀ ਭੇਜਿਆ, ਉਸ ਪਿਛਾਂਹ ਮੁੜ ਕੇ ਨਹੀਂ ਵੇਖਿਆ ਸੀ। ਸੰਤਾਂ ਦਾ ਡੌਲਾ ਟੁੱਟ ਗਿਆ। ਇੱਕ ਵਿਸ਼ਵਾਸ ਪਾਤਰ, ਦਲੇਰ ਤੇ ਬਹਾਦਰ ਸਾਥੀ ਦੇ ਮਾਰੇ ਜਾਣ ਨਾਲ ਸੰਤ ਤੜਪ ਉੱਠੇ। ਦੱਸਣ ਵਾਲਿਆਂ ਸਾਫ਼ ਕਿਹਾ; ਇਹ ਛਿੰਦੇ ਦਾ ਕਾਰਾ ਹੈ। ਹੋਰ ਕੋਈ ਕਤਲ ਕਰ ਹੀ ਨਹੀਂ ਸਕਦਾ

ਸੀ। ਸੰਤਾਂ ਆਪਣੇ ਜੱਥੇ ਵਾਲਿਆਂ ਨੂੰ ਹੁਕਮ ਚਾੜ੍ਹ ਦਿੱਤਾ ਕਿ ਜਿੱਥੇ ਕਿਤੇ ਵੀ ਛਿੰਦਾ ਮਿਲੇ, ਖ਼ਤਮ ਕਰ ਦਿੱਤਾ ਜਾਵੇ। ਉਨ੍ਹਾਂ ਨੂੰ ਹਰਮਿੰਦਰ ਸੰਧੂ ਦੀ ਰੀਪੋਰਟ ਵੀ ਮਿਲ ਗਈ; ਜਿਸ ਵਿਚ ਛਿੰਦਾ ਹਰ ਪੱਖੋਂ ਝੂਠਾ, ਬਦਮਾਸ਼ ਤੇ ਫਿਰੌਤੀਆਂ ਲੈਣ ਵਾਲਾ ਸਾਬਤ ਹੁੰਦਾ ਸੀ। ਸੰਤ ਅਜਿਹੀਆਂ ਲਾਹਨਤਾਂ ਦੇ ਮਾਰੇ ਜਾਣ ਨੂੰ ਲੋਕ ਭਲੇ ਦਾ ਪੁੰਨ ਸਮਝਦੇ ਸਨ।

ਸ੍ਰੀ ਅਕਾਲ ਤਖ਼ਤ ਦੇ ਨੇੜੇ ਦੀਆਂ ਦੁਕਾਨਾਂ ਤੇ ਬਾਜ਼ਾਰ ਮਾਈ ਸੇਵਾਂ ਵਿਚ ਉਗਰਾਹੀਆਂ ਦੀ ਲੁੱਟ ਮੱਚੀ ਹੋਈ ਸੀ। ਆਲੇ-ਦੁਆਲੇ ਦੇ ਦੁਕਾਨਦਾਰਾਂ ਆਪਣੀਆਂ ਚਾਬੀਆਂ ਸੰਤਾਂ ਅੱਗੇ ਆ ਰੱਖੀਆਂ।

"ਮਹਾਂਪੁਰਸ਼ੋ! ਅਸੀਂ ਜਾਂਦੇ ਆਂ; ਤੁਸੀਂ ਬਾਜ਼ਾਰ ਸਾਂਭੋ।"

"ਆਖ਼ਰ ਗੱਲ ਕੀ ਬਈ?" ਸੰਤ ਬੜੇ ਹੈਰਾਨ ਪ੍ਰੇਸ਼ਾਨ ਸਨ।

"ਜੋ ਵੱਟਦੇ ਆਂ, ਸ਼ਾਮ ਨੂੰ ਤੁਹਾਡੇ ਬੰਦੇ ਲੈ ਆਉਂਦੇ ਐ।"

"ਨਹੀਂ, ਅਜਿਹਾ ਨਹੀਂ ਹੋ ਸਕਦਾ।" ਸੰਤ ਜਰਨੈਲ ਸਿੰਘ ਅੰਦਰੋਂ ਗੁੱਸੇ ਦੇ ਭ੍ਰਾਂਬੜ ਉੱਠ ਪਏ। ਉਹ ਸਮਝਦੇ ਸਨ, ਇਸ ਵਿਚ ਸਾਡੀ ਬਦਨਾਮੀ ਹੈ। "ਤੁਸੀਂ ਬੀਬੇ ਰਾਣੇ ਬਣ ਕੇ ਆਪਣਾ ਕਾਰੋਬਾਰ ਚਲਾਓ; ਮੈਂ ਸੋਧਾਂਗਾ ਅਜਿਹੇ ਲੁਟੇਰਿਆਂ ਨੂੰ।" ਉਨ੍ਹਾਂ ਦੁਕਾਨਦਾਰਾਂ ਨੂੰ ਹੌਸਲਾ ਦੇ ਕੇ ਤੋਰ ਦਿੱਤਾ।

ਇੱਕ ਲੁਟੇਰੇ ਸਾਥੀ ਨੇ ਸੰਤਾਂ ਦੇ ਕੰਨ ਵਿਚ ਆਖਿਆ:

"ਮਹਾਰਾਜ, ਇਹ ਸਾਰਾ ਧੰਦਾ ਛਿੰਦਾ ਚਲਾਉਂਦਾ ਏ। ਉਹਦਾ ਜੱਥਾ ਹੀ ਉਗਰਾਹੀ ਨੂੰ ਜਾਂਦਾ ਏ। ਉਸ ਇੱਕ ਕੁੜੀ ਵੀ ਕੱਢ ਕੇ ਲਿਆਂਦੀ ਰੱਖੀ ਹੋਈ ਹੈ। ਗੁਰੂ ਰਾਮਦਾਸ ਸਰਾਂ ਦੇ ਫਲਾਂ ਕਮਰੇ ਵਿਚ ਐ, ਨਿਸ਼ੰਗ ਚੱਲ ਕੇ ਵੇਖ ਲਵੋ।"

"ਕੀ ਕਿਹਾ, ਰਖੇਲ ਰੱਖੀ ਐ?" ਲੋਹੇ ਲਾਖੇ ਹੋਏ ਸੰਤ ਜਰਨੈਲ ਸਿੰਘ ਦੱਸਣ ਵਾਲੇ ਨੂੰ ਘੂਰ ਰਹੇ ਸਨ।

"ਸੰਤੋ, ਤੁਹਾਡੀਆਂ ਕਿੱਥੇ ਭੌਂਦੀਆਂ ਹਨ, ਉਸਨੇ ਕਾਂਗਰਸੀਆਂ ਨਾਲ ਸਾਜ਼-ਬਾਜ਼ ਕਰ ਰੱਖੀ ਐ।"

"ਕਿਸ ਤਰ੍ਹਾਂ ਦੀ ਸਾਜ਼-ਬਾਜ਼?"

"ਤੁਹਾਨੂੰ ਤੇ ਸੋਢੀ ਨੂੰ ਮਾਰਨ ਦਾ ਚਾਰ ਲੱਖ ਕੀਤਾ ਹੈ। ਦੋ ਲੱਖ ਸੋਢੀ ਨੂੰ ਮਾਰਨ ਦਾ ਛਿੰਦੇ ਨੇ ਲੈ ਲਿਆ ਹੈ। ਵਾਹ ਲੱਗਦੀ ਉਹ ਰਕਮ ਉਸ ਦੀ ਰਖੇਲ ਕੋਲ ਐ।" ਉਹ ਲੁਟੇਰਾ ਛਿੰਦੇ ਦਾ ਪੱਕਾ ਸਾਥੀ ਸੀ ਤੇ ਸੋਢੀ ਨੂੰ ਮਾਰਨ ਵਿਚ ਸ਼ਾਮਲ ਸੀ। ਸੰਤਾਂ ਦਾ ਗੁੱਸਾ ਤਾੜ ਕੇ, ਉਨ੍ਹਾਂ ਦੇ ਨੇੜੇ ਹੋ, ਆਪਣਾ ਬਚਾਅ ਕਰਨਾ ਤੇ ਸੱਚਾ ਸਾਬਤ ਹੋਣਾ ਚਾਹੁੰਦਾ ਸੀ। ਅਸਲ ਵਿਚ ਸੋਢੀ ਮਾਰਨ ਦਾ ਦੋ ਲੱਖ ਇਕੱਲਾ ਛਿੰਦਾ ਦੱਬ ਗਿਆ ਸੀ। ਉਸ ਨੂੰ ਸੰਤਾਲੀ ਗੰਨ ਲੈ ਕੇ ਦੇਣ ਦਾ ਲਾਰਾ ਲਾ ਦਿੱਤਾ ਸੀ। ਉਸ ਛਿੰਦੇ ਦੀ ਚੁਸਤੀ ਅਗਾਊਂ ਤਾੜ ਲਈ ਸੀ।

"ਉਸ ਸੋਢੀ ਨੂੰ ਰੁਪਈਆਂ ਦੀ ਖ਼ਾਤਰ ਮਾਰਿਆ?" ਸੰਤ ਹੋਰ ਚੜ੍ਹਵਾਂ ਸਵਾਲ ਕਰ ਗਏ।

"ਇੱਕ ਤਾਂ ਛਿੰਦਾ ਸੋਢੀ ਤੋਂ ਡਰਦਾ ਸੀ; ਦੂਜੇ ਸੋਢੀ ਉਹਦੀ ਰਖੇਲ ਤੇ ਅੱਖ.....।"

"ਇਹ ਝੂਠ ਐ, ਸੁਰਿੰਦਰ ਅਜਿਹਾ ਨੀਚ ਕੰਮ ਸੋਚ ਹੀ ਨਹੀਂ ਸਕਦਾ। ਉਹ ਸਿਦਕ-ਈਮਾਨ ਵਾਲਾ ਸਿੰਘ ਸੀ।"

"ਦਾਲ ਵਿਚ ਕਾਲਾ ਜ਼ਰੂਰ ਸੀ। ਬਹੁਤ ਦਿਨ ਤਾਂ ਛਿੰਦੇ ਨੇ ਕੁੜੀ ਦਾ ਪਤਾ ਹੀ ਨਹੀਂ ਲੱਗਣ ਦਿੱਤਾ। ਸੋਢੀ ਹੁਸ਼ਿਆਰ ਸੀ; ਉਸ ਦੀ ਤੇਜ਼ ਨਜ਼ਰ ਤੋਂ ਕੀ ਲੁਕ ਸਕਦਾ ਸੀ।" ਛਿੰਦੇ ਦਾ ਸਾਥੀ ਪੂਰੀ ਚੁਸਤੀ ਵਰਤ ਗਿਆ। ਸੰਤਾਂ ਨੂੰ ਪਤਾ ਹੀ ਨਾ ਲੱਗਣ ਦਿੱਤਾ ਕਿ ਮੈਂ ਵੀ ਸੋਢੀ ਨੂੰ ਮਾਰਨ ਵਾਲਿਆਂ ਵਿਚੋਂ ਸੀ। ਉਸ ਨੂੰ ਇਹ ਵੀ ਪਤਾ ਲੱਗ ਗਿਆ ਕਿ ਛਿੰਦੇ ਨੂੰ ਮਾਰਨ ਗੱਡੀਆਂ ਗਈਆਂ ਹਨ। ਉਸ ਦਾ ਮਨ ਡਰ ਗਿਆ। ਬੰਦਿਆ, ਜੇ ਛਿੰਦਾ ਬਚ ਗਿਆ, ਉਹ ਤੈਨੂੰ ਨਹੀਂ ਛੱਡੇਗਾ। ਜੇ ਸੰਤਾਂ ਨੂੰ ਇਹ ਪਤਾ ਲੱਗ ਗਿਆ, ਸੋਢੀ ਨੂੰ ਮਾਰਨ ਵਿਚ ਮੈਂ ਵੀ ਸੀ; ਫੇਰ ਵੀ ਬਚਤ ਕੋਈ ਨਹੀਂ। ਬਚਾਅ ਏਸੇ ਵਿਚ ਈ ਐ; ਇੱਥੋਂ ਖਿਸਕ ਚੱਲ। ਉਹ ਪੈਰ ਖਿਸਕਾਉਂਦਾ ਲੰਗਰ ਦੀਆਂ ਪੌੜੀਆਂ ਉਤਰ ਗਿਆ।

ਛਿੰਦੇ ਨੂੰ ਮਾਰਨ ਗਈਆਂ ਦੋਵੇਂ ਗੱਡੀਆਂ ਸਹੀ ਸਲਾਮਤ ਵਾਪਸ ਆ ਗਈਆਂ। ਉਨ੍ਹਾਂ ਦੇ ਜਥੇਦਾਰ ਨੇ ਆ ਕਿਹਾ,

"ਮਹਾਂਪੁਰਸ਼ੋ, ਗ਼ਦਾਰ ਟੁੱਕ ਆਂਦਾ। ਸਾਲਾ ਮਾਨਾਂ ਵਾਲੇ ਚਾਹ ਦੀ ਦੁਕਾਨ 'ਤੇ ਜਾ ਨੱਪਿਆ। ਭੱਜਣ ਲੱਗਾ ਸੀ, ਉੱਥੇ ਈ ਗੋਲੀਆਂ ਮਾਰ ਕੇ ਢੇਰੀ ਕਰ ਦਿੱਤਾ।" ਦੱਸਣ ਵਾਲੇ ਦੇ ਚਿਹਰੇ 'ਤੇ ਲਾਲੀ ਭਖ਼ਦੀ ਸੀ ਤੇ ਸਾਹ ਫੁੱਲਿਆ ਹੋਇਆ ਸੀ।

"ਬੱਲੇ ਬਹਾਦਰੋ!" ਸੰਤਾਂ ਉਸ ਨੂੰ ਥਾਪੜਾ ਦਿੱਤਾ। "ਸੋਢੀ ਦਾ ਬਦਲਾ ਲੈਣ ਨਾਲ ਮਨ ਨੂੰ ਥੋੜ੍ਹੀ ਸ਼ਾਂਤੀ ਮਿਲੀ ਐ। ਹਾਲੇ ਹੋਰ ਬਹੁਤ ਕੁਝ ਕਰਨ ਵਾਲਾ ਹੈ।" ਹੱਥਲਾ ਤੀਰ ਲਿਸ਼ਕਾਂ ਮਾਰ ਰਿਹਾ ਸੀ, ਪਰ ਦੋਵੇਂ ਮੁੱਠੀਆਂ ਕਸੀਆਂ ਹੋਈਆਂ ਸਨ।

"ਜੋ ਵੀ ਮਹਾਂਪੁਰਸ਼ੋ ਕਰਨ ਵਾਲਾ ਏ, ਛਾਤੀ ਡਾਹ ਕੇ ਕਰਾਂਗੇ। ਯਹ ਜਾਨ ਤੋਂ ਆਣੀ-ਜਾਣੀ ਹੈ।" ਸੇਵਕ ਅਪਾਰ ਖੁਸ਼ੀ ਵਿਚ ਗਾਣੇ ਗਾ ਰਿਹਾ ਸੀ। ਸ਼ਰਧਾ ਦੀਆਂ ਛੱਲਾਂ ਵਿਚ ਸਾਰੇ ਸਿੰਘ ਬੇ-ਪ੍ਰਵਾਹ ਸਨ।

"ਗੁਰੂ ਰਾਮਦਾਸ ਸਰਾਂ ਵਿਚ ਵੀ ਇੱਕ ਚੋਰ ਐ, ਚਲੋ।" ਸੰਤ ਆਪ ਅੱਗੇ ਲੱਗ ਕੇ ਤੁਰ ਪਏ।

ਚਾਰ ਹਥਿਆਰਬੰਦ ਸਿੰਘ ਨਾਲ ਸਨ, ਉਹ ਸਰਾਂ ਦੀ ਦੂਜੀ ਮੰਜ਼ਲ 'ਤੇ ਆ ਗਏ। ਅੰਦਰੋਂ ਕੁੰਡੀ ਲੱਗੇ ਬਾਰ ਨੂੰ ਖੜਕਾਇਆ। ਅੰਦਰ ਹਿਲਜੁਲ ਹੋਈ ਅਤੇ ਜੁੱਤੀ ਘਸੜਨ ਦੀ ਆਵਾਜ਼ ਆਈ। ਬਾਰ ਖੁੱਲ੍ਹਿਆ ਤਾਂ ਸੰਤਾਂ ਸਾਹਮਣੇ ਇੱਕ ਜਵਾਨ ਤੇ ਖ਼ੂਬਸੂਰਤ ਕੁੜੀ ਨੂੰ ਖੜ੍ਹੀ ਤੱਕਿਆ। ਉਹ ਸੰਤਾਂ ਨੂੰ ਵੇਖ ਕੇ ਪਹਿਲੋਂ ਹੈਰਾਨ ਹੋਈ, ਪਰ ਮੁੜ ਦੋਵੇਂ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਆਖੀ।

"ਤੇਰਾ ਨਾਂ?" ਸੰਤਾਂ ਤਸੱਲੀ ਕਰਨੀ ਚਾਹੀ।

"ਹਾਂਅ....।" ਕੁੜੀ ਸੰਤਾਂ ਦੇ ਗੁਸੈਲੇ ਤੇਜ ਪ੍ਰਤਾਪ ਤੋਂ ਘਬਰਾ ਕੇ ਕਾਂਬੇ ਤੱਕ ਪਹੁੰਚ ਗਈ। ਉਸ ਤੋਂ ਚੱਜ ਨਾਲ ਹਾਮੀ ਨਾ ਭਰ ਹੋਈ।

ਸੰਤ ਕਮਰੇ ਵਿਚ ਦਾਖ਼ਲ ਹੋ ਗਏ। ਬਰਾਬਰ ਦੋ ਮੰਜੇ ਡਹੇ ਹੋਏ ਸਨ। ਸਾਹਮਣੇ ਕੰਧ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਵਾਨ ਵਾਲੀ ਤਸਵੀਰ ਚਿਪਕੀ ਹੋਈ ਸੀ।

"ਅੰਦਰ ਆ ਜਾਓ ਤੇ ਕੁੰਡੀ ਚਾੜ੍ਹ ਦਿਓ?" ਸੰਤਾਂ ਆਪਣੇ ਸਿੰਘਾਂ ਨੂੰ ਹੁਕਮ ਦਿੱਤਾ।

ਸਿੰਘਾਂ ਅੰਦਰ ਆ ਕੇ ਕੁੰਡੀ ਲਾ ਦਿੱਤੀ। ਸੰਤ ਨੇ ਡਰੀ ਹੋਈ ਕੁੜੀ ਦੀ ਹਿੱਕ 'ਤੇ ਤੀਰ ਰੱਖਦਿਆਂ ਆਖਿਆ,

"ਸੁਰਿੰਦਰ ਸੋਢੀ ਨੂੰ ਤੂੰ ਮਰਵਾਇਆ ਸੀ?" ਉਨ੍ਹਾਂ ਦਾ ਚਿਹਰਾ ਗੁੱਸੇ ਵਿਚ ਕਰੂਪ ਹੋ ਗਿਆ।

ਕੁੜੀ ਹੱਥ ਜੋੜੀ ਸੰਤਾਂ ਦੇ ਪੈਰਾਂ 'ਤੇ ਡਿੱਗ ਪਈ।

"ਨਾਅ...ਮਹਾਰਾਜ! ਮੈਂ, ਮੈਂ...ਕੁਝ ਨਹੀਂ। ਇਹ ਸਭ ਝੂਠ ਐ?" ਉਹ ਹੁਬਕੀਂ-ਹੁਬਕੀਂ ਰੋਣ ਲੱਗ ਪਈ। ਉਂਝ ਉਹ ਸੋਢੀ ਤੇ ਛਿੰਦੇ ਦੀ ਲਾਗਡਾਟ ਬਾਰੇ ਚੰਗੀ ਤਰ੍ਹਾਂ ਜਾਣਦੀ ਸੀ। "ਮੈਨੂੰ ਬਖ਼ਸ਼ੋ ਮਹਾਰਾਜ! ਮੈਨੂੰ ਕੁਝ ਵੀ ਪਤਾ ਨਹੀਂ।"

"ਸੋਢੀ ਨੇ ਤੈਨੂੰ ਛੇੜਿਆ ਸੀ?" ਸੰਤਾਂ ਦੇ ਬੋਲਾਂ ਵਿਚ ਸੁੱਕੀ ਲੱਕੜ ਵਰਗੀ ਸਖ਼ਤੀ ਸੀ।

"ਨਾਅ ਜੀ, ਉਸ ਮੈਨੂੰ ਕੁਝ ਨਹੀਂ ਆਖਿਆ।" ਉਸ ਉਤਾਂਹ ਝਾਕਦਿਆਂ ਬੇਨਤੀ ਲਹਿਜੇ ਵਿਚ ਕਿਹਾ।

ਇੱਕ ਸਿੰਘ ਨੇ ਲੱਤ ਮਾਰ ਕੇ ਉਸ ਨੂੰ ਪਰ੍ਹਾਂ ਰੋੜ੍ਹ ਦਿੱਤਾ। ਉਹ ਉੱਠ ਕੇ ਖਲੋ ਗਈ। ਬੰਨ੍ਹੇ ਹੱਥ ਕੰਬੀ ਜਾ ਰਹੇ ਸਨ।

"ਕਹਿੰਦੇ ਐ, ਸੋਢੀ ਦੇ ਤੇਰੇ ਨਾਲ ਨਾਜਾਇਜ਼ ਤਅੱਲਕਾਤ ਸਨ?"

"ਨਾ ਭਰਾਵੋ, ਗੁਰੂ ਦੇ ਦਰਬਾਰ ਲੈ ਚੱਲੋ। ਉਸ ਭਰਾ ਨੇ ਮੈਨੂੰ ਕਦੇ ਕੁਝ ਨਹੀਂ ਆਖਿਆ। ਹਾਂ, ਇੱਕ ਵਾਰ ਕਮਰੇ ਵਿਚ ਜ਼ਰੂਰ ਆਇਆ ਸੀ। ਸਾਊ ਢੰਗ ਨਾਲ ਛਿੰਦੇ ਬਾਰੇ ਪੁੱਛਦਾ ਸੀ। ਮੈਨੂੰ ਉਹ ਕਦੇ ਕੁਝ ਦੱਸ ਕੇ ਹੀ ਨਹੀਂ ਜਾਂਦਾ ਸੀ।" ਉਹ ਆਪਣੇ ਵੱਲੋਂ ਸੱਚ ਕਹਿ ਰਹੀ ਸੀ।

"ਸੋਢੀ ਨੂੰ ਮਾਰਨ ਦਾ ਜਿਹੜਾ ਦੋ ਲੱਖ ਲਿਆ ਹੈ, ਉਹ ਕਿੱਥੇ ਐ?" ਸੰਤ ਨੇ ਪੂਰੇ ਰੋਹਬ ਤੇ ਗੁੱਸੇ ਨਾਲ ਪੁੱਛਿਆ।

ਕੁੜੀ ਦਾ ਮੂੰਹ ਖੁੱਲ੍ਹਾ ਰਹਿ ਗਿਆ। ਉਸ ਨੂੰ ਜੇ ਛਿੰਦੇ ਦੇ ਮਾਰੇ ਜਾਣ ਦਾ ਪਤਾ ਲੱਗ ਜਾਂਦਾ, ਉਹ ਰੁਪਈਆ ਚੁੱਕ ਕੇ ਪਿੰਡ ਨੂੰ ਭੱਜ ਜਾਂਦੀ। ਉਸ ਨੂੰ ਇਹ ਵੀ ਖ਼ਬਰ ਮਿਲ ਚੁੱਕੀ ਸੀ ਕਿ ਉਸ ਦਾ ਬਾਪ ਛਿੰਦੇ ਤੋਂ ਡਰਦਾ ਆਪਣੀ ਜ਼ਮੀਨ ਤੇ ਘਰ ਵੇਚ ਕੇ ਯੂ.ਪੀ. ਵਸਣ ਦੀ ਤਿਆਰੀ ਕਰ ਰਿਹਾ ਏ।

"ਜੀ ਦੋ ਲੱਖ ਦਾ ਤਾਂ ਛਿੰਦੇ ਨੂੰ ਹੀ ਪਤਾ ਹੋਵੇਗਾ। ਮੈਨੂੰ ਤਾਂ ਉਹ ਖ਼ਰਚਣ ਨੂੰ ਦੁਆਨੀ ਨਹੀਂ ਦਿੰਦਾ ਸੀ।" ਉਹ ਸਾਫ਼ ਝੂਠ ਬੋਲ ਗਈ।

ਸੰਤ ਕੁੜੀ ਦਾ ਅੰਦਰ ਨਾ ਤਾੜ ਸਕੇ।

"ਤੂੰ ਇਸ ਬਦਮਾਸ਼ ਨਾਲ ਘਰੋਂ ਕਿਉਂ ਨਿਕਲੀ, ਮਾਂ-ਬਾਪ ਦੀ ਇੱਜ਼ਤ ਖੇਹ ਕੀਤੀ?" ਸੰਤਾਂ ਦੀ ਉਂਗਲ ਦੰਦਾਂ ਵਿਚ ਸੀ।

"ਜੀ ਮੈਂ ਤਾਂ ਏਸ ਬਿੱਜੂ ਦੇ ਕਦੇ ਮੱਥੇ ਨਾ ਲੱਗਦੀ। ਜਿਸ ਪੜ੍ਹਦੇ ਮੁੰਡੇ ਨਾਲ ਪਿਆਰ ਸੀ, ਉਹ ਮੈਨੂੰ ਆਪਣੀ ਮਾਸੀ ਕੋਲ ਫ਼ਰੀਦਕੋਟ ਲੈ ਗਿਆ। ਉੱਥੇ ਸਰਕਾਰੇ ਵਿਆਹ ਕਰਨਾ ਸੀ। ਵਕੀਲ ਆਖੇ, ਇਹਦੇ ਬਾਲਗ ਹੋਣ ਵਿਚ ਦੋ ਮਹੀਨੇ ਰਹਿੰਦੇ ਐ। ਸਲਾਹ ਬਣਾਈ ਦੋ ਮਹੀਨੇ ਫ਼ਰੀਦਕੋਟ ਮਾਸੀ ਕੋਲ ਹੀ ਕੱਟੇ ਜਾਣ। ਏਧਰ ਛਿੰਦਾ ਬਾਪੂ ਨਾਲ ਮੈਨੂੰ ਭਾਲਣ ਲੱਗ ਪਿਆ। ਜਦੋਂ ਉਸ ਨੂੰ ਪੱਕੀ ਠਾਹਰ ਦਾ ਪਤਾ ਲੱਗਾ, ਬੰਦਿਆਂ ਤੇ ਹਥਿਆਰਾਂ ਨਾਲ ਮੈਨੂੰ ਚੁੱਕ ਲੈ ਆਇਆ। ਮੈਂ ਤਾਂ ਘਰੋਂ ਨਿਕਲ ਕੇ ਲੋਹੜੇ ਦਾ ਪਛਤਾਉਂਦੀ ਆਂ। ਮੇਰੀ ਮਿੰਨਤ ਐ, ਮਹਾਰਾਜ, ਮੇਰੇ ਬਾਪੂ ਨੂੰ ਮੰਗਵਾ ਦਿਓ। ਮੈਂ ਤੁਹਾਡੇ ਪੈਰੀਂ ਪੈਂਦੀ ਆਂ।" ਉਹ ਹੱਥ ਜੋੜੀ ਨੀਵੀਂ ਹੋਈ ਖਲੋਤੀ ਸੀ।

"ਤੈਨੂੰ ਵੱਡੇ ਬਾਪੂ ਨੂੰ ਮਿਲਾ ਦਿੰਦੇ ਆਂ, ਠਹਿਰ। ਪਹਿਲਾਂ ਦੋ ਲੱਖ ਰੁਪਈਆ ਦੇ, ਉਹ ਤੇਰੇ ਕੋਲ ਐ। ਅਲਮਾਰੀ ਖੋਲ੍ਹ?" ਸੰਤਾਂ ਤੀਰ ਅਲਮਾਰੀ ਦੇ ਜਿੰਦੇ 'ਤੇ ਮਾਰਿਆ।

"ਜੀ ਕੁੰਜੀ ਉਹ ਆਪਣੇ ਕੋਲ ਰੱਖਦਾ ਏ, ਨਿਸ਼ੰਗ ਤਲਾਸ਼ੀ ਲੈ ਲਓ। ਉਸ ਨੂੰ ਮੇਰੇ 'ਤੇ ਇਤਬਾਰ ਨਹੀਂ।" ਉਸ ਆਪਣੇ ਵੱਲੋਂ ਸੱਚੀ ਕਹਿ ਦਿੱਤੀ।

"ਸਿੰਘਾ, ਜਿੰਦਾ ਤੋੜ ਸੁੱਟ?" ਸੰਤਾਂ ਪਿਸਤੌਲ ਵਾਲੇ ਨੂੰ ਤੀਰ ਦਾ ਇਸ਼ਾਰਾ ਦਿੱਤਾ।

ਸਿੰਘ ਨੇ ਅੱਗੇ ਆ ਕੇ ਜਿੰਦੇ ਦੀ ਤੜ 'ਤੇ ਫਾਇਰ ਕੀਤਾ। ਸਾਰੀ ਸਰਾਂ ਵਿਚ ਕੁਰਲਾਟ ਪੈ ਗਿਆ। ਸੁਣਨ ਵਾਲਿਆਂ ਸਮਝਿਆ, ਅੱਜ ਇੱਕ ਹੋਰ ਸੋਧਿਆ ਗਿਆ। ਜਿੰਦਾ ਕੁੰਡੇ ਵਿਚੋਂ ਉੱਛਲ ਕੇ ਫਰਸ਼ 'ਤੇ ਆ ਪਿਆ। ਸਿੰਘ ਨੇ ਅਲਮਾਰੀ ਦੇ ਦੋਵੇਂ ਪਟ ਖੋਲ੍ਹ ਦਿੱਤੇ। ਹਰਾ ਝੋਲਾ ਹੇਠਲੇ ਖ਼ਾਨੇ ਦੇ ਖੂੰਜੇ ਪਿਆ ਉਸ ਚੁੱਕ ਲਿਆ। ਖੋਲ੍ਹਿਆ ਤਾਂ ਨੋਟਾਂ ਦੀਆਂ ਦੱਥੀਆਂ ਹੇਠ-ਉੱਤੇ ਟਿਕਾਈਆਂ ਹੋਈਆਂ ਸਨ। ਸੰਤਾਂ ਝੋਲਾ ਇੱਕ ਹੋਰ ਸਿੰਘ ਨੂੰ ਸੰਭਾਲ ਦਿੱਤਾ। ਮੁੜ ਕੁੜੀ ਦੇ ਐਨੀ ਜ਼ੋਰ ਦੀ ਥੱਪੜ ਮਾਰਿਆ, ਉਸ ਦੇ ਭਾਣੇ ਗੁਰੂ ਰਾਮਦਾਸ ਸਰਾਂ ਭੌਂ ਗਈ। ਕੁੜੀ ਨੂੰ ਚੱਕਰ ਆ ਗਿਆ। ਉਹ ਉਸ ਤਰ੍ਹਾਂ ਹੀ ਸੰਤਾਂ ਦੇ ਪੈਰਾਂ 'ਤੇ ਡਿੱਗ ਪਈ।

"ਤੁਸੀਂ ਬਖ਼ਸ਼ਣਹਾਰ ਹੋ। ਮੇਰਾ ਕੋਈ ਦੋਸ਼ ਨਹੀਂ। ਮੇਰਾ ਐਨਾ ਕਸੂਰ ਜ਼ਰੂਰ ਐ, ਮਾਪਿਆਂ ਦੀ ਲਾਜ ਵਗਾਹ ਕੇ ਘਰੋਂ ਨਿਕਲ ਆਈ।"

"ਆਪਣੀ ਕੀਤੀ ਆਪ ਭੁਗਤ।" ਸੰਤਾਂ ਤੀਰ ਦੇ ਇਸ਼ਾਰੇ ਨਾਲ ਪਰ੍ਹਾਂ ਕਰ ਦਿੱਤਾ।

ਪਿਸਤੌਲ ਵਾਲੇ ਸਿੰਘ ਨੇ ਉਸ ਦੀ ਘੰਡੀ 'ਤੇ ਬੂਟ ਸਮੇਤ ਪੈਰ ਦੱਬ ਦਿੱਤਾ। ਕੁੜੀ ਦੇ ਹਾਲੇ ਵੀ ਹੱਥ ਬੰਨ੍ਹੇ ਹੋਏ ਸਨ।

"ਤੁਸੀਂ ਗੁਰੂ ਵਰਗੇ ਮਾਪੇ ਹੋ। ਬਖ਼ਸ਼ ਦਿਓ, ਇੱਥੋਂ ਸਿੱਧੀ ਪਿੰਡ ਨੂੰ ਜਾਵਾਂਗੀ। ਛਿੰਦੇ ਦੇ ਮੱਥੇ ਨਹੀਂ ਲੱਗਦੀ।" ਉਹ ਬਾਹੁੜੀ ਨਾਲ ਤਰਲੇ ਲੈ ਰਹੀ ਸੀ।

"ਸਾਨੂੰ ਮਾਰਨ ਦਾ ਛਿੰਦੇ ਨੇ ਕਿੰਨੇ ਲੱਖ ਕੀਤਾ ਸੀ? ਝੂਠ ਬੋਲੇਂਗੀ ਤਾਂ ਘੰਡੀ ਟੁੱਟੇਗੀ। ਸਾਨੂੰ ਮਾਰ ਕੇ ਕਿੱਥੇ ਨੂੰ ਭੱਜਣਾ ਸੀ?" ਸੰਤ ਹੋਰ ਭੇਤ ਜਾਣਨਾ ਚਾਹੁੰਦੇ ਸਨ।

ਘੰਡੀ 'ਤੇ ਦਬਾਅ ਪਿਆ ਤਾਂ ਉਹਦੇ ਆਨੇ ਬਾਹਰ ਉੱਭਰ ਆਏ। ਉਸ ਹੱਥ ਹਿਲਾ ਕੇ ਰੋਕਿਆ। ਸਿੰਘ ਨੇ ਪੈਰ ਢਿੱਲਾ ਕਰ ਦਿੱਤਾ। ਕੁੜੀ ਭਰਵਾਂ ਸਾਹ ਲੈ ਕੇ ਬੋਲੀ।

"ਹਾਅਏ! ਮਹਾਂਪੁਰਸ਼ੋ! ਮਾਰੋ ਚਾਹੇ ਛੱਡੋ, ਤੁਹਾਨੂੰ ਮਾਰਨ ਦਾ ਵੀ ਦੋ ਲੱਖ ਚੁਕਤਾ ਕੀਤਾ ਸੀ। ਅਸਾਂ ਇੱਥੋਂ ਨੱਠ ਕੇ ਦਿੱਲੀ ਜਾਣਾ ਸੀ। ਕੀਹਦੇ ਕੋਲ ਜਾਣਾ ਸੀ, ਇਹ ਛਿੰਦੇ ਨਕਰਮੇ ਨੂੰ ਹੀ ਪਤਾ ਸੀ।" ਉਹਨੇ ਆਪਣੇ ਵੱਲੋਂ ਸੱਚ ਕਹਿ ਦਿੱਤਾ।

ਹੋਰ ਪੁੱਛ ਦੱਸ ਲਈ ਉਹਦੀਆਂ ਲੱਤਾਂ-ਬਾਹਾਂ ਮਰੋੜ ਕੇ ਬਹੁਤ ਤਸੀਹੇ ਦਿੱਤੇ, ਪਰ ਹੋਰ ਕਿਸੇ ਗੱਲ ਦਾ ਉਸ ਨੂੰ ਪਤਾ ਹੀ ਨਹੀਂ ਸੀ। ਉਸ ਦੀਆਂ ਦੋਵੇਂ ਬਾਹਾਂ ਤੋੜ-ਮਰੋੜ ਕੇ ਪਿੱਠ ਵਿਚ ਗੰਢ ਦੇ ਦਿੱਤੀ।

"ਓਏ ਰੱਬਾ! ਇੱਕ ਵਾਰੀ ਹੀ ਮਾਰ ਦਿਓ। ਮਰ ਗਈ ਅੰਥੜੀਏ! ਬਾਬਾ ਜੀ ਤੁਹਾਡੀ ਬੱਚੀ ਆਂ, ਬਖ਼ਸ਼ ਦਿਓ?" ਉਹ ਹਾੜੇ ਕੱਢ ਰਹੀ ਸੀ।

ਸੰਤਾਂ ਨੂੰ ਅਹਿਸਾਸ ਹੋ ਗਿਆ, ਹੁਣ ਦੱਸਣ ਵਾਲੀ ਕੋਈ ਗੱਲ ਇਹਦੇ ਕੋਲ ਨਹੀਂ ਰਹੀ। ਉਨ੍ਹਾਂ ਪਿਸਤੌਲ ਵਾਲੇ ਨੂੰ ਇਸ਼ਾਰਾ ਦੇ ਦਿੱਤਾ। ਉਸ ਕੁੜੀ ਦੀ ਪੁੜਪੁੜੀ 'ਤੇ ਨਾਲੀ ਰੱਖ ਕੇ ਘੋੜਾ ਦੱਬ ਦਿੱਤਾ। ਉਹ ਮੂਧੀ ਪਈ ਤੜਪੀ।

"ਤੁਸੀਂ ਛਿੰਦੇ ਵਰਗੇ......।" ਬਾਕੀ ਸ਼ਬਦ ਉਸ ਦੇ ਮੂੰਹ ਵਿਚ ਹੀ ਸੁੱਕ ਗਏ। ਬਾਹਾਂ ਦੀ ਗੱਢ ਆਪਣੇ-ਆਪ ਖੁੱਲ੍ਹ ਗਈ। ਅਸਲ ਵਿਚ ਬਾਹਾਂ ਫੜੀ ਬੈਠੇ ਬੰਦੇ ਨੇ ਬਾਹਾਂ ਛੱਡ ਦਿੱਤੀਆਂ ਸਨ। ਕੁੜੀ ਦੋ-ਤਿੰਨ ਪਲਸੇਟੇ ਲੈ ਕੇ ਠੰਡੀ ਹੋ ਗਈ। ਉਹਦੇ ਮੂੰਹ ਵਿਚੋਂ ਵੀ ਖ਼ੂਨ ਤੁਰ ਪਿਆ ਸੀ। ਮਾਸੂਮ ਕੁੜੀ ਦਾ ਖ਼ੂਨ ਸਿੰਘਾਂ ਦੇ ਪੈਰਾਂ ਵੱਲ ਵਧ ਰਿਹਾ ਸੀ।

"ਡੀ. ਐੱਸ. ਪੀ. ਕੋਤਵਾਲੀ ਨੂੰ ਫ਼ੋਨ ਕਰ ਦਿਓ, ਐਨੇ ਨੰਬਰ ਕਮਰੇ ਵਿਚ ਇੱਕ ਜ਼ਨਾਨੀ ਦੀ ਲਾਸ਼ ਪਈ ਐ। ਆਪਣਾ ਨਾਂ ਨਹੀਂ ਬੋਲਣਾ। ਆਪੇ ਆ ਕੇ ਸੰਭਾਲ ਲੈਣਗੇ।" ਸੰਤਾਂ ਆਦੇਸ਼ ਆਪਣੇ ਚੌਥੇ ਸਿੰਘ ਨੂੰ ਦਿੱਤਾ।

ਚੌਥਾ ਸਿੰਘ ਕੁੜੀ ਦੇ ਕਤਲ ਉੱਤੇ ਅੰਦਰੋਂ ਬੁਰੀ ਤਰ੍ਹਾਂ ਪਸੀਜ ਗਿਆ ਸੀ। ਕੁੜੀ ਦੇ ਮਰਨ ਤੋਂ ਕੁਝ ਸਮਾਂ ਪਹਿਲਾਂ ਦਾ, ਜ਼ਿੰਦਗੀ ਦੀ ਭੁੱਖ ਲਈ ਪਸੀਜਿਆ ਚਿਹਰਾ ਉਸ ਦੀਆਂ ਅੱਖਾਂ ਅੱਗੋਂ ਪਾਸੇ ਨਹੀਂ ਹੁੰਦਾ ਸੀ। ਉਹ ਸਿੰਘ ਕਾਂਗਰਸ ਨੂੰ ਕਿਸਾਨਾਂ ਦੀ ਦੁਸ਼ਮਣ ਨੰਬਰ ਇੱਕ ਸਮਝਦਾ ਸੀ। ਉਹ ਕਦੇ ਕਮਿਊਨਿਸਟਾਂ ਦਾ ਹਮਦਰਦ ਸੀ। ਪਰ ਕਮਿਊਨਿਸਟਾਂ ਦੇ ਕਿਸਾਨਾਂ ਤੇ ਲੋਕਾਂ ਲਈ ਕੁਝ ਵੀ ਨਾ ਕਰਨ 'ਤੇ ਨਿਰਾਸ਼ ਹੋ ਕੇ ਧਰਮ ਯੁੱਧ ਮੋਰਚੇ ਨੇੜੇ ਆ ਗਿਆ ਸੀ। ਉਸ ਮਾਓ ਦਾ ਕਿਤੇ ਲਿਖਿਆ-ਪੜ੍ਹਿਆ ਸੀ: "ਜਿਹੜਾ ਜਿਉਂਦਾ ਨਹੀਂ ਕਰ ਸਕਦਾ, ਉਸ ਨੂੰ ਮਨੁੱਖ ਮਾਰਨ ਦਾ ਹੱਕ ਨਹੀਂ।" ਉਹਦੇ ਸਾਹਮਣੇ ਇੱਕ ਜਵਾਨ ਤੇ ਖ਼ੂਬਸੂਰਤ ਕੁੜੀ ਨੂੰ ਤਸੀਹੇ ਦੇ ਕੇ ਮਾਰਿਆ ਗਿਆ ਸੀ, ਜਿਸ ਦਾ ਖ਼ੂਨ ਉਹਦੇ ਪੈਰਾਂ ਵੱਲ ਵਧ ਰਿਹਾ ਸੀ। ਉਹ ਸਿਰ ਮਾਰਦਾ ਅੰਦਰੋਂ ਲਹੂ-ਲੁਹਾਣ ਸਭ ਤੋਂ ਪਹਿਲਾਂ ਕਮਰੇ ਤੋਂ ਬਾਹਰ ਆ ਗਿਆ। ਉਹ ਆਪਣੇ ਦਿਲ ਦੀ ਕਮਜ਼ੋਰੀ ਤੇ ਹਮਦਰਦੀ ਸੰਤ ਜਰਨੈਲ ਸਿੰਘ ਤੋਂ ਛੁਪਾਉਣਾ ਚਾਹੁੰਦਾ ਸੀ।

ਉਸ ਦਾ ਜੀਅ ਕਰਦਾ ਸੀ, ਅੰਮ੍ਰਿਤਸਰ ਤੋਂ ਭੱਜ ਜਾਵਾਂ, ਪਰ ਮੈਂ ਤਾਂ ਮਹਾਂਪੁਰਸ਼ਾਂ ਅੱਗੇ ਦੁਸ਼ਮਣ ਨਾਲ ਟੱਕਰ ਲੈਣ ਦੀ ਪ੍ਰਤਿੱਗਿਆ ਕਰ ਚੁੱਕਾ ਆਂ। ਮੈਨੂੰ ਹਾਲੇ ਤੱਕ ਇਹ ਸਮਝ ਨਹੀਂ ਆਈ: ਜ਼ਿੰਦਗੀ, ਜ਼ਿੰਦਗੀ ਦੀ ਦੁਸ਼ਮਣ ਕਿਉਂ ਐ? ਐਨੇ ਪੈਗੰਬਰ ਆਏ, ਧਰਮ ਉੱਭਰੇ, ਮਨੁੱਖਤਾ ਵਿਚਲਾ ਵਿਰੋਧ ਨਹੀਂ ਮਿਟਾਇਆ ਜਾ ਸਕਿਆ।

ਗੁਰੂ ਰਾਮਦਾਸ ਸਰਾਂ ਦੀਆਂ ਪੌੜੀਆਂ ਉੱਤਰ ਕੇ ਚੌਥੇ ਸਿੰਘ ਨੇ ਡੀ. ਐੱਸ. ਪੀ. ਕੋਤਵਾਲੀ ਨੂੰ ਫ਼ੋਨ ਤਾਂ ਕਰ ਦਿੱਤਾ, ਪਰ ਸੂਰਜ ਛਿਪਣ ਤੋਂ ਪਹਿਲਾਂ ਉਹ ਆਪਣੇ ਪਿੰਡ ਦੀਆਂ ਨਿਆਈਆਂ ਵਿਚ ਜੀ-ਭਿਆਣਾ ਖਲੋਤਾ ਸੋਚੀ ਜਾ ਰਿਹਾ ਸੀ।

ਬਾਈਵਾਂ ਕਾਂਡ

ਸੰਤ ਜਰਨੈਲ ਸਿੰਘ ਭਾਵੇਂ ਧਰਮਯੁੱਧ ਮੋਰਚੇ ਦੇ ਡਿਕਟੇਟਰ ਨਹੀਂ ਸਨ, ਪਰ ਸਿੱਖ ਸੰਗਤ ਵਿਚ ਹਰਮਨ ਪਿਆਰੇ ਬਹੁਤ ਹੋ ਚੁੱਕੇ ਸਨ। ਮੰਜੀ ਸਾਹਿਬ ਦੇ ਦੀਵਾਨ ਵਿਚ ਲੋਕ ਉਨ੍ਹਾਂ ਨੂੰ ਸੁਣਨ ਲਈ ਹੁੰਮ-ਹੁਮਾ ਕੇ ਆਉਂਦੇ ਸਨ। ਉਨ੍ਹਾਂ ਤੋਂ ਪਹਿਲਾਂ ਸੰਤ ਹਰਚੰਦ ਸਿੰਘ ਜੀ ਸੰਗਤ ਨੂੰ ਸੰਬੋਧਨ ਕਰਦੇ। ਉਹ ਪੰਜਾਬ ਅਤੇ ਸਿੱਖਾਂ ਨਾਲ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਤਕਰਿਆਂ ਦੀ ਕਹਾਣੀ ਸ਼ਾਂਤ ਢੰਗ ਨਾਲ ਬਿਆਨ ਕਰਦੇ ਸਨ। ਆਜ਼ਾਦੀ ਦੀ ਜੰਗ ਵਿਚ ਸਿੱਖਾਂ ਦੇ ਪਾਏ ਯੋਗਦਾਨ ਦਾ ਵੇਰਵਾ ਦਿੰਦੇ। ਸੰਤ ਹਰਚੰਦ ਸਿੰਘ ਜੀ ਲੜਾਕੂ ਸੁਭਾਅ ਦੇ ਨਹੀਂ ਸਨ। ਸਹਿਣਸ਼ੀਲਤਾ ਉਨ੍ਹਾਂ ਤੋਂ ਵੱਖ ਨਹੀਂ ਕੀਤੀ ਜਾ ਸਕਦੀ ਸੀ। ਪਰ ਸੰਤ ਜਰਨੈਲ ਸਿੰਘ ਜੀ ਨੌਜਵਾਨ ਹੋਣ ਕਾਰਨ ਹੁੰਦੀ ਹਰ ਬੇਇਨਸਾਫ਼ੀ ਵਿਰੁੱਧ ਡਟ ਕੇ ਆਪਣਾ ਤੇ ਕੌਮ ਦਾ ਪ੍ਰਤੀਕਰਮ ਜ਼ਾਹਰ ਕਰਦੇ ਸਨ। ਉਨ੍ਹਾਂ ਦਾ ਜੋਸ਼ ਅਨਿਆਂ ਵਿਰੁੱਧ ਉੱਬਲ-ਉੱਬਲ ਪੈਂਦਾ ਸੀ। ਉਹ ਸੱਚੀਆਂ ਤੇ ਖ਼ਰੀਆਂ ਕਰੜੇ ਸ਼ਬਦਾਂ ਵਿਚ ਸਰਕਾਰ ਦੇ ਮੂੰਹ 'ਤੇ ਮਾਰਦੇ ਸਨ। ਸਵਾਇ ਵਾਹਿਗੁਰੂ ਦੇ, ਕਿਸੇ ਦਾ ਡਰ-ਭੈਅ ਨਹੀਂ ਮੰਨਦੇ ਸਨ। ਆਪਣੇ ਹੱਕ ਲਈ ਅੜਨਾ, ਜੇ ਨਾ ਮਿਲੇ ਲੜ ਕੇ ਲੈਣ ਵਿਚ ਯਕੀਨ ਰੱਖਦੇ ਸਨ। ਉਨ੍ਹਾਂ ਦਾ ਸਰਕਾਰ ਨੂੰ ਨਾਅਰਾ ਸੀ:—

"ਸਾਨੂੰ ਸਿੱਖਾਂ ਨੂੰ ਕਿਸੇ ਗੱਲੋਂ ਝੂਠੇ ਕਰੋ, ਨਹੀਂ ਅਸੀਂ ਤੁਹਾਡੇ ਪੈਰ-ਪੈਰ 'ਤੇ ਦਿੱਤੇ ਧੋਖੇ ਤੇ ਝੂਠਾਂ ਦੀ ਪੰਡ ਪਰ੍ਹੇ ਵਿਚ ਖੋਲ੍ਹ ਕੇ ਦੱਸਦੇ ਆਂ।"

ਉਨ੍ਹਾਂ ਦੀ ਲੂੰ ਕੰਡਿਆਂ ਦੇਣ ਵਾਲੀ ਤਕਰੀਰ ਸੁਣਨ ਪਿੱਛੋਂ ਹੀ ਮੋਰਚੇ ਵਾਲਾ ਜਥਾ ਗ੍ਰਿਫ਼ਤਾਰੀ ਲਈ ਰਵਾਨਾ ਹੁੰਦਾ ਸੀ।

ਸਰਕਾਰ ਅਤੇ ਅਕਾਲੀਆਂ ਵਿਚਕਾਰ ਧਰਮਯੁੱਧ ਮੋਰਚੇ ਕਾਰਨ ਖਿਚਾਉ ਵਧ ਗਿਆ ਸੀ। ਸ਼ਹਿਰ ਦੇ ਵਪਾਰੀ ਇਸ ਹਫੜਾ-ਦਫੜੀ ਵਿਚ ਬਹੁਤ ਹਰਾਸੇ ਹੋਏ ਸਨ। ਕਾਰੋਬਾਰ ਠੱਪ ਹੋ ਕੇ ਰਹਿ ਗਏ ਸਨ। ਸਾਰੇ ਸਹਿਮੇ ਸੋਚ ਰਹੇ ਸਨ, ਇਸ ਖਿੱਚੋਤਾਣ ਦਾ ਕੀ ਨਤੀਜਾ ਨਿਕਲੇਗਾ? ਸਾਰੀ ਪੁਲੀਸ ਹੀ ਨਹੀਂ, ਸਰਕਾਰ ਦਾ ਧਿਆਨ ਮੋਰਚਾ ਕੰਟਰੋਲ ਕਰਨ 'ਤੇ ਲੱਗਾ ਹੋਇਆ ਸੀ। ਇਸ ਗੜਬੜ ਵਿਚ ਬਦਮਾਸ਼ਾਂ ਤੇ ਸਮਗਲਰਾਂ ਦੀ ਚਾਂਦੀ ਬਣੀ ਹੋਈ ਸੀ। ਉਨ੍ਹਾਂ ਗੁਰਮੁਖੀ ਪੱਗਾਂ ਨਾਲ ਨੀਲੇ-ਚਿੱਟੇ ਚੋਲ੍ਹੇ ਪਾ ਲਏ। ਉਹ ਸ਼ਰੀਫ਼ ਸ਼ਹਿਰੀਆਂ ਨੂੰ ਆਪ ਹੀ ਹਥਿਆਰ ਨੰਗੇ ਕਰਕੇ ਡਰਾ ਰਹੇ ਸਨ ਤੇ ਜਬਰੀ ਉਗਰਾਹੀਆਂ ਵਿਚ ਲੱਗੇ ਹੋਏ ਸਨ। ਅਜਿਹੇ ਨੀਚ ਵੀ ਸਨ, ਜਿਹੜੇ ਦੁਕਾਨਦਾਰਾਂ ਦੇ ਗੁੱਟਾਂ ਤੋਂ ਘੜੀਆਂ ਅਤੇ ਗਲੋਂ ਚੇਨੀਆਂ ਲੁਹਾ ਲੈਂਦੇ ਸਨ। ਵੱਡਾ ਖਾੜਕੂ ਤਬਕਾ ਵੱਡੀਆਂ ਮਾਰਾਂ ਮਾਰ ਰਿਹਾ ਸੀ। ਮਾਰਾਂ ਮਾਰਨ ਵਾਲੇ ਜੱਥੇ ਕਈ ਬਣ ਚੁੱਕੇ ਸਨ। ਛਪੇ ਪੈਡ 'ਤੇ ਆਗੂ ਦੇ ਦਸਤਖ਼ਤਾਂ ਵਾਲੀ ਚਿੱਠੀ ਮਾਲਦਾਰ ਸਾਮੀ ਨੂੰ ਜਾ ਦੇਂਦੇ। ਚਿੱਠੀ ਪੜ੍ਹ ਕੇ ਹੇਠਾਂ ਆਗੂ ਦੇ ਦਸਤਖ਼ਤ ਦੇਖ ਵਪਾਰੀ ਦੇ ਹਵਾਸ ਉੱਡ ਜਾਂਦੇ। ਡਰ ਤੇ ਲੰਮੀ ਸੋਚ ਵਾਲੇ ਕਮਜ਼ੋਰ ਦਿਲ, ਅੱਧ-ਪਚੱਧ ਦੇ ਕੇ ਖਹਿੜਾ

ਛੁਡਾ ਲੈਂਦੇ, ਪਰ ਇਹ ਸਿਲਸਿਲਾ ਸ਼ੈਤਾਨ ਦੀ ਆਂਤ ਵਾਂਗ ਵਧਦਾ ਹੀ ਜਾ ਰਿਹਾ ਸੀ।

"ਸਰਕਾਰ ਜੀ, ਬੀਬੀ ਭਾਈ! ਅਸੀਂ ਅੰਮ੍ਰਿਤਸਰ ਖਾਲੀ ਕਰਕੇ ਆ ਰਹੇ ਆਂ, ਸਾਡੇ ਰਹਿਣ ਲਈ ਜਗ੍ਹਾ ਦਾ ਬੰਦੋਬਸਤ ਕੀਤਾ ਜਾਵੇ?" ਵਪਾਰੀਆਂ ਪ੍ਰਧਾਨ ਮੰਤਰੀ ਨੂੰ ਯਰਕਾਉਣ ਲਈ ਵੱਡਾ ਢਮੱਲਾ ਉਹਦੇ ਸਿਰ ਮਾਰ ਕੇ ਚਕਰਾਅ ਦਿੱਤਾ।

"ਆਖ਼ਰ ਬਾਤ ਕਿਆ ਹੁਈ। ਆਪ ਲੋਕ ਇਤਨੇ ਪ੍ਰੇਸ਼ਾਨ ਕਿਉਂ ਹੈਂ?" ਹੈਰਾਨੀ ਵਿਚ ਇੰਦਰਾ ਨੇ ਐਨਕ ਲਾਹ ਕੇ ਹੱਥ ਫੜ ਲਈ।

"ਰਿਪੋਰਟਾਂ ਤੁਹਾਡੇ ਤੱਕ ਵੀ ਅੰਮ੍ਰਿਤਸਰ ਦੀਆਂ ਆਉਂਦੀਆਂ ਹੋਣਗੀਆਂ। ਅਸੀਂ ਨਾ ਜੀ ਰਹੇ ਆਂ, ਨਾ ਮਰ ਰਹੇ ਆਂ। ਹਮਾਰਾ ਕੋਈ ਬੰਦੋਬਸਤ ਕੀਜੀਏ। ਭਿੰਡਰਾਂ ਵਾਲੇ ਦੇ ਬੰਦੇ ਹਮੇਂ ਫੜ ਕੇ ਨਾਮ ਸੇ ਲੂਟ ਰਹੇ ਹੈਂ। ਵਪਾਰ ਅਸਲੋਂ ਬੰਦ ਹੈ, ਚੂਹਲਾ ਤੱਕ ਨਹੀਂ ਜਲਤਾ।" ਉਨ੍ਹਾਂ ਵਧਾ-ਚੜ੍ਹਾ ਕੇ ਇੰਦਰਾ ਨੂੰ ਬੱਤੀ ਸੀਖੀ ਕਿ ਭੂਹੇ ਹੋ ਕੇ ਕੋਈ ਐਕਸ਼ਨ ਕਰੇ। ਉਨ੍ਹਾਂ ਮਸਕੀਨਾਂ ਵਾਂਗ ਹੱਥ ਜੋੜੇ ਹੋਏ ਸਨ।

"ਵਹਾਂ ਕੀ ਪੁਲੀਸ ਕਿਆ ਕਰਤੀ ਹੈ? ਡੀ. ਸੀ. ਐਡਮਨਿਸਟਰੇਟ ਨਹੀਂ ਕਰਦਾ?" ਇੰਦਰਾ ਨੇ ਗੁੱਸੇ ਨਾਲ ਭਵਾਂ ਤਣ ਲਈਆਂ। "ਸੰਤ ਜਰਨੈਲ ਸਿੰਘ ਤੋ ਐਸਾ ਨਹੀਂ ਥਾ। ਵੋਹ ਤੋ ਧਾਰਮਿਕ ਵਿਅਕਤੀ ਹੈ।"

"ਆਪ ਠੀਕ ਫ਼ੁਰਮਾਤੇ ਹੈਂ। ਉਸ ਕੇ ਸਾਥ ਜੋ ਰਲੇ ਹੁਏ ਹੈਂ, ਚੋਰ, ਲੁਟੇਰਾ, ਸਮਗਲਰ ਸਭ ਦਰਬਾਰ ਸਾਹਿਬ ਮੇਂ ਆ ਜਮ੍ਹਾਂ ਹੂਏ ਹੈਂ।"

"ਵੋਹ ਸੰਤ ਲੁਟੇਰੋਂ ਕੋ ਡਾਂਟਤਾ ਨਹੀਂ?" ਉਹ ਆਪਣੇ ਟੁੱਟੇ ਵਿਸ਼ਵਾਸ 'ਤੇ ਔਖੀ ਸੀ। ਉਹ ਸੰਤ ਜਰਨੈਲ ਸਿੰਘ ਰਾਹੀਂ ਅਕਾਲੀਆਂ ਨੂੰ ਖ਼ਤਮ ਕਰਨਾ ਚਾਹੁੰਦੀ ਸੀ।

"ਉਨਹੋਂ ਨੇ ਏਕ-ਦੋ ਲੁਟੇਰੋਂ ਕੋ ਪੀਟਾ ਤੋ ਥਾ, ਮਗਰ ਲੂਟ ਬੰਦ ਨਹੀਂ ਹੂਈ। ਆਪ ਸਮਰੱਥ ਹੈਂ, ਸ਼ਕਤੀਸ਼ਾਲੀ, ਸਭ ਕੁਝ ਕਰ ਸਕਤੇ ਹੈਂ। ਉਨ ਸਮਗਲਰੋਂ ਸੇ ਹਮਾਰਾ ਪੀਛਾ ਛੁਡਾਈਏ। ਪੁਲੀਸ ਸੇ ਵੋਹ ਡਰਤੇ ਨਹੀਂ। ਪਾਕਿਸਤਾਨ ਆਮ ਆਤੇ ਜਾਤੇ ਹੈਂ। ਹਥਿਆਰ, ਅਫ਼ੀਮ, ਲੌਂਗ ਤੇ ਸੋਨਾ ਲਾਤੇ ਹੈਂ। ਵੇਚਤੇ ਹੈਂ। ਜਨਾਬ ਜੀ, ਅੰਮ੍ਰਿਤਸਰ ਮੇਂ ਕੋਈ ਸਰਕਾਰ ਨਹੀਂ।" ਉਨ੍ਹਾਂ ਇੰਦਰਾ ਨੂੰ ਪੂਰੀ ਤਰ੍ਹਾਂ ਭੜਕਾ ਦਿੱਤਾ।

"ਮੈਂ ਕਹਿਤੀ ਹੂੰ, ਬੇਫ਼ਿਕਰ ਹੋ ਕਰ ਆਪਣਾ ਕਾਰੋਬਾਰ ਕਰੋ। ਹਮ ਸਭ ਬੰਦੋਬਸਤ ਕਰੇਂਗੇ। ਹਮ ਕਿਸੀ ਕੋ ਲੂਟਨੇ ਨਹੀਂ ਦੇਂਗੇ। ਆਪ ਅਬ ਜਾਏਂ।" ਇੰਦਰਾ ਨੇ ਤਸੱਲੀ ਦੇ ਕੇ ਉਨ੍ਹਾਂ ਨੂੰ ਤੁਰਦੇ ਕਰ ਦਿੱਤਾ, ਪਰ ਇਸ਼ਾਰੇ ਨਾਲ ਜਟਾਧਾਰੀ ਅਤੇ ਰਿਟਾਇਰਡ ਸਕੱਤਰ ਨੂੰ ਰੋਕ ਲਿਆ। "ਬੈਠੀਏ?" ਇੰਦਰਾ ਨੇ ਮੁੜ ਕੁਰਸੀ ਵੱਲ ਹੱਥ ਕੀਤਾ। "ਆਪ ਕਿਆ ਸੋਚਤੇ ਹੈਂ, ਸਿੱਖੋਂ ਕਾ ਮਸਲਾ ਕੈਸੇ ਡੀਲ ਕੀਆ ਜਾਏ?"

ਜਟਾਧਾਰੀ ਦੀਆਂ ਉਂਗਲਾਂ ਜਟਾਂ ਵਿਚ ਫਸੀਆਂ ਹੋਈਆਂ ਸਨ।

"ਯਹ ਵਾਲ ਦੇਖੋ ਇੰਦਰਾ ਜੀ, ਅਗਰ ਕੰਘੀ ਸੇ ਸਾਫ਼ ਨਾ ਹੋਂ ਤੋ ਕਾਟ ਦੀਏ ਜਾਤੇ ਹੈਂ।" ਉਸ ਵਾਲਾਂ ਵਿਚ ਫਸੀਆਂ ਦੋ ਉਂਗਲਾਂ ਦੀ ਕੈਂਚੀ ਬਣਾਈ। "ਸਿੱਖ ਭੂਤਨੇ ਲੋਕ ਹੈਂ। ਖ਼ਰਮਸਤੀ ਪੇ ਆ ਜਾਵੇਂ ਤੋ ਬੁਰੀ ਤਰ੍ਹਾਂ ਸਿਰ ਚੜ੍ਹ ਜਾਤੇ ਹੈਂ। ਇਨ ਕਾ ਸਿਰ ਦਬਾ ਕਰ ਰਖਣਾ ਹੀ ਰਾਜਨੀਤੀ ਹੈ।"

"ਸੈਕਟਰੀ ਸਾਹਿਬ, ਆਪ ਕੀ ਕਿਆ ਰਾਏ ਹੈ?" ਪ੍ਰਧਾਨ ਮੰਤਰੀ ਨੇ ਟੱਲੀ ਦਾ ਬਟਨ

ਦਬਾ ਦਿੱਤਾ।" ਬਾਹਰ ਬੈਠਾ ਸੇਵਾਦਾਰ ਬਾਰ ਖੋਲ੍ਹ ਕੇ ਝੱਟ ਹਾਜ਼ਰ ਹੋ ਗਿਆ। "ਚਾਏ ਲਾਓ?"

ਚਪੜਾਸੀ ਸਿਰ ਝੁਕਾ ਕੇ ਤੁਰ ਗਿਆ। ਸੈਕਟਰੀ ਦਾ ਵੀ ਹੁਣ ਰੌਂਜ ਨਿਕਲ ਆਇਆ ਸੀ।

"ਸਰ, ਨਾ ਇਸ ਸੇ ਦੋਸਤੀ ਅੱਛੀ, ਨਾ ਦੁਸ਼ਮਣੀ ਅੱਛੀ।"

"ਇਨ ਹੁਸੀਨੋ ਕੋ ਦੂਰ ਸੇ ਹੀ ਸਾਹਬੋ ਸਲਾਮਤ ਅੱਛੀ।" ਇੰਦਰਾ ਸ਼ੇਅਰ ਦਾ ਪਹਿਲਾਂ ਮਿਸਰਾ ਕਹਿ ਕੇ ਹੱਸ ਪਈ।

"ਹਾਂ ਜਨਾਬ, ਆਪ ਠੀਕ ਫ਼ਰਮਾਤੀ ਹੈਂ। ਚਲਾਕ ਸ਼ਿਕਾਰੀ ਸ਼ਿਕਾਰ ਮਾਰਤੇ ਕਮ ਹੈਂ ਪਕੜਤੇ ਜ਼ਿਆਦਾ ਹੈਂ। ਸੋ, ਪਕੜਨੇ ਕੇ ਲੀਏ ਜਾਲ ਵਿਛਾਨਾ ਚਾਹੀਏ। ਇਨ ਕੀ ਤਾਕਤ ਕੋ ਧੜੇ ਬੰਦੀਓਂ ਮੇਂ ਬਾਂਟ ਦੇ ਤਾਂ ਜੋ ਆਪਸ ਮੇਂ ਲੜਤੇ-ਮਰਤੇ ਰਹੇਂ।" ਏਨੀ ਕਹਿ ਕੇ ਉਸ ਪ੍ਰਧਾਨ ਮੰਤਰੀ ਦਾ ਪ੍ਰਤੀਕ੍ਰਮ ਜਾਨਣ ਲਈ ਸਿਰ ਚੁੱਕ ਲਿਆ।

"ਆਪ ਕੀ ਰਾਏ ਮਾਕੂਲ ਹੈ, ਮਗਰ ਜਾਲ ਵਿਛਾਨੇ ਕੀ ਬਾਤ ਮੁਕੰਮਲ ਕਰੋ?"

"ਇਨ ਕੋ ਸੁਲਾਹ ਕਰਨੇ ਕੀ ਚਿੱਠੀ ਲਿਖੀ ਜਾਏ। ਲਿਖੀ ਸੰਤ ਜਰਨੈਲ ਸਿੰਘ ਕੋ ਜਾਏ। ਸਭ ਖਾੜਕੂ ਉਸ ਕੇ ਸਾਥ ਹੈਂ। ਪੰਜਾਬੀ ਵਿਚ ਕਹਾਵਤ ਹੈ, ਗੁੜ ਨਾਲ ਮਰ ਜਾਣ ਵਾਲੇ ਨੂੰ ਜ਼ਹਿਰ ਦੇਣ ਦੀ ਲੋੜ ਨਹੀਂ। ਔਰ ਸੰਤ ਲੌਂਗੋਵਾਲ ਤੋਂ ਗਾਂਧੀਵਾਦੀ ਹੈ, ਉਨ ਸੇ ਡਰਨੇ ਕੀ ਕੋਈ ਬਾਤ ਨਹੀਂ।"

"ਕਿਆ ਹਮੇਂ ਜਰਨੈਲ ਸਿੰਘ ਸੇ ਡਰਨਾ ਚਾਹੀਏ?"

"ਨਹੀਂ, ਐਸਾ ਨਹੀਂ। ਜੋ ਮਰਨਾ ਜਾਣਤਾ ਹੋ ਯਾ ਮਰਨੇ-ਮਾਰਨੇ ਪੇ ਆ ਜਾਏ, ਉਸ ਸੇ ਪੰਜਾਬੀ ਮੇਂ ਪਾਸਾ ਵੱਟਣਾ ਚਾਹੀਏ, ਸੀਧਾ ਮਾਰਨੇ ਸੇ ਬਿਹਤਰ ਹੋਗਾ, ਦੋਸਤੀ ਪਾ ਕਰ ਮਾਰੀਏ। ਸਿੱਖੋਂ ਕੀ ਫ਼ਿਤਰਤ ਜਜ਼ਬਾਤੀ ਹੈ। ਗੁੱਸੇ ਮੇਂ ਏਕਦਮ ਭੜਕਤੇ ਹੈਂ ਔਰ ਸ਼ਾਂਤ ਵੀ ਜਲਦੀ ਹੋ ਜਾਤੇ ਹੈਂ। ਉਨਹੇਂ ਸ਼ਾਂਤ ਕਰਨੇ ਕੇ ਲੀਏ ਪਿਆਰ ਸੇ ਬੁਲਾਈਏ, ਭੋਲੇ ਹੈਂ, ਝਟ ਮਾਨ ਜਾਏਂਗੇ। ਕੁਛ ਰਿਆਇਤੇਂ ਆਫ਼ਰ ਕੀਜੀਏ। ਬੀਨ ਬਜਾਨੇ ਸੇ ਫ਼ਨੀਅਰ ਸਾਂਪ ਵੀ ਪਟਾਰੀ ਮੇਂ ਆ ਜਾਤਾ ਹੈ। ਕੁਦਰਤ ਕਾ ਅਸੂਲ ਹਰ ਜਗ੍ਹਾ ਯਕਸਾਂ ਹੈ।" ਸੈਕਟਰੀ ਨੇ ਆਪਣੇ ਜਾਲ ਦਾ ਵੇਰਵਾ ਦੱਸਦਿਆਂ ਲੰਮਾ ਸਾਹ ਖਿਚਿਆ।

"ਆਓ, ਚਾਏ ਆ ਗਈ, ਪੀ ਜੀਏ।"

ਜਟਾਧਾਰੀ ਚਾਹ ਦੇ ਪਿਆਲੇ ਦੀ ਥਾਂ ਕਾਜੂਆਂ ਨੂੰ ਪੈ ਗਿਆ।

ਤੇਈਵਾਂ ਕਾਂਡ

ਸਿੱਖੀ ਪ੍ਰਚਾਰ ਵਜੋਂ ਸ਼੍ਰੋਮਣੀ ਕਮੇਟੀ ਤੋਂ ਬਿਨਾਂ ਵਿਸ਼ੇਸ਼ ਦੋ ਮੁਹੀਆਂ ਸਨ। ਦਮਦਮੀ ਟਕਸਾਲ ਬਾਬਾ ਦੀਪ ਸਿੰਘ ਸ਼ਹੀਦ ਦੀ ਪੁਰਾਣੀ ਲਹਿਰ ਅਤੇ ਦੂਜੀ ਅਖੰਡ ਕੀਰਤਨੀ ਜਥਾ ਸੰਤ ਰਣਧੀਰ ਸਿੰਘ ਜੀ ਨਾਰੰਗ ਵਾਲੀਏ ਨੇ ਤੋਰਿਆ ਸੀ। ਇਸ ਜਥੇ ਦਾ ਜਨਮ 1914 ਦੇ ਗ਼ਦਰ ਸਮੇਂ ਹੋਇਆ। ਆਜ਼ਾਦੀ ਦੀ ਲਹਿਰ ਵਿਚ ਸੰਤ ਰਣਧੀਰ ਸਿੰਘ ਜੀ ਵੀ ਫੜੇ ਗਏ ਸਨ। ਇਸ ਲਹਿਰ ਫ਼ੌਜੀ ਬਹੁਤੇ ਸਨ। ਅੰਗਰੇਜ਼ ਦੀਆਂ ਜੇਲ੍ਹਾਂ ਦੇ ਭਾਰੀ ਤਸੀਹੇ ਗੁਰਬਾਣੀ ਦੇ ਕੀਰਤਨ ਦੇ ਬਲ ਕਾਰਨ ਹੀ ਉਹ ਸਹਿੰਦੇ ਰਹੇ ਸਨ। ਫਿਰ ਭਗਤੀ ਵਿਚ ਲੀਨ ਨਾਮ-ਸਿਮਰਨ ਦੀ ਲਹਿਰ ਹੀ ਚੱਲ ਪਈ। ਕੀਰਤਨ ਕਰਨਾ ਤੇ ਅੰਮ੍ਰਿਤ ਛਕਾ ਕੇ ਸਿੰਘ ਸਜਾਉਣੇ ਦੋ ਹੀ ਮੂਲ ਮਕਸਦ ਸਨ। ਸੰਤ ਰਣਧੀਰ ਸਿੰਘ ਜੀ ਅੰਗਰੇਜ਼ ਨੂੰ ਦੇਸ਼ੋਂ ਕੱਢਣ ਦੇ ਹਮਾਇਤੀ ਸਨ। ਇਸੇ ਕਾਰਨ ਜੇਲ੍ਹਾਂ ਵਿਚ ਕਸ਼ਟ ਸਹਿੰਦੇ ਰਹੇ। ਉਹ ਹਰ ਸਿੱਖ ਦੇ ਚੱਲਣ ਨੂੰ ਭਜਨ ਬੰਦਗੀ ਨਾਲ ਅਸਲੋਂ ਖ਼ਰਾ ਸਿੱਕਾ ਬਣਾਉਣਾ ਚਾਹੁੰਦੇ ਸਨ, ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦੇਸ਼ ਸੀ। ਬਾਹਰੋਂ ਆ ਕੇ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਗੁਰਬਾਣੀ ਨਾਲ ਵਧੇਰੇ ਜੋੜਦੇ ਰਹੇ, ਕਿਉਂਕਿ ਗੁਰਬਾਣੀ ਹੀ ਮੂਲ ਸ਼ਕਤੀਆਂ ਦਾ ਸੋਮਾ ਸੀ। ਅੰਮ੍ਰਿਤਸਰ ਦੀ ਵਿਸਾਖੀ ਸਮੇਂ ਨਿਰੰਕਾਰੀਆਂ ਨਾਲ ਹੋਏ ਟਕਰਾਅ ਪਿੱਛੋਂ, ਜਿਸ ਵਿਚ ਤੇਰਾਂ ਸਿੰਘ ਸ਼ਹੀਦ ਹੋ ਗਏ ਸਨ, ਅਖੰਡ ਕੀਰਤਨੀ ਜਥੇ ਨੇ ਦਮਦਮੀ ਟਕਸਾਲ ਭਾਵ ਸੰਤ ਜਰਨੈਲ ਸਿੰਘ ਤੋਂ ਪਾਸਾ ਵੱਟ ਲਿਆ ਅਤੇ ਵਾਹਿਗੁਰੂ ਦੇ ਸਿਮਰਨ ਵਿਚ ਆਪੇ ਨੂੰ ਲੀਨ ਕਰ ਲਿਆ।

ਆਜ਼ਾਦੀ ਆ ਜਾਣ ਪਿੱਛੋਂ ਕੇਂਦਰ ਦੇ ਬ੍ਰਾਹਮਣਵਾਦੀ ਦੁਰਵਿਹਾਰ ਦੇ ਖ਼ਿਲਾਫ਼ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਸਿੱਖਾਂ ਦੇ ਸ੍ਵੈਮਾਨ ਨਾਲ ਜੀਣ ਦੇ ਹੱਕ ਵਿਚ ਸਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਭਗਤੀ ਤੇ ਸ਼ਕਤੀ ਦੇ ਅਸੂਲਾਂ ਨੂੰ ਪੂਰਨ ਰੂਪ ਵਿਚ ਧਾਰਨਾ ਚਾਹੁੰਦੇ ਸਨ। ਦੂਜੇ ਨਿਰੰਕਾਰੀਆਂ ਹੱਥੋਂ ਮਾਰੇ ਗਏ ਤੇਰਾਂ ਸਿੰਘਾਂ ਦੇ ਬਦਲੇ ਦੀ ਭਾਵਨਾ ਵੀ ਲਾਟੀਂ ਮੱਚ ਰਹੀ ਸੀ। ਉਹ ਅਕਾਲੀਆਂ ਦੀਆਂ ਗੱਦੀਆਂ ਦੀਆਂ ਲਾਲਸਾਵਾਂ ਤੋਂ ਵਿੱਥ ਨਾਲ ਰਹਿੰਦੇ ਸਨ। ਮਹਿਤਾ ਚੌਕ ਦੇ ਗੁਰਦੁਆਰੇ ਨੂੰ ਗੁਰਬਾਣੀ ਦੇ ਮਹਾਨ ਗਿਆਤਾ ਸੰਤ ਗੁਰਬਚਨ ਸਿੰਘ ਜੀ ਨੇ ਆਬਾਦ ਕੀਤਾ ਸੀ। ਸੰਤ ਗੁਰਬਚਨ ਸਿੰਘ ਜੀ ਜੰਮਪਲ ਤਾਂ ਜਗਰਾਵਾਂ ਲਾਗੇ ਅਖਾੜਾ ਪਿੰਡ ਦਾ ਸੀ, ਪਰ ਮਹਾਨ ਪੰਡਤ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਲੜ ਲੱਗਣ ਕਰਕੇ ਭਿੰਡਰਾਂ ਵਾਲੇ ਹੀ ਵੱਜਣ ਲੱਗ ਪਏ। ਸੰਤ ਗੁਰਬਚਨ ਸਿੰਘ ਜੀ ਗੁਰਬਾਣੀ ਦੇ ਮਹਾਨ ਗਿਆਤਾ ਮਹਾਂਪੁਰਸ਼ ਸਨ। ਉਨ੍ਹਾਂ ਪੰਜਾਬ ਅਤੇ ਪੰਜਾਬੋਂ ਬਾਹਰ ਅਥਾਹ ਸਿੱਖੀ ਪ੍ਰਚਾਰ ਕੀਤਾ। ਉਨ੍ਹਾਂ ਦੀ ਸਿੱਖ ਪੰਥ ਵਿਚ ਭਾਰੀ ਮਹਿਮਾ ਸੀ। ਉਨ੍ਹਾਂ ਚੌਕ ਮਹਿਤੇ ਸਰੀਰ ਤਿਆਗਿਆ। ਭਿੰਡਰਾਂ ਦੇ ਗੁਰਦੁਆਰੇ ਵਿਚ ਟਕਸਾਲ ਦੀ ਪੱਗ ਦੇਣ ਲਈ ਦੁਸਹਿਰੇ 'ਤੇ ਭਾਰੀ ਇਕੱਠ ਹੋਇਆ। ਪੱਗ ਸੰਗਤ ਵੱਲੋਂ ਸੰਤ ਮੋਹਨ ਸਿੰਘ ਜੀ ਨੂੰ ਦਿੱਤੀ ਗਈ, ਕਿਉਂਕਿ

ਪੱਗ ਦੇ ਭਾਈਵਾਲ ਸੰਤ ਕਰਤਾਰ ਸਿੰਘ ਵੀ ਸਨ। ਮਾਝੇ ਦੇ ਸਿੰਘ ਚਾਹੁੰਦੇ ਸਨ, ਪੱਗ ਸੰਤ ਕਰਤਾਰ ਸਿੰਘ ਦੇ ਬੰਨ੍ਹਾਈ ਜਾਵੇ। ਉਹ ਗੁਰਬਾਣੀ ਦੇ ਵਧੀਆ ਕਥਾਕਾਰ ਵੀ ਸਨ। ਟਕਸਾਲ ਦੀ ਏਕਤਾ ਬਣੀ ਨਾ ਰਹਿ ਸਕੀ। ਸੰਤ ਕਰਤਾਰ ਸਿੰਘ ਜੀ ਆਪਣੇ ਲਾਣੇ ਸਮੇਤ ਚੌਂਕ ਮਹਿਤੇ ਦੇ ਗੁਰਦੁਆਰੇ ਆ ਬਿਰਾਜੇ ਅਤੇ ਸੰਤ ਮੋਹਨ ਸਿੰਘ ਜੀ ਭਿੰਡਰਾਂ ਵਾਲੇ ਗੁਰਦੁਆਰੇ ਵਿਚ ਭਜਨ ਬੰਦਗੀ ਵਿਚ ਲੀਨ ਹੋ ਗਏ।

ਸੰਤ ਕਰਤਾਰ ਸਿੰਘ ਜੀ ਵੀ ਗੁਰਬਾਣੀ ਦੇ ਬਹੁਤ ਵਿਦਵਾਨ ਸਨ। ਉਹ ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਨਾਂਦੇੜ ਸਾਹਿਬ ਤੱਕ ਸਿੱਖੀ ਪ੍ਰਚਾਰ ਕਰਦੇ ਰਹੇ। ਅਕਾਲੀ ਆਗੂ ਆਪਣੀ ਰਾਜਸੀ ਤਾਕਤ ਵਧਾਉਣ ਲਈ ਤਾਂ ਸੰਤਾਂ ਦਾ ਸਾਥ ਚਾਹੁੰਦੇ ਸਨ, ਪਰ ਸੰਤਾਂ ਦੇ ਆਖਣ 'ਤੇ ਬਾਣੀ ਦੇ ਬਾਣੇ ਵਿਚ ਪੂਰੇ ਨਹੀਂ ਉਤਰਦੇ ਸਨ। ਸੰਤ ਕਰਤਾਰ ਸਿੰਘ ਇੱਕ ਤਰ੍ਹਾਂ ਨੌਜਵਾਨ ਹੋਣ ਕਾਰਨ ਸਿੱਖੀ ਪ੍ਰਚਾਰ ਲਈ ਅਣਥੱਕ ਸਨ। ਕੁਦਰਤੀ ਉਨ੍ਹਾਂ ਦੀ ਤੇਜ਼ ਰਫ਼ਤਾਰ ਗੱਡੀ ਕਿਸੇ ਰੁੱਖ ਨਾਲ ਟਕਰਾਅ ਗਈ ਅਤੇ ਉਹ ਹਸਪਤਾਲ ਵਿਚ ਚਲਾਣਾ ਕਰ ਗਏ। ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਵਿਚ ਸੰਤਾਂ ਦੇ ਦੁਸਹਿਰੇ ਸਮੇਂ ਭਾਰੀ ਇਕੱਠ ਹੋਇਆ ਅਤੇ ਟਕਸਾਲ ਦੀ ਪੱਗ ਸੰਤ ਜਰਨੈਲ ਸਿੰਘ ਨੂੰ ਸਜਾਈ ਗਈ। ਆਪ ਬਹੁਤੇ ਪੜ੍ਹੇ-ਲਿਖੇ ਨਹੀਂ ਸਨ, ਪਰ ਸਿੱਖੀ ਦੀ ਰਹਿਤ ਮਰਯਾਦਾ ਵਿਚ ਪੂਰੇ ਸੂਰੇ ਸਨ। ਸੰਤ ਗੁਰਬਚਨ ਸਿੰਘ ਜੀ ਨੇ ਭੁਜੰਗੀ ਜਰਨੈਲ ਸਿੰਘ ਦੀ ਸੇਵਾ ਭਾਵਨਾ ਜਾਂਚ ਕੇ ਉਸ ਦੇ ਪਿਤਾ ਤੋਂ ਮੰਗ ਲਿਆ। ਪਿਤਾ ਨੇ ਜਰਨੈਲ ਸਿੰਘ ਨੂੰ ਮਹਾਂਪੁਰਸ਼ਾਂ ਦੇ ਲੜ ਲਾ ਦਿੱਤਾ ਸੀ।

ਸੰਤ ਜਰਨੈਲ ਸਿੰਘ ਨੇ ਸੰਤ ਗੁਰਬਚਨ ਸਿੰਘ ਅਤੇ ਸੰਤ ਕਰਤਾਰ ਸਿੰਘ ਤੋਂ ਗੁਰਬਾਣੀ ਅਰਥਾਂ ਸਮੇਤ ਪੜ੍ਹੀ ਸੀ। ਉਨ੍ਹਾਂ ਦੀ ਯਾਦਦਾਸ਼ਤ ਬੜੀ ਤੇਜ਼ ਸੀ। ਦੋ-ਚਾਰ ਵਾਰ ਦੁਹਰਾਉਣ ਨਾਲ ਬਾਣੀ ਜ਼ਬਾਨੀ ਯਾਦ ਹੋ ਜਾਂਦੀ ਸੀ। ਉਹ ਦੋ ਵਿਦਵਾਨ ਸੰਤਾਂ ਦੇ ਚੰਡੇ ਬਾਣੀ, ਅਰਥਾਂ ਅਤੇ ਸਿੱਖੀ ਮਰਯਾਦਾ ਵਿਚ ਪਰਪੱਕ ਹੋ ਗਏ। ਉਹ ਅਕਾਲੀ ਲੀਡਰਾਂ ਦੀਆਂ ਆਪ ਆਈਆਂ 'ਤੇ ਪਹਿਲੇ ਸੰਤ ਵਾਂਗ ਔਖੇ ਸਨ ਅਤੇ ਸਿੱਧੇ ਸਪਸ਼ਟ ਸ਼ਬਦਾਂ ਵਿਚ ਇਲਜ਼ਾਮ ਵੀ ਲਾ ਧਰਦੇ। ਸੰਤਾਂ ਚਾਹਿਆ ਤੇ ਪ੍ਰੈੱਸ ਵਿਚ ਬਿਆਨ ਵੀ ਦੇ ਮਾਰਿਆ ਕਿ ਸ਼੍ਰੋਮਣੀ ਪ੍ਰਬੰਧਕ ਕਮੇਟੀ ਵਿਚ ਸੱਚੇ-ਸੁੱਚੇ ਤੇ ਨਿਤਨੇਮੀ ਸਿੱਖਾਂ ਨੂੰ ਟਿਕਟ ਦੇ ਕੇ ਮੈਂਬਰ ਬਣਾਇਆ ਜਾਵੇ। ਇਉਂ ਸਿੱਖਾਂ ਦੀ ਉੱਚੀ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਸਿੱਖਾਂ 'ਤੇ ਸ਼ਾਨਦਾਰ ਪ੍ਰਭਾਵ ਪਾਵੇ ਅਤੇ ਪ੍ਰਚਾਰ ਕਰੇ। ਸ਼ਰਾਬ ਪੀਣਿਆਂ 'ਤੇ ਕੇਸ ਕਾਤਲਾਂ ਨੂੰ ਮੈਂਬਰ ਕਤਈ ਨਾ ਬਣਾਇਆ ਜਾਵੇ। ਅਕਾਲੀ ਪਾਰਟੀ ਬੁਨਿਆਦੀ ਤੌਰ 'ਤੇ ਰਾਜਸੀ ਪਾਰਟੀ ਸੀ। ਭਾਵੇਂ ਉਸ ਦੇ ਨੇਮਾਂ ਵਿਚ ਸਿੱਖੀ ਰਹਿਤ ਮਰਯਾਦਾ ਲਾਜ਼ਮੀ ਰੱਖੀ ਹੋਈ ਸੀ ਪਰ ਰਾਜਸੀ ਲਾਲਚ, ਖ਼ੁਦਗਰਜ਼ੀਆਂ, ਯਾਰੀਆਂ ਤੇ ਰਿਸ਼ਤੇਦਾਰੀਆਂ ਆਦਿ ਦੇ ਲਿਹਾਜ਼ਾਂ ਪਾਰਟੀ ਵਿਚ ਅਸਲੋਂ ਢਿੱਲਾਪਣ ਲੈ ਆਂਦਾ ਸੀ। ਸਿੱਖੀ ਦੀ ਰਹਿਤ ਮਰਯਾਦਾ 'ਤੇ ਪੱਕਾ ਕੰਟਰੋਲ ਨਹੀਂ ਰਿਹਾ ਸੀ। ਪੈਸਿਆਂ ਤੇ ਅਹੁਦਿਆਂ ਦੀ ਦੌੜ ਨੇ ਮਿਹਨਤੀ ਤੇ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਢਿੱਲੜ ਤੇ ਆਰਾਮ ਤਲਬ ਬਣਾ ਦਿੱਤਾ। ਸੰਤ ਜਰਨੈਲ ਸਿੰਘ ਜੀ ਰਹਿਤ ਮਰਯਾਦਾ ਦੇ ਸਖ਼ਤੀ ਨਾਲ ਪਾਬੰਦ ਸਨ। ਅੱਗੇ ਆਈ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਉਨ੍ਹਾਂ ਪੂਰਨ ਗੁਰਸਿੱਖਾਂ ਨੂੰ ਖੜ੍ਹਾ ਕਰਨ ਦਾ ਐਲਾਨ ਕਰ ਦਿੱਤਾ। ਇਸ ਐਲਾਨ ਨਾਲ ਅਕਾਲੀ ਪਾਰਟੀ ਵਿਚ ਖਲਬਲੀ ਮੱਚ ਗਈ।

ਕੇਂਦਰ ਦੀ ਕਾਂਗਰਸ ਸਰਕਾਰ ਪੰਜਾਬ ਵਿਚ ਅਕਾਲੀਆਂ 'ਤੇ ਢਿੱਡੋਂ ਬਹੁਤ ਔਖੀ

ਸੀ। ਉਹ ਸਮਝਦੇ ਸਨ, ਪੰਜਾਬ ਵਿਚੋਂ ਸਾਡਾ ਰਾਜ ਜਿਸ ਦਿਨ ਖ਼ਤਮ ਕਰਨਗੇ, ਅਕਾਲੀ ਕਰਨਗੇ। ਕਾਂਗਰਸ ਨੂੰ ਸੰਤ ਜਰਨੈਲ ਸਿੰਘ ਅਤੇ ਅਕਾਲੀ ਪਾਰਟੀ ਵਿਚ ਪਾੜ ਪਾਉਣ ਦਾ ਮੌਕਾ ਮਿਲ ਗਿਆ। ਕਾਂਗਰਸ ਦੇ ਚਲਾਕ ਆਗੂ ਸੰਤਾਂ ਦੀ ਵੱਧ ਤੋਂ ਵੱਧ ਪ੍ਰਸੰਸਾ ਕਰਨ ਲੱਗ ਪਏ। ਇੱਥੋਂ ਤੱਕ ਕਿ ਇੰਦਰਾ ਗਾਂਧੀ ਦੇ ਮੁੰਡੇ ਰਾਜੀਵ ਗਾਂਧੀ ਨੇ ਸੰਤਾਂ ਦੀਆਂ ਸਿਫ਼ਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਾਂਗਰਸ ਸਮਝਦੀ ਸੀ, ਅਕਾਲੀ ਝੱਟ ਮੋਰਚੇ ਖੜ੍ਹੇ ਕਰ ਦਿੰਦੇ ਸਨ। ਖ਼ਾਸ ਤੌਰ 'ਤੇ ਇੰਦਰਾ ਨੂੰ ਸੰਤ ਹਰਚੰਦ ਸਿੰਘ ਪ੍ਰਧਾਨ ਅਕਾਲੀ ਦਲ 'ਤੇ ਭਾਰੀ ਗੁੱਸਾ ਸੀ। ਅਕਾਲੀਆਂ ਐਮਰਜੈਂਸੀ ਵੇਲੇ ਮੈਨੂੰ ਕਸੂਤੀ ਸਥਿਤੀ ਵਿਚ ਫਸੀ ਵੇਖ ਕੇ ਮੋਰਚਾ ਚਲਾਇਆ। ਉਸ ਅੰਮ੍ਰਿਤਸਰ ਸ਼ਹਿਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਗੜਬੜੀ ਤੋਂ ਮੋਰਚੇ ਦਾ ਬਦਲਾ ਲੈਣ ਦੀ ਸੋਚੀ ਅਤੇ ਢੁਕਵੇਂ ਢੰਗ ਨਾਲ ਤਿਆਰੀ ਸ਼ੁਰੂ ਕਰ ਦਿੱਤੀ।

ਸੰਤ ਜਰਨੈਲ ਸਿੰਘ ਨੂੰ ਰਾਜੀਵ ਗਾਂਧੀ ਵੱਲੋਂ ਪ੍ਰਸੰਸਾ ਮਿਲੀ ਹੋਈ ਸੀ। ਵਿਸ਼ੇਸ਼ ਤੌਰ 'ਤੇ ਸਵਿਟਜ਼ਰਲੈਂਡ ਵਿਚ ਉਸ ਦੇ ਬਿਆਨਾਂ ਨੇ ਸਾਰੀ ਦੁਨੀਆਂ ਨੂੰ ਜਣਾ ਦਿੱਤਾ ਕਿ ਸੰਤ ਜਰਨੈਲ ਸਿੰਘ ਨਿਰੋਲ ਧਾਰਮਿਕ ਵਿਅਕਤੀ ਹਨ। ਉਹ ਸਿਆਸੀ ਸ਼ਖ਼ਸੀਅਤ ਕਤਈ ਨਹੀਂ। ਇਹ ਭੁਲੇਖਾ ਸੰਤ ਜਰਨੈਲ ਸਿੰਘ ਨੂੰ ਆਖ਼ਰੀ ਦਿਨਾਂ ਤੱਕ ਬਣਿਆ ਰਿਹਾ ਸੀ ਕਿ ਸ੍ਰੀ ਦਰਬਾਰ ਸਾਹਿਬ 'ਤੇ ਇੰਦਰਾ ਹਮਲਾ ਨਹੀਂ ਕਰੇਗੀ, ਪਰ ਜਨਰਲ ਸੁਬੇਗ ਸਿੰਘ ਨੇ ਆ ਕੇ ਸਾਰੇ ਭੁਲੇਖੇ ਚੁੱਕ ਦਿੱਤੇ।

"ਮਹਾਂਪੁਰਸ਼ੋ! ਮੈਂ ਆਪ ਦੀ ਸ਼ਰਨ ਆ ਗਿਆ ਹਾਂ। ਸਿਰ ਲੈ ਕੇ ਆਇਆਂ ਆਂ, ਜਿੱਥੇ ਮਰਜ਼ੀ ਲਾ ਲਵੋ।"

"ਬਹਾਦਰ ਤੇ ਸੂਰਬੀਰ ਸਿੰਘਾ! ਪੰਥ ਨੂੰ ਤੇਰੀ ਲੋੜ ਐ ਤੇ ਸਾਨੂੰ ਭਾਰੀ ਲੋੜ ਹੈ। ਅਸੀਂ ਸੰਗਤ ਸ਼ਕਤੀ ਆਂ, ਥੋੜ੍ਹੇ ਬਹੁਤ ਹਥਿਆਰ ਵੀ ਹਨ।" ਸੰਤਾਂ ਸੁਬੇਗ ਸਿੰਘ ਦਾ ਅੰਦਰ ਟੋਹਣ ਵਾਲੀਆਂ ਤੇਜ਼ ਨਜ਼ਰਾਂ ਸੁੱਟੀਆਂ। "ਸਾਨੂੰ ਚਲਾਉਣੇ ਨਹੀਂ ਆਉਂਦੇ। ਚਾਲ੍ਹੀ ਕੁ ਫ਼ੌਜੀ ਵੀ ਹਨ। ਤੇਰੀ ਇੰਦਰਾ ਨੇ ਸਾਨੂੰ ਸੰਤ ਤੋਂ ਸਿਪਾਹੀ ਬਣਨ ਲਈ ਮਜਬੂਰ ਕਰ ਦਿੱਤਾ ਹੈ। ਸ੍ਰੀ ਦਰਬਾਰ ਸਾਹਿਬ ਵਿੱਚ ਚਿੱਟ ਕੱਪੜੀਏ ਔਧਿਓਂ ਬਹੁਤੇ ਉਹਦੇ ਖ਼ੁਫ਼ੀਆ ਬੰਦੇ ਹਨ।"

"ਤੁਸਾਂ ਮੇਰੀ ਦੁਸ਼ਮਣ ਨੂੰ ਮੇਰੀ ਇੰਦਰਾ ਆਖਿਆ। ਬਾਦਸ਼ਾਹੋ, ਉਹਦੇ ਧੱਕੇ ਤੇ ਅਨਿਆਂ ਕਾਰਨ ਘਰ ਬੈਠਾ ਆਂ। ਮੇਰਾ ਕਸੂਰ ਸੀ, ਮੁਕਤੀ ਬਿਹਨੀ ਨੂੰ ਟ੍ਰੇਨਿੰਗ ਦੇ ਕੇ ਲੜਾਕੀ ਫ਼ੌਜ ਬਣਾਇਆ। ਮੇਰਾ ਕਸੂਰ ਸੀ, ਬੰਗਲਾ ਦੇਸ਼ ਜਿੱਤ ਕੇ ਇੰਦਰਾ ਨੂੰ ਦਿੱਤਾ। ਇਸ ਵਿਚ ਸ. ਸੰਤ ਸਿੰਘ ਬ੍ਰਿਗੇਡੀਅਰ ਦਾ ਬਰਾਬਰ ਹਿੱਸਾ ਸੀ। ਮੇਰਾ ਦੋਸ਼ ਸੀ, ਤਰਾਨਵੇਂ ਹਜ਼ਾਰ ਕੈਦੀ ਇੰਦਰਾ ਦੇ ਹਵਾਲੇ ਕੀਤੇ। ਉਹ ਤਰਾਨਵੇਂ ਹਜ਼ਾਰ ਪਾਕਿਸਤਾਨੀ ਕੈਦੀਆਂ ਕਾਰਨ ਕਸ਼ਮੀਰ ਮਸਲੇ ਦਾ ਬੁਨਿਆਦੀ ਹੱਲ ਅਥਵਾ ਲਾਭ ਨਾ ਲੈ ਸਕੀ। ਇਸ ਤੋਂ ਵੱਡੀ ਬਲੰਡਰ ਇਸ ਦੇ ਬਾਪ ਨਹਿਰੂ ਨੇ ਕਸ਼ਮੀਰ ਦੀ ਚੱਲਦੀ ਲੜਾਈ ਰੋਕ ਕੇ ਕੀਤੀ। ਜਨਰਲ ਕੁਲਵੰਤ ਸਿੰਘ ਦੋਹਾਈ ਦੇਂਦਾ ਰਿਹਾ, ਸਾਨੂੰ ਇੱਕ ਹਫ਼ਤਾ ਹੋਰ ਦੇ ਦਿਓ, ਸਾਰਾ ਕਸ਼ਮੀਰ ਸਾਫ਼ ਹੋ ਜਾਵੇਗਾ। ਪਰ ਉਹ ਨਹੀਂ ਮੰਨਿਆ ਤੇ ਅੱਜ ਤੱਕ ਕਸ਼ਮੀਰ ਬਾਰੇ ਖੱਜਲ-ਖ਼ੁਆਰ ਹੋ ਰਹੇ ਹਨ।" ਸੁਬੇਗ ਸਿੰਘ ਦਾ ਗੁੱਸਾ ਇੱਕ ਵੇਗ ਫੜ ਗਿਆ ਸੀ।

"ਜਨਰਲ ਸਾਹਿਬ, ਗ਼ਲਤੀਆਂ ਆਗੂ ਕਰਦੇ ਐ, ਖਮਿਆਜ਼ਾ ਲੋਕ ਭੁਗਤਦੇ ਐ। ਕਸ਼ਮੀਰ ਦੋ ਥਾਂ ਹੋਇਆ ਸੜ ਰਿਹਾ ਐ। ਪੰਜਾਬ ਦੇ ਕਾਂਗਰਸੀ ਤੇ ਅਕਾਲੀ ਆਗੂਆਂ ਦੇਸ਼ ਵੰਡ ਸਮੇਂ ਆਪ ਪੈਰ ਕੁਹਾੜਾ ਮਾਰਿਆ, ਜਿਹੜੀ ਮਿਲਦੀ ਅੰਦਰੂਨੀ ਸੁਰੱਖਿਆ ਨਾ ਲਈ।

ਆਗੂਆਂ ਦੇ ਬੀਜੇ ਕੰਡੇ ਅਸੀਂ-ਤੁਸੀਂ ਭਾਵ ਸਾਰਾ ਪੰਜਾਬ ਚੁਗ ਰਿਹਾ ਹੈ।"

"ਤੁਸੀਂ ਦਰੁਸਤ ਫ਼ੁਰਮਾਇਆ। ਸਾਡੇ ਸਾਰੇ ਲੀਡਰ ਬ੍ਰਾਹਮਣਵਾਦ ਅੱਗੇ ਘੱਸੀ ਹੋਏ ਖਲੋਤੇ ਐ।"

"ਇਹ ਤਾਂ ਭਰਾਵਾ ਸਭ ਕੁਝ ਹੋ ਗਿਆ, ਗੁਜ਼ਰ ਗਿਆ, ਕਿਸੇ ਤੋਂ ਮੌਕਾ ਸਾਂਭਿਆ ਨਹੀਂ ਗਿਆ। ਹੁਣ ਕੀ ਕੀਤਾ ਜਾਵੇ?"

ਸੰਤਾਂ ਨਿਸ਼ਾਨਾ ਸੇਧਿਆ।

"ਇਕਦਮ ਕੁਝ ਨਹੀਂ ਹੋ ਸਕਦਾ। ਇਕਦਮ ਤਾਂ ਅਸੀਂ ਘੁਰਾੜੇ ਮਾਰ ਰਹੀ ਕੌਮ ਨੂੰ ਜਗਾ ਵੀ ਨਹੀਂ ਸਕਦੇ। ਬੁਨਿਆਦੀ ਆਜ਼ਾਦੀ ਲੈ ਕੇ ਉਨ੍ਹਾਂ ਕੋਲ ਕੋਈ ਗਿਆ ਹੀ ਨਹੀਂ। ਅਕਾਲੀਆਂ ਫ਼ਜ਼ੂਲ ਦੇ ਮੋਰਚੇ ਲਾ ਲਾ ਕੌਮ ਦੀ ਸਿਦਕਵਾਨ ਸਪਿਟ ਨਿੱਸਲ ਕਰਕੇ ਰੱਖ ਦਿੱਤੀ ਐ, ਜੇਲ੍ਹਾਂ ਕੱਟੀਆਂ, ਡੰਡੇ ਖਾਧੇ ਤੇ ਸ਼ਹੀਦੀਆਂ ਵੀ ਦਿੱਤੀਆਂ, ਪਰ ਪ੍ਰਾਪਤ ਕੀ ਕੀਤਾ? ਜ਼ਿੱਲਤ ਤੇ ਖੁਆਰੀ। ਹੁਣ ਇਨ੍ਹਾਂ ਨੂੰ ਸਿੱਧਾ ਰਾਹ ਕੋਈ ਨਹੀਂ ਦਿੱਸਦਾ। ਭੰਬਲ ਭੂਸਿਆਂ ਵਿਚ ਗਵਾਚੇ ਪਏ ਐ। ਸਾਰਾ ਲਾਣਾ ਅਨਪੜ੍ਹ। ਪਾਰਲੀਮੈਂਟ ਦੇ ਬੈਂਚਾਂ 'ਤੇ ਸੁੱਤੇ ਰਹਿੰਦੇ ਐ। ਇਨ੍ਹਾਂ ਨੂੰ ਆਪਣੇ ਭੌਂਤਿਆਂ ਬਿਨਾਂ ਪਤਾ ਵੀ ਨਹੀਂ ਲੱਗਦਾ, ਸਾਡੀ ਹਾਜ਼ਰੀ ਵਿੱਚ ਕੀ ਕਾਰਗੁਜ਼ਾਰੀ ਪਾਈ ਗਈ ਹੈ। ਇਨ੍ਹਾਂ ਮਰਨਾ ਨਹੀਂ, ਮੰਜਾ ਦੇਣਾ ਨਹੀਂ," ਜਨਰਲ ਨੇ ਅਕਾਲੀਆਂ ਬਾਰੇ ਤੱਤ ਨਿਖਾਰ ਦਿੱਤਾ।

"ਗੱਲ ਤੁਹਾਡੀ ਸੋਲਾਂ ਆਨੇ, ਪਰ ਮੰਜਾ ਜ਼ਰੂਰ ਖੋਹਣਾ ਹੈ। ਪੰਥ ਤੇ ਪੰਜਾਬ ਦਾ ਕੁਝ ਜ਼ਰੂਰ ਸੰਵਾਰਨਾ ਹੈ, ਕੋਈ ਵਿਧੀ ਬਣਾਓ। ਅਸੀਂ ਤਨੋ-ਮਨੋ ਤੇ ਧਨੋ ਸਰਬੱਤ ਦੇ ਭਲੇ ਦੇ ਹਾਮੀ ਆਂ।" ਸੰਤ ਨੂੰ ਆਪ ਨਹੀਂ ਪਤਾ ਸੀ, ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਕਿਵੇਂ ਪਾਇਆ ਜਾਵੇ। ਉਹ ਸੁਬੇਗ ਸਿੰਘ ਨੂੰ ਆਪਣੇ ਤੋਂ ਸਿਆਣਾ ਲੜਾਕੂ ਸਮਝਦੇ ਸਨ।

"ਮਹਾਂਪੁਰਸ਼ੋ ਅੰਗਰੇਜ਼ੀ ਵਿਚ ਤਿੰਨ ਸ਼ਬਦ ਹਨ: ਲਾਈਟ, ਮਾਈਟ ਤੇ ਪੀਪਲ। ਇਸ ਦਾ ਭਾਵ ਹੈ, ਗਿਆਨ, ਸ਼ਕਤੀ ਤੇ ਜਨਤਾ। ਸਭ ਤੋਂ ਪਹਿਲਾਂ ਪ੍ਰਚਾਰ ਨਾਲ ਲੋਕਾਂ ਨੂੰ ਗਿਆਨ ਦੇ ਕੇ ਤਿਆਰ ਕਰਨਾ। ਦੂਜੇ ਸ਼ਕਤੀ ਸਮਝੋ ਹਥਿਆਰ ਵਰਤਣ ਦੀ ਵਿਧੀ ਲੋਕਾਂ ਨੂੰ ਸਮਝਾਉਣੀ। ਜਿੰਨਾ ਚਿਰ ਲੋਕ ਆਪਣੇ ਹਿੱਤਾਂ ਲਈ ਹਥਿਆਰ ਨਹੀਂ ਚੁੱਕਦੇ, ਇਨਕਲਾਬ ਵਾਲੀ ਫੱਟ ਬੰਨ੍ਹੇ ਨਹੀਂ ਲੱਗਦੀ। ਸਮੂਹ ਦੀ ਕਲਿਆਣ ਲਈ ਉਨ੍ਹਾਂ ਨੂੰ ਕੌਮੀ ਤੇ ਅਵਾਮੀ ਨਜ਼ਰੀਆ ਸਮਝਾਉਣਾ ਪਵੇਗਾ। ਦਸਮ ਪਾਤਸ਼ਾਹ ਨੇ ਇਹੋ ਗੁਰਮੰਤਰ ਮੁਗਲ ਜਬਰ ਦੇ ਖ਼ਿਲਾਫ਼ ਵਰਤਿਆ ਸੀ।" ਜਨਰਲ ਨੇ ਦਾਅ-ਘਾਅ ਦੀ ਵਿਆਖਿਆ ਕੀਤੀ।

"ਲੋਕਾਂ ਨੂੰ ਕਮਰਕੱਸੇ ਕਰਨ ਲਈ ਕਿਵੇਂ ਤਿਆਰ ਕੀਤਾ ਜਾ ਸਕਦਾ ਹੈ। ਹੋ ਸਕਦਾ ਏ, ਇੰਦਰਾ ਛੇਤੀ ਹਮਲਾ ਕਰ ਦੇਵੇ। ਪਰ ਮੈਨੂੰ ਹਾਲੇ ਤੱਕ ਵਿਸ਼ਵਾਸ ਨਹੀਂ ਆਇਆ, ਉਹ ਸ੍ਰੀ ਦਰਬਾਰ ਸਾਹਿਬ 'ਤੇ ਚੜ੍ਹਾਈ ਕਰਨ ਦੀ ਗ਼ਲਤੀ ਕਰੇਗੀ।" ਸੰਤ ਦੇ ਮਨੋਂ ਦੋਚਿੱਤੀ ਗਈ ਨਹੀਂ ਸੀ।

"ਇਹ ਤੁਸੀਂ ਕਿਵੇਂ ਕਹਿ ਸਕਦੇ ਹੋ, ਹਮਲਾ ਨਹੀਂ ਕਰੇਗੀ। ਉਹ ਬਦਲੇਖ਼ੋਰ ਜ਼ਨਾਨੀ ਹੈ। ਉਹਦੇ ਸਲਾਹਕਾਰ ਬਹੁਤ ਹਨ, ਪਰ ਕਰਦੀ ਆਪਣੀ ਮਰਜ਼ੀ ਐ।"

"ਫਿਰ ਕਰਨਾ ਕੀ ਚਾਹੀਦਾ ਏ ਰੋਕਥਾਮ ਲਈ?"

"ਗਿਆਨ ਦੇ ਕੇ ਲੋਕਾਂ ਨੂੰ ਸਹਿਜ ਸਹਿਜ ਉਠਾਇਆ ਜਾ ਸਕਦਾ ਹੈ। ਇਹੀ ਵਿਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਰਤੀ ਸੀ। ਇਕਦਮ ਲੋਕ ਉੱਠਦੇ ਐ, ਭਲੇ ਪੁਰਸ਼ ਦੀ

ਕੁਰਬਾਨੀ ਨਾਲ। ਅਸੀਂ ਕੁਰਬਾਨੀ ਕਰਕੇ ਦੁਨੀਆਂ ਨੂੰ ਸਿੱਖ ਕੌਮ ਦੀ ਹਸਤੀ 'ਤੇ ਗ਼ੈਰਤ ਦਾ ਵਿਖਾਲਾ ਪਾ ਸਕਦੇ ਆਂ, ਜਿੱਤ ਵਾਲੀ ਦਿੱਲੀ ਹਾਲੇ ਦੂਰ ਅਸੱਤ।"

"ਕਿਸੇ ਹੋਰ ਆਗੂ ਬਾਰੇ ਅਸੀਂ ਨਹੀਂ ਕਹਿ ਸਕਦੇ, ਘੱਟ ਤੋਂ ਘੱਟ ਮੈਂ ਕੁਰਬਾਨੀ ਦੇਣ ਲਈ ਤਿਆਰ ਆਂ।" ਸੰਤ ਭਰੋਸੇ ਨਾਲ ਕਹਿ ਗਏ।

"ਕੁਰਬਾਨੀ ਸਮੇਂ ਦੀ ਵਤ ਵੇਖ ਕੇ ਕਰਨੀ ਚਾਹੀਦੀ ਹੈ। ਕੁਰਬਾਨ ਹੋ ਜਾਣ ਪਿੱਛੋਂ ਇਕਮੁੱਠ ਢਾਂਚਾ ਕਿਤੇ ਖਿੱਲਰ ਤਾਂ ਨਹੀਂ ਜਾਵੇਗਾ। ਇਹ ਵੀ ਬੁਨਿਆਦੀ ਪੱਖੋਂ ਸੋਚਣ ਵਾਲੀ ਗੱਲ ਐ।" ਜਨਰਲ ਇਤਿਹਾਸਕ ਪੱਖਾਂ ਨੂੰ ਵੀ ਬਰਾਬਰ ਵਿਚਾਰ ਰਿਹਾ ਸੀ।

ਸੰਤ ਸੋਚੀਂ ਪੈ ਗਏ।

"ਸ੍ਰ. ਸੁਬੇਗ ਸਿਆਂ, ਮੈਂ ਮੋਰਚੇ ਤੋਂ ਪਿੱਛੇ ਨਹੀਂ ਹਟ ਸਕਦਾ। ਭਾਵੇਂ ਮੋਰਚਾ ਪਾਣੀ ਤੇ ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ ਬਾਰੇ ਲੱਗਾ ਸੀ, ਪਰ ਅੰਦਰੂਨੀ ਬਲ ਪੰਜਾਬ ਦੀਆਂ ਮੁੱਖ ਮੰਗਾਂ ਵੱਲ ਐ। ਅਸੀਂ ਅੰਦਰੂਨੀ ਖ਼ੁਦਮੁਖ਼ਤਾਰੀ ਚਾਹੁੰਦੇ ਆਂ, ਜਿਸ ਨਾਲ ਸਿੱਖ ਹਸਤੀ ਨੂੰ ਆਂਚ ਨਾ ਆਵੇ।" ਸੰਤਾਂ ਦੀ ਸੋਚ ਘਰੋਗੀ ਆਜ਼ਾਦੀ ਤੱਕ ਜਾਂਦੀ ਸੀ। ਆਰਥਕਤਾ ਤੇ ਸਾਇੰਸੀ ਰਾਜਨੀਤੀ ਉਨ੍ਹਾਂ ਪੜ੍ਹੀ ਕੋਈ ਨਹੀਂ ਸੀ। ਉਹ ਸਿੱਧੇ 'ਤੇ ਸੱਚੇ-ਸੁੱਚੇ ਸਿੱਖ ਸਨ, ਪਰ ਉਨ੍ਹਾਂ ਦੀ ਫਾਅੜ ਸੋਟਾ ਮਾਰਨ ਵਾਲੀ ਗੱਲ ਸਭ ਨੂੰ ਚੁਭਦੀ ਸੀ।

"ਮੈਂ ਆਂ ਲੜਾਕੂ ਸਿਪਾਹੀ। ਤੁਸਾਂ ਬੁਲਾਇਆ, ਹਾਜ਼ਰ ਹੋ ਗਿਆ। ਜਿਸ ਡਿਊਟੀ 'ਤੇ ਮਰਜ਼ੀ ਖਲਾਰ ਦੇਵੋ, ਹਿੱਲਾਂਗਾ ਨਹੀਂ।" ਉਸ ਹੱਥ ਫੇਰ ਕੇ ਮੁੱਛਾਂ ਸੰਵਾਰੀਆਂ। "ਮੈਂ ਤੁਹਾਨੂੰ ਦੱਸਦਾ ਆਂ, ਇੰਦਰਾ ਨੇ ਜੋ ਕਰਨਾ ਹੋਇਆ, ਉਹ ਕਿਸੇ ਨੂੰ ਦੱਸੇਗੀ ਨਹੀਂ। ਉਹ ਹਮਲਾ ਕਰੇਗੀ, ਮੈਨੂੰ ਯਕੀਨ ਐ। ਤੁਸੀਂ ਆਪਣਾ ਬੰਦੋਬਸਤ ਕਰੋ। ਜੇ ਹਮਲਾ ਨਾ ਵੀ ਕਰੇ, ਤਿਆਰੀ ਦਾ ਤਾਂ ਕੋਈ ਹਰਜ ਨਹੀਂ।"

"ਜੇ ਇਹ ਗੱਲ ਐ ਤਾਂ ਤੁਸੀਂ ਤਿਆਰੀ ਕਰਵਾਓ। ਸਾਡੇ ਕੋਲ ਜੋ ਹੈ, ਸਭ ਤੇਰਾ ਹੈ। ਜਿਵੇਂ ਮੁੰਡਿਆਂ ਤੇ ਸਿੰਘਾਂ ਨੂੰ ਟ੍ਰੇਨਿੰਗ ਦੇਣੀ ਐ, ਤਿਆਰੀ ਵਿੱਢੋ। ਤੁਹਾਨੂੰ ਫੁੱਲ ਪਾਵਰ।" ਸੰਤਾਂ ਨੇ ਇੱਕ ਤਰ੍ਹਾਂ ਜਨਰਲ ਨੂੰ ਬਚਾਓ ਦਾ ਆਗੂ ਥਾਪ ਦਿੱਤਾ।

"ਠੀਕ ਐ, ਮੈਂ ਅੱਜ ਤੋਂ ਤਿਆਰੀ ਵਿਚ ਜੁਟ ਜਾਂਦਾ ਹਾਂ।" ਉਹ ਉੱਠ ਕੇ ਖਲੋ ਗਿਆ, "ਮੈਨੂੰ ਆਪਣੇ ਬੰਦਿਆਂ ਨਾਲ ਮਿਲਾਓ।"

"ਅੱਜ ਸ਼ਾਮ ਨੂੰ ਗੁਰੂ ਰਾਮਦਾਸ ਸਰਾਂ ਦੇ ਹੇਠਲੇ ਹਾਲ ਕਮਰੇ ਵਿਚ ਸਾਰੇ ਜਵਾਨ ਤੁਹਾਡੇ ਸਾਹਮਣੇ ਹੋਣਗੇ।" ਉਨ੍ਹਾਂ ਇੱਕ ਸੇਵਕ ਨੂੰ ਭੇਜ ਕੇ ਅਮਰੀਕ ਸਿੰਘ ਨੂੰ ਬੁਲਾਇਆ। ਅਮਰੀਕ ਸਿੰਘ ਨੂੰ ਜਨਰਲ ਸੁਬੇਗ ਸਿੰਘ ਨਾਲ ਮਿਲਾਇਆ ਤੇ ਆਖਿਆ, "ਸ਼ਾਮ ਨੂੰ ਸਾਰੇ ਸਿੰਘਾਂ ਦੀ ਗੁਰੂ ਰਾਮਦਾਸ ਹਾਲ ਵਿਚ ਜਨਰਲ ਸਾਹਿਬ ਨਾਲ ਮੀਟਿੰਗ ਕਰਵਾਉਣੀ ਐ। ਉਨ੍ਹਾਂ ਨੂੰ ਜਨਰਲ ਸਾਹਿਬ ਸੰਬੋਧਨ ਕਰਨਗੇ। ਇਨ੍ਹਾਂ ਨੂੰ ਪਤਾ ਲੱਗ ਜਾਵੇਗਾ, ਸਾਡੇ ਕੋਲ ਕਿੰਨੀ ਨਫ਼ਰੀ ਹੈ ਤੇ ਕਿਹੋ ਜਿਹੇ ਹਥਿਆਰ ਹਨ। ਅੱਜ ਤੋਂ ਇਨ੍ਹਾਂ ਦਾ ਹਰ ਹੁਕਮ ਮੰਨਿਆ ਜਾਵੇਗਾ।"

ਭਾਈ ਅਮਰੀਕ ਸਿੰਘ ਜਨਰਲ ਸਾਹਿਬ ਨੂੰ ਮਿਲ ਕੇ ਬੜਾ ਖ਼ੁਸ਼ ਹੋਇਆ। ਜਨਰਲ ਨੇ ਉਸ ਨੂੰ ਘੁੱਟ ਕੇ ਜੱਫ਼ੀ ਪਾ ਲਈ।

ਚੌਦਵੀਂਵਾਂ ਕਾਂਡ

ਸੁਬੇਗ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਅੰਦਰੋਂ-ਬਾਹਰੋਂ ਫਿਰ ਕੇ ਸਾਰੀ ਪੜਤਾਲ ਕੀਤੀ। ਆਲੇ-ਦੁਆਲੇ ਦੇ ਗਲੀ-ਮੁਹੱਲੇ ਫਿਰ ਕੇ ਜਾਂਚੇ। ਜਿੱਧਰੋਂ-ਜਿੱਧਰੋਂ ਹਮਲਾ ਹੋਣ ਦੀ ਤਵੱਕੋ ਜਾਪਦੀ ਸੀ; ਉਨ੍ਹਾਂ ਦੇ ਮੂੰਹ ਅੱਗੇ ਪੱਕੇ ਮੋਰਚੇ ਬਣਵਾਏ। ਉਸ ਕੋਲ ਗਿਣਤੀ ਕੁੱਲ ਦੋ ਸੌ ਪੈਂਹਠ ਬੰਦਿਆਂ ਦੀ ਸੀ, ਜਿਹੜੇ ਸ੍ਰੀ ਦਰਬਾਰ ਸਾਹਿਬ ਤੋਂ ਜਾਨਾਂ ਵਾਰ ਦੇਣ ਵਾਲੇ ਸਨ। ਸਿਰ ਆਫ਼ਤ ਆਉਂਦੀ ਵੇਖ ਕੇ ਦੁੱਧ ਪੀਣੇ ਮਜਨੂੰ ਖਿਸਕਣੇ ਸ਼ੁਰੂ ਹੋ ਗਏ ਸਨ। ਜਨਰਲ ਨੇ ਸੰਤਾਂ ਨੂੰ ਬੇਨਤੀ ਕੀਤੀ।

"ਮਹਾਂਪੁਰਸ਼ੋ! ਮੇਰੀ ਇਤਲਾਹ ਅਨੁਸਾਰ ਪੰਜ ਡਵੀਜ਼ਨ ਆਰਮੀ ਛਾਉਣੀ ਵਿਚ ਪਹੁੰਚ ਚੁੱਕੀ ਐ। ਐਨੀ ਸਿੱਖ ਫ਼ੌਜ ਨੂੰ ਸਾਡੀ ਅਣਜਾਣ ਟੁਕੜੀ ਹਰਾ ਨਹੀਂ ਸਕੇਗੀ। ਸ਼ਮ੍ਹਾ ਬੁਝੇ ਨਾ ਬੁਝੇ, ਪਰ ਪਰਵਾਨੇ ਜ਼ਰੂਰ ਕੁਰਬਾਨ ਹੋ ਜਾਣਗੇ। ਖ਼ਾਤਰ ਜਮ੍ਹਾਂ ਰੱਖੋ, ਅਸੀਂ ਮੁੜ ਇੱਕ ਨਵਾਂ ਇਤਿਹਾਸ ਪੈਦਾ ਕਰ ਵਿਖਾਵਾਂਗੇ। ਕੋਈ ਇਹ ਨਹੀਂ ਕਹੇਗਾ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਨੂੰ ਰੋਕਣ ਵਾਲਾ ਹੀ ਕੋਈ ਸਿੱਖ ਨਹੀਂ ਨਿੱਤਰਿਆ।"

"ਸਾਨੂੰ ਤੁਹਾਡੀ ਬਹਾਦਰੀ 'ਤੇ ਪੂਰਾ ਤੇ ਰੱਜਵਾਂ ਮਾਣ ਹੈ। ਜੇ ਗ਼ਦਰੀ ਬਾਬਿਆਂ ਤੇ ਸ਼ਹੀਦ ਸਰਦਾਰ ਭਗਤ ਸਿੰਘ ਹੋਰਾਂ ਦੀ ਕੁਰਬਾਨੀ ਅੰਗਰੇਜ਼ ਦੀਆਂ ਪਤਾਲ ਜੜ੍ਹਾਂ ਪੁੱਟ ਸਕਦੀਆਂ ਐ, ਸਾਡੀ-ਤੁਹਾਡੀ ਕੁਰਬਾਨੀ ਬ੍ਰਾਹਮਣਵਾਦ ਦੀਆਂ ਜਾਤ-ਪਾਤੀ ਜੜ੍ਹਾਂ ਪੁੱਟਣ ਦਾ ਨਵਾਂ ਰਾਹ ਪੈਦਾ ਕਰੇਗੀ। ਜ਼ੁਲਮ ਨੇ ਇੱਕ ਦਿਨ ਹਾਰਨਾ ਹੀ ਹੁੰਦਾ ਹੈ", ਸੰਤ ਪੂਰੇ ਵਿਸ਼ਵਾਸ ਨਾਲ ਉੱਤਰ ਦੇ ਗਏ।

ਉਹ ਗੱਲਾਂ ਕਰ ਹੀ ਰਹੇ ਸੀ, ਜਦੋਂ ਹਵਾਲਦਾਰ ਤੇਜਾ ਸਿੰਘ ਰਿਟਾਇਰਡ ਫ਼ੌਜੀ ਨੇ ਉਨ੍ਹਾਂ ਨੂੰ ਫ਼ਤਹਿ ਆ ਬੁਲਾਈ ਅਤੇ ਅਟੈਨਸ਼ਨ ਹੋ ਕੇ ਜਨਰਲ ਸੁਬੇਗ ਸਿੰਘ ਨੂੰ ਸੈਲੂਟ ਦੇ ਮਾਰਿਆ।

"ਸੰਤ ਜੀ, ਮੈਂ ਆਪ ਦਾ ਦਾਸ ਤੇਜਾ ਸਿੰਘ ਹੌਲਦਾਰ......।"

ਸੰਤਾਂ ਨੇ ਉਸ ਦੇ ਮੂੰਹ ਦੀ ਗੱਲ ਖੋਹ ਲਈ।

"ਵੇਖ ਬਈ ਤੇਜਾ ਸਿੰਆਂ, ਅਸੀਂ ਸਾਰੇ ਸਿੱਖ ਗੁਰੂ ਦੇ ਦਾਸ ਆਂ। ਆਪੋ ਵਿਚ ਭਰਾ ਹਾਂ। ਸੰਗਤ ਵਿਚੋਂ ਨਿੱਤਰਿਆ ਖ਼ਾਲਸਾ ਹੈ।" ਸੰਤਾਂ ਉਸ ਨੂੰ ਹਿੱਕ ਨਾਲ ਲਾ ਲਿਆ।

"ਮਹਾਂਪੁਰਸ਼ੋ! ਘਰ ਵਾਲਿਆਂ ਨੂੰ ਆਖ਼ਰੀ ਫ਼ਤਹਿ ਬੁਲਾ ਆਇਆ ਹਾਂ। ਜਿਉਂਦੇ ਵਾਪਸ ਜਾਣ ਦੀ ਆਸ ਲਾਹ ਛੱਡੀ ਐ। ਬਹੁਤ ਕੁਝ ਹੰਢਾਅ ਕੇ ਵੇਖ ਲਿਆ, ਲੜਾਈਆਂ ਵੀ ਲੜ ਲਈਆਂ। ਗੁਰੂ ਘਰ ਦਾ ਦੇਣ ਦੇਣਾ ਸੀ; ਸੋ ਸਿਰ ਲੈ ਆਇਆ ਹਾਂ, ਜਿੱਥੇ ਮਰਜ਼ੀ ਲਾ ਲਵੋ।"

ਸੁਬੇਗ ਸਿੰਘ ਸੋਚ ਰਿਹਾ ਸੀ; ਐਨੀ ਮਹਾਨ ਸ਼ਰਧਾ ਸ਼ਕਤੀ ਨੂੰ ਸਾਡੇ ਆਗੂਆਂ

ਅਣਗੌਲਿਆਂ ਛੱਡ ਰੱਖਿਆ; ਸਾਰਥਕ ਢੰਗ ਨਾਲ ਵਰਤਿਆ ਹੀ ਨਹੀਂ, ਮਹਾਂਮੂਰਖ। ਉਸ ਤੇਜਾ ਸਿੰਘ ਨੂੰ ਗਲਵੱਕੜੀ ਵਿਚ ਘੁੱਟ ਲਿਆ।

"ਭਾਊ ਸਾਡੇ ਆਗੂਆਂ ਦੀਆਂ ਭਾਰੀ ਗ਼ਲਤੀਆਂ ਦੇ ਨਤੀਜੇ ਅੱਜ ਸਾਨੂੰ ਭੁਗਤਣੇ ਪੈ ਰਹੇ ਹਨ। ਅੰਗਰੇਜ਼ ਨੇ ਅਥਾਹ ਜ਼ੁਲਮ ਕੀਤੇ। ਜਲ੍ਹਿਆਂਵਾਲੇ ਬਾਗ ਵਿਚ ਘੱਲੂਘਾਰਾ ਵਰਤਾਇਆ। ਅਕਾਲੀ ਮੋਰਚਿਆਂ ਸਮੇਂ ਉਸ ਸ੍ਰੀ ਦਰਬਾਰ ਸਾਹਿਬ ਵੱਲ ਅੱਖ ਕੈਰੀ ਨਹੀਂ ਕੀਤੀ। ਪਰ ਇਹ ਬਦਲੇਖੋਰ ਜ਼ਨਾਨੀ ਇੰਦਰਾ ਕਦੇ ਜ਼ਿੱਦ ਨਹੀਂ ਛੱਡੇਗੀ, ਐਮਰਜੈਂਸੀ ਦਾ ਸਾਲਮ ਬਦਲਾ ਲਵੇਗੀ।" ਆਪਣੀ ਗੱਲ ਦੀ ਪੁਸ਼ਟੀ ਲਈ ਜਰਨਲ ਨੇ ਦੋ ਵਾਰ ਆਪਣਾ ਸਿਰ ਹਿਲਾਇਆ।

"ਜਨਰਲ ਸਾਹਿਬ! ਗੁਰੂ ਨੂੰ ਜੋ ਭਾਵੇ ਹੁੰਦਾ ਏ। ਇੰਦਰਾ ਨੂੰ ਕਰਨ ਦਿਓ ਜੋ ਕਰਦੀ ਐ। ਅਸੀਂ ਮਿੱਟੀ ਦੀਆਂ ਮੂਰਤਾਂ ਨਹੀਂ, ਜੱਗ-ਜਹਾਨ ਇੱਕ ਤਮਾਸ਼ਾ ਵੇਖੇਗਾ।" ਹੌਲਦਾਰ ਗੜ੍ਹਕੇ ਨਾਲ ਬੋਲਿਆ।

"ਸਾਡਾ ਹਾਲੇ ਵੀ ਮਨ ਆਖਦਾ ਏ, ਇੰਦਰਾ ਹਮਲਾ ਕਰਨ ਦੀ ਗ਼ਲਤੀ ਨਹੀਂ ਕਰੇਗੀ। ਆਪਣੇ ਪੈਰ ਕੁਹਾੜੀ ਨਹੀਂ ਮਾਰੇਗੀ।" ਸੰਤ ਆਪਣੀ ਅੰਤਰੀਵ ਦੁਬਿਧਾ ਵਿਚੋਂ ਨਹੀਂ ਨਿਕਲੇ ਸਨ।

"ਸੰਤ ਜੀ ਤੁਸੀਂ ਠਹਿਰੇ ਧਾਰਮਿਕ ਮਹਾਂਪੁਰਸ਼। ਉਹ ਜ਼ਨਾਨੀ ਕੂਟਨੀਤਕ ਐ। ਸਿਆਸਤ ਵਿਚ ਵਿਸਾਹ ਕਰਨ ਵਾਲਾ ਹਮੇਸ਼ਾ ਮਰਿਆ ਹੈ। ਇਹ ਤਾਂ ਨਕਦ ਮੁਨਕਦੀ ਦਾ ਸੌਦਾ ਐ। ਇਤਿਹਾਸ ਦੱਸਦਾ ਐ, ਰਾਜਨੀਤੀ ਧਰਮ ਤੋਂ ਕੁਰਬਾਨੀ ਮੰਗਦੀ ਆਈ ਐ। ਲੜਾਈ, ਬੁਰਾਈ ਤੇ ਭਲਾਈ ਵਿਚਕਾਰ ਐ। ਫੌਰੀ ਜਿੱਤ ਬੁਰਾਈ ਦੀ ਹੁੰਦੀ ਹੈ ਤੇ ਅੰਤ ਜਿੱਤ ਭਲਾਈ ਨੂੰ ਮਿਲਦੀ ਐ। ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਵੱਲ ਧਿਆਨ ਮਾਰ ਲਵੋ। ਝੂਠ ਦੀ ਚਾਲ ਤੇਜ਼ ਤੇ ਸੱਚ ਸਹਿਜ ਚੱਲਦਾ ਹੈ। ਰਾਜਨੀਤਕ ਜੋ ਆਖਦਾ ਐ, ਉਹ ਕਰਦਾ ਬਹੁਤ ਘੱਟ ਐ ਤੇ ਕਲਯੁੱਗ ਦਾ ਬ੍ਰਾਹਮਣਵਾਦ ਤਾਂ ਚਾਣਕੀਏ ਦਾ ਪਿਉ ਐ। ਇਹ ਜਗ੍ਹਾ ਵਿਚ ਗਾਈਆਂ ਵੱਢਣ ਵਾਲੇ ਹਿੰਸਿਆਰੇ ਐ। ਤੁਸੀਂ ਰਾਜੀਵ ਦੀ ਯਾਰੀ ਦਾ ਦਿਲੋਂ ਭਰਮ ਕੱਢ ਦੇਵੋ।" ਸੁਬੇਗਾ ਸਿੰਘ ਨੇ ਬ੍ਰਾਹਮਣਵਾਦ ਦੇ ਚਲਣ ਦਾ ਵਿਸਥਾਰ ਦਿੱਤਾ।

"ਇਸੇ ਕਰਕੇ ਜਨਰਲ ਸਾਹਿਬ ਹਰ ਤਰ੍ਹਾਂ ਦੀ ਤਿਆਰੀ ਤੁਹਾਨੂੰ ਸੌਂਪ ਦਿੱਤੀ ਐ।"

ਉਨ੍ਹਾਂ ਤਿੰਨਾਂ ਕੋਲ ਹਰਮਿੰਦਰ ਸਿੰਘ ਸੰਧੂ ਨੇ ਸਿਰ ਆ ਝੁਕਾਇਆ।

"ਮਹਾਂਪੁਰਸ਼ੋ! ਸਾਡੇ ਬੰਦਿਆਂ ਦਾ ਸੁਖਦੇਵ ਸਿੰਘ ਬੱਬਰ ਨਾਲ ਟਾਕਰਾ ਹੋਣ ਲੱਗਾ ਸੀ। ਸੰਤ ਹਰਚੰਦ ਸਿੰਘ ਜੀ ਵਿਚਕਾਰ ਆ ਗਏ। ਆਖਣ ਲੱਗੇ: ਸਿੰਘੋ! ਪੰਥ 'ਤੇ ਭੀੜ ਪਈ ਐ। ਅਸੀਂ ਆਪ ਹੀ ਲਹੂ-ਲੁਹਾਣ ਹੋ ਗਏ, ਤਦ ਮੋਰਚੇ ਦਾ ਕੀ ਬਣੇਗਾ। ਸਰਕਾਰ ਤਾਂ ਸਾਨੂੰ ਟਕਰਾਉਣਾ ਚਾਹੁੰਦੀ ਹੀ ਐ। ਕੁਝ ਤਾ ਸੋਚੋ?" ਸੰਧੂ ਨੇ ਦਮ ਲੈ ਕੇ ਪੁੱਛਿਆ। "ਹੁਣ ਸਾਨੂੰ ਕੀ ਹੁਕਮ ਐ? ਉਹ ਨਾਨਕ ਨਿਵਾਸ ਰਹਿਣਗੇ ਤਾਂ ਦੁਰਘਟਨਾ ਕਦੇ ਵੀ ਵਾਪਰ ਸਕਦੀ ਹੈ।"

"ਜੇ ਬੱਬਰ ਟਿਕਾਣਾ ਨਹੀਂ ਛੱਡਦੇ, ਤੁਸੀਂ ਆਪ ਬਦਲ ਲਵੋ।" ਸੁਬੇਗ ਸਿੰਘ ਨੇ ਰਾਏ ਦਿੱਤੀ। "ਆਪੋ ਵਿਚੀਂ ਲੜਨਾ, ਜੱਗ-ਹਸਾਈ ਤੋਂ ਬਿਨਾਂ ਸਰਕਾਰ ਦਾ ਵੀ ਪੱਖ ਪੂਰਦਾ ਹੈ।"

"ਲੰਮੀ ਸੋਚ ਏਹੀ ਮੰਗ ਕਰਦੀ ਐ, ਅਸੀਂ ਹੀ ਟਿਕਾਣਾ ਬਦਲ ਲੈਂਦੇ ਆਂ।" ਸੰਤ

ਅੰਤਰੀਵ ਦੁੱਖ ਨਾਲ ਲੰਮਾ ਸਾਹ ਭਰ ਗਏ। ਉਨ੍ਹਾਂ ਹਵਾ ਨਾਲ ਉਡਦੇ ਦਾੜ੍ਹੇ ਨੂੰ ਹੱਥ ਦੇ ਕੇ ਸੰਵਾਰਿਆ। "ਸੰਧੂ ਪਤਾ ਕਰ ਟੌਹੜਾ ਸਾਹਿਬ ਦਫ਼ਤਰ ਵਿਚ ਹੀ ਹਨ? ਉਨ੍ਹਾਂ ਨੂੰ ਆਖ, ਸਾਡੀ ਰਹਾਇਸ਼ ਦਾ ਬੰਦੋਬਸਤ ਕਰਨ।"

ਇੱਕ ਫ਼ਿਕਰ ਦੀ ਪਰਛਾਈਂ ਚਾਰਾਂ ਦੇ ਚਿਹਰਿਆਂ 'ਤੇ ਛਾਈ ਹੋਈ ਸੀ।

* * *

ਉਸ ਸਮੇਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸੰਤ ਕ੍ਰਿਪਾਲ ਸਿੰਘ ਵੈਰੋਕੇ ਪਿੰਡ ਦੇ ਸਨ। ਵੈਰੋਕੇ, ਰੋਡੇ ਪਿੰਡ ਤੋਂ ਚਾਰ-ਪੰਜ ਕੋਹ 'ਤੇ ਹੀ ਘੁੱਗ ਵਸਦਾ ਹੈ। ਓਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ. ਗੁਰਚਰਨ ਸਿੰਘ ਟੌਹੜਾ ਸਨ। ਉਨ੍ਹਾਂ ਦੋਵਾਂ ਸੰਤਾਂ ਦੇ ਭੇੜ ਨੂੰ ਮੁਕਾਣ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨਾਲ ਗੱਲ ਤੋਰੀ:

"ਸੰਤ ਕਿਰਪਾਲ ਸਿੰਘ ਜੀ! ਦੋਵਾਂ ਸੰਤਾਂ ਦੇ ਤੱਤੇ ਬੰਦਿਆਂ ਨੂੰ ਕਿਸੇ ਤਰ੍ਹਾਂ ਲੜਨੋ ਹਟਾਈਏ। ਇੱਕ ਦੂਜੇ ਵੱਲ ਹਥਿਆਰ ਸੇਧ ਲੈਂਦੇ ਹਨ। ਜੇ ਕਤਲ ਹੋ ਗਏ, ਪੰਥ ਦੀ ਭਾਰੀ ਬਦਨਾਮੀ ਹੋਵੇਗੀ ਤੇ ਗ਼ੈਰ-ਜ਼ੁੰਮੇਵਾਰੀ ਸਾਡੇ ਤੁਹਾਡੇ 'ਤੇ ਆਵੇਗੀ।"

"ਗੱਲ ਬਹੁਤ ਮਾੜੀ ਹੈ ਤੇ ਦਿਨੋ-ਦਿਨ ਵਿਗੜਦੀ ਵੀ ਜਾ ਰਹੀ ਹੈ। ਪ੍ਰਧਾਨ ਜੀ, ਇਸ ਹੁੱਲੜਬਾਜ਼ੀ ਨੇ ਸ੍ਰੀ ਦਰਬਾਰ ਸਾਹਿਬ ਦੀ ਸ਼ਰਧਾ ਲੋਕਾਂ ਦੇ ਮਨਾਂ ਵਿਚੋਂ ਬਹੁਤ ਘਟਾ ਦਿੱਤੀ ਹੈ। ਵਿਰਲਾ ਵਿਰਲਾ ਸਿੰਘ ਮੱਥਾ ਟੇਕਣ ਆਉਂਦਾ ਏ। ਹਿੰਦੂਆਂ ਤਾਂ ਸਮਝੋ ਸੌਂਹ ਹੀ ਖਾ ਲਈ ਹੈ, ਅੱਗੇ ਉਹ ਦੁਕਾਨਾਂ ਖੋਲ੍ਹਣ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਆਉਂਦੇ, ਸ਼ਰਧਾ ਨਾਲ ਮੱਥਾ ਟੇਕਦੇ ਅਤੇ ਥੋੜ੍ਹਾ ਕੀਰਤਨ ਸੁਣਦੇ ਸਨ।" ਇੱਕ ਹੈਰਾਨੀ ਜਥੇਦਾਰ ਕਿਰਪਾਲ ਸਿੰਘ ਦੇ ਚਿਹਰੇ 'ਤੇ ਜੰਮੀ ਹੋਈ ਸੀ। "ਮੈਂ ਸੋਚਦਾ ਆਂ, ਹੋਵੇਗਾ ਕੀ?"

"ਹੋਣ ਬਾਰੇ ਗੁਰੂ ਤੋਂ ਬਿਨਾਂ ਕਿਸੇ ਨੂੰ ਪਤਾ ਨਹੀਂ, ਪਰ ਹਾਲਾਤ ਵਿਗੜਦੇ ਜ਼ਰੂਰ ਜਾ ਰਹੇ ਐ ਤੇ ਕਾਬੂ ਤੋਂ ਬਾਹਰੇ ਹਨ। ਇਹ ਲੋਕ ਬੇਨਤੀ ਤੱਕ ਸਵੀਕਾਰ ਨਹੀਂ ਕਰਦੇ। ਦੋਵਾਂ ਸੰਤਾਂ ਨੂੰ ਸਮਝਾ ਚੁੱਕਾ ਆਂ। ਦੋਵੇਂ ਮੋਰਚੇ ਲਈ ਦ੍ਰਿੜ੍ਹ ਹਨ। ਇੱਕ ਸਟੇਜ ਤੋਂ ਬੋਲ ਕੇ ਜਥਾ ਤੋਰਦੇ ਹਨ। ਸੰਤ ਦੋਵੇਂ ਠੀਕ ਹਨ, ਪਰ ਉਹ ਮੁੰਡਿਆਂ ਨੂੰ ਕਾਬੂ ਨਹੀਂ ਰੱਖ ਸਕਦੇ। ਸੰਤਾਂ ਤੋਂ ਚੋਰੀ ਮੁੰਡੇ ਆਪ ਆਈਆਂ ਕਰ ਰਹੇ ਹਨ; ਲੁੱਟ-ਮਾਰ ਨੂੰ ਵੀ ਹੱਥ ਮਾਰਦੇ ਹਨ। ਅੰਮ੍ਰਿਤ ਛਕ ਲੈਣ ਨਾਲ ਪੁਰਾਣੀਆਂ ਆਦਤਾਂ ਇਕਦਮ ਨਹੀਂ ਬਦਲ ਜਾਂਦੀਆਂ। ਉਹੀ ਬਹੁਤਾ ਖਰੂਦ ਕਰਦੇ ਹਨ। ਉਨ੍ਹਾਂ ਦੀ ਲੜਾਈ ਦਾ ਪੁਆੜਾ ਪਾ ਧਰਨਾ ਏਂ। ਸ਼ਾਂਤੀ ਤੇ ਏਕਤਾ ਦੀ ਕੋਈ ਵਿਉਂਤ ਕੱਢੋ।" ਟੌਹੜਾ ਸਾਹਿਬ ਦੋਚਿੱਤੀ ਵਾਲੀ ਉਲਝਣ ਵਿਚ ਸਨ।

"ਇਨ੍ਹਾਂ ਨੂੰ ਇੱਕ-ਦੂਜੇ ਤੋਂ ਦੂਰ ਕਰ ਦਿੱਤਾ ਜਾਵੇ। ਆਹਮਣਾ-ਸਾਹਮਣਾ ਮਿਟਾ ਦਿਓ।" ਅਕਾਲ ਤਖ਼ਤ ਦੇ ਜਥੇਦਾਰ ਨੇ ਸਲਾਹ ਦਿੱਤੀ।

ਜਥੇਦਾਰ ਟੌਹੜਾ ਸਾਹਿਬ ਇਹ ਗੱਲ ਚਾਹੁੰਦੇ ਹੀ ਸਨ।

"ਇਉਂ ਕਰੋ, ਤੁਸੀਂ ਸੰਤ ਜਰਨੈਲ ਸਿੰਘ ਨੂੰ ਅਕਾਲ ਤਖ਼ਤ 'ਤੇ ਜਗ੍ਹਾ ਦੇ ਦਿਉ। ਉਹ ਨਾਨਕ ਨਿਵਾਸ ਦਾ ਟਿਕਾਣਾ ਛੱਡ ਜਾਣਗੇ ਤੇ ਝਗੜਾ ਹੀ ਮੁੱਕਦਾ ਹੋ ਜਾਵੇਗਾ।" ਸੋਚੀ ਹੋਈ ਤਜਵੀਜ਼ ਉਨ੍ਹਾਂ ਸੰਤ ਕਿਰਪਾਲ ਸਿੰਘ ਅੱਗੇ ਰੱਖ ਦਿੱਤੀ।

"ਮਹਾਂਪੁਰਸ਼ਾਂ ਦਾ ਤਾਂ ਸਰ ਜਾਵੇਗਾ, ਉਨ੍ਹਾਂ ਦੇ ਜਥੇ ਵਿਚ ਆਏ ਨਵੇਂ ਮੁੰਡਿਆਂ ਦਾ ਵਿਸਾਹ ਕੌਣ ਕਰੇਗਾ।" ਜਥੇਦਾਰ ਨੂੰ ਨਵਾਂ ਫ਼ਿਕਰ ਖੜ੍ਹਾ ਹੋ ਗਿਆ। "ਲੋਕੀ ਮਰਿਆ ਸੱਪ

ਗਲ ਪਾਉਂਦੇ ਐ, ਤੁਸੀਂ ਜਿਉਂਦਾ ਤੇ ਉਡਣਾ ਸੱਪ ਮੱਥੇ ਮਾਰ ਰਹੇ ਹੋ।"

"ਵੇਖੋ ਜਥੇਦਾਰ ਜੀ, ਸੰਤ ਜਰਨੈਲ ਸਿੰਘ ਜੀ ਤੁਹਾਡੇ ਗਵਾਂਢੀ ਪਿੰਡ ਦੇ, ਬਰੱੜਕੀ ਭਾਈਚਾਰਾ, ਤੁਸੀਂ ਉਨ੍ਹਾਂ ਨੂੰ ਸਮਝਾ ਕੇ ਖਰੂਦੀ ਮੁੰਡਿਆਂ ਨੂੰ ਅਕਾਲ ਤਖ਼ਤ 'ਤੇ ਚੜ੍ਹਨੋਂ ਰੋਕ ਵੀ ਸਕਦੇ ਹੋ। ਬੂਹੇ ਅੱਗੇ ਪਹਿਰਾ ਲਾ ਦੇਣਾ। ਸੰਤ ਤੁਹਾਡੀ ਮੰਨ ਲੈਂਦੇ ਐ। ਉਨ੍ਹਾਂ ਇੱਕ ਵਾਰ ਮੁੰਡਿਆਂ ਨੂੰ ਘੂਰ ਦਿੱਤਾ, ਕੋਈ ਫਟਕੇਗਾ ਵੀ ਨਹੀਂ।

"ਪ੍ਰਧਾਨ ਜੀ, ਇਹ ਮੇਰੇ ਵੱਸ ਦਾ ਰੋਗ ਨਹੀਂ; ਤੁਸੀਂ ਜਿਵੇਂ ਮਰਜ਼ੀ ਨਿਪਟੋ; ਮੇਰੇ ਹੱਥ ਖੜ੍ਹੇ ਐ।" ਜਥੇਦਾਰ ਦਿਲੋਂ ਡਰੂ ਸੀ, ਉਹ ਸਮਝਦੇ ਸਨ; ਮੈਨੂੰ ਕਿਸੇ ਇੱਕ ਧੜੇ ਦਾ ਨਾ ਸਮਝਿਆ ਜਾਵੇ।

"ਜਥੇਦਾਰ ਜੀ ਥੋੜ੍ਹੀ ਗੰਭੀਰਤਾ ਨਾਲ ਸੋਚੋ: ਪੰਥ 'ਤੇ ਭੀੜ ਬਣੀ ਹੋਈ ਐ। ਸਰਕਾਰ ਸਾਡੀਆਂ ਜਾਇਜ਼ ਮੰਗਾਂ ਮੰਨਣ ਦੀ ਥਾਂ ਘੇਰਾ ਪਾਉਣ ਲਈ ਔਹਲ ਰਹੀ ਹੈ। ਇਸ ਭੀੜ ਸਮੇਂ ਅਸੀਂ ਰਲ-ਮਿਲ ਕੇ ਤਕਲੀਫ਼ਾਂ ਵੰਡਾਈਏ। ਆਖ਼ਰ ਇਹ ਕ੍ਰੋਪੀ ਕਿੰਨਾ ਕੁ ਚਿਰ ਚੱਲੇਗੀ। ਸਮੇਂ ਨੇ ਤਾਂ ਰੁਕਣਾ ਨਹੀਂ, ਤੁਰਨਾ ਹੀ ਤੁਰਨਾ ਹੈ। ਤੁਸੀਂ ਦਸ ਵੀਹ ਦਿਨ ਲਈ ਅਕਾਲ ਤਖ਼ਤ 'ਤੇ ਉਤਾਰਾ ਦੇ ਦੇਵੋ। ਫੇਰ ਸੰਤ ਸ਼ਾਇਦ ਚੌਕ ਮਹਿਤੇ ਹੀ ਚਲੇ ਜਾਣ।" ਪ੍ਰਧਾਨ ਨੇ ਜਥੇਦਾਰ ਨੂੰ ਸੋਚਾਂ ਵਿਚ ਪਾ ਦਿੱਤਾ। ਲੋਹਾ ਗਰਮ ਹੁੰਦਾ ਵੇਖ ਕੇ ਟੌਹੜਾ ਸਾਹਿਬ ਨੇ ਵਿਧਾਨ ਦੀ ਇੱਕ ਹੋਰ ਭਰਪੂਰ ਸੱਟ ਮਾਰੀ, "ਸਾਨੂੰ ਤੁਹਾਡੀ ਵਿਦਵਤਾ 'ਤੇ ਮਾਣ ਹੈ। ਘੁੰਮਣਘੇਰੀ ਵਿਚ ਪਏ ਬੇੜੇ ਨੂੰ ਚੱਪੂ ਲਾ ਕੇ ਕਿਨਾਰੇ ਲਾਓ। ਨਹੀਂ ਕਤਲ ਅਵੱਸ਼ ਹੋਣਗੇ। ਪੰਥ ਦੀ ਬਦਨਾਮੀ ਦੀ ਜ਼ੁੰਮੇਵਾਰੀ ਸਾਡੇ ਸਾਰਿਆਂ 'ਤੇ ਆਵੇਗੀ।

"ਮੇਰਾ ਦਿਲ ਤਾਂ ਮੰਨਦਾ ਨਹੀਂ; ਤੁਸੀਂ ਦਸ-ਵੀਹ ਦਿਨ ਲਈ ਕਹਿੰਦੇ ਹੋ ਤਾਂ ਮੈਂ ਤੁਹਾਥੋਂ ਬਾਹਰ ਨਹੀਂ।" ਸੰਤ ਕਿਰਪਾਲ ਸਿੰਘ ਅਨਮੰਨੇ ਦਿਲ ਨਾਲ ਰਾਜ਼ੀ ਹੋ ਗਏ ਤੇ ਫ਼ਤਹਿ ਬੁਲਾ ਕੇ ਚਲੇ ਗਏ।

ਪ੍ਰਸੰਨ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਜੀ ਆਪ ਸੰਤ ਜਰਨੈਲ ਸਿੰਘ ਕੋਲ ਚੱਲ ਕੇ ਗਏ। ਸੰਤ ਪ੍ਰਧਾਨ ਜੀ ਵੇਖ ਕੇ ਹੱਸ ਪਏ। ਦੋਵਾਂ ਸ਼ਖ਼ਸੀਅਤਾਂ ਵਾਹਿਗੁਰੂ ਜੀ ਕੀ ਫ਼ਤਹਿ ਗੁੰਜਾਈ।

"ਆਓ ਪ੍ਰਧਾਨ ਜੀ! ਜੀ ਆਇਆਂ ਨੂੰ। ਕੋਈ ਨਵੀਂ ਖ਼ਬਰ? ਤੁਹਾਡੀ ਸਰਕਾਰ ਦਾ ਕੀ ਹਾਲ ਐ?" ਸੰਤਾਂ ਹੱਸਣ ਲਈ ਚੋਟ ਕਰ ਦਿੱਤੀ।

"ਤੁਹਾਡਾ ਰਾਜੀਵ ਰਾਜ਼ੀ ਖ਼ੁਸ਼ੀ ਐ।" ਪ੍ਰਧਾਨ ਨੇ ਚੋਟ ਨੂੰ ਪ੍ਰਤਿਚੋਟ ਵਿਚ ਬਦਲ ਦਿੱਤਾ। ਥੋੜ੍ਹੀ ਚੁੱਪ ਪਿੱਛੋਂ ਪ੍ਰਧਾਨ ਨੇ ਗੱਲ ਛੇੜੀ। "ਮੁੰਡੇ ਦੋਵਾਂ ਧਿਰਾਂ ਦੇ ਲੜਨਗੇ; ਬਦਨਾਮੀ ਪੰਥ ਤੇ ਆਪਣੀ ਸਾਰਿਆਂ ਦੀ ਹੋਵੇਗੀ। ਕਤਲ ਹੋ ਜਾਣੇ ਵੱਡੀ ਗੱਲ ਨਹੀਂ. ਦੋਹੀਂ ਧਿਰੀਂ ਹਥਿਆਰ ਹਨ। ਭੜਕੇ ਜਜ਼ਬਾਤ ਵਿਚ ਤੱਤੇ ਤਾਅ ਇੱਕ ਦੂਜੇ 'ਤੇ ਫ਼ਾਇਰ ਵੀ ਕਰ ਸਕਦੇ ਹਨ। ਇਨ੍ਹਾਂ ਨੂੰ ਰੋਕਿਆ ਜਾਵੇ, ਕਾਬੂ ਕੀਤਾ ਜਾਵੇ।"

"ਜੇ ਕਤਲ ਹੋ ਗਏ, ਇਹ ਸਾਡੀ ਸਿਆਸੀ ਮੌਤ ਹੋਵੇਗੀ।" ਜਨਰਲ ਸੁਬੇਗ ਸਿੰਘ ਸੰਤਾਂ ਤੋਂ ਪਹਿਲਾਂ ਬੋਲ ਪਿਆ।

"ਤੁਸੀਂ ਪ੍ਰਧਾਨ ਜੀ ਕੀ ਸੋਚਦੇ ਹੋ? ਸਾਡੀ ਸਥਿਤੀ ਬਾਰੇ ਤੁਹਾਨੂੰ ਦੱਸਣ ਦੀ ਲੋੜ ਨਹੀਂ।" ਸੰਤ ਪ੍ਰਧਾਨ ਦਾ ਅੰਦਰ ਟੋਹਣਾ ਚਾਹੁੰਦੇ ਸਨ।

"ਸਾਡੀ ਰਾਏ ਹੈ, ਬੇਨਤੀ; ਤੁਸੀਂ ਅਕਾਲ ਤਖ਼ਤ 'ਤੇ ਜਾ ਬਿਰਾਜੋ। ਗੁਰੂ ਨਾਨਕ

ਨਿਵਾਸ ਸੰਤ ਹਰਚੰਦ ਸਿੰਘ ਦੇ ਬੰਦਿਆਂ ਨੂੰ ਛੱਡ ਦੇਵੇ। ਨਿਵੇ ਸੋ ਗੌਰਾ ਹੋਏ॥"

"ਬਿਲਕੁਲ ਠੀਕ। ਮਹਾਂਪੁਰਸ਼ੋ ਧਾਦਾ ਨਾ ਪੁੱਛਿ। ਅਕਾਲ ਤਖ਼ਤ ਜਾ ਡੇਰਾ ਲਾਓ। ਵਧੀਆ ਤੇ ਸੇਫ਼ ਅਸਥਾਨ।" ਸੁਬੇਗ ਸਿੰਘ ਨੇ ਅਕਾਲ ਤਖ਼ਤ ਨੂੰ ਫ਼ੌਜੀ ਟਿਕਾਣੇ ਵਜੋਂ ਵਧੀਆ ਮੋਰਚਾ ਮਨ ਵਿਚ ਸੋਚ ਲਿਆ ਤੇ ਨਾਲ ਹੀ ਮੰਨ ਜਾਣ ਲਈ ਸੰਤਾਂ ਦੇ ਕੂਹਣੀ ਮਾਰ ਦਿੱਤੀ।

"ਪ੍ਰਧਾਨ ਜੀ, ਤੁਹਾਡਾ ਹੁਕਮ ਤਾਂ ਅਸੀਂ ਪਹਿਲਾਂ ਵੀ ਕਦੇ ਨਹੀਂ ਟਾਲਿਆ। ਬਿਨਾਂ ਕਿੰਤੂ-ਪ੍ਰੰਤੂ ਤੁਹਾਡਾ ਹੁਕਮ ਸਿਰ ਮੱਥੇ ਪ੍ਰਵਾਨ।" ਸੰਤਾਂ ਨੂੰ ਸੁਬੇਗ ਸਿੰਘ ਦਾ ਇਸ਼ਾਰਾ ਹੁਸ਼ਿਆਰ ਕਰ ਗਿਆ ਸੀ। ਪ੍ਰਧਾਨ ਸਾਹਿਬ ਨੇ ਆਪਣੀ ਚੁਸਤ ਸਿਆਣਪ ਨਾਲ ਲੜਦੀਆਂ ਦੋਵਾਂ ਧਿਰਾਂ ਨੂੰ ਵੱਖਰੇ ਟਿਕਾਣੇ ਦੇ ਕੇ ਇੱਕ ਤਰ੍ਹਾਂ ਸ਼ਾਂਤ ਕਰ ਦਿੱਤਾ ਤੇ ਆਪ ਸੰਤੋਸ਼ ਮਹਿਸੂਸ ਕੀਤਾ, ਪਰ ਦੋਵਾਂ ਦੇ ਦਿਲਾਂ ਵਿਚੋਂ ਵਿਹੁ ਨਹੀਂ ਗਈ ਸੀ। ਸੰਤ ਜਰਨੈਲ ਸਿੰਘ ਦੇ ਸਾਥੀ ਇਲਜ਼ਾਮ ਲਾਉਂਦੇ ਸਨ; ਅਕਾਲੀ ਸਰਕਾਰ ਨਾਲ ਮਿਲੇ ਹੋਏ ਐ। ਪਰ ਮਿਲਣ ਦਾ ਸਬੂਤ ਕਿਸੇ ਕੋਲ ਨਹੀਂ ਸੀ; ਅਫ਼ਵਾਹਾਂ ਬੇਪ੍ਰਵਾਹ ਸਨ। ਇਹ ਅੰਦਰੂਨੀ ਖਹਿ ਭਾਈ ਅਮਰੀਕ ਸਿੰਘ ਦੀ ਸ਼੍ਰੋਮਣੀ ਕਮੇਟੀ ਦੀ ਚੋਣ ਤੋਂ ਤੁਰੀ ਆ ਰਹੀ ਸੀ। ਅਕਾਲੀ ਦੋਸ਼ ਥੱਪਦੇ ਸਨ, ਕਾਂਗਰਸੀਆਂ ਭਾਈ ਅਮਰੀਕ ਸਿੰਘ ਦੀ ਚੋਣ ਵਿਚ ਮਦਦ ਕੀਤੀ ਸੀ। ਕੋਈ ਐਨੀ ਵੱਡੀ ਸ਼ਖ਼ਸੀਅਤ ਵੀ ਨਹੀਂ ਸੀ, ਜਿਹੜੀ ਅਫ਼ਵਾਹ ਨਾਲ ਪੈਦਾ ਕੀਤੀ ਦੋਵਾਂ ਧਿਰਾਂ ਦੀ ਮੈਲ ਧੋ ਸਕੇ। ਅਸਲ ਵਿਚ ਦੋਵੇਂ ਪਾਸੇ ਅਸਲਾ ਵੱਡੀਆਂ ਸ਼ੱਕਾਂ ਖੜ੍ਹੀਆਂ ਕਰਦਾ ਸੀ। ਪਰ ਸੰਤ ਜਰਨੈਲ ਸਿੰਘ ਦੇ ਸ੍ਰੀ ਅਕਾਲ ਤਖ਼ਤ 'ਤੇ ਆ ਜਾਣ ਨਾਲ ਆਪਸੀ ਖਹਿ ਕਿਸੇ ਹੱਦ ਤੱਕ ਬਹੁਤ ਘੱਟ ਗਈ। ਪਰ ਸੰਤ ਹਰਚੰਦ ਜੀ ਸਮਝਦੇ ਸਨ, ਸਾਡਾ ਤਾਂ ਕਿਸੇ ਨਾਲ ਕਿਸੇ ਤਰ੍ਹਾਂ ਦਾ ਵੀ ਵੈਰ-ਵਿਰੋਧ ਨਹੀਂ। ਅਕਾਲੀ ਦਲ ਦੀ ਪ੍ਰਧਾਨਗੀ ਜਦੋਂ ਚਾਹੁਣ, ਲੈ ਲੈਣ। ਪੰਥ ਦੀ ਦਾਤ ਪੰਥ ਦੇ ਹਵਾਲੇ ਕਰਨ ਲਈ ਹਰ ਸਮੇਂ ਤਿਆਰ ਆਂ। ਅੰਦਰੂਨੀ ਵਿਰੋਧ ਨਾਲੋਂ ਬਾਹਰਲਾ ਸਰਕਾਰੀ ਦਬਾਅ ਬਹੁਤਾ ਵਧਦਾ ਜਾ ਰਿਹਾ ਸੀ। ਸੰਤ ਹਰਬੰਸ ਸਿੰਘ ਜੀ ਦਿੱਲੀ ਵਾਲੇ ਉਨ੍ਹਾਂ ਦਿਨਾਂ ਵਿਚ ਮੋਰਿੰਡੇ ਇੱਕ ਗੁਰਦੁਆਰੇ ਦਾ ਲੈਂਟਰ ਪੁਆ ਰਹੇ ਸਨ। ਭਾਰੀ ਸੰਗਤ ਸੇਵਾ ਵਿਚ ਲੱਗੀ ਹੋਈ ਸੀ। ਉਨ੍ਹਾਂ ਕੋਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ. ਗੁਰਚਰਨ ਸਿੰਘ ਟੌਹੜਾ ਜੀ ਆਏ। ਸੰਤ ਹਰਬੰਸ ਸਿੰਘ ਜੀ ਨੂੰ ਨਿਵੇਕਲੇ ਕਰਕੇ ਆਖਣ ਲੱਗੇ:

"ਮਹਾਂਪੁਰਸ਼ੋ! ਪੰਥ ਤੇ ਕੌਮ ਉੱਤੇ ਭਾਰੀ ਆ ਪਈ ਐ। ਲੱਗਦਾ ਏ ਹੱਠੀ ਇੰਦਰਾ ਹਮਲਾ ਕਰੇਗੀ। ਤੁਸੀਂ ਸੰਤ ਜਰਨੈਲ ਸਿੰਘ ਨੂੰ ਆਖੋ ਸ੍ਰੀ ਦਰਬਾਰ ਸਾਹਿਬ ਵਿਚੋਂ ਨਿਕਲ ਜਾਣ। ਇੰਦਰਾ ਦਾ ਕੋਈ ਇਤਬਾਰ ਨਹੀਂ।"

ਸੰਤ ਹਰਬੰਸ ਸਿੰਘ ਜੀ ਸੋਚਾਂ ਵਿਚ ਪੈ ਗਏ,

"ਪ੍ਰਧਾਨ ਜੀ, ਮੈਂ ਜਾ ਕੇ ਜੋ ਕੁਝ ਆਖਿਆ, ਸੰਤ ਖੜਕ ਸਿੰਘ ਹੋਰਾਂ ਮੇਰੇ ਗਲ ਪੈ ਜਾਣਾ ਹੈ, ਤੂੰ ਇੱਥੇ ਕੀ ਲੈਣ ਆਇਆ ਏਂ। ਮੈਂ ਅਕਾਲੀਆਂ ਦੇ ਸਮਝੌਤੇ ਕਰਵਾ ਕੇ ਵੇਖ ਲਏ ਹਨ। ਸ੍ਰ. ਗੁਰਚਰਨ ਸਿੰਘ ਜੀ, ਮੈਂ ਸੰਤ ਖੜਕ ਸਿੰਘ ਦੀ ਲਾਹਨਤ ਲੈਣ ਨੂੰ ਤਿਆਰ ਨਹੀਂ। ਇਹ ਕੰਮ ਤੁਸੀਂ ਆਪ ਕਰੋ, ਜਾਂ ਆਪਣੇ ਵਿਸ਼ਵਾਸ ਪਾਤਰ ਕਿਸੇ ਸਿੱਖ ਤੋਂ ਕਰਵਾਓ।"

ਪ੍ਰਧਾਨ ਸੰਤ ਹਰਬੰਸ ਸਿੰਘ ਦੇ ਜਵਾਬ ਨਾਲ ਮਾਯੂਸ ਹੋ ਗਏ, ਜਿਵੇਂ ਸਭ ਕੁਝ ਹੀ ਵੱਸੋਂ ਬਾਹਰਾ ਹੋ ਰਿਹਾ ਸੀ।

ਪੱਚੀਵਾਂ ਕਾਂਡ

ਪੰਜਾਬ ਦੀ ਕਈ ਭਾਂਤ ਦੀ ਪੁਲੀਸ ਅਤੇ ਫ਼ੌਜੀ ਅਫ਼ਸਰਾਂ ਵਿਚਕਾਰ ਬਾਰ ਬਾਰ ਬੈਠਕਾਂ ਹੋ ਰਹੀਆਂ ਸਨ। ਉਹ ਖਾੜਕੂਆਂ ਅਤੇ ਸੰਤ ਜਰਨੈਲ ਸਿੰਘ ਬਾਰੇ ਦੋ ਤਰ੍ਹਾਂ ਦੀ ਜਾਣਕਾਰੀ ਚਾਹੁੰਦੇ ਸਨ। ਸ੍ਰੀ ਦਰਬਾਰ ਸਾਹਿਬ ਵਿਚ ਲੜਨ ਵਾਲੇ ਖਾੜਕੂਆਂ ਦੀ ਸਹੀ ਗਿਣਤੀ ਕਿੰਨੀ ਹੈ ਅਤੇ ਮਾਰੂ ਹਥਿਆਰ ਕਿੰਨੇ ਹਨ? ਉਨ੍ਹਾਂ ਦੇ ਸੂਹੀਆਂ ਨੇ ਅਨੁਮਾਨਾਂ ਅਤੇ ਉਡਦੀਆਂ ਖ਼ਬਰਾਂ ਅਨੁਸਾਰ ਦੋ ਸੌ ਪੈਂਟਠ ਦੱਸੀ। ਹਥਿਆਰ ਬਾਰੇ ਤਿੰਨ ਸੌ ਤਿੰਨ ਦੀਆਂ ਪੱਕੀਆਂ ਰਾਈਫ਼ਲਾਂ, ਐੱਨ. ਜੀ. ਐੱਮ. ਰਿਵਾਲਵਰ ਤੇ ਬਾਰ੍ਹਾਂ ਬੋਰ ਦੀਆਂ ਦੋਨਾਲੀਆਂ ਵੀ ਹਨ, ਪਰ ਪੱਕੀ ਗਿਣਤੀ ਕੋਈ ਨਹੀਂ। ਇਹ ਹਥਿਆਰ ਪੁਲੀਸ ਦੀ ਜਾਣਕਾਰੀ ਅਨੁਸਾਰ ਅੰਦਰ ਜਾ ਚੁੱਕੇ ਸਨ। ਮੌਕੇ ਦੇ ਅਫ਼ਸਰਾਂ ਐਨ ਹਥਿਆਰ ਅੰਦਰ ਜਾਂਦਿਆਂ ਦੀ ਇਤਲਾਹ ਇੰਦਰਾ ਨੂੰ ਸਿੱਧੀ ਭੇਜੀ ਸੀ। ਪਰ ਉਸ ਇਨ੍ਹਾਂ ਰਿਪੋਰਟਾਂ ਤੇ ਇਤਲਾਹ ਨੂੰ ਰੱਦੀ ਦੀ ਟੋਕਰੀ ਵਿਚ ਵਗਾਹ ਮਾਰਿਆ। ਹਦਾਇਤ ਸੀ, ਹਥਿਆਰ ਅੰਦਰ ਜਾਣ ਦਿਓ, ਰੋਕੋ ਨਾ। ਆਪਣੀ ਵਿਉਂਤ ਨਾਲ ਇੰਦਰਾ ਸਾਰੇ ਸੰਸਾਰ ਵਿਚ ਸਿੱਖਾਂ ਨੂੰ ਬਾਗ਼ੀ ਨਸ਼ਰ ਕਰਕੇ ਬਦਨਾਮ ਕਰਨਾ ਚਾਹੁੰਦੀ ਸੀ, ਕਿਉਂਕਿ ਅਕਾਲੀ ਇਸ ਤੋਂ ਪਹਿਲਾਂ ਵਿਧਾਨ ਦੀਆਂ ਕਾਪੀਆਂ ਪਾੜ ਚੁੱਕੇ ਸਨ।

ਮਿਲਟਰੀ ਨੇ ਨਿਗਾਹਬਾਨੀ ਵਜੋਂ ਸ੍ਰੀ ਹਰਿਮੰਦਰ ਸਾਹਿਬ ਇੱਕ ਤਰ੍ਹਾਂ ਘੇਰੇ ਵਿਚ ਲੈ ਲਿਆ, ਪਰ ਰੋਕ-ਟੋਕ ਕੋਈ ਨਾ ਕੀਤੀ। ਇਹ ਤਾਂ ਤਹਿ ਹੀ ਸੀ, ਸੰਤ ਜਰਨੈਲ ਸਿੰਘ ਤੇ ਹੋਰ ਵਾਰੰਟਡ ਬੰਦਿਆਂ ਨੂੰ ਫੜਨਾ ਹੈ। ਗ੍ਰਿਫ਼ਤਾਰ ਕਰਨ ਲਈ ਹਮਲਾ ਕਰਨਾ ਪੈਣਾ ਸੀ। ਲਾਊਡ ਸਪੀਕਰ ਰਾਹੀਂ ਹਥਿਆਰ ਰੱਖ ਕੇ ਬਾਹਰ ਆਉਣ ਲਈ ਅਫ਼ਸਰਾਂ ਕਈ ਅਪੀਲਾਂ ਕਰ ਮਾਰੀਆਂ। ਹਥਿਆਰ ਰੱਖ ਕੇ ਪੇਸ਼ ਹੋਣ ਵਾਲਾ ਸੰਤ ਜਰਨੈਲ ਸਿੰਘ ਨਹੀਂ ਸੀ। ਸੰਤ ਬਲਕਾਰ ਰਹੇ ਸਨ, ਜ਼ੁਲਮ ਘੱਟ ਗਿਣਤੀਆਂ 'ਤੇ ਕੀਤੇ ਜਾ ਰਹੇ ਹਨ। ਲੁੱਟਿਆ ਪੰਜਾਬ ਜਾ ਰਿਹਾ ਹੈ। ਹਮਲੇ ਦਾ ਮੁੱਢ ਵੀ ਸਾਡੇ 'ਤੇ ਬੰਨ੍ਹਿਆ ਜਾ ਰਿਹਾ ਹੈ। ਉਹ ਸਮਝਦੇ ਸੀ, ਫ਼ੌਜ ਦੇ ਘੇਰੇ ਨਾਲ ਸਾਨੂੰ ਡਰਾਇਆ-ਧਮਕਾਇਆ ਜਾ ਰਿਹਾ ਏ ਕਿ ਅਸੀਂ ਆਰਮੀ ਅੱਗੇ ਹਥਿਆਰ ਸੁੱਟ ਕੇ ਪਨਾਹ ਮੰਗ ਲਈਏ। ਗੁਰੂ ਦੇ ਸਿੰਘ ਹੋ ਕੇ ਜ਼ਾਲਮਾਂ ਅੱਗੇ ਲੰਮੇ ਪੈਣਾ ਇਤਿਹਾਸਕ ਲਾਹਨਤ ਐ। ਸਾਨੂੰ ਸਾਡੇ ਗੁਰੂ ਨੇ ਇਹ ਨਹੀਂ ਸਿਖਾਇਆ। "**ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ॥**"

ਸਰਕਾਰ ਤੇ ਸੰਤ ਬੰਦੇ ਛੱਡ ਛੱਡ ਇੱਕ-ਦੂਜੇ ਦੀਆਂ ਕਨਸੋਆਂ ਲੈ ਰਹੇ ਸਨ। ਸੰਤ ਨੂੰ ਹਾਲੇ ਵੀ ਆਸ ਸੀ, ਇੰਦਰਾ ਦਬਾਅ ਪਾ ਰਹੀ ਹੈ, ਹਮਲਾ ਨਹੀਂ ਕਰੇਗੀ, ਪਰ ਕੋਈ ਨਹੀਂ ਜਾਣਦਾ ਸੀ, ਭਾਣੀ ਵਰਤੇਗੀ ਜਾਂ ਨਹੀਂ। ਗੱਲ ਦੋਹੀਂ ਧਿਰੀਂ ਪੂਰੀ ਤੂਲੀ ਖਲੋਤੀ ਸੀ।

ਇਨ੍ਹਾਂ ਤੱਤ-ਭੜੱਤੇ ਦਿਨਾਂ ਵਿਚ ਕੰਵਲ ਆਪਣੀ ਕਿਤਾਬ ਦੇ ਸਬੰਧ ਵਿਚ ਆਪਣੇ

ਪ੍ਰਕਾਸ਼ਕਾਂ ਕੋਲ ਅੰਮ੍ਰਿਤਸਰ ਗਿਆ। ਪਹਿਰੇਦਾਰਾਂ ਦੇ ਸੁਨੇਹਿਆਂ ਰਾਹੀਂ ਸੰਤ ਜਰਨੈਲ ਸਿੰਘ ਨੂੰ ਮਿਲਣ ਵਿਚ ਕਾਮਯਾਬ ਹੋ ਗਿਆ। ਓਦੋਂ ਕੋਈ ਡਰਦਾ ਅੱਗ ਵਿਚ ਹੱਥ ਨਹੀਂ ਪਾਉਂਦਾ ਸੀ। ਸ਼ਹਿਰ ਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਹਾਲਾਤ ਸਿਆਸੀ ਤੇ ਸਮਾਜੀ ਤੌਰ 'ਤੇ ਕਸੇ ਕਸੇ ਪਏ ਸਨ। ਕੋਈ ਕਿਸੇ ਨਾਲ ਖੁੱਲ੍ਹ ਕੇ ਗੱਲ ਨਹੀਂ ਕਰਦਾ ਸੀ। ਹਿੰਦੂ ਸਿੱਖ ਤਾਂ ਇੱਕ ਦੂਜੇ ਤੋਂ ਕੁਝ ਵਧੇਰੇ ਈ ਕੰਨੀ ਕਤਰਾਅ ਰਹੇ ਸਨ। ਕੰਵਲ ਵੇਖ ਰਿਹਾ ਸੀ, ਪੰਜਾਬ ਇੱਕ ਹੋਰ ਬਦਜਖ਼ਤੀ ਵੱਲ ਵਧ ਰਿਹਾ ਹੈ। ਉਸ ਸੰਤਾਂ ਨੂੰ ਫ਼ਤਹਿ ਬੁਲਾ ਕੇ ਸਿਰ ਝੁਕਾਇਆ। ਉਹ ਹੱਸ ਕੇ ਅੱਗੋਂ ਬੋਲੇ,

"ਆ ਬਈ ਕਲਮਕਾਰਾ ਕਿਵੇਂ ਆਇਆ ਏਂ, ਸਾਡੀਆਂ ਬਣੀਆਂ ਵੇਖਣ?"

"ਨਾ ਮਹਾਰਾਜ, ਇਸ ਵੇਲੇ ਤੁਹਾਡੇ ਨਾਲ ਪੰਥ ਤੇ ਪੰਜਾਬ ਦਾ ਭਵਿੱਖ ਜੁੜਿਆ ਪਿਆ ਏ।" ਕਲਮਕਾਰ ਨੇ ਤਿਆਰ ਕੀਤੇ ਜਵਾਬਾਂ ਵਿਚੋਂ ਇੱਕ ਤੀਰ ਛੱਡਿਆ।

"ਉਹ ਕਿਵੇਂ? ਸਾਡੇ ਲਈ ਕੀ ਸਲਾਹ ਲੈ ਕੇ ਆਇਆ ਏਂ?"

"ਤੁਹਾਨੂੰ ਨੇਕ ਸਲਾਹਾਂ ਦੇਣ ਵਾਲੇ ਹਜ਼ਾਰਾਂ। ਮੈਂ ਕਿਆ ਪਿੱਦੀ ਕਿਆ ਪਿੱਦੀ ਕਾ ਸ਼ੋਰਬਾ।"

"ਬਈ ਤੇਰੇ ਲੇਖ ਤਾਂ ਵਾਹਵਾ ਖ਼ਰੀਆਂ ਖ਼ਰੀਆਂ ਮਾਰਦੇ ਐ।" ਉਹ ਮੁੜ ਹੱਸ ਪਏ।

"ਉਨ੍ਹਾਂ ਨੂੰ ਕਿਸੇ ਨੇ ਅਮਲ ਵਿਚ ਨਹੀਂ ਲਿਆਂਦਾ, ਭਾਵੀਆਂ ਬੀਤਣ ਤੇ ਆ ਗਈਆਂ।"

"ਇਸ ਵੇਲੇ ਤੇਰੇ ਦਿਮਾਗ਼ ਵਿਚ ਕੀ ਸੋਚ ਐ?" ਉਹ ਕੰਵਲ ਦਾ ਮਨ ਜਾਣਨਾ ਚਾਹੁੰਦੇ ਸਨ।

"ਸਰਕਾਰ ਹਮਲਾ ਕਰੇਗੀ। ਕੀ ਤੁਸੀਂ ਲੜੋਗੇ?"

"ਗੁਰੂ ਦੇ ਸਿੰਘ ਹੋ ਕੇ ਮੈਦਾਨ ਨਹੀਂ ਛੱਡਾਂਗੇ। ਸਿਰ ਜਾਇ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।"

"ਜਿੱਤੇਗਾ ਕੌਣ?" ਕੰਵਲ ਨੇ ਹਾਰ ਦਾ ਸੰਕੇਤ ਖੜ੍ਹਾ ਕਰ ਦਿੱਤਾ।

"ਜਿੱਤੇਗਾ ਸੱਚ, ਜਿੱਤੇਗਾ ਖਾਲਸਾ।" ਸੰਤਾਂ ਆਪਾ ਅਕੜਾ ਲਿਆ। "ਤੂੰ ਸਾਡਾ ਮਨੋਬਲ ਪਰਖ਼ਦਾ ਏਂ?"

"ਨਹੀਂ, ਪੰਜਾਬ ਤੇ ਪੰਥ ਦਾ ਭਾਰੀ ਨੁਕਸਾਨ ਹੋ ਜਾਵੇਗਾ। ਮੈਂ ਆਪਣੇ ਮਨ ਦੀ ਗੱਲ ਆਖਣ ਆਇਆ ਹਾਂ। ਕੱਚਾ ਫੋੜਾ ਨਾ ਛੇਹੋ।" ਕੰਵਲ ਉਹ ਗੱਲ ਸਿੱਧੇ ਸ਼ਬਦਾਂ ਵਿਚ ਨਹੀਂ ਕਹਿਣਾ ਚਾਹੁੰਦਾ ਸੀ, ਜਿਸ ਨਾਲ ਹੋਰ ਚਿੜ ਜਾਣ।

"ਮਨ ਦੀ ਗੱਲ ਕਹਿ ਛੱਡ, ਦਿਲ ਵਿਚ ਨਾ ਰੱਖ। ਅਸੀਂ ਤੇਰਾ ਸਤਿਕਾਰ ਕਰਦੇ ਆਂ, ਭਾਵੇਂ ਬੁੱਧੀਜੀਵੀ ਲੋਕ ਬੁਜ਼ਦਿਲ ਹੁੰਦੇ ਹਨ, ਐਨ ਭੀੜ ਸਮੇਂ ਪਿੱਠ ਦੇ ਜਾਂਦੇ ਹਨ।"

"ਪਹਿਲੋਂ ਤੁਹਾਡੀ ਬੁਜ਼ਦਿਲੀ ਵਾਲੀ ਗੱਲ ਦਾ ਜਵਾਬ ਦੇ ਲਵਾਂ। ਕਲਮ ਵੀ ਤੇਜ਼ ਹਥਿਆਰ ਐ, ਪਰ ਸਮਝਦਾਰਾਂ ਤੇ ਅਹਿਸਾਸ ਕਰਨ ਵਾਲਿਆਂ ਨੂੰ ਹੀ ਜ਼ਖ਼ਮੀ ਕਰਦੀ ਐ। ਇਹ ਲੜਨ ਦਾ ਠੀਕ ਸਮਾਂ ਤੇ ਵਿਧੀ ਤਿਆਰ ਕਰਦੀ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਦੋਵੇਂ ਹਥਿਆਰ ਠੀਕ ਠੀਕ ਸਮੇਂ ਵਰਤੇ ਸਨ।"

"ਮੰਨਿਆ, ਪਰ ਉਹ ਦਿਲ ਵਾਲੀ ਗੱਲ?"

"ਚਮਕੌਰ ਦੀ ਚੱਲਦੀ ਜੰਗ ਸਮੇਂ ਪੰਜ ਸਿੰਘਾਂ ਦਾ ਸੰਗਤ ਬਣ ਬੇਨਤੀ ਕਰਨਾ: ਸੱਚੇ ਪਾਤਸ਼ਾਹ ਤੁਹਾਡੇ ਵਰਗਾ ਦੂਰਅੰਦੇਸ਼ ਪ੍ਰਬੰਧਕ ਤੇ ਸ਼ਕਤੀਸ਼ਾਲੀ ਗੁਰੂ ਕੌਮ ਨੂੰ ਮੁੜ ਨਹੀਂ ਮਿਲਣਾ। ਤੁਸੀਂ ਕੱਚੀ ਗੜ੍ਹੀ ਵਿਚੋਂ ਬਾਹਰ ਜਾ ਕੇ ਦਲ ਖਾਲਸਾ ਮੁੜ ਖੜ੍ਹਾ ਕਰ ਲਵੋਗੇ।" ਸੰਗਤ ਬਣਦਿਆਂ ਵੀ ਪੰਜਾਂ ਸਿੰਘਾਂ ਦੇ ਦਸਮ ਪਾਤਸ਼ਾਹ ਅੱਗੇ ਹੱਥ ਜੋੜੇ ਹੋਏ ਸਨ। "ਨਹੀਂ, ਮੈਂ ਤੁਹਾਡੇ ਨਾਲ ਸ਼ਹੀਦ ਹੋਵਾਂਗਾ। ਤੁਹਾਨੂੰ ਮੌਤ ਦੇ ਮੂੰਹ ਦੇ ਕੇ ਆਪ ਖਿਸਕ ਜਾਵਾਂ, ਇਹ ਨਹੀਂ ਹੋ ਸਕਦਾ।" ਗੁਰੂ ਨੇ ਤੋੜ ਕੇ ਜਵਾਬ ਦੇ ਦਿੱਤਾ। ਉਹ ਮੁੜ ਬੋਲੇ, "ਸੱਚੇ ਪਾਤਸ਼ਾਹ! ਜੇ ਇੱਥੇ ਹੋਰ ਸਿੰਘਾਂ ਅਤੇ ਸਾਹਿਬਜ਼ਾਦਿਆਂ ਨਾਲ ਸ਼ਹੀਦ ਹੋ ਗਏ, ਹੁਣ ਤੱਕ ਦੀਆਂ ਦਿੱਤੀਆਂ ਕੁਰਬਾਨੀਆਂ ਸਭ ਸਵਾਹ ਹੋ ਜਾਣਗੀਆਂ। ਜ਼ਾਲਮ ਉੱਠੀ ਸਿੱਖ ਲਹਿਰ ਨੂੰ ਅਸਲੋਂ ਕੁਚਲ ਦੇਵੇਗਾ। ਜ਼ੁਲਮ ਵਿਰੁੱਧ ਲੜਾਈ ਚੱਲਦੀ ਰੱਖਣ ਲਈ ਤੁਹਾਡਾ ਜ਼ਿੰਦਾ ਰਹਿਣਾ ਜ਼ਰੂਰੀ ਐ। ਅਸੀਂ ਇੱਕੀ ਹਿੱਸੇ ਸੰਗਤ ਤੁਹਾਨੂੰ ਹੁਕਮ ਦੇਂਦੇ ਆਂ, ਰਾਤੋ-ਰਾਤ ਗੜ੍ਹੀ ਛੱਡ ਜਾਵੋ।"

"ਕੰਵਲ, ਇਹ ਉਸ ਸਿਦਕ ਵਾਲਾ ਸਮਾਂ ਨਹੀਂ। ਖ਼ੁਦਗਰਜ਼ੀਆਂ ਤੇ ਕੁਰਸੀਆਂ ਨਾਲ ਜੁੜ ਕੇ ਗ਼ਦਾਰ ਹੋ ਚੁੱਕੀ ਕੌਮ ਨੂੰ ਸ਼ੇਰ ਦਿਲ ਬਣਾਉਣ ਦਾ ਸਮਾਂ ਹੈ। ਮੈਂ ਗੁਰੂ ਮਹਾਰਾਜ ਅੱਗੇ ਅਰਦਾਸ ਕਰ ਚੁੱਕਾ ਹਾਂ। ਜ਼ਾਲਮ ਕਾਂਗਰਸੀ ਸਰਕਾਰ ਨਾਲ ਲੜਾਂਗਾ ਤੇ ਸ਼ਹੀਦ ਹੋਵਾਂਗਾ। ਇਸ ਵੇਲੇ ਮੈਨੂੰ ਤੇਰੇ ਵਰਗੀਆਂ ਦਲੀਲਾਂ ਤੇ ਮਿਸਾਲਾਂ ਦੀ ਲੋੜ ਨਹੀਂ। ਰਣ ਤੱਤੇ ਵਿੱਚ ਘੋੜੇ ਨਹੀਂ ਬਦਲਦੇ। ਅੱਜ ਸਾਨੂੰ ਸੰਤ ਸਿਪਾਹੀ ਚਾਹੀਦੇ ਹਨ।" ਸੰਤ ਹੋਰ ਚੜ੍ਹਦੀ ਕਲਾ ਵਿਚ ਆ ਗਏ।

"ਦੇਖੋ ਸੰਤ ਜੀ, ਤੁਹਾਡੇ ਵਰਗੇ ਸ਼ਰਧਾਵਾਨ ਮਹਾਂਪੁਰਸ਼ ਨੂੰ ਕਦੇ ਕੋਈ ਸਰਕਾਰ ਮਾਰ ਨਹੀਂ ਸਕਦੀ, ਜਿਸ ਦੇ ਪੈਰੋਕਾਰ ਹਜ਼ਾਰ ਨਹੀਂ ਲੱਖਾਂ ਹੋਣ। ਉਸ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਜ਼ਰੂਰ ਕਰਦੀ ਐ।"

"ਤੂੰ ਮੈਨੂੰ ਸਰਕਾਰ ਕੋਲ ਵੇਚਣਾ ਚਾਹੁੰਦਾ ਏਂ?" ਉਹ ਤੈਸ਼ ਵਿਚ ਆ ਗਏ।

"ਨਾ ਸੰਤ ਜੀ, ਵਾਹਿਗੁਰੂ ਆਖੋ। ਮੈਂ ਕੌਮ ਦਾ ਭਵਿੱਖ ਚੜ੍ਹਦੀ ਕਲਾ ਵਿਚ ਵੇਖਣਾ ਚਾਹੁੰਦਾ ਆਂ। ਇਸ ਵੇਲੇ ਅਕਾਲੀ ਦਲ ਨੂੰ ਛੱਡ ਕੇ ਪੰਜਾਬ ਦੇ ਲੋਕਾਂ ਲਈ ਇੱਕੋ-ਇੱਕ ਆਸ ਤੁਸੀਂ ਹੋ। ਤੁਸੀਂ ਜੂਝ ਗਏ ਤਾਂ ਨਿਰਾਸ਼ਤਾ ਦੀ ਖਾਈ ਵਿਚ ਡਿੱਗ ਪੰਜਾਬ ਉੱਠਣ ਜੋਗਾ ਨਹੀਂ ਰਹੇਗਾ।" ਕੰਵਲ ਚਾਹੁੰਦਾ ਸੀ, ਕਿਵੇਂ ਨਾ ਕਿਵੇਂ ਟਕਰਾਅ ਟਲ ਜਾਵੇ।

"ਤੈਨੂੰ ਸਰਕਾਰੀ ਸ਼ਕਤੀ ਤਾਂ ਦਿੱਸਦੀ ਐ, ਪਰ ਸਿੱਖੀ ਸਪ੍ਰਿਟ ਦਾ ਅੰਦਾਜ਼ਾ ਨਹੀਂ।" ਉਨ੍ਹਾਂ ਦਾ ਮਾਣ ਨਾਲ ਸਿਰ ਹੋਰ ਉੱਚਾ ਹੋ ਗਿਆ। "ਸਾਡੇ ਤੱਕ ਗੱਲ ਪੁੱਜੀ ਐ, ਇੰਦਰਾ ਕਹਿੰਦੀ ਐ: ਹੁਣ ਪੁਰਾਣੇ ਸਿਦਕ ਵਾਲੇ ਸਿੰਘ ਨਹੀਂ ਰਹਿ ਗਏ, ਕੁਰਬਾਨੀਆਂ ਕਰਨ ਵਾਲੇ ਸਿੰਘ ਹੋਰ ਈ ਸਨ। ਇਹ ਤਾਂ ਕੁਰਸੀਆਂ ਲਈ ਅੱਗੇ ਵਧ ਵਧ ਗ਼ਦਾਰੀਆਂ ਕਰਨ ਵਾਲੇ ਹਨ। ਉਸ ਨੂੰ ਦੱਸਣਾ ਹੈ, ਅੱਜ ਵੀ ਉਹ ਸਿਦਕੀ ਸੂਰਮੇ ਸਿੰਘ ਮੌਜੂਦ ਹਨ। ਉਸ ਸ੍ਰੀ ਦਰਬਾਰ ਸਾਹਿਬ 'ਤੇ ਹੱਲਾ ਕੀਤਾ, ਨਤੀਜਾ ਅਸੀਂ ਹੀ ਨਹੀਂ, ਉਹ ਵੀ ਬਰਾਬਰ ਭੁਗਤੇਗੀ। ਭਾਵੇਂ ਸਾਡੀ ਮੰਗ ਨਹੀਂ, ਪਰ ਖਾਲਿਸਤਾਨ ਦੀ ਨੀਂਹ ਉਹ ਹੀ ਰੱਖੇਗੀ।"

ਕੰਵਲ ਚੁੱਪ ਹੋ ਗਿਆ। ਸੋਚਣ ਲੱਗਾ, ਇੱਥੇ ਪਾਣੀ ਡੂੰਘਾ ਹੀ ਨਹੀਂ, ਰੋਹੜੂ ਵੀ ਬਹੁਤਾ ਹੈ, ਪੈਰ ਕਦੋਂ ਲੱਗੇ। ਪਰ ਸੰਤਾਂ ਦਾ ਪੈਂਤੜਾ ਕਾਹਲਾ ਤੇ ਬੇਵਿਉਂਤਾ ਵੀ ਏ। ਕੁਝ ਮਿੰਟ ਚੁੱਪ ਰਹਿਣ ਪਿੱਛੋਂ ਉਹ ਉੱਠ ਖਲੋਤਾ।

"ਬੱਸ, ਇਹੀ ਕਹਿਣ ਆਇਆ ਸੀ?" ਸੰਤਾਂ ਮੁੜ ਕੰਵਲ ਨੂੰ ਛੇੜਨਾ ਚਾਹਿਆ।

"ਜਜ਼ਬਾਤੀ ਜੋਸ਼ ਦੇ ਹਾਥੀ ਨਾਲ ਕੀੜੀ ਦਾ ਕੀ ਮੁਕਾਬਲਾ।" ਕੰਵਲ ਦੀ ਨਿਰਮਾਣਤਾ ਵਿਚ ਤਿੱਖਾ ਵਿਅੰਗ ਸੀ।

"ਕੰਵਲ ਤੂੰ ਖ਼ਰਾਬ ਬਹੁਤ ਏਂ। ਉਂ ਤਾਂ ਲਿਖਣ ਵਾਲੇ ਕਮਚਾਲੇ ਨਹੀਂ ਹੁੰਦੇ।" ਉਹ ਖੁੱਲ੍ਹ ਕੇ ਹੱਸ ਪਏ। "ਤੂੰ ਕੀੜੀ ਤੋਂ ਹਾਥੀ ਮਰਵਾਉਣਾ ਚਾਹੁੰਦਾ ਏਂ। ਹਾਥੀ ਬ੍ਰਾਹਮਣਵਾਦ ਦੀ ਜਕੜ ਐ, ਜਿਹੜੀ ਘੱਟ ਗਿਣਤੀ ਨੂੰ ਕੀੜੀਆਂ ਵਾਂਗ ਦਰੜੀ ਜਾ ਰਹੀ ਐ। ਇਹ ਕੁਝ ਸਾਨੂੰ ਤਾਂ ਦਿਸਦਾ ਹੈ, ਤੈਨੂੰ ਤੇ ਤੇਰੇ ਕਮਿਊਨਿਸਟਾਂ ਨੂੰ ਨਹੀਂ ਦਿੱਸਦਾ, ਜਿਹੜੇ ਹਰ ਭੀੜ ਵਿਚ ਕਾਂਗਰਸ ਦੀ ਝੋਲੀ ਜਾ ਪੈਂਦੇ ਹਨ। ਸਾਡਾ ਸੱਚ ਬਣ ਕੇ ਕੀੜੀ ਇੰਦਰਾ ਦੇ ਹਾਥੀ ਦੀ ਸੁੰਡ ਵਿਚ ਵੜੇਗੀ। ਤੂੰ ਵੇਖਦਾ ਰਹੀਂ।" ਉਨ੍ਹਾਂ ਦੇ ਹੌਸਲੇ ਵਿਚ ਕੋਈ ਫ਼ਰਕ ਨਹੀਂ ਆਇਆ ਸੀ।

"ਚੰਗਾ ਜੀ, ਆਗਿਆ ਬਖ਼ਸ਼ੋ?"

"ਬੰਦਾ ਤਾਂ ਤੂੰ ਵਧੀਆ ਏਂ? ਪਰ ਸਾਫ਼ ਕਰਨ ਵਾਲਾ ਏਂ।"

"ਤੁਹਾਡੇ ਸਾਫ਼ ਕਰਿਆਂ ਮੇਰੇ ਵਿਚ ਮੇਰਾ ਤਾਂ ਕੁਝ ਨਹੀਂ ਰਹਿਣਾ ਹੀ ਨਹੀਂ।" ਸਾਡੇ ਨਾਲ ਭਾਈ ਅਮਰੀਕ ਸਿੰਘ ਵੀ ਹੱਸ ਪਿਆ।

"ਮੇਰੀਆਂ ਵਿਚਾਰਾਂ ਲੋਕਾਂ ਦੇ ਹਿੱਤਾਂ ਲਈ ਆਪਣੀ ਥਾਂ ਪਰਪੱਖ ਹਨ। ਤੁਸੀਂ ਇਨ੍ਹਾਂ ਸਮਝਾਂ ਤੋਂ ਕਿਤੇ ਅਗਾਂਹ ਨਿਕਲ ਕੇ ਮਹਾਂਪੁਰਸ਼ਾਂ ਵਾਲੀ ਸ਼ਖ਼ਸੀਅਤ ਬਣ ਚੁੱਕੇ ਹੋ। ਇਹ ਅੰਤਰ ਸਾਨੂੰ ਇੱਕ ਸੂਤਰ ਵਿਚ ਨਹੀਂ ਬੰਨ੍ਹ ਸਕਦਾ। ਅਸੀਂ ਤੁਸੀਂ ਸਰਬੱਤ ਦਾ ਭਲਾ ਤਾਂ ਚਾਹੁੰਦੇ ਆਂ, ਪਰ ਪਹੁੰਚ ਦੇ ਤਰੀਕੇ ਵੱਖਰੇ ਹਨ। ਦੋ ਹੀ ਵਧੀਆ ਬੰਦੇ ਹਨ: ਸਿੱਖ ਤੇ ਕਮਿਊਨਿਸਟ। ਦੋਵੇਂ ਵਿਚਾਰਧਾਰਾਵਾਂ ਹੀ ਸ਼੍ਰੋਮਣੀ ਹਨ, ਸਮਾਜਵਾਦ ਤੇ ਸਰਬੱਤ ਦੇ ਭਲੇ ਦੀਆਂ। ਪਰ ਇਹ ਦੋਵੇਂ ਲੋਕ ਇੱਕ ਥਾਂ ਜੁੜ ਕੇ ਸੰਧੀ ਨਹੀਂ ਕਰ ਸਕਦੇ। ਮਾੜੀ ਕਿਸਮਤ ਲੋਕਾਂ ਦੀ, ਪੰਜਾਬ ਦੀ।" ਕੰਵਲ ਨੇ ਕਦਮ ਪੁੱਟਣ ਤੋਂ ਪਹਿਲਾਂ ਆਪਣਾ ਮਨ ਕਹਿ ਦਿੱਤਾ।

"ਅਸੀਂ ਸਿੱਖ ਸਟੂਡੈਂਟਸ ਫੈੱਡਰੇਸ਼ਨ ਵਾਲੇ ਬੈਠਾਂਗੇ, ਤੁਸੀਂ ਆਪਣੇ ਬੁੱਧੀਜੀਵੀਆਂ ਨੂੰ ਬੁਲਾਓ।" ਅਮਰੀਕ ਸਿੰਘ ਨੇ ਪੂਰੇ ਦਿਲ ਨਾਲ ਹਾਮੀ ਭਰੀ। ਕਾਲਜ ਦੀ ਚੇਤਨਾ ਉਸ ਵਿਚ ਉਸਲਵੱਟੇ ਲੈ ਰਹੀ ਸੀ, ਜਿਸ 'ਤੇ ਟਕਸਾਲ ਦੀ ਰਹਿਤ ਭਾਰੂ ਸੀ।

"ਸ਼ੁਕਰੀਆ ਅਮਰੀਕ ਜੀ! ਅੱਛਾ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ!" ਕੰਵਲ ਕੰਨ ਝਾੜ ਕੇ ਸ੍ਰੀ ਅਕਾਲ ਤਖ਼ਤ ਦੀਆਂ ਪੌੜੀਆਂ ਉੱਤਰ ਆਪਣੇ ਪਬਲਿਸ਼ਰਾਂ ਦੀ ਦੁਕਾਨ ਨੂੰ ਤੁਰ ਪਿਆ।

ਉਸ ਮਹਿਸੂਸ ਕਰ ਲਿਆ, ਟਕਰਾਓ ਵਾਲੀ ਹੋਣੀ ਵਾਪਰੇਗੀ ਤੇ ਪਤਾ ਨਹੀਂ, ਪੰਜਾਬ ਤੇ ਲੋਕਾਂ ਦਾ ਕਿੰਨਾ ਕੁਝ ਗਵਾਚ ਜਾਵੇ।

ਛੱਬੀਵਾਂ ਕਾਂਡ

ਤਿੰਨ ਜੂਨ, 1984 ਨੂੰ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਪੈਂਦਾ ਸੀ। ਉਸ ਸ਼ਹੀਦੀ ਦਿਨ 'ਤੇ ਸੰਗਤਾਂ ਬਾਹਰੋਂ ਬਹੁਤ ਆਉਂਦੀਆਂ ਸਨ। ਹਾਲਾਤ ਦਿਨੋ ਦਿਨ ਵਿਗੜਦੇ ਜਾ ਰਹੇ ਸਨ। ਮਾੜੀ ਸਥਿਤੀ ਅਤੇ ਸ਼ਹੀਦੀ ਦਿਵਸ ਨੂੰ ਕੰਟਰੋਲ ਕਰਨ ਲਈ ਸੰਤ ਹਰਚੰਦ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਜ਼ੁੰਮੇਵਾਰ ਪੰਥਕ ਲੀਡਰਾਂ ਨੂੰ ਇੱਕ ਵਿਸ਼ੇਸ਼ ਮੀਟਿੰਗ ਲਈ ਸੱਦ ਲਿਆ। ਪਹਿਲੀ ਜੂਨ ਨੂੰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰ. ਗੁਰਚਰਨ ਸਿੰਘ ਟੌਹੜਾ ਪੁੱਜ ਗਏ, ਪਰ ਹੋਰ ਕੋਈ ਨਾ ਪਹੁੰਚ ਸਕਿਆ। ਮੀਟਿੰਗ ਖਟਾਈ ਵਿਚ ਪੈ ਗਈ। ਭਾਈ ਅਮਰੀਕ ਸਿੰਘ ਨੇ ਸੰਤ ਹਰਚੰਦ ਸਿੰਘ ਨਾਲ ਸਲਾਹਾਂ ਜ਼ਰੂਰ ਕੀਤੀਆਂ। ਸਰਕਾਰੀ ਖ਼ਤਰੇ ਨੂੰ ਭਾਂਪ ਕੇ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਬਚਾਉਣ ਲਈ ਅੰਦਰਲੇ ਬਾਹਰਲੇ ਸਾਰੇ ਧੜੇ ਇੱਕ ਹੋ ਗਏ।

ਪਹਿਲੀ ਜੂਨ ਨੂੰ ਹੀ ਸੈਂਟਰਲ ਰਿਜ਼ਰਵ ਪੁਲੀਸ ਤੇ ਬਾਰਡਰ ਸਕਿਓਰਿਟੀ ਫੋਰਸ ਨੇ ਗੋਲੀਆਂ ਚਲਾ ਕੇ ਦਸ-ਗਿਆਰਾਂ ਬਾਹਰੋਂ ਆਏ ਯਾਤਰੀ ਮਾਰ ਸੁੱਟੇ ਅਤੇ ਪੱਚੀ-ਤੀਹ ਜ਼ਖ਼ਮੀ ਕਰ ਦਿੱਤੇ। ਇੱਕ ਦਹਿਲ ਸਾਰੇ ਕੰਪਲੈਕਸ ਵਿਚ ਛਾ ਗਿਆ। ਸੰਗਤਾਂ ਲਈ ਵੱਡਾ ਅਸਚਰਜ ਵਾਪਰ ਗਿਆ। ਦੇਸ਼ ਦੀ ਸਰਕਾਰ ਗੁਰੂ ਘਰ 'ਤੇ ਹਮਲਾ ਕਰਕੇ ਸ਼ਰਧਾਵਾਨ ਯਾਤਰੀਆਂ ਨੂੰ ਮਾਰ ਰਹੀ ਐ? ਅਜਿਹਾ ਤਾਂ ਅਹਿਮਦ ਸ਼ਾਹ ਅਬਦਾਲੀ ਸਮੇਂ ਵੀ ਨਹੀਂ ਹੋਇਆ ਸੀ। ਆਜ਼ਾਦ ਹੋਏ ਦੇਸ਼ ਵਿਚ ਐਨਾ ਵੱਡਾ ਕਹਿਰ? ਇਹ ਕਿਹੋ ਜਿਹੀ ਸਰਕਾਰ ਤੇ ਆਜ਼ਾਦੀ ਹੈ? ਸਹਿਮੇ ਯਾਤਰੀਆਂ ਦੇ ਮਨਾਂ ਵਿਚ ਇਸ ਤਰ੍ਹਾਂ ਦੇ ਆਮ ਵਿਚਾਰ ਆ ਰਹੇ ਸਨ ਅਤੇ ਇਹ ਵਿਚਾਰ ਇੱਕ ਦੂਜੇ ਨਾਲ ਵਟਾਏ ਜਾ ਰਹੇ ਸਨ।

ਅਸਲ ਵਿਚ ਹਮਲੇ ਦੀ ਵਿਉਂਤ ਵਾਲੇ ਅਫ਼ਸਰਾਂ ਦੀ ਇਹ ਚਾਲ ਸੀ, ਉਹ ਜਾਣਨਾ ਚਾਹੁੰਦੇ ਸਨ ਕਿ ਅੰਦਰ ਹਥਿਆਰ ਕਿਸ ਪ੍ਰਕਾਰ ਦੇ ਹਨ, ਪਰ ਸੁਬੇਗ ਸਿੰਘ ਦੀ ਹਦਾਇਤ ਸੀ, ਜਵਾਬੀ ਫ਼ਾਇਰ ਬਿਲਕੁਲ ਨਹੀਂ ਕਰਨੇ। ਦੁਸ਼ਮਣ ਸਾਡੇ ਹਥਿਆਰਾਂ ਦੀ ਜਾਣਕਾਰੀ ਚਾਹੁੰਦਾ ਐ। ਉਸ ਦੇ ਖਾੜਕੂ ਬੰਦੇ ਪੂਰੇ ਡਿਸਿਪਲਨ ਵਿਚ ਮੋਰਚੇ ਮੱਲੀ ਬੈਠੇ ਸੀ। ਅੰਦਰਲੇ ਕਮਰਿਆਂ ਤੇ ਬਾਹਰਲੇ ਮੋਰਚਿਆਂ ਤੋਂ ਸਰਕਾਰੀ ਅਫ਼ਸਰਾਂ ਨੂੰ ਕੋਈ ਸੂਹ ਨਹੀਂ ਲੱਗ ਰਹੀ ਸੀ, ਕਿਹੜੇ ਪਾਸੇ ਦੀ ਹਮਲਾ ਕਰੀਏ ਤੇ ਨੁਕਸਾਨ ਵੀ ਘੱਟ ਹੋਵੇ। ਦੁਸ਼ਮਣ ਨੂੰ ਪਤਾ ਸੀ, ਸੰਤ ਜਰਨੈਲ ਸਿੰਘ ਅਕਾਲ ਤਖ਼ਤ 'ਤੇ ਹਨ। ਉਸ ਦੇ ਸਾਹਮਣੇ ਦਰਬਾਰ ਸਾਹਿਬ ਪੈਂਦਾ ਸੀ। ਜੇ ਪ੍ਰਕਰਮਾ ਵਿਚਦੀ ਹਮਲਾ ਕਰਦੇ ਸੀ, ਸਾਰੇ ਜਵਾਨ ਸਾਹਮਣੀਆਂ ਗੋਲੀਆਂ ਨਾਲ ਭੁੰਨੀਦੇ ਸਨ। ਜਨਰਲ ਸੁਬੇਗ ਦਾ ਸਾਰੇ ਮੋਰਚਿਆਂ ਨਾਲ ਹਾਲੇ ਤੱਕ ਤਾਲ-ਮੇਲ ਬਣਿਆ ਹੋਇਆ ਸੀ।

ਸੰਤ ਜਰਨੈਲ ਸਿੰਘ ਨੇ ਔਖੇ ਵੇਲੇ ਲਈ ਕਈ ਮਣ ਛੋਲੇ ਭੁੰਨਾ ਕੇ ਰੱਖ ਛੱਡੇ ਸਨ। ਉਨ੍ਹਾਂ ਨੂੰ ਪਤਾ ਸੀ, ਸਰਕਾਰ ਲੰਗਰ ਦੀ ਇਮਾਰਤ ਉੱਤੇ ਛੇਤੀ ਕਬਜ਼ਾ ਕਰ ਲਵੇਗੀ, ਕਿਉਂਕਿ

ਲੰਗਰ ਬਿਲਡਿੰਗ ਦੇ ਨਾਲ ਬ੍ਰਹਮ ਬੂਟੇ ਦਾ ਡੇਰਾ ਪੈਂਦਾ ਸੀ, ਜਿਸ 'ਤੇ ਹੇਠਾਂ ਤੋਂ ਲੈ ਕੇ ਛੱਤ ਤੱਕ ਸਰਕਾਰ ਦਾ ਕਬਜ਼ਾ ਸੀ। ਉੱਥੋਂ ਸਿੱਧੀਆਂ ਗੋਲੀਆਂ ਲੰਗਰ, ਗੁਰੂ ਰਾਮਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ ਅਤੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਮਾਰ ਕਰਦੀਆਂ ਸਨ, ਪਰ ਸਰਕਾਰੀ ਅਫ਼ਸਰ ਖ਼ਦਸ਼ਿਆਂ ਵਿਚ ਪਏ ਹੋਏ ਸਨ। ਹਾਲੇ ਤੱਕ ਕੋਈ ਵਿਉਂਤ ਰਾਸ ਆਉਂਦੀ ਨਹੀਂ ਲੱਗਦੀ ਸੀ। ਸੁਬੇਗ ਸਿੰਘ ਨੂੰ ਪਤਾ ਸੀ, ਹਮਲੇ ਤੋਂ ਪਹਿਲਾਂ ਮਿਲਟਰੀ ਵਾਲੇ ਬਿਜਲੀ ਪਾਣੀ ਬੰਦ ਕਰਨਗੇ ਅਤੇ ਟੈਲੀਫ਼ੋਨ ਵੀ ਕੱਟਣਗੇ। ਪਰ ਉਹ ਆਪਣੇ ਰਿਟਾਇਰਡ ਫ਼ੌਜੀਆਂ ਅਤੇ ਖਾੜਕੂਆਂ ਨੂੰ ਚੜ੍ਹਦੀ ਕਲਾ ਵਾਲਾ ਹੌਸਲਾ ਦੇ ਰਿਹਾ ਸੀ। ਇਨ੍ਹਾਂ ਨੂੰ ਪ੍ਰਕਰਮਾ ਵਿਚ ਪੈਰ ਪਾਉਣ ਦਿਓ ਸਹੀ। ਤੁਸੀਂ ਤਮਾਸ਼ਾ ਵੇਖਿਓ ਕੀ ਬਣਦਾ ਏ। ਉਸ ਨੂੰ ਲੜਾਈ ਦਾ ਹਰ ਤਰ੍ਹਾਂ ਤਜਰਬਾ ਸੀ। ਉਹ ਆਪਣੇ ਲੜਾਕੂ ਖਾੜਕੂਆਂ ਨੂੰ ਚੜ੍ਹਦੀ ਕਲਾ ਦਾ ਹੌਸਲਾ ਦੇ ਰਿਹਾ ਸੀ।

ਪਹਿਲੀ ਜੂਨ ਦੀ ਰਾਤ ਨੂੰ ਹੀ ਸਾਇਰਨ ਵਜਾ ਕੇ ਸਰਕਾਰ ਨੇ ਬੱਤੀ ਘੰਟੇ ਦਾ ਕਰਫ਼ਿਊ ਲਾ ਦਿੱਤਾ। ਹੁਣ ਕੋਈ ਬਾਹਰੋਂ ਅੰਦਰੋਂ ਆ ਜਾ ਨਹੀਂ ਸਕਦਾ ਸੀ। ਮੋਰਚਾ ਡਿਕਟੇਟਰ ਚਾਹੁੰਦਾ ਸੀ, ਮੀਟਿੰਗ ਸੱਦ ਕੇ ਗਿਆਰਾਂ ਯਾਤਰੀਆਂ ਦੇ ਮਾਰੇ ਜਾਣ ਦਾ ਰੋਸ ਪ੍ਰਗਟ ਕੀਤਾ ਜਾਵੇ ਅਤੇ ਹੋਰ ਵਿਚਾਰਾਂ ਵੀ ਲੋੜੀਂਦੀਆਂ ਸਨ, ਪਰ ਕਰਫ਼ਿਊ ਕਾਰਨ ਕੋਈ ਆ ਹੀ ਨਾ ਸਕਿਆ।

ਦੋ ਜੂਨ ਨੂੰ ਜਥੇਦਾਰ ਕਿਰਪਾਲ ਸਿੰਘ ਹੈੱਡ ਗ੍ਰੰਥੀ ਸਾਹਿਬ ਨੇ ਸ੍ਰੀ ਦਰਬਾਰ ਸਾਹਿਬ ਵੱਲੋਂ ਸਰਕਾਰ ਦੇ ਬਿਨਾਂ ਵਜ੍ਹਾਂ ਗੋਲੀਆਂ ਚਲਾ ਕੇ ਗਿਆਰਾਂ ਸਿੱਖਾਂ ਨੂੰ ਸ਼ਹੀਦ ਕਰ ਦੇਣ ਵਿਰੁੱਧ ਪ੍ਰੈੱਸ ਨੂੰ ਬਿਆਨ ਜਾਰੀ ਕੀਤਾ, ਪਰ ਸਰਕਾਰ ਨੇ ਉਸ ਬਿਆਨ ਦੀ ਕੱਖ ਪ੍ਰਵਾਹ ਨਾ ਕੀਤੀ। ਉਸ ਦਿਨ ਹੀ ਭਾਈ ਅਮਰੀਕ ਸਿੰਘ ਜਥੇਦਾਰ ਕਿਰਪਾਲ ਸਿੰਘ ਦੇ ਦਫ਼ਤਰ ਆਇਆ ਤੇ ਬੇਨਤੀ ਕੀਤੀ:

"ਜਥੇਦਾਰ ਸਾਹਿਬ ਜੀ, ਹੁਣ ਤਾਂ ਬਿਲਕੁਲ ਹੀ ਸਰਕਾਰ ਦੀ ਮਾੜੀ ਨੀਅਤ ਨੰਗੀ ਹੋ ਗਈ ਐ। ਉਹ ਹਮਲਾ ਕਰੇਗੀ ਤੇ ਅਸੀਂ ਹਥਿਆਰਬੰਦ ਟੱਕਰ ਦਾ ਮੁਕਾਬਲਾ ਕਰਾਂਗੇ। ਸਾਡੇ ਕੋਲੋਂ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਹੁੰਦੀ ਵੇਖੀ ਨਹੀਂ ਜਾਣੀ ਅਤੇ ਹੁੰਦੇ ਸਰਕਾਰੀ ਜ਼ੁਲਮ ਨੂੰ ਸਹਿ ਨਹੀਂ ਸਕਦੇ।"

"ਹਾਂਅ, ਤੁਸੀਂ ਠੀਕ ਆਖ ਰਹੇ ਹੋ। ਠੱਲ੍ਹ ਪੈਣ ਦੀ ਥਾਂ ਗੱਲ ਵਿਗੜਦੀ ਹੀ ਵਿਗੜਦੀ ਜਾ ਰਹੀ ਐ। ਅਸੀਂ ਵੀ ਸਰਕਾਰ ਦੀ ਨੀਅਤ ਖੋਟੀ ਸਮਝਦੇ ਆਂ; ਪਰ ਸਾਡੇ ਵੱਸ ਵੀ ਤਾਂ ਕੁਝ ਨਹੀਂ।" ਗਿਆਨੀ ਕਿਰਪਾਲ ਸਿੰਘ ਆਪਣੇ ਥਾਂ ਸ਼ਸ਼ੋਪੰਜ ਵਿਚ ਸਨ। ਉਨ੍ਹਾਂ ਨੂੰ ਅਜਿਹੇ ਭਿਅੰਕਰ ਹਾਲਾਤ ਦਾ ਮੁਕਾਬਲਾ ਕਰਨ ਦਾ ਜ਼ਿੰਦਗੀ ਵਿਚ ਮੌਕਾ ਹੀ ਨਹੀਂ ਮਿਲਿਆ ਸੀ। ਸਾਰੀ ਜ਼ਿੰਦਗੀ ਗੁਰਬਾਣੀ ਪੜ੍ਹਦੇ-ਪੜ੍ਹਾਉਂਦੇ ਰਹੇ ਸੀ।

"ਜਥੇਦਾਰ ਜੀ! ਤੁਹਾਡੇ ਬਹੁਤ ਕੁਝ ਵੱਸ ਹੈ, ਤੁਹਾਨੂੰ ਆਪਣੀ ਸ਼ਰਧਾ ਸ਼ਕਤੀ ਦਾ ਪਤਾ ਹੀ ਨਹੀਂ। ਸੰਤ ਜਰਨੈਲ ਸਿੰਘ ਨੇ ਤੁਹਾਨੂੰ ਅਜਿਹੀ ਅਪੀਲ ਫ਼ੌਜੀ ਸਿੰਘਾਂ ਨੂੰ ਕਰਨ ਲਈ ਕਿਹਾ ਏ ਕਿ ਉਹ ਨੌਕਰੀਆਂ ਨੂੰ ਲੱਤ ਮਾਰ ਕੇ ਸ੍ਰੀ ਦਰਬਾਰ ਸਾਹਿਬ ਦੀ ਹਿਰਾਸਤ ਲਈ ਆ ਡਟਣ। ਇਸ ਅਪੀਲ ਨਾਲ ਸਰਕਾਰ ਘਬਰਾ ਜਾਵੇਗੀ ਤੇ ਸ੍ਰੀ ਦਰਬਾਰ ਸਾਹਿਬ ਤੋਂ ਘੇਰਾ ਚੁੱਕ ਲਵੇਗੀ।"

"ਫ਼ੌਜੀ ਸਿੰਘ ਨੌਕਰੀਆਂ ਛੱਡ ਕੇ ਆ ਜਾਣ!" ਭਾਈ ਅਮਰੀਕ ਸਿੰਘ ਵੱਲੋਂ ਸੰਤਾਂ ਦਾ ਆਦੇਸ਼ ਸੁਣ ਕੇ ਕਿਰਪਾਲ ਸਿੰਘ ਹੈਰਾਨ ਹੀ ਰਹਿ ਗਿਆ।

"ਐਨੀ ਗਲਤ ਜਜ਼ਬਾਤੀ ਸੋਚ, ਉਹ ਰੋਟੀ ਰੋਜ਼ੀ ਲਈ ਭਰਤੀ ਹੋਏ ਐ। ਉਨ੍ਹਾਂ ਨੂੰ ਤਨਖ਼ਾਹਾਂ ਕੌਣ ਦੇਵੇਗਾ? ਉਨ੍ਹਾਂ ਦੇ ਪਰਿਵਾਰਾਂ ਦੀ ਸਾਂਭ ਸੰਭਾਲ ਕੌਣ ਕਰੇਗਾ? ਫ਼ਲਸਤੀਨ ਵਾਲੇ ਦੂਜੀ ਸੰਸਾਰ ਜੰਗ ਪਿੱਛੋਂ ਅੱਜ ਤੱਕ ਬੇਹਾਲ ਹੋਏ ਫਿਰਦੇ ਐ। ਗਵਾਂਢੀ ਦੇਸ਼ਾਂ ਵਿਚ ਸ਼ਰਨਾਰਥੀ ਬਣੇ ਬੈਠੇ ਐ। ਸਾਰੇ ਦੇਸ਼ ਉਨ੍ਹਾਂ ਦੀ ਮਦਦ ਕਰ ਰਹੇ ਹਨ, ਪਰ ਉਨ੍ਹਾਂ ਦੇ ਕਿਤੇ ਪੈਰ ਨਹੀਂ ਲੱਗ ਰਹੇ। ਸਾਡਾ ਤਾਂ ਕੋਈ ਓੜ੍ਹ-ਬਹੋੜ੍ਹ ਵੀ ਨਹੀਂ। ਇਸ ਤਰ੍ਹਾਂ ਦੀ ਜਜ਼ਬਾਤੀ ਅਪੀਲ ਪੈਰ ਕੁਹਾੜਾ ਮਾਰਨ ਵਾਲੀ ਘੱਟੋ-ਘੱਟ ਮੈਂ ਨਹੀਂ ਕਰ ਸਕਦਾ। ਸਾਡੀ ਤਾਂ ਨਫ਼ਰੀ ਵੀ ਫ਼ੌਜ ਵਿਚੋਂ ਜਗਜੀਵਨ ਰਾਮ ਨੇ ਡਿਫ਼ੈਂਸ ਮਨਿਸਟਰ ਹੁੰਦਿਆਂ ਡੇਢ ਫ਼ੀਸਦੀ ਕਰ ਦਿੱਤੀ ਐ। ਉਸ ਨੂੰ ਪਤਾ ਨਹੀਂ ਸੀ, ਬ੍ਰਾਹਮਣਵਾਦ ਘੱਟ ਗਿਣਤੀਆਂ ਨਾਲ ਕਿਵੇਂ ਸਿੱਝੇਗਾ। ਇਹ ਅਪੀਲ ਸਿੱਖ ਫ਼ੌਜੀਆਂ ਨੂੰ ਕਰਨੀ, ਪੈਰ ਕੁਹਾੜਾ ਮਾਰਨ ਵਾਲੀ ਗੱਲ ਹੈ। ਕਾਹਲਾ, ਔਖੜਾ ਤੇ ਜਜ਼ਬਾਤੀ ਕਦਮ ਹੈ। ਕੋਈ ਢੱਜ ਦਾ ਸਾਰਥਕ ਕਦਮ ਸੋਚੋ, ਜਿਸ ਨਾਲ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਦੀ ਬੇ-ਅਦਬੀ ਰੁਕ ਜਾਵੇ।" ਜਥੇਦਾਰ ਜੀ ਨਾਲ ਹੀ ਨਾਲ ਨਾਂਹ ਵਿਚ ਸਿਰ ਫੇਰੀ ਜਾ ਰਹੇ ਸਨ।

ਜਥੇਦਾਰ ਦੇ ਜਵਾਬ ਨਾਲ ਭਾਈ ਅਮਰੀਕ ਸਿੰਘ ਨਿਰਾਸ਼ ਹੋ ਗਿਆ। ਉਹ ਹੋਰ ਕੁਝ ਆਖੇ ਬਿਨਾਂ ਆਪਣੇ ਨਾਲ ਆਏ ਸਾਥੀਆਂ ਸਮੇਤ ਉੱਠ ਕੇ ਤੁਰ ਗਿਆ। ਗਿਆਨੀ ਕਿਰਪਾਲ ਸਿੰਘ ਨੂੰ ਸੋਚ ਦੀਆਂ ਭੂਰੀਆਂ ਕੀੜੀਆਂ ਚੁੰਬੜੀਆਂ ਹੋਈਆਂ ਸਨ। ਕੀ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਭੰਗ ਹੋ ਜਾਵੇਗੀ? ਇੱਕ ਬੇਕਰਾਰੀ ਉਨ੍ਹਾਂ ਨੂੰ ਸੰਤ ਹਰਚੰਦ ਸਿੰਘ ਜੀ ਕੋਲ ਸਮੁੰਦਰੀ ਹਾਲ ਲੈ ਗਈ। ਉੱਥੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਲੱਖਾ ਸਿੰਘ ਜੀ ਵੀ ਬੈਠੇ ਸਨ। ਬਾਹਰਲੇ ਆਗੂਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਤਾ ਲੱਗਾ ਸਾਰੇ ਟੈਲੀਫ਼ੋਨ ਕੱਟ ਦਿੱਤੇ ਗਏ ਹਨ।

ਹਾਲਾਤ ਨਾਜ਼ੁਕ ਹੁੰਦੇ ਵੇਖ ਕੇ ਸੀ. ਆਰ. ਪੀ. ਤੇ ਬਾਰਡਰ ਸਕਿਓਰਿਟੀ ਫ਼ੋਰਸ ਦੀ ਥਾਂ ਇਕਦਮ ਫ਼ੌਜ ਨੇ ਸੰਭਾਲ ਲਈ। ਫ਼ੌਜੀ ਘੇਰੇ ਵਿਚ ਸਖ਼ਤਾਈ ਹੋਰ ਵਧ ਗਈ। ਫ਼ੌਜ ਵੱਲੋਂ ਹੁਕਮ ਚਾੜ੍ਹਿਆ ਗਿਆ ਕਿ ਸ਼ਹਿਰ ਵਿਚ ਫ਼ੌਰੀ ਦੁਬਾਰਾ ਕਰਫ਼ਿਊ ਲਾਇਆ ਜਾਵੇ ਅਤੇ ਹਮਲੇ ਦੀ ਇਜਾਜ਼ਤ ਦਿੱਤੀ ਜਾਵੇ। ਓਦੋਂ ਅੰਮ੍ਰਿਤਸਰ ਵਿਚ ਡੀ.ਸੀ. ਸਰਦਾਰ ਗੁਰਦੇਵ ਸਿੰਘ ਜੀ ਲੱਗੇ ਹੋਏ ਸਨ। ਉਨ੍ਹਾਂ ਦੋਵਾਂ ਗੱਲਾਂ ਤੋਂ ਇਨਕਾਰ ਕਰ ਦਿੱਤਾ। ਨਾ ਕਰਫ਼ਿਊ ਲਾਇਆ ਤੇ ਨਾ ਹੀ ਹਮਲੇ ਦੀ ਆਗਿਆ ਦਿੱਤੀ। ਸਰਕਾਰ ਨੇ ਰਾਤੋ-ਰਾਤ ਇੱਕ ਅਜਿਹਾ ਸਿੱਖ ਡੀ. ਸੀ. ਭਾਲ ਲਿਆ, ਜਿਹੜਾ ਦੋਵੇਂ ਕੰਮ ਕਰ ਸਕੇ ਅਤੇ ਹਮਲੇ ਵਿਚ ਪੂਰਾ ਸਹਿਯੋਗ ਦੇ ਸਕੇ। ਉਹ ਸੀ ਸ੍ਰ. ਮਹੇਸ਼ਇੰਦਰ ਸਿੰਘ। ਉਸ ਦੀ ਸ਼ਰਤ ਸੀ, ਮੈਨੂੰ ਬਾਹਰਲੇ ਸੂਬੇ ਵਿਚੋਂ ਕੱਢ ਕੇ ਪੰਜਾਬ ਲਾਇਆ ਜਾਵੇ। ਸਰਕਾਰ ਆਪ ਮੁਸੀਬਤ ਵਿਚ ਫਸੀ ਹੋਈ ਸੀ। ਉਸ ਮਹੇਸ਼ਇੰਦਰ ਦੀ ਸ਼ਰਤ ਮੰਨ ਲਈ। ਰਾਤੋ ਰਾਤ ਸ੍ਰ. ਗੁਰਦੇਵ ਸਿੰਘ ਦੀ ਥਾਂ ਮਹੇਸ਼ਇੰਦਰ ਸਿੰਘ ਨੇ ਚਾਰਜ ਸੰਭਾਲ ਲਿਆ ਤੇ ਦੋਵੇਂ ਕੰਮ ਸਿਰੇ ਚਾੜ੍ਹ ਦਿੱਤੇ। ਕਰਫ਼ਿਊ ਵੀ ਲਾ ਦਿੱਤਾ ਤੇ ਹਮਲੇ ਦੀ ਆਗਿਆ ਵੀ ਦੇ ਦਿੱਤੀ। ਓਦੋਂ ਸਿੱਖੀ ਸਭ ਸਰਕਾਰੀ ਬੰਦਿਆਂ ਲਈ ਪਰਖ 'ਤੇ ਆਈ ਹੋਈ ਸੀ। ਹੁਕਮ ਅਦੂਲੀ ਕਾਰਨ ਸ੍ਰ. ਗੁਰਦੇਵ ਸਿੰਘ ਨੂੰ ਝੱਟ ਬਦਲ ਦਿੱਤਾ ਗਿਆ। ਰਾਤ ਦੀਆਂ ਸਰਕਾਰੀ ਖ਼ਬਰਾਂ ਵਿਚ ਸੁਣਾਇਆ ਗਿਆ, ਸਾਰਾ ਪੰਜਾਬ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਹੈ। ਦਰਬਾਰ ਸਾਹਿਬ ਅੰਦਰਲੇ ਯਾਤਰੀਆਂ ਆਦਿ ਨੂੰ ਲਾਊਡ ਸਪੀਕਰ ਤੋਂ ਫ਼ੌਜ ਵੱਲੋਂ ਐਲਾਨ ਕਰ ਦਿੱਤਾ ਗਿਆ ਕਿ ਸਭ ਬਾਹਰ ਆ ਜਾਣ। ਫ਼ੌਜ ਵੱਲੋਂ ਇਹ ਆਖ਼ਰੀ ਵਾਰਨਿੰਗ ਹੈ।

ਪੰਜ ਡਵੀਜ਼ਨ ਫ਼ੌਜ ਸ੍ਰੀ ਦਰਬਾਰ 'ਤੇ ਚੜ੍ਹ ਕੇ ਆ ਚੁੱਕੀ ਸੀ। ਇੱਕ ਡਵੀਜ਼ਨ ਵਿਚ

ਵੀਹ ਹਜ਼ਾਰ ਦੇ ਲੱਗਭਗ ਤਿਆਰ-ਬਰ-ਤਿਆਰ ਜਵਾਨ ਹੁੰਦੇ ਹਨ। ਇਸ ਹਮਲੇ ਦਾ ਚਾਰਜ ਮਿਥੀ ਵਿਉਂਤ ਨਾਲ ਕੇ. ਐੱਸ. ਬਰਾੜ ਨੂੰ ਦਿੱਤਾ ਗਿਆ। ਇੰਦਰਾ ਤੇ ਉਸ ਦੇ ਫ਼ਿਰਕੂ ਸਲਾਹਕਾਰਾਂ ਦੀ ਚਾਲ ਸਿੱਖਾਂ ਨੂੰ ਮਰਵਾਉਣ ਦੀ ਕਾਮਯਾਬ ਸੀ। ਸਿੱਖਾਂ ਵਿਚ ਦੁਫੇੜ ਦਾ ਭੇੜ ਪਾਉਣ ਲਈ ਹੀ ਅਜਿਹਾ ਕੀਤਾ ਸੀ। ਹੋਰ ਤਾਂ ਹੋਰ ਬਰਾੜਾਂ ਨੂੰ ਬਰਾੜਾਂ ਨਾਲ ਟਕਰਾਉਣਾ ਵੀ ਅੱਗੇ ਆ ਗਿਆ। ਸਿੱਖ ਅਫ਼ਸਰ ਡੀ. ਸੀ. ਸ੍ਰ. ਗੁਰਦੇਵ ਸਿੰਘ ਵਾਂਗ ਗਲਤ ਕਦਮ ਚੁੱਕਣ ਤੋਂ ਨਾਂਹ ਵੀ ਕਰ ਸਕਦੇ ਸੀ, ਪਰ ਰਿਆਇਤਾਂ ਤੇ ਸਰਕਾਰੀ ਤਰੱਕੀਆਂ, ਸਿਦਕ ਬਿਨਾ ਨਹੀਂ ਛੱਡੀਆਂ ਜਾ ਸਕਦੀਆਂ। ਊਂ ਫ਼ੌਜ ਵਿਚ ਰਾਜਪੂਤ ਕਮਾਓਂ ਰਜਮੈਂਟ ਦੇ ਮਦਰਾਸੀ ਆਦਿ ਵੀ ਪੇਸ਼ ਸਨ। ਹਦਾਇਤ ਸੀ ਸ੍ਰੀ ਦਰਬਾਰ ਸਾਹਿਬ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪਹੁੰਚੇ, ਪਰ ਪਹਿਲੀ ਤਾਰੀਖ਼ ਦੀ ਫਾਇਰਿੰਗ ਵਿਚ ਹੀ ਸ੍ਰੀ ਦਰਬਾਰ ਸਾਹਿਬ ਦੀ ਛੱਤ ਵਿਚ ਗੋਲੀਆਂ ਲੱਗੀਆਂ ਸਨ ਜਿਥੇ ਸਿੰਘ ਅਖੰਡ ਪਾਠ ਚਲਾ ਰਹੇ ਸਨ। ਵਧਦੇ ਖ਼ਤਰੇ ਕਾਰਨ ਹਾਲਾਤ ਹੋਰ ਹੋਰ ਗੰਭੀਰ ਹੁੰਦੇ ਏ। ਕਿਸੇ ਤਰ੍ਹਾਂ ਦੇ ਵੀ ਸੁਲਝਾ ਵਾਲੇ ਪਾਸੇ ਸਰਕਾਰ ਨਹੀਂ ਆ ਰਹੀ ਸੀ।

* * *

ਧਰਮਯੁੱਧ ਮੋਰਚੇ ਵਿਚ ਜਿਸ ਜਥੇ ਨੇ ਤਿੰਨ ਤਾਰੀਖ਼ ਨੂੰ ਗ੍ਰਿਫ਼ਤਾਰੀ ਦੇਣੀ ਸੀ, ਉਹ ਸੰਗਰੂਰ ਜ਼ਿਲ੍ਹੇ ਦੇ ਪਿੰਡਾਂ ਤੋਂ ਤਿਆਰ ਹੋ ਕੇ ਆਇਆ ਸੀ। ਉਨ੍ਹਾਂ ਦਾ ਜਥੇਦਾਰ ਭਲਵਾਨ ਪਿੰਡ ਦਾ ਨਛੱਤਰ ਸਿੰਘ ਸੀ। ਭਲਵਾਨ ਤੇ ਕਾਂਜਲੇ ਪਿੰਡ ਤੋਂ ਮਰਦਾਂ ਨਾਲੋਂ ਬਹੁਤੀਆਂ ਜ਼ਨਾਨੀਆਂ ਗ੍ਰਿਫ਼ਤਾਰੀ ਦੇਣ ਆਈਆਂ ਸਨ। ਸਾਰੇ ਰਲ ਰਲਾ ਕੇ ਢਾਈ ਸੌ ਮੋਰਚਈ ਸਨ। ਪਿੰਡਾਂ ਤੋਂ ਟਰਾਲੀਆਂ ਰਾਹੀਂ ਧੂਰੀ ਆਏ। ਫਿਰ ਰੇਲ ਫੜ ਕੇ ਲੁਧਿਆਣੇ ਪਹੁੰਚੇ ਤੇ ਉੱਥੋਂ ਗੱਡੀ ਬਦਲ ਕੇ ਅੰਮ੍ਰਿਤਸਰ ਆ ਲੱਥੇ। ਅੱਗੇ ਪਲੇਟ ਫਾਰਮ 'ਤੇ ਪੁਲੀਸ ਹੀ ਪੁਲੀਸ ਖੜ੍ਹੀ ਸੀ। ਜੱਥੇਦਾਰ ਨਛੱਤਰ ਸਿੰਘ ਨੂੰ ਪਹਿਲਾਂ ਹੀ ਪਤਾ ਸੀ, ਸ੍ਰੀ ਦਰਬਾਰ ਸਾਹਿਬ ਵਿਚ ਹਾਲਾਤ ਕਾਫ਼ੀ ਖਿਚਾਅ ਵਾਲੇ ਬਣੇ ਹੋਏ ਐ। ਗੱਡੀ ਤੋਂ ਲੱਥਦਿਆਂ ਦਾ ਹੀ ਪੁਲੀਸ ਨਾਲ ਵਾਹ ਪੈ ਗਿਆ, ਪਰ ਮਿੱਥੇ ਦਿਨ ਗ੍ਰਿਫ਼ਤਾਰੀ ਦੇਣੀ ਸੀ। ਉਨ੍ਹਾਂ ਬਲਦੀ ਅੱਗ ਵਿਚ ਛਾਲ ਮਾਰਨ ਦਾ ਇਰਾਦਾ ਕਰ ਲਿਆ ਅਤੇ ਨਛੱਤਰ ਸਿੰਘ ਜਥਾ ਲੈ ਕੇ ਦੜਦੜਾਂਦਾ ਅੰਮ੍ਰਿਤਸਰ ਪਹੁੰਚ ਗਿਆ। ਗੱਡੀ ਤੋਂ ਉਤਰਦਿਆਂ ਨੂੰ ਪੁਲੀਸ ਨੇ ਘੇਰੇ ਵਿਚ ਲੈ ਲਿਆ। ਕੋਤਵਾਲੀ ਤੱਕ ਜਥੇ ਨੂੰ ਤੋਰ ਕੇ ਲਿਆਂਦਾ ਗਿਆ। ਜਥੇਦਾਰ ਨਛੱਤਰ ਸਿੰਘ ਨੇ ਕੋਤਵਾਲੀ ਤੋਂ ਪੁਲੀਸ ਰਹੀਂ ਸੰਪਰਕ ਕੀਤਾ।

"ਮਹਾਂਪੁਰਸ਼ੋ, ਦੱਸੋ, ਹੁਣ ਸਾਨੂੰ ਕੀ ਹੁਕਮ ਐ? ਅਸੀਂ ਕੋਤਵਾਲੀ ਬੈਠੇ ਆਂ।"

"ਤੁਸਾਂ ਕੋਤਵਾਲੀ ਸ਼ਾਂਤ ਰਹਿਣਾ।" ਸੰਤਾਂ ਦਾ ਸੁਨੇਹਾ ਆਇਆ। "ਅਸੀਂ ਐੱਸ. ਐੱਸ. ਪੀ. ਨਾਲ ਗੱਲ ਕਰਦੇ ਆਂ। ਆਸ ਹੈ, ਉਹ ਤੁਹਾਨੂੰ ਗੁਰੂ ਰਾਮਦਾਸ ਸਰਾਂ ਵਿਚ ਆਉਣ ਦੀ ਆਗਿਆ ਦੇ ਦੇਣਗੇ।"

ਪੁਲੀਸ ਨੇ ਸ਼ਾਮ ਨੂੰ ਪੰਜ ਵਜੇ ਜਥੇ ਨੂੰ ਜਾਣ ਦੀ ਆਗਿਆ ਦੇ ਦਿੱਤੀ। ਸਭ ਤੋਂ ਪਹਿਲਾਂ ਸਾਰੇ ਜਥੇ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ। ਉੱਥੋਂ ਹਟ ਕੇ ਲੰਗਰ ਛਕਿਆ। ਉਹ ਸਾਰੀ ਦਿਹਾੜੀ ਭੁੱਖੇ ਸਨ। ਮਾਈਆਂ ਪੁਲੀਸ ਤੇ ਮਿਲਟਰੀ ਸ੍ਰੀ ਦਰਬਾਰ ਸਾਹਿਬ ਦੁਆਲੇ ਵੇਖ ਕੇ ਘਬਰਾ ਗਈਆਂ। ਨਛੱਤਰ ਸਿੰਘ ਨੇ ਸਾਰਿਆਂ ਨੂੰ ਦਿਲਾਸਾ ਦਿੱਤਾ। ਗੋਲੀ ਚੱਲਣ 'ਤੇ ਗਿਆਰਾਂ ਸਿੰਘਾਂ ਦੇ ਸ਼ਹੀਦ ਹੋ ਜਾਣ ਨੇ ਜਥੇ ਵਿਚ ਅਫ਼ਰਾ-ਤਫ਼ਰੀ ਪਾ ਦਿੱਤੀ। ਜਥੇਦਾਰ ਨੇ ਸਮਝਾਇਆ, ਜੇ ਆਪਣੀਆਂ ਜਾਨਾਂ ਸ੍ਰੀ ਦਰਬਾਰ ਸਾਹਿਬ ਦੇ ਲੇਖੇ ਲੱਗ ਜਾਣ, ਆਪਾਂ ਨੂੰ

ਹੋਰ ਕੀ ਚਾਹੀਦਾ ਹੈ। ਸੰਤ ਹਰਚੰਦ ਸਿੰਘ ਜੀ ਨੂੰ ਇਹ ਇਤਲਾਹ ਭੇਜ ਦਿੱਤੀ ਕਿ ਜਥਾ ਗੁਰੂ ਰਾਮਦਾਸ ਸਰਾਂ ਵਿਚ ਪਹੁੰਚ ਗਿਆ ਹੈ। ਤਿੰਨ ਜੂਨ ਦੀ ਰਾਤ ਨੂੰ ਜਥਾ ਸਰਾਂ ਵਿਚ ਠਹਿਰਿਆ। ਤੜਕੇ ਗੋਲੀ ਚੱਲਣ ਦੀ ਦੜਾਦੜ ਨਾਲ ਸਭ ਜਾਗ ਪਏ। ਸੁੱਤਿਆਂ ਨੂੰ ਮਿਲਟਰੀ ਦੇ ਆ ਜਾਣ ਦਾ ਕੋਈ ਪਤਾ ਨਹੀਂ ਸੀ। ਸਵੇਰੇ ਅੱਠ ਵਜੇ ਨਛੱਤਰ ਸਿੰਘ ਚਾਹ ਲੈ ਕੇ ਆਇਆ। ਉਸ ਦਿਨ ਰੋਟੀ ਕਿਸੇ ਨੂੰ ਨਾ ਮਿਲੀ। ਸਾਰਾ ਜਥਾ ਸਰਾਂ ਦੀ ਉਤਲੀ ਮੰਜ਼ਲ ਵਿਚ ਸੀ। ਪੰਜ ਵਜੇ ਸ਼ਾਮ ਨੂੰ ਜਥੇਦਾਰ ਨਛੱਤਰ ਸਿੰਘ ਸਾਰੇ ਜਥੇ ਨੂੰ ਸਰਾਂ ਵਿਚੋਂ ਕੱਢ ਕੇ ਸੰਤ ਹਰਚੰਦ ਸਿੰਘ ਜੀ ਕੋਲ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਲੈ ਗਿਆ। ਰਾਤ ਦੀ ਰੋਟੀ ਦਾ ਨਛੱਤਰ ਸਿੰਘ ਨੇ ਸੰਤਾਂ ਦੀ ਮਦਦ ਨਾਲ ਏਧਰੋਂ-ਉਧਰੋਂ ਬੰਦੋਬਸਤ ਕੀਤਾ। ਜਥੇਦਾਰ ਪਲੇ ਪਲੇ ਸਾਰੇ ਜਥੇ ਨੂੰ ਦਲੇਰੀ ਦੇ ਰਿਹਾ ਸੀ।

"ਘਬਰਾਓ ਨਾ, ਆਪਾਂ ਗੁਰੂ ਘਰ ਵਿਚ ਆਂ। ਭਲਕੇ ਆਪਾਂ ਗ੍ਰਿਫ਼ਤਾਰੀ ਦੇ ਦੇਵਾਂਗੇ।"

ਜਥੇਦਾਰ ਦੀ ਦਲੇਰੀ ਇੱਕ ਪਾਸੇ, ਦੂਜੇ ਪਾਸੇ ਠਾਹ ਠਾਹ ਗੋਲੀ ਚੱਲ ਰਹੀ ਸੀ। ਉਨ੍ਹਾਂ ਉਹ ਰਾਤ ਸਮੁੰਦਰੀ ਹਾਲ ਵਿਚ ਗੁਜ਼ਾਰੀ। ਸਾਰੇ ਪਾਸਿਆਂ ਤੋਂ ਕਾਅੜ ਕਾਅੜ ਗੋਲੀ ਚੱਲਣ ਦੀ ਆਵਾਜ਼ ਆ ਰਹੀ ਸੀ। ਮਾਈਆਂ, ਖ਼ਾਸ ਤੌਰ 'ਤੇ ਬੱਚਿਆਂ ਵਾਲੀਆਂ ਬਹੁਤ ਭੈਅ-ਭੀਤ ਸਨ। ਬੱਚੇ ਰੋ ਰਹੇ ਸਨ। ਨੀਂਦ ਅਜਿਹੀ ਹਾਲਤ ਵਿਚ ਕੀਹਨੂੰ ਆਉਣੀ ਸੀ। ਵਾਹਿਗੁਰੂ ਸਤਿਨਾਮ ਦੀਆਂ ਆਵਾਜ਼ਾਂ ਹਾਉਕੇ ਬਣੀਆਂ ਹੋਈਆਂ ਸਨ। ਬੱਚਿਆਂ ਦੇ ਮੂੰਹ ਅੱਗੇ ਹੱਥ ਰੱਖ ਰੱਖ ਚੁੱਪ ਕਰਵਾਇਆ ਜਾ ਰਿਹਾ ਸੀ।

ਸਾਰਾ ਜਥਾ ਹੱਥ ਜੋੜੀ ਵਾਹਿਗੁਰੂ ਦਾ ਜਾਪ ਕਰ ਰਿਹਾ ਸੀ। ਰਾਤ ਦੇ ਦੋ ਵਜੇ ਦੇ ਕਰੀਬ ਬੰਬ ਵਰ੍ਹਨੇ ਸ਼ੁਰੂ ਹੋ ਗਏ। ਏਸ ਦੜਾ ਦੂਹ ਵਿਚ ਕੰਨ ਪਾਈ ਨਹੀਂ ਸੁਣਦੀ ਸੀ। ਲੰਗਰ ਵਾਲੀ ਬਿਲਡਿੰਗ, ਸਰਾਂ ਤੇ ਉਸ ਅਗਲੀ ਸੜਕ ਮਿਲਟਰੀ ਨੇ ਮੱਲ ਲਈ ਸੀ। ਜਨਰਲ ਸੁਬੇਗ ਸਿੰਘ ਦੇ ਮੋਰਚੇ ਵਾਲੇ ਸਿੰਘ ਆਰਮੀ ਨੂੰ ਵਾਹਵਾ ਕਰੜਾ ਜਵਾਬ ਦੇ ਰਹੇ ਸਨ। ਸ੍ਰੀ ਦਰਬਾਰ ਸਾਹਿਬ ਤੋਂ ਬਿਨਾਂ ਤੇਜਾ ਸਿੰਘ ਸਮੁੰਦਰੀ ਹਾਲ ਤੇ ਨਾਨਕ ਨਿਵਾਸ ਵੀ ਮਿਲਟਰੀ ਦੇ ਕਬਜ਼ੇ ਵਿਚ ਆ ਗਏ। ਭੈਅ ਦੇਣ ਲਈ ਅੰਧ-ਧੁੰਦ ਫਾਇਰਿੰਗ ਕੀਤੀ ਜਾ ਰਹੀ ਸੀ। ਆਰਮੀ ਨੇ ਸਮੁੰਦਰੀ ਹਾਲ ਵਿਚੋਂ ਦਸ ਦਸ ਕਰਕੇ ਜਥੇ ਦੇ ਬੰਦੇ ਲਾਹੁਣੇ ਸ਼ੁਰੂ ਕਰ ਦਿੱਤੇ। ਅੱਥਰੂ ਗੈਸ ਛੱਡ ਕੇ ਹੋਰ ਘਬਰਾਹਟ ਪੈਦਾ ਕਰ ਦਿੱਤੀ ਗਈ। ਸਾਰਿਆਂ ਨੂੰ ਮਿਲਟਰੀ ਨੇ ਸਮੁੰਦਰੀ ਹਾਲ ਵਿਚੋਂ ਲਾਹ ਲਿਆ। ਪੰਜ ਦੀ ਰਾਤ ਨੂੰ ਪਾਣੀ ਵਾਲੀ ਟੈਂਕੀ ਭੰਨੀ ਗਈ। ਪੀਣ ਲਈ ਪਾਣੀ ਕਿਧਰੇ ਨਹੀਂ ਸੀ। ਅਸਲ ਵਿਚ ਮਿਲਟਰੀ ਨੇ ਪਾਣੀ ਚਾਰ ਜੂਨ ਨੂੰ ਹੀ ਬੰਦ ਕਰ ਦਿੱਤਾ ਸੀ। ਜੂਨ ਦੀ ਗਰਮੀ ਦਾ ਸਾੜ ਵੱਖਰੀ ਜਾਨ ਕੱਢ ਰਿਹਾ ਸੀ। ਬੱਚਿਆਂ ਦੇ ਸੁੱਕੇ ਸੰਘ ਲਹੂ ਪੇਸ਼ਾਬ ਰਲੇ ਪਾਣੀ ਨਾਲ ਮਾਵਾਂ ਤੱਰ ਕਰ ਰਹੀਆਂ ਸਨ। "ਵਾਹਿਗੁਰੂ! ਤੇਰੇ ਘਰ ਆਹ ਦਿਨ!" ਮਾਈਆਂ ਹਰਾਸੀਆਂ ਹੋਈਆਂ ਸਨ।

ਇੱਕ ਫ਼ੌਜੀ ਅਫ਼ਸਰ ਨੂੰ ਪਤਾ ਲੱਗਾ, ਲੌਂਗੋਵਾਲ ਤੇ ਟੌਹੜਾ ਸਾਹਿਬ ਇੱਥੇ ਹੀ ਕਮਰਿਆਂ ਵਿਚ ਹਨ। ਹਰ ਕਮਰੇ ਦਾ ਬਾਰ ਥਪ-ਥਪਾਇਆ ਗਿਆ। ਉਹ ਦੋਵੇਂ ਬਾਹਰ ਆ ਗਏ। ਸੰਤ ਲੌਂਗੋਵਾਲ ਨੇ ਤੱਤ ਫਟ ਆਖਿਆ,

"ਤੁਸਾਂ ਸਾਡੇ ਯਾਤਰੀ ਮਾਰੇ ਹਨ, ਸਾਨੂੰ ਵੀ ਗੋਲੀ ਮਾਰ ਦਿਓ, ਅਸੀਂ ਇਹ ਅਨਰਥ ਵੇਖ ਨਹੀਂ ਸਕਦੇ।"

"ਤੁਹਾਨੂੰ ਮਾਰਨ ਦਾ ਸਾਨੂੰ ਹੁਕਮ ਨਹੀਂ।" ਫ਼ੌਜੀ ਅਫ਼ਸਰ ਨੇ ਸਖ਼ਤੀ ਨਾਲ ਉਥੇ ਗੱਲ ਠੱਪ ਦਿੱਤੀ।

ਥੱਲੇ ਲਾਹ ਕੇ ਸੰਤ ਲੌਂਗੋਵਾਲ ਤੇ ਪ੍ਰਧਾਨ ਟੌਹੜਾ ਸਾਹਿਬ ਨੂੰ ਮੰਜੇ 'ਤੇ ਬਠਾਇਆ ਗਿਆ। ਬਾਕੀ ਜਥਾ ਭੁੰਜੇ ਬੈਠਾ ਸੀ। ਫਿਰ ਸਰਾਂ ਵਾਲੀ ਕੰਧ ਭੰਨੀ ਗਈ। ਜਥੇਦਾਰ ਨਛੱਤਰ ਸਿੰਘ ਸਮੇਤ ਤੇਰਾਂ ਸਿੰਘਾਂ ਨੂੰ ਸਰਾਂ ਵਿਚ ਲੈ ਗਏ ਅਤੇ ਧੱਕੇ ਨਾਲ ਬੈਠਦੇ ਕਰ ਦਿੱਤੇ। ਸਾਰੇ ਅੰਮ੍ਰਿਤਧਾਰੀਆਂ ਦੀਆਂ ਕਿਰਪਾਨਾਂ ਲੁਹਾ ਲਈਆਂ। ਪਹਿਲੋਂ ਲਾਲ ਸਿਗਨਲ ਦਿੱਤੇ ਗਏ। ਮੁੜ ਫਾਇਰਿੰਗ ਕਰਕੇ ਸਭ ਨੂੰ ਸ਼ਹੀਦ ਕਰ ਦਿੱਤਾ ਗਿਆ। ਜਥੇਦਾਰ ਨਛੱਤਰ ਸਿੰਘ ਦੀ ਮਾਂ ਨੇ ਪਾੜੀ ਕੰਧ ਵਿਚੋਂ ਫਾਇਰਿੰਗ ਪਿੱਛੋਂ ਵੇਖਣ ਦਾ ਯਤਨ ਕੀਤਾ, ਪਰ ਪਹਿਰੇਦਾਰ ਨੇ ਉਸ ਨੂੰ ਘੂਰ ਦਿੱਤਾ।

ਹਨੇਰੀ ਰਾਤ ਵਿਚ ਕੁਝ ਨਹੀਂ ਦਿੱਸਦਾ ਸੀ। ਪੈਰ ਲਹੂ ਨਾਲ ਭਿੱਜ ਭਿੱਜ ਜਾਂਦੇ ਸਨ। ਜਥੇਦਾਰ ਨਛੱਤਰ ਸਿੰਘ ਦਾ ਕੁੜਮ ਜੰਗ ਸਿੰਘ ਜਥੇ ਨਾਲ ਆਇਆ ਸੀ। ਉਸ ਮਾਈ ਨੂੰ ਦੱਸਿਆ ਕਿ ਜਥੇਦਾਰ ਸ਼ਹੀਦੀ ਪਾ ਗਿਆ ਏ। ਛਾਤੀ ਵਿਚ ਗੋਲੀ ਲੱਗੀ ਏ। ਉਹ ਫ਼ੌਜੀ ਪਹਿਰੇਦਾਰ ਦੀ ਪ੍ਰਵਾਹ ਕਰੇ ਬਿਨਾਂ ਮੱਲੋਮੱਲੀ ਪੁੱਤ ਦੀ ਲੋਥ 'ਤੇ ਜਾ ਡਿੱਗੀ। ਨੌਂ ਸਾਲ ਦੀ ਪੋਤੀ ਉਸ ਦੇ ਨਾਲ ਸੀ। ਵਿਲਕਦੀ ਮਾਂ ਨੇ ਮਿਲਟਰੀ ਵਾਲਿਆਂ ਨੂੰ ਵਾਸਤਾ ਪਾਇਆ।

"ਵੇ ਭਾਈ ਕਰਮਾਂ ਵਾਲਿਆ! ਪੁੱਤ ਦੀ ਲੋਥ ਪਿੰਡ ਲੈ ਜਾਣ ਦਿਓ, ਸੱਠ ਹਜ਼ਾਰ ਦੇਵਾਂਗੀ।"

"ਮਾਈ ਤੂੰ ਸਾਨੂੰ ਮਰਵਾਉਣਾ ਏਂ।" ਫ਼ੌਜੀ ਪੰਜਾਬੀ ਸੀ। "ਵੇਖਦੀ ਨਹੀਂ, ਕਿਵੇਂ ਮੌਤ ਦਾ ਹਾੜ ਬੋਲ ਰਿਹਾ ਏ।"

ਉਸ ਸਾਰਿਆਂ ਸਿਪਾਹੀਆਂ ਅਫ਼ਸਰਾਂ ਦੀਆਂ ਮਿੰਨਤਾਂ ਕੀਤੀਆਂ, ਪਰ ਕਿਸੇ ਨੇ ਵੀ ਚੱਜ ਦਾ ਜਵਾਬ ਨਾ ਦਿੱਤਾ। ਮਾਈ ਨੇ ਪੁੱਤ ਦੇ ਖੁੱਲ੍ਹੇ ਕੇਸ ਸੰਵਾਰੇ। ਲਾਹਿਆ ਗਾਤਰਾ ਗਲ ਪਾਇਆ। ਦਾੜ੍ਹਾ ਸੰਵਾਰ ਕੇ ਉਸ ਦੀ ਪੱਗ ਹੀ ਲੋਥ 'ਤੇ ਪਾ ਦਿੱਤੀ।

ਸੱਤ ਵਜੇ ਉਨ੍ਹਾਂ ਸਾਰਿਆਂ ਨੂੰ ਉੱਥੋਂ ਉਠਾ ਦਿੱਤਾ ਅਤੇ ਮਿਲਟਰੀ ਗੱਡੀਆਂ ਵਿਚ ਬਿਠਾ ਕੇ ਆਰਮੀ ਸੈਂਟਰ ਲੈ ਗਈ। ਖਾਣ ਲਈ ਘੱਟੇ ਚੌਲ ਦਿੱਤੇ, ਜਿਹੜੇ ਕਿਸੇ ਨਾ ਖਾਧੇ। ਅੱਠ ਦਿਨ ਉਨ੍ਹਾਂ ਨੂੰ ਮਿਲਟਰੀ ਸੈਂਟਰ ਦੇ ਇੱਕ ਸਕੂਲ ਵਿਚ ਬੰਦ ਰੱਖਿਆ। ਇਕੱਲੀ ਇਕੱਲੀ ਮਾਈ ਦੇ ਬਿਆਨ ਲੈਂਦੇ ਰਹੇ। ਜ਼ਨਾਨਾ ਪੁਲੀਸ ਵੀ ਨਾਲ ਡਿਊਟੀ ਦੇ ਰਹੀ ਸੀ। ਫੇਰ ਉਨ੍ਹਾਂ ਸਾਰਿਆਂ ਨੂੰ ਦੇਸੀ ਪੁਲੀਸ ਦੇ ਹਵਾਲੇ ਕਰ ਦਿੱਤਾ। ਖਾਣ ਲਈ ਬਿਸਕੁਟ ਦਿੱਤੇ ਗਏ। ਉੱਥੋਂ ਜਥੇ ਦੀਆਂ ਜ਼ਨਾਨੀਆਂ ਨੂੰ ਉਹ ਅੰਮ੍ਰਿਤਸਰ ਜ਼ਨਾਨਾ ਜੇਲ ਵਿਚ ਲੈ ਗਏ। ਜੇਲ੍ਹ ਵਾਲੇ ਉਲਟੇ ਸਿੱਧੇ ਸਵਾਲ ਪੁੱਛ ਰਹੇ ਸਨ।

"ਤੁਸੀਂ ਯਾਤਰੀ ਹੋ ਜਾਂ ਮੋਰਚੇ ਲਈ ਗ੍ਰਿਫ਼ਤਾਰੀ ਦੇਣ ਆਏ ਹੋ? ਤੁਹਾਡਾ ਮੁੰਡਾ ਭਿੰਡਰਾਂ ਵਾਲੇ ਨਾਲ ਐ?"

"ਅਸੀਂ ਕੇਵਲ ਧਰਮਯੁੱਧ ਮੋਰਚੇ ਦੇ ਜਥੇ ਵਿਚ ਗ੍ਰਿਫ਼ਤਾਰੀ ਦੇਣ ਆਈਆਂ ਹਾਂ।" ਜਥੇਦਾਰ ਦੀ ਮਾਈ ਨੇ ਉਦਾਸ ਲਹਿਜੇ ਵਿਚ ਜਵਾਬ ਦਿੱਤਾ।

"ਤੁਹਾਡੇ ਕਿੰਨੇ ਬੰਦੇ ਭਿੰਡਰਾਂ ਵਾਲੇ ਨਾਲ ਹਥਿਆਰਬੰਦ ਹਨ?"

"ਨਹੀਂ, ਅਸੀਂ ਸ਼ਾਂਤਮਈ ਮੋਰਚੇ ਦੇ ਹਾਮੀ ਆਂ।"

ਸਾਰੀਆਂ ਮਾਈਆਂ ਨੂੰ ਸੱਤ ਦਿਨ ਅੰਮ੍ਰਿਤਸਰ ਜੇਲ੍ਹ ਵਿਚ ਰੱਖਿਆ, ਮੁੜ ਸੰਗਰੂਰ ਜੇਲ੍ਹ ਤਬਦੀਲ ਕਰ ਦਿੱਤਾ। ਅੱਠ ਦਿਨ ਸੰਗਰੂਰ ਜੇਲ੍ਹ ਵਿਚ ਰੱਖ ਛੱਡ ਦਿੱਤਾ। ਕੁੱਲ ਇੱਕ ਸੌ ਪੰਜਾਹ ਮਾਈਆਂ ਨੂੰ ਰਿਹਾਅ ਕਰ ਦਿੱਤਾ। ਬੱਚੇ ਪਹਿਲੋਂ ਛੱਡ ਦਿੱਤੇ ਸਨ। ਇਸ ਤਰ੍ਹਾਂ ਹੀ ਪੰਜਾਬ ਤੋਂ ਵੱਖ-ਵੱਖ ਆਏ ਜਥੇ ਅਤੇ ਯਾਤਰੀਆਂ ਨਾਲ ਲਹੂ ਭਿੱਜੀ ਹੋਣੀ ਵਰਤਦੀ ਰਹੀ।

ਸਤਾਈਵਾਂ ਕਾਂਡ

ਵਿਚਕਾਰਲੇ ਬੰਦਿਆਂ ਦੋਹਾਂ ਸੰਤਾਂ ਵਿਚਕਾਰ ਗੱਲਾਂ ਬਹੁਤ ਵਧਾਈਆਂ; ਪਰ ਉਨ੍ਹਾਂ ਇੱਕ-ਦੂਜੇ ਨੂੰ ਕਦੇ ਕੁਝ ਨਹੀਂ ਆਖਿਆ ਸੀ। ਧੜਿਆਂ ਦੇ ਪਾਛੂ ਇੱਕ ਦੂਜੇ ਵਿਰੁੱਧ ਭੈੜੇ ਇਰਾਦੇ ਰੱਖਦੇ ਸਨ। ਇੱਕ ਅਫ਼ਵਾਹ ਇਹ ਵੀ ਉਡਾਈ ਗਈ ਕਿ ਹਮਲਾ ਟੌਹੜਾ ਸਾਹਿਬ ਨੇ ਕਰਵਾਇਆ ਹੈ; ਜਿਹੜੀ ਸਰਾਸਰ ਝੂਠ ਸੀ। ਇਸ ਦਾ ਭੋਰਾ ਜਿੰਨਾ ਵੀ ਸਬੂਤ ਕਿਤੋਂ ਨਹੀਂ ਮਿਲਦਾ ਸੀ। ਗੁਰੂ ਰਾਮਦਾਸ ਸਰਾਂ ਦੇ ਨੇੜੇ ਸਿੱਧੀ ਹੋਟਲ ਪੈਂਦਾ ਸੀ, ਉਹਦੀ ਉਤਲੀ ਛੱਤ 'ਤੇ ਸੰਤ ਜਰਨੈਲ ਸਿੰਘ ਦੇ ਦੋ ਸਿੰਘ ਦੋ-ਤਾਰੀਖ਼ ਤੋਂ ਹੀ ਡਟੇ ਬੈਠੇ ਸਨ। ਧੜੇਬੰਦਕ ਗ਼ਲਤ ਫ਼ਹਿਮੀ ਉਨ੍ਹਾਂ ਵਿਚ ਵੀ ਭਰੀ ਹੋਈ ਸੀ। ਉਨ੍ਹਾਂ ਨੂੰ ਲੰਗਰ ਪਹੁੰਚਣਾ ਬੰਦ ਹੋ ਚੁੱਕਾ ਸੀ। ਹੋਟਲ ਵਾਲਾ ਮਾਲਕ ਤੇ ਉਸ ਦੇ ਨੌਕਰ ਡਰਦੇ ਮਾਰੇ ਜਾਨਾਂ ਬਚਾ ਕੇ ਭੱਜ ਗਏ ਸਨ। ਉਹ ਪਹਿਲੀ ਜੂਨ ਦੀ ਫਾਇਰਿੰਗ ਵਿਚ ਹੀ ਘਬਰਾ ਗਏ ਸਨ, ਜਿਸ ਦਿਨ ਗਿਆਰ੍ਹਾਂ ਸਿੰਘ ਮਾਰੇ ਗਏ ਸਨ। ਹੋਟਲ ਵਾਲੇ ਉਸ ਦਿਨ ਹੀ ਪੱਤਰਾ ਵਾਚ ਗਏ। ਉਤਲੀ ਛੱਤ ਵਾਲੇ ਸਿੰਘਾਂ ਨੂੰ ਤਿੰਨ ਤਾਰੀਖ਼ ਨੂੰ ਹੀ ਸੁਨੇਹਾ ਮਿਲ ਚੁੱਕਾ ਸੀ ਕਿ ਪਾਣੀ ਹਰ ਹਾਲਤ ਵਿਚ ਬੰਦ ਹੋਵੇਗਾ। ਉਨ੍ਹਾਂ ਹੋਟਲ ਦੀਆਂ ਦੋ ਬਾਲਟੀਆਂ ਚੱਜ ਨਾਲ ਮਾਂਜ ਕੇ ਗੁਸਲਖ਼ਾਨੇ ਵਿਚੋਂ ਭਰ ਲਈਆਂ। ਚੱਬਣ ਲਈ ਉਨ੍ਹਾਂ ਕੋਲ ਦੋ ਬੁਕ ਛੋਲਿਆਂ ਦੇ ਸਨ; ਜਿਨ੍ਹਾਂ ਨੂੰ ਵਖ਼ਤ ਪਏ 'ਤੇ ਨਿਹੰਗ ਸਿੰਘ ਬਾਦਾਮ ਆਖਦੇ ਹਨ। ਹੇਠਲੀ ਛੱਤ ਦੇ ਕਿਚਨ ਵਿਚੋਂ ਮਿਲਟਰੀ ਵਾਲਿਆਂ ਬਿਸਕੁਟ-ਪੇਸਟਰੀਆਂ ਆਦਿ ਨਮਕੀਨ ਤੱਕ, ਸਭ ਹੜੱਪ ਕਰ ਲਿਆ ਸੀ।

ਉਨ੍ਹਾਂ ਦੋਵਾਂ ਸਿੰਘਾਂ ਗ਼ਲਤ ਫ਼ਹਿਮੀ ਦੇ ਅਸਰ ਹੇਠ ਮਿੱਥ ਲਿਆ ਸੀ; ਟੌਹੜੇ ਤੇ ਸੰਤ ਹਰਚੰਦ ਸਿੰਘ ਨੂੰ ਨਹੀਂ ਛੱਡਣਾ। ਝਟ ਝਟ ਪਿੱਛੋਂ ਹਥਿਆਰ ਰੱਖਣ ਦੀਆਂ ਅਪੀਲਾਂ ਆਰਮੀ ਵਲੋਂ ਲਾਊਡ ਸਪੀਕਰ ਤੇ ਦੁਹਰਾਈਆਂ ਜਾ ਰਹੀਆਂ ਸਨ। ਪੰਜ ਜੂਨ ਨੂੰ ਲਾਊਡ ਸਪੀਕਰ ਆਖ਼ਰੀ ਵਾਰ ਬੋਲਿਆ:—

"ਸੁਣੋ, ਸੁਣੋ? ਆਰਮੀ ਵਲੋਂ ਸੰਤ ਜਰਨੈਲ ਸਿੰਘ ਤੇ ਸੁਬੇਗ ਸਿੰਘ ਨੂੰ ਚਿਤਾਵਨੀ ਦਿੱਤੀ ਜਾਂਦੀ ਹੈ, ਹਾਲੇ ਮੌਕਾ ਹੈ, ਹਥਿਆਰ ਰੱਖ ਦੇਵੋ ਅਤੇ ਦਰਬਾਰ ਸਾਹਿਬ ਵਿਚੋਂ ਹੱਥ ਖੜ੍ਹੇ ਕਰਕੇ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਨਿਕਲ ਆਵੋ। ਮਿਲਟਰੀ ਨੇ ਦੋਵੇਂ ਸਰਾਵਾਂ, ਅਕਾਲ ਰੈਸਟ ਹਾਊਸ ਅਤੇ ਤੇਜਾ ਸਿੰਘ ਸਮੁੰਦਰੀ ਹਾਲ 'ਤੇ ਕਬਜ਼ਾ ਕਰ ਲਿਆ ਹੈ। ਦਰਬਾਰ ਸਾਹਿਬ ਤੋਂ ਬਾਹਰਲਾ ਸਾਰਾ ਹਿੱਸਾ ਨੱਪ ਲਿਆ ਹੈ। ਹੁਣ ਤੁਸੀਂ ਨਾਹੱਕ ਜਾਨਾਂ ਨਾ ਗਵਾਓ। ਚਾਰ-ਚੁਫੇਰਿਓਂ ਘੇਰਾ ਕਸ ਦਿੱਤਾ ਗਿਆ ਹੈ। ਤੁਹਾਡੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਤੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅਸੀਂ ਸਾਰੇ ਚਾਹੁੰਦੇ ਆਂ ਪਵਿੱਤਰ ਦਰਬਾਰ ਸਾਹਿਬ ਦੀ ਕਿਸੇ ਤਰ੍ਹਾਂ ਦੀ ਵੀ ਹਾਨੀ ਨਾ ਹੋਵੇ। ਤੁਸੀਂ ਹਥਿਆਰ ਰੱਖ ਕੇ, ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਹੱਥ ਖੜ੍ਹੇ ਕਰਕੇ ਨਿਕਲ ਆਓ। ਤੁਹਾਡੇ 'ਤੇ ਗੋਲੀ ਨਹੀਂ ਚਲਾਈ ਜਾਵੇਗੀ। ਤੁਹਾਨੂੰ ਆਉਣ ਲਈ ਅੱਧਾ ਘੰਟਾ ਦਿੱਤਾ ਜਾਂਦਾ ਹੈ। ਤੁਸੀਂ ਬਾਹਰ ਨਹੀਂ

ਆਉਗੇ ਤਾਂ ਟੈਂਕਾਂ ਨਾਲ ਜ਼ਬਰਦਸਤੀ ਹਮਲਾ ਕੀਤਾ ਜਾਵੇਗਾ। ਹੋਰ ਨੁਕਸਾਨ ਤੇ ਬਰਬਾਦੀ ਦੀ ਜ਼ੁੰਮੇਵਾਰੀ ਤੁਹਾਡੀ ਹੋਵੇਗੀ। ਇਹ ਤੁਹਾਨੂੰ ਆਖ਼ਰੀ ਵਾਰਨਿੰਗ ਹੈ।"

ਅਨਾਊਂਸਮੈਂਟ ਖ਼ਤਮ ਹੋਣ ਸਾਰ ਹੀ ਸ੍ਰੀ ਦਰਬਾਰ ਸਾਹਿਬ ਵਲੋਂ ਗੋਲੀਆਂ ਦੀ ਬੋਛਾੜ ਆਉਣ ਲੱਗ ਪਈ। ਸੁਬੇਗ ਸਿੰਘ ਨੇ ਅਨਾਊਂਸਮੈਂਟ ਦਾ ਜਵਾਬ ਗੋਲੀਆਂ ਚਲਾ ਕੇ ਦਿੱਤਾ। ਫਿਰ ਕੀ ਸੀ, ਆਰਮੀ ਵਲੋਂ ਤੋਪਾਂ ਦੀ ਫਾਈਰਿੰਗ ਸ਼ੁਰੂ ਹੋ ਗਈ। ਭਾਰੀ ਗੋਲਾਬਾਰੀ ਵਿਚ ਕੰਨ ਪਾਈ ਆਵਾਜ਼ ਵੀ ਨਹੀਂ ਸੁਣਦੀ ਸੀ। ਸਿੰਧੀ ਹੋਟਲ ਵਾਲੇ ਦੋਵੇਂ ਸਿੰਘ ਅੱਧ ਭੁੱਖੇ ਆਪਣੀ ਥਾਂ ਡਟੇ ਹੋਏ ਸਨ। ਰਾਈਫ਼ਲਾਂ ਤਾਂ ਦੋਹਾਂ ਕੋਲ ਸਨ, ਪਰ ਕਾਰਤੂਸ ਥੋੜ੍ਹੇ ਸਨ। ਉਹ ਕਦੇ ਕਦਾਈਂ ਹੀ ਆਰਮੀ ਜਵਾਨ ਦਾ ਨਿਸ਼ਾਨਾ ਵਿੰਨ੍ਹਦੇ ਸਨ। ਕੁਦਰਤੀ ਆਰਮੀ ਵਾਲਿਆਂ ਦੇ ਦਿਮਾਗ ਵਿਚ ਹੀ ਨਹੀਂ ਆਇਆ ਸੀ ਕਿ ਸਿੰਧੀ ਹੋਟਲ ਵਿਚ ਵੀ ਉੱਤਲੀ ਛੱਤ ਵਿਚ ਦੋ ਹਥਿਆਰਬੰਦ ਖਾੜਕੂ ਹੋ ਸਕਦੇ ਹਨ। ਉਨ੍ਹਾਂ ਮਿੱਥ ਲਈ, ਜਦੋਂ ਸਵੇਰੇ ਮਿਲਟਰੀ ਵਾਲੇ ਟੌਹੜੇ ਤੇ ਸੰਤ ਹਰਚੰਦ ਸਿੰਘ ਨੂੰ ਲੈ ਕੇ ਗੇਟ ਤੋਂ ਲੰਘਣਗੇ; ਬਸ ਇੱਥੇ ਹੀ ਗੋਲੀਆਂ ਨਾਲ ਭੁੰਨ ਦੇਣੇ ਹਨ। ਆਪਣੇ ਨਾਲ ਜਿਵੇਂ ਵਰਤੇਗੀ, ਝੱਲਾਂਗੇ। ਉਹ ਸਵੇਰ ਤੱਕ ਉਨ੍ਹਾਂ ਦੇ ਆਉਣ ਦੀ ਉਡੀਕ ਕਰਦੇ ਰਹੇ।

ਪਰ ਸਵੇਰੇ ਸਰਾਂ ਦੀ ਪਿਛਲੀ ਗਲੀ ਵਾਲਾ ਗੇਟ ਖੋਲ੍ਹ ਮਿਲਟਰੀ ਵਾਲੇ ਪ੍ਰਧਾਨ ਟੌਹੜਾ ਸਾਹਿਬ ਤੇ ਸੰਤ ਹਰਚੰਦ ਸਿੰਘ ਨੂੰ ਗੱਡੀਆਂ ਵਿਚ ਬਿਠਾ ਕੇ ਮਿਲਟਰੀ ਸੈਂਟਰ ਨੂੰ ਲੈ ਗਏ। ਉਹ ਦੋਵੇਂ ਗੋਲੀਆਂ ਮਾਰ ਦੇਣ ਲਈ ਵਾਰ ਵਾਰ ਆਖਦੇ ਰਹੇ।

"ਤੁਸਾਂ ਬੇਗੁਨਾਹਾਂ ਦਾ ਐਨਾ ਖ਼ੂਨ ਖ਼ਰਾਬਾ ਕੀਤਾ ਹੈ, ਲਾਸ਼ 'ਤੇ ਲਾਸ਼ ਚਾੜ੍ਹ ਦਿੱਤੀ, ਸਾਨੂੰ ਵੀ ਮਾਰੋ, ਅਸੀਂ ਜਿਉਣਾ ਨਹੀਂ ਚਾਹੁੰਦੇ।" ਪਰ ਉਨ੍ਹਾਂ ਦੀ ਸੁਣੀ ਕਿਸੇ ਨਾ।

ਉਸ ਸਮੇਂ ਸਰਾਂ ਵਿਚ ਤੇ ਆਲੇ-ਦੁਆਲੇ ਲਾਸ਼ਾਂ ਹੀ ਲਾਸ਼ਾਂ ਖਿੱਲਰੀਆਂ ਪਈਆਂ ਸਨ। ਕਰਫ਼ਿਊ ਤੇ ਗੋਲੀਆਂ ਕਿਸੇ ਨੂੰ ਬਾਰੀ ਵਿਚੋਂ ਸਿਰ ਵੀ ਬਾਹਰ ਨਹੀਂ ਕੱਢਣ ਦੇਂਦੀਆਂ ਸਨ। ਲਗਾਤਾਰ ਲੰਮੇ ਕਰਫ਼ਿਊ ਨੇ ਲੋਕਾਂ ਦੇ ਨਾਸੀਂ ਧੂੰ ਲਿਆਂਦਾ ਹੋਇਆ ਸੀ। ਅਖ਼ੀਰ ਪੰਜ ਤੋਂ ਸੱਤ ਵਜੇ ਤੱਕ ਕਰਫ਼ਿਊ ਵਿਚ ਢਿੱਲ ਦਿੱਤੀ ਗਈ। ਸਿੰਧੀ ਹੋਟਲ ਵਾਲਿਆਂ ਏਧਰ-ਓਧਰ ਦੀਆਂ ਬਿੜਕਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਇੱਕ ਸਿੰਘ ਨੇ ਹੇਠ ਵੇਖਿਆ, ਮਿਲਟਰੀ ਵਾਲੇ ਹੋਟਲ ਤੋਂ ਬਾਹਰ ਅਵੇਸਲੇ ਐ। ਉਸ ਹੋਟਲ ਦੇ ਅੰਦਰੋਂ ਇੱਕ ਛਾਬਾ ਸਿਰ 'ਤੇ ਰੱਖ ਲਿਆ; ਜਿਵੇਂ ਹੋਟਲ ਲਈ ਸਵੇਰ ਦੀਆਂ ਸਬਜ਼ੀਆਂ ਲੈਣ ਜਾ ਰਿਹਾ ਹੋਵੇ। ਉਹ ਪੂਰੀ ਸਹਿਜ ਤੇ ਸਾਵਧਾਨੀ ਨਾਲ ਬਾਹਰ ਨਿਕਲਿਆ। ਮਿਲਟਰੀ ਵਾਲੇ ਸਿਪਾਹੀਆਂ ਖ਼ਾਸ ਨੋਟਿਸ ਨਾ ਲਿਆ। ਉਹੀ ਪਰਾਗਦਾਸ ਚੌਕ ਵਿਚੋਂ ਹੁੰਦਾ ਸ਼ਹੀਦਾਂ ਦੇ ਗੁਰਦਵਾਰੇ ਆ ਗਿਆ। ਦੂਜੇ ਸਾਥੀ ਦਾ ਪਤਾ ਨਾ ਲੱਗ ਸਕਿਆ। ਉਹ ਕਿਵੇਂ ਬਾਹਰ ਨਿਕਲ ਕੇ ਕਿੱਧਰ ਨੂੰ ਤੁਰ ਗਿਆ। ਪਹਿਲਾਂ ਉਹ ਫ਼ੌਜੀ ਸਿੰਘ ਸੀ, ਜਿਸ ਨੂੰ ਸੰਤ ਆਪ ਜਾ ਕੇ ਸਰਹੱਦੀ ਪਿੰਡੋਂ ਲੈ ਕੇ ਆਏ ਸੀ। ਬਾਬਾ ਦੀਪ ਸਿੰਘ ਦੇ ਗੁਰਦਵਾਰੇ ਆ ਕੇ ਉਸ ਪ੍ਰਸ਼ਾਦ ਛਕਿਆ ਤੇ ਸੁਰਤ ਫੜੀ। ਫਿਰ ਰਾਤ ਦੇ ਹਨੇਰੇ ਵਿਚ ਹੀ ਖੇਤਾਂ ਵਿਚੋਂ ਦੀ ਹੁੰਦਾ ਇੱਕ ਪਿੰਡ ਦੇ ਗੁਰਦਵਾਰੇ ਆ ਗਿਆ। ਗ੍ਰੰਥੀ ਨੂੰ ਸਾਰੀ ਵਾਰਤਾ ਦੱਸੀ ਅਤੇ ਰਾਤ ਉੱਥੇ ਵਿਸ਼ਰਾਮ ਕੀਤਾ। ਗ੍ਰੰਥੀ ਤੋਂ ਸਵੇਰੇ ਜਾਣ ਲਈ ਕਿਰਾਇਆ ਮੰਗਿਆ, ਉਸ ਭਲੇ ਲੋਕ ਨੇ ਪੰਜਾਹ ਰੁਪਏ ਦੇ ਦਿੱਤੇ। ਅਗਲੇ ਦਿਨ ਉਹ ਲੁਧਿਆਣੇ ਪਹੁੰਚ ਗਿਆ। ਪੰਜਾਬ ਸਾਰਾ ਫ਼ੌਜ ਦੇ ਹਵਾਲੇ ਸੀ। ਉਸ ਸੋਚਿਆ ਪੰਜਾਬ ਛੱਡੇ ਬਿਨਾਂ ਗੁਜ਼ਾਰਾ ਨਹੀਂ। ਉਹ

ਰੇਲ ਰਾਹੀਂ ਲੁਧਿਆਣਿਉਂ ਦਿੱਲੀ ਜਾ ਪੁੱਜਾ। ਉੱਥੇ ਵਾਕਿਫ਼ਕਾਰ, ਯਾਰ-ਮਿੱਤਰ ਕੋਈ ਨਹੀਂ ਸੀ। ਉਹ ਟਰੱਕਾਂ ਵਾਲਿਆਂ ਕੋਲ ਸੋਚ ਸੋਚ ਆ ਗਿਆ। ਟਰੱਕ ਯੂਨੀਅਨ ਦਾ ਕਲਰਕ ਅੰਮ੍ਰਿਤਧਾਰੀ ਸਿੰਘ ਸੀ। ਉਸ ਨੂੰ ਭਰੋਸੇ ਵਿਚ ਲੈ ਕੇ ਅੱਧ-ਪਚੱਧੀ ਆਪਣੀ ਵਾਰਤਾ ਦੱਸੀ। ਉਸ ਥਾਪੀ ਦੇ ਕੇ ਆਖਿਆ,

"ਫ਼ਿਕਰ ਨਾ ਕਰੋ, ਤੈਨੂੰ ਅਜਿਹੇ ਥਾਂ ਭੇਜਾਂਗਾ। ਜਿੱਥੋਂ ਸਰਕਾਰ ਤੇਰਾ ਲੂੰ ਨਾ ਭਾਲ ਸਕੇ।"

"ਤੁਹਾਡਾ ਬਹੁਤ ਬਹੁਤ ਧੰਨਵਾਦ!"

ਕਲਰਕ ਨੇ ਉਸ ਨੂੰ ਆਸਾਮ ਜਾਂਦੇ ਟਰੱਕ 'ਤੇ ਚਾੜ੍ਹ ਦਿੱਤਾ ਤੇ ਨਾਲ ਹੀ ਤੰਬੀਹ ਕਰ ਦਿੱਤੀ, ਇਹ ਮੇਰਾ ਬੰਦਾ ਹੈ। ਸਿੰਘ ਤਿੰਨ ਦਿਨਾਂ ਵਿਚ ਆਸਾਮ ਪਹੁੰਚ ਗਿਆ। ਟਰੱਕ ਵਾਲੇ ਉਸ ਨੂੰ ਗੋਹਾਟੀ ਲਾਹ ਕੇ ਅੱਗੇ ਤੁਰ ਗਏ। ਉਹ ਮੁੜ ਸੋਚਾਂ ਵਿਚ ਘਿਰ ਗਿਆ। ਫ਼ੌਜੀ ਹੋਣ ਨਾਲ ਸਿੰਘ ਹੁਸ਼ਿਆਰ ਸੀ। ਉਹ ਦੋ ਚਾਰ ਦਿਨ ਏਧਰ ਉਧਰ ਦਾ ਅਤਾ-ਪਤਾ ਕਰਦਾ ਰਿਹਾ। ਮੁੜ ਇੱਕ ਸਿੱਖ ਠੇਕੇਦਾਰ ਨੂੰ ਅਰਜ਼ ਜਾ ਕੀਤੀ।

"ਫ਼ੌਜੀ ਆਂ, ਬੇਰੋਜ਼ਗਾਰ ਆਂ। ਕਰਜ਼ੇ ਵਜੋਂ ਥੋੜ੍ਹੇ ਪੈਸੇ ਚਾਹੁੰਦਾ ਆਂ। ਫ਼ਲਾਂ ਸੜਕ ਦੇ ਮੋੜ 'ਤੇ ਚਾਹ ਦਾ ਢਾਬਾ ਚਲਾਉਣਾ ਚਾਹੁੰਦਾ ਆਂ; ਜੇ ਮਿਹਰਬਾਨੀ ਕਰ ਦੇਵੋ?"

ਅੰਮ੍ਰਿਤਧਾਰੀ ਸਿੰਘ 'ਤੇ ਉਸ ਨੂੰ ਵਿਸ਼ਵਾਸ ਆ ਗਿਆ।

"ਆਹ ਲੈ ਪੰਜ ਸੌ 'ਤੇ ਆਪਣਾ ਕੰਮ ਚਲਾ, ਛੇਤੀ ਮੋੜ ਦੇਵੇਂਗਾ ਤਾਂ ਤੇਰੇ ਕੋਲੋਂ ਵਿਆਜ ਨਹੀਂ ਲੈਣਾ।" ਠੇਕੇਦਾਰ ਨੇ ਸਮਝਿਆ, ਮੇਰਾ ਇੱਥੇ ਤੋਰਾ-ਫੇਰਾ ਏ, ਕਿੱਧਰ ਭੱਜ ਜਾਵੇਗਾ। ਨਾ ਇਹ ਅਮਲੀ ਐ, ਤੇ ਨਾ ਟਰੱਕ ਦਾ ਡਰਾਈਵਰ, ਕਲੀਨਰ।

ਧੰਨਵਾਦ ਆਖ ਸਿੰਘ ਨੇ ਪੰਜ ਸੌ ਫੜ ਲਏ। ਚਾਹ ਦਾ ਛੋਟਾ ਜਿੰਨਾ ਬਿਨਾਂ ਬੋਰਡ ਤੋਂ ਢਾਬਾ ਚਾਲੂ ਕਰ ਦਿੱਤਾ। ਤਿੰਨ ਮੰਜੇ ਡਰਾਈਵਰਾਂ ਲਈ ਡਾਹ ਦਿੱਤੇ। ਟਰੱਕਾਂ ਵਾਲੇ ਦਮ ਮਾਰਦੇ, ਚਾਹ ਪੀਂਦੇ ਤੇ ਅਗਾਂਹ ਚਾਲੇ ਪਾ ਦਿੰਦੇ। ਉਹਦਾ ਢਾਬਾ ਚਲ ਪਿਆ। ਉਸ ਸਾਲ ਦੇ ਅੰਦਰ ਅੰਦਰ ਸਰਦਾਰ ਦੇ ਪੈਸੇ ਮੋੜ ਦਿੱਤੇ। ਉਸ ਪੰਜ ਸਾਲ ਢਾਬਾ ਚਲਾਇਆ। ਸਰਕਾਰੀ ਫੜਾਈ ਵਲੋਂ ਬੇਫ਼ਿਕਰ ਸੀ। ਉਸ ਨੂੰ ਖਿਆਲ ਆਇਆ ਮੇਰੀ ਧੀ ਜੀਤਾਂ ਤਾਂ ਵਿਆਹੁਣ ਵਾਲੀ ਹੋਵੇਗੀ। ਪੰਜ ਸਾਲ ਦੀ ਪੈਨਸ਼ਨ ਵੀ ਜਮ੍ਹਾਂ ਹੋਈ ਹੋਵੇਗੀ। ਉਹ ਢਾਬਾ ਕਿਸੇ ਦੋਸਤ ਨੂੰ ਸੰਭਾਲ ਕੇ ਪੰਜਾਬ ਆ ਗਿਆ। ਸ੍ਰੀ ਦਰਬਾਰ ਸਾਹਿਬ ਵਾਲੀ ਗੜਬੜ ਸ਼ਾਂਤ ਹੋ ਚੁੱਕੀ ਸੀ। ਉਹ ਅੰਨ੍ਹੇਰੇ ਪਏ ਤੋਂ ਘਰ ਪਹੁੰਚਿਆ। ਘਰ ਵਾਲੇ ਉਸ ਨੂੰ ਸ਼ਹੀਦ ਹੋ ਗਿਆ ਸਮਝ ਕੇ ਉਸ ਦਾ ਭੋਗ ਵੀ ਪਾ ਬੈਠੇ ਸਨ। ਅਚਾਨਕ ਉਹਦੇ ਆਉਣ ਨਾਲ ਘਰ ਖੁਸ਼ੀ ਦਾ ਪਾਰਾਵਾਰ ਨਾ ਰਿਹਾ।

* * *

ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਦੱਖਣ ਵਾਲੇ ਪਾਸੇ, ਮੋਰਚੇ ਵਿਚ ਦੋ ਸਿੰਘ ਬੈਠੇ ਸਨ। ਜਨਰਲ ਸੁਬੇਗ ਸਿੰਘ ਨੇ ਇੱਕ ਫ਼ੌਜੀ ਤੇ ਇੱਕ ਖਾੜਕੂ ਸਿੰਘ ਦੀ ਹਰ ਮੋਰਚੇ ਵਿਚ ਜੋੜੀ ਬਣਾਈ ਸੀ। ਉਨ੍ਹਾਂ ਸਰਾਂ ਵਾਲੇ ਪਾਸਿਉਂ ਆਉਂਦੇ ਮਿਲਟਰੀ ਜਵਾਨਾਂ ਨੂੰ ਵਾਹਵਾ ਛਾਂਗਿਆ ਸੀ। ਕੋਈ ਵੀ ਜਵਾਨ ਸ੍ਰੀ ਅਕਾਲ ਤਖ਼ਤ ਵੱਲ ਵਧਣ ਨਹੀਂ ਦਿੱਤਾ ਸੀ। ਲੰਗਰ ਉਨ੍ਹਾਂ ਦਾ ਵੀ ਬੰਦ ਹੋ ਚੁੱਕਾ ਸੀ। ਵਰ੍ਹਦੀਆਂ ਗੋਲੀਆਂ ਤੇ ਤੋਪਾਂ ਦੇ ਫ਼ਾਇਰਾਂ ਵਿਚ ਰੋਟੀ ਕਿਵੇਂ ਪਹੁੰਚਦੀ। ਮੋਰਚੇ ਦੇ ਪਿਛਲੇ ਪਾਸੇ ਸਿੱਖਾਂ ਦਾ ਇੱਕ ਘਰ ਸੀ। ਉਨ੍ਹਾਂ ਨੂੰ ਮੋਰਚੇ ਵਿਚ ਲੜਦੇ

ਸਿੰਘਾਂ ਦਾ ਪਤਾ ਸੀ। ਰਾਤ ਪਈ ਤੋਂ ਘਰ ਦੀ ਕੁੜੀ ਨੇ ਬਾਂਸ ਦੀ ਪੌੜੀ ਲਾਈ। ਰੋਟੀਆਂ ਵਿਚ ਆਚਾਰ ਰੱਖ ਕੇ ਪੋਟਲੀ ਬੰਨ੍ਹੀ ਤੇ ਮੋਰਚੇ ਵਿਚ ਵਗਾਹ ਮਾਰੀ। ਦੋਹਾਂ ਸਮਝਿਆ, ਗੁਰੂ ਆਪ ਭੁੱਖਿਆਂ ਲਈ ਸਹਾਈ ਏ। ਕੁੜੀ ਦੋਵੇਂ ਰਾਤਾਂ ਨੂੰ ਇਸ ਤਰ੍ਹਾਂ ਰੋਟੀਆਂ ਮੋਰਚੇ ਵਿਚ ਪਹੁੰਚਾਂਦੀ ਰਹੀ। ਅਖ਼ੀਰ ਛੇ ਤਾਰੀਖ਼ ਦੇ ਪੰਜ ਵਜੇ ਤੋਂ ਸੱਤ ਵਜੇ ਦੀ ਕਰਫ਼ਿਊ ਢਿੱਲ ਵਿਚ ਪੌੜੀ ਤੋਂ ਸਿਰ ਉਤਾਂਹ ਚੁੱਕ ਕੇ ਉਸ ਆਖਿਆ:

"ਭਾਊ! ਛੇਤੀ ਕਰੋ। ਕੌਲਸਰ ਨਾਲ ਦੀ ਗਲੀ ਇੱਕ ਤਰ੍ਹਾਂ ਸੁੰਨੀ ਪਈ ਐ; ਤੁਸੀਂ ਛੇਤੀ ਨਿਕਲ ਜਾਓ?"

"ਤੇ ਮਿਲਟਰੀ?" ਉਹ ਹਵਾਸੇ ਪਏ ਸਨ।

"ਤੁਸੀਂ ਕੰਧ ਚੜ੍ਹ ਕੇ ਸਾਡੇ ਘਰ ਉਤਰੋ। ਮੈਂ ਤੁਹਾਡੇ ਅੱਗੇ-ਅੱਗੇ ਜਾਵਾਂਗੀ।" ਕੁੜੀ ਕਾਹਲੀ ਕਰਨ ਲਈ ਹੱਥ ਮਾਰ ਰਹੀ ਸੀ। "ਇਹੋ ਮੌਕਾ ਏ ਜਾਨ ਬਚਾਉਣ ਦਾ। ਦਰਬਾਰ ਸਾਹਿਬ ਤੇ ਸਰਾਂ ਵਾਲੇ ਪਾਸੇ ਘਾਣ ਲੱਥੇ ਪਏ ਹੋਣਗੇ। ਅਸੀਂ ਪਲੇ-ਪਲੇ ਰੇਡੀਓ ਸੁਣਦੇ ਰਹੇ ਆਂ।"

ਉਹ ਹੰਭਲੇ ਮਾਰ ਕੇ ਇੱਕ ਦੂਜੇ ਦੀ ਮਦਦ ਨਾਲ ਕੰਧ ਚੜ੍ਹੇ ਅਤੇ ਪੌੜੀ ਉਤਰ ਪਏ। ਕੁੜੀ ਥੋੜ੍ਹੇ ਫ਼ਰਕ ਨਾਲ ਅੱਗੇ ਅੱਗੇ ਤੁਰ ਪਈ। ਉਨ੍ਹਾਂ ਦੋਹਾਂ ਵੀ ਇੱਕ ਦੂਜੇ ਤੋਂ ਵਿੱਥ ਬਣਾਈ ਰੱਖੀ। ਉਹ ਕੌਲਸਰ ਵਾਲੀ ਗਲੀ ਪੈ ਕੇ ਬਾਬਾ ਅਟੱਲ ਆ ਗਏ। ਕੁੜੀ ਬਾਬਾ ਅਟੱਲ ਸਾਹਿਬ ਮੱਥਾ ਟੇਕਣ ਵੜ ਗਈ। ਮਿਲਟਰੀ ਵਾਲੇ ਉਸ ਚੌਕ ਵਿਚ ਚੌਕਸ ਖਲੋਤੇ ਸਨ। ਉਨ੍ਹਾਂ ਵਾਰੀ ਵਾਰੀ ਦੋਹਾਂ ਦੀ ਤਲਾਸ਼ੀ ਲਈ। ਹਥਿਆਰ ਉਹ ਮੋਰਚਿਆਂ ਵਿਚ ਹੀ ਛੱਡ ਆਏ ਸਨ। ਉਨ੍ਹਾਂ ਕੋਲ ਕੁਝ ਨਹੀਂ ਸੀ। ਮਦਰਾਸੀ ਸਿਪਾਹੀਆਂ ਉਨ੍ਹਾਂ ਨੂੰ ਜਾਣ ਦੀ ਆਗਿਆ ਦੇ ਦਿੱਤੀ। ਉਹ ਸਿੱਧੇ ਬਾਬਾ ਦੀਪ ਸਿੰਘ ਦੇ ਗੁਰਦਵਾਰੇ ਪਹੁੰਚ ਗਏ। ਉਹ ਕੁੜੀ ਦੇ ਜੇਰੇ ਜੁਰਅੱਤ ਦੀ ਅਤਿ ਹੈਰਾਨੀ ਨਾਲ ਪ੍ਰਸੰਸਾ ਕਰ ਰਹੇ ਸਨ। ਅਸਲ ਵਿਚ ਸਿੱਖ ਧਰਮ ਦੀ ਸਪ੍ਰਿਟ ਚੋਟ ਲੱਗੇ ਤੋਂ ਹੀ ਜਾਗਦੀ ਹੈ। ਦੋ ਸਿੰਘ ਕੁੜੀ ਦੇ ਭਰਾ ਹੀ ਲੱਗਦੇ ਸਨ; ਜਿਹੜੇ ਜ਼ਾਲਮ ਸਰਕਾਰ ਨਾਲ ਭੁੱਖੇ ਤਿਹਾਏ ਮੱਥਾ ਲਾਈ ਬੈਠੇ ਸਨ।

"ਯਾਰ, ਕੁੜੀ ਦੀ ਕੁਰਬਾਨੀ ਨਾਲ ਜਿੰਦਾ ਬਚ ਗਏ ਆਂ, ਨਹੀਂ ਭੜਥਾ ਹੋ ਜਾਣਾ ਸੀ।"

"ਬਿਲਕੁਲ, ਗੁਰੂ ਨੇ ਉਸ ਨੂੰ ਸਾਡੇ ਬਚਾਉ ਲਈ ਭੇਜਿਆ। ਭੈਣ ਤੇਰਾ ਦੇਣ ਦੇਵਾਂਗੇ।"

ਉਹ ਸ਼ਹੀਦ ਬਾਬਾ ਦੀਪ ਸਿੰਘ ਦੇ ਗੁਰਦਵਾਰੇ ਸੁਰੱਖਿਅਤ ਹੋ ਕੇ ਭੈਣ ਦੀ ਦਲੇਰੀ ਤੇ ਬਹਾਦਰੀ ਦੇ ਸਦਕੇ ਜਾ ਰਹੇ ਸਨ।

ਅਠਾਈਵਾਂ ਕਾਂਡ

ਜਨਰਲ ਬਰਾੜ ਨੇ ਉੱਤਰੀ ਦੱਖਣੀ ਤੇ ਸਰਾਂ ਵਾਲੇ ਪਾਸਿਓਂ ਵੀਹ ਵੀਹ, ਪੱਚੀ ਪੱਚੀ ਸਿਪਾਹੀਆਂ ਤੋਂ ਹਮਲੇ ਕਰਵਾਏ; ਜਿਹੜੇ ਅੱਧ ਤੱਕ ਆਉਣ ਤੋਂ ਪਹਿਲਾਂ ਹੀ ਮਾਰੇ ਜਾਂਦੇ ਰਹੇ। ਸਾਰਿਆਂ ਨੂੰ ਹੀ ਸਾਹਮਣਿਓਂ ਗੋਲੀਆਂ ਪੈਂਦੀਆਂ ਸਨ। ਉਨ੍ਹਾਂ ਨੂੰ ਪਤਾ ਨਹੀਂ ਲੱਗਦਾ ਸੀ, ਗੋਲੀ ਕਿੱਧਰੋਂ ਆ ਰਹੀ ਹੈ। ਜਨਰਲ ਸੁਬੇਗ ਸਿੰਘ ਦੀਆਂ ਚੁਸਤੀਆਂ ਤੇ ਫੁਰਤੀਆਂ ਹਾਲੇ ਤੱਕ ਕਾਮਯਾਬ ਸਨ। ਉਸ ਮੋਰਚੇ ਹੀ ਇਸ ਢੰਗ ਨਾਲ ਬਣਵਾਏ ਸਨ ਕਿ ਦੁਸ਼ਮਣ ਪ੍ਰਕਰਮਾ ਵਿਚ ਨਾ ਉੱਤਰ ਸਕੇ; ਉਤਰੇ ਤਾਂ ਮਾਰਿਆ ਜਾਵੇ। ਸੋ, ਉਹ ਦੀ ਸੋਚ ਅਨੁਸਾਰ ਮਿਲਟਰੀ ਦਾ ਬਹੁਤ ਨੁਕਸਾਨ ਹੋ ਚੁੱਕਾ ਸੀ। ਫ਼ੌਜੀ ਜਵਾਨ ਬਹੁਤ ਮਾਰੇ ਜਾ ਚੁੱਕੇ ਸਨ। ਜਿਹੜੇ ਵੀ ਪਰਕਰਮਾ ਰਾਹੀਂ ਹਮਲਾ ਕਰਨ ਦੀ ਜੁਰਅੱਤ ਕਰਦੇ, ਖਾੜਕੂਆਂ ਦੀਆਂ ਗੋਲੀਆਂ ਨਾਲ ਭੁੰਨੇ ਜਾਂਦੇ। ਸ੍ਰੀ ਦਰਬਾਰ ਸਾਹਿਬ ਵਿਚ ਕੋਈ ਮੋਰਚਾ ਨਹੀਂ ਸੀ। ਜਨਰਲ ਬਰਾੜ ਨੇ ਗੋਤਾਖੋਰ ਤਲਾਬ ਵਿਚ ਉਤਾਰੇ, ਜਿਨ੍ਹਾਂ ਸ੍ਰੀ ਦਰਬਾਰ ਸਾਹਿਬ ਨੂੰ ਜਾਣਾ ਸੀ। ਇਸ ਤਰ੍ਹਾਂ ਸਾਹਮਣੇ ਫ਼ਾਇਰਿੰਗ ਦਾ ਡਰ ਨਹੀਂ ਸੀ, ਪਰ ਪਾਸਿਆਂ ਦੀ ਫ਼ਾਈਰਿੰਗ ਨੇ ਉਹ ਸਾਰੇ ਡੁੱਬਦੇ ਕਰ ਦਿੱਤੇ।

ਜਦੋਂ ਅਗਾਂਹ ਵਧਣ ਦੀ ਕੋਈ ਵੀ ਵਾਹ ਨਾ ਗਈ, ਤਦ ਮਿਲਟਰੀ ਨੇ ਸਰਾਂ ਵਾਲੇ ਪਾਸਿਓਂ ਟੈਂਕ ਪਰਕਰਮਾ ਵਿਚ ਉਤਾਰੇ। ਟੈਂਕ ਨੇ ਸੰਗਮਰਮਰ ਦੀਆਂ ਪੌੜੀਆਂ ਅਤੇ ਫ਼ਰਸ਼ ਤੋੜਨਾ ਸ਼ੁਰੂ ਕਰ ਦਿੱਤਾ। ਜਿੰਨੇ ਗੋਤਾਖੋਰਾਂ ਨੇ ਸਰੋਵਰ ਵਿਚ ਛਾਲਾਂ ਮਾਰੀਆਂ ਸਨ, ਸਾਰੇ ਹੀ ਗੋਲੀਆਂ ਦਾ ਨਿਸ਼ਾਨਾ ਬਣ ਗਏ ਸਨ। ਜਨਰਲ ਬਰਾੜ ਦੀ ਇਹ ਸਕੀਮ ਵੀ ਫ਼ੇਲ੍ਹ ਹੋ ਗਈ। ਹੁਣ ਤੱਕ ਸਿਪਾਹੀ ਤੇ ਗੋਤਾਖੋਰ ਸਾਰੇ ਹੀ ਰਗੜੇ ਜਾਂਦੇ ਰਹੇ ਸਨ। ਦਿੱਲੀ ਦੀ ਹਦਾਇਤ ਸੀ, ਸ੍ਰੀ ਦਰਬਾਰ ਸਾਹਿਬ ਨੂੰ ਕੋਈ ਨੁਕਸਾਨ ਨਾ ਪਹੁੰਚੇ। ਬਾਕੀ ਦੀ ਪ੍ਰਵਾਹ ਨਹੀਂ। ਦਿੱਲੀ ਨਾਲ ਹਰ ਤਰ੍ਹਾਂ ਤਾਲਮੇਲ ਬਣਿਆ ਹੋਇਆ ਸੀ। ਸੰਤ ਜਰਨੈਲ ਸਿੰਘ ਤੇ ਜਨਰਲ ਸੁਬੇਗ ਸਿੰਘ ਸ੍ਰੀ ਅਕਾਲ ਤਖ਼ਤ ਵਿਚ ਡਟੇ ਹੋਏ ਸਨ। ਹੁਣ ਟੈਂਕਾਂ ਦੀ ਫ਼ਾਇਰਿੰਗ ਸਿੱਧੀ ਅਕਾਲ ਤਖ਼ਤ ਨੂੰ ਆਉਣੀ ਸ਼ੁਰੂ ਹੋ ਗਈ। ਦਰਸ਼ਨੀ ਡਿਊਢੀ ਦੇ ਦੋਵਾਂ ਪਾਸਿਆਂ ਦਾ ਫ਼ਾਇਰ ਮੀਂਹ ਵਾਂਗ ਵਰ੍ਹਨ ਲੱਗਾ। ਸੰਤ, ਜਨਰਲ ਤੇ ਭਾਈ ਅਮਰੀਕ ਸਿੰਘ ਜੀ ਉਤਲੀ ਛੱਤ ਤੋਂ ਹੇਠਾਂ ਆ ਗਏ।

"ਜਨਰਲ ਸਾਹਿਬ!" ਸੰਤਾਂ ਨੇ ਸੁਬੇਗ ਸਿੰਘ ਦਾ ਚਿਹਰਾ ਤਾੜਦਿਆਂ ਪੁੱਛਿਆ। "ਸ਼ਹੀਦੀ ਸਾਨੂੰ ਆਵਾਜ਼ਾਂ ਮਾਰ ਰਹੀ ਹੈ। ਬੱਚਤ ਤਾਂ ਨਹੀਂ ਸੋਚ ਰਹੇ?"

"ਮਹਾਂਪੁਰਸ਼ੋ! ਬੱਚਤ ਵਾਲੀ ਗੱਲ ਪਹਿਲੇ ਦਿਨੋਂ ਹੀ ਦਿਲ ਵਿਚੋਂ ਕੱਢ ਕੇ ਤੁਰਿਆ ਸਾਂ ਤੇ ਤੁਹਾਡੇ ਚਰਨਾਂ ਦਾ ਆਸਰਾ ਲਿਆ ਸੀ। ਮੈਨੂੰ ਤਾਂ ਹਰ ਤਰ੍ਹਾਂ ਪਤਾ ਸੀ, ਅਸੀਂ ਮਿਲਟਰੀ ਨੂੰ ਹਰਾ ਨਹੀਂ ਸਕਦੇ। ਤਿੰਨ ਸੌ ਤਿੰਨ ਤੇ ਬਾਰ੍ਹਾਂ ਬੋਰਾਂ ਦਾ ਟੈਂਕਾਂ ਦੇ ਗੋਲਿਆਂ ਨਾਲ ਕੀ ਮੁਕਾਬਲਾ? ਪਰ ਅਸਾਂ ਇੰਦਰਾ ਨੂੰ ਗ਼ੈਰਤਮੰਦ ਸਿੱਖ ਕੌਮ ਦਾ ਕਰੈਕਟਰ ਦਰਸਾਉਣਾ ਸੀ ਅਤੇ ਅਣਸਿੱਖਿਤ ਮੁੰਡਿਆਂ ਨਾਲ ਉਹਦੀ ਮਿਲਟਰੀ ਨੂੰ ਤਾਰੇ ਵਿਖਾ ਕੇ ਇੱਕ ਹਿਸਟਰੀ ਪੈਦਾ ਕਰ

ਦਿੱਤੀ। ਉਹ ਜਲਵਾ ਅਸਾਂ ਇੰਦਰਾ ਨੂੰ ਹੀ ਨਹੀਂ, ਸਾਰੇ ਜਹਾਨ ਨੂੰ ਵਿਖਾ ਦਿੱਤਾ ਹੈ।"

ਸੰਤਾਂ ਨੂੰ ਚੜ੍ਹਦੀ ਕਲਾ ਵਾਲਾ ਸੰਤੋਖ ਆ ਗਿਆ। ਓਦੋਂ ਹੀ ਤੋਪ ਦੇ ਗੋਲੇ ਨੇ ਸ੍ਰੀ ਅਕਾਲ ਤਖ਼ਤ ਦੇ ਸਾਹਮਣਿਓਂ ਕਿੰਨਾ ਸਾਰਾ ਮਲਵਾ ਢੇਰ ਕਰ ਦਿੱਤਾ। ਦੋਹਾਂ ਧਿਰਾਂ ਵਲੋਂ ਫ਼ਾਇਰ 'ਤੇ ਫ਼ਾਇਰ ਚੜ੍ਹਿਆ ਆ ਰਿਹਾ ਸੀ। ਤੋਪਾਂ ਦੇ ਫ਼ਾਇਰਾਂ ਨਾਲ ਸ੍ਰੀ ਅਕਾਲ ਤਖ਼ਤ ਦਾ ਗੁੰਬਦ ਢਹਿ ਗਿਆ। ਅੰਦਰ ਲੱਕੜ ਦੇ ਖ਼ਾਨਿਆਂ ਵਿਚ ਸੁਖ ਆਸਣ ਹੱਥ ਲਿਖਤ ਬੀੜਾਂ ਨੂੰ ਅੱਗ ਲੱਗ ਗਈ ਤੇ ਉਹ ਅਸਲੋਂ ਹੀ ਸੜ ਗਈਆਂ। ਗੁੰਬਦ ਪਿੱਛੋਂ ਬੁਰਜੀਆਂ ਤੇ ਬਾਰੀਆਂ ਉਡਦੀਆਂ ਗਈਆਂ। ਦੂਜੀ ਮੰਜ਼ਲ ਵਿਚਲਾ ਸਾਰਾ ਸਾਮਾਨ ਦਰੀਆਂ ਰੁਮਾਲੇ ਤੇ ਗਲੀਚੇ ਸਭ ਸੜ ਗਏ। ਸ੍ਰੀ ਅਕਾਲ ਤਖ਼ਤ ਦਾ ਛੱਜਾ ਪਹਿਲਾਂ ਹੀ ਡਿੱਗ ਚੁੱਕਾ ਸੀ। ਦਰਸ਼ਨੀ ਡਿਉਢੀ ਵਿਚ ਤੋਪਾਂ ਦੇ ਗੋਲਿਆਂ ਨੇ ਮਘੋਰੇ ਪਾ ਦਿੱਤੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਭੇਟ ਕੀਤੀ ਕੀਮਤੀ ਚਾਨਣੀ, ਲੱਕੜ ਦੇ ਬਕਸਿਆਂ ਸਮੇਤ ਸੜ ਗਈ।

ਟੈਂਕਾਂ ਦੀ ਮਦਦ ਨਾਲ ਮਿਲਟਰੀ ਵਾਲਿਆਂ ਦਾ ਹੱਥ ਵਾਹਵਾ ਉੱਤੇ ਹੋ ਗਿਆ। ਟੈਂਕਾਂ ਦੇ ਪਰਕਰਮਾ ਵਿਚ ਆਉਣ ਬਾਰੇ ਸ਼ਰਧਾਲੂ ਸਿੰਘਾਂ ਨਹੀਂ ਸੋਚਿਆ ਸੀ, ਪਰ ਜਨਰਲ ਸੁਬੇਗ ਸਿੰਘ ਨੂੰ ਮਿਲਟਰੀ ਗਿਆਨ ਸਦਕਾ ਪਤਾ ਸੀ। ਲੜਾਈ ਦਾ ਪਹਿਲਾ ਅਸੂਲ ਐ, ਜਿੱਤ ਲਈ ਕੁਝ ਵੀ ਕੀਤਾ ਜਾ ਸਕਦਾ ਹੈ। ਜਿੱਤ ਸਾਰੇ ਐਬਾਂ ਤੇ ਬਿਵਰਜਤਾ ਨੂੰ ਢਕ ਲੈਂਦੀ ਐ। ਲੜਨ ਵਾਲੇ ਮਰਜੀਵੜੇ ਉਹੀ ਅੰਦਰ ਰਹਿ ਗਏ ਸਨ; ਜਿਨ੍ਹਾਂ ਜਿੰਦ ਤਲੀ 'ਤੇ ਰੱਖ ਲਈ ਸੀ। ਜਾਨਾਂ ਬਚਾਉਣ ਵਾਲੇ ਭਗੌੜੇ, ਦੁੱਧ ਪੀਣੇ ਮਜਨੂੰ ਤੇ ਲੁੱਟਾਂ ਖੋਹਾਂ ਕਰਨ ਵਾਲੇ ਮਾਰਖ਼ੋਰੇ ਬਦਮਾਸ਼; ਜਿਹੜੇ ਭੇਖੀ ਸਿੰਘ ਸਜੇ ਹੋਏ ਸਨ; ਪਹਿਲੀ ਤੇ ਤਿੰਨ ਜੂਨ ਵਾਲੀ ਮਿਲਟਰੀ ਦੀ ਅਨਾਊਂਸਮੈਂਟ ਸੁਣ ਕੇ ਪੱਤਰਾ ਵਾਚ ਗਏ ਸਨ। ਹੁਣ ਉਹੀ ਅੰਦਰ ਰਹਿ ਗਏ ਸਨ; ਜਿਨ੍ਹਾਂ ਮਿੱਥ ਲਿਆ ਸੀ, ਸ਼ਹੀਦੀਆਂ ਪਾਉਣੀਆਂ ਹਨ।

ਜਨਰਲ ਸੁਬੇਗ ਸਿੰਘ ਦਾ ਕੇਵਲ ਇੱਕ ਗੱਲ 'ਤੇ ਜ਼ੋਰ ਲੱਗਾ ਹੋਇਆ ਸੀ ਕਿ ਅਸੀਂ ਦਿੱਲੀ ਨੂੰ ਉਹਦੀ ਇੰਦਰਾ ਨੂੰ ਦੱਸ ਦੇਈਏ; ਅਸੀਂ ਸਿੱਖ ਆਣ ਅਣਖ ਨਾਲ ਜੀਣ ਵਾਲੀ ਕੌਮ ਆਂ। ਸਾਨੂੰ ਦਬਾਉਗੇ, ਦੂਣੇ ਚੌਣੇ ਉਭਰਾਂਗੇ। ਤੁਸੀਂ ਦਹੀਂ ਦੇ ਭੁਲੇਖੇ ਕਪਾਹ ਖਾਉਗੇ। ਸਾਡੇ ਸ਼ਹੀਦ ਪੁਰਖਿਆਂ ਦਾ ਇਤਿਹਾਸ ਗਵਾਹ ਹੈ। ਅਸੀਂ ਹਿੰਦੂ ਧਰਮ ਬਚਾਉਣ ਲਈ ਲੜਦੇ ਮਰਦੇ ਰਹੇ। ਅੱਜ ਉਹੀ ਬ੍ਰਾਹਮਣਵਾਦ ਅਹਿਮਦ ਸ਼ਾਹ ਅਬਦਾਲੀ ਬਣ ਕੇ ਸਾਨੂੰ ਕਤਲ ਕਰਨ ਲਈ ਚੜ੍ਹ ਆਇਆ ਹੈ। ਅਸਲੋਂ ਅਕ੍ਰਿਤਘਣ।

ਸਾਡੀ ਕੌਮ ਦਾ ਇਤਿਹਾਸਕ ਸਿਰ ਬੁਲੰਦ ਰਹੇਗਾ। ਆਖ਼ਰ ਨੂੰ ਲਾਹਨਤ ਝੂਠਿਆਂ ਤੇ ਜ਼ੁਲਮ ਕਰਨ ਵਾਲਿਆਂ ਦੇ ਪੱਲੇ ਪਈ ਹੈ। ਇਸ ਤਰ੍ਹਾਂ ਦੇ ਵਿਚਾਰ ਸੁਬੇਗ ਸਿੰਘ ਦੇ ਜਜ਼ਬਾਤ ਨੂੰ ਚੀਰ ਰਹੇ ਸਨ।

ਸੰਤਾਂ ਨੇ ਹੇਠਾਂ ਉੱਤਰ ਕੇ ਆਖਿਆ।

"ਸੁਬੇਗ ਸਿੰਘ ਜੀ, ਇਹ ਤਾਂ ਪ੍ਰਤੱਖ ਈ ਐ, ਅਸੀਂ ਸ਼ਹੀਦ ਹੋਣ ਜਾ ਰਹੇ ਆਂ।"

"ਇਹ ਤਾਂ ਸਾਫ਼ ਈ ਜ਼ਾਹਰ ਹੈ। ਮੈਨੂੰ ਇਸ ਅਹਿਸਾਨ ਫ਼ਰਾਮੋਸ਼ ਕੌਮ 'ਤੇ ਰਹਿ-ਰਹਿ ਗੁੱਸਾ ਆ ਰਿਹਾ ਏ।" ਉਸ ਦੇ ਚਿਹਰੇ ਦਾ ਜੋਸ਼ ਜ਼ਬਤ ਵਿਚ ਠਾਠਾਂ ਮਾਰ ਰਿਹਾ ਸੀ।

"ਇਸ ਵਿਚ ਹਿੰਦੂ ਕੌਮ ਦੋਸ਼ੀ ਨਹੀਂ; ਕੇਵਲ ਇੰਦਰਾ ਦਾ ਰਾਜਕੀ ਬ੍ਰਾਹਮਣਵਾਦ ਤੇ ਹੰਕਾਰ ਦੋਸ਼ੀ ਹੈ।" ਸੰਤਾਂ ਅਸਲ ਦੁਸ਼ਮਣ ਵਲ ਨਿਸ਼ਾਨਾ ਸੇਧਿਆ। "ਹੁਣ ਤਹਿਖ਼ਾਨਿਆਂ

ਵਿਚ ਮਰਨਾ ਕੇਵਲ ਮਰਨਾ ਹੈ। ਬਾਹਰ ਲੜ ਕੇ ਮਾਰਨਾ ਸ਼ਹੀਦ ਹੋਣਾ ਹੈ। ਅਸੀਂ ਸ਼ਹੀਦ ਸੂਰਮਿਆਂ ਦੀ ਔਲਾਦ, ਸ੍ਰੀ ਅਕਾਲ ਤਖ਼ਤ ਦੀ ਰਾਖੀ ਵਿਚ ਬਾਹਰ ਨਿਕਲ ਕੇ ਲੜਦੇ ਜਾਨਾਂ ਵਾਰਾਂਗੇ।"

"ਮੈਂ ਤੁਹਾਡੇ ਨਾਲ ਸੌ ਫ਼ੀਸਦੀ ਸਹਿਮਤ ਆਂ। ਦੁਸ਼ਮਣ ਨੂੰ ਥੋੜ੍ਹਾ ਹੋਰ ਨੇੜੇ ਆ ਜਾਣ ਦਿਓ। ਉਨ੍ਹਾਂ ਨੂੰ ਸੂਰਮਿਆਂ ਵਾਲੇ ਹੱਥ ਵਿਖਾ ਕੇ ਮਰੀਏ। ਸ਼ਹੀਦ ਤਾਂ ਕਦੇ ਵੀ ਹੋਇਆ ਜਾ ਸਕਦਾ ਏ।" ਜਨਰਲ ਸ਼ਹਾਦਤ ਨੂੰ ਤਾਰੀਖ਼ੀ ਤਮਾਸ਼ਾ ਬਣਾ ਕੇ ਲੈਣਾ ਚਾਹੁੰਦਾ ਸੀ।

"ਮਹਾਂਪੁਰਸ਼ੋ! ਮੈਨੂੰ ਜਨਰਲ ਸਾਹਿਬ ਦੀ ਗੱਲ ਵਿਚ ਵਜ਼ਨ ਲੱਗਦਾ ਹੈ।" ਭਾਈ ਅਮਰੀਕ ਸਿੰਘ ਆਪਣੀ ਥਾਂ ਵਿਚਾਰਾਂ ਤੇ ਜਜ਼ਬਾਤ ਦਾ ਨਪੀੜਿਆ ਲੱਗਦਾ ਸੀ।

ਜਦੋਂ ਗੋਲਾਬਾਰੀ ਗੜਿਆਂ ਵਾਂਗ ਡਿੱਗ ਰਹੀ ਹੋਵੇ, ਮੌਤ ਤੇ ਜ਼ਿੰਦਗੀ ਦੋਵੇਂ ਲਹੂ ਲੁਹਾਣ ਹੋਣ; ਸਿਆਣੇ ਲੁਕਮਾਨ ਦੇ ਵੀ ਹੋਸ਼ ਮਾਰੇ ਜਾਂਦੇ ਹਨ। ਇਸ ਬਦਹਵਾਸੀ ਵਿਚ ਵੀ ਸੰਤ ਜਰਨੈਲ ਸਿੰਘ ਸੋਚ ਰਹੇ ਸਨ: ਜੇਕਰ ਸਾਡੀ ਤੇ ਸਾਰੇ ਸਾਥੀਆਂ ਦੀ ਸ਼ਹਾਦਤ ਨਾਲ ਸੁੱਤੀ ਕੌਮ ਜਾਗ ਪਵੇ, ਅਸਲ ਦੁਸ਼ਮਣ ਨੂੰ ਪਿਛਾਣ ਲਵੇ; ਇਹੀ ਸਾਡੀ ਜਿੱਤ ਹੋਵੇਗੀ। ਉਨ੍ਹਾਂ ਸਾਹਮਣੇ ਖ਼ਾਲਸੇ ਦੀ ਚੜ੍ਹਦੀ ਕਲਾ ਦਾ ਨਿਸ਼ਾਨਾ ਸੀ। ਕਾਸ਼! ਇਸ ਬਹਾਦਰ ਕੌਮ ਨੂੰ ਸੂਝਵਾਨ ਲੀਡਰ ਮਿਲਿਆ ਹੁੰਦਾ। ਉਹ ਅੰਗਰੇਜ਼ ਠੀਕ ਆਖਦਾ ਸੀ: 'ਸਿੱਖ ਬਿਨਾਸ਼ਕ ਸ਼ੇਰਾਂ ਦੀ ਕੌਮ ਐ; ਪਰ ਇਸ ਨੂੰ ਗਧੇ ਹੱਕੀ ਫਿਰਦੇ ਹਨ।" ਇਸ ਤੋਂ ਵੱਡੀ ਬਦਕਿਸਮਤੀ ਸਾਡੀ ਕੀ ਹੋ ਸਕਦੀ ਐ, ਸੰਤਾਂ ਨੂੰ ਇੱਕ ਚੜ੍ਹਦੀ ਇੱਕ ਉਤਰਦੀ ਸੀ।

ਸੁਬੇਗ ਸਿੰਘ ਤੋਂ ਲੈ ਕੇ ਸਾਰੇ ਸ਼ਰਧਾਲੂ ਖਾੜਕੂ ਅੰਨ੍ਹੇ, ਗੁੱਸੇ ਤੇ ਜੋਸ਼ ਨਾਲ ਭਰੇ ਹੋਏ ਸਨ। ਦੂਜੇ ਪਾਸੇ ਟੈਂਕਾਂ ਦੀਆਂ ਲੰਮੀਆਂ ਜੀਭਾਂ ਅੱਗ ਉਗਲ ਰਹੀਆਂ ਸਨ। ਯਾਤਰੀ ਜਿਹੜੇ ਦਰਬਾਰ ਸਾਹਿਬ ਵਿਚ ਘਿਰ ਗਏ ਸਨ, ਵਰ੍ਹਦੀਆਂ ਗੋਲੀਆਂ ਵਿਚ ਬੰਦ ਕਮਰਿਆਂ ਵਿਚੋਂ ਬਾਹਰ ਕਿਵੇਂ ਨਿਕਲਦੇ? ਉਹ ਅੰਦਰ ਕੁੰਡੇ ਮਾਰੀ ਡਰੇ ਸਹਿਮੇ ਬੈਠੇ ਸਨ; ਸਾਹ ਰੁਕੇ ਤੇ ਧੜਕਣਾਂ ਤੇਜ਼। ਜ਼ਿੰਦਗੀ ਤੇ ਮੌਤ ਭੈਣਾਂ ਬਣੀਆਂ ਗਲੇ ਮਿਲ ਰਹੀਆਂ ਸਨ। ਅਜਿਹੀ ਸਥਿਤੀ ਤਾਰੀਖ਼ ਨੇ ਕਦੇ ਹੀ ਬਣੀ ਦੇਖੀ ਹੋਵੇਗੀ।

ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨੀ ਜਥੇ ਦਾ ਇੱਕ ਸਿੰਘ ਗੋਲੀ ਲੱਗਣ ਨਾਲ ਸ਼ਹੀਦ ਹੋ ਚੁੱਕਾ ਸੀ ਅਤੇ ਦੂਜਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਉਹ ਦਰਬਾਰ ਦੀ ਮਰਯਾਦਾ ਸਿਦਕ ਨਾਲ ਡਰ ਭੈਅ ਤੋਂ ਬਿਨਾਂ ਡਿਊਟੀ ਨਿਭਾਹ ਰਹੀ ਸੀ। ਸ੍ਰੀ ਦਰਬਾਰ ਸਾਹਿਬ ਦੀ ਪੁਰਾਣੀ ਬੀੜ ਜਿਹੜੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਸੀ; ਵਿਚੋਂ ਦੀ ਗੋਲੀ ਲੰਘ ਗਈ ਸੀ। ਚਾਰ ਜੂਨ ਦਾ ਸ਼ੁਰੂ ਕੀਤਾ ਅਖੰਡ ਪਾਠ ਵਰ੍ਹਦੀਆਂ ਗੋਲੀਆਂ ਵਿਚ ਚਾਲੂ ਰੱਖਿਆ ਅਤੇ ਛੇ ਜੂਨ ਨੂੰ ਸਵੇਰੇ ਭੋਗ ਪਾਇਆ ਗਿਆ। ਪੰਜ ਦੀ ਰਾਤ ਨੂੰ ਵਰ੍ਹਦੀਆਂ ਗੋਲੀਆਂ ਵਿਚ ਕੋਈ ਪਾਠੀ ਨਾ ਪਹੁੰਚ ਸਕਿਆ। ਸ਼ਾਬਾਸ਼ ਦਰ ਸ਼ਾਬਾਸ਼ ਉਸ ਪਾਠੀ ਦੇ, ਜਿਸ ਚੌਦਾਂ ਘੰਟੇ ਦੀ ਡਿਊਟੀ ਨਿਭਾਹ ਕੇ ਪਾਠ ਸੰਪੂਰਨ ਕੀਤਾ। ਸਮਝੋ ਗੁਰੂ ਆਪ ਉਸ ਸਿੰਘ ਦਾ ਮਦਦਗਾਰ ਸੀ, ਜਿਸ ਪਾਠ ਖੰਡਿਤ ਨਹੀਂ ਹੋਣ ਦਿੱਤਾ।

ਟੈਂਕਾਂ ਦੀ ਆੜ ਵਿਚ ਮਿਲਟਰੀ ਦੇ ਸਿਪਾਹੀ ਅੱਗੇ ਵੱਧਣੇ ਸ਼ੁਰੂ ਹੋਏ। ਜਿੱਧਰੋਂ ਇੱਕ ਗੋਲੀ ਆਉਂਦੀ, ਉਸ ਪਾਸੇ ਨੂੰ ਹੀ ਤੋਪ ਦਾ ਮੂੰਹ ਫੇਰ ਦਿੱਤਾ ਜਾਂਦਾ। ਮਸ਼ੀਨਗਨਾਂ ਬੁਛਾੜ ਕਰ ਰਹੀਆਂ ਸਨ। ਸੰਤ ਤੇ ਅਮਰੀਕ ਸਿੰਘ ਛੇ ਜੂਨ ਦੀ ਸਵੇਰ ਨੂੰ ਕ੍ਰਿਆ ਸੋਧਨ ਫਲੱਸ਼ ਟੱਟੀਆਂ

ਵਿਚ ਗਏ। ਉਹ ਪੰਜ ਇਸ਼ਨਾਨਾ ਕਰਕੇ ਹੀ ਵਾਪਸ ਆ ਗਏ। ਤੋਪਾਂ ਦੀ ਗੋਲਾਬਾਰੀ ਨੇ ਸਿੰਘਾਂ ਦੇ ਫ਼ਾਇਰ ਢਿੱਲੇ ਪਾ ਦਿੱਤੇ। ਭਾਈ ਅਮਰੀਕ ਸਿੰਘ ਤੇ ਸੁਬੇਗ ਸਿੰਘ ਪਹਿਲੋਂ ਤਹਿਖ਼ਾਨੇ ਵਿਚੋਂ ਨਿਕਲੇ। ਸਾਹਮਣੇ ਆਏ ਸਿਪਾਹੀ ਉਨ੍ਹਾਂ ਫੁੰਡ ਸੁੱਟੇ। ਦੂਜੇ ਪਲ ਉਹ ਆਪ ਗੋਲੀਆਂ ਖਾ ਕੇ ਡਿੱਗ ਪਏ। ਸੰਤ, ਸੁਬੇਗ ਸਿੰਘ ਦੇ ਸਿਰ 'ਤੇ ਆਣ ਖਲੋਤੇ।

"ਮਹਾਂਪੁਰਸ਼ੋ! ਆਪਣਾ ਸਿਰ ਮੈਂ ਤੁਹਾਡੇ ਚਰਨਾਂ ਵਿਚ ਰੱਖ ਦਿੱਤਾ ਹੈ, ਪ੍ਰਵਾਨ ਕਰੋ। ਤੁਹਾਡਾ ਵਚਨ ਮੰਨਿਆ ਤੇ ਆਪਣਾ ਪ੍ਰਣ ਪਾਲ.....ਦਿੱਤਾ।" ਉਹਦੀ ਜ਼ਬਾਨ ਅਟਕਾ ਖਾ ਗਈ।

ਸੰਤਾਂ ਨੀਵੇਂ ਹੋ ਕੇ ਜਨਰਲ ਸੁਬੇਗ ਸਿੰਘ ਨੂੰ ਚੁੱਕ ਕੇ ਆਪਣੀ ਛਾਤੀ ਨਾਲ ਲਾਉਣਾ ਚਾਹੁੰਦੇ ਸਨ; ਜਦੋਂ ਕਾਇਰ ਕਰਦੀ ਗੋਲੀ ਉਨ੍ਹਾਂ ਦੀ ਛਾਤੀ ਵਿਚ ਆ ਵੱਜੀ।

"ਸਿੰਘਾ! ਗੁਰੂ ਦੇ ਘਰ ਤੇਰੀ ਸ਼ਹਾਦਤ ਪ੍ਰਵਾਨ ਚੜ੍ਹੀ। ਤੇਰੀ ਸੂਰਮਤਾਈ ਦੀਆਂ ਇਤਿਹਾਸ ਵਾਰਾਂ ਗਾਵੇਗਾ।" ਦੂਜੀ ਗੋਲੀ ਉਨ੍ਹਾਂ ਦੀ ਅੱਖ ਵਿਚ ਆ ਲੱਗੀ। "ਵਾਹਿਗੁਰੂ ਤੁਹਾਡਾ ਹੁਕਮ ਤੇ ਭਾਣਾ ਪ੍ਰਵਾਨ।" ਉਹ ਗੇੜਾ ਖਾ ਕੇ ਜਨਰਲ ਸੁਬੇਗ ਸਿੰਘ ਤੋਂ ਚਾਰ ਕਦਮ ਪਾਸੇ ਡਿੱਗ ਪਏ।

ਉਹ ਹਾਲੇ ਜਿੰਦਾ ਸਨ ਤੇ ਆਪੇ ਨਾਲ ਗੱਲਾਂ ਕਰ ਰਹੇ ਸਨ। "ਨਾਸਤਿਕ ਇੰਦਰਾ, ਤੂੰ ਸਿੱਖ ਕੌਮ ਨੂੰ ਸਤਾਇਆ ਹੈ, ਗੁਰੂ ਘਰ ਨੂੰ ਢਾਹਿਆ ਹੈ, ਤੂੰ ਸੁਖੀ ਨਹੀਂ ਵਸੇਂਗੀ, ਨਹੀਂ ਵਸੇਂਗੀ।" ਫਿਰ ਉਨ੍ਹਾਂ 'ਵਾਹਿਗੁਰੂ ਵਾਹਿਗੁਰੂ' ਜਪਦਿਆਂ ਪ੍ਰਾਣ ਤਿਆਗ ਦਿੱਤੇ ਅਤੇ ਕੌਮ ਦੇ ਸੁੱਤੇ ਬਲ ਨੂੰ ਜਗਾਉਣ ਦਾ ਸੁਨੇਹਾ ਛੱਡ ਗਏ।

ਦੋਵਾਂ ਪਾਸਿਆਂ ਤੋਂ ਅੱਠ ਕੁ ਵਜੇ ਗੋਲੀ ਚੱਲਣੀ ਬੰਦ ਹੋ ਗਈ। ਇੰਦਰਾ ਨੂੰ ਵਧਾਈਆਂ ਭੇਜੀਆਂ ਗਈਆਂ। ਮਿਲਟਰੀ ਦੇ ਸਿਪਾਹੀ ਬੂਟਾਂ ਸਮੇਤ ਪਰਕਰਮਾ ਵਿਚ ਵਿਛੀਆਂ ਲਾਸ਼ਾਂ ਉੱਤੋਂ ਦੀ ਦੜਦੜਾਂਦੇ ਲੰਘਦੇ ਆ ਰਹੇ ਸਨ। ਹਮਲੇ ਦਾ ਇੰਚਾਰਜ ਸਿੱਖ ਬਰਾੜ ਮਨ ਵਿਚ ਸੋਚ ਰਿਹਾ ਸੀ, ਮੈਂ ਆਪਣੀ ਹਾਈ ਕਮਾਂਡ ਦਾ ਹੁਕਮ ਵਜਾਇਆ ਏ। ਮੇਰੇ ਸਾਹਮਣੇ ਹੋਰ ਕੋਈ ਚਾਰਾ ਹੀ ਨਹੀਂ ਸੀ, ਜਿਸ ਗੁਰੂ ਦੀ ਸੌਂਹ ਖਾ ਕੇ ਮਿਲਟਰੀ ਵਿਚ ਆਇਆ ਸੀ, ਉਸ ਦਾ ਹੀ ਘਰ ਢਾਹ ਸੁੱਟਿਆ। ਸ੍ਰੀ ਅਕਾਲ ਤਖ਼ਤ ਬਰਬਾਦ ਕਰਕੇ ਗੁਰੂ ਦਾ ਨਿਰਾਦਰ ਕੀਤਾ ਹੈ। ਗੁਰੂ ਸਜ਼ਾ ਦੇਵੇਗਾ ਤਾਂ ਭੁਗਤਾਂਗਾ। ਬਰਾੜ ਵੰਸ਼ ਤੋਂ ਤਾਂ ਹਾਲੇ ਤੱਕ ਪਹਾੜਾ ਸਿੰਘ ਦੀ ਗ਼ਦਾਰੀ ਨਹੀਂ ਲੱਥੀ। ਇੱਕ ਮਹਾਂ ਪਾਪ ਹੋਰ ਕਮਾ ਲਿਆ। ਇਹ ਵਿਚਾਰਾਂ ਮਿਲਟਰੀ ਦੇ ਹੋਰ ਸਿੱਖ ਅਫ਼ਸਰ ਤੇ ਸਿਪਾਹੀ ਦੇ ਦਿਲ ਨੂੰ ਚੀਰ ਰਹੀਆਂ ਸਨ। ਸਾਰੀ ਮਿਲਟਰੀ ਆਪਣੀ ਥਾਂ ਘਬਰਾਈ ਹੋਈ ਸੀ।

ਸੰਤਾਂ ਦੇ ਨਾਲ ਦੇ ਸਾਰੇ ਸਾਥੀ ਸ਼ਹੀਦ ਹੋ ਗਏ ਸਨ। ਉਨ੍ਹਾਂ ਬਿਨਾਂ ਕਿਸੇ ਡਰ-ਭੈਅ ਦੇ ਸ਼ਹਾਦਤ ਨੂੰ ਗਲਵੱਕੜੀ ਪਾਈ ਸੀ। ਇੱਕ ਪਾਸੇ ਗ਼ਲਤ ਕਾਨੂੰਨ ਸੀ, ਜਿਹੜਾ ਦੇਸ਼ ਦੀ ਫ਼ੌਜ ਤੋਂ ਦੇਸ਼ ਦੇ ਧਾਰਮਿਕ ਅਸਥਾਨਾਂ 'ਤੇ ਹਮਲਾ ਕਰਵਾ ਰਿਹਾ ਸੀ। ਦੂਜੇ ਪਾਸੇ ਦੜਦੜਾਂਦਾ ਸੱਚ, ਲੋਕਾਂ ਦੀ ਆਣ-ਅਣਖ ਲਈ ਸ਼ਹੀਦੀਆਂ ਪਾ ਰਿਹਾ ਸੀ। ਸ੍ਰੀ ਦਰਬਾਰ ਸਾਹਿਬ ਤੋਂ ਬਾਹਰਲੇ ਟਿਕਾਣਿਆਂ ਦੇ ਕੁਝ ਸਿੰਘ ਪੰਜ ਤੋਂ ਸੱਤ ਵਜੇ ਦੇ ਕਰਫਿਊ ਸਮੇਂ ਅੱਖ ਬਚਾ ਕੇ ਨਿਕਲ ਗਏ, ਬਚ ਗਏ ਸਨ। ਉਨ੍ਹਾਂ ਦੀ ਗਿਣਤੀ ਪੰਜ ਸੱਤ ਤੋਂ ਬਹੁਤੀ ਨਹੀਂ ਸੀ।

ਲਾਸ਼ਾਂ ਦੀ ਸ਼ਨਾਖ਼ਤ ਲਈ ਬੰਦੇ ਭਾਲੇ ਜਾਣ ਲੱਗੇ। ਕਰਫਿਊ ਕਾਰਨ ਸਾਰਾ ਅੰਮ੍ਰਿਤਸਰ

ਬੰਦ ਸੀ। ਰੇਡਿਓ ਖ਼ਬਰਾਂ ਅਨੁਸਾਰ ਕਰਫ਼ਿਊ ਹੋਰ ਵਧਾ ਦਿੱਤਾ। ਛੇ ਜੂਨ ਨੂੰ ਰੇਡਿਓ ਨੇ ਮਿਲਟਰੀ ਦੇ ਪਰਕਰਮਾ ਵਿਚ ਦਾਖ਼ਲ ਹੋਣ ਦੀ ਪੁਸ਼ਟੀ ਕਰ ਦਿੱਤੀ। ਟੌਹੜਾ ਸਾਹਿਬ ਤੇ ਲੌਂਗੋਵਾਲ ਜੀ ਗ੍ਰਿਫ਼ਤਾਰ ਹੋ ਚੁੱਕੇ ਸਨ। ਕਰਫ਼ਿਊ ਵਿਚ ਦਿੱਤੀ ਹੋਰ ਢਿੱਲ ਸਮੇਂ ਪੱਤਰਕਾਰ ਮਿਲਟਰੀ ਨਾਲ ਪਰਕਰਮਾ ਵਿਚ ਉਤਰੇ। ਉਨ੍ਹਾਂ ਭਿਆਨਕ ਨਜ਼ਾਰਾ ਦੇਖਿਆ। ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਮਿਊਂਸੀਪਲ ਦੀਆਂ ਕੂੜਾ ਢੋਹਣ ਵਾਲੀਆਂ ਗੱਡੀਆਂ ਵਿਚ ਹੇਠਾਂ-ਉੱਤੇ ਲੱਦੀਆਂ ਜਾ ਰਹੀਆਂ ਸਨ। ਗਰਮੀ ਨੇ ਲਾਸ਼ਾਂ ਸਾੜ ਸੁੱਟੀਆਂ ਸਨ। ਬਦਬੂ ਦੇ ਭਬੂਕੇ ਉੱਠ ਰਹੇ ਸਨ। ਸਫ਼ਾਈ ਮਜ਼ਦੂਰਾਂ ਨੂੰ ਫਾਲਤੂ ਦਿਹਾੜੀ ਦਿੱਤੀ ਗਈ, ਸ਼ਰਾਬ ਪਿਲਾਈ ਗਈ। ਉਨ੍ਹਾਂ ਨੂੰ ਹੋਰ ਲਾਲਚ ਦਿੱਤਾ ਗਿਆ ਕਿ ਲਾਸ਼ਾਂ ਦੀਆਂ ਜੇਬ੍ਹਾਂ ਦਾ ਨਕਦ ਮਾਲ, ਸੋਨੇ ਦੀਆਂ ਮੁੰਦਰੀਆਂ ਤੇ ਕੜੇ ਆਦਿ ਤੁਹਾਡੇ ਹੋਣਗੇ, ਪਰ ਲਾਸ਼ਾਂ ਜਲਦੀ ਤੋਂ ਜਲਦੀ ਸ਼ਮਸ਼ਾਨ ਘਾਟ ਅੱਪੜਦੀਆਂ ਕਰ ਦੇਵੋ। ਸ਼ਰਾਬੀ ਸਫ਼ਾਈ ਮਜ਼ਦੂਰਾਂ ਦੇ ਵਾਰੇ ਨਿਆਰੇ ਹੋ ਰਹੇ ਸਨ। ਹੁਣ ਉਨ੍ਹਾਂ ਨੂੰ ਹੋਰ ਬਦਬੂ ਨਹੀਂ ਆ ਰਹੀ ਸੀ। ਸਾਢੇ ਤਿੰਨ ਹਜ਼ਾਰ ਲਾਸ਼ਾਂ ਤਿੰਨਾਂ ਸ਼ਮਸ਼ਾਨ ਘਾਟਾਂ ਵਿਚ ਉਤਾਰੀਆਂ ਗਈਆਂ, ਜਿੱਥੇ ਕਈ ਲਾਸ਼ਾਂ ਹੇਠਾਂ-ਉੱਤੇ ਰੱਖ ਕੇ ਸਾੜੀਆਂ ਗਈਆਂ। ਅੰਮ੍ਰਿਤਸਰ ਮਰਿਆਂ ਸਮਾਨ ਆਪਣੀ ਹੋਣੀ ਨਾਲ ਸਿਸਕ ਰਿਹਾ ਸੀ।

ਇਨ੍ਹਾਂ ਲਾਸ਼ਾਂ ਦੀ ਚੁੱਕ ਚੁਕਾਈ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿਚ ਰਹਿਣ ਵਾਲਿਆਂ ਤੋਂ ਲਾਸ਼ਾਂ ਦੀ ਸ਼ਨਾਖ਼ਤ ਕਰਵਾਈ ਗਈ। ਜ਼ਰੂਰੀ ਲਾਸ਼ਾਂ ਸੰਤ ਜਰਨੈਲ ਸਿੰਘ, ਜਰਨਲ ਸੁਬੇਗ ਸਿੰਘ ਤੇ ਭਾਈ ਅਮਰੀਕ ਸਿੰਘ ਦੀਆਂ ਸਨ। ਜਨਰਲ ਤੇ ਭਾਈ ਅਮਰੀਕ ਸਿੰਘ ਦੀ ਸਨਾਖ਼ਤ ਮਿਲਟਰੀ ਵਾਲਿਆਂ ਤੇ ਉੱਥੇ ਰਹਿਣ ਵਾਲਿਆਂ ਕਰ ਦਿੱਤੀ। ਪਰ ਸੰਤਾਂ ਵਾਲੀ ਸ਼ਨਾਖ਼ਤ ਦੋਚਿੱਤੀ ਵਿਚ ਪਈ ਹੋਈ ਸੀ। ਪੱਕੀ ਤਸਦੀਕ ਲਈ ਸੰਤਾਂ ਦੇ ਭਰਾ ਸ੍. ਹਰਚਰਨ ਸਿੰਘ ਨੂੰ ਸੂਬੇਦਾਰ ਤੋਂ ਕੈਪਟਨ ਬਣਾ ਕੇ ਲਿਆਂਦਾ ਗਿਆ। ਸੰਤਾਂ ਦੀ ਲਾਸ਼ ਵੇਖ ਕੇ ਉਸ ਦਾ ਮਨ ਭਰ ਆਇਆ।

"ਹਾਂ, ਇਹ ਮੇਰੇ ਭਰਾ ਦੀ ਲਾਸ਼ ਐ।" ਜ਼ਖ਼ਮਾਂ ਨਾਲ ਲਹੂ-ਲੁਹਾਣ ਪਛਾਣੀ ਨਹੀਂ ਜਾ ਰਹੀ ਸੀ।

ਮਿਲਟਰੀ ਅਫ਼ਸਰਾਂ ਸਮਝਿਆ, ਹੋਰ ਤਸਦੀਕ ਦੀ ਲੋੜ ਨਹੀਂ। ਬਰਫ਼ ਵਿਚ ਲਾ ਕੇ ਸੰਤਾਂ ਦੀ ਲਾਸ਼ ਚੌਕ ਘੰਟਾ ਘਰ ਵਾਲੇ ਪਾਸੇ ਲਿਆਂਦੀ ਗਈ। ਕਾਫ਼ੀ ਸਮਾਂ ਲਾਸ਼ ਰੇੜ੍ਹੀ 'ਤੇ ਪਈ ਬਾਹਰ ਸੱਜਣਾਂ ਵੇਖੀ, ਜਿਹੜੇ ਦਰਬਾਰ ਸਾਹਿਬ ਕੰਪਲੈਕਸ ਵਿਚ ਰਹਿੰਦੇ ਸਨ। ਸੁਬੇਗ ਸਿੰਘ, ਭਾਈ ਅਮਰੀਕ ਸਿੰਘ ਤੇ ਸੰਤਾਂ ਦੀ ਲਾਸ਼ ਦੇ ਪੋਸਟਮਾਰਟਮ ਕੀਤੇ ਗਏ। ਇੱਕ ਸਿੱਖ ਕਰਨਲ ਨੇ ਆਖਿਆ, ਇਨ੍ਹਾਂ ਦਾ ਸਸਕਾਰ ਪੂਰੀ ਮਰਯਾਦਾ ਨਾਲ ਕਰਨਾ ਹੈ, ਘਿਓ ਦਾ ਡੱਬਾ ਸ਼ਹੀਦਾਂ ਦੇ ਗੁਰਦੁਆਰਿਓਂ ਲਿਆਂਦਾ ਗਿਆ। ਉਨ੍ਹਾਂ ਤਿੰਨਾਂ ਨੂੰ ਇਕੱਠਿਆਂ ਲਾਂਬੂ ਲਾਇਆ ਗਿਆ।

ਉਨੱਤੀਵਾਂ ਕਾਂਡ

ਸੱਤ ਜੂਨ ਨੂੰ ਮਿਉਂਸੀਪਲ ਦੇ ਸਫ਼ਾਈ ਮਜ਼ਦੂਰਾਂ ਤੇ ਸੇਵਾਦਾਰਾਂ ਤੋਂ ਪਰਕਮਾ ਅਤੇ ਗੁਰੂ ਰਾਮਦਾਸ ਸਰਾਂ ਵਿਚੋਂ ਧੱਕੇ ਨਾਲ ਲਾਸ਼ਾਂ ਚੁਕਵਾਈਆਂ ਜਾ ਰਹੀਆਂ ਸਨ। ਸੰਤ ਛੇ ਦੀ ਸਵੇਰ ਨੂੰ ਹੀ ਸ਼ਹੀਦ ਹੋ ਚੁੱਕੇ ਸਨ। ਸ੍ਰੀ ਹਰਿਮੰਦਰ ਸਾਹਿਬ ਵਿਚ ਭੰਗ ਹੋਈ ਕੀਰਤਨ ਮਰਯਾਦਾ ਦੁਬਾਰਾ ਚਾਲੂ ਕਰਵਾਈ ਗਈ। ਦੋਵਾਂ ਪਾਸਿਆਂ ਤੋਂ ਗੋਲਾਬਾਰੀ ਬੰਦ ਹੋ ਚੁੱਕੀ ਸੀ। ਪਤਾ ਨਹੀਂ ਮਿਲਟਰੀ ਅਫ਼ਸਰਾਂ ਦੇ ਦਿਮਾਗ਼ ਵਿੱਚ ਕੀ ਆਈ, ਉਨ੍ਹਾਂ ਰੈਫ਼ਰੈਂਸ ਲਾਇਬ੍ਰੇਰੀ ਨੂੰ ਅੱਗ ਲਾ ਦਿੱਤੀ, ਉੱਥੇ ਨਾ ਕੋਈ ਖਾੜਕੂ ਸੀ ਤੇ ਨਾ ਹੀ ਕੋਈ ਮੋਰਚਾ। ਦੁਰਲੱਭ ਧਾਰਮਿਕ ਪੁਸਤਕਾਂ, ਕੀਮਤੀ ਖਰੜੇ ਤੇ ਹੋਰ ਸਾਮਾਨ ਸਾੜ ਕੇ ਸਵਾਹ ਕਰ ਦਿੱਤਾ। ਕਿਸੇ ਨਹੀਂ ਸੋਚਿਆ, ਗਿਆਨ ਦਾ ਭੰਡਾਰ ਸਾੜ ਕੇ ਆਪਣੀ ਮੂਰਖ਼ਤਾ ਦਾ ਦਿਵਾਲਾ ਕੱਢ ਰਹੇ ਆਂ। ਮਿਸਰ ਫ਼ਤਹਿ ਕਰਨ ਵਾਲੇ ਜਨੂੰਨੀ ਮੁਸਲਮਾਨ ਜਨਰਲ ਦੇ ਦੁਨੀਆਂ ਦਾ ਸਭ ਤੋਂ ਪੁਰਾਣਾ ਤੇ ਵੱਡਾ ਕੁਤਬਖ਼ਾਨਾ ਸਕੰਦਰੀਆਂ ਵਿਚ ਇਹ ਕਹਿ ਕੇ ਸਾੜ ਦਿੱਤਾ, 'ਜਦੋਂ ਇਲਾਹੀ ਕਿਤਾਬ ਕੁਰਾਨ ਸ਼ਰੀਫ਼ ਮੌਜੂਦ ਹੈ, ਹੋਰ ਪੁਸਤਕਾਂ ਦੀ ਕੀ ਲੋੜ ਐ?' ਗਿਆਨ ਦੇ ਭੰਡਾਰ ਤੇ ਕੌਮੀ ਵਿਰਾਸਤ ਸਾਂਭੀ ਬੈਠੀ ਰੈਫ਼ਰੈਂਸ ਲਾਇਬ੍ਰੇਰੀ ਨੂੰ ਸਾੜਨ ਪਿੱਛੇ ਫ਼ਿਰਕੂ ਕੌਮੀ ਸ਼ਹੀਦਾਂ ਦੀ ਵਿਰਾਸਤ ਅਤੇ ਇਤਿਹਾਸਕ ਤੱਥਾਂ ਨੂੰ ਤਬਾਹ ਕਰ ਦਿੱਤਾ ਜਾਵੇ ਤਾਂ ਜੋ ਸੰਤ ਸਿਪਾਹੀ ਤੇ ਸਿੱਖ ਮਰਜੀਵੜੇ ਪੈਦਾ ਹੋਣੇ ਹੀ ਬੰਦ ਹੋ ਜਾਣ। ਇਹ ਯਤਨ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਦਾ ਸਰੋਵਰ ਮਿੱਟੀ ਨਾਲ ਪੂਰ ਕੇ ਵੀ ਕੀਤਾ ਸੀ। ਇਸ ਤਰ੍ਹਾਂ ਹੀ ਪਾਕਿਸਤਾਨ ਫ਼ੌਜ ਨੇ ਢਾਕਾ ਯੂਨੀਵਰਸਿਟੀ ਦੇ ਬੁੱਧੀਜੀਵੀ ਪ੍ਰੋਫ਼ੈਸਰਾਂ ਨੂੰ ਮਾਰ ਕੇ ਕੌਮੀ ਜਜ਼ਬਾ ਤਬਾਹ ਕਰਨ ਦੀ ਬੇਰਹਿਮ ਕੋਸ਼ਿਸ਼ ਕੀਤੀ ਸੀ। ਪਰ ਕੁਦਰਤ ਬਹੁਤ ਮਹਾਨ ਹੈ, ਸੱਚ ਦੇ ਸੂਰਜ ਨੂੰ ਚੜ੍ਹਨ ਤੋਂ ਕੋਈ ਝੂਠ ਅਥਵਾ ਜ਼ੁਲਮ ਦਾ ਬਦਲ ਰੋਕ ਨਹੀਂ ਸਕਿਆ। ਉਹ ਕਿਸੇ ਵੀ ਤਰ੍ਹਾਂ ਦੇ ਜ਼ੁਲਮ-ਜਨੂੰਨ ਤੋਂ ਉਤਾਂਹ ਦੀ ਸ਼ਕਤੀ ਹੈ, ਜਿਹੜੀ ਆਪਣੇ ਸੁਭਾਅ ਅਨੁਸਾਰ ਵਧਦੀ ਫੁੱਲਦੀ ਐ।

ਰੈਫ਼ਰੈਂਸ ਲਾਇਬ੍ਰੇਰੀ ਸਾੜਨ ਪਿੱਛੋਂ ਫ਼ੌਜ ਨੇ ਗੁਰੂ ਨਾਨਕ ਨਿਵਾਸ ਨੂੰ ਅੱਗ ਲਾਈ। ਸ੍ਰੀ ਦਰਬਾਰ ਸਾਹਿਬ ਦਾ ਦਫ਼ਤਰ ਨਾਨਕ ਨਿਵਾਸ ਵਿਚ ਸੀ। ਸ੍ਰੀ ਦਰਬਾਰ ਸਾਹਿਬ ਦਾ ਖ਼ਜ਼ਾਨਾ ਫ਼ੌਜ ਨੇ ਲੁੱਟ ਲਿਆ। ਇਸ ਤਰ੍ਹਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੱਗ ਲਾ ਕੇ ਖ਼ਜ਼ਾਨਾ ਲੁੱਟ ਲਿਆ। ਇਨ੍ਹਾਂ ਥਾਵਾਂ 'ਤੇ ਨਾ ਕੋਈ ਮੋਰਚਾ ਸੀ ਤੇ ਨਾ ਹੀ ਕੋਈ ਖਾੜਕੂ ਗੋਲੀ ਚਲਾਉਂਦਾ ਰਿਹਾ ਸੀ। ਮਹਿਮੂਦ ਗਜ਼ਨਵੀ ਨੇ ਜਿਵੇਂ ਸੋਮਨਾਥ ਦਾ ਮੰਦਰ ਤੋੜਿਆ ਤੇ ਲੁੱਟਿਆ ਸੀ, ਬਿਲਕੁਲ ਉਸੇ ਜ਼ੁਲਮ ਤੇ ਕਤਲੇਆਮ ਨੂੰ ਲੜਾਈ ਬੰਦ ਹੋ ਜਾਣ ਪਿੱਛੋਂ ਦੁਹਰਾਇਆ ਗਿਆ। ਇੰਦਰਾ ਕੋਲ ਤਾਕਤ ਸੀ ਅਤੇ ਤਾਕਤ ਦੇ ਨਸ਼ੇ ਨਾਲ ਹੰਕਾਰ ਵੀ ਸਿਰ ਨੂੰ ਚੜ੍ਹਿਆ ਹੋਇਆ ਸੀ। ਇਸੇ ਕਾਰਨ ਉਸ ਅਲਾਹਾਬਾਦ ਹਾਈਕੋਰਟ ਦੇ ਆਪਣੇ ਵਿਰੁੱਧ ਲਏ ਗਏ ਫ਼ੈਸਲੇ ਨੂੰ ਪਰ੍ਹਾਂ ਵਗਾਹ ਮਾਰਿਆ ਤੇ ਅਸਤੀਫ਼ਾ ਨਹੀਂ ਦਿੱਤਾ ਸੀ। ਤ੍ਰੀਆ ਹੱਠ ਨਾਲ ਪ੍ਰਧਾਨ ਮੰਤਰੀ ਬਣੀ ਰਹੀ। ਇਹ ਤਾਕਤ ਕਾਨੂੰਨ, ਅਸੂਲ, ਧਰਮ ਅਤੇ ਇਖ਼ਲਾਕੀ ਕਦਰਾਂ-ਕੀਮਤਾਂ

ਦੀ ਪ੍ਰਵਾਹ ਨਹੀਂ ਕਰਦੀ। ਇਸੇ ਕਾਰਨ ਖ਼ੂਨ-ਖ਼ਰਾਬਿਆਂ ਅਤੇ ਘੱਲੂਘਾਰਿਆਂ ਨਾਲ ਦੁਨੀਆਂ ਦੀ ਤਾਰੀਖ਼ ਭਰੀ ਪਈ ਐ। ਤਾਕਤ ਵਿਚ ਮਦਮੱਤਾ ਮਨੁੱਖ ਬੀਤੇ ਦੇ ਕਾਰਨਾਮਿਆਂ ਤੋਂ ਸਿੱਖਦਾ ਘੱਟ, ਪਰ ਜ਼ੋਰ ਜ਼ਬਰ ਨਾਲ ਸਿਖਾਉਂਦਾ ਬਹੁਤ ਹੈ।

ਸਮੇਂ ਦੀ ਰਵਾਨੀ ਨਾਲ ਮਨੁੱਖ ਦਾ ਹੰਕਾਰ ਚੜ੍ਹਦਾ ਹੈ। ਜਿਹੜਾ ਚੜ੍ਹਦਾ ਹੈ, ਉਸੇ ਰਵਾਨੀ ਨਾਲ ਉਤਰਦਾ ਹੈ। ਹਮਲਾ ਕਰਨ ਤੋਂ ਪਹਿਲਾਂ ਕਈ ਸੰਜੀਦਾ ਲੋਕਾਂ ਇੰਦਰਾ ਨੂੰ ਸਲਾਹ ਦਿੱਤੀ ਸੀ, ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਭੈੜੇ ਨਤੀਜੇ ਪੈਦਾ ਕਰ ਸਕਦਾ ਹੈ। ਅਮੋਨੀਆ ਗੈਸ ਦੇ ਦੋ ਸਿਲੰਡਰ ਲੰਗਰ ਦੀ ਛੱਤ 'ਤੇ ਸੁੱਟੇ ਅਤੇ ਬੇਹੋਸ਼ ਹੋਏ ਸੰਤ ਜਰਨੈਲ ਸਿੰਘ ਨੂੰ ਫੜ ਲਵੇ। ਹਮਲਾ ਕਰਨ ਅਥਵਾ ਨਾਹੱਕ ਖ਼ੂਨ-ਖਰਾਬਾ ਕਰਨ ਦੀ ਕੋਈ ਲੋੜ ਨਹੀਂ, ਸਿੰਘ ਭੂੰਡਾਂ ਵਰਗੇ ਹਨ, ਇਨ੍ਹਾਂ ਨੂੰ ਨਾ ਛੇੜੋ। ਪਰ ਇੰਦਰਾ ਨੇ ਸਲਾਹਕਾਰਾਂ ਨੂੰ ਆਖਿਆ,

"ਸਿੱਖ ਅਬ ਪੁਰਾਣੇ ਸਿਦਕ ਔਰ ਕੁਰਬਾਨੀ ਵਾਲੇ ਨਹੀਂ ਰਹੇ। ਇਨ ਕੀ ਜ਼ਮੀਰੇਂ ਮਰ ਚੁਕੀ ਹੈਂ। ਯਹ ਲੋਕ ਕੁਰਸੀ ਲੇਨੇ ਕੇ ਲੀਏ ਪੰਜਾਬ ਕਾ ਕੁਝ ਵੀ ਵੇਚ ਸਕਤੇ ਹੈਂ। ਹਮਾਰੇ ਪਾਲੇ ਹੂਏ ਗ਼ਦਾਰ ਬਹੁਤ ਹੈਂ। ਯਹ ਹਮਲਾ ਤੋ ਹੋ ਕਰ ਰਹੇਗਾ। ਇਨ ਕੋ ਸਬਕ ਸਿਖਾਣਾ ਜ਼ਰੂਰੀ ਹੈ।"

ਸਭ ਸਲਾਹਕਾਰਾਂ ਦੀ ਜ਼ਬਾਨ ਬੰਦ ਹੋ ਗਈ ਅਤੇ ਫ਼ੌਜ ਨੇ ਸੰਤ ਜਰਨੈਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਮਾਰਨ ਤੋਂ ਬਿਨਾਂ ਹਜ਼ਾਰਾਂ ਯਾਤਰੀ ਵੀ ਮਾਰ ਘੱਤੇ। ਬੇਲੋੜੀ ਤਬਾਹੀ, ਅੱਗਾਂ ਤੇ ਲੁੱਟ-ਮਾਰ ਕੀਤੀ ਗਈ। ਇੰਦਰਾ ਆਪਣੀ ਜਿੱਤ ਦਾ ਸਰਵੇਖਣ ਕਰਨ ਲਈ ਹਵਾਈ ਜਹਾਜ਼ ਚੜ੍ਹ ਆਈ। ਦੂਰਬੀਨ ਨਾਲ ਪਰਕਰਮਾ ਤੇ ਗੁਰੂ ਰਾਮਦਾਸ ਸਰਾਂ ਵਿਚ ਲਾਸ਼ਾਂ ਹੀ ਲਾਸ਼ਾਂ ਵੇਖ ਕੇ ਦਹਿਲ ਗਏ। ਖੰਡਰ ਹੋਏ ਸ੍ਰੀ ਅਕਾਲ ਤਖ਼ਤ ਨੂੰ ਵੇਖ ਕੇ ਉਸ ਦੀ ਰੂਹ ਕੰਬ ਗਈ। ਉਸ ਹੌਲ਼ਦੇ ਦਿਲ ਨਾਲ ਕੋਲ ਬੈਠੇ ਫ਼ੌਜੀ ਅਫ਼ਸਰ ਨੂੰ ਆਖਿਆ,

"ਮੈਨੇ ਇਤਨੀ ਤਬਾਹੀ ਕਰਨੇ ਕੋ ਤੋ ਨਹੀਂ ਕਹਾ ਥਾ?"

"ਸਰ, ਚਾਰਾ ਹੀ ਕੋਈ ਨਹੀਂ ਥਾ। ਪਤਾ ਹੀ ਨਹੀਂ ਚਲਤਾ ਥਾ ਗੋਲੀ ਕਿਧਰ ਸੇ ਆ ਰਹੀ ਹੈ। ਔਰ ਫ਼ੌਜੀ ਜਵਾਨ ਧੜਾ ਧੜ ਮਰ ਰਹੇ ਥੇ। ਮਜਬੂਰੀ ਮੇਂ ਟੈਂਕ ਅੰਦਰ ਲਾਨੇ ਪੜੇ।" ਫ਼ੌਜੀ ਅਫ਼ਸਰ ਆਪਣੀ ਥਾਂ ਸੱਚਾ ਸੀ। "ਲੜਾਈ ਜੀਤਨੇ ਕੇ ਲੀਏ, ਕੁਛ ਵੀ ਕਰਨਾ ਪੜਤਾ ਹੈ।"

"ਵੋਹ ਤੋ ਠੀਕ ਹੈ, ਪਰ.....।" ਇੰਦਰਾ ਭਵਿੱਖ ਦੇ ਨਤੀਜਿਆਂ ਬਾਰੇ ਸੋਚਣ ਲੱਗ ਪਈ। "ਮੈਨੇ ਚਾਹਾ ਥਾ, ਅੱਤਵਾਦੀਓਂ ਕੋ ਦਬਾ ਦੀਆ ਜਾਏ। ਐਸੀ ਤਬਾਹੀ ਸੇ ਤੋ ਯਹਿ ਲੋਗ ਔਰ ਭੜਕੇਂਗੇ।" ਇੱਕ ਭੈਅ ਉਹਦੇ ਅਚੇਤ ਮਨ ਵਿਚ ਬਹਿ ਗਿਆ। ਉਹ ਜਿੱਤ ਭਰੀ ਖ਼ੁਸ਼ੀ ਵਿਚ ਅੰਮ੍ਰਿਤਸਰ ਆਈ ਤੇ ਸੋਗ ਭਰੀ ਪੰਡ ਚੁੱਕੀ ਦਿੱਲੀ ਵਾਪਸ ਆ ਗਈ। ਜਦੋਂ ਉਹ ਆਪਣੀ ਕੋਠੀ ਪਹੁੰਚੀ, ਥੋੜ੍ਹੇ ਸਮੇਂ ਪਿੱਛੋਂ ਹੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਉਸ ਨੂੰ ਫ਼ੋਨ ਆ ਗਿਆ।

"ਹੈਲੋ, ਹੈਲੋ, ਪ੍ਰਧਾਨ ਮੰਤਰੀ ਜੀ ਜੈ ਹਿੰਦ! ਕੀ ਹਾਲ ਐ ਸ੍ਰੀ ਦਰਬਾਰ ਸਾਹਿਬ ਦਾ?" ਉਂਝ ਉਸ ਨੂੰ ਅਖ਼ਬਾਰਾਂ, ਰੇਡੀਓ ਤੇ ਟੀ. ਵੀ. ਰਾਹੀਂ ਸਭ ਪਤਾ ਲੱਗਦਾ ਰਿਹਾ ਸੀ। ਸਭ ਸਰਕਾਰੀ ਏਜੰਸੀਆਂ ਨੂੰ ਸਹੀ ਖ਼ਬਰਾਂ ਦੇਣ ਤੋਂ ਇੱਕ ਤਰ੍ਹਾਂ ਜ਼ਬਰਦਸਤੀ ਰੋਕਿਆ ਹੋਇਆ ਸੀ। ਉਸ ਮਨ ਮਰਜ਼ੀ ਦਾ ਰਾਜ ਚਲਾਉਣ ਲਈ ਹੀ ਗਿ. ਜ਼ੈਲ ਸਿੰਘ ਨੂੰ ਰਾਸ਼ਟਰਪਤੀ

ਬਣਾਇਆ ਸੀ; ਜਿਸ ਨਾ ਕਾਨੂੰਨ ਪ੍ਰਬੰਧ ਤੇ ਆਰਥਿਕਤਾ ਆਦਿ ਪੜ੍ਹੇ ਸਨ। ਹਾਂਅ, ਉਹ ਦਸਤਖ਼ਤ ਕਰ ਸਕਦਾ ਸੀ, ਕਿਉਂਕਿ ਗਿਆਨੀ ਜ਼ੈਲ ਸਿੰਘ ਸਿਆਸੀ ਰਗੜੇ ਖਾ ਕੇ ਚਾਲਾਕ ਹੋ ਚੁੱਕਾ ਸੀ ਅਤੇ ਸਮਝਦਾ ਸੀ, ਜੋ ਮਿਲਣਾ ਹੈ, ਕੇਵਲ ਨਹਿਰੂ ਖ਼ਾਨਦਾਨ ਵੱਲੋਂ ਹੀ ਮਿਲਣਾ ਹੈ। ਉਸ ਝੋਲੀ ਚੁੱਕਣ ਤੱਕ ਇੰਦਰਾ ਦੀ ਭਗਤੀ ਕੀਤੀ ਸੀ। ਉਸ ਦੀ ਵਫ਼ਾਦਾਰੀ ਵੇਖ ਕੇ ਹੀ ਉਸ ਨੂੰ ਕੇਂਦਰ ਵਿਚ ਹੋਮ ਮਨਿਸਟਰ ਬਣਾਇਆ ਸੀ। ਆਪਣੇ 'ਤੇ ਸਿਆਸੀ ਭੀੜ ਚੜ੍ਹੀ ਆਉਂਦੀ ਵੇਖ ਕੇ ਹੀ ਇੰਦਰਾ ਨੇ ਉਸ ਨੂੰ ਰਾਸ਼ਟਰਪਤੀ ਚੁੱਕ ਬਣਾਇਆ ਤਾਂ ਜੋ ਰਬੜ ਦੀ ਮੋਹਰ ਹਮੇਸ਼ਾ ਹੱਥ ਰਹੇ।

"ਗਿਆਨੀ ਜੀ, ਬਹੁਤ ਚੰਗਾ ਹਾਲ ਨਹੀਂ। ਹਰ ਲੜਾਈ ਦਾ ਅੰਜਾਮ ਬੁਰਾ ਹੀ ਹੋਤਾ ਹੈ।" ਇੰਦਰਾ ਦਾ ਫ਼ਿਕਰਮੰਦ ਹਾਲ, ਆਪਣਾ ਭੇੜਾ ਸੀ।

"ਮੈਂ ਸ੍ਰੀ ਦਰਬਾਰ ਸਾਹਿਬ ਜਾਨਾ ਚਾਹਤਾ ਹੂੰ?"

"ਬੇਹਤਰ ਯਹ ਹੈ, ਆਪ ਨਾ ਜਾਏਂ। ਆਪ ਕਾ ਦਿਲ ਖਰਾਬ ਹੋਗਾ।" ਉਹ ਚਾਹੁੰਦੀ ਸੀ, ਉਸ ਨੂੰ ਜਾਣੋਂ ਰੋਕਿਆ ਜਾਵੇ।

ਪਰ ਗਿਆਨੀ ਜ਼ੈਲ ਸਿੰਘ ਦਿਲੋਂ ਔਖਾ ਸੀ। ਮੈਂ ਤਿੰਨਾਂ ਫ਼ੌਜਾਂ ਦਾ ਸਰਦਾਰ, ਮੈਨੂੰ ਪੁੱਛਿਆ ਵੀ ਨਾ ਜਾਵੇ, ਪਤਾ ਵੀ ਨਾ ਹੋਵੇ, ਫ਼ੌਜ ਕੀ ਕਰ ਰਹੀ ਐ; ਮੈਂ ਕਾਹਦਾ ਰਾਸ਼ਟਰਪਤੀ ਆਂ। ਜੇ ਵੇਲੇ ਸਿਰ ਨਾ ਗਿਆ, ਸਿੱਖ ਭਾਈਚਾਰੇ ਵੱਲੋਂ ਛੇਕਿਆ ਜਾਵਾਂਗਾ। ਗੁਰਦਵਾਰੇ ਕੀਰਤਨ ਵੀ ਕਰਦਾ ਰਿਹਾ ਆਂ। ਜੇ ਨਾ ਪਹੁੰਚਿਆ ਫ਼ਰੀਦਕੋਟ ਦਾ ਦੂਜਾ ਪਹਾੜਾ ਸਿੰਘ ਬਣਾਂਗਾ; ਤੇਜਾ ਸਿੰਘ ਤੇ ਲਾਲ ਸਿੰਘ ਡੋਗਰਿਆਂ ਦੀ ਕਤਾਰ ਵਿਚ ਇਤਿਹਾਸ ਖਲਾਰੇਗਾ। ਮੂੰਹ ਕਾਲਾ ਹੋਣ ਤੋਂ ਬਚਣਾ ਚਾਹੀਦਾ ਹੈ।

"ਸ੍ਰੀਮਤੀ ਜੀ, ਮੈਂ ਭਲਕੇ ਜ਼ਰੂਰ ਜਾਵਾਂਗਾ। ਜੇ ਨਾ ਗਿਆ, ਮੇਰਾ ਤਾਂ ਸਿੱਖਾਂ ਵਿਚੋਂ ਵਿਕਾਰ ਹੀ ਖ਼ਤਮ ਹੋ ਜਾਵੇਗਾ।" ਉਹ ਆਪਣਾ ਸਿਆਸੀ ਵਕਾਰ ਵੀ ਕਾਇਮ ਰੱਖਣਾ ਚਾਹੁੰਦਾ ਸੀ। ਉਹ ਇੱਕ ਤਰ੍ਹਾਂ ਰਾਸ਼ਟਰਪਤੀ ਹੁੰਦਾ ਇੰਦਰਾ ਤੋਂ ਆਗਿਆ ਮੰਗ ਰਿਹਾ ਸੀ।

"ਮੈਂ ਆਪ ਕੋ ਰੋਕ ਤੋ ਨਹੀਂ ਸਕਤੀ, ਮੇਰੀ ਸਲਾਹ ਐ ਆਪ ਨਾ ਜਾਏਂ।" ਏਨੀ ਕਹਿ ਕੇ ਇੰਦਰਾ ਨੇ ਫ਼ੋਨ ਬੰਦ ਕਰ ਦਿੱਤਾ। ਉਸ ਰਾਸ਼ਟਰਪਤੀ ਦੇ ਜਵਾਬ ਦੀ ਪ੍ਰਵਾਹ ਹੀ ਨਾ ਕੀਤੀ। ਉਹ ਜ਼ੈਲ ਸਿੰਘ ਨੂੰ ਰਾਸ਼ਟਰਪਤੀ ਬਣਾ ਕੇ ਵੀ ਆਪਣਾ ਸੇਵਕ ਸਮਝਦੀ ਸੀ। ਜ਼ੈਲ ਸਿੰਘ ਨੂੰ ਪਤਾ ਵੀ ਨਾ ਲੱਗਾ, ਕਦੋਂ ਉਸ ਤੋਂ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਬਾਰੇ ਦਸਤਖ਼ਤ ਕਰਵਾ ਲਏ ਸਨ।

ਗਿਆਨੀ ਜ਼ੈਲ ਸਿੰਘ ਨੂੰ ਸਾਰੀ ਰਾਤ ਨੀਂਦ ਨਾ ਆਈ। ਉਹ ਆਪਣੇ-ਆਪ ਨੂੰ ਆਖਣ ਲੱਗਾ: ਮੈਂ ਫ਼ੌਜਾਂ ਦੀਆਂ ਤਿੰਨਾਂ ਜ਼ਮੀਨੀ, ਹਵਾਈ ਤੇ ਸਮੁੰਦਰੀ ਟੁਕੜੀਆਂ ਦਾ ਕਾਹਦਾ ਸਾਲਾਰ ਆਂ, ਜਦੋਂ ਮੇਰੇ ਪੁੱਛੇ ਬਿਨਾਂ ਸ੍ਰੀ ਦਰਬਾਰ ਸਾਹਿਬ 'ਤੇ 'ਨੀਲਾ ਤਾਰਾ' ਦਾ ਭਾਣਾ ਵਰਤਾ ਦਿੱਤਾ। ਪਤਾ ਨਹੀਂ, ਕਦੋਂ ਪੰਥ ਮੈਨੂੰ ਸ੍ਰੀ ਅਕਾਲ ਤਖ਼ਤ 'ਤੇ ਸੱਦ ਕੇ ਡੰਨ ਲਾ ਦੇਵੇ, ਪਰ ਮੈਂ ਆਪਣੀ ਵੱਲੋਂ ਪੰਥ ਤੇ ਪੰਜਾਬ ਦੀ ਸੇਵਾ ਦਿਲ ਜਾਨ ਨਾਲ ਕਰ ਰਿਹਾ ਆਂ। ਭਲਾ ਜ਼ੈਲ ਸਿੰਘਾ, ਦੇਸ਼ ਭਗਤੀ ਤੇ ਗ਼ਦਾਰੀ ਵਿਚ ਕੀ ਫ਼ਰਕ ਐ? ਫ਼ਰਕ ਜ਼ਮੀਨ ਆਸਮਾਨ ਦਾ, ਇੱਕ ਲੋਕਾਂ ਦਾ ਮਿੱਤਰ, ਦੂਜਾ ਦੋਸ਼ੀ। ਮੈਂ ਰਾਜਸ਼ਾਹੀ ਨਾਲ ਲੜਿਆ, ਕੁੱਟ ਖਾਧੀ, ਜੇਲ੍ਹ ਕੱਟੀ; ਨਹਿਰੂ ਨੇ ਸ਼ਾਬਾਸ਼ ਦਿੱਤੀ। ਇਸੇ ਕਰਕੇ ਅੱਜ ਸਰਬ ਉੱਚ ਪਦਵੀ 'ਤੇ ਬਿਰਾਜਮਾਨ ਆਂ। ਘਰ-ਬਾਰ ਤੇਰਾ, ਪਰ ਕੌਠੀ ਹੱਥ ਨਾ ਲਾਈਂ। ਮੈਨੂੰ ਆਪਣੀ ਦੇਸ਼ ਭਗਤੀ 'ਤੇ ਪੂਰਾ ਨਾਜ਼

ਹੈ। ਲੋਕਾਂ ਨੂੰ ਤਾਂ ਸਾੜਾ ਕਰਨ ਦੀ ਆਦਤ ਐ। ਉਹ ਮੈਨੂੰ ਮਿਲਦਾ ਇੱਜ਼ਤ-ਮਾਣ ਵੇਖਣਾ ਨਹੀਂ ਚਾਹੁੰਦੇ। ਸ਼ਰੀਕ ਮੈਨੂੰ ਹਾਲੇ ਵੀ ਤਰਖਾਣ ਹੀ ਸਮਝਦੇ ਐ। ਨਹਿਰੂ ਖ਼ਾਨਦਾਨ ਦਾ ਮੈਂ ਦੇਣ ਨਹੀਂ ਦੇ ਸਕਦਾ। ਇੰਦਰਾ ਰਾਣੀ ਨੇ ਮੈਨੂੰ ਪੰਜਾਬ ਦਾ ਚੀਫ਼ ਮਨਿਸਟਰ ਬਣਾਇਆ, ਆਕੜੇ ਜੱਟਾਂ ਦੇ ਵੱਟ ਕੱਢੇ। ਫ਼ਰੀਦਕੋਟ ਧੱਕੇ ਨਾਲ ਜ਼ਿਲ੍ਹਾ ਬਣਾਇਆ। ਗੁਰੂ ਗੋਬਿੰਦ ਸਿੰਘ ਮਾਰਗ ਦੀ ਸਥਾਪਨਾ ਕੀਤੀ। ਲੋਕਾਂ ਦੀ ਮੱਤ, ਮੇਰੀ ਸੇਵਾ ਹੀ ਭੁੱਲ ਗਏ? ਪਰ ਉਹ ਮੋਹਾਲੀ ਦੇ ਕਾਂਗਰਸ ਅਜਲਾਸ ਵਿਚ ਸੰਜੇ ਗਾਂਧੀ ਦੇ ਪੈਰੋਂ ਡਿੱਗੀ ਚੱਪਲ ਪਾਉਣਾ? ਉਹ ਵੀ ਮੁੱਖ ਮੰਤਰੀ ਹੁੰਦਿਆਂ? ਓ ਛੱਡ ਯਾਰ, ਐਨੀ ਲੰਮੀ ਜ਼ਿੰਦਗੀ ਵਿਚ ਇੱਕ ਅੱਧ ਗ਼ਲਤੀ ਹੋ ਈ ਜਾਂਦੀ ਐ। ਉਨ੍ਹਾਂ ਦੀ ਐਨੀ ਕੁ ਸੇਵਾ ਕਾਰਨ ਹੀ ਹਿੰਦੋਸਤਾਨ ਦਾ ਹੋਮ ਮਨਿਸਟਰ ਤੇ ਅੱਜ ਰਾਸ਼ਟਰਪਤੀ ਆਂ। ਦੇਖ ਨਾ, ਉਨ੍ਹਾਂ ਸ੍ਰ. ਬੂਟਾ ਸਿੰਘ ਨੂੰ ਚੁੱਕ ਕੇ ਕਿੱਥੋਂ ਤੱਕ ਲੈ ਆਂਦਾ। ਇਹ ਜੱਟ ਤਾਂ ਸਾਡੇ ਨਾਲ ਐਵੇਂ ਸਾੜਾ ਕਰਦੇ ਐ। ਇਹ ਜੱਟਵਾਦ ਆਪ ਲੜਦੀ ਰਹਿੰਦੀ ਐ ਤੇ ਹਮਾਤੜ ਦੀਆਂ ਲੱਤਾਂ ਖਿੱਚਣ ਨੂੰ ਇੱਕ ਹੋ ਬਹਿੰਦੀ ਐ।

ਮਾੜੀ ਜਿਹੀ ਉਸ ਦੀ ਅੱਖ ਲੱਗੀ, ਤਾਂ ਝਟ ਗੁਰੂ ਹਰਗੋਬਿੰਦ ਸਾਹਿਬ ਉਸ ਦੇ ਸਿਰਹਾਣੇ ਘੋੜੇ ਸਵਾਰ ਖਲੋਤੇ ਸਨ।

"ਖ਼ਿਮਾ ਪ੍ਰਭੂ, ਤੁਹਾਡਾ ਦੋਸ਼ੀ ਆਂ।" ਜ਼ੈਲ ਸਿੰਘ ਨੇ ਹੱਥ ਜੋੜੇ ਹੋਏ ਸਨ।

ਗੁਰੂ ਸਾਹਿਬ ਸੁਪਨੇ ਵਿਚ ਆਏ ਤੇ ਕੁਝ ਕਹੇ ਬਿਨਾਂ ਮੁਸਕਰਾ ਕੇ ਅਲੋਪ ਹੋ ਗਏ।

"ਹੁਣ ਤਾਂ ਮੈਂ ਭਲਕੇ ਜ਼ਰੂਰ ਜਾਵਾਂਗਾ। ਮੈਨੂੰ ਕੋਈ ਨਹੀਂ ਰੋਕ ਸਕਦਾ। ਮੈਂ ਹਿੰਦੋਸਤਾਨ ਦਾ ਰਾਸ਼ਟਰਪਤੀ ਆਂ। ਪਹਿਲਾਂ ਸਿੱਖ, ਪਿੱਛੋਂ ਕੁਝ ਹੋਰ।"

ਰਾਸ਼ਟਰਪਤੀ ਅਗਲੇ ਦਿਨ ਅੱਠ ਜੂਨ ਨੂੰ ਘੰਟਾ ਘਰ ਵੱਲ ਦੀਆਂ ਪੌੜੀਆਂ ਉਤਰ ਰਿਹਾ ਸੀ। ਫ਼ੌਜੀ, ਸਿਵਲੀਅਨ ਅਤੇ ਪੁਲੀਸ ਅਫ਼ਸਰਾਂ ਦੀ ਧਾੜ ਉਸ ਨੂੰ ਘੇਰੀ ਤੋਰ ਰਹੀ ਸੀ। ਕਿਸੇ ਅਫ਼ਸਰ ਨੇ ਧੁੱਪ ਕਾਰਨ ਉਨ੍ਹਾਂ ਦੇ ਸਿਰ 'ਤੇ ਛੱਤਰੀ ਤਾਣੀ ਹੋਈ ਸੀ, ਪਰ ਗਿਆਨੀ ਜ਼ੈਲ ਸਿੰਘ ਨੇ ਛੱਤਰੀ ਪਰ੍ਹਾਂ ਹਟਾ ਦਿੱਤੀ। ਪਰਕਰਮਾ ਵਿਚੋਂ ਲਾਸ਼ਾਂ ਭਾਵੇਂ ਚੁੱਕ ਲਈਆਂ ਗਈਆਂ ਸਨ; ਪਰ ਖਾੜਕੂਆਂ ਅਤੇ ਫ਼ੌਜੀਆਂ ਦਾ ਡੁੱਲ੍ਹਿਆ ਸਾਂਝਾ ਖ਼ੂਨ ਸਿੱਲਾਂ 'ਤੇ ਜੰਮ ਕੇ ਕਾਲਾ ਪੈ ਚੁੱਕਾ ਸੀ। ਲੋਕਾਂ ਵਿਚ ਆਪਣਾ ਪ੍ਰਭਾਵ ਬਣਾਈ ਰੱਖਣ ਲਈ ਉਸ ਮਜ਼ਬੂਤੀ ਨਾਲ ਸੰਜੀਦਗੀ ਧਾਰੀ ਹੋਈ ਸੀ। ਪਰ ਅਗਾਂਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਖੰਡਰ ਹੋਇਆ ਵੇਖ ਕੇ ਹਿਰਦੇ ਦੀ ਧੜਕਣ ਲੜ ਖੜਾਨ ਲੱਗ ਪਈ। ਸ੍ਰੀ ਅਕਾਲ ਤਖ਼ਤ ਦਾ ਆਹ ਹਾਲ। ਮੇਰੇ ਪ੍ਰੇਜ਼ੀਡੈਂਟ ਹੁੰਦਿਆਂ ਤਾਰੀਖ਼ ਮੈਨੂੰ ਇੱਕ ਸਿੱਖ ਨੂੰ ਕਿਵੇਂ ਮਾਫ਼ ਕਰੇਗੀ? ਈਮਾਨ ਵੱਡਾ ਏ ਕਿ ਅਹੁਦੇਦਾਰੀ? ਧਰਮ ਵੱਡਾ ਕਿ ਸ਼ੋਭਾ-ਸ਼ੁਹਰਤ? ਮੈਨੂੰ ਦਿੱਲੀ ਜਾ ਕੇ ਝੱਟ ਅਸਤੀਫ਼ਾ ਦੇ ਦੇਣਾ ਚਾਹੀਦਾ ਐ। ਪਰਜਾ ਮੰਡਲ ਤੋਂ ਲੈ ਕੇ ਅੱਜ ਤੱਕ ਦੀ ਮੇਰੀ ਦੇਸ਼ ਭਗਤੀ ਤਾਂ ਖੂਹ ਵਿਚ ਪੈ ਗਈ। ਪਰ.....ਦੇਖੋ ਨਾ, ਇੱਕ ਸਿੱਖ, ਪਚਾਸੀ ਕਰੋੜ ਦੀ ਆਬਾਦੀ ਵਿਚੋਂ ਮਸਾਂ ਇਸ ਪਦਵੀ ਤੱਕ ਪੁੱਜਾ ਏ। ਇਸ ਨੂੰ ਐਵੇਂ ਜਜ਼ਬਾਤੀ ਵੇਗ ਵਿਚ ਆ ਕੇ ਨਹੀਂ ਗਵਾ ਦੇਣਾ ਚਾਹੀਦਾ। ਉਦੋਂ ਹੀ ਤਿੰਨ ਸੌ ਤਿੰਨ ਦੀ ਟੀਂ ਕਰਦੀ ਗੋਲੀ ਉਨ੍ਹਾਂ ਦੇ ਸਿਰ ਉੱਤੋਂ ਦੀ ਲੰਘ ਗਈ। ਇਹ ਰੋਸ ਲਈ ਸੀ ਜਾਂ ਸਵਾਗਤ ਲਈ, ਕੁਝ ਪਤਾ ਨਾ ਲੱਗ ਸਕਿਆ; ਪਰ ਇੱਕ ਸਿਪਾਹੀ ਜ਼ਖ਼ਮੀ ਹੋ ਗਿਆ।

ਉਸ ਸ੍ਰੀ ਦਰਬਾਰ ਸਾਹਿਬ ਦੀ ਡਿਉਢੀ ਨੂੰ ਸਿਰ ਝੁਕਾਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਨਾਹਗਾਰਾਂ ਵਾਂਗ ਆ ਮੱਥਾ ਟੇਕਿਆ। ਉੱਠਦਿਆਂ ਮਨ ਹੀ ਮਨ 'ਚ ਪੁਕਾਰਿਆ। "ਗੁਰੂ! ਮੈਨੂੰ ਮੁਆਫ਼ ਕਰੀਂ; ਪਾਪੀ ਜੀਵ ਆਂ। ਤੇਰੇ ਦਰਬਾਰ ਦਾ ਦੋਸ਼ੀ ਆਂ ਪਿਤਾ, ਤੂੰ

ਬਖ਼ਸ਼ਣਹਾਰ ਹੈਂ।" ਉਸ ਦਾ ਜੀ ਕਰਦਾ ਸੀ, ਗੁਰੂ ਦੀ ਹਜ਼ੂਰੀ ਵਿਚ ਡਿੱਗਾ ਰਹਾਂ, ਉੱਠਾਂ ਨਾ। ਦੇਗੀਆ ਸਿੰਘ ਨੇ ਉਸ ਨੂੰ ਕੜਾਹ ਪ੍ਰਸ਼ਾਦ ਦਿੱਤਾ। ਗਿਆਨੀ ਜੀ ਨੇ ਮੱਥੇ ਨੂੰ ਦੋਵੇਂ ਹੱਥ ਲਾਉਂਦਿਆਂ ਛਕ ਲਿਆ। ਉਹ ਅੰਦਰਲੀ ਪਰਕਰਮਾ ਪਾ ਕੇ ਕੀਰਤਨ ਸੁਣਨ ਲਈ ਬਹਿ ਗਏ। ਰਾਗੀ ਸਾਹਿਬ ਸ਼ਬਦ ਉਚਾਰ ਰਹੇ ਸਨ:—

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥੨॥੨॥

ਗਿਆਨੀ ਜੀ ਅੰਦਰ ਪ੍ਰਮਾਰਥ ਦੀ ਕਟਾਰ ਨੇ ਸਿਆਸਤ ਨੂੰ ਘਾਇਲ ਕਰ ਸੁੱਟਿਆ। ਨਾ ਉਹ ਉੱਠ ਸਕਦੇ ਸਨ, ਨਾ ਬਹਿ ਹੀ ਹੁੰਦਾ ਸੀ। ਰਾਜਸ਼ਾਹੀ ਵਿਰੁੱਧ ਲੜਨ ਵਾਲਾ ਮੇਰਾ ਗੁਰੂ ਆਖਦਾ ਹੁੰਦਾ ਸੀ, "ਜਦੋਂ ਕੋਈ ਅਮੀਰ ਹੋ ਜਾਵੇ; ਉਹਦੇ ਅੰਦਰਲੇ ਲੋਕ-ਹਿੱਤਾਂ ਵਾਲੇ ਇਨਕਲਾਬੀ ਤੱਤ ਸੌਂਦੇ-ਸੌਂਦੇ ਮਰ ਹੀ ਜਾਂਦੇ ਹਨ।" ਪਰ ਮੈਂ ਤਾਂ ਆਪਣੇ ਲੋਕਾਂ ਦੀ ਸੇਵਾ ਵੱਡੇ ਪੈਮਾਨੇ 'ਤੇ ਕਰ ਰਿਹਾ ਆਂ। ਮੈਂ ਇੱਕ ਇਨਕਲਾਬੀ ਦੀ ਕਰਨੀ ਤੋਂ ਭੱਜਾਂਗਾ ਨਹੀਂ, "ਪਰ ਤੂੰ ਮਿਲਿਆ ਅਹੁਦਾ ਛੱਡ ਵੀ ਨਹੀਂ ਸਕੇਂਗਾ। ਤੈਨੂੰ ਤੇਰੀਆਂ ਦਲੀਲਾਂ ਹੀ ਮਾਰ ਦੇਣਗੀਆਂ।" ਉਹਦੇ ਅੰਦਰਲਾ ਰਿਆਸਤੀ ਇਨਕਲਾਬੀ, ਉਹਨੂੰ ਬੇਚੈਨ ਪਲਟੇ ਦੇਈ ਜਾ ਰਿਹਾ ਸੀ।

ਗੁਰਬਾਣੀ ਦੇ ਕਟਾਖ਼ਸ਼ ਕੀਤੇ ਘਾਇਲ ਨੂੰ ਰਾਜਨੀਤੀ ਦੇ ਚੁਸਤ ਚਾਲੇ ਉਸ ਨੂੰ ਪਟਕਾ ਰਹੇ ਸਨ। ਕੀਰਤਨ ਵਿਚੋਂ ਉਸ ਨੂੰ ਪਹਿਲਾਂ ਵਾਲੀ ਸ਼ਾਂਤੀ ਨਹੀਂ ਮਿਲ ਰਹੀ ਸੀ। ਉਹ ਅੰਦਰ ਵਗਦੇ ਲਹੂ ਤੋਂ ਬੇਕਰਾਰ ਤੇ ਦੁਖੀ ਹੋ ਕੇ ਉੱਠ ਖਲੋਤਾ। ਉਸ ਦੇ ਨਾਲ ਹੀ ਸਾਰੀ ਅਫ਼ਸਰਸ਼ਾਹੀ ਉੱਠ ਖਲੋਤੀ। ਉਹ ਮੱਥਾ ਟੇਕ ਕੇ ਬਾਹਰ ਆ ਗਿਆ।

ਓਦੋਂ ਤੱਕ ਸ਼੍ਰੋਮਣੀ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦੇ ਮੁਲਾਜ਼ਮ, ਗਿਆਨੀ ਜ਼ੈਲ ਸਿੰਘ ਦਾ ਆਉਣ ਸੁਣ ਕੇ ਪਹੁੰਚ ਗਏ ਸਨ। ਉਹ ਸਿੱਖ ਰਾਸ਼ਟਰਪਤੀ ਨੂੰ ਲੁੱਟ-ਪੁੱਟ, ਅੱਗਾਂ, ਬੰਬਾਂ ਦੀ ਮਾਰ ਮਰਾਈ ਦਾ ਅੱਖੀਂ ਡਿੱਠਾ ਵੇਰਵਾ ਦੱਸਣਾ ਚਾਹੁੰਦੇ ਸਨ; ਪਰ ਅਫ਼ਸਰਸ਼ਾਹੀ ਨੇ ਉਨ੍ਹਾਂ ਨੂੰ ਨੇੜੇ ਨਾ ਢੁਕਣ ਦਿੱਤਾ। ਵਿਚਾਰੇ ਦਰਦ ਪੀੜਾਂ ਦਿਲ ਵਿਚ ਲੈ ਕੇ ਹੀ ਰਹਿ ਗਏ। ਗਿਆਨੀ ਜ਼ੈਲ ਸਿੰਘ ਦੁਖੀ ਹਿਰਦਾ ਲੈ ਕੇ ਆਇਆ ਸੀ, ਮਾਰੇ ਗਏ ਸਿੱਖਾਂ ਦਾ ਦਰਦ ਵੰਡਾਣ ਆਇਆ ਸੀ ਤੇ ਲਹੂ ਚੋਂਦਾ ਦਿਲ ਲੈ ਕੇ ਵਾਪਸ ਪਰਤ ਗਿਆ।

"ਤੇ ਅਸਤੀਫ਼ਾ?" ਉਸ ਗੈਬ ਵਿਚੋਂ ਇੱਕ ਆਵਾਜ਼ ਸੁਣੀ।

"ਗਿਆਨੀ ਜ਼ੈਲ ਸਿੰਘ ਤੇਰੀ ਮੱਤ ਤਾਂ ਨਹੀਂ ਮਾਰੀ ਗਈ; ਜਿਹੜੇ ਮੌਕਾ ਨਾ ਸਾਂਭ ਸਕਣ, ਸਾਰੀ ਉਮਰ ਧੱਕੇ ਖਾਂਦੇ ਐ।"

"ਹੁਣ ਤੂੰ ਸੱਚਾ ਏਂ ਕਿ ਤੇਰਾ ਇਨਕਲਾਬੀ ਗੁਰੂ?" ਗਾਇਬ ਬਰਾਬਰ ਅੜ ਰਿਹਾ ਸੀ।

"ਛੱਡ ਯਾਰ ਪੁਰਾਣੀਆਂ ਗੱਲਾਂ, ਜ਼ਮਾਨਾ ਕਿਨਾ ਅਗਾਂਹ ਤੇ ਨਵਾਂ ਹੋ ਗਿਆ ਏ।"

"ਹੁਣ ਤੂੰ ਮੰਨ ਲੈ ਨਾ, ਸੋਨਾ ਅੱਖਾਂ ਚੁੰਧਿਆ ਦੇਂਦਾ ਏ।"

"ਮੰਨਿਆ, ਅਜਿਹੇ ਹਾਲਾਤ ਜ਼ਿੰਦਗੀ ਵਿਚ ਆਉਂਦੇ ਹਨ; ਜਦੋਂ ਜ਼ਮੀਰ ਦਾ ਗਲ ਘੁੱਟਿਆ ਜਾਂਦਾ ਏ ਬੱਸ, ਇਸ ਤੋਂ ਅਗਾਂਹ ਕੁਝ ਨਾ ਆਖੀਂ।"

ਸ੍ਰੀ ਅਕਾਲ ਤਖ਼ਤ ਦੀ ਲਹੂ ਤਾਰੀਖ਼ ਆਪਣੇ ਹੀ ਗ਼ਦਾਰਾਂ ਦਾ ਪਿੱਟ ਪਿੱਟ ਸਿਆਪਾ ਕਰ ਰਹੀ ਸੀ ਅਤੇ ਦਿੱਲੀ ਦੀ ਉਦਾਸੀ ਹੋਰ ਸੰਜੀਦਾ ਹੁੰਦੀ ਜਾ ਰਹੀ ਸੀ।

ਤੀਹਵਾਂ ਕਾਂਡ

ਇੰਦਰਾ ਨੂੰ ਚਿੰਤਾ ਵੱਢ-ਵੱਢ ਖਾ ਰਹੀ ਸੀ ਕਿ ਤਬਾਹ ਹੋਇਆ ਅਕਾਲ ਤਖ਼ਤ ਛੇਤੀ ਤੋਂ ਛੇਤੀ ਸਾਵੀਂ ਹਾਲਤ ਵਿਚ ਖੜ੍ਹਾ ਹੋ ਜਾਵੇ, ਕਿਉਂਕਿ ਬਾਹਰਲੇ ਦੇਸ਼ਾਂ ਦੇ ਪੱਤਰਕਾਰ ਆਪਣੇ ਅਖ਼ਬਾਰਾਂ ਤੇ ਟੀ. ਵੀ. ਸੈਂਟਰਾਂ ਲਈ ਸ੍ਰੀ ਅਕਾਲ ਤਖ਼ਤ ਦੀ ਤਬਾਹੀ ਦੀ ਦਾਸਤਾਂ ਤਸਵੀਰਾਂ ਸਮੇਤ ਭੇਜ ਰਹੇ ਸਨ। ਭਾਵੇਂ ਇੰਦਰਾ ਨੇ ਸਿੱਖਾਂ ਨੂੰ ਅੱਤਵਾਦੀ ਦਰਸਾਉਣ ਲਈ ਆਪਣੀਆਂ ਅੰਬੈਸੀਆਂ ਰਾਹੀਂ ਪ੍ਰਾਪੇਗੰਡਾ ਕਰਕੇ ਕਰੋੜਾਂ ਰੁਪਇਆ ਪਾਣੀ ਵਾਂਗ ਬਹਾਇਆ ਸੀ ਤਾਂ ਜੋ ਉਹਦੇ ਬਣੇ ਪ੍ਰਭਾਵ ਨੂੰ ਦਾਗ ਨਾ ਲੱਗੇ। ਨਿੱਤ ਦੀਆਂ ਬਾਹਰਲੀਆਂ ਬੀ. ਬੀ. ਸੀ. ਦੀਆਂ ਖ਼ਬਰਾਂ ਤੇ ਹੋਰ ਰੇਡੀਓ, ਟੀ. ਵੀ. ਦੇ ਸੱਚ ਤੋਂ ਉਹ ਬਹੁਤ ਘਬਰਾਈ ਹੋਈ ਸੀ। ਇਸੇ ਕਾਰਨ ਝੱਟ-ਪੱਟ ਅਕਾਲ ਤਖ਼ਤ ਨੂੰ ਨੌਂ ਬਰ ਨੌਂ ਖੜ੍ਹਾ ਵੇਖਣਾ ਚਾਹੁੰਦੀ ਸੀ, ਤਾਂ ਜੋ ਆਪਣੇ ਵਿਰੁੱਧ ਪ੍ਰਦੇਸੀ ਪ੍ਰਾਪੇਗੰਡੇ ਦਾ ਮੂੰਹ ਬੰਦ ਕਰ ਸਕੇ। ਸਰਕਾਰੀ ਅੰਬੈਸੀਆਂ ਨੇ ਨੋਟਾਂ ਦੀਆਂ ਥਹੀਆਂ ਚਾੜ੍ਹ-ਚਾੜ੍ਹ ਕਾਲਮਨਿਸਟਾਂ ਤੋਂ ਸਿੱਖਾਂ ਵਿਰੁੱਧ ਆਰਟੀਕਲ ਲਿਖਵਾਏ ਅਤੇ ਅਖ਼ਬਾਰਾਂ ਵਾਲਿਆਂ ਰੱਜਵੀਆਂ ਰਕਮਾਂ ਲੈ ਕੇ ਛਾਪੇ ਕਿਉਂਕਿ ਝੂਠ ਨੂੰ ਸੱਚ ਬਣਾਉਣ ਦੀ ਕੀਮਤ ਵਸੂਲ ਕਰਨਾ, ਉਹ ਆਪਣਾ ਹੱਕ ਸਮਝਦੇ ਸਨ। ਇੱਕ ਦੂ ਵੱਢਿਓਂ ਸਾਰੀ ਸਿੱਖ ਕੌਮ ਨੂੰ ਅੱਤਵਾਦੀ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਸੀ। ਸਿਰ ਨੂੰ ਚੜ੍ਹੀ ਮਾਨਸਿਕ ਪੀੜ ਇੰਦਰਾ ਦਾ ਖਹਿੜਾ ਨਹੀਂ ਛੱਡ ਰਹੀ ਸੀ। ਉਸ ਕੇਂਦਰੀ ਮੰਤਰੀ ਸ੍. ਬੂਟਾ ਸਿੰਘ ਨੂੰ ਝੰਜੋੜ ਕੇ ਆਖਿਆ।

"ਮੈਨੇ ਕਹਾ ਨਾ ਜਲਦੀ ਅਕਾਲ ਤਖ਼ਤ ਤਿਆਰ ਕਰਵਾਓ, ਬੇਸ਼ੱਕ ਕੁਝ ਵੀ ਖ਼ਰਚ ਹੋ ਜਾਏ, ਆਪ ਅੰਮ੍ਰਿਤਸਰ ਜਾਤੇ ਹੈਂ ਔਰ ਕੋਈ ਕਾਮ ਕਰਕੇ ਆਤੇ ਨਹੀਂ, ਯੂੰ ਹੀ ਫੇਰਾ ਪਾ ਕਰ ਆ ਜਾਤੇ ਹੋ?"

"ਨਹੀਂ ਬੀਬੀ ਜੀ!" ਬੂਟਾ ਸਿੰਘ ਨਿਰਮਾਣਤਾ ਤੇ ਸਤਿਕਾਰ ਵਿਚ ਝੁਕਿਆ ਹੋਇਆ ਸੀ। "ਮੈਂ ਆਪਣੀ ਤਰਫ਼ ਸੇ ਸਿਰ ਤੋੜ ਕੋਸ਼ਿਸ਼ ਕਰ ਰਹਾ ਹੂੰ। ਸਿੱਖੋਂ ਮੇਂ ਸੰਤ ਮਹਾਤਮਾ ਕਾ ਬਹੁਤ ਪ੍ਰਭਾਵ ਹੈ। ਮੈਨੇ ਐਸਾ ਸੰਤ ਖੜਕ ਸਿੰਘ ਢੂੰਡ ਨਿਕਾਲਾ ਹੈ। ਉਸ ਸੇ ਕਾਰ ਸੇਵਾ ਕਰਾਏਂਗੇ।"

"ਆਪ ਨਹੀਂ ਸਮਝਤੇ, ਇੰਟਰਨੈਸ਼ਨਲ ਤੌਰ ਪਰ ਹਮਾਰੀ ਕਿਤਨੀ ਬਦਨਾਮੀ ਹੋ ਰਹੀ ਹੈ। ਮੈਨੇ ਆਪ ਕੋ ਆਪਣਾ ਜਾਨ ਕਰ ਜ਼ੁੰਮੇਵਾਰੀ ਸੌਂਪੀ, ਮਗਰ ਆਪ ਅਬ ਤੱਕ ਕੁਝ ਨਾ ਕਰ ਪਾਏ। ਆਪ ਡਰਤੇ ਹੈਂ ਅੱਤਵਾਦੀਓਂ ਸੇ? ਕਾਮ ਨਹੀਂ ਕਰ ਸਕਤੇ ਤੋ ਛੋੜ ਦੋ, ਹਮ ਕਿਸੀ ਔਰ ਕੋ ਜ਼ੁੰਮੇਵਾਰੀ ਦੇਤੇ ਹੈਂ।" ਇੰਦਰਾ ਆਪਣੀ ਚੜ੍ਹਤ ਵਿਚ ਛੁੰਕਾਰੇ ਮਾਰ ਰਹੀ ਸੀ, ਪਰ ਅੰਦਰ ਕੰਬਣੀ ਛਿੜੀ ਹੋਈ ਸੀ।

"ਐਸਾ ਨਹੀਂ ਸਰ, ਮੈਂ ਜਾਨ ਕੀ ਬਾਜ਼ੀ ਲਗਾ ਕਰ ਖ਼ਿਦਮਤ ਕਰ ਰਹਾ ਹੂੰ। ਆਪ

ਫ਼ਿਕਰ ਨਾ ਕੀਜੀਏ।" ਬੂਟਾ ਸਿੰਘ ਆਪਣੀ ਭੱਲ ਨਹੀਂ ਗਵਾਉਣਾ ਚਾਹੁੰਦਾ ਸੀ।

"ਜਾਓ, ਔਰ ਸੰਤ ਖੜਕ ਸਿੰਘ ਕੋ ਕਾਮ ਪਰ ਲਗਾਓ, ਕਾਮ ਜਲਦੀ ਹੋਣਾ ਚਾਹੀਏ।" ਇੰਦਰਾ ਨੇ ਇੱਕ ਤਰ੍ਹਾਂ ਤੰਬੀਹ ਕਰ ਦਿੱਤੀ।

"ਬੀਬੀ ਜੀ, ਕਾਮ ਹੋਗਾ ਹਰ ਹਾਲਤ ਮੇਂ।" ਬੂਟਾ ਸਿੰਘ ਸਿਰ ਝੁਕਾ ਕੇ ਉਸ ਦੇ ਦਫ਼ਤਰੋਂ ਬਾਹਰ ਆ ਗਿਆ। ਭਾਂਬੜ ਆਪ ਬਾਲ ਦਿੱਤੇ; ਬਲਦੀ ਦੇ ਬੁੱਥੇ ਹੁਣ ਅਸੀਂ। ਮਾਰ ਮਰਵਾਈ ਤੂੰ ਕਰਵਾਏਂ, ਨਤੀਜੇ ਅਸੀਂ ਭੁਗਤੀਏ। ਲਾਹਨਤ ਸਾਡੇ ਵੀ ਜੀਣ ਦੇ। ਦਫ਼ਤਰੋਂ ਨਿਕਲ ਕੇ ਹੀ ਉਸ ਨੂੰ ਸਾਹ ਸੁਖਾਲਾ ਆਇਆ ਸੀ।

ਉਹ ਬੁੜ ਬੁੜ ਕਰਦਾ ਹੀ ਹਵਾਈ ਜਹਾਜ਼ ਚੜ੍ਹਿਆ ਤੇ ਪੰਥਕ ਪੀੜ ਮਹਿਸੂਸ ਕਰਦਾ ਰਾਜਾ ਸਾਂਸੀ ਹਵਾਈ ਅੱਡੇ 'ਤੇ ਆ ਉਤਰਿਆ। ਪੁਲੀਸ ਮੁਖੀ ਪਹਿਲੋਂ ਹੀ ਪਹੁੰਚੇ ਹੋਏ ਸਨ। ਉਹ ਉਸ ਨੂੰ ਸਿੱਧਾ ਈ ਸੰਤ ਖੜਕ ਸਿੰਘ ਦੇ ਡੇਰੇ ਲੈ ਗਏ। ਆਲੇ-ਦੁਆਲੇ ਗਲੀਆਂ, ਮੋੜਾਂ ਤੇ ਚੌਕਾਂ ਵਿਚ ਖਲੋਤਾ ਫ਼ੌਜੀ ਹਰਕਤ ਵਿਚ ਆ ਗਏ। ਅੰਮ੍ਰਿਤਸਰ ਵਿਚ ਸੁੰਨਸਾਨ ਵਰਤੀ ਹੋਈ ਸੀ। ਹਰੇਕ ਚਿਹਰਾ ਇੱਕ ਪੀੜ ਦੀ ਖ਼ਾਮੋਸ਼ ਕਹਾਣੀ ਕਹਿ ਰਿਹਾ ਸੀ। ਬੂਟਾ ਸਿੰਘ ਡੇਰੇ ਦੀਆਂ ਪੌੜੀਆਂ ਚੜ੍ਹਦਾ ਸੋਚ ਰਿਹਾ ਸੀ: ਕਿਤੇ ਸੰਤ ਆਕੜ ਨਾ ਜਾਣ; ਮੈਂ ਭਲੱਥਾ ਤਾਂ ਮਾਰਾਂਗਾ। ਪੁਲੀਸ ਮੁਖੀ ਨੇ ਪਹਿਲ ਕਰਦਿਆਂ ਸੰਤ ਖੜਕ ਸਿੰਘ ਦੇ ਪੈਰ ਫੜ ਲਏ।

"ਮਹਾਂਪੁਰਸ਼ੋ! ਤੁਹਾਡੀ ਧੰਨ ਕਮਾਈ। ਤੁਹਾਨੂੰ ਕੇਂਦਰੀ ਮੰਤਰੀ ਸ੍ਰ. ਬੂਟਾ ਸਿੰਘ ਜੀ ਮਿਲਣ ਆਏ ਐ।"

ਸੰਤ ਨੇ ਐਨਕਾਂ ਵਾਲਾ ਸਿਰ ਉਤਾਂਹ ਚੁੱਕਿਆ। ਓਦੋਂ ਨੂੰ ਸ੍ਰ. ਬੂਟਾ ਸਿੰਘ ਜੀ ਲੰਮੇ ਪੈਣ ਜਿੰਨੇ ਝੁੱਕ ਗਏ। ਸੰਤ ਖੜਕ ਸਿੰਘ ਨੇ ਮਨ ਤੇ ਚਿਹਰੇ ਦੀ ਉਦਾਸੀ ਨਾਲ ਕਿਹਾ;

"ਜੀ ਆਇਆਂ ਨੂੰ ਭਾਈ! ਗੁਰਬਖ਼ਸ਼ ਸਿਆਂ ਭਾਈ ਮੰਜੇ ਡਾਹ ਦੇ?" ਉਨ੍ਹਾਂ ਡੇਰੇ ਦੀ ਖ਼ਬਰ ਲੈਣ ਆਏ ਗੁਰਬਖ਼ਸ਼ ਸਿੰਘ ਨੂੰ ਕਿਹਾ। ਉਸ ਮੰਜੇ ਡਾਹੁਣੇ ਸ਼ੁਰੂ ਕਰ ਦਿੱਤੇ।

"ਮਹਾਂਪੁਰਸ਼ੋ! ਮੈਂ ਤੁਹਾਡੇ ਲਈ ਪ੍ਰਾਈਮ ਮਨਿਸਟਰ ਇੰਦਰਾ ਜੀ ਦਾ ਸੁਨੇਹਾ ਲਿਆਇਆ ਹਾਂ।" ਬੂਟਾ ਸਿੰਘ ਦੀਆਂ ਮੁੱਛਾਂ ਉੱਚੀਆਂ ਨੀਵੀਆਂ ਹੁੰਦੀਆਂ ਮੁਸਕਰਾ ਰਹੀਆਂ ਸਨ।

"ਸਾਨੂੰ ਸੁਨੇਹਾ? ਹੋਰ ਹੁਣ ਇੰਦਰਾ ਨੇ ਸਾਨੂੰ ਕੀ ਕਹਿਣਾ ਏ?" ਸੰਤਾਂ ਅੰਦਰੋਂ ਰੋਸ ਇੱਕ ਦੀਵੇ ਦੀ ਲਾਟ ਵਾਂਗ ਨਿਕਲ ਨਿਕਲ ਬੁਝ ਰਿਹਾ ਸੀ।

"ਤੁਸੀਂ ਠੀਕ ਤਾਂ ਹੋ ਸੰਤ ਜੀ?" ਬੂਟਾ ਸਿੰਘ ਨੂੰ ਸੰਤ ਢਿੱਲੇ ਜਾਪੇ।

"ਨਾ ਮਰਿਆਂ ਵਿਚ ਨਾ ਜਿਉਂਦਿਆਂ ਵਿਚ। ਤੁਹਾਡੀ ਫ਼ੌਜ ਦੇ ਸਿਪਾਹੀ ਡੇਰੇ ਵਿਚ ਰਹਿੰਦੇ ਸਨ। ਲੰਗਰ ਤੇ ਚਾਹ-ਪਾਣੀ ਵੀ ਡੇਰਿਉਂ ਛਕਦੇ ਸਨ। ਉਨ੍ਹਾਂ ਦਿਨ-ਰਾਤ ਖਾਂਦਿਆਂ-ਪੀਂਦਿਆਂ ਨੇ ਸਾਡੇ ਡੇਰੇ ਦੇ ਬਾਈ ਸੇਵਾਦਾਰ ਗੋਲੀਆਂ ਨਾਲ ਮਾਰ ਸੁੱਟੇ। ਐਸ ਤਰ੍ਹਾਂ ਦੀ ਮਾੜੀ ਨਹੀਂ ਵੇਖੀ ਸੀ, ਜਿਨ੍ਹਾਂ ਦਾ ਖਾਉ, ਉਨ੍ਹਾਂ ਨੂੰ ਹੀ ਮਾਰ ਸੁੱਟੋ। ਆਹ ਸਾਡਾ ਹਾਲ ਐ ਸਰਦਾਰਾ।" ਸੰਤਾਂ ਨੂੰ ਖੰਘ ਛਿੜ ਪਈ। ਉਨ੍ਹਾਂ ਦੀ ਖ਼ਬਰ ਸਾਰ ਲੈਣ ਆਏ, ਗੁਰਬਖ਼ਸ਼ ਸਿੰਘ ਨੇ ਉਨ੍ਹਾਂ ਨੂੰ ਮੋਢਿਆਂ ਤੋਂ ਫੜ ਲਿਆ।

"ਤੁਹਾਡੇ ਸੇਵਕਾਂ ਨੂੰ ਮਾਰਿਆ?" ਬੂਟਾ ਸਿੰਘ ਅਸਚਰਜਤਾ ਵਿਚ ਆ ਗਿਆ। ਜਿਸ ਦੇ ਐਨੇ ਸੇਵਕ ਡੇਰੇ ਦਾ ਖਾਂਦਿਆਂ-ਪੀਂਦਿਆਂ ਮਿਲਟਰੀ ਨੇ ਮਾਰ ਘੱਤੇ ਹੋਣ, ਇਹ ਸਾਧ

ਕਾਰ ਸੇਵਾ ਲਈ ਕਦੋਂ ਮੰਨਿਆਂ।"ਬਹੁਤ ਹੀ ਮਾੜੀ ਗੱਲ ਹੋਈ। ਮਹਾਂਪੁਰਸ਼ੋ, ਮੈਨੂੰ ਬੜਾ ਹੀ ਦੁੱਖ ਐ। ਅੰਨ੍ਹੇ ਫ਼ੌਜੀਆਂ ਤੁਹਾਡੇ ਸੇਵਕ ਮਾਰ ਘੱਤੇ। ਮੈਂ ਪੜਤਾਲ ਕਰਾਵਾਂਗਾ; ਕਾਤਲਾਂ ਨੂੰ ਸਜ਼ਾ ਦੁਆਵਾਂਗਾ। ਬਹੁਤ ਮਾੜੀ ਕੀਤੀ ਹਰਾਮੀਆਂ। ਜਿਸ ਭਾਂਡੇ ਖਾਧਾ, ਓਸੇ ਵਿਚ ਛੇਕ ਕੀਤਾ।"

"ਮੈਨੂੰ ਕਿਉਂ ਨਹੀਂ ਮਾਰਦੇ? ਮੈਨੂੰ ਗੋਲੀ ਮਾਰੋ, ਮਾਰੋ; ਮੈਂ ਦੁਹਾਈ ਪਿੱਟੀ। ਪਰ ਜਿਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਦੀ ਗੋਲੀਆਂ ਕੱਢ ਦਿੱਤੀਆਂ; ਹਰਿਮੰਦਰ ਦੇ ਕੀਰਤਨ ਕਰਦੇ ਰਾਗੀ ਮਾਰ ਸੁੱਟੇ; ਉਹ ਹਮਾਤੜ ਸਾਧ ਦੀ ਕਦੋਂ ਸੁਣਦੇ ਸਨ। ਇਹ ਸਭ ਤੇਰੀ ਇੰਦਰਾ ਦਾ ਕਹਿਰ ਸਿੱਖ ਕੌਮ ਭੋਗ ਰਹੀ ਐ। ਇਹ ਕਲੰਕ ਮੱਥੇ ਲੱਗਾ ਨਹੀਂ ਲਹਿਣਾ।" ਸੰਤ ਦੁਰਬਚਨ ਕਹਿਣੋਂ ਸੰਕੋਚ ਕਰ ਗਏ।

ਬੂਟਾ ਸਿੰਘ ਅਸਲੋਂ ਹੌਲਾ ਪੈ ਗਿਆ। ਨਿਮਾਜ਼ ਬਖ਼ਸ਼ਾਉਣ ਆਇਆ ਸੀ, ਰੋਜ਼ੇ ਵੀ ਗਲ ਪੈ ਗਏ। ਇਹ ਤਾਂ ਫੋੜੇ ਵਾਂਗ ਭਰਿਆ ਪਿਆ ਏ।

"ਮਹਾਰਾਜ ਜੀ, ਮੈਂ ਬਹੁਤ ਸ਼ਰਮਿੰਦਾ ਆਂ। ਤੁਹਾਡੇ ਸੇਵਕਾਂ ਦੇ ਮਾਰੇ ਜਾਣ ਦੀ ਦੁਰਘਟਨਾ ਮੈਂ ਇੰਦਰਾ ਜੀ ਨੂੰ ਦੱਸਾਂਗਾ ਤੇ ਕੁਕਰਮੀਆਂ ਨੂੰ ਸਜ਼ਾ ਦੁਆਵਾਂਗਾ।"

ਸੰਤਾਂ ਦੇ ਸੇਵਾਦਾਰ ਮਾਰੇ ਜਾਣੇ ਸੁਣ ਕੇ ਪੁਲੀਸ ਅਫ਼ਸਰਾਂ ਦੇ ਦੰਦ ਜੁੜ ਗਏ। ਉਹ ਕੁਝ ਵੀ ਬੋਲਣ ਜੋਗੇ ਨਹੀਂ ਰਹੇ ਸਨ ਪਰ ਢਿੱਡੋਂ ਔਖੇ ਸਨ, ਸਿੱਖੀ ਉਨ੍ਹਾਂ ਅੰਦਰ ਸੂਈਆਂ ਚੋਭ ਰਹੀ ਸੀ। ਸੰਤਾਂ ਲੰਮਾ ਹਾਉਕਾ ਭਰਿਆ।

"ਜਿੱਥੇ ਹੋਰ ਹਜ਼ਾਰਾਂ ਬੇਗੁਨਾਹ ਯਾਤਰੀ ਮਾਰੇ ਗਏ, ਉੱਥੇ ਸਾਡੇ ਬਾਈ ਸੇਵਕ ਵੀ ਗੁਰੂ ਨੂੰ ਪਿਆਰੇ ਸਹੀ। ਪਰ ਉਨ੍ਹਾਂ ਤਾਂ ਭੋਜਨ ਬੰਦਗੀ ਤੇ ਸੇਵਾ ਬਿਨਾਂ ਕਿਸੇ ਨੂੰ ਕਦੇ ਕੁਝ ਆਖਿਆ ਹੀ ਨਹੀਂ ਸੀ। ਇਹ ਕਿਹੋ ਜਿਹਾ ਰਾਜ ਐ; ਜਿਹੜਾ ਗੁਨਾਹਗਾਰਾਂ ਤੇ ਲੋਕਾਂ ਦੇ ਸੇਵਕਾਂ ਵਿਚ ਵੀ ਫ਼ਰਕ ਨਹੀਂ ਵੇਖਦਾ।"

"ਮਹਾਂਪੁਰਸ਼ੋ! ਜਦੋਂ ਬਾਬਰ ਨੇ ਏਮਨਾਬਾਦ 'ਤੇ ਹੱਲਾ ਕੀਤਾ ਸੀ; ਉਦੋਂ ਵੀ ਹਜ਼ਾਰਾਂ ਬੇਗੁਨਾਹ ਮਾਰੇ ਗਏ ਸਨ" ਅਫ਼ਸੋਸ ਤੇ ਰੰਜ ਦੀ ਸਾਂਝ ਵਿਚ ਬੂਟਾ ਸਿੰਘ ਨੂੰ ਚੱਜ ਦਾ ਜਵਾਬ ਨਹੀਂ ਔੜਿਆ ਸੀ।

"ਬਾਬਰ ਤਾਂ ਭਰਾਵਾ ਪ੍ਰਦੇਸੀ ਸੀ। ਕਾਬਲੋਂ ਆਇਆ ਸੀ, ਪਰ ਆਪਣੇ ਦੇਸ਼ ਦੀ ਸਰਕਾਰ ਤੇ ਫ਼ੌਜ; ਜਿਹੜੀ ਲੋਕਾਂ ਨੂੰ ਬਚਾਉਣ ਵਾਲੀ ਐ, ਆਪਣੀ ਪਰਜਾ ਨੂੰ ਹੀ ਮਾਰੇ, ਪਵਿੱਤਰ ਸ੍ਰੀ ਅਕਾਲ ਤਖ਼ਤ ਢਾਹੇ, ਕੀਹਦੇ ਕੋਲ ਫ਼ਰਿਆਦ ਕਰੀਏ। ਭਾਈ ਸਿੱਖਾ, ਜਦੋਂ ਵਾੜ ਈ ਖੇਤ ਨੂੰ ਖਾਣ ਲੱਗ ਪਵੇ, ਲੋਕਾਂ ਦਾ ਕੀ ਟਿਕਾਣਾ।" ਸੰਤ ਲੰਮੇ ਪੀੜ ਭਰੇ ਹਾਉਕੇ ਵਿਚ ਅੱਖਾਂ ਮੀਟ ਗਏ। "ਭਾਈ ਬੂਟਾ ਸਿਆਂ, ਗੁਰੂ ਕਿਆਂ ਨੇ ਸਰਬੱਤ ਦਾ ਭਲਾ ਚਾਹਿਆ, ਅਸੀਂ ਵਿਰਕਤ ਲੋਕ ਮਾਰਨ ਵਾਲਿਆਂ ਦਾ ਵੀ ਭਲਾ ਚਾਹਾਂਗੇ।" ਸੰਤ ਪੁੱਜ ਕੇ ਦੁਖੀ ਸਨ।

"ਮਹਾਂਪੁਰਸ਼ੋ! ਤੁਹਾਡੀ ਮਹਾਨਤਾ ਨੂੰ ਕੋਈ ਸਰਕਾਰ ਨਹੀਂ ਪਹੁੰਚ ਸਕਦੀ। ਤੁਸੀਂ ਗੁਰੂ ਦਾ ਸੰਦੇਸ਼ ਬਾਣੀ ਰਾਹੀਂ ਸਾਨੂੰ ਗ੍ਰਹਿਸਥੀਆਂ ਨੂੰ ਦੇਣ ਵਾਲੇ, ਸਾਡਾ ਪਾਪੀਆਂ ਦਾ ਨਰਕ ਕੱਟਣ ਵਾਲੇ, ਇਸ ਬਲਿਊ ਸਟਾਰ ਹਮਲੇ ਦਾ ਸਭ ਨੂੰ ਦੁੱਖ ਐ। ਬਹੁਤ ਭਾਰੀ ਗ਼ਲਤੀ ਹੋ ਗਈ, ਗੁਨਾਹਗਾਰਾਂ ਨਾਲ ਬੇਗੁਨਾਹ ਲੋਕ ਵੀ ਮਾਰੇ ਗਏ। ਇਹ ਕੁਦਰਤ ਦਾ ਵਰਤਾਇਆ ਭਾਣਾ ਸੀ। ਹੋ ਚੁੱਕੇ ਨੂੰ ਅਸੀਂ ਤੁਸੀਂ ਕੋਈ ਵੀ ਨਹੀਂ ਮੋੜ ਸਕਦਾ। ਇੰਦਰਾ ਜੀ ਚਾਹੁੰਦੇ ਹਨ,

ਕੌਮ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਈ ਜਾਵੇ। ਉਹ ਤੁਹਾਨੂੰ ਅੱਗੇ ਲਿਆਉਣਾ ਚਾਹੁੰਦੇ ਐ। ਸਾਡੇ ਪੁਰਖੇ ਦੁਖੀ ਹਿਰਦੇ ਨਾਲ ਵੀ ਪਰਉਪਕਾਰ ਕਰਦੇ ਆਏ ਐ। ਤੁਸੀਂ ਹੌਸਲਾ ਕਰਕੇ ਅੱਗੇ ਲੱਗੋ ਤੇ ਪਰਉਪਕਾਰ ਦਾ ਬੀੜ੍ਹਾ ਚੁੱਕੋ।"

"ਦਲੇਰੀ ਤੋਂ ਕੰਮ ਲਵੋ ਮਹਾਂਪੁਰਖੋ ਤੇ ਕੌਮ ਨੂੰ ਹੌਸਲਾ ਦਿਉ, ਤੁਹਾਡੇ ਦਿੱਤੇ ਹੌਸਲੇ ਨਾਲ ਹੀ ਕੌਮ ਨੇ ਉੱਠਦੀ ਹੋਣਾ ਏ।" ਪੁਲੀਸ ਮੁਖੀ ਨੇ ਬੂਟਾ ਸਿੰਘ ਦੀ ਪ੍ਰੋੜ੍ਹਤਾ ਕੀਤੀ।

"ਹਾਂ, ਬਈ ਦੱਸੋ, ਤੁਹਾਡੀ ਇੰਦਰਾ ਸਾਥੋਂ ਫ਼ਕੀਰਾਂ ਤੋਂ ਕੀ ਚਾਹੁੰਦੀ ਐ। ਅਸੀਂ ਤਾਂ ਕਾਸੇ ਜੋਗੇ ਰਹੇ ਹੀ ਨਹੀਂ।"

"ਮਹਾਰਾਜ ਜੀ, ਤੁਹਾਡੇ ਰੂਹਾਨੀ ਬਲ ਪ੍ਰਤਾਪ ਅੱਗੇ ਸਰਕਾਰਾਂ ਕੀ ਚੀਜ਼ ਐ।" ਬੂਟਾ ਸਿੰਘ ਨੇ ਮਹਾਤਮਾ ਦੀ ਉਸਤਤ ਕਰਕੇ ਅਸਲ ਗੱਲ ਕਹਿਣ ਲਈ ਜਗ੍ਹਾ ਬਣਾਈ। "ਇੰਦਰਾ ਬੀਬੀ ਜੀ ਆਖਦੇ ਐ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਤ ਬਾਬਾ ਖੜਕ ਸਿੰਘ ਜੀ ਹੀ ਕਰਨ। ਤੁਸਾਂ ਗੁਰਦਵਾਰਿਆਂ ਦੀਆਂ ਸ਼ਾਨਦਾਰ ਇਮਾਰਤਾਂ ਖੜ੍ਹੀਆਂ ਕਰ ਦਿੱਤੀਆਂ ਹਨ। ਤੁਸੀਂ ਬਾਬਾ ਜੀ ਤਰਨ ਤਾਰਨ ਹੋ।"

"ਤੁਸੀਂ ਡੋਬੀ ਚੱਲੋ, ਮਾਰੀ ਚਲੋ; ਸਾਨੂੰ ਆਪਣੇ ਬੱਚਿਆਂ ਦੇ ਸਿਵੇ ਸੇਕਣ ਲਾ ਛੱਡੋ।" ਸੰਤਾਂ ਦੇ ਦਿਲ ਦਾ ਦਰਦ ਰੋਕਿਆਂ ਵੀ ਨਾ ਰੁਕਿਆ। ਉਹ ਸ਼ਾਂਤ ਰਹਿਣਾ ਚਾਹੁੰਦੇ ਸਨ, ਪਰ ਅੰਦਰ ਬਲ-ਬਲ ਉੱਠਦਾ ਸੀ। ਥੋੜ੍ਹਾ ਸਮਾਂ ਚੁੱਪ ਤਣੀ ਰਹੀ। ਮੁੜ ਸੰਤ ਖੜਕ ਸਿੰਘ ਜੀ ਹੀ ਬੋਲੇ। "ਭਾਈ ਸਰਦਾਰ ਬੂਟਾ ਸਿਆਂ ਹਾਲੇ ਸਾਡਾ ਅੰਦਰ ਲਹੂ-ਲੁਹਾਣ ਐ। ਇਹਨੂੰ ਠਾਰੀ ਆ ਲੈਣ ਦਿਓ। ਇੱਕ ਹੋਰ ਸੇਵਾ ਵੀ ਚੱਲ ਰਹੀ ਹੈ।"

"ਇੰਦਰਾ ਜੀ ਤੁਹਾਡੇ ਕੋਲੋਂ ਹੀ ਸੇਵਾ ਕਰਵਾਉਣਾ ਚਾਹੁੰਦੀ ਐ। ਸੇਵਾਦਾਰ ਬਥੇਰੇ, ਨਿਗਰਾਨੀ ਤੁਸੀਂ ਕਰੋਗੇ।" ਬੂਟਾ ਸਿੰਘ ਨੇ ਸਮਝਿਆ, ਪੰਜਾਹ ਫ਼ੀਸਦੀ ਮੈਦਾਨ ਮਾਰ ਲਿਆ।

"ਤੂੰ ਭਾਈ ਵਾਰ ਵਾਰ ਇੰਦਰਾ ਦਾ ਵੇਰਵਾ ਨਾ ਪਾ। ਅਸਾਂ ਜੇ ਸੇਵਾ ਕਰਨੀ ਹੋਈ, ਸਾਰੇ ਪੰਥ ਦਰਦੀਆਂ ਦੀ ਸਲਾਹ ਨਾਲ ਕਰਾਂਗੇ।"

"ਤੁਸੀਂ ਜਿਵੇਂ ਮਰਜ਼ੀ ਕਰੋ, ਤੁਹਾਨੂੰ ਕਿਸੇ ਪੱਖੋਂ ਤੋਟ ਨਹੀਂ ਆਉਣ ਦਿੱਤੀ ਜਾਵੇਗੀ। ਨਾ ਹੀ ਕਿਸੇ ਤਰ੍ਹਾਂ ਰੋਕ ਪਵੇਗੀ।" ਸਰਦਾਰ ਅੰਦਰੋਂ ਘਬਰਾਇਆ ਤੇ ਉੱਤੋਂ ਖੁਸ਼ ਸੀ। "ਤੁਹਾਨੂੰ ਕਿਸੇ ਵੀ ਚੀਜ਼ ਦੀ ਲੋੜ ਹੈ ਤਾਂ ਦੱਸੋ, ਹੁਣੇ ਹਾਜ਼ਰ ਹੋਵੇਗੀ।"

"ਨਾ ਭਾਈ, ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ।" ਉਹ ਕਹਿਣਾ ਚਾਹੁੰਦੇ ਸਨ: "ਕੋਹੜੀ ਦੇ ਭਾਂਡੇ ਦੀ ਖੀਰ ਤੋਂ ਐਵੇਂ ਚੰਗੇ ਆਂ।"

"ਹਾਂ, ਬਈ ਐੱਸ. ਪੀ. ਸਾਹਿਬ। ਟੈਲੀਫ਼ੋਨ ਵਾਲਿਆਂ ਨੂੰ ਕਹਿ ਕੇ ਸੰਤਾਂ ਦਾ ਫ਼ੋਨ ਚੱਲਦਾ ਕਰਵਾਓ ਸ਼ਾਮ ਤੱਕ।" ਉਹ ਡੇਰੇ ਦੀ ਕੁਝ ਨਾ ਕੁਝ ਸੇਵਾ ਕਰਨਾ ਚਾਹੁੰਦਾ ਸੀ; ਭਾਵੇਂ ਸੰਤਾਂ ਨੂੰ ਕੋਈ ਲੋੜ ਨਹੀਂ ਸੀ।

"ਚੰਗਾ ਸੰਤ ਬਾਬਾ ਜੀ, ਸਾਨੂੰ ਆਗਿਆ ਬਖ਼ਸ਼ੋ। ਇਹ ਕਾਰਨਾਮਾ ਤੁਸਾਂ ਹੀ ਬੰਨ੍ਹੇ ਲਾਉਣਾ ਏ। ਇੰਦਰਾ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਨ 'ਤੇ ਬੋਝ ਸਮਝਦੇ ਐ।" ਸਤਿ ਸ੍ਰੀ ਅਕਾਲ ਆਖਦਿਆਂ ਬੂਟਾ ਸਿੰਘ ਨੇ ਸੰਤਾਂ ਦੇ ਚਰਨ ਛੂਹੇ। ਫਿਰ ਪੁਲੀਸ ਮੁਖੀ ਵੀ ਝੁਕਦੇ ਗਏ, ਪਰ ਸੰਤ ਮੂੰਹੋਂ ਕੁਝ ਨਾ ਬੋਲੇ।

ਸ. ਬੂਟਾ ਸਿੰਘ ਨਾਲ ਆਇਆ ਲਾਣਾ ਅੱਗੇ-ਪਿੱਛੇ ਪੌੜੀਆਂ ਉਤਰਦਾ ਗਿਆ।

ਉਨ੍ਹਾਂ ਦੇ ਜਾਣ ਪਿੱਛੋਂ ਕੈਪਟਨ ਗੁਰਬਖ਼ਸ਼ ਸਿੰਘ ਬੋਲ ਪਿਆ।

"ਇੱਕ ਬੇਨਤੀ ਐ ਮਹਾਂਪੁਰਸ਼ੋ! ਇਨ੍ਹਾਂ ਕਾਂਗਰਸੀਆਂ ਵਿਰੁੱਧ ਪੰਥ ਤੇ ਸੰਗਤ ਵਿਚ ਮਣਾਂ ਮੂੰਹ ਰੋਸ ਤੇ ਗੁੱਸਾ ਭਰਿਆ ਪਿਆ ਹੈ। ਕਿਤੇ ਕਾਰ ਸੇਵਾ ਲਈ ਹਾਮੀ ਨਾ ਭਰ ਦਿਆ ਜੇ।"

"ਨਹੀਂ ਗੁਰਬਖ਼ਸ਼ ਸਿਆਂ, ਮੈਂ ਪੰਥਕ ਹਸਤੀਆਂ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਹੋਰ ਪਤਵੰਤੇ ਸਿੱਖਾਂ ਦੀ ਸਲਾਹ ਬਿਨਾਂ ਹਾਮੀ ਕਿਵੇਂ ਭਰ ਸਕਦਾ ਆਂ।"

"ਤੁਸੀਂ ਹੋ ਨਰਮ, ਤੁਹਾਨੂੰ ਸਰਕਾਰੀਆਂ ਲੇਲੇ-ਪੇਪੇ ਦੇ ਝਾਂਸੇ ਵਿਚ ਲੈ ਲੈਣਾ ਏ। ਸਿੱਖ ਕੌਮ ਦਾ ਰੋਹ ਉਬਾਲੇ ਖਾ ਰਿਹਾ ਏ। ਤੁਸੀਂ ਬਾਹਰ ਨਹੀਂ ਨਿਕਲੇ। ਪਿੰਡਾਂ ਦੇ ਲੋਕ ਗੰਡਾਸੇ, ਸੋਲੇ, ਡਾਂਗਾਂ ਤੇ ਸਲਗਾਂ ਤੱਕ ਚੁੱਕੀ ਚਾਰੇ ਪਾਸਿਉਂ ਚੜ੍ਹ ਆਏ ਸਨ।" ਗੁਰਬਖ਼ਸ਼ ਸਿੰਘ ਬਾਹਰਲੀਆਂ ਖ਼ਬਰਾਂ ਦੱਸਦਾ ਰਿਹਾ; "ਫੌਜ ਦਾ ਹੈਲੀਕਾਪਟਰ ਵਾਇਰਲੈੱਸ ਰਾਹੀਂ ਪਿੰਡਾਂ ਦੀਆਂ ਵਹੀਰਾਂ ਦੀ ਖ਼ਬਰ ਦੱਸਦਾ ਰਿਹਾ। ਫ਼ੌਜ ਨੇ ਸਾਰੀਆਂ ਸੜਕਾਂ ਤੇ ਰਾਹ ਮੱਲ ਲਏ। ਅਣਗਿਣਤ ਸਿੱਖ, ਜਿਹੜੇ ਰੋਕਿਆਂ ਰੁਕੇ ਨਹੀਂ, ਫ਼ੌਜ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਮਾਝੇ ਤੇ ਮਾਲਵੇ ਦਾ ਵੱਡਾ ਜਥਾ ਚੱਬੇ ਪਿੰਡ ਤੱਕ ਪਹੁੰਚ ਗਿਆ ਸੀ। ਅੱਗੋਂ ਮਿਲਟਰੀ ਵਾਰਨਿੰਗ ਦੇ ਰਹੀ ਸੀ;

"ਪਿੱਛੇ ਮੁੜ ਜਾਓ, ਨਹੀਂ ਤਾਂ ਗੋਲੀ ਚਲਾ ਦਿੱਤੀ ਜਾਵੇਗੀ।" ਪਰ ਲੋਕਾਂ ਦਾ ਜੋਸ਼ ਹਰ ਤਰ੍ਹਾਂ ਦੇ ਬੰਨ੍ਹੇ ਤੋੜ ਕੇ ਅੱਗੇ ਵਧਦਾ ਆਇਆ। ਮਿਲਟਰੀ ਨੇ ਮਸ਼ੀਨਗਨ ਦਾ ਫ਼ਾਇਰ ਖੋਲ੍ਹ ਦਿੱਤਾ। ਇਹ ਪਤਾ ਹੀ ਨਹੀਂ ਲੱਗ ਸਕਿਆ, ਕਿੰਨੇ ਮਾਰੇ ਗਏ, ਕਿਉਂਕਿ ਲਾਸ਼ਾਂ ਮਿਲਟਰੀ ਦੇ ਟਰੱਕ ਚੁੱਕ ਕੇ ਲੈ ਗਏ ਸਨ। ਬਾਕੀ ਜਥਾ ਜਾਨਾਂ ਬਚਾਉਣ ਲਈ ਚੌਫ਼ੇਰੇ ਨੂੰ ਖਿੱਲਰ ਗਿਆ।

"ਅੱਛਾ, ਲੋਕ ਸ੍ਰੀ ਦਰਬਾਰ ਸਾਹਿਬ ਨੂੰ ਬਚਾਉਣ ਲਈ ਜਾਨਾਂ ਵਾਰਨ ਤੱਕ ਆ ਗਏ ਸਨ?" ਸੰਤਾਂ ਲਈ ਇਹ ਬੜੀ ਹੈਰਾਨੀ ਵਾਲੀ ਗੱਲ ਸੀ।

"ਹੋਰ ਕੀ, ਬਟਾਲੇ ਵਾਲੇ ਪਾਸਿਓਂ ਵੀ ਜਥਾ ਤੁਰਿਆ ਤੇ ਤਹਿਸੀਲ ਅਜਨਾਲਾ ਵਾਲੇ ਸੈਂਟਰਲ ਜੇਲ੍ਹ ਤੱਕ ਪਹੁੰਚ ਗਏ ਸਨ। ਸਭ ਨੂੰ ਮਿਲਟਰੀ ਦੀਆਂ ਗੋਲੀਆਂ ਨੇ ਡੱਕਿਆ। ਹਰ ਪਾਸੇ ਗੋਲੀ ਚੱਲੀ ਤੇ ਕਈ ਥਾਵਾਂ 'ਤੇ ਸਿੰਘ ਸ਼ਹੀਦ ਹੋਏ।"

"ਗੁਰਬਖ਼ਸ਼ ਸਿਆਂ; ਜਾਨਾਂ ਵਾਰ ਦੇਣ ਵਾਲੇ ਮਰਜੀਵੜਿਆਂ ਦੀ ਕੌਮ ਨੂੰ ਸ. ਸ਼ਾਮ ਸਿੰਘ ਅਟਾਰੀ ਵਰਗਾ ਜੋਧਾ ਜਰਨੈਲ ਨਾ ਮਿਲਿਆ। ਹਾਂ, ਤੇਰੇ ਜਰਨਲ ਸੁਬੇਗ ਸਿੰਘ ਨੇ ਦਲੇਰੀ ਤੇ ਕੁਰਬਾਨੀ ਵਾਲੀ ਹੱਦ ਮੁਕਾ ਦਿੱਤੀ।" ਸੰਤਾਂ ਅੰਦਰ ਇੱਕ ਗੌਰਵ ਉੱਠ ਪਿਆ ਤੇ ਉਨ੍ਹਾਂ ਦੀ ਨੀਵੀਂ ਧੌਣ ਨੇ ਸਿਰ ਚੁੱਕ ਲਿਆ।

ਉਹ ਦੋਵੇਂ ਗੱਲਾਂ ਕਰ ਹੀ ਰਹੇ ਸਨ, ਜਦ ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਤਿੰਨ ਨੌਜਵਾਨ ਪੌੜੀਆਂ ਚੜ੍ਹ ਆਏ। ਤਿੰਨਾਂ ਨੇ ਫ਼ਤਹਿ ਬੁਲਾਉਂਦਿਆਂ ਸੰਤਾਂ ਅੱਗੇ ਸੀਸ ਝੁਕਾ ਦਿੱਤੇ।

"ਆਓ ਪਿਆਰਿਓ! ਤੁਹਾਡੀ ਕੀ ਸੇਵਾ ਕਰੀਏ, ਸਾਡੇ ਕੋਲ ਤਾਂ ਰਿਹਾ ਈ ਕੁਝ ਨਹੀਂ।" ਸੰਤਾਂ ਤਿੰਨਾਂ ਨੂੰ ਥਾਪੜਾ ਦਿੱਤਾ।

"ਅਸੀਂ ਮਹਾਂਪੁਰਖੋ, ਅਰਜ਼ ਕਰਨ ਆਏ ਆਂ, ਤੁਸੀਂ ਕਿਤੇ ਬੂਟਾ ਸਿੰਘ ਦੀਆਂ ਗੱਲਾਂ

ਵਿਚ ਨਾ ਆ ਜਾਇਓ। ਸਾਨੂੰ ਪਤਾ ਲੱਗਾ ਹੈ, ਉਹ ਤੁਹਾਡੇ ਕੋਲੋਂ ਸ੍ਰੀ ਅਕਾਲ ਤਖ਼ਤ ਦੀ ਸੇਵਾ ਕਰਵਾਉਣਾ ਚਾਹੁੰਦੇ ਹਨ। ਵੇਖਿਓ ਕਿਤੇ ਮੰਨ ਜਾਂਦੇ; ਕੌਮ ਇੰਦਰਾ ਦੇ ਕਹਿਰ ਨਾਲ ਬਲੀ ਪਈ ਐ।''

''ਅਸੀਂ ਪੁੱਤਰੋ ਕੌਮ ਦੇ ਸਾਹ ਨਾਲ ਸਾਹ ਲਵਾਂਗੇ। ਕਹਿਰ ਢਾਹੁੰਣ ਵਾਲੀ ਸਰਕਾਰ ਦਾ ਸਾਥ ਨਹੀਂ ਦਿਆਂਗੇ, ਹਰਗਿਜ਼ ਨਹੀਂ ਦਿਆਂਗੇ।'' ਬਾਬਾ ਜੀ ਨੇ ਪੱਕਾ ਮਨ ਬਣਾ ਕੇ ਕਹਿ ਦਿੱਤਾ।

ਉਹ ਹਾਲੇ ਬੈਠੇ ਹੀ ਸਨ ਕਿ ਰੀਟਾਇਰਡ ਬ੍ਰਗੇਡੀਅਰ ਮਹਿੰਦਰ ਸਿੰਘ ਸ਼ਰੀਫ਼ਪੁਰੇ ਤੋਂ ਬਚਦਾ ਬਚਾਉਂਦਾ ਡੇਰੇ ਆ ਪੁੱਜਾ। ਉਹ ਪਹਿਲਾਂ ਤੋਂ ਹੀ ਸੰਤਾਂ ਦਾ ਸ਼ਰਧਾਲੂ ਸੀ।

''ਓ ਭਾਈ ਮਹਿੰਦਰ ਸਿਆਂ! ਡੇਰੇ ਦੇ ਸਾਰੇ ਸੇਵਾਦਾਰ ਇਨ੍ਹਾਂ ਬੁੱਚੜਾਂ ਮਾਰ ਸੁੱਟੇ।'' ਬਾਬਾ ਜੀ ਨੇ ਮਹਿੰਦਰ ਸਿੰਘ ਕੋਲ ਹਾਅ ਦਾ ਨਾਅਰਾ ਮਾਰਿਆ।

''ਸੰਤੋ, ਇੱਥੇ ਕੌਮ ਦਾ ਰਿਹਾ ਈ ਕੁਝ ਨਹੀਂ।'' ਮਹਿੰਦਰ ਸਿੰਘ ਆਪਣਾ ਆਪ ਪਾੜ ਸੁੱਟਣਾ ਚਾਹੁੰਦਾ ਸੀ।

ਮਹਿੰਦਰ ਸਿੰਘ ਦੀ ਸੰਤਾਂ ਨੂੰ ਮਿਲਣ ਦੀ ਖ਼ਬਰ ਪੁਲੀਸ ਕੋਲ ਪਹੁੰਚ ਗਈ। ਉਸ ਨੂੰ ਝਟ ਗ੍ਰਿਫ਼ਤਾਰ ਕਰ ਲਿਆ। ਉਸ ਦੇ ਸਾਲੇ ਨੂੰ ਸੋਢੀ ਦੇ ਮਾਰਨ ਦੀ ਸ਼ੱਕ ਵਿਚ ਸੋਧ ਦਿੱਤਾ ਗਿਆ ਸੀ। ਮਹਿੰਦਰ ਸਿੰਘ ਗੁੱਸੇ ਹੋ ਕੇ ਸੰਤ ਜਰਨੈਲ ਸਿੰਘ ਪਾਸੋਂ ਚਲਿਆ ਗਿਆ ਸੀ। ਪਰ ਸੰਤਾਂ ਉਸ ਨੂੰ ਮਨਾ ਲਿਆ ਕਿ ਤੇਰਾ ਰਿਸ਼ਤੇਦਾਰ ਭੁਲੇਖੇ ਵਿਚ ਮਾਰਿਆ ਗਿਆ, ਤੂੰ ਸਾਨੂੰ ਮਾਫ਼ ਕਰ ਦੇ। ਬ੍ਰਗੇਡੀਅਰ ਗੁੱਸਾ ਥੁੱਕ ਕੇ ਸੰਤਾਂ ਕੋਲ ਆ ਗਿਆ। ਲੜਾਈ ਛਿੜਨ ਤੋਂ ਪਹਿਲਾਂ ਆਰਮੀ ਦੀ ਅਨਾਊਂਸਮੈਂਟ ਸਮੇਂ ਜਨਰਲ ਸੁਬੇਗ ਸਿੰਘ ਨੇ ਉਸ ਨੂੰ ਧੱਕੇ ਨਾਲ ਸ੍ਰੀ ਦਰਬਾਰ ਸਾਹਿਬ ਵਿਚੋਂ ਬਾਹਰ ਕੱਢ ਦਿੱਤਾ। ਹੁਣ ਜਦੋਂ ਉਸ ਨੂੰ ਘਰੋਂ ਗ੍ਰਿਫ਼ਤਾਰ ਕਰ ਲਿਆ, ਉਸ ਗੁੱਸੇ ਨਾਲ ਆਖਿਆ।

''ਆਪਣੀ ਬੁਲਬੁਲ (ਕੇ. ਐੱਸ. ਬਰਾੜ) ਨੂੰ ਕਹਿ ਦਿਓ, ਚਾਰ ਦਿਨ ਦੀ ਟਰੇਨਿੰਗ ਵਾਲੇ ਮੁੰਡਿਆਂ ਵੱਡੇ ਜਰਨੈਲ ਦੀ ਘੀਸੀ ਕਰਾ ਛੱਡੀ ਏ। ਸੁਆਦ ਤਾਂ ਸੀ ਪੈਂਹਠ ਦੀ ਜੰਗ ਵਿਚ ਸਿੱਕਦਾ, ਇਹ ਤਾਂ ਅਣਜਾਣ ਮੁੰਡੇ ਸੀ।''

ਉਸ ਨੂੰ ਅੱਤਵਾਦੀ ਬਣਾ ਕੇ ਉਸ 'ਤੇ ਟਾਡਾ ਲਾ ਕੇ ਜੇਲ੍ਹ ਭੇਜ ਦਿੱਤਾ। ਉਸ ਅਦਾਲਤ ਵਿਚ ਟਾਡਾ ਚੈਲੰਜ ਕਰ ਦਿੱਤਾ। ਜੱਜ ਨੇ ਸਾਰੀ ਕਹਾਣੀ ਸੁਣ ਕੇ ਟਾਡਾ ਤੋੜ ਦਿੱਤਾ ਤੇ ਲਿਖਿਆ,

''ਜਿਹੜਾ ਆਰਮੀ ਆਫ਼ੀਸਰ ਬਾਹਠ, ਪੈਂਹਠ ਤੇ ਇਕੱਹਤਰ ਦੀਆਂ ਜੰਗਾਂ ਬਹਾਦਰੀ ਨਾਲ ਲੜ ਸਕਦਾ ਹੈ, ਉਹ ਅੱਤਵਾਦੀ ਕਿਵੇਂ ਹੋ ਸਕਦਾ ਏ। ਟਾਡਾ ਦੀ ਗ਼ਲਤ ਵਰਤੋਂ ਕੀਤੀ ਗਈ ਹੈ।''

ਰਿਹਾ ਹੋਣ ਪਿੱਛੋਂ ਬ੍ਰਗੇਡੀਅਰ ਮਹਿੰਦਰ ਸਿੰਘ ਨੇ ਸੰਤ ਖੜਕ ਸਿੰਘ ਦੇ ਚਰਨੀਂ ਹੱਥ ਆ ਲਾਏ।

ਇਕੱਤੀਵਾਂ ਕਾਂਡ

ਸ੍ਰੀ ਦਰਬਾਰ ਸਾਹਿਬ ਦੀਆਂ ਸਿੰਘਾਂ ਦੇ ਸੱਥਰਾਂ ਦੀਆਂ ਖ਼ਬਰਾਂ ਬੀ. ਬੀ. ਸੀ. ਲੰਡਨ ਰਾਹੀਂ ਸਾਰੀ ਦੁਨੀਆਂ 'ਚ ਅੱਗ ਵਾਂਗ ਫੈਲ ਗਈਆਂ। ਆਲ ਇੰਡੀਆ ਨੇ ਖ਼ਬਰਾਂ ਸੰਕੋਚ ਸੰਕੋਚ ਅਨਾਊਂਸ ਕੀਤੀਆਂ ਸਨ, ਪਰ ਹਿੰਦੋਸਤਾਨ ਦੇ ਹਰ ਹਿੱਸੇ 'ਚ ਅੰਮ੍ਰਿਤਸਰ, ਸ੍ਰੀ ਦਰਬਾਰ ਸਾਹਿਬ ਅਤੇ ਸਿੱਖਾਂ ਬਾਰੇ ਚਰਚਾ ਬੁਰੀ ਤਰ੍ਹਾਂ ਛਿੜੀ ਹੋਈ ਸੀ। ਸੱਚਾਈ ਨਾਲ ਅਫ਼ਵਾਹਾਂ ਵੀ ਬੁਰੀ ਤਰ੍ਹਾਂ ਬਰਾਬਰ ਚੱਲ ਰਹੀਆਂ ਸਨ। ਛਾਉਣੀਆਂ, ਫ਼ੌਜੀ ਬੈਰਕਾਂ ਤੇ ਆਰਮੀ ਸੈਂਟਰਾਂ ਵਿਚ ਵੀ ਭਾਜੜ ਪੈ ਚੁੱਕੀ ਸੀ। ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਕਾਰਨ ਸ੍ਰੀ ਅਕਾਲ ਤਖ਼ਤ ਦੇ ਢਹਿ ਢੇਰੀ ਹੋ ਜਾਣ ਕਾਰਨ ਜਿੱਥੇ-ਜਿੱਥੇ ਵੀ ਸਿੱਖ ਫ਼ੌਜੀ ਸਨ; ਅਸਲੋਂ ਕਲਪ ਉੱਠੇ ਸਨ। ਧਾਰਮਿਕ ਜੋਸ਼ ਬੁਰੀ ਤਰ੍ਹਾਂ ਭੜਕ ਪਿਆ। ਉਨ੍ਹਾਂ ਹਮਲੇ ਨੂੰ ਠੱਲ੍ਹ ਪਾਉਣ ਲਈ ਸ੍ਰੀ ਅੰਮ੍ਰਿਤਸਰ ਨੂੰ ਕੂਚ ਕਰ ਦਿੱਤਾ। ਸਿੱਖ ਫ਼ੌਜੀਆਂ ਅਸਲਾ ਤੇ ਗੱਡੀਆਂ ਕਾਬੂ ਕਰ ਲਈਆਂ। ਕਿਸੇ ਨਾ ਸੋਚਿਆ, ਅੰਮ੍ਰਿਤਸਰ ਕਿੰਨੀ ਦੂਰ ਹੈ, ਕਦੋਂ ਪਹੁੰਚਾਂਗੇ? ਅਸੀਂ ਪਹੁੰਚ ਵੀ ਸਕਾਂਗੇ ਜਾਂ ਨਹੀਂ। ਧੱਕਾ ਦੇ ਕੇ ਚੜ੍ਹਿਆ ਜੋਸ਼ ਸੋਚਣ ਦੀ ਵਿਹਲ ਕਦੋਂ ਦੇਂਦਾ ਹੈ ਅਤੇ ਜਾਨ ਦੀ ਕਦੋਂ ਪ੍ਰਵਾਹ ਕਰਦਾ ਹੈ।

ਅੰਮ੍ਰਿਤਸਰ ਵਿਚ ਸਿੱਖ ਲਾਈਟ ਇਨਫ਼ੈਂਟਰੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨੋਂ ਨਾਂਹ ਕਰ ਦਿੱਤੀ ਸੀ। ਹਮਲੇ ਦੇ ਪਹਿਲੇ ਦਿਨ ਕਿਸੇ ਫ਼ੌਜੀ ਸਿੱਖ ਨੇ ਰੋਟੀ ਨਹੀਂ ਖਾਧੀ। ਫ਼ੌਜੀ ਅਫ਼ਸਰਾਂ ਬਗ਼ਾਵਤ ਦੇ ਡਰੋਂ ਉਨ੍ਹਾਂ ਨੂੰ ਉੱਥੋਂ ਕਿਸੇ ਦੂਰ ਦੀ ਥਾਂ ਬਦਲ ਦਿੱਤਾ। ਫ਼ੌਜੀ ਹਮਲੇ ਦੀਆਂ ਖ਼ਬਰਾਂ ਸੁਣ ਕੇ ਚਾਰ ਤੋਂ ਪੰਜ-ਹਜ਼ਾਰ ਫ਼ੌਜੀ ਸਿੰਘਾਂ ਬਗ਼ਾਵਤ ਕਰ ਦਿੱਤੀ। ਸਭ ਤੋਂ ਪਹਿਲਾਂ ਗੰਗਾ ਨਗਰ ਦੇ ਸਿੰਘ ਸਰਕਾਰੀ ਅਸਲਾ ਤੇ ਦਾਰੂ ਸਿੱਕਾ ਲੈ ਕੇ ਅੰਮ੍ਰਿਤਸਰ ਨੂੰ ਸਿੱਧੇ ਹੋ ਤੁਰੇ। ਰਾਜਪੂਤ ਰਾਇਫ਼ਲਜ਼ ਤੇ ਗੋਰਖਾ ਰਜਮੈਂਟ ਨੇ ਉਨ੍ਹਾਂ ਨੂੰ ਰੋਕਿਆ। ਉਹ ਦੋ ਹਿੱਸਿਆਂ 'ਚ ਵੰਡ ਹੋ ਗਏ। ਇੱਕ ਅੰਮ੍ਰਿਤਸਰ ਤੇ ਦੂਜਾ ਦਿੱਲੀ ਨੂੰ ਸਿੱਧਾ ਹੋ ਤੁਰਿਆ। ਰਾਜਸਥਾਨ ਤੇ ਪੰਜਾਬ ਦੀ ਹੱਦ 'ਤੇ ਸਭ ਤੋਂ ਵੱਧ ਸਿੱਖ ਫ਼ੌਜੀ ਮਾਰੇ ਗਏ। ਬਹੁਤੇ ਫੱਟੜ ਹੋਏ ਅਤੇ ਫੜੇ ਗਏ। ਇੱਕ ਸੌ ਤੇਰਾਂ ਫ਼ੌਜੀ ਸਿੱਖ ਮਾਰੇ ਗਏ।

ਰਾਮਗੜ੍ਹ, ਬਿਹਾਰ ਦੇ ਸਿੱਖ ਰਜਮੈਂਟ ਸੈਂਟਰ ਵਿਚ ਨਵੀਂ ਭਰਤੀ ਕਰਕੇ ਸਿਖਲਾਈ ਦਿੱਤੀ ਜਾਂਦੀ ਸੀ। ਉਸ ਕੇਂਦਰ ਤੋਂ 1450 ਸਿੱਖ ਸਿਪਾਹੀਆਂ ਨੇ ਭੱਜਣ ਤੋਂ ਪਹਿਲਾਂ ਅਸਲਾਖ਼ਾਨੇ ਵਿਚੋਂ ਹਥਿਆਰ ਕਾਬੂ ਕੀਤੇ ਅਤੇ ਫ਼ੌਜੀ ਗੱਡੀਆਂ ਤੋਰ ਲਈਆਂ। ਉਨ੍ਹਾਂ ਨੂੰ ਰੋਕਣ ਲਈ ਕਮਾਂਡੈਂਟ ਬ੍ਰਿਗੇਡੀਅਰ ਐੱਸ. ਸੀ. ਪੁਰੀ ਅੱਗੇ ਆਇਆ। ਉਸ ਨੂੰ ਮਾਣ ਸੀ ਆਪਣੇ ਜਵਾਨਾਂ 'ਤੇ ਕਿ ਮੈਂ ਇਨ੍ਹਾਂ ਨੂੰ ਰੋਕ ਲਵਾਂਗਾ। ਉਸ ਬਾਹਾਂ ਫੈਲਾ ਕੇ ਆਖਿਆ:

"ਨਾ, ਮੇਰੇ ਬਹਾਦਰ ਜਵਾਨੋ! ਗ਼ਲਤ ਕਦਮ ਨਾ ਚੁੱਕੋ। ਮੈਂ ਤੁਹਾਨੂੰ ਬਗ਼ਾਵਤ ਦੇ ਰਾਹ ਨਹੀਂ ਪੈਣ ਦੇਵਾਂਗਾ।"

ਗੁੱਸੇ ਅਤੇ ਜੋਸ਼ ਨਾਲ ਭਰੇ ਫ਼ੌਜੀ ਸਿੰਘਾਂ ਪੁਰੀ ਨੂੰ ਥਾਏਂ ਗੋਲੀ ਮਾਰ ਕੇ ਢੇਰ ਕਰ

ਦਿੱਤਾ। ਜਿਉਂ ਹੀ ਰਾਮਗੜ੍ਹ ਦੀ ਫ਼ੌਜੀ ਬਗ਼ਾਵਤ ਦੀ ਖ਼ਬਰ ਰਜਮੈਂਟਲ ਸੈਂਟਰਾਂ ਵਿਚ ਪੁੱਜੀ, ਦਿੱਲੀ ਦੀਆਂ ਸਾਰੀਆਂ ਰਾਹਾਂ ਰੋਕ ਲਈਆਂ। ਰਾਮਗੜ੍ਹ ਤੋਂ ਦੋ ਸੌ ਮੀਲ ਦੂਰ ਸ਼ਕਤੇਸਗੜ੍ਹ ਰੇਲਵੇ ਸਟੇਸ਼ਨ ਨੇੜੇ ਧਰਮੀ ਸਿੰਘਾਂ ਨੂੰ ਘੇਰਾ ਪਾ ਲਿਆ ਗਿਆ। ਕੁਝ ਗੱਡੀਆਂ ਏਧਰ-ਓਧਰ ਦੀ ਬਚ ਕੇ ਨਿਕਲ ਗਈਆਂ, ਪਰ ਬਹੁਤੇ ਫੜੇ ਗਏ ਅਤੇ ਪੈਂਤੀ-ਚਾਲ੍ਹੀ ਮਾਰੇ ਗਏ। ਇਨ੍ਹਾਂ ਵਿਚ ਬਹੁਤੇ ਨਵੇਂ ਫ਼ੌਜੀ ਰੰਗਰੂਟ ਸਨ। ਪੰਜ ਪੁਰਾਣੇ ਸਿੰਘ ਤੁਰ ਤੁਰ ਕੇ ਥੱਕੇ ਬਨਾਰਸ ਨੇੜੇ ਇੱਕ ਪੁਲ ਦੀ ਛਾਵੇਂ ਆਰਾਮ ਕਰ ਰਹੇ ਸਨ। ਅਫ਼ਵਾਹ ਇਕਦਮ ਫੈਲ ਗਈ ਕਿ ਹਥਿਆਰਬੰਦ ਸਿੱਖ ਅੱਤਵਾਦੀ ਰੇਲਵੇ ਪੁਲ ਹੇਠਾਂ ਬੈਠੇ ਹਨ। ਸਰਕਾਰ ਦੇ ਪ੍ਰਾਪੇਗੰਡੇ ਨੇ ਇੱਕ ਤਰ੍ਹਾਂ ਹਰ ਸਿੱਖ ਨੂੰ ਅੱਤਵਾਦੀ ਬਣਾ ਧਰਿਆ ਸੀ। ਲੋਕ ਵਾਹੋ ਦਾਹੀ ਇਕੱਠੇ ਹੁੰਦੇ ਗਏ। ਮੁੜ ਉਨ੍ਹਾਂ ਸਿੰਘਾਂ ਨੂੰ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ, ਪਰ ਸਿੰਘਾਂ ਲੋਕਾਂ 'ਤੇ ਅੱਗੋਂ ਗੋਲੀ ਨਾ ਚਲਾਈ। ਗੋਲੀ ਨਾ ਚੱਲਣ ਕਾਰਨ ਲੋਕ ਹੋਰ ਭੜਗਲ ਗਏ ਤੇ ਮੀਂਹ ਵਾਂਗ ਸਿੰਘਾਂ 'ਤੇ ਪੱਥਰ ਪੈਂਦੇ ਗਏ। ਮਰ ਜਾਣ ਤੱਕ ਉਨ੍ਹਾਂ ਫ਼ਾਇਰ ਨਾ ਖੋਲ੍ਹਿਆ। ਇਸ ਵਾਰਦਾਤ ਦੀ ਖ਼ਬਰ ਜ਼ਿਲ੍ਹੇ ਦੇ ਡੀ. ਸੀ. ਨੂੰ ਮਿਲੀ, ਉਹ ਸਾਰੇ ਕੰਮ ਛੱਡ ਕੇ ਝੱਟ ਪੱਟ ਰੇਲਵੇ ਪੁਲ ਹੇਠ ਪਹੁੰਚਿਆ। ਉਸ ਸਿਸਕਦੇ ਇੱਕ ਸਿੰਘ ਨੂੰ ਪਾਣੀ ਪਿਲਾਇਆ। ਡੀ. ਸੀ. ਬਹੁਤ ਹੈਰਾਨ ਸੀ; ਇਨ੍ਹਾਂ ਬਾਗ਼ੀ ਸਿੰਘਾਂ ਆਪਣੇ ਬਚਾਅ ਵਾਸਤੇ ਗੋਲੀ ਕਿਉਂ ਨਹੀਂ ਚਲਾਈ? ਉਸ ਸਸਤਾਉਂਦੇ ਸਿੰਘ ਨੂੰ ਪੁੱਛਿਆ:

"ਆਪਣੀ ਜਾਨ ਬਚਾਨੇ ਕੇ ਲੀਏ ਆਪ ਨੇ ਗੋਲੀ ਕਿਉਂ ਨਹੀਂ ਚਲਾਈ?"

ਆਲੇ ਦੁਆਲੇ ਭਾਰੀ ਹਜੂਮ ਖਲੋਤਾ ਸੀ। ਉਨ੍ਹਾਂ ਹਥਿਆਰ ਕਾਬੂ ਕਰ ਲਏ ਸਨ, ਪਰ ਸਭ ਹੀ ਹੈਰਾਨ ਪ੍ਰੇਸ਼ਾਨ ਸਨ। ਕੁਝ ਇੱਕ ਸਾਲੇ ਕਹਿ ਕਰ ਗਾਲੀ ਦੇ ਰਹੇ ਸਨ। ਸਿੰਘ ਨੇ ਸਿਰ ਹਿਲਾਇਆ। ਡੀ. ਸੀ. ਉਸ ਦੇ ਹੋਰ ਨੇੜੇ ਝੁਕ ਗਿਆ।

"ਆਪਣੇ ਹੀ ਦੇਸ਼ ਕੇ ਲੋਗੋਂ ਪਰ ਗੋਲੀ ਕੈਸੇ ਚਲਾਤੇ।" ਸਿੰਘ ਨੇ ਦਮ ਸਾਧ ਕੇ ਉੱਤਰ ਮੋੜਿਆ।

"ਮਰਤੇ ਵਕਤ ਤੋ ਆਦਮੀ ਕੁਛ ਵੀ ਕਰਤਾ ਹੈ।"

"ਇਹ ਸਾਡੇ ਦੇਸ਼ ਦੇ ਵਾਸੀ ਭਰਾ ਸਨ; ਕੈਸੇ ਮਾਰਤੇ; ਭੁਲੇਖੇ ਕਾਰਨ ਸਾਨੂੰ ਮਾਰ ਰਹੇ ਸਨ।" ਡੀ. ਸੀ. ਸਾਹਮਣੇ ਸਿੱਖ ਫ਼ੌਜੀ ਦਾ ਕਰੈਕਟਰ ਆਸਮਾਨ ਦੀ ਬੁਲੰਦੀ ਛੋਹਣ ਲੱਗਾ।

"ਵਾਹ ਸਰਦਾਰੋ! ਤੁਮਾਰੇ ਜ਼ਬਤ ਔਰ ਬਹਾਦਰੀ ਕੋ ਸਲਾਮ।" ਉਹ ਦਿਲੋਂ ਝੂਰਨ ਲੱਗਾ, ਐਸੇ ਮਹਾਨ ਸਿੱਖੋਂ ਕੇ ਧਾਰਮਿਕ ਅਸਥਾਨ ਪਰ ਹਮਲਾ? ਉਹ ਇੱਕ ਹੋਰ ਅਸਚਰਜਤਾ ਵਿਚ ਗਵਾਚ ਗਿਆ। ਯਹ ਲੋਗ ਤੋ ਪੂਜਨੇ ਯੋਗ ਹੈਂ। ਉਸ ਪੂਰੀ ਹਮਦਰਦੀ ਨਾਲ ਮਰ ਰਹੇ ਸਿੰਘ ਨੂੰ ਹਸਪਤਾਲ ਲੈ ਜਾ ਕੇ ਬਚਾਣ ਦੀ ਕੋਸ਼ਿਸ਼ ਕੀਤੀ, ਪਰ ਉਹ ਬਚ ਨਾ ਸਕਿਆ। ਡੀ. ਸੀ. ਨੇ ਬੜੇ ਸਤਿਕਾਰ ਨਾਲ ਇੱਕ ਗੁਰਦਵਾਰੇ ਦਾ ਗ੍ਰੰਥੀ ਸੱਦ ਕੇ ਸਾਰਿਆਂ ਸਿੰਘਾਂ ਦੇ ਸਸਕਾਰ ਕਰਵਾਏ।

ਪੂਨੇ ਦੇ ਸਿੱਖਾਂ ਵੀ ਹਥਿਆਰ ਚੁੱਕੇ। ਆਟੋਮੈਟਿਕ ਹਥਿਆਰ ਸਿੰਘਾਂ ਦੇ ਹੱਥ ਆ ਜਾਣ ਦੀ ਖ਼ਬਰ ਗੁਜਰਾਤ ਤੇ ਮੱਧ ਪ੍ਰਦੇਸ਼ ਦੀਆਂ ਛਾਉਣੀਆਂ ਨੂੰ ਦਿੱਤੀ ਗਈ। ਮੁਕਾਬਲਾ ਜ਼ਰੂਰ ਹੋਇਆ, ਪਰ ਬਹੁਤ ਘੱਟ ਨੁਕਸਾਨ ਪੁੱਜਾ। ਬੀ. ਬੀ. ਸੀ. ਲੰਡਨ ਨੂੰ ਸੂਚਨਾਕਾਰ ਮਾਰਕਟਲੀ ਨੇ ਇਹ ਖ਼ਬਰਾਂ ਵਲਾਇਤ ਭੇਜੀਆਂ। ਇੱਕ ਹੋਰ ਬਟਾਲੀਅਨ ਨੇ ਜੰਮੂ ਖੇਤਰ ਵਿਚ ਬਗ਼ਾਵਤ ਕੀਤੀ। ਮੁਕਾਬਲਾ ਪਿਆ, ਤਦ ਉਨ੍ਹਾਂ ਵਿਚੋਂ ਬਹੁਤੇ ਪਾਕਿਸਤਾਨ ਵੱਲ ਖਿਸਕ ਗਏ। ਹੋਰਨਾਂ

ਪ੍ਰਾਂਤਾਂ ਵਿਚ ਵੀ ਜਿੱਥੇ ਜਿੱਥੇ ਫ਼ੌਜੀ ਸਿੱਖ ਸਨ, ਉਨ੍ਹਾਂ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੇ ਵਿਰੋਧ ਵਿਚ ਬਗ਼ਾਵਤਾਂ ਕੀਤੀਆਂ।

ਇਸ ਤਰ੍ਹਾਂ ਦੀਆਂ ਕਿੰਨੀਆਂ ਹੀ ਝੜਪਾਂ ਵਿਚ ਗਿਣਤੀ ਰਹਿਤ ਸਿੱਖ ਫ਼ੌਜੀ ਮਾਰੇ ਗਏ ਅਤੇ ਬਾਕੀ ਗ੍ਰਿਫ਼ਤਾਰ ਹੋ ਗਏ। ਇਨ੍ਹਾਂ ਖ਼ਬਰਾਂ ਨੇ ਸ੍ਰ. ਜਗਜੀਤ ਸਿੰਘ ਅਰੋੜਾ, ਏਅਰ ਮਾਰਸ਼ਲ ਅਰਜਨ ਸਿੰਘ ਤੇ ਹੋਰ ਸਿੱਖ ਜਰਨੈਲਾਂ ਨੂੰ ਭਾਰੀ ਫ਼ਿਕਰ ਪਾ ਦਿੱਤਾ। ਸਾਡੀ ਫ਼ੌਜੀ ਭਰਤੀ ਤਾਂ ਪਹਿਲਾਂ ਹੀ ਬਹੁਤ ਘਟਾ ਦਿੱਤੀ ਗਈ ਹੈ। ਇਨ੍ਹਾਂ ਵਾਰਦਾਤਾਂ ਕਾਰਨ ਹੋਰ ਸਖ਼ਤੀ ਹੋ ਜਾਵੇਗੀ। ਉਹ ਦੋ-ਚਾਰ ਹੋਰ ਜਨਰਲਾਂ ਨੂੰ ਨਾਲ ਲੈ ਕੇ ਗਿ. ਜ਼ੈਲ ਸਿੰਘ ਰਾਸ਼ਟਰਪਤੀ ਨੂੰ ਜਾ ਮਿਲੇ, ਕਿਉਂਕਿ ਫ਼ੌਜ 'ਤੇ ਉਹੀ ਸਰਬ-ਸਰਬਾ ਸੀ। ਗਿਆਨੀ ਜੀ ਨੇ ਮਿਲਣ ਦਾ ਸਮਾਂ ਦੇ ਦਿੱਤਾ। ਸਾਰ ਜਨਰਲ ਗਿਆਨੀ ਜੀ ਸਾਹਮਣੇ ਬਹਿ ਗਏ।

"ਆਓ, ਦੱਸੋ ਗੁਰਮੁਖੋ?" ਰਾਸ਼ਟਰਪਤੀ ਦੀ ਗੰਭੀਰ ਉਦਾਸੀ ਸਾਫ਼ ਜ਼ਾਹਰ ਸੀ।

"ਅਸੀਂ ਸਾਰੇ ਅਰਜ਼ ਕਰਨ ਆਏ ਆਂ, ਜੋਸ਼ ਵਿਚ ਭੜਕੇ ਫ਼ੌਜੀ ਸਿੱਖ ਮੁੰਡੇ ਨਿਰਦੋਸ਼ ਹਨ। ਤੁਸੀਂ ਉਨ੍ਹਾਂ ਨੂੰ ਮੁਆਫ਼ੀ ਦੁਆ ਸਕਦੇ ਹੋ?" ਏਅਰ ਮਾਰਸ਼ਲ ਅਰਜਨ ਸਿੰਘ ਨੇ ਆਖਿਆ।

"ਨਿਰਦੋਸ਼ ਕਿਵੇਂ? ਉਨ੍ਹਾਂ ਖੁੱਲ੍ਹੀ ਬਗ਼ਾਵਤ ਨਹੀਂ ਕੀਤੀ?" ਗਿਆਨੀ ਜੀ ਇਹ ਗੱਲ ਕਹਿਣਾ ਨਹੀਂ ਚਾਹੁੰਦੇ ਸਨ, ਪਰ ਰਾਸ਼ਟਰਪਤੀ ਮੂੰਹੋਂ ਨਿਕਲ ਗਈ।

"ਸ੍ਰੀ ਦਰਬਾਰ ਸਾਹਿਬ ਦੇ ਹਮਲੇ ਬਾਰੇ ਉਨ੍ਹਾਂ ਨੂੰ ਠੀਕ ਤਰ੍ਹਾਂ ਸੂਚਿਤ ਨਹੀਂ ਕੀਤਾ ਗਿਆ।" ਉਸ ਹੱਥ ਖੜ੍ਹਾ ਕਰਕੇ ਸਮਝਾਉਣ ਦਾ ਯਤਨ ਕੀਤਾ। "ਉਨ੍ਹਾਂ ਨੂੰ ਵਫ਼ਾਦਾਰੀ ਦੀ ਸੌਂਹ ਚੁਕਵਾਈ ਗਈ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ। ਉੱਥੇ ਗੁਰੂ ਗ੍ਰੰਥ ਸਾਹਿਬ ਵਿਚੋਂ ਦੀ ਗੋਲੀਆਂ ਲੰਘਾਈਆਂ ਗਈਆਂ। ਸ੍ਰੀ ਅਕਾਲ ਤਖ਼ਤ ਸਾਡਾ ਮੱਕੇ ਨਾਲੋਂ ਵੀ ਵੱਧ ਪਵਿੱਤਰ। ਜਦੋਂ ਉਹ ਢਾਹ ਦਿੱਤਾ, ਨੌਜਵਾਨਾਂ ਦੇ ਜਜ਼ਬਾਤ ਕਾਬੂ ਵਿਚ ਕਿਵੇਂ ਰਹਿੰਦੇ? ਉਹ ਜੋਸ਼ ਵਿਚ ਭੜਕ ਕੇ ਉੱਠ ਤੁਰੇ। ਜਦੋਂ ਧਰਮ ਦਾ ਖ਼ੂਨ ਹੁੰਦਾ ਏ, ਹੋਸ਼ ਕੀਹਦੇ ਕਾਬੂ ਰਹਿੰਦੇ ਹਨ, ਉਹ ਤਾਂ ਗੱਭਰੂ ਸਨ। ਸ੍ਰੀ ਦਰਬਾਰ ਸਾਹਿਬ ਵਿਚ ਵਰਤੇ ਘੱਲੂਘਾਰੇ ਦੀ ਤੁਹਾਨੂੰ ਪੂਰੀ ਜਾਣਕਾਰੀ ਹੋਵੇਗੀ, ਦੱਸਣ ਦੀ ਲੋੜ ਨਹੀਂ।"

"ਜਾਣਕਾਰੀ ਤਾਂ ਹੈ, ਪਰ ਕੀਤਾ ਕੀ ਜਾਵੇ?" ਅਗਾਂਹ ਗਿਆਨੀ ਜੀ ਨੇ ਚੁੱਪ ਵੱਟ ਲਈ।

"ਤੁਸੀਂ ਸਰਦਾਰ ਸਾਹਿਬ ਸਾਰੀ ਫ਼ੌਜ ਦੇ ਹੈੱਡ ਹੋ; ਕੁਝ ਵੀ ਕਰ ਸਕਦੇ ਹੋ। ਸਾਰੀ ਫ਼ੌਜ ਦੇ ਸਾਰੇ ਅਧਿਕਾਰਾਂ ਦੇ ਮਾਲਕ ਹੋ। ਤੁਸੀਂ ਬੱਚਿਆਂ ਨੂੰ ਮਾਮੂਲੀ ਸਜ਼ਾਵਾਂ ਦੇ ਕੇ ਬਹਾਲ ਕਰ ਦੇਵੋ। ਤੁਹਾਡੀ ਕੋਈ ਨਹੀਂ ਮੋੜ ਸਕਦਾ। ਸਿੱਖ ਤਾਂ ਪਹਿਲਾਂ ਹੀ ਆਰਮੀ ਵਿਚ ਲੂਣ ਬਰਾਬਰ ਹਨ। ਸਾਨੂੰ ਉਨ੍ਹਾਂ ਦੀਆਂ ਜ਼ਿੰਦਗੀਆਂ ਦੇ ਬਰਬਾਦ ਹੋਣ ਦੀ ਚਿੰਤਾ ਖਾਈ ਜਾ ਰਹੀ ਐ। ਇਸੇ ਕਾਰਨ ਤੁਹਾਨੂੰ ਅਪੀਲ ਕਰਨ ਆਏ ਆਂ।" ਲੈਫਟੀਨੈਂਟ ਜਰਨਲ ਜਗਜੀਤ ਸਿੰਘ ਨੇ ਏਅਰ ਮਾਰਸ਼ਲ ਦੇ ਇਸ਼ਾਰੇ 'ਤੇ ਗੱਲ ਅਗਾਂਹ ਤੋਰੀ।

ਓਦੋਂ ਤੱਕ ਚਾਹ ਆ ਗਈ। ਸਾਰੇ ਚਾਹ ਪੀਣ ਲੱਗ ਪਏ। ਜਰਨਲ ਹਰਬਖ਼ਸ਼ ਸਿੰਘ ਪੀਣ ਦੀ ਥਾਂ ਚਾਹ ਦੀ ਪਿਆਲੀ ਮੂਧੀ ਮਾਰ ਦੇਣਾ ਚਾਹੁੰਦਾ ਸੀ। ਚਾਹ ਪੀ ਲੈਣ ਪਿੱਛੋਂ ਇੱਕ ਜਨਰਲ ਨੇ ਮੁੜ ਗੱਲ ਛੇੜੀ।

"ਮਾਣਯੋਗ ਰਾਸ਼ਟਰਪਤੀ ਜੀ, ਕੋਈ ਰਾਹ ਕੱਢੋ। ਤੁਹਾਡੇ ਅਧਿਕਾਰੀ ਬੇਪ੍ਰਵਾਹ ਹਨ। ਤੁਸੀਂ ਬਿਨਾਂ ਡਰ ਭੈਅ ਕੁਝ ਵੀ ਕਰ ਸਕਦੇ ਹੋ।"

"ਮੇਰੀ ਸਲਾਹ ਹੈ, ਤੁਸੀਂ ਇਸ ਤਰ੍ਹਾਂ ਹੀ ਸਾਰੇ ਬੀਬੀ ਜੀ ਨੂੰ ਮਿਲੋ। ਫ਼ੋਨ ਕਰਕੇ ਮੈਂ ਟਾਈਮ ਫਿਕਸ ਕਰਵਾ ਦੇਂਦਾ ਆਂ।" ਗਿਆਨੀ ਜ਼ੈਲ ਸਿੰਘ ਨੂੰ ਮਹਿਸੂਸ ਹੋ ਰਿਹਾ ਸੀ, ਜਿਵੇਂ ਫ਼ੌਜੀ ਜਰਨੈਲ ਹਜ਼ਾਰਾਂ ਮਣ ਬੋਝ ਮੇਰੇ ਸਿਰ 'ਤੇ ਲੱਦ ਰਹੇ ਹਨ।

"ਅਸੀਂ ਉਸ ਕੋਲ ਜਾਈਏ, ਜਿਸ ਸ੍ਰੀ ਅਕਾਲ ਤਖ਼ਤ ਢਾਹ ਦਿੱਤਾ ਅਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਘੱਲੂਘਾਰਾ ਵਰਤਾ ਦਿੱਤਾ?" ਇੱਕ ਜਨਰਲ ਪੂਰੇ ਰੋਹ ਵਿਚ ਕਹਿ ਗਿਆ। "ਤੁਸੀਂ ਹਾਲੇ ਵੀ ਆਪਣੇ ਆਪ ਨੂੰ ਉਸ ਦੇ ਅੰਡਰ ਸਮਝਦੇ ਹੋ?" ਉਹ ਝੱਟ ਸਮਝ ਗਿਆ, ਇਸ ਵਿਚ ਤਿੰਨ ਕਾਣੇ ਵੀ ਨਹੀਂ; ਇਹ ਕੁਝ ਨਹੀਂ ਕਰੇਗਾ।

ਏਅਰ ਮਾਰਸ਼ਲ ਨੇ ਗੱਲ ਮੁੜ ਆਪਣੇ ਹੱਥ ਲੈ ਲਈ।

"ਅਸੀਂ ਗਿਆਨੀ ਜੀ ਗੁਜਾਰਿਸ਼ ਲੈ ਕੇ ਤੁਹਾਡੇ ਕੋਲ ਆਏ ਆਂ। ਜਿਨ੍ਹਾਂ ਕੋਲ ਸਾਰੇ ਠੋਸ ਅਧਿਕਾਰ ਹਨ।" ਸ੍ਰ. ਅਰਜਨ ਸਿੰਘ ਨੇ ਗਿਆਨੀ ਜੀ 'ਤੇ ਪੂਰਾ ਜ਼ੋਰ ਪਾਇਆ।

"ਅਧਿਕਾਰਾਂ ਦੀ ਕੀ ਗੱਲ ਕਰਦੇ ਹੋ ਸਰਦਾਰ ਸਾਹਿਬ, ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਬਾਰੇ ਮੈਨੂੰ ਅਸਲੋਂ ਹਨੇਰੇ ਵਿਚ ਰੱਖਿਆ ਗਿਆ। ਇਹ ਹਾਲ ਐ ਸਰਕਾਰ ਦਾ, ਮੇਰੇ ਅਧਿਕਾਰਾਂ ਦਾ।" ਉਹ ਹੋਰ ਕਈ ਸਫ਼ਾਈਆਂ ਦੇਣਾ ਚਾਹੁੰਦਾ ਸੀ; ਜਿਨ੍ਹਾਂ ਦੀ ਰਾਜਨੀਤੀ ਆਗਿਆ ਨਹੀਂ ਦੇਂਦੀ ਸੀ।

"ਤੁਹਾਡੇ ਆਰਡਰਾਂ ਬਿਨਾਂ ਤਾਂ ਹਮਲਾ ਹੋ ਈ ਨਹੀਂ ਸਕਦਾ?"

"ਪਰ ਹੋ ਗਿਆ। ਸਮਝ ਲਵੋ, ਕਿਵੇਂ ਹੋ ਗਿਆ। ਤੁਸੀਂ ਪ੍ਰਧਾਨ ਮੰਤਰੀ ਨੂੰ ਮਿਲੋ। ਮੈਨੂੰ ਫ਼ੌਜੀ ਮੁੰਡਿਆਂ ਨਾਲ ਹਮਦਰਦੀ ਐ, ਭਾਵੇਂ ਉਨ੍ਹਾਂ ਜੋਸ਼ ਤੇ ਗੁੱਸੇ ਵਿਚ ਆ ਕੇ ਬਗ਼ਾਵਤ ਕੀਤੀ। ਤੁਹਾਨੂੰ ਸਾਰਿਆਂ ਨੂੰ ਖੜ੍ਹੇ ਵੇਖ ਕੇ ਉਹ ਜ਼ਰੂਰ ਕੁਝ ਨਾ ਕੁਝ ਕਰੇਗੀ; ਮੈਨੂੰ ਵਿਸ਼ਵਾਸ ਹੈ। ਤੁਸਾਂ ਬੜੀਆਂ ਜੰਗਾਂ ਜਿੱਤ ਕੇ ਇੰਦਰਾ ਜੀ ਦਾ ਸਿਰ ਉੱਚਾ ਕੀਤਾ ਹੈ।"

ਸਾਰੇ ਜਨਰਲ ਮਾਯੂਸ ਹੋ ਕੇ ਇੱਕ ਦੂਜੇ ਦਾ ਮੂੰਹ ਵੇਖਣ ਲੱਗ ਪਏ। ਮੁੜ ਮਣਾਂ ਮੂੰਹ ਭਾਰ ਲੈ ਕੇ ਕੁਰਸੀਆਂ ਤੋਂ ਉੱਠ ਖਲੋਤੇ। ਉਨ੍ਹਾਂ ਦੇ ਪੈਰਾਂ ਹੇਠ ਰੈੱਡ ਕਾਰਪੈੱਟ ਲਹੂ ਦਾ ਛੱਪੜ ਜਾਪ ਰਹੀ ਸੀ।

"ਚੰਗਾ ਜੀ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।" ਸਭਨਾਂ ਹੱਥ ਜੋੜ ਕੇ ਫ਼ਤਹਿ ਆਖੀ।

ਉਨ੍ਹਾਂ ਦੇ ਜਾਣ ਪਿੱਛੋਂ ਗਿਆਨੀ ਜੀ ਬਹੁਤ ਤੜਪੇ। ਮੈਂ ਕਾਹਦਾ ਪ੍ਰੈਜ਼ੀਡੈਂਟ ਆਂ। ਖੁਸ਼ਵੰਤ ਸਿੰਘ ਦੇ ਆਖਣ ਅਨੁਸਾਰ ਇਸ ਸ਼ਾਨਦਾਰ ਮਹਿਲ ਦਾ ਕੈਦੀ। ਪੰਜਾਬ ਦੇ ਸਿੱਖ ਸੂਰਮੇ ਮੇਰੇ ਕੋਲ ਮੁੰਡਿਆਂ ਬਾਰੇ ਫ਼ਰਿਆਦ ਲੈ ਕੇ ਆਏ; ਮੈਂ ਕੁਝ ਵੀ ਤਸੱਲੀ ਨਾ ਦੇ ਸਕਿਆ। ਉਹ ਰਾਸ਼ਟਰਪਤੀ ਹੁੰਦਾ, ਬਾਕੀ ਦੀ ਸਾਰੀ ਉਮਰ ਵੀ ਝੂਰਦਾ ਹੀ ਰਿਹਾ।

ਜਨਰਲ ਬਾਹਰ ਆ ਕੇ ਗੱਲਾਂ ਕਰਨ ਲੱਗੇ।

"ਹੁਣ ਤਾਂ ਚੱਜ ਨਾਲ ਸਾਬਤ ਹੋ ਗਿਆ ਨਾ। ਇਹ ਇੰਦਰਾ ਦੀ ਰਬੜ ਦੀ ਮੋਹਰ ਐ। ਉਸ ਦੀ ਆਗਿਆ ਬਿਨਾਂ ਇਹ ਕੱਖ ਚੁੱਕ ਕੇ ਦੂਜੀ ਥਾਂ ਨਹੀਂ ਰੱਖ ਸਕਦਾ।"

"ਬਈ ਇੰਦਰਾ ਨੇ ਰਬੜ ਦੀ ਮੋਹਰ ਆਪਣੇ ਵਾਸਤੇ ਬਣਾਈ ਐ, ਲੋਕਾਂ ਵਾਸਤੇ ਨਹੀਂ।"

"ਯਾਰੋ, ਇਹ ਪਦਵੀਆਂ ਬੰਦੇ ਦੀ ਅਣਖ਼ ਮਾਰ ਦੇਂਦੀਆਂ ਹਨ।"

"ਭਾਂਡਾ ਛੋਟਾ ਸੀ, ਵਸਤੂ ਵੱਧ ਪੈ ਗਈ। ਉਹਦੇ ਵੀ ਵੱਸ ਨਹੀਂ।"

"ਤੁਹਾਡੇ ਖਿਆਲ ਵਿਚ ਇੰਦਰਾ ਨੂੰ ਮਿਲਣ ਦਾ ਕੋਈ ਫ਼ਾਇਦਾ ਹੈ?"

"ਹਾਲੇ ਉਹਦਾ ਅਫਰੇਵਾਂ ਨਹੀਂ ਲੱਥਾ। ਉਹ ਤਾਂ ਹਾਲੇ ਆਪਣੇ ਚਮਚਿਆਂ ਨੂੰ ਵੀ ਸੂਈ ਬਘਿਆੜੀ ਵਾਂਗ ਪੈਂਦੀ ਐ। ਗਿਆਨੀ ਕੋਲ ਤਾਂ ਇਸ ਲਈ ਗਏ ਸੀ, ਸਿੱਖ ਹੋਣ ਨਾਤੇ ਅਧਿਕਾਰ ਰੱਖਦਾ ਕੁਝ ਕੰਮ ਕਰੇਗਾ, ਪਰ ਵਿਚਾਰਾ ਰਾਸ਼ਟਰਪਤੀ ਹੋ ਕੇ ਵੀ ਬੇਬੱਸ ਹੈ।"

"ਭਰਾਵੋ, ਜਿਨ੍ਹਾਂ ਝੋਲੀ ਚੁੱਕ ਕੇ ਅਹੁਦੇ ਲਏ ਹੋਣ, ਉਨ੍ਹਾਂ ਵਿਚ ਜੁਰਅੱਤ ਨਹੀਂ ਰਹਿੰਦੀ। ਅਸੀਂ ਬਾਰ ਬਾਰ ਮੌਤ ਨਾਲ ਘੁਲ ਕੇ ਇੱਥੋਂ ਤੱਕ ਆਏ ਆਂ। ਸਾਡਾ ਤੇ ਇਹਦਾ ਕੀ ਮੁਕਾਬਲਾ? ਇਨ੍ਹਾਂ ਤਿਲਾਂ ਵਿਚ ਤੇਲ ਨਹੀਂ, ਟੀਂਡੀ ਨਹੀਂ ਕਪਾਹ।"

"ਯਾਰੋ, ਸਾਡੀਆਂ ਸਾਰੀਆਂ ਜਿੱਤਾਂ ਮਿੱਟੀ ਹੋ ਗਈਆਂ। ਅੱਜ ਵਰਗੇ ਹੌਲੇ ਤੇ ਕੱਖਕਾਨ, ਜ਼ਿੰਦਗੀ ਵਿਚ ਕਦੇ ਨਹੀਂ ਹੋਏ ਸੀ। ਸਾਨੂੰ ਆਖਦਾ ਏ, ਬੀਬੀ ਦੇ ਚਰਨ ਫੜੋ, ਜਿਸ ਸਾਰੇ ਭਾਣੇ ਵਰਤਾਏ।"

"ਭਿੰਡਰਾਂ ਵਾਲੇ ਨੇ ਵੀ ਸਿਆਣਪ ਤੋਂ ਕੰਮ ਨਹੀਂ ਲਿਆ।"

"ਪਰ ਉਸ ਮਰਦ ਨੇ ਸਿਦਕ ਨਹੀਂ ਹਾਰਿਆ। ਸ਼ਹੀਦੀ ਪ੍ਰਵਾਨ ਕਰ ਲਈ, ਝੁਕਿਆ ਨਹੀਂ।"

"ਹੱਥ ਵਿਖਾ ਗਿਆ। ਸਾਡਾ ਸ਼ੇਰ ਮਰਦ ਸੁਬੇਗ ਸਿੰਘ। ਅਸ਼ਕੇ ਉਹਦੀ ਜੰਮਣ ਵਾਲੀ ਦੇ।"

"ਸਾਡੀ ਕੌਮ ਦੇ ਲੀਡਰ ਦੇਸ਼ ਵੰਡ ਵੇਲੇ ਤੋਂ ਹੀ ਅਨਾੜੀ ਰਹੇ ਐ। ਬਾਕੀ ਝੋਲੀ ਚੁੱਕ ਤੇ ਚਮਚੇ ਬਣ ਗਏ। ਮੈਨੂੰ ਤਾਂ ਸਿੱਖ ਕੌਮ ਦੀ ਹੋਂਦ ਹੀ ਖ਼ਤਰੇ ਵਿਚ ਲੱਗਦੀ ਐ।"

"ਇਸ ਵਿਚ ਕੋਈ ਸ਼ੱਕ ਨਹੀਂ। ਜੇ ਸਾਡੇ ਇੱਕ ਸਿੱਖ ਰਾਸ਼ਟਰਪਤੀ ਤੋਂ ਕੁਝ ਨਹੀਂ ਹੋ ਸਕਦਾ, ਹੋਰ ਕਿਸੇ ਚਮਚੇ ਤੋਂ ਕੀ ਆਸ ਕੀਤੀ ਜਾ ਸਕਦੀ ਹੈ।"

ਸਾਰੇ ਇਸ ਸਿੱਟੇ 'ਤੇ ਆ ਕੇ ਸਹਿਮਤ ਹੋ ਗਏ; ਕਿਸੇ ਤਰ੍ਹਾਂ ਕੌਮੀ ਹੋਂਦ ਨੂੰ ਬਚਾਇਆ ਜਾਵੇ।

ਬੱਤੀਵਾਂ ਕਾਂਡ

ਅੱਠ ਜੂਨ ਨੂੰ ਸ੍ਰੀ ਦਰਬਾਰ ਸਾਹਿਬ ਬਕਾਇਦਾ ਸਵੇਰ ਦਾ ਕੀਰਤਨ ਸ਼ੁਰੂ ਹੋ ਚੁੱਕਾ ਸੀ। ਇੱਕਾ ਦੁੱਕਾ ਗੋਲੀ ਦੀ ਆਵਾਜ਼ ਕਦੇ ਕਦੇ ਕਿੱਧਰੋਂ ਆ ਜਾਂਦੀ ਸੀ। ਇਸ ਤਰ੍ਹਾਂ ਇੱਕ ਗੋਲੀ ਗਿਆਨੀ ਜ਼ੈਲ ਸਿੰਘ ਦੀ ਫੇਰੀ ਸਮੇਂ ਉਸ ਦੇ ਬਾਡੀ ਗਾਰਡ ਨੂੰ ਵੀ ਲੱਗੀ ਸੀ, ਜਿਹੜਾ ਜ਼ਖ਼ਮੀ ਹੋ ਕੇ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਇਹ ਕੀਰਤਨ ਛੇਤੀ ਇਸ ਲਈ ਵੀ ਸਰਕਾਰੀ ਪੱਧਰ 'ਤੇ ਜ਼ੋਰ ਦੇ ਕੇ ਸ਼ੁਰੂ ਕਰਵਾਇਆ ਗਿਆ ਸੀ, ਕਿਉਂਕਿ ਰਾਸ਼ਟਰਪਤੀ ਨੇ ਆਉਣਾ ਸੀ। ਇੰਦਰਾ ਦੀ ਸਰਕਾਰ ਪੈਰ ਪੈਰ 'ਤੇ ਚੁਸਤੀਆਂ ਵਰਤ ਰਹੀ ਸੀ। ਪ੍ਰਧਾਨ ਮੰਤਰੀ ਨੇ ਬੂਟਾ ਸਿੰਘ ਨੂੰ ਬੁਰੀ ਤਰ੍ਹਾਂ ਵੱਟੇ ਵੱਟ ਪਾਇਆ ਹੋਇਆ ਸੀ ਕਿ ਛੇਤੀ ਤੋਂ ਛੇਤੀ ਢੱਠੇ ਅਕਾਲ ਤਖ਼ਤ ਦਾ ਮੂੰਹ ਮੱਥਾ ਸੰਵਾਰਿਆ ਜਾਵੇ। ਇੰਦਰਾ ਦੀ ਬਾਹਰਲੇ ਦੇਸ਼ਾਂ ਵਿਚ ਬਹੁਤ ਬਦਨਾਮੀ ਹੋ ਰਹੀ ਸੀ। ਬਾਹਰਲੀਆਂ ਸਰਕਾਰਾਂ ਬੀ. ਬੀ. ਸੀ. ਲੰਡਨ ਦੀਆਂ ਖ਼ਬਰਾਂ ਤੋਂ ਬਹੁਤ ਪ੍ਰਭਾਵਤ ਸਨ ਅਤੇ ਭਾਰਤੀ ਸਫੀਰਾਂ ਦੇ ਪ੍ਰਾਪੇਗੰਡੇ ਨੂੰ ਨੱਬੇ ਫ਼ੀਸਦੀ ਝੂਠ ਸਮਝਦੇ ਸਨ। ਬਾਹਰਲੇ ਕਿਸੇ ਦੇਸ਼ ਨੇ ਇੰਦਰਾ ਦੇ ਘੱਲੂਘਾਰੇ ਦੀ ਜੇ ਹਮਾਇਤ ਕੀਤੀ ਸੀ, ਤਾਂ ਉਹ ਕਮਿਊਨਿਸਟ ਰਾਜ ਰੂਸ ਸੀ, ਜਿਸ ਤੋਂ ਹਿੰਦ ਸਰਕਾਰ ਧੜਾ-ਧੜ ਜੰਗੀ ਹਥਿਆਰ ਤੇ ਮਾਰੂ ਹਵਾਈ ਜਹਾਜ਼ ਖਰੀਦ ਰਹੀ ਸੀ। ਇੰਦਰਾ ਬੰਗਲਾ ਦੇਸ਼ ਦੀ ਜੰਗ ਵੇਲੇ ਵੀ ਰੂਸ ਦਾ ਅਹਿਸਾਨ ਮੰਨਦੀ ਸੀ, ਜਿਸ ਵਿਚ ਉਸ ਨੇ ਅਮਰੀਕਾ ਦੇ ਵਿਰੋਧ ਵਿਚ ਤਕੜਾਈ ਨਾਲ ਸਾਥ ਦਿੱਤਾ ਸੀ। ਰੂਸ ਨੇ ਤਾਂ ਮੁੱਠੀ ਭਰ ਸਿੱਖਾਂ ਨੂੰ ਕੁਚਲ ਦੇਣ ਦੀ ਸਲਾਹ ਦਿੱਤੀ ਸੀ, ਪਰ ਇੰਦਰਾ ਸ੍ਰੀ ਅਕਾਲ ਤਖ਼ਤ ਢਾਹ ਕੇ ਤੇ ਹਜ਼ਾਰਾਂ ਸਿੱਖਾਂ ਨੂੰ ਮਾਰ ਕੇ ਆਪਣੀ ਵਿਜੇ ਸਮਝਦੀ ਸੀ। ਉਸ ਨੀਲਾ ਤਾਰਾ ਹਮਲੇ ਦੇ ਤੀਰ ਨਾਲ, ਕਈ ਨਿਸ਼ਾਨੇ ਫੁੰਡੇ ਸਨ। ਸਿੱਖਾਂ ਦਾ ਕਤਲੇਆਮ ਕਰਕੇ ਹਿੰਦੂ ਬਹੁ-ਗਿਣਤੀ ਦੀਆਂ ਵੋਟਾਂ ਆਉਣ ਵਾਲੀ ਇਲੈਕਸ਼ਨ ਵਿਚ ਖ਼ਰੀਆਂ ਕੀਤੀਆਂ ਸਨ। ਸਿੱਖਾਂ ਨੂੰ ਕਰੋੜਾਂ ਰੁਪਇਆ ਖ਼ਰਚ ਕੇ ਦੁਨੀਆਂ ਵਿਚ ਅੱਤਵਾਦੀ ਕਰਕੇ ਭੰਡਿਆ ਸੀ। ਐਮਰਜੈਂਸੀ ਸਮੇਂ ਲਾਏ ਮੋਰਚੇ ਦਾ ਬਦਲਾ ਲੈ ਕੇ ਸਿੱਖਾਂ ਨੂੰ ਸਬਕ ਸਿਖਾਇਆ ਸੀ। ਇਨ੍ਹਾਂ ਸਾਰੀਆਂ ਖੁਸ਼ੀਆਂ ਤੋਂ ਬਾਅਦ ਉਹ ਗੁੰਮ-ਸੁੰਮ ਸੀ। ਸੰਜੀਦਾ ਬੰਦਿਆਂ ਦੀ ਰਾਏ ਨੇ ਉਸ ਨੂੰ ਤਾਹ ਦਿੱਤਾ ਸੀ, ਤੂੰ ਸਿੱਖਾਂ ਦੇ ਧਾਰਮਿਕ ਜਜ਼ਬਾਤ ਨੂੰ ਕੁਚਲ ਕੇ ਚੰਗਾ ਨਹੀਂ ਕੀਤਾ। ਇਹ ਕੌਮ "ਜਬੀ ਬਾਣ ਲਾਗੇ ਤਬੀ ਰੋਸ ਜਾਗੇ" ਵਾਲੀ ਐ। ਬਹੁਤ ਸਮਾਂ ਪਿੱਛੋਂ ਉਸ ਦੀ ਜ਼ਮੀਰ ਅੰਦਰੋਂ-ਅੰਦਰ ਪਛਤਾਅ ਰਹੀ ਸੀ। ਮੈਂ ਗ਼ਲਤ ਕਰ ਬੈਠੀ ਆਂ, ਪਰ ਬਾਹਰਲੇ ਰੂਪ ਵਿਚ ਪੂਰੀ ਹੈਂਕੜ ਬਣਾਈ ਰੱਖੀ ਸੀ। ਹੁਣ ਉਹ ਸਭ ਕੁਝ ਕਾਹਲੀ ਕਾਹਲੀ ਸਾਵਾਂ ਕਰਨਾ ਚਾਹੁੰਦੀ ਸੀ। ਇਸੇ ਕਾਰਨ ਬੂਟਾ ਸਿੰਘ ਨੂੰ ਸਿੱਖ ਹੋਣ ਨਾਤੇ ਭਾਜੜ ਪਾਈ ਹੋਈ ਸੀ।

ਸ. ਬੂਟਾ ਸਿੰਘ ਦੀ ਟੇਕ ਸੰਤ ਖੜਕ ਸਿੰਘ 'ਤੇ ਪੱਕੀ ਸੀ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਸੰਭਾਲ ਲੈਣਗੇ, ਪਰ ਉਨ੍ਹਾਂ ਦਾ ਕੋਰਾ ਜਵਾਬ ਦੇਣ ਨਾਲ ਉਸ ਦੇ

ਹਰਾਸ ਟੁੱਟ ਗਏ। ਉਹ ਸਮਝਦਾ ਸੀ, ਇੰਦਰਾ ਹੁਣ ਸਿੱਖ-ਬਖ਼ਤ ਨੂੰ ਫੜੀ ਐ। ਇਸ ਦੀ ਸੇਵਾ ਕਰਕੇ ਪਤਾ ਨਹੀਂ ਮੈਂ ਕੀ ਬਣ ਜਾਵਾਂਗਾ। ਉਹ ਇੰਦਰਾ ਨੂੰ ਕਾਮਧੇਨ ਗਊ ਸਮਝਦਾ ਸੀ। ਜੇ ਗਿਆਨੀ ਜ਼ੈਲ ਸਿੰਘ ਉਹਦੇ ਪੈਰੀਂ ਹੱਥ ਲਾ ਕੇ ਰਾਸ਼ਟਰਪਤੀ ਬਣ ਸਕਦਾ ਹੈ, ਮੈਂ ਕਿਉਂ ਨਹੀਂ ਕੁਝ ਹਾਸਲ ਕਰ ਸਕਦਾ। ਮੈਂ ਤਾਂ ਉਸ ਤੋਂ ਕਿਤੇ ਵੱਧ ਪੜ੍ਹਿਆ ਹਾਂ। ਕੋਈ ਹੋਰ ਵਾਹ ਨਾ ਜਾਂਦੀ ਵੇਖ ਕੇ ਉਸ ਸਿੰਘ ਸਾਹਿਬ ਜਥੇਦਾਰ ਅਕਾਲ ਤਖ਼ਤ ਰਾਹੀਂ ਪ੍ਰਬੰਧਕਾਂ ਦੀ ਸਰਕਟ ਹਾਊਸ ਮੀਟਿੰਗ ਬੁਲਾ ਲਈ। ਉਹ ਉਨ੍ਹਾਂ ਨੂੰ ਪਰੇਰ ਲੈਣਾ ਚਾਹੁੰਦਾ ਸੀ।

"ਪਿਆਰੇ ਸਿੰਘੋ! ਸਾਨੂੰ ਸਾਰੇ ਜਗਤ ਨੂੰ ਨੀਲਾ ਤਾਰਾ ਆਪ੍ਰੇਸ਼ਨ ਦਾ ਭਾਰੀ ਅਫ਼ਸੋਸ ਐ, ਦੁੱਖ ਹੈ। ਹੁਣ ਅਸਾਂ ਹੀ ਇਸ ਦੇ ਭੈੜੇ ਨਤੀਜਿਆਂ ਨੂੰ ਸੰਭਾਲਣਾ ਤੇ ਸੰਵਾਰਨਾ ਹੈ। ਤੁਸੀਂ ਸਾਥ ਦਿਓ, ਮੈਂ ਨਿਰੋਲ ਇੱਕ ਸਿੱਖ ਦੀ ਹੈਸੀਅਤ ਵਿਚ ਪੂਰੀ ਪੂਰੀ ਮਦਦ ਕਰਾਂਗਾ। ਉਂ ਸਰਕਾਰੀ ਹਦਾਇਤਾਂ ਦੀ ਫ਼ਿਕਰ ਨਾ ਕਰੋ, ਮੇਰੇ 'ਤੇ ਪੂਰਨ ਭਰੋਸਾ ਕਰੋ, ਜਿਵੇਂ ਮੈਂ ਤੁਹਾਡੇ 'ਤੇ ਵਿਸ਼ਵਾਸ ਕਰਦਾ ਆਂ।" ਬੂਟਾ ਸਿੰਘ ਨੇ ਸਹਿਜ ਸਹਿਜ ਤੇ ਤੋਲ ਤੋਲ ਸ਼ਬਦ ਆਖੇ।

ਉਹ ਜਥੇਦਾਰ ਸ੍ਰੀ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਦੇ ਸਕੱਤਰ ਤੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਦਾ ਕਿਸੇ ਤਰ੍ਹਾਂ ਮਨ ਜਿੱਤ ਲੈਣਾ ਚਾਹੁੰਦਾ ਸੀ। ਸਾਰਿਆਂ ਨਿਵੇਕਲੀ ਸਲਾਹ ਕਰਕੇ ਸਹਿਯੋਗ ਦੇਣ ਲਈ ਕੁਝ ਸ਼ਰਤਾਂ ਤਹਿ ਕਰ ਲਈਆਂ। ਜਥੇਦਾਰ ਕਿਰਪਾਲ ਸਿੰਘ ਜੀ ਬੋਲੇ,

"ਸ੍. ਬੂਟਾ ਸਿੰਘ ਜੀ! ਅਸੀਂ ਕੁਝ ਸ਼ਰਤਾਂ ਨਾਲ ਸਹਿਯੋਗ ਦੇਣ ਨੂੰ ਤਿਆਰ ਆਂ।"

"ਦੱਸੋ? ਮੈਨੂੰ ਬੜੀ ਖੁਸ਼ੀ ਹੋਵੇਗੀ ਗੁਰੂ ਘਰ ਦੀ ਸੇਵਾ ਕਰਕੇ।"

"ਤੁਸੀਂ ਵੇਖ ਸਕਦੇ ਹੋ, ਫ਼ੌਜ ਨੇ ਕਿਵੇਂ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰ ਛੱਡੀ ਐ। ਸਿਗਰਟਾਂ-ਬੀੜੀਆਂ ਉਹ ਅੰਦਰ ਸ਼ਰ੍ਹੇਆਮ ਪੀ ਰਹੇ ਹਨ। ਕੱਪੜੇ ਸਰੋਵਰ ਵਿਚ ਧੋ ਰਹੇ ਹਨ ਤੇ ਜੁੱਤੀਆਂ ਸਮੇਤ ਦਗੜ ਦਗੜ ਕਰਦੇ ਸਾਨੂੰ ਡਰਾ ਰਹੇ ਹਨ। ਅਸੀਂ ਇਸ ਤਰ੍ਹਾਂ ਦਾ ਅਨਰਥ ਅੱਖੀਂ ਵੇਖ ਕੇ ਤੁਹਾਨੂੰ ਸਹਿਯੋਗ ਕਿਵੇਂ ਦੇਈਏ?" ਉਨ੍ਹਾਂ ਨੰਗਾ ਸੱਚ ਸਰਕਾਰੀ ਵਜ਼ੀਰ ਅੱਗੇ ਰੱਖ ਦਿੱਤਾ।

"ਤੁਸੀਂ ਚਾਹੁੰਦੇ ਕੀ ਹੋ, ਉਹ ਦੱਸੋ?" ਉਹ ਝੱਟ ਪੱਟ ਅਮਲ ਚਾਹੁੰਦਾ ਸੀ।

"ਸ੍ਰੀ ਦਰਬਾਰ ਸਾਹਿਬ ਵਿਚੋਂ ਫ਼ੌਜ ਹਟਾਈ ਜਾਵੇ ਤੇ ਸੰਗਤਾਂ ਨੂੰ ਬਿਨਾਂ ਰੋਕ ਟੋਕ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਦਿੱਤੇ ਜਾਣ।" ਉਨ੍ਹਾਂ ਸਹੀ ਤੇ ਨਿੱਤ ਦੀ ਮਰਯਾਦਾ ਵਾਲੀ ਮੰਗ ਅੱਗੇ ਰੱਖ ਦਿੱਤੀ।

"ਲਓ ਇਹ ਵੀ ਕੋਈ ਗੱਲ ਐ, ਮਨਜ਼ੂਰ ਹੈ। ਫ਼ੌਜ ਹਟਾ ਲਈ ਜਾਵੇਗੀ, ਹੋਰ ਦੱਸੋ?"

"ਜੇ ਤੁਸੀਂ ਸੱਚੇ ਸਿੱਖ ਦੀ ਹੈਸੀਅਤ ਵਿਚ ਇਹ ਮੰਗ ਪੂਰੀ ਕਰ ਦੇਵੋ, ਅਸੀਂ ਹਰ ਤਰ੍ਹਾਂ ਸਹਿਯੋਗ ਲਈ ਤਿਆਰ ਹਾਂ।" ਸਿੰਘਾਂ ਆਪਣੇ ਵੱਲੋਂ ਵਿਸ਼ਵਾਸ ਪੇਸ਼ ਕਰ ਦਿੱਤਾ।

ਇਹ ਤਹਿ ਹੋਈ ਗੱਲ ਨੂੰ ਪੱਤਰ ਪ੍ਰੇਰਕਾਂ ਅਗਲੇ ਦਿਨ ਦੀਆਂ ਅਖ਼ਬਾਰਾਂ ਵਿਚ ਪਹਿਲੇ ਸਫ਼ੇ 'ਤੇ ਜੜ੍ਹ ਦਿੱਤਾ। ਏਧਰ ਬੂਟਾ ਸਿੰਘ ਬਹੁਤ ਖੁਸ਼ ਸੀ, ਮੈਂ ਸਿੰਘਾਂ ਦਾ ਮਨ ਜਿੱਤ ਲਿਆ। ਹੁਣ ਸ੍ਰੀ ਅਕਾਲ ਤਖ਼ਤ ਦੀ ਕਾਰ ਸੇਵਾ ਵਿਚ ਕੋਈ ਅੜਚਨ ਨਹੀਂ ਆਵੇਗੀ। ਉਹ ਖੁਸ਼ ਖੁਸ਼ ਇੰਦਰਾ ਜੀ ਦੇ ਜਾ ਪੇਸ਼ ਹੋਇਆ। ਉਹ ਮਿੱਥ ਕੇ ਦੱਸਣਾ ਚਾਹੁੰਦਾ ਸੀ, ਮੈਂ ਮੱਲ ਮਾਰ ਲਈ ਹੈ। ਸਿੰਘਾਂ ਨੂੰ ਮੁੱਠੀ ਵਿਚ ਕਰ ਲਿਆ, ਪਰ ਇੰਦਰਾ ਸ੍ਰੀ ਦਰਬਾਰ ਸਾਹਿਬ ਵਿਚੋਂ ਫ਼ੌਜ

ਕੱਢਣ ਦਾ ਬਿਆਨ ਪੜ੍ਹ ਕੇ ਭਰੀ ਪੀਤੀ ਬੈਠੀ ਸੀ।

"ਹੈਲੋ ਬੂਟਾ ਸਿੰਘ, ਆਪ ਕੋ ਕਾਰ ਸੇਵਾ ਕਾ ਪ੍ਰਬੰਧ ਕਰਨੇ ਭੇਜਾ ਥਾ, ਯਾ ਦਰਬਾਰ ਸਾਹਿਬ ਸੇ ਫ਼ੌਜ ਨਿਕਾਲਨੇ ਕੇ ਲੀਏ?" ਉਹ ਐਨਕਾਂ ਦੇ ਉੱਤੋਂ ਦੀ ਬੂਟਾ ਸਿੰਘ ਨੂੰ ਸੂਈ ਬਘਿਆੜੀ ਵਾਂਗ ਘੂਰ ਰਹੀ ਸੀ।

ਬੂਟਾ ਸਿੰਘ ਨੂੰ ਮਹਿਸੂਸ ਹੋਇਆ, ਇੰਦਰਾ ਦਾ ਘਸੁੰਨ ਬਣਿਆ ਮੂੰਹ ਉਹਦੇ ਨੱਕ 'ਤੇ ਵੱਜਾ ਕਿ ਵੱਜਾ। ਆਖ਼ਰ ਨੂੰ ਪਾਲੇਟੀਸ਼ਨ ਸੀ, ਝੱਟ ਪੈਰ ਤੋਂ ਹੀ ਉਲਟ ਪਲਟੀ ਮਾਰ ਗਿਆ।

"ਮਿਹਰਬਾਨ ਸਰ ਜੀ, ਫ਼ੌਜ ਨਿਕਾਲਣੇ ਕਾ ਬਿਆਨ ਮੈਨੇ ਨਹੀਂ ਦੀਆ।" ਉਸ ਜਾਣ ਕੇ ਹੈਰਾਨੀ ਪੈਦਾ ਕਰ ਲਈ। "ਮੈਂ ਤੋ ਆਪ ਕੇ ਪੱਤਰ ਪ੍ਰੇਰਕੋਂ ਪਰ ਰੋਸ ਜ਼ਾਹਰ ਕਰਨੇ ਵਾਲਾ ਥਾ ਕਿ ਖ਼ਬਰ ਕੋ ਚਟਪਟੀ ਬਣਾਨੇ ਕੇ ਲੀਏ ਆਪਣੀ ਤਰਫ਼ ਸੇ ਬਹੁਤ ਕੁਝ ਫਾਲਤੂ ਐਡ ਕਰ ਦੇਤੇ ਹੈਂ।"

"ਆਪ ਨੇ ਯਹ ਬਿਆਨ ਨਹੀਂ ਦੀਆ?" ਇੰਦਰਾ ਦਾ ਗੁੱਸਾ ਬਦਸੂਰਤ ਘਸੁੰਨ ਬਣਿਆ ਹੋਇਆ ਸੀ।

"ਵਾਹਿਗੁਰੂ ਆਖੋ ਜੀ! ਮੈਂ ਆਪ ਕੀ ਹਦਾਇਤ ਸੇ ਆਧਾ ਕਦਮ ਇਧਰ ਉਧਰ ਨਹੀਂ ਕਰ ਸਕਤਾ। ਮੈਂ ਤੋ ਆਪ ਕਾ ਵਫ਼ਾਦਾਰ ਸਿਪਾਹੀ ਹੂੰ।"

ਘਾਗ ਇੰਦਰਾ ਦਾ ਅੰਦਰ ਕਹਿ ਰਿਹਾ ਸੀ, ਇਹ ਝੂਠ ਬੋਲ ਰਿਹਾ ਹੈ। ਉਸ ਦਾ ਆਪਣੇ ਵਰਗਿਆਂ ਨਾਲ ਹੀ ਸਾਰੀ ਉਮਰ ਵਾਹ ਰਿਹਾ ਸੀ। ਜਿਤਨਾ ਸਮਾਂ ਯਹ ਲੋਗ ਪਾਨੀ ਬਣੇ ਚਲਤੇ ਹੈਂ, ਚਲਾਓ, ਫਿਰ ਔਰ ਸਹੀ।

"ਕਾਰ ਸੇਵਾ ਕਾ ਕਿਆ ਬਨਾ, ਕੋਈ ਕਾਮਯਾਬੀ?"

"ਅਜੀ ਜਥੇਦਾਰ ਅਕਾਲ ਤਖ਼ਤ ਔਰ ਸ਼੍ਰੋਮਣੀ ਕਮੇਟੀ ਕੀ ਏਕ-ਆਧ ਬਾਤ ਮਾਨ ਲੀ ਜਾਏ ਤੋ ਵੋਹ ਪੂਰੀ ਮਦਦ ਦੇਨੇ ਕੋ ਤਿਆਰ ਹੈਂ।" ਬੂਟਾ ਸਿੰਘ ਨੇ ਬੜੀ ਆਜਜ਼ੀ ਨਾਲ ਬੇਨਤੀ ਕੀਤੀ।

"ਨਹੀਂ, ਕੋਈ ਬਾਤ ਨਹੀਂ, ਕੋਈ ਰਿਆਇਤ ਨਹੀਂ। ਆਪ ਅਗਰ ਯਹ ਕਾਮ ਸਰੰਜਾਮ ਨਹੀਂ ਦੇ ਸਕਤੇ ਤੋ ਔਰ ਕੋ ਦੇ ਦੀਆ ਜਾਏ।" ਇੰਦਰਾ ਦਾ ਇਹ ਦਬਕਾ ਹੀ ਸੀ। ਉਸ ਨੂੰ ਵੀ ਪਤਾ ਸੀ। ਸਿੱਖਾਂ ਦੇ ਵਿਰੁੱਧ ਜਾਣ ਵਾਲੇ ਨੂੰ ਸਿੱਖ ਗ਼ਦਾਰ ਸਮਝਦੇ ਐ। ਇਸ ਨਾਜ਼ੁਕ ਸਮੇਂ ਕੋਈ ਅੱਗੇ ਨਹੀਂ ਆਵੇਗਾ।

"ਨਾ ਜੀ, ਮੈਂ ਜਾਨ ਵਾਰ ਕੇ ਕਾਰ ਸੇਵਾ ਕਰਾਵਾਂਗਾ।" ਬੂਟਾ ਸਿੰਘ ਦਾ ਸੱਜਾ ਹੱਥ ਹੌਲੇ ਜਿਹੇ ਛਾਤੀ 'ਤੇ ਆ ਗਿਆ।

"ਵੈੱਲ, ਅਬ ਮੁਝੇ ਕੁਛ ਕਰਕੇ ਹੀ ਰਿਪੋਰਟ ਦੇਣਾ। ਇੰਦਰਾ ਨੇ ਐਨਕ ਚਾੜ੍ਹ ਕੇ ਫਾਇਲ ਫੋਲਣੀ ਸ਼ੁਰੂ ਕਰ ਦਿੱਤੀ।

"ਬਹੁਤ ਅੱਛਾ ਜਨਾਬ!" ਬੂਟਾ ਸਿੰਘ ਸੈਲੂਟ ਦੇ ਕੇ ਕਮਰੇ ਵਿਚੋਂ ਨਿਕਲ ਆਇਆ।

ਬਾਹਰ ਆ ਕੇ ਉਹ ਸਤਿਆ ਗਾਲ੍ਹ ਦੇਣਾ ਚਾਹੁੰਦਾ ਸੀ, ਪਰ ਲੰਮੀ ਸੋਚ ਕੇ ਸੰਕੋਚ ਕਰ ਗਿਆ। ਇਹਨੇ ਜਿੰਨੀਆਂ ਕੀਤੀਆਂ ਮਨਮਰਜ਼ੀਆਂ ਪੁਗਾਈਆਂ, ਨਤੀਜੇ ਭੁਗਤਣ ਨੂੰ ਹਮਾਤੜ। ਖਈ ਫੇਰ ਹੁਕਮਰਾਨੀ ਕਾਹਦੀ ਹੋਈ, ਜੇ ਚੰਮ ਦੀਆਂ ਨਾ ਚਲਾਈਆਂ। ਇਹਨੂੰ ਬੰਦੇ ਬੰਨ੍ਹ ਕੇ ਰੱਖਣੇ ਆਉਂਦੇ ਐ। ਕਮਾਲ ਇਹ ਐ, ਲੋਕਾਂ ਦੀ ਹਮਾਇਤ ਦੇ ਬਿਨਾਂ ਵੀ ਅੜੀ

ਤੁਰੀ ਆਉਂਦੀ ਐ। ਕਮਿਊਨਿਸਟਾਂ ਨੂੰ ਪਤਾ ਨਹੀਂ ਕੀ ਸੁੰਘਾਇਆ ਏ, ਝੱਟ ਇਹਦੀ ਮਦਦ 'ਤੇ ਆ ਜਾਂਦੇ ਐ। ਬੂਟਾ ਸਿੰਘ ਨੀਵੀਂ ਪਾ ਕੇ ਤੁਰਿਆ ਚੱਲ, ਇਸੇ ਖੁੱਡ ਸਹਿਆ ਏ।

ਅਖੀਰ ਬੂਟਾ ਸਿੰਘ ਨੇ ਅਕਾਲੀਆਂ ਦੇ ਵਿਰੋਧੀ ਸੰਤਾ ਸਿੰਘ ਨਿਹੰਗ ਨੂੰ ਲੱਭਿਆ, ਜਿਹੜਾ ਆਪਣੇ-ਆਪ ਨੂੰ ਛਿਆਨਵੇਂ ਕਰੋੜੀ ਜਥੇਦਾਰ ਅਖਵਾਉਂਦਾ ਸੀ। ਉਸ ਪੈਂਦੀ ਸੱਟੇ ਨਿਹੰਗ ਵੰਗਾਰਿਆ।

"ਕਿਉਂ ਜਥੇਦਾਰਾ, ਮਰਦ ਦਾ ਬੱਚਾ ਬਣੇਂਗਾ?" ਉਸ ਨਰਮੀ ਵਾਲੀ ਰਿੜਰਿੜ ਨਾਲੋਂ ਸਪਸ਼ਟ ਪੁੱਛਿਆ।

"ਬੂਟਾ ਸਿਆਂ, ਅਸੀਂ ਜੰਮੇ ਈ ਸਿੰਘ ਸ਼ੇਰ ਆਂ। ਤੁਸੀਂ ਆਉਣ ਵਿਚ ਦੇਰ ਕਰ ਦਿੱਤੀ। ਵਾਗੀਆਂ ਢਾਹੀ, ਘਰ ਦਿਆਂ ਸਾਂਭੀ।" ਉਸ ਨੂੰ ਬੂਟਾ ਸਿੰਘ ਦੇ ਮਾਰੇ ਗੇੜਿਆ ਤੋਂ ਪਤਾ ਸੀ, ਸੇਵਾ ਸੰਭਾਲ ਨੂੰ ਕੋਈ ਨਹੀਂ ਨਿੱਤਰਦਾ। ਸਰਕਾਰ ਸ੍ਰੀ ਅਕਾਲ ਤਖ਼ਤ ਢਾਹ ਤਾਂ ਬੈਠੀ, ਹੁਣ ਪਛਤਾਅ ਰਹੀ ਹੈ। ਬਾਂਹ ਫੜਨ ਵਾਲਾ ਕੋਈ ਨਹੀਂ ਮਿਲਦਾ। ਉਸ ਦੇ ਸੂਹੇ ਪਲ ਪਲ ਦੀਆਂ ਖ਼ਬਰਾਂ ਲਿਆ ਰਹੇ ਸਨ।

"ਸ੍ਰੀ ਅਕਾਲ ਤਖ਼ਤ ਦੀ ਕਾਰ ਸੇਵਾ ਕਰਨੀ ਹੈ। ਉਹ ਤੇਰੇ ਵਰਗੇ ਬਹਾਦਰ ਬਿਨਾਂ ਨਹੀਂ ਹੋ ਸਕਦੀ। ਸੰਤ ਖੜਕ ਸਿੰਘ ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਬਾਹਾਂ ਖੜ੍ਹੀਆਂ ਕਰ ਗਏ। ਸੰਤ ਜਰਨੈਲ ਸਿੰਘ ਖ਼ਤਮ ਹੋ ਗਿਆ, ਪਰ ਹਾਲੇ ਤੱਕ ਉਹਦਾ ਡਾਢਾ ਭੈਅ ਮੰਨੀ ਜਾ ਰਹੇ ਐ। ਸਭ ਨੂੰ ਪਰ੍ਹਾਂ ਕਰਕੇ ਇੰਦਰਾ ਜੀ ਦੀਆਂ ਨਜ਼ਰਾਂ ਤੇਰੇ 'ਤੇ ਆਈਆਂ ਹਨ।" ਬੂਟਾ ਸਿੰਘ ਨੇ ਕੁਝ ਸੋਚ ਕੇ ਹੀ ਸੰਤਾ ਸਿੰਘ ਦੀ ਚੋਣ ਕੀਤੀ ਸੀ। ਉਸ ਨੂੰ ਧੁੜਕੂ ਸੀ, ਕਿਤੇ ਇਹ ਵੀ ਨਾ ਬਹਿਕ ਜਾਵੇ। "ਸਿੰਘਾ! ਉੱਭਰਨ ਦੇ ਮੌਕੇ ਕਦੇ ਕਦੇ ਹੀ ਮਿਲਦੇ ਐ। ਗੰਗਾ ਵਗਦੀ ਐ, ਤੂੰ ਵੀ ਚੁੱਭਾ ਮਾਰ ਲੈ।"

"ਗੰਗਾ ਬਾਹਮਣੀ ਵਿਚ ਨਹਾ ਕੇ ਸਿੰਘਾ ਆਪਣਾ ਧਰਮ ਭ੍ਰਿਸ਼ਟ ਕਰਨਾ ਏ। ਸ੍ਰੀ ਅਕਾਲ ਤਖ਼ਤ ਸਾਡਾ, ਅਸੀਂ ਅਕਾਲ ਤਖ਼ਤ ਦੇ, ਸਾਡੇ ਬਿਨਾਂ ਹੋਰ ਕੌਣ ਕਾਰ ਸੇਵਾ ਕਰੇਗਾ। ਅਕਾਲੀ ਤਾਂ ਧੱਕੇ ਨਾਲ ਇਸ ਨੂੰ ਆਪਣਾ ਬਣਾਉਂਦੇ ਐ। ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਨਿਹੰਗ ਅਕਾਲੀ ਫੂਲਾ ਸਿੰਘ ਨੂੰ ਬਖ਼ਸ਼ੀ ਸੀ। ਮੇਰੇ ਕੋਲੋਂ ਵਿਰਾਸਤੀ ਕਾਗਜ਼ ਨਿਸ਼ਗ ਵੇਖ ਲਵੋ।" ਨਿਹੰਗ ਸੰਤਾ ਸਿੰਘ ਨੇ ਪੂਰੇ ਖੜਕੇ ਦੜਕੇ ਨਾਲ ਆਖਿਆ। "ਕੰਮ ਕੱਢ ਕੇ ਪਿੱਛਾ ਦੇਣਾ ਹੈ ਤਾਂ ਹੁਣ ਦੱਸ ਦਿਓ?" ਉਹ ਬੂਟਾ ਸਿੰਘ ਨੂੰ ਕੱਚਾ ਪਿੱਲਾ ਟੋਹਣਾ ਚਾਹੁੰਦਾ ਸੀ।

"ਪੁਲੀਸ ਫ਼ੌਜ ਤੇਰੇ ਅੱਗੇ ਪਿੱਛੇ, ਤੇਰੀ ਹਰ ਤਰ੍ਹਾਂ ਹਿਫ਼ਾਜ਼ਤ ਕੀਤੀ ਜਾਵੇਗੀ। ਤੂੰ ਇੱਕ ਵਾਰੀ ਬੱਬਰ ਸ਼ੇਰ ਵਾਲੀ ਤੜ੍ਹ ਮਾਰ ਸਹੀ।" ਉਹ ਉਸ ਨੂੰ ਸਵਾਇਆ ਹੋ ਕੇ ਮਿਲਿਆ।

"ਮੈਂ ਜਰਨੈਲ ਸਿੰਘ ਦੇ ਛੋਕਰਿਆਂ ਤੇ ਅਕਾਲੀ ਗਿੱਦੜਾਂ ਨੂੰ ਕੀ ਸਮਝਦਾ ਆਂ। ਮੈਨੂੰ ਆਪਣੀ ਹਿਫ਼ਾਜ਼ਤ ਲਈ ਪੁਲੀਸ ਫ਼ੌਜ ਦੀ ਲੋੜ ਨਹੀਂ, ਮੈਂ ਤਾਂ ਚਾਹੁੰਦਾ ਆਂ, ਮੇਰੀ ਗੱਲ ਇੰਦਰਾ ਦੀ ਧੁਰ ਦਰਗਾਹ ਤੱਕ ਮੰਨੀ ਜਾਵੇ। ਮੇਰੇ ਸਾਥੀਆਂ ਨੂੰ ਉਭਾਰਿਆ ਜਾਵੇ। ਕਿਸੇ ਵੀ ਸਿੱਖ ਸਮਝੌਤੇ ਵਿਚ ਮੇਰੀ ਰਜ਼ਾਮੰਦੀ ਲਈ ਜਾਵੇ।" ਸੰਤਾ ਸਿੰਘ ਨੇ ਇੰਦਰਾ ਤੇ ਸਰਕਾਰ ਨੂੰ ਕਸੂਤੀ ਸਥਿਤੀ ਵਿਚ ਫਸੇ ਵੇਖ ਕੇ ਪੂਰੇ ਰੋਹਬ ਨਾਲ ਪੈਰ ਦੜਕਾ ਮਾਰਿਆ।

"ਲੈ ਜਥੇਦਾਰਾ, ਤੇਰੀ ਮਰਜ਼ੀ ਬਿਨਾਂ ਪਿੱਪਲ ਦਾ ਪੱਤਾ ਨਾ ਹਿੱਲੇਗਾ। ਕਹੇਂ ਤਾਂ

ਇੰਦਰਾ ਸਾਹਮਣੇ ਲੈ ਚੱਲਾਂ?" ਬੂਟਾ ਸਿੰਘ ਤੇ ਜਥੇਦਾਰ ਇੱਕ ਦੂਜੇ ਨੂੰ ਉੱਤੋਂ ਦੀ ਹ ਹੇ ਪੈਂਦੇ ਸਨ। "ਤੁਹਾਨੂੰ ਖੇਚਲ ਏਨੀ ਹੀ ਦੇਣੀ ਐ, ਤੁਸਾਂ ਠੇਕੇਦਾਰ ਦੀ ਠੱਗੀ ਦਾ ਧਿਆਨ ਰੱਖਣਾ। ਬਾਕੀ ਸਾਰਾ ਖ਼ਰਚ ਸਰਕਾਰ ਕਰੇਗੀ। ਤੁਸੀਂ ਇਹ ਕਾਰਜ ਸਿਰੇ ਚਾੜ੍ਹ ਕੇ ਇੰਦਰਾ ਦੀਆਂ ਨਜ਼ਰਾਂ ਵਿਚ ਆ ਜਾਓਗੇ।"

"ਵਜ਼ੀਰ ਸਾਹਿਬ! ਮੈਂ ਇਸ ਕਾਰ ਸੇਵਾ ਵਿਚ ਕੁਰਬਾਨੀ ਵੀ ਦੇ ਸਕਦਾ ਹਾਂ। ਅਜਿਹੀ ਸ਼ਹਾਦਤ ਤਾਂ ਕਰਮਾਂ ਵਾਲਿਆਂ ਨੂੰ ਮਿਲਦੀ ਐ। ਤੁਸੀਂ ਬੇਫ਼ਿਕਰ ਹੋ ਜਾਓ।" ਨਿਹੰਗ ਸੰਤਾ ਸਿੰਘ ਨੇ ਫਿਸੜ ਜ਼ਮੀਨ ਵਿਚ ਬਰਛਾ ਗੱਡ ਦਿੱਤਾ। "ਇੱਕ ਹੋਰ ਗੱਲ, ਸਿੱਖ ਜਗਤ ਵਿਚ ਦੁੱਧ ਧੋਤੇ ਹੋਣ ਲਈ ਸਰਬੱਤ ਖਾਲਸਾ ਕਿਉਂ ਨਾ ਸੱਦ ਲਿਆ ਜਾਵੇ। ਉਸ ਵਿਚ ਸ੍ਰੀ ਪਟਨਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਜ਼ਰੂਰ ਸੱਦੇ ਜਾਣ।

"ਪੰਜਾਬ ਦੇ ਜਥੇਦਾਰਾਂ ਆਉਣਾ ਨਹੀਂ। ਉਨ੍ਹਾਂ ਨੂੰ ਬੁਲਾਉਣ ਦੀ ਲੋੜ ਵੀ ਨਹੀਂ। ਦੋ ਤਖ਼ਤਾਂ ਦੇ ਜਥੇਦਾਰ ਆ ਕੇ ਅਰਦਾਸ ਕਰ ਦੇਣ, ਖਾਲਸਾ ਪੰਥ ਆਪਣੇ ਨਾਲ ਹੋਵੇਗਾ। ਫੇਰ ਬੋਲੇ ਸੋ ਨਿਹਾਲ ਦੇ ਜੈਕਾਰੇ ਅੱਗੇ ਕੌਣ ਖਲੋਵੇਗਾ।" ਨਿਹੰਗ ਸਾਹਿਬ ਨੇ ਭਵਿੱਖੀ ਜਿੱਤ ਲਈ ਬਾਂਹ ਖੜੀ ਕਰ ਦਿੱਤੀ।

"ਕਮਾਲ ਦੀ ਸੋਚ ਐ ਜਥੇਦਾਰ ਜੀ। ਸਰਬੱਤ ਖਾਲਸਾ ਸਾਡਾ ਹਰ ਤਰ੍ਹਾਂ ਸਹਾਈ ਹੋਵੇਗਾ।" ਬੂਟਾ ਸਿੰਘ ਪੂਰੀਆਂ ਬਾਹਾਂ ਖੋਲ੍ਹ ਕੇ ਮੁਸਕਰਾ ਪਿਆ। "ਜਿੱਥੇ ਤਾਕਤ ਤੇ ਅਕਾਲ ਰਲ ਬੈਠਣ, ਹਰ ਮੈਦਾਨ, ਹਰ ਹਾਲਤ ਵਿਚ ਫ਼ਤਹਿ ਵੱਟ 'ਤੇ ਪਈ ਹੋਵੇਗੀ। ਸਰਬਤ ਖਾਲਸਾ ਹੋਵੇਗਾ। ਥੋੜ੍ਹਾ ਇੰਦਰਾ ਜੀ ਦੇ ਕੰਨਾਂ ਵਿਚੋਂ ਗੱਲ ਕੱਢ ਛੱਡੀਏ। ਵੈਸੇ ਉਹ ਮੇਰੀ ਗੱਲ ਮੋੜਦੀ ਨਹੀਂ।" ਵਜ਼ੀਰ ਆਖ਼ਰੀ ਗੱਲ ਬੜੇ ਫ਼ਖ਼ਰ ਨਾਲ ਕਹਿ ਗਿਆ।

ਸੰਤਾ ਸਿੰਘ ਨਿਹੰਗ ਮੁਖੀ ਨਾਲ ਹੱਥ ਜੁੜ ਜਾਣ ਪਿੱਛੋਂ ਬੂਟਾ ਸਿੰਘ ਕੱਚਿਓਂ ਪੱਕੀ ਸੜਕ ਪੈ ਗਿਆ। ਲੋਕ ਸਮਝਦੇ ਸਨ, ਲੰਡੇ ਨੂੰ ਮੀਣਾ ਮਿਲ ਗਿਆ।

ਤੇਤੀਵਾਂ ਕਾਂਡ

ਸਾਰੀਆਂ ਜ਼ਿਲ੍ਹਾ ਕਾਂਗਰਸ ਕਮੇਟੀਆਂ ਨੂੰ ਜ਼ਬਾਨੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਸਰਬੱਤ ਖਾਲਸਾ ਲਈ ਫੰਡ ਇਕੱਤਰ ਕੀਤਾ ਜਾਵੇ ਅਤੇ ਵੱਧ ਤੋਂ ਵੱਧ ਸਿੱਖਾਂ ਦੇ ਟਰੱਕ ਭਰ ਕੇ ਅੰਮ੍ਰਿਤਸਰ ਲਿਆਂਦੇ ਜਾਣ। ਸ੍ਰੀ ਦਰਬਾਰ ਸਾਹਿਬ ਦੇ ਹਮਲੇ ਦਾ ਜ਼ਖ਼ਮ ਹਾਲੇ ਅੱਲ੍ਹਾ ਸੀ, ਇਸ ਲਈ ਸਰਬਤ ਖਾਲਸੇ ਲਈ ਸਿੱਖਾਂ ਖ਼ਾਸ ਹੁੰਗਾਰਾ ਨਾ ਭਰਿਆ। ਉਹ ਇਸ ਨੂੰ ਗ਼ੱਦਾਰਾਂ ਦਾ ਸਰਬਤ ਖਾਲਸਾ ਆਖ ਰਹੇ ਸਨ। ਸਿੱਖ ਕਾਂਗਰਸੀਆਂ ਨੂੰ ਹੱਥ ਰੰਗਣ ਦਾ ਮਸੀਂ ਮੌਕਾ ਮਿਲਿਆ ਸੀ। ਇੱਕ ਤਾਂ ਪਾਰਟੀ ਲਈ ਨਾਮਜ਼ਦਗੀ ਪੱਖੋਂ ਮਸ਼ਹੂਰੀ ਹੁੰਦੀ ਸੀ, ਦੂਜੇ ਫੰਡ ਇਕੱਤਰ ਕਰਨ ਵਿਚੋਂ ਸਾਲ ਭਰ ਦੀਆਂ ਰੋਟੀਆਂ ਵੱਟ 'ਤੇ ਪਈਆਂ ਸਨ। ਕਈਆਂ ਤਾਂ ਆਪਣੀਆਂ ਹੀ ਰਸੀਦ ਬੁੱਕਾਂ ਛਪਵਾ ਲਈਆਂ। ਫੰਡ ਉਗਰਾਹੁਣ ਦਾ ਮਸੀਂ ਮੌਕਾ ਮਿਲਿਆ ਸੀ। ਸਰਬੱਤ ਖਾਲਸਾ ਲਈ ਅਖ਼ਬਾਰਾਂ ਵਿਚ ਪੂਰੇ ਪੂਰੇ ਸਫ਼ੇ ਦੇ ਇਸ਼ਤਿਹਾਰ ਦਿੱਤੇ ਗਏ। ਲਾਅਲਾ ਲਾਅਲਾ ਬਹੁਤ ਕੀਤੀ ਗਈ, ਪਰ ਸਿੱਖਾਂ ਵਿੱਚ ਉਹ ਸਰਕਾਰੀ ਸਰਬੱਤ ਖਾਲਸਾ ਹੀ ਬਣਿਆ ਰਿਹਾ।

ਅਕਾਲੀ ਪਾਰਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ, ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਹੋਰ ਸਿੱਖ ਜਥੇਬੰਦੀਆਂ ਨੇ ਕਾਂਗਰਸੀਆਂ ਦੇ ਸਰਬੱਤ ਖਾਲਸਾ ਦਾ ਡਟ ਕੇ ਵਿਰੋਧ ਕੀਤਾ। ਪਰ ਕਾਂਗਰਸੀ ਸਿੱਖਾਂ ਬਾਬਾ ਸੰਤਾ ਸਿੰਘ ਨਾਲ ਮਿਲ ਕੇ ਗਿਆਰਾਂ ਅਗਸਤ ਨੂੰ ਸਰਬੱਤ ਖਾਲਸਾ ਕਰਨ ਦਾ ਐਲਾਨ ਕਰ ਦਿੱਤਾ ਅਤੇ ਬੁੰਗਾ ਅਕਾਲੀ ਫੂਲਾ ਸਿੰਘ ਨੇ ਇਕੱਠ ਲਈ ਜਗ੍ਹਾ ਨਿਯੁਕਤ ਕਰ ਲਈ। ਗਜ਼ ਗਜ਼ ਲੰਮੇ ਚੌੜੇ ਪੋਸਟਰ ਛਾਪੇ ਗਏ। ਰੇਡੀਓ, ਟੀ. ਵੀ. ਅਤੇ ਅਖ਼ਬਾਰਾਂ ਵਿਚ ਪ੍ਰਾਪੇਗੰਡੇ ਦਾ ਵਾਹਵਾ ਰੌਲਾ ਪਾਇਆ। ਲੁਧਿਆਣੇ ਦੇ ਇੱਕ ਸਿੱਖ ਕਾਂਗਰਸੀ, ਜਿਹੜਾ ਅਸੈਂਬਲੀ ਟਿਕਟ ਨਾ ਮਿਲਣ ਕਾਰਨ ਰੁੱਸ ਕੇ ਅਕਾਲੀ ਪਾਰਟੀ ਛੱਡ ਗਿਆ ਸੀ, ਨੇ ਸਰਬੱਤ ਖਾਲਸੇ ਲਈ ਹਿੰਦੂ ਵਪਾਰੀਆਂ ਅਤੇ ਇੰਡਸਟਰੀਅਲਿਸਟਾਂ ਤੋਂ ਫੰਡ ਉਗਰਾਹੁਣਾ ਸ਼ੁਰੂ ਕਰ ਦਿੱਤਾ। ਉਸ ਦਾ ਹੋਕਾ ਸੀ:

"ਸਰਕਾਰ ਅੱਜ ਤੁਹਾਡੀ ਮਦਦ ਕਰ ਰਹੀ ਹੈ। ਵਰਨਾ ਅੱਤਵਾਦੀ ਫਿਰੌਤੀਆਂ ਨਾਲ ਤੁਹਾਨੂੰ ਖਾ ਜਾਣਗੇ, ਜੇ ਪੰਜਾਬ ਵਿਚ ਵਪਾਰ ਚਲਾਉਣਾ ਏ ਤਾਂ ਕਾਂਗਰਸ ਦੇ ਹੱਥ ਮਜ਼ਬੂਤ ਕਰੋ। ਸਰਬਤ ਖਾਲਸੇ ਲਈ ਟਰੱਕਾਂ 'ਤੇ ਬੰਦੇ ਢੋਣੇ ਹਨ। ਖ਼ਰਚ ਬੜਾ ਆ ਰਿਹਾ ਹੈ। ਫੰਡ ਬਿਨਾਂ ਤਾਂ ਕੋਈ ਕਾਨਫਰੰਸ ਨਹੀਂ ਕੀਤੀ ਜਾ ਸਕਦੀ। ਇਹ ਸਭ ਕੁਝ ਤੁਹਾਡੀ ਹਿਫ਼ਾਜ਼ਤ ਲਈ ਹੀ ਕੀਤਾ ਜਾ ਰਿਹਾ ਹੈ। ਦਿਲ ਖੋਲ੍ਹ ਕੇ ਦਾਨ ਕਰੋ।"

ਉਸ ਲੱਖਾਂ ਦੇ ਹਿਸਾਬ ਪੈਸਾ ਇਕੱਤਰ ਕੀਤਾ ਅਤੇ ਟਰੱਕ ਯੂਨੀਅਨ ਤੋਂ ਸਰਕਾਰੀ ਦਾਬੇ ਨਾਲ ਟਰੱਕ ਮੁਫ਼ਤ ਲੈ ਲਏ। ਜਿਸ ਕਿਸੇ ਥੋੜ੍ਹਾ ਬਹੁਤਾ ਰੌਲਾ ਰੱਪਾ ਕੀਤਾ, ਉਸ ਨੂੰ ਤੇਲ ਦੇ ਦਿੱਤਾ, ਬਾਕੀ ਸਾਰਾ ਫੰਡ ਖੱਦਰ ਦੀ ਝੱਗੀ ਵਿਚ ਹੜੱਪ। ਇਸ ਤਰ੍ਹਾਂ ਪੰਜਾਬ ਦੇ ਬਹੁਤੇ

ਜ਼ਿਲ੍ਹਿਆਂ ਵਿਚ ਕਾਂਗਰਸੀਆਂ ਕਈ ਕਈ ਸਾਲਾਂ ਦੀਆਂ ਰੋਟੀਆਂ ਤੱਤੀਆਂ ਕਰ ਲਈਆਂ। ਸਰਬੱਤ ਖਾਲਸਾ ਉਨ੍ਹਾਂ ਦੇ ਵਾਹਵਾ ਸੂਤ ਆਇਆ ਸੀ।

ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਤੇ ਯੂ. ਪੀ. ਆਦਿ ਤੋਂ ਸਿੱਖ ਸਰਬੱਤ ਖਾਲਸਾ ਲਈ ਨਾ ਹਿੱਲੇ, ਤਦ ਭਈਆਂ ਨੂੰ ਖੱਟੀਆਂ ਪੱਗਾਂ ਖਰੀਦ ਕੇ ਬੰਨ੍ਹਾਈਆਂ ਗਈਆਂ ਤਾਂ ਜੋ ਸਰਬੱਤ ਖਾਲਸੇ ਦੀ ਸ਼ਾਨ ਗਿਣਤੀ ਪੱਖੋਂ ਵਧਾਈ ਜਾ ਸਕੇ। ਸਿੱਖਾਂ ਦੀ ਆਤਮਾ ਸ੍ਰ. ਬੂਟਾ ਸਿੰਘ ਤੇ ਨਿਹੰਗ ਮੁਖੀ ਸੰਤਾ ਸਿੰਘ 'ਤੇ ਬਹੁਤ ਦੁਖੀ ਸੀ। ਸਿੱਖ ਮਰਯਾਦਾ ਅਨੁਸਾਰ ਸਰਬੱਤ ਖਾਲਸਾ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਬਿਨਾਂ ਨਹੀਂ ਹੋ ਸਕਦਾ, ਪਰ ਦਿੱਲੀ ਦਾ ਧੱਕਾ ਘੱਟ ਗਿਣਤੀ 'ਤੇ ਜ਼ੋਰੋ-ਜ਼ਬਰੀ ਚਾੜ੍ਹਿਆ ਜਾ ਰਿਹਾ ਸੀ।

ਸ੍ਰੀ ਅਕਾਲ ਤਖ਼ਤ ਦੀ ਕਾਰ ਸੇਵਾ ਸੰਭਾਲਣ ਹਿੱਤ ਸੰਤਾ ਸਿੰਘ ਨੂੰ ਪੰਜ ਜਥੇਦਾਰਾਂ ਨੇ ਸਰਬ ਸੰਮਤੀ ਨਾਲ ਤਨਖਾਹੀਆ ਕਰਾਰ ਦੇ ਦਿੱਤਾ। ਜਦੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘਾਂ ਦੇ ਪੇਸ਼ ਨਾ ਹੋਇਆ, ਉਸ ਨੂੰ ਪੰਥ ਵਿਚੋਂ ਖਾਰਜ ਕਰ ਦਿੱਤਾ, ਕਿਉਂਕਿ ਉਹ ਸਿੱਖ ਮਰਯਾਦਾ ਦਾ ਵਿਰੋਧ ਕਰਕੇ ਕਾਰ ਸੇਵਾ ਤੇ ਸਰਬੱਤ ਖਾਲਸਾ ਕਰ ਰਿਹਾ ਸੀ। ਸਰਕਾਰੀ ਸਰਬੱਤ ਖਾਲਸਾ ਵਿਚ ਸ੍ਰੀ ਪਟਨਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਦੇ ਤਖ਼ਤਾਂ ਦੇ ਜਥੇਦਾਰ ਨਹੀਂ ਆ ਰਹੇ ਸਨ। ਉਨ੍ਹਾਂ ਦੀਆਂ ਤਾਰਾਂ ਤੇ ਚਿੱਠੀਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕਿਰਪਾਲ ਸਿੰਘ ਨੂੰ ਪਹੁੰਚ ਚੁੱਕੀਆਂ ਸਨ। ਜੇ ਪੰਜਾਂ ਤਖ਼ਤਾਂ ਵਿਚੋਂ ਕੋਈ ਵੀ ਜਥੇਦਾਰ ਨਾ ਆਇਆ, ਫਿਰ ਸਰਬੱਤ ਖਾਲਸਾ ਕਾਹਦਾ? ਨਿਹੰਗ ਮੁਖੀ ਤੇ ਸਰਕਾਰੀ ਵਜ਼ੀਰ ਨੂੰ ਭਾਜੜਾਂ ਪੈ ਗਈਆਂ। ਲੋਕਾਂ ਵੱਲੋਂ ਜਾਵਾਂਗੇ ਤੇ ਇੰਦਰਾ ਦੀਆਂ ਵੱਖ-ਵੱਖ ਘੁਰਕੀਆਂ। ਸ੍ਰ. ਬੂਟਾ ਸਿੰਘ ਦਾ ਜਹਾਜ਼ ਪਟਨੇ ਨੂੰ ਉਡ ਪਿਆ ਤੇ ਜਥੇਦਾਰ ਮਾਨ ਸਿੰਘ ਨੂੰ ਤਾਂ ਲੈ ਹੀ ਆਉਣਾ ਏ। ਅੱਗੋਂ ਜਥੇਦਾਰ ਮਾਨ ਸਿੰਘ ਜੀ ਪਟਨਾ ਛੱਡ ਕੇ ਕਲਕੱਤੇ ਪਹੁੰਚ ਚੁੱਕੇ ਸਨ। ਸ੍ਰ. ਬੂਟਾ ਸਿੰਘ ਨੇ ਮਗਰੇ ਕਲਕੱਤੇ ਨੂੰ ਸ਼ੂਟ ਵੱਟ ਲਈ, ਜਿਵੇਂ ਬਾਜ਼ ਘੁੱਗੀ ਦਾ ਪਿੱਛਾ ਕਰਦਾ ਹੈ। ਕਲਕੱਤੇ ਦੀ ਸੰਗਤ ਨੇ ਅੱਗੋਂ ਇੱਕ ਹਫਤੇ ਦਾ ਧਰਮ ਪ੍ਰਚਾਰ ਆਰੰਭਿਆ ਹੋਇਆ ਸੀ। ਸ੍ਰ. ਬੂਟਾ ਸਿੰਘ ਨੇ ਸੰਗਤ ਦੇ ਪ੍ਰੋਗਰਾਮ ਦੀ ਪ੍ਰਵਾਹ ਨਾ ਕਰਦਿਆਂ ਜਥੇਦਾਰ ਮਾਨ ਸਿੰਘ ਜੀ ਨੂੰ ਧੱਕੇ ਨਾਲ ਹਵਾਈ ਜਹਾਜ਼ ਚਾੜ੍ਹ ਲਿਆ ਅਤੇ ਸਿੱਧਾ ਅੰਮ੍ਰਿਤਸਰ ਲਿਆ ਲਾਹਿਆ।

"ਬੂਟਾ ਸਿੰਘ ਜੀ, ਤੁਸੀਂ ਜ਼ਬਰਦਸਤੀ ਕਰਦੇ ਹੋ, ਇਸ ਤਰ੍ਹਾਂ ਜ਼ੋਰਾ-ਜਬਰੀ ਨਾਲ ਤੁਹਾਡਾ ਸਰਬੱਤ ਖਾਲਸਾ ਕਿਵੇਂ ਸੰਪੂਰਨ ਹੋਵੇਗਾ। ਮੇਰੀ 'ਜ਼ਮੀਰ' ਨਹੀਂ ਮੰਨਦੀ। ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਨਾ ਆਉਣ ਬਾਰੇ ਲਿਖ ਚੁੱਕਾ ਆਂ। ਮੈਨੂੰ ਸੰਗਤ ਕਿਵੇਂ ਮੂੰਹ ਲਾਵੇਗੀ।" ਜਥੇਦਾਰ ਮਾਨ ਸਿੰਘ ਨੇ ਸਰਕਾਰੀ ਦਬਾਅ ਹੇਠ ਘੁੱਟੇ ਘੁੱਟੇ ਦਿਲ ਦਾ ਗਿਲ੍ਹਾ ਜ਼ਾਹਰ ਕੀਤਾ।

"ਜਥੇਦਾਰ ਜੀ ਸਿੱਖ ਕੌਮ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ। ਇਸ ਨੂੰ ਹੋਰ ਘਾਟੇ ਤੋਂ ਰੋਕੀਏ। ਏਧਰ ਇੰਦਰਾ ਵੱਲੋਂ ਮੇਰੀ ਜਾਨ ਨਹੀਂ ਛੁਟਦੀ।" ਉਸ ਸਿਰ ਮਾਰਦਿਆਂ ਲੰਮਾ ਦਰਦ ਮਹਿਸੂਸ ਕੀਤਾ। "ਤੁਹਾਨੂੰ ਇੰਦਰਾ ਜੀ ਨਾਲ ਮਿਲਾਵਾਂਗਾ। ਤੁਹਾਡਾ ਹਰ ਆਖਾ, ਹਰ ਕੰਮ ਹੋਵੇਗਾ। ਇਸ ਵਿਗੜੀ ਸਮੇਂ ਸਾਡੀ ਰੱਖੋ, ਕਿਵੇਂ ਰੱਖੋ।"

"ਮੈਂ ਇੰਦਰਾ ਤੋਂ ਕੀ ਲੈਣਾ ਹੈ। ਉਹ ਸ੍ਰੀ ਅਕਾਲ ਤਖ਼ਤ ਢਾਹ ਕੇ ਤੇ ਹਜ਼ਾਰਾਂ ਬੇਗੁਨਾਹ ਜਾਨਾਂ ਲੈ ਕੇ ਬਹੁਤ ਖੁਸ਼ ਐ?"

"ਨਹੀਂ, ਉਹ ਬਹੁਤ ਦੁਖੀ ਐ। ਉਸ ਦੇ ਸਿਰੋਂ ਪਾਣੀ ਵਗ ਗਿਆ ਸੀ। ਤੁਸੀਂ ਸੰਤ ਜਰਨੈਲ ਸਿੰਘ ਨੂੰ ਕੁਝ ਨਹੀਂ ਆਖਦੇ, ਜਿਹੜਾ ਸਾਰੇ ਸਿਆਪੇ ਦੀ ਜੜ੍ਹ ਸੀ।" ਸ੍ਰ. ਬੂਟਾ ਸਿੰਘ ਨੇ ਜਥੇਦਾਰ ਨੂੰ ਥੋੜ੍ਹਾ ਭਬਕ ਕੇ ਆਖਿਆ। ਉਹ ਆਪ ਬਹੁਤ ਔਖਾ ਸੀ, ਮੈਂ ਇੰਦਰਾ ਦੀ ਫਾਹੀ ਵਿਚ ਕਿਉਂ ਫਸ ਗਿਆ?

"ਭਾਈ ਬੂਟਾ ਸਿੰਘ, ਮੈਨੂੰ ਏਥੋਂ ਦੇ ਹਾਲਾਤ ਬਾਰੇ ਠੀਕ ਠੀਕ ਕੁਝ ਨਹੀਂ ਪਤਾ। ਰੱਬ ਜਾਣੇ ਕੀ ਹੁੰਦਾ ਰਿਹਾ ਏ? ਪਰ ਤੁਸੀਂ ਮੇਰੇ ਨਾਲ ਜ਼ਬਰਦਸਤੀ ਜ਼ਰੂਰ ਕਰ ਰਹੇ ਹੋ।"

"ਬੱਸ ਤੁਹਾਡੀ ਹਾਜ਼ਰੀ ਚਾਹੀਦੀ ਐ। ਤੁਸਾਂ ਇੱਕ ਅਰਦਾਸ ਤੋਂ ਬਿਨਾਂ ਕੁਝ ਨਹੀਂ ਕਰਨਾ।"

"ਮੈਂ ਝੂਠੀ ਅਰਦਾਸ ਗੁਰੂ ਅੱਗੇ ਕਿਵੇਂ ਕਰਾਂਗਾ। ਤੁਸਾਂ ਗੁਰੂ, ਸੰਗਤ ਤੇ ਹੋਰ ਲੋਕਾਂ ਵਿਚ ਮੈਨੂੰ ਮਾਰ ਕੇ ਰੱਖ ਦਿੱਤਾ।" ਜੱਥੇਦਾਰ ਆਪਣੇ ਝੋਰੇ ਵਿਚ ਮਰਦਾ ਜਾ ਰਿਹਾ ਸੀ।

ਉਹ ਦੋਵੇਂ ਦੁਖੀ ਸਨ, ਪਰ ਦੋਵੇਂ ਮਜਬੂਰ। ਸਰਕਾਰੀ ਫਾਹੀ ਵਿਚ ਫਸੇ ਨਿਕਲਣ ਜੋਗੇ ਨਹੀਂ ਸਨ। ਸ੍ਰ. ਬੂਟਾ ਸਿੰਘ ਅੱਗੇ ਸੁਨਹਿਰਾ ਭਵਿੱਖ ਸੀ; ਜਿਵੇਂ ਪਹਾੜਾ ਸਿੰਘ ਨੂੰ ਫ਼ਰੀਦਕੋਟ ਅਤੇ ਡੋਗਰਿਆਂ ਨੂੰ ਜੰਮੂ-ਕਸ਼ਮੀਰ ਮਿਲਿਆ ਸੀ। ਉਹ ਸਮਝਦਾ ਸੀ ਸਾਰੇ ਸਿੱਖ ਜਗਤ ਦਾ ਵਿਰੋਧ ਕਰਨ ਕਾਰਨ ਇੰਦਰਾ ਕੁਝ ਤਾਂ ਮੁੱਲ ਪਾਵੇਗੀ। ਉਸ ਦੀ ਦਿੱਬ-ਦ੍ਰਿਸ਼ਟੀ ਜਾਣਦੀ ਸੀ। ਇਸ ਤਰ੍ਹਾਂ ਦੀ ਕੁੜਿੱਕੀ ਵਿਚ ਇੰਦਰਾ ਪਹਿਲਾਂ ਕਦੇ ਨਹੀਂ ਫਸੀ ਸੀ।

ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਨੇ ਸਰਕਾਰੀ ਸੁਨੇਹਿਆਂ ਦਾ ਕੋਈ ਜਵਾਬ ਹੀ ਨਾ ਦਿੱਤਾ, ਸਗੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਲਿਖ ਭੇਜਿਆ ਕਿ ਮੈਂ ਤੁਹਾਡੇ ਸਾਰੇ ਫ਼ੈਸਲਿਆਂ ਨਾਲ ਸਹਿਮਤ ਆਂ। ਪੰਜ ਪਿਆਰਿਆਂ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਬੂਟਾ ਸਿੰਘ ਤੇ ਸੰਤਾ ਸਿੰਘ ਦਾ ਸਰਬੱਤ ਖ਼ਾਲਸਾ ਨਿਰੋਲ ਸਰਕਾਰੀ ਹੋ ਕੇ ਰਹਿ ਗਿਆ ਹੈ। ਉਧਰ ਜਥੇਦਾਰ ਮਾਨ ਸਿੰਘ ਨੇ ਸਿੱਧੀ ਸਾਦੀ ਅਰਦਾਸ ਤਾਂ ਕਰ ਦਿੱਤੀ; ਪਰ ਬੂਟਾ ਸਿੰਘ ਤੇ ਨਿਹੰਗ ਮੁਖੀ ਦੀ ਮਨਸ਼ਾ ਦੇ ਵਚਨ ਅਰਦਾਸ ਵਿਚ ਸ਼ਾਮਲ ਨਾ ਕੀਤੇ। ਜਥੇਦਾਰ ਮਾਨ ਸਿੰਘ ਨੇ ਯੂ. ਪੀ. ਦੇ ਭਈਆਂ ਦੇ ਸਿਰਾਂ 'ਤੇ ਖੱਟੇ ਪਟਕੇ ਪਛਾਣ ਲਏ ਤੇ ਜਾਣ ਲਿਆ, ਇਹ ਸਭ ਸਰਕਾਰੀ ਫਰਾਡ ਐ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾ ਰਿਹਾ ਹੈ। ਸ਼ਾਮ ਨੂੰ ਉਸ ਨੂੰ ਦਿੱਲੀ ਲੈ ਆਂਦਾ ਗਿਆ। ਜਥੇਦਾਰ ਨੇ ਬੂਟਾ ਸਿੰਘ ਨਾਲ ਗਿਲਾ ਕੀਤਾ।

"ਮੈਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਕਿਉਂ ਨਹੀਂ ਕਰਵਾਏ। ਸ੍ਰੀ ਪਟਨਾ ਸਾਹਿਬ ਦਾ ਜੱਥੇਦਾਰ ਸ੍ਰੀ ਅੰਮ੍ਰਿਤਸਰ ਆਵੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਨਾ ਕਰੇ, ਇਸ ਤੋਂ ਵੱਡੀ ਮੁਨਕਰੀ ਕੀ ਹੋ ਸਕਦੀ ਹੈ। ਲਾਹਨਤ।" ਉਹ ਲਾਹਨਤ ਸ਼ਬਦ ਸਰਬੱਤ ਖ਼ਾਲਸਾ ਲਈ ਕਹਿੰਦਾ ਕਹਿੰਦਾ ਰੁਕ ਗਿਆ।

"ਜਥੇਦਾਰ ਜੀ, ਉਦਾਸ ਨਾ ਹੋਵੋ, ਭਲਕੇ ਤੁਹਾਨੂੰ ਜ਼ਰੂਰ ਦਰਸ਼ਨ ਕਰਵਾ ਲਿਆਵਾਂਗਾ। ਪਹਿਲਾਂ ਜ਼ਰੂਰੀ ਗੱਲ ਔੜੀ ਹੀ ਨਹੀਂ, ਨਾ ਹੀ ਤੁਸਾਂ ਯਾਦ ਕਰਵਾਈ।" ਉਹ ਸਿਆਸੀ ਚੁਸਤੀ ਵਰਤ ਗਿਆ।

ਇੰਦਰਾ ਸਰਬਤ ਖ਼ਾਲਸਾ ਬਾਰੇ ਬੂਟਾ ਸਿੰਘ ਤੋਂ ਰਿਪੋਰਟ ਸੁਣ ਕੇ ਬਹੁਤ ਖੁਸ਼ ਹੋਈ ਅਤੇ ਉਸ ਨੂੰ ਸ਼ਾਬਾਸ਼ ਦਿੱਤੀ। ਸ੍ਰ. ਬੂਟਾ ਸਿੰਘ ਆਪਣੀ ਥਾਂ ਬਾਗੋ ਬਾਗ ਸੀ। ਅਗਲੇ ਦਿਨ

ਉਹ ਜਥੇਦਾਰ ਮਾਨ ਸਿੰਘ ਨੂੰ ਸ੍ਰੀ ਅਕਾਲ ਤਖ਼ਤ 'ਤੇ ਲੈ ਗਿਆ। ਸ੍ਰੀ ਅਕਾਲ ਤਖ਼ਤ ਨੂੰ ਖੰਡਰ ਹੋਇਆ ਵੇਖ ਕੇ ਉਹ ਧਾਹ ਮਾਰਨ ਵਾਲਾ ਹੋ ਗਿਆ।

"ਓਏ ਬੂਟਾ ਸਿਆਂ , ਤੇਰੀ ਇੰਦਰਾ ਨੇ ਆਹ ਚੰਦ ਚਾੜ੍ਹਿਆ ਏ?" ਹਾਉਕਾ ਉਹਦੇ ਗਲ ਵਿਚ ਫਸ ਗਿਆ ਤੇ ਅੱਖਾਂ ਭਰ ਆਈਆਂ।

"ਜਥੇਦਾਰ ਜੀ, ਮੇਰਾ ਦਿਲ ਹੀ ਪੁੱਛਿਆ ਜਾਣਦਾ ਏ। ਜੋ ਹੋ ਗਿਆ, ਉਸ 'ਤੇ ਮਿੱਟੀ ਪਾਓ। ਗੁਰੂ ਹਾਲੇ ਅਗਾਂਹ ਵਾਸਤੇ ਮਿਹਰ ਕਰੇ।" ਸ੍ਰੀ ਅਕਾਲ ਤਖ਼ਤ ਨੇ ਸੰਤਾ ਸਿੰਘ ਨਾਲ ਮੈਨੂੰ ਵੀ ਪੰਥ ਵਿਚੋਂ ਖਾਰਜ ਕਰ ਦਿੱਤਾ।" ਉਹ ਦਿਲੋਂ ਬੁਰੀ ਤਰ੍ਹਾਂ ਝੂਰ ਰਿਹਾ ਸੀ।

"ਇਸ ਘੱਲੂਘਾਰੇ 'ਤੇ ਮਿੱਟੀ ਕਿਵੇਂ ਪਵੇਗੀ? ਤੁਸੀਂ ਪੁਰਖਿਆਂ ਦੇ ਇਤਿਹਾਸ ਨੂੰ ਕੀ ਜਵਾਬ ਦਿਉਗੇ? ਤੁਸਾਂ ਤਾਂ ਨਾਲ ਰਲਾ ਕੇ ਮੈਨੂੰ ਵੀ ਗੁਨਾਹਗਾਰ ਬਣਾ ਧਰਿਆ। ਮੈਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲਣਾ ਚਾਹੁੰਦਾ ਆਂ।" ਉਹ ਹੋਰ ਹੋਰ ਹਕੀਕਤ ਜਾਣਨੀ ਮੰਗਦਾ ਸੀ।

ਪਰ ਸਰਕਾਰੀ ਸਕਿਉਰਟੀ ਵਿਚ ਜੱਥਦਾਰ ਮਾਨ ਸਿੰਘ ਨੂੰ ਪ੍ਰਕਰਮਾ ਤੋਂ ਬਾਹਰ ਲੈ ਆਂਦਾ ਗਿਆ। ਸੰਤਾ ਸਿੰਘ ਦੇ ਲਾਏ ਬੰਦੇ ਸ੍ਰੀ ਅਕਾਲ ਤਖ਼ਤ ਦਾ ਮਲਵਾ ਤੋੜ ਤੋੜ ਬਾਹਰ ਲੈ ਜਾ ਰਹੇ ਸਨ। ਬੂਟਾ ਸਿੰਘ ਸਾਰਾ ਕਾਰਜ ਝੱਟ ਪੱਟ ਨਿਬੇੜ ਦੇਣਾ ਚਾਹੁੰਦਾ ਸੀ। ਉਹ ਠੇਕੇਦਾਰ ਤੇ ਨਿਹੰਗ ਮੁਖੀ ਨੂੰ ਕਾਹਲੀ ਕਰਨ ਦੇ ਆਦੇਸ਼ ਦੇ ਕੇ ਦਿੱਲੀ ਆ ਗਿਆ। ਫ਼ੌਜੀ ਅਤੇ ਪੁਲੀਸ ਵਾਲੇ ਕਾਰ ਸੇਵਾ ਦੀ ਹਰ ਤਰ੍ਹਾਂ ਹਿਫ਼ਾਜ਼ਤ ਕਰ ਰਹੇ ਸਨ। ਥੋੜ੍ਹੇ ਦਿਨਾਂ ਵਿਚ ਹੀ ਲੋੜ ਗੋਚਰੀ ਸਫ਼ਾਈ ਹੋ ਗਈ ਸੀ। ਹੁਣ ਸਵਾਲ ਖੜ੍ਹਾ ਹੋ ਗਿਆ, ਅਰਦਾਸ ਕਰਕੇ ਪੰਜ ਪਿਆਰਿਆਂ ਰਾਹੀਂ ਨੀਂਹ ਦੀਆਂ ਪਹਿਲੀਆਂ ਇੱਟਾਂ ਰੱਖਣ ਦਾ। ਸਰਕਾਰੀ ਅਸਰੋ-ਰਸੂਖ ਨੂੰ ਚਾਬੀ ਲਾਈ ਗਈ। ਬੂਟਾ ਸਿੰਘ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਨੂੰ ਉਸ ਦਿਨ ਹੀ ਜੇਲ੍ਹ ਵਿਚੋਂ ਛੱਡਵਾ ਕੇ ਲੈ ਆਇਆ। ਸੰਤ ਨਰੈਣ ਸਿੰਘ ਸ਼ੇਰੜਾਂ ਵਾਲੇ ਨੂੰ ਫੜਿਆ ਗਿਆ, ਜਿਸ ਦਾ ਪਹਿਲਾਂ ਕਿਰਦਾਰ ਵੀ ਸਰਕਾਰ ਦੀ ਝੋਲੀ ਚੁੱਕਣਾ ਸੀ। ਤੀਜਾ ਪਿਆਰਾ ਬਣਾਇਆ ਡੇਰਾ ਬਾਬਾ ਮਹਾਰਾਜ ਸਿੰਘ ਦਾ ਗੱਦੀ ਬਰਦਾਰ ਬਿਕਰਮਜੀਤ ਸਿੰਘ ਤੇ ਚੌਥਾ ਪਿਆਰਾ ਗੋਪਾਲ ਸਿੰਘ ਰਲਾ ਲਿਆ। ਇਉਂ ਨਿਹੰਗ ਸੰਤਾ ਸਿੰਘ ਸਮੇਤ ਪੰਜ ਪਿਆਰੇ ਬਣ ਗਏ।

ਨਿਹੰਗ ਸੰਤਾ ਸਿੰਘ ਨੇ ਆਪ ਅਰਦਾਸ ਕੀਤੀ ਅਤੇ ਦੋ ਇੱਟਾਂ ਸ੍ਰੀ ਅਕਾਲ ਤਖ਼ਤ ਦੀ ਨੀਂਹ ਵਜੋਂ ਰੱਖ ਦਿੱਤੀਆਂ। ਬਾਕੀ ਚਾਰਾਂ ਨੇ ਵੀ ਦੋ ਦੋ ਇੱਟਾਂ ਟਿਕਾਈਆਂ। ਇਉਂ ਅਰਦਾਸ ਤੇ ਪੰਜ ਪਿਆਰਿਆਂ ਦੀ ਮਰਯਾਦਾ ਪੂਰੀ ਕਰ ਲਈ ਗਈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਬਾਕੀ ਗ੍ਰੰਥੀ ਸਰਕਾਰ ਦੀ ਨੰਗੀ ਸੰਗੀਨ ਅੱਗੇ ਕੁਝ ਨਾ ਕਰ ਸਕੇ। ਪਰ ਉਨ੍ਹਾਂ ਅਖੌਤੀ ਪੰਜ ਪਿਆਰਿਆਂ ਨੂੰ ਸਖ਼ਤ ਰੋਸ ਪੱਤਰ ਲਿਖ ਕੇ ਸਪੱਸ਼ਟੀਕਰਨ ਮੰਗਿਆ। ਸ੍ਰੀ ਅਕਾਲ ਤਖ਼ਤ ਤੇ ਸ੍ਰੀ ਦਰਬਾਰ ਸਾਹਿਬ ਦੇ ਸਾਰੇ ਸੇਵਾਦਾਰ ਇੱਕ ਮੱਤ ਸਨ। ਹਰੀਆਂ ਵੇਲਾਂ ਵਾਲੇ ਸੰਤ ਨੇ ਦੱਸਿਆ, ਉਸ 'ਤੇ ਭਾਰੀ ਤਸ਼ੱਦਦ ਕੀਤਾ ਗਿਆ। ਉਸ ਆਪਣੇ ਇੱਕ ਸ਼ਰਧਾਲੂ ਰਾਹੀਂ ਹਸਪਤਾਲ ਵਿਚੋਂ ਮੁਆਫ਼ੀਨਾਮਾ ਭੇਜਿਆ ਅਤੇ ਦੱਸਿਆ, ਮੈਨੂੰ ਕੁਝ ਵੀ ਪਤਾ ਨਹੀਂ ਸੀ। ਦੂਜੇ ਦੋ ਪਿਆਰਿਆਂ ਮੁਆਫ਼ੀਨਾਮੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਘਰ ਆ ਕੇ ਦਿੱਤੇ; ਜਿਸ ਵਿਚ ਲਿਖਿਆ ਸੀ, ਸਾਨੂੰ ਬੂਟਾ ਸਿੰਘ ਜ਼ਬਰਦਸਤੀ ਲੈ ਕੇ ਆਇਆ; ਅਸੀਂ

ਹਰ ਤਰ੍ਹਾਂ ਸ੍ਰੀ ਅਕਾਲ ਤਖ਼ਤ ਨੂੰ ਸੁਪਰੀਮ ਮੰਨਦੇ ਆਂ। ਅਸੀਂ ਸਰਕਾਰੀ ਸਰਬੱਤ ਖ਼ਾਲਸਾ ਵਿਚ ਵੀ ਨਹੀਂ ਆਵਾਂਗੇ। ਬਿਕਰਮਜੀਤ ਸਿੰਘ ਨੇ ਆਪ ਆ ਕੇ ਮੁਆਫ਼ੀ ਮੰਗੀ।

ਸੰਤ ਨਰੈਣ ਸਿੰਘ ਨੇ ਆਕੜ ਨਹੀਂ ਛੱਡੀ ਸਗੋਂ ਸਰਕਾਰੀ ਸਰਬੱਤ ਖ਼ਾਲਸਾ ਦੀ ਸਟੇਜ 'ਤੇ ਮੂਹਰੇ ਹੋ ਕੇ ਬੈਠਾ। ਆਪਣੀ ਵਾਰੀ ਸਟੇਜ ਤੋਂ ਬੋਲਦਿਆਂ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰੱਜ ਕੇ ਭੰਡਿਆ। ਇੱਥੋਂ ਤੱਕ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਵੀ ਕੁਬੋਲ ਬੋਲੇ। ਉਸ ਪੰਜ ਪਿਆਰਿਆਂ ਵੱਲੋਂ ਲਿਖੀ ਚਿੱਠੀ ਦਾ ਜਵਾਬ ਵੀ ਨਾ ਮੋੜਿਆ; ਸਪਸ਼ਟੀਕਰਨ ਤਾਂ ਕੀ ਦੇਣਾ ਸੀ। ਪੰਜ ਪਿਆਰਿਆਂ ਉਸ ਨੂੰ ਵੀ ਪੰਥ ਵਿਚੋਂ ਖਾਰਜ ਕਰ ਦਿੱਤਾ। ਨਿਹੰਗ ਸੰਤਾ ਸਿੰਘ ਤਾਂ ਪਹਿਲਾਂ ਹੀ ਖਾਰਜ ਸੀ।

ਉਸ ਸਮੇਂ ਸਮੁੱਚੇ ਪੰਥ ਦਾ ਕੋਈ ਹਾਲ ਨਹੀਂ ਸੀ। ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਜੀ ਉਦੈਪੁਰ ਜੇਲ੍ਹ ਵਿਚ ਸਨ ਅਤੇ ਹੋਰ ਲੀਡਰ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਨ। ਉਨ੍ਹਾਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਹੋਣ ਦਿੱਤਾ ਜਾਂਦਾ ਸੀ। ਪ੍ਰਧਾਨ ਸ਼੍ਰੋਮਣੀ ਕਮੇਟੀ ਜੇਲ੍ਹ ਵਿਚ ਡੱਕੇ ਹੋਏ ਸਨ। ਜ਼ੁੰਮੇਵਾਰੀ ਦਾ ਬਹੁਤਾ ਭਾਰ ਜਥੇਦਾਰ ਸ੍ਰੀ ਅਕਾਲ ਤਖ਼ਤ 'ਤੇ ਪਿਆ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੀ ਮਰਯਾਦਾ, ਨਾਲ ਲੱਗਦੇ ਦੋ ਕਮਰਿਆਂ ਵਿਚ ਚਾਲੂ ਕਰ ਰੱਖੀ ਸੀ। ਭਾਵੇਂ ਸਰਕਾਰੀ ਸਰਬੱਤ ਖ਼ਾਲਸਾ ਦਾ ਬੋਝ ਮਨ 'ਤੇ ਵਧ ਗਿਆ ਸੀ। ਸਹੀ ਤਸਵੀਰ ਤੇ ਸੱਚ ਤੋਂ ਸੰਗਤ ਨੂੰ ਜਾਣੂ ਕਰਵਾਉਣਾ ਜ਼ਰੂਰੀ ਸੀ। ਉਹ ਬਾਕੀ ਪਿਆਰਿਆਂ ਦੀ ਸਲਾਹ ਨਾਲ ਬਿਆਨ ਜਾਰੀ ਕਰਦੇ; ਪਰ ਪ੍ਰੈੱਸ ਵਾਲੇ ਖ਼ਾਸ ਗੌਰ ਨਾ ਕਰਦੇ। ਸਰਕਾਰੀ ਇਸ਼ਤਿਹਾਰਾਂ ਦੇ ਲਾਲਚ ਕਾਰਨ ਸਰਕਾਰ ਦਾ ਹੀ ਵੱਧ ਪੱਖ ਪੂਰਦੇ। ਰੇਡੀਓ ਤੇ ਟੀ. ਵੀ. ਵਾਲੇ ਗੱਲ ਵੀ ਨਹੀਂ ਸੁਣਦੇ ਸਨ। ਲਾਲਾ ਸ਼ਾਹੀ ਫ਼ਿਰਕੂ ਅਖ਼ਬਾਰਾਂ ਪੱਕੇ ਤੌਰ 'ਤੇ ਸੌਂਹ ਖਾ ਕੇ ਸਰਕਾਰ ਨਾਲ ਖਲੋਤੀਆਂ ਸਨ। ਰਛਪਾਲ ਸਿੰਘ ਮਾਸਟਰ ਅਕਾਲੀ ਦਲ ਵਾਲਾ ਤੇ ਕਰਤਾਰ ਸਿੰਘ ਟੱਕਰ ਹਰਿਆਣਾ ਨੇ ਸਰਬੱਤ ਖ਼ਾਲਸਾ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਬਾਰੇ ਉੱਚਾ ਨੀਵਾਂ ਆਖਿਆ ਅਤੇ ਪੰਥ ਦੀਆਂ ਉੱਚ ਹਸਤੀਆਂ ਦੀ ਨਿੰਦਾ ਕੀਤੀ। ਪੰਜ ਪਿਆਰਿਆਂ ਉਨ੍ਹਾਂ ਤੋਂ ਵੀ ਸਪਸ਼ਟੀਕਰਨ ਮੰਗਿਆ। ਉਹ ਮਿੱਥੀ ਤਾਰੀਖ਼ ਨੂੰ ਸ੍ਰੀ ਅਕਾਲ ਤਖ਼ਤ 'ਤੇ ਹਾਜ਼ਰ ਹੋਏ, ਸਪੱਸ਼ਟ ਉੱਤਰ ਦੇਣ ਦੀ ਥਾਂ ਰੋਲ-ਘਚੋਲਾ ਮਾਰ ਕੇ ਤੁਰ ਗਏ। ਦੋਬਾਰਾ ਸਖ਼ਤੀ ਨਾਲ ਨੋਟਿਸ ਭੇਜੇ; ਤਦ ਦੋਵਾਂ ਨੇ ਦੋਸ਼ ਮੰਨ ਕੇ ਮੁਆਫ਼ੀਨਾਮੇ ਲਿਖ ਭੇਜੇ। ਇਸ ਤਰ੍ਹਾਂ ਸਰਕਾਰ ਕੱਚੇ-ਪਿੱਲੇ ਸਿੰਘਾਂ ਨੂੰ ਆਪਣੇ ਹੱਕ ਵਿਚ ਸ਼ਿੰਗਾਰਦੀ; ਪਰ ਉਹ ਪਿੱਛੋਂ ਭੁੱਲ ਬਖ਼ਸ਼ਾਉਣ ਤੁਰ ਪੈਂਦੇ। ਰੇਡੀਓ ਤੇ ਟੀ. ਵੀ. 'ਤੇ ਵੀ ਉਹ ਬੋਲਦੇ; ਪਰ ਸ੍ਰੀ ਅਕਾਲ ਤਖ਼ਤ ਦੇ ਵਿਰੋਧ ਲਈ ਉਨ੍ਹਾਂ ਦੀ ਜ਼ਮੀਰ ਨਾ ਮੰਨਦੀ। ਇਉਂ ਸਿਦਕ ਵਿਚਾਰ ਅਤੇ ਸਰਕਾਰੀ ਰੋਹਬ 'ਚ ਖਿੱਚੋਤਾਣ ਚੱਲਦੀ ਰਹੀ, ਪਰ ਸੱਚ ਅੱਗੇ ਕੋਈ ਨਹੀਂ ਅੜਦਾ ਸੀ।

ਇਨ੍ਹਾਂ ਹਾਲਾਤ ਦੇ ਰੌਲਿਆਂ, ਗੌਲਿਆਂ ਵਿਚ ਪੰਜ ਪਿਆਰਿਆਂ ਆਪਣਾ ਸਰਬੱਤ ਖ਼ਾਲਸਾ ਸੱਦਣ ਦਾ ਮਨ ਬਣਾ ਲਿਆ। ਫਿਰ ਸੋਚਿਆ, ਸਰਕਾਰ ਨੇ ਸਰਬੱਤ ਖ਼ਾਲਸਾ ਕਰਨ ਨਹੀਂ ਦੇਣਾ, ਸਾਰੇ ਰਾਹ ਰੋਕ ਲੈਣਗੇ; ਕਿਉਂ ਨਾ ਵੱਡੀ ਕਾਨਫ਼ਰੰਸ ਕਰਕੇ ਲੋਕਾਂ ਨੂੰ ਅਸਲੀਅਤ ਤੋਂ ਜਾਣੂ ਕਰਵਾਇਆ ਜਾਵੇ। ਇਸ ਮਕਸਦ ਨੂੰ ਨੇਪਰੇ ਚਾੜ੍ਹਨ ਲਈ ਸਿਆਣੇ ਸਿੰਘਾਂ ਆਪਣੇ ਸੁਝਾਅ ਭੇਜੇ। ਸਾਰਾ ਪੰਜਾਬ ਫ਼ੌਜ ਦੇ ਹਵਾਲੇ ਸੀ। ਸਰਬੱਤ ਖ਼ਾਲਸਾ ਸ੍ਰੀ ਅਕਾਲ ਤਖ਼ਤ 'ਤੇ ਵੀ ਸਰਕਾਰ ਨੇ ਨਹੀਂ ਹੋਣ ਦੇਣਾ ਸੀ। ਸ੍ਰੀ ਕੇਸਗੜ੍ਹ ਸਾਹਿਬ ਤੇ ਸ੍ਰੀ ਦਮਦਮਾ ਸਾਹਿਬ ਵੀ ਫ਼ੌਜ ਦੇ

ਕਬਜ਼ੇ ਵਿਚ ਸਨ। ਸੰਗਤ ਨੂੰ ਪੁਲੀਸ ਤੇ ਫ਼ੌਜਾਂ ਨੇ ਕਦੋਂ ਆਉਣ ਦਿੱਤਾ। ਸਾਰਿਆਂ ਸੋਚ ਸੋਚ ਸਰਬ ਸੰਸਾਰ ਸਿੱਖ ਸੰਮੇਲਨ ਬੁਲਾਉਣ ਦਾ ਫ਼ੈਸਲਾ ਕਰ ਲਿਆ। ਦੋ ਸਤੰਬਰ ਦੀ ਤਾਰੀਖ਼ ਦੇ ਇਸ਼ਤਿਹਾਰ ਛਾਪੇ ਗਏ। ਅਖ਼ਬਾਰਾਂ ਵਿਚ ਖ਼ਬਰਾਂ ਵੀ ਦੇ ਦਿੱਤੀਆਂ। ਸਿੱਘਾਂ ਫ਼ੈਸਲਾ ਲਿਆ, ਅਖੰਡ ਪਾਠ ਬਾਬਾ ਦੀਪ ਸਿੰਘ ਸ਼ਹੀਦ ਦੇ ਗੁਰਦੁਆਰੇ ਰੱਖਿਆ ਜਾਵੇ। ਉੱਥੇ ਹੀ ਲੰਗਰ ਦਾ ਪ੍ਰਬੰਧ ਠੀਕ ਰਹੇਗਾ, ਕਿਉਂਕਿ ਗੁਰੂ ਰਾਮਦਾਸ ਲੰਗਰ ਮਿਲਟਰੀ ਦੱਬੀ ਬੈਠੀ ਸੀ। ਸਕੱਤਰੀ ਬਾਗ਼ ਵਿਚ ਸਟੇਜ ਲਾਈ ਜਾ ਸਕਦੀ ਸੀ, ਜੋ ਨੇੜੇ ਹੀ ਸੀ।

ਸੰਗਤਾਂ ਨੂੰ ਸੁਨੇਹੇ ਸਨ:-

"ਦੋ-ਢਾਈ ਮਹੀਨੇ ਹੋ ਗਏ, ਹਾਲੇ ਤੱਕ ਫ਼ੌਜ ਸ੍ਰੀ ਦਰਬਾਰ ਸਾਹਿਬ ਵਿਚੋਂ ਕੱਢੀ ਨਹੀਂ ਗਈ। ਪੰਜਾਬ ਦੇ ਹੋਰ ਚਾਲ੍ਹੀ-ਪੰਜਾਹ ਗੁਰਦਵਾਰੇ ਫ਼ੌਜ ਦੇ ਅਧੀਨ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ, ਸਿੱਖ ਧਾਰਮਿਕ ਰਵਾਇਤਾਂ ਤੋਂ ਉਲਟ, ਗ਼ੈਰ ਸਿੱਖਾਂ ਤੇ ਠੇਕੇਦਾਰਾਂ ਤੋਂ ਕਰਵਾਈ ਜਾ ਰਹੀ ਹੈ, ਸਿੱਖ ਪੰਥ 'ਤੇ ਹਰ ਤਰ੍ਹਾਂ ਦੇ ਹਮਲੇ ਜਾਰੀ ਹਨ। ਸਰਕਾਰ ਸੰਤ ਸਿਪਾਹੀ ਵਾਲੇ ਕਲਚਰ ਨੂੰ ਮਲੀਆ ਮੇਟ ਕਰਨਾ ਚਾਹੁੰਦੀ ਐ। ਅਸੀਂ ਦੁਨੀਆਂ ਭਰ ਦੇ ਸਿੱਖਾਂ ਨੂੰ ਅਪੀਲ ਕਰਦੇ ਆਂ ਕਿ ਦੋ ਸਤੰਬਰ ਵਾਲੇ ਸਰਬ ਸੰਸਾਰ ਸਿੱਖ ਸੰਮੇਲਨ ਵਿਚ ਹੁੰਮ ਹੁਮਾ ਕੇ ਪੁੱਜੋ ਅਤੇ ਸਰਕਾਰ ਦੀਆਂ ਆਪਹੁਦਰੀਆਂ ਨੂੰ ਕਰੜਾ ਜਵਾਬ ਦਿਓ।"

ਪਿੰਡਾਂ ਦੇ ਲੋਕ ਪਹਿਲਾਂ ਹੀ ਸਰਕਾਰ ਦੇ ਸਤਾਏ ਮੁੱਠਾਂ ਵਿਚ ਥੁੱਕੀ ਬੈਠੇ ਸਨ। ਸੰਸਾਰ ਸੰਮੇਲਨ ਲਈ ਉਤਸ਼ਾਹ ਵਧਦਾ ਹੀ ਜਾ ਰਿਹਾ ਸੀ। ਸਰਕਾਰ ਨੇ ਸਕੱਤਰੀ ਬਾਗ਼ ਵਿਚ ਸਟੇਜ ਲਾਉਣ ਤੋਂ ਨਾਂਹ ਕਰ ਦਿੱਤੀ। ਪਹਿਲੋਂ ਹਾਂ ਸੀ, ਫਿਰ ਪਤਾ ਨਹੀਂ ਕੇਂਦਰ ਨੇ ਡੀ. ਸੀ. ਦੇ ਕੰਨ ਵਿਚ ਕੀ ਫੂਕ ਮਾਰ ਦਿੱਤੀ। ਦਿੱਲੀ ਸਰਕਾਰ ਦੀਆਂ ਹਦਾਇਤਾਂ ਚੜ੍ਹ ਆਈਆਂ ਕਿ ਸੰਮੇਲਨ ਕਿਸੇ ਕੀਮਤ 'ਤੇ ਹੋਣ ਨਾ ਦਿੱਤਾ ਜਾਵੇ। ਨਹਿਰਾਂ ਦੇ ਪੁਲਾਂ ਤੇ ਮੇਨ ਸੜਕਾਂ 'ਤੇ ਫ਼ੌਜੀਆਂ ਅਤੇ ਪੁਲੀਸ ਦੇ ਦੋਹਰੇ ਪਹਿਰੇ ਠੋਕ ਦਿੱਤੇ। ਸਿੱਖ ਅਫ਼ਸਰ ਦਿਲੋਂ ਬਹੁਤ ਔਖੇ ਸਨ ਕਿ ਕੌਮ ਦੀ ਆਵਾਜ਼ ਹੀ ਬੰਦ ਕੀਤੀ ਜਾ ਰਹੀ ਹੈ, ਪਰ ਲੋਕ ਤੀਹ-ਇਕੱਤੀ ਅਗਸਤ ਤੋਂ ਹੀ ਪਹੁੰਚਣੇ ਸ਼ੁਰੂ ਹੋ ਗਏ ਸਨ। ਉਨ੍ਹਾਂ ਦੀ ਰਿਹਾਇਸ਼ ਤੇ ਲੰਗਰ ਦਾ ਇੰਤਜ਼ਾਮ ਨੇੜੇ ਦੇ ਗੁਰਦਵਾਰਿਆਂ ਵਿਚ ਕੀਤਾ ਗਿਆ। ਗੁਰੂ ਕਾ ਲੰਗਰ ਗੁਰੂ ਰਾਮਦਾਸ ਹਾਈ ਸਕੂਲ ਵਿਚ ਸ਼ੁਰੂ ਕਰ ਦਿੱਤਾ। ਫ਼ੌਜੀ ਗੁਰਦੁਵਾਰਾ ਸ਼ਹੀਦ ਦੀਪ ਸਿੰਘ ਦੇ ਸਾਰੇ ਰਾਹ ਮੱਲੀ ਬੈਠੇ ਸਨ। ਪਹਿਲੀ ਸਤੰਬਰ ਤੋਂ ਅੰਮ੍ਰਿਤਸਰ ਆਉਣ ਵਾਲੀਆਂ ਸਾਰੀਆਂ ਬੱਸਾਂ ਬੰਦ ਕਰ ਦਿੱਤੀਆਂ ਗਈਆਂ। ਹਰੀ ਕੇ ਪੱਤਣ ਵਾਲੇ ਦਰਿਆਈ ਪੁਲ 'ਤੇ ਟਰੱਕ, ਟਰਾਲੀਆਂ ਤੇ ਹੋਰ ਭਾਰੀਆਂ ਗੱਡੀਆਂ ਵਾਪਸ ਮੋੜਨੀਆਂ ਸ਼ੁਰੂ ਕਰ ਦਿੱਤੀਆਂ। ਗੋਇੰਦਵਾਲ ਵਾਲਾ ਰਾਹ ਵੀ ਰੋਕਿਆ ਹੋਇਆ ਸੀ। ਜਲੰਧਰ ਵਾਲੀ ਮੇਨ ਸੜਕ ਵਲੋਂ ਮਿਲਟਰੀ ਨੇ ਕਾਂ ਵੀ ਨਾ ਲੰਘਣ ਦਿੱਤਾ। ਦਿੱਲੀ ਦੀ ਸਰਕਾਰ ਇਸ ਲਈ ਵੀ ਔਖੀ ਸੀ ਕਿ ਸਿੱਖ ਸਾਹ ਵੀ ਕਿਉਂ ਲੈ ਰਹੇ ਸਨ। ਦੂਜੇ ਪਾਸੇ ਸੰਤਾ ਸਿੰਘ ਨਿਹੰਗ ਬੜ੍ਹਕਾਂ ਮਾਰ ਰਿਹਾ ਸੀ। ਮੈਨੂੰ ਕਾਰ ਸੇਵਾ ਤੋਂ ਕੌਣ ਰੋਕ ਸਕਦਾ ਹੈ? ਜਦੋਂ ਇੰਦਰਾ ਰਾਣੀ ਦਾ ਹੱਥ ਮੇਰੇ ਸਿਰ 'ਤੇ ਐ!

ਅੰਨ੍ਹਾ ਜ਼ੁਲਮ ਤੇ ਸਾਵਾਂ ਧੱਕਾ ਵੇਖ ਕੇ ਸਿੱਖਾਂ ਦੀ ਸੁੱਤੀ ਸਪਿਰਟ ਜਾਗੀ। ਉਸ ਰਾਹੋਂ-ਕੁਰਾਹ ਤੇ ਵਾਹਣਾਂ ਵਿਚ ਦੀ ਹੋ ਕੇ ਸੰਮੇਲਨ 'ਤੇ ਪੁੱਜਣੇ ਸ਼ੁਰੂ ਹੋ ਗਏ। ਹਰ ਸਿੱਖ ਦੀ ਬੇਲੋੜੀ ਤਲਾਸ਼ੀ ਲਈ ਜਾ ਰਹੀ ਸੀ। ਸਿੱਖਾਂ ਨੂੰ ਬੇਇੱਜ਼ਤ ਕਰਨ ਦੇ ਤਰੀਕੇ ਲੱਭੇ ਜਾ ਰਹੇ ਸਨ, ਪਰ

ਸਿੰਘ ਸਾਰੀਆਂ ਹੱਦਾਂ-ਬੰਨ੍ਹੇ ਟੱਪ ਕੇ ਸਰਬ ਸੰਸਾਰ ਸਿੱਖ ਸੰਮੇਲਨ ਵਿਚ ਪੁੱਜਦੇ ਗਏ। ਬਾਹਰਲੇ ਤੇ ਦੇਸ਼ ਅੰਦਰਲੇ ਪੱਤਰ ਪ੍ਰੇਰਕਾਂ ਲਿਖਿਆ ਕਿ ਸਿੱਖਾਂ ਦਾ ਰੋਹ-ਰੋਸ ਠੱਲ੍ਹਿਆ ਨਹੀਂ ਜਾ ਰਿਹਾ ਸੀ। ਸਰਕਾਰ ਕਾਂਗਰਸ ਦੀ ਮਦਦ ਨਾਲ ਆਪ ਤਾਂ ਸਰਬੱਤ ਖ਼ਾਲਸਾ ਕਰ ਸਕਦੀ ਹੈ, ਉਹ ਵੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਆਗਿਆ ਬਿਨਾਂ ਅਤੇ ਸਿੱਖਾਂ ਦੇ ਸੱਚੇ ਵਿਰੋਧ ਦਾ ਗਲਾ ਘੁੱਟ ਰਹੀ ਹੈ। ਪਰ ਸਰਕਾਰ ਕਿਸੇ ਤਰ੍ਹਾਂ ਦੀ ਵੀ ਪ੍ਰਵਾਹ ਨਹੀਂ ਕਰ ਰਹੀ ਸੀ। ਉਸ ਮਿੱਥਿਆ ਸੀ, ਸਿੱਖਾਂ ਨੂੰ ਕੁਚਲਣਾ ਹੈ। ਇੰਦਰਾ ਦਾ ਫ਼ੁਰਮਾਨ ਸੀ, ਸਾਰਾ ਭਾਰਤ ਮੈਂ ਤਹਿ ਕਰ ਲਿਆ; ਪਰ ਇਹ ਸਿੱਖ ਕਿਉਂ ਅੜਦੇ ਹਨ। ਸੋ, ਸਿੱਖਾਂ ਨੂੰ ਸੰਮੇਲਨ 'ਤੇ ਆਉਣੋਂ ਰੋਕਣ ਤੋਂ ਠੋਕਣ ਦੀ ਪੂਰੀ ਖੁੱਲ੍ਹ ਦਿੱਤੀ ਹੋਈ ਸੀ। ਪਰ ਸਿੱਖ ਸੰਗਤ ਸੀ ਕਿ ਸ਼ਾਂਤ ਵਾਹਿਗੁਰੂ ਦਾ ਜਾਪ ਕਰਦੀ ਵਿੰਗੇ-ਟੇਢੇ ਤਰੀਕਿਆਂ ਨਾਲ ਪੁਲੀਸ ਨੂੰ ਘਚਾਨੀ ਦੇ ਕੇ ਪਹੁੰਚ ਰਹੀ ਸੀ। ਆਪਣੇ ਬਾਡੀ ਗਾਰਡਾਂ ਸਮੇਤ ਗਿਆਨੀ ਜ਼ੈਲ ਸਿੰਘ ਸੰਗਤ ਵਿਚ ਸਟੇਜ ਦੇ ਸਾਹਮਣੇ ਆ ਬੈਠੇ।

ਅਖੰਡ ਪਾਠ ਦੇ ਭੋਗ ਦਸ ਵਜੇ ਪਾਏ ਗਏ। ਬਾਹਰ ਵਿਹੜੇ ਵਿਚ ਸਟੇਜ ਲਾਈ ਗਈ, ਦੂਰ ਦੂਰ ਤੱਕ ਚਾਨਣੀਆਂ ਲੱਗੀਆਂ ਹੋਈਆਂ ਸਨ। ਸੜਕਾਂ ਤੋਂ ਪਾਰ ਵੀ ਲੋਕ ਲੋਹੜੇ ਦਾ ਇਕੱਠ ਬੰਨ੍ਹੀ ਖਲੋਤੇ ਸਨ। ਮੀਂਹ ਵੀ ਝੱਟ ਝੱਟ ਪਿੱਛੋਂ ਵਰ੍ਹ ਪੈਂਦਾ, ਪਰ ਮੀਂਹ ਦੀ ਉੱਥੇ ਕੌਣ ਪ੍ਰਵਾਹ ਕਰਦਾ ਸੀ। ਲੋਕ ਪੂਰੇ ਸਿਦਕ ਨਾਲ ਡਟੇ ਖਲੋਤੇ ਸਨ। ਉਨ੍ਹਾਂ ਨੂੰ ਆਪਣੇ ਆਗੂਆਂ ਦੇ ਸੁਨੇਹੇ ਸੁਣਨ ਦੀ ਉਡੀਕ ਸੀ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਆਪਣਾ ਤਿਆਰ ਕੀਤਾ ਭਾਸ਼ਣ ਪੜ੍ਹਨਾ ਸ਼ੁਰੂ ਕੀਤਾ। ਉਨ੍ਹਾਂ ਸਾਰੀ ਹਕੀਕਤ ਤੇ ਸਰਕਾਰ ਦੀ ਬਦਲਾ ਲਊ ਰੁਚੀ ਵਾਲੀ ਕਰਤੂਤ ਦਾ ਸੰਗਤਾਂ ਅੱਗੇ ਖੋਲ੍ਹ ਕੇ ਭਾਂਡਾ ਭੰਨਿਆ। ਉਨ੍ਹਾਂ ਸੰਖੇਪ ਵਿਚ ਨੀਲਾ ਤਾਰਾ ਹਮਲੇ ਦਾ ਵਰਣਨ ਕੀਤਾ:—

"ਪਿਆਰੇ ਖ਼ਾਲਸਾ ਜੀ! ਛੇ ਜੂਨ ਨੂੰ ਸਾਰੇ ਖਾੜਕੂ ਮਾਰੇ ਜਾ ਚੁੱਕੇ ਸਨ। ਸਾਰੇ ਕੰਪਲੈਕਸ 'ਤੇ ਫ਼ੌਜ ਦਾ ਕਬਜ਼ਾ ਹੋ ਚੁੱਕਾ ਸੀ। ਪਰ ਮਾਰਨ ਤੇ ਸਾੜਨ ਦਾ ਜਬਰ ਸੱਤ ਤੇ ਅੱਠ ਤਾਰੀਖ ਤੱਕ ਫ਼ੌਜ ਨੇ ਜਾਰੀ ਰੱਖਿਆ। ਧਰਮ ਯੁੱਧ ਮੋਰਚੇ ਲਈ ਗ੍ਰਿਫ਼ਤਾਰੀ ਦੇਣ ਆਏ ਦੋ ਜਥੇ, ਜਿਨ੍ਹਾਂ ਦੀ ਗਿਣਤੀ ਪੰਦਰ੍ਹਾਂ ਸੌ ਤੇ ਬਾਰ੍ਹਾਂ ਸੌ ਸੀ; ਗੁਰੂ ਰਾਮਦਾਸ ਸਰਾਂ ਵਿਚ ਬੰਬ ਸੁੱਟ ਸੁੱਟ ਮਾਰੇ ਸਨ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਦੇਣ ਆਏ ਬੇਗੁਨਾਹ ਯਾਤਰੀ ਸ਼ਹੀਦ ਕੀਤੇ ਗਏ। ਯਾਤਰੀਆਂ ਤੇ ਮੋਰਚੇ ਦੇ ਵਲੰਟੀਅਰਾਂ ਦਾ ਖਾੜਕੂਆਂ ਨਾਲ ਵਾਲ ਜਿੰਨਾ ਵੀ ਵਾਹ-ਵਾਸਤਾ ਨਹੀਂ ਸੀ। ਪੰਜ ਸੌ ਦੇ ਕਰੀਬ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਣੀਆਂ ਬੀੜਾਂ ਤੋਪਾਂ ਦੇ ਗੋਲਿਆਂ ਨਾਲ ਸਾੜੀਆਂ ਗਈਆਂ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਾਸ਼ ਬੀੜ ਵਿਚ ਵੀ ਗੋਲੀ ਲੰਘਾਈ ਗਈ। ਕੀਰਤਨ ਕਰਦਾ ਇੱਕ ਸਿੰਘ ਸ਼ਹੀਦ ਹੋਇਆ ਅਤੇ ਦੂਜਾ ਜ਼ਖ਼ਮੀ। ਸ੍ਰੀ ਅਕਾਲ ਤਖ਼ਤ ਸਾਹਿਬ ਅਸਲੋਂ ਖੰਡਰ ਬਣਾ ਧਰਿਆ। ਅਖ਼ਬਾਰਾਂ ਵਿਚ ਛਪੀਆਂ ਤਸਵੀਰਾਂ ਬਾਹਰਲੇ ਮੁਹਾਂਦਰੇ ਦੀਆਂ ਸਨ।"

"ਸੱਤ ਜੂਨ ਨੂੰ ਰੈਫਰੈਂਸ ਲਾਇਬ੍ਰੇਰੀ ਜਾਣ ਬੁੱਝ ਕੇ ਸਾੜੀ ਗਈ, ਜਿਸ ਵਿਚ ਸਾਡਾ ਧਾਰਮਿਕ ਤੇ ਸੱਭਿਆਚਾਰਕ ਵਿਰਸਾ ਸੁਰੱਖਿਅਤ ਸੀ। ਕਰੋੜਾਂ ਰੁਪਏ ਦੇ ਅਨਮੋਲ ਹੱਥ ਲਿਖਤ ਖਰੜੇ ਸਾੜ ਕੇ ਸੁਆਹ ਕਰ ਦਿੱਤੇ ਗਏ, ਜਿਹੜੇ ਕਿਸੇ ਵੀ ਕੀਮਤ 'ਤੇ ਸਾਨੂੰ ਮਿਲ ਨਹੀਂ ਸਕਦੇ। ਸੱਤ ਤਾਰੀਖ਼ ਨੂੰ ਸ੍ਰੀ ਦਰਬਾਰ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੇ ਖ਼ਜ਼ਾਨੇ ਅੱਗਾਂ ਲਾ ਕੇ ਲੁੱਟੇ। ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਲਈ ਲੱਖਾਂ ਰੁਪਏ ਬੈਂਕਾਂ ਵਿਚੋਂ ਕਢਵਾ ਕੇ ਲਿਆਂਦੇ

ਸਨ; ਜਿਹੜੇ ਵਰਤੇ ਨਹੀਂ ਗਏ ਸਨ।"

"ਅਸਾਂ ਪੰਜ ਸਿੰਘ ਸਾਹਿਬਾਨ ਨੇ ਇੱਕ ਮਤ ਹੋ ਕੇ ਫ਼ੈਸਲਾ ਕੀਤਾ ਹੈ ਕਿ ਸਾਰੀਆਂ ਫ਼ੌਜਾਂ ਦੇ ਸਰਦਾਰ ਗਿਆਨੀ ਜ਼ੈਲ ਸਿੰਘ ਨੂੰ ਪਹਿਲੋਂ ਤਨਖ਼ਾਹੀਆ ਕਰਾਰ ਦਿੱਤਾ ਜਾਵੇ ਤੇ ਸਪਸ਼ਟੀਕਰਨ ਪੂਰਾ ਨਾ ਹੋਣ 'ਤੇ ਪੰਥ ਵਿਚੋਂ ਖਾਰਜ ਕੀਤਾ ਜਾਵੇ .....।"

ਸੰਗਤ ਵਿਚੋਂ ਜੈਕਾਰਾ ਉੱਠ ਗਿਆ।

"ਬੋਲੇ ਸੋ ਨਿਹਾਲ....ਸਤਿ ਸ੍ਰੀ ਅਕਾਲ, ਅਕਾਲ ਹੀ ਅਕਾਲ!" ਸੰਗਤ ਬਹੁਤ ਖ਼ੁਸ਼ ਸੀ।

"ਸ੍. ਬੂਟਾ ਸਿੰਘ ਨੂੰ ਸਿੱਖ ਵਿਰੋਧੀ ਕਾਰਵਾਈਆਂ ਕਾਰਨ ਪੰਥ ਵਿਚੋਂ ਛੇਕਿਆ ਜਾਂਦਾ ਹੈ।" ਗਿਆਨੀ ਕ੍ਰਿਪਾਲ ਸਿੰਘ ਨੇ ਭਾਸ਼ਨ ਪੜ੍ਹਨਾ ਮੁੜ ਸ਼ੁਰੂ ਕਰ ਦਿੱਤਾ। "ਬੋਲੇ ਸੋ ਨਿਹਾਲ" ਦੇ ਨਾਅਰੇ ਸਮੇਂ ਸਮੇਂ ਉੱਠਦੇ ਰਹੇ। "ਇਨ੍ਹਾਂ ਦੋਵਾਂ ਨੇ ਬ੍ਰਾਹਮਣਵਾਦੀ ਸਰਕਾਰ ਦੀ ਝੋਲੀ ਚੁੱਕਦਿਆਂ ਪੰਥ ਦੀ ਪਿੱਠ 'ਚ ਛੁਰੇ ਮਾਰੇ ਹਨ। ਸ੍ਰੀ ਦਰਬਾਰ ਸਾਹਿਬ ਫ਼ੌਜ ਨੇ ਕੈਦ ਕਰ ਰੱਖਿਆ ਹੈ। ਅਸਾਂ ਸਰਕਾਰ ਨੂੰ ਤੀਹ ਸਤੰਬਰ ਤੱਕ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਫੌਜ ਕੱਢ ਲੈਣ ਦਾ ਅਲਟੀਮੇਟਮ ਦਿੱਤਾ ਹੈ ਅਤੇ ਸਾਰਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਨ ਲਈ ਆਖਿਆ ਹੈ।

"ਤੁਸੀਂ ਕਿੰਨੀਆਂ ਔਕੜਾਂ ਨਾਲ ਚੱਲ ਕੇ ਆਏ ਹੋ। ਸਾਰੇ ਰਾਹ ਫ਼ੌਜ ਤੇ ਪੁਲੀਸ ਮੱਲੀ ਬੈਠੀ ਹੈ। ਹੁਣ ਸਾਨੂੰ ਸੰਮੇਲਨ ਬੁਲਾ ਕੇ ਆਪਣਾ ਦੁੱਖ ਦਰਦ ਖੁੱਲ੍ਹੇ ਤੌਰ 'ਤੇ ਹੌਲਾ ਕਰਨ ਦੀ ਆਗਿਆ ਵੀ ਨਹੀਂ ਦਿੱਤੀ ਜਾ ਰਹੀ। ਸਰਕਾਰੀ ਸਰਬੱਤ ਖ਼ਾਲਸਾ ਵਿਚ ਕਾਂਗਰਸੀ ਖੁੱਲ੍ਹਾ ਧੂਤਕੜਾ ਪਾਉਂਦੇ ਰਹੇ ਹਨ। ਅਬਦਾਲੀ ਨੇ ਸਰੋਵਰ ਮਿੱਟੀ ਨਾਲ ਪੂਰਿਆ ਸੀ, ਪਰ ਪ੍ਰਕਰਮਾ ਵਿਚ ਕਤਲਾਮ ਨਹੀਂ ਕੀਤੀ ਸੀ। ਪਰ ਦੇਸ਼ ਨੂੰ ਕੁਰਬਾਨੀਆਂ ਦੇ ਦੇ ਆਜ਼ਾਦ ਕਰਵਾਉਣ ਵਾਲੀ ਕੌਮ ਨੂੰ ਆਜ਼ਾਦ ਦੇਸ਼ ਦੀ ਫ਼ੌਜ ਨੇ ਬੇਦਰਦੀ ਨਾਲ ਮਾਰਿਆ। ਬਹੁ-ਗਿਣਤੀ ਦੀ ਫਾਸ਼ੀ ਸਰਕਾਰ ਨੇ ਜਮਹੂਰੀਅਤ ਦੇ ਬਲ ਬੂਤੇ ਸਾਡੇ ਧਾਰਮਿਕ ਅਸਥਾਨ ਢਾਹ ਘੱਤੇ। ਅਸੀਂ ਘੱਟ ਗਿਣਤੀ, ਬਹੁ ਗਿਣਤੀ ਦੀ ਜਮਹੂਰੀਅਤ ਵਿਚ ਸੁਰੱਖਿਅਤ ਨਹੀਂ ਹਾਂ। ਇਹ ਉਹੀ ਬ੍ਰਾਹਮਣਵਾਦ ਹੈ, ਜਿਨ੍ਹਾਂ ਦਾ ਧਰਮ ਬਚਾਉਣ ਲਈ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਦਿੱਲੀ ਵਿਚ ਸਿਰ ਕਟਵਾਇਆ। ਮੁਸਲਮਾਨ ਫ਼ਕੀਰ ਬੁੱਲ੍ਹੇ ਸ਼ਾਹ ਨੇ ਸੱਚ ਆਖਿਆ ਸੀ:—

"ਅਬ ਕੀ ਨਾ ਜਬ ਕੀ, ਬਾਤ ਕਹੂੰ ਮੈਂ ਤਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ।"

"ਅਸੀਂ ਭੁੱਖੇ ਹਿੰਦੋਸਤਾਨ ਨੂੰ ਕਰੜੀ ਮਿਹਨਤ ਨਾਲ ਰਜਾਉਣ ਵਾਲੇ, ਮੁਲਤਾਨ, ਮੀਆਂ ਵਾਲੀ ਵਰਗੀਆਂ ਭੈੜੀਆਂ ਜੇਲ੍ਹਾਂ ਵਿਚ ਹੱਡ ਤੁੜਵਾਣ ਵਾਲੇ, ਅੰਡੇਮਾਨ ਦੀ ਸੈਲੂਲਰ ਜੇਲ੍ਹ ਦੇ ਤਸੀਹੇ ਸਹਿਣ ਵਾਲੇ ਤੇ ਫ਼ਾਂਸੀਆਂ ਦੇ ਰੱਸੇ ਹੱਸ ਹੱਸ ਚੁੰਮਣ ਵਾਲਿਆਂ ਨੂੰ ਬਦਲੇਖੋਰੀ ਇੰਦਰਾ ਨੇ ਸਭ ਕੁਝ ਖੂਹ ਖਾਤੇ ਪਾ ਕੇ ਮਾਰਿਆ। ਕਰੋੜਾਂ ਰੁਪਇਆ ਖ਼ਰਚ ਕੇ ਆਪਣੀਆਂ ਅੰਬੈਸੀਆਂ ਰਾਹੀਂ ਸਿੱਖਾਂ ਨੂੰ ਅੱਤਵਾਦੀ ਗਰਦਾਨਿਆ। ਖ਼ਾਲਸਾ ਜੀ, ਮੈਂ ਪੂਰੀ ਜ਼ੁੰਮੇਵਾਰੀ ਨਾਲ ਆਖਦਾ ਆਂ, ਜੇ ਕੌਮ ਇੱਕ ਮੁੱਠ ਹੋ ਕੇ ਖੜ੍ਹੀ ਨਾ ਹੋਈ; ਤਦ ਸਾਡੀ ਕੌਮੀ ਹੋਂਦ ਖ਼ਤਰੇ ਵਿਚ ਪੈ ਜਾਵੇਗੀ। ਇਸ ਸਰਕਾਰ 'ਤੇ ਸਾਨੂੰ ਕੋਈ ਭਰੋਸਾ ਨਹੀਂ, ਇਤਬਾਰ ਨਹੀਂ। ਇਹ

1947 ਤੋਂ ਹੀ ਭਰੋਸੇ ਤੇ ਵਾਅਦੇ ਤੋੜਦੀ ਆਈ ਹੈ। ਸਾਨੂੰ ਭਰੋਸਾ ਹੈ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਫ਼ੁਰਮਾਨ 'ਤੇ:—

"ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥"

"ਸੋ ਮੇਰੀ ਖ਼ਾਲਸਾ ਪੰਥ ਨੂੰ ਪੁਰਜ਼ੋਰ ਅਪੀਲ ਹੈ:—

"ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥"

ਇੱਥੇ ਹੀ ਮੈਂ ਆਪਣੇ ਵਿਚਾਰਾਂ ਦੀ ਸਮਾਪਤੀ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

ਜਥੇਦਾਰ ਜੀ ਪਿੱਛੋਂ ਹੋਰ ਬੁਲਾਰਿਆਂ ਨੇ ਵੀ ਆਪਣੇ ਜ਼ਖ਼ਮਾਂ ਦਾ ਦਰਦ ਫੋਲਿਆ, ਪਰ ਬੁਨਿਆਦੀ ਭਾਸ਼ਣ ਸਿੰਘ ਸਾਹਿਬ ਦਾ ਸੀ। ਗਿਆਨੀ ਜ਼ੈਲ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਾਹਿਬ ਕੋਲ ਗਿਲਾ ਕੀਤਾ ਕਿ ਜਥੇਦਾਰ ਜੀ ਨੂੰ ਐਨਾ ਸਖ਼ਤ ਭਾਸ਼ਣ ਨਹੀਂ ਪੜ੍ਹਨਾ ਚਾਹੀਦਾ ਸੀ। ਫਿਰ ਉਹ ਉੱਠ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਵੇਖਣ ਚਲੇ ਗਏ। ਉਸ ਤੋਂ ਪਿੱਛੋਂ ਕਈ ਹੋਰ ਬੁਲਾਰੇ ਵੀ ਬੋਲੇ; ਪਰ ਸੱਚਾ ਤੇ ਠੋਕਵਾਂ ਭਾਸ਼ਣ ਸਿੰਘ ਸਾਹਿਬ ਦਾ ਹੀ ਸੀ। ਪੱਤਰਕਾਰਾਂ ਨੂੰ ਉਸ ਵਿਚੋਂ ਖ਼ਬਰਾਂ ਬਣਾਉਣ ਨੂੰ ਵਾਹਵਾ ਸਮੱਗਰੀ ਮਿਲੀ। ਭਾਸ਼ਣ ਅਨੁਸਾਰ ਗਿਆਨੀ ਸਾਹਿਬ ਨੇ ਦੋ ਹੁਕਮਨਾਮੇ ਪੜ੍ਹੇ। ਪਹਿਲਾ ਹੁਕਮਨਾਮਾ ਸੀ:—

"ਚਾਰ, ਪੰਜ ਤੇ ਛੇ ਜੂਨ ਨੂੰ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਹੁਕਮ ਨਾਲ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਅਤੇ ਟੈਂਕਾਂ ਨਾਲ ਸ੍ਰੀ ਅਕਾਲ ਤਖ਼ਤ ਢਾਹਿਆ ਗਿਆ। ਹਜ਼ਾਰਾਂ ਬੇਗੁਨਾਹ ਯਾਤਰੀਆਂ ਅਤੇ ਧਰਮ ਯੁੱਧ ਸ਼ਾਂਤ ਮੋਰਚੇ ਦੇ ਵਾਲੰਟੀਅਰ ਮਾਰ ਸੁੱਟੇ। ਜੁੱਤੀ ਪੈਰੀਂ ਪਾ ਕੇ ਸ੍ਰੀ ਦਰਬਾਰ ਸਾਹਿਬ 'ਚ ਆਏ ਅਤੇ ਸਿਰ 'ਤੇ ਛਤਰੀ ਸੀ। ਇਹ ਸਿੱਖ ਰਵਾਇਤ ਦੇ ਵਿਰੁੱਧ ਸੀ। ਅੱਠ ਤਾਰੀਖ਼ ਨੂੰ ਵੇਖਣ ਤੋਂ ਬਾਅਦ ਆਪਣੀ ਰੇਡੀਓ ਤੇ ਟੀ. ਵੀ. ਤਕਰੀਰ ਵਿਚ ਸ੍ਰੀ ਦਰਬਾਰ ਸਾਹਿਬ ਵਿਚ ਹੋਏ ਜ਼ੁਲਮ ਬਾਰੇ ਕੋਈ ਗੱਲ ਨਹੀਂ ਆਖੀ। ਸਿੱਖ ਰਵਾਇਤ ਅਨੁਸਾਰ ਗਿਆਨੀ ਜ਼ੈਲ ਸਿੰਘ ਨੂੰ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਉਹ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਆਪਣੀ ਸਫ਼ਾਈ ਪੇਸ਼ ਕਰੇ।

"ਦੂਜਾ ਮਤਾ ਕੇਂਦਰੀ ਮੰਤਰੀ ਬੂਟਾ ਸਿੰਘ ਬਾਰੇ ਹੈ, ਜਿਹੜਾ ਸਿੰਘਾਂ ਨਾਲ ਸਮਝੌਤਾ ਕਰਕੇ ਫ਼ੌਜਾਂ ਦਰਬਾਰ ਸਾਹਿਬ ਵਿਚੋਂ ਕੱਢਣ ਬਾਰੇ ਮੁੱਕਰਿਆ। ਕਾਰ ਸੇਵਾ ਸੰਤ ਖੜਕ ਸਿੰਘ ਤੇ ਸੰਤ ਹਰਬੰਸ ਸਿੰਘ ਦੀ ਥਾਂ ਖ਼ਾਲਸਾ ਪੰਥ ਵਿਚੋਂ ਛੇਕੇ ਨਿਹੰਗ ਸੰਤਾ ਸਿੰਘ ਨੂੰ ਸੌਂਪੀ। ਸਰਕਾਰੀ ਸਰਬੱਤ ਖ਼ਾਲਸਾ ਕਰਕੇ ਸੰਗਤ ਨੂੰ ਗੁੰਮਰਾਹ ਕੀਤਾ। ਸਿੱਖ ਪੰਥ ਵਿਰੋਧੀ ਕਾਰਵਾਈਆਂ ਕਰਕੇ ਉਸ ਨੂੰ ਤਨਖ਼ਾਹ ਲਾਈ ਜਾਂਦੀ ਹੈ। ਸੰਗਤ ਤੇ ਪੰਥ ਨੂੰ ਬੇਨਤੀ ਕੀਤੀ ਜਾਂਦੀ ਹੈ; ਉਸ ਨਾਲ ਕਿਸੇ ਤਰ੍ਹਾਂ ਦੀ ਮਿਲਵਰਤਣ ਨਾ ਕੀਤੀ ਜਾਵੇ।"

ਖਾਲਸਾ ਪੰਥ ਤੇ ਸੰਗਤ ਨੇ ਜ਼ੋਰਦਾਰ ਜੈਕਾਰਿਆਂ ਨਾਲ ਦੋਵਾਂ ਮਤਿਆਂ ਦੀ ਹਮਾਇਤ ਵਿਚ ਹੱਥ ਖੜ੍ਹੇ ਕਰਕੇ ਮਨਜ਼ੂਰੀ ਦੇ ਦਿੱਤੀ। ਇਸ ਤਰ੍ਹਾਂ ਚਾਨਣਾ ਪਾ ਕੇ ਸਰਬ ਸਿੱਖ ਸੰਸਾਰ ਸੰਮੇਲਨ ਸਮਾਪਤ ਹੋ ਗਿਆ।

ਚੌਂਤੀਵਾਂ ਕਾਂਡ

ਉਸ ਸਮੇਂ ਸਿੱਖ ਕੌਮ ਸਰਕਾਰ ਅਤੇ ਸਿੱਖ ਗੱਦਾਰਾਂ ਦੇ ਦੋ ਪੁੜਾਂ ਸੰਨ੍ਹ ਪੀੜੀ ਜਾ ਰਹੀ ਸੀ। ਅੰਗਰੇਜ਼ ਸਾਮਰਾਜ ਨੇ ਸਿੱਖਾਂ ਨੂੰ ਹਰ ਪੱਖੋਂ ਪੂਰੀ ਕੌਮ ਦੇਸ਼ ਦੀ ਵੰਡ ਸਮੇਂ ਮੰਨਿਆ ਸੀ। ਪਰ ਬ੍ਰਾਹਮਣਵਾਦ ਨੇ ਵਿਧਾਨ ਘੜਦਿਆਂ ਇਸ ਨੂੰ ਕੌਮ ਪ੍ਰਵਾਨ ਨਾ ਕੀਤਾ, ਸਗੋਂ ਬੋਧੀਆਂ-ਜੈਨੀਆਂ ਵਾਂਗ ਹਿੰਦੂਆਂ ਦਾ ਅੰਗ ਬਣਾ ਧਰਿਆ। ਏਸੇ ਕਾਰਨ ਵਿਧਾਨ ਸਭਾ ਅਸੈਂਬਲੀ ਦੇ ਦੋ ਸਿੱਖ ਮੈਂਬਰਾਂ, ਸ੍ਰ. ਹੁਕਮ ਸਿੰਘ ਤੇ ਭੂਪਿੰਦਰ ਸਿੰਘ ਨੇ ਵਿਧਾਨ ਦੀ ਪ੍ਰਵਾਨਗੀ 'ਤੇ ਦਸਤਖ਼ਤ ਨਹੀਂ ਕੀਤੇ ਸਨ। ਸਿੱਖਾਂ ਦਾ ਦਾਅਵਾ ਸੀ, ਅਸੀਂ ਹਰ ਤਰ੍ਹਾਂ ਪੂਰਨ ਕੌਮ ਆਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਸਿੱਖਾਂ ਨੂੰ ਹੱਕ-ਸੱਚ 'ਤੇ ਅੜਨਾ ਤੇ ਲੜਨਾ ਸਿਖਾਇਆ ਏ ਅਤੇ ਚੜ੍ਹਦੀ ਕਲਾ ਦਾ ਵਰਦਾਨ ਦਿੱਤਾ ਏ, ਕਿਉਂਕਿ ਸਮੁੱਚੇ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਤੇ ਸ਼ਹਾਦਤਾਂ ਨੇ ਸਿੱਘਾਂ ਵਿਚ ਇਨਕਲਾਬੀ ਜਜ਼ਬਾ ਕੁੱਟ ਕੁੱਟ ਕੇ ਭਰਿਆ ਸੀ। ਜਦੋਂ ਵੀ ਕੋਈ ਵਿਰੋਧੀ ਪੱਖ ਸਾਹਮਣੇ ਆਉਂਦਾ, ਸਿੱਖ ਅੜ ਕੇ ਖਲੋ ਜਾਂਦੇ। ਨਹਿਰੂ ਇਨ੍ਹਾਂ ਦੀ ਵਾਅਦੇ ਮੁਤਾਬਿਕ ਅੰਦਰੂਨੀ ਖ਼ੁਦਮੁਖ਼ਤਾਰੀ ਦੀ ਮੰਗ ਤੋਂ ਬਹੁਤ ਸਤਿਆ ਸੀ। ਕਾਬਜ਼ ਰਾਜਸੀ ਪੁੜ ਇਸ ਦਾ ਕਰਿਆਟਾ ਕਰਨਾ ਚਾਹੁੰਦਾ ਸੀ। ਇੰਦਰਾ ਗਾਂਧੀ ਨੇ ਵੀ ਬਾਪੂ ਵਾਲੀ ਲੀਹ ਫੜ ਲਈ, ਸਗੋਂ ਉਸ ਤੋਂ ਚਾਰ ਕਦਮਾਂ ਅਗਾਂਹ ਨੀਲਾ ਤਾਰਾ ਲੈ ਕੇ ਸ੍ਰੀ ਦਰਬਾਰ ਸਾਹਿਬ 'ਤੇ ਆ ਚੜ੍ਹੀ। ਹਰ ਹੁਕਮਰਾਨ ਦਾ ਰੋਹਬ ਤੇ ਕਈ ਵਾਰ ਹੰਕਾਰ ਬਾਬੜ ਪੈਂਦਾ ਏ ਕਿ ਮੈਂ ਕਾਹਦਾ ਹੁਕਮਰਾਨ ਆਂ, ਜਿਸ ਅੱਗੇ ਛੋਟੀ ਜਿੰਨੀ ਕੌਮ ਬਾਗੀ ਹੋ ਖਲੋਂਦੀ ਐ। ਇੰਦਰਾ ਗਾਂਧੀ ਨੂੰ ਬਹੁਤਾ ਗੁੱਸਾ ਐਮਰਜੈਂਸੀ ਸਮੇਂ ਸਿੱਖਾਂ ਦੇ ਮੋਰਚਾ ਲਾਉਣ ਦਾ ਸੀ। ਸਾਰਾ ਹਿੰਦੋਸਤਾਨ ਉਸ ਦਾ ਦਬਾਇਆ ਕੰਨ ਪਰਨੇ ਹੋਇਆ ਪਿਆ ਸੀ, ਪਰ ਸਿੱਖ ਜੈਕਾਰੇ ਗੁੰਜਾ ਰਹੇ ਸਨ। ਸਿੱਖਾਂ ਨੂੰ ਆਰਥਕ ਤੇ ਸੱਭਿਆਚਾਰਕ ਪੱਖਾਂ ਵੱਲੋਂ ਘਸਿਆਰੇ ਬਣਾਉਣ ਲਈ ਹਰਿਆਣਾ ਸ਼ਰੀਕ ਖੜ੍ਹਾ ਕੀਤਾ ਗਿਆ ਪਰ ਸਿੱਖ ਕਿਰਤ ਆਸਰੇ ਮੁੜ ਹੱਥ ਉੱਤੇ ਕਰ ਗਏ। ਸ੍ਰ. ਪ੍ਰਤਾਪ ਸਿੰਘ ਨੂੰ ਪੰਜਾਬ ਦੀ ਗੱਦੀ ਦੇ ਕੇ ਨਹਿਰੂ ਨੇ ਰਾਜਸਥਾਨ ਨੂੰ ਸਤਲੁਜ ਬਿਆਸ ਦੋ ਨਹਿਰਾਂ ਕੱਢ ਕੇ ਸੌਂਪ ਦਿੱਤੇ। ਹੁਣ ਐੱਸ. ਵਾਈ. ਐੱਲ. ਨਹਿਰ ਦੀ ਸ਼ੁਰੂਆਤ ਕੀਤੀ ਗਈ। ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਗਿਆਨੀ ਜ਼ੈਲ ਸਿੰਘ ਤੇ ਸ੍ਰ. ਦਰਬਾਰਾ ਸਿੰਘ ਨੂੰ ਅੱਗੇ ਲਾ ਲਿਆ। ਗਿਆਨੀ ਜ਼ੈਲ ਸਿੰਘ ਨੂੰ ਤਾਂ ਗਾਂਧੀ ਦੇ ਛੋਟੇ ਮੁੰਡੇ ਸੰਜੇ ਨੇ ਘੂਰਿਆ ਵੀ ਸੀ ਕਿ ਤੂੰ ਸਾਡੇ ਰਹਿਮ 'ਤੇ ਹੈਂ; ਪੰਜਾਬ ਵਿਚ ਤੈਨੂੰ ਤਿੰਨ ਕਾਣੇ ਨਹੀਂ ਪੁੱਛਦੇ। ਸ੍ਰ. ਦਰਬਾਰਾ ਸਿੰਘ ਇੰਦਰਾ ਦਾ ਹੱਥ ਬੰਨ੍ਹ ਗੁਲਾਮ ਸੀ। ਇੰਦਰਾ ਨੇ ਮਨ ਵਿਚ ਮੰਨ ਲਿਆ ਸੀ, ਇਨ੍ਹਾਂ ਦੀ ਜਾਨ ਮੁੱਕਣੀ ਪਾਏ ਬਿਨਾਂ ਸਿੱਖਾਂ ਸਿੱਧੇ ਨਹੀਂ ਹੋਣਾ। ਸੋ, ਚਕਰਾਤਾ ਪਹਾੜੀਆਂ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਖੜ੍ਹਾ ਕਰਕੇ ਹਮਲੇ ਦਾ ਅਭਿਆਸ ਕੀਤਾ ਤੇ ਮਹਾਂ ਮੂਰਖ਼ਤਾ ਨਾਲ ਸ੍ਰੀ ਅਕਾਲ ਤਖ਼ਤ ਢਾਹਿਆ। ਇੰਦਰਾ ਦੇ ਦੋ ਮਤਲਬ ਸਨ, ਸਿੱਖਾਂ ਨੂੰ ਰਾਜਸੀ ਤੌਰ 'ਤੇ ਅਸਲੋਂ ਨਿਸਾਲਣਾ ਤੇ

ਦੂਜੇ ਪਾਣੀ ਬਿਜਲੀ ਖੋਹ ਕੇ ਆਰਥਕ ਪੱਖੋਂ ਕੰਗਾਲ ਕਰਨਾ। ਆਪੇ ਨਿਹੰਗ ਸਿੰਘਾਂ ਵਾਂਗ ਭੁੱਖੇ ਡੱਕਾਰ ਮਾਰਦੇ ਫਿਰਨਗੇ। ਕਾਨੂੰਨ ਤੇ ਅਣਮਨੁੱਖੀ ਵਰਤਾਅ ਕਾਰਨ ਇੰਦਰਾ ਆਪੂੰ ਚੱਕੀ ਦੇ ਦੋਵੇਂ ਪੁੜ ਆਪਣੇ ਗਲ ਪਾ ਬੈਠੀ। ਤੇਲੀ ਵੀ ਕੀਤਾ ਤੇ ਰੁੱਖਾ ਵੀ ਖਾਧਾ, ਦੀ ਅਖੌਤ ਅਨੁਸਾਰ ਹੁਣ ਇੰਦਰਾ ਦਰਬਾਰ ਸਾਹਿਬ 'ਤੇ ਭਾਣਾ ਵਰਤਾਅ ਕੇ ਪਛਤਾਅ ਰਹੀ ਸੀ, ਕਿਉਂਕਿ ਹੰਕਾਰ ਵਿਚ ਜੋ ਹਾਸਲ ਕਰਨਾ ਚਾਹੁੰਦੀ ਸੀ, ਉਹ ਪੱਲੇ ਨਹੀਂ ਪਿਆ ਸੀ। ਰਾਜਸੀ ਤੇ ਇਖ਼ਲਾਕੀ ਲਾਹਨਤ ਗਲ ਪੈ ਗਈ ਸੀ। ਅੰਦਰਲੀ ਨੇਕ ਇੰਦਰਾ ਨੂੰ ਬਹੁਤ ਦੇਰ ਬਾਅਦ ਹੋਸ਼ ਆਈ।

ਸਵਾਏ ਚੰਦਰ ਸ਼ੇਖਰ ਤੇ ਸੁਬਰਾਮਨੀਅਮ ਸੁਆਮੀ ਦੇ ਕਿਸੇ ਰਾਜਸੀ ਲੀਡਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਤੇ ਕਤਲਾਮ ਦੀ ਨਿੰਦਾ ਨਹੀਂ ਕੀਤੀ ਤੇ ਨਾ ਹੀ ਅਫ਼ਸੋਸ ਜ਼ਾਹਰ ਕੀਤਾ, ਸਗੋਂ ਕਮਿਊਨਿਸਟ ਲੀਡਰ ਇੰਦਰਾ ਨੂੰ ਜਾ ਜਾ ਵਧਾਈਆਂ ਦੇਂਦੇ ਰਹੇ। ਪੰਜਾਬ ਦੇ ਕਈ ਆਗੂ ਇੱਥੋਂ ਤੱਕ ਕਹਿੰਦੇ ਨਿੱਘਰ ਗਏ ਕਿ ਇਹ ਹਮਲਾ ਇਸ ਤੋਂ ਢੇਰ ਸਮਾਂ ਪਹਿਲਾਂ ਹੋਣਾ ਚਾਹੀਦਾ ਸੀ। ਚੰਦਰ ਸ਼ੇਖਰ ਸੁਆਮੀ ਵਲੋਂ ਸਿੱਖਾਂ ਦੇ ਫੱਟਾਂ 'ਤੇ ਲਾਈ ਮਲ੍ਹਮ ਕੁਝ ਇਸ ਤਰ੍ਹਾਂ ਸੀ; ਜਿਵੇਂ ਮਲੇਰਕੋਟਲੇ ਵਾਲੇ ਸ਼ੇਰ ਖ਼ਾਂ ਨੇ ਗੁਰੂ ਗੋਬਿੰਦ ਸਿੰਘ ਦੇ ਮਾਸੂਮ ਬੱਚਿਆਂ ਨੂੰ ਸਰਹਿੰਦ ਦੀਆਂ ਕੰਧਾਂ ਵਿਚ ਚਿਣਨ ਵੇਲੇ ਹਾਅ ਦਾ ਨਾਅਰਾ ਮਾਰਿਆ ਸੀ। ਤੀਜੀ ਕੌਮ ਦੇ ਸਿੱਖ ਧਰਮ ਨੂੰ ਸਿੱਧੇ ਰਾਜਸੀ ਹਮਲਿਆਂ ਨਾਲ ਮਲੀਆਮੇਟ ਕਰਨ ਲਈ ਹਕੂਮਤ ਤੁਲੀ ਹੋਈ ਸੀ, ਪਰ ਸਿੱਖ ਕੌਮ "ਜਬੀ ਬਾਣ ਲਾਗੇ ਤਬੀ ਰੋਸ ਜਾਗੇ" ਦੇ ਸਿਧਾਂਤ ਨੂੰ ਸਾਕਾਰ ਕਰ ਰਹੀ ਸੀ। ਇੰਦਰਾ ਕਾਰਾ ਕਰਕੇ ਪਛਤਾਵੇ ਵਿਚ ਗੁੰਮ ਸੁੰਮ ਸੀ।

ਦੂਜਾ ਪੱਖ ਸੀ ਧਰਮ ਤੇ ਕਲਚਰ ਦਾ। ਕੱਟੜਵਾਦੀ ਫ਼ਿਰਕੂ ਹਿੰਦੂ, ਜਿਨ੍ਹਾਂ ਦੀਆਂ ਜੜ੍ਹਾਂ ਆਰ. ਐੱਸ. ਐੱਸ., ਸ਼ਿਵ ਸੈਨਾ ਤੇ ਬਜਰੰਗ ਦਲ ਆਦਿ ਨੀਮ ਫ਼ੌਜੀ ਜਥੇਬੰਦੀਆਂ ਵਿਚ ਲੱਗੀਆਂ ਹੋਈਆਂ ਸਨ। ਉਨ੍ਹਾਂ ਦੀ ਟੀਰੀ ਅੱਖ ਵਿਚ ਸਿੱਖ ਕੰਕਰ ਵਾਂਗ ਚੁਭ ਰਹੇ ਸਨ। ਉਹ ਸਮਝਦੇ ਸਨ, ਸਿੱਖ ਸਾਡਾ ਹੀ ਫ਼ਿਰਕਾ, ਸਾਡੇ ਕੋਲੋਂ ਬਾਗ਼ੀ ਹੋ ਰਿਹਾ ਹੈ। ਇਸ ਨੂੰ ਆਪਣੇ ਵਿਚ ਦੁੱਧ ਪਾਣੀ ਵਾਂਗ ਮਿਲਾਉਣਾ ਹੈ ਤੇ ਇਹ ਮਿਲਣੋਂ ਆਕੀ ਹਨ। ਜੇਕਰ ਇਨ੍ਹਾਂ ਨੂੰ ਆਪਣੇ ਵਿਚ ਨਾ ਸਮਾਇਆ, ਜਦੋਂ ਅਛੂਤਾਂ ਨੂੰ ਸਮਝ ਆਈ, ਉਹ ਜਾਤ ਰਹਿਤ ਸਿੱਖ ਸਮਾਜ ਵਿਚ ਸਿੰਘ ਸਜ ਕੇ ਕੰਡਿਆਂ ਵਾਂਗ ਖੜ੍ਹੇ ਹੋ ਜਾਣਗੇ। ਫਿਰ ਇਨ੍ਹਾਂ ਨੂੰ ਸੰਭਾਲਣਾ ਤੇ ਦਬਾਅ ਕੇ ਰੱਖਣਾ ਹਿੰਦੂਤਵ ਲਈ ਔਖਾ ਹੀ ਨਹੀਂ; ਅਸੰਭਵ ਹੋ ਜਾਵੇਗਾ। ਮਨੁੱਖੀ ਸਿਧਾਂਤ ਤੇ ਗੁਰਮਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੀ ਪੇਸ਼ ਨਹੀਂ ਜਾਣ ਦੇਂਦਾ। ਉਹ ਇੱਕ ਅਕਾਲ ਨੂੰ ਮੰਨਣ ਦਾ ਉਪਦੇਸ਼ ਦਿੰਦਾ ਹੈ। ਇਸ ਤਰ੍ਹਾਂ ਤਾਂ ਸਾਡੇ ਸੋਲਾਂ ਕਲਾਂ ਸੰਪੂਰਨ ਅਵਤਾਰ ਤੇ ਤੇਤੀ ਕਰੋੜ ਦੇਵਤੇ ਖੱਡੇ ਵਿਚ ਪੈ ਜਾਣਗੇ। ਗੁਰੂ ਗ੍ਰੰਥ ਸਾਹਿਬ ਇੱਕ ਨੂਰ ਤੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਮੰਨਦਾ ਹੈ। ਜਿਵੇਂ ਜਿਵੇਂ ਗੁਰ ਗਿਆਨ ਦਾ ਸੂਰਜ ਚੜ੍ਹੇਗਾ; ਸਾਡੇ ਜਾਤ ਵਰਨ ਦਾ ਹਨੇਰਾ ਢੁੱਕਿਆ ਜਾਵੇਗਾ ਤੇ ਜਾਤਾਂ ਵਿਚ ਬੰਧਨ ਵਿਚ ਬੰਨ੍ਹਿਆ ਸ਼ੂਦਰ, ਕਿਸਾਨ ਤੇ ਵੈਸ਼ ਆਦਿ ਕੜੀਆਂ ਤੋੜ ਕੇ ਸਾਡੇ ਖ਼ਿਲਾਫ਼ ਬਾਗ਼ੀ ਹੋ ਖਲੋਵੇਗਾ। ਇਨ੍ਹਾਂ ਸਿੱਖਾਂ ਦੀ ਸਰਬੱਤ ਦੇ ਭਲੇ ਦੀ ਅਰਦਾਸ ਵੀ ਦੁੱਖ ਦੇਂਦੀ ਹੈ; ਸੀਨੇ ਸੂਲ ਵਾਂਗ ਚੁਭਦੀ ਐ। ਜੇ ਅਸ਼ੋਕ ਸਮਰਾਟ ਜਿੰਨਾ ਰਾਜ ਹੁੰਦਿਆਂ, ਅਸਾਂ ਹੁਣ ਨਾ ਇਨ੍ਹਾਂ ਨੂੰ ਕਾਬੂ ਕੀਤਾ; ਫਿਰ ਤਾਂ ਇਹ ਆਪਣੀ ਚੜ੍ਹਦੀ ਕਲਾ ਵਿਚ ਜਾਣਗੇ। ਤਿਲਕ ਵਾਲਾ ਗੰਜਾ ਪੰਡਤ, ਰਿਟਾਇਰਡ ਸਕੱਤਰ ਤੇ ਜਟਾਧਾਰੀ

ਰੁਦਰਾਖ਼ਸ਼ ਦੀ ਮਾਲਾ ਵਾਲੇ, ਤਿੰਨ ਮਹਾਂਰਥੀਆਂ ਦੇ ਇਹ ਵਿਚਾਰ ਸਨ। ਸਿੱਖਾਂ ਨੂੰ ਲੀਰਾਂ ਲੀਰਾਂ ਕਰਕੇ ਆਪਣੇ ਵਿਚ ਮਿਲਾਉਣ ਲਈ ਇੱਕ ਮੱਤ ਸਨ। ਉਹ ਚਾਹੁੰਦੇ ਸਨ, ਅਕਾਲੀਆਂ ਤੋਂ ਬਿਨਾਂ ਸਿੱਖਾਂ ਦੀਆਂ ਬਾਕੀ ਧਾਰਮਿਕ ਜਥੇਬੰਦੀਆਂ ਤੇ ਸੰਤਾਂ-ਮਹੰਤਾਂ ਦੀਆਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਨੂੰ ਸਰਕਾਰ ਹੱਥ ਵਿਚ ਲਵੇ ਅਤੇ ਸਿੱਖਾਂ ਦਾ ਵਿਸ਼ਵਾਸ ਇੱਕ ਅਕਾਲ ਉੱਤੋਂ ਤੋੜਿਆ ਖੋਰਿਆ ਜਾਵੇ। ਰੇਡੀਓ ਅਤੇ ਟੀ. ਵੀ. ਦੀਆਂ ਫ਼ਿਲਮਾਂ ਵਿਚ ਦੇਵੀ-ਦੇਵਤਿਆਂ ਨੂੰ ਉਭਾਰਿਆ ਜਾਵੇ। ਇਸ ਨਾਲ ਸਿੱਖਾਂ ਦੇ ਬੱਚੇ ਆਪਣੇ ਆਪ ਹੀ ਸਿੱਖ ਸਿਧਾਂਤ ਤੋਂ ਦੂਰ ਚਲੇ ਜਾਣਗੇ। ਸਕੂਲਾਂ, ਕਾਲਜਾਂ ਅਤੇ ਸਰਕਾਰੀ ਅਦਾਰਿਆਂ ਵਿਚ ਨੌਜਵਾਨ ਪੀੜੀ ਧੜਾ ਧੜ ਕੇਸ ਕਤਲ ਕਰਵਾ ਰਹੀ ਹੈ। ਸਾਡਾ ਪੁਰਖ਼ਾ ਚਾਣਕੀਆ, ਦੁਸ਼ਮਣ ਨੂੰ ਮਾਰਨ ਲਈ ਕਈ ਢੰਗ ਵਰਤਦਾ ਸੀ। ਅਜਿਹੇ ਗੁਰਮੰਤਰਾਂ ਵਾਲੇ ਵਿਚਾਰ ਉਹ ਤਿੰਨੇ ਇੰਦਰਾ ਨੂੰ ਦੇਣ ਆਏ ਸਨ।

ਇੰਦਰਾ ਗਾਂਧੀ ਨੇ ਇਨ੍ਹਾਂ ਤਿੰਨਾਂ ਨੀਤੀ ਪੰਡਤਾਂ ਨੂੰ ਆਪਣੇ ਨਿਵਾਸ ਅਸਥਾਨ 'ਤੇ ਬੁਲਾਇਆ ਸੀ। ਤਿੰਨਾਂ ਨੇ ਹੱਥ ਜੋੜ ਕੇ "ਮਹਾਂਦੇਵੀ ਜੈਯਤੇ" ਆਖਿਆ।

"ਆਓ ਮੇਹਰਬਾਨੋ! ਵੈਲਕਮ!" ਇੰਦਰਾ ਨੇ ਰਵਾਇਤੀ ਮੁਸਕਾਨ ਨਾਲ ਸਵਾਗਤ ਕੀਤਾ।

"ਦੇਵੀ ਜੀਓ, ਆਪ ਸ਼ੁੱਧ ਹਿੰਦੀ ਕਿਉਂ ਨਹੀਂ ਬੋਲਤੇ?" ਤਿਲਕ ਪੰਡਿਤ ਨੂੰ ਉਹਦੇ ਉਰਦੂ ਤੇ ਅੰਗਰੇਜ਼ੀ ਸ਼ਬਦਾਂ 'ਤੇ ਗੁੱਝਾ ਗਿਲਾ ਸੀ।

"ਭਈ ਮੈਂ ਪੰਡਤੋਂ ਕੇ ਸਕੂਲ ਮੇਂ ਨਹੀਂ ਪੜ੍ਹੀ। ਭਾਰਤ ਬਹੁ-ਭਾਸ਼ੀ ਦੇਸ਼ ਹੈ; ਸਭ ਕੋ ਸਾਥ ਲੇ ਕੇ ਚਲਣਾ ਪੜਤਾ ਹੈ।"

"ਆਪ ਠੀਕ ਫ਼ੁਰਮਾਤੀ ਹੈਂ।" ਰਿਟਾਇਰਡ ਸੈਕਟਰੀ ਨੇ ਗੱਲ ਨੂੰ ਆਪਣੇ ਹੱਥ ਲਿਆ। ਉਹ ਆਪਣੇ ਆਪ ਨੂੰ ਰਾਜਨੀਤੀ ਦਾ ਪੰਡਤ ਸਮਝਦਾ ਸੀ। ਰਾਜਸੀ ਤਾਕਤ ਮਜ਼ਬੂਤੀ ਸੇ ਹਾਥ ਮੇਂ ਹੋ ਤੋ ਵਿਰੋਧ ਧੀਰੇ ਧੀਰੇ ਹਮਾਇਤ ਮੇਂ ਢਲ ਜਾਤਾ ਹੈ। ਵਿਰੋਧ ਕੋ ਜ਼ਹਿਰ ਸੇ ਨਹੀਂ, ਤਪਦਿਕ ਸੇ ਮਾਰਨਾ ਚਾਹੀਏ। ਹਾਥੀ ਕੀ ਪੈੜ ਰਾਜਸੀ ਤਾਕਤ ਹੈ; ਉਸ ਮੇਂ ਮਾਰਖੋਰੇ ਜਾਨਵਰ ਵੀ ਆ ਜਾਤੇ ਹੈਂ। ਮੇਰੇ ਖਿਆਲ ਮੇਂ ਸਿੱਖ ਬਾਗ਼ੀਓਂ ਕੋ ਸਿੱਖ ਭਾਈਓਂ ਸੇ ਮਰਵਾਨਾ ਕੋਈ ਮੁਸ਼ਕਲ ਬਾਤ ਨਹੀਂ। ਯਹਾਂ ਲੋਕ ਸਸਤੇ ਮੇਂ ਹੀ ਗ਼ੱਦਾਰੀ ਕਰ ਜਾਤੇ ਹੈਂ। ਇਨ ਕਾ ਇਤਿਹਾਸ ਬਹਾਦਰੀਓਂ ਔਰ ਗ਼ਦਾਰੀਓਂ ਸੇ ਭਰਾ ਪੜਾ ਹੈ। ਸਰਕਾਰ ਕੋ ਹਮੇਸ਼ਾ ਸੱਚੀ ਰਹਿਨਾ ਚਾਹੀਏ। ਮੇਰੀ ਰਾਏ ਮੇਂ ਦਰਬਾਰ ਸਾਹਿਬ ਪਰ ਹਮਲਾ ਜਲਦੀ ਮੇਂ ਉਠਾਇਆ ਗਿਆ ਕਦਮ ਥਾ। ਪਰ ਇੰਦਰਾ ਜੀ ਆਪ ਨੇ ਕੇ. ਐੱਸ. ਬਰਾੜ ਕੋ ਕਮਾਂਡੋ ਦੇ ਕਰ ਬਹੁਤ ਅੱਛਾ ਕੀਆ।" ਨੁਕਤਾਚੀਨੀ ਨਾਲ ਉਹ ਇੰਦਰਾ ਦੀ ਤਾਰੀਫ਼ ਵੀ ਕਰ ਗਿਆ।

ਜਟਾਧਾਰੀ ਰੁਦਰਾਖ਼ਸ ਦੇ ਮਣਕੇ ਟੋਂਹਦਾ ਬੋਲਿਆ।

"ਹਮ ਤੋ ਦੇਵੀ ਜੀ, ਆਪ ਕੀ ਬਹਾਦਰੀ ਔਰ ਸਮਾਂ ਸੰਭਾਲਣੇ ਕੀ ਦਾਦ ਦੇਤੇ ਹੈਂ, ਐਨ ਠੀਕ ਸਮੇਂ ਪਰ ਪੂਰਬੀ ਪਾਕਿਸਤਾਨ ਉਖਾੜ ਫੈਂਕਾ ਥਾ; ਔਰ ਉਸ ਮੇਂ ਸੇ ਬੰਗਲਾ ਦੇਸ਼ ਨਿਕਲਾ ਥਾ। ਦਰਬਾਰ ਸਾਹਿਬ ਪਰ ਹਮਲਾ ਹੋਨਾ ਹੀ ਚਾਹੀਏ ਥਾ। ਸਿੱਖੋਂ ਕਾ ਥੋੜ੍ਹਾ ਦਿਮਾਗ਼ ਖ਼ਰਾਬ ਹੋ ਗਿਆ ਥਾ, ਮੈਂ ਤੋ ਆਪ ਕੋ ਵਧਾਈ ਦੇਤਾ ਹੂੰ। ਆਪ ਮਹਾਂਕਾਲੀ ਕੀ ਅਵਤਾਰ ਹੈਂ। ਯਹ ਸਿੱਖ ਬਾਂਵਰੇ ਹਮੇਂ ਤਾਹਨੇ ਦੇਤੇ ਹੈਂ। ਆਪ ਕੀ ਬਹੂ-ਬੇਟੀਓਂ ਕੋ ਮੁਸਲਮਾਨ ਜਾਬਰੋਂ ਸੇ

ਛੁਡਾ ਕਰ ਲਾਏ ਥੇ। ਆਪ ਕਾ ਹਿਦੂ ਧਰਮ ਬਚਾਨੇ ਕੇ ਲੀਏ, ਹਮਾਰੇ ਨੌਂਵੇਂ ਗੁਰੂ ਤੇਗ ਬਹਾਦਰ ਨੇ ਦਿੱਲੀ ਮੇਂ ਸੀਸ ਕਟਵਾਇਆ। ਦੇਖਾ ਜਾਏ ਤੋ ਗੁਰੂ ਤੇਗ ਬਹਾਦਰ ਵੀ ਹਿਦੂ ਹੀ ਥੇ। ਅਪਨਾ ਧਰਮ ਬਚਾਣੇ ਕੇ ਲੀਏ ਕੁਰਬਾਨੀ ਦੇਨਾ ਉਨ ਕਾ ਫ਼ਰਜ਼ ਥਾ। ਉਨ ਕੇ ਬੇਟੇ ਗੋਬਿੰਦ ਰਾਏ ਵੀ ਉਸੀ ਰਾਹ ਪੇ ਚਲੇ। ਹਮ ਉਨ ਕੀ ਕੁਰਬਾਨਿਉਂ ਕਾ ਧੰਨਵਾਦ ਕਰਤੇ ਹੈਂ, ਪਰ ਸਿਰ ਫਿਰੇ ਬਾਗ਼ੀਓਂ ਕੋ ਦਬਾਨਾ ਸਹੀ ਥਾ। ਨਹਿਰੂ ਜੀ ਸੋਚਤੇ ਜ਼ਿਆਦਾ ਔਰ ਕਰਤੇ ਕਮ ਥੇ। ਆਪ ਉਨ ਕੀ ਦੀਖਿਆ ਕੇ ਅਨੁਸਾਰ ਦਲੇਰੀ ਸੇ ਕਦਮ ਉਠਾਤੀ ਜਾਤੀ ਹੈਂ। ਮੈਂ ਤੋ ਏਕ ਬਾਤ ਜਾਣਤਾ ਹੂੰ, ਭਾਰਤ੍ਰੀਕਰਨ ਹੋ ਜਾਣੇ ਪਰ ਸਭ ਚਿੰਤਾਏਂ ਆਪਣੇ-ਆਪ ਖ਼ਤਮ ਹੋ ਜਾਏਂਗੀ।"

"ਮਹਾਤਮਾ ਜੀ, ਆਪ ਬਹੁਤ ਦੂਰ ਕੀ ਬਾਤ ਕਰਤੇ ਹੈਂ। ਮਗਰ ਹਾਲਾਤ ਆਪ ਕੀ ਜਟਾਓਂ ਸੇ ਵੀ ਜ਼ਿਆਦਾ ਉਲਝ ਕਰ ਕਹਿ ਗਏ ਹੈਂ। ਸੁਲਝਾਨੇ ਔਰ ਸ਼ਾਂਤੀ ਵਰਤਾਨੇ ਕਾ ਇਲਾਜ ਬਤਾਈਏ। ਮੁਝੇ ਦਫ਼ਤਰ ਵੀ ਜਾਨਾ ਹੈ।" ਉਹ ਘੜੀ ਵੇਖ ਰਹੀ ਸੀ।

ਥੋੜ੍ਹਾ ਪਾਸੇ, ਮੇਜ਼ 'ਤੇ ਚਾਹ ਆ ਗਈ। ਖੁਸ਼ਕ ਮੇਵਿਆਂ ਦੇ ਭਰੇ ਡੂਨੇ ਸਜ ਗਏ ਸਨ। ਸਾਰੇ ਉੱਠ ਕੇ ਚਾਹ 'ਤੇ ਆ ਬੈਠੇ। ਬੱਕਰੀ ਜਿਵੇਂ ਛੋਲੇ ਮੁੜਕਦੀ ਹੈ; ਉਹ ਮੇਵੇ ਚੱਬਣ ਲੱਗ ਪਏ। ਚਾਹ ਵਿਚ ਚਮਚੇ ਖੜਕ ਰਹੇ ਸਨ। ਇੰਦਰਾ ਜੀ ਨੇ ਕਸ਼ਯਪ ਸਾਹਿਬ ਨਾਲ ਅੱਖਾਂ ਮਿਲਾਈਆਂ,

ਮੈਂ ਆਪ ਕੋ ਫਾਰਨ ਮੇਂ ਅੰਬੈਸਡਰ ਲਾਨਾ ਚਾਹਤੀ ਹੂੰ। ਤੁਮਾਰੀ ਰਜ਼ਾਮੰਦੀ?" ਉਸ ਕਸ਼ਯਪ ਦਾ ਚਿਹਰਾ ਤਾੜਿਆ।

"ਆਪ ਕਾ ਹੁਕਮ ਸਰ ਆਂਖੋਂ ਪਰ।" ਕਸ਼ਯਪ ਦੇ ਦਿਲ ਵਿਚ ਲੱਡੂ ਫੁੱਟ ਪਏ।

ਤਿਲਕੂ ਪੰਡਿਤ ਝੱਟ ਬੋਲ ਪਿਆ:

"ਨਾ ਜੀ ਨਾ। ਪਹਿਲੇ ਹਮਾਰਾ ਮਹਾਸ਼ਾ ਸਿਰ ਫਿਰੇ ਬਾਗ਼ੀਓਂ ਨੇ ਕਤਲ ਕਰ ਦੀਆ। ਇਸੇ ਆਪ ਬਾਹਰ ਭੇਜ ਦੋਂਗੀ, ਤੋ ਆਪ ਕੋ ਸਹੀ ਸਲਾਹ ਕੌਨ ਦੇਗਾ। ਆਪ ਕਾ ਸਨਾਤਨੀ ਹਿਦੂ ਧਰਮ ਮੇਂ ਪੱਕਾ ਵਿਸ਼ਵਾਸ ਨਹੀਂ। ਆਪ ਕੋ ਸਮੇਂ ਸਮੇਂ ਠੋਸ ਰਾਇ ਮਿਲਣੀ ਚਾਹੀਏ। ਹਮ ਚਾਹਤੇ ਹੈਂ, ਕਸ਼ਯਪ ਜੀ ਕੋ ਆਪਣਾ ਪਰਸਨਲ ਸਕੱਤਰ ਬਣਾ ਲੇਂ।"

"ਧਰਮ ਔਰ ਮਜ਼ਬ ਹੀ ਭਾਰਤ ਮੇਂ ਝਗੜੇ ਕੀ ਜੜ੍ਹ ਹੈਂ, ਰਾਜਨੀਤੀ ਕੋ ਇਸ ਸੇ ਦੂਰ ਹੀ ਰਹਿਨਾ ਚਾਹੀਏ।" ਇੰਦਰਾ ਨੇ ਆਪਣੇ ਫੁੱਲਾਂ ਵਾਲਾ ਜਾਪਾਨੀ ਚਾਹ ਦਾ ਕੱਪ ਪਾਸੇ ਸਰਕਾ ਦਿੱਤਾ।

"ਖ਼ਿਮਾ ਕਰਨਾ ਦੇਵੀ ਜੀ! ਰਾਜ ਚਲਾਨੇ ਕੇ ਲੀਏ ਏਕ ਸਿਧਾਂਤ ਹੋਤਾ ਹੈ; ਏਕ ਧਰਮ ਹੋਤਾ ਹੈ; ਜਿਸ ਪਰ ਪਰਜਾ ਕਾ ਵਿਸ਼ਵਾਸ ਲਾਇਆ ਜਾਤਾ ਹੈ। ਭਾਰਤੀਕਰਨ ਮੇਂ ਹਮਾਰਾ ਧਰਮ ਔਰ ਕਲਚਰ ਅਪਨੇ ਆਪ ਸਭ ਕੋ ਲਪੇਟ ਮੇਂ ਲੇ ਲੇਗਾ।" ਤਿਲਕੂ ਨੇ ਮੇਜ਼ 'ਤੇ ਹੱਥ ਮਾਰਿਆ।

"ਇਸ ਸਾਇੰਸ ਕੇ ਯੁੱਗ ਮੇਂ ਰੁਦਰਾਖਸ ਕੀ ਮਾਲਾ ਕੌਨ ਪਹਿਨੇਗਾ। ਮੈਂ ਤੋ ਚਾਹਤੀ ਹੂੰ, ਰਾਜ ਹਮਾਰੇ ਹਾਥੋਂ ਮੇਂ ਔਰ ਮਜ਼ਬੂਤ ਹੋ।" ਇੰਦਰਾ ਨੇ ਮੁੱਕਾ ਮੀਟ ਕੇ ਹੱਥ ਹਿਲਾਇਆ। "ਇੰਟਰਨੈਸ਼ਲ ਹਾਲਾਤ ਕੋ ਭਾਰਤ ਕੇ ਹੱਕ ਮੇਂ ਸਾਜ਼ਗਾਰ ਰਖਨਾ ਹੋਗਾ।"

"ਯਹ ਆਪ ਕੀ ਦੂਰ-ਅੰਦੇਸ਼ੀ ਹੈ।" ਕਸ਼ਯਪ ਆਪਣੀ ਰਾਜਦੂਤੀ ਦਾ ਮੁੜ ਚੇਤਾ ਕਰਵਾ ਗਿਆ। ਗਰਜ਼ ਹੀ ਉਸ ਨੂੰ ਹਿਦੂ ਪੰਡਤਾਂ ਨਾਲ ਜੋੜੀ ਬੈਠੀ ਸੀ।

ਇੰਦਰਾ ਜਿਸ 'ਤੇ ਵੀ ਨਿਹਾਲ ਹੁੰਦੀ ਸੀ, ਉਸ ਨੂੰ ਤਾਰ ਦੇਂਦੀ ਸੀ। ਆਪਣੇ ਪਤੀ ਨਾਲ ਤੋੜ ਵਿਛੋੜੇ ਪਿੱਛੋਂ ਉਸ ਨੂੰ ਆਪਣਾ ਵੱਕਾਰ ਬਰਾਬਰ ਕਰਨ ਲਈ ਕਈ ਪਾਸੇ ਹੱਥ ਪੈਰ ਮਾਰਨੇ ਪਏ ਸਨ, ਪਰ ਨਹਿਰੂ ਦੀ ਧੀ ਹੋਣਾ ਹੀ ਉਸ ਲਈ ਸੁਭਾਗ ਬਣਿਆ ਹੋਇਆ ਸੀ। ਉਹਦੀ ਮਰਜ਼ੀ ਬਿਨਾਂ ਪੱਤਾ ਨਹੀਂ ਹਿੱਲਦਾ ਸੀ। ਉਹ ਪੰਜ ਕਰੇ, ਪੰਜਾਹ ਕਰੇ; ਸਾਰੀ ਕੈਬਨਿਟ ਅੰਗੂਠੇ ਲਾ ਦੇਂਦੀ ਸੀ। ਉਹਦਾ ਵਿਰੋਧ ਕਰਨ ਵਾਲਾ ਸਿਆਸੀ ਮੌਤ ਮਰ ਜਾਂਦਾ ਸੀ। ਉਹ ਚਾਹ ਤੋਂ ਸਾਰੇ ਉੱਠ ਖਲੋਤੇ। ਇੰਦਰਾ ਨੇ ਦੁਬਾਰਾ ਘੜੀ ਵੇਖ ਕੇ ਉਨ੍ਹਾਂ ਨੂੰ ਜਾਣ ਦਾ ਸੂਖ਼ਮ ਸੰਕੇਤ ਦੇ ਦਿੱਤਾ।

"ਸਰ, ਮੈਂ ਕਬ ਹਾਜ਼ਰੀ ਹੂੰ?" ਰਿਟਾਇਰਡ ਸਕੱਤਰ ਬਦੇਸ਼ ਜਾਣ ਲਈ ਕਾਹਲਾ ਸੀ।

"ਹਮ ਬੁਲਾਵੇਂਗੇ।" ਉਹਦੀ ਕਾਲੇ ਕੀਤੇ ਵਾਲਾਂ ਵਿਚ ਛੱਡੀ ਚਿੱਟੀ ਲਿਟ ਸ਼ੋਭਾਵਤ ਮੁਸਕਰਾਈ। "ਅੱਛਾ ਮੁਝੇ ਇਜਾਜ਼ਤ ਦੀਜੀਏ।" ਉਸ ਦੋਵੇਂ ਹੱਥ ਜੋੜ ਦਿੱਤੇ।

ਰੀਜੇ ਦੇ ਚੋਪੜੇ ਸਿਰ ਤੋਂ ਹੱਥ ਤਿਲਕ ਤਿਲਕ ਜਾਂਦਾ ਸੀ। ਉਸ ਗੱਡੀ ਕੋਲ ਆ ਕੇ ਚੁੱਪ ਤੋੜੀ।

"ਮਹਾਂਰਿਸ਼ੀ ਜੀ! ਬੀਜ ਤੋ ਹਮਨੇ ਡਾਲਾ, ਫ਼ਸਲ ਕਸ਼ਯਪ ਸਾਹਿਬ ਨੇ ਕਾਟ ਲੀ। ਯਹ ਕਿਆ ਬਾਤ ਹੁਈ।" ਉਹ ਇਉਂ ਕਹਿ ਰਿਹਾ ਸੀ, ਜਿਵੇਂ ਦੋਹਾਂ ਨਾਲ ਠੱਗੀ ਵੱਜ ਗਈ ਹੋਵੇ।

"ਯਹ ਭਾਗ ਕੀ ਬਾਤ ਹੈ", ਜਟਾਧਾਰੀ ਬੇਲਿਹਾਜ਼ ਕਹਿ ਗਿਆ।

"ਆਪ ਕਿਉਂ ਫ਼ਿਕਰ ਕਰਤੇ ਹੈਂ ਪੰਡਿਤ ਜੀ; ਮੈਂ ਭਾਰਤ ਮੇਂ ਰਹੂੰ ਜਾਂ ਬਾਹਰ; ਹੂੰ ਤੋ ਤੁਮਹਾਰੇ ਸਾਥ ਹੀ। ਆਪ ਕੇ ਵਿਚਾਰ, ਮੇਰੇ ਵਿਚਾਰ। ਮੈਂ ਸਿਰਫ਼ ਕਾਹਲੀ ਕਰਨੇ ਕੇ ਹੱਕ ਮੇਂ ਨਹੀਂ ਹੂੰ।" ਕਸ਼ਯਪ ਆਪਣੀ ਦੋਹਰੀ ਨੀਤੀ ਵਰਤ ਗਿਆ।

"ਅਬ ਤੋ ਆਸ਼ਰਮ ਮੇਂ ਹੀ ਜਾਨਾ ਠੀਕ ਰਹੇਗਾ। ਡਰਾਇਵਰ ਭਾਈ, ਆਸ਼ਰਮ ਲੇ ਚਲੋ?" ਉਸ ਮੂੰਹ ਅੱਗੇ ਆਈ ਲਿਟ ਪਿਛਾਂਹ ਵਗਾਹ ਮਾਰੀ।

ਗੱਡੀ ਨੇ ਮੋੜ ਕੱਟ ਕੇ ਕੁਤਬ ਰੋਡ ਫੜ ਲਈ।

ਪੈਂਤੀਵਾਂ ਕਾਂਡ

ਸ੍ਰੀ ਹਰਿਮੰਦਰ ਸਾਹਿਬ ਉੱਤੇ ਹਮਲੇ ਸਮੇਂ ਤੇ ਉਸ ਤੋਂ ਪਿੱਛੋਂ ਕਈ ਪ੍ਰਕਾਰ ਦੇ ਕਹਿਰ ਵਾਪਰੇ। ਆਰਮੀ ਦੇ ਸਿੱਖ ਫ਼ੌਜੀਆਂ ਤੋਂ ਬਿਨਾਂ ਬਾਕੀ ਸਾਰੀਆਂ ਜਾਤੀਆਂ ਦੇ ਸਿਪਾਹੀਆਂ ਦੇ ਦਿਲ ਵਿਚ ਹਰਿਮੰਦਰ ਦੀ ਪਵਿੱਤਰਤਾ ਦਾ ਭੋਰਾ ਅਹਿਸਾਸ ਨਹੀਂ ਸੀ। ਉਨ੍ਹਾਂ ਲਈ ਇਹ ਇੱਕ ਆਮ ਇਮਾਰਤ ਸੀ। ਉਹ ਪਹਿਰਾ ਦੇਂਦੇ ਅੰਦਰ ਬੀੜੀਆਂ ਪੀਂਦੇ ਅਤੇ ਆਪਣੇ ਤਨ ਦੇ ਮੁੜ੍ਹਕਾ ਗੜੁੱਚ ਕੱਪੜੇ ਵੀ ਸਰੋਵਰ ਦੀਆਂ ਪੌੜੀਆਂ ਉੱਤੇ ਧੋਂਦੇ ਸਨ। ਸ਼ਾਇਦ ਦਰਬਾਰ ਦੀ ਪਵਿੱਤਰਤਾ ਕਾਇਮ ਰੱਖਣ ਲਈ ਉਨ੍ਹਾਂ ਨੂੰ ਕੋਈ ਹਦਾਇਤ ਵੀ ਨਹੀਂ ਦਿੱਤੀ ਗਈ ਸੀ। ਇਸ ਲਈ ਉਹ ਬੇਪ੍ਰਵਾਹ ਹੋ ਕੇ ਕਈ ਪ੍ਰਕਾਰ ਦੇ ਸ਼ੁਗਲ ਕਰਦੇ ਰਹੇ।

ਛੇ ਜੂਨ ਦੀ ਸ਼ਾਮ ਨੂੰ ਪੰਜ ਤੋਂ ਸੱਤ ਵਜੇ ਤੱਕ ਜਦੋਂ ਕਰਫ਼ਿਊ ਵਿਚ ਢਿੱਲ ਦਿੱਤੀ ਗਈ; ਸ੍ਰੀ ਦਰਬਾਰ ਸਾਹਿਬ ਵਿਚ ਡੱਕੇ ਯਾਤਰੀ ਲਾਊਡ ਸਪੀਕਰ ਦੀ ਆਵਾਜ਼ ਸੁਣ ਕੇ ਬਾਹਰ ਨੂੰ ਨੱਸੇ। ਦੋ-ਤਿੰਨ ਦਿਨ ਦੇ ਭੁੱਖੇ ਵੀ ਸਨ। ਕਈਆਂ ਦੇ ਸਨੇਹੀਆਂ ਸਾਥੀਆਂ ਨੂੰ ਗੋਲੀਆਂ ਲੱਗ ਗਈਆਂ ਸਨ। ਇੱਕ ਹਿੰਦੂ ਜ਼ਨਾਨੀ ਗੇਟ 'ਤੇ ਆਪਣੇ ਕਰਨਲ ਭਰਾ ਨੂੰ ਖਲੋਤਾ ਵੇਖ ਕੇ ਧਾਹਾਂ ਮਾਰ ਉੱਠੀ।

"ਹਾਏ ਵੇ ਭਰਾਵਾ! ਮੈਂ ਕੁੱਟੀ ਗਈ, ਪੱਟੀ ਗਈ।" ਉਹ ਕਰਨਲ ਦੀਆਂ ਬਾਹਾਂ ਵਿਚ ਢੇਰੀ ਹੋ ਗਈ। ਵਾਲ ਖੁੱਲ੍ਹੇ, ਚੁੰਨੀ ਭਰਾ ਦੇ ਪੈਰਾਂ ਵਿਚ ਰੁਲ ਰਹੀ ਸੀ। "ਉਸ ਨੂੰ ਤੇਰੇ ਵਰਗੇ ਨੇ ਗੋਲੀ ਮਾਰ ਦਿੱਤੀ। ਹਾਏ ਮੇਰਾ ਸੁਹਾਗ! ਲੋਥ ਲਹੂ ਵਿਚ ਲੱਥ ਪੱਥ ਗੁਰੂ ਦੀ ਪਰਕਰਮਾ ਵਿਚ ਪਈ ਏ। ਮੈਂ ਹੁਣ ਕਿੱਧਰ ਨੂੰ ਜਾਵਾਂਗੀ; ਮੇਰੇ ਛੋਟੇ ਛੋਟੇ ਬੱਚੇ।" ਉਹ ਆਪਣੀ ਛਾਤੀ ਪਿੱਟ ਰਹੀ ਸੀ।

ਕਰਨਲ ਭਰਾ ਉਸ ਨੂੰ ਢੇਰੀ ਹੁੰਦੀ ਨੂੰ ਬਾਹਾਂ ਵਿਚ ਸੰਭਾਲੀ ਖਲੋਤਾ ਸੀ। ਉਸ ਦੀ ਤੇਜ਼ ਧੜਕਣ ਸੋਚ ਰਹੀ ਸੀ; ਹੋ ਸਕਦਾ ਏ ਭੈਣ ਦੇ ਆਖਣ ਅਨੁਸਾਰ ਮੇਰੀ ਗੋਲੀ ਹੀ ਭਣਵਈਏ ਨੂੰ ਲੱਗੀ ਹੋਵੇ। ਉਹ ਸਾਹ ਚੜ੍ਹਾਈ ਗੁੰਮ-ਸੁੰਮ ਹੋਈ ਖੜੋਤਾ ਸੀ। ਉਸ ਨੂੰ ਕੋਈ ਗੱਲ ਜਾਂ ਦਿਲਾਸਾ ਨਹੀਂ ਔੜ ਰਿਹਾ ਸੀ। ਉਹ ਪਰਕਰਮਾ ਵਿਚ ਜਾ ਕੇ ਬਹਿਨੋਈ ਦੀ ਲਾਸ਼ ਬਿਨਾਂ ਆਗਿਆ ਨਹੀਂ ਵੇਖ ਸਕਦਾ ਸੀ। ਖਾੜਕੂ ਹਾਲੇ ਅੰਦਰ ਮੋਰਚਿਆਂ ਵਿਚ ਲੁਕੇ ਹੋਏ ਸਨ ਤੇ ਕਾਅਰ ਕਰਦੀ ਗੋਲੀ ਉਸ ਨੂੰ ਵੀ ਵੱਜ ਸਕਦੀ ਹੈ।

"ਭੈਣ!" ਉਸ ਡੁਸਕਦਿਆਂ ਐਨਾ ਹੀ ਆਖਿਆ। ਮੁੜ ਉਸ ਭੈਣ ਨੂੰ ਕੰਬਦੀਆਂ ਬਾਹਾਂ ਵਿਚ ਘੁੱਟ ਲਿਆ।

"ਅਸੀਂ ਤਾਂ ਗੁਰੂ ਘਰ ਛੋਟੇ ਦੀ ਬਿਮਾਰੀ ਦੀ ਸੁੱਖ ਲਾਹੁਣ ਆਏ ਸੀ। ਆਹ ਗੁਰੂ ਘਰ 'ਤੇ ਕੀ ਕਹਿਰ ਵਾਪਰ ਗਿਆ। ਗੁਰੂ ਤੁਹਾਨੂੰ ਕਿਵੇਂ ਬਖ਼ਸ਼ੇਗਾ। ਮੇਰਾ ਕ੍ਰਿਸ਼ਨ ਕਿਵੇਂ ਮੁੜੇਗਾ। ਬਹੁੜੀਂ ਵੇ ਰੱਬਾ, ਕਿਵੇਂ ਜੀਆਂਗੀ ਬੱਚਿਆਂ ਨਾਲ! ਮੈਨੂੰ ਵੀ ਇੱਥੇ ਹੀ ਗੋਲੀ ਮਾਰ ਦਿਉ। ਗੁਰੂ

ਘਰ 'ਤੇ ਇੰਦਰਾ ਨੂੰ ਕੀ ਮਿਲ ਗਿਆ ਕਹਿਰ ਕਮਾ ਕੇ; ਮੇਰਾ ਸੁਹਾਗ ਖੋਹਿਆ, ਅਕਾਲ ਤਖ਼ਤ ਖੰਡਰ ਬਣਾਇਆ। ਤੁਸੀਂ ਇਹ ਪਾਪ ਕਿਉਂ ਕੀਤਾ। ਕਿਵੇਂ ਬਖ਼ਸ਼ੇ ਜਾਵੋਗੇ?"

"ਭੈਣ, ਤੂੰ ਸੰਭਲ, ਹਾਲੇ ਲੜਾਈ ਮੁੱਕੀ ਨਹੀਂ। ਮੈਂ ਸੰਭਾਲਾਂਗਾ ਤੁਹਾਨੂੰ। ਲੜਾਈਆਂ ਵਿਚ ਰੱਬੋਂ ਕਹਿਰ ਵਾਪਰਦੇ ਐ। ਗੋਲੀ ਗੁਨਾਹੀ ਤੇ ਬੇਗੁਨਾਹੀ ਨੂੰ ਨਹੀਂ ਪਛਾਣਦੀ। ਤੁਸਾਂ ਵੀ ਤੱਤੇ ਦਿਨਾਂ ਵਿਚ ਸੁੱਖ ਲਾਹੁਣੀ ਸੀ। ਹੋਸ਼ ਸੰਭਾਲ ਥੋੜ੍ਹੀ।" ਉਹ ਭੈਣ ਨੂੰ ਧੀਰਜ ਤੇ ਹੌਸਲਾ ਦੇ ਰਿਹਾ ਸੀ।

"ਸਾਨੂੰ ਕੀ ਖ਼ਬਰ ਸੀ, ਤੁਸਾਂ ਗੁਰੂ ਘਰ 'ਤੇ ਕਹਿਰ ਵਰਤਾਉਣਾ ਏ। ਲਾਸ਼ਾਂ ਕੁਰਲਾਂਦੇ ਜ਼ਖ਼ਮੀ, ਭੁੱਖੇ ਤੇ ਪਾਣੀ ਤੋਂ ਪਿਆਸੇ ਯਾਤਰੀ ਅੰਦਰ ਵੇਖੇ ਨਹੀਂ ਜਾਂਦੇ। ਤੁਸਾਂ ਲੋਕਾਂ ਨੇ ਇਹ ਹਤਿਆਰ ਕਮਾਇਆ, ਸਿੱਖ ਧਰਮ ਕਤਲ ਕੀਤਾ; ਗੁਰੂ ਤੁਹਾਨੂੰ ਕਿਵੇਂ ਮਾਫ਼ ਕਰੇਗਾ?" ਭੈਣ ਬਾਰ ਬਾਰ ਦੋਹਾਈ ਪਾਈ ਜਾ ਰਹੀ ਸੀ। ਸਿਰ ਦੇ ਸਾਈਂ ਬਿਨਾਂ ਉਸ ਨੂੰ ਅਨ੍ਹੇਰ ਪੈ ਗਿਆ ਸੀ। "ਡਾਢਿਆ ਰੱਬਾ! ਤੇਰੇ ਦਰਬਾਰ ਐਸਾ ਵੱਡਾ ਘੱਲੂਘਾਰਾ ਕਦੇ ਦੇਖਿਆ ਨਾ ਸੁਣਿਆ। ਗੁਰੂ, ਸੁੱਖ ਵਰਤਾਈਂ, ਸਰਬੱਤ ਦਾ ਭਲਾ ਕਰੀਂ।" ਉਹਦੀਆਂ ਅੱਖਾਂ ਪਰਨਾਲਿਆਂ ਵਾਂਗ ਵਗੀ ਜਾ ਰਹੀਆਂ ਸਨ।

"ਆ ਜਾਹ, ਤੂੰ ਐਸ ਥੰਮ ਨਾਲ ਢੋਅ ਲਾ ਲੈ। ਮੈਂ ਸਾਰਾ ਬੰਦੋਬਸਤ ਕਰਦਾ ਹਾਂ।" ਉਸ ਭੈਣ ਨੂੰ ਸਹਿਜ ਨਾਲ ਬਹਾ ਦਿੱਤਾ।

ਭੈਣ ਦੀਆਂ ਲੱਤਾਂ ਪਸਰੀਆਂ ਹੋਈਆਂ ਸਨ। ਉਸ ਦੇ ਹੱਥ ਮੁੜ ਮੁੜ ਛਾਤੀ ਕੁੱਟ ਰਹੇ ਸਨ। ਨੇੜੇ ਖਲੋਤੇ ਸਿਪਾਹੀ ਖ਼ਾਮੋਸ਼ ਸਨ। ਕੋਈ ਕੀਹਦਾ ਕੀਹਦਾ ਉੱਥੇ ਦਰਦ ਵੰਡਾਉਂਦਾ।

"ਪਾਣੀ, ਹਾਏ ਭਰਾਵਾ ਘੁੱਟ ਪਾਣੀ।" ਉਸ ਦਾ ਸਾਹ ਉਤਾਂਹ ਨੂੰ ਚੜ੍ਹਿਆ ਮੋੜਾ ਨਹੀਂ ਖਾ ਰਿਹਾ ਸੀ।

"ਜਦੋਂ ਕਰਨਲ ਪਾਣੀ ਲੈ ਕੇ ਪਹੁੰਚਿਆ, ਭੈਣ ਲੁਟਕੀ ਪਈ ਸੀ। ਪਾਣੀ ਉਸ ਦੀਆਂ ਵਰਾਛਾਂ ਵਿਚੋਂ ਬਾਹਰ ਵਗ ਗਿਆ। ਉਹ ਆਪਣੇ ਸੁਹਾਗ ਨੂੰ ਲੱਭਣ ਤੁਰ ਗਈ ਸੀ। ਕਰਨਲ ਨੇ ਮੱਥੇ 'ਤੇ ਹੱਥ ਮਾਰਿਆ। ਉਹਦੇ ਅੰਦਰ ਸਬਰ 'ਤੇ ਅਹਿਸਾਸ ਜ਼ਖ਼ਮੀ ਹੋ ਕੇ ਰਹਿ ਗਏ।

"ਇੰਦਰਾ। ਤਾਰੀਖ਼ ਤੈਨੂੰ ਮਾਫ਼ ਨਹੀਂ ਕਰੇਗੀ। ਤੂੰ ਜ਼ਮਾਨੇ ਭਰ ਦੀ ਲਾਹਨਤ ਖੱਟ ਲਈ। ਐਨੀਆਂ ਬੇਗੁਨਾਹ ਜਾਨਾਂ ਦਾ ਲੇਖਾ ਕਿੱਥੇ ਦੇਵੇਂਗੀ? ਯਹੂਦੀਆਂ ਨੂੰ ਮਾਰ ਕੇ ਜਿਹੜੀ ਹਿਟਲਰ ਨਾਲ ਬੀਤੀ ਸੀ, ਉਹ ਤੇਰੇ ਨਾਲ ਹੀ ਵਾਪਰੇਗੀ। ਮਾਸੂਮਾਂ ਤੇ ਕਰਮਾਂ ਮਾਰੀਆਂ ਦੀਆਂ ਦੁਰ-ਅਸੀਸਾਂ ਤੋਂ ਕਿਵੇਂ ਬਚੇਂਗੀ?"

ਸਾਥੀ ਬ੍ਰਗੇਡੀਅਰ ਦੀ ਆਗਿਆ ਨਾਲ ਉਹ ਭੈਣ-ਭਣਵਈਏ ਦੇ ਸਸਕਾਰ ਦਾ ਬੰਦੋਬਸਤ ਕਰਨ ਵਿਚ ਰੁੱਝ ਗਿਆ।

* * *

ਖਾੜਕੂਆਂ ਦੇ ਮਾਰੇ ਜਾਣ ਪਿੱਛੋਂ ਫ਼ੌਜ ਪਰਕਰਮਾ ਵਿਚ ਉਤਰੀ। ਥਾਂ ਥਾਂ ਪੁਜ਼ੀਸ਼ਨਾਂ 'ਤੇ ਪਹਿਰੇ ਕਾਇਮ ਕਰ ਦਿੱਤੇ। ਸਿੱਖ ਫ਼ੌਜੀਆਂ ਦੇ ਚਿਹਰੇ ਕੁਮਲਾਏ ਹੋਏ ਸਨ, ਪਰ ਗ਼ੈਰ ਸਿੱਖ ਫ਼ੌਜੀ ਖ਼ੁਸ਼ੀ ਵਿਚ ਜੱਲੀਆਂ ਪਾ ਰਹੇ ਸਨ। ਉਨ੍ਹਾਂ ਨੂੰ ਮਸਾਂ ਜਿੱਤ ਮਿਲੀ ਸੀ, ਕਿਉਂਕਿ ਪਰਕਰਮਾ ਵਿਚਦੀ ਹੱਲਾ ਕਰਨ ਆਏ ਪਹਿਲੇ ਸਿਪਾਹੀ ਖਾੜਕੂਆਂ ਗੋਲੀਆਂ ਨਾਲ ਰੋੜ੍ਹ ਸੁੱਟੇ ਸਨ। ਵੱਖ ਵੱਖ ਸਮਿਆਂ ਤੇ ਵਿਉਂਤਾਂ ਨਾਲ ਜਨਰਲ ਬਰਾੜ ਨੇ ਪੰਦਰਾਂ ਵੀਹਾਂ ਦੀਆਂ ਟੋਲੀਆਂ ਨੂੰ

ਪਰਕਰਮਾ ਵਿਚ ਅੱਗੇ ਵਧਾਇਆ ਸੀ। ਉਹ ਸਾਰੇ ਹੀ ਮਾਰੇ ਗਏ ਸਨ, ਕਿਉਂਕਿ ਸੁਬੇਗ ਸਿੰਘ ਨੇ ਆਪਣੇ ਬੰਦਿਆਂ ਨੂੰ ਐਨ ਸਾਹਮਣੇ ਟਿਕਾਣਿਆਂ 'ਤੇ ਬਠਾਇਆ ਸੀ। ਸਿੱਧਾ ਹਮਲਾ ਕਰਨ ਵਾਲਿਆਂ ਨੂੰ ਮੌਤ ਨਾਲ ਜੱਫੀ ਪਾਉਣੀ ਪੈਂਦੀ ਸੀ। ਕੋਈ ਚਾਰਾ ਚੱਲਦਾ ਨਾ ਵੇਖ ਕੇ ਟੈਂਕ ਲਿਆਂਦੇ ਗਏ। ਟੈਂਕਾਂ ਤੋਪਾਂ ਦੀ ਮਦਦ ਨਾਲ ਉਨ੍ਹਾਂ ਨੂੰ ਮਹਿੰਗੀ ਜਿੱਤ ਹਾਸਲ ਹੋਈ ਸੀ। ਸਿੰਘ ਆਖ਼ਰੀ ਦਮ ਤੱਕ ਸਿਦਕ ਨਾਲ ਲੜਦੇ ਸ਼ਹੀਦ ਹੁੰਦੇ ਗਏ ਸਨ। ਰਿਹਾਈ ਦਾ ਲਾਲਚ ਤੇ ਕਾਨੂੰਨੀ ਕਾਰਵਾਈ ਦੀਆਂ ਅਪੀਲਾਂ ਲਾਊਡ ਸਪੀਕਰ ਤੋਂ ਬਾਰ ਬਾਰ ਕੀਤੀਆਂ ਜਾਂਦੀਆਂ ਸਨ, ਪਰ ਖਾੜਕੂਆਂ ਹਥਿਆਰ ਰੱਖ ਕੇ ਜਾਨ ਬਚਾਉਣ ਨਾਲੋਂ ਸ਼ਹੀਦ ਹੋਣ ਨੂੰ ਤਰਜੀਹ ਦਿੱਤੀ। ਹਥਿਆਰ ਰੱਖਣਾ ਗੀਦੀ ਗ਼ਦਾਰ ਹੋਣਾ ਸੀ। ਪੂਰੇ ਜੋਸ਼ ਤੇ ਜਲਾਲ ਨਾਲ ਉਨ੍ਹਾਂ ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਪੁਰਾਣੇ ਪੁਰਖ਼ਿਆਂ ਦੇ ਇਤਿਹਾਸ ਨੂੰ ਮੁੜ ਜਿੰਦਾ ਕਰ ਵਿਖਾਇਆ। ਜਿੱਤ ਇੰਦਰਾ ਨੂੰ ਜ਼ਰੂਰ ਮਿਲੀ, ਪਰ ਅੱਡੀਆਂ ਗੋਡੇ ਰਗੜਨ ਪਿੱਛੋਂ। ਸਿਪਾਹੀਆਂ ਦੀ ਖੁਸ਼ੀ ਕੁਦਰਤੀ ਸੀ। ਇੱਕ ਗੜ੍ਹਵਾਲੀ ਨੇ ਪਹਿਰਾ ਦੇਂਦਿਆਂ ਬੀੜੀ ਲਾ ਲਈ। ਦੂਰ ਖਲੋਤਾ ਸਿੱਖ ਸਿਪਾਹੀ ਉਸ ਦੇ ਕੋਲ ਆਇਆ,

"ਓਏ ਭਾਈ ਸਾਹਬ! ਹਰਿਮੰਦਰ ਮੇਂ ਬੀੜੀ ਮੱਤ ਪੀਓ? ਮਨਾਹੀ ਹੈ?" ਉਹ ਬੀੜੀ ਬੁਝਾਉਣ ਲਈ ਉਂਗਲਾਂ ਮਸਲ ਰਿਹਾ ਸੀ।

"ਕਿਉਂ ਬੁਝਾਏਂ, ਬੀੜੀ ਪੀਣੇ ਕਾ ਮਜ਼ਾ ਤੋ ਅਬ ਹੈ।" ਗੜ੍ਹਵਾਲੀ ਨੇ ਲੰਮਾ ਸੂਟਾ ਖਿੱਚਿਆ ਤੇ ਧੂਆਂ ਸਿੱਖ ਫ਼ੌਜੀ ਦੇ ਮੂੰਹ 'ਤੇ ਦੇ ਮਾਰਿਆ।

"ਦੇਖ ਬਈ, ਹਮ ਬੀੜੀ ਸਿਗਰਟ ਸੇ ਪ੍ਰਹੇਜ਼ ਕਰਤੇ ਹੈਂ। ਹਮਾਰੀ ਪਵਿੱਤਰ ਜਗ੍ਹਾ ਹੈ। ਹਰਿਮੰਦਰ ਮੇਂ ਬੀੜੀ ਨਾ ਪੀਓ।" ਉਸ ਨਰਮ ਲਹਿਜੇ ਵਿਚ ਸਮਝਾਣ ਦਾ ਯਤਨ ਕੀਤਾ। "ਬਾਹਰ ਜਾ ਕਰ ਜਿਤਨੀ ਮਰਜ਼ੀ ਪੀ ਲੈਣਾ, ਇਥਿ ਨਾ ਪੀਓ?"

"ਅਰੇ ਤੂੰ ਕੌਣ ਹੋਤਾ ਹੈ ਰੋਕਨੇ ਵਾਲਾ, ਹਮ ਤੋ ਪੀਏਂਗੇ?"

"ਐਸਾ ਨਹੀਂ ਕਰਨਾ ਚਾਹੀਏ ਭਾਈ, ਧਰਮ ਕੀ ਪਵਿੱਤਰਤਾ ਭੰਗ ਹੋਤੀ ਹੈ",

"ਹਮ ਤੋ ਕਰੇਗਾ, ਪੀਏਗਾ, ਪੇਸ਼ਾਬ ਵੀ ਕਰੇਗਾ।"

ਸਿੱਖ ਜਿੰਨਾ ਨਰਮ ਹੁੰਦਾ ਸੀ, ਗੜ੍ਹਵਾਲੀ ਓਨਾ ਹੀ ਉਸ 'ਤੇ ਚੜ੍ਹਦਾ ਆਉਂਦਾ ਸੀ।

"ਨਾ ਬਈ ਐਸਾ ਨਾ ਕਰੋ; ਹਮਾਰਾ ਦਿਲ ਦੁੱਖਤਾ ਹੈ।" ਸਿੱਖ ਸਰਦਾਰ ਨੇ ਬੀੜੀ ਉਸ ਦੇ ਮੂੰਹੋਂ ਬੁਝਾਣ ਲਈ ਖਿੱਚਣੀ ਚਾਹੀ।

ਗੜ੍ਹਵਾਲੀ ਨੇ ਸਿੱਖ ਸਿਪਾਹੀ ਦੇ ਥੱਪੜ ਧਰ ਦਿੱਤਾ;

"ਸਾਲਾ ਬੀੜੀ ਛੀਨਤਾ ਹੈ। ਆਪਣੀ ਜਗ੍ਹਾ ਚਲਾ ਜਾਹ?"

ਸਿੱਖ ਸਰਦਾਰ ਦੇ ਸਿਦਕ ਬਾਰੂਦ ਨੂੰ ਅੱਗ ਆ ਲੱਗੀ। ਉਸ ਫ਼ੁੰਕਾਰ ਕੇ ਚਿਤਾਵਨੀ ਵਜੋਂ ਆਖਿਆ:

"ਮੈਂ ਆਖ਼ਰੀ ਵਾਰ ਕਹਿਤਾ ਹੂੰ, ਬੀੜੀ ਬੁਝਾ ਦੇ ਤੇ ਇਸ ਨੂੰ ਬਾਹਰ ਸੁੱਟ ਆ; ਵਰਨਾ....।"

"ਵਰਨਾ ਕਿਆ ਕਰੇਗਾ ਰੇ, ਤੂੰ ਹਮਾਰੇ ਪਾਉਂ ਕਾ ਜੂਤਾ ਹੈਂ।" ਗੜ੍ਹਵਾਲੀ ਨੇ ਗੁੱਸੇ ਵਿਚ ਅੱਗੇ ਵਧਦਿਆਂ ਪੈਰ ਭੁੰਜੇ ਮਾਰਿਆ। "ਚੀਂਟੀ ਕੀ ਤਰ੍ਹਾਂ ਮਸਲ ਦੂੰਗਾ। ਆਪਣੇ ਭਾਈਓਂ ਕਾ ਹਾਲ ਦੇਖ ਲੇ।" ਉਸ ਪਰਕਰਮਾ ਵਿਚ ਵਿਛੀਆਂ ਲਾਸ਼ਾਂ ਵੱਲ ਇਸ਼ਾਰਾ ਕੀਤਾ ਅਤੇ ਜਾ

ਕੇ ਬੀੜੀ ਦਾ ਧੂੰਆਂ ਸਰਦਾਰ ਵੱਲ ਫੂਕਾਰਿਆ।

ਸਿੱਖ ਮੁੰਡਾ ਪਿਛਾਂਹ ਹਟ ਗਿਆ। ਉਸ ਐੱਸ. ਐੱਲ. ਐੱਮ. ਮੋਢੇ ਨਾਲ ਕਸ ਕੇ ਜੋੜ ਲਈ ਅਤੇ ਗੜ੍ਹਵਾਲੀ ਥਾਏਂ ਢੇਰ ਕਰ ਦਿੱਤਾ। ਉਹ ਉੱਥੇ ਇਕੱਲਾ ਸਿੱਖ ਸੀ; ਪਰ ਉਹਦੇ ਆਲੇ-ਦੁਆਲੇ ਗੜ੍ਹਵਾਲੀ ਦੇ ਸਾਥੀ ਬਹੁਤ ਸਨ। ਗੜ੍ਹਵਾਲੀਆਂ ਸਿੱਖ ਫ਼ੌਜੀ ਭੁੰਨ ਕੇ ਰੱਖ ਦਿੱਤਾ; ਪਰ ਉਸ ਸ਼ੇਰ ਦੇ ਬੱਚੇ ਨੇ ਹੋਰ ਕਿਸੇ 'ਤੇ ਗੋਲੀ ਨਹੀਂ ਚਲਾਈ। ਉਸ ਡਿੱਗੇ ਪਏ ਨੇ ਹਰਿਮੰਦਰ ਸਾਹਿਬ ਵੱਲ ਹੱਥ ਜੋੜੇ।

"ਗੁਰੂ ਜਿੰਦ ਤੇਰੇ ਹਵਾਲੇ! ਮੈਂ ਤੇਰੇ 'ਤੇ ਚੜ੍ਹ ਕੇ ਆਇਆ, ਮੈਨੂੰ ਸਜ਼ਾ ਮਿਲ ਗਈ, ਬਖ਼ਸ਼ੀਂ ਵਾਹਿਗੁਰੂ! ਪੇਟ ਦੀ ਅੱਗ ਨੇ ਮੇਰਾ ਸਿਦਕ ਡੁਲਾਇਆ; ਤੂੰ ਮੁੜ ਆਪਣੇ ਚਰਨਾਂ ਵਿਚ ਲੈ-ਲੈ। ਮੇਰੀ ਭੁੱਲ ਮਾਫ਼ ਕਰ ਦੇ ਵਾਹਿਗੁਰੂ! ਤੇਰਾ ਨਿਮਾਣਾ ਸਿੱਖ ਸਰਬੱਤ ਦਾ ਭਲਾ ਮੰਗਦਾ ਹੈ। ਵਾਹਿਗੁਰੂ.....।" ਉਹ ਅਰਜ਼ੋਈਆਂ ਕਰਦਾ ਗੁਰੂ ਚਰਨਾਂ ਵਿਚ ਜਾ ਬਿਰਾਜਿਆ।

* * *

ਥੋੜ੍ਹੇ ਦਿਨਾਂ ਪਿੱਛੋਂ ਮਿਲਟਰੀ ਨੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਵਾਸਤੇ ਕੁਝ ਘੰਟਿਆਂ ਲਈ ਖੁੱਲ੍ਹ ਦੇ ਦਿੱਤੀ। ਕਰਫ਼ਿਊ ਵੀ ਨਰਮ ਕਰ ਦਿੱਤਾ। ਥੋੜ੍ਹੀ ਤਲਖ਼ੀ ਘਟੀ, ਤਦ ਸ਼ਰਧਾਲੂ ਮਿੱਥੇ ਸਮੇਂ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਲੱਗ ਪਏ। ਜਿੱਥੇ ਬਾਜ਼ਾਰਾਂ ਵਿੱਚ ਕਾਂ ਪੈਂਦੇ ਸਨ, ਉੱਥੇ ਰੌਣਕ ਵਧ ਗਈ। ਰਣਜੋਧ ਸਿੰਘ ਸ਼੍ਰੋਮਣੀ ਕਮੇਟੀ ਦਾ ਪੁਰਾਣਾ ਕਲਰਕ ਸ੍ਰੀ ਦਰਬਾਰ ਸਾਹਿਬ ਦੇ ਹਮਲੇ ਵੇਲੇ ਤੋਂ ਹੀ ਦੁਖੀ ਸੀ। ਅਖ਼ਬਾਰਾਂ ਦੀਆਂ ਸੱਚ-ਝੂਠ ਦੀਆਂ ਖ਼ਬਰਾਂ ਨਾਲ ਜੁੜਿਆ ਰਿਹਾ ਸੀ। ਕੌਮੀ ਪੱਖੋਂ ਬਲਿਊ ਸਟਾਰ ਕਾਰਨ ਬਹੁਤ ਬੇਹਾਲ ਸੀ। ਯਾਰੋ, ਦੇਸ਼ ਦੀ ਫ਼ੌਜ ਨੇ ਦੇਸ਼ ਦੇ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ, ਜਿਹੜਾ ਸਾਰੇ ਧਰਮਾਂ ਲਈ ਚਾਰੇ ਬੂਹੇ ਖੋਲ੍ਹੀ ਖਲੋਤਾ ਏ। ਅਜਿਹਾ ਅਸਚਰਜ ਦੁਨੀਆਂ ਦੀ ਤਾਰੀਖ਼ ਵਿਚ ਕਦੇ ਨਹੀਂ ਵਾਪਰਿਆ। ਸੰਤ ਜਰਨੈਲ ਸਿੰਘ ਤਾਂ ਅਕਾਲੀ ਲੀਡਰਾਂ ਦੇ ਵਿਰੁੱਧ ਸੀ। ਉਸ ਦੀ ਰਾਜੀਵ ਨਾਲ ਸੂਤ ਸੀ। ਇੰਦਰਾ ਗਾਂਧੀ ਨਾਲ ਇੱਕ ਸਟੇਜ ਤੋਂ ਬੋਲਦਾ ਰਿਹਾ ਸੀ। ਇੰਦਰਾ ਗਾਂਧੀ ਭਾਵੇਂ ਬਦਲੇਖ਼ੋਰ ਸੀ, ਪਰ ਇੱਥੇ ਆ ਕੇ ਵਰਗਲਾਈ ਗਈ ਤੇ ਇਤਿਹਾਸਕ ਗਲਤੀ ਕਰ ਗਈ। ਯਾਰੋ, ਪੰਦਰ੍ਹਾਂ ਲੱਖ ਫ਼ੌਜ ਤੇ ਪੰਜ ਸੱਤ ਲੱਖ ਪੁਲੀਸ ਭਰਤੀ ਦੇ ਹੁੰਦਿਆਂ, ਸ੍ਵੈਮ ਸੰਘ, ਸ਼ਿਵ ਸੈਨਾ ਤੇ ਬਜਰੰਗ ਦਲ ਆਦਿ ਅਰਧ ਫ਼ੌਜੀ ਹਿੰਦੂ ਜੱਥੇਬੰਦੀਆਂ ਕਿਉਂ? ਕੀ ਹਜ਼ਾਰ ਵਰ੍ਹੇ ਦੀ ਗ਼ੁਲਾਮੀ ਦਾ ਪ੍ਰਤੀਕਰਮ ਹੈ ਜਾਂ ਘੱਟ ਗਿਣਤੀਆਂ ਨੂੰ ਦਬਕਾਅ ਤੇ ਮਾਰ ਕੇ ਹਿੰਦੂਕਰਨ ਦੀ ਖੋਟੀ ਨੀਅਤ ਹੈ? ਇਹ ਜਮਹੂਰੀਅਤ, ਜਿਸ ਵਿਚ ਸਭ ਦੇ ਹੱਕ ਸੁਰੱਖਿਅਤ ਹੁੰਦੇ ਹਨ, ਘੱਟ ਅਤੇ ਫਾਸ਼ੀਵਾਦ ਵੱਧ ਹੈ, ਜਿਸ ਵਿਚ ਬਹੁ-ਗਿਣਤੀ ਦਾ ਘੱਟ ਗਿਣਤੀਆਂ 'ਤੇ ਰਾਜ ਗ਼ੁਲਾਮੀ ਵਿਚ ਨਿਕਲਦਾ ਹੈ।

ਉਹਦੀ ਸੋਚ ਤੜਪ ਰਹੀ ਸੀ। ਮੈਨੂੰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਦਾ ਖੰਡਰ ਹਾਲ ਅੱਖੀਂ ਵੇਖਣਾ ਚਾਹੀਦਾ ਹੈ। ਉਹ ਅੰਮ੍ਰਿਤਸਰ ਪਹੁੰਚ ਗਿਆ। ਸਾਰਾ ਹਰਿਮੰਦਰ ਕੰਪਲੈਕਸ ਸਮੇਤ ਬਾਬਾ ਅਟੱਲ ਸਾਹਿਬ ਦੇ ਫ਼ੌਜੀ ਘੇਰੇ ਵਿਚ ਸੀ। ਬਾਹਰ ਰਹਿ ਗਏ ਅਕਾਲੀ ਆਗੂਆਂ ਨੂੰ ਪਹਿਲੋਂ ਸਾਰੇ ਘੇਰੇ ਵਿਚ ਲਏ ਗੁਰਦਵਾਰੇ ਆਜ਼ਾਦ ਕਰਵਾਉਣੇ ਚਾਹੀਦੇ ਹਨ। ਇਹ ਤਾਂ ਸਭ ਦਾ ਸਾਂਝਾ ਦਰਬਾਰ ਹੈ। ਇਹ ਅਕਾਲ ਦਾ ਦਰਬਾਰ ਐ, ਮੁਕਤੀ ਦਾਤਾ। ਬ੍ਰਾਹਮਣਵਾਦ ਦੇ ਕਿੰਨੇ ਹੀ ਦੇਵੀ ਦੇਵਤੇ ਹਨ। ਕਾਬਜ਼ ਤਬਕਾ ਆਪਣਾ ਧਰਮ ਤੇ ਕਲਚਰ

ਘੱਟ-ਗਿਣਤੀਆਂ 'ਤੇ ਥੋਪਦਾ ਹੈ। ਮੁਸਲਮਾਨ ਸੁਲਤਾਨਾਂ ਤੇ ਅੰਗਰੇਜ਼ ਸਾਮਰਾਜ ਦੀਆਂ ਮਿਸਾਲਾਂ ਸਾਹਮਣੇ ਹਨ, ਪਰ ਅੰਗਰੇਜ਼ਾਂ ਦੀ ਸਾਇੰਸੀ ਸੋਚ ਨੂੰ ਨਹੀਂ ਝੁਠਲਾਇਆ ਜਾ ਸਕਦਾ। ਭਾਵੇਂ ਉਸ ਜਲ੍ਹਿਆਂਵਾਲੇ ਬਾਗ਼ ਦਾ ਸਾਕਾ ਵਰਤਾਇਆ ਸੀ। ਆਜ਼ਾਦੀ ਦੇ ਪਰਵਾਨਿਆਂ ਨੂੰ ਫਾਂਸੀਆਂ ਦਿੱਤੀਆਂ ਤੇ ਕਾਲੇ ਪਾਣੀ ਭੇਜਿਆ ਪਰ ਹਿੰਦੂ, ਜਿਸ ਦੇ ਅਸੀਂ ਰਾਖੇ ਰਹੇ; ਕੀਨਾਖ਼ੋਰੀ ਕਿਉਂ ਕਰ ਰਿਹਾ ਹੈ? ਕਾਸ਼! ਪੰਥ ਗਿਆਨੀ ਕਰਤਾਰ ਸਿੰਘ ਦੀ ਗੱਲ ਮੰਨ ਲੈਂਦਾ ਤੇ ਮਾਸਟਰ ਪਟਿਆਲਿਉਂ ਮਿਸਟਰ ਜਿਨਾਹ ਨੂੰ ਮਿਲੇ ਬਿਨਾਂ ਨਾ ਆਉਂਦਾ। ਸ੍ਰ. ਬਲਦੇਵ ਸਿੰਘ ਅੰਗਰੇਜ਼ਾਂ ਦੇ ਰੋਕਣ 'ਤੇ ਵਲਾਇਤ ਗੱਲ ਕਰਨ ਲਈ ਠਹਿਰ ਜਾਂਦਾ। ਸ਼ਾਇਦ ਅਸੀਂ ਖੁਆਰ ਹੋਣ ਵਾਲੀ ਗ਼ੁਲਾਮੀ ਤੋਂ ਬਚ ਜਾਂਦੇ। ਨਹਿਰੂ ਦੇ ਮੁੱਕਰ ਜਾਣ ਵਾਂਗ ਹੁਣ ਤਾਂ ਹਾਲਾਤ ਹੀ ਬਦਲ ਗਏ। ਯਾਰਾ, ਗੁਜ਼ਰ ਗਏ ਦੀ ਪੂਛ ਕੀਹਨੇ ਫੜੀ ਐ।

ਪਹਿਲੋਂ ਉਹ ਤੇਜਾ ਸਿੰਘ ਸਮੁੰਦਰੀ ਹਾਲ ਗਿਆ। ਖ਼ਜ਼ਾਨੇ ਲੁੱਟੇ ਸੁਣੇ, ਅੱਗਾਂ ਨਾਲ ਕਾਲੀਆਂ ਹੋਈਆਂ ਕੰਧਾਂ ਆਪਣੀ ਦਾਸਤਾਂ ਸੁਣਾ ਰਹੀਆਂ ਸਨ। ਸ੍ਰੀ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿਚੋਂ ਵੀ ਫ਼ੌਜੀਆਂ ਜੇਬ੍ਹਾਂ ਤੇ ਝੋਲੇ ਭਰੇ ਸਨ। ਗੁੱਸਾ ਕਾਂਗਰਸ 'ਤੇ ਬਹੁਤਾ ਆਉਂਦਾ ਐ, ਪਰ ਗੁੱਸੇ ਨੂੰ ਹਿੰਸਾ ਬਣਾ ਕੇ ਤਾਂ ਹੋਰ ਵੀ ਤਬਾਹ ਹੋ ਜਾਵੇਗਾ। ਸੰਤ ਜਰਨੈਲ ਸਿੰਘ ਨੇ ਘੋਰ ਅਨਿਆਂ ਵਿਰੁੱਧ ਗੁੱਸਾ ਜ਼ਾਹਰ ਕੀਤਾ। ਉਸ ਇੱਕ ਸਿੱਖ ਦੇ ਸਿਦਕ ਵਾਲੀ ਓੜ ਨਿਭਾਹ ਦਿੱਤੀ। ਉਸ ਕੁਰਬਾਨੀ ਦੇ ਕੇ ਸਾਬਤ ਕਰ ਦਿੱਤਾ, ਸਿੱਖ ਗਿੱਦੜਾਂ ਗ਼ੱਦਾਰਾ ਦੀ ਕੌਮ ਨਹੀਂ, ਸਿੰਘਾਂ ਸ਼ੇਰਾਂ ਦੀ ਕੌਮ ਹੈ। ਜੇ ਇਸ ਗੁੱਸੇ ਨੂੰ ਸਚਿਆਰਾ ਮੋੜ ਨਾ ਮਿਲਿਆ, ਹੋਰ ਨੁਕਸਾਨ ਹੋਵੇਗਾ। ਇਸ ਵੇਲੇ ਕੌਮ ਲੀਡਰਲੈੱਸ ਐ। ਅਕਾਲੀ ਧੂਤੇ ਕਿਸੇ ਪੜ੍ਹੇ-ਲਿਖੇ ਨੂੰ ਅੱਗੇ ਨਹੀਂ ਆਉਣ ਦੇਂਦੇ। ਇਤਿਹਾਸ ਦੱਸਦਾ ਹੈ, ਮੁਸੀਬਤ ਵਿਚ ਇਹ ਜੁੜ ਕੇ ਸ਼ਕਤੀ ਬਣ ਜਾਂਦੇ ਰਹੇ ਐ। ਪਰ ਗ਼ੱਦਾਰ ਜਦੋਂ ਵੀ ਆਪਣੇ ਪੁਲ ਤੋੜ-ਤੋੜ ਰਿਆਸਤਾਂ ਹਾਸਲ ਕਰਦੇ ਰਹੇ ਤੇ ਭਰਾਵਾਂ ਨੂੰ ਮਰਾਉਂਦੇ ਰਹੇ। ਹੁਣ ਤਾਂ ਗੁਰੂ ਹੀ ਰੱਖਿਆ ਕਰੇ, ਤਦ ਬਚਾਅ ਹੈ। ਵਰਨਾ ਬ੍ਰਾਹਮਣਵਾਦ ਦੀ ਸਿਉਂਕ ਪਹਿਲੋਂ ਜੜ੍ਹਾਂ ਖਾਵੇਗੀ, ਫਿਰ ਇੱਕ ਦਿਨ ਕੌਮੀ ਰੁੱਖ ਚੌਫਾਲ ਡਿੱਗੇਗਾ।

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਰਣਜੋਧ ਸਿੰਘ ਵੀ ਕਤਾਰ ਵਿਚ ਆ ਖਲੋਤਾ। ਉੱਥੇ ਦਿੱਲੀ ਦੀ ਇੱਕ ਜਰਨਲਿਸਟ ਕੁੜੀ ਫ਼ੌਜੀ ਸੂਬੇਦਾਰ ਨਾਲ ਝਗੜ ਰਹੀ ਸੀ।

"ਤੂੰ ਨਹੀਂ ਅੰਦਰ ਜਾ ਸਕਦਾ, ਤੂੰ ਅੱਤਵਾਲੀ ਬੋਲ ਬੋਲਤੀ ਹੈ।" ਸੂਬੇਦਾਰ ਨੇ ਉਸ ਨੂੰ ਲਾਇਨ ਵਿਚੋਂ ਬਾਹਰ ਕੱਢ ਦਿੱਤਾ।

"ਤੈਨੂੰ ਰੋਕਣ ਦੀ ਇਜਾਜ਼ਤ ਕੀਹਨੇ ਦਿੱਤੀ ਹੈ?"

"ਮੁਝੇ ਕਿਸੀ ਕੀ ਇਜਾਜ਼ਤ ਨਹੀਂ ਚਾਹੀਏ।"

"ਆਹ ਦੇਖ?" ਕੁੜੀ ਨੇ ਆਪਣਾ ਅਡੈਂਟੀਕਾਰਡ ਅੱਗੇ ਕਰ ਦਿੱਤਾ।

"ਅੱਛਾ-ਅੱਛਾ ਜਾਓ, ਜ਼ਿਆਦਾ ਬੋਲਨਾ ਨਹੀਂ ਮਾਂਗਤਾ ਹੈ।" ਸੂਬੇਦਾਰ ਛਿੱਥਾ ਪੈ ਗਿਆ।

ਉਸ ਤੋਂ ਅਗਾਂਹ ਹਰੇਕ ਯਾਤਰੀ ਦੀ ਤਲਾਸ਼ੀ ਲਈ ਜਾਂਦੀ ਸੀ। ਇੱਕ ਅੰਮ੍ਰਿਤਧਾਰੀ ਮੁੰਡਾ ਅੱਗੇ ਆ ਗਿਆ। ਉਸ ਤਲਾਸ਼ੀ ਲੈਣ ਵਾਲੇ ਨੂੰ ਆਖਿਆ,

"ਮੈਂ ਤੁਹਾਨੂੰ ਸਭ ਕੁਝ ਖੋਲ੍ਹ ਕੇ ਵਿਖਾ ਦਿੰਦਾ ਆਂ, ਤੁਸੀਂ ਹੱਥ ਨਾ ਲਾਓ?"

"ਕਿਉਂ, ਮੈਂ ਕਿਉਂ ਨਹੀਂ ਹਾਥ ਲਗਾ ਸਕਤਾ। ਮਾਲੂਮ ਕਰਨਾ ਹੈ, ਇਸ ਗਠੜੀ ਮੇਂ ਕਿਆ ਹੈ?" ਸਿਪਾਹੀ ਬਾਬਰ ਪਿਆ।

"ਮੈਂ ਕਿਹਾ, ਕੱਪੜੇ ਹੈਂ ਤੇ ਪਵਿੱਤਰ ਗੁਰਬਾਣੀ ਦੀ ਪੋਥੀ ਤੇ ਗੁਟਕਾ ਹੈ। ਤੁਸੀਂ ਸਿਗਰਟ-ਬੀੜੀ ਪੀਂਦੇ ਹੋ, ਇਸ ਲਈ ਆਖਦਾ ਆਂ," ਸਿੱਖ ਮੁੰਡਾ ਸੱਚ ਕਹਿ ਰਿਹਾ ਸੀ।

ਪਰ ਸਿਪਾਹੀ ਨੇ ਉਸ ਦੇ ਰੋਕਣ 'ਤੇ ਵੀ ਇਤਬਾਰ ਨਾ ਕੀਤਾ। ਜ਼ਬਰਦਸਤੀ ਗਠੜੀ ਖੋਲ੍ਹ ਕੇ ਫਰੋਲ ਲਈ। ਉਸ ਵਿਚ ਨਾਜਾਇਜ਼ ਕੁਝ ਨਹੀਂ ਸੀ।

"ਤੂੰ ਮੇਰਾ ਇਤਬਾਰ ਨਹੀਂ ਕੀਤਾ ਤੇ ਤੰਬਾਕੂ ਵਾਲੇ ਹੱਥਾਂ ਨਾਲ ਗੁਰਬਾਣੀ ਦੀ ਨਿਰਾਦਰੀ ਕੀਤੀ ਹੈ, ਠਹਿਰ ਜ਼ਰਾ।" ਉਸ ਦੁਕਾਨ ਦੇ ਬਾਹਰ ਲਟਕਦੀਆਂ ਕਿਰਪਾਨਾਂ ਵਿਚੋਂ ਇੱਕ ਲਾਹ ਲਈ ਅਤੇ ਝੱਟ ਵਿਚ ਸਿਪਾਹੀ ਦੀ ਸੱਜੀ ਬਾਂਹ ਵੱਢ ਸੁੱਟੀ।

ਸਿਪਾਹੀ ਚੀਕ ਪਿਆ। ਸਾਰੇ ਰੌਲਾ ਪੈ ਗਿਆ। ਹੋਰ ਫ਼ੌਜੀ ਨੱਠ ਕੇ ਆ ਗਏ। ਪਤਾ ਲੱਗਣ 'ਤੇ ਸੂਬੇਦਾਰ ਨੇ ਹੱਥ ਫੜਿਆ ਰਿਵਾਲਵਰ ਸਿੱਧਾ ਕਰ ਲਿਆ।

"ਇੱਕ ਸਿੱਖ ਮੁੰਡੇ ਨੇ ਸਾਡੇ ਸਿਪਾਹੀ ਦੀ ਬਾਂਹ ਵੱਢ ਦਿੱਤੀ।" ਉਸ ਠਾਹ ਠਾਹ ਠਾਹ ਤਿੰਨ ਗੋਲੀਆਂ ਮੁੰਡੇ ਦੇ ਸਿਰ ਤੇ ਛਾਤੀ ਵਿਚੋਂ ਲੰਘਾ ਦਿੱਤੀਆਂ।

ਮੁੰਡਾ ਪਿਛਾੜ ਖਾ ਕੇ ਡਿੱਗ ਪਿਆ। ਉਹਦਾ ਸਿਰ ਸ੍ਰੀ ਦਰਬਾਰ ਸਾਹਿਬ ਨੂੰ ਸਿਜਦਾ ਕਰ ਰਿਹਾ ਸੀ। ਉਸ ਆਖਰੀ ਵਾਰ ਹੱਥ ਜੋੜੇ,

"ਬਾਬਾ! ਤੇਰੇ ਦਰਬਾਰ ਦਰਸ਼ਨਾਂ ਨੂੰ ਆਇਆ ਸੀ। ਤੂੰ ਸਿਰ ਮੰਗਿਆ, ਮੈਂ ਹਾਜ਼ਰ ਕਰ ਦਿੱਤਾ। ਪ੍ਰਵਾਨ ਕਰੋ ਮੇਰੇ ਬਾਬਾ ਜੀ!" ਉਸ ਦੇ ਜੋੜੇ ਹੱਥ, ਡਿੱਗ ਪਏ।

ਸੂਬੇਦਾਰ ਸੋਚ ਰਿਹਾ ਸੀ, ਇਹ ਸਿੱਖ ਕਿਹੋ ਜਿਹੇ ਭੂਤਨੇ ਐ, ਮੌਤ ਨੂੰ ਮਾਊਂ ਵੀ ਨਹੀਂ ਸਮਝਦੇ।

ਛੱਤੀਵਾਂ ਕਾਂਡ

ਕੈਪਟਨ ਗੁਰਬਖ਼ਸ਼ ਸਿੰਘ ਤੇ ਹੌਲਦਾਰ ਤੇਜਾ ਸਿੰਘ ਖੜਕ ਸਿੰਘ ਦੇ ਡੇਰੇ ਆ ਮਿਲੇ। ਤੇਜਾ ਸਿੰਘ ਛੇ ਜੂਨ ਦੀ ਸ਼ਾਮ ਨੂੰ ਕਰਿਫ਼ਊ ਖੁੱਲ੍ਹਣ ਸਮੇਂ ਮੁਨਿਆਰਾਂ ਦੇ ਬਾਜ਼ਾਰ ਵਿਚ ਦੀ ਖੜਕ ਸਿੰਘ ਦੇ ਡੇਰੇ ਪਹੁੰਚ ਗਿਆ ਸੀ। ਫ਼ੌਜੀ ਵਰਦੀ ਕਾਰਨ ਮਿਲਟਰੀ ਵਾਲਿਆਂ ਖ਼ਾਸ ਨੋਟਿਸ ਨਾ ਲਿਆ। ਸ੍ਰੀ ਅਕਾਲ ਤਖ਼ਤ ਦੇ ਖੱਬੇ ਉਹ ਮੋਰਚੇ ਵੀ ਸਨ, ਜਿਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਸੀ। ਉਸ ਮੋਰਚੇ ਵਿਚੋਂ ਨਿਕਲਣ ਸਮੇਂ ਥੋੜ੍ਹੀ ਸਾਵਧਾਨੀ ਵਰਤੀ, ਮੁੜ ਉਹ ਲੋਕਾਂ ਵਿਚ ਰਲ ਗਿਆ, ਜਿਹੜੇ ਲੰਮੇ ਕਰਫ਼ਿਊ ਕਾਰਨ ਅੰਦਰੀਂ ਡੱਕੇ ਮਸੀਂ ਬਾਹਰ ਆਏ ਸਨ। ਉੱਥੋਂ ਉਹ ਖ਼ੈਰ ਖ਼ੈਰੀਅਤ ਨਾਲ ਪਿੰਡ ਪਹੁੰਚ ਗਿਆ ਸੀ। ਜਦੋਂ ਗੁਰਬਖ਼ਸ਼ ਸਿੰਘ ਨੂੰ ਤੇਜਾ ਸਿੰਘ ਦੇ ਜਿਉਂਦੇ ਦੀ ਖ਼ਬਰ ਮਿਲੀ, ਉਹ ਬਾਬਾ ਖੜਕ ਸਿੰਘ ਦੇ ਡੇਰੇ ਇਕੱਠੇ ਹੋ ਗਏ।

ਸੰਤਾਂ ਦੀ ਸ਼ਰਨ ਵਿਚ ਬਹਿ ਕੇ ਉਨ੍ਹਾਂ ਹਰਸ਼ਰਨ ਕੌਰ ਤੇ ਰਾਜਬੀਰ ਦਾ ਵਿਆਹ ਪੱਕਾ ਕਰਨ ਦੀ ਸਲਾਹ ਕਰਨੀ ਸੀ। ਪੰਜਾਬ ਦੇ ਹਾਲਾਤ ਦਿਨੋ ਦਿਨ ਵਿਗੜਦੇ ਜਾ ਰਹੇ ਸਨ। ਕੈਪਟਨ ਨੂੰ ਧੀ ਦਾ ਫ਼ਿਕਰ ਅੰਦਰੋ ਅੰਦਰ ਖਾਈ ਜਾ ਰਿਹਾ ਸੀ। ਜਦੋਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਖੱਖੜੀਆਂ ਹੋਈ ਹਾਲਤ ਵੇਖ ਕੇ ਆਇਆ ਸੀ, ਬਸ ਆਪਾ ਮਸੋਸ ਕੇ ਰਹਿ ਗਿਆ ਸੀ। ਓਏ ਅਸੀਂ ਏਸ ਸਰਕਾਰ ਤੇ ਦੇਸ਼ ਲਈ ਪੈਟਨ ਟੈਂਕਾਂ ਦੀ ਮੌਤ ਨਾਲ ਨੰਗੇ ਧੜ ਲੜਦੇ ਘੁਲਦੇ ਰਹੇ। ਇਨ੍ਹਾਂ ਸਿੱਖ ਧਰਮ ਦੀ ਜਿੰਦ-ਜਾਨ ਸ੍ਰੀ ਅਕਾਲ ਤਖ਼ਤ ਸਾਹਿਬ ਖੰਡਰ ਬਣਾ ਧਰਿਆ? ਉਸ ਨੂੰ ਰਹਿ ਰਹਿ ਕੇ ਇੰਦਰਾ 'ਤੇ ਗੁੱਸਾ ਚੜ੍ਹਦਾ ਸੀ। ਪਰ ਸੰਤ ਜਰਨੈਲ ਸਿੰਘ ਨੂੰ ਚਾਹੀਦਾ ਸੀ, ਉਹ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਨਿਕਲ ਕੇ ਲੜਦਾ। ਪਰ ਸਰਕਾਰੀ ਸੈਨਾ ਨਾਲ ਅਣਸਿੱਖੇ ਮੁੰਡਿਆਂ ਦਾ ਕੀ ਮੁਕਾਬਲਾ? ਅਕਲਾਂ ਬਿਨਾਂ ਖੂਹ ਖ਼ਾਲੀ। ਪਰ ਇੰਦਰਾ ਨੇ ਕੀ ਸੋਚਿਆ? ਉਸ ਆਪਣੇ ਇਹ ਵਿਚਾਰ ਤੇਜਾ ਸਿੰਘ ਨਾਲ ਸਾਂਝੇ ਕੀਤੇ। ਉਹ ਰਾਜਨੀਤਕ ਤੌਰ 'ਤੇ ਕੈਪਟਨ ਨਾਲੋਂ ਥੋੜ੍ਹਾ ਤਿੱਖਾ ਸੀ। ਆਖਣ ਲੱਗਾ,

"ਬਖ਼ਸ਼ਿਆ। ਤੂੰ ਏਂ ਧਾਰਮਿਕ ਵਿਸ਼ਵਾਸਾਂ ਵਾਲਾ ਬੰਦਾ ਤੇ ਸੰਤ ਜਰਨੈਲ ਸਿੰਘ ਜੀ ਤੇਰੇ ਨਾਲੋਂ ਵੀ ਕਿਤੇ ਵੱਧ ਪੱਕੇ ਧਰਮਧਾਰੀ ਸੀ। ਦੂਜੇ ਪਾਸੇ ਕੁਟਲ ਚਾਲਾਂ ਵਾਲੀ ਰਾਜਨੀਤੀ ਲੜ ਰਹੀ ਸੀ। ਨਿਰੇ ਧਰਮ ਨੂੰ ਹਰ ਰਾਜ ਵਿਚ ਮਾਰ ਪਈ ਹੈ। ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਸ਼ਹਾਦਤਾਂ ਨੂੰ ਹੀ ਵੇਖ ਲੈ। ਸ੍ਰੀ ਅਕਾਲ ਤਖ਼ਤ ਦੇ ਬਾਨੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਦੋ ਤਲਵਾਰਾਂ ਪਹਿਨੀਆਂ। ਮੀਰੀ ਤੇ ਪੀਰੀ ਅਥਵਾ ਭਗਤੀ ਤੇ ਸ਼ਕਤੀ ਦੀਆਂ। ਮਤਲਬ ਸੀ—ਸੱਚ ਤੇ ਧਰਮ ਦੀ ਰਾਖੀ ਲਈ ਤਲਵਾਰ ਜਾਂ ਤਾਕਤ ਜ਼ਰੂਰੀ ਐ। ਆਪਣੀ ਕੌਮੀ ਹੋਂਦ ਨੂੰ ਧਰਮ ਤੇ ਸਿਧਾਂਤ ਰਾਹ ਵਿਖਾਉਂਦਾ ਹੈ ਤੇ ਸ਼ਕਤੀ ਉਸ ਦੀ ਰਾਖੀ ਕਰਦੀ ਹੈ।"

"ਇਹ ਗੱਲ ਤਾਂ ਸਹੀ ਐ, ਪਰ ਸੰਤ ਜਰਨੈਲ ਸਿੰਘ ਨੇ ਕੀ ਸੋਚਿਆ?" ਕੈਪਟਨ ਆਪਣੀ ਸ਼ੰਕਾ ਵਿਚ ਉਲਝਿਆ ਹੋਇਆ ਸੀ।

"ਸੰਤ ਜਰਨੈਲ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਸੂਰਮੇ ਸਿੰਘਾਂ ਵਾਂਗ ਸ਼ਹਾਦਤ ਦਿੱਤੀ। ਪਰ ਉਹ ਸ੍ਰੀ ਦਰਬਾਰ ਸਾਹਿਬ ਲੰਮੇ ਝੋਲੇ ਪਾ ਕੇ ਆਏ ਲੁਟੇਰਿਆਂ ਦੀ ਪਛਾਣ ਨਾ ਕਰ ਸਕੇ, ਜਿਹੜੇ ਅੱਤਵਾਦ ਦੇ ਜ਼ੁੰਮੇਵਾਰ ਸਨ। ਸਿੱਖ ਧਰਮ ਵਿਚ ਸੰਤ ਪੂਰੇ ਪੂਰੇ ਸਨ। ਇਹੋ ਕਾਰਨ ਸੀ ਕਿ ਉਹ ਮੈਦਾਨੋਂ ਨਹੀਂ ਹਿੱਲੇ। ਕੱਚੇ ਵਿਸ਼ਵਾਸਾਂ ਵਾਲੇ ਸਭ ਭੱਜ ਗਏ ਸਨ। ਹਾਂ, ਉਹ ਧੋਖਾ ਕਰਨ ਵਾਲੀ ਰਾਜਨੀਤੀ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਉਨ੍ਹਾਂ ਸ਼ਹਾਦਤ ਦੇ ਕੇ ਨਿਰਾ ਪੂਰਾ ਸਿਦਕ ਹੀ ਨਹੀਂ ਨਿਭਾਇਆ, ਸਗੋਂ ਇੰਦਰਾ ਨੂੰ ਦੱਸ ਦਿੱਤਾ, ਸਿੱਖਾਂ ਵਿਚ ਆਪਣੇ ਪੁਰਖ਼ਿਆਂ ਦਾ ਜਜ਼ਬਾ ਮਰਿਆ ਨਹੀਂ, ਆਨ-ਸ਼ਾਨ ਨਾਲ ਕਾਇਮ ਐ। ਸਿੱਖੀ ਮੁੜ ਅੰਗੜਾਈ ਲੈ ਕੇ ਉੱਠੇਗੀ ਅਤੇ ਕਾਲਕਦਾਸਾਂ ਦਾ ਮੂੰਹ ਭੰਨੇਗੀ। ਸਾਨੂੰ ਰਾਜਨੀਤੀ ਦੇ ਮਾਹਰ ਚਾਹੀਦੇ ਹਨ। ਯੁੱਧ ਚਾਲਾਂ ਸਮਝਣ ਲਈ ਜਨਰਲ ਸੁਬੇਗ ਸਿੰਘ ਅਤੇ ਹਰਬਖ਼ਸ਼ ਸਿੰਘ ਵਰਗੇ ਦਲੇਰ ਤੇ ਬਹਾਦਰ ਯੋਧੇ ਚਾਹੀਦੇ ਹਨ। ਪੂਰੀ ਤਿਆਰੀ ਬਿਨਾਂ ਮੂੰਹ ਦੀ ਹੀ ਖਾਣੀ ਪੈਂਦੀ ਹੈ। ਤੈਨੂੰ ਸਿਰੇ ਦੀ ਸੁਣਾਵਾਂ: ਅਕਲ ਸਿਰਫ਼ ਸੁਲਝਾਉਂਦੀ ਐ, ਪਰ ਪੱਕੇ ਫ਼ੈਸਲੇ ਤਾਕਤ ਹੀ ਕਰਦੀ ਐ। ਤੂੰ ਬਹੁਤਾ ਝੋਰਾ ਨਾ ਕਰ, ਭਲਕ ਦਾ ਸੂਰਜ ਸਿਰ ਤਲੀ 'ਤੇ ਧਰ ਕੇ ਲੜਨ ਵਾਲੇ ਸੂਰਮਿਆਂ ਦਾ ਹੀ ਹੋਵੇਗਾ।" ਤੇਜਾ ਸਿੰਘ ਨੇ ਕੈਪਟਨ ਨੂੰ ਗੰਭੀਰਤਾ ਨਾਲ ਸਮਝਾਇਆ।

"ਗੱਲਾਂ ਤੇਰੀਆਂ ਸੋਲਾਂ ਆਨੇ, ਪਰ ਸਾਡੇ ਨਾਲ ਇਉਂ ਕਿਉਂ ਹੋਈ?" ਉਹ ਪੂਰੀ ਦੁਬਿਧਾ ਵਿਚ ਸੀ।

"ਮੈਂ ਆਖਿਆ ਨਾ, ਵਿਸ਼ਵਾਸ ਨਾਲ ਅਕਲ ਨਹੀਂ ਸੀ। ਚਲਾਕ ਇੰਦਰਾ ਨੇ ਅਕਾਲੀਆਂ ਨੂੰ ਸਿਆਸੀ ਤੌਰ 'ਤੇ ਮਾਰਨ ਲਈ ਸੰਤ ਜਰਨੈਲ ਸਿੰਘ ਨੂੰ ਹੱਥਾਂ ਵਿਚ ਲੈਣ ਦੀ ਪੂਰੀ ਕੋਸ਼ਿਸ਼ ਕੀਤੀ। ਜਦੋਂ ਉਹ ਉਸ ਦੀ ਚਾਲ ਵਿਚ ਨਾ ਆਇਆ, ਉਹ ਸਬਕ ਸਿਖਾਉਣ ਉੱਠ ਪਈ। ਸਾਡੇ ਅਕਾਲੀ ਵੀ ਤਾਂ ਅਨਾੜੀ ਸਨ। ਚਾਤਰ ਇੰਦਰਾ ਨੇ ਸਿੱਖਾਂ ਨੂੰ ਛੱਡ ਕੇ ਬਾਕੀ ਸਾਰੇ ਹਿੰਦੋਸਤਾਨ ਦੀਆਂ ਵੋਟਾਂ 'ਤੇ ਕਬਜ਼ਾ ਕਰ ਲਿਆ। ਦੂਜੇ ਬਦਲੇਖ਼ੋਰ ਜ਼ਨਾਨੀ ਨੇ ਐਮਰਜੈਂਸੀ ਸਮੇਂ ਲਾਏ ਮੋਰਚੇ ਦਾ ਬਦਲਾ ਵੀ ਲੈ ਲਿਆ।"

"ਇੰਦਰਾ ਨੇ ਸ੍ਰੀ ਅਕਾਲ ਤਖ਼ਤ ਢਾਹ ਕੇ ਚੰਗਾ ਨਹੀਂ ਕੀਤਾ, ਕੰਡੇ ਬੀਜ ਲਏ, ਜਿਹੜੇ ਉਸ ਤੋਂ ਚੁਗੇ ਨਹੀਂ ਜਾਣੇ।" ਗੁਰਬਖ਼ਸ਼ ਸਿੰਘ ਮਾਯੂਸੀ ਵਿਚ ਨਿੱਘਰਦਾ ਜਾ ਰਿਹਾ ਸੀ।

"ਦੇਖ, ਰਾਜਨੀਤਕ ਦੁਸ਼ਮਣ ਤਾਕਤ ਨਾਲ ਸਿੱਧਿਆਂ ਵੀ ਮਾਰਦਾ ਹੈ ਤੇ ਯਾਰੀ ਪਾ ਕੇ ਵੀ। ਸਾਡੇ ਵਰਗੇ ਅਵੇਸਲੇ ਛੇਤੀ ਮਰ ਜਾਂਦੇ ਹਨ ਤੇ ਚੇਤੰਨ ਲੋਕਾਂ ਨੂੰ ਨਾਲ ਜੋੜ ਕੇ ਜਿੱਤ ਪ੍ਰਾਪਤ ਕਰਦੇ ਹਨ। ਇਹ ਜ਼ਮਾਨੇ ਦੇ ਪੁੱਠੇ ਸਿੱਧੇ ਗੇੜ ਹਨ। ਹੁਣ ਸਿਆਸਤ ਛੱਡ, ਇਹ ਤੇਰੇ ਵੱਸ ਦਾ ਰੋਗ ਨਹੀਂ। ਅਸੀਂ ਜੁਆਕਾਂ ਦੇ ਵਿਆਹ ਵਾਲੀ ਗੱਲ ਤਹਿ ਕਰੀਏ।" ਤੇਜਾ ਸਿੰਘ ਨੇ ਕੈਪਟਨ ਦਾ ਧਿਆਨ ਅਸਲ ਗੱਲ ਵੱਲ ਮੋੜਿਆ।

"ਮੈਂ ਤਾਂ ਬਹੁਤਾ ਕਾਹਲਾ ਆਂ। ਇਹ ਕਾਰਜ ਕਦੋਂ ਸਿਰੇ ਚੜ੍ਹੇ ਤੇ ਸੁਰਖ਼ਰੂ ਹੋਵਾਂ। ਆਹ ਐਤਵਾਰ ਛੱਡ ਕੇ ਅਗਲੇ ਐਤਵਾਰ ਨੂੰ ਆਨੰਦ ਕਾਰਜ ਹੋ ਜਾਣ। ਬਾਬਾ ਖੜਕ ਸਿੰਘ ਜੀ ਨੇ

ਆ ਕੇ ਆਸ਼ੀਰਵਾਦ ਦੇਣਾ ਮੰਨ ਲਿਆ ਹੈ।" ਗੁਰਬਖ਼ਸ਼ ਸਿੰਘ ਯਾਰ ਦਾ ਹੱਥ ਫੜ ਖਲੋਤਾ। "ਬਾਰਾਤ ਕਿੰਨੀ ਕੁ ਲਿਆਵੋਗੇ?"

"ਯਾਰ ਇੱਕ ਗੱਲ ਠੀਕ ਨਹੀਂ, ਰਾਜਬੀਰ ਕਹਿੰਦਾ ਸੀ, ਮੈਂ ਜੰਞ ਨਹੀਂ ਲਿਜਾਣੀ। ਇਕੱਲਾ ਹੀ ਸਕੂਟਰ 'ਤੇ ਜਾਊਂਗਾ। ਉਹ ਦੋਵਾਂ ਘਰਾਂ ਦਾ ਖ਼ਰਚ ਬਚਾਉਣਾ ਚਾਹੁੰਦਾ ਏ।" ਤੇਜਾ ਸਿੰਘ ਨੇ ਰੋਕ ਰੱਖੀ ਗੱਲ ਕਹਿ ਦਿੱਤੀ।

"ਇਉਂ ਤਾਂ ਸਾਡੀ ਬਦਨਾਮੀ ਹੋਵੇਗੀ। ਲੋਕ ਆਖਣਗੇ, ਇੱਕੋ ਧੀ ਸੀ, ਜੰਞ ਨਾ ਸੱਦ ਕੇ ਨੰਗ ਜ਼ਾਹਰ ਕਰ ਦਿੱਤਾ। ਭਾਵੇਂ ਮੈਂ ਆਪ ਬਹੁਤੀ ਬਾਰਾਤ ਦੇ ਹੱਕ ਵਿਚ ਨਹੀਂ।" ਕੈਪਟਨ ਥੋੜ੍ਹਾ ਉਦਾਸ ਪੈ ਗਿਆ।

"ਬਈ ਮੇਰੀ ਉਸ ਨਹੀਂ ਮੰਨੀ। ਤੂੰ ਆਪ ਆ ਕੇ ਸਮਝਾ ਲੈ। ਮੈਂ ਹਰ ਤਰ੍ਹਾਂ ਰਾਜ਼ੀ ਆਂ।" ਤੇਜਾ ਸਿੰਘ ਮੁੰਡੇ ਦੀਆਂ ਦਲੀਲਾਂ ਅੱਗੇ ਹਾਰ ਚੁੱਕਾ ਸੀ।

"ਜੇ ਤੇਰੇ ਆਖੇ ਨਹੀਂ ਲੱਗਾ, ਮੇਰੀ ਕਦੋਂ ਸੁਣੇਗਾ? ਜੰਞ ਤਾਂ ਜ਼ਰੂਰ ਚਾਹੀਦੀ ਐ।" ਸੋਚਾਂ ਉਸ ਨੂੰ ਰਾਹ ਨਹੀਂ ਦੇ ਰਹੀਆਂ ਸਨ।

"ਉਹ ਕਹਿੰਦਾ ਸੀ, ਆਨੰਦ ਕਾਰਜ ਘਰ ਨਹੀਂ, ਗੁਰਦੁਆਰੇ ਕਰਵਾਉਣੇ ਐ।"

"ਇਹ ਗੱਲ ਤਾਂ ਚੰਗੀ ਐ, ਸਾਨੂੰ ਫਿੱਟ ਬੈਠਦੀ ਐ। ਬਹੁਤਾ ਸਾਮਾਨ ਨਹੀਂ ਇਕੱਠਾ ਕਰਨਾ ਪਵੇਗਾ। ਗੁਰਦੁਆਰੇ ਹਰ ਚੀਜ਼ ਤਿਆਰ-ਬਰ-ਤਿਆਰ ਹੁੰਦੀ ਐ। ਪਰ ਮੈਂ ਰਾਜਬੀਰ ਨੂੰ ਜੰਞ ਲਈ ਕਿਵੇਂ ਸਮਝਾਵਾਂਗਾ। ਗੁਰਤੇਜ ਨੂੰ ਭੇਜ ਕੇ ਵੇਖਾਂਗਾ। ਉਹ ਇੱਕ-ਦੂਜੇ ਨੂੰ ਖ਼ਾਲਸਾ ਕਾਲਜ ਮਿਲਦੇ ਵੀ ਰਹੇ ਐ।" ਉਹ ਆਸ ਨਿਰਾਸ਼ ਦੇ ਪੱਲੜਿਆਂ ਵਿਚ ਡੋਲ ਰਿਹਾ ਸੀ। ਉਹ ਇਸੇ ਦੋਚਿੱਤੀ ਵਿਚ ਘਰ ਆ ਗਿਆ।

ਗੁਰਬਖ਼ਸ਼ ਸਿੰਘ ਨੇ ਰਾਜਬੀਰ ਦੇ ਨਾ ਲਿਆਉਣ ਵਾਲੀ ਗੱਲ ਘਰ ਆ ਤੋਰੀ। ਨਸੀਬ ਕੌਰ ਬਹੁਤ ਹੀ ਫ਼ਿਕਰਮੰਦ ਹੋ ਗਈ।

"ਇਹ ਤਾਂ ਸਾਡੀ ਨੱਕ ਵੱਢ ਹੋਣ ਵਾਲੀ ਗੱਲ ਐ। ਜੰਞ ਤਾਂ ਜ਼ਰੂਰ ਆਉਣੀ ਚਾਹੀਦੀ ਐ। ਲੋਕ ਕੀ ਆਖਣਗੇ, ਚੰਦਰਿਆਂ ਜੰਞ ਦੇ ਚਾਰ ਆਦਮੀ ਵੀ ਨਾ ਸੱਦੇ। ਜੀ ਕੁਝ ਕਰੋ ਤੁਸੀਂ।"

"ਗੁਰਤੇਜ ਨੂੰ ਭੇਜ ਕੇ ਵੇਖ ਲੈਂਦੇ ਆਂ, ਜੇ ਮੰਨ ਜਾਵੇ। ਉਹ ਦੋਵਾਂ ਘਰਾਂ ਦਾ ਸਰਫ਼ਾ ਕਰਕੇ ਰਾਜ਼ੀ ਐ। ਤੇਜਾ ਸਿੰਘ ਕਹਿੰਦਾ ਸੀ, ਉਹ ਫ਼ਾਲਤੂ ਖ਼ਰਚਿਆਂ ਤੇ ਰਸਮਾਂ ਦੇ ਖ਼ਿਲਾਫ਼ ਐ।"

"ਖ਼ਿਲਾਫ਼ ਤਾਂ ਹੈ, ਪਰ ਜਿੱਥੇ ਨਹੀਂ ਸਰਦਾ, ਉੱਥੇ ਚਾਰ ਪੈਸੇ ਲਾਉਣੇ ਹੀ ਪੈਂਦੇ ਐ।" ਨਸੀਬੋ ਧੀ ਦਾ ਵਿਆਹ ਥੋੜ੍ਹੀ ਆਨ-ਸ਼ਾਨ ਨਾਲ ਕਰਨਾ ਚਾਹੁੰਦੀ ਸੀ।

ਪ੍ਰਗਟ ਆਪ ਮੁਹਾਰਾ ਬੋਲ ਪਿਆ:

"ਤੁਸੀਂ ਜੋ ਮਰਜ਼ੀ ਸੋਚੋ ਤੇ ਕਰੋ, ਮੈਨੂੰ ਰਾਜਬੀਰ ਵਧੀਆ ਗੱਲ ਕਰਦਾ ਲੱਗਦਾ ਏ।"

"ਹੈਂ ਹੈਂ ਲੋਹੜਾ, ਨਵਾਂ ਪੋਸ਼ ਇੱਕ ਪਾਸੇ। ਤੁਸੀਂ ਕੁੜੀ ਦਾ ਨੰਗਾ ਵਿਆਹ ਕਰੋਗੇ? ਚੰਗੀ ਕਪਤਾਨੀ ਘਰ ਆਈ।" ਨਸੀਬ ਨਹੋਰਾ ਦੇ ਗਈ।

"ਬੀਜੀ, ਰਾਜਬੀਰ ਠੀਕ ਸੋਚਦਾ ਏ।" ਗੁਰਤੇਜ ਨੇ ਸਹਿਜ ਨਾਲ ਆਖਿਆ। "ਹੁਣ ਸ਼ੋ ਕਰਨ ਦਾ ਜ਼ਮਾਨਾ ਨਹੀਂ ਰਿਹਾ। ਊਂ ਤੁਹਾਡਾ ਭੇਜਿਆ ਮੈਂ ਰਾਜਬੀਰ ਨੂੰ ਮਨਾਉਣ ਜਾਵਾਂਗਾ।"

"ਜ਼ਮਾਨੇ ਨੂੰ ਕੀ ਅੱਗ ਲੱਗ ਪਈ ਐ। ਵਾਜਿਆਂ ਗਾਜਿਆਂ ਨਾਲ ਹੀ ਵਿਆਹ ਦੀ ਸ਼ੋਭਾ ਹੁੰਦੀ ਐ।" ਨਸੀਬ ਕੌਰ ਆਪਣੀ ਥਾਂ ਅੜੀ ਹੋਈ ਸੀ।

"ਅਸੀਂ, ਇੱਕੋ ਧੀ ਐ, ਵਿਆਹ ਗੱਜ-ਵੱਜ ਕੇ ਕਰਨਾ ਏ।" ਕੈਪਟਨ ਸ਼ਰੀਕੇ ਵਿਚ ਭੱਲ ਚਾਹੁੰਦਾ ਸੀ। "ਤੂੰ ਗੁਰਤੇਜ ਆਪਣੇ ਨਵੇਂ ਖਿਆਲ ਨਾ ਲੈ ਕੇ ਉੱਥੇ ਬਹਿ ਜਾਵੀਂ। ਉਸ ਨੂੰ ਜੰਞ ਲੈ ਕੇ ਆਉਣ ਲਈ ਮਨਾਉਣਾ ਏਂ। ਭਲਕੇ ਸਵੇਰੇ ਹੀ ਤੁਰ ਜਾਵੀਂ, ਫੇਰ ਤਿਆਰੀ ਬਿਆਰੀ ਵੀ ਕਰਨੀ ਐ।"

ਸਾਰੇ ਖਾ ਪੀ ਕੇ ਪੈ ਗਏ। ਨਸੀਬੋ ਤੇ ਗੁਰਬਖ਼ਸ਼ ਫ਼ਿਕਰ ਵਿਚ ਪਾਸੇ ਮਾਰਦੇ ਰਹੇ। ਸਵੇਰ ਹੋਈ ਤਾਂ ਗੁਰਤੇਜ ਬੱਸ ਲਈ ਅੱਡੇ ਨੂੰ ਤੁਰ ਪਿਆ। ਉਹ ਸੋਚ ਰਿਹਾ ਸੀ ਰਾਜਬੀਰ ਦੇ ਖਿਆਲ ਗ਼ਲਤ ਨਹੀਂ। ਮੈਂ ਬਾਪ ਦੇ ਸਤਿਕਾਰ ਲਈ ਉਸ ਨੂੰ ਮਨਾਵਾਂਗਾ। ਬਹੁਤੇ ਨਾ ਸਹੀ, ਪੰਦਰਾਂ ਵੀਹ ਬਰਾਤੀ ਹੀ ਲੈ ਆਵੇ। ਖ਼ਰਚ ਵੀ ਥੋੜ੍ਹਾ, ਬੀਜੀ ਤੇ ਬਾਪੂ ਜੀ ਦੀ ਵੀ ਰਹਿ ਜਾਵੇਗੀ। ਪੁਰਾਣੇ ਵਿਚਾਰਾਂ ਨੂੰ ਨਵਾਂ ਹਮੇਸ਼ਾ ਬਦਲਦਾ ਆਇਆ ਹੈ। ਪੁਰਾਣਾ ਪਹਿਲੋਂ ਲੱਤਾਂ ਅੜਾਂਦਾ ਤੇ ਪਿੱਛੋਂ ਭੰਨਾਂਦਾ ਏ। ਮਨੁੱਖ ਜ਼ਮਾਨੇ ਨਾਲ ਕਿਉਂ ਨਹੀਂ ਬਦਲਦਾ? ਪਰ ਰੂੜ੍ਹੀਵਾਦੀ ਕਿਵੇਂ ਬਦਲੇ। ਗਿਆਨ ਸਮਝ ਵਾਲਿਆਂ ਨੂੰ ਹੀ ਕਾਟ ਕਰਦਾ ਏ ਅਤੇ ਬੇਸਮਝਾਂ ਅੱਗੇ ਮੱਥਾ ਟੇਕਦੇ ਏ, ਜਿਵੇਂ ਮੈਂ ਪੁਰਾਣੇ ਵਿਚਾਰਾਂ ਦੀ ਨੁਮਾਇੰਦਗੀ ਕਰਨ ਜਾ ਰਿਹਾ ਹਾਂ।

ਗੁਰਤੇਜ ਨੂੰ ਰਾਜਬੀਰ ਘਰ ਹੀ ਮਿਲ ਗਿਆ। ਰਾਜਬੀਰ ਉਸ ਨੂੰ ਵੇਖ ਕੇ ਮੁਸਕਰਾ ਪਿਆ। ਉਸ ਪਹਿਲੋਂ ਹੀ ਲੱਖਣ ਲਾ ਲਿਆ, ਇਹ ਕਿਵੇਂ ਆਇਆ ਏ।

"ਵਾਹ ਭਾਊ ਕਮਾਲ ਕਰ ਛੱਡੀ ਏ।" ਰਾਜਬੀਰ ਨੇ ਗੁਰਤੇਜ ਨੂੰ ਜੱਫ਼ੀ ਪਾ ਲਈ।

"ਮੈਂ ਤਾਂ ਕਮਾਲ ਕਰ ਛੱਡੀ, ਪਰ ਤੂੰ ਤਾਂ ਸਾਰਿਆਂ ਨੂੰ ਵਾਹਣੀ ਪਾ ਛੱਡਿਆ ਏ ਨਾ।" ਗੁਰਤੇਜ ਨੇ ਨਹਿਲੇ 'ਤੇ ਦਹਿਲੇ ਮਾਰਿਆ।

"ਨਾ ਭਾਊ, ਮੈਂ ਨਾ ਗ਼ਲਤ ਕਰਾਂਗਾ, ਵਾਹਣੀ ਪਾਉਣ ਵਾਲੀ ਕੀ ਗੱਲ?"

"ਤੂੰ ਜੰਞ ਕਿਉਂ ਨਹੀਂ ਲਿਆਉਂਦਾ?"

"ਮੈਂ ਤੁਹਾਡਾ ਖ਼ਰਚ ਬਚਾਵਾਂ, ਮੈਨੂੰ ਹੀ ਦੋਸ਼, ਵਾਹ ਬਈ ਵਾਹ।"

ਰਾਜਬੀਰ ਦੀ ਬੇ ਜੀ ਦੋਵਾਂ ਲਈ ਦੁੱਧ ਦੇ ਗਲਾਸ ਲੈ ਆਈ। ਉਸ ਗੁਰਤੇਜ ਦਾ ਸਿਰ ਪਲੋਸਿਆ।

"ਸਤਿ ਸ੍ਰੀ ਅਕਾਲ ਮਾਸੀ ਜੀ!" ਗੁਰਤੇਜ ਉਸ ਦੇ ਗੋਡੀਂ ਹੱਥ ਲਾਉਣ ਲਈ ਥੋੜ੍ਹਾ ਝੁਕ ਗਿਆ।

"ਜਿਉਂਦਾ ਵਸਦਾ ਰਹੁ ਪੁੱਤਰਾ! ਘਰ ਸੁੱਖ-ਸਾਂਦ ਸੀ?"

"ਸਾਰੇ ਰਾਜ਼ੀ-ਬਾਜ਼ੀ ਸਨ।"

"ਤੇਰਾ ਬਾਪੂ ਬੀਰਿਆ?" ਮਾਈ ਨੇ ਸੁੱਜੇ ਹੱਥ 'ਤੇ ਪੱਲਾ ਦਿੱਤਾ ਹੋਇਆ ਸੀ।

"ਸਮੁੰਦੇ ਕੋਲ ਅਖ਼ਬਾਰ ਪੜ੍ਹਦੇ ਹੋਣਗੇ।" ਉਸ ਗੁਰਤੇਜ ਵੱਲ ਮੂੰਹ ਫੇਰ ਲਿਆ। "ਤੂੰ ਕਦੋਂ ਕੰਨ ਵਿਨ੍ਹਾਉਣੇ ਐ? ਮੇਰੀ ਕਲਾਸ ਫੈਲੋ ਐ, ਬਾਣੀਆ ਦੀ ਕੁੜੀ। ਪੜ੍ਹਨ ਨੂੰ ਹੁਸ਼ਿਆਰ ਹੀਰਾ ਐ ਹੀਰਾ, ਤੂੰ ਗੱਲ ਕਰ, ਮੇਰਾ ਆਖਿਆ ਨਹੀਂ ਮੋੜਦੀ। ਆਪਣੀ ਸਲਾਹ ਦੱਸ? ਅੱਜ ਹੀ ਮਿਲਾ ਦੇਂਦਾ ਆਂ। ਘਰ ਦੇ ਬਾਣੀਆ ਬਰਾਦਰੀ ਵਿਚ ਵਿਆਹ ਕਰਨ ਜੋਗੀ ਪੂੰਜੀ ਨਹੀ ਰੱਖਦੇ। ਬੋਲ, ਕਰ ਗੱਲ?"

"ਪਹਿਲੋਂ ਆਪਣੇ ਵਿਆਹ ਨੂੰ ਸਿਰੇ ਚਾੜ੍ਹ ਲੈ। ਜੇ ਜੰਞ ਨਹੀਂ ਲਿਜਾਵੇਂਗਾ, ਬੇਰੰਗ ਵਾਪਸ ਆਵੇਂਗਾ। ਸੋਚ ਲੈ।"

"ਯਾਰ ਤੂੰ ਕਿਹੜੇ ਘਰ ਉਜਾੜੂ ਖਿਆਲਾਂ ਵਿਚ ਪਿਆ ਏਂ। ਪੜ੍ਹ-ਲਿਖ ਕੇ ਬੀ. ਐੱਡ. ਖੂਹ ਵਿਚ ਪਾ ਛੱਡੀ ਏ। ਤੇਰਾ ਘਰ, ਮੇਰਾ ਘਰ, ਅਸੀਂ ਕੋਈ ਓਪਰੇ ਆਂ, ਕਿਉਂ ਉੱਜੜੀਏ?" ਰਾਜਬੀਰ ਖ਼ਰੀਆਂ ਖ਼ਰੀਆਂ ਕਹਿ ਗਿਆ।

"ਊਂ ਤਾਂ ਮੈਂ ਵੀ ਘਰ ਬੀਜੀ ਬਾਪੂ ਜੀ ਨੂੰ ਇਹੋ ਆਖਿਆ ਸੀ, ਪਰ ਉਹ ਕਹਿੰਦੇ ਐ, ਸਾਡੀ ਰਹਿੰਦੀ ਨਹੀਂ। ਮੈਂ ਕੀ ਕਰਾਂ।" ਗੁਰਤੇਜ ਦੁਬਿਧਾ ਵਿਚ ਸੀ।

"ਤੂੰ ਸਮਝਦਾ ਏਂ ਨਾ, ਜਿਵੇਂ ਆਪਾਂ ਸੋਚਦੇ ਆਂ, ਠੀਕ ਸੋਚਦੇ ਆਂ। ਇਸ ਨਵੀਂ ਸੋਚ ਨੂੰ ਕਿਸੇ ਨੇ ਤਾਂ ਲਾਗੂ ਕਰਨਾ ਈ ਕਰਨਾ ਏ। ਕਿਉਂ ਨਾ ਅਸੀਂ ਹੀ ਸ਼ੁਰੂ ਕਰੀਏ। ਚਾਰੇ ਬੰਨਿਓਂ ਸੋਚਿਆਂ, ਮੈਨੂੰ ਇਹ ਗੱਲ ਠੀਕ ਲੱਗਦੀ ਏ।" ਅੱਧਾ ਘੰਟਾ ਦੋਹੀਂ ਧਿਰੀਂ ਚੁੱਪ ਵਰਤੀ ਰਹੀ। ਰਾਜਬੀਰ ਨੇ ਹੀ ਮੁੜ ਗੱਲ ਅੱਗੇ ਤੋਰੀ। "ਵੇਖ ਭਾਊ, ਅਸੀਂ ਸਾਇੰਸ ਦੇ ਯੁੱਗ ਵਿਚ ਪੜ੍ਹ ਲਿਖ ਕੇ ਅਨਪੜ੍ਹ ਤੇ ਅੰਧਵਿਸ਼ਵਾਸੀ ਸਮਾਜ ਤੋਂ ਡਰੀਏ, ਇਹ ਤਾਂ ਕੋਈ ਗੱਲ ਨਾ ਹੋਈ। ਗਿਆਨ ਨਿਰਾ ਜਾਬਾਂ ਦਾ ਭੇੜ ਕਰਨ ਵਾਸਤੇ ਨਹੀਂ ਹੁੰਦਾ। ਸਿਆਣੇ ਇਸ ਨੂੰ ਅਮਲ ਵਿਚ ਲਿਆਉਂਦੇ ਐ। ਜਦੋਂ ਸਪਸ਼ਟ ਨਤੀਜੇ ਸਾਡੇ ਹੱਕ 'ਚ ਨਿਕਲਦੇ ਹੋਣ, ਫਿਰ ਕਿਉਂ ਨਾ ਵਰਤੀਏ? ਮਾਪਿਆਂ ਦੇ ਪਿਆਰ ਸਤਿਕਾਰ ਵਿਚ ਕੋਈ ਫ਼ਰਕ ਨਹੀਂ ਆਉਣ ਲੱਗਾ। ਉਹ ਆਰਥਕ ਜੁੱਗ ਦੀਆਂ ਭੈੜੀਆਂ ਸਥਿਤੀਆਂ ਨੂੰ ਨਹੀਂ ਸਮਝਦੇ। ਯਾਰ ਅਸੀਂ ਜੰਗਲਾਂ ਵਿਚੋਂ ਨਿਕਲ ਕੇ ਸਿਆਣੇ ਸ਼ਹਿਰੀ ਬਣ ਗਏ ਆਂ। ਪੁਰਾਣੇ ਦੀ ਲੀਹ ਭੰਨੇ ਬਿਨਾਂ ਅਸੀਂ ਖੁਸ਼ਹਾਲ ਨਹੀਂ ਹੋ ਸਕਦੇ।"

"ਮੈਂ ਤੇਰੀ ਇੱਕ ਇੱਕ ਗੱਲ ਨਾਲ ਸਹਿਮਤ ਆਂ, ਪਰ ਉਨ੍ਹਾਂ ਦੀ ਨਾਰਾਜ਼ਗੀ ਚੁਭਦੀ ਐ।" ਗੁਰਤੇਜ ਹਾਲੇ ਵੀ ਪਿਛਾਂਹ ਨੂੰ ਝਾਕ ਰਿਹਾ ਸੀ।

"ਇਹ ਨਾਰਾਜ਼ਗੀ ਜਦੋਂ ਖੁਸ਼ਹਾਲ ਨਤੀਜੇ ਵੇਖੇਗੀ, ਸਾਨੂੰ ਜ਼ਰੂਰ ਸ਼ਾਬਾਸ਼ ਦੇਵੇਗੀ। ਨਵਾਂ ਮਕਾਨ ਬਣਾਉਣ ਲਈ ਪੁਰਾਣੇ ਖੋਲ਼ੇ ਨੂੰ ਢਾਹੁੰਦਿਆਂ ਹੱਥਾਂ-ਪੈਰਾਂ 'ਤੇ ਮਾੜੀ-ਮੋਟੀ ਸੱਟ ਵੀ ਲੱਗ ਸਕਦੀ ਹੈ, ਪਰ ਪੱਕੇ ਤੇ ਹਵਾਦਾਰ ਮਕਾਨ ਵਿਚ ਰਹਿ ਕੇ ਸਭ ਕੁਝ ਭੁੱਲ ਜਾਂਦਾ ਹੈ।" ਰਾਜਬੀਰ ਇੱਕ ਜਿੱਤ ਖੁਸ਼ੀ ਵਿਚ ਮੁਸਕਰਾ ਪਿਆ।

"ਠੀਕ ਐ, ਫਿਰ ਇਕੱਲਾ ਹੀ ਆਵੇਂਗਾ?"

"ਹਾਂ, ਸਕੂਟਰ 'ਤੇ ਅਤੇ ਆਨੰਦ ਕਾਰਜ ਵੀ ਗੁਰਦੁਆਰੇ।"

"ਵਧੀਆ ਗੱਲ, ਹੈਹਾ ਨਾ ਖੈਹਾ। ਬਸ ਠੀਕ ਐ। ਮੈਂ ਆਪੇ ਬੀਜੀ ਤੇ ਬਾਪੂ ਜੀ ਨੂੰ ਮਨਾਵਾਂਗਾ।" ਉਸ ਰਾਜਬੀਰ ਨਾਲ ਘੁੱਟ ਕੇ ਹੱਥ ਮਿਲਾਇਆ।

ਸੈਂਤੀਵਾਂ ਕਾਂਡ

ਰਾਜਬੀਰ ਨੂੰ ਵਿਆਹ ਵਿਚ ਮੇਲ ਆਈਆਂ ਕੁੜੀਆਂ ਨੇ ਘੇਰ ਲਿਆ, ਕਿਉਂਕਿ ਉਹ ਸਕੂਟਰ 'ਤੇ ਸਿੱਧਾ ਈ ਘਰ ਆ ਵੱਜਿਆ ਸੀ। ਕਾਹਲੀ ਵਿਚ ਦਹਿਲੀਜ਼ 'ਤੇ ਤੇਲ ਚੋਣ ਦਾ ਵੀ ਸ਼ਗਨ ਨਹੀਂ ਕੀਤਾ ਜਾ ਸਕਿਆ ਸੀ। ਨਸੀਬ ਕੌਰ ਨੇ ਮੁੰਡੇ ਨੂੰ ਪਿਆਰ ਦੇਂਦਿਆਂ ਬੁੱਕਲ ਵਿਚ ਲੈ ਲਿਆ।

"ਸਤਿ ਸ੍ਰੀ ਅਕਾਲ ਬੇ ਜੀ!" ਰਾਜਬੀਰ ਸਤਿਕਾਰ ਵਜੋਂ ਥੋੜ੍ਹਾ ਝੁਕ ਗਿਆ।

ਉਹ ਖੁਸ਼ੀ ਭਰੇ ਗਿਲੇ ਨਾਲ ਬੋਲੀ:

"ਪੁੱਤਰਾ, ਜੇ ਚਾਰ ਪ੍ਰਾਹੁਣੇ ਲੈ ਆਉਂਦਾ, ਵਿਆਹ ਦੀ ਰੌਣਕ ਵਧ ਜਾਣੀ ਸੀ।"

"ਬੇ ਜੀ, ਪੁਰਾਣੀਆਂ ਰਸਮਾਂ ਨੇ ਅਸੀਂ ਪੱਟ ਸੁੱਟੇ ਆਂ। ਇਨ੍ਹਾਂ ਨੂੰ ਹੁਣ ਗਲੋਂ ਲਾਹੋ। ਸ਼ਰਾਬੀ ਕੋੜਮਾ ਮੈਨੂੰ ਚੰਗਾ ਨਹੀਂ ਲੱਗਦਾ।"

"ਖੁਸ਼ੀਆਂ-ਮਲਹਾਰਾਂ ਦੇ ਦਿਨ ਪੁੱਤਰਾ ਨਿੱਤ ਨਿੱਤ ਥੋੜ੍ਹੇ ਆਉਂਦੇ ਐ। ਊਂ ਤੇਰੀ ਖੁਸ਼ੀ ਨਾਲ ਸਾਡੀ ਖੁਸ਼ੀ ਐ; ਜਿਉਂਦਾ ਵਸਦਾ ਰਹੁ, ਵੱਡੀ ਉਮਰ ਵਾਲਾ ਹੋਵੇਂ।" ਸੱਸ ਨੇ ਪਿਆਰ ਦੇਂਦਿਆਂ ਉਸ ਦਾ ਸਿਰ ਘੁੱਟ ਕੇ ਹਿੱਕ ਨਾਲ ਲਾ ਲਿਆ।

ਇੱਕ ਕੁੜੀ ਜਿਹੜੀ ਘਰਾਂ ਵਿਚੋਂ ਰਾਜਬੀਰ ਦੀ ਸਾਲੀ ਲੱਗਦੀ ਸੀ, ਨੇ ਨਸੀਬ ਕੌਰ ਵਿਚ ਦੀ ਮੁੰਡੇ ਦੇ ਤਿੱਖੇ ਨੱਕ ਦੀ ਸਿਫ਼ਤ ਕੀਤੀ।

"ਚਾਚੀ! ਪ੍ਰਾਹੁਣੇ ਦਾ ਤਿੱਖਾ ਨੱਕ ਵੱਢ ਕੇ ਰੱਖ ਲੈਣ ਵਾਲਾ ਏ।"

"ਕੁੜੇ ਫੋਟ, ਕਿਹੋ ਜਿਹੀਆਂ ਗੱਲਾਂ ਕਰਦੀ ਏਂ।" ਚਾਚੀ ਕੁੜੀ ਨੂੰ ਵਰਜ ਗਈ।

ਰਾਜਬੀਰ ਦਾ ਹਾਸਾ ਨਿਕਲ ਗਿਆ।

"ਅੱਖਾਂ ਤਾਂ ਤੇਰੀਆਂ ਵੀ ਮਿਰਗ ਵਾਂਗ ਛਾਲਾਂ ਮਾਰਦੀਆਂ ਏਂ।"

ਪ੍ਰਾਹੁਣੇ ਨੂੰ ਕੁਰਸੀ 'ਤੇ ਬੈਠਣ ਲਈ ਆਖਿਆ ਗਿਆ। ਜਦੋਂ ਰਾਜਬੀਰ ਬਹਿਣ ਲੱਗਾ, ਹੋਰ ਕੁੜੀ ਨੇ ਕੁਰਸੀ ਪਿਛਾਂਹ ਖਿੱਚ ਲਈ। ਉਹ ਡਿੱਗਦਾ ਡਿੱਗਦਾ ਮਸਾਂ ਬਚਿਆ।

"ਮਾਂ ਦਾ ਰੱਜ ਕੇ ਦੁੱਧ ਚੁੰਘਦਾ, ਡਿੱਗਦਾ ਤਾਂ ਨਾ।" ਇੱਕ ਹੋਰ ਕੁੜੀ ਛਿੱਬੀ ਦੇ ਗਈ।

"ਤੁਸੀਂ ਕੁੜੀਆਂ ਘੱਟ, ਬਲਾਵਾਂ ਬਹੁਤੀਆਂ ਹੋ।" ਰਾਜਬੀਰ ਮੱਲੋ-ਮੱਲੀ ਕੁਰਸੀ ਖਿੱਚ ਕੇ ਬਹਿ ਗਿਆ।

ਨਸੀਬ ਕੌਰ ਨੇ ਛੋਟੀ ਮੇਜ਼ ਉਸ ਅੱਗੇ ਰੱਖ ਦਿੱਤੀ। ਮੇਜ਼ਪੋਸ਼ 'ਤੇ ਦੋ ਚਿੜੀਆਂ ਰੰਗ-ਬਰੰਗੇ, ਪਰ ਖਿਲਾਰੀ ਉਡ ਰਹੀਆਂ ਸਨ। ਮਠਿਆਈ ਵਾਲੀ ਥਾਲੀ ਰੱਖਦੀ ਸੱਸ ਨੇ ਕੁੜੀ ਨੂੰ ਪਿਛਾਂਹ ਧੱਕਿਆ।

"ਆਰਾਮ ਨਾਲ ਮੁੰਡੇ ਨੂੰ ਚਾਹ ਪੀ ਲੈਣ ਦਿਓ, ਅਨੰਦ ਕਾਰਜ ਹੋ ਜਾਣ ਦਿਓ; ਫੇਰ ਆਪਣੇ ਚਾਅ ਪੂਰੇ ਕਰ ਲਿਉ।"

"ਨਾ ਚਾਚੀ, ਚਿੜਾ ਪੂੰਞਾ ਛੁਡਾ ਗਿਆ, ਫੁਰਰ ਉਡ ਜਾਊ; ਫੇਰ ਨਾ ਹੱਥ ਆਇਆ। ਸਾਨੂੰ ਹੁਣੇ ਸਿੱਧਾ ਕਰ ਲੈਣ ਦੇ।" ਮਿਰਗਨੈਣੀ ਮੁੜ ਅੜ ਖਲੋਤੀ।

"ਬੀਬੀ ਰਾਣੀਓਂ, ਚਾਹ ਪਾਣੀ ਤਾਂ ਪੀ ਲੈਣ ਦਿਓ।" ਹੱਸਦੀ ਨਸੀਬ ਕੌਰ ਰਜ਼ਾਮੰਦੀ ਵਿਚ ਰੋਕ ਰਹੀ ਸੀ।

"ਬੇ ਜੀ, ਇਨ੍ਹਾਂ ਦੇ ਮੂੰਹ ਵਿਚ ਇੱਕ ਇੱਕ ਲੱਡੂ ਦੇ ਛੱਡ, ਆਪੇ ਬੋਲਣੋਂ ਬੰਦ ਹੋ ਜਾਣਗੀਆਂ।" ਏਨੀ ਕਹਿ ਕੇ ਰਾਜ ਨੇ ਉਂਗਲ ਦੰਦਾਂ ਵਿਚ ਦੱਬ ਲਈ।

"ਜੇ ਸ਼ਰੀਕਾਂ ਜੰਞ ਨਹੀਂ ਆਇਆ, ਮਾਂ-ਭੈਣ ਨੂੰ ਲੈ ਆਉਂਦਾ।" ਇੱਕ ਉੱਚੇ ਦੰਦਾਂ ਵਾਲੀ ਮਿਹਣਾ ਮਾਰ ਗਈ।

"ਘਰ ਬੈਠੀ ਮਾਂ ਭੈਣ ਨੂੰ ਕਿਉਂ ਨੌਲਦੀਆਂ ਹੋ। ਬਾਬਾ ਗੁਰੂ, ਤੁਸੀਂ ਜਿੱਤੀਆਂ, ਮੈਂ ਹਾਰਿਆ।" ਉਸ ਥਾਲੀ ਵਿਚੋਂ ਬਰਫ਼ੀ ਦਾ ਟੁੱਕ ਚੁੱਕ ਲਿਆ।

"ਫੇਰ ਮੂੰਹ ਪਾਈਂ, ਪਹਿਲਾਂ ਸੱਤ ਲਕੀਰਾਂ ਕੱਢ?" ਮਿਰਗਨੈਣੀ ਨੇ ਥਾਲੀ ਨੂੰ ਹੱਥ ਪਾ ਲਿਆ।

"ਲੱਗਦਾ ਏ, ਵਿਆਹ ਲਈ ਤੂੰ ਬਹੁਤ ਕਾਹਲੀ ਏਂ।" ਰਾਜਬੀਰ ਪਾਸਿਓਂ ਚੋਟ ਮਾਰ ਗਿਆ।

ਵਿਆਹ ਦੇ ਵਿਅੰਗ ਨਾਲ ਕੁੜੀ ਧੰਦਕ ਗਈ। ਗੁਰਤੇਜ ਨੇ ਰਾਜਬੀਰ ਨਾਲ ਆ ਹੱਥ ਮਿਲਾਇਆ।

"ਯਾਰ ਇਨ੍ਹਾਂ ਮੱਖੀਆਂ ਨੂੰ ਤਾਂ ਪਾਸੇ ਕਰ, ਚਾਹ ਵੀ ਨਹੀਂ ਪੀਣ ਦੇਂਦੀਆਂ।" ਰਾਜਬੀਰ ਗੁਰਤੇਜ ਵਿਚ ਦੀ ਕੁੜੀਆਂ ਨੂੰ ਮੁੜ ਛੇੜ ਗਿਆ।

"ਕੋਈ ਨਾ, ਤੂੰ ਅਨੰਦ ਕਾਰਜ ਕਰਵਾ ਕੇ ਗੁਰਦਵਾਰਿਓਂ ਆ, ਤੈਨੂੰ ਪੋਤਿਆਂ ਨੱਤਿਆਂ ਵਾਲਾ ਬਣਾਉਂਦੀਆਂ ਹਾਂ।" ਕੁੜੀਆਂ ਗੁਰਤੇਜ ਭਰਾ ਦੀ ਝੇਪ ਮੰਨ ਗਈਆਂ।

ਰਾਜਬੀਰ, ਗੁਰਤੇਜ ਦੇ ਘਰ ਆਏ ਹੋਰ ਪ੍ਰਾਹੁਣਿਆਂ ਨਾਲ ਗੁਰਦਵਾਰੇ ਨੂੰ ਤੁਰ ਪਿਆ। ਗੁਰਬਖ਼ਸ਼ ਸਿੰਘ ਪਹਿਲੋਂ ਹੀ ਗੁਰਦਵਾਰੇ ਸੀ। ਗ੍ਰੰਥੀ ਭਾਈ ਆਖਣ ਲੱਗਾ:

"ਕਪਤਾਨ ਸਾਹਿਬ ਐਨਾ ਸਿਆਣਾ ਤੇ ਸਾਊ ਮੁੰਡਾ ਕਿੱਥੋਂ ਭਾਲ ਲਿਆ। ਜਿਹੜਾ ਜੰਞ ਨਹੀਂ ਲਿਆਇਆ ਤੇ ਗੁਰਦਵਾਰੇ ਅਨੰਦ ਕਾਰਜ ਕਰਵਾਉਣ ਲਈ ਅੜ ਗਿਆ।"

"ਗੁਰੂ ਸੰਜੋਗ ਜੋੜਦਾ ਏ। ਮੈਂ ਤਾਂ ਬਾਰਾਤ ਮੰਗਵਾਊ ਸੀ, ਪਰ ਮੁੰਡਾ ਮੰਨਿਆਂ ਨਹੀਂ ਕਿ ਮੈਂ ਤਾਂ ਇਕੱਲਾ ਹੀ ਆਊਂਗਾ।" ਕਪਤਾਨ ਬਾਰਾਤ ਨਾ ਲਿਆਉਣ ਦਾ ਦਿਲ ਵਿਚ ਰੋਸ ਵੀ ਰੱਖਦਾ ਸੀ; ਪਰ ਰਾਜਬੀਰ ਦੀ ਪ੍ਰਸੰਸਾ ਸੁਣ ਕੇ ਖ਼ੁਸ਼ ਵੀ ਹੋ ਰਿਹਾ ਸੀ।

"ਅੱਜ-ਕੱਲ੍ਹ ਵਿਆਹਾਂ ਦੇ ਖ਼ਰਚ ਤਾਂ ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਐ।" ਭਾਈ ਪ੍ਰਾਹੁਣੇ ਨੂੰ ਵੇਖ ਕੇ ਆਖਣ ਲੱਗਾ, "ਮੁੰਡਾ ਸਿਆਣਾ ਈ ਨਹੀਂ, ਹੀਰਾ ਹੈ ਹੀਰਾ।"

ਹਰਸ਼ਰਨ ਨਾਲ ਕੁੜੀਆਂ ਦਾ ਸਾਰਾ ਟੋਲਾ ਗੁਰਦਵਾਰੇ ਆ ਚੁੱਕਾ ਸੀ। ਭਾਈ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਆ ਬੈਠਾ। ਪਿੰਡ ਵਿਚ ਮੁੰਡੇ ਦੇ ਇਕੱਲਾ ਵਿਆਹ ਕਰਵਾਉਣ ਆਉਣ ਦੀ ਗੱਲ ਘਰ ਘਰ ਧੁੰਮ ਗਈ ਸੀ। ਇੱਕ ਤਰ੍ਹਾਂ ਸਾਰਾ ਪਿੰਡ ਹੀ ਗੁਰਦਵਾਰੇ ਨੂੰ ਉਲਰ ਪਿਆ। ਗੁਰਦਵਾਰੇ ਤਿਲ ਸੁੱਟਣ ਨੂੰ ਵੀ ਥਾਂ ਨਹੀਂ ਸੀ। ਪਿੰਡ ਲਈ ਇਹ ਅਸਲੋਂ ਨਵੀਂ ਪਿਰਤ ਸੀ। ਨੱਕ ਬੁੱਲ ਮਾਰਨ ਵਾਲੇ ਘੱਟ, ਪਰ ਬਾਕੀ ਸਾਰਾ ਜਹਾਨ ਪ੍ਰਸੰਸਾ ਕਰ ਰਿਹਾ ਸੀ। ਬਾਬਾ ਖੜਕ ਸਿੰਘ ਜੀ ਥੋੜ੍ਹੇ ਢਿੱਲੇ ਹੋਣ ਕਾਰਨ ਨਹੀਂ ਆ ਸਕੇ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੱਖ

ਵਾਕ ਲਿਆ ਗਿਆ। ਭਾਈ ਦੇ ਆਖਣ 'ਤੇ ਗੁਰਬਖ਼ਸ਼ ਸਿੰਘ ਨੇ ਰਾਜਬੀਰ ਦੇ ਦੁਪੱਟੇ ਦਾ ਲੜ ਹਰਸ਼ਰਨ ਨੂੰ ਫੜਾ ਦਿੱਤਾ। ਹਰ ਲਾਂਵ 'ਤੇ ਵਿਆਹੁਲੀ ਜੋੜੀ ਨੇ ਪ੍ਰਕਰਮਾ ਪਾਈ। ਲਾਂਵਾਂ ਤੇ ਅਨੰਦ ਕਾਰਜ ਸਾਹਿਬ ਦੇ ਪਾਠ ਪਿੱਛੋਂ ਭਾਈ ਨੇ ਚਾਰ ਸ਼ਬਦ ਆਸ਼ੀਰਵਾਦ ਵਜੋਂ ਆਖਣੇ ਆਪਣਾ ਫ਼ਰਜ਼ ਸਮਝਿਆ।

"ਪਿਆਰੇ ਖ਼ਾਲਸਾ ਜੀ! ਪਿੰਡ ਨੂੰ ਅੱਜ ਅਸਚਰਜ ਖ਼ੁਸ਼ੀ ਪ੍ਰਾਪਤ ਹੋਈ ਹੈ। ਇਸ ਜੋੜੀ ਦੇ ਸਿਰ 'ਤੇ ਗੁਰੂ ਹਮੇਸ਼ਾ ਹੱਥ ਰੱਖੇ ਤੇ ਇਨ੍ਹਾਂ ਨੂੰ ਚਿਰੰਜੀਵ ਕਰੇ। ਐਨਾ ਸਾਦਾ, ਸਸਤਾ ਤੇ ਗੁਰੂ ਮਰਯਾਦਾ ਅਨੁਸਾਰ ਪਿੰਡ ਵਿਚ ਪਹਿਲਾ ਵਿਆਹ ਹੋਇਆ ਏ। ਸਭ ਤੋਂ ਵੱਧ ਮੈਂ ਕਾਕੇ ਨੂੰ ਵਧਾਈ ਦੇਂਦਾ ਆਂ, ਜਿਸ ਸਾਦਗੀ ਦੀ ਪਿਰਤ ਪਾਈ। ਗੁਰਬਖ਼ਸ਼ ਸਿੰਘ ਕਪਤਾਨ ਭਾਗਾਂ ਵਾਲਾ ਏ, ਜਿਸ ਨੂੰ ਐਨਾ ਸੁਭਵਾਨ ਸਾਕ ਮਿਲਿਆ ਹੈ।

"ਭਰਾਓ! ਪੰਜਾਬ 'ਤੇ ਪਏ ਕਹਿਰ ਨੂੰ ਯਾਦ ਕਰੋ। ਅਸਾਂ ਖ਼ਾਲਸਈ ਸ਼ਾਨ ਨੂੰ ਚੜ੍ਹਦੀ ਕਲਾ ਵਿਚ ਰੱਖਣਾ ਹੈ, ਆਪੇ ਨੂੰ ਸੰਭਾਲੋ ਤੇ ਗੁਰੂ ਦੀ ਦਿੱਤੀ ਦਾਤ ਵਲੋਂ ਮੂੰਹ ਨਾ ਮੋੜੋ। ਸਾਡੀ ਨੌਜਵਾਨੀ ਨਸ਼ਿਆਂ 'ਚ ਗਰਕ ਹੁੰਦੀ ਜਾ ਰਹੀ ਹੈ। ਗੁਰੂ ਘਰ ਦੀ ਰਹਿਤ-ਮਰਯਾਦਾ ਵਿਚ ਦ੍ਰਿੜ੍ਹ ਰਹੋ।

"ਕਾਕਾ ਤੇ ਬੀਬੀ ਦੋਵੇਂ ਪੜ੍ਹੇ-ਲਿਖੇ ਐ। ਸਿੱਖਿਆ ਦੇਣ ਦੀ ਲੋੜ ਨਹੀਂ, ਇਨ੍ਹਾਂ ਤੋਂ ਲੈਣ ਦੀ ਲੋੜ ਐ, ਬੇਟਾ ਸਾਂਝੀ ਵਿਚਾਰ ਨਾਲ ਚੱਲੋਗੇ ਤਾਂ ਮੈਦਾਨ ਫ਼ਤਹਿ ਹੋਵੇਗਾ। ਤੁਹਾਡੇ ਵਰਗੇ ਦਲੇਰ ਜਵਾਨਾਂ ਹੀ ਉੱਠ ਕੇ ਕੌਮ ਨੂੰ ਅਗਵਾਈ ਦੇਣੀ ਹੈ। ਸੌ ਪਿਆਰੇ ਬੱਚਿਓ, ਗੁਰੂ ਦੇ ਲੜ ਲੱਗ ਕੇ ਸਰਬਤ ਦੇ ਭਲੇ ਲਈ ਜੀਓ ਤੇ ਜਿਉਣ ਦੀ ਸੇਵਾ ਵੰਡੋ। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ!"

ਰਾਜਬੀਰ ਨੇ ਬੈਠਿਆਂ ਬੈਠਿਆਂ ਹੀ ਭਾਈ ਸਾਹਿਬ ਨੂੰ ਬੇਨਤੀ ਕਰ ਦਿੱਤੀ ਕਿ ਵਾਰਨੇ ਦੀ ਰਸਮ ਨਾ ਕੀਤੀ ਜਾਵੇ। ਉਂਝ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵਾਰਨਾ ਕਰਨਾ ਹੀ ਗ਼ਲਤ ਹੈ। ਭਾਈ ਸਾਹਿਬ ਦਾ ਮਨ ਗਦਗਦ ਹੋ ਉਠਿਆ।

"ਸੰਗਤ ਨੂੰ ਇੱਕ ਹੋਰ ਬੇਨਤੀ ਕਾਕੇ ਵਲੋਂ, ਬਹੁਤ ਵਧੀਆ ਬੇਨਤੀ; ਵਾਰਨੇ ਆਦਿ ਦੀ ਕੋਈ ਰਸਮ ਨਾ ਕੀਤੀ ਜਾਵੇ। ਘਰ ਜਾ ਕੇ ਨਿਸ਼ੰਗ ਕਰ ਲਈ ਜਾਵੇ। ਹੁਣ ਕੜਾਹ ਪ੍ਰਸ਼ਾਦ ਦੀ ਦੇਗ ਵਰਤੇਗੀ।"

ਇੱਕ ਕੁੜੀ ਨੇ ਜੋੜੀ ਦੇ ਪਿੱਛੇ ਬੈਠਿਆਂ ਰਾਜਬੀਰ ਦੀ ਕਮੀਜ਼ ਨੂੰ ਹੇਠਲੀ ਵਿਛਾਈ ਨਾਲ ਬਕਸੂਆ ਲਾ ਦਿੱਤਾ। ਪ੍ਰਸ਼ਾਦ ਲੈ ਕੇ ਰਾਜਬੀਰ ਉੱਠਿਆ, ਵਿਛਾਈ ਵੀ ਨਾਲ ਧੂਹਦੀ ਗਈ। ਗੁਰਦਵਾਰੇ ਵਿਚ ਹਾਸੜ ਪੈ ਗਈ।

"ਗੁਰਦਵਾਰੇ ਦੀ ਵਿਛਾਈ ਵੀ ਨਾਲ ਲੈ ਜਾਣੀ ਏਂ?" ਇੱਕ ਕੁੜੀ ਚੋਟ ਕਰ ਗਈ, ਜਿਸ ਹਰਸ਼ਰਨ ਨੂੰ ਸੰਭਾਲਿਆ ਹੋਇਆ ਸੀ।

"ਇਹ ਭੂਤਨੀਆਂ.....।" ਏਨੀ ਆਖ ਕੇ ਉਹ ਸੰਕੋਚ ਵਰਤ ਗਿਆ। ਉਸ ਝੱਟ ਬਕਸੂਆ ਖੋਲ੍ਹ ਦਿੱਤਾ। "ਤੇਰਾ ਨੱਕ ਜ਼ਰੂਰ ਵੱਢੂੰਗਾ।" ਉਸ ਸਹਿਜ ਨਾਲ ਨੱਕ ਵਾਲੀ ਕੁੜੀ ਨੂੰ ਸੁਣਾ ਕੇ ਆਖਿਆ।

"ਅੱਜ ਤਾਂ ਤੇਰਾ ਗੁਰਦਵਾਰੇ ਵਿਚ ਨੱਕ ਵੱਢਿਆ ਗਿਆ ਨਾ।" ਉਹ ਹੱਸਦੀ ਸਿਰ ਮਾਰ ਗਈ।

"ਕੋਈ ਨਾ ਤੇਰੇ ਵਿਆਹ ਵੇਲੇ ਏਵੇਂ ਕਰਾਂਗਾ।" ਉਸ ਹਰਸ਼ਰਨ ਦੇ ਕੰਨ ਕੋਲ ਚੁੱਪ

ਚਾਂ ਵਿਚ ਕਿਹਾ, "ਵਿਆਹ ਮੁਬਾਰਕ!"

ਹਰਸ਼ਰਨ ਦੀਆਂ ਸੰਗਦੀਆਂ ਅੱਖਾਂ ਨੇ ਖਾਮੋਸ਼ ਹੀ ਮੁਬਾਰਕ ਪ੍ਰਵਾਨ ਕਰ ਲਈ। ਸਾਰੇ ਘਰਾਂ ਨੂੰ ਤੁਰ ਪਏ, ਪਰ ਜੋੜੀ ਨੂੰ ਕੁੜੀਆਂ ਘੇਰਿਆ ਹੋਇਆ ਸੀ। ਰਾਜਬੀਰ ਨੇ ਬੇਨਤੀ ਲਹਿਜੇ ਵਿਚ ਆਖਿਆ,

"ਦੇਖੋ ਬਈ ਰਾਹ ਵਿਚ ਕੋਈ ਸ਼ਰਾਰਤ ਨਹੀਂ।"

"ਘਰ ਚੱਲ ਕੇ ਤਾਂ ਚੋਤੇ ਬਣਾ ਸਕਦੀਆਂ ਆਂ ਨਾ।" ਮੱਛਰੀਆਂ ਕੁੜੀਆਂ ਇੱਕ ਚੁੱਕਦੀਆਂ, ਦੂਜੀ ਧਰਦੀਆਂ ਸਨ।

"ਮਿਰਜ਼ਾ ਆਖਦਾ ਸੀ:–ਮੇਰੀ ਬੱਕੀ ਤੋਂ ਡਰਨ ਫ਼ਰਿਸ਼ਤੇ, ਮੈਥੋਂ ਡਰੇ ਖ਼ੁਦਾ। ਸੋਚ ਲਓ? ਇੱਕ ਦੀ ਇਕੱਤੀ ਪਾਊਂਗਾ।" ਰਾਜਬੀਰ ਗੁਰਦਵਾਰੇ ਦੇ ਬਕਸੂਏ ਦਾ ਬਦਲਾ ਚਾਹੁੰਦਾ ਸੀ।

ਘਰ ਪਹੁੰਚੀ ਜੋੜੀ ਨੂੰ ਮਾਂ ਨੇ ਬੁੱਕਲ ਵਿਚ ਲੈ ਲਿਆ।

"ਮਾਂ ਸਦਕੇ ਪੁੱਤਰੋ! ਜਵਾਨੀਆਂ ਮਾਣੋ; ਰੱਬ ਤੁਹਾਨੂੰ ਦੁੱਖ ਨਾ ਵਿਖਾਵੇ। ਸਦਾ ਗੁਰੂ ਰਾਖਾ ਰਹੇ।" ਉਸ ਦੋਵਾਂ ਦੇ ਸਿਰ ਆਪਣੀ ਧੌਣ ਨਾਲ ਜੋੜ ਲਏ।

"ਚਾਚੀ ਤੂੰ ਛੱਡ ਇਨ੍ਹਾਂ ਨੂੰ, ਸਾਨੂੰ ਆਪਣਾ ਹਿਸਾਬ ਕਿਤਾਬ ਬਰਾਬਰ ਕਰ ਲੈਣ ਦੇ।" ਨੱਕ ਵਾਲੀ ਖਰੂਦ ਕਰਨ ਨੂੰ ਤਿਆਰ ਖੜ੍ਹੀ ਸੀ। ਅਸਲ ਵਿਚ ਰਾਜਬੀਰ ਕਈ ਪੱਖਾਂ ਤੋਂ ਕੁੜੀਆਂ ਲਈ ਖਿੱਚ ਤੇ ਰਸ਼ਕ ਦਾ ਕਾਰਨ ਬਣਿਆ ਹੋਇਆ ਸੀ। ਸੱਸ ਦੇ ਪਰ੍ਹਾਂ ਹੁੰਦਿਆਂ ਹੀ ਮੁੰਡੇ ਨੇ ਕੁਰਸੀ ਖਿੱਚ ਕੇ ਝੱਟ ਮੱਲ ਲਈ।

"ਬਹੁਤੇ ਨਖ਼ਰਿਆਂ ਵਾਲੀਏ, ਮਿੱਡੇ ਨੱਕ ਵਾਲਾ ਮਿਲੇਗਾ।" ਏਨੀ ਕਹਿ ਕੇ ਉਹ ਟਾਹ ਟਾਹ ਹੱਸ ਪਿਆ।

"ਜੀਜਾ, ਜੀਜਾ! ਛਿੱਟੀ ਮਾਰਵਾਂ ਬੰਦਾ ਚੁਣਾਂਗੀ; ਤੂੰ ਮੈਨੂੰ ਕੀ ਸਮਝਦਾ ਏਂ?"

"ਮੈਂ ਤੈਨੂੰ ਤੋਤੀ ਸਮਝਦਾ ਆਂ, ਟਰੈਂ ਟਰੈਂ।" ਉਹ ਸਾਂਗ ਲਾ ਗਿਆ।

"ਪਹਿਲੀ ਗੱਲ ਗੁਰਦਵਾਰਾ ਕਰਕੇ ਤੇਰੀ ਜੁੱਤੀ ਨਹੀਂ ਚੁੱਕੀ; ਉਹਦੇ ਪੰਜਾਹ ਏਥੇ ਰੱਖ ਦੇ।" ਉਸ ਉਂਗਲ ਮੇਜ਼ 'ਤੇ ਮਾਰੀ।

"ਪੰਜਾਹ ਤੇਰਾ ਮੁੱਲ ਐ ਕਿ ਜੁੱਤੀ ਦਾ?"

"ਹੈ ਨੀ ਬੇਰੜਾ, ਕਿਵੇਂ ਭੌਂਕਦਾ ਏ। ਤੈਨੂੰ ਸ਼ਰਮ ਨਹੀਂ ਆਉਂਦੀ ਵੱਡੇ ਪੜ੍ਹੇ ਨੂੰ।" ਮਿਰਗਨੈਣੀ ਸੱਟ ਖਾ ਗਈ।

"ਤੂੰ ਜਿੰਨੇ ਵਿਚ ਰਾਜ਼ੀ ਹੋ ਜਾਵੇਂਗੀ, ਦੇ ਦਿਆਂਗਾ। ਪਹਿਲਾਂ ਮੇਰਾ ਸਲਾਮੀ ਵਾਲਾ ਨੋਟ?" ਉਸ ਨੂੰ ਕੁਝ ਯਾਦ ਆ ਗਿਆ।

"ਗੁਰੂ ਗ੍ਰੰਥ ਸਾਹਿਬ ਅੱਗੇ ਵਾਰਨੇ ਰੋਕ ਕੇ ਆਇਆ ਏਂ; ਹੁਣ ਬੇਸ਼ਰਮ ਹੋ ਕੇ ਮੰਗ ਵੀ ਲਏ।"

"ਹੋਰ ਕਿਸੇ ਤੋਂ ਦੁਆਨੀ ਨਹੀਂ ਲੈਣੀ, ਪਰ ਤੇਰੀ ਸਲਾਮੀ ਨਹੀਂ ਛੱਡਣੀ।"

"ਜ਼ਬਾਨੋ ਫਿਰ ਜਾਣ ਵਾਲਿਆਂ ਨੂੰ ਸਲਾਮੀ ਪਾ ਕੇ ਮੈਂ ਕਲੰਕ ਨਹੀਂ ਖੱਟਣਾ।" ਉਸ ਨਾਂਹ ਵਿਚ ਉਂਗਲ ਫੇਰੀ।

"ਤੂੰ ਰੁਪਈਆ ਮੱਥੇ ਮਾਰ ਨੀ ਵੱਡੇ ਨਿਗੋਚੀ ਦੇ।" ਮੋਟਾ ਨੱਕ ਨਖ਼ਰੇ ਨਾਲ ਸੁੜ੍ਹਾਕਾ ਮਾਰ ਗਿਆ।

"ਪਰ੍ਹੇ ਹਟੋ ਨੀ, ਮੁੰਡੇ ਨੂੰ ਕੁਝ ਖਾ ਲੈਣ ਦਿਓ।" ਨਸੀਬ ਕੌਰ ਥਾਲ ਵਿਚ ਮਿਠਾਈ ਤੇ ਸਬਜ਼ੀਆਂ ਰੱਖ ਲਿਆਈ।

"ਨੀ ਚਾਚੀ! ਵਾਹਗੁਰੂ, ਇਹ ਪਸ਼ੂ ਐ, ਐਨਾ ਚਰ ਕਰ ਜਾਵੇਗਾ?" ਮਿਰਗਨੈਣੀ ਮੁੜ ਉੱਤੋਂ ਦੀ ਚੜ੍ਹ ਗਈ।

"ਆ ਜਾਹ, ਤੂੰ ਨਾਲ ਬਹਿ ਜਾ। ਬੇ ਜੀ, ਇਨ੍ਹਾਂ ਨੂੰ ਬਾਹਰ ਕੱਢ ਕੇ ਕੁੰਡਾ ਮਾਰ ਦੇ, ਇਹ ਤਾਂ ਬੁਰਕੀਆਂ ਗਿਣਨਗੀਆਂ।" ਉਸ ਬੇ ਜੀ ਨੂੰ ਫ਼ਰਿਆਦ ਮਾਰੀ।

"ਚਾਚੀ ਤੂੰ ਗੰਢਾ ਤਾਂ ਲਿਆਈ ਨਹੀਂ।" ਉਹ ਸਾਰੀਆਂ ਹੱਸ ਪਈਆਂ।

"ਚਲੋ ਚਲੋ, ਬਹੁਤ ਹੋ ਗਈ ਖ਼ਰਮਸਤੀ।" ਚਾਚੀ ਕੁੜੀਆਂ ਨੂੰ ਬਾਹਰ ਵੱਲ ਧੱਕ ਰਹੀ ਸੀ।

"ਚਾਚੀ ਅਸੀਂ ਰਾਖੀ ਕਰਦੀਆਂ ਹਾਂ। ਇਨ੍ਹਾਂ ਦਾ ਕੀ, ਕੌਲੀਆਂ ਗਿਣ ਲਵੀਂ। ਚਮਚਾ ਤਾਂ ਜ਼ਰੂਰ ਜੇਬ੍ਹ ਵਿਚ ਪਾਵੇਗਾ।" ਕੁੜੀਆਂ ਰੌਲਾ ਪਾਉਂਦੀਆਂ ਬਾਹਰ ਆ ਗਈਆਂ। ਉਂ ਉਹ ਪ੍ਰਾਹੁਣੇ ਕੋਲੋਂ ਪਾਸੇ ਹੋਣਾ ਨਹੀਂ ਚਾਹੁੰਦੀਆਂ ਸਨ।

ਕੈਪਟਨ ਨਸੀਬ ਕੌਰ ਨੂੰ ਪਾਸੇ ਲੈ ਗਿਆ।

"ਖਟ ਵਜੋਂ ਕੀ ਦੇਈਏ? ਪਤਾ ਨਹੀਂ ਰਾਜਬੀਰ ਲਵੇਗਾ ਜਾਂ ਨਹੀਂ।"

"ਮੇਰੀ ਸਲਾਹ ਐ, ਮੁੰਡੇ ਨੇ ਆਪਣਾ ਬਹੁਤ ਕੁਝ ਸਿਆਣਪ ਨਾਲ ਬਚਾ ਦਿੱਤਾ ਹੈ। ਨਕਦ ਨਰਾਇਣ ਥਾਲੀ ਵਿਚ ਰੱਖ ਦੇਈਏ। ਨਕਦੀ ਕੋਈ ਨਹੀਂ ਛੱਡਦਾ।" ਸੋਨੇ ਦਾ ਕੜਾ ਉਸ ਦੇ ਹੱਥ ਵਿਚ ਫੜਿਆ ਹੋਇਆ ਸੀ।

"ਕਿੰਨੇ ਕੁ ਥਾਲੀ ਵਿਚ ਰੱਖੇ ਜਾਣ?"

"ਐਸ ਕੜੇ ਨਾਲ ਦਸ ਹਜ਼ਾਰ ਤਾਂ ਚਾਹੀਦਾ ਈ ਏ। ਸਾਡਾ ਤਾਂ ਵੀਹ ਪੱਚੀ ਲੱਗ ਜਾਣਾ ਸੀ।"

"ਦਸ ਨਾ ਗਿਆਰ੍ਹਾਂ ਕਰ, ਬੂਟਿਆਂ ਵਾਲਾ ਲਾਲ ਰੁਮਾਲ ਉੱਤੇ ਦੇ ਲਿਆ।" ਕੈਪਟਨ ਨੇ ਇੱਕ ਤਰ੍ਹਾਂ ਹਦਾਇਤ ਦਿੱਤੀ।

ਗੁਰਬਖ਼ਸ਼ ਸਿੰਘ ਨੇ ਬੈਠਕ ਵਿਚੋਂ ਸਭ ਨੂੰ ਬਾਹਰ ਕੱਢ ਦਿੱਤਾ; ਬਸ ਇੱਕ ਨਸੀਬ ਕੌਰ ਦਾ ਭਰਾ ਨਾਲ ਸੀ। ਉਹ ਰਾਜਬੀਰ ਦੀ ਕੁਰਸੀ ਸਾਹਮਣੇ ਨਵਾਰੀ ਪਲੰਘ 'ਤੇ ਬਹਿ ਗਏ।

"ਦੇਖ ਬਈ ਰਾਜਬੀਰ ਪੁੱਤਰਾ, ਤੂੰ ਸਾਡੀ ਬਹੁਤ ਬੱਚਤ ਕੀਤੀ ਐ; ਅਸੀਂ ਤੇਰਾ ਦੇਣ ਨਹੀਂ ਦੇ ਸਕਦੇ।"

"ਚਾਚਾ ਜੀ ਇਹ ਮੇਰਾ ਆਪਣਾ ਘਰ ਐ, ਮੈਂ ਫਾਲਤੂ ਖ਼ਰਚ ਕਿਉਂ ਕਰਵਾਵਾਂ। ਵਾਧੂ ਦੀ ਧਾਤਾ ਧਾਤਾ ਵਿਚੋਂ ਬਦਨਾਮੀ ਹੀ ਪੱਲੇ ਪੈਂਦੀ ਐ। ਕਿਸੇ ਨੇ ਕੁਝ ਕਹਿਣਾ ਸੀ, ਕਿਸੇ ਨੇ ਕੁਝ।" ਰਾਜਬੀਰ ਸਹਿਜ ਸਹਿਜ ਕਹਿ ਗਿਆ।

ਏਨੇ ਚਿਰ ਨੂੰ ਨਸੀਬ ਕੌਰ ਨੇ ਥਾਲ ਉਸ ਅੱਗੇ ਰੱਖ ਕੇ ਰੁਮਾਲ ਚੁੱਕ ਦਿੱਤਾ। ਮੁੰਡਾ ਨੋਟਾਂ ਦਾ ਢੇਰ ਵੇਖ ਕੇ ਘਬਰਾ ਗਿਆ।

"ਬੱਸ ਪੁੱਤਰਾ, ਗਰੀਬੋ ਗਰੀਬੀ ਪ੍ਰਵਾਨ ਕਰੋ।" ਸੱਸ ਨੇ ਨਿਤਾਣਾ ਪੱਖ ਅਪਣਾਇਆ ਹੋਇਆ ਸੀ।

"ਗ਼ਰੀਬੋ ਗ਼ਰੀਬੀ ਨਹੀਂ, ਬੇ ਜੀ ਇਹ ਤਾਂ ਥੋੜ੍ਹੇ ਐ।" ਰਾਜਬੀਰ ਸੰਜੀਦਾ ਹੋ ਗਿਆ।

ਕਪਤਾਨ ਦਾ ਹੈਰਾਨੀ ਵਿਚ ਮੂੰਹ ਖੁੱਲ੍ਹ ਗਿਆ। ਇਹ ਕੀ ਹੋ ਗਿਆ, ਐਨ ਆਸ ਦੇ ਉਲਟ।

"ਪੁੱਤਰਾ, ਖੁੱਲ੍ਹ ਕੇ ਦੱਸ ਕੀ ਚਾਹੀਦਾ ਏ?" ਮਾਮੇ ਨੇ ਹੌਸਲੇ ਨਾਲ ਪੁੱਛਿਆ।

"ਅਸੀਂ ਤੇਰੇ ਤੋਂ ਜਿੰਦ ਵਾਰ ਸਕਦੇ ਆਂ ਪੁੱਤਰਾ, ਤੂੰ ਕਹਿ ਸਹੀ।" ਨਸੀਬ ਕੌਰ ਦਾ ਵੀ ਅੰਦਰ ਕੰਬ ਗਿਆ ਸੀ।

"ਇਨ੍ਹਾਂ 'ਤੇ ਇੱਕ ਰੁਪਈਆ ਤਾਂ ਹੋਰ ਰੱਖੋ?"

ਏਨੀ ਸੁਣ।ਦਿਆਂ ਹੀ ਸਾਰਿਆਂ ਦਾ ਹਾਸਾ ਨਿਕਲ ਗਿਆ। ਉਦੋਂ ਤੱਕ ਗੁਰਤੇਜ ਵੀ ਅੰਦਰ ਆ ਗਿਆ ਸੀ।

"ਬਸ, ਆਹ ਲੈ ਦਸਾਂ ਦਾ ਨੋਟ।" ਕੈਪਟਨ ਨੇ ਥਾਲੀ ਵਿਚ ਨੋਟ ਰੱਖ ਦਿੱਤਾ।

"ਨਾ ਚਾਚਾ ਜੀ, ਇਹ ਗ਼ਲਤ, ਦਸਾਂ ਦਾ ਨੋਟ ਚੁੱਕੋ, ਕੇਵਲ ਇੱਕ ਰੁਪਈਆ।"

"ਲੈ ਯਾਰ ਤੂੰ ਜਿਵੇਂ ਖੁਸ਼ ਹੋ ਸਕਦਾ ਏਂ, ਹੋ।" ਗੁਰਤੇਜ ਨੇ ਆਪਣੀ ਜੇਬ੍ਹ ਵਿਚੋਂ ਰੁਪਈਏ ਦਾ ਸਿੱਕਾ ਨੋਟਾਂ 'ਤੇ ਰੱਖ ਦਿੱਤਾ।

"ਬਸ ਏਸ ਦੀ ਲੋੜ ਸੀ, ਜੇਬ੍ਹ ਖ਼ਰਚ ਨੂੰ।" ਰਾਜਬੀਰ ਨੇ ਰੁਪਈਆ ਚੁੱਕ ਲਿਆ। "ਤੁਹਾਡਾ ਲੱਖ ਮਣਾਂ। ਇਹ ਸਭ ਮਾਲ ਗੁਰਤੇਜ ਤੇਰਾ; ਤੂੰ ਹਾਲੇ ਵਿਆਹ ਕਰਵਾਉਣਾ ਏ।" ਉਸ ਥਾਲੀ ਮੱਲੋਜ਼ੋਰੀ ਗੁਰਤੇਜ ਨੂੰ ਫੜਾ ਦਿੱਤੀ। "ਬੇ ਜੀ, ਮੈਨੂੰ ਸ਼ਰਮਿੰਦਾ ਨਾ ਕਰੋ। ਤੁਸਾਂ ਇੱਕ ਹੀਰਾ ਮੈਨੂੰ ਦੇ ਦਿੱਤਾ ਹੈ। ਮੈਂ ਆਪਣਾ ਹੀ ਘਰ ਲੁੱਟਣ ਨਹੀਂ ਆਇਆ। ਹੁਣ ਸਾਡੇ ਜਾਣ ਦੀ ਤਿਆਰੀ ਕਰੋ। ਅਸਾਂ ਦਰਬਾਰ ਸਾਹਿਬ ਮੱਥਾ ਟੇਕ ਕੇ ਘਰ ਜਾਣਾ ਹੈ; ਅਵੇਰ ਹੋ ਜਾਂਵੇਗੀ।"

ਘਰ ਦੀ ਖੁਸ਼ੀ ਬਨੇਰਿਆਂ ਤੋਂ ਬਾਹਰ ਉੱਛਲੀ ਜਾ ਰਹੀ ਸੀ। ਉਹ ਸੋਚ ਰਹੇ ਸਨ, ਸਾਡੇ ਐਨੇ ਚੰਗੇ ਭਾਗ, ਮੁੰਡਾ ਸੋਨੇ ਦਾ ਕੰਗਣ ਮਿਲਿਆ। ਸਤਿਗੁਰੂ ਸਭ ਦੇ ਕਾਜ ਸੁਹੇਲੇ ਕਰੇ। ਉਹ ਗੁਰੂ ਦਾ ਧੰਨਵਾਦ ਕਰਦੇ ਨਹੀਂ ਥੱਕਦੇ ਸਨ।

* * *

ਮਾਂ ਬਾਪ ਨੇ ਬੜੇ ਚਾਵਾਂ ਨਾਲ ਧੀ ਜਵਾਈ ਨੂੰ ਤੋਰਿਆ। ਸਕੂਟਰ ਦੀ ਟੋਕਰੀ ਵਿਚ ਕੁੜਮਾਂ ਲਈ ਮਿਠਾਈ ਰੱਖੀ ਹੋਈ ਸੀ। ਹਰਸ਼ਰਨ ਦੇ ਕੱਪੜਿਆਂ ਵਾਲਾ ਬੈਗ ਰਾਜਬੀਰ ਨੇ ਅੱਗੇ ਆਪਣੀਆਂ ਲੱਤਾਂ ਵਿਚ ਲਿਆ ਹੋਇਆ ਸੀ। ਰਾਜਬੀਰ ਨੇ ਦੋਵਾਂ ਚੀਜ਼ਾਂ ਦਾ ਵਿਰੋਧ ਨਾ ਕੀਤਾ। ਚਾਚੇ ਤੇ ਬੀਜੀ ਦੇ ਥੋੜ੍ਹਾ ਪਿਛਾਂਹ ਹਟਣ ਨਾਲ ਕੁੜੀਆਂ ਹਰਸ਼ਰਨ ਨੂੰ ਘੁੱਟ ਘੁੱਟ ਮਿਲ ਰਹੀਆਂ ਸਨ। ਜਦੋਂ ਮਿਰਗਨੈਣੀ ਹਰਸ਼ਰਨ ਦੇ ਮੋਢੇ 'ਤੇ ਸਿਰ ਰੱਖ ਕੇ ਬੁਸਕਣ ਲੱਗੀ ਤਾਂ ਰਾਜਬੀਰ ਨੇ ਉਸ ਦਾ ਨੱਕ ਮਰੋੜ ਸੁੱਟਿਆ।

"ਬੁਹਕਦੀ ਕਿਉਂ ਏਂ, ਨਾਲ ਈ ਬਹਿ ਚੱਲ।"

ਕੁੜੀ ਭਰੀਆਂ ਅੱਖਾਂ ਨਾਲ ਮੂੰਹ ਚਿੜਾ ਗਈ। ਉਸ ਕਿੱਕ ਮਾਰ ਕੇ ਸਕੂਟਰ ਸਟਾਰਟ ਕਰ ਲਿਆ ਤੇ ਹੱਥ ਚੁੱਕ ਕੇ ਸਾਰਿਆਂ ਨੂੰ ਫ਼ਤਹਿ ਬੁਲਾਈ। ਉਹ ਛੇਤੀ ਹੀ ਸੜਕ ਆ ਚੜ੍ਹੇ। ਦੋਵੇਂ ਚੁੱਪ-ਗੜੁੱਪ, ਕੋਈ ਵੀ ਗੱਲ ਨਹੀਂ ਕਰ ਰਿਹਾ ਸੀ। ਜਦੋਂ ਤਰਨ ਤਾਰਨ ਆਏ, ਰਾਜਬੀਰ ਨੇ ਸਕੂਟਰ ਰੋਕ ਲਿਆ।

"ਕੁਝ ਲੈਣਾ ਏਂ ਤਾਂ ਦੱਸ?" ਉਸ ਦੀ ਹਰਸ਼ਰਨ ਨੂੰ ਇਹ ਪਹਿਲੀ ਪੁੱਛ ਸੀ।

"ਜੋ ਲੈਣਾ ਸੀ ਲੈ ਲਿਆ।" ਉਸ ਦੇ ਉਦਾਸ ਚਿਹਰੇ 'ਤੇ ਲਾਲੀ ਚੜ੍ਹਦੀ ਆ ਰਹੀ ਸੀ।

"ਨਹੀਂ, ਤੇਰੀ ਕੋਈ ਰੀਝ? ਤੂੰ ਗਹਿਣੇ ਨਾ ਲਿਆਉਣ ਕਾਰਨ ਨਾਰਾਜ਼ ਤਾਂ ਨਹੀਂ?"

"ਗਹਿਣਿਆਂ ਦਾ ਸਿਰਤਾਜ ਹੀਰਾ ਜੋ ਮਿਲ ਗਿਆ। ਹੋਰ ਕੁਝ ਨਹੀਂ ਚਾਹੀਦਾ।" ਹਰਸ਼ਰਨ ਨੇ ਭਰਪੂਰ ਤਸੱਲੀ ਨਾਲ ਆਖਿਆ।

"ਜੋਂਦ ਨਾ ਲਿਆਉਣ ਕਾਰਨ ਤੇਰੇ ਮਾਂ ਬਾਪ ਦੀ ਵੱਢੀ ਤਾਂ ਨਹੀਂ ਗਈ?" ਉਹ ਦਿਲੋਂ ਮਹਿਸੂਸ ਕਰ ਰਿਹਾ ਸੀ।

"ਲੈ ਆਉਂਦੇ ਚੰਗਾ ਸੀ, ਨਹੀਂ ਲਿਆਏ ਫੇਰ ਵੀ ਵਧੀਆ ਏ। ਨਾ ਲਿਆ ਕੇ ਤੁਸਾਂ ਸਾਰੇ ਪਿੰਡ ਦੀ ਸ਼ੋਭਾ ਖੱਟੀ ਏ।"

"ਮੈਨੂੰ ਤੇਰੀ ਖੁਸ਼ੀ ਚਾਹੀਦੀ ਐ, ਪਿੰਡ ਦੀ ਨਹੀਂ?"

"ਹੁਣ ਤਾਂ ਤੁਹਾਡੀ ਖੁਸ਼ੀ ਹੀ ਮੇਰੀ ਖੁਸ਼ੀ ਐ।"

"ਜੀ ਕਰਦਾ ਏ ਤੇਰੇ ਉੱਤੋਂ ਕੁਰਬਾਨ ਹੋ ਜਾਵਾਂ।"

"ਕੋਈ ਨਾ ਕੁਰਬਾਨ ਹੋਣ ਲਈ ਬਥੇਰੀ ਪਈ ਐ।"

"ਫੇਰ ਚੱਲੀਏ?" ਉਸ ਸਕੂਟਰ ਨੂੰ ਕਿੱਕ ਮਾਰੀ।

"ਰਾਹ ਵਿਚ ਰਾਤ ਕੱਟਣ ਦੀ ਸਲਾਹ ਤਾਂ ਨਹੀਂ?"

"ਬੱਲੇ ਹੀਰੀਏ!" ਉਸ ਗੇਅਰ ਪਾ ਕੇ ਸਕੂਟਰ ਸਿੱਧਾ ਸੜਕ ਨੂੰ ਕਰ ਲਿਆ। ਦਿਨ ਲਹਿੰਦਾ ਵੇਖ ਕੇ ਉਸ ਸਕੂਟਰ ਹੋਰ ਤੇਜ਼ ਕਰ ਦਿੱਤਾ।

"ਹੌਲੀ!" ਸਕੂਟਰ ਹੇਠੋਂ ਨਿਕਲਦਾ ਵੇਖ ਹਰਸ਼ਰਨ ਘਬਰਾਈ। "ਮੈਨੂੰ ਡਰ ਲੱਗਦਾ ਏ, ਕਦੇ ਬੈਠੀ ਨਹੀਂ। ਕਿਤੇ ਪਿਛਾਂਹ ਹੀ ਨਾ ਸੁੱਟ ਜਾਇਓ।"

"ਤੂੰ ਮੇਰੇ ਲੱਕ ਨੂੰ ਬਾਂਹ ਕਿਉਂ ਨਹੀਂ ਪਾਉਂਦੀ।" ਉਸ ਖੱਬੇ ਹੱਥ ਨਾਲ ਉਸ ਦਾ ਗੁੱਟ ਫੜ ਕੇ ਆਪਣੇ ਲੱਕ ਨੂੰ ਵਲ਼ ਦੇ ਲਿਆ। "ਜੇ ਥੋੜ੍ਹਾ ਘੁੱਟ ਲਵੇਂ, ਆਰਾਮ ਜਿਹਾ ਆਉਂਦਾ ਏ।"

"ਸਕੂਟਰ ਧਿਆਨ ਨਾਲ ਚਲਾਓ, ਕਿਤੇ ਆਹਲਾ ਨਾ ਕਰ ਦਿਓ।" ਪਿੱਛੇ ਬੈਠੀ ਹਰਸ਼ਰਨ ਦੀ ਸੰਗ੍ਹ ਮੁਸਕਰਾ ਪਈ। ਰੰਗਲਾ ਭਵਿੱਖ ਉਹਦੇ ਅੰਦਰ ਧੜਕਣਾਂ ਨੂੰ ਹਾਲ ਪਾ ਰਿਹਾ ਸੀ।

"ਤੈਨੂੰ ਰੇਲ ਦੀ ਲੀਹ 'ਤੇ ਹੱਥ ਛੱਡ ਕੇ ਚਲਾ ਕੇ ਵਿਖਾਵਾਂ?" ਰਾਜਬੀਰ ਥੋੜ੍ਹਾ ਲਾਚੜ ਗਿਆ ਸੀ।

"ਹਾਏ ਰੱਬਾ, ਮਿਹਰ ਕਰੋ, ਹੌਲੀ। ਮੇਰਾ ਕਾਲਜਾ ਬਾਹਰ ਆ ਰਿਹਾ ਜੇ।" ਸਕੂਟਰ ਦੀ ਰਫ਼ਤਾਰ ਤੋਂ ਉਹ ਤ੍ਰਹਿ ਤ੍ਰਹਿ ਜਾਂਦੀ ਸੀ।

ਇਸ ਤਰ੍ਹਾਂ ਦੀ ਵਾਰਤਾਲਾਪ ਕਰਦੇ ਉਹ ਸ੍ਰੀ ਦਰਬਾਰ ਸਾਹਿਬ ਪਹੁੰਚ ਗਏ। ਸਕੂਟਰ ਪਾਰਕ ਕੀਤਾ। ਫ਼ੌਜੀਆਂ ਉਨ੍ਹਾਂ ਦੀ ਤਲਾਸ਼ੀ ਲਈ। ਸੂਟਕੇਸ ਤੇ ਮਿਠਾਈ ਉਨ੍ਹਾਂ ਨਾਲ ਚੁੱਕੀ ਹੋਈ ਸੀ। ਆਥਣ ਹੋਣ ਕਾਰਨ ਭੀੜ ਥੋੜ੍ਹੀ ਸੀ। ਜੁੱਤੀਆਂ ਜੋੜਾ ਘਰ ਲਾਹੀਆਂ। ਪੈਰ ਧੋ ਕੇ ਉਹ ਪਰਕਰਮਾ ਵਿਚ ਆ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹਾਲ ਵੇਖ ਕੇ ਹੈਰਾਨੀ ਵਿਚ ਉਨ੍ਹਾਂ ਦੇ ਮੂੰਹ ਅੱਡੇ ਹੀ ਰਹਿ ਗਏ। ਰਾਜਬੀਰ ਨੂੰ ਘੇਰ ਪੈਣ ਵਾਲੀ ਹੋ ਗਈ।

"ਬਾਬਾ ਤੇਰੀ ਇੱਟ ਇੱਟ ਖਿਲਾਰ ਦਿੱਤੀ। ਗੁਰੂ ਤੇਰਾ ਤਖ਼ਤ ਤੋੜ ਸੁੱਟਿਆ। ਜ਼ੁਲਮ ਦਾ ਨਾਸ਼ ਕਰਨ ਵਾਲੇ ਤੇ ਸਰਬੱਤ ਦਾ ਭਲਾ ਚਾਹੁਣ ਵਾਲੇ ਨੂੰ ਖੰਡਰ ਬਣਾ ਘੱਤਿਆ।"

ਉਹਦੀਆਂ ਅੱਖਾਂ ਭਰ ਆਈਆਂ। ਹਰਸ਼ਰਨ ਵੇਖਿਆ ਤਾਂ ਉਹ ਰਾਜਬੀਰ ਦੀ ਬਾਂਹ ਨਾਲ ਚੰਬੜ ਗਈ, ਚੁੱਪ-ਚਾਪ। ਸਾਡੇ ਧਰਮ ਅਸਥਾਨ ਢਾਹੁਣ ਵਾਲਿਓ ਤੁਹਾਡਾ ਇਸੇ ਤਰ੍ਹਾਂ ਖੇਹ ਹੋ ਜਾਵੇ। ਉਨ੍ਹਾਂ ਭਰੇ ਪੀਤਿਆਂ ਨੇ ਦੇਗ ਲੈ ਕੇ ਦਰਬਾਰ ਸਾਹਿਬ ਜਾ ਮੱਥਾ ਟੇਕਿਆ। ਹੱਥ ਜੋੜ ਅਰਦਾਸ ਗੁਜ਼ਾਰੀ:

"ਗੁਰੂ ਸਰਬੱਤ ਦਾ ਭਲਾ ਕਰੀਂ। ਤੇਰੀ ਹੀ ਓਟ ਹੈ।"

ਉਹ ਦੇਗ ਬੁੱਕਾਂ ਵਿਚ ਲੈ ਕੇ ਬਾਹਰ ਆ ਗਏ। ਸ੍ਰੀ ਅਕਾਲ ਤਖ਼ਤ ਦੀ ਬਰਬਾਦ ਹਾਲਤ ਵੇਖ ਕੇ ਰਾਜਬੀਰ ਰੋਹ ਵਿਚ ਆ ਗਿਆ।

"ਸਾਡੇ ਪੁਰਖੇ ਇਨ੍ਹਾਂ ਕਰਤੂਤੀਆਂ ਲਈ ਸ਼ਹੀਦ ਹੁੰਦੇ ਰਹੇ। ਆਜ਼ਾਦੀ ਜਿੱਤਣ ਲਈ ਫ਼ਾਂਸੀਆਂ 'ਤੇ ਝੂਲਦੇ ਰਹੇ। ਇਨ੍ਹਾਂ ਅਕ੍ਰਿਤਘਣਾਂ ਸਾਡਾ ਸ੍ਰੀ ਅਕਾਲ ਤਖ਼ਤ ਤੋਪਾਂ ਨਾਲ ਆ ਢਾਹਿਆ, ਜਿਹੜਾ ਸਾਰੇ ਮਜ਼ਲੂਮਾਂ ਨੂੰ ਪਨਾਹ ਦੇਂਦਾ ਸੀ। ਹਾਏ ਨੀ ਇੰਦਰਾ ਤੇਰੀ ਖੋਟੀ ਰਾਜਨੀਤੀ ਤੇ ਬਦਲੇਖ਼ੋਰ ਨੀਅਤ। ਪਾਪਣੇ, ਤੈਨੂੰ ਕਿਹੜੇ ਜੁੱਗ ਢੋਈ ਮਿਲੇਗੀ।"

ਉਹ ਹੰਝੂ ਭਰੀਆਂ ਅੱਖਾਂ ਨਾਲ ਦੋਵੇਂ ਉਦਾਸ, ਉਦਾਸ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਆ ਗਏ।

ਅੱਠਤੀਵਾਂ ਕਾਂਡ

ਸਾਰੇ ਸਿੱਖ ਜਗਤ ਦੀਆਂ ਅੱਖਾਂ ਸ੍ਰੀ ਅੰਮ੍ਰਿਤਸਰ 'ਤੇ ਲੱਗੀਆਂ ਹੋਈਆਂ ਸਨ, ਖ਼ਾਸ ਤੌਰ 'ਤੇ ਸ੍ਰੀ ਅਕਾਲ ਤਖ਼ਤ ਦੀ ਖੰਡਰ ਹੋਈ ਹਾਲਤ ਵੇਖੀ ਨਹੀਂ ਜਾਂਦੀ ਸੀ। ਜਿੱਥੇ ਲੋਕ ਸਰਕਾਰ ਨੂੰ ਬੁਰਾ ਭਲਾ ਆਖ ਰਹੇ ਸਨ, ਉੱਥੇ ਸੰਤ ਜਰਨੈਲ ਸਿੰਘ ਨੂੰ ਵੀ ਕੋਸ ਰਹੇ ਸਨ। ਜਿਸ ਦਿਨ ਸੰਤ ਹਰਚੰਦ ਸਿੰਘ, ਪ੍ਰਧਾਨ ਗੁਰਚਰਨ ਸਿੰਘ ਟੌਹੜਾ ਤੇ ਸਕੱਤਰ ਸ਼੍ਰੋਮਣੀ ਕਮੇਟੀ ਗ੍ਰਿਫ਼ਤਾਰ ਹੋਏ ਸਨ, ਉਸ ਦਿਨ ਬੀਬੀ ਅਮਰਜੀਤ ਕੌਰ ਪਤਨੀ ਸ਼ਹੀਦ ਫ਼ੌਜਾ ਸਿੰਘ ਵੀ ਨਾਲ ਗ੍ਰਿਫ਼ਤਾਰ ਹੋਈ ਸੀ। ਉਹ ਅਖੰਡ ਕੀਰਤਨੀ ਜਥੇ ਨਾਲ ਸਬੰਧ ਰੱਖਦੀ ਸੀ। ਉਸ ਬੜੇ ਦੁਖੀ ਹਿਰਦੇ ਨਾਲ ਕਿਹਾ ਸੀ,

"ਚੰਗਾ ਸੀ, ਸੰਤ ਜਰਨੈਲ ਸਿੰਘ ਗੁਰਧਾਮ ਦੀ ਬੇਅਦਬੀ ਨਾ ਕਰਵਾਉਂਦਾ। ਲੜਨਾ ਸੀ ਤਾਂ ਸ੍ਰੀ ਅਕਾਲ ਤਖ਼ਤ ਤੋਂ ਬਾਹਰ ਆ ਕੇ ਲੜਦਾ ਤੇ ਸ਼ਹੀਦੀ ਪ੍ਰਾਪਤ ਕਰਦਾ ਜਾਂ ਪੇਸ਼ ਹੋ ਜਾਂਦਾ। ਸ੍ਰੀ ਅਕਾਲ ਤਖ਼ਤ ਦੀ ਐਨੀ ਦੁਰਦਸ਼ਾ ਨਹੀਂ ਸੀ ਕਰਵਾਉਣੀ ਚਾਹੀਦੀ।"

ਦੋਵਾਂ ਭਾਂਤਾਂ ਦੀਆਂ ਇਸ ਤਰ੍ਹਾਂ ਗੱਲਾਂ ਚੱਲ ਰਹੀਆਂ ਸਨ। ਤਨਖ਼ਾਹੀਏ ਗਿਆਨੀ ਜ਼ੈਲ ਸਿੰਘ ਨੇ ਚਿੱਠੀ ਭੇਜ ਕੇ ਸਪਸ਼ਟੀਕਰਨ ਦੇ ਦਿੱਤਾ:—

"ਮੈਂ ਜੁੱਤੀ ਪਾ ਕੇ ਦਰਬਾਰ ਸਾਹਿਬ ਨਹੀਂ ਆਇਆ। ਮੈਨੂੰ ਪਵਿੱਤਰਤਾ ਦਾ ਖਿਆਲ ਸੀ। ਛਤਰੀ ਮੇਰੇ ਸਿਰ 'ਤੇ ਕਿਸੇ ਸਰਕਾਰੀ ਅਫ਼ਸਰ ਨੇ ਕੀਤੀ ਸੀ, ਪਰ ਮੈਂ ਹਟਾ ਦਿੱਤੀ ਸੀ। ਮੇਰੇ ਮਨ ਵਿਚ ਸਾਰੇ ਹੀ ਗੁਰਦੁਆਰਿਆਂ ਦਾ ਪੂਰਨ ਸਤਿਕਾਰ ਹੈ, ਜਿਨ੍ਹਾਂ ਦੀ ਬੇਅਦਬੀ ਹੋਈ ਹੈ। ਨੀਲਾ ਤਾਰਾ ਭਾਣਾ ਵਰਤਣ ਦੀ ਸਕੀਮ ਸਰਕਾਰ ਨੇ ਮੇਰੇ ਕੋਲੋਂ ਲੁਕਾਈ ਰੱਖੀ ਸੀ।"

ਸਿੰਘ ਸਾਹਿਬ ਸ੍ਰੀ ਅਕਾਲ ਤਖ਼ਤ ਤੇ ਦੂਜੇ ਪਿਆਰਿਆਂ ਨੇ ਇਸ ਨੂੰ ਸਪਸ਼ਟ ਮੰਨ ਲਿਆ। ਇੱਕ ਗ੍ਰੰਥੀ ਭਾਈ ਥੋੜ੍ਹਾ ਔਖਾ ਸੀ।

"ਇਹ ਫਿਰ ਕਾਹਦਾ ਰਾਸ਼ਟਰਪਤੀ ਸੀ, ਜੇ ਇਸ ਤੋਂ ਚੋਰੀ ਹਮਲਾ ਕੀਤਾ। ਹਮਲੇ ਦੀ ਮਨਜ਼ੂਰੀ ਤਾਂ ਇਸ ਹੀ ਦੇਣੀ ਸੀ।"

"ਆਪਾਂ ਸਭ ਨੂੰ ਪਤਾ ਹੈ, ਇਹਨੂੰ ਰਾਸ਼ਟਰਪਤੀ ਇੰਦਰਾ ਨੇ ਕਿਉਂ ਬਣਾਇਆ ਏ। ਹੁਕਮਰਾਨੀ ਇੰਦਰਾ ਦੀ ਸੀ ਅਤੇ ਉਹ ਤਾਂ ਰਬੜ ਦੀ ਮੋਹਰ ਵਰਤਦੀ ਸੀ।"

"ਹੁਣ ਉਸ ਦੇ ਸਪਸ਼ਟੀਕਰਨ 'ਤੇ ਹੀ ਉਸ ਨੂੰ ਮਾਫ਼ੀ ਦੇ ਦੇਈਏ? ਘੱਟੋ-ਘੱਟ ਉਹ ਸ੍ਰੀ ਅਕਾਲ ਤਖ਼ਤ 'ਤੇ ਆ ਕੇ ਮਾਫ਼ੀ ਮੰਗੇ।" ਪਹਿਲੇ ਗ੍ਰੰਥੀ ਨੇ ਆਪਣੀ ਰਾਏ ਮੀਟਿੰਗ ਵਿਚ ਰੱਖ ਦਿੱਤੀ।

ਇਸ ਇਤਰਾਜ਼ ਨੂੰ ਵਾਜਬ ਮੰਨ ਲਿਆ ਕਿ ਗਿਆਨੀ ਜ਼ੈਲ ਸਿੰਘ ਆਪ ਆ ਕੇ ਮਾਫ਼ੀ ਮੰਗੇ। ਇਹੀ ਕੁਝ ਉਸ ਨੂੰ ਲਿਖ ਘੱਲਿਆ। ਸੋ, 27 ਸਤੰਬਰ ਨੂੰ ਗਿਆਨੀ ਜ਼ੈਲ ਸਿੰਘ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਸਿੰਘ ਸਾਹਿਬਾਨ ਦੇ ਅੱਗੇ ਪੇਸ਼ ਹੋਇਆ। ਮਾਫ਼ੀ ਮੰਗਦਿਆਂ ਉਸ ਆਖਿਆ:—

"ਹਮਲੇ ਬਾਰੇ ਮੈਨੂੰ ਪੰਜ ਜੂਨ ਤੱਕ ਪਤਾ ਨਹੀਂ ਲੱਗਣ ਦਿੱਤਾ ਗਿਆ।"

"ਪੰਜ ਤਰੀਕ ਤੋਂ ਪਹਿਲਾਂ ਦੀਆਂ ਅਖ਼ਬਾਰਾਂ ਤੁਸੀਂ ਨਹੀਂ ਪੜ੍ਹਦੇ ਰਹੇ, ਰੇਡਿਓ ਨਹੀਂ ਸੁਣਦੇ ਰਹੇ।" ਜਥੇਦਾਰ ਨੇ ਪੁੱਛ ਕੀਤੀ।

"ਤੁਸੀਂ ਯਕੀਨ ਕਰੋ, ਮੈਨੂੰ ਹਨੇਰੇ ਵਿਚ ਰੱਖਿਆ ਗਿਆ।" ਉਹ ਚੁਸਤ ਰਾਜਨੀਤੀ ਵਰਤ ਗਿਆ।

"ਤੁਸੀਂ ਤਿੰਨ ਫ਼ੌਜਾਂ ਦੇ ਸਰਬਰਾਹ, ਤੁਹਾਡੀ ਮਨਜ਼ੂਰੀ ਬਿਨਾਂ ਹਮਲਾ ਕਿਵੇਂ ਹੋ ਗਿਆ?" ਗ੍ਰੰਥੀ ਭਾਈ ਪੁੱਛ ਗਿਆ।

"ਮੈਂ ਆਰਡਰਾਂ 'ਤੇ ਦਸਤਖ਼ਤ ਨਹੀਂ ਕੀਤੇ।"

"ਬਿਨਾਂ ਦਸਤਖ਼ਤਾਂ ਹਮਲਾ ਕਿਵੇਂ ਕਰ ਦਿੱਤਾ ਗਿਆ?" ਸਿੰਘ ਸਾਹਿਬ ਚੁੱਪ-ਸਾਧ ਗਏ। ਸੋਚਿਆ, ਸਿੱਖਾਂ ਦਾ ਰਾਸ਼ਟਰਪਤੀ ਮਸਾਂ ਬਣਿਆ ਹੈ, ਸੋ ਮਾਫ਼ ਕਰ ਦਿੱਤਾ ਜਾਣਾ ਚਾਹੀਦਾ ਹੈ।

ਪੰਜ ਪਿਆਰਿਆਂ ਨੂੰ ਏਹੀ ਮਾਣ ਲੈ ਬੈਠਾ ਕਿ ਦੇਸ਼ ਦਾ ਪ੍ਰੈਜ਼ੀਡੈਂਟ ਸਾਡੇ ਸਾਹਮਣੇ ਦੋਸ਼ੀਆਂ ਵਾਂਗ ਪੇਸ਼ ਹੋਇਆ ਏ। ਇਸ ਤਰ੍ਹਾਂ ਗਿਆਨੀ ਜ਼ੈਲ ਸਿੰਘ ਮਾਫ਼ੀ ਮੰਗ ਕੇ ਸੁਰਖ਼ਰੂ ਹੋ ਗਿਆ। ਆਮ ਸੰਗਤ ਆਖ ਰਹੀ ਸੀ, ਗਿਆਨੀ ਜ਼ੈਲ ਸਿੰਘ ਨਾਲ ਰਿਆਇਤ ਵਰਤੀ ਗਈ ਐ।

ਬਾਕੀ ਸਾਰੇ ਤਨਖ਼ਾਹੀਏ ਸ੍ਰੀ ਅਕਾਲ ਤਖ਼ਤ ਦੇ ਪੰਜ ਪਿਆਰਿਆਂ ਪਾਸੋਂ ਮਾਫ਼ੀ ਲੈ ਕੇ ਬਰੀ ਹੋ ਗਏ ਸਨ, ਪਰ ਨਿਹੰਗ ਸੰਤਾ ਸਿੰਘ, ਕੇਂਦਰੀ ਮੰਤਰੀ ਬੂਟਾ ਸਿੰਘ ਅਤੇ ਸੰਤ ਨਰੈਣ ਸਿੰਘ ਜੱਟ ਨੇ ਆਕੜ ਨਹੀਂ ਛੱਡੀ। ਜਥੇਦਾਰ ਸੰਤਾ ਸਿੰਘ ਨਿਹੰਗ ਸੰਪਰਦਾ ਦਾ ਮੁਖੀ ਹੋਣ ਕਾਰਨ ਪੰਜ ਪਿਆਰਿਆਂ ਨੂੰ ਆਪਣੇ ਨਾਲੋਂ ਛੋਟੇ ਟਿੱਡੇ, ਪਪੀਹੇ ਹੀ ਸਮਝਦਾ ਸੀ। ਉਹ ਸ੍ਰੀ ਅਕਾਲ ਤਖ਼ਤ ਨੂੰ ਅਕਾਲੀ ਫੂਲਾ ਸਿੰਘ ਦੀ ਵਿਰਾਸਤ ਕਾਰਨ ਆਪਣਾ ਸਮਝਦਾ ਸੀ ਤੇ ਉਹ ਸਰਕਾਰੀ ਤਾਕਤ ਦੀ ਮਦਦ ਨਾਲ ਆਪ ਮਾਲਕ ਬਣਨਾ ਚਾਹੁੰਦਾ ਸੀ। ਅਕਾਲੀਆਂ ਨਾਲ ਉਸ ਦੀ ਪੂਰੀ ਖੜਕਦੀ ਸੀ। ਉਹ ਉਨ੍ਹਾਂ ਨੂੰ ਨੀਵਾਂ ਵਿਖਾਉਣਾ ਚਾਹੁੰਦਾ ਸੀ ਅਤੇ ਸਰਕਾਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੁੜਵਾ ਕੇ ਗੁਰਦੁਆਰਾ ਬੋਰਡ ਬਣਾਉਣ ਦਾ ਖ਼ਾਹਿਸ਼ਮੰਦ ਸੀ। ਸ੍ਰੀ ਅਕਾਲ ਤਖ਼ਤ ਦੀ ਸੇਵਾ ਸੰਭਾਲ ਕੇ ਉਹ ਸ਼ਕਤੀਵਾਨ ਬਣਿਆ। ਸ਼੍ਰੋਮਣੀ ਕਮੇਟੀ ਤੇ ਦਰਬਾਰ ਸਾਹਿਬ ਦੇ ਮੁਲਾਜ਼ਮਾਂ ਨੂੰ ਫਾਲਤੂ ਜਿਹੇ ਨੌਕਰ-ਚਾਕਰ ਹੀ ਸਮਝਦਾ ਸੀ। ਸ੍ਰ. ਬੂਟਾ ਸਿੰਘ, ਇੰਦਰਾ ਦੀ ਸਰਕਾਰੀ ਜਕੜ ਵਿਚ ਸੀ। ਰਾਜਸੀ ਤੌਰ 'ਤੇ ਨਾ ਵਜ਼ੀਰੀ ਛੱਡ ਸਕਦਾ ਸੀ ਤੇ ਨਾ ਹੀ ਇੰਦਰਾ ਦੀ ਵਫ਼ਾਦਾਰੀ। ਉਹ ਸਮਝਦਾ ਸੀ, ਇੰਦਰਾ ਦੀ ਝੋਲੀ ਚੁੱਕਣ ਨਾਲ ਸਿਰ ਕਲਗੀ ਸਜਾਈ ਰੱਖੋ, ਫੇਰ ਇਹ ਰੋਹਬ ਕਦੋਂ ਮਿਲਿਆ, ਕਿੱਥੇ ਸਾਡੀ ਛੋਟੀ ਬਰਾਦਰੀ, ਕਿੱਥੇ ਇੰਦਰਾ ਬਰਾਬਰ ਕੁਰਸੀ। ਕੁਰਸੀ ਸ਼ਕਤੀ ਦਾ ਦੂਜਾ ਨਾਂ ਤੇ ਸ਼ਕਤੀ ਛੋਟੇ ਭਾਂਡੇ ਵਿਚੋਂ ਉੱਛਲ ਕੇ ਹੰਕਾਰ ਬਣ ਜਾਂਦੀ ਐ। ਹੁਕਮ ਹਾਸਲ ਕੋਲ ਹੋਣ ਨਾਲ ਬੰਦਾ ਧਰਮ-ਕਰਮ ਨੂੰ ਪਿੱਛਾ ਦੇ ਜਾਂਦਾ ਹੈ ਤੇ ਉਹ ਲੰਡੇ ਲਾਟ ਦੀ ਪ੍ਰਵਾਹ ਨਹੀਂ ਕਰਦਾ।

ਸੰਤ ਨਰੈਣ ਸਿੰਘ ਦਾ ਪਿੱਛਾ ਜਗਰਾਵਾਂ ਤਹਿਸੀਲ ਵਿਚ ਝੋਰੜਾਂ ਪਿੰਡ ਦਾ ਸੀ। ਜੱਟ ਹੋਣ ਕਾਰਨ ਜਵਾਨੀ ਫੰਨੇ ਖ਼ਾਂ ਆਕੜ ਵਿਚ ਲੰਘਾਈ ਸੀ। ਸ਼ਰਾਬ ਕੱਢਣੀ ਤੇ ਪੀਣੀ ਆਮ ਸ਼ੁਗਲ ਸੀ। ਫਿਰ ਪਤਾ ਨਹੀਂ ਮਨ ਨੂੰ ਕੀ ਠੇਸ ਲੱਗੀ ਕਿ ਸਭ ਕੁਝ ਛੱਡ ਕੇ ਜਗਰਾਵਾਂ ਨੇੜੇ

ਨਾਨਕਸਰ ਕਲੇਰਾਂ ਦੇ ਮਹਾਂਪੁਰਸ਼ਾਂ ਦੀ ਸੇਵਾ ਵਿਚ ਜੁਟ ਗਿਆ। ਉੱਥੇ ਸੰਤ ਨੰਦ ਸਿੰਘ ਜੀ ਤਪੱਸਿਆ ਕਰਿਆ ਕਰਦੇ ਸਨ। ਸਤਿਗੁਰੂ ਦਾ ਭਜਨ ਕਰਨਾ ਤੇ ਸ਼ਾਮ ਨੂੰ ਗੁਰਬਾਣੀ ਦਾ ਕੀਰਤਨ ਸੁਣਨਾ, ਦੋ ਹੀ ਉਨ੍ਹਾਂ ਦੇ ਕੰਮ ਸਨ। ਬਹੁਤ ਥੋੜ੍ਹਾ ਸੌਂਦੇ ਸਨ। ਤੜਕੇ ਉੱਠ, ਇਸ਼ਨਾਨ ਕਰਕੇ ਪਾਠ ਕਰਨ ਬੈਠਦੇ ਤੇ ਬੈਰਾਗਣ 'ਤੇ ਬਾਹਾਂ ਟੇਕ ਸਿਮਰਨ ਵਿਚ ਮਸਤ ਹੋ ਜਾਂਦੇ। ਸ਼ਾਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠ ਕੀਰਤਨ ਦਾ ਆਨੰਦ ਮਾਣਦੇ, ਆਈਆਂ ਸੰਗਤਾਂ ਨੂੰ ਗੁਰੂ ਲੜ ਲਾ ਕੇ ਨਾਮ ਜਪਣ ਦਾ ਉਪਦੇਸ਼ ਦਿੰਦੇ। ਦੂਰ ਦੂਰ ਕੀਰਤਨੀਏ, ਗੁਰਬਾਣੀ ਦਾ ਜਸ ਗਾਉਣ ਆਉਂਦੇ ਅਤੇ ਸੰਗਤਾਂ ਦਾ ਉਮਾਹ ਜੁੜਦਾ ਜਾਂਦਾ। ਉਨ੍ਹਾਂ ਦੀ ਮਹਿਮਾ ਪੰਜਾਬ ਤੋਂ ਬਾਹਰ ਤੱਕ ਫੈਲ ਗਈ। ਉਨ੍ਹਾਂ ਗੁਰਪੁਰੀ ਸਿਧਾਰਨ ਪਿੱਛੋਂ ਸੰਤ ਈਸ਼ਰ ਸਿੰਘ ਜੀ ਉਸ ਗੱਦੀ 'ਤੇ ਬਿਰਾਜਮਾਨ ਹੋਏ। ਸੰਤ ਨੰਦ ਸਿੰਘ ਜੀ ਸਾਦੀ ਕੁਟੀਆ ਵਿਚ ਭਜਨ ਬੰਦਗੀ ਕਰਨ ਵਾਲੇ ਮਹਾਂਪੁਰਸ਼ ਸਨ। ਉਨ੍ਹਾਂ ਪਿੱਛੋਂ ਗੁਰਦੁਆਰਾ ਸ਼ਾਹੀ ਠਾਠ ਵਿਚ ਬਦਲਦਾ ਗਿਆ। ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੀ ਕੀਤਾ ਜਾਂਦਾ ਸੀ, ਪਰ ਠਾਠ-ਬਾਠ ਨਾਲ ਸੰਤ ਈਸ਼ਰ ਸਿੰਘ ਦੀ ਵੱਖਰੀ ਸ਼ਾਨ ਵਿਖਾਈ ਦੇਂਦੀ ਸੀ। ਉਨ੍ਹਾਂ ਦੀ ਮੌਤ ਪਿੱਛੋਂ ਗੱਦੀ ਦੇ ਕਈ ਦਾਅਵੇਦਾਰ ਉੱਠ ਪਏ, ਜਿਨ੍ਹਾਂ ਵਿਚੋਂ ਸਿਰਕੱਢ ਸਨ ਸੰਤ ਕੁੰਦਨ ਸਿੰਘ ਤੇ ਸੰਤ ਨਰੈਣ ਸਿੰਘ। ਦੋਵਾਂ ਦਾ ਅਦਾਲਤ ਵਿਚ ਕੇਸ ਚੱਲਿਆ। ਦੋਵੀਂ ਧਿਰੀਂ ਹਥਿਆਰਬੰਦ ਬੰਦੇ ਵੀਹ ਵੀਹ, ਤੀਹ ਤੀਹ ਦੇ ਜਥੇ ਬਣਾ ਕੇ ਤਾਰੀਖ਼ ਭੁਗਤਣ ਜਾਂਦੇ। ਇਸ ਮੁਕੱਦਮੇ ਨਾਲ ਸੰਗਤਾਂ ਵਿਚ ਕਲੇਰਾਂ ਵਾਲਿਆਂ ਦੀ ਮਹਿਮਾ ਤੇ ਸ਼ਰਧਾ ਨੂੰ ਬੜਾ ਧੱਕਾ ਲੱਗਿਆ। ਸੰਤ ਕੀ ਤੇ ਗੁਰਗੱਦੀ ਦਾ ਲਾਲਚ ਕੀ? ਤਿਆਗ ਦੀ ਭਾਵਨਾ ਮੁੱਕ ਗਈ। ਬਾਬਾ ਨੰਦ ਸਿੰਘ ਜੀ ਜਿਥੇ ਤਪ ਕਰਦੇ ਸਨ; ਉਸ ਭੁੱਗੀ ਨੂੰ ਅੱਗ ਲਾ ਆਉਂਦੇ ਸਨ। ਉਨ੍ਹਾਂ ਦੀ ਸਾਧਨਾ ਤੇ ਫ਼ਕੀਰੀ ਨਿਪੁੰਨ ਸੀ, ਪਰ ਇਨ੍ਹਾਂ ਦੋਵਾਂ ਸੰਤਾਂ ਰਾਖੀ ਲਈ ਇਲਾਕੇ ਦੇ ਬਦਮਾਸ਼ ਆਪਣੇ ਨਾਲ ਜੋੜ ਲਏ। ਸੰਤ ਨਰੈਣ ਸਿੰਘ ਨੇ ਮੁਕੱਦਮਾ ਹਾਰ ਜਾਣ ਪਿੱਛੋਂ ਆਪਣੇ ਪਿੰਡ ਸ਼ੇਰੜਾਂ ਵਿਚ ਡੇਰਾ ਜਾ ਲਾਇਆ। ਉੱਥੇ ਆਲੀਸ਼ਾਨ ਗੁਰਦਵਾਰਾ ਉਸਾਰ ਕੇ ਆਪਣੀ ਵੱਖਰੀ ਮਹਿਮਾ ਤੋਰ ਲਈ। ਪਹਿਰੇ ਵਜੋਂ ਹਥਿਆਰਬੰਦ ਬੰਦੇ ਬਹਾ ਦਿੱਤੇ। ਇਹ ਭਜਨੀਕ ਸੰਤਾਂ ਵਾਲੀ ਰਿਵਾਇਤ ਨਹੀਂ ਸੀ। ਇਸ ਮੁਕੱਦਮੇ ਪਿੱਛੋਂ ਕਿੰਨੇ ਹੀ ਸੇਵਕਾਂ ਨਾਨਕਸਰ ਦੀਆਂ ਮੂੰਹੀਆਂ ਥਾਂ ਪਰ ਥਾਂ ਖੜ੍ਹੀਆਂ ਕਰ ਲਈਆਂ। ਜਦੋਂ ਸ੍ਰੀ ਅਕਾਲ ਤਖ਼ਤ ਢਾਅ ਕੇ ਸਰਕਾਰ ਕਸੂਤੀ ਸਥਿਤੀ ਵਿਚ ਫਸੀ ਹੋਈ ਸੀ; ਸੰਤ ਨਰੈਣ ਸਿੰਘ ਨੇ ਆਸਰਾ ਲੈਣ ਲਈ ਝੱਟ ਆਪਣੀ ਸੇਵਾ ਸ੍ਰ. ਬੂਟਾ ਸਿੰਘ ਦੇ ਚਰਨਾਂ ਵਿਚ ਹਾਜ਼ਰ ਕਰ ਦਿੱਤੀ। ਹੁਣ ਉਹਦੀ ਪਿੱਠ ਦਿੱਲੀ ਸਰਕਾਰ ਨਾਲ ਜੁੜ ਗਈ ਸੀ। ਆਫ਼ਰਿਆ ਜੱਟ ਸ੍ਰੀ ਅਕਾਲ ਤਖ਼ਤ ਤੇ ਉਸ ਦੇ ਸਿੰਘਾਂ ਦੀ ਕਦੋਂ ਪ੍ਰਵਾਹ ਕਰਦਾ ਸੀ। ਉਸ ਤਨਖ਼ਾਹੀਆ ਕਰਾਰ ਦੇਣ ਵਾਲੇ ਕਾਗਜ਼ ਪਰ੍ਹਾਂ ਵਗਾਹ ਮਾਰੇ। ਜਦੋਂ ਉਸ ਹੁਕਮਨਾਮੇ ਅਨੁਸਾਰ ਹਾਜ਼ਰੀ ਨਾ ਭਰੀ, ਸਪਸ਼ਟੀਕਰਨ ਨਾ ਦਿੱਤਾ, ਪੰਜਾਂ ਪਿਆਰਿਆਂ ਉਸ ਨੂੰ ਪੰਥ ਵਿਚੋਂ ਖਾਰਜ ਕਰ ਦਿੱਤਾ।

* * *

1947 ਵਿਚ ਕਾਂਗਰਸ ਤੇ ਨਹਿਰੂ, ਇੱਥੋਂ ਤੱਕ ਮਹਾਤਮਾ ਗਾਂਧੀ ਨੇ ਵਾਅਦੇ ਕੀਤੇ ਸਨ:—

(1) ਸੁਤੰਤਰਤਾ ਦਾ ਨਿੱਘ ਮਾਨਣ ਲਈ ਦੇਸ਼ ਦੇ ਉੱਤਰੀ ਹਿੱਸੇ ਵਿਚ ਇੱਕ ਖ਼ਾਸ ਇਲਾਕਾ ਤੁਹਾਨੂੰ ਦਿੱਤਾ ਜਾਵੇਗਾ; ਜਿਥੇ ਤੁਸੀਂ ਆਪਣਾ ਸਿੱਖ ਧਰਮ ਤੇ ਕਲਚਰ ਸੁਰੱਖਿਅਤ

ਰੱਖ ਸਕੋ। ਤੁਹਾਡੀ ਹਸਤੀ ਨੂੰ ਕੋਈ ਖ਼ਤਰਾ ਨਹੀਂ ਹੋਵੇਗਾ।

(2) ਦੇਸ਼ ਦੇ ਵਿਧਾਨ ਵਿਚ ਤੁਹਾਡੀ ਅਹਿਮੀਅਤ ਨੂੰ ਬਰਕਰਾਰ ਰੱਖਿਆ ਜਾਵੇਗਾ।

ਉਹ ਵਾਅਦੇ ਤੇ ਇਕਰਾਰ ਨਹਿਰੂ ਪਤਾਸੇ ਵਾਂਗ ਘੋਲ ਕੇ ਪੀ ਗਿਆ ਸੀ। ਵਿਧਾਨ ਵਿਚ ਸਿੱਖਾਂ ਨੂੰ ਹਿੰਦੂ ਜਮਾਤ ਵਿਚ ਰੱਖਿਆ ਗਿਆ। ਗੁੱਸੇ ਵਿਚ ਸ੍ਰ. ਹੁਕਮ ਸਿੰਘ ਤੇ ਭੁਪਿੰਦਰ ਸਿੰਘ ਨੇ, ਜਿਹੜੇ ਵਿਧਾਨ ਸਭਾ ਅਸੈਂਬਲੀ ਦੇ ਮੈਂਬਰ ਸਨ, ਦਸਤਖ਼ਤ ਨਾ ਕੀਤੇ। ਅਹਿਸਾਸ ਕੀਤਾ ਜਾਣ ਲੱਗਾ, ਸਿੱਖ ਨੁਮਾਇੰਦਿਆਂ ਦੀਆਂ ਦਸਤਖ਼ਤਾਂ ਬਿਨਾਂ ਉਹ ਸਿੱਖਾਂ ਦਾ ਵਿਧਾਨ ਹੀ ਨਹੀਂ। ਬਹੁ-ਗਿਣਤੀ ਵਿਚ ਹਿੰਦੂ ਕਾਂਗਰਸ ਘੱਟ ਗਿਣਤੀ ਸਿੱਖਾਂ ਸਿਰ ਜ਼ਬਰਦਸਤੀ ਵਿਧਾਨ ਮੜ੍ਹ ਰਹੀ ਸੀ; ਜਿਸ ਤੋਂ ਉਹ ਇਨਕਾਰੀ ਸਨ। ਸਿੱਖ ਸਮਝਣ ਲੱਗ ਪਏ, ਜਮਹੂਰੀਅਤ ਨਾਂ ਹੈ ਬਹੁਗਿਣਤੀ ਦਾ ਘੱਟ ਗਿਣਤੀ ਉੱਤੇ ਮਨ ਮਰਜ਼ੀ ਗੜ੍ਹ ਜਿਸ ਵਿਚ ਜ਼ੁਲਮਾਂ, ਵਿਤਕਰਿਆਂ ਤੇ ਮਨੁੱਖੀ ਘੱਲੂਘਾਰਿਆਂ ਦੀ ਇੰਤਹਾ ਹੋ ਚੁੱਕੀ ਸੀ।

ਸ੍ਰੀ ਅਕਾਲ ਤਖ਼ਤ ਨੂੰ ਢਾਹੁਣਾ, ਹੋਰ ਚਾਲੀ ਗੁਰਦਵਾਰਿਆਂ 'ਤੇ ਫ਼ੌਜ ਚਾੜ੍ਹਨੀ, ਖ਼ਾਸ ਕਰਕੇ ਗੁਰਦਵਾਰਾ ਸ੍ਰੀ ਦੁੱਖ ਨਿਵਾਰਨ ਵਿਚ ਯਾਤਰੀਆਂ ਦਾ ਕਤਲੇਆਮ, ਪੁਰਾਣੇ ਵਿਤਕਰੇ, ਪਾਣੀ ਬਿਜਲੀ ਦਾ ਖੋਹਣਾ, ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਨਾ ਦੇਣਾ ਆਦਿ ਬੇਇਨਸਾਫ਼ੀਆਂ ਸਿੱਖਾਂ ਦੇ ਸ਼ਾਂਤ ਹਿਰਦਿਆਂ ਵਿਚ ਚੀਸਾਂ; ਬੁਰੀ ਤਰ੍ਹਾਂ ਸੁਲਗ਼ ਰਹੀਆਂ ਸਨ। ਸ੍ਰੀ ਦਰਬਾਰ ਸਾਹਿਬ ਦੇ ਹਮਲੇ ਵਾਲੇ ਘੱਲੂਘਾਰੇ ਨੇ ਸੁਲਗਦੀ ਅੱਗ ਨੂੰ ਭਾਂਬੜ ਵਿਚ ਬਦਲ ਦਿੱਤਾ। ਹਰ ਸਿੱਖ ਸ਼ਾਂਤ ਚਿੱਤ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਂਦਾ; ਪਰ ਖੰਡਰ ਹੋਇਆ ਸ੍ਰੀ ਅਕਾਲ ਤਖ਼ਤ ਵੇਖ ਕੇ ਵਾਪਸੀ 'ਤੇ ਅੱਗ ਦਾ ਚੁਆੜਾ ਦਿਲ ਵਿਚ ਲੈ ਜਾਂਦਾ। ਰੋਹ-ਗੁੱਸਾ ਇਹ ਸੀ: ਅਸੀਂ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ, ਪਾਕਿਸਤਾਨੀ ਜੰਗਾਂ ਲੜ ਕੇ ਕਸ਼ਮੀਰ ਬਚਾਉਣ ਵਾਲੇ, ਭੁੱਖੇ ਭਾਰਤ ਨੂੰ ਰਜਾਉਣ ਵਾਲੇ; ਸਾਡੇ ਨਾਲ ਹੀ ਐਨਾ ਵੱਡਾ ਵਿਸਾਹਘਾਤ। ਇਹ ਭਗਵਾਨ ਕ੍ਰਿਸ਼ਨ ਦੀ ਗੀਤਾ ਦੇ ਸ਼ਰਧਾਲੂ, ਅਹਿੰਸਾਵਾਦੀ ਗਾਂਧੀ ਦੇ ਚੇਲੇ, ਸਾਨੂੰ ਚੁੱਪਚਾਪ ਜ਼ੁਲਮ, ਹਿੰਸਾ ਤੇ ਬੇਇਨਸਾਫੀਆਂ ਜਰਨ ਵਾਲੇ ਸਮਝ ਲਿਆ? ਸਾਡੇ ਪੁਰਖਿਆਂ, ਸਾਨੂੰ ਲਿਤਾੜੇ ਜਾਣਾ ਨਹੀਂ ਸਿਖਾਇਆ। ਅਸੀਂ ਆਪਣੀਆਂ ਸ਼ਾਨਾਂ ਅਤੇ ਇਤਿਹਾਸ ਨੂੰ ਕਲੰਕਿਤ ਨਹੀਂ ਹੋਣ ਦਿਆਂਗੇ। ਇਸ ਤਰ੍ਹਾਂ ਦਾ ਹਿਰਦੇ ਵਿਚ ਪਲਦਾ ਵਿਰੋਧ ਤੇ ਪ੍ਰਣ ਹਰ ਸਿੱਖ ਨੂੰ ਜੋਸ਼ ਦੇ ਰਿਹਾ ਸੀ।

ਇਸ ਤਰ੍ਹਾਂ ਦੀ ਹੀ ਸ਼ਰਧਾ ਭਾਵਨਾ ਵਾਲੇ ਦੋ ਸਿੱਖ ਸ੍ਰੀ. ਬੇਅੰਤ ਸਿੰਘ ਤੇ ਉਸ ਦਾ ਸਾਥੀ ਸਤਵੰਤ ਸਿੰਘ ਸ੍ਰੀ ਅਕਾਲ ਤਖ਼ਤ ਨੂੰ ਖੰਡਰ ਹੋਇਆ ਵੇਖ ਕੇ ਰੋ ਪਏ। ਉਨ੍ਹਾਂ ਗੁੱਸੇ ਦੀ ਥਾਏਂ ਘੁੱਟ ਭਰ ਲਈ। ਉੱਠੇ ਰੋਹ ਨੂੰ ਰਗਾਂ ਰਾਹੀਂ ਅੰਦਰੇ ਅੰਦਰ ਜੀਰ ਲਿਆ। ਸ੍ਰੀ ਦਰਬਾਰ ਸਾਹਿਬ ਦੇਗ ਲੈ ਕੇ ਹਾਜ਼ਰ ਹੋਏ। ਗਲ੍ਹ ਪੱਲਾ ਪਾ ਕੇ ਸ੍ਰ. ਬੇਅੰਤ ਸਿੰਘ ਨੇ ਚੁੱਪ ਅਰਦਾਸ ਗੁਜ਼ਾਰੀ।

"ਗੁਰੂ, ਤੇਰਾ ਨਿਮਾਣਾ ਸਿੱਖ ਤੇਰੇ ਕੋਲੋਂ ਬਲ ਮੰਗਦਾ ਏ। ਗੁਰੂ, ਮੈਂ ਪ੍ਰਾਣਾਂ ਤੋਂ ਪਿਆਰੇ ਸ੍ਰੀ ਅਕਾਲ ਤਖ਼ਤ ਦਾ ਹੋਇਆ ਬੁਰਾ ਹਾਲ ਵੇਖ ਨਹੀਂ ਸਕਦਾ। ਮੈਂ ਆਪਣਾ ਸਿਰ ਲੈ ਕੇ ਤੇਰੇ ਦਰਬਾਰ ਹਾਜ਼ਰ ਹੋਇਆ ਆਂ, ਸੱਚੇ ਪਾਤਸ਼ਾਹ ਪ੍ਰਵਾਨ ਕਰੋ। ਮੈਨੂੰ ਸੁੱਖਾ ਸਿੰਘ ਤੇ ਮਤਾਬ ਸਿੰਘ ਵਾਲਾ ਬਲ ਬਖ਼ਸ਼ੋ। ਉਹ ਵੀ ਦੋ ਸਨ, ਅਸੀਂ ਵੀ ਦੋ ਆਂ ਤੇ ਇੰਦਰਾ ਦੀ ਕੋਠੀ ਪਹਿਰਾ ਦੇ ਰਹੇ ਆਂ। ਤੇਰੇ ਨਾਂ 'ਤੇ ਵਫ਼ਾਦਾਰੀ ਦੀ ਸੌਂਹ ਖਾਧੀ। ਤੇਰੇ ਧਰਮ ਦੀ ਪ੍ਰਪੱਕਤਾ ਵਿਚ ਅੰਮ੍ਰਿਤ

ਪਾਨ ਕੀਤਾ। ਹੁਣ ਓੜ ਨਿਭਾਹੁਣ ਦੀ ਸ਼ਕਤੀ ਬਖ਼ਸ਼ੋ। ਮੱਸੇ ਰੰਘੜ ਵਾਲਾ ਮੁੜ ਰਾਜ ਆ ਗਿਆ ਹੈ। ਏਸ ਬ੍ਰਾਹਮਣਵਾਦ ਨੂੰ ਰਾਜ ਦੇ ਹੰਕਾਰ ਵਿਚ ਧਰਮ ਕਰਮ ਸਭ ਭੁੱਲ ਗਏ ਹਨ। ਇਨ੍ਹਾਂ ਫਨੀਅਰਾਂ ਸਾਨੂੰ ਖਾਣ ਵਾਲੀਆਂ ਟਿੱਡੀਆਂ ਪਲਪੀਹੀਆਂ ਸਮਝ ਲਿਆ ਹੈ। ਗੁਰੂ ਤੇਰੇ ਦਰ ਦੇ ਕੂਕਰ ਆਂ, ਸੇਵਕ ਆਂ, ਸੇਵਕ ਆਂ? ਕੁਰਬਾਨ ਹੋ ਜਾਣ ਦਾ ਬਲ ਪ੍ਰਦਾਨ ਕਰੋ। ਹੁਣ 'ਜਬ ਆਵ ਕੀ ਅਉਧ ਨਿਦਾਨ ਬਨੈ' ਵਾਲੀ ਭਾਵੀ ਆ ਗਈ ਐ। 'ਅਤਿ ਹੀ ਰਨ ਮੈਂ ਤਬ ਜੂਝ ਮਰੋਂ'' ਦੀ ਆਗਿਆ ਦੇਵੋ।''

ਏਨੀ ਆਖਦਿਆਂ ਸ੍ਰ. ਬੇਅੰਤ ਸਿੰਘ ਨੇ ਲੰਮਾ ਪੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਦਿੱਤਾ।

ਬਾਹਰ ਆ ਕੇ ਪ੍ਰਸ਼ਾਦ ਛਕਦਿਆਂ ਸ੍ਰ. ਸਤਵੰਤ ਸਿੰਘ ਨੇ ਪੁੱਛਿਆ,

''ਐਨਾ ਲੰਮਾ ਸਮਾਂ ਹੱਥ ਜੋੜੀ ਗੁਰੂ ਤੋਂ ਕੀ ਮੰਗਦਾ ਰਿਹਾ?''

''ਮੈਂ ਆਪਣਾ ਸੀਸ ਭੇਟ ਕਰਨ ਦਾ ਗੁਰੂ ਤੋਂ ਬਲ ਮੰਗਿਆ ਏ।'' ਬੇਅੰਤ ਸਿੰਘ ਨੇ ਸੁੱਤਉਨੀਂਦੇ ਤੋਂ ਜਾਗਦਿਆਂ ਵਾਂਗ ਸਿਰ ਝਜਕਿਆ।

''ਸਿਰਫ ਆਪਣੇ ਵਾਸਤੇ ਹੀ ਵਰ ਮੰਗਿਆ ਏ?''

''ਨਹੀਂ, ਤੇਰੇ ਲਈ ਵੀ ਬਰਾਬਰ ਅਰਦਾਸ ਕੀਤੀ ਐ।''

''ਇਹਦਾ ਮਤਲਬ ਏ, ਅਸੀਂ ਗੁਰੂ ਦੇ ਲੇਖੇ ਲੱਗ ਗਏ?''

''ਜਿਸ ਦਿਨ ਅੰਮ੍ਰਿਤ ਛਕਿਆ ਸੀ, ਉਸ ਦਿਨ ਤੋਂ ਹੀ ਸਿਰ ਗੁਰੂ ਦਾ ਹੋ ਗਿਆ ਸੀ।'' ਬੇਅੰਤ ਤਸੱਲੀ ਨਾਲ ਕਹਿ ਗਿਆ।

''ਹਾਂ, ਭਾਊ ਪਿਆਰਿਆ, ਤੂੰ ਠੀਕ ਆਖਦਾ ਹੈਂ। ਮੈਂ ਜ਼ਿੰਦਗੀ ਦੇ ਸਾਰੇ ਮੋਹ ਛੱਡੇ; ਤੇਰਾ ਸਾਥ ਨਹੀਂ ਛੱਡਾਂਗਾ।'' ਸਤਵੰਤ ਆਪਣੇ ਆਪ ਇੱਕ ਪ੍ਰਣ ਕਰ ਗਿਆ।

''ਵੀਰਿਆ! ਸਾਡਾ ਹੁਣ ਕੋਈ ਜਿਊਣਾ ਰਹਿ ਗਿਆ ਏ? ਜੇ ਗੁਰੂ ਗੋਬਿੰਦ ਸਿੰਘ ਲਾਲਾਂ ਦਾ ਮੋਹ ਤਿਆਗ ਸਕਦਾ ਏ; ਅਸੀਂ ਕਿਉਂ ਨਾ ਉਸ ਦੇ ਲਾਲ ਬਣੀਏਂ।'' ਉਸ ਫੁੰਕਾਰਦਿਆਂ ਆਖਿਆ। ''ਇੰਦਰਾ ਨੇ ਸਿੱਖਾਂ ਨੂੰ ਘੱਲੂਘਾਰਾ ਵਰਤਾਅ ਕੇ ਸਬਕ ਸਿਖਾਇਆ। ਹਜ਼ਾਰਾਂ ਬੇਗੁਨਾਹ ਯਾਤਰੀਆਂ ਨੂੰ ਮਾਰਿਆ। ਅਸੀਂ ਕੇਵਲ ਉਸ ਇਕੱਲੀ ਗੁਨਾਹਗਾਰ ਨੂੰ ਸਬਕ ਸਿਖਾਵਾਂਗੇ। ਕਿਸੇ ਨਿਰਦੋਸ਼ ਵੱਲ ਕੈਰੀ ਅੱਖ ਵੀ ਨਹੀਂ ਕਰਾਂਗੇ। ਯਾਰ ਇਹ ਕੀ ਸਮਝੂ, ਸਿੱਖਾਂ ਦੀ ਅਣਖ਼ ਤੇ ਗੈਰਤ ਅਸਲੋਂ ਮਿੱਟੀ ਹੋ ਗਈ। ਅਸੀਂ ਦੁਨੀਆਂ 'ਤੇ ਉਸ ਦੇ ਇਤਿਹਾਸ ਨੂੰ ਦੱਸਾਂਗੇ, ਸਿੱਖ ਕੌਮ ਜਿਊਂਦੀ ਐ ਤੇ ਕਤਲੇਆਮਾਂ ਵਿਚੋਂ ਨਿਕਲ ਕੇ ਵੀ ਚੜ੍ਹਦੀ ਕਲਾ ਵਿਚ ਐ।''

''ਭਾਊ, ਹਾਂ ਤਾਂ ਭੰਬਟ ਹੀ, ਪਰ ਸ਼ਮਾਹ ਬੁਝਦੀ ਵੇਖ। ਤੇਰੇ ਇਸ਼ਾਰੇ ਦੀ ਉਂਗਲ ਉੱਠਣੀ ਚਾਹੀਦੀ ਐ।'' ਸਤਵੰਤ ਸਾਹ ਭਰ ਕੇ ਛਾਤੀ ਫੁਲਾ ਗਿਆ।

ਉਹ ਦੋਵੇਂ ਚੜ੍ਹਦੀ ਕਲਾ ਵਾਲੇ ਰੋਹ ਵਿਚ ਭਰੇ ਪੀਤੇ ਗੁਰੂ ਦੇ ਦਰਬਾਰੋਂ ਪੱਕਾ ਪ੍ਰਣ ਕਰਕੇ ਬਾਹਰ ਆ ਗਏ।

ਉੱਨਤਾਲੀਵਾਂ ਕਾਂਡ

ਸ੍ਰੀ ਅਕਾਲ ਤਖ਼ਤ ਦੇ ਜੱਥੇਦਾਰ ਨੇ ਸਾਰੀ ਸੰਗਤ ਨੂੰ ਵਿਚਾਰ ਦਿੱਤਾ ਕਿ ਗੁਰੂ ਰਾਮਦਾਸ ਜੀ ਦਾ ਪਵਿੱਤਰ ਜਨਮ ਦਿਹਾੜਾ ਆ ਰਿਹਾ ਹੈ। ਮਨੁੱਖੀ ਖ਼ੂਨ ਅਤੇ ਲਾਸ਼ਾਂ ਦੇ ਸੜਨ ਕਾਰਨ ਸਰੋਵਰ ਦੀ ਪਵਿੱਤਰਤਾ ਭੰਗ ਹੋ ਚੁੱਕੀ ਹੈ ਤੇ ਪਾਣੀ ਦੂਸ਼ਿਤ। ਬਿਹਤਰ ਇਹ ਐ ਕਿ ਗੁਰੂ ਦੇ ਜਨਮ ਦਿਹਾੜੇ ਤੋਂ ਪਹਿਲਾਂ ਪਹਿਲਾਂ ਗਾਰ ਕੱਢ ਕੇ ਸਰੋਵਰ ਦੀ ਸਫ਼ਾਈ ਕਰ ਦਿੱਤੀ ਜਾਵੇ। ਪਹਿਲੋਂ ਹੁਣ ਤੱਕ ਨੌਂ ਵਾਰ ਸਫ਼ਾਈ ਕੀਤੀ ਜਾ ਚੁੱਕੀ ਸੀ। ਹੁਣ ਦਸਵੀਂ ਵਾਰ ਜਲ ਨੂੰ ਸਾਫ਼ ਤੇ ਪਵਿੱਤਰ ਕਰਨ ਦਾ ਫ਼ੈਸਲਾ ਹੋ ਗਿਆ। ਕਾਰ ਸੇਵਾ ਬਾਬਾ ਖੜਕ ਸਿੰਘ ਨੂੰ ਸੌਂਪ ਦਿੱਤੀ ਗਈ। ਉਨ੍ਹਾਂ ਸਰੀਰ ਵਧੇਰੇ ਬਿਰਧ ਹੋਣ ਕਾਰਨ ਆਪਣੇ ਸੇਵਕ ਦਰਸ਼ਨ ਸਿੰਘ ਨੂੰ ਨਾਲ ਲਾ ਲਿਆ। ਆਪ ਕਮਜ਼ੋਰ ਹੋਣ ਕਾਰਨ ਬਹੁਤੀ ਡਿਊਟੀ ਖੜ੍ਹੀ ਲੱਤ ਨਹੀਂ ਦੇ ਸਕਦੇ ਸੀ। ਸੋ, ਦਸ ਅਕਤੂਬਰ ਨੂੰ ਦੁੱਖ ਭੰਜਨੀ ਗੁਰਦਵਾਰੇ ਅਖੰਡ ਪਾਠ ਰੱਖ ਕੇ ਕਾਰਸੇਵਾ ਅਥਵਾ ਗਾਰ ਕੱਢਣ ਦਾ ਕੰਮ ਸ਼ੁਰੂ ਕਰ ਦਿੱਤਾ। ਸਰੋਵਰ ਦੇ ਅੱਧ ਵਿਚ ਕੰਧ ਖੜ੍ਹੀ ਕਰਕੇ ਪੰਪਾਂ ਰਾਹੀਂ ਪਾਣੀ ਕੱਢਿਆ ਗਿਆ। ਪੰਜ ਛੋਟੀਆਂ ਸੋਨੇ ਦੀਆਂ ਕਹੀਆਂ ਅਤੇ ਪੰਜ ਚਾਂਦੀ ਦੀਆਂ ਕੜਾਹੀਆਂ ਤਿਆਰ ਕਰਵਾਈਆਂ ਗਈਆਂ। ਕਾਰ ਸੇਵਾ ਲਈ ਦੂਰੋਂ-ਦੂਰੋਂ ਸੰਗਤਾਂ ਪਹੁੰਚ ਰਹੀਆਂ ਸਨ। ਇਸ ਕਾਰ ਸੇਵਾ ਵਿਚ ਅੰਮ੍ਰਿਤਸਰ ਦੇ ਹਿੰਦੂਆਂ ਵਧ ਚੜ੍ਹ ਕੇ ਹਿੱਸਾ ਲਿਆ। ਮਲੇਰਕੋਟਲੇ ਤੋਂ ਮੁਸਲਮਾਨਾਂ ਦਾ ਜਥਾ ਆਇਆ। ਗੁਰਦਾਸਪੁਰ ਤੋਂ ਮਸੀਹ ਭਾਈਚਾਰੇ ਨੇ ਗਾਰ ਢੋਣ ਵਿਚ ਪੂਰਾ ਹਿੱਸਾ ਪਾਇਆ। ਗਾਰ ਘੰਟਾ ਘਰ ਵਾਲੀ ਡਿਉਢੀ ਤੋਂ ਬਾਹਰ ਸੁੱਟੀ ਜਾਂਦੀ ਸੀ। ਉੱਥੋਂ ਟਰੱਕਾਂ-ਟਰਾਲੀਆਂ ਨਾਲ ਸ਼ਹਿਰੋਂ ਬਾਹਰ ਲਿਜਾਈ ਜਾਂਦੀ। ਇਸ ਕਾਰ ਸੇਵਾ ਵਿਚ ਸਿੰਘ ਸਾਹਿਬ ਜਥੇਦਾਰ ਸੱਚਖੰਡ ਨਾਂਦੇੜ ਸਾਹਿਬ ਵਾਲੇ ਭਾਈ ਜੋਗਿੰਦਰ ਸਿੰਘ ਜੀ ਵੀ ਪਹੁੰਚ ਗਏ ਸਨ।

ਲੰਗਰ ਅਤੁੱਟ ਵਰਤ ਰਿਹਾ ਸੀ। ਅੰਮ੍ਰਿਤਸਰ ਦੀਆਂ ਮਾਈਆਂ (ਰੱਬ ਰਜਾਈਆਂ) ਘਰਾਂ ਤੋਂ ਲੰਗਰ ਪਕਾ ਕੇ ਲਿਆ ਰਹੀਆਂ ਸਨ। ਦੁਕਾਨਾਂ ਵਾਲੇ ਤੇ ਹੋਰ ਵਪਾਰੀ ਬਿਸਕੁਟ ਤੇ ਫਲ ਵੰਡ ਰਹੇ ਸਨ। ਪਿੰਡਾਂ ਤੋਂ ਪੱਕਿਆ ਲੰਗਰ ਟਰਾਲੀਆਂ 'ਤੇ ਆ ਰਿਹਾ ਸੀ। ਗਿਆਨੀ ਜ਼ੈਲ ਸਿੰਘ ਤੇ ਬੀ. ਜੇ. ਪੀ. ਦੇ ਮਦਨ ਮੋਹਨ ਖੁਰਾਣਾ ਨੇ ਗਾਰ ਦੀਆਂ ਕੜਾਹੀਆਂ ਸਿਰਾਂ 'ਤੇ ਚੁੱਕੀਆਂ। ਦੂਰੋਂ-ਨੇੜਿਓਂ ਅਤੇ ਪ੍ਰਹਾਏ ਦੇ ਸੰਤਾਂ ਮਹਾਤਮਾਵਾਂ ਨੇ ਬੜੀ ਸ਼ਰਧਾ ਤੇ ਚਾਅ ਨਾਲ ਸੇਵਾ ਕੀਤੀ। ਬਾਰਾਂ ਅਕਤੂਬਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਬਿਜਲੀ ਦੀ ਤੇਜ਼ ਰੌਸ਼ਨੀ ਕਾਰਨ ਕਾਰ ਸੇਵਾ ਦਿਨ ਰਾਤ ਲਗਾਤਾਰ ਚਲਦੀ ਰਹੀ ਸੀ। ਪਿੰਡਾਂ ਤੋਂ ਲੱਖਾਂ ਦੀ ਗਿਣਤੀ ਵਿਚ ਲੋਕ ਸੇਵਾ ਦਾ ਲਾਹਾ ਲੈਣ ਟਰਾਲੀਆਂ ਰਾਹੀਂ ਤੇ ਪੈਦਲ ਵੀ ਵਹੀਰਾਂ ਘੱਤ ਕੇ ਆਏ। ਅੱਧੀ ਗਾਰ ਕੱਢ ਜਾਣ ਪਿੱਛੋਂ ਨਵਾਂ ਪਾਣੀ ਅੱਧੇ ਸਰੋਵਰ ਵਿਚ ਭਰ ਦਿੱਤਾ ਅਤੇ ਬਾਕੀ ਅੱਧੇ ਦਾ ਬਾਹਰ ਕੱਢ ਦਿੱਤਾ। ਸਰੋਵਰ ਦੀਆਂ ਮੱਛੀਆਂ ਦੀ ਹਰ ਤਰ੍ਹਾਂ ਸੰਭਾਲ ਕੀਤੀ ਗਈ। ਸੰਗਤ ਦੇ ਭਾਰੀ ਉਤਸ਼ਾਹ ਕਾਰਨ ਸਰੋਵਰ ਦੀ ਸੇਵਾ ਸਫ਼ਾਈ ਦਾ ਕੰਮ ਮੁਕੰਮਲ ਹੋ ਗਿਆ।

ਗਵਰਨਰ ਪੰਜਾਬ ਸਤਾਰ ਵਾਲਾ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦਾ ਕਬਜ਼ਾ ਸਿੰਘ ਸਾਹਿਬ ਜਥੇਦਾਰ ਕ੍ਰਿਪਾਲ ਸਿੰਘ ਨੂੰ ਸੌਂਪ ਦਿੱਤਾ। ਇਨ੍ਹਾਂ ਦਿਨਾਂ ਵਿਚ ਹੀ ਦੋ ਸੌ ਦੇ ਨੇੜੇ ਤੇੜੇ ਹੁੱਲੜਬਾਜ਼ਾਂ ਸ੍ਰੀ ਅਕਾਲ ਤਖ਼ਤ ਉੱਤੇ ਮੱਲੋਮੱਲੀ ਚੜ੍ਹ ਸਾਜ਼ਿਸ਼ ਅਧੀਨ ਹੁੱਲੜਬਾਜ਼ੀ ਕੀਤੀ। ਸੌ ਤੋਂ ਵੱਧ ਕਾਂਗਰਸੀ ਮੁੰਡੇ ਸਨ, ਜਿਨ੍ਹਾਂ ਦੀਆਂ ਦਾੜ੍ਹੀਆਂ ਕੱਟੀਆਂ ਹੋਈਆਂ ਸਨ ਅਤੇ ਪੈਂਟਾਂ ਪਾਈਆਂ ਹੋਈਆਂ ਸਨ। ਉਨ੍ਹਾਂ ਪਹਿਲੀ ਵਾਰ ਖਾਲਿਸਤਾਨ ਦੇ ਨਾਅਰੇ ਲਾਏ ਅਤੇ ਖਾਲਿਸਤਾਨ ਦਾ ਝੰਡਾ ਝੁਲਾ ਦਿੱਤਾ, ਜਿੱਥੇ ਹਮੇਸ਼ਾ ਗੁਰੂ ਪੰਥ ਦਾ ਧਾਰਮਿਕ ਝੰਡਾ ਹੀ ਝੁਲਾਇਆ ਜਾਂਦਾ ਸੀ। ਉਹ ਆਪਣੀ ਤਰ੍ਹਾਂ ਦੀਆਂ ਟੁੱਟੀਆਂ-ਫੁੱਟੀਆਂ ਤਕਰੀਰਾਂ ਕਰਦੇ ਰਹੇ। ਸਰਕਾਰ ਨਾਲੋਂ ਬਹੁਤਾ ਅਕਾਲੀ ਲੀਡਰਾਂ ਨੂੰ ਭੰਡਦੇ ਤੇ ਅਬਾ-ਤਬਾ ਬੋਲਦੇ ਰਹੇ। ਜਦੋਂ ਪੁਲੀਸ ਆਈ, ਸਾਰੇ ਕਾਂਗਰਸੀ ਖਿਸਕ ਗਏ। ਸੌ ਤੋਂ ਉੱਪਰ ਫੜੇ ਗਏ, ਜਿਨ੍ਹਾਂ ਵਿਚ ਬਹੁਤੇ ਯਾਤਰੀ ਸਨ; ਜਿਨ੍ਹਾਂ ਨੂੰ ਸਿੰਘ ਸਾਹਿਬ ਨੇ ਫ਼ੋਨ ਕਰਕੇ ਛੁਡਵਾ ਲਿਆ।

ਸਰਕਾਰ ਸਿੱਖਾਂ ਦੀ ਨੰਗੀ ਚਿੱਟੀ ਦੁਸ਼ਮਣ ਬਣ ਚੁੱਕੀ ਸੀ। ਕਾਂਗਰਸੀ ਅਸਰ ਨੂੰ ਉਭਾਰਿਆ ਜਾ ਰਿਹਾ ਸੀ ਕਿ ਸ਼੍ਰੋਮਣੀ ਕਮੇਟੀ ਤੋੜ ਕੇ ਗੁਰਦਵਾਰਿਆਂ ਦੀ ਸੰਭਾਲ ਲਈ ਬੋਰਡ ਦਾ ਕੰਮ ਆਪਣੇ ਹੱਥ ਲੈ ਲਿਆ ਜਾਵੇ। ਇਸ ਤਰ੍ਹਾਂ ਦੀਆਂ ਬੋਗਸ ਸਭਾ ਸੁਸਾਇਟੀਆਂ ਗੁਰੂ ਘਰ ਨੂੰ ਆਉਂਦੀ ਮਾਇਆ ਹੜੱਪਣ ਲਈ ਬਣਾਉਣ ਲੱਗ ਪਏ। ਇਸ ਫਰਾਡ ਨੂੰ ਰੋਕਣ ਲਈ ਪੰਜ ਸਿੰਘ ਸਾਹਿਬਾਨ ਵਲੋਂ ਸੰਗਤਾਂ ਨੂੰ ਬਿਆਨ ਜਾਰੀ ਕਰਨਾ ਪਿਆ ਕਿ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਦੀ ਸੰਭਾਲ ਲਈ ਕੋਈ ਜਥੇਬੰਦੀ ਕਾਇਮ ਨਹੀਂ ਕੀਤੀ ਗਈ। ਸਭ ਸੁਸਾਇਟੀਆਂ ਭੰਗ ਕੀਤੀਆਂ ਜਾਂਦੀਆਂ ਹਨ। ਸ਼ਰਧਾਲੂ ਸੰਗਤਾਂ ਮਾਇਆ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਨੂੰ ਭੇਜਣ, ਫਿਰ ਜਾ ਕੇ ਕਿਤੇ ਠੱਲ੍ਹ ਪਈ; ਨਹੀਂ ਲੋਟੂ ਧਾੜਾਂ ਖੁੰਭਾਂ ਵਾਂਗ ਬੋਰਾਂ ਲਾ ਲਈਆਂ ਸਨ।

ਸਰਕਾਰ ਦੀ ਸ਼ਹਿ 'ਤੇ ਸੰਤਾ ਸਿੰਘ ਨਿਹੰਗ ਮੁੜ ਆਕੜ ਗਿਆ ਕਿ ਸ੍ਰੀ ਅਕਾਲ ਤਖ਼ਤ ਦੀ ਸੇਵਾ ਕਾਰਨ ਮੈਂ ਅਰਦਾਸ ਕਰਨੀ ਹੈ। ਪੰਜ ਸਿੰਘ ਪਿਆਰਿਆਂ ਨੇ ਉਸ ਨੂੰ ਤਨਖ਼ਾਹੀਆ ਕਰਾਰ ਦੇਣ ਪਿੱਛੋਂ ਪੰਥ ਵਿਚੋਂ ਖਾਰਜ ਕਰ ਦਿੱਤਾ ਸੀ। ਪੰਥ ਵਿਚੋਂ ਖਾਰਜ ਕੀਤਾ ਸਿੱਖ ਸ੍ਰੀ ਅਕਾਲ ਤਖ਼ਤ 'ਤੇ ਅਰਦਾਸ ਨਹੀਂ ਕਰ ਸਕਦਾ ਸੀ। ਸਿੰਘ ਸਾਹਿਬਾਨ 'ਤੇ ਜ਼ੋਰ ਦਿੱਤਾ ਗਿਆ ਕਿ ਸੰਤਾ ਸਿੰਘ ਨੂੰ ਝੰਡੇ ਬੁੰਗੇ ਕੋਲ ਖਲੋ ਕੇ ਅਰਦਾਸ ਕਰ ਲੈਣ ਦਿੱਤੀ ਜਾਵੇ। ਸਿੰਘ ਸਾਹਿਬ ਦਾ ਸਰਕਾਰ ਨੂੰ ਉੱਤਰ ਸੀ, ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਹਰਗਿਜ਼ ਭੰਗ ਨਹੀਂ ਕਰ ਸਕਦੇ। ਸਾਰੇ ਸਿੱਖ ਅਫ਼ਸਰ ਭਾਵੇਂ ਸੰਤਾ ਸਿੰਘ ਉੱਤੇ ਬਹੁਤ ਔਖੇ ਸਨ; ਪਰ ਦਿੱਲੀ ਦਾ ਦਬਾਓ, ਉਨ੍ਹਾਂ ਦੀ ਪੇਸ਼ ਨਹੀਂ ਜਾਣ ਦੇਂਦਾ ਸੀ। ਹਾਲਾਤ ਇਸ ਤਰ੍ਹਾਂ ਦੇ ਬਣ ਗਏ ਕਿ ਦੋਹੀਂ ਧਿਰੀਂ ਫ਼ਸਾਦ ਦਾ ਖ਼ਤਰਾ ਵੱਧ ਗਿਆ। ਸਰਕਾਰ ਨੀਲਾ ਤਾਰਾ ਕਰਕੇ ਪਹਿਲੋਂ ਹੀ ਘਬਰਾਈ ਹੋਈ ਸੰਭਲੀ ਨਹੀਂ ਸੀ ਤੇ ਹੋਰ ਉਪਾਧੀ ਤੋਂ ਸੰਕੋਚ ਵਰਤ ਰਹੀ ਸੀ। ਪੰਜਾਬ ਦਾ ਸਾਰਾ ਸਿੱਖ, ਲਾਵਾ ਬਣਿਆ ਹੋਇਆ ਸੀ। ਸਰਕਾਰ ਸਿੱਖਾਂ ਨੂੰ ਕੁਚਲ ਕੇ ਆਪਣੇ ਨਾਲ ਜੋੜਨਾ ਚਾਹੁੰਦੀ ਸੀ। ਪਰ ਪ੍ਰੋ. ਪੂਰਨ ਸਿੰਘ ਦੇ ਆਖਣ ਅਨੁਸਾਰ, "ਇਹ ਟੈਂ ਨਾ ਮੰਨਣ ਕਿਸੇ ਦੀ।" ਸਰਕਾਰ ਨੇ ਜੋ ਸੋਚਿਆ, ਹੋ ਉਸ ਦੇ ਉਲਟ ਗਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਰਘੂਨੰਦਨ ਲਾਲ ਭਾਟੀਆ ਨੇ ਸਰਕਾਰ ਨੂੰ ਲਿਖਿਆ:

"ਜੇਕਰ ਨਿਹੰਗਾਂ ਅਤੇ ਸਿੰਘਾਂ ਦਾ ਫ਼ਸਾਦ ਹੋ ਗਿਆ, ਬਹੁਤ ਖ਼ੂਨ ਖ਼ਰਾਬਾ ਹੋਵੇਗਾ। ਨਾਲ ਲੱਗਦੀ ਇਸ ਖ਼ੂਨੀ ਲੜਾਈ ਦੀ ਜ਼ੁੰਮੇਵਾਰੀ ਸਰਕਾਰ ਸਿਰ ਆ ਪਵੇਗੀ। ਸੰਤਾ ਸਿੰਘ

ਹਥਿਆਰਬੰਦ ਨਿਹੰਗ ਇਕੱਠੇ ਕਰੀ ਬੈਠਾ ਹੈ। ਮੈਂ ਅਗਾਊਂ ਚੇਤਾਵਨੀ ਭੇਜ ਰਿਹਾ ਆਂ।"

ਸੰਤਾ ਸਿੰਘ ਨਿਹੰਗ ਨੂੰ ਅਰਦਾਸ ਕਰਨੋਂ ਰੋਕ ਦਿੱਤਾ ਗਿਆ ਤੇ ਉਹ ਆਪਣੇ ਬੁੰਗੇ ਵਿਚ ਜਾ ਬੈਠਾ। ਉਹ ਸਰਕਾਰ ਨੂੰ ਅਬਾ-ਤਬਾ ਕਹਿ ਰਿਹਾ ਸੀ: ਜਦੋਂ ਲੋੜ ਸੀ ਵਰਤ ਲਿਆ; ਹੁਣ ਦੁੱਧ ਵਿਚੋਂ ਮੱਖੀ ਵਾਂਗ ਕੱਢ ਮਾਰਿਆ। ਜੇ ਫਸਾਦ ਭੜਕ ਪੈਂਦਾ ਸ੍ਰੀ ਅਕਾਲ ਤਖਤ 'ਤੇ ਮੁੜ ਖ਼ੂਨ ਹੀ ਖ਼ੂਨ ਹੋ ਜਾਣਾ ਸੀ। ਸਿੰਘ ਸਾਹਿਬ ਨੇ ਨੀਲਾ ਤਾਰਾ ਦੇ ਹਮਲੇ ਵਿਚ ਸ਼ਹੀਦ ਹੋਏ ਸਿੰਘਾਂ ਦੇ ਸੋਗ ਵਿਚ ਸਮੂਹ ਸੰਗਤ ਨੂੰ ਅਪੀਲ ਜਾਰੀ ਕਰ ਦਿੱਤੀ, ਕਿ ਇਸੇ ਸਾਲ ਦੀਵਾਲੀ ਨਾ ਮਨਾਈ ਜਾਵੇ। ਸੋ ਸਾਰੇ ਪੰਜਾਬ ਵਿਚ ਦੀਵਾਲੀ ਨੂੰ ਦੀਵੇ ਨਾ ਬਾਲੇ ਗਏ ਤੇ ਪੰਜਾਬ ਵਿਚ ਸਿੱਖਾਂ ਵਲੋਂ ਹਨੇਰ ਘੁੱਪ ਰਿਹਾ।

ਗਵਰਨਰ ਸਤਾਰ ਵਾਲਾ ਤੇ ਉਸ ਦੇ ਸਲਾਹਕਾਰ ਸੁਬਰਾਮਨੀਅਮ ਸੁਆਮੀ ਨੂੰ ਰਾਸ਼ਟਰਪਤੀ ਦਾ ਸੰਦੇਸ਼ ਆਇਆ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸਿੰਘ ਸਾਹਿਬ ਨੂੰ ਸੰਭਾਲ ਦਿੱਤਾ ਜਾਵੇ। ਪਰ ਡੀ. ਸੀ. ਚਾਹੁੰਦਾ ਸੀ, ਸਿੰਘ ਸਾਹਿਬ ਤੋਂ ਲਿਖਵਾ ਲਿਆ ਜਾਵੇ, ਕਿ ਕੋਈ ਹਥਿਆਰਬੰਦ ਖਾੜਕੂ ਅੰਦਰ ਨਹੀਂ ਜਾਵੇਗਾ। ਸਰਕਾਰ ਇਹ ਸ਼ਰਤ ਲਿਖਤੀ ਤੌਰ 'ਤੇ ਲੈਣਾ ਚਾਹੁੰਦੀ ਸੀ। ਪਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਕਿਸੇ ਤਰ੍ਹਾਂ ਦੀ ਲਿਖਤ ਅਥਵਾ ਦਸਤਖ਼ਤ ਕਰਨੋਂ ਇਨਕਾਰ ਕਰ ਦਿੱਤਾ। ਇਸ ਗੱਲ ਲਈ ਵੀ ਸਰਕਾਰ ਨੂੰ ਝੁਕਣਾ ਪਿਆ। ਸਤਾਈ ਸਤੰਬਰ ਨੂੰ ਪ੍ਰਬੰਧ ਸਿੰਘ ਸਾਹਿਬ ਨੂੰ ਸੌਂਪ ਦਿੱਤਾ ਗਿਆ। ਸਰਬ ਸੰਸਾਰ ਸਿੱਖ ਸੰਮੇਲਨ, ਸਰੋਵਰ ਦੀ ਕਾਰ ਸੇਵਾ ਸੰਪੂਰਨ ਹੋਈ ਅਤੇ ਗੁਰਦਵਾਰਿਆਂ ਦੀ ਆਜ਼ਾਦੀ ਲਈ ਖ਼ੁਸ਼ੀ ਮਨਾਈ ਗਈ। ਜੇ ਸਰਕਾਰ ਗੁਰਦਵਾਰੇ ਸਿੱਖ ਸੰਗਤ ਦੇ ਹਵਾਲੇ ਨਾ ਕਰਦੀ, ਤਦ ਪਹਿਲੀ ਅਕਤੂਬਰ ਨੂੰ ਰੋਸ ਜਲੂਸ ਕੱਢਣ ਦਾ ਪ੍ਰੋਗਰਾਮ ਮਿੱਥਿਆ ਹੋਇਆ ਸੀ; ਜਿਸ ਨੂੰ ਸਿੰਘ ਸਾਹਿਬ ਨੇ ਮੁਲਤਵੀ ਕਰ ਦਿੱਤਾ।

ਇੰਦਰਾ ਸ੍ਰੀ ਦਰਬਾਰ ਸਾਹਿਬ 'ਤੇ ਭਾਣਾ ਵਰਤਾਅ ਕੇ ਇਤਿਹਾਸਕ ਗ਼ਲਤੀ ਕਰ ਬੈਠੀ ਸੀ। ਉਸ ਨੂੰ ਆਸ ਨਹੀਂ ਸੀ ਸਿੱਖ ਚਲਣ ਐਨੇ ਪ੍ਰਤਿਕਰਮ ਵਿਚ ਉੱਠ ਖਲੋਵੇਗਾ। ਹੁਣ ਉਹ ਸਰਕਾਰੀ ਮਸ਼ੀਨਰੀ ਰਾਹੀਂ ਹਾਲਾਤ ਆਮ ਵਰਗੇ ਬਣਾਉਣਾ ਚਾਹੁੰਦੀ ਸੀ, ਜਿਹੜੇ ਸਰਕਾਰੀ ਅਫ਼ਸਰਾਂ ਦੇ ਵੱਸੋਂ ਬਾਹਰੇ ਸਨ। ਇਸ ਘੱਲੂਘਾਰੇ ਦੇ ਸਾਕੇ ਨੇ ਕੌਮ ਨੂੰ ਇੱਕ ਥਾਂ ਜੋੜ ਦਿੱਤਾ ਸੀ। ਪੰਜੇ ਸਿੰਘ ਸਾਹਿਬਾਨ ਦੀ ਅਪੀਲ ਵੀ ਕੌਮ ਨੂੰ ਇੱਕ-ਮੁੱਠ ਹੋਣ ਦੀ ਆ ਚੁੱਕੀ ਸੀ। ਪਰ ਸਿੰਘਾਂ ਅੰਦਰ ਬਲਦੇ ਵਿਰੋਧ ਦਾ ਕੋਈ ਇਲਾਜ ਨਹੀਂ ਸੀ, ਜਿਸ ਵਿਚੋਂ ਕ੍ਰੋਧ ਭਰੀਆਂ ਬਦਲੇ ਦੀਆਂ ਲਾਟਾਂ ਉੱਠ ਰਹੀਆਂ ਸਨ।

ਫਿਰ ਸ੍ਰੀ ਪਾਂਡੇ ਜੀ ਪੰਜਾਬ ਦੇ ਗਵਰਨਰ ਬਣ ਕੇ ਆਏ; ਉਨ੍ਹਾਂ ਸਾਰੀ ਜਾਂਚ ਕਰਕੇ ਕੇਂਦਰ ਸਰਕਾਰ ਨੂੰ ਲਿਖਿਆ:

"ਪੰਜਾਬ ਦਾ ਮਸਲਾ ਰਾਜਸੀ ਹੈ। ਅੱਗ ਬਾਲਣੀ ਛੱਡ ਦਿੱਤੀ ਜਾਵੇ; ਪਾਣੀ ਆਪਣੇ-ਆਪ ਉਬਲਣੋਂ ਬੰਦ ਹੋ ਜਾਵੇਗਾ।"

ਉਸ ਦੀ ਸੱਚੀ ਰਿਪੋਰਟ ਇੰਦਰਾ ਨੂੰ ਸੂਲ ਵਾਂਗ ਚੁੱਭ ਗਈ। ਉਸ ਦੀ ਨੇਕ ਤੇ ਇਮਾਨਦਾਰੀ ਵਾਲੀ ਸਲਾਹ ਨਾ ਮੰਨੀ ਗਈ। ਉਹ ਗ਼ੈਰਤਮੰਦ ਬੰਦਾ ਅਸਤੀਫ਼ਾ ਦੇ ਕੇ ਘਰ ਚਲਾ ਗਿਆ।

ਚਾਲੀਵਾਂ ਕਾਂਡ

ਇਕੱਤੀ ਅਕਤੂਬਰ, 1984 ਦੀ ਸਵੇਰ ਨੂੰ ਇੱਕ ਮਸ਼ਹੂਰ ਵਿਦੇਸ਼ੀ ਫ਼ਿਲਮ ਡਾਇਰੈਕਟਰ ਨੇ ਇੰਦਰਾ ਗਾਂਧੀ 'ਤੇ ਫ਼ਿਲਮ ਬਣਾਉਣ ਲਈ ਟਾਇਮ ਲਿਆ ਹੋਇਆ ਸੀ। ਇਹ ਫ਼ਿਲਮ ਬਣਾਉਣ ਦਾ ਕੰਮ ਇੰਦਰਾ ਦੇ ਦਫ਼ਤਰ ਜਾਣ ਤੋਂ ਪਹਿਲਾਂ ਪਹਿਲਾਂ ਮੁਕਦਾ ਕਰਨਾ ਸੀ। ਡਾਇਰੈਕਟਰ ਨੇ ਆਪਣਾ ਕੈਮਰਾ ਇੰਦਰਾ ਦੇ ਸਾਹਮਣੇ ਨੂੰ ਆਉਣ ਵਾਲੇ ਪਾਸੇ ਤਿਆਰ ਕਰ ਰੱਖਿਆ ਸੀ। ਉਹ ਵਾਰ ਵਾਰ ਸਿਚੂਏਸ਼ਨ ਚੈੱਕ ਕਰ ਰਿਹਾ ਸੀ। ਉਸ ਇਹ ਮੂਵੀ ਦੁਨੀਆਂ ਭਰ ਦੇ ਟੀ. ਵੀ. ਸਟੇਸ਼ਨਾਂ ਤੋਂ ਵਿਖਾਉਣੀ ਸੀ। ਉਹ ਆਪਣੀ ਵੱਲੋਂ ਪੂਰੀ ਤਿਆਰੀ ਕਰਕੇ ਇੰਦਰਾ ਜੀ ਦੀ ਉਡੀਕ ਕਰ ਰਿਹਾ ਸੀ।

ਕੁਦਰਤੀ ਉਸ ਦਿਨ ਬੇਅੰਤ ਸਿੰਘ ਅਤੇ ਸਤਵੰਤ ਸਿੰਘ ਦੇ ਇਕੱਠਿਆਂ ਪਹਿਰਾ ਦੇਣ ਦਾ ਜੁਗਾੜ ਬਣ ਗਿਆ। ਬੰਦਾ ਸੋਚਦਾ ਕੁਝ ਹੈ, ਪਰ ਕੁਦਰਤ ਆਪਣੇ ਸੁਭਾਅ ਅਨੁਸਾਰ ਕੁਝ ਹੋਰ ਈ ਭਾਣੇ ਵਰਤਾਅ ਛੱਡਦੀ ਐ। ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਪਹਿਲਾਂ ਹੀ ਮਿੱਥ ਲਈ ਸੀ, ਅੱਜ ਦਾ ਮੌਕਾ ਆਹਲਾ ਨਹੀਂ ਜਾਣ ਦੇਣਾ। ਇਸ ਇੰਦਰਾ ਨੇ ਸਾਡਾ ਧਰਮ ਅਸਥਾਨ ਖੰਡਰ ਬਣਾਇਆ, ਇਸ ਨੂੰ ਇੱਕੀ ਦੀ ਇਕੱਤੀ ਵਿਚ ਭਾਜੀ ਮੋੜਨੀ ਹੀ ਮੋੜਨੀ ਹੈ। ਜੇ ਬਦਲਾ ਨਾ ਲਿਆ, ਸਿੱਖ ਕੌਮ ਦੀ ਗੈਰਤ ਅਸਲੋਂ ਮਿੱਟੀ ਹੋ ਜਾਵੇਗੀ। ਆਉਣ ਵਾਲੀ ਪੀੜ੍ਹੀ ਸਾਨੂੰ ਮਰਦ ਨਹੀਂ ਹੀਜੜੇ ਆਖੇਗੀ। ਮੰਨਿਆ, ਇਨ੍ਹਾਂ ਸੰਤ ਜਰਨੈਲ ਸਿੰਘ ਨੂੰ ਫੜਨਾ ਸੀ। ਚਿੱਟੇ ਕੱਪੜਿਆਂ ਵਿਚ ਹਥਿਆਰ ਲੁਕੋ ਕੇ ਪੁਲੀਸ ਛਾਪਾ ਮਾਰ ਸਕਦੀ ਸੀ। ਅਮੋਨੀਆਂ ਗੈਸ ਦੇ ਦੋ ਸਲੰਡਰ ਸੁੱਟ ਕੇ ਪਹਿਲੋਂ ਬੇਹੋਸ਼ ਕਰਦੇ, ਫਿਰ ਗ੍ਰਿਫ਼ਤਾਰੀ ਪਾ ਲੈਂਦੇ। ਲੋੜੀਂਦੇ ਹੋਰ ਬੰਦੇ ਫੜ ਲੈਂਦੇ, ਪਰ ਇੰਦਰਾ ਸਿੱਖਾਂ ਨੂੰ ਜ਼ਲੀਲ ਕਰਨਾ ਚਾਹੁੰਦੀ ਸੀ। ਆਉਂਦੀ ਇਲੈਕਸ਼ਨ ਵਿਚ ਹਿੰਦੂਆਂ ਦੀਆਂ ਵੋਟਾਂ ਬਟੋਰਨੀਆਂ ਸਨ। ਇੱਕ ਤੀਰ ਨਿਸ਼ਾਨੇ ਕਈ। ਪਰ ਸੰਤ ਜਰਨੈਲ ਸਿੰਘ ਨੇ ਟਾਕਰਾ ਕਰਕੇ ਸ਼ਹਾਦਤ ਦੇਣੀ ਸੀ ਤਾਂ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਨਿਕਲ ਕੇ ਲੜਦਾ। ਸ੍ਰੀ ਅਕਾਲ ਤਖ਼ਤ ਕਿਉਂ ਫ਼ੌਜ ਤੋਂ ਢਵਾਇਆ। ਜ਼ੁੰਮੇਵਾਰ ਇੰਦਰਾ ਦੀ ਭਾਰੀ ਗ਼ਲਤੀ ਸੀ, ਉਸ ਸ੍ਰੀ ਅਕਾਲ ਤਖ਼ਤ ਢਾਹ ਕੇ ਸਿੱਖ ਕੌਮ ਦਾ ਧਰਮ ਵਿਸ਼ਵਾਸ ਤੋੜਨਾ ਚਾਹਿਆ, ਪਰ ਉਲਟਾ ਸੁੱਤਾ ਰੋਹ ਜਗਾ ਦਿੱਤਾ। ਅਸੀਂ ਗੌਰਵਸ਼ਾਲੀ ਸ਼ਹੀਦਾਂ ਦੀ ਸੰਤਾਨ, ਇਸ ਸਾਡੇ ਨਾਲ ਜੱਗੋਂ ਤੇਰ੍ਹਵੀਂ ਕਿਉਂ ਕੀਤੀ? ਜੇ ਗ੍ਰੰਥੀ ਮਾੜਾ ਹੋਵੇ, ਗੁਰਦਵਾਰਾ ਢਾਹ ਦੇਣਾ ਚਾਹੀਦਾ ਏ? ਅਸੀਂ ਕਿਵੇਂ ਬਰਦਾਸ਼ਤ ਕਰ ਸਕਦੇ ਆਂ। ਅਸੀਂ ਮੁਰਦਾ ਕੌਮ ਬਣ ਜਾਈਏ, ਗੀਦੀ ਗ਼ਦਾਰ ਬਣ ਜਾਈਏ? ਅਸੀਂ ਸਿੱਖ ਕੌਮ ਦੇ ਸਿਦਕ ਸਿਰੜ ਨੂੰ ਲਾਜ ਨਹੀਂ ਲਾ ਸਕਦੇ। ਜੇ ਮੱਸੇ ਰੰਘੜ ਨੂੰ ਸਜ਼ਾ ਦਿੱਤੀ ਜਾ ਸਕਦੀ ਐ; ਜਿਸ ਹਰਿਮੰਦਰ ਸਾਹਿਬ ਵਿਚ ਸ਼ਰਾਬ ਪੀਤੀ ਤੇ ਤਵਾਇਫ਼ ਨੂੰ ਨਚਾ ਕੇ ਪਵਿੱਤਰਤਾ ਭੰਗ ਕੀਤੀ ਸੀ। ਉਸ ਦਾ ਗੁਨਾਹਗਾਰ ਸਿਰ ਸ੍ਰ. ਸੁੱਖਾ ਸਿੰਘ ਤੇ ਸ੍ਰ. ਮਹਿਤਾਬ ਸਿੰਘ ਨੇ ਵੱਢਿਆ ਸੀ। ਇਸ ਬਾਹਮਣੀ ਨੇ ਤਾਂ ਸ੍ਰੀ ਅਕਾਲ ਤਖ਼ਤ

ਤਬਾਹ ਕਰਨ ਨਾਲ ਹਜ਼ਾਰਾਂ ਬੇਗੁਨਾਹ ਯਾਤਰੀ ਵੀ ਮਾਰ ਮੁਕਾਏ। ਇਸ ਤਾਰੀਖੀ ਕੋਹੜ ਦਾ ਖ਼ਾਤਮਾ ਜ਼ਰੂਰੀ ਐ। ਇਉਂ ਉਨ੍ਹਾਂ ਦੋਵਾਂ ਸੂਰਮਿਆਂ ਦੇ ਦਿਲਾਂ ਦੀਆਂ ਬਦਲਾ ਲਊ ਭਾਵਨਾਵਾਂ ਤੜਪ ਰਹੀਆਂ ਸਨ।

ਸ੍ਰ. ਬੇਅੰਤ ਸਿੰਘ ਨੇ ਦਰਵਾਜ਼ੇ ਤੋਂ ਆਪਣੇ ਖਲੋਣ ਤੱਕ ਕਦਮਾਂ ਨਾਪੀਆਂ। ਮੁੜ ਆਪਣੇ ਹੱਥਲੇ ਹਥਿਆਰ ਦੀ ਮਾਰ ਤੇ ਫ਼ਾਸਲਾ-ਬੋਛੜ ਨੂੰ ਜਾਂਚਿਆ। ਹਾਂ, ਜੋੜ ਤੇ ਤੋੜ ਸਹੀ ਮੇਲ ਖਾਂਦੇ ਹਨ। ਸੱਚੇ ਪਾਤਸ਼ਾਹ ਕਲਗੀਆਂ ਵਾਲਿਆ! ਅੱਜ ਪੰਥ ਦੀ ਰੱਖ ਵਿਖਾ। ਤੇਰੇ ਦਾਸ ਆਂ, ਆਪਣੇ ਸਿੰਘਾਂ ਦੀ ਲਾਜ ਤੇ ਆਪਣੇ ਚਰਨਾਂ ਵਿਚ ਨਿਵਾਸ ਦੇ। ਅਸੀਂ ਆਪਣੇ ਲਈ ਨਹੀਂ, ਤੇਰੇ ਪੰਥ ਦੀ ਆਨ-ਸ਼ਾਨ ਲਈ ਜੀ ਰਹੇ ਤੇ ਮਰ ਰਹੇ ਆਂ। ਸੇਵਾ ਦਾ ਅਵਸਰ ਅੱਜ ਅਜਾਈਂ ਨਾ ਜਾਵੇ।

"ਕਿਉਂ ਬਈ ਸਤਵੰਤ ਤਿਆਰ ਏਂ?" ਸ੍ਰ. ਬੇਅੰਤ ਸਿੰਘ ਆਪਣੇ ਸਾਥੀ ਨੂੰ ਮੁਸਕਰਾ ਕੇ ਪੁੱਛ ਗਿਆ।

"ਭਾਊ, ਤਿਆਰ-ਬਰ-ਤਿਆਰ। ਗੁਰੂ ਮਿਹਰ ਕਰੇ ਸਹੀ।" ਸਤਵੰਤ ਹਰ ਤਰ੍ਹਾਂ ਚੜ੍ਹਦੀ ਕਲਾ ਵਿਚ ਸੀ।

ਸਤਵੰਤ ਚੜ੍ਹਦੀ ਜਵਾਨੀ ਦੇ ਭਰਪੂਰ ਜੋਸ਼ ਵਿਚ ਸੀ। ਦਾੜ੍ਹੀ ਹਾਲੇ ਉਤਰੀ ਨਹੀਂ ਸੀ। ਹਾਲੇ ਵਿਆਹ ਹੋਣਾ ਸੀ। ਪਰ ਕੁਦਰਤ ਬੰਦੇ ਦੀ ਸੋਚ ਤੋਂ ਪ੍ਰਵਾਹਣੀ ਨਵਾਂ ਵਿਆਹ ਰਚਾ ਧਰਦੀ ਐ। ਇੱਕ ਅੱਚਵੀ ਦੋਹਾਂ ਦੇ ਲੂੰ ਲੂੰ ਚੜ੍ਹੀ ਹੋਈ ਸੀ। ਉਹ ਨਵੀਂ ਤਾਰੀਖ਼ ਪੈਦਾ ਕਰਨ ਲਈ ਤਿਆਰ ਖਲੋਤੇ ਸਨ। ਸ੍ਰ. ਬੇਅੰਤ ਸਿੰਘ ਦੇ ਤਿੰਨ ਬੱਚੇ ਸਨ। ਹਾਲੇ ਬਹੁਤ ਛੋਟੇ ਸਨ। ਘਰ ਵਾਲੀ ਅਤੇ ਬੱਚਿਆਂ ਬਾਰੇ ਉਸ ਨੂੰ ਖਿਆਲ ਆਇਆ। ਉਨ੍ਹਾਂ ਨੂੰ ਕੌਣ ਪਾਲੇਗਾ? ਬੁੱਢੇ ਮਾਂ-ਬਾਪ ਵੀ ਹਨ, ਉਨ੍ਹਾਂ ਦੀ ਦੇਖ-ਭਾਲ? ਭੋਲਿਆ ਬੇਅੰਤ ਸਿੰਘਾ, ਤੇਰੇ ਗੁਰੂ ਨੇ ਜ਼ੁਲਮ ਵਿਰੁੱਧ ਲੜਦਿਆਂ ਆਪਣੇ ਬੱਚਿਆਂ ਨੂੰ ਹੱਥੀਂ ਕੁਰਬਾਨ ਕਰ ਦਿੱਤਾ, ਤੂੰ ਕਿਹੜੀ ਦੁਬਿੱਧਾ ਵਿਚ ਪੈ ਗਿਆ? ਤੂੰ ਉਸ ਮਰਦੇ ਮੁਜ਼ਾਹਦ ਦਾ ਸਿੱਖ ਏਂ, ਜਿਸ ਆਪਣੇ ਲੋਕਾਂ ਉੱਤੋਂ ਸਾਰਾ ਪਰਿਵਾਰ ਵਾਰ ਦਿੱਤਾ। ਬੱਚਿਆਂ ਨੂੰ ਗੁਰੂ ਆਪ ਪਾਲੇਗਾ, ਜਿਨ੍ਹਾਂ ਦੇ ਸਿਰ 'ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹੱਥ ਹੋਵੇ, ਉਹ ਪ੍ਰਣ ਧਾਰ ਕੇ ਪਿਛਾਂਹ ਨੂੰ ਨਹੀਂ ਵੇਖਦੇ। ਅੱਗੇ ਹੋਏ ਸੋ ਹੋਏ। ਇਸ ਇੰਦਰਾ ਨੂੰ ਸਿੱਖ ਸ਼ਕਤੀ ਦਾ ਜਲਵਾ ਵਿਖਾਉਣਾ ਏ।

ਇੰਦਰਾ ਹਰ ਤਰ੍ਹਾਂ ਬਣ ਸੰਵਰ ਕੇ ਨਿੱਤ ਵਾਂਗ ਸਵੇਰੇ ਨੌਂ ਵਜੇ ਆਪਣੀ ਕੋਠੀ ਵਿਚੋਂ ਬਾਹਰ ਨਿਕਲੀ। ਸਤਵੰਤ ਤੇ ਬੇਅੰਤ ਨੇ ਉਸ ਨੂੰ ਸਤਿਕਾਰ ਦਾ ਸੈਲੂਟ ਦਿੱਤਾ। ਉਸ ਹਲਕਾ ਜਿਹਾ ਸਿਰ ਹਿਲਾਇਆ। ਉਸ ਦੇ ਸਿਰ ਦੀ ਚਿੱਟੀ ਲਿੱਟ ਹੱਸਦੀ ਜਾਪ ਰਹੀ ਸੀ। ਜਿਉਂ ਹੀ ਉਹ ਅੱਗੇ ਵਧੀ, ਪਿੱਛੋਂ ਗੋਲੀਆਂ ਦੀ ਬੋਛਾੜ ਨੇ ਉਸ ਨੂੰ ਥਾਏਂ ਢੇਰੀ ਕਰ ਦਿੱਤਾ। ਉਨ੍ਹਾਂ ਨਾਲ ਸੰਕੇਤ ਦੇਣ ਵਾਲਾ ਤੀਜਾ ਬੰਦਾ ਸੀ, ਜਿਹੜਾ ਝੱਟ ਹੀ ਗਾਇਬ ਹੋ ਗਿਆ। ਪਹਿਲੀ ਰੇਡੀਓ ਬ੍ਰਾਡਕਾਸਟਿੰਗ ਵਿਚ ਮਾਰਨ ਵਾਲੇ ਦੋ ਸਿੱਖ ਤੇ ਇੱਕ ਮੋਨਾ ਬੰਦਾ ਦੱਸਿਆ ਗਿਆ, ਪਰ ਫਿਰ ਮੋਨਾ ਹਾਦਸੇ ਵਾਲੀ ਤਸਵੀਰ ਵਿਚੋਂ ਅਸਲੋਂ ਗਾਇਬ ਕਰ ਦਿੱਤਾ ਗਿਆ, ਉਸ ਦਾ ਕਿਸੇ ਨਾਂ ਪਤਾ ਤੱਕ ਨਾ ਲਿਆ। ਬੇਅੰਤ ਸਿੰਘ ਨੇ ਆਪਣਾ ਹਥਿਆਰ ਮੌਕੇ ਦੇ ਸਕਿਓਰਟੀ ਸਿਪਾਹੀਆਂ ਹਵਾਲੇ ਕਰ ਦਿੱਤਾ; ਜਿਹੜੇ ਕੋਠੀ ਦੇ ਬਾਹਰ ਕੈਂਪ ਲਾਈ ਬੈਠੇ ਸਨ।

"ਆਹ ਲਓ ਹਥਿਆਰ, ਮੈਂ ਜੋ ਕਰਨਾ ਸੀ ਕਰ ਦਿੱਤਾ।" ਉਸ ਆਪਣਾ-ਆਪ ਪੇਸ਼ ਕਰ ਦਿੱਤਾ।

ਪਤਾ ਨਹੀਂ ਸਕਿਓਰਟੀ ਅਫਸਰ ਨੂੰ ਵਾਇਰਲੈੱਸ ਜਾਂ ਫ਼ੋਨ ਕੀਹਦਾ ਆਇਆ, ਦਸ ਮਿੰਟ ਪਿੱਛੋਂ ਸਿਘਾਂ ਨੂੰ ਗੋਲੀਆਂ ਨਾਲ ਛਲਨੀ ਕਰ ਦਿੱਤਾ। ਕਤਲ ਦਾ ਕੇਸ ਸੀ, ਉਨ੍ਹਾਂ ਨੂੰ ਪੁੱਛ ਦੱਸ ਵਾਸਤੇ ਜ਼ਿੰਦਾ ਰੱਖਣਾ ਜ਼ਰੂਰੀ ਸੀ, ਪਰ ਕਿੱਧਰੋਂ ਕਰੜੀ ਹਦਾਇਤ ਆਈ ਤੇ ਉਹ ਗੋਲੀਆਂ ਨਾਲ ਭੁੰਨ ਸੁੱਟੇ। ਇਨ੍ਹਾਂ ਦੋਵਾਂ ਨੂੰ ਮਾਰਨ ਪਿੱਛੇ ਕੀਹਦੀ ਸਾਜ਼ਿਸ਼ ਸੀ, ਕੋਈ ਪਤਾ ਨਹੀਂ ਲੱਗਣ ਦਿੱਤਾ ਗਿਆ, ਵਾਲ਼ ਜਿੰਨੀ ਸੂਹ ਵੀ ਨਹੀਂ ਨਿਕਲਣ ਦਿੱਤੀ। ਇੰਦਰਾ ਤੋਂ ਥੋੜ੍ਹਾ ਫ਼ਰਕ ਨਾਲ ਦੋਵੇਂ ਢੇਰੀ ਹੋ ਗਏ। ਲਹੂ ਦੇ ਘਰਾਲੇ ਚੱਲ ਚੁੱਕੇ ਸਨ। ਕੈਮਰਾਮੈਨ ਨੇ ਮਾਰਨ ਸਮੇਂ ਦੀ ਤਸਵੀਰ ਲੈ ਲਈ ਸੀ। ਪਿੱਛੋਂ ਆਪਣਾ ਸਾਮਾਨ ਲਪੇਟ ਕੇ ਚਲਦਾ ਹੋ ਗਿਆ।

ਇੰਦਰਾ ਨੂੰ ਬਹੁਤ ਗੋਲੀਆਂ ਲੱਗੀਆਂ ਸਨ। ਉਸ ਨੂੰ ਇਕਦਮ ਚੁੱਕ ਕੇ ਮੈਡੀਕਲ ਸਾਇੰਸਜ਼ ਹਸਪਤਾਲ ਲੈ ਜਾਇਆ ਗਿਆ। ਮਰ ਤਾਂ ਉਹ ਥਾਏਂ ਗਈ ਸੀ, ਪਰ ਮੌਤ ਦਾ ਐਲਾਨ ਜਾਣ ਕੇ ਰੋਕਿਆ ਹੋਇਆ ਸੀ। ਇੰਦਰਾ ਦੇ ਮਾਰੇ ਜਾਣ ਤੇ ਥਾਏਂ ਮਰਨ ਵਾਲੇ ਦੋ ਬਾਡੀਗਾਰਡ ਸਿੱਖਾਂ ਦੀ ਖ਼ਬਰ, ਹਿੰਦੋਸਤਾਨ ਤਾਂ ਕੀ ਸਾਰੀ ਦੁਨੀਆਂ ਵਿਚ ਹਨੇਰੀ ਵਾਂਗ ਫੈਲ ਗਈ। ਸਿੱਖਾਂ ਵਿਰੁੱਧ ਹਿੰਦੂਆਂ ਦਾ ਗੁੱਸਾ ਬਾਰੂਦ ਵਾਂਗ ਭੜਕ ਪਿਆ। ਇੰਦਰਾ ਮਾਰੀ ਜਾਵੇਗੀ, ਕਿਸੇ ਨੇ ਨਹੀਂ ਸੋਚਿਆ ਸੀ। ਸ੍ਰ. ਬੇਅੰਤ ਸਿੰਘ ਤੇ ਸਤਵੰਤ ਸਿੰਘ ਦੀਆਂ ਲਾਸ਼ਾਂ ਇੱਕ ਹੋਰ ਹਸਪਤਾਲ ਲਿਜਾਈਆਂ ਗਈਆਂ। ਬੇਅੰਤ ਸਿੰਘ ਖ਼ਤਮ ਹੋ ਚੁੱਕਾ ਸੀ, ਪਰ ਸਤਵੰਤ ਸਿੰਘ ਵਿਚ ਹਾਲੇ ਜਾਨ ਬਾਕੀ ਸੀ। ਡਾਕਟਰਾਂ ਉਸ ਨੂੰ ਬਚਾਉਣ ਲਈ ਆਪਣੀ ਵਾਹ ਲਾਉਣੀ ਸ਼ੁਰੂ ਕਰ ਦਿੱਤੀ। ਇੰਦਰਾ ਦੇ ਮਾਰੇ ਜਾਣ ਦੀ ਪਹਿਲੀ ਖ਼ਬਰ ਆਸਟ੍ਰੇਲੀਆ ਦੇ ਰੇਡੀਓ ਨੇ ਦਿੱਤੀ, ਮੁੜ ਬੀ. ਬੀ. ਸੀ. ਤੇ ਹੋਰ ਦੇਸ਼ਾਂ ਨਸ਼ਰ ਕਰਨੀ ਸ਼ੁਰੂ ਕਰ ਦਿੱਤੀ।

ਇੰਦਰਾ ਗਾਂਧੀ ਦਾ ਛੋਟਾ ਲੜਕਾ ਸੰਜੇ ਗਾਂਧੀ ਹਵਾਈ ਜਹਾਜ਼ ਚਲਾਉਣਾ ਸਿੱਖਦਾ ਪਹਿਲੋਂ ਹੀ ਹਾਦਸੇ ਦਾ ਸ਼ਿਕਾਰ ਹੋ ਚੁੱਕਾ ਸੀ। ਪ੍ਰਧਾਨ ਮੰਤਰੀ ਨੇ ਆਪਣੀ ਥਾਂ ਸੰਭਾਲਣ ਵਾਲਾ ਵਾਰਿਸ, ਵੱਡਾ ਲੜਕਾ ਗਾਂਧੀ, ਜਿਹੜਾ ਪਾਰਸੀ ਪੁੱਤਰ ਸੀ; ਨੂੰ ਸ਼ਿੰਗਾਰਨਾ ਸ਼ੁਰੂ ਕਰ ਦਿੱਤਾ ਸੀ। ਉਹ ਏਅਰ ਇੰਡੀਅਨ ਲਾਇਨਜ਼ ਵਿਚ ਪਾਇਲਟ ਸੀ। ਉਸ ਨੂੰ ਸਿਆਸਤ ਵਿਚ ਕੋਈ ਦਿਲਚਸਪੀ ਨਹੀਂ ਸੀ। ਸਟੇਜ 'ਤੇ ਬੋਲਣਾ ਵੀ ਨਹੀਂ ਆਉਂਦਾ ਸੀ। ਉਸ ਮਨਮਰਜ਼ੀ ਨਾਲ ਇਟਲੀ ਦੀ ਜ਼ਨਾਨੀ ਸੋਨੀਆ ਨਾਲ ਵਿਆਹ ਕਰਵਾਇਆ ਸੀ। ਇੰਦਰਾ ਗਾਂਧੀ ਦੀ ਮੌਤ ਸਮੇਂ ਉਹ ਕਲਕੱਤੇ ਵਿਚ ਇੱਕ ਕਾਂਗਰਸੀ ਸਮਾਗਮ ਨੂੰ ਸੰਬੋਧਨ ਕਰ ਰਿਹਾ ਸੀ। ਜਿਉਂ ਹੀ ਉਸ ਨੂੰ ਪ੍ਰਧਾਨ ਮੰਤਰੀ ਦੇ ਮਾਰੇ ਜਾਣ ਦੀ ਖ਼ਬਰ ਸੁਣਾਈ ਗਈ, ਉਹ ਯਕਦਮ ਸਤੰਭ ਹੋ ਗਿਆ। ਇਹ ਵੀ ਪਤਾ ਲੱਗਾ, ਮਾਰਨ ਵਾਲੇ ਦੋ ਸਿੱਖ ਬਾਡੀਗਾਰਡ ਸਨ। ਫਿਰ ਉਹ ਕਾਂਗਰਸੀਆਂ 'ਤੇ ਇਕਦਮ ਭਬਕ ਪਿਆ।

"ਤੁਸੀਂ ਚੁੱਪ ਚਾਪ ਖੜ੍ਹੇ ਹੋ, ਮੇਰੀ ਮਾਂ ਮਾਰੀ ਗਈ, ਦੇਸ਼ ਦੀ ਪ੍ਰਧਾਨ ਮੰਤਰੀ।" ਮਾਇਕ 'ਤੇ ਉਸ ਦੀ ਆਪਣੀ ਦਰਦ ਭਰੀ ਆਵਾਜ਼ ਲੋਕਾਂ ਨੂੰ ਭੜਕਾਊ ਚੁੱਕ ਦੇਣ ਵਾਲੀ ਸੀ। ਜਿਹੜੇ ਵੀ ਸਿੱਖ ਇਕੱਠ ਵਿਚ ਸਨ, ਏਧਰ-ਉਧਰ ਨੱਠ ਤੁਰੇ। ਸਿੱਖਾਂ ਵਿਰੁੱਧ ਨਾਅਰੇ ਗੂੰਜ ਪਏ। ਮੌਕੇ ਦੇ ਪੁਲੀਸ ਅਫ਼ਸਰ ਨੇ ਵਿਗੜਦੀ ਸਥਿਤੀ ਵੇਖ ਕੇ ਬੰਗਾਲ ਦੇ ਚੀਫ਼ ਮਨਿਸਟਰ ਜੋਤੀ ਬਾਸੂ ਨੂੰ ਪੁੱਛਿਆ:

"ਸਰ, ਇੰਦਰਾ ਗਾਂਧੀ ਦੇ ਕਤਲ ਕਾਰਨ ਸਿੱਖਾਂ ਵਿਰੁੱਧ ਬਲਵੇ, ਮਾਰ-ਕੁੱਟ ਹੋਣ ਵਾਲੀ ਹੈ, ਸਾਨੂੰ ਕੀ ਹੁਕਮ ਹੈ?"

"ਕੋਈ ਗੜਬੜ ਨਾ ਹੋਵੇ। ਖ਼ਬਰਦਾਰ! ਕੋਈ ਦੰਗਾ-ਫ਼ਸਾਦ ਨਾ ਹੋਵੇ, ਸਭ ਨੂੰ ਸਖ਼ਤੀ ਨਾਲ ਦਬਾਅ ਦਿੱਤਾ ਜਾਵੇ। ਲੋਕਾਂ ਦੀ ਜਾਨ-ਮਾਲ ਦੀ ਰਾਖ਼ੀ, ਹਰ ਕੀਮਤ 'ਤੇ ਕੀਤੀ ਜਾਵੇ।" ਜੋਤੀ ਬਾਸੂ ਨੇ ਇੱਕ ਤਰ੍ਹਾਂ ਪੁਲੀਸ ਨੂੰ ਵਾਰਨਿੰਗ ਦੇ ਦਿੱਤੀ ਅਤੇ ਆਪ ਫ਼ੋਰਸ ਲੈ ਕੇ ਕਲਕੱਤੇ ਦੇ ਬਾਜ਼ਾਰਾਂ ਵਿਚ ਫਿਰਿਆ।

ਕੰਟਰੋਲ ਕਰਦਿਆਂ ਕਰਦਿਆਂ ਇੱਕ ਸਿੱਖ ਕਾਂਗਰਸੀਆਂ ਹੱਥੋਂ ਮਾਰਿਆ ਜਾ ਚੁੱਕਾ ਸੀ ਤੇ ਤਿੰਨ ਚਾਰ ਜ਼ਖ਼ਮੀ ਹੋ ਗਏ ਸਨ। ਪਰ ਲੰਮਾ ਚੌੜਾ ਇੱਕ ਕਰੋੜ ਦੀ ਆਬਾਦੀ ਵਾਲਾ ਕਲਕੱਤਾ ਬੜੀ ਛੇਤੀ ਕਾਬੂ ਹੇਠ ਲੈ ਆਂਦਾ ਤੇ ਸ਼ਾਂਤੀ ਵਰਤ ਗਈ।

ਏਧਰ ਰਾਜੀਵ ਗਾਂਧੀ ਦੇ ਦਿੱਲੀ ਪਹੁੰਚਣ 'ਤੇ ਹੀ ਇੰਦਰਾ ਦੀ ਮੌਤ ਦਾ ਰੇਡੀਓ ਤੋਂ ਬੜੇ ਦੁੱਖ ਤੇ ਅਫ਼ਸੋਸ ਨਾਲ ਐਲਾਨ ਕੀਤਾ ਗਿਆ। ਉਸ ਦਿਨ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਕਿਸੇ ਬਾਹਰਲੇ ਦੇਸ਼ ਗਿਆ ਹੋਇਆ ਸੀ। ਉਸ ਨੂੰ ਫ਼ੋਨ ਕਰਕੇ ਖੜ੍ਹੇ ਪੈਰ ਮੰਗਵਾਇਆ ਗਿਆ। ਇੰਦਰਾ ਗਾਂਧੀ ਦੀ ਲਾਬੀ ਨੇ ਪਹਿਲੋਂ ਹੀ ਜੁੜ ਕੇ ਫ਼ੈਸਲਾ ਕਰ ਲਿਆ ਸੀ ਕਿ ਰਾਜੀਵ ਨੂੰ ਹੀ ਪ੍ਰਧਾਨ ਮੰਤਰੀ ਬਣਾਉਣਾ ਏ। ਕੱਲ੍ਹ ਦਾ ਛੋਕਰਾ ਏ; ਉਸ ਨੂੰ ਐਡਮਨਿਸਟ੍ਰੇਸ਼ਨ ਦੀ ਜਾਚ ਕੋਈ ਨਹੀਂ; ਮਨਮਰਜ਼ੀ ਨਾਲ ਹਕੂਮਤ ਚਲਾਵਾਂਗੇ। ਇੱਕ ਨੇ ਸ਼ੰਕਾ ਜ਼ਾਹਰ ਕੀਤੀ।

"ਪ੍ਰਧਾਨ ਮੰਤਰੀ ਬਨਾਨਾ ਤੋ ਇਸ ਸਮੇਂ ਰਾਸ਼ਟਰਪਤੀ ਕੇ ਵਸ ਮੇਂ ਹੈ।" ਉਸ ਦਾ ਭਾਵ ਸੀ, ਉਹ ਕਿਸੇ ਹੋਰ ਸੀਨੀਅਰ ਕਾਂਗਰਸੀ ਨੇਤਾ ਨੂੰ ਵੀ ਬਣਾ ਸਕਦਾ ਹੈ।

"ਹੋਰ ਕਿਸੇ ਨੂੰ? ਉਸ ਨੂੰ ਆਪਣੀ....?" ਰਾਜੀਵ ਇੰਦਰਾ ਦਾ ਹੰਜਲਾ, ਬਾਕੀ ਗੱਲ ਰੋਕ ਗਿਆ। ਉਂਝ ਉਸ ਦਾ ਮਤਲਬ ਸੀ, ਉਸ ਨੂੰ ਜਾਨ ਨਹੀਂ ਲੋੜੀਂਦੀ। "ਉਹ ਸਾਡੀ ਮਰਜ਼ੀ ਤੋਂ ਬਾਹਰ ਕਿਵੇਂ ਜਾ ਸਕਦਾ ਏ।"

ਸੋ, ਗਾਂਧੀ ਪਰਿਵਾਰ ਦੇ ਨਿਕਟਵਰਤੀ ਦੀ ਡਿਊਟੀ ਲਾਈ ਗਈ ਕਿ ਹਵਾਈ ਜਹਾਜ਼ ਵਿਚ ਆਉਂਦੇ ਗਿਆਨੀ ਜ਼ੈਲ ਸਿੰਘ ਨਾਲ ਪੱਕਾ ਸੰਪਰਕ ਕਰੋ। ਉਸ ਨੂੰ ਹਰ ਤਰ੍ਹਾਂ ਜ਼ੋਰ ਦੇ ਕੇ ਕਹਿਣਾ ਏ ਕਿ ਪ੍ਰਧਾਨ ਮੰਤਰੀ ਦੀ ਸੌਂਹ ਰਾਜੀਵ ਗਾਂਧੀ ਜੀ ਨੂੰ ਚੁਕਾਉਣ। ਉਸ ਆਉਂਦੇ ਜਹਾਜ਼ ਨਾਲ ਫ਼ੋਨ 'ਤੇ ਗੱਲ ਕੀਤੀ।

"ਹੈਲੋ, ਹੈਲੋ! ਸਤਿਕਾਰ ਯੋਗ ਰਾਸ਼ਟਰਪਤੀ ਜੀ! ਬੇਨਤੀ ਹੈ, ਹੈਲੋ?"

"ਹਾਂ ਬਈ ਹੈਲੋ! ਇੰਦਰਾ ਜੀ ਕਾ ਤੋ ਬੜਾ ਦੁੱਖ ਹੈ; ਘਾਟ ਕੈਸੇ ਪੂਰੀ ਕੀ ਜਾਏਗੀ?" ਗਿਆਨੀ ਦੀ ਆਵਾਜ਼ ਅਫ਼ਸੋਸ ਵਿਚ ਡੁੱਬੀ ਹੋਈ ਸੀ।

"ਘਾਟ ਪੂਰੀ ਹੋਗੀ ਰਾਜੀਵ ਜੀ ਕੇ ਸਾਥ। ਆਪ ਨੇ ਜਹਾਜ਼ ਸੇ ਉਤਰਤੇ ਹੀ ਰਾਸ਼ਟਰਪਤੀ ਭਵਨ ਪਹੁੰਚ ਕਰ ਸਭ ਸੇ ਪਹਿਲਾ ਕਾਮ ਰਾਜੀਵ ਕੋ ਪ੍ਰਧਾਨ ਮੰਤਰੀ ਪਦ ਕੀ ਕਸਮ ਦਿਲਾਨਾ ਹੈ।" ਕਾਂਗਰਸੀ ਆਹੁਦੇਦਾਰ ਨੇ ਬੇਨਤੀ ਦੀ ਥਾਂ ਹਦਾਇਤ ਵਰਗੇ ਲਹਿਜੇ ਨਾਲ ਆਖਿਆ।

"ਪਹਿਲੇ ਮੁਝੇ ਇੰਦਰਾ ਜੀ ਕੇ ਪਾਸ ਜਾਣਾ ਚਾਹੀਏ। ਫਿਰ ਆਪ ਲੋਗੋਂ ਕੇ ਸਲਾਹ ਮਸ਼ਵਰਾ ਸੇ ਹਲਫ਼ ਦਿਲਾਏਂਗੇ।" ਗਿਆਨੀ ਨੇ ਹਾਲਾਤ ਦੀ ਦੇਖ-ਰੇਖ ਨੂੰ ਮੁੱਖ ਰੱਖਦਿਆਂ ਉੱਤਰ ਦਿੱਤਾ।

"ਨਹੀਂ ਜੀ, ਆਪ ਨਹੀਂ ਸਮਝਤੇ, ਯਹਾਂ ਕਿਆ ਹਾਲਾਤ ਬਣੇ ਹੁਏ ਹੈਂ। ਅਗਰ ਆਪ

ਨੇ ਰਾਜੀਵ ਜੀ ਕੋ ਪ੍ਰਧਾਨ ਮੰਤਰੀ ਨਾ ਬਣਾਇਆ ਤੋ ਜਹਾਂ ਖ਼ੂਨ ਖ਼ਰਾਬਾ ਵੀ ਹੋ ਸਕਤਾ ਹੈ। ਕਾਂਗਰਸ ਪਾਸ਼ ਪਾਸ਼ ਹੋ ਜਾਏਗੀ। ਇੱਧਰ ਸਾਰੀ ਦਿੱਲੀ ਸਿੱਖੋਂ ਕੋ ਮਾਰਨੇ ਪਰ ਤੁਲੀ ਹੁਈ ਹੈ। ਕਾਂਗਰਸ ਕੇ ਲੀਏ, ਦੇਸ਼ ਕੀ ਏਕਤਾ ਕੇ ਲੀਏ, ਆਪ ਪਰ ਨਹਿਰੂ ਪਰਿਵਾਰ ਕੀ ਬਹੁਤ ਮਿਹਰਬਾਨੀਆਂ ਹੈਂ। ਉਨ ਕੋ ਯਾਦ ਕਰਕੇ ਰਾਜੀਵ ਜੀ ਕੋ ਆਗੇ ਲਾਏਂ। ਇਸ ਮੇਂ ਆਪ ਕੀ ਭਲਾਈ ਔਰ ਸੁਰੱਖਿਆ ਹੈ।" ਬੋਲਣ ਵਾਲਾ ਸਮਝਦਾ ਸੀ ਰਾਸ਼ਟਰਪਤੀ ਤਾਂ ਮੈਂ ਆਂ, ਗਿਆਨੀ ਜ਼ੈਲ ਸਿੰਘ ਤਾਂ ਨਾਂ ਹੀ ਰਬੜ ਦੀ ਮੋਹਰ ਐ; ਜਿੱਥੇ ਮਰਜ਼ੀ ਚੁੱਕ ਕੇ ਲਾ ਲਈ ਜਾਵੇ।

ਗਿਆਨੀ ਜੀ ਨੇ ਹਵਾਈ ਅੱਡੇ 'ਤੇ ਉਤਰਦਿਆਂ ਆਪੇ ਨੂੰ ਘਿਰਿਆ ਘਿਰਿਆ ਮਹਿਸੂਸ ਕੀਤਾ। ਧੁੰਦ ਵਾਂਗ ਗਹਿਰੀ ਚੁੱਪ ਛਾਈ ਹੋਈ ਸੀ। ਦਿੱਲੀ ਦੀਆਂ ਸੜਕਾਂ 'ਤੇ ਲੋਕ ਬੇਥਾਹ ਭੜਕੇ ਹੋਏ ਸਨ। ਉਨ੍ਹਾਂ ਦੀ ਕਾਰ 'ਤੇ ਵੀ ਸਕਿਓਰਟੀ ਨਾਲ ਹੁੰਦਿਆਂ ਕਈ ਪੱਥਰ ਆ ਪਏ। ਕਾਂਗਰਸੀ ਬਘਿਆੜਾਂ ਵਿਚ ਰਾਸ਼ਟਰਪਤੀ ਦੀ ਮੱਤ ਮਾਰੀ ਗਈ। ਉਹ ਇੰਦਰਾ ਜੀ ਦੀ ਲਾਸ਼ ਸਿਰਹਾਣੇ ਆ ਖਲੋਤਾ। ਉਹ ਬਰਫ਼ ਦੀਆਂ ਸਿਲਾਂ 'ਤੇ ਅਹਿੱਲ ਪਈ ਸੀ। ਦੋਵੇਂ ਹੱਥ ਜੋੜ ਕੇ ਸਿਰ ਝੁਕਾਇਆ। ਬਹੁਤ ਬੁਰਾ ਹੋਇਆ; ਮੇਰੀ ਕੌਮ ਦੇ ਨੌਜਵਾਨਾਂ ਹੱਥੋਂ ਮਾਰੀ ਗਈ, ਹੋਰ ਵੀ ਮਾੜਾ, ਮਾੜਾ! ਉਹ ਲੰਮੇ ਸਾਹ ਭਰਦਾ ਹਸਪਤਾਲੋਂ ਬਾਹਰ ਆ ਗਿਆ। ਕਾਂਗਰਸੀ ਦਬਾਅ ਉਸ 'ਤੇ ਚੌਫੇਰਿਓਂ ਚੜ੍ਹਿਆ ਹੋਇਆ ਸੀ। ਉਹ ਕੀ ਕਰੇ, ਕੀ ਨਾ ਕਰੇ। ਉਸ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਪਦ ਦੀ ਸੌਂ ਚੁਕਵਾ ਕੇ ਜਾਨ ਖ਼ਲਾਸੀ ਕਰਵਾਈ। ਉਹ ਸਮਝਦਾ ਸੀ, ਰਾਜੀਵ ਜ਼ੁੰਮੇਵਾਰੀ ਮਹਿਸੂਸ ਕਰਕੇ ਭੜਕੇ ਲੋਕਾਂ ਨੂੰ ਸ਼ਾਂਤ ਕਰ ਲਵੇਗਾ। ਹਸਪਤਾਲ ਨੂੰ ਜਾਂਦਿਆਂ ਤੇ ਆਉਂਦਿਆਂ ਗਿਆਨੀ ਜ਼ੈਲ ਸਿੰਘ ਦੀ ਕਾਰ ਦੇ ਸ਼ੀਸ਼ੇ ਤੋੜ ਸੁੱਟੇ ਸਨ। ਗਿਆਨੀ ਆਪੇ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਸੀ।

ਦੂਜੇ ਬੰਨੇ ਓਦੋਂ ਹੀ ਕਾਂਗਰਸੀ ਵਜ਼ੀਰਾਂ ਦਿੱਲੀ ਦੇ ਪਾਰਲੀਮੈਂਟ ਮੈਂਬਰਾਂ ਤੇ ਹੋਰ ਆਹੁਦੇਦਾਰਾਂ ਇੱਕ-ਦੂਜੇ ਨੂੰ ਫ਼ੋਨ ਖੜਕਾਏ ਕਿ ਸਿੱਖਾਂ ਨੂੰ ਸਬਕ ਸਿਖਾਇਆ ਜਾਵੇ। ਜਿਹੜੇ ਬਹੁਤੇ ਗਾਂਧੀ ਭਗਤ ਸਨ ਅਤੇ ਰਾਜੀਵ ਗਾਂਧੀ ਨੂੰ ਸੱਜਰੀ ਵਫ਼ਾਦਾਰੀ ਵਿਖਾਉਣਾ ਚਾਹੁੰਦੇ ਸਨ, ਨੇ ਰਲ ਕੇ ਝੁੱਗੀਆਂ-ਝੌਂਪੜੀਆਂ ਵਾਲਿਆਂ ਨੂੰ ਰੱਜ ਕੇ ਸ਼ਰਾਬ ਪਿਲਾਈ; ਲੋਹੇ ਦੇ ਸਰੀਏ ਵੰਡੇ। ਆਇਲ ਸਟੇਸ਼ਨਾਂ ਤੋਂ ਪਟਰੋਲ ਦੇ ਡਰੰਮ ਭਰ ਦਿੱਤੇ। ਨਾਲ ਹੀ ਕਹਿ ਦਿੱਤਾ ਸਿੱਖਾਂ ਨੂੰ ਮਾਰ ਕੇ ਜਿੰਨਾ ਲੁੱਟਿਆ ਜਾ ਸਕਦਾ ਏ, ਤੁਹਾਡਾ ਹੋਵੇਗਾ। ਤੁਹਾਡੀ 'ਵਾ ਵੱਲ ਨਹੀਂ ਕੋਈ ਝਾਕੇਗਾ। ਬਦਮਾਸ਼ਾਂ ਤੇ ਗੁੰਡਿਆਂ ਨੂੰ ਹੋਰ ਕੀ ਚਾਹੀਦਾ ਸੀ। ਸਿੱਖਾਂ ਨੂੰ ਮਾਰਨ ਲਈ ਹਰਿਆਣੇ ਵਿਚੋਂ ਟਰੱਕਾਂ ਦੇ ਟਰੱਕ ਭਰ ਭਰ ਲਿਆਂਦੇ ਗਏ।

ਝੁੱਗੀਆਂ ਵਾਲਿਆਂ ਸੰਭਾਲ ਕੇ ਰੱਖੇ ਦਾਹ ਕੱਢ ਲਏ। ਉਨ੍ਹਾਂ ਸਿੱਖਾਂ ਦੇ ਘਰ ਅਤੇ ਦੁਕਾਨਾਂ ਲੁੱਟਣੀਆਂ ਸ਼ੁਰੂ ਕਰ ਦਿੱਤੀਆਂ। ਜਿਹੜਾ ਅੱਗੇ ਅੜਿਆ ਪਾਰ ਬੁਲਾ ਘੱਤਿਆ। ਉਨ੍ਹਾਂ ਬੱਚਾ, ਬੁੱਢਾ ਕੋਈ ਨਹੀਂ ਵੇਖਿਆ ਸੀ। ਦਿੱਲੀ ਦੀਆਂ ਸੜਕਾਂ ਖ਼ੂਨੋ ਖ਼ੂਨ ਹੋ ਗਈਆਂ। ਸਰਦਾਰਾਂ ਨੂੰ ਦੁਕਾਨਾਂ ਵਿਚੋਂ ਕੱਢ ਕੇ ਅੱਗਾਂ ਲਾਈਆਂ ਗਈਆਂ। ਸੜਕਾਂ 'ਤੇ ਘਸੀਟਿਆ ਗਿਆ। ਪੁਰਾਣੇ ਟਾਇਰ ਕਾਂਗਰਸੀ ਪਟਰੋਲ ਵਿਚ ਭਿਉਂ ਕੇ ਗਲਾਂ ਵਿਚ ਪਾਏ ਗਏ ਅਤੇ ਲਾਈਟਰਾਂ ਨਾਲ ਅੱਗਾਂ ਵਿਖਾਈਆਂ ਗਈਆਂ। ਜਦ ਲਾਟਾਂ ਸਿੱਖਾਂ ਨੂੰ ਸਾੜਦੀਆਂ, ਉਹ ਬੁਝਾਉਣ ਲਈ ਟਪਦਾ, ਹੱਥ-ਪੈਰ ਮਾਰਦਾ ਤਦ ਗੁੰਡੇ ਖਿੜਖਿੜਾ ਕੇ ਹੱਸਦੇ:

"ਦੇਖੋ ਸਰਦਾਰ ਜੀ ਕੈਸਾ ਭੰਗੜਾ ਪਾ ਰਿਹਾ ਹੈ।"

ਦਿੱਲੀ ਵਿਚ ਨਵਾਂ ਨਾਦਰ ਸ਼ਾਹ ਕਾਂਗਰਸੀ ਉੱਠ ਪਿਆ ਸੀ। ਇਸ ਕਤਲੇਆਮ ਵਿਚ ਬੱਚਾ ਤੇ ਜ਼ਨਾਨੀ, ਜੋ ਅੱਗੇ ਆਇਆ ਪਾਰ ਬੁਲਾ ਛੱਡਿਆ। ਕਾਂਗਰਸੀ ਗੁੰਡੇ ਸਿੱਖ ਕਾਲੋਨੀਆਂ ਵਿਚ ਅੱਗਾਂ ਲੈ ਕੇ ਵੜਦੇ, ਗੱਭਰੂ-ਜਵਾਨ ਸਭ ਕਤਲ, ਘਰ ਨੂੰ ਲੁੱਟਿਆ ਤੇ ਮੁੜ ਗੈਸ ਸਿਲੰਡਰ ਖੋਲ੍ਹ ਦੇਂਦੇ, ਬੀੜੀ ਪੀਣ ਵਾਲੀ ਸੀਖ ਘਸਾਈ ਤੇ ਘਰ ਸੁਆਹ ਕਰ ਛੱਡਿਆ। ਕਾਲੋਨੀਆਂ ਵਿਚੋਂ ਨਿਕਲ ਕੇ ਮਾਬ ਗੁਰਦਵਾਰਿਆਂ ਵਿਚ ਆ ਵੜਿਆ। ਗ੍ਰੰਥੀ ਭਾਈ ਮਾਰਿਆ ਤੇ ਅੱਗ ਭਖਾ ਦਿੱਤੀ। ਇਸ ਲੰਮੇ ਸਾੜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਸੁਆਹ ਕਰ ਦਿੱਤੇ। ਕਾਤਲਾਂ ਨੂੰ ਬੇਗੁਨਾਹ, ਬੇਹਥਿਆਰ ਸਿੱਖਾਂ ਨੂੰ ਮਾਰਨ ਸਮੇਂ ਮਹਾਤਮਾ ਬੁੱਧ ਅਤੇ ਮਹਾਤਮਾ ਗਾਂਧੀ ਯਾਦ ਨਹੀਂ ਰਹੇ ਸਨ। ਉਹ ਕਾਂਗਰਸੀ ਸ਼ਰਾਬ ਪੀ ਕੇ ਭੂਤਰ ਗਏ ਸਨ। ਉਨ੍ਹਾਂ ਦੇ ਘਰਾਂ ਦੀ ਗ਼ਰੀਬੀ ਸਿੱਧੀ ਲੁੱਟ ਵਿਚ ਪ੍ਰਵੇਸ਼ ਕਰ ਗਈ। ਪਹਿਲੀ, ਦੂਜੀ ਤੇ ਤੀਜੀ ਨਵੰਬਰ ਤੱਕ ਦਿੱਲੀ ਵਿਚ ਜੰਗਲ ਦਾ ਰਾਜ ਰਿਹਾ। ਕੋਈ ਕਾਨੂੰਨ ਨਹੀਂ ਸੀ। ਵਿਧਾਨ ਤਿੰਨੇ ਦਿਨ ਕਬਰ ਵਿਚ ਸੁੱਤਾ ਪਿਆ ਰਿਹਾ। ਲੋਕਾਂ ਦੇ ਜਾਨ-ਮਾਲ ਦੀ ਹਿਫ਼ਾਜ਼ਤ ਕਰਨ ਵਾਲੀ ਪੁਲੀਸ ਬਲਵਾਈਆਂ ਦੀ ਹਰ ਥਾਂ ਮਦਦ ਕਰ ਰਹੀ ਸੀ। ਜਿੱਥੇ ਸਿੱਖ ਮੁਕਾਬਲੇ ਲਈ ਕਿਤੇ ਅੜੇ ਸਨ। ਹਕੂਮਤ ਦੇ ਬੰਦੇ ਮਾਰ-ਕਾਟ ਵਿਚ ਆਪ ਸ਼ਰੀਕ ਸਨ। ਨਰਸਿਮ੍ਹਾ ਰਾਓ ਜਿਹੜੇ ਹਿੰਦੋਸਤਾਨ ਦੇ ਹੋਮ ਮਨਿਸਟਰ ਸਨ, ਨੇ ਬੁੱਲ੍ਹ ਘੁੱਟ ਕੇ ਚੁੱਪ ਵੱਟੀ ਹੋਈ ਸੀ। ਉਨ੍ਹਾਂ ਦਾ ਟੈਲੀਫ਼ੋਨ ਖ਼ਾਮੋਸ਼ ਸੀ। ਵੋਟਰ ਲਿਸਟਾਂ ਰਾਹੀਂ ਕਾਂਗਰਸੀ ਆਗੂ ਸਿੱਖਾਂ ਦੇ ਘਰ ਦੱਸਦੇ ਰਹੇ। ਇਹ ਸਿੱਖ ਕਤਲੇਆਮ ਕਰਵਾ ਕੇ ਉਹ ਰਾਜੀਵ ਦੇ ਚਹੇਤੇ ਬਣ ਰਹੇ ਸਨ; ਇੰਦਰਾ ਗਾਂਧੀ ਦੀ ਵਫ਼ਾਦਾਰੀ ਪਾਲ ਰਹੇ ਸਨ। ਸਾਰੇ ਹਾਹਾਕਾਰ ਮੱਚੀ ਹੋਈ ਸੀ। ਕੋਈ ਦਾਦ-ਫ਼ਰਿਆਦ ਨਹੀਂ ਸੁਣ ਰਿਹਾ ਸੀ। ਸੁਣਨ ਵਾਲੇ ਫ਼ਸਾਦੀਆਂ ਨੂੰ ਹੱਲਾਸ਼ੇਰੀ ਦੇ ਰਹੇ ਸਨ। ਦਿੱਲੀ ਵਿਚੋਂ ਭਾਂਬੜ ਉੱਠ ਰਹੇ ਸਨ ਪਰ ਪਾਣੀ ਦੀ ਬਾਲਟੀ ਪਾਉਣ ਵਾਲਾ ਕੋਈ ਨਹੀਂ ਸੀ। ਸਿੱਖਾਂ ਨੂੰ ਛੱਤਾਂ ਉੱਤੋਂ ਸੁੱਟ ਸੁੱਟ ਮਾਰਿਆ ਗਿਆ। ਸੁਲਤਾਨਪੁਰੀ ਅਤੇ ਤਰਲੋਕਪੁਰੀ ਆਦਿ ਕਾਲੋਨੀਆਂ ਅਸਲੋਂ ਸਾਫ਼ ਕਰ ਦਿੱਤੀਆਂ ਗਈਆਂ ਸਨ। ਦਿੱਲੀ ਦੇ ਕਾਂਗਰਸੀ ਵਜ਼ੀਰ ਐਮ. ਪੀ. ਕਾਤਲਾਂ ਦੀ ਅਗਵਾਈ ਕਰ ਰਹੇ ਸਨ।

ਪਹਿਲੀ ਨਵੰਬਰ ਸਿੱਖਾਂ ਨੂੰ ਮਾਰਨ ਦੀਆਂ ਖ਼ਬਰਾਂ ਸਾਰੇ ਹਿੰਦੋਸਤਾਨ ਵਿਚ ਫੈਲ ਗਈਆਂ, ਜਿਹੜੇ ਸੂਬਿਆਂ ਵਿਚ ਕਾਂਗਰਸੀ ਸਰਕਾਰਾਂ ਸਨ; ਸਭ ਸ਼ਹਿਰਾਂ ਵਿਚ ਸਿੱਖਾਂ ਦੀ ਕਤਲੇਆਮ ਸ਼ੁਰੂ ਹੋ ਗਈ। ਕਾਨਪੁਰ ਖ਼ੂਨੋ ਖ਼ੂਨ ਸੀ। ਬੁਖ਼ਾਰੋ ਦੀਆਂ ਲੋਹਾ ਢਾਲਦੀਆਂ ਭੱਠੀਆਂ ਵਿਚ ਸੁੱਟ ਸੁੱਟ ਸਿੱਖਾਂ ਨੂੰ ਸਾੜਿਆ ਗਿਆ। ਦਿੱਲੀ ਦੀਆਂ ਇੱਕ ਸੌ ਸੱਠ ਫਾਰਨ ਅੰਬੈਸੀਆਂ ਸਿੱਖਾਂ ਨੂੰ ਕਤਲ ਕਰਨ ਦੀਆਂ ਤਸਵੀਰਾਂ ਤੇ ਫ਼ਿਲਮਾਂ ਬਣਾ ਰਹੀਆਂ ਸਨ। ਕਿਸੇ ਨੂੰ ਫਿਕਰ ਨਹੀਂ ਸੀ, ਹਿੰਦੂ ਸਰਕਾਰ ਆਪਣੀ ਹੀ ਪਰਜਾ ਨੂੰ ਮਾਰ ਰਹੀ ਹੈ। ਅਸਲ ਵਿਚ ਕਾਨੂੰਨ, ਪ੍ਰਬੰਧ ਤੇ ਸਰਕਾਰ ਮਰ ਚੁੱਕੀ ਸੀ। ਉਹ ਜਾਣ-ਬੁੱਝ ਕੇ ਇੰਦਰਾ ਦਾ ਬਦਲਾ ਬੇਗੁਨਾਹ ਸਿੱਖਾਂ ਤੋਂ ਮਾਰ ਕਾਟ ਕਰਕੇ ਲੈ ਰਹੀ ਸੀ। ਉਸ ਨੂੰ ਆਪਣੀ ਦੁਨੀਆਂ ਭਰ ਵਿਚ ਹੋ ਰਹੀ ਬਦਨਾਮੀ ਦੀ ਪ੍ਰਵਾਹ ਨਹੀਂ ਸੀ। ਕਾਂਗਰਸੀ ਰਾਜਾਂ ਵਿਚ ਸਿੱਖਾਂ ਦੇ ਖ਼ੂਨ ਦੀ ਹੋਲੀ ਰੱਜ ਕੇ ਖੇਡੀ ਗਈ।

ਗਿਆਨੀ ਜ਼ੈਲ ਸਿੰਘ ਸੁਨਹਿਰੀ ਕੁਰਸੀ ਵਿਚ ਸੁਕੜਿਆ ਮੱਥੇ ਨੂੰ ਹੱਥ ਮਾਰ ਰਿਹਾ ਸੀ। ਇਹ ਮੈਂ ਕੀ ਕਰ ਬੈਠਾ? ਮੈਂ ਸਿੱਖਾਂ ਦਾ ਆਪ ਕਾਤਲ ਨਹੀਂ? ਪਹਿਲੋਂ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਮੇਰੇ ਕੋਲੋਂ ਲੁਕਾਈ ਰੱਖਿਆ। ਹੁਣ ਦਿੱਲੀ ਵਿਚ ਇੱਕ ਲੱਖ ਫ਼ੌਜ, ਪੰਜਾਹ

ਹਜ਼ਾਰ ਪੁਲੀਸ ਦੀ ਗਿਣਤੀ, ਰਿਜ਼ਰਵ ਦਸਤੇ, ਬਾਰਡਰ ਸਕਿਓਰਟੀ ਫੋਰਸ ਆਦਿ ਵਾਲਿਆਂ ਦੇ ਹੁੰਦਿਆਂ, ਰਾਜਧਾਨੀ ਤੇ ਹੋਰ ਸ਼ਹਿਰਾਂ ਵਿਚ ਕਤਲੇਆਮ ਜਾਰੀ ਹੈ। ਮੈਂ ਕਾਹਦਾ ਪ੍ਰੈਜ਼ੀਡੈਂਟ ਆਂ? ਜਦੋਂ ਕੋਈ ਮੇਰੇ ਆਖੇ ਹੀ ਨਹੀਂ ਲੱਗਦਾ। ਮੈਨੂੰ ਨੀਲਾ ਤਾਰਾ ਸਮੇਂ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ। ਪਰ ਇੰਦਰਾ? ਜੈਪੁਰ ਦੀ ਰਾਣੀ ਜੇਲ੍ਹ ਵਿਚ ਸੁੱਟ ਦਿੱਤੀ ਸੀ। ਮਿਹਰਬਾਨ ਹੋਵੇ ਤਾਂ ਮਨਿਸਟਰੀਆਂ ਬਖ਼ਸ਼ ਦੇਵੇ, ਕਹਿਰਵਾਨ ਹੋਵੇ ਤਾਂ ਸੂਈ ਬਘਿਆੜੀ। ਰਾਜਨੀਤੀ ਕਿੰਨੀ ਕੁੱਤੀ ਸ਼ੈ ਹੈ, ਰਾਸ ਆਵੇ ਤਾਂ ਰਾਸ਼ਟਰਪਤੀ, ਵਿਰੁੱਧ ਜਾਵੇ ਤਾਂ ਕੈਦੀ, ਰਬੜ ਦੀ ਮੋਹਰ। ਮੈਂ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੰਘ, ਤਿੰਨਾਂ ਫ਼ੌਜਾਂ ਦਾ ਹੁਕਮਰਾਨ ਸਰਦਾਰ, ਪਰ ਇਸ ਵੇਲੇ ਮੇਰੇ ਆਖੇ ਕਾਲੀ ਕੁੱਤੀ ਵੀ ਨਹੀਂ ਲੱਗਦੀ ਅਤੇ ਬਾਹਰ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਬੇਗੁਨਾਹ ਸਰਦਾਰ ਧੜਾ ਧੜ ਵੱਢੇ ਜਾ ਰਹੇ ਐ। ਰਾਜੀਵ ਨੇ ਇਹ ਕਹਿ ਕੇ ਬਲਦੀ 'ਤੇ ਹੋਰ ਤੇਲ ਪਾ ਦਿੱਤਾ ਕਿ ਜਦੋਂ ਵੱਡਾ ਦਰਖ਼ਤ ਡਿੱਗਦਾ ਹੈ, ਧਰਤੀ ਹਿਲਦੀ ਹੈ। ਕੱਲ੍ਹ ਦਾ ਛੋਕਰਾ ਹੈ, ਉਸ ਨੂੰ ਇਹ ਅਹਿਸਾਸ ਹੀ ਨਹੀਂ, ਮੈਂ ਪਚਾਸੀ ਕਰੋੜ ਜਨਤਾ ਦਾ ਪ੍ਰਾਈਮ ਮਨਿਸਟਰ ਆਂ। ਸਾਰੇ ਭਾਰਤ ਵਿਚ ਫੈਲੇ ਘੱਲੂਘਾਰੇ ਅੱਗੇ, ਕੋਈ ਮਿੰਨਤ ਤਰਲਾ ਆੜੇ ਨਹੀਂ ਆਇਆ। ਮਨੁੱਖੀ ਹਮਦਰਦੀ ਬੇਹੋਸ਼ ਹੋ ਕੇ ਸੌਂ ਗਈ ਸੀ। ਧੀਆਂ ਭੈਣਾਂ ਦੀ ਬੇਪਤੀ? ਬੇਹਿਸਾਬ। ਸਰਦਾਰਾਂ ਦੀਆਂ ਜ਼ਬਰਦਸਤੀ ਦਾੜ੍ਹੀਆਂ ਕੱਟੀਆਂ, ਉਨ੍ਹਾਂ ਨੇ, ਜਿਨ੍ਹਾਂ ਦੇ ਪੁਰਖਿਆਂ ਲਈ ਸਿੱਖ ਗੁਰੂਆਂ ਸਰੇ ਬਾਜ਼ਾਰ ਦਿੱਲੀ ਵਿਚ ਹੀ ਕੁਰਬਾਨੀਆਂ ਦਿੱਤੀਆਂ।

ਇੰਦਰਾ ਦਾ ਬਦਲਾ ਨਵੇਂ ਕਾਂਗਰਸੀ ਨਾਦਰ ਸ਼ਾਹ ਨੇ ਸਾਰੀ ਸਿੱਖ ਕੌਮ ਤੋਂ ਲਿਆ। ਚਾਰ ਨਵੰਬਰ ਨੂੰ ਰੇਡੀਓ ਤੋਂ ਐਲਾਨ ਕੀਤਾ ਗਿਆ ਕਿ ਫ਼ਸਾਦ ਬੰਦ ਕੀਤੇ ਜਾਣ, ਪਰ ਫਿਰ ਵੀ ਨਿੱਕੀਆਂ-ਮੋਟੀਆਂ ਵਾਰਦਾਤਾਂ ਹੁੰਦੀਆਂ ਰਹੀਆਂ। ਕਮਿਊਨਿਸਟ ਸਿੱਖ ਜਿਹੜੇ ਇੰਦਰਾ ਦੇ ਚਹੇਤੇ ਸਨ ਤੇ ਜਿਹੜੇ ਬਲਿਊ ਸਟਾਰ ਨੂੰ ਸਹੀ ਕਦਮ ਆਖਦੇ ਸਨ ਤੇ ਵਧਾਈਆਂ ਦੇਣ ਗਏ ਸਨ; ਆਖਿਆ ਸੀ,

"ਇਹ ਹਮਲਾ ਪਹਿਲੋਂ ਹੋਣਾ ਚਾਹੀਦਾ ਸੀ।" ਭਾਲੇ ਨਹੀਂ ਲੱਭ ਰਹੇ ਸਨ।

ਬਾਹਰ ਸਿੱਖਾਂ ਦੀ ਕਤਲੇਆਮ ਹੁੰਦੀ ਵੇਖ ਕੇ ਪੱਗਾਂ ਬਦਲ ਕੇ, ਬਿਲਡਿੰਗਾਂ ਦੀਆਂ ਪਾਈਪਾਂ ਰਾਹੀਂ ਉਤਰ ਕੇ ਜਾਨਾਂ ਬਚਾਅ ਰਹੇ ਸਨ। ਵਾਹਿਗੁਰੂ ਕੀ ਭਾਣਾ ਵਰਤਾਅ ਘੱਤਿਆ।

"ਕਾਫ਼ਿਰ ਕੋ ਬੇਵਕਤ ਖ਼ੁਦਾ ਯਾਦ ਆਇਆ।"

ਮਾਰਨ ਵਾਲੇ ਨਹੀਂ ਵੇਖਦੇ ਸਨ, ਇਹ ਕਾਂਗਰਸੀ ਐ, ਕਮਿਊਨਿਸਟ ਹੈ ਜਾਂ ਹੋਰ ਕੋਈ; ਉਨ੍ਹਾਂ ਦਾ ਸ਼ਿਕਾਰ ਤਾਂ ਕੇਵਲ ਸਿੱਖ ਸਨ। ਉਹ ਰਾਜਸੀਵਾਦਾਂ ਨੂੰ ਨਹੀਂ ਜਾਣਦੇ ਸਨ। ਜਿਹੜੇ ਹੁਣ ਤੱਕ ਇੰਦਰਾ ਨਹਿਰੂ ਦਾ ਜਾਪ ਕਰਦੇ ਰਹੇ ਸਨ; ਉਹ ਵਾਹਿਗੁਰੂ ਅੱਗੇ ਹੱਥ ਜੋੜ ਜੋੜ ਬਚਾਅ ਵਾਸਤੇ ਅਰਦਾਸਾਂ ਕਰ ਰਹੇ ਸਨ।

ਇਕੱਲੀ ਦਿੱਲੀ ਵਿਚ ਤੇਰਾਂ ਸੌ ਸਿੱਖ ਜ਼ਨਾਨੀਆਂ ਵਿਧਵਾ ਅਤੇ ਚਾਰ ਹਜ਼ਾਰ ਬੱਚੇ ਯਤੀਮ ਹੋਏ। ਇਹ ਅੰਕੜੇ 'ਇਨਵੈਸਟੀਗੇਸ਼ਨ ਕਮੇਟੀ ਬਾਈ ਸਿਟੀਜਨ ਫਾਰ ਡੈਮੋਕਰੇਸੀ ਕਮਿਸ਼ਨ' ਦੇ ਸਨ, ਜਿਸ ਦਾ ਹੈੱਡ ਸੁਪਰੀਮ ਕੋਰਟ ਦਾ ਗ਼ੈਰ ਸਿੱਖ ਜੱਜ ਸੀ। ਕਮਿਸ਼ਨ ਨੇ ਪੁਲੀਸ ਅਤੇ ਐਡਮਨਿਸਟ੍ਰੇਸ਼ਨ ਨੂੰ ਬਰਾਬਰ ਦੋਸ਼ੀ ਠਹਿਰਾਇਆ। ਰਾਜ ਕੁਮਾਰੀ ਸਿਨਹਾ ਨੇ ਆਪਣੀ ਪੜਤਾਲ ਵਜੋਂ ਪਾਰਲੀਮੈਂਟ ਵਿਚ ਬਿਆਨ ਦਿੱਤਾ, "ਨੌਂ ਸੌ ਨੱਬੇ ਔਰਤਾਂ ਦਿੱਲੀ ਫ਼ਸਾਦਾਂ ਵਿਚ ਵਿਧਵਾ ਹੋਈਆਂ ਸਨ। ਇਸ ਦੇ ਉਲਟ ਬਲਿਊ ਸਟਾਰ ਹਮਲੇ ਸਮੇਂ ਚਾਰ

ਹਜ਼ਾਰ ਸੱਤ ਸੌ ਬਾਰਾਂ (4712) ਸਿੱਖ ਫੜੇ ਸਨ, ਜਿਹੜੇ ਨੱਬੇ ਫ਼ੀਸਦੀ ਯਾਤਰੀ ਆਏ ਹੋਏ ਸਨ। ਉਨ੍ਹਾਂ ਵਿਚੋਂ ਬਹੁਤੇ ਜੋਧਪੁਰ ਜੇਲ੍ਹ ਵਿਚ ਬੰਦ ਹਨ। ਸੱਤ, ਅੱਠ ਤੇ ਨੌਂ ਸਾਲ ਦੇ ਬੱਚਿਆਂ ਦੀਆਂ ਬਾਹਾਂ ਨੂੰ ਪ੍ਰਿਜ਼ਨਰ ਔਫ ਵਾਰ (ਜੰਗੀ ਕੈਦੀ) ਦੇ ਟੈਗ ਬੰਨ੍ਹੇ ਹੋਏ ਸਨ। ਮੈਂ ਸਰਕਾਰ ਨੂੰ ਪੁੱਛਦੀ ਆਂ, ਉਹ ਲੜਨ ਵਾਲੇ ਖਾੜਕੂ ਸਨ?" ਉਸ ਦੇ ਦਰਦ ਭਰੇ ਸਵਾਲਾਂ ਦਾ ਕਿਸੇ ਵਜ਼ੀਰ ਕੋਲ ਕੋਈ ਜਵਾਬ ਨਹੀਂ ਸੀ।

ਅਪ੍ਰੈਲ 1985 ਗੁਰਦਵਾਰਾ ਗਜ਼ਟ ਦੀ ਰਿਪੋਰਟ ਸੀ। ਸ੍ਰੀ ਦਰਬਾਰ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੇ ਸੱਠ ਮੁਲਾਜ਼ਮ ਨੀਲਾ ਤਾਰਾ ਹਮਲੇ ਵਿਚ ਗੋਲੀਆਂ ਮਾਰ ਕੇ ਸ਼ਹੀਦ ਕੀਤੇ ਗਏ। ਇੱਕ ਸੌ ਪੰਜਾਹ ਕਰਮਚਾਰੀ ਗ੍ਰਿਫ਼ਤਾਰ ਕੀਤੇ ਗਏ। ਹਮਲਾ ਖ਼ਤਮ ਹੋਣ ਤੋਂ ਪਿੱਛੋਂ ਵੀ ਫੜੀਦੇ ਰਹੇ।

ਹਿਊਮਨ ਰਾਈਟਸ ਕਮੇਟੀ ਨੇ ਆਪਣੇ ਵੱਖਰੇ ਅੰਕੜੇ ਦਿੱਤੇ ਹਨ ਜਿਸ ਵਿਚ ਹਾਈ ਕੋਰਟ ਤੇ ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਮੈਂਬਰ ਸਨ। ਉਨ੍ਹਾਂ ਕਾਂਗਰਸ ਤੇ ਸਰਕਾਰ ਨੂੰ ਦੋਸ਼ੀ ਠਹਿਰਾਇਆ। ਪੁਲੀਸ ਜਾਣ ਬੁੱਝ ਕੇ ਖ਼ਾਮੋਸ਼ ਰਹੀ ਤੇ ਕਈ ਥਾਂ ਕਾਤਲਾਂ ਦੀ ਮਦਦ ਕਰਦੀ ਰਹੀ। ਪਰ ਕਿਸੇ ਜੱਜ, ਲੀਡਰ ਅਥਵਾ ਵਿਸ਼ੇਸ਼ ਵਿਅਕਤੀ ਦੀ ਕਿਸੇ ਨੇ ਨਹੀਂ ਸੁਣੀ। ਦਿੱਲੀ ਤੇ ਬਾਕੀ ਕਾਂਗਰਸੀ ਰਾਜਾਂ ਦੇ ਸ਼ਹਿਰਾਂ ਵਿਚ ਜੰਗਲ ਦਾ ਰਾਜ ਸੀ। ਸਿੱਖਾਂ ਤੋਂ ਬਿਨਾਂ ਘੱਟ ਗਿਣਤੀਆਂ ਨੂੰ ਫਿਕਰ ਪੈ ਗਿਆ, ਪਤਾ ਨਹੀਂ ਸਾਡੀ ਵਾਰੀ ਕਦੋਂ ਆ ਜਾਵੇ। ਇਸ ਫਾਸ਼ੀ ਡੈਮੋਕ੍ਰੇਸੀ ਨਾਲੋਂ ਇੱਕ ਪੁਰਖੀ ਰਾਜ ਕੀ ਮਾੜਾ ਸੀ? ਇਸ ਤਰ੍ਹਾਂ ਦੀਆਂ ਕਤਲੇਆਮਾਂ ਤਾਂ ਇਤਿਹਾਸ ਨੇ ਨਾਦਰ ਸ਼ਾਹ ਤੇ ਅਬਦਾਲੀ ਸਮੇਂ ਹੀ ਸੁਣੀਆਂ ਸਨ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ, ਫ਼ਸਲ ਦਾ ਕਿਵੇਂ ਬਚਾਅ ਹੋ ਸਕਦਾ ਹੈ।

ਬਲਿਊ ਸਟਾਰ ਹਮਲੇ ਕਾਰਨ ਪੰਜਾਬ ਅਤੇ ਇੰਦਰਾ ਗਾਂਧੀ ਦੇ ਕਤਲ ਨਾਲ ਦਿੱਲੀ ਵਿਚ ਸਿੱਖਾਂ ਲਈ ਕਾਲੀ ਫਿਰ ਗਈ ਸੀ। ਪਰ ਦਿੱਲੀ ਦੇ ਸਿੱਖਾਂ ਉਨ੍ਹਾਂ ਪੰਜਾਬੀ ਹਿੰਦੂਆਂ ਦਾ ਧੰਨਵਾਦ ਕੀਤਾ; ਜਿਨ੍ਹਾਂ ਸਿੱਖਾਂ ਨੂੰ ਆਪਣੇ ਘਰਾਂ ਵਿਚ ਪਨਾਹ ਦੇ ਕੇ ਬਚਾਇਆ ਸੀ। ਉਨ੍ਹਾਂ ਦੀ ਹਮਦਰਦੀ ਨੇ ਦੱਸ ਦਿੱਤਾ, ਮਨੁੱਖਤਾ ਹਾਲੇ ਮੋਈ ਨਹੀਂ, ਜਿਊਂਦੀ ਐ, ਕਦੇ ਵੱਡੇ ਤੋਂ ਵੱਡਾ ਘੱਲੂਘਾਰਾ ਵੀ ਮਨੁੱਖਤਾ ਦਾ ਨਾਸ ਨਹੀਂ ਕਰ ਸਕਿਆ। ਦੁੱਖਾਂ, ਮੁਸੀਬਤਾਂ, ਮਹਾਂਮਾਰੀਆਂ ਤੇ ਕਤਲੇਆਮਾਂ ਵਿਚੋਂ ਮਨੁੱਖਤਾ ਹੋਰ ਸੁਰਖਰੂ ਹੋ ਕੇ ਨਿਕਲੀ ਹੈ। ਸਿੱਖੀ ਦੀਆਂ ਬੁਨਿਆਦਾਂ ਮਨੁੱਖੀ ਅਸੂਲਾਂ 'ਤੇ ਆਧਾਰਤ ਹਨ, ਜਿਸ ਵਿਚ ਕਿਸੇ ਤਰ੍ਹਾਂ ਦੀ ਊਚ-ਨੀਚ ਨੂੰ ਥਾਂ ਨਹੀਂ ਹੈ। ਕਾਤਲ ਦੀ ਤਲਵਾਰ ਲਹੂ ਬੀਜਦੀ ਐ, ਪਰ ਉਸ ਦੀ ਉੱਗੀ ਸ਼ਾਨਦਾਰ ਫ਼ਸਲ ਕੇਵਲ ਮਨੁੱਖਤਾ ਹੀ ਕੱਟਦੀ ਹੈ।

ਇਕਤਾਲੀਵਾਂ ਕਾਂਡ

ਸਿੱਖ ਕੌਮ ਦੇ ਸਾਰੇ ਲੀਡਰ ਅੰਦਰ ਦਿੱਤੇ ਹੋਏ ਸਨ। ਕੇਵਲ ਪੰਜ ਪਿਆਰੇ ਹੀ ਜਿਹੜੇ ਰਾਜਨੀਤਕ ਆਗੂ ਨਹੀਂ ਸਨ; ਕੌਮ ਨੂੰ ਮਾੜੀ ਮੋਟੀ ਸੇਧ ਦੇ ਰਹੇ ਸਨ। ਉਨ੍ਹਾਂ ਸਿੱਖ ਕੌਮ ਨੂੰ ਲਿਖਤੀ ਅਪੀਲ ਕੀਤੀ:—

"ਪਿਆਰੇ ਖ਼ਾਲਸਾ ਜੀ! ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਹੱਲਾ ਕਰਕੇ ਸ੍ਰੀ ਅਕਾਲ ਤਖ਼ਤ ਢਾਹ ਘੱਤਿਆ। ਦਿੱਲੀ ਤੇ ਹੋਰ ਸ਼ਹਿਰਾਂ ਵਿੱਚ ਹਜ਼ਾਰਾਂ ਨਿਰਦੋਸ਼ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਹੈ। ਮੁਗ਼ਲ ਰਾਜ, ਨਾਦਰ ਸ਼ਾਹ ਤੇ ਅਬਦਾਲੀ ਦੇ ਹਮਲਿਆਂ ਸਿੱਖਾਂ ਨੂੰ ਮਾਰਿਆ ਸੀ, ਪਰ ਪਰਜਾ ਨੂੰ ਕੁਝ ਨਹੀਂ ਆਖਿਆ ਸੀ, ਪਰ ਇਸ ਆਪਣੀ ਆਜ਼ਾਦ ਸਰਕਾਰ ਨੇ ਸਿੱਖਾਂ ਦੇ ਆਹੂ ਲਾਹ ਘੱਤੇ ਹਨ। ਅਸੀਂ ਜ਼ੁਲਮ ਦਾ ਟਾਕਰਾ ਕਰਦੇ ਵੀ ਸਰਬੱਤ ਦਾ ਭਲਾ ਚਾਹੁਣ ਵਾਲੀ ਕੌਮ ਆਂ। ਅਸਾਂ ਸਿੱਖੀ ਦੇ ਨੇਮ, ਅਸੂਲ ਤੇ ਮਰਯਾਦਾ, ਅੰਤ ਦੀਆਂ ਭੀੜਾਂ ਵਿਚ ਵੀ ਨਹੀਂ ਛੱਡੇ। ਸਾਡੇ ਪੁਰਖਿਆਂ ਸ਼ਹੀਦੀਆਂ ਦੇ ਕੇ ਨਵਾਂ ਇਤਿਹਾਸ ਪੈਦਾ ਕੀਤਾ ਹੈ। ਕਾਂਗਰਸ ਬ੍ਰਾਹਮਣਵਾਦ ਦੇ ਭੇਸ ਵਿਚ ਅਸਲੋਂ ਫ਼ਿਰਕੂ ਹੈ। ਹਾਲੇ ਹੋਰ ਵੀ ਜ਼ੁਲਮ ਕਰ ਸਕਦੀ ਐ। ਇਸ ਨਾਜ਼ੁਕ ਸਮੇਂ ਅਸੀਂ ਸਮੁੱਚੀ ਕੌਮ ਨੂੰ ਅਪੀਲ ਕਰਦੇ ਆਂ ਕਿ ਕੌਮ ਇੱਕ ਮੁੱਠ ਰਹੇ। ਕਾਹਲੇ ਤੇ ਜੋਸ਼ੀਲੇ ਨੌਜਵਾਨਾਂ ਨੂੰ ਆਪਣੇ ਇਤਿਹਾਸ ਤੋਂ ਸਬਕ ਲੈ ਕੇ ਜ਼ਬਤ ਵਿਚ ਆਉਣਾ ਚਾਹੀਦਾ ਹੈ। ਗੰਭੀਰ ਸੋਚ ਤੇ ਏਕਤਾ ਦੀ ਭਾਵਨਾ ਨਾਲ ਸੁਖਾਵੇਂ ਕਦਮ ਪੁੱਟਣ ਦੀ ਲੋੜ ਹੈ। ਲੀਡਰ ਜੇਲ੍ਹਾਂ ਵਿਚ ਹਨ, ਬਹੁਤ ਸਾਰੇ ਸ਼ਹੀਦ ਕਰ ਦਿੱਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਭਰੋਸਾ ਤੇ ਟੇਕ ਪਰਪੱਕ ਕਰੋ। ਆਪ ਹੁਦਰਾ ਕਦਮ ਨਾ ਚੁੱਕਿਆ ਜਾਵੇ। ਸਰਕਾਰ ਸਾਨੂੰ ਮਾਰਨ ਤੇ ਸਾੜਨ ਦੇ ਬਹਾਨੇ ਭਾਲਦੀ ਐ। ਗੁਰੂ ਕ੍ਰਿਪਾ ਨਾਲ ਇਹ ਭਾਵੀਆਂ ਹਰ ਹਾਲਤ ਵਿਚ ਟਲ ਜਾਣਗੀਆਂ। ਸੱਚ ਦੇ ਪ੍ਰਕਾਸ਼ ਨੂੰ ਕੋਈ ਜ਼ੁਲਮ ਨਹੀਂ ਰੋਕ ਸਕਦਾ। ਸਾਡੇ 'ਤੇ ਭਾਰੀ ਮੁਸੀਬਤਾਂ ਆ ਚੁੱਕੀਆਂ ਹਨ। ਆਰਿਆਂ ਨਾਲ ਚੀਰੇ ਗਏ, ਬੰਦ ਬੰਦ ਕੱਟੇ ਗਏ; ਪਰ ਅਸੀਂ ਫੇਰ ਇਤਿਹਾਸ ਦੀ ਚੜ੍ਹਦੀ ਕਲਾ ਵਿਚ ਉੱਭਰੇ ਆਂ। ਪੰਥ ਦੀ ਏਕਤਾ ਸ਼ਕਤੀ 'ਤੇ ਭਰੋਸਾ ਰੱਖੋ; ਗੁਰੂ ਫ਼ਤਹਿ ਦੇਵੇਗਾ।"

ਕਾਨ੍ਹਪੁਰ ਤੇ ਬੁਖਾਰੋ ਤੋਂ ਆਈਆਂ ਸੰਗਤਾਂ ਤੋਂ ਤਸੀਹੇ ਦੇ ਦੇ ਮਾਰਨ ਤੇ ਭੱਠੀਆਂ ਵਿੱਚ ਸਾੜਨ ਦੀਆਂ ਹਿਰਦੇ ਵੇਦਕ ਕਹਾਣੀਆਂ ਸੁਣੀਆਂ ਨਹੀਂ ਜਾਂਦੀਆਂ ਸਨ। ਕੁਝ ਜ਼ਖ਼ਮੀ ਸਿਘ ਵੀ ਉੱਥੋਂ ਆਏ। ਬੁਖਾਰੋ ਦੀਆਂ ਦਗਦੀਆਂ ਭੱਠੀਆਂ ਵਿਚ ਹੱਥ ਪੈਰ ਬੰਨ੍ਹ ਬੰਨ੍ਹ ਸਿੰਘਾਂ ਨੂੰ ਬੇਦਰਦੀ ਨਾਲ ਸਾੜਦੇ ਰਹੇ। ਇਸ ਤਰ੍ਹਾਂ ਦੀ ਜ਼ਾਲਮਾਨਾ ਵਹਿਸ਼ਤ ਤਾਰੀਖ਼ ਵਿਚ ਪਹਿਲਾਂ ਕਦੇ ਨਹੀਂ ਵਾਪਰੀ ਸੀ। ਕਾਨਪੁਰ ਵਿਚ ਸਿੱਖਾਂ ਦਾ ਸ਼ਿਕਾਰ ਖੇਡਿਆ ਗਿਆ। ਇਨ੍ਹਾਂ ਘਿਨਾਉਣੇ ਹਾਲਾਤ ਨੇ ਹਿੰਦੋਸਤਾਨ ਦੀ ਜਾਗਦੀ ਆਤਮਾ 'ਤੇ ਸਹਿਮ ਦੀ ਚਾਦਰ ਪਾ ਦਿੱਤੀ ਸੀ। ਹੋਰ ਤਾਂ ਹੋਰ ਘੱਟ-ਗਿਣਤੀ ਮੁਸਲਮਾਨ ਜਿਹੜੇ ਕਾਂਗਰਸੀ ਸਨ, ਸਿੱਖਾਂ ਦੇ ਘਰ ਦੱਸ ਦੱਸ ਮਰਵਾਉਂਦੇ ਰਹੇ। ਉਨ੍ਹਾਂ ਨੂੰ ਫ਼ਿਰਕੂ ਫ਼ਸਾਦਾਂ ਵਿੱਚ ਆਪਣਾ ਮਾਰਿਆ ਜਾਣਾ ਭੁੱਲ ਚੁੱਕਾ ਸੀ। ਉਨ੍ਹਾਂ ਬਲਵਾਈਆਂ ਨਾਲ ਮੋਢਾ ਜੋੜੀ ਰੱਖਿਆ ਸੀ।

ਪੰਜ ਪਿਆਰੇ ਜ਼ਖ਼ਮੀ ਹਿਰਦਿਆਂ ਦੀ ਸੰਭਾਲ ਸੇਵਾ ਨਾਲ ਲੋੜੀਂਦਾ ਧੀਰਜ ਵੀ ਦੇ ਰਹੇ ਸਨ। ਉਧੇਪੁਰ ਜੇਲ੍ਹ ਵਿਚੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਅਕਾਲੀ ਦਲ ਦਾ ਸ਼ਾਬਾਸ਼ ਦਾ ਪੱਤਰ ਆਇਆ ਕਿ ਤੁਸੀਂ ਇਸ ਨਾਜ਼ੁਕ ਮੌਕੇ ਪੰਥ ਦੀ ਵਧੀਆ ਅਗਵਾਈ ਕਰ ਰਹੇ ਹੋ। ਤੁਹਾਡੀ ਸੇਵਾ ਇਤਿਹਾਸ ਨੂੰ ਹਮੇਸ਼ਾ ਯਾਦ ਰਹੇਗੀ। ਸਾਡੇ ਵਲੋਂ ਤੁਹਾਨੂੰ ਪੂਰੇ ਅਧਿਕਾਰ ਦਿੱਤੇ ਜਾਂਦੇ ਹਨ, ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਸ ਤਰ੍ਹਾਂ ਦੀ ਵੱਧ ਚੜ੍ਹ ਕੇ ਸੇਵਾ ਕਰਦੇ ਰਹੋ। ਪੰਜੇ ਸਿੰਘ ਸਾਹਿਬਾਨ ਫੂਕ ਫੂਕ ਕਦਮ ਚੁੱਕਦੇ ਤੇ ਰੱਖਦੇ ਸਨ, ਕਿਉਂਕਿ ਦੁਸ਼ਮਣ ਬੇਹੱਦ ਕੁਟਲ ਚਾਲਾਂ ਚੱਲ ਰਿਹਾ ਸੀ। ਹਰ ਤਰ੍ਹਾਂ ਦੀ ਤਾਕਤ ਉਸ ਦੇ ਹੱਥ ਵੱਸ ਸੀ। ਜਿੰਨੀਆਂ ਬੇਕਾਨੂੰਨੀਆਂ ਇਸ ਸਰਕਾਰ ਨੇ ਕੀਤੀਆਂ ਸਨ; ਸ਼ਾਇਦ ਹੀ ਕਿਸੇ ਵਰਤੋਂ ਵਿਚ ਲਿਆਂਦੀਆਂ ਹੋਣ। ਮਾਰੇ ਗਏ ਸਿੱਖਾਂ ਦੀ ਸਹੀ ਗਿਣਤੀ ਕੋਈ ਨਹੀਂ ਦੱਸ ਸਕਦਾ ਸੀ, ਕਿਉਂਕਿ ਇੱਕ ਥਾਂ ਨਹੀਂ ਕਤਲ ਹੋਏ ਸਨ। ਅਬਦਾਲੀ ਦੇ ਵੱਡੇ ਘੱਲੂਘਾਰੇ ਵਿਚ ਪੈਂਤੀ ਹਜ਼ਾਰ ਸਿੰਘਾਂ ਦਾ ਵਹੀਰ ਮਾਰਿਆ ਗਿਆ ਸੀ। ਇਕੱਲੀ ਦਿੱਲੀ ਵਿਚ ਗੈਰ ਸਰਕਾਰੀ ਅੰਕੜੇ ਦਸ ਹਜ਼ਾਰ ਨੂੰ ਪਾਰ ਕਰਦੇ ਹਨ। ਕਾਂਗਰਸੀ ਰਾਜਾਂ ਵਾਲੇ ਸੂਬਿਆਂ ਵਿਚ ਕਾਂਗਰਸੀ ਲੀਡਰਾਂ ਸਿੱਖਾਂ ਨੂੰ ਮਰਵਾ-ਮਰਵਾ ਰਾਜੀਵ ਨੂੰ ਆਪਣੀ ਵਫ਼ਾਦਾਰੀ ਜਣਾਈ ਸੀ। ਵਿਧਵਾ ਹੋਈਆਂ ਸਿੱਖ ਜ਼ਨਾਨੀਆਂ ਇੰਡੀਆ ਗੇਟ ਅੱਗੇ ਸਿਆਪਾ ਕਰਕੇ ਇਨਸਾਫ਼ ਮੰਗਦੀਆਂ ਸਨ। ਹੋਮ ਮਨਿਸਟਰ ਦੋਵੇਂ ਹੱਥ ਮੂੰਹ ਅੱਗੇ ਰੱਖੀ ਘੁੱਗੂ ਬਣਿਆ ਬੈਠਾ ਰਿਹਾ; ਜਿਵੇਂ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਕੁਝ ਹੋਇਆ ਈ ਨਹੀਂ ਸੀ। ਟੀ. ਵੀ. 'ਤੇ ਕਾਤਲਾਂ ਦੇ ਨਾਅਰੇ ਮਾਰਦੇ ਜਲੂਸ ਵੇਖਦਾ ਰਿਹਾ। ਨਾਅਰੇ ਆਮ ਸਨ, ਖ਼ੂਨ ਦਾ ਬਦਲਾ, ਖ਼ੂਨ ਸੇ ਲੇਂਗੇ। ਇੰਦਰਾ ਦੀ ਲਾਸ਼ ਲੋਕਾਂ ਨੂੰ ਭੜਕਾਣ ਲਈ ਟੀ. ਵੀ. 'ਤੇ ਬਾਰ ਬਾਰ ਵਿਖਾਈ ਜਾ ਰਹੀ ਸੀ। ਇਨਸਾਫ਼ ਦੇਣ ਦੀ ਸੌਂਹ ਖਾ ਕੇ ਬਣੇ ਜੱਜ ਨੇ ਮੂੰਹ ਵਿਚ ਘੁੰਗਣੀਆਂ ਹੀ ਪਾ ਲਈਆਂ ਸਨ। ਕੋਰਟਾਂ ਨੂੰ ਜਿੰਦਰੇ ਮਾਰ ਕੇ ਪਤਾ ਨਹੀਂ ਕਿੱਧਰ ਨੂੰ ਤੁਰ ਗਏ। ਓਦੋਂ ਕਾਨੂੰਨ, ਕਾਨੂੰਨ ਦੇ ਰਖਵਾਲੇ ਤੇ ਨਿਆਂ ਦੇਣ ਵਾਲੇ ਸਭ ਕੰਨਾਂ ਵਿਚ ਕੌੜਾ ਤੇਲ ਪਾ ਕੇ ਸੌਂ ਗਏ ਸਨ। ਵਿਧਵਾਂ ਤੇ ਯਤੀਮਾਂ ਲਈ ਸਭ ਮਰ ਗਏ ਸਨ। ਇਖਲਾਕ ਤੇ ਮਨੁੱਖੀ ਹਮਦਰਦੀ ਦਾ ਅਸਲੋਂ ਭੋਗ ਪੈ ਗਿਆ ਸੀ।

ਉਨ੍ਹਾਂ ਦਿਨਾਂ ਵਿਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਲਾਨਾ ਚੋਣ ਆ ਗਈ। ਸ੍ਰ. ਆਤਮਾ ਸਿੰਘ ਜੀ ਪਹਿਲਾਂ ਹੀ ਐਕਟਿੰਗ ਪ੍ਰਧਾਨ ਸਨ, ਕਿਉਂਕਿ ਸ੍ਰ. ਗੁਰਚਰਨ ਸਿੰਘ ਜੀ ਜੇਲ੍ਹ ਵਿਚ ਸਨ। ਸਿੰਘ ਸਾਹਿਬ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੇ ਆਦੇਸ਼ ਅਨੁਸਾਰ ਸਰਬਸੰਮਤੀ ਕਰਵਾਉਣ ਦੀ ਪੱਕੀ ਧਾਰੀ ਹੋਈ ਸੀ, ਪਰ ਅੰਮ੍ਰਿਤਸਰ ਦੇ ਹਸਪਤਾਲ ਵਿਚ ਪਿਆ ਸ੍ਰ. ਆਤਮਾ ਸਿੰਘ ਅੜ ਗਿਆ ਕਿ ਪ੍ਰਧਾਨ ਮੈਂ ਬਣਨਾ ਹੈ। ਪੰਜੇ ਸਿੰਘ ਸਾਹਿਬਾਨ ਚਾਹੁੰਦੇ ਸਨ, ਪਿਛਲੀ ਚੋਣ ਨੂੰ ਹੀ ਜਿਉਂ ਦੀ ਤਿਉਂ ਰੱਖ ਕੇ ਪੰਥ ਨੂੰ ਔਖੀ ਘੜੀ ਵਿਚ ਇੱਕ ਥਾਂ ਰੱਖ ਲਿਆ ਜਾਵੇ ਪਰ ਆਤਮਾ ਸਿੰਘ ਪ੍ਰਧਾਨ ਬਣਨ ਲਈ ਬਜ਼ਿੱਦ ਸੀ। ਸਿੰਘਾਂ ਆਤਮਾ ਸਿੰਘ ਨੂੰ ਤਰਲਾ ਪਾਇਆ ਕਿ ਗੁਰਚਰਨ ਸਿੰਘ ਜੇਲ੍ਹ ਵਿਚ ਹਨ। ਉਨ੍ਹਾਂ ਦੀ ਥਾਂ ਤੁਸੀਂ ਹੀ ਪ੍ਰਧਾਨਗੀ ਕਰ ਰਹੇ ਹੋ। ਇਸ ਲਈ ਚੋਣ ਨਾ ਕਰਵਾਈ ਜਾਵੇ। ਸਰਬਸੰਮਤੀ ਨਾਲ ਸਰਕਾਰ 'ਤੇ ਵੀ ਪ੍ਰਭਾਵ ਪੈਂਦਾ ਹੈ। ਸਾਰੇ ਪੰਥ ਨੂੰ ਇੱਕ ਮੁੱਠ ਰੱਖਣਾ ਜ਼ਰੂਰੀ ਹੈ, ਪਰ ਸ੍ਰ. ਆਤਮਾ ਸਿੰਘ ਕਿਸੇ ਤਰ੍ਹਾਂ ਨਾ ਮੰਨੇ। ਪੰਜ ਪਿਆਰਿਆਂ ਨੇ ਮੈਂਬਰਾਂ ਦੀ ਗਿਣਤੀ ਕਰਵਾਉਣ ਲਈ ਦਸਤਖ਼ਤ ਕਰਵਾਉਣੇ ਸ਼ੁਰੂ ਕਰ ਦਿੱਤੇ। 30-11-84 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਮੁੱਖ ਵਾਕ ਲਿਆ ਗਿਆ। ਦੋਹਾਂ ਧਿਰਾਂ ਦੀ ਰਾਏ ਜਾਨਣ ਲਈ ਖੁੱਲ੍ਹੇ ਅਜਲਾਸ ਵਿਚ ਰਜਿਸਟਰ 'ਤੇ ਇੱਕ ਸਫ਼ੇ

'ਤੇ ਸ੍ਰ. ਗੁਰਚਰਨ ਸਿੰਘ ਟੌਹੜਾ ਅਤੇ ਦੂਜੇ ਸਾਹਮਣੇ ਸਫ਼ੇ 'ਤੇ ਆਤਮਾ ਸਿੰਘ ਦੇ ਸਮਰਥਕ ਮੈਂਬਰਾਂ ਦੇ ਦਸਤਖ਼ਤ ਕਰਵਾਏ ਗਏ। ਬਹੁਤੇ ਮੈਂਬਰਾਂ ਦੀ ਰਾਇ ਸੀ, ਇਸ ਭੈੜੀ ਸਥਿਤੀ ਵਿਚ ਪਿਛਲੀ ਚੋਣ ਨੂੰ ਹੀ ਮਾਨਤਾ ਦਿੱਤੀ ਜਾਵੇ। ਥੋੜ੍ਹਾ ਰੌਲਾ ਪਿਆ ਤੇ ਆਤਮਾ ਸਿੰਘ ਦੇ ਹੱਕ ਵਿਚ ਨਾਅਰੇ ਵੀ ਮਾਰੇ ਗਏ। ਸਿੰਘ ਸਾਹਿਬ ਨੂੰ ਅਪਮਾਨਜਨਕ ਸ਼ਬਦ ਵੀ ਬੋਲੇ, ਪਰ ਦਸਤਖ਼ਤ ਕਰਨ ਵਾਲੀ ਮੁਹਿੰਮ ਜਾਰੀ ਰਹੀ। ਕੁੱਲ ਮੈਂਬਰ ਇੱਕ ਸੌ ਪੱਚੀ ਹਾਜ਼ਰ ਸਨ, ਜਿਨ੍ਹਾਂ ਵਿਚੋਂ ਟੌਹੜਾ ਸਾਹਿਬ ਦੇ ਹੱਕ ਵਿਚ 69 ਮੈਂਬਰਾਂ ਨੇ ਦਸਤਖ਼ਤ ਕੀਤੇ ਅਤੇ ਆਤਮਾ ਸਿੰਘ ਦੇ ਹੱਕ ਵਿਚ 56 ਮੈਂਬਰ ਰਹਿ ਗਏ। ਇਹ ਫ਼ੈਸਲਾ ਰਜਿਸਟਰ ਸਮੇਤ ਸਕੱਤਰ ਭਾਨ ਸਿੰਘ ਹਸਪਤਾਲ ਆਤਮਾ ਸਿੰਘ ਕੋਲ ਲੈ ਗਏ।

"ਸਰਦਾਰ ਆਤਮਾ ਸਿੰਘ ਜੀ, ਦਸਤਖ਼ਤੀ ਮੁਹਿੰਮ ਵਿਚ ਤੁਸੀਂ ਹਾਰ ਗਏ ਹੋ; ਮੈਨੂੰ ਬੜਾ ਅਫ਼ਸੋਸ ਐ।"

"ਮੈਂ ਤੁਹਾਡੀ ਇਸ ਦਸਤਖ਼ਤ ਮੁਹਿੰਮ ਨੂੰ ਨਹੀਂ ਮੰਨਦਾ।" ਆਤਮਾ ਸਿੰਘ ਨੇ ਨਾਂਹ ਕਰ ਦਿੱਤੀ। "ਚੋਣ ਕਰਵਾਓ?"

"ਤੁਸੀਂ ਮੈਂਬਰਾਂ ਦੀਆਂ ਦਸਤਖ਼ਤਾਂ ਵੇਖ ਲਵੋ? ਸਰਬ ਸੰਮਤੀ ਦੀ ਇਸ ਸਥਿਤੀ ਵਿਚ ਭਾਰੀ ਲੋੜ ਹੈ।"

ਉਹ ਨਾ ਮੰਨਿਆ। ਮਜਬੂਰੀ ਮੂੰਹ ਖੁੱਲ੍ਹੀ ਚੋਣ ਕਰਵਾਉਣੀ ਪਈ। ਖੁੱਲ੍ਹੀ ਚੋਣ ਵਿਚ ਆਤਮਾ ਸਿੰਘ ਵਲੋਂ ਤਿੰਨ ਮੈਂਬਰ ਹੋਰ ਟੁੱਟ ਗਏ। ਸ੍ਰ. ਆਤਮਾ ਸਿੰਘ ਬਹੱਤਰ ਤੇ ਤਰਵੰਜਾ ਦੇ ਫ਼ਰਕਾਂ ਨਾਲ ਹਾਰ ਗਿਆ। ਸਿੱਟਾ ਇਹ ਨਿਕਲਿਆ ਕਿ ਉਹ ਸੀਨੀਅਰ ਮੀਤ ਪ੍ਰਧਾਨਗੀ ਤੋਂ ਵੀ ਜਾਂਦੇ ਰਹੇ। ਸੀਨੀਅਰ ਮੀਤ ਪ੍ਰਧਾਨ ਸ੍ਰ. ਲਾਲਪੁਰਾ ਨੂੰ ਥਾਪਿਆ ਗਿਆ। ਅਜਲਾਸ ਵਿਚ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੀ ਹੱਦੋਂ ਵੱਧ ਨਿਖੇਧੀ ਕੀਤੀ ਗਈ। ਫੜੇ ਲੀਡਰਾਂ, ਸਿੰਘਾਂ ਤੇ ਯਾਤਰੀਆਂ ਨੂੰ ਰਿਹਾਅ ਕਰਨ ਦੀ ਜ਼ੋਰਦਾਰ ਸ਼ਬਦਾਂ ਵਿਚ ਮੰਗ ਕੀਤੀ ਗਈ। ਮਤਾ ਪਾਸ ਕੀਤਾ ਕਿ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਮਾਰੇ ਗਏ ਸਿੱਖ ਪਰਿਵਾਰਾਂ ਨੂੰ ਪੂਰਾ-ਪੂਰਾ ਮੁਆਵਜ਼ਾ ਦਿੱਤਾ ਜਾਵੇ ਅਤੇ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

ਸਾਰੇ ਪੰਥ ਵਲੋਂ ਪੰਜ ਸਿੰਘ ਸਾਹਿਬਾਨ ਦੀ ਕੀਤੀ ਅਗਵਾਈ ਦੀ ਪ੍ਰਸੰਸਾ ਕੀਤੀ ਗਈ। ਲੁਧਿਆਣੇ ਜ਼ਿਲ੍ਹੇ ਦੇ ਪਿੰਡ ਮਡਿਆਨੀ ਵਿਚ ਇੱਕ ਧਾਰਮਿਕ ਸਮਾਗਮ ਸੀ। ਉੱਥੋਂ ਜਥੇਦਾਰ ਕ੍ਰਿਪਾਲ ਸਿੰਘ ਜੀ ਵਾਪਸ ਆ ਰਹੇ ਸਨ। ਦੋ ਸਕੂਟਰ ਸਵਾਰ ਗੱਭਰੂਆਂ ਨੇ ਉਨ੍ਹਾਂ 'ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ। ਜਥੇਦਾਰ ਸਮੇਤ ਦੋ ਹੋਰ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਕਾਹਲੀ ਨਾਲ ਤਿੰਨਾਂ ਨੂੰ ਹੀ ਸੀ. ਐੱਮ. ਸੀ. ਹਸਪਤਾਲ ਦਾਖ਼ਲ ਕਰਵਾਇਆ ਗਿਆ। ਡਾਕਟਰੀ ਸਾਂਭ ਸੰਭਾਲ ਨੇ ਤਿੰਨਾਂ ਨੂੰ ਹੀ ਖ਼ਤਰੇ ਤੋਂ ਬਾਹਰ ਦੱਸ ਦਿੱਤਾ। ਬੇਸ਼ੁਮਾਰ ਸੰਗਤ ਜਥੇਦਾਰ ਜੀ ਦੀ ਖ਼ਬਰਸਾਰ ਨੂੰ ਹਸਪਤਾਲ ਆ ਰਹੀ ਸੀ। ਲੁਧਿਆਣੇ ਦੇ ਅਕਾਲੀ ਲੀਡਰ ਸੁਰਜਨ ਸਿੰਘ ਠੇਕੇਦਾਰ ਨੇ ਖਾਣ-ਪੀਣ ਵਲੋਂ ਸਿੰਘਾਂ ਲਈ ਤੋਟ ਨਾ ਆਉਣ ਦਿੱਤੀ। ਚੌਦਾਂ ਦਿਨਾਂ ਪਿੱਛੋਂ ਜ਼ਖ਼ਮੀਆਂ ਨੂੰ ਛੁਟੀ ਦੇ ਦਿੱਤੀ ਗਈ। ਉਨ੍ਹਾਂ ਪੰਥ ਦੀ ਸੇਵਾ ਲਈ ਆਪਣੀ ਡਿਊਟੀ ਜਾ ਸੰਭਾਲੀ। ਪੁਲੀਸ ਸਿੰਘ ਸਾਹਿਬ 'ਤੇ ਜ਼ੋਰ ਪਾਉਂਦੀ ਰਹੀ, ਗੋਲੀ ਚਲਾਉਣ ਵਾਲਿਆਂ ਦੇ ਨਾਂ ਦੱਸੋ, ਪਰ ਗਿਆਨੀ ਜੀ ਨੇ ਕਿਸੇ ਦਾ ਨਾਂ ਨਹੀਂ ਲਿਆ। ਇਹ ਉਨ੍ਹਾਂ ਦੀ ਮਹਾਨਤਾ ਸੀ। ਉਨ੍ਹਾਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ। ਆਖਿਆ,

ਸਾਡਾ ਕੋਈ ਦੁਸ਼ਮਣ ਨਹੀਂ।

"ਸਗਲ ਸੰਗਿ ਹਮ ਕਉ ਬਨਿ ਆਈ।"

ਬਤਾਲੀਵਾਂ ਕਾਂਡ

ਪੰਜਾਬ ਅਥਵਾ ਸਿੱਖਾਂ 'ਤੇ ਚੌਰਾਸੀ ਦਾ ਸੰਕਟ ਵਧਦਾ ਹੀ ਜਾਂਦਾ ਸੀ। ਯਤੀਮ ਬੱਚਿਆਂ, ਵਿਧਵਾਵਾਂ ਅਤੇ ਲੁੱਟੇ-ਪੁੱਟੇ ਬੁੱਢੇ-ਠੇਰਿਆਂ ਨੂੰ ਸੰਭਾਲਣਾ ਵੱਡੀ ਬਿਪਤਾ ਬਣਿਆ ਹੋਇਆ ਸੀ। ਦਿੱਲੀ ਗੁਰਦੁਆਰਾ ਪ੍ਰਬੰਧਕ ਬੋਰਡ ਨੇ ਕੁਝ ਹੰਭਲਾ ਮਾਰਿਆ, ਪਰ ਆਰਥਕ ਪੱਖੋਂ ਵੱਡਾ ਕੌਮੀ ਮਸਲਾ ਸੀ। ਸ਼ਹੀਦ ਹੋਇਆਂ ਦਾ ਸੰਤਾਪ ਮਨਾਂ ਵਿੱਚ ਲੱਗੀ ਜ਼ਖ਼ਮਾਂ ਨਾਲ ਹਮਦਰਦੀ ਕੋਈ ਨਹੀਂ ਸੀ। ਕਤਲੇਆਮ ਵਾਲੀਆਂ ਬਸਤੀਆਂ ਦੇ ਪੁਲੀਸ ਸਟੇਸ਼ਨ, ਜਿਹੜੇ ਮੁੰਡਿਆਂ ਤੇ ਕਾਤਲਾਂ ਦੇ ਸਹਾਇਕ ਸਨ, ਬਾਰੇ ਕੋਈ ਪੁੱਛ-ਗਿੱਛ ਨਹੀਂ ਕਰ ਰਹੇ ਸਨ। ਨਾ ਹੀ ਐੱਫ. ਆਈ. ਆਰ. ਲਿਖ ਰਹੇ ਸਨ। ਦਰਦਾਂ ਮਾਰਿਆਂ ਦੀ ਕੋਈ ਫ਼ਰਿਆਦ ਸੁਣਨ ਵਾਲਾ ਨਹੀਂ ਸੀ। ਉਲਟਾ ਧੱਕੇ ਮਾਰ ਕੇ ਬਾਹਰ ਕੱਢ ਦਿੰਦੇ ਸਨ ਅਤੇ ਕੌੜਾ ਫਿੱਕਾ ਵੀ ਬੋਲਦੇ: "ਕਰਨੀ ਦਾ ਫ਼ਲ ਭੁਗਤੋ ਪਾਕਿਸਤਾਨ ਜਾਓ। ਸਾਡੀਆਂ ਅੱਖਾਂ ਤੋਂ ਦੂਰ ਹੋ ਜਾਓ। ਤੁਸਾਂ ਸਾਡੀ ਮਾਂ ਮਾਰ ਦਿੱਤੀ।" ਜ਼ਖ਼ਮੀ ਹਾਲਤ ਵਿਚ ਬਚੇ ਸਿੱਖ ਸੋਚਦੇ ਸਨ; ਉਹ ਤੁਹਾਡੀ ਕਿਉਂ ਸਾਰੇ ਦੇਸ਼ ਅਤੇ ਸਾਡੀ ਮਾਂ ਕਿਉਂ ਨਾ ਬਣੀ? ਸਰੀਰਕ ਫੱਟਾਂ ਤੋਂ ਬਿਨਾਂ ਕੌਮ ਦੇ ਮਨਾਂ ਦਾ ਬੁਰਾ ਹਾਲ ਸੀ। ਹਮਦਰਦੀ, ਦਇਆ ਅਤੇ ਮਨੁੱਖੀ ਤਰਸ, ਬਸ ਨਾਂ ਦੇ ਹੀ ਸ਼ਬਦ ਰਹਿ ਗਏ ਸਨ।

ਇੰਦਰਾ ਗਾਂਧੀ ਨੇ ਜੋ ਕੀਤਾ, ਆਉਣ ਵਾਲੀਆਂ ਪੀੜ੍ਹੀਆਂ ਕਦੇ ਭੁਲਾ ਨਹੀਂ ਸਕਣਗੀਆਂ। ਇੰਦਰਾ ਹਠੀ, ਬਦਲੇਖ਼ੋਰ ਤੇ ਜ਼ਾਲਮ ਅਬਦਾਲੀ ਦੀ ਭੈਣ ਕਰਕੇ ਲਾਹਨਤੀ ਸ਼ਬਦਾਂ ਵਿਚ ਯਾਦ ਕੀਤੀ ਜਾਵੇਗੀ। ਰਾਜੀਵ ਗਾਂਧੀ ਉਸ ਤੋਂ ਵੀ ਸਵਾਇਆ ਨਿਕਲਿਆ, ਜਿਹੜਾ ਕਾਤਲਾਂ ਤੇ ਲੁਟੇਰਿਆਂ ਦਾ ਬਾਪੂ ਬਣਿਆ। ਦਿੱਲੀ ਵੀ ਇਸ ਕਤਲੇਆਮ ਵਿਚ ਕੇਵਲ ਪੰਜਾਬੀ ਹਿੰਦੂਆਂ, ਜਿੱਥੇ-ਜਿੱਥੇ ਉਨ੍ਹਾਂ ਦਾ ਚੋਰੀ ਛੁਪੇ ਵੱਸ ਚੱਲਿਆ, ਉਨ੍ਹਾਂ ਸਿੱਖਾਂ ਨੂੰ ਬਚਾਇਆ। ਸਾਰੀ ਕੌਮ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਪਰ ਰਾਜੀਵ ਗੱਦੀ ਮੱਲਦੇ ਸਾਰ, ਪੜ੍ਹੇ-ਲਿਖੇ ਤੇ ਕੀਨਾਖ਼ੋਰ ਗੁੰਡਿਆਂ ਦੇ ਹੱਥਾਂ ਵਿਚ ਆ ਗਿਆ। ਰਾਜਨੀਤਕ ਪੱਖੋਂ ਅਨਾੜੀ ਤੇ ਅਣਜਾਣ ਸੀ। ਦੂਜੇ, ਮਾਂ ਦੀ ਬਦਲਾ ਲਊ ਭਾਵਨਾ ਭਾਰੂ ਸੀ। ਉਹ ਗੱਦੀ ਦਿਵਾਉਣ ਵਾਲਿਆਂ ਦੇ ਹੱਥਾਂ ਦਾ ਖਿਡਾਉਣਾ ਬਣ ਗਿਆ। ਇੱਥੋਂ ਤੱਕ ਕਿ ਸਿੱਖ ਹੋਣ ਕਾਰਨ ਗਿਆਨੀ ਜ਼ੈਲ ਸਿੰਘ ਦੀ ਵੀ ਉਸ ਪ੍ਰਵਾਹ ਛੱਡ ਦਿੱਤੀ ਅਤੇ ਨਫ਼ਰਤ ਦੀਆਂ ਨਜ਼ਰਾਂ ਨਾਲ ਵੇਖਣ ਲੱਗ ਪਿਆ। ਦੇਸ਼ ਦੇ ਪ੍ਰਧਾਨ ਮੰਤਰੀ ਵਾਲੀਆਂ ਸਾਰੀਆਂ ਜ਼ਿੰਮੇਵਾਰੀਆਂ ਤੇ ਮਨੁੱਖੀ ਕਦਰਾਂ ਕੀਮਤਾਂ ਤੇ ਸਾਰਥਕ ਗੁਣ ਅਸਲੋਂ ਭੁਲਾ ਬੈਠਾ। ਇਕੱਤੀ ਅਕਤੂਬਰ ਤੋਂ ਸ਼ੁਰੂ ਹੋਈ ਕਤਲੇਆਮ ਪੰਜ ਨਵੰਬਰ ਨੂੰ ਜਾ ਕੇ ਬੰਦ ਹੋਈ। ਪਹਿਲੀ, ਦੂਜੀ ਅਤੇ ਤੀਜੀ ਤਾਰੀਖ਼ ਨੂੰ ਤਾਂ ਘਰ ਘਰ, ਭਾਲ ਭਾਲ ਸਿੱਖਾਂ ਦੇ ਆਹੂ ਲਾਹੇ ਗਏ ਸਨ। ਮਾਰਾ ਕਾਟ ਬੰਦ ਕਰਨ ਦੀ ਅਪੀਲ ਦੇ ਬਾਵਜੂਦ ਚਾਰ ਨਵੰਬਰ ਨੂੰ ਮਨੁੱਖੀ ਲਹੂਧਾਰਾ ਵਹਿੰਦੀ ਰਹੀ। ਦਿੱਲੀ ਦੀਆਂ ਸੜਕਾਂ ਸਿੱਖਾਂ ਦੇ ਲਹੂ ਨਾਲ ਭਰੀਆਂ ਪਈਆਂ ਸਨ। ਇਸ ਘੱਲੂਘਾਰੇ ਨੂੰ ਟੀ. ਵੀ. ਵਾਲਿਆਂ ਇੰਦਰਾ ਦੀ ਲਾਸ਼ ਵਿਖਾ

ਵਿਖਾ ਤੇ ਨਾਅਰੇ ਲਾਉਂਦੇ ਕਾਤਲਾਂ ਨੂੰ ਖੂਨੀ ਹੋਲੀ ਖੇਡਦਿਆਂ ਵਿਖਾ ਕੇ ਚਰਮ ਸੀਮਾ ਤੱਕ ਪਹੁੰਚਾ ਦਿੱਤਾ ਸੀ।

ਇੰਦਰਾ ਦਾ ਦਾਹ ਸਸਕਾਰ ਕਰਨ ਤੋਂ ਪਹਿਲਾਂ ਬ੍ਰਾਹਮਣ ਪੰਡਤਾਂ ਰਾਜੀਵ ਗਾਂਧੀ ਨੂੰ ਬਕਾਇਦਾ ਵੇਦ ਮੰਤਰ ਪੜ੍ਹ ਪੜ੍ਹ ਕੇ ਹਿੰਦੂ ਬਣਾਇਆ, ਕਿਉਂਕਿ ਉਹ ਪਾਰਸੀ ਬਾਪ ਦਾ ਬੇਟਾ ਸੀ ਤੇ ਪਾਰਸੀ ਬ੍ਰਾਹਮਣ ਮਾਂ ਦੀ ਚਿਤਾ ਨੂੰ ਅਗਨੀ ਨਹੀਂ ਵਿਖਾ ਸਕਦਾ ਸੀ। ਜੇ ਪੁੱਤਰ ਮਾਂ ਦੀ ਲਾਸ਼ ਨੂੰ ਅੱਗ ਨਹੀਂ ਦੇਵੇਗਾ, ਤਦ ਉਸ ਦੀ ਮੁਕਤੀ ਨਹੀਂ ਹੋਵੇਗੀ। ਪਤਾ ਨਹੀਂ ਕਿੱਥੇ ਕਿੱਥੇ ਇੰਦਰਾ ਭੂਤਨੀ ਬਣੀ ਫਿਰਦੀ ਰਹੇਗੀ। ਸ਼ੰਕਾ ਇਹ ਵੀ ਉੱਠੀ ਸੀ ਕਿ ਇੱਕ ਪਾਰਸੀ ਨਾਲ ਵਿਆਹ ਕਰਵਾ ਕੇ ਉਹ ਤਾਂ ਬ੍ਰਾਹਮਣੀ ਰਹੀ ਹੀ ਨਹੀਂ ਸੀ, ਪਰ ਫ਼ਿਰਕੂ ਸੋਚ ਨੇ ਉਸ ਨੂੰ ਪੰਡਤਾਣੀ ਬਣਾ ਲਿਆ।

ਰਾਜੀਵ ਦੇ ਸਿਰ ਨੂੰ ਚੜ੍ਹਿਆ ਗੰਦਾ ਮੈਲਾ ਉਤਰਨਾ ਸ਼ੁਰੂ ਹੋਇਆ। ਬਦਲੇ ਦੀ ਭਾਵਨਾ ਨੂੰ ਥੋੜ੍ਹੀ ਠੱਲ੍ਹ ਪਾਈ। ਸਿਆਸੀ ਗੁੰਡਿਆਂ ਦਾ ਘੇਰਾ ਘਟਿਆ। ਹਮਦਰਦ ਤੇ ਸੰਜੀਦਾ ਲੋਕ ਉਸ ਨੂੰ ਰਾਜ ਭਾਗ ਚਲਾਉਣ ਦੀਆਂ ਸਲਾਹਾਂ ਦੇਣ ਲੱਗੇ। ਉਹ ਸਮਝਦੇ ਸਨ, ਰਾਜਨੀਤੀ ਦੇ ਦਾਅ ਪੇਚਾਂ ਤੋਂ ਹਾਲੇ ਬਹੁਤ ਅਣਜਾਣ ਏ। ਚਲਾਇਆ ਹੀ ਚੱਲ ਸਕੇਗਾ। ਗ਼ਲਤ ਹੱਥਾਂ ਵਿਚ ਚੜ੍ਹ ਕੇ ਬਹੁਤ ਗ਼ਲਤ ਕਰ ਬੈਠਾ ਹੈ। ਪੰਜਾਬੀ ਬਜ਼ੁਰਗ ਸਲਾਹਕਾਰਾਂ ਉਸ ਨੂੰ ਇਮਾਨਦਾਰੀ ਨਾਲ ਸਮਝਾਇਆ।

"ਬੇਟਾ, ਬਹੁਤ ਵੱਡੀ ਜ਼ੁੰਮੇਵਾਰੀ ਤੁਹਾਡੇ ਸਿਰ ਆ ਪਈ ਐ। ਪਚਾਸੀ ਕਰੋੜ ਲੋਕ ਤੇਰੇ ਮੂੰਹ ਵੱਲ ਵੇਖ ਰਹੇ ਹਨ। ਵਜ਼ੀਰਾਂ ਦੀ ਟੀਮ ਤੋਂ ਬਿਨਾਂ ਸਿਆਣੇ ਬੰਦਿਆਂ ਦੀ ਇੱਕ ਸਲਾਹਕਾਰ ਕਮੇਟੀ ਹਾਲੇ ਥਾਪ ਲੈ। ਫਿਰ ਤੁਹਾਡਾ ਤਜਰਬਾ ਆਪ ਹੀ ਹੁਸ਼ਿਆਰ ਹੋ ਜਾਵੇਗਾ। ਸਿੱਖ ਕੌਮ ਬੜੀ ਦੇਸ਼ ਭਗਤ ਤੇ ਬਹਾਦਰ ਕੌਮ ਹੈ। ਉਨ੍ਹਾਂ ਦਾ ਵਿਸ਼ਵਾਸ ਜਿੱਤੋ। ਤੋੜਨ ਨਾਲੋਂ ਜੋੜਨ ਦੀ ਕੋਸ਼ਿਸ਼ ਕਰੋ। ਆਪਣੀਆਂ ਬਾਹਾਂ ਕਮਜ਼ੋਰ ਕਰਿਆਂ ਦੇਸ਼ ਦੀ ਸੰਭਾਲ ਮੁਸ਼ਕਲ ਹੋ ਜਾਵੇਗੀ।"

"ਹਾਂ, ਬਜ਼ੁਰਗ ਬਾਬਾ ਜੀ, ਆਪ ਕੀ ਨੇਕ ਸਲਾਹ ਬੜੀ ਅੱਛੀ ਹੈ, ਮੈਂ ਐਸਾ ਹੀ ਕਰੂੰਗਾ।" ਰਾਜੀਵ ਨੇ ਪਹਿਲੀ ਵਾਰ ਅਕਲ ਦੀ ਗੱਲ ਮੰਨੀ।

"ਹੋਰ ਸੁਣ, ਸਿੱਖ ਬਹਾਦਰ ਸਿਪਾਹੀ ਹੈਂ। ਕਸ਼ਮੀਰ ਔਰ ਬੰਗਲਾ ਦੇਸ਼ ਇਨ ਕੀ ਹਿੰਮਤ ਸੇ ਹੀ ਬਚੇ ਤੇ ਵਜੂਦ ਵਿਚ ਆਏ ਹੈਂ। ਦੇਸ਼ ਦੇ ਅੰਨਦਾਤਾ ਵੀ ਪੰਜਾਬੀ ਕਿਸਾਨ ਹੀ ਹੈਂ। ਆਪ ਕੋ ਬੁਰਾ ਨਾ ਲੱਗੇ, ਇੱਕ ਸੰਤ ਜਰਨੈਲ ਸਿੰਘ ਕੋ ਪਕੜਨ ਕੇ ਲੀਏ ਸਿੱਖੋਂ ਕਾ ਅਕਾਲ ਤਖ਼ਤ ਨਹੀਂ ਢਾਹੁਣਾ ਚਾਹੀਏ ਥਾ।" ਪੰਜਾਬੀ ਬਜ਼ੁਰਗ ਹਿੰਦੀ, ਉਰਦੂ ਤੇ ਪੰਜਾਬੀ ਦਾ ਮਿਲਗੋਭਾ ਬੋਲ ਰਿਹਾ ਸੀ "ਹਮਾਰਾ ਹਰਿਦਵਾਰ ਘਾਟ ਔਰ ਕਾਂਸ਼ੀ ਕੋਈ ਢਾਹ ਦੇ, ਹਮੇਂ ਕਿਤਨਾ ਦੁੱਖ ਲਗੇਗਾ। ਜੋ ਬੀਤ ਗਿਆ, ਉਸ ਨੂੰ ਭੁਲਾਉਣ ਵਿਚ ਹੀ ਬੇਹਤਰੀ ਹੈ। ਦੇਸ਼ ਨੂੰ ਲੱਗੇ ਡੂੰਘੇ ਜ਼ਖ਼ਮਾਂ ਦੀ ਮੱਲ੍ਹਮ ਪੱਟੀ ਕਰਨਾ ਤੇਰਾ ਫ਼ਰਜ਼ ਐ। ਦਿੱਲੀ ਦੀ ਕਤਲੇਆਮ ਸਿੱਖਾਂ ਦੇ ਸੀਨੇ ਸੱਲ੍ਹ ਗਈ ਹੈ। ਜੇ ਉਹ ਇੰਦਰਾ ਨੂੰ ਮਾਰ ਸਕਦੇ ਹਨ, ਤੇਰੇ ਤੱਕ ਅਪੜਨਾ ਉਨ੍ਹਾਂ ਲਈ ਕੋਈ ਮੁਸ਼ਕਲ ਨਹੀਂ। ਦੁਸ਼ਮਣ ਬਣਾਉਣ ਦੀ ਥਾਂ ਉਨ੍ਹਾਂ ਨੂੰ ਦੋਸਤ ਬਣਾਉਣ ਵਿਚ ਹੀ ਤੇਰੀ ਤੇ ਰਾਜ ਦੀ ਬਿਹਤਰੀ ਹੈ।"

ਬਜ਼ੁਰਗ ਦੀਆਂ ਨੇਕ ਗੱਲਾਂ ਰਾਜੀਵ ਦੇ ਮਨ ਪੁੜ ਗਈਆਂ। ਮਾਂ ਦੇ ਮਾਰੇ ਜਾਣ ਦਾ ਦੁੱਖ ਪਿੱਛੇ ਪੈ ਗਿਆ ਤੇ ਜ਼ੁੰਮੇਵਾਰੀ ਅੱਗੇ ਆ ਗਈ। ਬਹੁਤ ਕਰਕੇ ਉਸ ਦਾ ਮਨ ਦਹਿਲ

ਗਿਆ। ਜੇ ਸਿੱਖਾਂ ਮੈਨੂੰ ਮਾਰ ਦਿੱਤਾ, ਮੇਰੇ ਬੱਚੇ, ਮੇਰੀ ਪਤਨੀ? ਉਹ ਤਾਂ ਇੱਥੇ ਰਹਿ ਹੀ ਨਹੀਂ ਸਕਣਗੇ। ਉਸ ਨੂੰ ਸਲਾਹਕਾਰ ਬਜ਼ੁਰਗ ਆਪਣਾ ਹਮਦਰਦ ਜਾਪਿਆ। ਉਸ ਨਿਮਰਤਾ ਨਾਲ ਪੁੱਛਿਆ,

"ਆਪ ਕੀ ਨੇਕ ਸਲਾਹ ਨੇ ਹਮੇਂ ਮਹਿਸੂਸ ਕਰਾਇਆ ਹੈ; ਬਹੁਤ ਕੁਝ ਗ਼ਲਤ ਹੋ ਗਿਆ, ਜੋ ਹੋਨਾ ਨਹੀਂ ਚਾਹੀਏ ਥਾ। ਉਸੇ ਹਮ ਠੀਕ ਕੈਸੇ ਕਰ ਸਕਤੇ ਹੈਂ?" ਉਹ ਮੈਂ ਤੋਂ ਹਮ ਕਹਿਣਾ ਸਿੱਖ ਗਿਆ ਸੀ।

"ਜ਼ਖ਼ਮੀ ਸਿੱਖ ਕੌਮ ਕੀ ਸਾਰ ਲੇ। ਉਜੜੇ ਲੋਗੋਂ ਕੋ ਵਸਾਓ। ਦਿੱਲੀ ਕੇ ਸਿੱਖ ਲੀਡਰੋਂ ਕੋ ਬੁਲਾ ਕਰ ਦਿਲਾਸਾ ਦੋ। ਜਿਨ ਕੇ ਪਾਸ ਕੁਛ ਨਹੀਂ ਬਚਾ, ਉਨ ਕੀ ਮਾਲੀ ਮਦਦ ਕਰੋ।" ਬਜ਼ੁਰਗ ਨੇ ਮੁੜ ਕਹਿਣਾ ਸ਼ੁਰੂ ਕੀਤਾ। "ਬਿਹਤਰ ਹੋਗਾ, ਸਿੱਖੋਂ ਕੇ ਜੇਲ੍ਹੋਂ ਮੇਂ ਬੰਦ ਲੀਡਰੋਂ ਕੋ ਛੋੜ ਦੋਂ। ਉਨ ਕੋ ਆਗੇ ਲਾ ਕਰ ਇਮਦਾਦ ਕਾ ਕਾਮ ਸ਼ੁਰੂ ਕਰੇਂ। ਇਸ ਤਰ੍ਹਾਂ ਸੇ ਸਿੱਖ ਆਪਣੇ ਜ਼ਖ਼ਮੋਂ ਕਾ ਦਰਦ ਭੂਲ ਜਾਏਂਗੇ।"

"ਆਪ ਮਾਨਨੀਯ ਪੁਰਸ਼ ਹੈਂ। ਆਪ ਕੇ ਨੇਕ ਮਸ਼ਵਰੇ ਸੇ ਚਲੂੰਗਾ।" ਬਜ਼ੁਰਗ ਦੀਆਂ ਸਲਾਹਾਂ ਨੇ ਰਾਜੀਵ ਨੂੰ ਮਹਿਸੂਸ ਕਰਨ ਲਾ ਦਿੱਤਾ।

"ਮੇਰੀ ਰਾਏ ਹੈ", ਬਜ਼ੁਰਗ ਮੁੜ ਬੋਲਿਆ, "ਸਿੱਖਾਂ ਨਾਲ 1947 ਤੋਂ ਹੀ ਜ਼ਿਆਦਤੀਆਂ ਹੋ ਰਹੀਆਂ ਹੈਂ। ਯਹਾਂ ਯਹ ਲੋਗ ਬਹਾਦਰ ਔਰ ਸਖ਼ਤ ਮਿਹਨਤੀ ਹੈਂ, ਵਹਾਂ ਭੋਲੇ ਵੀ ਬਹੁਤ ਹੈਂ। ਛੋਟਾ ਮੋਟਾ ਇਨ ਸੇ ਸਮਝੌਤਾ ਕਰੋ। ਇਨ ਕਾ ਮਨ ਜੀਤਨੇ ਮੇਂ ਹੀ ਆਪ ਕੀ ਭਲਾਈ ਹੈ। ਮੇਰੇ ਖਿਆਲ ਮੇਂ ਬਿਹਤਰ ਹੋਗਾ। ਆਪ ਸੰਤ ਲੌਂਗੋਵਾਲ ਸੇ ਬਾਤ ਕਰੇਂ। ਵੋਹ ਬਹੁਤ ਭਲਾ ਪੁਰਸ਼ ਹੈ। ਆਪ ਕੀ ਬਾਤ ਮਾਨ ਜਾਏਗਾ। ਹਮਾਰੇ ਪੰਜਾਬ ਮੇਂ ਇੱਕ ਕਹਾਵਤ ਹੈ: ਜੱਟ ਗੰਨਾ ਨਹੀਂ ਦਿੰਦਾ, ਪਰ ਭੇਲੀ ਦੇ ਦਿੰਦਾ ਹੈ। ਮਗਰ ਆਪ ਇਸ ਕੇ ਉਲਟ ਕਰੋ: ਭੇਲੀ ਕਾ ਲਾਲਚ ਦੋਂ, ਔਰ ਦੋਂ ਸਿੱਖੋਂ ਕੋ ਗੰਨਾ।"

ਰਾਜੀਵ ਕਹਾਵਤ ਸਮਝ ਕੇ ਟਾਹ ਟਾਹ ਹੱਸ ਪਿਆ।

"ਲਾਖ ਰੁਪਏ ਕੀ ਬਾਤ ਕੀ ਆਪ ਨੇ। ਬਹੁਤ ਖ਼ੂਬ, ਹਮ ਐਸਾ ਹੀ ਕਰੇਂਗੇ।"

"ਪ੍ਰਧਾਨ ਮੰਤਰੀ ਜੀ! ਸਮਝ ਲੋ, ਹਮ ਨੇ ਇਨਹੇਂ ਤਾਕਤ ਦੇਣੀ ਨਹੀਂ। ਆਪਣੇ ਨਹਿਰੂ ਜੀ ਔਰ ਇੰਦਰਾ ਜੀ ਕੀ ਤਰ੍ਹਾਂ। ਇਨ ਕੀ ਤਾਕਤ ਕੋ ਵਰਤਨਾ ਹੈ। ਭਾਰਤ ਮੇਂ ਜੇਕਰ ਕੋਈ ਕਾਮ ਕੀ ਕੌਮ ਹੈ, ਵੋਹ ਸਿੱਖ ਹੀ ਹੈਂ। ਇਨ ਕੋ ਦੁਸ਼ਮਣ ਬਣਾ ਕਰ ਰਖਣਾ, ਗ਼ਲਤ ਰਾਜਨੀਤੀ ਪੈਂਤੜਾ ਹੋਗਾ। ਯਹ ਲੋਗ ਇਤਨੇ ਭੋਲੇ ਔਰ ਖ਼ੁਦਗਰਜ਼ ਹੈਂ; ਛੋਟੇ ਸੇ ਅਹੁਦੇ ਕੇ ਲੀਏ ਗ਼ਦਾਰੀ ਕਰਨੇ ਕੋ ਤਿਆਰ ਹੋ ਜਾਤੇ ਹੈਂ। ਸਰਦਾਰ ਗੁਰਮੁਖ ਸਿੰਘ ਮੁਸਾਫ਼ਿਰ ਐੱਮ. ਪੀ. ਬਣਨੇ ਕੇ ਲੀਏ ਹਿੰਦੀ ਕੋ ਵੋਟ ਦੇ ਗਿਆ ਥਾ। ਅਗਰ ਹਿੰਦੀ ਦੇਸ਼ ਕੀ ਸਰਕਾਰੀ ਭਾਸ਼ਾ ਨਾ ਬਣਤੀ, ਹਮਾਰਾ ਤੋਂ ਹਿੰਦੂ ਕਲਚਰ ਹੀ ਤਬਾਹ ਹੋ ਜਾਤਾ। ਇਤਨੇ ਸਸਤੇ ਸੌਦੇ ਕਭੀ, ਕਿਸੀ ਕੌਮ ਨੇ ਨਾ ਕੀਏ ਹੋਂਗੇ। ਕੈਰੋਂ ਸਾਹਿਬ ਨੇ ਪੰਜਾਬ ਕੀ ਗੱਦੀ ਲੀ, ਔਰ ਸਤਲੁਜ-ਬਿਆਸ ਕਾ ਸਾਰਾ ਪਾਨੀ ਰਾਜਸਥਾਨ ਕੋ ਦੇ ਦੀਆ। ਜ਼ੈਲ ਸਿੰਘ ਕੋ ਮੁੱਖ ਮੰਤਰੀ ਬਣਾਇਆ, ਤੋ ਸੰਜੇ ਸਾਹਿਬ ਨੇ ਐੱਸ. ਵਾਈ. ਐੱਲ. ਨਹਿਰ ਕੇ ਲੀਏ ਜ਼ਬਰਦਸਤੀ ਦਸਤਖ਼ਤ ਕਰਵਾ ਲੀਏ। ਪ੍ਰਕਾਸ਼ ਸਿੰਘ ਬਾਦਲ ਪਾਨੀ ਦਾ ਮੁਕੱਦਮਾ ਕੋਰਟ ਮੇਂ ਲੇ ਗਏ, ਤੋ ਦਰਬਾਰਾ ਸਿੰਘ ਕੋ ਗੱਦੀ ਦੇ ਕਰ ਮੁਕੱਦਮਾ ਵਾਪਸ ਕਰਵਾ ਲਿਆ। ਯਹ ਹੈ ਕੌਟਲਿਆ ਚਾਲੇਂ, ਜਿਨ ਸੇ ਆਪ ਕੋ ਭਵਿੱਖ

ਮੇਂ ਕਾਮ ਲੇਨਾ ਹੈ। ਅਗਰ ਇਨ ਕੋ ਕੋਈ ਲਾਲਚ ਦੀਆ ਤੋ ਹਮਾਰੇ ਕਾਮ ਕੇ ਨਾ ਰਹੇਂਗੇ, ਨਾ ਹੀ ਆਪਣੇ ਪੰਜਾਬ ਕੇ ਸਾਥ ਹਮਾਰੇ ਹੱਕ ਮੇਂ ਗ਼ਦਾਰੀ ਕਰੇਂਗੇ। ਸੋ, ਹਮਾਰੀ ਰਾਏ ਮੇਂ ਭੋਲੇ ਸੰਤ ਹਰਚੰਦ ਸਿੰਘ ਕੋ ਫਾਂਸਣਾ ਚਾਹੀਏ। ਵੋਹ ਰਾਜਨੀਤੱਗ ਕਮ ਔਰ ਧਰਮ ਪੁਰਸ਼ ਜ਼ਿਆਦਾ ਹੈ। ਧਰਮੀ ਆਦਮੀ ਜਲਦੀ ਯਕੀਨ ਕਰ ਲੇਤਾ ਹੈ। ਆਪ ਵਿਸ਼ਵਾਸ ਦੋਗੇ ਤੋ ਮਾਨ ਜਾਏਂਗੇ।"

"ਆਪ ਕਾ ਬੇਹੱਦ ਧੰਨਵਾਦ! ਆਪ ਨੇ ਐਸੀ ਬਾਤੇਂ ਬਤਾਈ ਹੈਂ ਜੋ ਮੇਰੇ ਖਿਆਲ ਮੇਂ ਵੀ ਨਹੀਂ ਆ ਸਕਤੀ ਥੀਂ। ਮੈਂ ਆਪ ਕੀ ਰਾਏ ਸੇ ਚਲੂੰਗਾ।" ਉਹ ਬਜ਼ੁਰਗ ਕਾਂਗਰਸੀ ਦੀਆਂ ਗੱਲਾਂ ਤੋਂ ਬਹੁਤ ਪ੍ਰਭਾਵਤ ਹੋਇਆ।

ਇਨ੍ਹਾਂ ਰੋਸ ਸਲਾਹਾਂ ਦਾ ਰਾਜੀਵ 'ਤੇ ਗਹਿਰਾ ਅਸਰ ਹੋਇਆ। ਫਿਲਹਾਲ ਉਹ ਕੋਰਾ ਕਾਗਜ਼ ਸੀ, ਜਿਸ 'ਤੇ ਕੁਝ ਵੀ ਚਿਤਰਿਆ ਜਾ ਸਕਦਾ ਸੀ, ਪਰ ਸਭ ਤੋਂ ਬਹੁਤਾ ਉਸ ਨੂੰ ਸਿੱਖਾਂ ਹੱਥੋਂ ਮਾਰੇ ਜਾਣ ਦਾ ਡਰ ਪੈਦਾ ਹੋ ਗਿਆ। ਮੇਰੀ ਸੋਨੀਆ, ਬੱਚੇ? ਸ਼ਾਇਦ ਉਨ੍ਹਾਂ ਨੂੰ ਇਟਲੀ ਹੀ ਜਾਣਾ ਪਵੇ। ਸਿੱਖ ਜਨੂੰਨੀ ਹੈਂ, ਮਰਨੇ ਸੇ ਨਹੀਂ ਡਰਤੇ। ਬੇਅੰਤ ਔਰ ਸਤਵੰਤ ਕੋ ਪਤਾ ਥਾ ਕਿ ਹਮ ਕਿਸੀ ਹਾਲ ਮੇਂ ਨਹੀਂ ਬਚੇਂਗੇ। ਮਗਰ ਮੇਰੀ ਮਾਂ ਕੋ ਕਤਲ ਕਰ ਦੀਆ। ਐਸੇ ਖਾੜਕੂ ਔਰ ਵੀ ਹੋ ਸਕਤੇ ਹੈਂ ਜੋ ਖ਼ੁਦ ਮਰਨੇ ਪੇ ਆ ਜਾਏਂ, ਉਸ ਸੇ ਪੀਛਾ ਛੁਡਾਨਾ ਹੀ ਅੱਛਾ ਹੈ। ਐਸੀ ਘਟਨਾ ਕਭੀ ਵੀ ਹੋ ਸਕਤੀ ਹੈ। ਸਿੱਖੋਂ ਸੇ ਸਮਝੌਤਾ ਕਰਕੇ ਮਨ ਕਾ ਡਰ ਦੂਰ ਕਰਨਾ ਚਾਹੀਏ। ਇਹ ਸਸਕਾਰ ਦਿਨੋ-ਦਿਨ ਉਸ ਦੇ ਮਨ ਵਧਦੇ ਹੀ ਗਏ। ਸੋ, ਉਸ ਬਜ਼ੁਰਗ ਕਾਂਗਰਸੀ ਦੀ ਸਲਾਹ ਨਾਲ ਅਕਾਲੀ ਦਲ ਦੇ ਪ੍ਰਧਾਨ ਲੌਂਗੋਵਾਲ ਨੂੰ ਛੱਡਣ ਲਈ ਹੋਰ ਕਾਂਗਰਸੀਆਂ ਤੋਂ ਮਸ਼ਵਰਾ ਲੈਣਾ ਚਾਹਿਆ।

ਉਸ ਅਰਜਨ ਸਿੰਘ ਨੂੰ ਪੰਜਾਬ ਦਾ ਗਵਰਨਰ ਥਾਪ ਕੇ ਸਿੱਖਾਂ ਨਾਲ ਸਮਝੌਤੇ ਦੀ ਲਾਈਨ ਦੇ ਦਿੱਤੀ। ਓਧਰ ਸਿੰਘ ਸਾਹਿਬ ਨੇ ਰਘੂ ਨੰਦਨ ਲਾਲ ਭਾਟੀਆ 'ਤੇ ਜ਼ੋਰ ਪਾਇਆ ਕਿ ਪੰਜਾਬ ਦਾ ਮਾਹੌਲ ਸ਼ਾਂਤ ਕਰਨ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਛੱਡਿਆ ਜਾਵੇ। ਉਨ੍ਹਾਂ ਨੂੰ ਉਧੇਪੁਰ ਜੇਲ੍ਹ ਤੋਂ ਜੋਧਪੁਰ ਜੇਲ੍ਹ ਵਿਚ ਲਿਆਂਦਾ ਗਿਆ। ਸਿੰਘ ਸਾਹਿਬ ਸਮਝਦੇ ਸਨ, ਜੋ ਪ੍ਰਭਾਵ ਲੌਂਗੋਵਾਲ ਜੀ ਦਾ ਕੌਮ 'ਤੇ ਹੈ, ਹੋਰ ਕਿਸੇ ਦਾ ਨਹੀਂ। ਉਨ੍ਹਾਂ ਦੇ ਆਉਣ ਨਾਲ ਪੰਜਾਬ ਦਾ ਅਸ਼ਾਂਤ ਵਾਤਾਵਰਣ ਠੀਕ ਹੋ ਸਕਦਾ ਹੈ। ਉਨ੍ਹਾਂ ਦਾ ਸਾਰੇ ਅਕਾਲੀ ਧੜੇ, ਫੈਡਰੇਸ਼ਨ ਤੇ ਹੋਰ ਜਥੇਬੰਦੀਆਂ ਸਤਿਕਾਰ ਕਰਦੀਆਂ ਹਨ। ਸੋ, 12 ਮਾਰਚ, 1985 ਨੂੰ ਸੰਤ ਜੀ ਜੋਧਪੁਰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤੇ ਗਏ। ਉਨ੍ਹਾਂ ਨੂੰ ਹਵਾਈ ਜਹਾਜ਼ ਰਾਹੀਂ ਦਿੱਲੀ ਲਿਆਂਦਾ ਗਿਆ। ਸੰਤ ਜੀ ਸਭ ਤੋਂ ਪਹਿਲਾਂ ਸੀਸ ਗੰਜ ਗੁਰਦੁਆਰੇ ਮੱਥਾ ਟੇਕਣ ਗਏ। ਸੰਗਤ ਅਤੇ ਲੀਡਰਾਂ ਨੇ ਦਿੱਲੀ ਤੇ ਹੋਰ ਸ਼ਹਿਰਾਂ ਦੇ ਕਤਲੇਆਮ ਬਾਰੇ ਵੇਰਵੇ ਦੱਸੇ। ਗੁਰਦੁਆਰਿਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਾੜਨ ਵਾਲੀਆਂ ਘਟਨਾਵਾਂ ਵੀ ਦੱਸੀਆਂ।

"ਸੰਤ ਜੀ! ਜੋ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਲਹੂਘਾਣ ਹੋਇਆ ਹੈ, ਉਸ 'ਤੇ ਨਾਦਰ, ਅਬਦਾਲੀ ਤੇ ਚੰਗੇਜ਼ ਖ਼ਾਂ ਵੀ ਸ਼ਰਮਿੰਦਾ ਹਨ। ਕਿਸੇ ਇਹ ਨਹੀਂ ਸੋਚਿਆ, ਸਿੱਖ ਅੱਜ ਤੱਕ ਸਾਡੀ ਇੱਜ਼ਤ ਦੇ ਰਖਵਾਲੇ ਰਹੇ ਹਨ।"

ਸਾਰੀ ਭਿਆਨਕਤਾ ਜਾਣ ਕੇ ਲੌਂਗੋਵਾਲ ਜੀ ਦੀਆਂ ਅੱਖਾਂ ਵਿਚ ਹੰਝੂ ਆ ਗਏ। ਲੰਮਾ ਹਉਕਾ ਭਰ ਕੇ ਬੋਲੇ:

"ਸਿੰਘੋ, ਗੁਰੂ 'ਤੇ ਭਰੋਸਾ ਰੱਖੋ। ਹਰ ਸਿੱਖ ਸ਼ਹੀਦੀ ਗਾਨਾ ਬੰਨ੍ਹ ਕੇ ਜੰਮਦਾ ਹੈ। ਸਾਡਾ

ਸਾਰਾ ਇਤਿਹਾਸ ਸ਼ਹੀਦੀ ਤਸੀਹਿਆਂ ਨਾਲ ਭਰਿਆ ਪਿਆ ਹੈ। ਖਾਲਸਾ ਗੁਰੂ ਦੀ ਟੇਕ 'ਤੇ ਚੱਲਦਾ ਹੈ ਤੇ ਚੱਲਦਾ ਰਹੇਗਾ। ਅਸੀਂ ਸਰਬੰਸਦਾਨੀ ਦੀ ਔਲਾਦ ਆਂ। ਸਾਨੂੰ ਫ਼ਖ਼ਰ ਐ, ਅਸੀਂ ਕੋਈ ਦੋਸ਼ ਨਹੀਂ ਕੀਤਾ। ਕਿਸੇ ਗ਼ਲਤੀ ਦੇ ਭਾਗੀ ਨਹੀਂ। ਸੱਚ ਸਾਡੇ ਨਾਲ ਐ। ਅਸੀਂ ਸਰਬੱਤ ਦੇ ਭਲੇ ਲਈ ਜੀਵੇ ਆਂ ਅਤੇ ਇਸੇ ਪ੍ਰਤਿੱਗਿਆ ਨੂੰ ਦੁਹਰਾਂਦੇ ਰਹਾਂਗੇ।" ਉਨ੍ਹਾਂ ਸਾਰਿਆਂ ਦਾ ਮਨੋਬਲ ਕਾਇਮ ਕੀਤਾ।

ਉਹ ਰਾਤ ਸੰਤ ਜੀ ਨੇ ਦਿੱਲੀ ਦੇ ਇੱਕ ਸਿੱਘ ਦੇ ਘਰ ਗੁਜ਼ਾਰੀ। ਅਗਲੇ ਦਿਨ ਹਵਾਈ ਜਹਾਜ਼ ਰਾਹੀਂ ਹੀ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਸੰਗਤਾਂ ਪਹਿਲਾਂ ਹੀ ਇੰਤਜ਼ਾਰ ਵਿਚ ਇਕੱਤਰ ਹੋ ਗਈਆਂ ਸਨ। ਉਹ ਨੌਂ ਮਹੀਨਿਆਂ ਪਿੱਛੋਂ ਸ੍ਰੀ ਅਕਾਲ ਤਖ਼ਤ ਦਾ ਹਾਲ ਵੇਖ ਕੇ ਰੋ ਪਏ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ। ਅਰਦਾਸ ਦੋਹਰਾਈ "ਸੱਚੇ ਪਾਤਸ਼ਾਹ! ਤੇਰੇ ਭੁੱਲਣਹਾਰ ਸੇਵਕ ਆਂ। ਜ਼ਰੂਰ ਸਾਡੇ ਕੋਲੋਂ ਕੋਈ ਗ਼ਲਤੀ ਹੋਈ ਹੋਵੇਗੀ, ਜਿਹੜੀ ਕੌਮ ਨੂੰ ਐਨੀ ਵੱਡੀ ਸਜ਼ਾ ਮਿਲੀ ਐ। ਤੁਸੀਂ ਬਖ਼ਸ਼ਣਹਾਰ, ਅਸੀਂ ਗੁਨਾਹਗਾਰ, ਬਖ਼ਸ਼ੋ ਪਿਤਾ ਜੀ ਬਖ਼ਸ਼ੋ! ਤੁਹਾਡਾ ਦਾਸ ਅਰਜ਼ੋਈ ਕਰ ਰਿਹਾ ਏ। ਬੁਰਾਈਆਂ ਅਤੇ ਜ਼ੁਲਮ ਨਾਲ ਲੜਨ ਦਾ ਬਲ ਬਖ਼ਸ਼ੋ।"

ਬਾਹਰ ਆ ਕੇ ਰੈਫ਼ਰੈਂਸ ਲਾਇਬ੍ਰੇਰੀ ਸੜੀ ਵੇਖੀ। ਹਿਰਦੇ ਡੂੰਘਾ ਦਰਦ ਜਾਗ ਪਿਆ। ਗਿਆਨ ਭੰਡਾਰ ਵੀ ਇਨ੍ਹਾਂ ਦਾ ਦੁਸ਼ਮਣ ਹੋ ਗਿਆ। ਉਨ੍ਹਾਂ ਮੱਥਾ ਠਕੋਰਿਆ। ਗੁਰੂ ਰਾਮਦਾਸ ਸਰਾਂ, ਲੰਗਰ, ਸ਼੍ਰੋਮਣੀ ਕਮੇਟੀ ਤੇ ਗੁਰੂ ਨਾਨਕ ਨਿਵਾਸ ਸਾੜੇ ਹੋਏ ਵੇਖੇ। ਦੋਵੇਂ ਖ਼ਜ਼ਾਨੇ ਲੁੱਟੇ ਹੋਏ ਦਰਸਾਏ। ਫਿਰ ਉਹ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਬਹਿ ਕੇ ਆਗੂਆਂ ਤੇ ਸਕੱਤਰਾਂ ਨਾਲ ਗੱਲਾਂ ਕਰਦੇ ਰਹੇ। ਸ੍ਰੀ ਦਰਬਾਰ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦੀਆਂ ਸ਼ਹਾਦਤਾਂ ਦਾ ਗਹਿਰੇ ਦੁੱਖ ਨਾਲ ਇਜ਼ਹਾਰ ਕੀਤਾ। ਸਭ ਨੂੰ ਮਿਲ ਮਿਲ ਅਫ਼ਸੋਸ ਪ੍ਰਗਟ ਕਰਦੇ ਰਹੇ।

ਲੌਂਗੋਵਾਲ ਜੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਦਾ ਖ਼ਾਸ ਤੌਰ 'ਤੇ ਧੰਨਵਾਦ ਕੀਤਾ ਕਿ ਤੁਸਾਂ ਪੰਜਾਂ ਪਿਆਰਿਆਂ ਨੇ ਔਖੇ ਸਮੇਂ ਵਿਚ ਕੌਮ ਦੀ ਯੋਗ ਅਗਵਾਈ ਕੀਤੀ, ਜਦੋਂ ਕੌਮ ਲੀਡਰ ਰਹਿਤ ਹੋ ਗਈ ਸੀ।

"ਸੋ ਪਿਆਰੇ ਸਿੰਘ ਸਾਹਿਬ ਜੀ! ਤੁਹਾਡੀ ਸੇਵਾ ਤੇ ਘਾਲਣਾ ਨੂੰ ਮੁੱਖ ਰੱਖ ਕੇ ਮੈਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਂਦਾ ਆਂ। ਪ੍ਰਧਾਨਗੀ ਦੀ ਸੇਵਾ ਤੁਸੀਂ ਸੰਭਾਲੋ। ਤੁਹਾਡੀ ਕੀਤੀ ਸੇਵਾ ਦਾ ਪੰਥ ਤੇ ਅਕਾਲੀ ਦਲ ਬਹੁਤ ਬਹੁਤ ਧੰਨਵਾਦੀ ਐ। ਤੁਸਾਂ ਸਮੇਂ ਸਿਰ ਵੇਲਾ ਸੰਭਾਲਿਆ।"

ਸੰਤਾਂ ਦੇ ਤਿਆਗ ਤੇ ਨਿਰਮਾਣਤਾ ਨੂੰ ਵੇਖ ਕੇ ਪੰਜੇ ਸਿੰਘ ਸਾਹਿਬਾਨ ਹੈਰਾਨ ਹੀ ਰਹਿ ਗਏ। ਉਨ੍ਹਾਂ ਬੇਨਤੀ ਕੀਤੀ:

"ਪ੍ਰਧਾਨ ਜੀ, ਅਸੀਂ ਧਾਰਮਿਕ ਬੰਦੇ ਸਿਆਸੀ ਪੱਖੋਂ ਬੁੱਧੀਹੀਣ, ਇਸ ਕਾਰਜ ਨੂੰ ਤੁਸੀਂ ਹੀ ਸੰਭਾਲ ਸਕਦੇ ਹੋ। ਦੁਸ਼ਮਣ ਬਹੁਤ ਕੂਟਨੀਤਕ ਹੈ; ਉਸ ਨਾਲ ਤੁਹਾਡੀ ਦੂਰਦਰਸ਼ਤਾ ਹੀ ਮਿੱਚ ਸਕਦੀ ਹੈ। ਅਸੀਂ ਤਾਂ ਸਮਝਦੇ ਆਂ, ਜੋ ਗੁਰੂ ਸਾਡੇ ਕੋਲ ਕਰਵਾਉਂਦਾ ਰਿਹਾ, ਕਰਦੇ ਰਹੇ। ਅਸੀਂ ਹਰ ਕੰਮ ਵਿਚ ਗੁਰੂ ਦੀ ਓਟ ਲੈ ਕੇ ਤੁਰਦੇ ਸਾਂ। ਕੋਈ ਭੁੱਲ ਹੋ ਗਈ ਹੋਵੇ ਤਾਂ ਖ਼ਿਮਾ ਬਖ਼ਸ਼ ਦਿਓ। ਘੁੰਮਣ ਘੇਰੀ ਵਿਚ ਪਏ ਸਿੱਖ ਬੇੜੇ ਨੂੰ ਤੁਹਾਡੇ ਵਰਗੇ ਮਹਾਨ ਮਲਾਹ ਹੀ ਪਾਰ ਲਾ ਸਕਦੇ ਐ। ਉਂਭ ਅਸੀਂ ਤੁਹਾਡੇ ਨਾਲ ਆਂ। ਸਾਡੀ ਅਪੀਲ ਹੈ ਤੁਹਾਨੂੰ, ਪੰਥ ਇਸ ਵੇਲੇ

ਚੱਟਾਨ ਵਾਂਗ ਮਜ਼ਬੂਤ ਚਾਹੀਦਾ ਏ। ਸ਼੍ਰੋਮਣੀ ਕਮੇਟੀ ਦੀ ਚੋਣ ਵਾਲੇ ਸ੍ਰ. ਆਤਮਾ ਸਿੰਘ ਦੇ ਧੜੇ ਵਾਲਿਆਂ ਥੋੜ੍ਹਾ ਰੌਲਾ ਜ਼ਰੂਰ ਪਾਇਆ ਸੀ, ਪਰ ਗੁਰੂ ਨੇ ਸਹਾਈ ਹੋ ਕੇ ਉਹ ਕਾਜ ਵੀ ਸੰਪੂਰਨ ਕਰ ਦਿੱਤਾ। ਤੁਸੀਂ ਏਕਤਾ ਦੀ ਮਜ਼ਬੂਤੀ ਲਈ ਸਾਰੇ ਪੰਜਾਬ ਦਾ ਇੱਕ ਦੌਰਾ ਕਰੋ ਅਤੇ ਕੌਮ ਨੂੰ ਸੂਤਰਬੱਧ ਕਰ ਵਿਖਾਓ।"

ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੋ ਦਿਨ ਅੰਮ੍ਰਿਤਸਰ ਰਹਿ ਕੇ ਸਲਾਹ ਮਸ਼ਵਰਿਆਂ ਨਾਲ ਹੋਰ ਜਾਣਕਾਰੀ ਵੀ ਲੈਂਦੇ ਰਹੇ। ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨਾਲ ਵਿਚਾਰ ਵਟਾਂਦਰਾ ਕੀਤਾ। ਸਿੰਘ ਸਾਹਿਬਾਨ ਦੀ ਏਕਤਾ ਵਾਲੀ ਅਪੀਲ ਉਨ੍ਹਾਂ ਨੂੰ ਬਹੁਤ ਜਚ ਗਈ। ਉਨ੍ਹਾਂ ਪੰਜਾਬ ਦਾ ਚੱਕਰ ਸ਼ੁਰੂ ਕਰ ਦਿੱਤਾ। ਸਾਰੇ ਵੱਡੇ ਸ਼ਹਿਰਾਂ ਅਤੇ ਧਾਰਮਿਕ ਅਸਥਾਨਾਂ 'ਤੇ ਪਹੁੰਚੇ। ਸੰਗਤਾਂ ਹੁੰਮ ਹੁਮਾ ਕੇ ਦਰਸ਼ਨਾਂ ਨੂੰ ਆਉਂਦੀਆਂ ਰਹੀਆਂ। ਉਹ ਕੌਮ ਦੇ ਮਨੋਬਲ ਨੂੰ ਚੜ੍ਹਦੀ ਕਲਾ ਵਿਚ ਦੇਖਣਾ ਚਾਹੁੰਦੇ ਸਨ। ਉਨ੍ਹਾਂ ਦਾ ਵਖਿਆਨ ਸੀ:—

"ਪਿਆਰੇ ਖਾਲਸਾ ਜੀ! ਅਸੀਂ ਬੜੇ ਨਾਜ਼ੁਕ ਸਮੇਂ ਵਿਚੋਂ ਲੰਘ ਰਹੇ ਆਂ। ਕੌਮ ਨੇ ਬੇਹਿਸਾਬ ਸ਼ਹਾਦਤਾਂ ਦਿੱਤੀਆਂ ਹਨ। ਕਦੇ ਸਾਨੂੰ ਬਾਹਰਲੇ ਆ ਕੇ ਮਾਰਦੇ ਸੀ, ਤਦ ਅਸੀਂ ਦੋ ਹੱਥ ਕਰਕੇ ਦੁਸ਼ਮਣ ਦੇ ਦੰਦ ਖੱਟੇ ਕਰਦੇ ਸਾਂ। ਉਲਟੀ ਗੰਗਾ ਬਹੋਏ ਨੂੰ ਤੁਰ ਪਈ। ਸਾਡੀ ਆਜ਼ਾਦ ਸਰਕਾਰ ਨੇ ਸਾਨੂੰ ਹੀ ਬੇਤਰਸੀ ਨਾਲ ਮਾਰਿਆ, ਜਿਨ੍ਹਾਂ ਦੇਸ਼ ਨੂੰ ਆਜ਼ਾਦ ਕਰਵਾਉਣ ਹਿੱਤ ਹਜ਼ਾਰਾਂ ਸਿਰ ਦਿੱਤੇ। ਦੁਨੀਆਂ ਦੇ ਇਤਿਹਾਸ ਵਿਚੋਂ ਤੁਹਾਨੂੰ ਕਿਤੋਂ ਅਜਿਹੀ ਮਿਸਾਲ ਨਹੀਂ ਮਿਲੇਗੀ, ਕਿਸੇ ਸਰਕਾਰ ਨੇ ਆਪਣੇ ਹੀ ਲੋਕਾਂ 'ਤੇ ਟੈਂਕਾਂ ਤੋਪਾਂ ਨਾਲ ਹਮਲਾ ਕੀਤਾ ਹੋਵੇ ਤੇ ਲੋਕਾਂ ਦੇ ਧਾਰਮਿਕ ਅਸਥਾਨ ਢਾਹੇ ਹੋਣ।

ਭਾਵੇਂ ਦੁਸ਼ਮਣ ਦੀ ਤਲਵਾਰ ਤਿੱਖੀ ਅਤੇ ਤੱਤੀ ਹੈ; ਪਰ ਸਾਡੇ ਸਿਦਕ ਸਿਰੜ ਨੂੰ ਵੀ ਤਾਰੀਖ਼ ਜਾਣਦੀ ਹੈ। ਸਾਨੂੰ ਬੜੀਆਂ ਜਾਬਰ ਤੇ ਜ਼ੁਲਮੀ ਤਾਕਤਾਂ ਨੇ ਅਜ਼ਮਾਇਆ ਹੈ। ਅਸਾਂ ਸਿਰ ਦੇ ਖੋਪਰ ਲੁਹਾਉਣ ਲਈ ਰੰਬੀਆਂ ਦੇ ਮੂੰਹ ਤੋੜੇ ਹਨ; ਪਰ ਸੀ ਨਹੀਂ ਆਖੀ, ਸਾਡੇ ਸੂਰਮੇ ਜਰਨੈਲ ਬੰਦਾ ਸਿੰਘ ਬਹਾਦਰ ਦਾ ਮਾਸ ਨੋਚਦਾ ਨੋਚਦਾ ਜਮੂਰ ਹਾਰ ਗਿਆ। ਬੰਦਾ ਸਿੰਘ ਬਹਾਦਰ ਜਲਾਦ 'ਤੇ ਹੱਸਦਾ ਰਿਹਾ। ਅਸਾਂ ਦਰਿਆ ਠੱਲ੍ਹੇ, ਪਰਬਤ ਨਿਵਾਏ। ਇਹ ਮੂੰਹ ਵਿਚ ਘਾਹ ਲੈਣ ਵਾਲਾ ਬ੍ਰਾਹਮਣਵਾਦ ਸਾਡੀ ਗ਼ੈਰਤ ਨੂੰ ਕੀ ਜਾਣੇ। ਸਾਡੀ ਅਣਖ਼ ਤੇ ਬਹਾਦਰੀ ਬਾਰੇ ਇਹ ਕਾਬਲ ਦੇ ਪਠਾਣਾਂ ਨੂੰ ਪੁੱਛ ਸਕਦੇ ਹਨ। ਇੰਦਰਾ ਨੇ ਆਪਣੇ ਪਾਪ ਕੀਤੇ ਦਾ ਫ਼ਲ ਪਾਇਆ ਹੈ। ਬੇਗੁਨਾਹ ਯਾਤਰੀਆਂ ਦਾ ਖ਼ੂਨ ਸਿਰ ਚੜ੍ਹ ਕੇ ਬੋਲਿਆ ਹੈ। ਸਰਬਤ ਦਾ ਭਲਾ ਚਾਹੁਣ ਵਾਲੀ ਕੌਮ ਨੂੰ ਉਸ ਦੇ ਪੁੱਤਰ ਰਾਜੀਵ ਨੇ ਘੱਲੂਘਾਰੇ ਵਰਤਾਅ ਕੇ ਮਾਰਿਆ ਹੈ। ਇਹ ਪਾਪ ਉਸ ਨੂੰ ਲੈ ਬੈਠੇਗਾ। ਚਾਰ ਦਿਨਾਂ ਦੀ ਕਤਲੋਗਾਰਤ ਤੇ ਜੰਗਲ ਦੇ ਰਾਜ ਨੂੰ ਇੱਕ ਸੌ ਸੱਠ ਬਾਹਰਲੇ ਦੇਸ਼ਾਂ ਦੀਆਂ ਅੰਬੈਸੀਆਂ ਵੇਖਦੀਆਂ ਰਹੀਆਂ। ਤਸਵੀਰਾਂ ਤੇ ਫ਼ਿਲਮਾਂ ਸਿੱਖਾਂ ਦੀ ਕਤਲੇਆਮ ਦੀਆਂ ਬਣਾਉਂਦੀਆਂ ਰਹੀਆਂ। ਹਾਅ ਦਾ ਨਾਅਰਾ ਮਾਰਨ ਵਾਲਾ ਦਿੱਲੀ ਵਿਚੋਂ ਕੋਈ ਸ਼ੇਰ ਖ਼ਾਨ ਨਹੀਂ ਉੱਠਿਆ। ਉਲਟਾ ਕਾਂਗਰਸੀ ਮੁਸਲਮਾਨ ਵੀ ਐੱਚ. ਕੇ. ਐੱਲ. ਭਗਤ ਤੇ ਸ਼ਾਸਤਰੀ ਵਰਗਿਆਂ ਨਾਲ ਰਲ ਕੇ ਸਿੱਖ ਘਰਾਂ ਦੀ ਮਾਰ-ਕਾਟ ਲਈ ਦੱਸਾਂ ਪਾਉਂਦੇ ਰਹੇ।

ਪਿਆਰੇ ਖ਼ਾਲਸਾ ਜੀ! ਗੁਰੂ ਗੋਬਿੰਦ ਸਿੰਘ ਸਾਹਿਬ ਦੇ ਫ਼ੁਰਮਾਨ ਅਨੁਸਾਰ ਅਸਾਂ ਹਰ ਮੁਸੀਬਤ ਸਮੇਂ ਵੀ ਚੜ੍ਹਦੀ ਕਲਾ ਵਿਚ ਰਹਿਣਾ ਹੈ। ਕੌਮ ਨੂੰ ਕੁਰਬਾਨੀਆਂ ਦੇਣ ਦਾ ਵੱਡਾ

ਇਮਤਿਹਾਨ ਆ ਪਿਆ ਹੈ। ਅਸਾਂ ਆਪਣੇ ਸਿਦਕ ਵਿਚ ਸਾਬਤ ਉੱਤਰਨਾ ਹੈ। ਅਸਾਂ ਜੇਲ੍ਹਾਂ ਵਿਚ ਡੱਕੇ ਆਗੂਆਂ, ਸਾਡੇ ਜਵਾਨਾਂ, ਬੀਬੀਆਂ-ਭੈਣਾਂ ਅਤੇ ਧਰਮੀ ਫ਼ੌਜੀਆਂ ਤੱਕ ਨੂੰ ਜੇਲ੍ਹਾਂ ਵਿਚੋਂ ਬਾਹਰ ਲਿਆਉਣਾ ਹੈ। ਸਾਡੇ ਕੋਲ ਹਥਿਆਰ ਨਹੀਂ। ਪਰ ਸਾਡੇ ਕੋਲ ਏਕਤਾ ਦੀ ਵੱਡੀ ਤੋਪ ਹੈ, ਜਿਹੜੀ ਬਾਦਸ਼ਾਹੀਆਂ ਤੇ ਕਿਲ੍ਹੇ ਤੋੜ ਸਕਦੀ ਹੈ। ਇਸ ਨਾਜ਼ੁਕ ਸਮੇਂ ਪੰਥ ਮੰਗ ਕਰਦਾ ਹੈ; ਹਰ ਸਿੱਖ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਚੜ੍ਹਦੀ ਕਲਾ ਦੇ ਨਾਅਰੇ ਮਾਰਦਾ ਆ ਜਾਵੇ। ਮੁੱਠੀ ਮੀਚ ਕੇ ਉਂਗਲਾਂ ਨੂੰ ਘਸੁੰਨ ਦਾ ਰੂਪ ਦੇ ਲਵੇ। ਏਕਤਾ ਦਾ ਬੇੜਾ ਬਣਾਏ ਬਿਨਾਂ ਅਸੀਂ ਮੰਝਧਾਰ ਵਿਚੋਂ ਪਾਰ ਨਹੀਂ ਜਾ ਸਕਦੇ। ਅਸੀਂ ਆਪਣਾ ਧਰਮ, ਕਲਚਰ, ਜ਼ਬਾਨ ਤੇ ਹੋਂਦ ਦੀ ਆਨ-ਸ਼ਾਨ ਕਾਇਮ ਰੱਖਣ ਲਈ ਅੰਦਰੂਨੀ ਖ਼ੁਦਮੁਖਤਾਰੀ ਅਥਵਾ ਆਨੰਦਪੁਰ ਦੇ ਮਤੇ ਦੀ ਮੰਗ ਕਰਦੇ ਆਂ, ਪੰਜਾਬ ਨੂੰ ਬਿਜਲੀ, ਪਾਣੀ ਤੇ ਜਿਣਸਾਂ ਦੇ ਪੱਖੋਂ ਕੇਂਦਰ ਨੇ ਬਥੇਰਾ ਲੁੱਟ ਲਿਆ। ਅਸੀਂ ਇਹ ਲੁੱਟ ਜਿਹੜੀ ਪੰਜਾਬ ਦੀ ਕਾਂਗਰਸੀਆਂ ਰਾਹੀਂ ਹੁੰਦੀ ਰਹੀ ਹੈ, ਹੁਣ ਨਹੀਂ ਹੋਣ ਦਿਆਂਗੇ। ਪੰਜਾਬੀਅਤ ਦੀ ਰਾਖੀ ਲਈ ਅੰਦਰੂਨੀ ਖ਼ੁਦਮੁਖਤਾਰੀ ਚਾਹੀਦੀ ਐ ਅਤੇ ਉਹਦੇ ਲਈ ਸਾਰੇ ਪੰਜਾਬ ਦੀ ਏਕਤਾ ਦੀ ਲੋੜ ਹੈ।

ਮੈਂ ਕਾਂਗਰਸੀ ਵੀਰਾਂ ਨੂੰ ਅਪੀਲ ਕਰਦਾ ਆਂ, ਤੁਹਾਡੀ ਜ਼ਮੀਰ ਕਿਉਂ ਮਰ ਗਈ, ਆਪਣੇ ਲੁੱਟੇ ਜਾਂਦੇ ਘਰ ਲਈ ਵੀ ਨਹੀਂ ਜਾਗਦੇ। ਆਖ਼ਰ ਨੂੰ ਤੁਸਾਂ ਪੰਜਾਬ ਵਿਚ ਹੀ ਰਹਿਣਾ ਤੇ ਵਪਾਰ ਕਰਨਾ ਹੈ। ਆਓ ਰਲ ਕੇ ਖ਼ੁਸ਼ਹਾਲ ਪੰਜਾਬ ਉਸਾਰੀਏ। ਮੈਂ ਪੰਜਾਬ ਦੇ ਸਾਰੇ ਤਬਕਿਆਂ ਰਾਜਸੀ ਤੇ ਸਮਾਜੀ ਪਾਰਟੀਆਂ ਨੂੰ ਨਿਮਰਤਾ ਨਾਲ ਅਪੀਲ ਕਰਦਾ ਆਂ, ਆਓ ਰਲ ਮਿਲ ਕੇ ਪੰਜਾਬ ਬਚਾਈਏ। ਇਹ ਪੰਜਾਬ ਇਕੱਲੇ ਸਿੱਖਾਂ ਦਾ ਨਹੀਂ, ਸਾਰੇ ਪੰਜਾਬੀਆਂ ਦਾ ਸਾਂਝਾ ਹੈ। ਸਾਡੀ ਟੱਕਰ ਜ਼ਾਲਮ ਤੇ ਲੁਟੇਰੇ ਕੇਂਦਰ ਵਿਰੁੱਧ ਹੈ। ਪੰਜਾਬ ਬਚਦਾ ਏ ਗੁਰਾਂ ਦੇ ਨਾਂ 'ਤੇ। ਪੰਜਾਬ ਖ਼ੁਸ਼ਹਾਲ ਹੁੰਦਾ ਏ ਏਕਤਾ ਦੀ ਮਜ਼ਬੂਤ ਚੱਟਾਨ ਬਣ ਕੇ। ਆਓ ਇਸ ਨੂੰ ਚੜ੍ਹਦੀ ਕਲਾ ਵਿਚ ਲੈ ਜਾਈਏ, ਖ਼ੁਸ਼ਹਾਲ ਬਣਾਈਏ ਤੇ ਸ਼ਾਂਤੀ ਵਰਤਾਈਏ। ਆਓ, ਬਿਜਲੀ, ਪਾਣੀ ਤੇ ਅਨਾਜ ਦੀ ਸਿੱਧੀ ਲੁੱਟ ਨੂੰ ਬੰਦ ਕਰਵਾਉਣ ਲਈ ਲੱਕ ਬੰਨ੍ਹੀਏ, ਪ੍ਰਤਿੱਗਿਆ ਕਰੀਏ। ਹਰ ਤਰ੍ਹਾਂ ਦੀਆਂ ਲੁੱਟਾਂ ਖੋਹਾਂ ਦਾ ਹੱਲ ਏਕਤਾ ਵਿਚ ਹੈ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

ਸੰਤਾਂ ਦੇ ਇਨ੍ਹਾਂ ਭਾਸ਼ਣਾਂ ਨੇ ਪੰਜਾਬ ਨਾਲ ਦਿੱਲੀ ਨੂੰ ਵੀ ਹਿਲਾ ਕੇ ਰੱਖ ਦਿੱਤਾ। ਰਾਜੀਵ ਤੇ ਉਹਦੇ ਸਲਾਹਕਾਰਾਂ ਪੰਜਾਬ ਦੀਆਂ ਰਿਪੋਰਟਾਂ ਪੜ੍ਹ ਕੇ ਸੋਚਿਆ, ਹੁਣ ਤਾਂ ਪੰਜਾਬ ਦਾ ਕੋਈ ਨਾ ਕੋਈ ਹੱਲ ਕੱਢਣਾ ਹੀ ਪਵੇਗਾ। ਰਾਜੀਵ ਨੇ ਗਵਰਨਰ ਅਰਜਨ ਸਿੰਘ ਨੂੰ ਹਦਾਇਤ ਭੇਜ ਦਿੱਤੀ ਕਿ ਸਿੱਖ ਆਗੂਆਂ ਨਾਲ ਮਿਲ ਕੇ ਸਮਝੌਤੇ ਦਾ ਰਾਹ ਸਾਫ਼ ਕੀਤਾ ਜਾਵੇ।

ਤਰਤਾਲੀਵਾਂ ਕਾਂਡ

ਕੁਝ ਸਰਕਾਰੀ ਬੰਦਿਆਂ ਸੰਤ ਹਰਚੰਦ ਸਿੰਘ ਜੀ ਨਾਲ ਪੰਜਾਬ ਸਮੱਸਿਆ ਦੇ ਸਮਝੌਤੇ ਬਾਰੇ ਗੱਲ ਤੋਰੀ।

"ਸੰਤ ਜੀ, ਸਾਡੀ ਬੇਨਤੀ ਹੈ ਕਿ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਕੋਈ ਬਾਇੱਜ਼ਤ ਸਮਝੌਤਾ ਹੋ ਜਾਵੇ। ਇਹ ਸਿੱਖਾਂ ਅਤੇ ਪੰਜਾਬ ਦੇ ਹੱਕ ਦੀ ਗੱਲ ਹੋਵੇਗੀ।"

"ਅਸੀਂ ਕਦੋਂ ਕਿਹਾ ਏ, ਸਮਝੌਤਾ ਨਾ ਹੋਵੇ, ਪਰ ਸਰਕਾਰ ਮੁੱਠੀ ਮੀਟੀ ਬੈਠੀ ਐ, ਪੰਜਾਬ ਨੂੰ ਕੁਝ ਦੇਵੇ ਵੀ। ਤਰ 'ਤੇ ਲੂਣ ਘਸਾਉਂਦੀ ਐ। ਕੁਝ ਦੇਣ ਦੀ ਥਾਂ ਉਲਟੇ ਕਹਿਰ ਵਰਤਾਅ ਛੱਡੇ ਐ।" ਸੰਤ ਜੀ ਨੇ ਸਪਸ਼ਟ ਕਹਿ ਦਿੱਤਾ।

"ਅਸਾਂ ਰਾਜੀਵ ਨੂੰ ਟੋਹਿਆ ਹੈ, ਉਹ ਸਮਝੌਤਾ ਕਰਨ ਦੇ ਮੂਡ ਵਿਚ ਐ। ਤੁਸੀਂ ਦਿੱਲੀ ਚੱਲੋ ਤੇ ਗੱਲ ਕਰੀਏ। ਬਲਿਊ ਸਟਾਰ ਤੇ ਦਿੱਲੀ ਫ਼ਸਾਦਾਂ ਦਾ ਤਾਂ ਸਭ ਨੂੰ ਦੁੱਖ ਐ।" ਸਿੱਖ ਅਧਿਕਾਰੀ ਗਵਰਨਰ ਦਾ ਸਿਖਾਇਆ ਵਲਾਰੱਤੀਆਂ ਮਾਰ ਰਿਹਾ ਸੀ।

"ਜੇ ਰਾਜੀਵ ਦੇ ਮਨ ਵਿਚ ਸਫ਼ਾਈ ਹੈ, ਤਦ ਸਾਡੇ ਅਕਾਲੀ ਲੀਡਰਾਂ ਨੂੰ ਪਹਿਲੋਂ ਜੇਲ੍ਹਾਂ ਵਿਚੋਂ ਛੱਡੋ। ਭਾਵੇਂ ਮੈਂ ਅਕਾਲੀ ਦਲ ਦਾ ਪ੍ਰਧਾਨ ਆਂ, ਪਰ ਸਾਰਿਆਂ ਦੀ ਸਲਾਹ ਬਿਨਾਂ ਕੋਈ ਕਦਮ ਨਹੀਂ ਪੁੱਟ ਸਕਦਾ।"

"ਹਾਂ, ਠੀਕ, ਤੁਹਾਡੀ ਇਹ ਗੱਲ ਜਾਇਜ਼ ਐ। ਅਸੀਂ ਪਹਿਲੋਂ ਆਗੂਆਂ ਨੂੰ ਰਿਹਾਅ ਕਰਵਾਉਣ ਦਾ ਬੰਦੋਬਸਤ ਕਰਦੇ ਆਂ।" ਉਹ ਬਣਦੀ ਆਸ ਲੈ ਕੇ ਉੱਠ ਖਲੋਤੇ। ਉਹ ਦੋਵੇਂ ਧਿਰਾਂ ਵਿਚ ਪੈ ਕੇ ਆਪ ਮਾਣ-ਸਨਮਾਣ ਲੈਣਾ ਚਾਹੁੰਦੇ ਸਨ। ਉਨ੍ਹਾਂ ਗਵਰਨਰ ਨੂੰ ਰਿਪੋਰਟ ਜਾ ਕੀਤੀ: "ਜੇ ਲੀਡਰ ਛੱਡ ਦਿੱਤੇ ਜਾਣ, ਸਮਝੌਤੇ ਵਾਲੀ ਗੱਲ ਬਣ ਸਕਦੀ ਐ।"

ਅਧਿਕਾਰੀ ਸਮਝਦੇ ਸਨ ਜੇ ਸਾਡੀਆਂ ਕੋਸ਼ਿਸ਼ਾਂ ਨਾਲ ਕੋਈ ਸਮਝੌਤਾ ਸਿਰੇ ਚੜ੍ਹ ਜਾਵੇ, ਅਸੀਂ ਪਤਾ ਨਹੀਂ ਕੀ ਤੋਂ ਕੀ ਬਣ ਜਾਵਾਂਗੇ। ਉਹ ਪ੍ਰਾਈਮ ਮਨਿਸਟਰ ਦੀਆਂ ਨਜ਼ਰਾਂ ਵਿੱਚ ਵੀ ਚੜ੍ਹਨਾ ਚਾਹੁੰਦੇ ਸਨ। ਸ਼ੇਰਾਂ ਦੀਆਂ ਮਾਰਾਂ ਵਿਚੋਂ ਗਿੱਦੜਾਂ ਬਘਿਆੜਾਂ ਨੂੰ ਚੂੰਡਣ ਲਈ ਕੁਝ ਨਾ ਕੁਝ ਮਿਲ ਹੀ ਜਾਂਦਾ ਹੈ। ਕਾਂਗਰਸ ਪ੍ਰਧਾਨ ਰਘੂ ਨੰਦਨ ਲਾਲ ਭਾਟੀਆ ਅਤੇ ਬਲਵੰਤ ਸਿੰਘ ਦੁਆਬੀਆ ਵੀ ਸਮਝੌਤੇ ਲਈ ਤਰਲੋ ਮੱਛੀ ਹੋ ਰਹੇ ਸਨ। ਬਲਵੰਤ ਸਿੰਘ ਅਕਾਲੀ ਵਜ਼ਾਰਤ ਵਿਚ ਵਜ਼ੀਰ ਖ਼ਜ਼ਾਨਾ ਰਹਿ ਚੁੱਕਾ ਸੀ। ਇੰਦਰਾ ਦੀ ਮਿਹਰਬਾਨੀ ਨਾਲ ਉਸ ਨੂੰ ਇਰਾਕ ਵਿਚ ਸਰਕਾਰੀ ਠੇਕੇ ਵੀ ਮਿਲੇ ਹੋਏ ਸਨ। ਪਹਿਲੋਂ ਉਹ ਸਾਧਾਰਨ ਸ਼ਖ਼ਸੀਅਤ ਦਾ ਮਾਲਕ ਸੀ, ਪਰ ਸਿਆਸਤ ਵਿਚ ਆ ਕੇ ਕਾਫ਼ੀ ਦੜਕ ਗਿਆ। ਸਾਰਿਆਂ ਜੋੜ ਤੋੜ ਕਰਕੇ ਸਮੇਤ ਗਵਰਨਰ ਪੰਜਾਬ ਅਕਾਲੀ ਲੀਡਰਾਂ ਨੂੰ ਛੁਡਾਉਣ ਦੇ ਯਤਨ ਆਰੰਭ ਦਿੱਤੇ। ਅਸਲ ਵਿਚ ਇਸ ਸਮਝੌਤੇ ਲਈ ਰਾਜੀਵ ਆਪੂੰ ਕਾਹਲਾ ਸੀ ਕਿ ਪੰਜਾਬ ਦਾ ਮਰਿਆ ਸੱਪ ਕਿਸੇ ਤਰ੍ਹਾਂ ਗਲੋਂ ਲੱਥੇ।

ਅਕਾਲੀ ਲੀਡਰਾਂ ਭਰਮ ਭੁਲੇਖੇ ਸੰਗਤਾਂ ਵਿਚੋਂ ਚੁੱਕਣ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਆਗਿਆ ਨਾਲ ਸਰਬੱਤ ਖਾਲਸਾ ਸੱਦ ਲਿਆ ਤਾਂ ਜੋ ਸਰਕਾਰ ਦੇ ਫ਼ੈਲਾਏ ਗ਼ਲਤ ਪ੍ਰਚਾਰ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇ। ਉਸ ਸਰਬੱਤ ਖਾਲਸੇ ਵਿਚ ਸਰਕਾਰੀ ਸਰਬੱਤ ਖਾਲਸੇ ਨਾਲੋਂ ਦਸ ਗੁਣਾ ਵੱਧ ਇਕੱਠ ਠਾਠਾਂ ਮਾਰ ਰਿਹਾ ਸੀ। ਲੋਕ ਉਤਸ਼ਾਹ ਤੇ ਸ਼ਰਧਾ ਨਾਲ ਝੰਡੇ ਚੁੱਕ ਕੇ ਟਰਾਲੀਆਂ, ਟਰੱਕਾਂ ਤੇ ਬੱਸਾਂ ਵਿੱਚ ਸਵਾਰ ਹੋ ਕੇ ਟਿੱਡੀ ਦਲ ਵਾਂਗ ਚੜ੍ਹ ਆਏ। ਬੜੀਆਂ ਜੋਸ਼ੀਲੀਆਂ ਤਕਰੀਰਾਂ ਕੀਤੀਆਂ ਗਈਆਂ। ਢਾਡੀਆਂ ਸੂਰਮੇ ਬੇਅੰਤ ਸਿੰਘ ਤੇ ਸਤਵੰਤ ਸਿੰਘ ਦੀਆਂ ਵਾਰਾਂ ਬੜੇ ਜੋਸ਼ ਨਾਲ ਗਾਈਆਂ। ਕੁਝ ਬੁਨਿਆਦੀ ਮਤੇ ਪਾਸ ਕੀਤੇ ਗਏ:—

1. ਜੇਲ੍ਹਾਂ ਵਿਚ ਡੱਕੇ ਸਾਰੇ ਸਿੱਖ ਰਿਹਾਅ ਕੀਤੇ ਜਾਣ।

2. ਧਰਮੀ ਫ਼ੌਜੀਆਂ ਨੂੰ ਛੱਡ ਕੇ ਉਨ੍ਹਾਂ ਨੂੰ ਸਾਵੇਂ ਰੈਂਕਾਂ 'ਤੇ ਬਹਾਲ ਕੀਤਾ ਜਾਵੇ।

3. ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ।

4. ਪਾਣੀਆਂ ਦਾ ਮਸਲਾ ਸੁਪਰੀਮ ਕੋਰਟ ਦੇ ਹਵਾਲੇ ਕਰ ਦਿੱਤਾ ਜਾਵੇ।

5. ਦਿੱਲੀ ਤੇ ਹੋਰ ਸ਼ਹਿਰਾਂ ਵਿਚ ਮਾਰੇ ਗਏ ਸਿੱਖ ਪਰਿਵਾਰਾਂ ਨੂੰ ਮੁਆਵਜ਼ਾ ਦੇ ਕੇ ਵਸਾਇਆ ਜਾਵੇ ਤੇ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦਿਵਾਈਆਂ ਜਾਣ।

6. ਪੰਜਾਬ ਅਸੈਂਬਲੀ ਦੀ ਚੋਣ ਕਰਵਾਈ ਜਾਵੇ।

ਫ਼ਤਹਿ ਦੇ ਜੋਸ਼ ਭਰਪੂਰ ਜੈਕਾਰਿਆਂ ਨਾਲ ਸਰਬੱਤ ਖਾਲਸਾ ਸਮਾਪਤ ਕੀਤਾ ਗਿਆ। ਬਲਵੰਤ ਸਿੰਘ ਸਾਬਕਾ ਵਜ਼ੀਰ ਖ਼ਜ਼ਾਨਾ ਨੂੰ ਉੱਚੜ ਪੈੜੀਆਂ ਲੱਗੀਆਂ ਹੋਈਆਂ ਸਨ। ਉਹਦੇ ਦਿਲ ਦੀ ਭਾਵਨਾ ਸੀ, ਕਿਵੇਂ ਨਾ ਕਿਵੇਂ ਸਮਝੌਤਾ ਸਿਰੇ ਚੜ੍ਹੇ, ਅਸੈਂਬਲੀ ਦੀ ਚੋਣ ਹੋਵੇ ਤੇ ਮੈਂ ਮੁੜ ਵਜ਼ੀਰ ਖ਼ਜ਼ਾਨਾ ਬਣਾਂ। ਸਿੱਖ ਕੌਮ ਨੇ ਬਹਾਦਰੀ ਦੇ ਅਨੇਕਾਂ ਮਾਅਰਕੇ ਦੇਸ਼ ਦੇ ਹਿੱਤਾਂ ਅਤੇ ਆਜ਼ਾਦੀ ਦੀ ਜੰਗ ਵਿਚ ਮਾਰੇ। ਤਾਰੀਖ਼ ਵਿਚ ਬੜਾ ਉੱਚਾ ਸਥਾਨ ਪੈਦਾ ਕੀਤਾ, ਪਰ ਇਸ ਦਾ ਲਾਹਾ ਖ਼ੁਦਗਰਜ਼ ਤੇ ਗ਼ਦਾਰ ਹਮੇਸ਼ਾ ਲੈਂਦੇ ਰਹੇ।

ਸਰਕਾਰੀ ਸੈਕਟਰੀਆਂ, ਬਲਵੰਤ ਸਿੰਘ, ਸ੍ਰ. ਬਰਨਾਲਾ ਅਤੇ ਪੰਜਾਬ ਯੂਨੀਵਰਸਿਟੀ ਦੇ ਇੱਕ ਪ੍ਰੋਫ਼ੈਸਰ ਆਦਿ ਨੇ ਮਿਲ ਕੇ ਇੱਕ ਸਮਝੌਤੇ ਦਾ ਖਰੜਾ ਤਿਆਰ ਕੀਤਾ। ਇੱਕ ਸਮਝੌਤਾ ਸਰਕਾਰ ਵੱਲੋਂ ਪਹਿਲਾਂ ਹੀ ਤਿਆਰ ਕਰ ਰੱਖਿਆ ਸੀ। ਸਿੱਖ ਆਗੂਆਂ ਦੀ ਹਾਮੀ ਹੀ ਚਾਹੀਦੀ ਸੀ। ਸਮਝੌਤਾ ਪੱਕਾ ਕਰਨ ਲਈ ਰਾਜੀਵ ਤੇ ਲੌਂਗੋਵਾਲ ਜੀ ਆਹਮਣੇ-ਸਾਹਮਣੇ ਹੋ ਬੈਠੇ। ਫ਼ਤਹਿ ਬੁਲਾ ਕੇ ਸੰਤ ਜੀ ਨੇ ਰਾਜੀਵ ਨੂੰ ਆਖਿਆ,

"ਦੇਖੋ ਜੀ, ਮੈਂ ਸਾਧ ਆਦਮੀ ਆਂ। ਕਿਸੇ ਤਰ੍ਹਾਂ ਦੇ ਵਲ-ਛਲ ਤੋਂ ਕੋਰਾ। ਤੁਸੀਂ ਪੰਜਾਬ ਦੇ ਹਿੱਤ ਦੀ ਗੱਲ ਕਰਦੇ ਹੋ, ਮੈਂ ਤੁਹਾਡੇ 'ਤੇ ਇਤਬਾਰ ਕਰਦਾ ਹਾਂ।"

"ਸੰਤ ਜੀ, ਸਭ ਬਾਤੇਂ ਮੇਰੇ ਪਰ ਛੋੜ ਦੋ; ਆਪ ਜੋ ਕਹੇਂਗੇ, ਵੋਹੀ ਹੋਗਾ।" ਰਾਜੀਵ ਨੇ ਪੂਰੇ ਦਿਲ ਨਾਲ ਭਰੋਸਾ ਪ੍ਰਗਟਾਇਆ।

"ਅਸੀਂ ਭਰੋਸਾ ਤੋ ਕਰਤੇ ਹੈਂ। ਯਹ ਭਰੋਸਾ ਅਸੀਂ ਜਵਾਹਰ ਲਾਲ ਔਰ ਇੰਦਰਾ ਜੀ ਪਰ ਵੀ ਕੀਆ ਥਾ, ਮਗਰ ਹਰ ਵਾਰ ਹਮਾਰੇ ਸਾਥ ਧੋਖਾ ਹੁੰਦਾ ਰਿਹਾ ਹੈ।" ਸੰਤ ਜੀ ਨੇ ਇਤਿਹਾਸਕ ਪਿਛੋਕੜ 'ਤੇ ਝਾਤ ਮਰਵਾਈ।

"ਐਸਾ ਹਰਗਿਜ਼ ਨਹੀਂ ਹੋਗਾ। ਮੈਂ ਆਪ ਕੇ ਆਸ਼ੀਰਵਾਦ ਸੇ ਚਲੂੰਗਾ।" ਰਾਜੀਵ

ਹੱਥ ਜੋੜ ਕੇ ਸੰਤਾਂ ਤੋਂ ਰਜ਼ਾਮੰਦੀ ਚਾਹੁੰਦਾ ਸੀ।

"ਤੁਸੀਂ ਸੰਤ ਜੀ ਬੇਫ਼ਿਕਰ ਰਹੋ, ਅਸੀਂ ਸਮਝੌਤੇ ਨਾਲ ਸੰਤੁਸ਼ਟ ਆਂ। ਤੁਹਾਡੀ ਇੱਛਾ ਅਨੁਸਾਰ ਸਭ ਠੀਕ ਹੀ ਹੋਵੇਗਾ।" ਬਲਵੰਤ ਸਿੰਘ ਨੇ ਸੰਤਾਂ ਨੂੰ ਮਨਾਉਣ ਲਈ ਭਰੋਸਾ ਪ੍ਰਗਟ ਕੀਤਾ।

24 ਜੁਲਾਈ, 1985 ਨੂੰ ਇਹ ਸਮਝੌਤਾ ਤਹਿ ਪਾਇਆ ਗਿਆ। ਸਮਝੌਤੇ ਦੀਆਂ ਸ਼ਰਤਾਂ ਇਸ ਤਰ੍ਹਾਂ ਦੀ ਚੁਸਤੀ ਨਾਲ ਪੇਚਵੇਂ ਸ਼ਬਦਾਂ ਵਿਚ ਲਿਖੀਆਂ ਗਈਆਂ ਸਨ: ਜਿਵੇਂ ਸਭ ਕੁਝ ਪੰਜਾਬ ਦੇ ਹੱਕ ਵਿਚ ਹੀ ਜਾ ਰਿਹਾ ਹੈ। ਸਰਕਾਰ ਚਾਹੁੰਦੀ ਸੀ, ਸਮਝੌਤੇ ਰਾਹੀਂ ਪੰਜਾਬ ਦੇ ਗੁੱਸੇ ਨੂੰ ਠੰਢਾ ਕਰ ਲਿਆ ਜਾਵੇ, ਪਰ ਐੱਸ. ਵਾਈ. ਐੱਲ. ਨਹਿਰ ਬੰਦ ਕਰਨ ਦੀ ਸਮਝੌਤੇ ਵਿਚ ਕੋਈ ਮਦ ਨਹੀਂ ਸੀ। ਨਾ ਹੀ ਫੜੇ ਕੈਦੀਆਂ ਤੇ ਧਰਮੀ ਫ਼ੌਜੀਆਂ ਦੇ ਛੁਟਕਾਰੇ ਦਾ ਕੋਈ ਵੇਰਵਾ ਸੀ। ਇਹ ਗੱਲ ਰਾਜੀਵ ਨੇ ਜ਼ੁਬਾਨੀ ਮੰਨ ਲਈ ਕਿ ਸਾਰਿਆ ਨੂੰ ਛੱਡ ਦਿੱਤਾ ਜਾਵੇਗਾ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਬਲਵੰਤ ਸਿੰਘ ਅਤੇ ਬਰਨਾਲੇ ਨੂੰ ਪੁੱਛਿਆ,

"ਮੈਨੂੰ ਕੁਝ ਨਹੀਂ ਪਤਾ, ਅਣਜਾਣ ਆਂ, ਤੁਸੀਂ ਵਕੀਲ ਓ, ਸ਼ਰਤਾਂ ਚੱਜ ਨਾਲ ਪੜ੍ਹ ਲਵੋ। ਮੈਂ ਤਾਂ ਦਸਤਖਤ ਤੁਹਾਡੇ ਆਖੇ ਕਰਨੇ ਹਨ। ਇਹਦੇ ਚੰਗੇ ਮਾੜੇ ਨਤੀਜਿਆਂ ਬਾਰੇ ਮੈਨੂੰ ਨਹੀਂ ਪਤਾ।"

"ਇਹ ਸਮਝੌਤਾ ਸਾਡੇ ਹੱਕ ਵਿਚ ਐ, ਤੁਸੀਂ ਬਿਨਾਂ ਝਿਜਕ ਦਸਤਖ਼ਤ ਕਰ ਦੇਵੋ।" ਬਲਵੰਤ ਸਿੰਘ ਨੇ ਸਿਰ ਹਿਲਾ ਕੇ ਹਾਮੀ ਭਰੀ।

ਬਲਵੰਤ ਸਿੰਘ ਤੇ ਸੁਰਜੀਤ ਸਿੰਘ ਬਰਨਾਲੇ ਦੇ ਆਖੇ ਸੰਤਾਂ ਨੇ ਦਸਤਖ਼ਤ ਕਰ ਦਿੱਤੇ। ਅਕਾਲੀ ਦਲ ਦੀ ਐਗਜ਼ੇਕਟਿਵ ਸੰਤ ਜੀ ਨਾਲ ਭਾਰੀ ਬਹੁਸੰਮਤੀ ਰੱਖਦੀ ਸੀ। ਸ੍ਰ. ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਸਮਝੌਤੇ ਦੀਆਂ ਸ਼ਰਤਾਂ ਪਹਿਲਾਂ ਨਹੀਂ ਵਿਖਾਈਆਂ ਗਈਆਂ ਸਨ। ਉਨ੍ਹਾਂ ਅਗਲੇ ਦਿਨ ਅਖ਼ਬਾਰਾਂ ਵਿਚੋਂ ਪੜ੍ਹ ਕੇ ਇਸ ਵਿਰੁੱਧ ਬਿਆਨ ਦੇ ਦਿੱਤਾ ਕਿ ਸਮਝੌਤਾ ਪੰਥ ਤੇ ਪੰਜਾਬ ਨਾਲ ਧੋਖਾ ਹੈ। ਅਸੀਂ ਇਹਦਾ ਵਿਰੋਧ ਕਰਦੇ ਆਂ। ਸੰਤ ਚਾਹੁੰਦੇ ਸਨ ਸਮਝੌਤਾ ਸਰਬ ਸੰਮਤੀ ਨਾਲ ਮੰਨਿਆ ਜਾਵੇ। ਉਨ੍ਹਾਂ 26 ਜੁਲਾਈ ਨੂੰ ਪੰਥ ਦਾ ਇਕੱਠ ਸ੍ਰੀ ਆਨੰਦਪੁਰ ਸਾਹਿਬ ਸੱਦ ਲਿਆ। ਸਮਝੋ ਅੱਧਾ ਪੰਜਾਬ ਸ੍ਰੀ ਆਨੰਦਪੁਰ ਨੂੰ ਉੱਲਰ ਪਿਆ। ਸਮਝੌਤੇ ਨਾਲ ਪੰਥ ਤੇ ਪੰਜਾਬ ਦੀ ਕਿਸਮਤ ਦਾ ਫ਼ੈਸਲਾ ਬੱਝਾ ਹੋਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖੁੱਲ੍ਹੀ ਬਹਿਸ ਛਿੜ ਪਈ। ਬਲਵੰਤ ਸਿੰਘ ਨੇ ਸਮਝੌਤੇ ਦੀ ਵਿਆਖਿਆ ਕਰਦਿਆਂ ਬਾਦਲ ਤੇ ਟੌਹੜੇ ਨੂੰ ਪੁੱਛਿਆ:

"ਤੁਹਾਨੂੰ ਦੋਵਾਂ ਨੂੰ ਵਿਰੋਧ ਕਿਹੜੀ ਗੱਲ ਦਾ ਏ?"

ਸ੍ਰ. ਗੁਰਚਰਨ ਸਿੰਘ ਨੇ ਆਪਣੇ ਗੁੱਸੇ ਨੂੰ ਜ਼ਬਤ ਕਰਦਿਆਂ ਖਲੋ ਕੇ ਬੋਲਣਾ ਸ਼ੁਰੂ ਕਰ ਦਿੱਤਾ।

"ਸਮਝੌਤੇ ਤੁਸੀਂ ਸਾਨੂੰ ਤਾਂ ਕੀ, ਐਗਜ਼ੇਕਟਿਵ ਕਮੇਟੀ ਦੀ ਮਨਜ਼ੂਰੀ ਲਏ ਬਿਨਾਂ ਕਰ ਆਏ ਹੋ। ਦਸਤਖ਼ਤਾਂ ਤੁਹਾਡੇ ਕੋਲੋਂ ਚਲਾਕ ਸਰਕਾਰ ਨੇ ਸਮਝੌਤੇ 'ਤੇ ਕਰਵਾ ਲਈਆਂ। ਸਾਨੂੰ ਹੁਣ ਕੀ ਪੁੱਛਣ ਲਈ ਇਕੱਠ ਸੱਦਿਆ ਏ?"

"ਸਮਝੌਤੇ ਵਿਚ ਮਾੜੀ ਜਾਂ ਗ਼ਲਤ ਗੱਲ ਬਾਰੇ ਦੱਸੋ?"

"ਜਿਹੜੀ ਨਹਿਰ ਬੰਦ ਕਰਵਾਉਣ ਲਈ ਕਪੂਰੀ ਤੋਂ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ ਸੀ, ਜਿਸ ਕਾਰਨ ਡੇਢ ਲੱਖ ਸਿੱਖ ਜੇਲ੍ਹਾਂ ਵਿਚ ਗਏ, ਹਜ਼ਾਰਾਂ ਸ਼ਹੀਦ ਹੋ ਗਏ। ਸ੍ਰੀ ਅਕਾਲ ਤਖ਼ਤ ਸਰਕਾਰ ਨੇ ਢਾਹ ਦਿੱਤਾ, ਉਹ ਨਹਿਰ ਕੱਢਣੀ ਤੁਸੀਂ ਮੰਨ ਆਏ ਓ।" ਟੌਹੜਾ ਥੋੜ੍ਹਾ ਤੱਤਾ ਹੋ ਗਿਆ।

"ਪਹਿਲੇ ਪਾਣੀ ਵਾਲੀ ਦਰ ਪੰਜਾਬ ਨੂੰ ਚਾਲੂ ਰਹੇਗੀ।" ਬਲਵੰਤ ਸਿੰਘ ਥੋੜ੍ਹਾ ਦਬ ਗਿਆ। ਸਮਝੌਤਾ ਕਰਨ ਵਾਲਿਆਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਕਿ ਸਾਨੂੰ ਅੰਤਰਿੰਗ ਕਮੇਟੀ ਨੂੰ ਜ਼ਰੂਰ ਨਾਲ ਲੈਣਾ ਚਾਹੀਦਾ ਸੀ।

"ਧਰਮੀ ਫ਼ੌਜੀਆਂ ਤੇ ਜੋਧਪੁਰ ਜੇਲ੍ਹ ਦੇ ਛੁਟਕਾਰੇ ਦਾ ਸਮਝੌਤੇ ਵਿਚ ਜ਼ਿਕਰ ਤੱਕ ਨਹੀਂ। ਸਮਝੌਤੇ ਦੇ ਸ਼ਬਦਾਂ ਦੀ ਲਿਸ਼ਕ-ਪੁਸ਼ਕ ਬੜੀ ਐ, ਪਰ ਬੁਨਿਆਦੀ ਮੰਗਾਂ ਖਟਾਈ ਵਿਚ ਪਾਈਆਂ ਗਈਆਂ ਹਨ। ਸਮਝੌਤਾ ਹੈ, ਘਰ-ਬਾਰ ਤੇਰਾ, ਪਰ ਕੋਠੀ ਹੱਥ ਨਾ ਲਾਈਂ। ਸਾਡੀ ਲੜਾਈ ਵੱਧ ਅਧਿਕਾਰਾਂ ਰਾਹੀਂ ਅੰਦਰੂਨੀ ਖ਼ੁਦਮੁਖਤਾਰੀ ਹਾਸਲ ਕਰਕੇ ਆਪਣੀ ਹਸਤੀ ਪੱਕੀ ਕਰਨ ਦੀ ਹੈ। ਬੁਨਿਆਦੀ ਮੰਗ ਕੋਈ ਵੀ ਸਮਝੌਤੇ ਵਿਚ ਦਰਜ ਨਹੀਂ। ਛੋਟੀ ਵਜ਼ੀਰੀਆਂ ਲੈਣ ਵਾਲੀ ਗੱਲ ਜ਼ਰੂਰ ਐ। ਤੁਸੀਂ ਛਾਣ ਫੱਟਕ ਚੁੱਕ ਲਿਆਏ ਹੋ; ਅਸਲੀ ਬੋਹਲ ਦਿੱਲੀ ਵਾਲਿਆਂ ਨੂੰ ਛੱਡ ਆਏ ਹੋ। ਹੋਰ ਤਾਂ ਹੋਰ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਵਿਚ ਸ਼ਹੀਦ ਹੋਏ ਸਿੰਘਾਂ ਬਾਰੇ ਅਫ਼ਸੋਸ ਜਾਂ ਮਾਫ਼ੀ ਤੱਕ ਸ਼ਾਮਲ ਨਹੀਂ। ਸਾਡਾ ਦਿਲ 'ਤੇ ਜ਼ਮੀਰ ਨਹੀਂ ਮੰਨਦੇ। ਅਸੀਂ ਦਿਲ ਲੁਭਾਉਣੇ ਸ਼ਬਦਾਂ ਦੀ ਖ਼ੂਬਸੂਰਤੀ ਦੇ ਧੋਖੇ ਵਿਚ ਨਹੀਂ ਆ ਸਕਦੇ। ਸਾਡੇ ਨਾਲ ਇਹੋ-ਜਿਹੇ ਪਹਿਲਾਂ ਬੜੇ ਧੋਖੇ ਹੋ ਚੁੱਕੇ ਹਨ।"

ਟੌਹੜਾ ਸਾਹਿਬ ਦੇ ਖਰੇ ਤੇ ਖੜਕਵੇਂ ਬੋਲਾਂ ਕਾਰਨ ਸਾਰੀ ਐਗਜ਼ੈਕਟਿਵ ਦੀਆਂ ਜ਼ਬਾਨਾਂ ਠਾਕੀਆਂ ਗਈਆਂ। ਸਮਝੌਤੇ ਦੀ ਕਲਈ ਖੁੱਲ੍ਹ ਗਈ ਸੀ। ਥੋੜ੍ਹੀ ਚੁੱਪ ਪਿੱਛੋਂ ਸੰਤ ਹਰਚੰਦ ਸਿੰਘ ਜੀ ਨੂੰ ਉੱਠਣਾ ਪਿਆ। ਸਾਰੀ ਸੰਗਤ ਨੂੰ ਉਨ੍ਹਾਂ ਫ਼ਤਹਿ ਬੁਲਾਈ।

"ਜਿਹੜੀਆਂ ਗੱਲਾਂ ਦਾ ਵੇਰਵਾ ਜਥੇਦਾਰ ਟੌਹੜਾ ਸਾਹਿਬ ਨੇ ਦਿੱਤਾ ਹੈ; ਉਨ੍ਹਾਂ ਬਾਰੇ ਵੀ ਵਿਚਾਰ ਹੋਈ ਸੀ। ਕੈਦੀ ਛੱਡ ਦੇਣ ਬਾਰੇ ਰਾਜੀਵ ਨੇ ਜ਼ਬਾਨੀ ਭਰੋਸਾ ਦਿੱਤਾ ਹੈ ਕਿ ਬਾਕੀ ਗੱਲਾਂ ਦੇ ਨਿਪਟਾਰੇ ਲਈ ਮੇਰੇ 'ਤੇ ਛੱਡ ਦੇਵੋ। ਮੈਂ ਪੰਜਾਬ ਵਿਚ ਤੁਹਾਡੀ ਸਰਕਾਰ ਬਣਦੀ ਕਰ ਦੇਵਾਂਗਾ। ਰੰਜਿਸ਼ ਵਾਲੀ ਕੋਈ ਗੱਲ ਨਹੀਂ ਰਹੇਗੀ।"

ਸੰਤ ਜੀ ਦਾ ਉੱਤਰ ਠੋਸ ਨਹੀਂ ਸੀ। ਗੱਲ ਇੱਕ ਤਰ੍ਹਾਂ ਧਾਂਦਲੀ ਵਿਚ ਪੈ ਗਈ। ਲੁਧਿਆਣੇ ਵਾਲੇ ਠੇਕੇਦਾਰ ਸੁਰਜਨ ਸਿੰਘ ਜੀ ਦੋਹਾਂ ਹੱਥਾਂ ਵਿਚ ਕਿਰਪਾਨ ਫੜ ਕੇ ਖਲੋ ਗਏ।

"ਪਿਆਰੇ ਖ਼ਾਲਸਾ ਜੀ! ਪੰਜਾਬ ਬਹੁਤ ਦੁਖੀ ਐ। ਘਰ ਘਰ ਵੈਣ ਪੈ ਰਹੇ ਹਨ। ਘਰਾਂ ਵਿਚ ਹਨੇਰਾ ਤੇ ਸਿਵਿਆਂ ਵਿਚ ਚਾਨਣ ਹੈ। ਮੇਰੀ ਬੇਨਤੀ ਐ ਪ੍ਰਧਾਨ ਟੌਹੜਾ ਜੀ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਕਿ ਉਹ ਪੰਥ ਤੇ ਦੁਖੀ ਪੰਜਾਬ ਦੀ ਸ਼ਾਂਤੀ ਲਈ ਮੰਨ ਜਾਣ। ਧੜਿਆਂ ਨੇ ਸਾਨੂੰ ਬਹੁਤ ਖ਼ੁਆਰ ਕੀਤਾ ਹੈ। ਸਰਕਾਰ ਵੀ ਸਾਨੂੰ ਅੱਡ ਅੱਡ ਹੋਇਆਂ ਨੂੰ ਮਾਰਦੀ ਐ। ਸਾਡੀ ਬੇਨਤੀ ਐ, ਤੁਸੀਂ ਮੰਨ ਜਾਓ; ਜਦੋਂ ਬਾਕੀ ਗੱਲਾਂ ਲਈ ਸੰਤ ਜੀ ਜ਼ੁੰਮੇਵਾਰੀ ਲੈਂਦੇ ਐ।"

ਪ੍ਰਕਾਸ਼ ਸਿੰਘ ਬਾਦਲ ਨੇ ਫ਼ਤਹਿ ਬੁਲਾਉਂਦਿਆਂ ਆਖਿਆ,

"ਤੁਸੀਂ ਪੰਥ ਹੋ। ਸ਼੍ਰੋਮਣੀ ਅਕਾਲੀ ਦਲ ਦੀ ਬਹੁਸੰਮਤੀ ਜੋ ਪ੍ਰਵਾਨ ਕਰਦੀ ਐ, ਅਸੀਂ

ਉਸ ਤੋਂ ਬਾਹਰ ਨਹੀਂ ਜਾਵਾਂਗੇ। ਪਰ ਸੱਚ ਕਹਿਣ ਦਾ ਤਾਂ ਸਾਨੂੰ ਹੱਕ ਐ; ਉਹ ਅਸਾਂ ਸੰਗਤ ਅੱਗੇ ਰੱਖ ਦਿੱਤਾ ਹੈ।" ਏਨੀ ਗੱਲ ਆਖਣ 'ਤੇ ਜੈਕਾਰੇ ਛੱਡੇ ਗਏ। "ਅਸੀਂ ਤਾਂ ਬੁਨਿਆਦੀ ਗੱਲਾਂ ਵੱਲ ਪੰਥ ਦਾ ਧਿਆਨ ਦੁਆਇਆ ਹੈ। ਜ਼ਬਾਨੀ ਲਾਰਿਆਂ ਦੀ ਗੱਲ ਛੱਡੋ; ਕਾਂਗਰਸ ਨੇ ਸਾਡੇ ਹੱਕ ਵਿਚ ਕੀਤੇ ਮਤਿਆਂ 'ਤੇ ਅਮਲ ਨਹੀਂ ਕੀਤਾ। ਅਸੀਂ ਕਾਂਗਰਸ 'ਤੇ ਇਤਬਾਰ ਨਹੀਂ ਕਰ ਸਕਦੇ, ਪਰ ਸੰਤ ਜੀ ਤੇ ਅਕਾਲੀ ਦਲ ਦੇ ਨਾਲ ਆਂ। ਅਸਾਂ ਆਪਣੇ ਤੌਖਲੇ ਜ਼ਾਹਰ ਕਰ ਦਿੱਤੇ। ਸਾਡੇ ਵਲੋਂ ਜੋ ਕਰ ਆਏ ਓ, ਚੰਗਾ-ਮਾੜਾ ਮਨਜ਼ੂਰ। ਅਸੀਂ ਬਾਹਰ ਪ੍ਰੈਸ ਵਿਚ ਵਿਰੋਧ ਨਹੀਂ ਕਰਾਂਗੇ। ਸੰਤ ਜੀ ਤੇ ਰਾਜੀਵ ਦੀ ਕਾਰਗੁਜ਼ਾਰੀ ਵੇਖਾਂਗੇ।"

ਪ੍ਰਕਾਸ਼ ਸਿੰਘ ਬਾਦਲ ਤੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੇ ਰਾਜ਼ੀ ਹੋਣ 'ਤੇ ਪੰਜ ਜੈਕਾਰੇ ਛੱਡੇ ਗਏ। ਪੰਥ ਦੀ ਜਿੱਤ ਦਾ ਵਿਖਾਲਾ ਪਾਇਆ ਗਿਆ। ਸੰਗਤ ਵਿਚ ਦੇਗ ਵਰਤਾਈ ਗਈ ਅਤੇ ਸਟੇਜ ਤੋਂ ਸਮਾਗਮ ਖ਼ਤਮ ਕਰਨ ਦਾ ਐਲਾਨ ਹੋ ਗਿਆ।

ਪ੍ਰਕਾਸ਼ ਸਿੰਘ ਬਾਦਲ ਆਪਣੀ ਕਾਰ ਵਿਚ ਪਟਰੌਲ ਪੰਪ ਤੋਂ ਤੇਲ ਪਵਾ ਰਿਹਾ ਸੀ; ਜਦੋਂ ਲੇਖਕ ਕੰਵਲ ਉਸ ਕੋਲ ਆ ਗਿਆ।

"ਮੈਂ ਬਾਦਲ ਸਾਹਿਬ ਤੁਹਾਡੇ ਤੇ ਟੌਹੜਾ ਸਾਹਿਬ ਦੇ ਰੋਲ ਦੀ ਸ਼ਲਾਘਾ ਕਰਦਾ ਆਂ। ਤੁਸਾਂ ਸਮਝੌਤੇ ਨੂੰ ਅਸਲੀ ਅਰਥਾਂ ਵਿਚ ਨੰਗਾ ਕੀਤਾ ਹੈ ਅਤੇ ਬੁਨਿਆਦੀ ਮੰਗਾਂ ਅੱਗੇ ਲਿਆਂਦੀਆਂ ਹਨ।"

"ਇਹ ਵਜ਼ੀਰੀਆਂ ਦੇ ਭੁੱਖੇ ਬਲਵੰਤ ਸਿੰਘ ਹੋਰਾਂ ਨੇ ਰਲ ਮਿਲ ਕੇ ਸੰਤਾਂ ਤੋਂ ਦਸਤਖ਼ਤ ਕਰਵਾ ਦਿੱਤੇ। ਬੁੱਲ੍ਹ ਨਾਲੋਂ ਲਾਹ ਕੇ ਨੱਕ ਨਾਲ ਲਾਉਣ ਵਾਲੀ ਗੱਲ ਐ। ਸਾਡੇ ਹੱਕ ਵਿਚ ਤਾਂ ਇਕ ਵੀ ਗੱਲ ਨਹੀਂ। ਕਮੇਟੀਆਂ ਕਮਿਸ਼ਨਾਂ ਸਪੁਰਦ ਕੀਤੇ ਮਾਮਲੇ ਕਦੋਂ ਨਜਿੱਠੇ ਗਏ।" ਬਾਦਲ ਨੇ ਮੁੜ ਆਖਿਆ, "ਤੁਸੀਂ ਘਰ ਆਓ, ਬਹਿ ਕੇ ਗੱਲ ਕਰਾਂਗੇ। ਮੈਨੂੰ ਤੁਹਾਡੇ ਵਿਚਾਰ ਅਖ਼ਬਾਰਾਂ ਵਿਚ ਪੰਜਾਬ ਹਿਤੈਸ਼ੀ ਲੱਗਦੇ ਹਨ।"

"ਜ਼ਰੂਰ ਆਵਾਂਗਾ। ਇਸ ਸਮਝੌਤੇ ਦੀ ਚੱਜ ਨਾਲ ਘੋਖ ਕਰਨ ਵਾਲੀ ਐ।"

ਦੋਹਾਂ ਧਿਰਾਂ ਫ਼ਤਹਿ ਬੁਲਾਈ। ਬਾਦਲ ਦੀ ਕਾਰ ਸੜਕੇ ਪੈ ਗਈ ਅਤੇ ਕੰਵਲ ਹੱਥ ਹਿਲਾਉਂਦਾ ਖੜ੍ਹਾ ਰਹਿ ਗਿਆ।

ਚੁਤਾਲੀਵਾਂ ਕਾਂਡ

ਰਾਜੀਵ ਗਾਂਧੀ ਨਾਲ ਹੋਏ ਸਮਝੌਤੇ ਦੀਆਂ ਗਿਆਰਾਂ ਮੱਦਾਂ ਸਨ, ਜਿਨ੍ਹਾਂ ਨੂੰ ਪਾਰਲੀਮੈਂਟ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਪੰਜਾਬ ਦੇ ਅਕਾਲੀ ਦਲ ਤੋਂ ਪ੍ਰਵਾਨਗੀ ਲੈ ਕੇ ਸੰਤ ਹਰਚੰਦ ਸਿੰਘ ਜੀ ਦਿੱਲੀ, ਅਲਵਰ, ਕਾਨਪੁਰ ਤੇ ਪਟਨਾ ਆਦਿ ਥਾਵਾਂ 'ਤੇ ਮਾਰੇ ਗਏ ਸਿੱਖ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਤੁਰ ਪਏ। ਸਮਝੌਤੇ ਬਾਰੇ ਸਾਰਿਆਂ ਚੰਗਾ ਹੁੰਗਾਰਾ ਭਰਿਆ। ਉਹ ਸ਼ਾਂਤੀ ਚਾਹੁੰਦੇ ਸਨ। ਕਾਰੋਬਾਰੀ ਸਿੱਖ ਸਮਝਦੇ ਸਨ, ਪੰਜਾਬ ਵਿਚ ਵਾਪਰੀ ਕਿਸੇ ਵੀ ਦੁਰਘਟਨਾ ਦਾ ਬਹੁਤਾ ਖਮਿਆਜ਼ਾ ਬਾਹਰ ਰਹਿੰਦੇ ਘੱਟ ਗਿਣਤੀ ਸਿੱਖਾਂ ਨੂੰ ਭੁਗਤਣਾ ਪੈਂਦਾ ਹੈ। ਇਸ ਸਮਝੌਤੇ ਕਾਰਨ ਸੰਤਾਂ ਦੀ ਚੜ੍ਹਦੀ ਗੁੱਡੀ ਕੁਝ ਅਕਾਲੀ ਲੀਡਰਾਂ ਮਹਿਸੂਸ ਕੀਤੀ। ਸਿੱਖ ਸਿਆਸਤ ਵਿਚ ਸਿੱਖ ਆਗੂ ਦੀਆਂ ਲੱਤਾਂ ਖਿੱਚਣਾ ਆਮ ਪ੍ਰਚਲਿਤ ਰਿਹਾ ਹੈ। ਭਾਵੇਂ ਕਿੰਨੇ ਭਿਆਨਕ ਘੱਲੂਘਾਰੇ ਪੰਥ ਸਿਰ ਵਾਪਰ ਚੁੱਕੇ ਸਨ; ਏਕਤਾਂ ਦੇ ਬਾਵਜੂਦ ਦਿਲਾਂ ਦੀ ਮੈਲ ਨਹੀਂ ਗਈ ਸੀ। ਧੜੇਬੰਦੀ ਤੇ ਖੁਦਗਰਜ਼ੀ ਅੰਦਰਖਾਤੇ ਜਿਉਂ ਦੀ ਤਿਉਂ ਸੁੰਦਕ ਰਹੀ ਸੀ। ਬਹੁਤਿਆਂ ਦਾ ਖਿਆਲ ਸੀ, ਇਸ ਖੱਸੀ ਸਮਝੌਤੇ ਨੇ ਬਣਦੇ ਖਾਲਿਸਤਾਨ ਨੂੰ ਠੱਲ੍ਹ ਪਾ ਦਿੱਤੀ ਹੈ। ਇਹ ਵਿਚਾਰ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿਚ ਵਸਤੇ ਤੱਤੇ ਸਿੱਖਾਂ ਦੇ ਜ਼ਿਆਦਾ ਸਨ। ਕਈ ਪਾਕਿਸਤਾਨ ਦੀ ਮਦਦ 'ਤੇ ਟੇਕ ਰੱਖਦੇ ਸਨ। ਜਿਹੜਾ ਪਾਕਿਸਤਾਨ ਬੰਗਲਾਦੇਸ਼ ਵਿਚ ਆਪਣੇ ਪਰ ਤੁੜਵਾ ਚੁੱਕਾ ਸੀ; ਉਹ ਕੀ ਸਹਾਇਤਾ ਕਰਨ ਜੋਗਾ ਰਹਿ ਗਿਆ ਸੀ। ਕਾਹਲੀ ਤੇ ਤੱਤੀ ਸੋਚ ਨੇ ਸਦਾ ਮੂੰਹ ਦੀ ਖਾਧੀ ਐ। ਪਰ ਇਸ ਜਜ਼ਬਾਤੀ ਸੋਚ ਨੇ ਨੌਜਵਾਨਾਂ ਦੇ ਲਹੂ ਜੋਸ਼ ਨੂੰ ਜ਼ਰੂਰ ਉਬਾਲਾ ਦੇ ਮਾਰਿਆ। ਉਨ੍ਹਾਂ ਅੰਦਰਖ਼ਾਤੇ ਨੌਜਵਾਨ ਜਥੇਬੰਦੀ ਸਾਜ ਕੇ ਬਦਲਾ ਲਊ ਭਾਵਨਾ ਦੀਆਂ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ।

20 ਅਗਸਤ, 1985 ਨੂੰ ਪਿੰਡ ਸ਼ੇਰਪੁਰ, ਜ਼ਿਲ੍ਹਾ ਸੰਗਰੂਰ ਵਿਚ ਹਰ ਸਾਲ ਵਾਂਗ ਭਾਰੀ ਦੀਵਾਨ ਸਜਿਆ ਹੋਇਆ ਸੀ। ਸੰਤ ਹਰਚੰਦ ਸਿੰਘ ਜੀ ਨੇ ਆਪਣੇ ਜ਼ਿਲ੍ਹੇ ਦੇ ਧਾਰਮਿਕ ਦੀਵਾਨ ਵਿਚ ਪੁੱਜਣਾ ਹੀ ਸੀ। ਸੰਤ ਆਪਣੀ ਪ੍ਰਭਾਵਸ਼ਾਲੀ ਤਕਰੀਰ ਕਰਕੇ ਸਟੇਜ ਤੋਂ ਉਤਰ ਕੇ ਬਾਹਰ ਵੱਲ ਨੂੰ ਹੋਏ ਹੀ ਸਨ ਕਿ ਉਨ੍ਹਾਂ ਵੱਲ ਕਿਸੇ ਪਿਸਤੌਲ ਦਾ ਸਿੱਧਾ ਫਾਇਰ ਕਰ ਦਿੱਤਾ। ਗੋਲੀ ਸੰਤਾਂ ਦੇ ਪਾਸੇ ਦੀ ਲੰਘ ਗਈ। ਗੋਲੀ ਚਲਾਉਣ ਵਾਲੇ ਨੂੰ ਲੋਕਾਂ ਫੜ ਲਿਆ ਤੇ ਬਹੁਤ ਕੁੱਟਿਆ। ਲੋਕਾਂ ਸੰਤਾਂ ਨੂੰ ਘੇਰੇ ਵਿਚ ਲੈ ਲਿਆ। ਓਦੋਂ ਹੀ ਇੱਕ ਹੋਰ ਨੌਜਵਾਨ ਹਥਿਆਰ ਚੁੱਕੀ ਅੱਗੇ ਵਧਿਆ ਤੇ ਉਸ ਲਲਕਾਰਿਆ।

"ਸੰਤਾਂ 'ਤੇ ਕੀਹਨੇ ਗੋਲੀ ਚਲਾਈ ਐ? ਪਾਸੇ ਹਟ ਜਾਓ, ਮੈਂ ਉਸ ਨੂੰ ਛੱਡਣਾ ਨਹੀਂ। ਮੈਂ ਸੰਤਾਂ ਦਾ ਬਾਡੀਗਾਰਡ ਆਂ।" ਉਹ ਬਾਹਾਂ ਮਾਰਦਾ ਤੇ ਰੌਲਾ ਪਾਉਂਦਾ ਅੱਗੇ ਆ ਗਿਆ। ਉਸ ਸਮੇਂ ਸਾਢੇ ਪੰਜ ਵਜੇ ਦਾ ਸਮਾਂ ਸੀ।

ਸੰਤਾਂ ਦਾ ਬਾਡੀਗਾਰਡ ਸੁਣ ਕੇ ਲੋਕ ਪਾਸੇ ਹਟ ਗਏ। ਉਸ ਨੌਜਵਾਨ ਨੇ ਚੁਸਤੀ ਵਰਤ ਕੇ ਲੋਕਾਂ ਨੂੰ ਸੰਤਾਂ ਦੁਆਲਿਓਂ ਹਟਾ ਲਿਆ ਅਤੇ ਸਾਹਮਣੇ ਜਾ ਕੇ ਥੜ੍ਹੇ 'ਤੇ ਬੈਠੇ ਸੰਤਾਂ ਦੇ ਦੋ ਗੋਲੀਆਂ ਦਾਗ ਦਿੱਤੀਆਂ। ਲੋਕਾਂ ਉਸ ਨੂੰ ਕੁੱਟ ਕੇ ਹਸਪਤਾਲ ਜਾਣ ਜੋਗਾ ਕਰ ਦਿੱਤਾ। ਦੂਜੇ ਪਾਸੇ ਬਰਨਾਲਾ ਜੀ ਝੱਟ ਪੱਟ ਗੱਡੀ ਵਿਚ ਪਾ ਕੇ ਸੰਤਾਂ ਨੂੰ ਸੰਗਰੂਰ ਹਸਪਤਾਲ ਨੂੰ ਤੁਰ ਪਏ। ਸੰਤ ਵਾਹਿਗੁਰੂ ਦਾ ਜਾਪ ਕਰ ਰਹੇ ਸਨ:

"ਤੇਰਾ ਭਾਣਾ ਮੀਠਾ ਲਾਗੈ.....।"

ਨੌਂ ਵਜੇ ਤੱਕ ਸੰਤ ਠੀਕ ਠਾਕ ਰਹੇ ਅਤੇ ਸੁਰਜੀਤ ਸਿੰਘ ਬਰਨਾਲਾ ਆਦਿ ਲੀਡਰਾਂ ਨੂੰ ਧਰਵਾਸ ਦੇਂਦੇ ਰਹੇ। ਪਰ ਦਸ ਵਜਦੇ ਨੂੰ ਉਨ੍ਹਾਂ ਦੀ ਹਾਲਤ ਵਿਗੜ ਗਈ ਅਤੇ ਗੁਰਪੁਰੀ ਸਿਧਾਰ ਗਏ। ਸਾਰੇ ਪੰਥ 'ਤੇ ਪੰਜਾਬ ਵਿਚ ਸੋਗ ਦੀ ਭਾਰੀ ਲਹਿਰ ਫੈਲ ਗਈ। ਲੋਕ ਕਿਆਸ ਕਰ ਰਹੇ ਸਨ, ਸੰਤਾਂ ਨੂੰ ਸਮਝੌਤੇ ਕਾਰਨ ਵਿਰੋਧੀਆਂ ਨੇ ਸ਼ਹੀਦ ਕੀਤਾ ਹੈ। ਕਈ ਮਨ ਹੀ ਮਨ ਸ਼ੱਕ ਕਰ ਰਹੇ ਸਨ, ਇਸ ਕਾਰੇ ਵਿਚ ਵੱਡੇ ਲੀਡਰਾਂ ਦਾ ਵੀ ਹੱਥ ਹੋ ਸਕਦਾ ਏ।

ਸੰਤਾਂ ਨੂੰ ਜਦੋਂ ਠਾਹ ਠਾਹ ਦੋ ਗੋਲੀਆਂ ਵੱਜੀਆਂ, ਦੀਵਾਨ ਦੇ ਬਾਹਰ ਖੜ੍ਹਾ ਮੋਟਰ ਸਾਈਕਲ ਸਟਾਰਟ ਹੋਇਆ ਤੇ ਚਲਾਉਣ ਵਾਲਾ ਪੱਤੇ ਵਾਂਗ ਗਿਆ। ਸਮਝਿਆ ਇਹ ਗਿਆ, ਏਹੀ ਬੰਦਾ ਲੌਂਗੋਵਾਲ ਜੀ ਦੇ ਕਾਤਲਾਂ ਨੂੰ ਲੈ ਕੇ ਆਇਆ ਸੀ। 21 ਅਗਸਤ ਤੇ ਅਖ਼ਬਾਰਾਂ ਦੀਆਂ ਪਹਿਲੀਆਂ ਸੁਰਖ਼ੀਆਂ ਸੰਤ ਹਰਚੰਦ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੇ ਸ਼ਹੀਦੀ ਲਹੂ ਨਾਲ ਲਿੱਬੜੀਆਂ ਹੋਈਆਂ ਸਨ। ਸੰਤ ਹਰਚੰਦ ਸਿੰਘ ਦਾ ਸੋਗ ਅਕਾਲੀ ਸਿੱਖਾਂ ਨਾਲੋਂ ਪੰਜਾਬ ਦੇ ਹਿੰਦੂਆਂ ਨੇ ਪੁੱਜ ਕੇ ਮਨਾਇਆ। ਸੰਤ ਸਭ ਦੇ ਸਾਂਝੇ ਸਨ। ਮੁਸਲਮਾਨਾਂ, ਹਿੰਦੂਆਂ ਤੇ ਇਸਾਈਆਂ ਨੂੰ ਸਿੱਖਾਂ ਨਾਲੋਂ ਵੱਧ ਪਿਆਰ ਕਰਦੇ ਸਨ। ਉਨ੍ਹਾਂ ਕਦੇ ਕਿਸੇ ਦਾ ਦਿਲ ਨਹੀਂ ਦੁਖਾਇਆ ਸੀ। 21 ਅਗਸਤ ਨੂੰ ਸੰਤਾਂ ਦੀ ਦੇਹ ਹਸਪਤਾਲ ਤੋਂ ਲਿਆਂਦੀ ਗਈ। ਸਾਰੇ ਜ਼ਿਲ੍ਹਿਆਂ ਦੇ ਜਥੇਦਾਰ, ਡੇਲੀਗੇਟ ਤੇ ਹੋਰ ਲੋਕਾਂ ਦਾ ਭਾਰੀ ਸਮੂਹ ਲੌਂਗੋਵਾਲ ਤੋਂ ਗੁਰਦਵਾਰਾ ਕੈਂਬੋਵਾਲ ਤੱਕ ਠਾਠਾਂ ਮਾਰਦਾ ਇਕੱਠ, ਸੋਗ ਵਿਚ ਧੌਣਾਂ ਸੁੱਟੀ ਜਾ ਰਿਹਾ ਸੀ। ਪੂਰੇ ਸਰਕਾਰੀ ਸਨਮਾਨਾਂ ਨਾਲ ਦਾਹ ਸੰਸਕਾਰ ਦੀ ਤਿਆਰੀ ਸੀ। ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੀ ਨੇ ਅਰਦਾਸ ਕੀਤੀ। ਘਿਉ ਤੇ ਚੰਦਨ ਦਾ ਬੂਰਾ ਚਿਤਾ 'ਤੇ ਪਾਇਆ ਗਿਆ। ਗਿਆਨੀ ਕ੍ਰਿਪਾਲ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਨੇ ਚਿਤਾ ਨੂੰ ਅਗਨੀ ਵਿਖਾਈ, ਪੁਲੀਸ ਵਾਲੇ ਭਾਈਆਂ ਪਹਿਲਾਂ ਹਥਿਆਰ ਉਲਟੇ ਕਰਕੇ ਸਲਾਮੀ ਦਿੱਤੀ; ਮੁੜ ਆਸਮਾਨ ਵੱਲ ਫ਼ਾਇਰ ਕੀਤੇ। ਸੰਗਤ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰ ਰਹੀ ਸੀ। ਕੀਰਤਨ ਸੋਹਿਲਾ ਪੜ੍ਹਨ ਤੇ ਅਰਦਾਸ ਕਰਨ ਪਿੱਛੋਂ ਸਾਰੇ ਆਗੂ, ਪੰਜ ਸਿੰਘ ਸਾਹਿਬਾਨ ਦੇ ਨਾਲ ਇੱਕ ਕਮਰੇ ਵਿਚ ਆ ਬੈਠੇ। ਸੰਤਾਂ ਦੇ ਅਥਾਹ ਘਾਟੇ ਦੇ ਸੋਗ ਅਧੇ ਉਨ੍ਹਾਂ ਦੇ ਭਰਪੂਰ ਆਚਾਰ ਦੀਆਂ ਗੱਲਾਂ ਕਰਦੇ ਰਹੇ। ਸਿੰਘ ਸਾਹਿਬ ਨੇ ਸਾਰੇ ਆਗੂਆਂ ਨੂੰ ਅਪੀਲ ਕਰਨੀ ਆਪਣਾ ਫ਼ਰਜ਼ ਸਮਝਿਆ;

"ਪਿਆਰੇ ਖ਼ਾਲਸਾ ਜੀ। ਜੋ ਘਾਟਾ ਸੰਤਾਂ ਦੇ ਗੁਰਪੁਰੀ ਸਿਧਾਰ ਜਾਣ ਨਾਲ ਪੰਥ ਤੇ ਪੰਜਾਬ ਨੂੰ ਪਿਆ ਹੈ; ਉਹ ਤਾਂ ਕਿਸੇ ਤਰ੍ਹਾਂ ਪੂਰਾ ਹੋਣਾ ਨਹੀਂ, ਤੁਸੀਂ ਪੰਥ ਦੇ ਲੀਡਰ ਸਾਹਿਬਾਨ ਸਾਰੇ ਈ ਸਿਆਣੇ ਹੋ। ਪੰਜਾਬ ਦੀ ਇਸ ਉਲਝੀ ਤਾਣੀ ਤੇ ਸਥਿਤੀ ਨੂੰ ਸੁਲਝਾਉਣਾ ਤੇ ਸੰਭਾਲਣਾ ਤੁਹਾਡਾ ਫ਼ਰਜ਼ ਬਣਦਾ ਹੈ। ਸੰਤਾਂ ਦੀ ਆਤਮਾ ਵੀ ਤੁਹਾਡੇ ਕੋਲੋਂ ਕਿਸੇ ਵਫ਼ਦਾਰੀ ਦੀ ਮੰਗ ਕਰਦੀ ਹੈ। ਇਸ ਨਾਜ਼ੁਕ ਸਮੇਂ ਹਰ ਤਰ੍ਹਾਂ ਦੇ ਵਿਰੋਧ ਦਿਲੋਂ ਭੁਲਾ ਦੇਵੋ। ਕਿਸੇ ਤਰ੍ਹਾਂ ਦੀ

ਧੜੇਬੰਦੀ ਦਾ ਵਿਖਾਲਾ ਪਾ ਕੇ ਕੌਮ ਦਾ ਸਿਰ ਨੀਵਾਂ ਨਾ ਹੋਵੇ। ਇਹ ਸਾਡੀ ਪੰਜਾਂ ਸਿੰਘਾਂ ਦੀ ਤੁਹਾਨੂੰ ਬਹੁਤ ਹੀ ਨਿਮਰਤਾ ਨਾਲ ਅਪੀਲ ਐ। ਹੋਏ ਸਮਝੌਤੇ ਨੂੰ ਇਨ-ਬਿਨ ਲਾਗੂ ਕਰਵਾਉ ਤੇ ਬਲਦੇ ਪੰਜਾਬ ਵਿਚ ਠੰਡ ਵਰਤਾਉ। ਪੰਜਾਬ ਤੇ ਪਾਰਲੀਮੈਂਟ ਦੀਆਂ ਚੋਣਾਂ ਸਿਰ 'ਤੇ ਆ ਗਈਆਂ ਹਨ; ਤਕੜੇ ਹੋ ਕੇ ਉਨ੍ਹਾਂ ਵਿਚ ਹਿੱਸਾ ਲਵੋ। ਕੇਂਦਰ ਨੂੰ ਆਪਣੀ ਮਜ਼ਬੂਤ ਏਕਤਾ ਦਾ ਸਬੂਤ ਦਿਓ। ਸੰਤਾ ਦੀ ਰੂਹ ਲਈ, ਸਹਿਨਸ਼ੀਲਤਾ ਤੇ ਮਿਲਾਪ ਦਾ ਤੁਸਾਂ ਠੋਸ ਏਕਤਾ ਨਾਲ ਸਬੂਤ ਦੇਣਾ ਹੈ।"

ਸਾਰਿਆਂ ਚੁੱਪ ਚਾਪ ਜਥੇਦਾਰ ਜੀ ਦੀਆਂ ਗੱਲਾਂ ਸੁਣ ਲਈਆਂ। ਦੂਜੇ ਸਿੰਘ ਸਾਹਿਬਾਨ ਨੇ ਮਹਿਸੂਸ ਕੀਤਾ, ਆਗੂਆਂ ਖ਼ਾਸ ਹੁੰਗਾਰਾ ਨਹੀਂ ਭਰਿਆ। ਜਥੇਦਾਰ ਨੇ ਇਸ਼ਾਰਾ ਦਿੱਤਾ, ਆਓ ਆਪਾਂ ਬਾਹਰ ਚੱਲੀਏ। ਬਾਹਰ ਆ ਕੇ ਉਨ੍ਹਾਂ ਸਾਥੀਆਂ ਨੂੰ ਕਿਹਾ,

"ਲੱਗਦਾ ਏ ਅਕਾਲੀ ਆਗੂ ਕੋਈ ਖਾਸ ਮਸ਼ਵਰਾ ਕਰਨਾ ਚਾਹੁੰਦੇ ਐ। ਸ਼ਾਇਦ ਸਾਡੀ ਹਾਜ਼ਰੀ ਇਨ੍ਹਾਂ ਨੂੰ ਗੱਲ ਨਹੀਂ ਕਰਨ ਦੇਂਦੀ। ਆਪਾਂ ਚੱਲੀਏ, ਸਾਡੇ ਗੋਚਰਾ ਹੁਣ ਇੱਥੇ ਕੋਈ ਕੰਮ ਨਹੀਂ ਰਹਿ ਗਿਆ।" ਸਾਰਿਆਂ ਹਾਮੀ ਭਰੀ ਅਤੇ ਕੈਂਥੋਵਾਲ ਤੋਂ ਸ੍ਰੀ ਅੰਮ੍ਰਿਤਸਰ ਨੂੰ ਚੱਲ ਪਏ।

ਸਿੰਘ ਸਾਹਿਬਾਨਾ ਦੇ ਜਾਣ ਪਿੱਛੋਂ ਅਕਾਲੀ ਆਗੂਆਂ ਅਕਾਲੀ ਦਲ ਦਾ ਪ੍ਰਧਾਨ ਥਾਪਣ ਦੀ ਗੱਲ ਛੇੜ ਲਈ। ਪ੍ਰਧਾਨਗੀ ਲਈ ਸ੍ਰ.ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਟੌਹੜਾ ਸਾਹਿਬ, ਸੁਰਜੀਤ ਸਿੰਘ ਬਰਨਾਲਾ ਅਤੇ ਸੰਤ ਅਜੀਤ ਸਿੰਘ ਜੀ ਆਪਣੇ-ਆਪ ਨੂੰ ਪ੍ਰਧਾਨਗੀ ਲਈ ਉਮੀਦਵਾਰ ਸਮਝਦੇ ਸਨ। ਸੋਗ ਦੇ ਸੰਘਣੇ ਵਾਤਾਵਰਣ ਸਮੇਂ ਪ੍ਰਧਾਨਗੀ ਦੀ ਖਿਚੜੀ ਨਹੀਂ ਪੱਕਣੀ ਚਾਹੀਦੀ ਸੀ, ਪਰ ਅਕਾਲੀ ਆਗੂਆਂ ਦੇ ਆਪ ਮੁਹਾਰੇ ਚੱਲਣ ਵਿਚ ਖ਼ੁਦਗਰਜ਼ੀ ਕੌੜੀ ਵੇਲ ਵਾਂਗ ਵਧਦੀ ਰਹੀ ਸੀ। ਦਲੀਲਾਂ ਨੇ ਮਾਰਾਂ ਕੀਤੀਆਂ, ਗੱਲਾਂ ਵੀ ਠੰਢੀਆਂ ਤੱਤੀਆਂ ਚੱਲੀਆਂ। ਪਰ ਫ਼ੈਸਲਾ ਕੋਈ ਨਾ ਹੋਇਆ। ਅਖ਼ੀਰ ਪ੍ਰਧਾਨਗੀ ਦੇ ਫ਼ੈਸਲੇ ਲਈ ਅਗਲੇ ਦਿਨ ਦੀ ਮੀਟਿੰਗ ਚੰਡੀਗੜ੍ਹ ਰੱਖ ਲਈ ਗਈ। ਅਗਲੇ ਦਿਨ ਚੰਡੀਗੜ੍ਹ ਵਿਖੇ ਬਹੁਤ ਸਾਰੇ ਅਸਰਾਰ ਤੇ ਤਕਰਾਰ ਪਿੱਛੋਂ ਸ੍ਰ. ਸੁਰਜੀਤ ਸਿੰਘ ਬਰਨਾਲਾ ਨੂੰ ਐਕਟਿੰਗ ਪ੍ਰਧਾਨ ਥਾਪ ਲਿਆ ਗਿਆ।

ਪੰਜਾਬ ਅਸੈਂਬਲੀ ਦੀ ਚੋਣ ਦਾ ਐਲਾਨ ਹੋ ਚੁੱਕਾ ਸੀ। 1 ਸਤੰਬਰ 1985 ਨੂੰ ਸੰਤਾਂ ਦੇ ਦੁਸਹਿਰੇ ਦਾ ਦਿਨ ਸੀ। ਕੈਂਥੋਵਾਲ ਦੇ ਗੁਰਦਵਾਰੇ ਵਿਚ ਅਖੰਡ ਪਾਠ ਦਾ ਭੋਗ ਪਾਇਆ ਗਿਆ। ਸੰਗਤਾਂ ਦਾ ਹੜ੍ਹ ਠੱਲ੍ਹਿਆ ਨਹੀਂ ਜਾ ਰਿਹਾ ਸੀ। ਲਾਊਡ ਸਪੀਕਰ 'ਤੇ ਐਲਾਨ ਕੀਤਾ ਗਿਆ ਕਿ ਸ਼ਰਧਾਂਜਲੀ ਸਮਾਰੋਹ ਲੌਂਗੋਵਾਲ ਦੀ ਦਾਣਾ ਮੰਡੀ ਵਿਚ ਕੀਤਾ ਜਾਵੇਗਾ। ਸੰਗਤਾਂ ਦਾ ਵਹੀਰ ਉੱਥੇ ਨੂੰ ਚਾਲੇ ਪਾਵੇ। ਸ਼ਰਧਾਂਜਲੀ ਸਮਾਗਮ ਸਰਕਾਰੀ ਪੱਧਰ 'ਤੇ ਕੀਤਾ ਜਾ ਰਿਹਾ ਸੀ। ਹਰ ਜ਼ਿਲ੍ਹੇ ਤੋਂ ਪੁਲੀਸ ਇਕੱਠ ਨੂੰ ਕੰਟਰੋਲ ਕਰਨ ਲਈ ਪੁੱਜੀ ਹੋਈ ਸੀ। ਐਨਾ ਵੱਡਾ ਅਥਾਹ ਇਕੱਠ ਲੌਂਗੋਵਾਲ ਦੀ ਤਾਰੀਖ਼ ਵਿਚ ਪਹਿਲੀ ਵਾਰ ਹੋਇਆ ਸੀ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਸੰਤ ਮਸਕੀਨ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਦੀ ਕਥਾ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਸਿੱਖੀ ਸਤਿਕਾਰ ਵਜੋਂ ਪਹਿਲੀ ਤਕਰੀਰ ਕਰਨ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਦਾ ਨਾਂ ਬੇਨਤੀ ਵਜੋਂ ਬੋਲਿਆ। ਉਨ੍ਹਾਂ ਸੰਤ ਜੀ ਦੇ ਸਹਿਜ ਸੁਭਾਅ, ਮਿੱਠਤ, ਮਿਲਾਪੜੇਪਨ, ਹਿੰਦੂ ਸਿੱਖ, ਇਸਾਈ ਅਤੇ ਮੁਸਲਮਾਨਾਂ

ਦੇ ਮਿੱਤਰ ਵਜੋਂ ਪ੍ਰਸ਼ੰਸਾ ਕੀਤੀ। ਸਾਰੀ ਜ਼ਿੰਦਗੀ ਗ਼ਰੀਬਾਂ ਨੂੰ ਉੱਚਾ ਚੁੱਕਣ ਦੀ ਵਾਹ ਲਾਈ। ਕੁਰਬਾਨੀ ਤੇ ਤਿਆਗ ਦੀ ਆਪ ਮਿਸਾਲ ਸਨ।

ਫਿਰ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇ ਆਏ ਸ਼ਰਧਾਂਜਲੀ ਸੁਨੇਹੇ ਪੜ੍ਹ ਕੇ ਸੁਣਾਏ ਗਏ। ਗਵਰਨਰ ਪੰਜਾਬ ਸ੍ਰੀ ਅਰਜਨ ਸਿੰਘ, ਜਿਸ ਪੰਜਾਬ ਸਮਝੌਤੇ ਵਿਚ ਅਹਿਮ ਭੂਮਿਕਾ ਨਿਭਾਈ ਸੀ; ਨੇ ਸ਼ਰਧਾਂਜਲੀ ਸ਼ਬਦ ਬੋਲੇ। ਹਿੰਦੋਸਤਾਨ ਦੇ ਅੱਧ ਮੁੱਖ ਮੰਤਰੀ ਸ਼ਰਧਾ ਦੇ ਫੁੱਲ ਲੈ ਕੇ ਆਏ ਸਨ। ਹਿੰਦੋਸਤਾਨ ਭਰ ਤੋਂ ਆਏ ਨੇਤਾਵਾਂ ਨੇ ਸੰਤ ਹਰਚੰਦ ਸਿੰਘ ਜੀ ਨੂੰ ਸ਼ਾਂਤੀ ਦਾ ਮਸੀਹਾ ਅਤੇ ਦੂਜਾ ਗਾਂਧੀ ਆਖਿਆ। ਸਾਰੀਆਂ ਰਾਜਸੀ ਪਾਰਟੀਆਂ ਨੇ ਸਿਰ ਨਿਵਾਏ। ਉਨ੍ਹਾਂ ਦੀ ਸ਼ਹਾਦਤ 'ਤੇ ਪਾਰਲੀਮੈਂਟ ਦਾ ਅਜਲਾਸ ਉਠਾਇਆ ਗਿਆ। ਪੰਜਾਬ ਸਰਕਾਰ ਨੇ ਦੋ ਦਿਨ ਦਾ ਸੋਗ ਮਨਾਇਆ ਐਨੀ ਵੱਡੀ ਸ਼ਰਧਾਂਜਲੀ ਸਰਕਾਰੀ ਤੌਰ 'ਤੇ ਆਪਣੇ ਲੋਕਾਂ ਵਲੋਂ ਕਦੇ ਕਿਸੇ ਪੰਜਾਬੀ ਨੂੰ ਨਸੀਬ ਨਹੀਂ ਹੋਈ ਸੀ। ਸਾਰਿਆਂ ਤੋਂ ਪਿੱਛੋਂ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਜੀ ਨੇ ਅਰਦਾਸ ਸਜਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੱਖਵਾਕ ਲੈ ਕੇ ਦੇਗ ਵਰਤਾਈ ਗਈ।

ਸਮਾਪਤੀ ਤੇ ਗੱਡੀਆਂ, ਮੋਟਰਾਂ, ਟਰੱਕਾਂ, ਟਰਾਲੀਆਂ ਸਕੂਟਰਾਂ ਤੇ ਸਾਈਕਲਾਂ ਵਾਲੇ ਰਾਹ ਲੈਣ ਲਈ ਹਾਰਨ ਵਜਾ ਰਹੇ ਸਨ। ਪੈਦਲ ਲੋਕਾਂ ਦਾ ਵਹੀਰ ਹੀ ਰਾਹ ਨਹੀਂ ਦੇ ਰਿਹਾ ਸੀ। ਪੁਲੀਸ ਬੜੀ ਮੁਸ਼ਕਲ ਨਾਲ ਲੋਕਾਂ ਨੂੰ ਸਮਝਾ ਕਾਬੂ ਕਰ ਰਹੀ ਸੀ। ਅਜਿਹੀ ਸੋਗ ਭਰੀ ਹਾਲਤ ਵਿਚ ਸਖ਼ਤੀ ਵੀ ਨਹੀਂ ਵਰਤੀ ਜਾ ਸਕਦੀ ਸੀ। ਲੋਕ ਆਪੋ ਵਿਚੀ ਸੰਤਾਂ ਦੀ ਮਹਿਮਾ ਅਤੇ ਸ਼ਾਂਤ ਸੁਭਾਅ ਨੂੰ ਯਾਦ ਕਰ-ਕਰ ਦੁੱਖ ਸਾਂਝਾ ਕਰ ਰਹੇ ਸਨ।

2 ਦਸੰਬਰ ਭਾਵ ਸੰਤਾਂ ਦੇ ਦੁਸਹਿਰੇ ਤੋਂ ਅਗਲਾ ਦਿਨ ਹੀ ਅਸੈਂਬਲੀ ਚੋਣ ਲਈ ਨਾਮਜ਼ਦਗੀ ਪੱਤਰ ਭਰਨ ਦਾ ਸੀ। ਅਕਾਲੀ ਦਲ ਦਾ ਪਾਰਲੀਮੈਂਟਰੀ ਬੋਰਡ ਟਿਕਟਾਂ ਵੰਡ ਚੁੱਕਾ ਸੀ। 25 ਦਸੰਬਰ ਨੂੰ ਵੋਟਾਂ ਪੈਣੀਆਂ ਸਨ। ਸਾਰੇ ਪੰਜਾਬ ਨੇ ਪੂਰੇ ਅਮਨ ਅਮਾਨ ਨਾਲ ਵੋਟਾ ਪਾਈਆਂ। 26 ਤੇ 27 ਸਤੰਬਰ ਨੂੰ ਸਾਰੇ ਨਤੀਜੇ ਆ ਗਏ। 117 ਸੀਟਾਂ ਵਿਚੋਂ ਅਕਾਲੀ ਦਲ 73 ਸੀਟਾਂ ਜਿੱਤ ਗਿਆ। ਹੋਰ ਚਾਰ ਮੈਂਬਰ ਅਕਾਲੀ ਦਲ ਦੀ ਮਦਦ ਨਾਲ ਜਿੱਤ ਗਏ ਸਨ। ਪਾਰਲੀਮੈਂਟ ਦੀਆਂ ਤੇਰਾਂ ਸੀਟਾਂ ਵਿਚੋਂ ਅਕਾਲੀਆਂ ਸੱਤ ਦਬ ਲਈਆਂ ਸਨ। 29 ਦਸੰਬਰ ਨੂੰ ਅਕਾਲੀ ਵਧਾਇਕਾਂ ਦੀ ਮੀਟਿੰਗ ਚੰਡੀਗੜ੍ਹ ਸੱਦੀ ਗਈ, ਜਿਸ ਵਿਚ ਸਰਬ ਸੰਮਤੀ ਨਾਲ ਸ੍ਰ. ਸੁਰਜੀਤ ਸਿੰਘ ਬਰਨਾਲਾ ਨੂੰ ਪਾਰਟੀ ਲੀਡਰ ਚੁਣ ਲਿਆ ਗਿਆ। ਮੁੱਖ ਮੰਤਰੀ ਦੀ ਸੌਂਹ ਚੁੱਕਣ ਪਿੱਛੋਂ ਉਸ ਪੰਜ ਮੰਤਰੀ ਹੋਰ ਲੈ ਲਏ। ਬਲਵੰਤ ਸਿੰਘ ਦੂਜੇ ਨੰਬਰ ਦਾ ਵਜ਼ੀਰ ਖ਼ਜ਼ਾਨਾ ਥਾਪਿਆ ਗਿਆ। ਕੈਪਟਨ ਅਮਰਿੰਦਰ ਸਿੰਘ ਨੂੰ ਖੇਤੀਬਾੜੀ, ਸ੍ਰ. ਸੁਖਜਿੰਦਰ ਸਿੰਘ ਵਿਦਿਆ, ਸ੍ਰ. ਮੇਜਰ ਸਿੰਘ ਉਬੋਕੇ ਮਾਲ ਅਤੇ ਸ੍ਰ. ਬਸੰਤ ਸਿੰਘ ਖ਼ਾਲਸਾ ਨੂੰ ਸਿਹਤ ਵਿਭਾਗ ਦਿੱਤਾ ਗਿਆ। 30 ਸਤੰਬਰ ਨੂੰ ਸਾਰੇ ਮੰਤਰੀ, ਸਮੇਤ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਲਈ ਪੁੱਜ ਗਏ। ਸਾਰਿਆਂ ਕੜਾਹ ਪ੍ਰਸ਼ਾਦ ਦੀ ਦੇਗ ਗੁਰੂ ਦੇ ਹਾਜ਼ਰ ਕੀਤੀ। ਅਰਦਾਸ ਪਿੱਛੋਂ ਸਾਰਿਆਂ ਨੂੰ ਸ੍ਰੀ ਦਰਬਾਰ ਸਾਹਿਬ ਵਲੋਂ ਸਿਰੋਪੇ ਬਖ਼ਸ਼ਿਸ਼ ਕੀਤੇ ਗਏ। ਥੋੜ੍ਹਾ ਸਮਾਂ ਕੀਰਤਨ ਸੁਣਿਆ। ਫਿਰ ਉਹ ਜਥੇਦਾਰਾਂ ਨੂੰ ਮਿਲਣ ਲਈ ਉਨ੍ਹਾਂ ਦੇ ਦਫ਼ਤਰ ਆ ਬੈਠੇ। ਫ਼ਤਹਿ ਬੁਲਾਈ ਤੇ ਬੇਨਤੀ ਕੀਤੀ;

"ਜਥੇਦਾਰ ਜੀ! ਆਸ਼ੀਰਵਾਦ ਦਿਓ, ਸੁਮੱਤ ਬਖ਼ਸ਼ੋ, ਅਸੀਂ ਪੰਜਾਬ ਨੂੰ ਅਮਨ,

ਖੁਸ਼ਹਾਲੀ ਨਿਆਂ ਤੇ ਚੜ੍ਹਦੀ ਕਲਾ ਦੇ ਸਕੀਏ।"

"ਸਤਿਕਾਰ ਯੋਗ ਮੁੱਖ ਮੰਤਰੀ ਜੀ। ਆਸ਼ੀਰਵਾਦ ਦੇਣ ਵਾਲਾ ਗੁਰੂ ਹੈ, ਤੁਸੀਂ ਉਨ੍ਹਾਂ ਨੂੰ ਸੀਸ ਝੁਕਾ ਆਏ ਹੋ। ਅਸੀਂ ਤਾਂ ਗੁਰੂ ਪੰਥ ਅਤੇ ਸੰਗਤ ਦੇ ਦਾਸ ਆਂ, ਸੇਵਾਦਾਰ ਆਂ। ਅਸੀਂ ਤਾਂ ਪੰਥ ਤੇ ਪੰਜਾਬ ਦੀ ਕਾਮਯਾਬੀ ਲਈ ਅਰਦਾਸ ਹੀ ਕਰ ਸਕਦੇ ਆਂ। ਗੁਰੂ ਨੇ ਤੁਹਾਨੂੰ ਵੱਡੀ ਕਾਮਯਾਬੀ ਬਖ਼ਸ਼ੀ ਹੈ। ਏਕਤਾ ਵਿਚ ਬੜੀ ਸ਼ਕਤੀ ਹੈ। ਵਿਰੋਧੀਆਂ ਨੂੰ ਜੋੜਨ ਵਿਚ ਹੀ ਕਾਮਯਾਬੀ ਹੈ। ਹੁਣ ਤੱਕ ਫੁੱਟ ਨੇ ਪੰਥ ਨੂੰ ਪਾੜੀ ਤੇ ਮਾਰੀ ਰੱਖਿਆ ਹੈ। ਮੇਰੀ ਇੱਕ ਸ਼ੰਕਾ ਹੈ।" ਜਥੇਦਾਰ ਕ੍ਰਿਪਾਲ ਸਿੰਘ ਨੇ ਪੁੱਛਿਆ, "ਤੁਸਾਂ ਪ੍ਰਕਾਸ਼ ਸਿੰਘ ਬਾਦਲ ਨੂੰ ਦੂਜਾ ਵਜ਼ੀਰ ਕਿਉਂ ਨਹੀਂ ਲਿਆ?"

"ਨਹੀਂ ਸਿੰਘ ਸਾਹਿਬ ਜੀ! ਸਾਰੇ ਵਜ਼ੀਰ ਉਨ੍ਹਾਂ ਦੀ ਮਰਜ਼ੀ ਨਾਲ ਲਏ ਹਨ; ਤੁਸੀਂ ਸ਼ੰਕਾ ਨਾ ਕਰੋ।" ਬਰਨਾਲਾ ਜੀ ਨੇ ਤਸੱਲੀ ਨਾਲ ਉੱਤਰ ਦਿੱਤਾ।

"ਹੁਣ ਪੰਜਾਬ ਸਮਝੌਤੇ ਨੂੰ ਅੱਖਰ ਅੱਖਰ ਲਾਗੂ ਕਰਵਾਓ; ਜਿਸ ਲਈ ਸੰਤ ਹਰਚੰਦ ਸਿੰਘ ਜੀ ਨੇ ਸਰੀਰ ਦਾ ਬਲੀਦਾਨ ਕਰ ਦਿੱਤਾ ਹੈ।"

"ਸਤਿਗੁਰੂ ਜੀ ਮਿਹਰ ਕਰਨ, ਅਸੀਂ ਪੂਰੀ ਵਾਹ ਲਾਵਾਂਗੇ।"

"ਧਰਮ ਯੁੱਧ ਮੋਰਚੇ ਵਿਚ ਸ਼ਹੀਦ ਹੋਣ ਵਾਲੇ, ਧਰਮੀ ਫ਼ੌਜੀਆਂ, ਜੋਧਪੁਰ ਜੇਲ੍ਹ ਦੇ ਨੌਜਵਾਨਾਂ ਨੂੰ ਛੁਡਾਇਆ ਜਾਵੇ ਅਤੇ ਰੁਜ਼ਗਾਰ ਦੇ ਪ੍ਰਬੰਧ ਕੀਤੇ ਜਾਣ।"

"ਅਸੀਂ ਇਨ੍ਹਾਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਲਵਾਂਗੇ।"

ਫਿਰ ਉਹ ਸਾਰੇ ਫ਼ਤਹਿ ਬੁਲਾ ਕੇ ਉੱਠ ਖਲੋਤੇ। ਸਿੰਘ ਸਾਹਿਬ ਸਤਿਕਾਰ ਵਜੋਂ ਬਾਹਰ ਤੱਕ ਛੱਡਣ ਆਏ।

ਪੰਜਤਾਲੀਵਾਂ ਕਾਂਡ

ਹੁਣ ਜੇਲ੍ਹਾਂ ਤੋਂ ਕੁਝ ਹੋਰ ਲੀਡਰ ਬਾਹਰ ਆ ਗਏ ਸਨ। ਵਿਦਿਆਰਥੀ ਸਭਾ ਬਹੁਤ ਕਾਹਲੀ ਤੇ ਜੋਸ਼ ਵਿਚ ਸੀ। ਸਰਕਾਰੀ ਠੇਕੇ 'ਤੇ ਬਣਾਇਆ ਸ੍ਰੀ ਅਕਾਲ ਤਖ਼ਤ ਪ੍ਰਵਾਨ ਨਹੀਂ, ਢਾਹਿਆ ਜਾਵੇ ਅਤੇ ਸਿੱਖ ਸੰਗਤ ਦੀ ਪ੍ਰੰਪਰਾ ਅਨੁਸਾਰ ਨਵੇਂ ਸਿਰੇ ਤੋਂ ਉਸਾਰਿਆ ਜਾਵੇ। ਪੰਥ ਵਿਚੋਂ ਛੇਕੇ ਸੰਤਾ ਸਿੰਘ ਨਿਹੰਗ ਦੀ ਨਿਗਰਾਨੀ ਹੇਠ ਬਣਾਇਆ ਸ੍ਰੀ ਅਕਾਲ ਤਖ਼ਤ ਪੰਥ ਨੂੰ ਕਿਸੇ ਤਰ੍ਹਾਂ ਵੀ ਪ੍ਰਵਾਨ ਨਹੀਂ। ਉਨ੍ਹਾਂ ਆਪਣੇ ਨਾਲ ਦਮਦਮੀ ਟਕਸਾਲ ਨੂੰ ਜੋੜ ਲਿਆ। ਤੱਤਾ ਤਬਕਾ ਛੇਤੀ ਢਾਹੁਣ ਦੇ ਹੱਕ ਵਿਚ ਸੀ। ਸਰਬੱਤ ਖ਼ਾਲਸਾ ਨੇ ਵੀ ਸਰਕਾਰੀ ਉਸਾਰੀ ਨੂੰ ਨਹੀਂ ਮੰਨਿਆ ਸੀ। ਸੰਗਤ ਵਿਚੋਂ ਨੌਜਵਾਨ ਬਹੁਤ ਜੋਸ਼ ਵਿਚ ਆਏ ਹੋਏ ਸਨ। ਸਾਰੇ ਚਾਹੁੰਦੇ ਸਨ, ਨਵਾਂ ਸ੍ਰੀ ਅਕਾਲ ਤਖ਼ਤ ਸਿੱਖ ਪਰੰਪਰਾ ਨਾਲ ਉਸਾਰਿਆ ਜਾਵੇ। ਸ੍ਰੀ ਅਕਾਲ ਤਖ਼ਤ ਦੀ ਨਵੀਂ ਉਸਾਰੀ ਵਿਚ ਪੰਜੇ ਸਿੰਘ ਸਾਹਿਬ ਵੀ ਰਜ਼ਾਮੰਦ ਸਨ। ਪਰ ਉਹ ਚਾਹੁੰਦੇ ਸਨ, ਸਿੱਖਾਂ ਦੀਆਂ ਸਾਰੀਆਂ ਜਥੇਬੰਦੀਆਂ ਦਾ ਇਕੱਠ ਸੱਦ ਕੇ ਪ੍ਰਵਾਨਗੀ ਲੈ ਲਈ ਜਾਵੇ, ਪਰ ਨਵੇਂ ਪੋਸ਼ ਨੇ ਉਨ੍ਹਾਂ ਦੀ ਗੱਲ ਨਾ ਮੰਨੀ।

ਪੰਜ ਸਿੰਘ ਸਾਹਿਬਾਨ ਨੇ ਇੱਕ ਅਪੀਲ ਜਾਰੀ ਕੀਤੀ ਕਿ ਇਸ ਨਾਜ਼ੁਕ ਸਥਿਤੀ ਵਿਚ ਪੰਥ ਨੂੰ ਇੱਕ ਮੁੱਠ ਰੱਖਣ ਦੀ ਅਵੱਸ਼ ਲੋੜ ਹੈ। ਸ੍ਰੀ ਅਕਾਲ ਤਖ਼ਤ ਨੂੰ ਨਵੇਂ ਸਿਰੇ ਤੋਂ ਉਸਾਰਨ ਦੇ ਮਸਲੇ 'ਤੇ ਫੁੱਟ ਨਹੀਂ ਪੈਣੀ ਚਾਹੀਦੀ। ਇਸ ਅਪੀਲ ਦਾ ਇਹ ਅਸਰ ਹੋਇਆ ਕਿ ਸਾਰੀਆਂ ਧਿਰਾਂ 22 ਜਨਵਰੀ, 1986 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਇਕੱਤਰ ਹੋ ਗਈਆਂ। ਸਰਬ ਸੰਮਤੀ ਨਾਲ ਫ਼ੈਸਲਾ ਹੋਇਆ ਕਿ ਸਰਕਾਰੀ ਅਕਾਲ ਤਖ਼ਤ 26 ਜਨਵਰੀ ਨੂੰ ਢਾਹੁਣਾ ਸ਼ੁਰੂ ਕੀਤਾ ਜਾਵੇ। ਕਾਰ ਸੇਵਾ ਲਈ ਪੰਜ ਸੰਤ ਥਾਪੇ ਗਏ। 1. ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲੇ, 2. ਬਾਬਾ ਉੱਤਮ ਸਿੰਘ ਜੀ ਖਡੂਰ ਸਾਹਿਬ, 3. ਬਾਬਾ ਠਾਕਰ ਸਿੰਘ ਜੀ ਦਮਦਮੀ ਟਕਸਾਲ, 4. ਬਾਬਾ ਜਗਤਾਰ ਸਿੰਘ ਜੀ ਤਰਨ ਤਾਰਨ, 5. ਬਾਬਾ ਦੀਵਾਨ ਸਿੰਘ ਜੀ ਖਾਨ ਛਾਬੜੀ ਵਾਲੇ। ਫ਼ੈਸਲਾ ਕੀਤਾ ਗਿਆ, ਪਹਿਲੋਂ ਪੰਜ ਸਿੰਘ ਸਾਹਿਬਾਨ ਅਰਦਾਸ ਕਰਕੇ ਸਿੱਖ ਮਰਯਾਦਾ ਅਨੁਸਾਰ ਅਕਾਲ ਤਖ਼ਤ ਨੂੰ ਢਾਹੁਣ ਦਾ ਆਰੰਭ ਕਰਨਗੇ। ਉਸ ਦਿਨ ਕੇਵਲ ਧਾਰਮਿਕ ਦੀਵਾਨ ਹੀ ਸਜੇਗਾ, ਹੋਰ ਕਿਸੇ ਪ੍ਰਕਾਰ ਦੇ ਭਾਸ਼ਣ ਨਹੀਂ ਹੋਣਗੇ। ਇਸ ਸੇਵਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਵੀ ਆਪਣੀ ਹਮਾਇਤ ਦਾ ਭਰੋਸਾ ਦਿੱਤਾ।

ਕਾਹਲੀ ਖਾੜਕੂ ਜਥੇਬੰਦੀ ਨੇ, ਸਿੰਘ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਦੀ ਮਨਜ਼ੂਰੀ ਬਿਨਾਂ ਝੰਡੇ ਬੁੰਗੇ ਲਾਗੇ ਇੱਕ ਕਮਰੇ ਵਿਚ ਸ੍ਰੀ ਅਖੰਡ ਪਾਠ ਸ਼ੁਰੂ ਕਰ ਦਿੱਤਾ। 26 ਜਨਵਰੀ ਨੂੰ ਭੋਗ ਪਾ ਕੇ ਸਟੇਜ ਸੰਭਾਲ ਲਈ। ਉਨ੍ਹਾਂ ਪੰਜ ਸਿੰਘ ਸਾਹਿਬਾਨ ਅਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਵਿਰੁੱਧ ਜ਼ੋਰਦਾਰ ਤਕਰੀਰਾਂ ਕੀਤੀਆਂ ਕਿ ਇਹ ਲੋਕ ਸ੍ਰੀ ਦਰਬਾਰ ਸਾਹਿਬ ਦੇ

ਹਮਲੇ ਵਿਚ ਸ਼ਹੀਦ ਕਿਉਂ ਨਾ ਹੋਏ। ਇਨ੍ਹਾਂ ਸੰਤ ਜਰਨੈਲ ਸਿੰਘ ਦਾ ਸਾਥ ਕਿਉਂ ਨਾ ਦਿੱਤਾ। ਉਨ੍ਹਾਂ ਦੇ ਜੋਸ਼ ਨੂੰ ਕਿਸੇ ਦਾ ਸਤਿਕਾਰ ਨਹੀਂ ਸੀ। ਜਥੇਦਾਰ ਸ੍ਰੀ ਅਕਾਲ ਤਖ਼ਤ ਅਤੇ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੂੰ ਕਬੋਲ ਬੋਲੇ। ਪੰਜਾਂ ਸਿੰਘਾਂ ਦੇ ਪਰੰਪਰਾਵਾਦੀ ਅਧਿਕਾਰਾਂ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਇੱਕ ਤਰ੍ਹਾਂ ਸਿੱਖ ਪੰਥ ਦੇ ਕਰਤਾ ਧਰਤਾ ਉਹ ਆਪ ਬਣ ਗਏ। ਮਨਮਰਜ਼ੀ ਦੇ ਪੰਜ ਸਿੰਘਾਂ ਦੀ ਪੰਥਕ ਕਮੇਟੀ ਬਣਾ ਕੇ ਉਸ ਨੂੰ ਸਾਰੇ ਅਧਿਕਾਰ ਦੇ ਦਿੱਤੇ। ਇਸੇ ਇਕੱਠ ਨੂੰ ਉਨ੍ਹਾਂ ਸਰਬਤ ਖਾਲਸਾ ਦਾ ਨਾਂ ਵੀ ਦੇ ਦਿੱਤਾ। ਸਰਬਤ ਖਾਲਸਾ ਮਰਯਾਦਾ ਅਨੁਸਾਰ ਕੇਵਲ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਹੀ ਬੁਲਾ ਸਕਦਾ ਹੈ, ਜਿਸ ਵਿਚ ਸਾਰੀਆਂ ਸਿੱਖ ਜਥੇਬੰਦੀਆਂ ਇਕੱਤਰ ਹੁੰਦੀਆਂ ਹਨ। ਪੁਰਾਣੀ ਸਿੱਖ ਮਰਯਾਦਾ ਨੂੰ ਅਸਲੋਂ ਅੱਖੋਂ ਪਰੋਖੇ ਕਰ ਦਿੱਤਾ। ਮਨਮਰਜ਼ੀ ਦੇ ਮਤਿਆਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਤੋੜ ਦਿੱਤਾ। ਕਾਨੂੰਨ, ਨੇਮ ਅਤੇ ਇਖ਼ਲਾਕ ਛਿੱਕੇ ਟੰਗ ਦਿੱਤੇ ਗਏ। ਮੁਖੀ ਅਕਾਲੀ ਲੀਡਰਾਂ ਨੂੰ ਗ਼ਦਾਰ ਅਤੇ ਬੁੱਕਲ ਦੇ ਸੱਪ ਗਰਦਾਨਿਆਂ ਗਿਆ। ਫਿਰ ਅਰਦਾਸ ਕਰਕੇ ਸਰਕਾਰੀ ਅਕਾਲ ਤਖ਼ਤ ਢਾਹੁਣਾ ਸ਼ੁਰੂ ਕਰ ਦਿੱਤਾ। ਇੱਕ ਤਰ੍ਹਾਂ ਦਮਦਮੀ ਟਕਸਾਲ ਅਤੇ ਵਿਦਿਆਰਥੀ ਸਭਾ ਅੱਗੇ ਆ ਗਏ।

ਸਿੱਖ ਪੰਥ ਵਿਚੋਂ ਵੱਖਰੀਆਂ 'ਤੇ ਵਿਰੋਧੀ ਰਾਵਾਂ ਆਉਣ ਲੱਗ ਪਈਆਂ।

1. ਇਹ ਗੁਰ ਮਰਯਾਦਾ ਅਨੁਸਾਰ ਬੁਲਾਇਆ ਗਿਆ ਸਰਬੱਤ ਖਾਲਸਾ ਨਹੀਂ।

2. ਪੰਥ ਨੂੰ ਨਾਜ਼ੁਕ ਸਮੇਂ ਖੇਰੂੰ ਖੇਰੂੰ ਕਰਨ ਦੀਆਂ ਚਾਲਾਂ ਹਨ।

3. ਇਹ ਬਿਲਕੁਲ ਹੁੱਲੜਬਾਜ਼ੀ ਹੈ।

4. ਕਾਨੂੰਨੀ ਤੌਰ 'ਤੇ ਬਣੀ ਤੇ ਚੁਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦਾ ਇਨ੍ਹਾਂ ਨੂੰ ਕੀ ਅਧਿਕਾਰ ਹੈ।

5. ਸ਼੍ਰੋਮਣੀ ਅਕਾਲੀ ਦਲ ਨੂੰ ਇਹ ਕਿਵੇਂ ਤੋੜ ਸਕਦੇ ਹਨ, ਜਿਸ ਦੀਆਂ ਸ਼ਾਨਦਾਰ ਇਤਿਹਾਸਕ ਰਵਾਇਤਾਂ ਹਨ।

ਅਖ਼ਬਾਰਾਂ ਵਿਚ ਵੀ ਨਿਖੇਧੀ ਦੀ ਸੰਪਾਦਕੀ ਲਿਖੇ ਗਏ, ਪਰ ਰੌਲੇ ਰੱਪੇ ਦਾ ਉੱਠਿਆ ਤੂਫ਼ਾਨ ਉਸੇ ਰਫ਼ਤਾਰ ਨਾਲ ਵਗਦਾ ਰਿਹਾ। ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਖਾੜਕੂਆਂ ਨੂੰ ਜਵਾਬ ਦੇਣ ਲਈ ਪੰਜ ਸਵਾਲ ਖੜ੍ਹੇ ਕੀਤੇ।

"ਪੰਥ ਸੇਵਕਾਂ ਨੂੰ ਗੋਲੀ ਮਾਰਨੀ ਪੰਥ ਦੀ ਸੇਵਾ ਹੈ? ਹਜ਼ਾਰਾਂ ਕੁਰਬਾਨੀਆਂ ਦੇ ਕੇ ਬਣਾਈ ਸ਼੍ਰੋਮਣੀ ਕਮੇਟੀ ਤੋੜਨਾ ਸਿੱਖਾਂ ਦੀ ਸੇਵਾ ਹੈ? ਪੰਥ ਵਿਚ ਫੁੱਟ ਪਾ ਕੇ ਦੁਸ਼ਮਣਾਂ ਦੇ ਹੱਥ ਮਜ਼ਬੂਤ ਕਰਨੇ ਕੀਹਦੀ ਸੇਵਾ ਹੈ? ਆਪਣੇ ਹੀ ਭਰਾਵਾਂ ਨੂੰ ਮਾਰਨਾ ਪੰਥ ਦੀ ਸੇਵਾ ਹੈ? ਸਿੱਖ ਪਰੰਪਰਾ ਤੋੜਨਾ ਕਿੱਧਰਲੀ ਸੇਵਾ ਹੈ।"

"ਇਸੇ ਤਰ੍ਹਾਂ ਦੇ ਕੁਝ ਸਵਾਲ ਮੁੱਖ ਮੰਤਰੀ ਸ੍ਰ. ਸੁਰਜੀਤ ਸਿੰਘ ਬਰਨਾਲਾ ਨੇ ਖਾੜਕੂਆਂ ਨੂੰ ਕਰ ਦਿੱਤੇ।

"ਜੇਲ੍ਹਾਂ ਤੋਂ ਬਾਹਰ ਆਉਣ ਵਾਲੇ ਸਿੰਘਾਂ ਨੂੰ ਗੋਲੀਆਂ ਮਾਰਨਾ ਤੇ ਪੰਜਾਬੀਆਂ ਦੇ ਲਹੂ ਨਾਲ ਹੱਥ ਰੰਗਣੇ ਸਿੱਖ ਕੌਮ ਦੀ ਸੇਵਾ ਹੈ?"

"ਅਸੀਂ ਉੱਜੜੇ ਭਰਾਵਾਂ ਤੇ ਧਰਮੀ ਫ਼ੌਜੀਆਂ ਦੇ ਰੋਜ਼ਗਾਰ ਦਾ ਬੰਦੋਬਸਤ ਕਰਦੇ ਆਂ, ਤੁਸੀਂ ਉਨ੍ਹਾਂ ਨੂੰ ਗੋਲੀਆਂ ਦੇ ਡਰਾਵੇ ਦੇਂਦੇ ਹੋ।"

"ਇਹ ਬੁਰਛਾਗਰਦੀ ਪੰਜਾਬ ਨੂੰ ਡੋਬਣ ਵਾਲੀ ਹੈ, ਉਭਾਰਨ ਤੇ ਸ਼ਾਂਤੀ ਕਾਇਮ ਕਰਨ ਵਾਲੀ ਨਹੀਂ, ਤੁਹਾਡੇ ਜੋਸ਼ ਨੂੰ ਹੋਸ਼ ਆਉਣੀ ਚਾਹੀਦੀ ਹੈ।"

ਛੱਬੀ ਜਨਵਰੀ ਵਾਲੇ ਦਿਨ ਅਖੰਡ ਪਾਠ ਦੀ ਸਮਾਪਤੀ ਪਿੱਛੋਂ ਉਸੇ ਇਕੱਠ ਨੂੰ ਸਰਬੱਤ ਖਾਲਸਾ ਬਣਾਏ ਜਾਣ, ਮਨ ਇੱਛਤ ਮਤਿਆਂ, ਕੁਬੋਲ ਭਾਸ਼ਣਾਂ ਨੂੰ ਮੁੱਖ ਰੱਖ ਕੇ 28 ਜਨਵਰੀ ਨੂੰ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਸ਼੍ਰੋਮਣੀ ਕਮੇਟੀ ਦਾ ਸਪੈਸ਼ਲ ਅਜਲਾਸ ਸੱਦ ਲਿਆ ਤਾਂ ਜੋ ਹੋਈ ਮਾਣ ਹਾਨੀ 'ਤੇ ਵਿਚਾਰ ਕੀਤਾ ਜਾ ਸਕੇ। ਉਸ ਅਜਲਾਸ ਵਿਚ ਪੰਜ ਸਿੰਘ ਸਾਹਿਬਾਨ ਨੇ ਵੀ ਹਾਜ਼ਰੀ ਭਰੀ। ਅਰਦਾਸ ਪਿੱਛੋਂ ਗੁਰੂ ਦਾ ਮੁੱਖਵਾਕ ਸੁਣਿਆ ਅਤੇ ਮੈਂਬਰਾਂ ਆਪਣੇ ਵਿਚਾਰ ਦੇਣੇ ਸ਼ੁਰੂ ਕੀਤੇ। ਸਭ ਤੋਂ ਪਹਿਲਾਂ ਪ੍ਰਧਾਨ ਸਾਹਿਬ ਨੇ ਤਕਰੀਰ ਕੀਤੀ:

"ਤੁਹਾਨੂੰ ਖਾਲਸਾ ਜੀ ਅਖ਼ਬਾਰਾਂ ਰਾਹੀਂ ਪਤਾ ਹੀ ਹੋਵੇਗਾ, ਬਕਾਇਦਾ ਸਮਾਗਮ ਵਿਚ ਪੰਜ ਸੰਤ ਸਿੰਘਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੌਂਪੀ ਗਈ ਸੀ, ਜਿਸ ਵਿਚ ਦਮਦਮੀ ਟਕਸਾਲ ਦੇ ਬਾਬਾ ਠਾਕਰ ਸਿੰਘ ਵੀ ਸ਼ਾਮਲ ਸਨ। ਖਾੜਕੂ ਬਾਕੀ ਸਾਰਿਆਂ ਨੂੰ ਪਾਸੇ ਕਰਕੇ ਆਪੂੰ ਹੀ ਸਭ ਕੁਝ ਬਣੇ ਬੈਠੇ ਹਨ। ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੋੜਨ ਦੇ ਮਤੇ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਨੂੰ ਵੱਖ ਕਰਕੇ ਆਪਣੇ ਥਾਪ ਦਿੱਤੇ ਹਨ। ਇਨ੍ਹਾਂ ਗੱਲਾਂ ਤੋਂ ਤੁਸੀਂ ਜਾਣੂ ਹੋ। ਅਸਾਂ ਫ਼ੈਸਲਾ ਕੀਤਾ ਸੀ, ਪੰਥ ਦੀ ਸਾਂਝ ਤੇ ਏਕਤਾ ਬਣੀ ਰਹੇ। ਸਰਬੱਤ ਖਾਲਸਾ ਸਿੱਖ ਰਵਾਇਤਾਂ ਅਨੁਸਾਰ ਜਥੇਦਾਰ ਸ੍ਰੀ ਅਕਾਲ ਤਖ਼ਤ ਹੀ ਬੁਲਾ ਸਕਦੇ ਹਨ। ਸੋ, ਖਾੜਕੂਆਂ ਤੇ ਦਮਦਮੀ ਟਕਸਾਲ ਵੱਲੋਂ ਜੋ ਮਤੇ ਰੱਖੇ ਗਏ ਸਨ, ਅਸੀਂ ਉਨ੍ਹਾਂ ਨੂੰ ਰੱਦ ਕਰਦੇ ਆਂ। ਅਸਾਂ ਨਿਹੰਗ ਸੰਤਾ ਸਿੰਘ ਦੇ ਸਰਕਾਰੀ ਸਰਬੱਤ ਖਾਲਸਾ ਨੂੰ ਨਕਾਰਿਆ ਸੀ। ਅਸੀਂ ਇਸ ਇਕੱਠ ਨੂੰ ਵੀ ਸਿੱਖ ਰਵਾਇਤਾਂ ਦੇ ਉਲਟ ਸਮਝਦੇ ਆਂ। ਇਨ੍ਹਾਂ ਦੀਆਂ ਆਪਹੁਦਰੀਆਂ ਨਿਯੁਕਤੀਆਂ ਕਿਵੇਂ ਵੀ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ। ਉਹ ਲੋਕ, ਜਿਨ੍ਹਾਂ ਸਤਿਕਾਰ ਯੋਗ ਸਿੰਘ ਸਾਹਿਬਾਨ ਤੱਕ ਨੂੰ ਗਾਲ੍ਹਾਂ ਦਿੱਤੀਆਂ, ਭਰਾ ਮਾਰੂ ਜੰਗ ਛੇੜੀ ਹੈ, ਅਤਿ ਨਿੰਦਣਯੋਗ ਹੈ। ਅਸੀਂ ਪੰਥ ਵਿਰੋਧੀ ਕਾਰਵਾਈਆਂ ਨੂੰ ਹਰ ਹਾਲਤ ਵਿਚ ਖ਼ਤਮ ਕਰਾਂਗੇ।"

ਪ੍ਰਧਾਨ ਪਿੱਛੋਂ ਮੱਲ ਸਿੰਘ ਘੁਮਾਣ ਨੇ ਸੰਖੇਪ ਵਿਚ ਆਖਿਆ:

"ਅਸਾਂ ਸਰਬੱਤ ਖਾਲਸਾ ਦੇ ਨਾਂ 'ਤੇ ਪਾਏ ਭੁਲੇਖਿਆਂ ਨੂੰ ਸੰਗਤਾਂ ਵਿਚੋਂ ਦੂਰ ਕਰਨਾ ਹੈ। ਇਨ੍ਹਾਂ ਕਾਰਵਾਈਆਂ ਨੇ ਸਾਨੂੰ ਸਿੱਖਾਂ ਨੂੰ ਨੀਵਾਂ ਕੀਤਾ ਹੈ। ਇਸ ਦੀ ਹਰ ਤਰਫ਼ੋਂ ਨਿੰਦਾ ਕੀਤੀ ਜਾ ਰਹੀ ਹੈ। ਅਸਾਂ ਸਾਰਿਆਂ ਇਨ੍ਹਾਂ ਆਪ ਆਈਆਂ ਵਿਰੁੱਧ ਡਟਣਾ ਹੈ।"

ਇੱਕ ਮੈਂਬਰ ਭਾਰੀ ਦੁੱਖ ਨਾਲ ਬੋਲਿਆ:

"ਖਾੜਕੂ ਮੁੰਡੇ ਸਿੰਘ ਸਾਹਿਬਾਨ ਤੋਂ ਅਸਤੀਫ਼ੇ ਮੰਗਣ ਵਾਲੇ ਕੌਣ ਹੁੰਦੇ ਹਨ? ਕੀ ਹੱਕ ਰੱਖਦੇ ਹਨ? ਉਨ੍ਹਾਂ ਨੰਗੀਆਂ ਤਲਵਾਰਾਂ ਲਹਿਰਾਅ ਕੇ ਡਰਾਵੇ ਦਿੱਤੇ। ਉਨ੍ਹਾਂ ਨੂੰ ਇੱਟ ਦਾ ਮੋੜ ਪੱਥਰ ਨਾਲ ਦੇਣਾ ਚਾਹੀਦਾ ਹੈ। ਉਨ੍ਹਾਂ ਸੰਤ ਉੱਤਮ ਸਿੰਘ ਜੀ ਦੀ ਤੌਹੀਨ ਕੀਤੀ, ਜਿਨ੍ਹਾਂ ਨੂੰ ਪੰਥ ਨੇ ਸੇਵਾ ਸੌਂਪੀ ਹੈ। ਸ਼ਰਧਾਲੂਆਂ ਦੀ ਮਾਇਆ ਪਾਈ ਵਾਲੀ ਟੋਕਰੀ ਚੁੱਕ ਕੇ ਲੈ ਆਏ। ਤਾਕਤ ਦਾ ਮੂੰਹ ਤੋੜ ਜਵਾਬ ਤਾਕਤ ਨਾਲ ਦੇਣਾ ਚਾਹੀਦਾ ਹੈ। ਨਰਮੀ ਨੂੰ ਇਹ ਲੋਕ ਬੁਜ਼ਦਿਲੀ ਸਮਝਦੇ ਐ।"

ਹੋਰ ਮੈਂਬਰਾਂ ਵੀ ਖਾੜਕੂ ਕਾਰਵਾਈਆਂ ਦੀ ਨਿੰਦਾ ਕੀਤੀ। ਪ੍ਰਧਾਨ ਜੀ ਨੇ ਇੱਕ ਮਤਾ ਰੱਖਿਆ, ਜਿਸ ਨਾਲ 26 ਦੇ ਸਰਬੱਤ ਖਾਲਸਾ ਨੂੰ ਰੱਦ ਕਰਕੇ ਨਵਾਂ ਸਰਬੱਤ ਖਾਲਸਾ ਸਿੱਖੀ ਪਰੰਪਰਾ ਅਨੁਸਾਰ ਪੰਜ ਸਿੰਘ ਸਾਹਿਬਾਨ ਬੁਲਾਉਣ ਤਾਂ ਜੋ ਗ਼ਲਤ ਧੋਣੇ ਧੋਤੇ ਜਾਣ। ਸਰਬੱਤ ਖਾਲਸੇ ਦੀ ਮਨਜ਼ੂਰੀ ਲਈ 29 ਜਨਵਰੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਵਿਚ ਮੀਟਿੰਗ ਰੱਖੀ ਗਈ। ਉੱਥੇ 16 ਫਰਵਰੀ, 1986, ਦਿਨ ਐਤਵਾਰ ਸਵੇਰੇ ਗਿਆਰਾਂ ਵਜੇ ਦਾ ਮਤਾ ਪਾਸ ਕਰ ਦਿੱਤਾ ਗਿਆ। ਇਸ਼ਤਿਹਾਰ ਪੰਜ ਸਿੰਘ ਸਾਹਿਬਾਨ ਦੇ ਨਾਵਾਂ ਹੇਠ ਛਾਪੇ ਗਏ। ਹਰ ਥਾਂ ਸਰਬੱਤ ਖਾਲਸਾ ਦੇ ਚਰਚੇ ਸ਼ੁਰੂ ਹੋ ਗਏ। ਹਿੰਦੋਸਤਾਨ ਤੋਂ ਬਾਹਰਲੇ ਸਿੱਖਾਂ ਵੀ ਭਰਪੂਰ ਹੁੰਗਾਰੇ ਭੇਜੇ। ਅਖ਼ਬਾਰਾਂ ਸੰਪਾਦਕੀ ਲੇਖ ਲਿਖੇ। ਇਸ ਗੱਲੋਂ ਘਬਰਾ ਕੇ ਖਾੜਕੂਆਂ ਹਥਿਆਰ ਚੁੱਕ ਲਏ। ਕੁਝ ਇੱਕ ਸਿੰਘਾਂ ਨੂੰ ਗੋਲੀਆਂ ਵੀ ਮਾਰੀਆਂ। ਹੁਣ ਹਫੜਾ-ਦਫੜੀ ਦੂਜੇ ਪਾਸੇ ਉੱਠ ਪਈ। ਸਿਆਣੇ ਸਿੰਘਾਂ ਸਲਾਹ ਦਿੱਤੀ, ਸਿੱਖਾਂ ਦੇ ਖ਼ੂਨੋ ਖ਼ੂਨ ਹੋਣ ਨਾਲੋਂ ਸਰਬੱਤ ਖਾਲਸਾ ਮੁਲਤਵੀ ਕਰ ਦਿੱਤਾ ਜਾਵੇ। ਸਿੰਘ ਸਾਹਿਬਾਨ ਨੇ ਆਖਿਆ, ਅਰਦਾਸ ਹੋ ਚੁੱਕੀ ਹੈ, ਸਰਬੱਤ ਖਾਲਸਾ ਏਸੇ ਤਾਰੀਖ ਨੂੰ ਹੀ ਹੋਵੇਗਾ। ਸਲਾਹਾਂ ਹੋਰ ਆਈਆਂ, ਜੇ ਕਰਨਾ ਹੀ ਹੈ, ਤਦ ਜਗ੍ਹਾ ਬਦਲ ਲਈ ਜਾਵੇ। ਸ੍ਰੀ ਅਕਾਲ ਤਖ਼ਤ ਦੀ ਥਾਂ ਹੋਰ ਕੋਈ ਕਿਵੇਂ ਲੈ ਸਕਦਾ ਏ? ਇਸ ਦਾ ਜਵਾਬ ਸੀ, ਨਾਜ਼ੁਕ ਮੌਕੇ ਮੱਸੇ ਰੰਘੜ ਤੋਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਰੋਕਣ ਲਈ ਬੁੱਢਾ ਜੋਹੜ ਵਿਚ ਸਰਬੱਤ ਖਾਲਸਾ ਕੀਤਾ ਗਿਆ ਸੀ। ਉੱਥੇ ਹੀ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੋ ਸੂਰਮੇ ਮੱਸੇ ਦਾ ਸਿਰ ਵੱਢਣ ਲਈ ਨਿੱਤਰੇ ਸਨ। ਇਸ ਇਤਿਹਾਸਕ ਦਲੀਲ ਨੂੰ ਮੁੱਖ ਰੱਖ ਕੇ ਸਰਬੱਤ ਖਾਲਸਾ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਵਿਖੇ ਕਰਨਾ ਪਰਵਾਨ ਕਰ ਲਿਆ। ਸਰਬੱਤ ਖਾਲਸਾ ਵਿਚ ਭਰਾ ਮਾਰੂ ਜੰਗ ਨਹੀਂ ਹੋਣੀ ਚਾਹੀਦੀ, ਸਗੋਂ ਮਨਮਤੀਆਂ ਨੂੰ ਨਿਖੇੜ ਕੇ ਏਕਤਾ ਦੀ ਭਾਰੀ ਲੋੜ ਹੈ। ਖੜ੍ਹੇ ਪੈਰ ਦੁਬਾਰਾ ਨਵੇਂ ਇਸ਼ਤਿਹਾਰ ਛਾਪੇ ਗਏ। 16 ਫਰਵਰੀ ਨੂੰ ਸ੍ਰੀ ਆਨੰਦਪੁਰ ਵੱਲ ਵਹੀਰਾਂ ਘੱਤਣ ਦੀ ਅਪੀਲ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਨੇ ਵੱਖਰੇ ਇਸ਼ਤਿਹਾਰ ਛਾਪ ਕੇ ਪਿੰਡ ਪਿੰਡ ਭੇਜ ਦਿੱਤੇ। ਇਸ਼ਤਿਹਾਰ ਵਿਚ ਇੱਕ ਲਾਈਨ ਸੀ:

"ਹੁਣੇ ਹੁਣੇ ਜੇਲ੍ਹਾਂ ਵਿਚੋਂ ਛੁਟ ਕੇ ਆਏ ਸਿੰਘਾਂ ਨੂੰ ਗੋਲੀਆਂ ਮਾਰਨ ਵਾਲੇ ਸਿੱਖੀ ਦੀ ਸੇਵਾ ਕਰ ਰਹੇ ਹਨ ਜਾਂ ਸਰਕਾਰ ਦੀ? ਸੰਗਤਾਂ ਅਹਿਸਾਸ ਕਰਨ।

"ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥"

ਇਹ ਵੀ ਦੋਸ਼ ਲਾਇਆ ਗਿਆ ਕਿ ਇਹ ਲੋਕ ਉਹ ਹਨ, ਜਿਹੜੇ ਭੀੜ ਪਈ ਤੋਂ ਸੰਤ ਜਰਨੈਲ ਸਿੰਘ ਦਾ ਸਾਥ ਚੋਲੇ ਸਾੜ ਕੇ ਪੈਂਟਾਂ ਪਾ ਕੇ ਛੱਡ ਗਏ ਸਨ। ਵਿਚਾਰਧਾਰਾ ਸਿੱਖੀ ਤੇ ਸਰਬੱਤ ਦੇ ਭਲੇ ਦੀ ਇੱਕੋ ਹੀ ਸੀ, ਪਰ ਆਗੂ ਬਣਨ ਲਈ ਦੋ ਧੜੇ ਉੱਪਰ ਖਲੋਤੇ ਸਨ। ਸਿੱਖ ਇਤਿਹਾਸ ਵਿਚ ਤੱਤ ਖਾਲਸਾ ਤੇ ਬੰਦਈ ਖਾਲਸਾ ਸਮੇਂ ਵੀ ਇਵੇਂ ਹੋਇਆ ਸੀ। ਅੰਗਰੇਜ਼ ਸਰਕਾਰ ਨਾਲ ਸਿੱਖਾਂ ਦੀਆਂ ਲੜਾਈਆਂ ਸਮੇਂ ਵੀ ਇਸ ਤਰ੍ਹਾਂ ਵਾਪਰਿਆ ਸੀ। ਉੱਬਲਦੇ ਜੋਸ਼ ਵਿਚ ਸਭ ਦੀ ਮੱਤ ਮਾਰੀ ਜਾਂਦੀ ਹੈ। ਬੰਬਈ, ਕਲਕੱਤਾ ਅਤੇ ਦਿੱਲੀ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਰਬੱਤ ਖਾਲਸਾ ਲਈ ਭਰਵੇਂ ਹੁੰਗਾਰੇ ਆਉਣ ਲੱਗੇ। ਕਈ ਥਾਵਾਂ ਤੋਂ ਤਾਰਾਂ ਪੁੱਜੀਆਂ।

ਠੀਕ ਸਮੇਂ ਲੱਖਾਂ ਦੀ ਗਿਣਤੀ ਵਿਚ ਭਾਰੀ ਸੰਗਤਾਂ ਪੁੱਜ ਗਈਆਂ। ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਅਹੁਦੇਦਾਰਾਂ ਸਮੇਤ ਪੰਜਾਬ ਅਸੈਂਬਲੀ ਦੇ ਸਾਰੇ ਪੰਥਕ ਮੈਂਬਰ ਵਜ਼ੀਰ ਤੇ ਪਾਰਲੀਮੈਂਟ ਦੇ ਮੈਂਬਰ ਪਹੁੰਚ ਗਏ। ਸਿੰਘ ਸਭਾਵਾਂ ਦੇ ਪ੍ਰਧਾਨ, ਸੰਤ ਮਹੰਤਾਂ ਤੇ ਬੁੱਧੀਜੀਵੀਆਂ ਨੇ ਹਾਜ਼ਰੀ ਭਰੀ। ਆਸਾ ਦੀ ਵਾਰ ਦਾ ਕੀਰਤਨ ਹੋਇਆ। ਅਰਦਾਸ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੱਖਵਾਕ ਸੁਣਾਇਆ ਗਿਆ। ਗਿਆਨੀ ਕਿਰਪਾਲ ਸਿੰਘ ਨੇ ਸਰਬੱਤ ਖਾਲਸਾ ਦੀ ਲੋੜ ਤੇ ਗ਼ਲਤ ਫ਼ਹਿਮੀਆਂ ਦੂਰ ਕਰਨ ਲਈ ਸੰਗਤਾਂ ਨੂੰ ਚਾਨਣਾ ਪਾਇਆ। ਸ੍ਰੀ ਦਰਬਾਰ ਸਾਹਿਬ ਵਿਚ ਕਿਵੇਂ ਬੇਗੁਨਾਹਾਂ ਦਾ ਖ਼ੂਨ ਡੋਲਿਆ ਜਾ ਰਿਹਾ ਹੈ। ਸ਼ਰ੍ਹੇਆਮ ਬੇਅਦਬੀ ਕੀਤੀ ਜਾ ਰਹੀ ਹੈ। ਧਾਰਮਿਕ ਸ਼ਖ਼ਸੀਅਤਾਂ ਨੂੰ ਮੰਦੇ ਬੋਲ ਬੋਲੇ ਜਾ ਰਹੇ ਹਨ। ਪੂਰੀ ਬੁਰਛਾਗਰਦੀ ਵਰਤਾਈ ਹੋਈ ਹੈ। ਭਰਾਵਾਂ ਦਾ ਖ਼ੂਨ ਵਗਣੋਂ ਰੋਕਣ ਲਈ ਹੀ ਜਗ੍ਹਾ ਦੀ ਤਬਦੀਲੀ ਕਰਨੀ ਪਈ। ਸਰਬੱਤ ਖਾਲਸਾ ਸ੍ਰੀ ਕੇਸਗੜ੍ਹ ਸਾਹਿਬ ਲਿਆਉਣਾ ਪਿਆ। ਸਾਡੀ ਅਪੀਲ ਐ, ਇਹ ਆਪਹੁਦਰਾਪਣ ਰੋਕਿਆ ਜਾਵੇ, ਨਹੀਂ ਤਾਂ ਪੰਥ ਤੇ ਪੰਜਾਬ ਲਈ ਘਾਤਕ ਸਿੱਧ ਹੋਵੇਗਾ। ਬੁਰਛਾਗਰਦੀ ਵਿਰੁੱਧ ਮਤਾ ਸਿੰਘ ਸਾਹਿਬ ਭਾਈ ਸਾਹਿਬ ਸਿੰਘ ਨੇ ਪੜ੍ਹਿਆ ਅਤੇ ਗੁਰੂ ਮਹਾਰਾਜ ਦੀ ਹਾਜ਼ਰੀ ਵਿਚ ਸੰਗਤ ਤੋਂ ਮਨਜ਼ੂਰੀ ਲਈ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਅਸਮਾਨ ਗੂੰਜ ਉੱਠਿਆ।

ਫਿਰ ਸਟੇਜ ਬਾਹਰ ਕੱਢੀ ਗਈ। ਬੜੀਆਂ ਮਹਾਨ ਸ਼ਖ਼ਸੀਅਤਾਂ ਨੇ ਲੈਕਚਰ ਦੇਣੇ ਸ਼ੁਰੂ ਕਰ ਦਿੱਤੇ।

"ਸਾਨੂੰ ਸ੍ਰੀ ਅਕਾਲ ਤਖ਼ਤ ਛੱਡ ਕੇ ਨਹੀਂ ਆਉਣਾ ਚਾਹੀਦਾ ਸੀ। ਦਮਦਮੀ ਟਕਸਾਲ, ਵਿਦਿਆਰਥੀ ਜਥੇਬੰਦੀ ਤੇ ਸੰਯੁਕਤ ਅਕਾਲੀ ਦਲ ਵੱਲੋਂ ਅਖੌਤੀ ਸਰਬੱਤ ਖਾਲਸਾ ਵਿਚ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲੀ ਦਲ ਨੂੰ ਭੰਗ ਕਰਨ ਦੀ ਕਾਰਵਾਈ ਬਹੁਤ ਹੀ ਗ਼ਲਤ ਸੀ। ਸ੍ਰੀ ਦਰਬਾਰ ਸਾਹਿਬ ਨੂੰ ਸਭ ਤੋਂ ਪਹਿਲਾਂ ਫ਼ੌਜ ਦੇ ਘੇਰੇ ਤੋਂ ਮੁਕਤ ਕਰਵਾਇਆ ਜਾਵੇ।" ਇਹ ਵਿਚਾਰ ਜਨਰਲ ਜਗਜੀਤ ਸਿੰਘ ਅਰੋੜਾ ਦੇ ਸਨ।

"ਮੈਂ ਅਖੌਤੀ ਸਰਬੱਤ ਖਾਲਸਾ ਦੀ ਨਿਖੇਧੀ ਕਰਦਾ ਆਂ। ਮੈਨੂੰ ਪਹਿਲਾਂ ਹੀ ਪਤਾ ਸੀ, ਹਿੰਦ ਸਰਕਾਰ ਨੇ ਸਾਡੇ ਨਾਲ ਸਮਝੌਤਾ ਕਰਕੇ ਸਾਨੂੰ ਕੁਝ ਨਹੀਂ ਦੇਣਾ। ਇਹ ਬ੍ਰਾਹਮਣਵਾਦੀ ਕੇਂਦਰੀ ਸਰਕਾਰ ਸਾਡੇ ਨਾਲ ਧੋਖਾ ਤੇ ਠੱਗੀਆਂ ਮਾਰਦੀ ਆਈ ਐ। ਸਰਕਾਰੀ ਦਖ਼ਲ ਤੋਂ ਬਿਨਾਂ ਸਾਨੂੰ ਆਪਣੀ ਤਾਕਤ ਨਾਲ ਖਾੜਕੂਆਂ ਨੂੰ ਸ੍ਰੀ ਦਰਬਾਰ ਸਾਹਿਬ ਵਿਚੋਂ ਕੱਢਣਾ ਚਾਹੀਦਾ ਹੈ। ਸਰਕਾਰ ਸਾਨੂੰ ਪਾੜ ਕੇ ਰੱਖਣਾ ਚਾਹੁੰਦੀ ਐ।" ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ, "ਸ੍ਰ. ਸੁਰਜੀਤ ਸਿੰਘ ਬਰਨਾਲਾ ਦੇ ਹੱਥ ਮਜ਼ਬੂਤ ਕਰਨੇ ਚਾਹੀਦੇ ਹਨ। ਇਸੇ ਵਿਚ ਹੀ ਕੌਮ ਤੇ ਪੰਜਾਬ ਦਾ ਭਲਾ ਹੈ।"

ਫਿਰ ਮੁੱਖ ਮੰਤਰੀ ਸ੍ਰ. ਸੁਰਜੀਤ ਸਿੰਘ ਬਰਨਾਲਾ ਸਟੇਜ 'ਤੇ ਆਏ।

"ਪੰਜਾਬ ਨੂੰ ਅੰਦਰਲੀਆਂ ਬਾਹਰਲੀਆਂ ਖ਼ਤਰਨਾਕ ਚੁਣੌਤੀਆਂ ਚੁੰਬੜੀਆਂ ਹੋਈਆਂ ਹਨ। ਗਵਾਂਢੀ ਸਾਨੂੰ ਅਮਨ ਚੈਨ ਨਾਲ ਵਸਦਾ ਨਹੀਂ ਵੇਖਣਾ ਚਾਹੁੰਦੇ। ਸਮਝੌਤੇ ਨੂੰ ਹਰ ਹਾਲ ਇਨ ਬਿਨ ਲਾਗੂ ਕਰਵਾਇਆ ਜਾਵੇਗਾ। ਫ਼ਾਜ਼ਿਲਕਾ ਤੇ ਅਬੋਹਰ ਦਾ ਇੱਕ ਪਿੰਡ ਵੀ ਚੰਡੀਗੜ੍ਹ ਬਦਲੇ ਹਰਿਆਣੇ ਨੂੰ ਨਹੀਂ ਦਿੱਤਾ ਜਾਵੇਗਾ। ਅਸੀਂ ਇਸ ਵੇਲੇ ਪੰਜਾਬ ਵਿਚ ਕਤਲਾਂ ਦੀਆਂ ਵਾਰਦਾਤਾਂ ਨੂੰ ਰੋਕ ਕੇ ਸ਼ਾਂਤੀ ਵਰਤਾਉਣਾ ਚਾਹੁੰਦੇ ਆਂ। ਜੇ ਅੱਤਵਾਦੀ ਸਿੱਧੇ ਰਾਹ ਨਹੀਂ ਆਉਣਗੇ, ਫਿਰ ਡੰਡਾ ਪੀਰ ਐ, ਵਿਗੜਿਆਂ ਤਿਗੜਿਆਂ ਦਾ। ਹਾਲੇ ਅਸੀਂ

ਜੇਲ੍ਹਾਂ ਵਿਚੋਂ ਆਏ ਸਿੰਘਾਂ ਤੇ ਧਰਮੀ ਫ਼ੌਜੀਆਂ ਨੂੰ ਰੋਜ਼ਗਾਰ ਦੇਣ ਲਈ ਜੁਟੇ ਹੋਏ ਆਂ। ਦਿੱਲੀ ਦੀਆਂ ਵਿਧਵਾ ਭੈਣਾਂ ਦੀ ਵੀ ਸਾਰ ਲੈਣੀ ਹੈ। ਕੇਂਦਰ ਸਰਕਾਰ ਨੂੰ ਮਜਬੂਰ ਕਰਨਾ ਹੈ ਕਿ ਉਨ੍ਹਾਂ ਦੀ ਪੈਨਸ਼ਨ ਲਾਈ ਜਾਵੇ। ਸਾਡੇ ਭਰਾ ਗ਼ਲਤ ਚੁੱਕਾਂ ਵਿਚ ਆ ਕੇ ਵੱਖਰੇ ਨਾਅਰੇ ਨਾ ਦੇਣ। ਕੌਮ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ। ਸਾਨੂੰ ਵਿਗੜੀ ਨੂੰ ਸੰਵਾਰਨ ਵੱਲ ਤੁਰਨਾ ਚਾਹੀਦਾ ਹੈ। ਅਸੀਂ ਸਮੁੱਚੀ ਕੌਮ ਦੀ ਏਕਤਾ ਕਰਕੇ ਹੀ ਸਾਰੀਆਂ ਸਮੱਸਿਆਵਾਂ 'ਤੇ ਕਾਬੂ ਪਾ ਸਕਦੇ ਆਂ।''

ਸ੍ਰੀ ਅਕਾਲ ਤਖ਼ਤ ਦੀ ਪੰਥਕ ਮਰਯਾਦਾ ਅਨੁਸਾਰ ਨਵੀਂ ਉਸਾਰੀ ਦਾ ਮਤਾ ਪਾਸ ਕੀਤਾ ਗਿਆ। ਫੌਜ ਦਾ ਘੇਰਾ ਚੁੱਕਣ ਲਈ ਰੈਜ਼ੂਲੇਸ਼ਨ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ। ਹਰ ਮਤੇ ਦੀ ਵਿਆਖਿਆ ਲਈ ਤਕਰੀਰਾਂ ਹੁੰਦੀਆਂ ਰਹੀਆਂ। ਸਾਰੇ ਮਤਿਆਂ 'ਤੇ ਸਰਬ ਸੰਮਤੀ ਦੀ ਮੋਹਰ ਲੱਗਦੀ ਰਹੀ। ਕੇਂਦਰ ਸਰਕਾਰ ਦੇ ਕਾਂਗਰਸੀ ਗੁੰਡਿਆਂ ਹੱਥੋਂ ਉਜਾੜੇ ਪਰਿਵਾਰਾਂ ਨੂੰ ਵਸਾਉਣਾ ਪਹਿਲ ਦਾ ਆਧਾਰ ਮੰਨਿਆ ਗਿਆ, ਫਿਰ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਤੇ ਭਰਪੂਰ ਕਾਮਯਾਬੀ ਨਾਲ ਸਰਬੱਤ ਖ਼ਾਲਸਾ ਸਮਾਪਤ ਹੋ ਗਿਆ।

ਛਿਆਲੀਵਾਂ ਕਾਂਡ

ਤੋਪਾਂ ਟੈਂਕਾਂ ਵਾਲੀ ਦੁਸ਼ਮਣ ਸਰਕਾਰ ਨਾਲ ਜੂਝਦਿਆਂ ਸੰਤ ਜਰਨੈਲ ਸਿੰਘ ਤੇ ਹੋਰ ਸੂਰਮੇ ਸਿੰਘਾਂ ਦੇ ਲੜਦਿਆਂ ਸ਼ਹੀਦ ਹੋਣ ਕਾਰਨ ਲੋਕਾਂ ਦੇ ਦਿਲਾਂ ਵਿਚ ਸਿੱਖੀ ਸ਼ਰਧਾ ਤੇ ਸਤਿਕਾਰ ਬਹੁਤ ਵਧ ਗਿਆ ਸੀ। ਮੂੰਹ ਸਿਰ ਮੁਨਾਉਣ ਵਾਲੀ ਪਤਿਤਪੁਣੇ ਦੀ ਬਿਮਾਰੀ ਨੂੰ ਠੱਲ੍ਹ ਪੈ ਗਈ ਸੀ। ਇਹ ਸੰਤ ਜਰਨੈਲ ਸਿੰਘ ਦੀ ਨਿਧੜਕ ਤੇ ਦਲੇਰ ਸ਼ਹਾਦਤ ਦਾ ਕ੍ਰਿਸ਼ਮਾ ਸੀ। ਬਹੁਤ ਮੋਨੇ ਸਿੱਖਾਂ ਕੇਸ ਰੱਖ ਲਏ ਸਨ। ਮੋਗੇ ਦੇ ਇੱਕ ਸਿੱਖ ਡਾਕਟਰ ਜੋੜੇ ਨੇ ਇਹ ਕਹਿ ਕੇ ਕੇਸ ਰੱਖ ਲਏ ਕਿ ਜੇ ਸਿੰਘ ਪੰਥ ਤੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਸ਼ਹੀਦ ਹੋ ਸਕਦੇ ਹਨ, ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਆਦੇਸ਼ ਅਨੁਸਾਰ ਕੇਸ ਵੀ ਨਹੀਂ ਰੱਖ ਸਕਦੇ। ਉਨ੍ਹਾਂ ਹਮਲੇ ਵਾਲੇ ਦਿਨ ਰੋਟੀ ਨਾ ਖਾਂਧੀ ਤੇ ਪ੍ਰਣ ਕਰਕੇ ਕੇਸ ਰੱਖ ਲਏ। ਜ਼ੁਲਮ ਵਿਰੁੱਧ ਲੜਨ ਵਾਲੇ ਇਤਿਹਾਸਕ ਸ਼ਹੀਦ ਪੁਰਖੇ ਇੱਕ ਵਾਰ ਲੋਕਾਂ ਦੇ ਦਿਲਾਂ ਵਿਚ ਮੁੜ ਜਿਉਂਦੇ ਜਾਗਦੇ ਹੋ ਉੱਠੇ। ਸਿੱਖੀ ਰਹਿਤ ਮਰਯਾਦਾ ਵੱਲ ਵੱਡਾ ਮੋੜਾ ਪੈ ਚੁੱਕਾ ਸੀ। ਪਰ ਫ਼ਿਰਕੂ ਹਿੰਦੂ ਜਿਹੜਾ ਜਾਤੀਵਾਦ ਨੂੰ ਮੰਨਣ ਵਾਲਾ ਸੀ, ਢਿੱਡੋਂ ਸਿੱਖਾਂ 'ਤੇ ਘੱਲੂਘਾਰੇ ਵਰਤਾਅ ਕੇ ਵੀ ਹਾਲੇ ਖੁਸ਼ ਨਹੀਂ ਸੀ। ਅਸਲ ਵਿਚ ਹਿੰਦੂ ਮੰਨਣ ਅਤੇ ਸਿੱਖ ਸਿਧਾਂਤ ਵਿਚ ਵਿਚਾਰਧਾਰਾ ਦਾ ਬੁਨਿਆਦੀ ਵਿਰੋਧ ਹੈ। ਹਿੰਦੂ ਅਨੇਕਾਂ ਦੇਵੀ, ਦੇਵਤਿਆਂ ਅਤੇ ਅਵਤਾਰਾਂ ਨੂੰ ਮੰਨਣ ਵਾਲੇ ਹਨ, ਪਰ ਸਿੱਖ ਕੇਵਲ ਇੱਕ ਅਕਾਲ ਪੁਰਖ ਅਥਵਾ ਵਾਹਿਗੁਰੂ ਨੂੰ ਮੰਨਦੇ ਹਨ। ਸਿੱਖ ਸਿਧਾਂਤ ਜਾਤਾਂ ਵਿਜਾਤਾਂ ਤੋੜਦੇ ਹੈ ਅਤੇ ਸਾਰੀ ਮਨੁੱਖਤਾ ਨੂੰ ਇੱਕ ਨੂਰ ਦੀ ਪੈਦਾਵਾਰ ਮੰਨਦਾ ਹੈ। ਬ੍ਰਾਹਮਣਵਾਦ ਨੂੰ ਖ਼ਤਰਾ ਸੀ ਕਿ ਗੁਰਬਾਣੀ ਦੇ ਏਕ ਸਮਾਨ ਅਤੇ ਸਰਬੱਤ ਦੇ ਭਲੇ ਦੇ ਅਸੂਲ ਨਾਲ ਜੇ ਪ੍ਰਚਾਰ ਹੁੰਦਾ ਰਿਹਾ, ਸ਼ੂਦਰ ਅਤੇ ਵੈਸ਼ ਆਦਿ ਦੇ ਨਾਲ ਘੱਟ ਗਿਣਤੀਆਂ ਵੀ ਸਾਡੀ ਗੁਲਾਮੀ ਹੇਠੋਂ ਨਿਕਲ ਕੇ ਸਿੱਖ ਬਣ ਜਾਣਗੀਆਂ। ਬ੍ਰਾਹਮਣਵਾਦ ਨੂੰ ਇਨਕਲਾਬੀ ਸਿੱਖ ਸਿਧਾਂਤ ਚੁਭਦਾ ਸੀ। ਉਹ ਸਿੱਖਾਂ ਨੂੰ ਕਿਸੇ ਵੇਲਣੇ ਵਿਚ ਲਿਆ ਕੇ ਆਪਣੇ ਵਿਚ ਮਿਲਾਉਣਾ ਚਾਹੁੰਦੇ ਸਨ। ਏਸੇ ਕਾਰਨ ਵਿਧਾਨ ਵਿਚ ਸਿੱਖਾਂ ਨੂੰ ਬਹੁਮਤ ਦੀ ਜ਼ਬਰਦਸਤੀ ਨਾਲ ਹਿੰਦੂ ਮਦ ਵਿਚ ਰੱਖਿਆ ਸੀ। ਡਰ ਇਹ ਸੀ ਕਿ ਸਿੱਖੀ ਦੇ ਪਾਹ ਨਾਲ ਸ਼ੂਦਰ ਤੇ ਵੈਸ਼ ਪਹਿਲੋਂ ਬਾਗ਼ੀ ਹੋਣਗੇ ਤੇ ਮੁੜ ਸਾਡੇ 'ਤੇ ਹਕੂਮਤ ਕਰਦਿਆਂ ਅਗਲੇ ਪਿਛਲੇ ਜਨਮਾਂ ਦੇ ਬਦਲੇ ਵੀ ਲੈਣਗੇ।

ਪਾਕਿਸਤਾਨ ਬਣਾ ਕੇ ਦੇਸ਼ ਤੋੜ ਕੇ ਬ੍ਰਾਹਮਣਵਾਦ ਨੇ ਕੋਈ ਤਾਰੀਖੀ ਸਬਕ ਨਹੀਂ ਸਿੱਖਿਆ ਸੀ। ਉਹ ਭੈਅ ਖਾ ਰਹੇ ਸਨ, ਸਿੱਖਾਂ ਦੀਆਂ ਸ਼ਹਾਦਤਾਂ ਤੇ ਬਹਾਦਰੀਆਂ ਦਾ ਅਸਰ ਕਬੂਲ ਕੇ। ਸਾਰੀਆਂ ਘੱਟ ਗਿਣਤੀਆਂ ਮੁਸਲਮਾਨ, ਇਸਾਈ, ਸ਼ੂਦਰ ਤੇ ਵੈਸ਼ ਆਦਿ ਏਕਤਾ ਕਰਕੇ ਸਾਡੇ ਖ਼ਿਲਾਫ਼ ਖੜ੍ਹੇ ਨਾ ਹੋ ਜਾਣ। ਅਸਲ ਵਿਚ ਦੋ ਸਿਧਾਂਤ ਲੜ ਰਹੇ ਸਨ। ਝੂਠ ਸੱਚ ਤੇ ਨੇਕੀ ਬਦੀ ਦੀ ਜੰਗ ਜਾਰੀ ਸੀ, ਜਿਸ ਵਿਚ ਸਿੱਖਾਂ ਨਾਲ ਮੁਸਲਮਾਨਾਂ ਅਤੇ ਇਸਾਈਆਂ ਨੂੰ ਵੀ ਰਗੜਿਆ ਜਾ ਰਿਹਾ ਸੀ। ਸਰਬੱਤ ਦੇ ਭਲੇ ਦਾ ਸਿੱਖ ਫ਼ਲਸਫ਼ਾ, ਬ੍ਰਾਹਮਣਵਾਦ ਦੇ

ਦਿਲ, ਬੇਰੀ ਦਾ ਕੰਡਾ ਬਣਿਆ ਹੋਇਆ ਸੀ ਕਿ ਜਦੋਂ ਵੀ ਪ੍ਰਚਾਰ ਰਾਹੀਂ ਮਨੁੱਖਤਾ ਦੀ ਇਕਸਾਰਤਾ ਦੀ ਦਲਿਤਾਂ ਤੇ ਵੈਸ਼ਾਂ ਨੂੰ ਸਮਝ ਆਈ, ਉਹ ਸਾਰੇ ਸਿੱਖ ਸਜ ਜਾਣਗੇ ਅਤੇ ਸਾਡੀ ਸਰਦਾਰੀ ਹਮੇਸ਼ਾ ਲਈ ਖ਼ਤਮ ਹੋ ਜਾਵੇਗੀ। ਇਹ ਸਰਦਾਰੀ ਨੂੰ ਕਾਇਮ ਰੱਖਣ ਅਤੇ ਨੀਵੀਆਂ ਸਮਝੀਆਂ ਜਾਂਦੀਆਂ ਜਾਤਾਂ ਤੇ ਘੱਟ ਗਿਣਤੀ ਕੌਮਾਂ ਨੂੰ ਦਬਾਈ ਰੱਖਣ ਲਈ ਨੀਮ ਫ਼ੌਜੀ ਦਸਤੇ, ਰਾਸ਼ਟਰੀ ਸ੍ਵੈਮ ਸੰਘ (ਅਸਲ ਅਰਥ ਹਿੰਦੂਆਂ ਦਾ ਸੰਘ) ਸ਼ਿਵ ਸੈਨਾ ਤੇ ਬਜਰੰਗ ਦਲ ਆਦਿ ਹਰ ਸ਼ਹਿਰ, ਗਲੀ-ਮੁਹੱਲੇ ਵਿਚ ਖੜ੍ਹੇ ਕਰ ਰੱਖੇ ਸਨ। ਜਿਹੜੇ ਹੰਨੇ ਹੰਨੇ ਘੱਟ ਗਿਣਤੀਆਂ ਨੂੰ ਮਾਰਦੇ ਅਤੇ ਲੁੱਟਦੇ ਸਨ, ਜ਼ਬਰਦਸਤੀ ਨੀਵੇਂ ਰੱਖੇ ਗਏ ਲੋਕਾਂ ਨੂੰ ਸਿੱਖ ਸਿਧਾਂਤ ਰਾਹੀਂ ਬਰਾਬਰੀ ਦੀ ਸਰਦਾਰੀ ਮਿਲਦੀ ਸੀ। ਬ੍ਰਾਹਮਣਵਾਦ ਨੂੰ ਇਹ ਸੋਚ ਤੇ ਅਮਲ ਵਾਰਾ ਨਹੀਂ ਖਾਂਦੇ ਸਨ, ਕਿਉਂਕਿ ਨਿਆਸਰਿਆਂ ਦਾ ਬਰਾਬਰਤਾ ਦਾ ਸਿਧਾਂਤ ਵੱਲ ਇਕਦਮ ਉਲਰਨਾ ਕੁਦਰਤੀ ਸੀ। ਸੋ, ਬ੍ਰਾਹਮਣਵਾਦ ਤੇ ਸਿੱਖ ਸਿਧਾਂਤ ਵਿਚ ਬੁਨਿਆਦੀ ਵਿਰੋਧ ਕਾਰਨ ਖੜਕਦੀ ਹੈ। ਸੰਤ ਜਰਨੈਲ ਸਿੰਘ ਨੂੰ ਫੜਨ ਦਾ ਤਾਂ ਬਹਾਨਾ ਸੀ। ਉਸ 'ਤੇ ਪਾਏ ਝੂਠੇ ਕੇਸ ਵੀ ਐਸੇ ਵੈਸੇ ਹੀ ਸਨ। ਅਸਲ ਵਿਚ *"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥"* ਅਤੇ *"ਦੇਹ ਸਿਵਾ ਬਰ ਮੋਹਿ ਇਹੈ....।"* ਵਾਲਾ ਸਲੋਕ ਸਿੱਖ ਸਿਧਾਂਤ ਨੂੰ ਪੂਰਨ ਇਨਕਲਾਬੀ ਦਰਸਾਉਂਦਾ ਹੈ। ਹਿੰਦੂ ਫ਼ਿਰਕਾਪ੍ਰਸਤ ਸਾਰਿਆਂ 'ਤੇ ਹਕੂਮਤ ਕਰਦੇ ਵੀ ਡਰੀ ਜਾ ਰਹੇ ਸਨ। ਉਨ੍ਹਾਂ ਦੇ ਅੰਦਰਲੇ ਪਾਪ ਕੰਬਦੇ ਹਨ ਕਿ ਜਿਸ ਦਿਨ ਵੀ ਇਨਕਲਾਬੀ ਫ਼ਲਸਫ਼ਾ ਬਗ਼ਾਵਤ ਕਰੇਗਾ, ਇਸ ਨੂੰ ਇਕਸਾਰਤਾ ਵਾਲਾ ਭਾਈਚਾਰਾ ਕਾਇਮ ਕਰਨ ਵਾਲਾ ਸਿੱਖ ਸਿਧਾਂਤ ਕਰੇਗਾ। ਇਸੇ ਕਾਰਨ ਮੁੱਖ ਰੱਖ ਕੇ ਦੂਰਦਰਸ਼ਤਾ ਵਰਤਦਿਆਂ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ 'ਤੇ ਨੀਲਾ ਤਾਰਾ ਚਾੜ੍ਹਿਆ ਗਿਆ, ਜਿਸ ਵਿਚ ਹਜ਼ਾਰਾਂ ਸਿੱਖ ਯਾਤਰੀ ਬੇਗੁਨਾਹ ਹੀ ਮਾਰ ਸੁੱਟੇ। ਦੂਜਾ ਢਾਬਾ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਘੱਲੂਘਾਰਾ ਵਰਤਾ ਕੇ ਕੀਤਾ ਗਿਆ ਤਾਂ ਜੋ ਘੱਟ ਗਿਣਤੀਆਂ ਨੂੰ ਵੀ ਕੰਨ ਹੋ ਜਾਣ ਕਿ ਕਦੇ ਤੁਹਾਡੇ 'ਤੇ ਵੀ ਅਜਿਹੀਆਂ ਭਾਵੀਆਂ ਵਰਤਾਈਆਂ ਜਾ ਸਕਦੀਆਂ ਹਨ।

ਸੰਤ ਜਰਨੈਲ ਸਿੰਘ ਰਾਜਨੀਤਕ ਪੱਖੋਂ ਲੱਖ ਅਨਾੜੀ ਸਹੀ, ਪਰ ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਣ *"ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਣ ਮੈ ਤਬ ਜੂਝ ਮਰੋਂ॥"* ਨੂੰ ਆਪਣੀ ਸ਼ਹਾਦਤ ਦੇ ਕੇ ਪੂਰਿਆਂ ਕਰ ਵਿਖਾਇਆ। ਉਹ ਸਮਝਦੇ ਸਨ, ਜੇ ਅਸੀਂ ਸ੍ਰੀ ਅਕਾਲ ਤਖ਼ਤ ਤੇ ਸ੍ਰੀ ਦਰਬਾਰ ਸਾਹਿਬ ਜ਼ਾਲਮਾਂ ਦੀਆਂ ਤੋਪਾਂ ਟੈਂਕਾਂ ਤੋਂ ਨਹੀਂ ਬਚਾ ਸਕਦੇ, ਇਸ ਤੋਂ ਚੰਗਾ ਹੈ ਜੂਝ ਮਰਨਾ ਤੇ ਉਨ੍ਹਾਂ ਉਹ ਸੱਚ ਕਰ ਵਿਖਾਇਆ। ਘੱਲੂਘਾਰਿਆਂ ਦੇ ਦੁਖਾਂਤ ਅਤੇ ਸੂਰਮਿਆਂ ਦੀਆਂ ਸ਼ਹਾਦਤਾਂ ਨੂੰ ਅਸੂਲਾਂ ਤੋਂ ਥਿੜ੍ਹਕਦੀ ਸਿੱਖੀ ਨੂੰ ਹਲੂਣ ਕੇ ਸਥਿਰ ਕਰ ਦਿੱਤਾ। ਪਿੰਡ ਪਿੰਡ ਅੰਮ੍ਰਿਤ ਸੰਚਾਰ ਸ਼ੁਰੂ ਹੋ ਗਿਆ, ਕਿਉਂਕਿ ਸੰਤ ਪਰਿਵਾਰ ਦੇ ਸ੍ਰੀ ਅਕਾਲ ਤਖ਼ਤ ਦੀ ਲੜਾਈ ਵਿਚ ਚਾਰ ਸਿੰਘ ਸ਼ਹੀਦ ਹੋ ਗਏ ਸਨ। ਇਸ ਭਾਰੀ ਕੁਰਬਾਨੀ ਦਾ ਲੋਕਾਂ ਨੂੰ ਬੇਹੱਦ ਸਤਿਕਾਰ ਸੀ। ਸੰਤਾਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਦੇ ਚਰਨਾਂ ਨੂੰ ਲੋਕ ਪਵਿੱਤਰ ਸਮਝ ਕੇ ਸੀਸ ਝੁਕਾਂਦੇ ਸਨ। ਉਹ ਮੁੱਢ ਤੋਂ ਹੀ ਸਿੱਖ ਸਿਧਾਂਤ ਨਾਲ ਜੁੜੇ ਗੁਰੂ ਘਰ ਦੀ ਸੇਵਾ ਕਰਦੇ ਆ ਰਹੇ ਸਨ। ਮਹਾਨ ਬ੍ਰਹਮ ਗਿਆਨੀ ਮਹਾਂਪੁਰਸ਼ ਸੰਤ ਗੁਰਬਚਨ ਸਿੰਘ ਜੀ ਨੇ ਭਾਈ ਜੋਗਿੰਦਰ ਸਿੰਘ ਜੀ ਤੋਂ ਭੁਚੰਗੀ ਜਰਨੈਲ ਸਿੰਘ ਨੂੰ ਮੰਗ ਕੇ ਲਿਆ ਸੀ। ਬਾਬਾ ਜੀ ਨੇ ਬੜੀ ਖ਼ੁਸ਼ੀ ਨਾਲ ਜਰਨੈਲ ਸਿੰਘ ਨੂੰ ਭਿੰਡਰਾਂ ਵਾਲੇ ਜਥੇ ਦੇ ਲੜ ਲਾ ਦਿੱਤਾ ਸੀ।

ਸ਼ਹਾਦਤ ਨੇ ਰੋਡੇ ਪਿੰਡ ਨੂੰ ਸੰਸਾਰ ਵਿਚ ਉੱਘਾ ਕਰ ਦਿੱਤਾ ਸੀ। ਬੀ. ਬੀ. ਸੀ. ਲੰਡਨ ਤੋਂ ਉਸ ਪਿੰਡ ਦੇ ਨਾਂ 'ਤੇ ਖ਼ਬਰਾਂ ਬੋਲੀਆਂ ਜਾਂਦੀਆਂ ਸਨ। ਰੋਡੇ ਪਿੰਡ ਦੀ ਕੁਰਬਾਨੀ ਤੇ ਸ਼ਰਧਾ ਲੋਕਾਂ ਦੇ ਦਿਲਾਂ ਵਿਚ ਘਰ ਕਰ ਗਈ। ਬਾਬਾ ਜੋਗਿੰਦਰ ਸਿੰਘ ਤੇ ਉਸ ਦੇ ਪਰਿਵਾਰ ਨੂੰ ਲੋਕਾਂ ਸਿਰ ਅੱਖਾਂ 'ਤੇ ਚੁੱਕ ਲਿਆ। ਹਾਲਾਤ ਇਸ ਤਰ੍ਹਾਂ ਦੇ ਬਣ ਗਏ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਬਾਬਾ ਜੀ ਨੂੰ ਅਕਾਲੀ ਦਲ ਦਾ ਸਰਬ-ਸਰਬਾ ਬਣਾ ਦਿੱਤਾ। ਬਾਬਾ ਜੀ ਉਮਰ ਦੇ ਲਿਹਾਜ ਨਾਲ ਕਈ ਵਰਦਾਤਾਂ ਵਿਚੋਂ ਲੰਘਦੇ ਅਤੇ ਤਜਰਬੇ ਕਰਦੇ ਸਿਆਣੇ ਹੋ ਚੁੱਕੇ ਸਨ। ਜਦੋਂ ਉਨ੍ਹਾਂ ਨੂੰ ਐਨੇ ਖੁੱਲ੍ਹੇ ਅਧਿਕਾਰ ਮਿਲੇ, ਉਨ੍ਹਾਂ ਦੁਆਲੇ ਕੁਝ ਖ਼ੁਦਗਰਜ਼ ਤੇ ਤੀਖ਼ਣ ਬੁੱਧ ਵਿਅਕਤੀ ਆ ਜੁੜੇ। ਉਨ੍ਹਾਂ ਬਾਬਾ ਜੀ ਤੋਂ ਅਜਿਹਾ ਮੋੜ ਦਿਵਾਇਆ ਅਕਾਲੀ ਦਲ ਦੇ ਸਾਰੇ ਅਹੁਦੇ ਵਿਅਕਤੀ ਆਪੇ ਵਿਚ ਵੰਡ ਲਏ। ਸੰਤ ਲੌਂਗੋਵਾਲ, ਸ੍ਰ. ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਜਗਦੇਵ ਸਿੰਘ ਤਲਵੰਡੀ ਤੇ ਸੁਰਜੀਤ ਸਿੰਘ ਬਰਨਾਲਾ ਹੈਰਾਨ ਇੱਕ ਦੂਜੇ ਦੇ ਮੂੰਹ ਵੱਲ ਵੇਖਦੇ ਹੀ ਰਹਿ ਗਏ। ਪੁਰਾਣੇ ਸਾਰੇ ਲੀਡਰਾਂ ਨੂੰ ਪਾਣੀ ਦੇ ਬੁਰ ਵਾਂਗ ਲਾਹ ਕੇ ਵੱਟੋਂ ਬਾਹਰ ਕਰ ਦਿੱਤਾ। ਬਾਬਾ ਜੀ ਨੂੰ ਚਾਹੀਦਾ ਸੀ, ਜਿਨ੍ਹਾਂ ਉਸ ਨੂੰ ਐਨੀ ਸ਼ਕਤੀ ਦਿੱਤੀ ਸੀ, ਉਨ੍ਹਾਂ ਨੂੰ ਨਾਲ ਜੋੜ ਕੇ ਰੱਖਦੇ, ਪਰ ਅਜਿਹਾ ਨਾ ਹੋਣ ਦਿੱਤਾ ਗਿਆ। ਇੱਕ ਹੋਈ ਕੌਮ ਮੁੜ ਦੁਫ਼ੇੜ ਦੇ ਮੂੰਹ ਆ ਗਈ।

ਗਿਆਨੀ ਕਿਰਪਾਲ ਸਿੰਘ ਦੇ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਪਿੱਛੋਂ ਪ੍ਰੋ. ਦਰਸ਼ਨ ਸਿੰਘ ਜੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਥਾਪੇ ਗਏ। ਪ੍ਰੋ. ਦਰਸ਼ਨ ਸਿੰਘ ਜੀ ਉੱਚ ਪਾਏ ਦੇ ਗੁਰਬਾਣੀ ਸੰਗੀਤਕਾਰ ਤੇ ਵਿਆਖਿਆਕਾਰ ਸਨ। ਬਲਿਊ ਸਟਾਰ ਦੇ ਹਮਲੇ ਪਿੱਛੋਂ ਭਾਰਤ ਦੇ ਨੇਤਾ ਤੇ ਸਾਧੂ ਮਹਾਤਮਾ ਸ੍ਰੀ ਦਰਬਾਰ ਸਾਹਿਬ ਦਾ ਹਾਲ ਵੇਖਣ ਆਉਂਦੇ ਰਹੇ। ਉਹ ਜਾਣਨਾ ਚਾਹੁੰਦੇ ਸਨ, ਸਿੱਖ ਕਿਉਂ ਸਰਕਾਰ ਨਾਲ ਨਾਰਾਜ਼ ਹਨ, ਇਨ੍ਹਾਂ ਦੀਆਂ ਕੀ ਮੰਗਾਂ ਹਨ? ਪ੍ਰੋ. ਦਰਸ਼ਨ ਸਿੰਘ ਨੇ ਸਿੱਖ ਖਾੜਕੂਆਂ ਨੂੰ ਕੋਲ ਬਹਾ ਕੇ ਉੱਤਰ ਦਿੱਤੇ ਅਤੇ ਸਾਬਤ ਕੀਤਾ, ਕਾਂਗਰਸ ਤੇ ਸਰਕਾਰ ਹਰ ਮੋੜ 'ਤੇ ਸਿੱਖਾਂ ਨਾਲ ਵਾਅਦੇ ਕਰਕੇ ਮੁੱਕਰਦੀ ਅਤੇ ਧੋਖੇ ਕਰਦੀ ਰਹੀ। ਆਉਣ ਵਾਲੇ ਹਰ ਨੇਤਾ ਤੇ ਮਹਾਤਮਾ ਨੇ ਮੰਨਿਆ ਕਿ ਤੁਸੀਂ ਸੱਚੇ ਹੋ, ਸਰਕਾਰ ਝੂਠੀ ਹੈ। ਪ੍ਰੋ. ਸਾਹਿਬ ਨੇ ਆਖਿਆ,

"ਫਿਰ ਸੱਚਿਆਂ ਤੇ ਦੇਸ਼ ਭਗਤ ਕੌਮ ਨੂੰ ਐਨੀ ਵੱਡੀ ਸਜ਼ਾ ਕਿਉਂ?"

"ਇਤਿਹਾਸ ਦੱਸਦਾ ਹੈ, ਸੱਚ ਨੂੰ ਹਮੇਸ਼ਾ ਕੁਰਬਾਨੀ ਦੇਣੀ ਪਈ ਹੈ।" ਇੱਕ ਮਹਾਤਮਾ ਨੇ ਭਰਪੂਰ ਦੁੱਖ ਨਾਲ ਉੱਤਰ ਦਿੱਤਾ।

"ਪਰ ਕਿਉਂ? ਅਸਾਂ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਅੱਸੀ ਫ਼ੀਸਦੀ ਕੁਰਬਾਨੀਆਂ ਦਿੱਤੀਆਂ। ਕਸ਼ਮੀਰ ਜਾਂਦਾ ਜਾਂਦਾ ਬਚਾਇਆ। ਪਾਕਿਸਤਾਨ ਨਾਲ ਜੰਗਾਂ ਲੜ ਕੇ ਦੇਸ਼ ਦਾ ਮਾਣ ਵਧਾਇਆ। ਹਰ ਲੜਾਈ ਵਿਚ ਪੰਜਾਬ ਤਬਾਹ ਹੋਇਆ। ਬਾਕੀ ਸਾਰਾ ਹਿੰਦੋਸਤਾਨ ਆਰਾਮ ਨਾਲ ਸੁੱਤਾ ਰਿਹਾ। ਪੂਰਬੀ ਪਾਕਿਸਤਾਨ ਖ਼ਤਮ ਕਰਕੇ ਹਿੰਦੋਸਤਾਨ ਦੀ ਪਿੱਠ ਸੁਰੱਖਿਅਤ ਕੀਤੀ। ਸਾਨੂੰ ਦੱਸੋ, ਅਸੀਂ ਕਿੱਥੇ ਗ਼ਲਤ ਸੀ? ਭੁੱਖੇ ਮਰਦੇ ਦੇਸ਼ ਨੂੰ ਪੰਜਾਬ ਦੇ ਕਿਸਾਨਾਂ ਰਜਾਇਆ, ਨਹੀਂ ਖਾਲੀ ਬੋਰੀ ਚੁੱਕੀ ਆਸਟ੍ਰੇਲੀਆ, ਕੈਨੇਡਾ ਤੇ ਕਦੇ ਅਮਰੀਕਾ ਤੋਂ ਦਾਣੇ ਮੰਗਦੇ ਫਿਰਦੇ ਸੀ। ਸਾਡਾ ਕਸੂਰ ਦੱਸੋ?" ਪ੍ਰੋ. ਦਰਸ਼ਨ ਸਿੰਘ ਨੇ ਹੋਰ ਦਲੀਲਾਂ ਹਿੰਦੂ ਆਗੂਆਂ ਅੱਗੇ ਰੱਖੀਆਂ।

"ਸਰਕਾਰ ਤੇ ਸਾਰੇ ਦੇਸ਼ ਨੂੰ ਤੁਹਾਡਾ ਧੰਨਵਾਦੀ ਹੋਣਾ ਚਾਹੀਦਾ ਹੈ। ਤੁਸੀਂ ਦੇਸ਼ ਭਗਤ, ਬਹਾਦਰ ਤੇ ਹੱਦ ਦਰਜੇ ਦੇ ਮਿਹਨਤੀ ਹੋ। ਪਰ ਤੁਹਾਡੇ ਆਗੂ ਸਸਤੇ ਵਿਕ ਜਾਂਦੇ ਹਨ। ਤੁਹਾਡਾ ਕਸੂਰ ਇਹ ਹੈ, ਦਾਨਸ਼ਮੰਦ ਆਗੂ ਨਹੀਂ। ਆਗੂਆਂ ਵਿਚ ਏਕਤਾ ਨਹੀਂ।" ਇੱਕ ਪੰਜਾਬੀ ਨੇ ਯਥਾਰਥਵਾਦੀ ਸੱਚ ਕਹਿ ਦਿੱਤਾ।

"ਇਸ ਵਿਚ ਪੰਜਾਬ ਦੇ ਲੋਕਾਂ ਦਾ ਕੀ ਦੋਸ਼? ਉਨ੍ਹਾਂ ਨੂੰ ਮਾਰ ਕਾਟ ਤੇ ਲੁੱਟ ਪੁੱਟ ਦੀ ਸਜ਼ਾ ਕਿਉਂ?"

"ਹੁਕਮਰਾਨੀ ਮੇਂ ਅਕਸਰ ਐਸਾ ਚਲਤਾ ਹੈ।" ਇੱਕ ਬਨਾਰਸ ਦਾ ਨੇਤਾ ਬੋਲ ਪਿਆ।

"ਹਮ ਅਨਿਆਏ ਤੋ ਸਹੇਂਗੇ ਨਹੀਂ। ਜ਼ੁਲਮ ਕੇ ਖ਼ਿਲਾਫ਼ ਲੜੇਂਗੇ। ਲੜਤੇ ਆਏ ਹੈਂ। ਔਰੰਗਜ਼ੇਬ ਹੋ ਯਾ ਇੰਦਰਾ ਗਾਂਧੀ।" ਪ੍ਰੋ. ਸਾਹਿਬ ਸਪਸ਼ਟ ਹੀ ਕਹਿ ਗਏ।

"ਹਮ ਆਪਣਾ ਅਸਰੋ ਰਸੂਖ਼ ਵਰਤੇਂਗੇ ਕਿ ਸਿੱਖੋਂ ਸੇ ਇਨਸਾਫ਼ ਕੀਆ ਜਾਏ।" ਏਨੀ ਕਹਿ ਕੇ ਆਗੂ ਮਹਾਤਮਾ ਉੱਠ ਖਲੋਤਾ। ਪ੍ਰੋਫ਼ੈਸਰ ਜੀ ਉਨ੍ਹਾਂ ਨੂੰ ਵਿਦਾ ਕਰਨ ਲਈ ਬਾਹਰ ਤੱਕ ਆਏ।

"ਸਮੱਸਿਆ ਬਹੁਤ ਉਲਝ ਗਈ ਹੈ।" ਇੱਕ ਮਹਾਤਮਾ ਨੇ ਬਾਹਰ ਆ ਕੇ ਆਪੋ ਵਿਚ ਗੱਲ ਕੀਤੀ। "ਸਿੱਖ ਕੌਮ ਬਹੁਤ ਗੁੱਸੇ ਮੇਂ ਹੈ। ਗੁੱਸਾ ਕੁਛ ਵੀ ਕਰ ਸਕਤਾ ਹੈ।"

"ਮੈਂ ਪ੍ਰੋ. ਦਰਸ਼ਨ ਸਿੰਘ ਕੀ ਬਾਤੋਂ ਸੇ ਇਤਫ਼ਾਕ ਕਰਤਾ ਹੂੰ।" ਇੱਕ ਹੋਰ ਸਾਰਥੀ ਬੋਲਿਆ, ਜਿਹੜਾ ਹੁਣ ਤੱਕ ਚੁੱਪ ਸੀ। "ਮੈਂ ਤੋ ਯਹ ਜਾਣਤਾ ਹੂੰ, ਸਰਕਾਰ ਆਗ ਜਲਾਨਾ ਬੰਦ ਕਰ ਦੇ ਤੋ ਪਾਣੀ ਖ਼ੁਦ ਬਖ਼ੁਦ ਠੰਡਾ ਹੋ ਜਾਏਗਾ।"

ਸੰਤਾਲੀਵਾਂ ਕਾਂਡ

ਪੰਜਾਬ ਸਮਝੌਤੇ ਪਿੱਛੋਂ ਅਸੈਂਬਲੀ ਦੀ ਚੋਣ ਆ ਗਈ। ਪਹਿਲੋਂ ਗਵਰਨਰੀ ਰਾਜ ਸੀ ਤੇ ਗਵਰਨਰ ਅਰਜਨ ਸਿੰਘ ਹੀ ਸੀ। ਟਿਕਟਾਂ ਦੀ ਵੰਡ ਲਈ ਪਾਰਲੀਮੈਂਟਰੀ ਬੋਰਡ ਦਾ ਪ੍ਰਧਾਨ ਸੰਤ ਅਜੀਤ ਸਿੰਘ ਪਰਿਵਾਰ ਵਿਛੋੜਾ ਵਾਲੇ ਨੀਅਤ ਹੋਏ। ਵਿਚੇ ਵਿਚ ਅਕਾਲੀ ਦੋ ਧੜਿਆਂ ਵਿਚ ਪਹਿਲੋਂ ਹੀ ਸਨ। ਪਰ ਅਸੈਂਬਲੀ ਦੀਆਂ ਟਿਕਟਾਂ ਤਕਰੀਬਨ ਸਾਰਿਆਂ ਦੀ ਰਜ਼ਾਮੰਦੀ ਨਾਲ ਵੰਡੀਆਂ ਗਈਆਂ। 73 ਅਕਾਲੀ ਅਤੇ ਚਾਰ ਉਮੀਦਵਾਰ ਅਕਾਲੀ ਸਹਾਇਤਾ ਨਾਲ ਜਿੱਤ ਗਏ। ਅਸੈਂਬਲੀ ਲੀਡਰ ਸ੍ਰੀ. ਸੁਰਜੀਤ ਸਿੰਘ ਬਰਨਾਲਾ ਸਰਬ ਸੰਮਤੀ ਨਾਲ ਚੁਣ ਲਿਆ ਗਿਆ, ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਇਸ ਤੋਂ ਪਹਿਲਾਂ ਦੋ ਵਾਰ ਮੁੱਖ ਮੰਤਰੀ ਬਣ ਚੁੱਕਾ ਸੀ। ਉਸ ਮਨ ਦੀ ਪੀੜ ਜ਼ਾਹਰ ਨਾ ਹੋਣ ਦਿੱਤੀ ਅਤੇ ਵਜ਼ਾਰਤ ਵਿਚ ਸ਼ਾਮਲ ਨਾ ਹੋਇਆ। ਓਦੋਂ ਬਾਦਲ ਤੇ ਟੌਹੜਾ ਇਕ ਸੋਚ ਰੱਖਦੇ ਸਨ। ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਅਤੇ ਮੁੱਖ ਮੰਤਰੀ ਦੋਵੇਂ ਅਹੁਦੇ ਬਰਨਾਲਾ ਜੀ ਕੋਲ ਸਨ, ਜਿਹੜੇ ਉਨ੍ਹਾਂ ਦੋਵਾਂ ਨੂੰ ਬੁਰੀ ਤਰ੍ਹਾਂ ਚੁਭਦੇ ਸਨ। ਉਹ ਬਰਨਾਲਾ ਜੀ ਨੂੰ ਉਖੇੜਾ ਦੇਣ ਦੀ ਤਾਕ ਵਿਚ ਸਨ।

ਟੌਹੜਾ ਸਾਹਿਬ ਦਮਦਮੀ ਟਕਸਾਲ ਅਤੇ ਸਟੂਡੈਂਟਸ ਫੈੱਡਰੇਸ਼ਨ ਦੇ ਥੋੜ੍ਹੇ ਨੇੜੇ ਸਨ। ਸਾਰੇ ਨੌਜਵਾਨ ਤੱਤੇ ਅਤੇ ਨੀਲਾ ਤਾਰਾ ਹਮਲੇ ਦੇ ਜ਼ਖ਼ਮ ਵੀ ਹਾਲੇ ਅੱਲ੍ਹੇ ਸਨ। ਜਜ਼ਬਾਤੀ ਜੋਸ਼ ਦਰਬਾਰ ਸਾਹਿਬ ਕੰਪਲੈਕਸ ਵਿਚ ਆਪਣੇ ਦਾਬੇ ਦਾ ਰੋਹਬ ਜ਼ਾਹਰ ਕਰਦਾ ਹੀ ਰਹਿੰਦਾ ਸੀ। ਫਿਰ 29 ਅਪ੍ਰੈਲ, 1986 ਨੂੰ ਇਕ ਇਕੱਠ ਵਿਚ ਸ਼ਾਮ ਦੇ ਚਾਰ ਵਜੇ ਖਾਲਿਸਤਾਨ ਦਾ ਐਲਾਨ ਕਰਕੇ ਪ੍ਰੈੱਸ ਕਾਨਫਰੰਸ ਸੱਦ ਮਾਰੀ। ਹਿੰਦ ਸਰਕਾਰ ਨਾਲ ਇੱਕ ਤਰ੍ਹਾਂ ਖਾਲਿਸਤਾਨ ਦੀ ਪ੍ਰਾਪਤੀ ਲਈ ਐਲਾਨੇ ਜੰਗ ਕਰ ਦਿੱਤਾ। ਖਾਲਿਸਤਾਨ ਦੇ ਨਾਂ ਨਾਲ ਅਸਹਿਮਤ ਹੋਇਆ ਬਾਬਾ ਜੋਗਿੰਦਰ ਸਿੰਘ ਇਕੱਠ ਵਿਚੋਂ ਉੱਠ ਕੇ ਚਲਾ ਗਿਆ। ਉਸ ਸਮੇਂ ਸ਼ਾਮ ਖਾਲਿਸਤਾਨ ਦਾ ਐਲਾਨ ਕਰਕੇ ਖਾੜਕੂ ਦਰਬਾਰ ਸਾਹਿਬ ਖਾਲੀ ਕਰ ਗਏ, ਕਿਉਂਕਿ ਫੜੇ ਜਾਣ ਤੋਂ ਡਰਦੇ ਸਨ।

29 ਅਪ੍ਰੈਲ ਨੂੰ ਹੀ ਦਿੱਲੀ ਵਿਚ ਮੁੱਖ ਮੰਤਰੀਆਂ ਦੀ ਮੀਟਿੰਗ ਸੀ। ਸੀ. ਆਈ. ਡੀ. ਦੀ ਭੇਜੀ ਇਤਲਾਹ ਅਨੁਸਾਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਉੱਥੇ ਹੀ ਬਰਨਾਲਾ ਸਾਹਿਬ ਨੂੰ ਸੱਦ ਲਿਆ। ਹੁਕਮ ਚਾੜ੍ਹ ਦਿੱਤਾ ਕਿ ਖਾਲਿਸਤਾਨੀ ਖਾੜਕੂਆਂ ਨੂੰ ਫੜੋ ਜਾਂ ਅਸਤੀਫ਼ਾ ਦੇ ਜਾਓ? ਬਰਨਾਲਾ ਜੀ ਲਈ ਇਹ ਅਸਚਰਜ ਘਟਨਾ ਸੀ। ਉਨ੍ਹਾਂ ਆਖਿਆ,

"ਮੈਨੂੰ ਆਪਣੀ ਵਜ਼ਾਰਤ ਨਾਲ ਸਲਾਹ ਕਰ ਲੈਣ ਦਿਓ।" ਉਨ੍ਹਾਂ ਨੂੰ ਵਾਪਰੇ ਹਾਲਾਤ ਬਾਰੇ ਹਾਲੇ ਕੋਈ ਜਾਣਕਾਰੀ ਨਹੀਂ ਸੀ।

"ਨਹੀਂ, ਹੁਣੇ ਹੀ, ਇੱਥੇ ਈ ਫ਼ੈਸਲਾ ਕਰਨਾ ਹੋਵੇਗਾ?"

ਰਾਜੀਵ ਬਰਨਾਲਾ ਸਾਹਿਬ ਦੀ ਸ਼ਿਰਾਫ਼ਤ ਤੇ ਕਮਜ਼ੋਰੀ ਤੋਂ ਵਾਕਿਫ਼ ਹੋ ਚੁੱਕਾ ਸੀ, ਕਿਉਂਕਿ ਪੰਜਾਬ ਸਮਝੌਤੇ ਦੀ ਇੱਕ ਮਦ ਅਨੁਸਾਰ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਸੌਂਪ ਦੇਣਾ ਸੀ ਅਤੇ ਰਾਜੀਵ ਐਲਾਨ ਕਰਨ ਨਹੀਂ ਸੀ ਆਇਆ। ਬਰਨਾਲਾ ਸਾਹਿਬ ਦੀ ਕੀਤੀ ਤਿਆਰੀ ਵਿਚੇ ਰਹਿ ਗਈ ਸੀ। ਉਸ ਦੀ ਓਦੋਂ ਬੜੀ ਬਦਨਾਮੀ ਹੋਈ ਸੀ। ਪੰਜਾਬ ਸਮਝੌਤੇ ਰਾਹੀਂ ਬਰਨਾਲਾ ਜੀ ਨੂੰ ਕੁਝ ਵਧੇਰੇ ਮਾਣ ਵਿਸ਼ਵਾਸ ਹੋ ਗਿਆ ਸੀ, ਜਿਹੜਾ ਸਾਰਾ ਮਿੱਟੀ ਹੋ ਚੁੱਕਾ ਸੀ। ਲੋਕਾਂ ਆਖਿਆ, ਬਰਨਾਲਾ ਨੂੰ ਗੱਦੀ ਛੱਡ ਦੇਣੀ ਚਾਹੀਦੀ ਹੈ, ਪਰ ਉਹ ਗੱਦੀ ਨੂੰ ਚੁੰਬੜਿਆ ਰਿਹਾ। ਉਸ ਨੇ ਸੋਚਿਆ, ਕੋਈ ਅੜਿੱਕਾ ਪੈ ਗਿਆ ਹੋਵੇਗਾ, ਪਰ ਅੜਿੱਕੇ ਦੀ ਕੋਈ ਵਜ੍ਹਾ ਸਾਬਤ ਨਾ ਹੋਈ। ਉਸ ਨੂੰ ਭਰੋਸਾ ਸੀ, ਚੰਡੀਗੜ੍ਹ ਲੈ ਲਵਾਂਗਾ। ਹੁਣ ਉਹ ਪੁਲੀਸ ਦਰਬਾਰ ਸਾਹਿਬ ਭੇਜਣ ਵਾਲੀ ਕਸੂਤੀ ਕੁੜਿੱਕੀ ਵਿਚ ਫਸ ਚੁੱਕਾ ਸੀ।

ਗਵਰਨਰ ਅਰਜਨ ਸਿੰਘ ਨੇ ਰਾਜੀਵ ਦੇ ਹੁਕਮ ਅਨੁਸਾਰ ਬਰਨਾਲਾ ਜੀ ਨੂੰ ਹਵਾਈ ਜਹਾਜ਼ ਚਾੜ੍ਹ ਕੇ ਸਿੱਧਾ ਅੰਮ੍ਰਿਤਸਰ ਲੈ ਆਂਦਾ। ਉਸ ਨੂੰ ਕਿਸੇ ਅਕਾਲੀ ਨੇਤਾ ਨਾਲ ਮਿਲਣ ਹੀ ਨਾ ਦਿੱਤਾ ਅਤੇ ਨਾ ਹੀ ਉਹ ਅਸਤੀਫ਼ਾ ਦੇਣ ਲਈ ਦਲੇਰੀ ਕਰ ਸਕਿਆ। ਸਥਿਤੀ ਅਜਿਹੀ ਬਣ ਚੁੱਕੀ ਸੀ, ਜੇ ਬਰਨਾਲਾ ਅਸਤੀਫ਼ਾ ਦੇ ਵੀ ਦੇਂਦਾ, ਗਵਰਨਰ ਨੇ ਪੁਲੀਸ ਫਿਰ ਵੀ ਅੰਦਰ ਵੜਦੀ ਕਰ ਦੇਣੀ ਸੀ। ਪਰ ਬਰਨਾਲੇ ਰਾਹੀਂ ਭੇਜਣ ਨਾਲ ਦੋ ਸ਼ਿਕਾਰ ਮਾਰੀਦੇ ਸਨ: ਖਾੜਕੂਆਂ ਦੀ ਫੜਾਈ ਅਤੇ ਅਕਾਲੀਆਂ ਵਿਚ ਫੁੱਟ। ਡੇਢ ਸੌ ਕਮਾਂਡੋ ਫੋਰਸ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਵੱਖਰੀ ਭੇਜੀ ਜਾ ਚੁੱਕੀ ਸੀ। ਕਮਾਂਡੋ ਬ੍ਰਹਮ ਬੂਟਾ ਅਖਾੜੇ ਵਿਚ ਜੁੱਤੀਆਂ ਲਾਹ, ਪਟਕੇ ਬੰਨ੍ਹ ਅਤੇ ਪੈਰ ਧੋ ਕੇ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਦਾਖ਼ਲ ਹੋ ਗਏ। ਡੀ. ਸੀ. ਰਮੇਸ਼ ਇੰਦਰ ਸਿੰਘ ਨੇ ਬਰਨਾਲਾ ਸਾਹਿਬ ਨੂੰ ਸਲਾਹ ਦਿੱਤੀ ਸੀ:

"ਹੁਣ ਕੋਈ ਫ਼ਾਇਦਾ ਨਹੀਂ ਪੁਲੀਸ ਭੇਜਣ ਦਾ। ਹੁਣ ਉੱਥੇ ਕੋਈ ਖਾੜਕੂ ਨਹੀਂ, ਉਹ ਸਭ ਖਾਲਿਸਤਾਨ ਦੀ ਅੱਗ ਮਚਾ ਕੇ ਕੱਲ੍ਹ ਸ਼ਾਮ ਹੀ ਚਲੇ ਗਏ ਸਨ।"

ਪਰ ਰਾਜੀਵ ਨੇ ਗਵਰਨਰ ਨੂੰ ਪੱਕਾ ਕਰਕੇ ਬਰਨਾਲੇ ਦੇ ਨਾਲ ਭੇਜਿਆ ਸੀ ਕਿ ਪੁਲੀਸ ਦਰਬਾਰ ਸਾਹਿਬ ਵਾੜਨੀ ਹੀ ਵਾੜਨੀ ਹੈ। ਗਵਰਨਰ ਨੇ ਬਰਨਾਲਾ ਜੀ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਕਮਾਂਡੋ ਅੰਦਰ ਚਲੇ ਗਏ, ਉਨ੍ਹਾਂ ਡੇਢ ਸੌ ਸਾਧਾਰਨ ਯਾਤਰੀਆਂ ਤੇ ਮੁਲਾਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਵਿਚ ਭਾਈ ਗੁਰਦੇਵ ਸਿੰਘ ਕਾਉਂਕੇ ਵੀ ਸੀ।

ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਸਮੇਂ ਵਾਂਗ ਹੁਣ ਵੀ ਬਰਨਾਲਾ ਸਾਹਿਬ ਪੁਲੀਸ ਦੇ ਦਾਖ਼ਲੇ ਦੇ ਮੌਕੇ ਅਸਤੀਫ਼ਾ ਦੇਣ ਦੀ ਦਲੇਰੀ ਨਾ ਵਿਖਾ ਸਕੇ। ਉਨ੍ਹਾਂ ਦੀ ਨਰਮੀ ਤੇ ਸ਼ਿਰਾਫ਼ਤ ਸਿਆਸੀ ਕਮਜ਼ੋਰੀ ਬਣ ਗਈ। ਬਾਦਲ ਤੇ ਟੌਹੜਾ ਸਾਹਿਬ ਨੂੰ ਇਹ ਗ਼ਲਤੀ ਮਸਾਂ ਮਿਲੀ ਸੀ। ਉਨ੍ਹਾਂ ਦੇ ਧੜੇ ਦੇ ਤਿੰਨ ਵਜ਼ੀਰਾਂ ਨੇ ਪੁਲੀਸ ਦਾਖ਼ਲੇ ਦੇ ਵਿਰੋਧ ਵਿਚ ਅਸਤੀਫ਼ੇ ਦੇ ਦਿੱਤੇ, ਜਿਨ੍ਹਾਂ ਵਿਚ ਮਹਾਰਾਜਾ ਅਮਰਿੰਦਰ ਸਿੰਘ ਵੀ ਸ਼ਾਮਲ ਸਨ। ਪੰਜਾਬ ਅਸੈਂਬਲੀ ਖੁੱਲ੍ਹ ਕੇ ਦੋ ਧੜਿਆਂ ਵਿਚ ਵੰਡ ਹੋ ਗਈ ਅਤੇ ਏਹੀ ਹਾਲ ਬਰਨਾਲਾ ਦੇ ਪ੍ਰਧਾਨ ਹੁੰਦਿਆਂ ਅਕਾਲੀ ਪਾਰਟੀ ਦਾ ਹੋ ਗਿਆ। ਪੰਜਾਬ ਸਰਕਾਰ ਅਤੇ ਅਕਾਲੀ ਪਾਰਟੀ ਲਈ ਨਵਾਂ ਸਿਆਸੀ ਸੰਕਟ ਖੜ੍ਹਾ ਹੋ ਗਿਆ। ਇਸ ਸਿਆਸੀ ਸੰਕਟ 'ਤੇ ਰਾਜਸੀ ਤਾਕਤ ਤੋਂ ਵਿਹੂਣੇ ਪੰਜਾਬ ਦੇ ਕਾਂਗਰਸੀਆਂ

ਕੱਛਾਂ ਵਜਾਈਆਂ। ਖਾੜਕੂਆਂ ਸਮਝਿਆ, ਹੁਣ ਬਰਨਾਲਾ ਗਿਆ, ਕਿਉਂਕਿ ਉਸ ਦੇ ਖ਼ਿਲਾਫ਼ ਰੌਲਾ ਵਧਦਾ ਹੀ ਜਾਂਦਾ ਸੀ। ਪੰਥਕ ਕਮੇਟੀ ਆਪਣੀ ਥਾਂ ਅੰਗੜਾਈ ਭਰ ਰਹੀ ਸੀ।

ਸ੍ਰੀ ਅਕਾਲ ਤਖ਼ਤ ਤੇ ਦੂਜੇ ਤਖ਼ਤਾਂ ਦੇ ਜਥੇਦਾਰਾਂ ਮੁੜ ਬੜੇ ਦੁਖੀ ਹੋਏ। ਉਹ ਪੰਥ ਵਿਚ ਏਕਤਾ ਚਾਹੁੰਦੇ ਸਨ, ਜਿਹੜੀ ਹੋ ਨਹੀਂ ਰਹੀ ਸੀ। ਬਰਨਾਲਾ ਸਰਕਾਰ ਦੀ ਇਹ ਵੀ ਕਮਜ਼ੋਰੀ ਰਹੀ ਕਿ ਉਹ ਪੰਜਾਬ ਸਮਝੌਤੇ ਨੂੰ ਲਾਗੂ ਨਾ ਕਰਵਾ ਸਕੀ। ਕੇਂਦਰ ਸਰਕਾਰ ਅਕਾਲੀਆਂ ਨੂੰ ਖੇਰੂੰ ਖੇਰੂੰ ਕਰਕੇ ਪੰਜਾਬ ਨੂੰ ਲੁੱਟਣਾ ਤੇ ਕੁੱਟਣਾ ਵੀ ਚਾਹੁੰਦੀ ਸੀ। ਦੂਜੇ ਬੰਨ੍ਹੇ ਫ਼ਿਤਰਤ ਵੱਲੋਂ ਸਾੜਾ ਸੁਭਾਵਕ ਸੀ। ਵਿਰੋਧੀ ਧੜੇ ਵੱਲੋਂ ਜ਼ਿੱਦ ਸੀ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਮੁੱਖ ਮੰਤਰੀ ਨੂੰ ਤਨਖ਼ਾਹੀਆ ਕਰਾਰ ਦਿੱਤਾ ਜਾਵੇ, ਕਿਉਂਕਿ ਇਸ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕਰਵਾਈ ਹੈ। ਪ੍ਰੈੱਸ ਆਪਣੇ ਤੌਰ 'ਤੇ ਵਧਾ ਚੜ੍ਹਾ ਕੇ ਖ਼ਬਰਾਂ ਛਾਪ ਰਹੀ ਸੀ। ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਬਰਨਾਲਾ ਸਾਹਿਬ ਨੂੰ ਸ੍ਰੀ ਅਕਾਲ ਤਖ਼ਤ 'ਤੇ ਸੱਦ ਲਿਆ ਜਾਵੇ। ਉਸ ਹਾਜ਼ਰ ਹੋ ਕੇ ਠਰੰਮੇ ਨਾਲ ਲਿਖ ਕੇ ਲਿਆਂਦਾ ਇੱਕ ਲੰਮਾ ਚੌੜਾ ਬਿਆਨ ਪੜ੍ਹਿਆ।

"ਮੈਂ ਸਿੰਘ ਸਾਹਿਬ ਜੀਓ! ਓਹੀ ਕੁਝ ਕੀਤਾ ਹੈ, ਜੋ ਤੁਸਾਂ 16 ਫਰਵਰੀ ਦੇ ਸਰਬੱਤ ਖਾਲਸਾ ਵਿਚ ਕਿਹਾ ਸੀ। ਕੁਝ ਮਨਮਤੀਆਂ ਵੱਲੋਂ ਹੂੜ ਮੱਤ ਨਾਲ ਖਾਲਸਾ ਪੰਥ ਦੀਆਂ ਇਤਿਹਾਸਕ ਪਰੰਪਰਾਵਾਂ ਮੇਟੀਆਂ ਹਨ। ਉਨ੍ਹਾਂ ਦੇ ਫ਼ੈਸਲਿਆਂ ਦੀ ਨਿਖੇਧੀ ਕਰਦਾ ਹੋਇਆ ਦਾਸ ਸ੍ਰੀ ਅਕਾਲ ਤਖ਼ਤ ਹਾਜ਼ਰ ਹੋਇਆ ਹੈ। ਇਨ੍ਹਾਂ ਅਖੌਤੀ ਖਾੜਕੂਆਂ ਵੱਲੋਂ ਸਿੱਖ ਧਰਮ ਦੇ ਸਿਧਾਂਤਾਂ ਦਾ ਵਿਰੋਧ ਸਿੱਖ ਰਵਾਇਤਾਂ ਦਾ ਉਲੰਘਣ, ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ 'ਤੇ ਪੰਥਕ ਹਿੱਤਾਂ ਦਾ ਦਾਸ ਘਾਤ ਸਮਝਦਾ ਏ। ਇਹ ਲੋਕ ਨੰਗੀਆਂ ਤਲਵਾਰਾਂ ਤੇ ਹੋਰ ਹਥਿਆਰਾਂ ਨਾਲ ਹੁੱਲੜਬਾਜ਼ੀ ਕਰਦੇ ਰਹੇ ਹਨ। ਗੁਰਧਾਮਾਂ ਨੂੰ ਲੜਾਈ ਬੁਰਛਾਗਰਦੀ ਦੇ ਅਖਾੜੇ ਬਣਾਇਆ ਜਾ ਰਿਹਾ ਹੈ। ਹੁਣ ਪ੍ਰੈੱਸ ਤੇ ਸਟੇਜਾਂ ਰਾਹੀਂ ਮੇਰੇ ਵਿਰੁੱਧ ਧਾਰਮਿਕ ਘੱਟ ਤੇ ਰਾਜਨੀਤਕ ਚਾਲਾਂ ਵੱਧ ਚੱਲੀਆਂ ਜਾ ਰਹੀਆਂ ਹਨ। ਹੁੱਲੜਬਾਜ, ਫੈੱਡਰੇਸ਼ਨ ਨੌਜਵਾਨ ਸਭਾ ਤੇ ਦਮਦਮੀ ਟਕਸਾਲ ਵਿਚ ਭੇਖ ਧਾਰ ਕੇ ਵੜ ਗਏ ਹਨ। ਬਹੁਤੇ ਕਾਂਗਰਸੀ ਗੁੰਡੇ ਹਨ। ਜਿਵੇਂ ਡੋਗਰਿਆਂ ਤੇ ਮਿਸ਼ਰਾਂ ਨੇ ਕੋੜੀਆਂ ਚਾਲਾਂ ਨਾਲ ਸਿੱਖ ਰਾਜ ਤਬਾਹ ਕਰਵਾਇਆ ਸੀ। ਬਿਲਕੁਲ ਉਸੇ ਤਰ੍ਹਾਂ ਹੀ ਸਿੱਖ ਰਾਜ ਗਵਾ ਕੇ ਇਹ ਲੋਕ ਕਾਂਗਰਸ ਨੂੰ ਗੱਦੀਆਂ 'ਤੇ ਬਿਠਾਉਣਾ ਚਾਹੁੰਦੇ ਹਨ। ਇਨ੍ਹਾਂ ਦੇ ਕਹਿਰ ਢਾਹੁਣ ਨਾਲ ਹੀ ਪੰਥ ਵਿਚ ਸੱਥਰ ਵਿਛੇ ਹਨ।"

"ਤੁਸਾਂ ਸਿੰਘ ਸਾਹਿਬ ਜੀ, ਅੰਮ੍ਰਿਤਸਰ ਵਾਲੇ ਇਕੱਠ ਵਿਚ ਇਨ੍ਹਾਂ ਦੇ ਅਣਅਧਿਕਾਰਤ ਕੀਤੇ ਫ਼ੈਸਲਿਆਂ ਨੂੰ ਆਪ ਰੱਦ ਕੀਤਾ ਸੀ। ਮੈਂ ਸ੍ਰੀ ਅਕਾਲ ਤਖ਼ਤ 'ਤੇ ਨਾਜਾਇਜ਼ ਦਖ਼ਲ ਨੂੰ ਖ਼ਤਮ ਕਰਨ ਅਤੇ ਭੰਗ ਹੋਈ ਮਰਯਾਦਾ ਨੂੰ ਮੁੜ ਕਾਇਮ ਕਰਨ ਹਿੱਤ ਹੀ ਮਜਬੂਰੀ ਮੂਹ ਇਹ ਕਦਮ ਚੁੱਕਿਆ ਹੈ।"

"ਹਾਂ, ਜੇ ਸਿੰਘ ਸਾਹਿਬ ਮੇਰੇ ਪੰਥਕ ਭਲੇ ਲਈ ਚੁੱਕੇ ਕਦਮ ਨੂੰ ਗਲਤ ਸਮਝਦੇ ਹਨ ਤਾਂ ਦਾਸ ਹਾਜ਼ਰ ਹੈ, ਜੋ ਵੀ ਸਜ਼ਾ ਤੁਸੀਂ ਮੈਨੂੰ ਦਿਓਗੇ, ਮੈਂ ਸਿਰ ਮੱਥੇ ਪ੍ਰਵਾਨ ਕਰਾਂਗਾ।" ਬਰਨਾਲਾ ਜੀ ਨੇ ਲੰਮੇ ਚੌੜੇ ਬਿਆਨ ਵਾਲਾ ਕਾਗਜ਼ ਸਿੰਘ ਸਾਹਿਬ ਦੇ ਹਵਾਲੇ ਕਰ ਦਿੱਤਾ।

ਬਹੁਤ ਸੋਚ-ਵਿਚਾਰ ਪਿੱਛੋਂ ਸਿੰਘ ਸਾਹਿਬਾਨ ਨੇ ਸਪਸ਼ਟ ਕੀਤਾ:

"ਇਹ ਠੀਕ ਹੈ, ਬਰਨਾਲਾ ਸਾਹਿਬ ਨੇ 16 ਫਰਵਰੀ ਦੇ ਸਰਬੱਤ ਖਾਲਸਾ ਦੀ ਰੌਸ਼ਨੀ 'ਚ ਮਜਬੂਰੀਆਂ ਤੇ ਵਧੀਕੀਆਂ ਕਾਰਨ ਕਾਰਵਾਈ ਕਰਨੀ ਮੰਨੀ ਹੈ। ਫਿਰ ਵੀ ਪੁਲੀਸ ਦਾ ਦਰਬਾਰ ਸਾਹਿਬ ਵਿਚ ਦਾਖ਼ਲ ਹੋਣਾ ਦੁਖਦਾਈ ਤੇ ਅਫ਼ਸੋਸਜਨਕ ਹੈ। ਇਸ ਕਰਕੇ ਸਾਡੇ ਵੱਲੋਂ ਸ੍ਰ. ਸੁਰਜੀਤ ਸਿੰਘ ਬਰਨਾਲਾ ਨੂੰ ਪਸਚਾਤਾਪ ਹਿਤ ਸੇਵਾਵਾਂ ਲਾਈਆਂ ਜਾਂਦੀਆਂ ਹਨ।

1. ਸ੍ਰੀ ਅਕਾਲ ਤਖ਼ਤ 'ਤੇ ਇੱਕ ਅਖੰਡ ਪਾਠ।

2. ਨਿਤਨੇਮ ਤੋਂ ਬਿਨਾਂ ਜਪੁਜੀ ਸਾਹਿਬ ਦੇ ਪੱਚੀ ਪਾਠ।

3. ਪੰਜ ਸੌ ਸ੍ਰੀ ਅਕਾਲ ਤਖ਼ਤ ਦੀ ਗੋਲਕ ਵਿਚ ਭੇਟਾ ਪਾਈ ਜਾਵੇ।

4. ਕਿਸੇ ਵੀ ਗੁਰਦੁਆਰੇ ਵਿਚ ਇੱਕ ਹਫ਼ਤਾ ਜੋੜੇ ਸਾਫ਼ ਕੀਤੇ ਜਾਣ।

5. ਇਸ ਪਿੱਛੋਂ ਕਿ ਇੱਕ ਸੌ ਇੱਕ ਰੁਪਏ ਦੀ ਦੇਗ ਕਰਵਾ ਕੇ ਅੰਰਦਾਸ ਕਰਵਾਈ ਜਾਵੇ।

ਬਰਨਾਲਾ ਜੀ ਨੇ ਸਾਰੀਆਂ ਸਜ਼ਾਵਾਂ ਮੰਨੀਆਂ ਤੇ ਪੂਰੀਆਂ ਕੀਤੀਆਂ। ਮੁੱਖ ਮੰਤਰੀ ਹੁੰਦਿਆਂ ਸੰਗਤ ਦੇ ਜੋੜੇ ਸਾਫ਼ ਕੀਤੇ। ਉਸ ਨੂੰ ਜੋੜੇ ਸਾਫ਼ ਕਰਦੇ ਨੂੰ ਟੀ. ਵੀ. 'ਤੇ ਵਿਖਾਇਆ ਗਿਆ। ਨਿਰਪੱਖ ਤੇ ਸਾਧਾਰਨ ਸਿੱਖਾਂ ਅਤੇ ਗ਼ੈਰ ਸਿੱਖਾਂ ਇਸ ਗੱਲ ਦੀ ਬੜੀ ਪ੍ਰਸੰਸਾ ਕੀਤੀ ਕਿ ਸਿੱਖਾਂ ਦਾ ਮੁੱਖ ਮੰਤਰੀ ਇੱਕ ਤਰ੍ਹਾਂ ਲੋਕ ਦਾ ਝਾੜੂਬਰਦਾਰ ਬਣ ਕੇ ਸੇਵਾ ਕਰ ਰਿਹਾ ਹੈ, ਪਰ ਵਿਰੋਧੀਆਂ ਆਖਿਆ, ਜਥੇਦਾਰਾਂ ਰਿਆਇਤ ਕੀਤੀ ਹੈ। ਉਸ ਨੂੰ ਮੁੱਖ ਮੰਤਰੀ ਤੇ ਅਕਾਲੀ ਦਲ ਦੀ ਗੱਦੀ ਤੋਂ ਲਾਹੁਣਾ ਚਾਹੀਦਾ ਸੀ। ਦੋਵਾਂ ਪੱਖਾਂ ਦੀਆਂ ਰਾਵਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੀਆਂ ਰਹੀਆਂ। ਪੰਥ ਵਿਚ ਪਿਆ ਪਾੜ ਹੋਰ ਚੌੜਾ ਹੁੰਦਾ ਗਿਆ। ਜਥੇਦਾਰਾਂ ਮੁੜ ਸਪਸ਼ਟ ਕੀਤਾ:

"ਦੇਖੋ ਬਈ ਸਿੰਘ! ਅਸੀਂ ਆਂ ਧਾਰਮਿਕ ਵਿਅਕਤੀ। ਉਸ ਨੂੰ ਧਾਰਮਿਕ ਪੱਖ ਦੀ ਤਨਖਾਹ ਲਾ ਸਕਦੇ ਸੀ। ਅਕਾਲੀ ਦਲ ਦੀ ਪ੍ਰਧਾਨਗੀ ਤੋਂ ਹਟਾਉਣਾ ਅਕਾਲੀ ਡੇਲੀਗੇਟਾਂ ਦਾ ਕੰਮ ਹੈ। ਮੁੱਖ ਮੰਤਰੀ ਦੇ ਪਦ ਤੋਂ ਅਸੈਂਬਲੀ ਵਧਾਇਕ ਹੀ ਲਾਹ ਸਕਦੇ ਹਨ। ਇਹ ਦੋਵੇਂ ਰਾਜਸੀ ਮਾਮਲੇ ਹਨ, ਜਿਨ੍ਹਾਂ ਵਿਚ ਅਸੀਂ ਧਾਰਮਿਕ ਸਿੰਘ ਹੁੰਦੇ ਨਾ ਕਾਨੂੰਨੀ ਤੇ ਨਾ ਹੀ ਅਸੂਲੀ ਤੌਰ 'ਤੇ ਦਖ਼ਲ ਦੇ ਸਕਦੇ ਆਂ। ਮਾਸਟਰ ਤਾਰਾ ਸਿੰਘ ਤੇ ਸੰਤ ਫ਼ਤਹਿ ਸਿੰਘ ਨੂੰ ਵੀ ਇਸ ਤਰ੍ਹਾਂ ਦੀਆਂ ਤਨਖ਼ਾਹਾਂ ਲਾਈਆਂ ਸਨ।"

ਸਿੰਘ ਸਾਹਿਬਾਨ ਦੇ ਦਲੀਲਾਂ ਤੇ ਖਾਲਸਈ ਰਵਾਇਤਾਂ ਦੱਸਣ ਦੇ ਬਾਵਜੂਦ ਵਿਰੋਧੀ ਸ਼ਾਂਤ ਨਾ ਹੋਏ ਅਤੇ ਵਜ਼ਾਰਤੀ ਝਗੜਾ ਹੋਰ ਵਧ ਗਿਆ। ਜਥੇਦਾਰਾਂ ਏਕਤਾ ਕਰਵਾਉਣ ਲਈ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਵਿਖੇ ਮੁੜ ਮੀਟਿੰਗ ਕੀਤੀ। ਸ੍ਰ. ਸੁਰਜੀਤ ਸਿੰਘ ਬਰਨਾਲਾ ਨੇ ਇਹ ਕਹਿ ਕੇ ਗੱਲ ਨਿਬੇੜ ਦਿੱਤੀ:

"ਸਿੰਘ ਸਾਹਿਬ ਜੀ! ਪੰਥ ਦੀ ਏਕਤਾ ਲਈ ਤੁਸੀਂ ਜੋ ਵੀ ਕਰ ਦਿਓ, ਸਾਨੂੰ ਮਨਜ਼ੂਰ ਹੋਵੇਗਾ। ਅਸੀਂ ਤੁਹਾਨੂੰ ਗੁਰੂ ਘਰ ਵਿਚ ਵਚਨ ਦੇਂਦੇ ਹਾਂ।" ਏਨੀ ਕਹਿ ਕੇ ਮੁੱਖ ਮੰਤਰੀ ਚੰਡੀਗੜ੍ਹ ਨੂੰ ਚਲੇ ਗਏ।

ਪਰ ਵਿਰੋਧੀ ਸੰਤੁਸ਼ਟ ਨਾ ਹੋਏ। ਬਾਦਲ ਤੇ ਟੌਹੜਾ ਵੱਖਰੀ ਸੁਰ ਵਿਚ ਬੋਲਦੇ ਰਹੇ।

ਟੌਹੜਾ ਸਾਹਿਬ ਨੇ ਤਾਂ ਜਥੇਦਾਰ ਸ੍ਰੀ ਕੇਸਗੜ੍ਹ ਦੇ ਘਰ ਆ ਕੇ ਗਿਲਾ ਦੋਹਰਾਇਆ;

"ਜਥੇਦਾਰ ਜੀ! ਤੁਸੀਂ ਸਿੱਖਾਂ ਦੀ ਪਰਮ ਹਸਤੀ ਹੋ। ਸਾਡੇ ਮਨ ਵਿਚ ਤੁਹਾਡਾ ਸਤਿਕਾਰ ਇਸ ਲਈ ਵੀ ਵਧ ਗਿਆ ਕਿ ਸਰਕਾਰੀ ਕਤਲੇਆਮ ਪਿੱਛੋਂ ਤੁਸਾਂ ਪੰਥ ਦੀ ਵਾਗਡੋਰ ਸੰਭਾਲੀ ਤੇ ਪੰਥ ਦੀ ਸੁਚੱਜੀ ਸੇਵਾ ਕੀਤੀ। ਸਾਰਾ ਪੰਥ ਤੁਹਾਡਾ ਦੇਣਦਾਰ ਹੈ।" ਉਨ੍ਹਾਂ ਕਹਿਣ ਲਈ ਭੂਮਿਕਾ ਬੰਨ੍ਹੀ।

"ਟੌਹੜਾ ਜੀ, ਉਹ ਸਾਡਾ ਫ਼ਰਜ਼ ਸੀ। ਸਾਡੀ ਥਾਂ ਤੁਸੀਂ ਹੁੰਦੇ, ਇਸ ਤੋਂ ਵੀ ਵੱਧ ਸੇਵਾ ਕਰਦੇ, ਗੁਰੂ ਨੂੰ ਜੋ ਭਾਉਂਦਾ ਏ, ਉਹ ਕਰਵਾਉਂਦਾ ਏ, ਇਸ ਵਿਚ ਸੰਗਤ ਬਰਾਬਰ ਹਿੱਸੇਦਾਰ ਹੈ।" ਜਥੇਦਾਰ ਨੇ ਨਿਰਮਾਣਤਾ ਵਿਖਾਈ।

"ਤੁਸਾਂ ਤਨਖ਼ਾਹ ਲਾਉਣ ਲੱਗਿਆਂ ਮੁੱਖ ਮੰਤਰੀ ਦਾ ਲਿਹਾਜ ਕੀਤਾ ਹੈ।"

"ਅਸਾਂ ਸਾਰਿਆਂ ਇੱਕ ਮਤ ਹੋ ਕੇ ਫ਼ੈਸਲਾ ਦਿੱਤਾ ਹੈ। ਜਥੇਦਾਰ ਲੱਖਾ ਸਿੰਘ ਜੀ ਅਤੇ ਮੁਹਾਲੋਂ ਜੀ ਤੋਂ ਪੁੱਛ ਸਕਦੇ ਹੋ, ਤੁਹਾਡੇ ਸਾਹਮਣੇ ਹਨ।"

"ਅਸਾਂ ਕੋਈ ਰਿਆਇਤ ਨਹੀਂ ਵਰਤੀ।" ਜਥੇਦਾਰ ਤਖ਼ਤ ਦਮਦਮਾ ਸਾਹਿਬ ਬੋਲੇ, "ਸੰਤ ਫ਼ਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਲਈ ਵੀ ਇਹੋ ਰਵਾਇਤਾਂ ਵਰਤੀਆਂ ਗਈਆਂ ਸਨ।"

"ਫੇਰ ਦੋ ਪਦਵੀਆਂ ਅਕਾਲੀ ਦਲ ਦੀ ਪ੍ਰਧਾਨਗੀ ਅਤੇ ਮੁੱਖ ਮੰਤਰੀ ਹੋਣਾ ਵਿਅਕਤੀ ਕੋਲ ਨਹੀਂ ਚਾਹੀਦੀਆਂ। ਅਕਾਲੀ ਫੂਲਾ ਸਿੰਘ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਲਾਹੌਰ ਤਖ਼ਤ ਦੇ। ਸਾਡਾ ਗਿਲਾ ਬਹੁਤਾ ਇਹ ਹੈ, ਉਸ ਪੁਲੀਸ ਦਰਬਾਰ ਸਾਹਿਬ ਵਿਚ ਕਿਉਂ ਵਾੜੀ?"

"ਇਸ ਦੋਸ਼ ਦੀ ਸਜ਼ਾ ਸ੍ਰੀ ਅਕਾਲ ਤਖ਼ਤ 'ਤੇ ਹਾਜ਼ਰ ਹੋ ਕੇ ਉਸ ਭੁਗਤ ਲਈ ਹੈ। ਹੁਣ ਉਹ ਤੁਹਾਡੇ ਵਰਗਾ ਆਮ ਸਿੱਖ ਐ, ਇਹ ਮਿਹਣਾ ਛੱਡ ਦੇਣਾ ਚਾਹੀਦਾ ਹੈ। ਦੂਜੇ ਤੁਹਾਡੀ ਰਹੀ ਇੱਕ ਅਹੁਦੇ ਵਾਲੀ ਗੱਲ, ਉਹਦੇ ਬਾਰੇ ਵਿਚਾਰ ਕਰ ਲੈਂਦੇ ਆਂ। ਅਸੀਂ ਵੀ ਚਾਹੁੰਦੇ ਆਂ, ਇੱਕ ਅਹੁਦਾ ਇੱਕ ਸਿੰਘ ਕੋਲ ਹੀ ਰਹੇ।" ਜਥੇਦਾਰ ਕਿਰਪਾਲ ਸਿੰਘ ਨੇ ਹਾਮੀ ਵਾਲੀ ਸੁਰ ਵਿਚ ਆਖਿਆ।

"ਨਹੀਂ ਜੀ, ਬਰਨਾਲਾ ਇੱਕ ਅਹੁਦੇ ਦਾ ਵੀ ਹੱਕਦਾਰ ਨਹੀਂ ਹੈ।" ਬਾਦਲ ਏਨੀ ਕਹਿ ਕੇ ਉੱਠ ਖਲੋਤਾ। "ਬਾਕੀ ਗੱਲ ਟੌਹੜਾ ਸਾਹਿਬ ਕਰਨਗੇ। ਜੋ ਕਰਨਗੇ, ਮੇਰੇ ਵੱਲੋਂ ਠੀਕ ਹੀ ਹੋਵੇਗੀ।"

"ਅਸੈਂਬਲੀ ਮੈਂਬਰ ਅਤੇ ਅਕਾਲੀ ਡੈਲੀਗੇਟ ਉਸ ਨਾਲ ਬਹੁਤੇ ਸਨ। ਤੁਸੀਂ ਦਲੀਲ, ਕਾਨੂੰਨ ਤੇ ਅਸੂਲ ਦੀ ਗੱਲ ਕਰੋ।" ਜਥੇਦਾਰ ਸਾਹਿਬ ਚਾਹੁੰਦੇ ਸਨ, ਡੱਡੂਆਂ ਦੀ ਪੰਸੇਰੀ ਕਿਵੇਂ ਨਾ ਕਿਵੇਂ ਤੁਲ ਜਾਵੇ।

"ਮੈਂ ਤਾਂ ਪ੍ਰਧਾਨ ਬਣ ਜਾਵਾਂਗਾ, ਪਰ ਬਾਦਲ ਸਾਹਿਬ ਲਈ?"

"ਦੇਖੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਆਉਣ ਵਾਲੀ ਐ, ਬਾਦਲ ਸਾਹਿਬ ਨੂੰ ਪ੍ਰਧਾਨਗੀ ਸੌਂਪ ਦੇਂਦੇ ਆਂ।" ਕਿਰਪਾਲ ਸਿੰਘ ਜੀ ਨੇ ਉੱਤਰ ਦਿੱਤਾ।

ਟੌਹੜਾ ਸਾਹਿਬ ਨੂੰ ਲੱਗਾ ਸ਼ਾਇਦ ਗੱਲ ਰਾਸ ਆ ਜਾਵੇ। ਇਸ ਫ਼ੈਸਲੇ ਨੂੰ ਸਿਰੇ

ਚਾੜ੍ਹਨ ਲਈ ਦੋਵੇਂ ਧਿਰਾਂ ਰਜ਼ਾਮੰਦ ਹੋ ਗਈਆਂ। ਸਾਰੇ ਉੱਠ ਕੇ ਆਪੋ ਆਪਣੇ ਘਰਾਂ ਨੂੰ ਤੁਰ ਗਏ। ਮੁੜ ਜਥੇਦਾਰ ਨੂੰ ਅੰਮ੍ਰਿਤਸਰ ਫ਼ੋਨ ਆ ਗਿਆ ਕਿ ਪ੍ਰਕਾਸ਼ ਸਿੰਘ ਬਾਦਲ ਨਹੀਂ ਮੰਨਦਾ। ਏਕਤਾ ਦੀ ਗੱਲ ਮੁੜ ਠੁੱਸ ਹੋ ਗਈ। ਪਰ ਹੋਰ ਪੰਥਕ ਹਸਤੀਆਂ ਦੇ ਜ਼ੋਰ ਪਾਉਣ 'ਤੇ ਸਿੰਘ ਸਾਹਿਬ ਨੇ ਏਕਤਾ ਕਰਵਾਉਣ ਤੇ ਯਤਨ ਜਾਰੀ ਰੱਖੇ। ਬਰਨਾਲਾ ਸਾਹਿਬ ਦਿਲੋਂ ਚਾਹੁੰਦੇ ਸਨ, ਏਕਤਾ ਹੋ ਜਾਵੇ। ਏਕਤਾ ਹੁੰਦੀ ਸੀ ਤਾਂ ਪੰਜਾਬ ਸਮਝੌਤਾ ਲਾਗੂ ਕਰਵਾਉਣ ਵਿਚ ਉਸ ਦੇ ਹੱਥ ਮਜ਼ਬੂਤ ਹੁੰਦੇ ਸਨ।

ਇਸ ਰੌਲੇ-ਰੱਪੇ ਵਿਚ ਸ਼੍ਰੋਮਣੀ ਕਮੇਟੀ ਦੀ ਚੋਣ ਆ ਗਈ। ਸਿੰਘ ਸਾਹਿਬਾਨ ਨੇ ਮੁੜ ਏਕਾ ਕਰਨ ਲਈ ਇੱਕ ਜ਼ੋਰਦਾਰ ਅਪੀਲ ਕੱਢੀ:

"ਪੰਥ ਨਾਜ਼ੁਕ ਸਮੇਂ ਵਿਚੋਂ ਲੰਘ ਰਿਹਾ ਹੈ। ਬ੍ਰਾਹਮਣਵਾਦੀ ਸਰਕਾਰ ਨੇ ਸਾਡੇ 'ਤੇ ਅਥਾਹ ਜ਼ੁਲਮ ਕੀਤੇ ਹਨ। ਸਮਝੌਤਾ ਕਰਕੇ ਵੀ ਸਾਡੀਆਂ ਅੱਖਾਂ ਨਹੀਂ ਪੂੰਝੀਆਂ। ਛੋਟੀਆਂ ਤੇ ਨਿਕੰਮੀਆਂ ਅਹੁਦੇਦਾਰੀਆਂ ਲਈ ਪਾਟੋਧਾੜ ਹੋਏ ਖਲੋਤੇ ਹੋ। ਜਿੰਨਾ ਚਿਰ ਚੱਟਾਨਾਂ ਵਰਗੀ ਏਕਤਾ ਦਾ ਸਬੂਤ ਨਹੀਂ ਦਿੰਦੇ, ਇਸ ਤੋਂ ਵੀ ਭੈੜੀ ਵਾਪਰ ਸਕਦੀ ਹੈ। ਸਰਕਾਰ ਨੇ ਜੋਧਪੁਰ ਜੇਲ੍ਹ ਦੇ ਨੌਜਵਾਨਾਂ ਅਤੇ ਧਰਮੀ ਫ਼ੌਜੀਆਂ ਨੂੰ ਨਹੀਂ ਛੱਡਿਆ। ਚੌਰਾਸੀ ਦੇ ਕਤਲੇਆਮ ਵਿਚ ਵਿਧਵਾ ਹੋਈਆਂ ਭੈਣਾਂ ਤੇ ਯਤੀਮ ਬੱਚਿਆਂ ਦੀ ਸਰਕਾਰ ਨੇ ਸਾਰ ਨਹੀਂ ਲਈ। ਪਾਕਿਸਤਾਨ ਤੋਂ ਮੁੜੇ ਤੇ ਆਤਮ ਸਮਰਪਣ ਕਰਨ ਵਾਲੇ ਨੌਜਵਾਨਾਂ ਨੂੰ ਖੇਮਕਰਨ ਸਰਹੱਦ-ਅਤੇ ਡੇਰਾ ਬਾਬਾ ਨਾਨਕ ਸੈਕਟਰਾਂ ਵਿਚ ਝੂਠੇ ਮੁਕਾਬਲੇ ਬਣਾ ਕੇ ਮਾਰਿਆ ਗਿਆ। ਮੀਜ਼ੋਰਮ ਦੇ ਬਾਗ਼ੀਆਂ ਨੂੰ ਆਮ ਮੁਆਫ਼ੀ ਦਿੱਤੀ ਗਈ ਹੈ, ਪਰ ਸਾਡੇ ਸਿੱਖ ਨੌਜਵਾਨਾਂ ਨੂੰ ਮਾਰਿਆ ਹੈ ਜਾਂ ਜੇਲ੍ਹਾਂ ਵਿਚ ਬੰਦ ਕਰ ਰੱਖਿਆ ਹੈ। ਇਸ ਸਮੇਂ ਏਕਤਾ ਦੀ ਬੇਹੱਦ ਜ਼ਰੂਰੀ ਲੋੜ ਹੈ। ਅਸੀਂ ਅਪੀਲ ਕਰਦੇ ਆਂ, ਪੰਥਕ ਆਗੂ ਪੂਰੀ ਸੁਹਿਰਦਤਾ ਤੇ ਇਮਾਨਦਾਰੀ ਨਾਲ ਉੱਤਰ ਦੇਣਗੇ।"

ਇਸ ਅਪੀਲ ਦਾ ਸਾਰੇ ਸਿੱਖ ਜਗਤ ਵੱਲੋਂ ਭਾਰੀ ਸੁਆਗਤ ਕੀਤਾ ਗਿਆ। ਮੁੜ ਸ੍ਰੀ ਆਨੰਦਪੁਰ ਸਾਹਿਬ ਵਿਚ ਮੀਟਿੰਗ ਕੀਤੀ ਗਈ। ਸਾਰੇ ਆਗੂ ਆਪਣੇ ਗਿਲੇ ਦੁਹਰਾਉਂਦੇ ਰਹੇ। ਉਂਝ ਆਖਣ ਏਕਤਾ ਬੜੀ ਜ਼ਰੂਰੀ ਹੈ, ਪਰ ਅਸਲ ਮਕਸਦ ਤੋਂ ਕਾਨੀ ਝਾਨੀ ਕਰ ਜਾਣ। ਪਿਛਲੀ ਵਾਰ ਟੌਹੜਾ ਸਾਹਿਬ ਗੱਲ ਮੁਕਾ ਗਏ ਸਨ: ਬਰਨਾਲਾ ਮੁੱਖ ਮੰਤਰੀ, ਬਾਦਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਟੌਹੜਾ ਜੀ ਅਕਾਲੀ ਦਲ ਦੇ ਪ੍ਰਧਾਨ ਹੋਣਗੇ। ਉਹ ਗੱਲ ਵੀ ਬਾਦਲ ਸਾਹਿਬ ਨੂੰ ਰਾਸ ਨਾ ਆਈ। ਹੁਣ ਮੰਗਾਂ ਹੋਰ ਵਧ ਗਈਆਂ ਸਨ। ਉਹ ਚਾਹੁੰਦੇ ਸਨ, ਬਰਨਾਲਾ ਸਾਹਿਬ ਅਸਤੀਫ਼ਾ ਦੇ ਕੇ ਕਿਸੇ ਬਾਹਰਲੇ ਦੇਸ਼ ਰਾਜਦੂਤ ਜਾ ਲੱਗਣ। ਬਾਦਲ ਨੂੰ ਮੁੱਖ ਮੰਤਰੀ ਦੀ ਕੁਰਸੀ ਸਾਹਮਣੇ ਦਿੱਸਦੀ ਸੀ। ਜੱਟ ਦੀ ਅੜੀ, ਅੜੀ ਰਹੀ। ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਦੋਵੇਂ ਬੜੇ ਨਿੱਖਰ ਕੇ ਸਾਹਮਣੇ ਆ ਗਏ। ਜਥੇਦਾਰਾਂ ਦੀਆਂ ਏਕਤਾ ਦੀਆਂ ਅਪੀਲਾਂ ਖੂੰਡੇ ਲਾਈਨ ਲੱਗ ਗਈਆਂ। ਚੋਣ ਪਿੱਛੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਟੌਹੜਾ ਜੀ ਤੇ ਕਾਬਲ ਸਿੰਘ ਆਹਮਣੇ-ਸਾਹਮਣੇ ਆ ਗਏ। ਟੌਹੜਾ ਜੀ ਦਮਦਮੀ ਟਕਸਾਲ, ਪ੍ਰਕਾਸ਼ ਸਿੰਘ ਬਾਦਲ ਤੇ ਖਾੜਕੂ ਜਥੇਬੰਦੀਆਂ ਦੀ ਮਦਦ ਨਾਲ ਤੇਰਾਂ ਵੋਟਾਂ 'ਤੇ ਜਿੱਤ ਗਏ। ਬਰਨਾਲਾ ਦੇ ਸਾਥੀ ਮਾਯੂਸ ਹੋ ਕੇ ਚੰਡੀਗੜ੍ਹ ਨੂੰ ਚਲੇ ਗਏ।

ਸ੍ਰ. ਗੁਰਚਰਨ ਸਿੰਘ ਟੌਹੜਾ ਦੇ ਪ੍ਰਧਾਨ ਬਣ ਜਾਣ ਨਾਲ ਸਮਝਿਆ ਇਹ ਗਿਆ

ਕਿ ਬਰਨਾਲਾ ਦੀ ਸਰਕਾਰ ਹਾਰੀ ਹੈ। ਖਾੜਕੂਆਂ ਦੀਆਂ ਚੜ੍ਹਾਂ ਮਚੀਆਂ ਸਨ। ਸ੍ਰੀ ਦਰਬਾਰ ਸਾਹਿਬ ਨਾਜਾਇਜ਼ ਫ਼ਾਇਦਾ ਲਿਆ ਜਾਣ ਲੱਗਿਆ। ਕੁਰੀਤੀਆਂ ਤੇ ਵਿਪਰੀਤੀਆਂ ਵਧ ਗਈਆਂ। ਟੌਹੜਾ ਸਾਹਿਬ ਨੇ ਪ੍ਰਧਾਨ ਬਣਨ ਸਾਰ ਆਰਮੀ ਵਿਚੋਂ ਕੱਢੇ ਧਰਮੀ ਫ਼ੌਜੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਦੀ ਸੇਵਾ ਦੇ ਦਿੱਤੀ। ਖਾੜਕੂ ਗੁੰਡਿਆਂ ਦੀਆਂ ਮਨਮਾਨੀਆਂ ਨੂੰ ਠੱਲ੍ਹ ਪਾਉਣ ਲਈ ਧਰਮੀ ਫੌਜੀਆਂ ਉਨ੍ਹਾਂ ਨੂੰ ਰੋਕਿਆ, ਪਰ ਉਹ ਬੁਰਛਾਗਰਦੀ 'ਤੇ ਆਏ ਕਿਸੇ ਦੀ ਪ੍ਰਵਾਹ ਨਹੀਂ ਕਰਦੇ ਸੀ। ਖਾੜਕੂਆਂ ਤੇ ਧਰਮੀ ਫ਼ੌਜੀਆਂ ਵਿਚਕਾਰ ਇੰਤਜ਼ਾਮ ਦੇ ਮਸਲੇ 'ਤ ਟੱਕਰ ਹੋ ਗਈ। ਖਾੜਕੂ ਹਥਿਆਰਬੰਦ ਸਨ। ਉਨ੍ਹਾਂ ਇੱਕ ਧਰਮੀ ਫ਼ੌਜੀ ਅਵਤਾਰ ਸਿੰਘ ਦਾ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਕਤਲ ਕਰ ਦਿੱਤਾ। ਇਸ ਕਤਲ ਨਾਲ ਸ੍ਰੀ ਦਰਬਾਰ ਸਾਹਿਬ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਹੈਰਾਨੀ ਨਾਲ ਬੇਵੱਸ ਹੋ ਗਈਆਂ। ਅਜਿਹੇ ਉਪਦ੍ਰਵਾਂ ਨਾਲ ਦਰਸ਼ਨ ਅਭਿਲਾਸ਼ੀਆਂ ਦੀ ਗਿਣਤੀ ਹੋਰ ਘੱਟ ਗਈ। ਦੁਕਾਨਾਂ ਉਗਰਾਹੁਣ ਤੇ ਫਿਰੌਤੀਆਂ ਲੈਣ ਵਾਲਾ ਸਿਲਸਿਲਾ ਮੁੜ ਸ਼ੁਰੂ ਹੋ ਗਿਆ। ਖਾੜਕੂਆਂ ਦੇ ਵੀ ਕਈ ਧੜੇ ਸਨ, ਜਿਨ੍ਹਾਂ ਦੇ ਆਗੂ ਉਗਰਾਹੀ ਵਿਚੋਂ ਹਿੱਸਾ ਲੈਂਦੇ ਸਨ। ਕੋਈ ਕਿਸੇ ਦੇ ਜ਼ਬਤ ਤੇ ਆਗਿਆ ਵਿਚ ਨਹੀਂ ਸੀ। ਸਿਰ 'ਤੇ ਨਹੀਂ ਕੁੰਡਾ, ਹਾਥੀ ਫਿਰੇ ਲੁੰਡਾ ਵਾਲੀ ਅਵਸਥਾ ਹਕੀਕਤ ਬਣੀ ਹੋਈ ਸੀ।

ਅੱਠਤਾਲੀਵਾਂ ਕਾਂਡ

ਟੌਹੜਾ ਸਾਹਿਬ ਤੇ ਬਰਨਾਲਾ ਜੀ ਦੇ ਧੜਿਆਂ ਵਿਚਕਾਰ ਬਾਵਜੂਦ ਜਥੇਦਾਰਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਸੁਲਹ-ਸਫ਼ਾਈ ਨਾ ਹੋ ਸਕੀ। ਮੰਦੇ ਭਾਗ ਪੰਥ ਅਤੇ ਪੰਜਾਬ ਦੇ। ਪੰਜਾਬ ਅਸੈਂਬਲੀ ਵਿੱਚ ਮੁੱਖ ਮੰਤਰੀ ਬਰਨਾਲਾ ਭਾਰੂ ਸੀ, ਪਰ ਉਸ ਦਾ ਧੜਾ ਸ਼੍ਰੋਮਣੀ ਕਮੇਟੀ ਵਿੱਚ ਤੇਰਾਂ ਵੋਟਾਂ ਨਾਲ ਹਾਰ ਗਿਆ ਸੀ ਤੇ ਪ੍ਰਧਾਨ ਟੌਹੜਾ ਜੀ ਜਿੱਤ ਗਏ ਸਨ। ਪੰਥ ਪੂਰੀ ਤਰ੍ਹਾਂ ਦੋਫਾੜ ਹੋ ਚੁੱਕਾ ਸੀ। ਟੌਹੜਾ ਜੀ ਨੂੰ ਤਾਂ ਪ੍ਰਧਾਨਗੀ ਮਿਲ ਗਈ, ਪਰ ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪਦ ਤੋਂ ਵਾਂਝਾ ਰਹਿ ਗਿਆ। ਇਸ ਧੜੇ ਨੇ ਸਮਝਿਆ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਨੇ ਤਨੋ ਮਨੋ ਸਾਡੀ ਮਦਦ ਨਹੀਂ ਕੀਤੀ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕਾਰਨ ਗਿਆਨੀ ਕਿਰਪਾਲ ਸਿੰਘ ਤੋਂ ਅਸਤੀਫ਼ਾ ਲੈ ਲਿਆ ਅਤੇ ਨਵੇਂ ਜਥੇਦਾਰਾਂ ਦੀ ਭਾਲ ਸ਼ੁਰੂ ਕਰ ਦਿੱਤੀ।

ਉਨ੍ਹਾਂ ਦਿਨਾਂ ਵਿਚ ਮਨੋਹਰ ਕੀਰਤਨ ਕਰਨ ਵਿਚ ਪ੍ਰੋ. ਦਰਸ਼ਨ ਸਿੰਘ ਦੀ ਪੂਰੀ ਗੁੱਡੀ ਚੜ੍ਹੀ ਹੋਈ ਸੀ। ਸਿੱਖ ਜਗਤ ਵਿਚ ਹਰਮਨ ਪਿਆਰੇ ਹੋ ਚੁੱਕੇ ਸਨ। ਉਨ੍ਹਾਂ ਨੂੰ ਗੁਰਬਾਣੀ ਬੜੀ ਯਾਦ ਸੀ। ਗਲੇ ਦੀ ਸੁਰ ਮਿੱਠੀ ਤੇ ਧੂਹ ਪਾਊ ਸੀ। ਕੀਰਤਨ ਕਰਦੇ ਪ੍ਰਚਾਰ ਨਾਲ ਵੀ ਸੰਗਤਾਂ ਦੇ ਮਨ ਮੋਹ ਲੈਂਦੇ ਸਨ। ਵਿਚ ਵਿਚ ਉਰਦੂ ਪੰਜਾਬੀ ਦੇ ਸ਼ੇਅਰਾਂ ਨਾਲ ਨਿਹਾਲ ਕਰ ਛੱਡਦੇ। ਟੌਹੜਾ-ਬਾਦਲ ਧੜੇ ਨੂੰ ਇੱਕ ਨਿਰਪੱਖ ਜਥੇਦਾਰ ਚਾਹੀਦਾ ਸੀ। ਆਪਣਾ ਜਥੇਦਾਰ ਸ੍ਰੀ ਅਕਾਲ ਤਖ਼ਤ ਦਾ ਬਣਾ ਕੇ ਬਦਨਾਮੀ ਤੋਂ ਵੀ ਬਚਣਾ ਚਾਹੁੰਦੇ ਸੀ। ਉਨ੍ਹਾਂ ਨੂੰ ਵਿਸ਼ਵਾਸ ਸੀ, ਕੀਰਤਨ ਦੇ ਪ੍ਰਵਾਹ ਨਾਲ ਤਖ਼ਤ ਦੀ ਮਰਯਾਦਾ ਵੀ ਠੀਕ ਢੰਗ ਨਾਲ ਚਲਾਈ ਜਾ ਸਕੇਗੀ।

ਕੁਦਰਤੀ ਪ੍ਰੋ. ਦਰਸ਼ਨ ਸਿੰਘ ਉਸ ਦਿਨ ਅੰਮ੍ਰਿਤਸਰ ਕਿਸੇ ਮਿੱਤਰ ਦੇ ਘਰ ਠਹਿਰੇ ਹੋਏ ਸਨ, ਜਦੋਂ ਰੇਡਿਓ ਦੀਆਂ ਖ਼ਬਰਾਂ ਵਿਚ ਉਨ੍ਹਾਂ ਸੁਣਿਆ:

"ਪ੍ਰੋ. ਦਰਸ਼ਨ ਸਿੰਘ ਨੂੰ ਸਰਬ ਸੰਮਤੀ ਨਾਲ ਸ੍ਰੀ ਅਕਾਲ ਤਖ਼ਤ ਦੇ ਜੱਥੇਦਾਰ ਦੀ ਸੇਵਾ ਸੌਂਪ ਦਿੱਤੀ ਗਈ ਹੈ।"

ਘਰ ਦੇ ਮਿੱਤਰਾਂ ਉਨ੍ਹਾਂ ਨੂੰ ਵਧਾਈਆਂ ਪੇਸ਼ ਕੀਤੀਆਂ, ਪਰ ਪ੍ਰੋਫੈਸਰ ਸਾਹਿਬ ਹੈਰਾਨ ਹੀ ਰਹਿ ਗਏ।

"ਮੈਨੂੰ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ? ਇਹ ਕਿਵੇਂ ਹੋ ਸਕਦਾ ਏ? ਨਾ ਪੁੱਛ, ਨਾ ਦੱਸ। ਮੈਂ ਐਨੀ ਵੱਡੀ ਸੇਵਾ ਕਿਵੇਂ ਨਿਭਾਵਾਂਗਾ?" ਰਾਗੀ ਦਰਸ਼ਨ ਸਿੰਘ ਜੀ ਨੂੰ ਦੋਚਿੱਤੀ ਵਿਚ ਹੈਰਾਨੀ ਨੇ ਘੇਰਿਆ ਹੋਇਆ ਸੀ। ਉਹ ਫ਼ੋਨ ਕਰਕੇ ਪੁੱਛ-ਪੜਤਾਲ ਕਰਨਾ ਚਾਹੁੰਦੇ ਸੀ, ਪਰ ਰਾਤ ਦੇ ਨੌ ਵੱਜ ਚੁੱਕੇ ਸਨ। ਫ਼ੋਨ ਕੀਹਨੂੰ ਕਰਦੇ? ਸ਼੍ਰੋਮਣੀ ਕਮੇਟੀ ਦਾ ਦਫ਼ਤਰ ਕਦੋਂ

ਦਾ ਬੰਦ ਹੋ ਚੁੱਕਾ ਸੀ। ਪ੍ਰਧਾਨ ਸਕੱਤਰ ਪਤਾ ਨਹੀਂ ਕਿੱਧਰ ਨੂੰ ਵਗ ਗਏ ਹੋਣਗੇ।

ਰਿਹਾਇਸ਼ੀ ਮਿੱਤਰਾਂ ਹੌਸਲਾ ਦਿੱਤਾ,

"ਤੁਸੀਂ ਹਰ ਤਰ੍ਹਾਂ ਲਾਇਕ ਹੋ, ਐਵੇਂ ਨਾ ਘਬਰਾਓ, ਠੀਕ ਈ ਹੋਇਆ ਏ। ਗੁਰੂ ਦੀ ਦਾਤ ਸਮਝ ਕੇ ਸੇਵਾ ਸੰਭਾਲੋ, ਆਪੇ ਗੁਰੂ ਸਹਾਈ ਹੋਵੇਗਾ।"

"ਮੇਰੀ ਹੈਰਾਨੀ ਤਾਂ ਇਹ ਹੈ, ਕੱਛ 'ਚੋਂ ਮੁੰਗਲੀ ਕਿਵੇਂ ਨਿਕਲ ਆਈ?"

"ਬੱਸ ਜੀ ਹੁਣ ਤਕੜੇ ਹੋ ਕੇ ਪੰਥ ਦੀ ਸੇਵਾ ਕਰੋ ਤੇ ਖਿੱਲਰੇ ਪੰਥ ਨੂੰ ਜੋੜੋ।" ਉਨ੍ਹਾਂ ਹਿੰਮਤ ਦਾ ਥਾਪੜਾ ਦਿੱਤਾ।

"ਪਰ ਮੇਰੇ ਕੀਰਤਨ ਦਾ ਕੀ ਬਣੇਗਾ?" ਉਹ ਆਪਣੇ ਕੀਰਤਨ 'ਤੇ ਆਪ ਮੋਹਿਤ ਸਨ। ਇਹ ਉਨ੍ਹਾਂ ਦੀ ਆਤਮਿਕ ਭੁੱਖ ਦਾ ਸਵਾਲ ਵੀ ਸੀ।

"ਉਹ ਵੀ ਗੁਰੂ ਕਰਵਾਈ ਜਾਵੇਗੀ। ਗੁਰੂ ਨੇ ਸੇਵਾ ਬਖ਼ਸ਼ੀ ਹੈ ਤਾਂ ਕਰੋ। ਗੁਰੂ ਹਰ ਤਰ੍ਹਾਂ ਕਾਰ ਸਾਜ਼ ਐ।" ਮਿੱਤਰ ਨੇ ਗੁਰੂ ਦਾ ਪੱਖ ਲੈ ਕੇ ਪ੍ਰੋਫ਼ੈਸਰ ਸਾਹਿਬ ਦੀ ਤਸੱਲੀ ਕਰਵਾਈ।

ਪ੍ਰੋ. ਦਰਸ਼ਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਦਾ ਹਾਰ ਗਲ ਪਵਾ ਲਿਆ। ਹਾਲਾਤ ਭਾਵੇਂ ਵਿਗੜੇ ਅਤੇ ਅੱਤ ਦੇ ਪਾਟੋਧਾੜ ਸਨ, ਪਰ ਨਵੇਂ ਜੱਥੇਦਾਰ ਨੂੰ ਆਪਣੇ ਕੀਰਤਨ ਤੇ ਗੁਰਬਾਣੀ 'ਤੇ ਅਟੱਲ ਭਰੋਸਾ ਸੀ: ਮੈਂ ਸਭ ਠੀਕ ਕਰ ਲਵਾਂਗਾ।

ਛੇਤੀ ਹੀ ਅਕਾਲੀ ਦਲ ਦੇ ਰਹਿ ਚੁੱਕੇ ਪ੍ਰਧਾਨ ਸ੍ਰ. ਜਗਦੇਵ ਸਿੰਘ ਤਲਵੰਡੀ ਦੀ ਮਾਈ ਦਾ ਭੋਗ ਆ ਗਿਆ। ਜਥੇਦਾਰ ਜੀ ਨੇ ਤਲਵੰਡੀ ਪਹੁੰਚ ਕੇ ਕੀਰਤਨ ਕਰਨਾ ਸੀ। ਉਨ੍ਹਾਂ ਜਾਂਦਿਆਂ ਰਾਹ ਵਿਚੋਂ ਜਸਵੰਤ ਸਿੰਘ ਕੰਵਲ ਨੂੰ ਵੀ ਨਾਲ ਲੈ ਲਿਆ। ਕੀਰਤਨ ਪਿੱਛੋਂ ਸਟੇਜ' ਤੇ ਬੋਲਣ ਲਈ ਪੰਜ ਮਿੰਟ ਜਸਵੰਤ ਸਿੰਘ ਕੰਵਲ ਨੂੰ ਵੀ ਦਿੱਤੇ ਗਏ। ਉਸ ਉਹ ਪੰਜ ਮਿੰਟ ਪੰਥ ਤੇ ਪੰਜਾਬ ਦੇ ਭਲੇ ਹਿੱਤ ਏਕਤਾ 'ਤੇ ਖ਼ਰਚ ਕਰ ਦਿੱਤੇ।

"ਪਿਆਰੇ ਖਾਲਸਾ ਜੀ! ਭਰੇ ਪਰਿਵਾਰ ਵਿਚੋਂ ਵਿਛੜੀ ਮਾਤਾ ਜੀ ਦੀ ਰੂਹ ਨੂੰ ਪਹਿਲੋਂ ਪ੍ਰਣਾਮ ਕਰਦਾ ਆਂ। ਗੁਰੂ ਉਸ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ। ਹੁਣ ਮੈਂ ਪੰਜਾਬ ਦੀ ਲਹੂ ਭਿੱਜੀ ਹੋਣੀ ਅਤੇ ਸਾਡੇ ਆਗੂਆਂ ਦੇ ਕਿਰਦਾਰ ਬਾਰੇ ਆਉਂਦਾ ਆਂ।"

"ਅਸੀਂ ਸਰਕਾਰ ਦੇ ਨੰਗੇ ਚਿੱਟੇ ਜ਼ੁਲਮ ਅਤੇ ਵਗਾਏ ਲਹੂ ਦੇ ਦਰਿਆ ਵਿਚੋਂ ਗੁਜ਼ਰੇ ਆਂ। ਸਾਡੀ ਬਹੁਤ ਬੇਇੱਜ਼ਤੀ ਹੋਈ ਹੈ, ਪਰ ਸਾਡੇ ਲੀਡਰਾਂ ਭੋਰਾ ਮਹਿਸੂਸ ਨਹੀਂ ਕੀਤੀ। ਜੇ ਕੀਤੀ ਹੁੰਦੀ ਖੱਖੜੀਆਂ ਕਰੇਲੇ ਨਾ ਹੁੰਦੇ। ਅਕਾਲੀ ਦਲ ਪੰਜਾਬੀ ਸਿਆਸਤ ਦੀ ਸ਼ੌਕੀ ਮਾਂ ਹੈ, ਪਰ ਅੱਜ ਕਿੰਨੇ ਥਾਂ ਪਾਟ ਚੁੱਕਾ ਹੈ। ਪੰਜਾਬ ਦੀ ਨੌਜਵਾਨੀ ਨੇ ਹਥਿਆਰ ਚੁੱਕ ਲਏ ਹਨ। ਉਨ੍ਹਾਂ ਨੂੰ ਭਗਤੀ ਨਾਲ ਸ਼ਕਤੀ (ਰਾਜਨੀਤੀ) ਦੀ ਕਿਸੇ ਸੂਝ ਨਹੀਂ ਦਿੱਤੀ। ਦੁਸ਼ਮਣ ਮਜ਼ਬੂਤ ਕਿਲ੍ਹੇ ਵਿਚ ਬੈਠਾ ਹੈ। ਤੁਸੀਂ ਇੱਟਾਂ-ਰੋੜੇ ਆਪਸ ਨੂੰ ਮਾਰੀ ਜਾ ਰਹੇ ਹੋ। ਬੇੜੀ ਘੁੰਮਣ ਘੇਰੀ ਵਿਚ ਐ ਅਤੇ ਮਲਾਹ ਪਤਵਾਰਾਂ ਨਾਲ ਇੱਕ ਦੂਜੇ ਨੂੰ ਮਾਰ ਰਹੇ ਹਨ। ਕਿਨਾਰਾ ਕਿਵੇਂ ਮਿਲੇਗਾ? ਜ਼ਖ਼ਮੀ ਲੋਕਾਂ ਦਾ ਹਾਲ ਕੌਣ ਪੁੱਛੇਗਾ? ਅਜਿਹੇ ਨਾਜ਼ੁਕ ਮੌਕੇ ਜੇ ਆਗੂ ਏਕਤਾ ਨਹੀਂ ਕਰਦੇ, ਸਭ ਖੋਟੇ ਸਿੱਕੇ ਐ, ਗਰਜ਼ਾਂ ਦੇ ਡੋਗਰੇ ਐ।"

"ਮੇਰੀ ਸੋਚ ਆਖਦੀ ਐ, ਸਿੱਖਾਂ ਦੀ ਕੌਮ ਹਸਤੀ ਖ਼ਤਰੇ ਵਿਚ ਐ। ਜੇ ਮਜ਼ਬੂਤ ਏਕਤਾ ਤੇ ਸਾਰਥਕ ਰਾਜਸੀ ਸਟੈਂਡ ਨਹੀਂ ਬਣਾਉਣਗੇ ਇਤਿਹਾਸ ਤੁਹਾਨੂੰ ਦੋਸ਼ੀ ਹੀ ਨਹੀਂ,

ਗਦਾਰ ਆਖੇਗਾ। ਹਾਲੇ ਤੱਕ ਤੁਹਾਡਾ ਕਿਰਦਾਰ ਪੰਥ ਤੇ ਪੰਜਾਬ ਵਿਰੋਧੀ ਰਿਹਾ ਹੈ। ਸ਼ਾਇਦ ਸਾਡੇ ਲੀਡਰਾਂ ਨੂੰ ਬੁਰਾ ਲੱਗਾ ਹੋਵੇ, ਪਰ ਹੈ ਇਹ ਸੱਚ। ਹਾਲੇ ਵੇਲਾ ਹੈ, ਤੁਸੀਂ ਲੋਕਾਂ ਦੇ ਸੱਚ ਦੀ ਸੰਭਾਲ ਕਰ ਸਕਦੇ ਹੋ।" ਸਾਰੀ ਸੰਗਤ ਨੇ ਸਿਰ ਹਿਲਾ ਹਿਲਾ ਕੰਵਲ ਦੇ ਵਿਚਾਰਾਂ ਦੀ ਹਾਮੀ ਭਰੀ।

ਜਥੇਦਾਰ ਨੇ ਕੁਝ ਸਲਾਹਾਂ ਪਿੱਛੋਂ ਪੰਥ ਦੀ ਟੁੱਟੀ ਏਕਤਾ ਦੀ ਲੜੀ ਨੂੰ ਫੜ ਲਿਆ। ਲੰਮੀ ਸੋਚ ਵਿਚਾਰ ਪਿੱਛੋਂ ਪ੍ਰੋਫੈਸਰ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇੱਕ ਹੁਕਮਨਾਮਾ ਜਾਰੀ ਕਰ ਦਿੱਤਾ:

"ਸਮੂਹ ਅਕਾਲੀ ਦਲਾਂ ਨੂੰ ਤਖ਼ਤ ਹੁਕਮ ਦਿੰਦਾ ਹੈ ਕਿ ਪੰਥ ਭਲੇ ਦੇ ਹਿੱਤਾਂ ਲਈ ਸਾਰੇ ਅਕਾਲੀ ਦਲ ਭੰਗ ਕਰ ਦਿੱਤੇ ਜਾਣ। ਏਕਤਾ ਵਿਚ ਹੀ ਪੰਥ ਦੀ ਚੜ੍ਹਦੀ ਕਲਾ ਹੈ।"

ਉਨ੍ਹਾਂ ਅਕਾਲੀ ਦਲ ਤੋੜਨ ਦੀ ਇੱਕ ਤਾਰੀਖ਼ ਨਿਸ਼ਚਤ ਕਰ ਦਿੱਤੀ, ਕਿਉਂਕਿ ਆਪਾ ਵਿਰੋਧੀ ਅਤੇ ਗੜਬੜੀ ਵਾਲੀ ਸਥਿਤੀ ਵਿਚ ਕਈ ਅਕਾਲੀ ਦਲ ਵੱਖਰੇ ਵੱਖਰੇ ਨਾਵਾਂ ਨਾਲ ਉੱਭਰ ਆਏ ਸਨ। ਬਾਬਾ ਜੋਗਿੰਦਰ ਸਿੰਘ ਤਾਂ ਇੱਕ ਅਕਾਲੀ ਸੀ, ਜਿਸ ਨੂੰ ਸੰਤ ਲੌਂਗੋਵਾਲ ਨੇ ਚਿੱਠੀ ਲਿਖ ਕੇ ਸਾਰੇ ਰਾਜਸੀ ਅਧਿਕਾਰ ਦਿੱਤੇ ਸਨ। ਮੁੜ ਆਪਣਾ ਅਕਾਲੀ ਦਲ ਖੜ੍ਹਾ ਕਰ ਲਿਆ ਸੀ। ਸੰਤੋਖ ਸਿੰਘ ਦਿੱਲੀ ਗੁਰਦੁਆਰਾ ਪ੍ਰਬੰਧ ਦਾ ਪ੍ਰਧਾਨ ਸੀ, ਜਿਸ ਦੀ ਪਿੱਠ 'ਤੇ ਸਰਕਾਰ ਸੀ। ਸੁਰਜੀਤ ਸਿੰਘ ਪੁਰਾਣੇ ਅਕਾਲੀ ਦਲ ਦਾ ਪ੍ਰਧਾਨ ਸੀ। ਦਿੱਲੀ ਵਿਚ ਰਛਪਾਲ ਸਿੰਘ ਆਪਣਾ ਮਾਸਟਰ ਤਾਰਾ ਸਿੰਘ ਅਕਾਲੀ ਦਲ ਬਣਾਈ ਬੈਠਾ ਸੀ। ਇਹ ਅਕਾਲੀ ਦਲ ਵੀ ਸਰਕਾਰੀ ਛਤਰ ਛਾਇਆ ਦਾ ਹੀ ਅੰਗ ਸੀ। ਕੇਂਦਰ ਸ਼੍ਰੋਮਣੀ ਅਕਾਲੀ ਦਲ ਨੂੰ ਖੇਰੂੰ ਖੇਰੂੰ ਕਰਨ ਵਿਚ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਸੀ। ਇਸ ਤਰ੍ਹਾਂ ਪੰਥ ਦੀ ਸ਼ਕਤੀ ਹੀ ਨਹੀਂ ਵੰਡੀ ਹੋਈ ਸੀ, ਸਗੋਂ ਸਿੱਖ ਸੰਗਤ ਵਿਚ ਭੁਲੇਖੇ ਬਹੁਤ ਵਧ ਗਏ ਸਨ। ਜਥੇਦਾਰ ਦਰਸ਼ਨ ਸਿੰਘ ਦੀ ਸੋਚ ਸੀ, ਸਾਰੇ ਪੰਥ ਦੀ ਇੱਕ ਆਵਾਜ਼ ਇੱਕ ਹੀ ਸ਼੍ਰੋਮਣੀ ਅਕਾਲੀ ਦਲ ਹੋਵੇ। ਸੋਚ ਬਿਲਕੁਲ ਦਰੁਸਤ ਸੀ। ਇੱਕ ਸ਼੍ਰੋਮਣੀ ਅਕਾਲੀ ਦਲ ਵੱਲੋਂ ਇੱਕੋ ਹੀ ਮੰਗ 'ਤੇ ਸਾਰਾ ਜ਼ੋਰ ਦਿੱਤਾ ਜਾਵੇ, ਕਿਉਂਕਿ ਪੰਜਾਬ, ਦਿੱਲੀ ਤੇ ਹੋਰ ਸ਼ਹਿਰਾਂ ਵਿਚ ਘੱਲੂਘਾਰੇ ਵਰਤਾਅ ਕੇ ਸਿੱਖਾਂ ਦਾ ਬੇਥਾਹ ਖ਼ੂਨ ਵਹਾਇਆ ਗਿਆ ਸੀ। ਬਾਹਰਲੀਆਂ ਸਰਕਾਰਾਂ ਤੇ ਪ੍ਰੈਸਾਂ ਸਹੀ ਹਾਲਤ ਤੋਂ ਜਾਣੂ ਹੋਣਾ ਚਾਹੁੰਦੀਆਂ ਸਨ। ਹਿੰਦੋਸਤਾਨ ਦਾ ਸਾਰਾ ਪ੍ਰੈਸ ਸਵਾਏ ਪੰਜਾਬ ਦੇ ਇੱਕ-ਦੋ ਪੰਜਾਬੀ ਅਖ਼ਬਾਰਾਂ ਦੇ ਸਰਕਾਰ ਦਾ ਝੋਲੀ ਚੁੱਕ ਸੀ, ਜਿਹੜਾ ਸਿੱਖਾਂ ਵਿਰੁੱਧ ਭੜਕਾਊ ਤੇ ਆਤੰਕਵਾਦੀ ਹੋਣ ਦੀਆਂ ਧੜਾਧੜ ਖ਼ਬਰਾਂ ਛਾਪ ਰਿਹਾ ਸੀ। ਬਾਹਰਲੀ ਦੁਨੀਆਂ ਦੀ ਹਮਦਰਦੀ ਜਿੱਤਣ ਦੀ ਬੜੀ ਭਾਰੀ ਲੋੜ ਸੀ। ਸਰਕਾਰ ਦੇ ਬਾਹਰਲੇ ਸਫ਼ਾਰਤਖ਼ਾਨੇ ਸਿੱਖਾਂ ਨੂੰ ਫ਼ਿਰਕੂ ਤੇ ਬਰਾਬਰ ਕੌਮ ਸਾਬਤ ਕਰਨ ਲਈ ਲੱਖਾਂ-ਕਰੋੜਾਂ ਖ਼ਰਚ ਕਰ ਰਹੇ ਸਨ। ਇਨ੍ਹਾਂ ਸਾਰੇ ਬਾਹਰਲੇ-ਅੰਦਰਲੇ ਹਮਲੇ ਰੋਕਣ ਲਈ, ਮਜ਼ਬੂਤ ਏਕਤਾ ਇੱਕ ਜਥੇਬੰਦੀ ਅਤੇ ਇੱਕ ਮੰਗ (ਅੰਦਰੂਨੀ ਖ਼ੁਦਮੁਖ਼ਤਾਰੀ) ਸਾਹਮਣੇ ਰੱਖ ਕੇ ਆਪਣੀ ਹਸਤੀ ਕਾਇਮ ਰੱਖਣ ਵਾਸਤੇ ਜੱਦੋ-ਜਹਿਦ ਲੜੀ ਜਾਵੇ। ਇਹ ਸੋਚ ਨਵੇਂ ਜਥੇਦਾਰ ਦੀ ਸੀ।

ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਅਤੇ ਰਛਪਾਲ ਸਿੰਘ ਨੇ ਆਪਣੇ ਅਕਾਲੀ ਦਲ ਭੰਗ ਨਾ ਕੀਤੇ। ਬਾਕੀ ਸਾਰਿਆਂ ਦੇ ਮਤੇ ਸ੍ਰੀ ਅਕਾਲ ਤਖ਼ਤ ਪਹੁੰਚ ਗਏ ਸਨ। ਦਿੱਲੀ

ਵਾਲੇ ਰਛਪਾਲ ਸਿੰਘ ਨਾਲ ਇੱਕ ਤਾਂਗੇ ਦੇ ਸਵਾਰ ਮੈਂਬਰ ਵੀ ਨਹੀਂ ਸਨ। ਚਿੰਤਾ ਸੀ ਤਾਂ ਵੱਡੇ ਬਰਨਾਲਾ ਅਕਾਲੀ ਦਲ ਨੂੰ ਤੋੜਨ ਦੀ। ਹੁਕਮਨਾਮਾ ਨਾ ਮੰਨਣ ਕਾਰਨ ਸੁਰਜੀਤ ਸਿੰਘ ਬਰਨਾਲਾ ਨੇ ਤਨਖ਼ਾਹੀਆ ਹੋ ਜਾਣਾ ਸੀ। ਉਸ ਨੂੰ ਬੰਦੇ ਭੇਜ ਕੇ ਵੀ ਪ੍ਰੇਰਨਾ ਦਿੱਤੀ ਗਈ, ਆਪਣਾ ਅਕਾਲੀ ਦਲ ਭੰਗ ਕਰ ਦੇਵੇ, ਤੁਹਾਡੇ ਨਾਲ ਕਿਸੇ ਤਰ੍ਹਾਂ ਦੀ ਬੇਇਨਸਾਫ਼ੀ ਨਹੀਂ ਹੋਵੇਗੀ। ਪਰ ਉਹ ਸਾਥੀਆਂ ਦਾ ਚੁੱਕਿਆ ਨਾ ਮੰਨਿਆ। ਉਹ ਸਮਝਦਾ ਸੀ, ਮੇਰੀ ਕੁਰਸੀ ਖੋਹਣ ਦੀਆਂ ਚਾਲਾਂ ਹਨ। ਉਸ ਪ੍ਰੋ. ਦਰਸ਼ਨ ਸਿੰਘ ਨੂੰ ਟੌਹੜੇ ਤੇ ਬਾਦਲ ਦਾ ਬੰਦਾ ਸਮਝ ਲਿਆ। ਉਸ ਨੂੰ ਚੁੱਕ ਦਿੱਤੀ ਗਈ ਸੀ, ਤੁਹਾਨੂੰ ਉਲਟਾਉਣ ਦਾ ਪਹਿਲਾ ਕਦਮ ਐ, ਤੁਹਾਡੇ ਕੋਲੋਂ ਅਕਾਲੀ ਦਲ ਖੋਹਣਾ ਐ। ਉਸ ਸਾਫ਼ ਨਾਂਹ ਕਰ ਦਿੱਤੀ ਕਿ 1925 ਤੋਂ ਤੁਰੇ ਆ ਰਹੇ ਸ਼੍ਰੋਮਣੀ ਅਕਾਲੀ ਦਲ ਨੂੰ ਮੈਂ ਕਿਵੇਂ ਭੰਗ ਕਰ ਸਕਦਾ ਆਂ। ਮਜਬੂਰੀ ਮੂਹਰੇ ਪੰਜ ਜਥੇਦਾਰਾਂ ਉਸ ਨੂੰ ਹੁਕਮਅਦੂਲੀ ਕਰਨ ਦੇ ਦੋਸ਼ ਵਿਚ ਰਛਪਾਲ ਸਿੰਘ ਨਾਲ ਤਨਖ਼ਾਹੀਆ ਕਰਾਰ ਦੇ ਦਿੱਤਾ ਕਿ ਸ੍ਰੀ ਅਕਾਲ ਤਖ਼ਤ 'ਤੇ ਹਾਜ਼ਰ ਹੋ ਕੇ ਤਨਖਾਹ ਲੁਆਵੇ। ਪੰਥ ਵਿਚ ਇੱਕ ਹੋਰ ਨਵੀਂ ਭਸੂੜੀ ਪੈ ਗਈ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਪੰਥ ਦਾ ਇੱਕ ਇਕੱਠ ਬੁਲਾਇਆ। ਨੌਜਵਾਨ ਤੱਤੇ ਮੁੰਡੇ ਹਥਿਆਰ ਚੁੱਕੀ ਸਰਕਾਰ ਨਾਲ ਸਿੱਧਾ ਮੱਥਾ ਲਾਉਣ ਦੀਆਂ ਆਪ ਮੁਹਾਰੀਆਂ ਗੱਲਾਂ ਕਰਦੇ ਸਨ। ਉਨ੍ਹਾਂ ਨੂੰ ਜ਼ਬਤ ਵਿਚ ਲਿਆਉਣ ਤੇ ਨਾਲ ਜੋੜਨ ਦੀ ਲੋੜ ਸੀ ਤਾਂ ਜੋ ਪੰਥ ਦਾ ਮਜ਼ਬੂਤ ਮੁੱਠਾ ਬੰਨ੍ਹਿਆ ਜਾ ਸਕੇ। ਜਜ਼ਬਾਤੀ ਸੋਚ ਦਾ ਹੋਰ ਕੋਈ ਹੱਲ ਨਹੀਂ ਸੀ। ਹਾਲਾਂਕਿ ਸਰਕਾਰ ਨਾਲ ਹਥਿਆਰਬੰਦ ਸਿੱਧਾ ਮੱਥਾ ਲਾ ਕੇ ਵੇਖ ਲਿਆ ਸੀ; ਨਤੀਜੇ ਭੁਗਤ ਲਏ ਸਨ। ਸ੍ਰੀ ਦਰਬਾਰ ਸਾਹਿਬ, ਗੁਰੂ ਰਾਮਦਾਸ ਸਰਾਂ, ਪੰਜਾਬ ਤੋਂ ਬਾਹਰ ਵੀ ਖ਼ੂਨ ਦੀਆਂ ਨਦੀਆਂ ਵਹਾ ਕੇ ਵੇਖ ਲਈਆਂ ਸਨ। ਪਰ ਠਰੰਮਾ, ਵਿਚਾਰ ਤੇ ਜੱਦੋ-ਜਹਿਦ ਦੇ ਢੰਗ ਤਰੀਕੇ ਨਹੀਂ ਆਏ ਸਨ। ਲੋਕਾਂ ਦੇ ਦਿਲ ਜਿੱਤਣ ਵਾਲੀ ਪਾਲਿਸੀ ਪਾਸੇ ਕਰਕੇ ਰੱਖ ਦਿੱਤੀ ਸੀ, ਜਿਹੜੀ ਹਥਿਆਰਾਂ ਨਾਲੋਂ ਸੌ ਗੁਣਾ ਵੱਧ ਸ਼ਕਤੀਸ਼ਾਲੀ ਸੀ। ਮੀਟਿੰਗ ਹੰਗਾਮੀ ਸੀ। ਤਕਰੀਬਨ ਸਾਰੀਆਂ ਧਿਰਾਂ ਦੇ ਨੁਮਾਇੰਦੇ ਹਾਜ਼ਰ ਸਨ। ਮਹਾਰਾਜਾ ਅਮਰਿੰਦਰ ਸਿੰਘ ਪਟਿਆਲੇ ਵਾਲੇ ਨੀਲਾ ਤਾਰਾ ਹਮਲੇ ਕਾਰਨ ਗੁੱਸੇ ਹੋ ਕੇ ਕਾਂਗਰਸ ਛੱਡ ਕੇ ਪੰਥ ਵਿਚ ਆ ਰਲੇ ਸਨ। ਉਸ ਇਕੱਠ ਵਿਚ ਉਹ ਵੀ ਆਏ ਸਨ। ਉਸ ਦੀ ਕੁਰਬਾਨੀ ਨੂੰ ਮੁੱਖ ਰੱਖਦਿਆਂ ਕਿਸੇ ਸਿੱਖ ਨੇ ਰਹਿਤ ਮਰਯਾਦਾ ਦੇ ਪੱਖੋਂ ਤਾਹਨਾ ਮਾਰਿਆ।

"ਇੱਥੇ ਦਾੜ੍ਹੀਆਂ ਨੂੰ ਮੁਛਕਾਂ ਦੇਣ ਵਾਲਿਆਂ ਦਾ ਕੀ ਕੰਮ?"

ਮਹਾਰਾਜਾ ਸਿਆਣਾ ਸੀ, ਝੱਟ ਸਮਝ ਗਿਆ, ਇਹ ਗੱਲ ਮੈਨੂੰ ਲਾ ਕੇ ਆਖੀ ਗਈ ਐ। ਮਨਾਂ, ਇਨ੍ਹਾਂ ਭੂਤਰਿਆਂ ਦਾ ਕੀ ਵਿਸਾਹ, ਪੱਗ ਲਾਹ ਦੇਣ, ਦਾੜ੍ਹੀ ਨੂੰ ਹੱਥ ਪਾ ਲੈਣ। ਭਲੀ-ਭਾਂਤ ਨਾਲ ਇੱਜ਼ਤ ਬਚਾ ਕੇ ਉੱਠ ਚੱਲ ਤੇ ਉਹ ਕੋਈ ਬਹਾਨਾ ਪਾ ਕੇ ਇਕੱਠ ਵਿਚੋਂ ਖਿਸਕ ਗਿਆ। ਰਾਜਸੀ ਆਗੂ ਵਰਕਰ, ਸੰਤ ਮਹਾਤਮਾ, ਬੁੱਧੀਜੀਵੀ ਅਤੇ ਪ੍ਰੈਸ ਰਿਪੋਰਟਰਾਂ ਨਾਲ ਪੰਜ ਕੁ ਸੌ ਦੀ ਗਿਣਤੀ ਹੋਵੇਗੀ। ਪ੍ਰੋ. ਦਰਸ਼ਨ ਸਿੰਘ ਨੇ ਪੰਥ ਦੀ ਦੁਖਦਾਈ ਹਾਲਤ 'ਤੇ ਦਰਦ ਭਰੀ ਤਕਰੀਰ ਕੀਤੀ:

"ਪਿਆਰੇ ਪੰਥ ਦਰਦੀ ਖਾਲਸਾ ਜੀਓ! ਇਹ ਇਕੱਤਰਤਾ ਪੰਥ ਨੂੰ ਇਕ ਸੂਤਰ ਵਿਚ ਪ੍ਰੋਣ ਲਈ ਬੁਲਾਈ ਗਈ ਐ। ਮੈਂ ਪੰਥ ਨੂੰ ਪੁੱਛਦਾ ਆਂ, ਹੋਰ ਕਿੰਨਾ ਕੁ ਖੁਆਰ ਹੋਣਾ ਹੈ। ਆਪਣੇ ਦੇਸ਼, ਆਪਣੇ ਘਰ ਵਿਚ ਅਸੀਂ ਕਤਲ ਕੀਤੇ ਗਏ। ਵਿਦੇਸ਼ਾਂ ਵਿਚ ਭੰਡੇ ਗਏ। ਤਾਰੀਖ਼ ਗਵਾਹ ਐ, ਐਨੀ ਭੈੜੀ ਕਦੇ ਕਿਸੇ ਕੌਮ ਨਾਲ ਨਹੀਂ ਹੋਈ, ਪਰ ਸਾਡੀ ਢੀਠਤਾਈ ਦੀ ਵੀ ਹੱਦ ਮੁੱਕ ਗਈ। ਦੱਸਣ ਦੀ ਲੋੜ ਨਹੀਂ, ਸਾਡੀਆਂ ਧੀਆਂ ਭੈਣਾਂ ਨਾਲ ਕਿਵੇਂ ਬੀਤੀ ਐ। ਉਨ੍ਹਾਂ ਕੀਤੀ, ਜਿਨ੍ਹਾਂ ਦੀਆਂ ਧੀਆਂ ਭੈਣਾਂ ਨੂੰ ਆਪਣੀਆਂ ਸਮਝ ਕੇ ਸ਼ਹੀਦ ਹੋ ਹੋ ਛੁਡਾਂਦੇ ਰਹੇ। ਜਿਨ੍ਹਾਂ ਦੇ ਮੰਦਰਾਂ ਤੇ ਜਨੇਊਆਂ ਦੀ ਰਾਖੀ ਲਈ ਸਾਡੇ ਪੁਰਖੇ ਦਿੱਲੀ ਵਿਚ ਸੀਸ ਕਟਵਾਂਦੇ ਰਹੇ। ਆਪਣੇ ਸਕੇ ਸੋਦਰੇ ਜਦੋਂ ਦੁਸ਼ਮਣ ਬਣ ਜਾਣ, ਸਾਡੇ ਈਮਾਨ ਸ੍ਰੀ ਅਕਾਲ ਤਖ਼ਤ ਨੂੰ ਢਾਹ ਸੁੱਟਣ, ਓਦੋਂ ਵਿਸ਼ਵਾਸ ਤੇ ਸੋਚ ਨੂੰ ਕਰਵਟ ਬਦਲਣੀ ਚਾਹੀਦੀ ਐ। ਬ੍ਰਾਹਮਣਵਾਦ ਦੀ ਜਾਤੀ-ਵਿਜਾਤੀ ਸੋਚ ਦੇ ਬਿਲਕੁਲ ਉਲਟ ਸਿੱਖੀ ਇੱਕ ਅਕਾਲ ਬਰਾਬਰਤਾ ਦੇ ਆਧਾਰ 'ਤੇ ਸਰਬੱਤ ਦੇ ਭਲੇ ਦੀ ਇਨਕਲਾਬੀ ਵਿਚਾਰਧਾਰਾ ਲੈ ਕੇ ਅੱਗੇ ਆਈ ਹੈ।

"ਹੁਣ ਮੈਂ ਤੁਹਾਨੂੰ ਪੁੱਛਦਾ ਆਂ, ਇਸ ਸਰਬਤ ਦੇ ਭਲੇ ਵਾਲੀ ਸਿੱਖੀ ਅਥਵਾ ਪੰਜਾਬੀ ਕੌਮੀਅਤ ਨੂੰ ਜਿਉਂਦੀ ਰੱਖਣਾ ਏ ਜਾਂ ਕਬਰ ਵਿਚ ਪਾ ਦੇਣਾ ਹੈ? ਇਹ ਬੁਨਿਆਦੀ ਸਵਾਲ ਸਾਡੇ ਸਾਰਿਆਂ ਦੇ ਸਾਹਮਣੇ ਨੰਗੀ ਤਲਵਾਰ ਬਣਿਆ ਖਲੋਤਾ ਹੈ। ਦੋ ਹੀ ਰਾਹ ਹਨ, ਨਤੀਜੇ ਭੁਗਤਣ ਲਈ। ਇਹ ਨੰਗੀ ਤਲਵਾਰ ਤੁਹਾਡੀ ਗਰਦਨ ਕੱਟੇਗੀ ਜਾਂ ਮੁੱਠ ਵਿਚ ਆ ਕੇ ਬਚਾਅ ਲਈ ਤਾਕਤ ਬਣੇਗੀ। ਬਹੁਤ ਕੁਝ ਕਹਿਣ ਵਾਲਾ ਹੈ, ਪਰ ਸਮਾਂ ਨਹੀਂ। ਇਸ ਬੁਨਿਆਦੀ ਨੁਕਤੇ 'ਤੇ ਮੈਂ ਪੰਥ ਵਿਚ ਚੱਟਾਨ ਵਰਗੀ ਨਿੱਗਰ ਏਕਤਾ ਚਾਹੁੰਦਾ ਆਂ। ਸਾਡੇ ਸਾਰੇ ਉਲਝੇ ਮਸਲਿਆਂ ਦਾ ਹੱਲ ਮੁੱਢਲੀ ਏਕਤਾ ਵਿਚ ਹੈ। ਤੁਸੀਂ ਰਾਜਸੀ ਆਗੂ ਭਾਈਓ, ਸੰਸਥਾਓ, ਡੇਰਾਈ ਏਕਤਾ ਦੀ ਗੁਰਚਾਲੀ ਬਿਨਾਂ ਜਿਉਣ ਵਾਸਤੇ ਕੋਈ ਰਾਹ ਰਹਿ ਹੀ ਨਹੀਂ ਗਿਆ। ਏਕਤਾ ਸਿੱਖੀ ਦਾ ਧੁਰਾ ਚੌਕ ਬਣ ਚੁੱਕੀ ਹੈ, ਜਿੱਥੋਂ ਭਗਤੀ ਤੇ ਸ਼ਕਤੀ ਦੀਆਂ ਸ਼ਾਹ ਰਾਹਾਂ ਤੁਰਦੀਆਂ ਹਨ। ਇਕ ਰਾਹ ਹੈ, ਨਾਲ ਹੀ ਇਹ ਵੀ ਸਪਸ਼ਟ ਕਰ ਦੇਵਾਂ, ਜੇ ਏਕਤਾ ਨਹੀਂ ਕਰਨੀ, ਸ਼ਾਇਦ ਮੈਂ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਨਾ ਰਹਾਂ। ਇਹ ਮੇਰੇ ਅੰਤਹਕਰਨ ਦਾ ਫ਼ੈਸਲਾ ਐ। ਗੁਰੂ ਮਹਾਨ ਹੈ ਤੇ ਸੰਗਤ ਮਹਾਨ ਤੋਂ ਵੀ ਮਹਾਨ ਹੈ। ਸਿੱਖੀ ਵਰਗੀ ਡੈਮੋਕਰੇਸੀ ਤੁਹਾਨੂੰ ਦੁਨੀਆਂ ਦੀ ਤਾਰੀਖ਼ ਵਿਚ ਕਿਤੋਂ ਨਹੀਂ ਮਿਲੇਗੀ। ਹੁਣ ਮੈਨੂੰ ਮਹਾਨ ਸੰਗਤ ਦਾ ਫ਼ੈਸਲਾ ਚਾਹੀਦਾ ਹੈ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

ਏਨੀ ਕਹਿ ਕੇ ਪ੍ਰੋ. ਦਰਸ਼ਨ ਸਿੰਘ ਜੀ ਸੰਗਤ ਵਿਚ ਬਿਰਾਜ ਗਏ। ਉਨ੍ਹਾਂ ਦੇ ਕਾਟ ਕਰਨ ਵਾਲੇ ਬੋਲਾਂ ਲੋਕਾਂ ਦੇ ਲੂੰ ਕੰਡੇ ਬਣਾ ਧਰੇ ਸਨ। ਜੋ ਕਿਹਾ, ਨੰਗਾ ਸੱਚ ਸੀ। ਉਸ ਤੋਂ ਕਿਵੇਂ ਵੀ ਇਨਕਾਰ ਜਾਂ ਆਸਾ-ਪਾਸਾ ਨਹੀਂ ਕੀਤਾ ਜਾ ਸਕਦਾ ਸੀ। ਸਾਰੀ ਸੰਗਤ ਵਿਚ ਮੋਟੀ ਚੁੱਪ ਵਰਤ ਗਈ। ਆਖ਼ਰ ਇਕ ਸਿੰਘ ਜੇਰਾ ਕਰਕੇ ਉੱਠਿਆ ਤੇ ਨਰਮੀ ਨਾਲ ਫ਼ਤਹਿ ਬੁਲਾਈ।

"ਪ੍ਰੋਫ਼ੈਸਰ ਸਾਹਿਬ ਨੇ ਜੋ ਆਖਿਆ, ਸੋਲਾਂ ਆਨੇ ਸੱਚ ਐ। ਏਕਤਾ ਦਾ ਹਥਿਆਰ ਹੀ ਸਾਨੂੰ ਬਚਾਅ ਸਕਦਾ ਏ। ਮੈਂ ਨਹੀਂ ਸਮਝਦਾ ਕੋਈ ਆਗੂ ਜਾਂ ਅਕਾਲੀ ਦਲ ਦੇ ਵਿਰੋਧ ਵਿਚ ਖਲੋਵੇਗਾ, ਪਰ ਇਕੱਠ ਵਿਚ ਵੱਡੀ ਮਿਆਊਂ ਨਹੀਂ ਆਈ। ਉਹਦੇ ਬਿਨਾਂ ਏਕਤਾ ਕਾਹਦੀ ਐ। ਖਾੜਕੂ ਜਥੇਬੰਦੀਆਂ ਨੂੰ ਇੱਕ ਕਰਨ ਤੇ ਡਸਿਪਲਨ ਵਿਚ ਲਿਆਉਣ ਦੀ

ਭਾਰੀ ਲੋੜ ਐ। ਸਾਡੀ ਨੌਜਵਾਨ ਸ਼ਕਤੀ ਨੂੰ ਕੁਰਾਹੇ ਪੈਣੋਂ ਰੋਕਿਆ ਜਾਵੇ। ਜੇ ਸ਼ੇਰਾਂ ਨੂੰ ਨਹੀਂ ਨੱਥਿਆ ਜਾਵੇਗਾ, ਨਤੀਜੇ ਏਕਤਾ ਦੇ ਉਲਟ ਜਾਣਗੇ। ਬਾਕੀ ਰਹੀ ਸੰਗਤ ਅਥਵਾ ਜਨਤਾ ਦੀ ਗੱਲ, ਉਹ ਤਾਂ ਹਮੇਸ਼ਾ ਮੰਨਣਹਾਰੀ ਰਹੀ ਹੈ। ਮੇਰੇ ਖਿਆਲ ਵਿਚ ਅਕਲ ਤੇ ਤਾਕਤ ਇਕ-ਦੂਜੇ ਵਿਰੁੱਧ ਲੜ ਰਹੀਆਂ ਹਨ। ਇਹੋ ਬਿਮਾਰੀ ਸਾਡੀ ਵੱਡੀ ਹਾਰ ਦਾ ਕਾਰਨ ਹੈ।" ਬੁਲਾਰਾ ਏਨੇ ਸ਼ਬਦ ਕਹਿ ਕੇ ਖਾਮੋਸ਼ ਹੋ ਗਿਆ।

ਇਕ ਹੋਰ ਸਿੰਘ ਨੇ ਬੋਲਣ ਲਈ ਹੱਥ ਖੜ੍ਹਾ ਕੀਤਾ। ਪ੍ਰੋਫੈਸਰ ਸਾਹਿਬ ਦੇ ਇਸ਼ਾਰੇ 'ਤੇ ਉਹ ਉੱਠ ਕੇ ਖਲੋ ਗਿਆ:

"ਮੈਂ ਸਮਝਦਾ ਆਂ, ਦੋਵਾਂ ਸਿੰਘਾਂ ਸਪਸ਼ਟ ਤੌਰ 'ਤੇ ਗੱਲ ਨਿਖਾਰ ਦਿੱਤੀ ਹੈ ਅਤੇ ਬੁਨਿਆਦੀ ਨੁਕਤੇ 'ਤੇ ਵੀ ਆ ਗਈ ਹੈ। ਮੈਂ ਬੁੱਧੀਜੀਵੀਆਂ ਨੂੰ ਬੇਨਤੀ ਕਰਾਂਗਾ ਕਿ ਉਹ ਸ਼ੇਰ ਸ਼ਕਤੀ ਨੂੰ ਭਗਤੀ ਭਾਵਨਾ ਤੇ ਨੀਤਕ ਪੈਂਤੜੇਬਾਜ਼ੀ ਦੇ ਦਾਅਪੇਚਾਂ ਤੋਂ ਜਾਣੂ ਕਰਵਾਉਣ। ਉਨ੍ਹਾਂ ਦੀ ਨਰੋਈ ਦਲੀਲ ਹੀ ਆਪਮੁਹਾਰੇ ਜੋਸ਼ ਨੂੰ ਠੱਲ੍ਹ ਪਾ ਸਕਦੀ ਐ। ਅਸੀਂ ਹਥਿਆਰਾਂ ਨਾਲ ਦਿੱਲੀ ਨੂੰ ਨਹੀਂ ਢਾਹ ਸਕਦੇ। ਅਸਾਂ ਜਾਨੀ ਮਾਲੀ ਤੇ ਧਰਮ ਕਰਮ ਪੱਖੋਂ ਪਹਿਲਾਂ ਹੀ ਬਹੁਤ ਨੁਕਸਾਨ ਕਰਵਾ ਲਿਆ ਹੈ। ਇਹ ਲਹੂ ਭਰੀ ਹੋਣੀ ਤੋਂ ਭਵਿੱਖ ਲਈ ਕੋਈ ਚੰਗਾ ਸਬਕ ਲੈਣਾ ਚਾਹੀਦਾ ਹੈ। ਮੇਰੀ ਤਜਵੀਜ਼ ਐ, ਇੱਕ ਕਮੇਟੀ ਥਾਪੀ ਜਾਵੇ, ਜਿਹੜੀ ਖਾੜਕੂਆਂ ਨੂੰ ਸਿੱਖ ਜੱਦੋ-ਜਹਿਦ ਦੀ ਧਾਰਾ ਵਿਚ ਲਿਆਵੇ ਅਤੇ ਨਾਲ ਹੀ ਇਹ ਲਾਇਨ ਤਹਿ ਕਰੇ, ਅਸਾਂ ਆਪਣੇ ਜਾਇਜ਼ ਹੱਕ ਸਰਕਾਰ ਤੋਂ ਕਿਵੇਂ ਲੈਣੇ ਹਨ। ਕੋਈ ਸਹਿਣਸ਼ੀਲਤਾ ਵਾਲਾ ਵਿਚਕਾਰਲਾ ਰਾਹ ਕੱਢਿਆ ਜਾਵੇ।" ਏਨੀ ਆਖ, ਹੱਥ ਜੋੜਦਾ ਉਹ ਸੰਗਤ ਨੂੰ ਸਿਰ ਨਿਵਾਂਦਾ ਬਹਿ ਗਿਆ।

ਲੰਮੇ ਸਮੇਂ ਲਈ ਚੁੱਪ ਤਣ ਗਈ, ਆਪਸੀ ਗੱਲਾਂ ਦਾ ਥੋੜ੍ਹਾ ਰੌਲਾ ਵਧ ਗਿਆ। ਪ੍ਰੋ. ਦਰਸ਼ਨ ਸਿੰਘ ਜੀ ਚੁੱਪ ਤੋੜਨ ਤੇ ਰੌਲਾ ਬੰਦ ਕਰਨ ਲਈ ਹੱਥ ਤੇਗਾ ਫੜੀ ਮੁੜ ਖਲੋ ਗਏ।

"ਮੈਨੂੰ ਖਾਲਸਾ ਜੀ, ਸਿੰਘ ਦੀ ਤਜਵੀਜ਼ ਖਾੜਕੂਆਂ ਨਾਲ ਗੱਲ ਕਰਨ ਵਾਲੀ ਬਹੁਤ ਚੰਗੀ ਤੇ ਢੁਕਵੀਂ ਲੱਗੀ ਹੈ। ਖਾੜਕੂਆਂ ਨੂੰ ਅਹੁਦੇਦਾਰੀਆਂ ਵਿਚ ਲਿਆ ਜਾਵੇ। ਉਨ੍ਹਾਂ 'ਤੇ ਜ਼ਿੰਮੇਵਾਰੀ ਆਵੇਗੀ ਤਾਂ ਉਹ ਮਹਿਸੂਸ ਵੀ ਕਰਨਗੇ। ਮੇਰੇ ਵਿਚਾਰ ਵਿਚ ਤਿੰਨ ਮੈਂਬਰੀ ਕਮੇਟੀ ਠੀਕ ਰਹੇਗੀ। ਇਹ ਤਿੰਨ ਮੈਂਬਰੀ ਕਮੇਟੀ ਏਕਤਾ ਲਈ ਬਰਨਾਲਾ ਅਕਾਲੀ ਦਲ ਨੂੰ ਵੀ ਪ੍ਰੇਰੇ। ਕਮੇਟੀ ਦਾ ਇਕ ਮੈਂਬਰ ਇਹ ਸੁਝਾਅ ਦੇਣ ਵਾਲਾ ਹੋਵੇਗਾ। ਇੱਕ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੇਖਵਾਂ ਸਾਹਿਬ ਤੇ ਤੀਜੇ ਜਸਵੰਤ ਸਿੰਘ ਕੰਵਲ ਨੂੰ ਲੇਖਕਾਂ ਵਿਚੋਂ ਲੈ ਲਿਆ ਜਾਵੇ। ਇਹ ਤਿੰਨੇ ਖਾੜਕੂ ਧਾਣਿਆਂ ਨਾਲ ਪਹਿਲੋਂ ਏਕਤਾ ਦੀ ਗੱਲ ਕਰਨ। ਫਿਰ ਉਨ੍ਹਾਂ ਨਾਲ ਤਹਿ ਹੋਈ ਗੱਲ ਦੀ ਰਿਪੋਰਟ ਦੇਣ, ਮੁੜ ਖਾੜਕੂਆਂ ਨੂੰ ਅਕਾਲੀ ਦਲ ਦੀਆਂ ਅਹੁਦੇਦਾਰੀਆਂ ਵਿਚ ਲਿਆ ਜਾਵੇ। ਜੇ ਅਸੀਂ ਸਿੰਘ ਦੇ ਆਖਣ ਅਨੁਸਾਰ ਅਕਲ ਤੇ ਤਾਕਤ ਨੂੰ ਜੋੜ ਜਾਈਏ, ਅਸਲੀ ਏਕਤਾ ਓਹੀ ਹੋਵੇਗੀ। ਮੈਂ ਬੁੱਧੀਜੀਵੀ ਭਾਈ ਦੇ ਵਿਚਾਰਾਂ ਦੀ ਪੂਰੀ ਸਿਦਕ ਦਿਲੀ ਨਾਲ ਪ੍ਰੋੜ੍ਹਤਾ ਕਰਦਾ ਆਂ ਅਤੇ ਤਿੰਨ ਮੈਂਬਰੀ ਕਮੇਟੀ ਦੇ ਨਾਂ ਸੰਗਤ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਂਦੇ ਹਨ।"

ਸੰਗਤ ਵਿਚੋਂ ਪ੍ਰਵਾਨਗੀ ਲਈ ਇੱਕ ਸਿੰਘ ਨੇ ਜ਼ੋਰਦਾਰ ਜੈਕਾਰਾ ਛੱਡ ਦਿੱਤਾ।

"ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।"

ਪ੍ਰੋ. ਦਰਸ਼ਨ ਸਿੰਘ ਦੀ ਪੇਸ਼ ਕੀਤੀ ਤਿੰਨ ਮੈਂਬਰੀ ਕਮੇਟੀ ਤਜਵੀਜ਼ ਸਰਬ ਸੰਮਤੀ ਨਾਲ ਪ੍ਰਵਾਨ ਹੋ ਗਈ। ਕੰਵਲ ਨੇ ਕੁਝ ਇੱਕ ਖਾੜਕੂਆਂ ਨੂੰ ਟੋਹਿਆ "ਭੈੜੀ ਸਥਿਤੀ ਦਾ ਰਲ-ਜੁੜ ਕੇ ਹੀ ਮੁਕਾਬਲਾ ਕੀਤਾ ਜਾ ਸਕਦਾ ਏ।" ਉਨ੍ਹਾਂ ਦੇ ਜਵਾਬ ਇੱਕ ਪਾਸੜ ਹੀ ਨਹੀਂ, ਕੁਰੱਖਤ ਵੀ ਸਨ।

"ਅਸੀਂ ਜਾਨਾਂ ਬਚਾਉਣ ਵਾਲੇ ਬੁਜ਼ਦਿਲਾਂ ਨਾਲ ਕੋਈ ਮੇਲ-ਜੋਲ ਨਹੀਂ ਕਰਨਾ। ਅਕਾਲੀ ਦਲ ਸਾਡੇ ਹਵਾਲੇ ਕਰਕੇ ਉਹ ਘਰੀਂ ਬੈਠ ਕੇ ਪਾਠ ਕਰਨ। ਹੁਣ ਅਕਾਲ ਤਖ਼ਤ ਦਾ ਜਥੇਦਾਰ ਸਾਡਾ ਹੋਵੇਗਾ ਆਦਿ-ਆਦਿ।"

ਜਸਵੰਤ ਸਿੰਘ ਕੰਵਲ ਨੇ ਸੇਖਵਾਂ ਜੀ ਨੂੰ ਸਾਫ਼ ਕਹਿ ਦਿੱਤਾ:

"ਇਹ ਨਕਸਲਵਾੜੀ ਨਹੀਂ, ਜਿਹੜੇ ਗ਼ਲਤੀ ਦਾ ਅਹਿਸਾਸ ਕਰਕੇ ਵਾਪਸ ਮੁੜ ਆਉਣਗੇ। ਇਹ ਚੱਟਾਨ ਨਾਲ ਟਕਰਾਉਣ ਲਈ ਬਜ਼ਿੱਦ ਹਨ, ਜ਼ਰੂਰ ਨੁਕਸਾਨ ਉਠਾਉਣਗੇ। ਹੋਣੀ ਇਨ੍ਹਾਂ ਦੇ ਲਹੂ ਨਾਲ ਆਪਣਾ ਖਾਲੀ ਖੱਪਰ ਭਰਨ ਦੀ ਉਡੀਕ ਕਰ ਰਹੀ ਐ। ਜਿਸ ਕੋਲ ਅਹਿਸਾਸ ਨਹੀਂ, ਗਿਆਨ ਆਪਣੇ ਮੱਥੇ 'ਤੇ ਹੱਥ ਹੀ ਮਾਰ ਸਕਦਾ ਹੈ। ਤੁਸੀਂ ਗੱਲ ਕਰਕੇ ਵੇਖ ਲਵੋ, ਸ਼ਾਇਦ ਕੁਝ ਹਾਸਲ ਹੋ ਜਾਵੇ, ਪਰ ਮੈਨੂੰ ਕੋਈ ਆਸ ਨਹੀਂ।"

"ਗੱਲ ਕੀ ਕਰੀਏ?" ਸੇਖਵਾਂ ਸਾਹਿਬ ਨਿਰਾਸ਼ ਸਨ। "ਉਹ ਤਾਂ ਸਿੱਧੇ ਗਲ ਪੈਂਦੇ ਐ। ਦਲੀਲ ਨੂੰ ਕੁੱਤੀ ਸਮਝਦੇ ਐ।"

ਤਿੰਨ ਮੈਂਬਰੀ ਕਮੇਟੀ ਅਸਲੋਂ ਮਾਯੂਸ ਹੋ ਗਈ।

ਉਨਿੰਜਵਾਂ ਕਾਂਡ

ਬਰਨਾਲਾ ਸਾਹਿਬ ਦੀ ਸਿਆਣਪ ਸਾਰੀ ਉਮਰ ਸ਼ਰਾਫ਼ਤ ਥੱਲੇ ਦੱਬੀ ਰਹੀ। ਉਹ ਦਲੇਰੀ ਵਾਲਾ ਕਦਮ ਚੁੱਕਣ ਤੋਂ ਹਮੇਸ਼ਾ ਝਿਜਕਦੇ ਰਹੇ। ਉਸ ਆਪਣੀ ਰਾਜਸੀ ਦੌੜ ਵਿਚ ਇਤਿਹਾਸਕ ਪੱਖੋਂ ਦੋ ਵੱਡੀਆਂ ਗ਼ਲਤੀਆਂ ਕੀਤੀਆਂ। ਪੰਜਾਬ ਸਮਝੌਤੇ ਅਨੁਸਾਰ 26 ਜਨਵਰੀ, 1986 ਨੂੰ ਚੰਡੀਗੜ੍ਹ ਪੰਜਾਬ ਨੂੰ ਸੌਂਪ ਦੇਣਾ ਸੀ। ਸਮਾਗਮ ਦੀ ਤਿਆਰੀ ਪੂਰੀ ਸ਼ਾਨੋ-ਸ਼ੌਕਤ ਨਾਲ ਕੀਤੀ ਗਈ ਸੀ। ਰਾਜੀਵ ਨੇ ਬਸ ਆ ਕੇ ਐਲਾਨ ਹੀ ਕਰਨਾ ਸੀ। ਪ੍ਰਧਾਨ ਮੰਤਰੀ ਦੀ ਬੜੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਸੀ। ਪਰ ਸ਼ਾਮ ਪੈ ਗਈ, ਰਾਜੀਵ ਨਾ ਆਇਆ, ਨਾ ਹੀ ਫ਼ੋਨ ਰਾਹੀਂ ਕੋਈ ਸੁਨੇਹਾ ਪੁੱਜਾ। ਬਰਨਾਲਾ ਜੀ ਦਾ ਵਿਸ਼ਵਾਸ ਅਸਲੋਂ ਖੇਹ ਮਿੱਟੀ ਹੋ ਗਿਆ। ਜੇਕਰ ਉਹ ਉਸ ਦਿਨ ਹੀ ਮੁੱਖ ਮੰਤਰੀ ਪਦ ਤੋਂ ਅਸਤੀਫ਼ਾ ਦੇ ਦੇਂਦਾ, ਉਹ ਕੌਮ ਦਾ ਹਮੇਸ਼ਾ ਲਈ ਮੁਖੀ ਸਰਦਾਰ ਬਣ ਜਾਂਦਾ। ਦਿੱਲੀ ਨੇ ਸਮਝ ਲਿਆ, ਬਰਨਾਲਾ ਗੱਦੀ ਨਹੀਂ ਛੱਡ ਸਕਦਾ। ਉਸ ਨੂੰ ਪੰਜਾਬ ਵਿਚ ਇਕ ਕਮਜ਼ੋਰ ਮੁੱਖ ਮੰਤਰੀ ਚਾਹੀਦਾ ਸੀ; ਜਿਹੜਾ ਔਨਰੇਬਲ ਕਲਰਕ ਵਾਂਗ ਉਨ੍ਹਾਂ ਹੇਠ ਕੰਮ ਕਰ ਸਕਦਾ। ਲੋਕਾਂ ਉਸ ਦੀ ਕਮਜ਼ੋਰੀ 'ਤੇ ਹਾਅ ਦਾ ਨਾਅਰਾ ਮਾਰਿਆ। ਪੰਜਾਬ ਦਾ ਭੱਠਾ ਬਹਿ ਗਿਆ ਤੇ ਰੇਤ ਰਲ ਗਿਆ। ਸਮਝੌਤਾ; ਜਿੱਧਰ ਗਈਆਂ ਬੇੜੀਆਂ, ਓਧਰ ਰੁੜ੍ਹੇ ਮਲਾਹ।

ਦੂਜੀ ਗ਼ਲਤੀ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਦੇ ਵਿਰੋਧ ਕਾਰਨ ਹੋ ਗਈ। ਉਹ ਸੱਦੇ ਵਾਲੀ ਤਾਰੀਖ਼ 'ਤੇ ਨਾ ਪੁੱਜਾ। ਸ਼ਾਇਦ ਕੁੱਝ ਖ਼ੁਦਗਰਜ਼ਾਂ ਗੁਮਰਾਹ ਕਰ ਦਿੱਤਾ ਸੀ। ਬਰਨਾਲਾ ਜੀ ਦੇ ਮਨ ਵਹਿਮ ਵੜ ਬੈਠਾ ਸੀ, ਸਾਰਾ ਇਕੱਠ ਸਾਧ ਦੀ ਬੂਰੀ 'ਤੇ ਜੋੜਿਆ ਹੈ। ਇਨ੍ਹਾਂ ਮੈਨੂੰ ਮੁੱਖ ਮੰਤਰੀ ਦੀ ਗੱਦੀ ਤੋਂ ਲਾਹੁਣਾ ਏ। ਪ੍ਰੋ. ਦਰਸ਼ਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਨੂੰ ਫ਼ਿਕਰ ਪੈ ਗਿਆ, ਜੇ ਮੁੱਖ ਮੰਤਰੀ ਪੰਜ ਪਿਆਰਿਆਂ ਅੱਗੇ ਪੇਸ਼ ਨਾ ਹੋਇਆ, ਸ੍ਰੀ ਅਕਾਲ ਤਖ਼ਤ ਦੀ ਹੇਠੀ ਹੋਵੇਗੀ। ਉਨ੍ਹਾਂ ਜਸਵੰਤ ਸਿੰਘ ਕੰਵਲ ਦੇ ਕੰਨ ਵਿਚ ਫੂਕ ਮਾਰੀ।

"ਤੁਸੀਂ ਬਰਨਾਲਾ ਜੀ ਨੂੰ ਸ੍ਰੀ ਅਕਾਲ ਤਖ਼ਤ 'ਤੇ ਲੈ ਕੇ ਆਓ; ਜ਼ਰੂਰੀ!"

"ਉਹਦੀ ਗੱਦੀ ਦਾ ਕੀ ਬਣੇਗਾ?" ਕੰਵਲ ਨੇ ਬਰਨਾਲਾ ਦੇ ਡਰ ਵਾਲੀ ਗੱਲ ਪੁੱਛ ਲਈ।

"ਗੱਦੀ ਹਰ ਹਾਲਤ ਵਿਚ ਉਸ ਦੀ ਕਾਇਮ ਰਹੇਗੀ; ਉਨ੍ਹਾਂ ਨੂੰ ਮੇਰੇ ਵਲੋਂ ਯਕੀਨ ਦੁਆ ਦਿਓ।"

ਇਹ ਵਿਸ਼ਵਾਸ ਠੋਸ ਰੂਪ ਵਿਚ ਬਰਨਾਲਾ ਜੀ ਨੂੰ ਦੇ ਦਿੱਤਾ ਗਿਆ ਕਿ ਤੁਹਾਡੀ ਗੱਦੀ ਹਰ ਹਾਲਤ ਵਿਚ ਪੱਕੀ ਰਹੇਗੀ। ਅਕਾਲੀ ਏਕਤਾ ਵਿਚ ਵੀ ਤੁਹਾਡੀ ਪੋਜ਼ੀਸ਼ਨ ਮਜ਼ਬੂਤ ਰੱਖੀ ਜਾਵੇਗੀ। ਸਾਰੇ ਵਹਿਮ ਤੇ ਫ਼ਿਕਰ ਵਗਾਹ ਕੇ ਸ੍ਰੀ ਅਕਾਲ ਤਖ਼ਤ ਚਲੋ। ਪੰਥ ਨਾਲੋਂ ਨਿਖੜੋ ਨਾ। ਲੋਕ ਤੁਹਾਨੂੰ ਪੰਥ ਦਾ ਬਾਗ਼ੀ ਕਰਾਰ ਦੇ ਰਹੇ ਹਨ। ਪਰ ਬਰਨਾਲਾ

ਸਮਝਦਾ ਸੀ, ਜਿਨ੍ਹਾਂ ਪ੍ਰੋ. ਦਰਸ਼ਨ ਸਿੰਘ ਨੂੰ ਜਥੇਦਾਰੀ ਬਖ਼ਸ਼ੀ ਹੈ, ਉਹ ਹਰ ਹਾਲ ਉਨ੍ਹਾਂ ਦਾ ਬੰਦਾ ਸਾਬਤ ਹੋਵੇਗਾ। ਉਹ ਮੈਨੂੰ ਮਾਫ਼ ਨਹੀਂ ਕਰੇਗਾ। ਇਹ ਖਿਆਲ ਵੀ ਉਸ ਦੇ ਦਿਲ ਆਇਆ ਸੀ, ਮੈਨੂੰ ਆਦੇਸ਼ ਮਿਲਦੇ ਸਾਰ ਹੀ ਸ੍ਰੀ ਅਕਾਲ ਤਖ਼ਤ ਪਹੁੰਚ ਜਾਣਾ ਚਾਹੀਦਾ ਸੀ। ਦੁਬਿਧਾ ਗ਼ਲਤੀ ਨੂੰ ਦੋਸ਼ ਵਿਚ ਬਦਲ ਦੇਂਦੀ ਹੈ। ਫਿਰ ਸੋਚਦਾ, ਐਵੇਂ ਗੁਨਾਹ ਦੀ ਪੰਡ ਭਾਰੀ ਕਰ ਲਈ ਕੰਵਲ ਨੇ ਉਸ ਨੂੰ ਦੁਬਿਧਾ ਵਿਚੋਂ ਕੱਢਣ ਲਈ ਬੇਨਤੀ ਕੀਤੀ।

"ਬਰਨਾਲਾ ਸਾਹਿਬ! ਜਥੇਦਾਰ ਦਰਸ਼ਨ ਸਿੰਘ ਨੇ ਭਰੋਸਾ ਦਿੱਤਾ ਹੈ, ਤੁਸੀਂ ਹਰ ਹਾਲ ਸਰਬ-ਸਰਬਾ ਰਹੋਗੇ। ਤੁਹਾਡੇ ਨਾ ਜਾਣ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਾਨੀ ਤੇ ਬੇਰੋਹਬੀ ਹੁੰਦੀ ਐ। ਪੰਥ ਵਿਚ ਬੁਰੇ ਵੱਜੋਗੇ। ਵਹਿਮਾਂ ਦੀ ਪੰਡ ਸਿਰੋਂ ਲਾਹ ਦੇਵੋ ਤੇ ਚੱਲ ਫ਼ਤਹਿ ਬੁਲਾਓ।"

ਮੁੱਖ ਮੰਤਰੀ ਮੁੱਛਾਂ ਵਿਚ ਹੱਸ ਪਏ।

"ਮੈਂ ਸੋਚਾਂਗਾ, ਸ੍ਰੀ ਅਕਾਲ ਤਖ਼ਤ ਤੋਂ ਭੱਜ ਕੇ ਗੁਰੂ ਦਾ ਸਿੱਖ ਕਿੱਥੇ ਜਾ ਸਕਦਾ ਏ?" ਉਹ ਹਾਲੇ ਵੀ ਰਾਜ ਗੱਦੀ ਅਤੇ ਗੁਰੂ ਦੇ ਸਫ਼ਰ ਵਿਚ ਡਾਵਾਂਡੋਲ ਸੀ।

ਮਨੁੱਖ ਦੀ ਦ੍ਰਿੜ੍ਹਤਾ ਆਪਣੇ ਵਿਸ਼ਵਾਸ ਵਿਚ ਹੁੰਦੀ ਐ। ਜਦੋਂ ਵਿਸ਼ਵਾਸ ਵੰਡ ਹੋ ਜਾਵੇ, ਇਰਾਦੇ ਵੀ ਬਿਖ਼ਰ ਜਾਂਦੇ ਹਨ। ਕੁਝ ਅਜਿਹੀ ਹਾਲਤ ਬਰਨਾਲਾ ਸਾਹਿਬ ਦੀ ਹੋ ਗਈ ਸੀ। ਕੰਵਲ ਨੇ ਹੋਈ ਬੀਤੀ ਪ੍ਰੋ. ਦਰਸ਼ਨ ਸਿੰਘ ਨੂੰ ਉਨ੍ਹਾਂ ਦੇ ਘਰ ਜ਼ੀਰਕਪੁਰ ਆ ਦੱਸੀ। ਪ੍ਰੋ. ਸਾਹਿਬ ਆਪੇ ਨੂੰ ਕਹਿ ਗਏ,

"ਗ਼ੈਰ-ਸਲਾਹਾਂ ਨਾਲ ਚੱਲਣ ਵਾਲਿਆਂ ਦਾ ਇਹੋ ਹਸ਼ਰ ਹੁੰਦਾ ਏ।"

"ਮੇਰਾ ਯਕੀਨ ਐ, ਉਹ ਸ੍ਰੀ ਅਕਾਲ ਤਖ਼ਤ 'ਤੇ ਅਵੇਰ-ਸਵੇਰ ਜ਼ਰੂਰ ਪਹੁੰਚੇਗਾ। ਮੈਂ ਉਨ੍ਹਾਂ ਦੇ ਮਨ ਅੰਦਰਲੇ ਘੋਲ ਤੋਂ ਅੰਦਾਜ਼ਾ ਲਾਉਂਦਾ ਆਂ?"

"ਤੁਸੀਂ ਇਹ ਕਿਵੇਂ ਕਹਿ ਸਕਦੇ ਹੋ?"

ਕੰਵਲ ਨੇ ਚਾਹ ਦਾ ਤੱਤਾ ਗਲਾਸ ਤਪਾਈ 'ਤੇ ਰੱਖ ਦਿੱਤਾ।

"ਬਰਨਾਲਾ ਸਾਹਿਬ ਨਿੱਤਨੇਮੀ ਹੈ। ਮੈਂ ਉਸ ਨੂੰ ਪਾਠ ਕਰਦਿਆਂ ਡਿੱਠਾ ਹੈ। ਜਿਹੜਾ ਸਿੱਖ ਨਿਤਨੇਮੀ ਹੋਵੇ, ਉਹ ਸ੍ਰੀ ਅਕਾਲ ਤਖ਼ਤ ਦਾ ਭਗੌੜਾ ਨਹੀਂ ਹੋ ਸਕਦਾ। ਮੈਨੂੰ ਇਸ ਤਰ੍ਹਾਂ ਕੁਝ ਵਿਸ਼ਵਾਸ ਹੈ। ਉਸ ਨੂੰ ਹਾਲਾਤ ਦੇ ਧੱਕਿਆਂ ਨੇ ਸਹੀ ਸੋਚਣੀ ਤੋਂ ਉਖੇੜ ਦਿੱਤਾ ਹੈ ਅਤੇ ਕੁਝ ਆਲੇ-ਦੁਆਲੇ ਦੇ ਖ਼ੁਦਗ਼ਰਜ਼ਾਂ ਤੋਂ ਛੁਟਕਾਰਾ ਨਹੀਂ ਪਾ ਸਕੇ।" ਕੰਵਲ ਨੇ ਬਰਨਾਲੇ ਦੇ ਕਿਰਦਾਰ ਨੂੰ ਸਪਸ਼ਟ ਕਰਨਾ ਚਾਹਿਆ।

"ਸ਼ਾਇਦ ਤੁਸੀਂ ਠੀਕ ਸੋਚਦੇ ਹੋਵੋ; ਪਰ ਸ੍ਰੀ ਅਕਾਲ ਤਖ਼ਤ ਦੀ ਹੁੰਦੀ ਹੇਠੀ ਦਾ ਕੀ ਕਰੀਏ? ਇਉਂ ਹੋਰਨਾਂ ਦੋਸ਼ੀਆਂ ਲਈ ਬਾਗ਼ੀ ਹੋਣ ਦਾ ਰਾਹ ਖੁੱਲ੍ਹਦਾ ਏ। ਸਹੇ ਤੇ ਪਹੇ ਵਾਲੀ ਗੱਲ ਮੇਰੇ ਅੱਗੇ ਸੋਚ ਖੜ੍ਹੀ ਕਰਦੀ ਐ।" ਉਹ ਆਪਣੇ ਅੰਦਰਲੀ ਸੋਚ ਨਾਲ ਘੋਲ ਕਰ ਰਹੇ ਸਨ।

"ਸਿੰਘ ਸਾਹਿਬ ਜੀ! ਜਥੇਦਾਰ ਸੇਖਵਾਂ ਜੀ ਨੇ ਤੁਹਾਨੂੰ ਖਾੜਕੂਆਂ ਬਾਰੇ ਰਿਪੋਰਟ ਦੇ ਦਿੱਤੀ ਕਿ ਨਹੀਂ?" ਕੰਵਲ ਖਾੜਕੂਆਂ ਵਾਲੀ ਜ਼ੁੰਮੇਵਾਰੀ ਤੋਂ ਸੁਰਖ਼ਰੂ ਹੋਣਾ ਚਾਹੁੰਦਾ ਸੀ।

"ਨਹੀਂ ਤਾਂ, ਉਹ ਮਿਲੇ ਹੀ ਨਹੀਂ। ਮੈਂ ਵੀ ਕਈ ਦਿਨ ਬਾਹਰ ਕੀਰਤਨ 'ਤੇ ਗਿਆ ਹੋਇਆ ਸਾਂ।"

"ਖਾੜਕੂਆਂ ਵਿਚ ਜੋਸ਼ ਨਾਲ ਅਖੜਤਾ ਵੀ ਬਹੁਤ ਐ। ਦਲੀਲ, ਸੋਚ ਤੇ ਸੇਧ ਵਾਲੀ ਗੱਲ ਸੁਣਨ ਲਈ ਤਿਆਰ ਹੀ ਨਹੀਂ। ਉਨ੍ਹਾਂ ਦਾ ਪਹਿਲਾ ਫ਼ੁਰਮਾਨ ਹੈ: ਏ. ਕੇ. ਸੰਤਾਲੀ ਚੁੱਕੋ ਤੇ ਖਾਲਿਸਤਾਨ ਦੇ ਸ਼ਹੀਦੀ ਗਾਨੇ ਬੰਨ੍ਹੋ। ਮੈਂ ਆਖਿਆ, ਪਾਕਿਸਤਾਨ ਸਾਡਾ ਦੁਸ਼ਮਣ ਦੇਸ਼ ਹੈ। ਅਸੀਂ ਦੋ ਪੁੜਾਂ ਸੰਨ੍ਹ ਕਿ ਆਟਾ ਹੋ ਜਾਵਾਂਗੇ। ਉਨ੍ਹਾਂ ਦਾ ਜਵਾਬ ਸੀ: ਦੁਸ਼ਮਣ ਦਾ ਦੁਸ਼ਮਣ, ਦੋਸਤ ਹੁੰਦਾ ਏ। ਸਾਨੂੰ ਮਦਦ ਚਾਹੀਦੀ ਹੈ, ਭਾਵੇਂ ਕਾਲੇ ਚੋਰ ਦੀ ਹੋਵੇ। ਅਜਿਹੀ ਹਾਲਤ ਵਿਚ ਅੱਗਾ ਦੌੜ, ਪਿੱਛਾ ਚੌੜ ਹੁੰਦਾ ਈ ਏ। ਪਹਿਲੀ ਗੱਲ, ਇਨ੍ਹਾਂ ਦੇ ਧੜੇ, ਡੱਡੂਆਂ ਦੀ ਪਨਸੇਰੀ ਇਕੱਠੀ ਨਹੀਂ ਤੁਲਣੀ। ਇਨ੍ਹਾਂ ਵਿਚ ਚਲਣ ਤੋਂ ਹੀਣੇ, ਬਦਮਾਸ਼ ਤੇ ਇਖ਼ਲਾਕੀ ਪੱਖੋਂ ਮਾੜਾ ਅਸਰ ਆ ਰਲਿਆ ਹੈ। ਸਰਕਾਰ ਨੇ ਆਪਣੇ ਧਾੜਵੀ ਨਾਲ ਜੋੜ ਦਿੱਤੇ ਹਨ। ਗੰਗਾ ਵਗਦੀ ਵਿਚ ਪਾਪੀ ਤੇ ਧਰਮੀ ਦੋਵੇਂ ਨਹਾਈ ਜਾਂਦੇ ਹਨ। ਧਰਮੀ ਤੇ ਪਾਪੀ ਦੀ ਕਦੇ ਏਕਤਾ ਨਹੀਂ ਹੋਈ। ਇਨ੍ਹਾਂ ਨੂੰ ਟੇਕੋ ਮੱਥਾ ਤੇ ਅਕਾਲੀ ਧੜਿਆਂ ਨੂੰ ਇੱਕ ਮੁੱਠ ਕਰ ਲਵੋ; ਏਨੀ ਨੇਕੀ ਹੀ ਬੜੀ ਹੈ।" ਕੰਵਲ ਨੇ ਕੁਰਸੀ ਨਾਲ ਢੋ ਲਾ ਲਈ।

ਕੰਵਲ ਦੀਆਂ ਖਰੀਆਂ ਖਰੀਆਂ ਸੁਣ ਕੇ ਸਿੰਘ ਸਾਹਿਬ ਮੱਥੇ ਤੇ ਹੱਥ ਫੇਰਨ ਲੱਗ ਪਏ। ਸ਼ਾਇਦ ਸੋਚ ਰਹੇ ਸਨ, ਮੈਂ ਚੰਗਾ ਭਲਾ ਗੁਰਬਾਣੀ ਦਾ ਗਾਇਨ ਕਰਦਾ ਸੀ, ਕਿੱਥੇ ਰਾਜਸੀ ਦਲਦਲ ਵਿਚ ਆ ਫਸਿਆ, ਉਹ ਵੀ ਅਕਾਲੀਆਂ ਦੀ, ਪਰ ਰੋਮ ਦੇ ਫਾਦਰ ਅਤੇ ਮੱਕੇ ਦੇ ਖ਼ਲੀਫ਼ੇ ਬਰਾਬਰ ਜਥੇਦਾਰੀ ਦਾ ਰੁਤਬਾ ਉਨ੍ਹਾਂ ਨੂੰ ਚੜ੍ਹਦੀ ਕਲਾ ਬਖ਼ਸ਼ਦਾ ਸੀ। ਉਨ੍ਹਾਂ ਦੀ ਗੁਰਬਾਣੀ ਤੇ ਇਤਿਹਾਸ ਬਾਰੇ ਯਾਦਦਾਸ਼ਤ ਕਮਾਲ ਨੂੰ ਪਹੁੰਚੀ ਹੋਈ ਸੀ। ਦੱਖਣ ਦੇ ਵਿਦਵਾਨ ਪੰਡਤ ਉਨ੍ਹਾਂ ਨੂੰ ਮਿਲਣ ਆਏ। ਅਸਲ ਵਿਚ ਉਹ ਸਰਕਾਰ ਵੱਲੋਂ ਵਰਤਾਏ ਘੱਲੂਘਾਰੇ ਬਾਰੇ ਹਮਦਰਦੀ ਦਾ ਪੋਚਾ ਫੇਰਨ ਆਏ ਸੀ, ਪਰ ਪ੍ਰੋ. ਸਾਹਿਬ ਨੇ ਭੂਤ ਤੇ ਵਰਤਮਾਨ ਇਤਿਹਾਸ ਦੀਆਂ ਉਹ ਪਰਤਾਂ ਖੋਲ੍ਹੀਆਂ ਕਿ ਪੰਡਤ ਦੰਗ ਰਹਿ ਗਏ, ਉਨ੍ਹਾਂ ਨੂੰ ਪ੍ਰੈਸ ਕਾਨਫਰੰਸ ਵਿੱਚ ਕਹਿਣਾ ਪਿਆ:

"ਸਿੱਖਾਂ 'ਤੇ ਜ਼ੁਲਮ ਹੋਇਆ ਹੈ। ਇਨ੍ਹਾਂ ਦਾ ਗਿਲਾ ਤੇ ਮੰਗਾਂ ਜਾਇਜ਼ ਹਨ; ਸਰਕਾਰ ਨੂੰ ਮੰਨ ਲੈਣੀਆਂ ਚਾਹੀਦੀਆਂ ਹਨ।"

ਹਰਿਦਵਾਰ ਦਾ ਢਾਣਾ ਆਇਆ। ਉਨ੍ਹਾਂ ਨੂੰ ਸਰਬੱਤ ਦੇ ਭਲੇ ਦਾ ਸਿੱਖ ਸਿਧਾਂਤ ਜਥੇਦਾਰ ਜੀ ਨੇ ਢੰਗ ਨਾਲ ਸਮਝਾਇਆ ਕਿ ਉਹ ਨੀਵੀਂ ਪਾ ਗਏ। ਉਨ੍ਹਾਂ ਬੇਬਾਕੀ ਨਾਲ ਆਖਿਆ:

"ਸਾਨੂੰ ਤਾਂ ਪ੍ਰੈਸ ਤੇ ਸਰਕਾਰ ਨੇ ਹੋਰ ਈ ਭੰਬਲਭੂਸੇ ਵਿਚ ਪਾਈ ਰੱਖਿਆ ਏ। ਸੱਚ ਤੁਹਾਡੇ ਕੋਲ ਹੈ। ਦੇਸ਼ ਨੂੰ ਤੁਹਾਡੀਆਂ ਸ਼ਹਾਦਤਾਂ 'ਤੇ ਮਾਣ ਹੈ।"

ਇਉਂ ਪ੍ਰੋ. ਦਰਸ਼ਨ ਸਿੰਘ ਜੀ ਵਿਦਵਾਨ ਤੇ ਪੂਰੇ ਸੂਰੇ ਜਥੇਦਾਰ ਹੋ ਨਿੱਬੜੇ।

ਆਖ਼ਰ ਨੂੰ ਬਰਨਾਲਾ ਜੀ ਵੱਲੋਂ ਖ਼ਬਰ ਪਹੁੰਚ ਗਈ ਕਿ ਉਹ ਸ੍ਰੀ ਅਕਾਲ ਤਖ਼ਤ 'ਤੇ ਭੁੱਲ ਬਖ਼ਸ਼ਾਉਣ ਆ ਰਹੇ ਹਨ। ਨੀਅਤ ਹੋਈ ਤਾਰੀਖ਼ 'ਤੇ ਉਹ ਪਹੁੰਚ ਗਏ। ਕਿੰਨੇ ਹੀ ਸੰਗੀ ਸਾਥੀ ਨਾਲ ਸਨ। ਸਭ ਤੋਂ ਪਹਿਲਾਂ ਮਰਯਾਦਾ ਅਨੁਸਾਰ ਕੜਾਹ ਪ੍ਰਸ਼ਾਦ ਦੀ ਦੇਗ ਲਈ ਅਤੇ ਸ੍ਰੀ ਦਰਬਾਰ ਸਾਹਿਬ ਆ ਮੱਥਾ ਟੇਕਿਆ। ਉੱਠਦਿਆਂ ਹੱਥ ਜੋੜ ਕੇ ਅਰਦਾਸ ਕੀਤੀ:

"ਸੱਚੇ ਪਾਤਸ਼ਾਹ ਤੇਰਾ ਭੁੱਲਣਹਾਰ ਸਿੱਖ, ਤੇਰੇ ਦਰਬਾਰ ਆ ਹਾਜ਼ਰ ਹੋਇਆ ਹੈ।

ਬੰਦਾ ਸਦਾ ਭੁੱਲਾਂ ਕਰਦਾ ਆਇਆ ਹੈ, ਤੁਸੀਂ ਬਖ਼ਸ਼ਿੰਦ ਹੋ ਮੇਰੇ ਮਾਲਕ! ਆਪਣੇ ਨੂੰ ਆਪਣੇ ਚਰਨੀਂ ਲਾ ਲਓ। ਕਸੂਰਵਾਰ ਆਂ; ਤੁਹਾਡੇ ਕੋਲੋਂ ਕੁਝ ਨਹੀਂ ਭੁੱਲਾ। ਇਸ ਦੁਆਰਿਓਂ ਪ੍ਰਭੂ ਹਮੇਸ਼ਾ ਮੁਆਫ਼ੀਆਂ ਮਿਲਦੀਆਂ ਰਹੀਆਂ ਹਨ। ਅੰਗ-ਸੰਗ ਸਹਾਈ ਹੋਵੋ। ਤੁਹਾਡੀ ਆਸ ਭਰੋਸੇ ਹਾਜ਼ਰੀ ਭਰੀ ਹੈ।"

ਜਿਉਂ ਹੀ ਪ੍ਰੋ. ਦਰਸ਼ਨ ਸਿੰਘ ਜੀ ਨੂੰ ਖ਼ਬਰ ਮਿਲੀ ਸੀ ਕਿ ਬਰਨਾਲਾ ਸਾਹਿਬ ਸ੍ਰੀ ਅਕਾਲ ਤਖ਼ਤ 'ਤੇ ਹਾਜ਼ਰ ਹੋ ਰਹੇ ਹਨ। ਉਨ੍ਹਾਂ ਨੂੰ ਗਿੱਠ ਗਿੱਠ ਲਾਲੀਆਂ ਚੜ੍ਹ ਗਈਆਂ ਸਨ। ਇੱਕ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ੍ਰੇਸ਼ਟਤਾ ਵਧੀ ਸੀ ਤੇ ਦੂਜੇ ਬੰਨੇ ਇਹ ਇਤਿਹਾਸਕ ਵਾਕਿਆ ਉਨ੍ਹਾਂ ਦੀ ਜਥੇਦਾਰੀ ਦੇ ਅਹਿਦ ਵਿਚ ਵਾਪਰ ਰਿਹਾ ਸੀ। ਉਸ ਸੇਵਾਦਾਰ ਨੂੰ ਝੱਟ ਝੱਟ ਆਪਣੀ ਤਰ੍ਹਾਂ ਦੇ ਪ੍ਰਬੰਧ ਕਰਨ ਦੇ ਆਦੇਸ਼ ਦੇ ਦਿੱਤੇ।

ਸਫ਼ੈਦ ਕੱਪੜਿਆਂ ਵਿਚ ਬਾਡੀਗਾਰਡ ਬਰਨਾਲਾ ਨਾਲ ਸਨ। ਉਨ੍ਹਾਂ ਇੱਕ ਤਰ੍ਹਾਂ ਬਰਨਾਲਾ ਜੀ ਨੂੰ ਘੇਰ ਰੱਖਿਆ ਸੀ। ਉਹ ਐਸੀ-ਵੈਸੀ ਘਟਨਾ ਤੋਂ ਚੇਤੰਨ ਸਨ। ਬਰਨਾਲਾ ਜੀ ਨੇ ਸ੍ਰੀ ਅਕਾਲ ਤਖ਼ਤ ਦੇ ਦਫ਼ਤਰ ਵਿਚ ਪੰਜਾਂ ਸਿੰਘ ਸਾਹਿਬਾਨ ਨੂੰ ਹੱਥ ਜੋੜ ਕੇ ਸਿਰ ਨਿਵਾ ਕੇ ਆ ਫ਼ਤਹਿ ਬੁਲਾਈ

"ਆਖ਼ਰ ਤੁਸੀਂ ਆ ਹੀ ਗਏ।" ਜਥੇਦਾਰ ਦੇ ਇਸ ਵਾਕ ਵਿਚ ਚੁਣੌਤੀ ਭਰਿਆ ਵਿਅੰਗ ਸੀ।

"ਗੁਰੂ ਘਰ ਦਾ ਦਾਸ, ਜੇ ਗੁਰੂ ਘਰ ਨਹੀਂ ਆਵੇਗਾ, ਤਾਂ ਹੋਰ ਕਿੱਥੇ ਜਾਵੇਗਾ?" ਬਰਨਾਲਾ ਸਾਹਿਬ ਦੀ ਨਿਮਰਤਾ ਸਾਰਿਆਂ ਮਹਿਸੂਸ ਕੀਤੀ। "ਤੁਹਾਡਾ ਤਨਖ਼ਾਹੀਆ ਆਂ, ਤਨਖ਼ਾਹ ਅਤੇ ਸਜ਼ਾ ਲਵਾਨ ਲਈ ਤਿਆਰ ਆਂ।" ਉਸ ਨੇ ਹੱਥ ਜੋੜੇ ਹੋਏ ਸਨ।

"ਖਲੋਵੋ ਨਾ, ਬਹਿ ਜਾਵੋ?" ਬਰਨਾਲਾ ਜੀ ਚੌਕੜਾ ਮਾਰ ਕੇ ਬਹਿ ਗਏ। "ਪਹਿਲਾਂ ਇਹ ਦੱਸੋ, ਤੁਸੀਂ ਐਨਾ ਚਿਰ ਕਿਉਂ ਨਹੀਂ ਆਏ?"

"ਮੈਂ ਆਖਿਆ ਨਾਅ ਦੋਸ਼ੀ ਆਂ; ਫਿਰ ਵੀ ਗੁਨਾਹਗਾਰ ਆਂ। ਮੈਂ ਆਪਣੀ ਭੁੱਲ ਮੰਨਦਾ ਆਂ।"

"ਛੋਟੀ ਭੁੱਲ ਗੁਨਾਹ ਵਿਚ ਬਦਲ ਜਾਵੇ; ਸਜ਼ਾ ਵੀ ਵਧ ਜਾਂਦੀ ਐ।" ਪ੍ਰੋ. ਸਾਹਿਬ ਦੀ ਸੁਰ ਨਰਮ ਹੁੰਦੀ ਵੀ ਤਿੱਖੀ ਸੀ।

"ਗੁਰੂ ਦੇ ਦਰਬਾਰ ਹਾਜ਼ਰ ਆਂ, ਹਰ ਹੁਕਮ ਸਿਰ ਮੱਥੇ ਪ੍ਰਵਾਨ।" ਉਸ ਮੁੜ ਸਿਰ ਝੁਕਾਅ ਦਿੱਤਾ।

"ਚਲੋ ਬਾਹਰ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਚਲਿਆ ਜਾਵੇ।"

ਇਹ ਆਦੇਸ਼ ਸੁਣ ਕੇ ਸਾਰੇ ਦਫ਼ਤਰੋਂ ਬਾਹਰ ਆ ਗਏ। ਪ੍ਰੈੱਸ ਵਾਲਿਆਂ ਲੋਹੜੇ ਦਾ ਇਕੱਠ ਮਾਰਿਆ ਹੋਇਆ ਸੀ। ਉਨ੍ਹਾਂ ਦੇ ਕੈਮਰੇ ਚਮਕਾਰੇ ਛੱਡ ਰਹੇ ਸਨ। ਤਮਾਸ਼ਬੀਨ ਵੀ ਬਹੁਤ ਸਨ। ਭਾਰੀ ਇਕੱਠ ਦੇ ਹੁੰਦਿਆਂ ਵੀ ਚੁੱਪ ਨੇ ਖ਼ਾਮੋਸ਼ੀ ਵੱਟੀ ਹੋਈ ਸੀ। ਸਾਰੇ ਸੁਣਨਾ ਚਾਹੁੰਦੇ ਸਨ, ਕੀ ਹੁਕਮ ਦਿੱਤਾ ਜਾ ਰਿਹਾ ਹੈ। ਜਥੇਦਾਰ ਜੀ ਨੇ ਪਹਿਲਾਂ ਦੂਸ਼ਣ ਫਾਈਲ ਵਿਚੋਂ ਪੜ੍ਹਿਆ।

"ਤੁਸੀਂ ਬਰਨਾਲਾ ਜੀ, ਸ੍ਰੀ ਅਕਾਲ ਤਖ਼ਤ ਦੇ ਹੁਕਮ ਅਨੁਸਾਰ ਆਪਣਾ ਅਕਾਲੀ ਦਲ ਕਿਉਂ ਨਹੀਂ ਤੋੜਿਆ?"

"ਮੇਰੇ ਨਾਲ ਸਾਡੀ ਸਾਰੀ ਐਗਜ਼ੇਕਟਿਵ ਦੀ ਗ਼ਲਤੀ ਸੀ। ਇਸੇ ਕਾਰਨ ਦੋਸ਼ੀ ਹੋਇਆ ਖਲੋਤਾ ਆਂ ਗੁਰੂ ਦੇ ਦਰਬਾਰ।"

"ਤੁਸੀਂ ਆਪਣੀ ਗ਼ਲਤੀ ਸਵੀਕਾਰ ਕਰਦੇ ਹੋ?"

"ਪੂਰੇ ਦਿਲ ਨਾਲ ਮੰਨਦਾ ਆਂ।"

ਜਥੇਦਾਰ ਨੇ ਆਪਣੇ ਸੇਵਾਦਾਰਾਂ ਵੱਲ ਮੂੰਹ ਭੰਵਾਇਆ।

"ਦੋਸਤੀ ਨੂੰ ਥਮਲੇ ਨਾਲ ਬੰਨ੍ਹਿਆ ਜਾਵੇ?" ਮੁੜ ਉਹ ਬਰਨਾਲਾ ਜੀ ਨੂੰ ਸੰਬੋਧਨ ਹੋਏ। "ਤੁਹਾਨੂੰ ਪਤਾ ਹੈ, ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲੀ ਫੂਲਾ ਸਿੰਘ ਨੇ ਇੱਥੇ ਈ ਕੋੜੇ ਮਾਰੇ ਸੀ।"

"ਹਾਂ, ਚੰਗੀ ਤਰ੍ਹਾਂ ਪਤਾ ਹੈ; ਪਰ ਮੈਂ ਮਹਾਰਾਜਾ ਵਾਲਾ ਗੁਨਾਹ ਨਹੀਂ ਕੀਤਾ।" ਬਰਨਾਲਾ ਨਰਮ ਲਹਿਜੇ ਵਿਚ ਕਹਿ ਗਿਆ। ਉਹਦੇ ਸਾਰੇ ਸਾਥੀ ਇਸ ਜਵਾਬ 'ਤੇ ਹੈਰਾਨ ਸਨ।

"ਮਹਾਰਾਜੇ ਨੇ ਸ੍ਰੀ ਅਕਾਲ ਤਖ਼ਤ ਦੀ ਹੁਕਮਅਦੂਲੀ ਨਹੀਂ ਕੀਤੀ ਸੀ; ਇਹ ਉਸ ਤੋਂ ਵੀ ਵੱਡਾ ਗੁਨਾਹ ਹੈ।"

"ਸਤਿ ਬਚਨ ਜਥੇਦਾਰ ਜੀ। ਤੁਹਾਡਾ ਹੁਕਮ ਪ੍ਰਵਾਨ।" ਬਰਨਾਲਾ ਦਲੀਲਾਂ ਦੇ ਸਾਰੇ ਹਥਿਆਰ ਸੁੱਟ ਖਲੋਤਾ।

ਮਹਾਰਾਜਾ ਰਣਜੀਤ ਸਿੰਘ ਪਿੱਛੋਂ ਇਹ ਪਹਿਲਾ ਵਾਕਿਆ ਸੀ, ਜਿਸ ਵਿਚ ਕਿਸੇ ਵੱਡੇ ਸਿੱਖ ਵਿਅਕਤੀ ਨੂੰ ਅਕਾਲ ਤਖ਼ਤ 'ਤੇ ਕੋੜੇ ਮਾਰੇ ਗਏ ਸਨ। ਲੋਕਾਂ ਵਿਚ ਅਜੀਬ ਚਰਚਾ ਸੀ। ਬਹੁਤਿਆਂ ਦਾ ਖਿਆਲ ਸੀ, ਬਦਲੇ ਦੀ ਭਾਵਨਾ ਨਾਲ ਸਜ਼ਾ ਦਿੱਤੀ ਗਈ ਐ। ਬਰਨਾਲਾ ਜੀ ਦੇ ਵਿਰੋਧੀ ਖੁਸ਼ ਸਨ। ਆਮ ਲੋਕ ਬਰਨਾਲਾ ਜੀ ਦੀ ਬਰਦਾਸ਼ਤ ਨੂੰ ਕਮਾਲ ਦੀ ਆਖ ਰਹੇ ਸਨ। ਪਾਠਾਂ ਨਾਲ; ਗੁਰੂ ਘਰ ਦੇ ਜੋੜੇ ਝਾੜਨ ਦੀ ਵੀ ਸਜ਼ਾ ਲਾਈ ਗਈ। ਸਜ਼ਾ ਪੂਰੀ ਹੋਣ 'ਤੇ ਮੁੜ ਪੇਸ਼ ਹੋਣ ਦਾ ਹੁਕਮ ਸੁਣਾਇਆ ਗਿਆ। ਬਰਨਾਲਾ ਜੀ ਨੇ ਕੋਈ ਹੁੱਤਕਰੇ ਬਗ਼ੈਰ ਪ੍ਰਵਾਨ ਕੀਤੀ। ਸਾਰੀ ਸੇਵਾ ਪੂਰੀ ਹੋ ਜਾਣ 'ਤੇ ਹਾਜ਼ਰੀ ਆ ਭਰੀ। ਪੰਜਾਂ ਸਿੰਘਾਂ ਸਾਰੀਆਂ ਗ਼ਲਤੀਆਂ ਦੀ ਖ਼ਿਮਾ ਦੇ ਕੇ ਉਸ ਨੂੰ ਗੁਰੂ ਘਰ ਦਾ ਮੁੜ ਪੂਰਨ ਸਿੱਖ ਪ੍ਰਵਾਨ ਕਰ ਲਿਆ।

ਅਖ਼ਬਾਰਾਂ ਇਸ ਘਟਨਾ ਨੂੰ ਤਸਵੀਰਾਂ ਸਮੇਤ ਛਾਪਿਆ। ਮਹਾਰਾਜਾ ਰਣਜੀਤ ਸਿੰਘ ਦੇ ਥਾਵੇਂ ਬਰਨਾਲਾ ਜੀ ਦੇ ਜ਼ੇਰੇ, ਸਬਰ ਸੰਤੋਖ ਅਤੇ ਵੱਡੇ ਦਿਲ ਦੀ ਕਹਾਣੀ ਦੁਹਰਾਈ ਗਈ। ਦੁਨੀਆਂ ਭਰ ਦੀਆਂ ਅਖ਼ਬਾਰਾਂ ਨੇ ਚਰਚਾ ਛੇੜਿਆ: ਸਿੱਖਾਂ ਵਿਚ ਰਾਜਗੱਦੀ ਨਾਲੋਂ ਗੁਰੂ ਘਰ ਵੱਡਾ ਤੇ ਸਤਿਕਾਰ ਯੋਗ ਹੈ ਜਿਸ ਵਿਚੋਂ ਸ੍ਰ. ਸੁਰਜੀਤ ਸਿੰਘ ਬਰਨਾਲਾ ਸੁਰਖ਼ਰੂ ਹੋ ਕੇ ਨਿਕਲਿਆ ਹੈ।

ਪੰਜਾਹਵਾਂ ਕਾਂਡ

ਜਥੇਦਾਰ ਦੇ ਅਸਤੀਫ਼ੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਆਗੂਆਂ ਅੱਗੇ ਇੱਕ ਮੁਸੀਬਤ ਖੜ੍ਹੀ ਹੋ ਗਈ। ਬਲ਼ਦੀ ਅੱਗ ਵਿਚ ਕੌਣ ਛਾਲ ਮਾਰੇ। ਸੋਚ ਸੋਚ ਚੋਣ ਸੰਤ ਜਰਨੈਲ ਸਿੰਘ ਦੇ ਭਤੀਜੇ ਭਾਈ ਜਸਬੀਰ ਸਿੰਘ 'ਤੇ ਆ ਪਈ। ਆਪੇ ਖਾੜਕੂਆਂ ਨਾਲ ਸਿੱਝਦਾ ਫਿਰੇਗਾ। ਸੋਚ ਸੀ, ਸੰਤਾਂ ਦੇ ਪ੍ਰਭਾਵ ਕਾਰਨ ਖਾੜਕੂਆਂ ਨੂੰ ਠੰਢੇ ਕਰ ਲਵੇਗਾ। ਭਾਈ ਜਸਬੀਰ ਸਿੰਘ ਨਿਤਨੇਮੀ ਗੁਰਮੁਖ ਨੌਜਵਾਨ ਸੀ। ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਸਮੇਂ ਉਹ ਖਾੜੀ ਦੇਸ਼ ਅਬੂਧਾਬੀ ਵਿਚ ਸੀ। ਸ੍ਰੀ ਅਕਾਲ ਤਖ਼ਤ ਤੋਪਾਂ ਨਾਲ ਢਾਹ ਦੇਣ 'ਤੇ ਬੜਾ ਤੜਪਿਆ। ਰੇਡੀਓ, ਟੀ. ਵੀ. ਤੇ ਅਖ਼ਬਾਰਾਂ ਵਿਚ ਹਿਰਦੇਵੇਦਕ ਖ਼ਬਰਾਂ ਆ ਰਹੀਆਂ ਸਨ। ਉਹ ਸਵੇਰੇ ਚਾਰ ਵਜੇ ਤੋਂ ਪਹਿਲਾਂ ਉੱਠ ਕੇ ਕ੍ਰਿਆ ਸੋਧਦਾ, ਇਸ਼ਨਾਨ ਕਰਨ ਤੱਕ ਉਸ ਦੇ ਸਾਥੀ ਵੀ ਉੱਠ ਪੈਂਦੇ। ਉਹ ਪਾਠ ਕਰਦੇ ਤੇ ਬਾਕੀ ਸਾਰੇ ਸਾਥੀ ਧਿਆਨ ਨਾਲ ਸੁਣਦੇ।

ਭਾਈ ਜਸਬੀਰ ਦੇ ਪਰਿਵਾਰ-ਮਿੱਤਰਾਂ ਦਾ ਈਰਾਨ ਵਿਚ ਕੰਮ ਕਾਰ ਬੱਲੇ ਬੱਲੇ ਸੀ। ਜਦੋਂ ਈਰਾਨ ਦਾ ਸ਼ਾਹ ਦੇਸ਼ ਛੱਡ ਕੇ ਭੱਜ ਗਿਆ ਅਤੇ ਆਇਤੁੱਲਾ ਖੁਮੀਨੀ ਦੇ ਅੱਗੇ ਆਉਣ ਨਾਲ ਇਕਦਮ ਮੰਦਾ ਚੜ੍ਹ ਆਇਆ, ਉਹ ਪਰਿਵਾਰ ਈਰਾਨ ਛੱਡ ਕੇ ਇੰਗਲੈਂਡ ਚਲਾ ਗਿਆ। ਉਨ੍ਹਾਂ ਉੱਥੇ ਆਪਣਾ ਕਾਰੋਬਾਰ ਸੈੱਟ ਕਰ ਲਿਆ। ਬਲਿਊ ਸਟਾਰ ਹਮਲੇ ਨੇ ਇਕ ਤਰ੍ਹਾਂ ਸਾਰੇ ਸੰਸਾਰ ਦੇ ਸਿਖਾਂ 'ਤੇ ਕਹਿਰ ਵਰਤਾ ਛੱਡਿਆ ਸੀ। ਕੌਮ ਹੋਸ਼ਹੀਣ ਹੋ ਚੁੱਕੀ ਸੀ। ਆਗੂ ਜੇਲ੍ਹਾਂ ਵਿਚ ਸਨ। ਅਗਵਾਈ ਖੁਣੋਂ ਕੌਮ ਭੰਬਲਭੂਸੇ ਵਿਚ ਪਈ ਹੋਈ ਸੀ। ਰੋਡੇ ਪਰਿਵਾਰ ਦੇ ਮਿੱਤਰਾਂ ਭਾਈ ਜਸਬੀਰ ਸਿੰਘ ਨੂੰ ਸਪਾਂਸਰਸ਼ਿਪ ਭੇਜ ਕੇ ਅਬੂਧਾਬੀ ਤੋਂ ਇੰਗਲੈਂਡ ਮੰਗਵਾ ਲਿਆ। ਉਸ ਇੰਗਲੈਂਡ ਦੇ ਸਾਰੇ ਗੁਰਦਵਾਰਿਆਂ ਵਿਚ ਧਾਰਮਿਕ ਤੇ ਰਾਜਨੀਤਕ ਲੈਕਚਰ ਦਿੱਤੇ। ਸੰਤਾਂ ਦਾ ਭਤੀਜਾ ਹੋਣ ਕਾਰਨ ਲੋਕਾਂ ਬਹੁਤ ਮਾਣ ਕੀਤਾ। ਉਸ ਉੱਥੇ ਸਿੱਖ ਯੂਥ ਫੈੱਡਰੇਸ਼ਨ ਦਾ ਮੁੱਢ ਬੰਨ੍ਹਿਆ, ਫੈੱਡਰੇਸ਼ਨ ਨੇ ਜੋਸ਼ ਵਿਚ ਆ ਕੇ ਤੱਤੇ ਨਾਅਰੇ "ਖਾਲਿਸਤਾਨ ਜ਼ਿੰਦਾਬਾਦ" ਦੇ ਚੁੱਕ ਮਾਰੇ। ਭਾਰਤੀ ਸਫ਼ਾਰਤਖ਼ਾਨੇ ਨੇ ਹਰ ਤਰ੍ਹਾਂ ਦੀ ਕਾਰਗੁਜ਼ਾਰੀ ਦੀਆਂ ਖ਼ਬਰਾਂ ਸਰਕਾਰ ਨੂੰ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਹਿੰਦ ਸਰਕਾਰ ਨੇ ਬ੍ਰਿਟਿਸ਼ ਸਰਕਾਰ ਨੂੰ ਪ੍ਰੋਟੈਸਟ ਭੇਜਿਆ। ਵੀਜ਼ੇ ਦੀ ਮਿਆਦ ਸਰਕਾਰ ਨੇ ਵਧਾਈ ਨਾ ਅਤੇ ਭਾਈ ਜਸਬੀਰ ਸਿੰਘ ਆਬੂਧਾਬੀ ਮੁੜ ਆਇਆ। ਥੋੜ੍ਹਾ ਸਮਾਂ ਆਬੂਧਾਬੀ ਰਹਿਣ ਪਿੱਛੋਂ, ਉਸ ਇੰਗਲੈਂਡ ਜਾਣ ਦਾ ਮਨ ਮੁੜ ਬਣਾ ਲਿਆ, ਕਿਉਂਕਿ ਜ਼ਖ਼ਮੀ ਮਨ ਵਿਚ ਲਗਨ ਭਾਂਬੜ ਬਣ ਚੁੱਕੀ ਸੀ। ਇੰਗਲੈਂਡ ਦੀ ਸੰਗਤ ਦੇ ਰੋਹ ਨੂੰ ਜਥੇਬੰਦੀ ਵਿਚ ਢਾਲਣਾ ਜ਼ਰੂਰੀ ਸੀ। ਉਸ ਮਿੱਤਰਾਂ ਨੂੰ ਫ਼ੋਨ ਕਰ ਦਿੱਤਾ। ਮੈਂ ਇੰਗਲੈਂਡ ਆ ਰਿਹਾ ਆਂ। ਉਸ ਦੇ ਸਨੇਹੀਆਂ ਵਰਜਿਆ, ਆਵੀਂ ਨਾ; ਤੈਨੂੰ ਇੱਥੇ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਹ ਬੇਪ੍ਰਵਾਹ ਹੋ ਕੇ ਹਵਾਈ ਜਹਾਜ਼ ਚੜ੍ਹ ਪਿਆ।

ਇੰਗਲੈਂਡ ਸਰਕਾਰ ਦੇ ਕਰਮਚਾਰੀਆਂ ਉਸ ਨੂੰ ਹੀਥਰੋ ਏਅਰ ਪੋਰਟ 'ਤੇ ਹੀ ਰੋਕ ਲਿਆ। ਕਿਸੇ ਸ਼ਰਤ 'ਤੇ ਵੀ ਬਾਹਰ ਨਾ ਜਾਣ ਦਿੱਤਾ। ਉਸ ਦਲੀਲ ਦਿੱਤੀ ਕਿ ਸੰਤਾਂ ਦਾ ਭਤੀਜਾ ਹੋਣ ਕਾਰਨ ਹਿੰਦ ਸਰਕਾਰ ਮੈਨੂੰ ਮਾਰ ਦੇਵੇਗੀ; ਜਿਵੇਂ ਪਹਿਲਾਂ ਹਜ਼ਾਰਾਂ ਨੂੰ ਮਾਰ ਚੁੱਕੀ ਹੈ; ਮੈਨੂੰ ਪਨਾਹ ਦਿੱਤੀ ਜਾਵੇ, ਮਨੁੱਖੀ ਅਧਿਕਾਰਾਂ ਅਨੁਸਾਰ, ਪਰ ਬ੍ਰਿਟਿਸ਼ ਸਰਕਾਰ ਉੱਕਾ ਹੀ ਨਾ ਮੰਨੀ।

ਭਾਈ ਜਸਬੀਰ ਸਿੰਘ ਤੋਂ ਗ਼ਲਤੀ ਹੋ ਗਈ ਕਿ ਉਹ ਇੰਗਲੈਂਡ ਤੋਂ ਪਾਕਿਸਤਾਨ ਆ ਉਤਰਿਆ। ਪਾਕਿਸਤਾਨ ਸਰਕਾਰ ਆਪਣੇ ਰਾਜਸੀ ਸੰਬੰਧ ਭਾਰਤ ਨਾਲ ਹੋਰ ਵਿਗਾੜਨਾ ਨਹੀਂ ਚਾਹੁੰਦੀ ਸੀ, ਜਿਹੜੇ ਪਹਿਲਾਂ ਹੀ ਬਹੁਤ ਖ਼ਰਾਬ ਹੋ ਚੁੱਕੇ ਸਨ। ਭਾਰਤ ਸਰਕਾਰ ਨੇ ਕਹਿਣਾ ਸੀ, ਤੁਸੀਂ ਸਾਡੇ ਬਾਗ਼ੀ ਨਾਗਰਿਕ ਨੂੰ ਪਨਾਹ ਦਿੱਤੀ ਹੈ। ਓਥੋਂ ਭਾਈ ਸਾਹਿਬ ਫਿਲਪਾਈਨ ਦੀ ਰਾਜਧਾਨੀ ਮਨੀਲਾ ਪਹੁੰਚ ਗਏ। ਸਰਕਾਰਾਂ ਦੇ ਫ਼ੋਨ ਝੱਟ ਝੱਟ ਪਿੱਛੋਂ ਚੱਲ ਰਹੇ ਸਨ। ਫਿਲਪਾਈਨ ਸਰਕਾਰ ਨੇ ਭਾਈ ਜਸਬੀਰ ਸਿੰਘ ਨੂੰ ਬਕਾਇਦਾ ਤੌਰ 'ਤੇ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਭਾਰਤ ਲਿਆਉਣ ਲਈ ਪੰਜਾਬ ਦਾ ਇੱਕ ਡੀ. ਐੱਸ. ਪੀ. ਮਨੀਲਾ ਪਹੁੰਚ ਗਿਆ। ਭਾਈ ਸਾਹਿਬ ਨੇ ਫਿਲਪਾਈਨ ਸਰਕਾਰ ਨੂੰ ਵਾਸਤੇ ਪਾਏ। ਭਾਰਤ ਸਰਕਾਰ ਮੈਨੂੰ ਜਾਂਦੇ ਨੂੰ ਹੀ ਗੋਲੀ ਮਾਰ ਦੇਵੇਗੀ, ਪਰ ਉਸ ਦੀ ਕਿਸੇ ਨੇ ਨਾ ਸੁਣੀ ਅਤੇ ਜ਼ਬਰਦਸਤੀ ਡੀ. ਐੱਸ. ਪੀ. ਨਾਲ ਜਹਾਜ਼ ਚਾੜ੍ਹ ਦਿੱਤਾ। ਰਾਹ ਵਿਚ ਉਹ ਡੀ. ਐੱਸ. ਪੀ. ਨੂੰ ਆਖਦਾ ਰਿਹਾ,

"ਮੇਰਾ ਕਸੂਰ ਕੀ ਐ?"

"ਕਸੂਰ ਬਾਰੇ ਮੈਨੂੰ ਕੁਝ ਨਹੀਂ ਪਤਾ; ਮੈਂ ਤਾਂ ਸਰਕਾਰੀ ਹੁਕਮ ਵਜਾ ਰਿਹਾ ਆਂ। ਉਂ ਮੈਨੂੰ ਤੇਰੇ ਨਾਲ ਹਮਦਰਦੀ ਹੈ।" ਭਾਵੇਂ ਡੀ. ਐੱਸ. ਪੀ. ਨੂੰ ਸਭ ਕੁਝ ਪਤਾ ਸੀ।

"ਸਰਕਾਰ ਸਾਡੇ ਟੱਬਰ ਦੇ ਮਗਰ ਹੱਥ ਧੋ ਕੇ ਪਈ ਐ।"

"ਮੇਰਾ ਖ਼ਿਆਲ ਐ, ਤੈਨੂੰ ਮਾਰਨ ਵਾਲੀ ਕੋਈ ਗੱਲ ਨਹੀਂ। ਤੇਰਾ ਇਸ ਤਰ੍ਹਾਂ ਦਾ ਕੋਈ ਗੁਨਾਹ ਨਹੀਂ।" ਅਫ਼ਸਰ ਨੇ ਆਪਣੀ ਵੱਲੋਂ ਤਸੱਲੀ ਦਿੱਤੀ। ਉਹ ਦੋਵੇਂ ਇਸ ਤਰ੍ਹਾਂ ਦੀ ਚਰਚਾ ਕਰਦੇ ਦਿੱਲੀ ਆ ਉੱਤਰੇ।

ਇਕਵੰਜਵਾਂ ਕਾਂਡ

ਭਾਈ ਜਸਬੀਰ ਸਿੰਘ ਨੂੰ ਦਿੱਲੀ ਏਅਰਪੋਰਟ 'ਤੇ ਹੀ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ। ਜੇਲ੍ਹ ਵਿਚ ਕਈ ਚੁਸਤ ਪੁਲੀਸ ਅਫ਼ਸਰਾਂ ਪੁੱਠੇ ਸਿੱਧੇ ਸਵਾਲ ਪੁੱਛੇ। ਭਾਈ ਸਾਹਿਬ ਨੇ ਜਿਵੇਂ ਰਿਹਾ ਤੇ ਵਿਚਰਿਆ, ਸੱਚ ਦੱਸ ਦਿੱਤਾ। ਉਹਦੇ ਖ਼ਿਲਾਫ਼ ਕੋਈ ਦੋਸ਼ ਬਣਦਾ ਹੀ ਨਹੀਂ ਸੀ। ਰੋਡੇ ਪਰਿਵਾਰ ਤੇ ਸੰਤ ਜਰਨੈਲ ਸਿੰਘ ਦੇ ਭਤੀਜੇ ਹੋਣ ਕਾਰਨ ਇਨਕੁਆਰੀਆਂ ਵਿਚ ਖੁਆਰ ਕਰਦੇ ਰਹੇ। ਓਦੋਂ ਤੱਕ ਰਾਜੀਵ ਗਾਂਧੀ ਨੂੰ ਆਪਣੇ ਤੇ ਬਲਿਊ ਸਟਾਰ ਵਾਲੀ ਗ਼ਲਤੀ ਦਾ ਅਹਿਸਾਸ ਹੋ ਚੁੱਕਾ ਸੀ। ਦਿਲੋਂ ਉਹ ਆਪੂੰ ਡਰਿਆ ਹੋਇਆ ਸੀ। ਉਹ ਸਿੱਖਾਂ ਨਾਲ ਸੁਲਹ ਚਾਹੁੰਦਾ ਸੀ। ਥੋੜ੍ਹੀ ਬਹੁਤੀ ਖੱਜਲ ਖੁਆਰੀ ਪਿੱਛੋਂ ਭਾਈ ਜਸਬੀਰ ਸਿੰਘ ਨੂੰ ਛੱਡ ਦਿੱਤਾ। ਰਿਹਾਈ ਹੋਣ ਪਿੱਛੋਂ ਖਾੜਕੂਆਂ ਤੇ ਦਮਦਮੀ ਟਕਸਾਲ ਨੇ ਉਸ ਨੂੰ ਹੀਰੇ ਵਜੋਂ ਸਿਰ 'ਤੇ ਚੁੱਕ ਲਿਆ।

ਕਿਉਂਕਿ ਭਾਈ ਸਾਹਿਬ ਦਾ ਸਾਰਾ ਪਰਿਵਾਰ ਮੁੱਢ ਤੋਂ ਹੀ ਦਮਦਮੀ ਟਕਸਾਲ ਨਾਲ ਜੁੜਿਆ ਆ ਰਿਹਾ ਸੀ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਬਣਨ ਪਿੱਛੋਂ ਸ੍ਰੀ ਦਰਬਾਰ ਸਾਹਿਬ ਦੀ ਪੁਰਾਣੀ ਚਾਲੂ ਮਰਯਾਦਾ ਬਦਲ ਕੇ ਦਮਦਮੀ ਟਕਸਾਲ ਵਾਲੀ ਸ਼ੁਰੂ ਕਰ ਦਿੱਤੀ। ਇਸ ਤਬਦੀਲੀ ਨਾਲ ਪੰਜਾਬ ਵਿਚ ਬੜਾ ਰੌਲਾ ਪੈ ਗਿਆ। ਸਾਰੀਆਂ ਸਿੱਖ ਜਥੇਬੰਦੀਆਂ ਸਮੇਤ ਸ਼੍ਰੋਮਣੀ ਕਮੇਟੀ ਨਾਰਾਜ਼ ਹੋ ਗਈਆਂ। ਪ੍ਰੈੱਸ ਵਿਚ ਵਾਹਵਾ ਵਾਦ ਵਿਵਾਦ ਚੱਲਦਾ ਰਿਹਾ। ਪਹਿਲੀ ਸਿੱਖ ਮਰਯਾਦਾ ਨੂੰ ਸਿੰਘ ਸਭਾਵਾਂ, ਸ਼੍ਰੋਮਣੀ ਕਮੇਟੀ, ਸੰਤਾਂ-ਮਹੰਤਾਂ ਤੇ ਹੋਰ ਸਿੱਖ ਸੰਪਰਦਾਵਾਂ ਨੇ ਬਹੁਤ ਸੋਚ ਵਿਚਾਰ ਨਾਲ ਲਾਗੂ ਕੀਤਾ ਸੀ। ਸ਼੍ਰੋਮਣੀ ਕਮੇਟੀ ਤੋਂ ਪਹਿਲਾਂ ਪੁਜਾਰੀ ਮਹੰਤ ਆਪਣੀ ਮਨਮਰਜ਼ੀ ਚਲਾਉਂਦੇ ਸਨ। ਭਾਈ ਸਾਹਿਬ ਨੂੰ ਜਥੇਦਾਰ ਬਣਾ ਕੇ ਆਗੂਆਂ ਇਹ ਚਾਹਿਆ ਸੀ, ਦਮਦਮੀ ਟਕਸਾਲ ਤੇ ਖਾੜਕੂਆਂ ਨੂੰ ਨਾਲ ਲੈ ਕੇ ਪੰਥ ਨੂੰ ਇੱਕ ਮੁੱਠ ਰੱਖਿਆ ਜਾਵੇ। ਪਰ ਮਰਯਾਦਾ ਬਦਲਣ ਨਾਲ ਦੋਫਾੜ ਹੋਰ ਵੱਧ ਚਲੀ। ਭਾਈ ਜਸਬੀਰ ਸਿੰਘ ਪਾਸ ਹਾਲੇ ਐਨੀ ਸਮਰਥਾ ਨਹੀਂ ਸੀ, ਨਾ ਹੀ ਤਜਰਬਾ ਸੀ; ਜਿਸ ਨਾਲ ਪੰਥ ਦੀ ਏਕਤਾ ਬਣਾਈ ਰੱਖਦਾ। ਖੱਟੇ ਨੀਲੇ ਭੇਸ ਵਿਚ ਗੁੰਡਾ ਅਸਰ ਮੁੜ ਦਰਬਾਰ ਸਾਹਿਬ ਵਿਚ ਪ੍ਰਵੇਸ਼ ਕਰਨਾ ਸ਼ੁਰੂ ਹੋ ਗਿਆ। ਉਨ੍ਹਾਂ ਦੇ ਆੜੀ ਸਰਕਾਰੀ ਲਫੰਗੇ ਵੀ ਲੰਡੇ ਨਾਲ ਮੀਣਾ ਜੁੜਦੇ ਗਏ। ਉਹ ਦੋਵੇਂ ਹੱਥ ਜੋੜ ਕੇ ਨੀਵੇਂ ਹੋ ਕੇ ਫ਼ਤਹਿ ਗੁੰਜਾਉਂਦੇ ਅਤੇ ਆਪੇ ਨੂੰ ਗੁਰੂ ਘਰ ਦੇ ਵੱਡੇ ਸ਼ਰਧਾਵਾਨ ਸੇਵਕ ਸਾਬਤ ਕਰਦੇ। ਬਦਮਾਸ਼ੀਆਂ ਉਹ ਕਰਦੇ, ਨਾਂ ਬਦਨਾਮ ਹੁੰਦਾ ਖਾੜਕੂ ਜਥੇਬੰਦੀ ਦਾ; ਜਿਵੇਂ ਸੰਤ ਜਰਨੈਲ ਸਿੰਘ ਦਾ ਹੁੰਦਾ ਸੀ। ਹਾਲਾਤ ਸੁਧਰਨ ਦੀ ਥਾਂ ਵਿਗੜਦੇ ਹੀ ਗਏ।

ਇਸ ਦੋਫਾੜ ਧਾਰਾ ਵਿਚ ਸਮਗਲਰਾਂ, ਹਥਿਆਰਬੰਦ ਕਾਤਲਾਂ ਤੇ ਹੋਰ ਕੁਕਰਮ ਕਰਨ ਵਾਲਿਆਂ ਦਾ ਬੁਰੀ ਤਰ੍ਹਾਂ ਦਾਅ ਲੱਗਾ ਹੋਇਆ ਸੀ। ਪਾਕਿਸਤਾਨ ਦੇ ਬਾਰਡਰ 'ਤੇ

ਆਵਾਜਾਈ ਆਮ ਵਰਗੀ ਹੋ ਗਈ ਸੀ। ਨਾਜਾਇਜ਼ ਮਾਲ ਏਧਰੋਂ-ਓਧਰ ਵਧੇਰੇ ਗਿਣਤੀ ਵਿਚ ਆਉਣ ਜਾਣ ਲੱਗਾ। ਖ਼ਾਸ ਤੌਰ 'ਤੇ ਹਥਿਆਰ ਅਤੇ ਅਫ਼ੀਮ ਵੱਡੇ ਪੈਮਾਨੇ 'ਤੇ ਪਾਕਿਸਤਾਨ ਤੋਂ ਆਉਂਦੀ ਸੀ। ਪੁਲੀਸ ਵਾਲੇ ਜੇ ਪਿੱਛਾ ਕਰਦੇ ਤਾਂ ਉਹ ਸ੍ਰੀ ਦਰਬਾਰ ਸਾਹਿਬ ਵਿਚ ਆ ਛੁਪਦੇ। ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਹਥਿਆਰਾਂ ਦੇ ਜ਼ੋਰ ਕਈ ਕਮਰੇ ਉਨ੍ਹਾਂ ਪੱਕੇ ਤੌਰ 'ਤੇ ਦੱਬ ਰੱਖੇ ਸਨ। ਲੰਮੇ ਚੋਲਿਆਂ ਵਿਚ ਆਪਣੇ ਸਾਰੇ ਐਬ ਢਕੇ ਹੋਏ ਸਨ। ਸਿਦਕੀ ਸਿੰਘ ਥੋੜ੍ਹੇ ਸਨ; ਜਿਹੜੇ ਉਨ੍ਹਾਂ ਦੀਆਂ ਕੁਰੀਤੀਆਂ 'ਤੇ ਬਹੁਤ ਔਖੇ ਸਨ। ਹਥਿਆਰਾਂ ਤੋਂ ਸਾਰੇ ਭੈਅ ਖਾਂਦੇ ਸਨ। ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰਾਂ ਨੂੰ ਉਹ ਸਿੱਧੇ ਪੈਂਦੇ ਅਤੇ ਮੈਨੇਜਰ ਨੂੰ ਵੀ ਕੱਖ ਨਾ ਗੌਲ਼ਦੇ। ਸ਼੍ਰੋਮਣੀ ਕਮੇਟੀ ਦੇ ਸੇਵਾਦਾਰ ਅਤੇ ਅਹੁਦੇਦਾਰ ਵੀ ਖਾੜਕੂਆਂ ਅੱਗੇ ਹੱਥ ਖੜ੍ਹੇ ਕਰ ਗਏ। ਇਸ ਰੌਲੇ ਗੌਲੇ ਦੀ ਹੱਥੋਪਾਈ ਵਿਚ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਆਉਣੇ ਘਟ ਗਏ। ਮੱਸਿਆ, ਪੁੰਨਿਆ ਨੂੰ ਰੌਣਕ ਜ਼ਰੂਰ ਹੁੰਦੀ; ਉਸ ਪਿੱਛੋਂ ਮੁੜ ਸੁੰਨ ਸਰਾਂ ਵਰਤ ਜਾਂਦੀ।

ਸੰਤ ਉੱਤਮ ਸਿੰਘ ਜੀ ਢਾਹੇ ਜਾ ਚੁੱਕੇ ਸਰਕਾਰ ਤਖ਼ਤ ਦੀ ਨਵੇਂ ਸਿਰਿਓਂ ਸੇਵਾ ਆਰੰਭ ਕਰਵਾ ਚੁੱਕੇ ਸਨ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੀ ਸੇਵਾ ਨਮਿਤ ਬਾਹਰ ਗੋਲਕ ਵਜੋਂ ਖੁੱਲ੍ਹੀ ਟੋਕਰੀ ਰੱਖੀ ਹੋਈ ਸੀ। ਸ਼ਰਧਾਲੂ ਸੰਗਤ ਆਉਂਦੀ, ਉਸਾਰੀ ਹਿੱਤ ਟੋਕਰੀ ਵਿਚ ਪੰਜ, ਦਸ ਤੇ ਪੰਜਾਹ ਆਦਿ ਦਾ ਨੋਟ ਭੇਟਾ ਕਰ ਜਾਂਦੀ। ਅਜਿਹਾ ਵੀ ਹੁੰਦਾ ਕਈ ਵਾਰ ਖਾੜਕੂ ਆਉਂਦੇ ਜ਼ਬਰਦਸਤੀ ਟੋਕਰੀ ਦੀ ਮਾਇਆ ਚੁੱਕ ਕੇ ਲੈ ਜਾਂਦੇ। ਸੰਤ ਉੱਤਮ ਸਿੰਘ ਜੀ ਪੁਕਾਰਦੇ ਹੀ ਰਹਿ ਜਾਂਦੇ।

"ਭਾਈ ਸਾਹਿਬ! ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਦੀ ਉਸਾਰੀ ਕਿਵੇਂ ਪੂਰੀ ਹੋਵੇਗੀ?"

"ਬਾਬਾ ਜੀ, ਗੁਰੂ ਬੇਪ੍ਰਵਾਹ ਐ; ਉਹ ਹੋਰ ਬਥੇਰੀ ਮਾਇਆ ਭੇਜ ਦੇਵੇਗਾ; ਫ਼ਿਕਰ ਨਾ ਕਰੋ। ਅਸਾਂ ਵੀ ਆਪਣਾ ਕੰਮ ਚਲਾਉਣਾ ਏ....।" ਕਹਿੰਦੇ ਕਹਿੰਦੇ ਉਹ ਚੱਕਵੇਂ ਪੈਰੀਂ ਦੂਰ ਨਿਕਲ ਜਾਂਦੇ।

ਜਿਵੇਂ ਜਿਵੇਂ ਖਾੜਕੂ ਭੇਸ ਵਿਚ ਬਦਕਾਰਾਂ ਦਾ ਹੌਸਲਾ ਵਧਦਾ ਗਿਆ; ਉਨ੍ਹਾਂ ਬਾਹਰ ਵੀ ਮਾਰਧਾੜ ਕਰਨੀ ਸ਼ੁਰੂ ਕਰ ਦਿੱਤੀ। ਇੱਕ ਵਾਰ ਇੱਕ ਮਾਈ ਦਾ ਇਕਲੌਤਾ ਪੁੱਤਰ ਅਗਵਾ ਕਰਕੇ ਕਮਰੇ ਵਿਚ ਬੰਦ ਕਰ ਲਿਆ। ਜਿੰਨੇ ਪੈਸੇ ਉਹ ਫਿਰੌਤੀ ਵਜੋਂ ਮੰਗਣ, ਮਾਈ ਵਿਚਾਰੀ ਦੇਣ ਜੋਗੀ ਨਾ। ਉਹ ਹੱਥ ਜੋੜੀ ਜਾਵੇ।

"ਪੁੱਤਰੋ! ਵਿਧਵਾ ਆਂ, ਦੋ ਦੁਕਾਨਾਂ ਦੇ ਕਿਰਾਏ ਨਾਲ ਮਸਾਂ ਗੁਜ਼ਾਰਾ ਕਰਦੀ ਆਂ, ਮਿਹਰ ਕਰੋ। ਬਖ਼ਸ਼ੋ, ਮੇਰਾ ਤਾਂ ਏਹੋ ਪੁੱਤਰ ਐ।"

"ਮਾਈ ਇਕੱਲਾ ਕਰਕੇ ਹੀ ਚੁੱਕਿਆ ਏ। ਬਹੁਤਾ ਨਹੀਂ, ਬੱਸ ਇੱਕ ਲੱਖ। ਇੱਕ ਦੁਕਾਨ ਵੇਚ ਦੇ। ਤੇਰਾ ਪੁੱਤਰ ਇੱਕ ਲੱਖ ਦਾ ਵੀ ਨਹੀਂ?" ਦੂਸਰੇ ਖਾੜਕੂ ਨੇ ਚੋਲੇ ਹੇਠੋਂ ਰਿਵਾਲਵਰ ਵਿਖਾਇਆ। "ਦੇਖ ਮਾਈ, ਇੱਕ ਗੋਲੀ ਇੱਕ ਲੱਖ ਦੀ ਐ। ਤੈਨੂੰ ਦੋ ਦਿਨ ਦਿੱਤੇ, ਫੇਰ ਠਾਹ, ਤੇਰਾ ਮੁੰਡਾ ਹਰਿਦਵਾਰ ਦੀ ਗੱਡੀ ਚੜ੍ਹ ਜਾਵੇਗਾ। ਨਹੀਂ ਸਮਝੀ? ਜਾਹ ਤੇ ਲੱਖ ਦਾ ਬੰਦੋਬਸਤ ਕਰ, ਜੇ ਮੁੰਡਾ ਚਾਹੀਦਾ ਏ?"

"ਨਾ ਪੁੱਤਰੋ, ਗੁਰੂ ਘਰ ਇਹ ਉਪਦ੍ਰਵ ਨਾ ਕਰੋ। ਮਿਹਰ ਕਰੋ....ਮੈਂ ਗ਼ਰੀਬ ਵਿਧਵਾ, ਦਇਆ ਕਰੋ ਪੁੱਤਰੋ....।" ਉਹ ਹਾੜੇ ਕੱਢਦੀ ਅਰਜ਼ੋਈਆਂ ਕਰਦੀ ਤੁਰ ਗਈ।

ਹੰਝੂਆਂ ਦੀਆਂ ਘਰਾਲ੍ਹਾਂ ਵਿਚ ਗੁਰੂ ਨੂੰ ਕੋਸਦੀ ਜਾਂਦੀ ਸੀ। ਗੁਰੂ ਦੀ ਨਗਰੀ ਵਿਚ ਐਨਾ ਹਨੇਰਾ। ਗੁਰੂ ਤੂੰ ਕਿੱਥੇ ਸੁੱਤਾ ਪਿਆ ਏਂ? ਤੂੰ ਸਾਰਿਆਂ ਨੂੰ ਬਖ਼ਸ਼ਣਹਾਰ। ਮੈਨੂੰ ਪਾਪਣ ਨੂੰ ਵੀ ਤਾਰਦੇ। ਮੇਰਾ ਮੋਹਨ ਛੁਡਾ ਦੇ, ਸਵਾ ਸੈ ਦੀ ਦੇਗ ਕਰਾਵਾਂਗੀ। ਗੁਰੂ ਤੇਰੇ ਦਰਬਾਰ ਖਲੋਤੀ ਆਂ। ਇੱਕ ਲੱਖ ਕਿੱਥੋਂ ਲਿਆਵਾਂ? ਮੇਰੀ ਜਾਨ ਲੈ ਲੈਣ, ਮੇਰਾ ਮੋਹਨ ਛੱਡ ਦੇਣ।"

ਉੱਥੇ ਇਸ ਤਰ੍ਹਾਂ ਦੀਆਂ ਕਈ ਦੁਰਘਟਨਾਵਾਂ ਵਾਪਰੀਆਂ; ਜਿਹੜੀਆਂ ਨਾ ਲੋਕਾਂ ਵਿਚ ਆਈਆਂ ਨਾ ਪ੍ਰੈੱਸ ਵਿਚ। ਪ੍ਰੈੱਸ ਪੂਰੀ ਡਰਦੀ ਸੀ। ਲਾਲੇ ਦਾ ਪੁੱਤਰ ਜਲੰਧਰ ਚੌਕ ਵਿਚ ਦਿਨ-ਦਿਹਾੜੇ ਮਾਰ ਘੱਤਿਆ। ਜਲੰਧਰ ਦੀ ਪ੍ਰੈੱਸ ਨੂੰ ਕੰਬਣੀ ਛਿੜੀ ਹੋਈ ਸੀ। ਭਾਵੇਂ ਲਾਲੇ ਦੇ ਅਖ਼ਬਾਰ ਨੇ ਸਿੱਖਾਂ ਤੇ ਪੰਜਾਬ ਵਿਰੋਧੀ ਰਵੱਈਆ ਜਿਉਂ ਦਾ ਤਿਉਂ ਧਾਰੀ ਰੱਖਿਆ ਸੀ। ਪਰ ਲਾਲੇ ਦਾ ਪੁੱਤਰ ਲਾਇਕ ਸੀ। ਐਨਾ ਗੁਨਾਹਗਾਰ ਨਹੀਂ ਸੀ ਕਿ ਕਤਲ ਕਰ ਦਿੱਤਾ ਜਾਂਦਾ। ਮਾਰਨ ਵਾਲੇ ਭਾਵੇਂ ਆਪੇ ਨੂੰ ਸਿਦਕੀ ਸਿੰਘ ਸਮਝਦੇ ਸਨ ਅਤੇ ਜਾਨਾਂ ਵੀ ਤਲੀ 'ਤੇ ਧਰੀ ਫਿਰਦੇ ਸਨ; ਪਰ ਸਿੱਖ ਸਿਧਾਂਤ ਤੋਂ ਕੋਰੇ ਸਨ; ਕੇਵਲ ਬਦਲੇ ਦੀ ਭਾਵਨਾ ਹੀ ਅੰਨ੍ਹੇ ਜੋਸ਼ ਵਿਚ ਸਿਰ ਨੂੰ ਚੜ੍ਹੀ ਹੋਈ ਸੀ। ਜੋਸ਼ ਤੇ ਬਦਲੇ ਦੀ ਭਾਵਨਾ ਅਕਲ ਨੂੰ ਅੰਨ੍ਹਿਆਂ ਕਰ ਮਾਰਦੀ ਹੈ। ਅਜਿਹੇ ਹਾਲਾਤ ਵਿਚ ਜੋ ਹੁੰਦਾ ਏ, ਨੱਬੇ ਫ਼ੀਸਦੀ ਗ਼ਲਤ ਹੁੰਦਾ ਹੈ। ਗੁਰੂ ਦੀ ਨਗਰੀ ਵਿਚ ਵਧੇਰੇ ਕਰਕੇ ਅਤੇ ਬਾਕੀ ਪੰਜਾਬ ਵਿਚ ਸੰਕੋਚ ਨਾਲ ਵਰਤ ਰਿਹਾ ਸੀ। ਪੰਜਾਬ ਦੇ ਲੋਕ ਗਵਰਨਰ ਪਾਂਡੇ ਦੀ ਹਿੰਦ ਸਰਕਾਰ ਨੂੰ ਦਿੱਤੀ ਸਲਾਹ ਨੂੰ ਠੀਕ ਨਹੀਂ ਮੰਨ ਰਹੇ ਸਨ। ਉਸ ਦੀ ਕੇਂਦਰ ਸਰਕਾਰ ਨੇ ਸੁਣੀ ਨਾ; ਭਲਾ ਲੋਕ ਅਸਤੀਫ਼ਾ ਦੇ ਗਿਆ। ਉਸ ਦਾ ਭਾਵ ਸੀ; ਮੈਂ ਤੁਹਾਡੀਆਂ ਇਤਿਹਾਸਕ ਗ਼ਲਤੀਆਂ ਦੀ ਸਜ਼ਾ ਕਿਉਂ ਭੁਗਤਾਂ?

ਹਾਲਾਤ ਸੁਧਰਨ ਦੀ ਥਾਂ ਹੋਰ ਵਿਗੜਦੇ ਜਾ ਰਹੇ ਸਨ। ਸੰਤ ਉੱਤਮ ਸਿੰਘ ਨੇ ਜਥੇਦਾਰ ਕਾਉਂਕੇ ਕੋਲ ਸ਼ਿਕਾਇਤ ਕਰ ਦਿੱਤੀ।

"ਜਥੇਦਾਰ ਜੀ! ਆਪੂੰ ਬਣੇ ਖਾੜਕੂ ਸ੍ਰੀ ਅਕਾਲ ਤਖ਼ਤ ਦੀ ਭੇਟਾ ਹੋਈ ਮਾਇਆ ਜ਼ੋਰੀਂ ਚੁੱਕ ਕੇ ਲੈ ਜਾਂਦੇ ਹਨ; ਇਸ ਤਰ੍ਹਾਂ ਕੰਮ ਕਿਵੇਂ ਚੱਲੇਗਾ?"

"ਹੈਂ, ਇਹ ਗੱਲ ਐ!" ਭਾਈ ਕਾਉਂਕੇ ਪੂਰਨ ਗੁਰ ਸਿੱਖ ਤੇ ਸਿੰਘਾਂ ਵਾਲੀ ਆਨ-ਸ਼ਾਨ ਵਾਲੀ ਸ਼ਖ਼ਸੀਅਤ ਸਨ। "ਇਨ੍ਹਾਂ ਦੀ ਐਸੀ-ਤੈਸੀ, ਆਉਣ ਦੇ ਇਸ ਵਾਰ।" ਉਨ੍ਹਾਂ ਦਾ ਚਿਹਰਾ ਗੁੱਸੇ ਵਿਚ ਪਿਘਲਿਆ ਤਾਂਬਾ ਹੋ ਗਿਆ।

ਜਦੋਂ ਮੁੜ ਟੋਕਰੀ ਨੂੰ ਹੱਥ ਪਾਉਣ ਦਾ ਵੇਲਾ ਆਇਆ, ਤਾਕ ਵਿਚ ਖਲੋਤੇ ਭਾਈ ਕਾਉਂਕੇ ਨੇ ਸ੍ਰੀ ਸਾਹਿਬ ਮਿਆਨੋਂ ਧੂਹ ਲਈ।

"ਜਾਈਂ ਨਾ ਬਈ ਗੁਰੂ ਕਿਆ ਚੋਰਾ।"

ਭਾਈ ਸਾਹਿਬ ਦੇ ਏਨੇ ਲਲਕਾਰੇ ਨਾਲ ਦੋਵੇਂ ਖਾੜਕੂ ਪਿਸਤੌਲਾਂ ਸਮੇਤ ਭੱਜ ਕੇ ਮੁਨਿਆਰਾਂ ਵਾਲੇ ਬਾਜ਼ਾਰ ਦੀਆਂ ਪੌੜੀਆਂ ਚੜ੍ਹ ਗਏ। ਭਾਈ ਸਾਹਿਬ ਜਾਣ ਕੇ ਮੁਨਿਆਰਾਂ ਦੇ ਬਾਜ਼ਾਰ ਸਿੱਖੀ ਦੀ ਬਦਨਾਮੀ ਕਾਰਨ ਆ ਗਏ। ਸਗੋਂ ਖਾੜਕੂਆਂ ਦੇ ਮੱਲੇ ਕਮਰਿਆਂ ਅੱਗੇ ਜਾ ਉਨ੍ਹਾਂ ਨੂੰ ਵੰਗਾਰਿਆ,

"ਤੁਸੀਂ ਭੈੜੀਆਂ ਕਰਤੂਤਾਂ ਕਰਦੇ ਹੋ। ਤੁਹਾਡੇ ਧੰਦੇ ਸ੍ਰੀ ਅਕਾਲ ਤਖ਼ਤ ਦੀ ਮਾਇਆ ਦੇ ਚੋਰ ਐ। ਮੈਂ ਇਹ ਉਪਦ੍ਰਵ ਨਹੀਂ ਹੋਣ ਦਿਆਂਗਾ। ਹਿੰਮਤ ਐ ਤਾਂ ਚਲਾਓ ਗੋਲੀ?"

ਤਿੰਨ ਚਾਰ ਖਾੜਕੂ ਪੱਗਾਂ ਸੰਵਾਰਦੇ ਉੱਠ ਕੇ ਖਲੋ ਗਏ ਅਤੇ ਭਾਈ ਸਾਹਿਬ ਅੱਗੇ ਹੱਥ ਜੋੜ ਖਲੋਤੇ।

"ਜਥੇਦਾਰ ਸਾਹਿਬ! ਸਾਨੂੰ ਹੁਕਮ ਕਰੋ, ਅਜਿਹੀ ਚੋਰੀ ਕੌਣ ਕਰਦਾ ਏ; ਉਸ ਨੂੰ ਅਸੀਂ ਸੋਧਾਂਗੇ। ਦੱਸੋ ਸਹੀ?" ਚੁਸਤ ਖਾੜਕੂਆਂ ਭਾਈ ਸਾਹਿਬ ਦੇ ਗੁੱਸੇ ਨੂੰ ਉੱਤੋਂ ਦੀ ਹੋ ਕੇ ਵਲ ਲਿਆ।

"ਉਨ੍ਹਾਂ ਨੂੰ ਤੁਸੀਂ ਜਾਣਦੇ ਹੋ, ਉਹ ਤੁਹਾਡੇ ਬੰਦੇ ਹਨ। ਉਨ੍ਹਾਂ ਤੋਂ ਅਜਿਹੇ ਕਾਰੇ ਕਰਵਾਉਂਦੇ ਹੋ। ਲਾਹਨਤ ਤੁਹਾਡੀ ਸਿੱਖੀ ਸੇਵਾ ਦੇ।" ਕਾਉਂਕੇ ਦਾ ਗੁੱਸਾ ਢਾਲ ਫੜ ਖਲੋਤਾ।

"ਅਸੀਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਜਾ ਕੇ ਤੁਹਾਨੂੰ ਯਕੀਨ ਦੁਆਂਦੇ ਆਂ, ਸਾਡਾ ਆਦਮੀ ਕੋਈ ਗ਼ਲਤ ਹਰਕਤ ਨਹੀਂ ਕਰੇਗਾ।" ਉਹ ਨਰਮਾਈ ਨਾਲ ਭਾਈ ਨੂੰ ਤੁਰਿਆ ਕਰਨਾ ਚਾਹੁੰਦੇ ਸਨ। ਉਹ ਉਸ ਦੇ ਸਖ਼ਤ ਸੁਭਾਅ ਤੋਂ ਜਾਣੂ ਸਨ।

"ਤੁਹਾਡੀਆਂ ਤੜਕਿਆ ਲੰਗਰ ਇੱਥੇ ਕਿਉਂ ਆਉਂਦਾ ਹੈ। ਤੁਸੀਂ ਸੰਗਤ ਦੀ ਪੰਗਤ ਵਿਚ ਬਹਿ ਕੇ ਕਿਉਂ ਨਹੀਂ ਛੱਕਦੇ?"

"ਤੁਹਾਡਾ ਹੁਕਮ ਪ੍ਰਵਾਨ, ਸਿੱਖ ਦਾ ਧਰਮ ਪੰਗਤ ਵਿਚ ਬਹਿ ਕੇ ਹੀ ਲੰਗਰ ਛੱਕਣਾ ਏ।" ਬੋਲਣ ਵਾਲੇ ਨੇ ਪਿਛਾਂਹ ਝਾਕਿਆ। "ਸਾਡੇ ਦੋ ਸਿੰਘ ਬੀਮਾਰ ਸਨ; ਜਿਨ੍ਹਾਂ ਲਈ ਲੰਗਰ ਇੱਥੇ ਲਿਆਂਦਾ ਸੀ।"

"ਲਾਂਗਰੀ ਤੜਕੇ ਲਾਉਣ ਦੀ ਸ਼ਿਕਾਇਤ ਕਰਦੇ ਹਨ।"

"ਉਹ ਤਾਂ ਜੀ ਸਾਡਾ ਘਰੋਂ ਲਿਆਂਦਾ ਘਿਉ ਸੀ, ਲੰਗਰ ਦਾ ਨਹੀਂ ਵਰਤਿਆ।" ਇੱਕ ਹੋਰ ਖਾੜਕੂ ਨੇ ਬਹਾਨਾ ਡਾਹਿਆ।

"ਗੁਰੂ ਘਰ ਜੋ ਆ ਗਿਆ, ਗੁਰੂ ਦਾ ਏ। ਆਪਣਾ ਘਿਉ ਵੀ ਲੰਗਰ ਵਿਚ ਪਾ ਕੇ ਆਓ, ਨਹੀਂ ਬਾਜ਼ਾਰ ਵਿਚ ਤੜਕੇ ਲਵਾਓ। ਗੁਰੂ ਘਰ ਕੋਈ ਵੱਡਾ ਛੋਟਾ ਨਹੀਂ, ਸਭ ਬਰਾਬਰ ਹਨ। ਸਭ ਨੂੰ ਇਕਸਾਰ ਲੰਗਰ ਵਰਤੇਗਾ।"

"ਜਥੇਦਾਰ ਜੀ, ਪਿਛਲੀ ਭੁੱਲ ਮੁਆਫ਼ ਕਰੋ; ਅੱਗੋਂ ਤੋਂ ਕੁਝ ਵੀ ਗ਼ਲਤ ਨਹੀਂ ਹੋਵੇਗਾ।" ਉਹ ਸਮਝਦੇ ਸਨ, ਭਾਈ ਸਾਹਿਬ ਦਾ ਦਮਦਮੀ ਟਕਸਾਲ ਬਹੁਤ ਸਤਿਕਾਰ ਕਰਦੀ ਹੈ। ਉਨ੍ਹਾਂ ਮੁਆਫ਼ੀ ਮੰਗ ਕੇ ਖਹਿੜਾ ਛੁਡਾਣਾ ਹੀ ਭਲਾ ਸਮਝਿਆ। ਭਾਈ ਸਾਹਿਬ ਭਰੇ-ਪੀਤੇ ਹੀ ਕਮਰਿਓਂ ਬਾਹਰ ਨਿਕਲ ਗਏ।

ਭੈੜੀਆਂ ਪਈਆਂ ਆਦਤਾਂ ਜਾਂਦੀਆਂ ਨਹੀਂ। ਇੱਕ ਮੱਸਿਆ ਦੀ ਸ਼ਾਮ ਸੀ। ਤਰਨ ਤਾਰਨ ਦੀ ਮੱਸਿਆ 'ਤੇ ਆਈ ਸੰਗਤ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਵੀ ਆਈ ਹੋਈ ਸੀ। ਟਰਾਲੀਆਂ, ਟਰੱਕਾਂ, ਬੱਸਾਂ ਤੇ ਸਕੂਟਰਾਂ ਆਦਿ 'ਤੇ ਸੰਗਤ ਪਹੁੰਚ ਰਹੀ ਸੀ। ਪ੍ਰਕਰਮਾ ਵਿਚ ਹਿੱਕ ਨਾਲ ਹਿੱਕ ਭਿੜਦੀ ਸੀ। ਸੰਗਤ ਵਿਚ ਹੀ ਇੱਕ ਜਵਾਨ ਤੇ ਖ਼ੂਬਸੂਰਤ ਕੁੜੀ ਆਪਣੀ ਦਾਦੀ ਨਾਲ ਗੁਰੂ ਦੇ ਦਰਸ਼ਨਾਂ ਨੂੰ ਆਈ ਸੀ। ਖਾੜਕੂ ਬਣੇ ਬਦਮਾਸ਼ਾਂ ਦੀ ਉਸ ਨੂੰ ਵੇਖ ਕੇ ਨੀਅਤ ਫਿੱਟ ਗਈ। ਇੱਕ ਨੇ ਦੂਜੇ ਸਾਥੀਆਂ ਨੂੰ ਇਸ਼ਾਰਾ ਮਾਰਿਆ। ਇਕੱਠ ਵਿਚ ਵੜ ਕੇ ਉਨ੍ਹਾਂ ਧੱਕਦਿਆਂ ਮਾਈ ਨਾਲੋਂ ਕੁੜੀ ਨੂੰ ਨਿਖੇੜ ਲਿਆ ਅਤੇ ਅੱਗੇ ਤੋਰਨ ਲਈ ਮਜਬੂਰ ਕਰ ਦਿੱਤਾ। ਮਾਈ ਨੇ ਦੋਹਾਈ ਪਾਈ।

"ਵੇ ਭਾਈ ਮੇਰੀ ਕੁੜੀ ਵੇ! ਕੁੜੀ ਵੇ!"

ਭਾਰੀ ਇਕੱਠ ਵਿਚ ਮਾਈ ਦੀ ਕੌਣ ਸੁਣਦਾ ਸੀ। ਮੁੰਡਿਆਂ ਜਾਣ ਕੇ ਮਾਈ ਨੂੰ ਘੇਰੀ ਰੱਖਿਆ। ਉਨ੍ਹਾਂ ਦਾ ਕਮਰਾ ਨੇੜੇ ਆਇਆ, ਤਦ ਦੋ ਜਣਿਆਂ ਹਵਾਸੀ ਕੁੜੀ ਨੂੰ ਕਮਰੇ

ਅੰਦਰ ਕਰ ਲਿਆ। ਮਾਈ ਦੋਹਾਈ ਪਾਉਂਦੀ, ਬਾਹਾਂ ਮਾਰਦੀ ਕਮਰੇ ਅੱਗੇ ਆ ਗਈ।

"ਸੁਣੋ ਵੇ ਭਾਈ, ਗੁਰਮੁਖਾਂ ਵਾਲੇ ਚੋਲਿਆਂ ਵਾਲਿਓ! ਮੇਰੀ ਪੋਤੀ ਨੂੰ ਬਾਹਰ ਕੱਢੋ। ਤੁਹਾਡਾ ਬਹਿ ਜੇ ਬੇੜ੍ਹਾ, ਹੋ ਜੇ ਸਿਆਪਾ, ਗੁਰੂ ਘਰ ਬਦਕਾਰੇ ਕਰਨ ਵਾਲਿਆਂ ਦਾ।"

ਇੱਕ ਖਾੜਕੂ ਨੇ ਪਿਸਤੌਲ ਮਾਈ ਦੀ ਹਿੱਕ 'ਤੇ ਰੱਖ ਦਿੱਤਾ।

"ਖ਼ਬਰਦਾਰ, ਜੇ ਇੱਕ ਵੀ ਬੋਲ ਮੂਹੋਂ ਕੱਢਿਆ। ਗੋਲੀ ਤੇਰੇ ਮੂੰਹ ਵਿਚ ਮਾਰਾਂਗਾ। ਚੁੱਪ, ਚੁੱਪ।"

ਬੋਲਣਾ ਤਾਂ ਕੀ ਮਾਈ ਦਾ ਸਾਹ ਹੀ ਰੁਕ ਗਿਆ। ਗੁਰੂ ਘਰ ਵਿਚ ਉਸ ਨੂੰ ਇਸ ਤਰ੍ਹਾਂ ਦੀ ਆਸ ਨਹੀਂ ਸੀ। ਉਸ ਹੱਥ ਜੋੜ ਦਿੱਤੇ।

"ਮੈਂ ਤੁਹਾਡੀ ਮਿੰਨਤ ਕਰਦੀ ਆਂ। ਗੁਰੂ ਘਰ ਝੂਠ ਨਹੀਂ ਬੋਲਦੀ। ਚੌਥੇ ਨੂੰ ਇਹਦਾ ਵਿਆਹ ਏ। ਇਹਨੂੰ ਛੱਡ ਦਿਓ? ਆਈ ਜੰਞ ਨੂੰ ਅਸੀਂ ਕੀ ਜਵਾਬ ਦੇਵਾਂਗੇ? ਨਾ ਮੇਰੇ ਪੁੱਤਰੋ, ਆਹ ਕੰਨਾਂ ਦੀਆਂ ਡੰਡੀਆਂ ਲੈ ਲਵੋ; ਮੇਰੀ ਧੀ ਨੂੰ ਛੱਡ ਦਿਓ।"

ਇਕ ਬਦਮਾਸ਼ ਕਮਰੇ ਦਾ ਇੱਕ ਤਖ਼ਤਾ ਢੋ ਕੇ ਦੂਜੇ ਵਿਚ ਕੰਧ ਕੱਢ ਕੇ ਖਲੋ ਗਿਆ। ਕੁੜੀ ਨੇ ਦਾਦੀ ਨੂੰ ਵੇਖਿਆ ਤਾਂ ਉਸ ਦੀ ਧਾਹ ਨਿਕਲ ਗਈ।

"ਅੰਮਾ! ਮੈਨੂੰ ਬਚਾਅ?"

ਦੂਜੇ ਖਾੜਕੂ ਬਣੇ ਨੇ ਕੁੜੀ ਦਾ ਝੱਟ ਮੂੰਹ ਘੁੱਟ ਲਿਆ; ਮੁੜ ਉਸ ਦੀ ਆਵਾਜ਼ ਹੀ ਨਾ ਨਿਕਲਣ ਦਿੱਤੀ। ਪਿਸਤੌਲ ਵਾਲੇ ਨੇ ਮਾਈ ਨੂੰ ਕਿਹਾ।

"ਮਾਈ, ਤੈਨੂੰ ਸੱਚੀ ਦੱਸੀਏ, ਹੁਣ ਤਾਂ ਅਸੀਂ ਨਹੀਂ ਛੱਡ ਸਕਦੇ।" ਉਸ ਸਾਫ਼ ਜਵਾਬ ਦੇ ਦਿੱਤਾ।

ਸਾਰਿਆਂ ਤੋਂ ਪਿੱਛੇ ਖਲੋਤੀ ਕੁੜੀ ਮੁੜ੍ਹਕੋ-ਮੁੜ੍ਹਕੀ ਹੋਈ ਕੰਬੀ ਜਾ ਰਹੀ ਸੀ। ਬੋਲ ਉਹਦੇ ਮੂੰਹੋਂ ਸੁੱਕਦੇ ਜਾ ਰਹੇ ਸਨ।

"ਭਾਅਊ! ਮੈਨੂੰ.....।" ਉਸ ਛੁਟਣ ਲਈ ਜ਼ੋਰ ਲਾਇਆ; ਪਰ ਜੱਫੇ ਵਿਚ ਘੁੱਟੀ ਤੇ ਡਰੀ ਕੁੜੀ ਕਿਵੇਂ ਛੁਟਦੀ।

"ਗੁਰੂ ਦੇ ਸਿੰਘੋ!" ਮਾਈ ਤਰਲੇ ਕਰ ਰਹੀ ਸੀ। "ਕਿਵੇਂ ਛੱਡਦੇ ਵੀ ਓ? ਕੁਝ ਤਾਂ ਤਰਸ ਕਰੋ। ਵਿਆਹ ਮੁੱਲ੍ਹੇ 'ਤੇ ਐ। ਅਸੀਂ ਸੱਗੇ ਰੱਤਿਆਂ ਨੂੰ ਕੀ ਜਵਾਬ ਦਿਆਂਗੇ? ਮੇਰੇ ਪੁੱਤਰੋ, ਕੁੜੀ ਨੂੰ ਛੱਡ ਦੇਵੋ, ਗੁਰੂ ਦੇ ਨਾਂ 'ਤੇ ਛੱਡ ਦੇਵੋ।"

"ਮਾਈ ਵਿਆਹ ਦਾ ਬਹਾਨਾ ਬਣਾ ਕੇ ਝੂਠ ਤਾਂ ਨਹੀਂ ਬੋਲਦੀ?" ਪਿਸਤੌਲ ਵਾਲੇ ਦੀਆਂ ਅੱਖਾਂ ਵੀ ਦੋਨਾਲੀ ਬਣੀਆਂ ਹੋਈਆਂ ਸਨ।

"ਗੁਰੂ ਰਾਮਦਾਸ ਦੇ ਦਰਬਾਰ ਝੂਠ ਬੋਲਾਂਗੀ। ਮੇਰੀ ਦੇਹ ਵਿਚ ਕੀੜੇ ਪੈਣ ਜੇ ਝੂਠ ਆਖਾਂ। ਮੇਰੀ ਧੀ ਛੱਡ ਦਿਓ, ਸਾਰੀ ਉਮਰ ਤੁਹਾਨੂੰ ਦੁਆਵਾਂ ਦੇਵਾਂਗੀ।"

"ਅਸੀਂ ਵੀ ਗੁਰੂ ਰਾਮਦਾਸ ਨੂੰ ਸੰਨ੍ਹ ਰੱਖ ਕੇ ਵਚਨ ਦੇਂਦੇ ਆਂ। ਤੇਰੀ ਧੀ ਨੂੰ ਕੁਝ ਨਹੀਂ ਆਖਾਂਗੇ। ਪਰਸੋਂ ਵਿਆਹ ਤੋਂ ਪਹਿਲਾਂ ਆ ਕੇ ਲੈ ਜਾਵੀਂ ਤੇ ਚੁੱਪ-ਚਾਪ ਡੰਡੀਆਂ ਦੇ ਜਾਵੀਂ।"

"ਤੁਸੀਂ ਡੰਡੀਆਂ ਹੁਣੇ ਲਵੋ ਤੇ ਛੁਟਕਾਰਾ ਕਰੋ।" ਮਾਈ ਨੇ ਡੰਡੀਆਂ ਲਾਹੁਣ ਲਈ ਦੋਵੇਂ ਹੱਥ ਇੱਕ ਕੰਨ ਨੂੰ ਲਾ ਲਏ। "ਗੁਰੂ ਦੇ ਵਾਸਤੇ ਸਾਡੀ ਇੱਜ਼ਤ ਨਾ ਪੁੱਟੋ।" ਕੰਨ 'ਤੇ ਗਏ ਹੱਥ ਉਸ ਦੇ ਕੰਬ ਰਹੇ ਸਨ।

"ਬਸ ਬਈ ਫ਼ੈਸਲਾ ਹੋ ਗਿਆ, ਇੱਕ ਦਿਨ ਪਹਿਲਾਂ ਆ ਕੇ ਲੈ ਜਾਵੀਂ। ਪੁਲੀਸ ਜਾਂ ਕਿਸੇ ਹੋਰ ਕੋਲ ਖ਼ਬਰ ਕੀਤੀ, ਤੇਰੀ ਧੀ ਦਾ ਭੋਗ ਪਾ ਦਿੱਤਾ ਜਾਵੇਗਾ।" ਉਸ ਨਾਲ ਦੇ ਨੂੰ ਇਸ਼ਾਰਾ ਕੀਤਾ। ਉਹ ਮਾਈ ਨੂੰ ਧੱਕ ਕੇ ਬਾਹਰ ਪਰਕਰਮਾ ਦੇ ਯਾਤਰੀਆਂ ਵਿਚ ਛੱਡ ਗਿਆ।

ਵਿਸ਼ਵਾਸ ਤੇ ਸ਼ਰਧਾ ਵਿਚ "ਵਾਹਿਗੁਰੂ ਵਾਹਿਗੁਰੂ" ਜਪਦੇ ਯਾਤਰੀਆਂ ਨੂੰ ਕੋਈ ਪਤਾ ਨਹੀਂ ਸੀ, ਇਸ ਪਵਿੱਤਰ ਧਰਮ ਅਸਥਾਨ 'ਤੇ ਕਿਹੋ ਜਿਹੇ ਸ਼ਰਮਨਾਕ ਭਾਣੇ ਵਰਤ ਰਹੇ ਹਨ। ਵਿਚਾਰੀ ਕੁੜੀ ਨਾਲ ਜੋ ਵਾਪਰੀ ਉਹ ਗੁਰੂ ਰਾਮਦਾਸ ਹੀ ਜਾਣਦਾ ਏ, ਪਰ ਉਹ ਬਦਮਾਸ਼ ਆਪਣੇ ਵਚਨ ਦੇ ਪੱਕੇ ਰਹੇ। ਮਾਈ ਦੋ ਦਿਨਾਂ ਪਿੱਛੋਂ ਆਈ ਅਤੇ ਸੋਨੇ ਦੀਆਂ ਡੰਡੀਆਂ ਵੱਟੇ ਕੁੜੀ ਲੈ ਗਈ। ਬੀਤੇ ਦੋਵੇਂ ਦਿਨ ਉਹ ਗੁਰੂ ਰਾਮਦਾਸ ਸਰਾਂ ਵਿਚ ਰਹਿ ਕੇ ਗੁਰੂ ਅੱਗੇ ਅਰਦਾਸਾਂ ਕਰਦੀ ਰਹੀ ਸੀ। ਇਕੱਲੀ ਕੁੜੀ ਬਿਨਾਂ ਘਰ ਕਿਵੇਂ ਜਾਂਦੀ। ਭਾਲਣ ਆਏ ਵੇਖ ਕੇ ਉਹ ਲੁਕ ਗਈ ਸੀ।

ਜਦੋਂ ਮਨੁੱਖ ਹਾਲਾਤ ਦੇ ਧੱਕਿਆਂ ਨਾਲ ਵਹਿਸ਼ੀ ਹੋ ਜਾਂਦਾ ਹੈ, ਹਰ ਤਰ੍ਹਾਂ ਦੇ ਧਰਮ-ਕਰਮ ਨੂੰ ਖਾ ਜਾਂਦਾ ਹੈ। ਪਹਿਲੋਂ ਉਹਦੇ ਅੰਦਰੋਂ ਸਭਿਆਚਾਰਕ ਮਨੁੱਖਤਾ ਕੀਮਤਾਂ ਮਰਦੀਆਂ ਹਨ, ਮੁੜ ਉਹਦਾ ਹੰਕਾਰ ਧਰਮ ਨੂੰ ਆਪਣੀ ਘੋੜੀ ਬਣਾ ਲੈਂਦਾ ਹੈ। ਬੁਰਾਈ ਚੰਗਿਆਈ ਦਾ ਗਲ ਘੁੱਟੀ ਬੈਠੀ ਸੀ। ਮਹੰਤਾਂ ਦੇ ਉਪਦ੍ਰਵਾਂ ਤੋਂ ਗੁਰਦਵਾਰੇ ਆਜ਼ਾਦ ਕਰਵਾਏ ਸਨ; ਪਰ ਖਾੜਕੂ ਗੁੰਡਿਆਂ ਕੋਲੋਂ ਸ੍ਰੀ ਦਰਬਾਰ ਸਾਹਿਬ ਤੇ ਸ਼੍ਰੋਮਣੀ ਕਮੇਟੀ ਬੇਵਸ ਹੋਈਆਂ ਪਈਆਂ ਸਨ। ਅਸਲ ਵਿਚ ਬਾਰਡਰ ਏਰੀਏ ਦੇ ਲੋਕਾਂ ਦੀ ਆਰਥਕਤਾ ਨਿੱਘਰ ਗਈ ਸੀ। ਫ਼ਸਲਾਂ ਮਰ ਜਾਣ ਅਤੇ ਪਾਕੀ ਜੰਗਾਂ ਹੋਰ ਤਬਾਹ ਕਰ ਦਿੱਤੇ ਸਨ। ਹੱਥਲ ਹੋਏ ਲੋਕ ਸਮਗਲਿੰਗ ਤੇ ਕੁਕਰਮਾਂ ਵਿਚ ਪੈਣ ਲਈ ਮਜਬੂਰ ਹੋ ਗਏ। ਦੂਜੇ ਕੇਂਦਰ ਸਰਕਾਰ ਦੇ ਵਿਤਕਰਿਆਂ ਪੰਜਾਬ ਨੂੰ ਮਾਰ ਘੱਤਿਆ ਸੀ। ਉਧਰ ਪਾਕਿਸਤਾਨ ਬਦਲੇ ਦੀ ਭਾਵਨਾ ਨਾਲ ਸਿੱਖਾਂ ਨੂੰ ਹਿੰਦ ਸਰਕਾਰ ਨਾਲ ਟਕਰਾਅ ਰਿਹਾ ਸੀ। ਉਹਦੇ ਰੇਂਜਰ ਸਿੱਖਾਂ ਨੂੰ ਪਾਕਿਸਤਾਨ ਜਾਣੋਂ ਨਹੀਂ ਰੋਕਦੇ ਸਨ। ਭਾਰਤ ਦੀ ਬੀ. ਐੱਸ. ਪੀ. ਵੀ ਕੁਰੱਪਟ ਹੋ ਚੁੱਕੀ ਸੀ। ਬਹੁਤ ਸਾਰੇ ਚੌਕੀ ਲਾਂਘਿਆਂ 'ਤੇ ਪੱਠਾ ਬੱਝਾ ਹੋਇਆ ਸੀ। ਤੀਹ ਤੋਂ ਚਾਲ੍ਹੀ ਹਜ਼ਾਰ ਇੱਕ ਘੰਟੇ ਦਾ, ਏਧਰੋਂ-ਓਧਰ ਮਾਲ ਲੰਘਾਇਆ ਜਾਂਦਾ ਸੀ। ਇਉਂ ਸਮਗਲਰ ਤੇ ਰਾਖੀ ਪੁਲੀਸ ਵਾਲੇ ਦੋਵੇਂ ਖ਼ੁਸ਼ ਸਨ। ਸੁੱਤੇ ਪਏ ਮੁੰਡੇ ਦਾ ਮੂੰਹ ਚੁੰਮਿਆ, ਮਾਂ ਮੁੰਡਾ ਦੋਵੇਂ ਰਾਜ਼ੀ। ਇਹ ਕੁਝ ਓਦੋਂ ਵਾਪਰ ਰਿਹਾ ਸੀ, ਜਦੋਂ ਕਾਨੂੰਨ, ਉਹਦੀ ਸਰਕਾਰ ਤੇ ਜਾਨ-ਮਾਲ ਦੇ ਰਾਖੇ ਵਗਦੀ ਗੰਗਾ ਵਿਚ ਨਹਾ ਕੇ ਹੋਰ ਪਾਪ ਸਿਰ ਚੜ੍ਹਾਈ ਜਾਂਦੇ ਸਨ। ਕਮਜ਼ੋਰ ਇੱਜ਼ਤਾਂ ਲੁਟਾ ਰਹੇ ਸਨ। ਮਾਇਆ ਦੇ ਲਾਲਚ ਵਿਚ ਮਨੁੱਖੀ ਲਹੂ ਧਾਰੋਧਾਰ ਵਗੀ ਜਾਂਦਾ ਸੀ। ਹਰਿਮੰਦਰ ਸਾਹਿਬ ਦੀ ਪਵਿੱਤਰਤਾ ਦਾਗ਼ ਦਾਗ਼ ਹੋ ਰਹੀ ਸੀ। ਪੰਜਾਬ ਦੀਆਂ ਇਤਿਹਾਸਕ ਤੇ ਬਹਾਦਰ ਰਵਾਇਤਾਂ ਮਿੱਟੀ ਕੀਤੀਆਂ ਜਾ ਚੁੱਕੀਆਂ ਸਨ।

ਬਵੰਜਵਾਂ ਕਾਂਡ

ਨੌਜਵਾਨੀ ਜਜ਼ਬਾਤ ਦੀ ਪੱਕੀ ਉਸਾਰੀ, ਮੁੜ ਪੰਜਾਬ ਦੀਆਂ ਤਾਂ ਅਗਾਂਹ ਹੀ ਗੱਲਾਂ ਹਨ। ਜੇ ਉਸ ਵਿਚ ਗੁੱਸਾ ਤੇ ਬਦਲੇ ਦੀ ਭਾਵਨਾ ਭਰ ਦਿੱਤੀ ਜਾਵੇ; ਤਾਂ ਲਾਟੀਂ ਮੱਚ ਉੱਠਦੀ ਐ। ਬਲਿਊ ਸਟਾਰ ਦੇ ਹਮਲੇ ਜਿਨ੍ਹਾਂ ਗੱਭਰੂਆਂ ਦੇ ਬੇਗੁਨਾਹ ਬਾਪ, ਭਰਾ ਜਾਂ ਕੋਈ ਸਕਾ ਸੰਬੰਧੀ ਮਾਰਿਆ ਗਿਆ ਸੀ; ਉਹ ਆਪੇ ਤੋਂ ਬਾਹਰ ਹੋ ਕੇ ਪਾਕਿਸਤਾਨ ਨੂੰ ਨੱਠ ਤੁਰੇ, ਬਿਨਾਂ ਕੁਝ ਜਾਣੇ। ਸ੍ਰੀ ਅਕਾਲ ਤਖ਼ਤ ਦੇ ਢਹਿ ਜਾਣ ਤੇ ਆਪਣੇ ਸਕੇ ਮਾਰੇ ਜਾਣ ਦੇ ਰੋਹ ਰੋਸ ਨੇ ਉਨ੍ਹਾਂ ਨੂੰ ਇੱਕ ਤਰ੍ਹਾਂ ਪਾਗਲ ਕਰ ਦਿੱਤਾ ਸੀ। ਕੋਈ ਪਤਾ ਨਹੀਂ ਸੀ, ਪਾਕਿਸਤਾਨ ਉਨ੍ਹਾਂ ਦੀ ਮਦਦ ਕਰੇਗਾ ਜਾਂ ਨਹੀਂ। ਉਹ ਬਸ ਐਨਾ ਹੀ ਜਾਣਦੇ ਸਨ; ਪਾਕਿਸਤਾਨ ਹਿੰਦੋਸਤਾਨ ਨੂੰ ਆਪਣਾ ਦੁਸ਼ਮਣ ਸਮਝਦਾ ਏ ਕਿਉਂਕਿ ਭਾਰਤੀ ਫ਼ੌਜਾਂ ਨੇ ਪਾਕਿਸਤਾਨ ਤੋੜ ਕੇ ਨਵਾਂ ਮੁਲਕ ਬੰਗਲਾਦੇਸ਼ ਬਣਾ ਧਰਿਆ ਸੀ। ਅੱਗੋਂ ਭੱਜੇ ਆਉਂਦੇ ਨੌਜਵਾਨਾਂ ਨੂੰ ਪਾਕਿਸਤਾਨ ਰੇਂਜਰ ਇੱਕ ਤਰ੍ਹਾਂ ਬਾਹਾਂ ਅੱਡ ਕੇ ਮਿਲ ਰਹੇ ਸਨ। ਰੇਂਜਰਾਂ ਨੂੰ ਸਰਕਾਰੀ ਹਦਾਇਤ ਸੀ, ਜਿੰਨੇ ਵੀ ਸਿੱਖ ਨੱਠ ਕੇ ਆਉਂਦੇ ਅ, ਉਨ੍ਹਾਂ ਸਭ ਦੀ ਸੰਭਾਲ ਕਰੋ ਅਤੇ ਆਜ਼ਾਦ ਖ਼ਾਲਿਸਤਾਨ ਦਾ ਨਾਅਰਾ ਉਨ੍ਹਾਂ ਦੇ ਸਿਰ ਵਿਚ ਪਾਉ। ਇਹ ਸਿੱਖ ਭਾਰਤ ਦੇ ਬਾਗ਼ੀ ਹਨ। ਹਥਿਆਰਾਂ ਦੀ ਉਨ੍ਹਾਂ ਨੂੰ ਟ੍ਰੇਨਿੰਗ ਦਿਉ। ਦੁਸ਼ਮਣ ਤੋਂ ਬਦਲਾ ਲੈਣ ਦਾ ਇਹ ਵਧੀਆ ਮੌਕਾ ਹੱਥੋਂ ਨਾ ਗਵਾਇਆ ਜਾਵੇ।

ਰੇਂਜਰਾਂ ਭੱਜ ਕੇ ਗਏ ਸਿੱਖ ਨੌਜਵਾਨਾਂ ਨੂੰ ਆਈ. ਐੱਸ. ਆਈ. ਏਜੰਸੀ ਦੇ ਹਵਾਲੇ ਕਰ ਦਿੱਤਾ। ਏਜੰਸੀ ਨੇ ਥਾਂ ਪਰ ਥਾਂ ਕੈਂਪ ਲਾ ਕੇ ਉਨ੍ਹਾਂ ਦੀ ਹਥਿਆਰ ਸਿਖਲਾਈ ਅਤੇ ਦਿਮਾਗ਼ੀ ਸਫ਼ਾਈ ਸ਼ੁਰੂ ਕਰ ਦਿੱਤੀ। ਜਜ਼ਬਾਤੀ ਤੇ ਅੱਲ੍ਹੜ ਮੁੰਡਿਆਂ ਲਈ ਐਨੀ ਗੱਲ ਹੀ ਕਾਫ਼ੀ ਸੀ:

"ਤੁਹਾਡੇ ਸਿੱਖ ਆਗੂ ਕੌਮ ਦੇ ਗ਼ੱਦਾਰ ਸਨ, ਜਿਹੜੇ ਤੁਹਾਨੂੰ ਧੂਹ ਕੇ ਹਿੰਦੋਸਤਾਨ ਵਿਚ ਲੈ ਗਏ। ਪਾਕਿਸਤਾਨ ਵਿਚ ਆਉਂਦੇ, ਤੁਹਾਡਾ ਆਜ਼ਾਦ ਖ਼ਾਲਿਸਤਾਨ ਪੱਕਾ ਹੋਣਾ ਸੀ। ਹੁਣ ਖ਼ਾਲਿਸਤਾਨ ਤੁਹਾਨੂੰ ਅਸੀਂ ਲੈ ਕੇ ਦੇਵਾਂਗੇ। ਪਰ ਲੜੇ ਬਿਨਾਂ ਖ਼ਾਲਿਸਤਾਨ ਤੁਹਾਨੂੰ ਨਹੀਂ ਮਿਲਣਾ। ਸਾਡਾ ਜਿਨਾਹ ਤੁਹਾਨੂੰ ਹਿੰਦੂਆਂ ਦੀ ਗ਼ੁਲਾਮੀ ਤੋਂ ਬਚਾਉਂਦਾ ਸੀ; ਪਰ ਤੁਹਾਡੇ ਰਾਹਬਰ ਖ਼ੁਦਗਰਜ਼ ਸਨ। ਤਦ ਹੀ ਤੁਹਾਡਾ ਇਹ ਹਸ਼ਰ ਹੋਇਆ ਹੈ।"

ਇਸ ਤਰ੍ਹਾਂ ਪਾਕਿਸਤਾਨੀ ਘਾਗ ਅਫ਼ਸਰ ਸਿਆਸੀ ਪੱਖੋਂ ਕੋਰੇ ਕਾਗਜ਼ ਵਰਗੇ ਦਿਮਾਗਾਂ 'ਤੇ ਮਨ ਮਰਜ਼ੀ ਦੀ ਇਬਾਰਤ ਵਾਹੁੰਦੇ ਰਹੇ। ਫਿਰ ਉਨ੍ਹਾਂ ਨੂੰ ਹਥਿਆਰ ਲੈਣ ਲਈ ਪੈਸਾ ਇਕੱਠਾ ਕਰਨ ਦੀ ਜਾਚ ਦੱਸਦੇ ਸਨ। ਸਮਗਲਿੰਗ ਸਿਖਾਉਂਦੇ, ਆਉਣ-ਜਾਣ ਦੇ ਚੋਰ ਰਾਹ ਵਿਖਾਉਂਦੇ ਸਨ। ਉਨ੍ਹਾਂ ਭਾਰਤ ਦੀ ਬੀ. ਐੱਸ. ਐੱਫ. ਨੂੰ ਨਜ਼ਰਾਨਾ ਚਾੜ੍ਹ ਕੇ ਵੱਸ ਕਰ ਲਿਆ। ਦੁਸ਼ਮਣ ਚਾਹੁੰਦਾ ਸੀ ਟਰੇਂਡ ਕੀਤੇ ਜਵਾਨਾਂ ਤੋਂ ਇੱਕ ਵਾਰ ਸ੍ਰੀ ਅਕਾਲ ਤਖ਼ਤ

ਤੋਂ ਖ਼ਾਲਿਸਤਾਨ ਦਾ ਨਾਅਰਾ ਬੁਲੰਦ ਕਰਵਾ ਦਿੱਤਾ ਜਾਵੇ; ਮੁੜ ਇਹ ਰੇੜਕਾ ਮੁੱਕੇਗਾ ਨਹੀਂ। ਮਰਿਆ ਸੱਪ ਹਿੰਦੋਸਤਾਨ ਦੇ ਗਲ ਪੈ ਜਾਵੇਗਾ। ਇਉਂ ਮਾਰ ਮਰਾਈ ਦੀ ਸਿਰਦਰਦੀ ਤੋਂ ਭਾਰਤ ਸਰਕਾਰ ਛੁਟਕਾਰਾ ਨਹੀਂ ਪਾ ਸਕੇਗੀ। ਦੁਸ਼ਮਣ ਬਾਤ ਕਰੇ ਅਣਹੋਣੀ। ਸਿੱਖ ਮੁੰਡੇ ਅਣਜਾਣ ਸਨ, ਬਦਲੇ ਦੀ ਭਾਵਨਾ ਉਨ੍ਹਾਂ ਨੂੰ ਦੁਸ਼ਮਣ ਦੀ ਬੁੱਕਲ ਵਿਚ ਲੈ ਗਈ। ਉਨ੍ਹਾਂ ਸ੍ਰੀ ਅਕਾਲ ਤਖ਼ਤ 'ਤੇ ਖਰੂਦ ਕਰਨਾ ਸ਼ੁਰੂ ਕਰ ਦਿੱਤਾ। ਪ੍ਰੋ. ਦਰਸ਼ਨ ਸਿੰਘ ਨੇ ਉਨ੍ਹਾਂ ਨੂੰ ਸਮਝਾਉਣ ਦੀ ਹਜ਼ਾਰ ਵਾਰ ਕੋਸ਼ਿਸ਼ ਕੀਤੀ। ਬਾਹਰੋਂ ਆਉਂਦੇ ਰਾਜਨੀਤਕ ਤੇ ਧਾਰਮਿਕ ਲੀਡਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਨੂੰ ਨਾਲ ਬਿਠਾਇਆ। ਪਰ ਉਹ ਗੱਲ ਨੂੰ ਠੀਕ ਸਮਝਦੇ ਵੀ ਆਪਣੇ ਬਣਾਏ ਪੱਕੇ ਇਰਾਦੇ ਨਾਲ ਬਦਲਦੇ।

ਬਾਰਡਰ ਪਿੰਡਾਂ ਦੇ ਲੁਟੇਰੇ ਤੇ ਸਮਗਲਰ ਝੱਟ ਮੌਕਾ ਤਾੜ ਕੇ ਉਨ੍ਹਾਂ ਖਾੜਕੂਆਂ ਨਾਲ ਆ ਜੁੜੇ। ਉਨ੍ਹਾਂ ਅੰਮ੍ਰਿਤ ਛਕ ਕੇ ਲੰਮੇ ਚੋਲੇ ਪਾ ਲਏ। ਚੋਲਿਆਂ ਵਿਚ ਹਥਿਆਰ ਰੱਖਣੇ ਸ਼ੁਰੂ ਕਰ ਦਿੱਤੇ। ਸੇਵਾਦਾਰਾਂ ਅਤੇ ਗ੍ਰੰਥੀਆਂ ਨੂੰ ਘੂਰਨ ਲੱਗ ਪਏ। ਸਿਰ 'ਤੇ ਨਹੀਂ ਕੁੰਡਾ, ਹਾਥੀ ਫਿਰੇ ਲੁੰਡਾ। ਉਨ੍ਹਾਂ ਫਿਰੌਤੀਆਂ ਲੈਣੀਆਂ ਸ਼ੁਰੂ ਕਰ ਦਿਤੀਆਂ। ਅੜਨ ਵਾਲੇ ਨੂੰ ਆਪਣੇ ਮੱਲੇ ਕਮਰੇ ਵਿਚ ਲਿਜਾ ਕੇ ਪਾਰ ਬੁਲਾ ਧਰਦੇ ਅਤੇ ਉਸ ਦੀ ਲਾਸ਼ ਰਾਤ ਨੂੰ ਢਾਹੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਲਬੇ ਵਿਚ ਦੱਬ ਦੇਂਦੇ। ਉਨ੍ਹਾਂ ਦਾ ਦਬਦਬਾ ਐਨਾ ਵਧ ਗਿਆ ਕਿ ਕੋਈ ਸਾਹਮਣੇ ਕੂੰਦਾ ਤੱਕ ਨਹੀਂ ਸੀ।

ਬੰਬਈ ਦਾ ਇੱਕ ਧਨਾਢ ਸਿੱਖ ਪਰਿਵਾਰ ਹਰ ਸਾਲ ਸ੍ਰੀ ਦਰਬਾਰ ਸਾਹਿਬ ਅਖੰਡ ਪਾਠ ਕਰਵਾਉਂਦਾ ਅਤੇ ਸਵਾ ਲੱਖ ਦੀ ਭੇਟਾ, ਅਰਦਾਸ ਕਰਵਾਉਂਦਾ ਸੀ। ਉਨ੍ਹਾਂ ਦੀਆਂ ਜ਼ਨਾਨੀਆਂ ਦੇ ਸੋਨਾ ਪਾਇਆ ਵੇਖ ਕੇ ਲੁਟੇਰੇ ਖਾੜਕੂ ਬੇਈਮਾਨ ਹੋ ਗਏ ਅਤੇ ਜ਼ਨਾਨੀਆਂ ਕਮਰਿਆਂ ਵਿਚ ਡੱਕ ਲਈਆਂ ਅਤੇ ਆਖਿਆ,

"ਅਸਾਂ ਤੁਹਾਡੀ ਖ਼ਾਤਰ ਹੀ ਹਥਿਆਰ ਲੈ ਕੇ ਖਾਲਿਸਤਾਨ ਬਣਾਉਣਾ ਏ। ਸੋ.....।"

ਕੁਝ ਭਲੇ ਬੰਦਿਆਂ ਵਿਚ ਪੈ, ਲੈ ਦੇ ਕੇ ਬੰਬਈ ਪਰਿਵਾਰ ਦਾ ਖਹਿੜਾ ਛੁਡਾਇਆ। ਉਹ ਅਖੰਡ ਪਾਠ ਕਰਵਾਉਣ ਅਜੇ ਆਉਂਦੇ ਐ।

ਜਥੇਦਾਰ ਦਰਸ਼ਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੇ ਹੈੱਡ ਹੁੰਦਿਆਂ ਉਨ੍ਹਾਂ ਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ।

"ਦੇਖੋ ਪੰਥ ਦੀ ਬੇੜੀ ਭੰਵਰ ਵਿਚੋਂ ਨਹੀਂ ਨਿਕਲੀ। ਤੁਹਾਡੀਆਂ ਆਪ ਆਈਆਂ ਕਾਰਵਾਈਆਂ ਬੇੜੀ ਵਿਚ ਪੱਥਰ ਭਰ ਰਹੀਆਂ ਹਨ। ਤੁਸੀਂ ਜਥੇਬੰਦੀ ਨਿਸ਼ੰਗ ਬਣਾਓ-ਨਿਜ਼ਾਤ ਦਾ ਇਹੋ ਰਾਹ ਹੈ, ਪਰ ਆਪਣੇ ਲੋਕਾਂ ਨੂੰ ਦੁਸ਼ਮਣ ਨਹੀਂ, ਸਗੋਂ ਸਿਦਕਵਾਨ ਮਿੱਤਰ ਬਣਾਓ।" ਪਰ ਗੱਲ ਵਿਗੜਦੀ ਹੀ ਗਈ।

"ਤੁਹਾਡੇ ਉਪਦੇਸ਼ ਨਹੀਂ ਚਾਹੀਦੇ। ਇਨ੍ਹਾਂ ਉਪਦੇਸ਼ਾਂ ਸਾਨੂੰ ਥੱਲੇ ਲਾਹ ਧਰਿਆ ਹੈ। ਬਸ ਬਦਲਾ ਤੇ ਖਾਲਿਸਤਾਨ; ਇਸ ਤੋਂ ਉਰੇ ਕੁਝ ਨਹੀਂ।"

ਪੰਜਾਬੀ ਕਹੌਤ: ਚੁੱਕੀ ਸ਼ਰੀਕਾਂ ਦੀ, ਗਾਲ੍ਹ ਬਿਨਾਂ ਨਾ ਬੋਲੇ। ਖਾੜਕੂਆਂ ਦੇ ਅੜਬ ਬੋਲਾਂ ਤੋਂ ਪ੍ਰੋ. ਦਰਸ਼ਨ ਸਿੰਘ ਮਾਯੂਸ ਹੋ ਗਏ। ਖਾੜਕੂਆਂ ਜਥੇਦਾਰ ਜੀ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਪ੍ਰੈੱਸ ਵਾਲੇ ਛੋਟੀ ਖ਼ਬਰ ਨੂੰ ਵੀ ਸ਼ੈਤਾਨ ਦੀ ਆਂਤ ਬਣਾ ਧਰਦੇ। ਪ੍ਰੋਫ਼ੈਸਰ

ਸਾਹਿਬ ਦੇ ਘਰਦਿਆਂ ਨੂੰ ਫ਼ਿਕਰ ਪੈ ਗਿਆ: ਇਹ ਕਿੱਥੇ ਜਾ ਫਸੇ। ਉਨ੍ਹਾਂ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ।

"ਤੁਸੀਂ ਜਥੇਦਾਰੀ ਛੱਡ ਦੇਵੋ, ਖਾੜਕੂਆਂ ਦਾ ਕੋਈ ਵਿਸਾਹ ਨਹੀਂ, ਉਹ ਕਿਸੇ ਗੁਰੂ ਪੀਰ ਦੇ ਨਹੀਂ?"

"ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਹੋ ਕੇ ਮੈਂ ਉੱਥੋਂ ਕਿਵੇਂ ਭੱਜ ਆਵਾਂ।" ਪ੍ਰੋਫ਼ੈਸਰ ਸਾਹਿਬ ਨੇ ਘਰਦਿਆਂ ਦੀ ਇੱਕ ਨਾ ਸੁਣੀ। "ਹਨੇਰੀ ਦਰਖ਼ਤ ਉਖਾੜ ਸਕਦੀ ਹੈ, ਪਰ ਚਟਾਨ ਦਾ ਕੁਝ ਨਹੀਂ ਵਿਗਾੜ ਸਕਦੀ।"

ਉਨ੍ਹਾਂ ਦੇ ਪਤਨੀ ਮਿੰਨਤਾਂ ਤਰਲੇ ਕਰ ਕਰ ਹਾਰ ਗਈ।

"ਤੁਸਾਂ ਗੁਰੂ ਦੀ ਓਟ ਵਿਚ ਆਪਣੇ ਅਸੂਲਾਂ 'ਤੇ ਅੜੇ ਰਹਿਣਾ ਏਂ ਤੇ ਖਾੜਕੂਆਂ ਤੁਹਾਨੂੰ ਮਾਰ ਦੇਣਾ ਹੈ। ਦੱਸੋ ਅਸੀਂ ਕਿੱਧਰ ਨੂੰ ਜਾਵਾਂਗੇ।" ਉਸ ਬੱਚਿਆਂ ਵੱਲ ਹੱਥ ਕੀਤੇ।

"ਜੋ ਗੁਰੂ ਨੂੰ ਮਨਜ਼ੂਰ ਐ, ਹੋਣਾ ਓਹੀ ਐ। ਗੁਰੂ ਅੰਗ ਸੰਗ ਹੈ ਤਾਂ ਭੈਅ ਕੋਈ ਨਹੀਂ।" ਫ਼ਿਕਰ ਅਨੁਭਵ ਕਰਦਿਆਂ ਵੀ ਉਸ ਗੁਰੂ 'ਤੇ ਭਰੋਸਾ ਕਾਇਮ ਰੱਖਿਆ।

ਉਨ੍ਹਾਂ ਦਿਨਾਂ ਵਿਚ ਜਸਵੰਤ ਸਿੰਘ ਕੰਵਲ ਜਥੇਦਾਰ ਜੀ ਨੂੰ ਮਿਲਣ ਜ਼ੀਰਕਪੁਰ ਆ ਗਿਆ। ਉਹ ਵਾਹਵਾ ਮਿੱਤਰ ਬਣ ਗਏ। ਜਥੇਦਾਰ ਜੀ ਦੀ ਸੁਪਤਨੀ ਨੇ ਚਾਹ ਦਾ ਗਲਾਸ ਰੱਖਦਿਆਂ ਆਖਿਆ।

"ਕੰਵਲ ਜੀ, ਸਾਨੂੰ ਰਾਤਾਂ ਨੂੰ ਨੀਂਦ ਨਹੀਂ ਆਉਂਦੀ। ਇਨ੍ਹਾਂ ਦਾ ਕਿਸੇ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਖਹਿੜਾ ਛੁਡਵਾਓ।" ਭੈਣ ਜੀ ਬੇਹੱਦ ਉਦਾਸ ਸਨ। "ਇਹ ਗੁਰੂ ਭਰੋਸੇ ਬੇਪ੍ਰਵਾਹ ਹਨ; ਇਨ੍ਹਾਂ ਨੂੰ ਖਾੜਕੂ ਮਾਰ ਦੇਣਗੇ।"

ਇਹ ਫ਼ਿਕਰ ਕੰਵਲ ਨੂੰ ਵੀ ਸੀ। ਵਿਗੜਦੇ ਹਾਲਾਤ ਵਿਚ ਕੁਝ ਵੀ ਵਾਪਰ ਸਕਦਾ ਸੀ। ਉਹ ਇਨ੍ਹਾਂ ਦੇ ਕੀਰਤਨ 'ਤੇ ਬਹੁਤ ਮੋਹਿਤ ਸੀ। ਉਹ ਜਥੇਦਾਰ ਜੀ ਨੂੰ ਲੈ ਕੇ ਕੋਠੀ ਦੇ ਪਿਛਵਾੜੇ ਬਹਿ ਗਿਆ। ਕੁਰਸੀਆਂ ਪਹਿਲੋਂ ਹੀ ਕੱਟੇ ਹੋਏ ਘਾਹ 'ਤੇ ਪਈਆਂ ਸਨ। ਉਹ ਦੋਵੇਂ ਅੱਧਾ-ਪੌਣਾ ਘੰਟਾ ਦਿਨ ਪ੍ਰਤੀ ਦਿਨ ਵਿਗੜਦੇ ਹਾਲਾਤ 'ਤੇ ਚਰਚਾ ਕਰਦੇ ਰਹੇ। ਆਖ਼ਰ ਜਥੇਦਾਰ ਜੀ ਨੇ ਆਖਿਆ:

"ਕੰਵਲ ਜੀ, ਬਿਨਾਂ ਵਜ੍ਹਾ ਮੈਂ ਅਸਤੀਫ਼ਾ ਕਿਵੇਂ ਦੇ ਆਵਾਂ, ਤੁਸੀਂ ਸਾਰੇ ਜ਼ੋਰ ਤਾਂ ਪਾ ਰਹੇ ਹੋ।"

"ਅਸਤੀਫ਼ੇ ਦੀ ਸਬੀਲ ਮੈਂ ਪੈਦਾ ਕਰਦਾ ਆਂ। ਅਪੀਲਿੰਗ ਜਜ਼ਬੇ ਵਾਲਾ ਲੇਖ ਹਾਲਾਤ ਦੀ ਦੇਖ-ਰੇਖ ਵਿਚ ਮੈਂ ਲਿਖਦਾ ਆਂ; ਤੁਸਾਂ ਉਸ ਨੂੰ ਆਧਾਰ ਬਣਾ ਕੇ ਅਸਤੀਫ਼ਾ ਦੇ ਦੇਣਾ।" ਕੰਵਲ ਨੇ ਇੱਕ ਸੁਝਾਅ ਪੈਦਾ ਕੀਤਾ।

"ਠੀਕ ਐ, ਤੁਸੀਂ ਲਿਖੋ।" ਪ੍ਰੋਫ਼ੈਸਰ ਸਾਹਿਬ ਨੇ ਇੱਕ ਤਰ੍ਹਾਂ ਰਜ਼ਾਮੰਦੀ ਜ਼ਾਹਰ ਕਰ ਦਿੱਤੀ।

ਕੰਵਲ ਨੇ ਕੁਝ ਦਿਨਾਂ ਪਿੱਛੋਂ ਦਲੀਲਾਂ ਭਰਪੂਰ ਇੱਕ ਜਜ਼ਬਾਤੀ ਲੇਖ ਰੋਜ਼ਾਨਾ 'ਅਜੀਤ' ਵਿਚ ਛਪਵਾ ਦਿੱਤਾ। ਜਿਸ ਦਿਨ ਲੇਖ ਛਪ ਕੇ ਆਇਆ, ਉਸ ਤੋਂ ਤੀਜੇ ਦਿਨ ਸੰਤਾਂ-ਸਾਧੂਆਂ ਦੀ ਫ਼ਤਹਿਗੜ੍ਹ ਸਾਹਿਬ ਵਿਚ ਇੱਕ ਜ਼ਰੂਰੀ ਮੀਟਿੰਗ ਸੀ। ਉਨ੍ਹਾਂ ਦੇ ਜਥੇ ਨੇ ਰੋਸ ਕਰਨ ਲਈ ਦਿੱਲੀ ਨੂੰ ਜਾਣਾ ਸੀ। ਦਿੱਲੀ ਜਾਣ ਦੇ ਫ਼ੈਸਲੇ ਪਿੱਛੋਂ ਪ੍ਰੋ. ਦਰਸ਼ਨ ਸਿੰਘ ਨੇ

ਪ੍ਰੈੱਸ ਕਾਨਫਰੰਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਇਹ ਬੜੀ ਹੈਰਾਨੀ ਵਾਲੀ ਖ਼ਬਰ ਇਕਦਮ ਬੰਬ ਵਾਂਗ ਪਾਟੀ ਸੀ, ਜਿਸ ਦੀ ਪਹਿਲੋਂ ਘਰਦਿਆਂ ਅਤੇ ਕੰਵਲ ਤੋਂ ਬਿਨਾਂ ਕਿਸੇ ਨੂੰ ਵੀ ਸਾਰ ਹੀ ਨਹੀਂ ਸੀ।

ਕੰਵਲ ਸਾਧੂ ਸਮਾਜ ਦੀ ਮੀਟਿੰਗ ਵਿਚ ਅੰਦਰ ਨਹੀਂ ਗਿਆ ਸੀ। ਉਸ ਨੂੰ ਜਥੇਦਾਰ ਜੀ ਨੇ ਹੀ ਆਯੋਜਿਤ ਕੀਤਾ ਸੀ। ਕੰਵਲ ਬਾਹਰ ਹੀ ਟਹਿਲਦਾ ਜਥੇਦਾਰ ਜੀ ਦੇ ਅਸਤੀਫ਼ੇ ਦੀ ਇੰਤਜ਼ਾਰ ਕਰ ਰਿਹਾ ਸੀ। ਇੱਕ ਨਾਮਾਨਿਗਾਰ ਨੇ ਬਾਹਰ ਆ ਕੇ ਕੰਵਲ ਨੂੰ ਚੋਟ ਮਾਰੀ:

"ਕਿਉਂ ਪਾ 'ਤਾ ਸੇਵੀਆਂ 'ਚ ਲੂਣ?"

"ਕੀ?" ਕੰਵਲ ਅਸਲੋਂ ਆਲ੍ਹਾ ਭੋਲਾ ਬਣ ਗਿਆ।

"ਅਸੀਂ ਤਾਂ ਪਰਸੋਂ ਵਾਲੇ ਲੇਖ ਤੋਂ ਹੀ ਅਨੁਮਾਨ ਲਾ ਲਿਆ ਸੀ, ਕੁਝ ਅਸਚਰਜ ਹੋਣ ਵਾਲਾ ਹੈ।"

"ਤੁਸੀਂ ਨਜੂਮੀ ਕੰਧੋਂ ਪਾਰਲੀ ਗੱਲ ਵੀ ਸੁੰਘ ਲੈਂਦੇ ਓ।" ਕੰਵਲ ਆਪਣੇ ਬਚਾਅ ਵਿਚ ਟਾਲਾ ਮਾਰ ਗਿਆ।

ਇਸ ਤਰ੍ਹਾਂ ਦੇ ਬੌਂਦਲੇ ਹਾਲਾਤ ਵਿਚ ਮਜਬੂਰੀ ਮੂੰਹ ਇੱਕ ਸੂਝਵਾਨ ਰਾਜਨੀਤੱਗ, ਵਧੀਆ ਪ੍ਰਚਾਰਕ ਅਤੇ ਮਨੋਹਰ ਕੀਰਤਨੀਏ ਨੂੰ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਤੋਂ ਤਿਆਗ ਪੱਤਰ ਦੇਣਾ ਪਿਆ। ਖੋਟੀ ਕਿਸਮਤ ਪੰਥ, ਸਿੱਖ ਕੌਮ ਅਤੇ ਪੰਜਾਬ ਦੀ। ਸ਼੍ਰੋਮਣੀ ਕਮੇਟੀ ਲਈ ਅਸਤੀਫ਼ਾ ਪ੍ਰਵਾਨ ਕਰਨ ਬਿਨਾਂ ਚਾਰਾ ਹੀ ਕੋਈ ਨਾ ਰਿਹਾ।

ਤਰਵੰਜਵਾਂ ਕਾਂਡ

ਮਹਾਨ ਾਜਾ ਰਣਜੀਤ ਸਿੰਘ ਤੋਂ ਪਿੱਛੋਂ ਸਿੱਖ ਤਾਰੀਖ਼ ਰੋਂਦੀ ਹੀ ਰਹੀ ਹੈ ਕਿ ਪੰਜਾਬ ਦੀ ਰਾਜਨੀਤਕ, ਆਰਥਕ ਤੇ ਸੱਭਿਆਚਾਰਕ ਹਾਲਤ ਨੂੰ ਸੰਭਾਲਣ ਵਾਲਾ ਕੋਈ ਸੂਰਮਾ ਆਗੂ ਨਹੀਂ ਉੱਠਿਆ। ਡੋਗਰਿਆਂ ਅੰਗਰੇਜ਼ਾਂ ਨਾਲ ਮਿਲ ਕੇ ਸਿੱਖ ਰਾਜ ਦਾ ਬੇੜਾ ਗਰਕ ਕਰ ਦਿੱਤਾ। ਆਜ਼ਾਦੀ ਦੀ ਲਹਿਰ ਉੱਠੀ ਤਾਂ ਸਿੱਖ ਸਰਦਾਰਾਂ ਕਾਂਗਰਸ ਦੀ ਘੋੜੀ ਬਣ ਕੇ ਪੰਜਾਬ ਦਾ ਹਰ ਪੱਖੋਂ ਨਾਸ ਮਾਰ ਸੁੱਟਿਆ। ਸਿੱਖਾਂ ਦੀ ਆਜ਼ਾਦ ਹਸਤੀ, ਜਿਸ ਨੂੰ ਅੰਗਰੇਜ਼ਾਂ ਨੇ ਹਿੰਦੂ ਅਤੇ ਮੁਸਲਮਾਨਾਂ ਦੇ ਬਰਾਬਰ ਕੌਮ ਮੰਨਿਆ ਸੀ, ਵਿਧਾਨ ਵਿਚ ਕੌਮ ਨਾ ਮੰਨਵਾ ਸਕੇ, ਸਗੋਂ ਬੋਧੀਆਂ, ਜੈਨੀਆਂ ਵਾਂਗ ਹਿੰਦੂ ਮੱਲੋ-ਜ਼ੋਰੀ ਦਰਜ ਕਰ ਦਿੱਤਾ। ਸਾਡੇ ਸ਼ਹੀਦ ਪੁਰਖ਼ਿਆਂ ਦੇਸ਼ ਅੰਦਰਲੇ ਤੇ ਬਾਹਰਲੇ ਜ਼ਾਲਮਾਂ ਨਾਲ ਲੜ ਲੜ ਸ਼ਹਾਦਤਾਂ ਦੇ ਕੇ ਰਾਜ ਕਾਇਮ ਕੀਤਾ ਅਤੇ ਸਿੱਖਾਂ ਨੂੰ ਇੱਕ ਕੌਮ ਸਾਰੀ ਦੁਨੀਆਂ ਤੋਂ ਮਨਵਾਇਆ ਸੀ। ਸੰਤਾਲੀ ਦੀ ਰਾਜ ਵੰਡ ਸਮੇਂ ਨਿਰੇ ਜ਼ੁਬਾਨੀ ਭਰੋਸਿਆਂ ਉੱਤੇ ਜਿੱਤ ਦੀ ਬਾਜ਼ੀ ਹਾਰ ਦਿੱਤੀ।

ਕਾਂਗਰਸੀ ਸਿੱਖਾਂ ਦਿਲੋਂ ਜਾਨ ਨਾਲ ਗੱਦੀਆਂ ਦੇ ਲਾਲਚ ਵਿਚ ਕਾਂਗਰਸ ਅਥਵਾ ਬ੍ਰਾਹਮਣਵਾਦ ਦਾ ਹਰ ਹਭੀ ਨਭੀ ਵਿਚ ਸਾਥ ਦਿੱਤਾ, ਪਰ ਆਪਣੇ ਕੌਮੀ ਪੱਖਾਂ ਬਾਰੇ ਕਦੇ ਕੁਝ ਮੰਗਿਆ ਹੀ ਨਹੀਂ। 'ਨਾਮ ਬੜੇ ਔਰ ਦਰਸ਼ਨ ਛੋਟੇ' ਵੱਡੀਆਂ ਵੱਡੀਆਂ ਦੇਹਾਂ ਵਾਲੇ ਕਾਂਗਰਸੀ ਤੇ ਅਕਾਲੀ ਲੀਡਰ ਮਿੱਟੀ ਦੀਆਂ ਢੇਰੀਆਂ ਵਾਂਗ ਖੁਰਦੇ ਗਏ। ਇਨ੍ਹਾਂ ਲੋਕਾਂ ਰਾਜਨੀਤਕ ਪੱਖੋਂ ਖ਼ੁਦਗਰਜ਼ੀਆਂ ਅਤੇ ਗ਼ੱਦਾਰੀਆਂ ਕਾਰਨ ਪੰਜਾਬ ਹੀ ਖ਼ਾਰੇ ਸਾਗਰ ਡੋਬ ਸੁੱਟਿਆ। ਕਾਂਗਰਸੀ ਗੱਦੀਆਂ ਦੇ ਲਾਲਚ ਵਿਚ ਪੰਜਾਬ ਦੇ ਪੈਦਾਵਾਰੀ ਸਾਧਨ, ਬਿਜਲੀ ਤੇ ਪਾਣੀ ਮੁਫ਼ਤ ਵਿਚ ਹੀ ਕੇਂਦਰ, ਰਾਜਸਥਾਨ ਤੇ ਹਰਿਆਣੇ ਨੂੰ ਦੇ ਮਾਰੇ। ਪੈਰ ਪੈਰ 'ਤੇ ਬ੍ਰਾਹਮਣਵਾਦ ਨੇ ਇਨ੍ਹਾਂ ਸਰਦਾਰਾਂ ਦੀ ਪੱਗ ਲਾਹੀ, ਪਰ ਇਹ ਨੰਗੇ ਸਿਰ ਵੀ ਨਹਿਰੂ-ਇੰਦਰਾ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਰਹੇ। ਰਹੀ ਗੱਲ ਅਕਾਲੀ ਆਗੂਆਂ ਦੀ, ਸੱਚ ਪੁੱਛ ਤਾਂ ਸਾਰੇ ਈ ਵੱਢ ਦੇਣ ਵਾਲੇ ਸੀ। ਇਨ੍ਹਾਂ ਸਿਆਣਾ ਬੰਦਾ ਅੱਗੇ ਆਉਣ ਹੀ ਨਹੀਂ ਦਿੱਤਾ। ਲੱਤਾਂ ਖਿੱਚਣੀਆਂ ਤੇ ਇੱਕ ਦੂਜੇ ਸਿਰ ਖੇਹ ਮਿੱਟੀ ਪਾਉਂਦੇ ਰਹੇ। ਤਾਰੀਖ਼ ਨੇ ਇਨ੍ਹਾਂ ਦੇ ਮੱਥੇ ਬੇਅਕਲੀ ਦੀ ਮੋਹਰ ਜੜ੍ਹ ਦਿੱਤੀ। ਕਾਂਗਰਸੀਆਂ ਵਾਂਗ ਗੱਦੀਆਂ ਦਾ ਲਾਲਚ ਇਨ੍ਹਾਂ ਨੂੰ ਵੀ ਉੱਠ ਪਿਆ। ਮੋਰਚੇ ਲਾ ਲਾ ਕੌਮ ਸਾਹਸਤ ਹੀਣ ਕਰ ਮਾਰੀ। ਪ੍ਰਾਪਤੀ? ਸਿਫ਼ਰ।

ਸੰਤਾਲੀ ਤੋਂ ਬਾਅਦ ਜੇ ਕੋਈ ਕੌਮੀ ਪਲਟਾ ਆਇਆ ਤਾਂ ਉਸ ਦਾ ਸਿਹਰਾ ਭਿੰਡਰਾਂਵਾਲੇ ਸੰਤ ਜਰਨੈਲ ਸਿੰਘ ਦੀ ਅਣਖ਼ੀਲੀ ਸ਼ਹਾਦਤ ਨੂੰ ਜਾਂਦਾ ਹੈ। ਉਨ੍ਹਾਂ ਦੀ ਮੰਗ ਖਾਲਿਸਤਾਨ ਨਹੀਂ, ਹਿੰਦੋਸਤਾਨ ਵਿਚ ਸਿੱਖਾਂ ਦੀ ਆਜ਼ਾਦ ਹਸਤੀ ਕਾਇਮ ਰੱਖਣ ਲਈ ਅੰਦਰੂਨੀ ਖ਼ੁਦਮੁਖ਼ਤਾਰੀ ਸੀ ਤਾਂ ਜੋ ਸਿੱਖੀ ਦੀਆਂ ਤੱਤ ਵਿਰਾਸਤਾਂ ਨੂੰ ਬਚਾਇਆ ਜਾਵੇ। ਸਾਨੂੰ ਜੈਨੀ, ਬੋਧੀ ਬਣਾ ਕੇ ਖ਼ਤਮ ਨਾ ਕੀਤਾ ਜਾਵੇ। ਸਿੱਖੀ, ਨਵਾਂ ਇਨਕਲਾਬ ਹਿੰਦੂਤਵ ਦੀ

ਬੁੱਤਾਪ੍ਰਸਤੀ ਵਿਰੁੱਧ, ਇੱਕ ਅਕਾਲ ਦੇ ਸਿਮਰਨ ਵਿਚ ਬਗ਼ਾਵਤ ਸੀ। ਸੰਤ ਜਰਨੈਲ ਸਿੰਘ, ਜਿਹੜੇ ਰਾਜਸੀ ਸਾਜ਼ਿਸ਼ ਦੀਆਂ ਚਾਲਾਂ ਨਹੀਂ ਪੜ੍ਹੇ ਸਨ, ਆਪਣੀ ਸ਼ਹਾਦਤੀ ਕੁਰਬਾਨੀ ਨਾਲ ਸੁੱਤੀ ਕੌਮ ਨੂੰ ਜਗਾ ਹੀ ਸਕਦੇ ਸਨ। ਭਾਵੇਂ ਪ੍ਰਾਪਤੀ ਵਾਲੀ ਜਿੱਤ ਦੂਰ ਸੀ, ਪਰ ਉਨ੍ਹਾਂ ਦੀ ਜੁਰਅੱਤ, ਦਲੇਰੀ ਤੇ ਕੁਰਬਾਨੀ ਨੂੰ ਸਹੀ ਸੇਧ ਵਿਚ ਕੋਈ ਆਗੂ ਦੋ ਕਦਮਾਂ ਵੀ ਅੱਗੇ ਨਾ ਵਧਾ ਸਕਿਆ। ਸਿਰ 'ਤੇ ਨਹੀਂ ਕੁੰਡਾ, ਹਾਥੀ ਫਿਰੇ ਲੁੰਡਾ ਵਾਲੀ ਗੱਲ ਉਨ੍ਹਾਂ ਦੀ ਸ਼ਹਾਦਤ ਪਿੱਛੋਂ ਵਾਪਰ ਤੁਰੀ। ਹੁਣ ਉਨ੍ਹਾਂ ਦੇ ਨਾਂ 'ਤੇ ਖਾੜਕੂ ਬਣੇ ਗੁੰਡਿਆਂ ਅੱਤ ਚੁੱਕ ਲਈ।

ਪ੍ਰੋ. ਦਰਸ਼ਨ ਸਿੰਘ ਖਾਲਸਾ ਦੇ ਸ੍ਰੀ ਅਕਾਲ ਤਖ਼ਤ ਤੋਂ ਅਸਤੀਫ਼ਾ ਦੇਣ ਪਿੱਛੋਂ ਭਾਈ ਜਸਬੀਰ ਸਿੰਘ ਰੋਡੇ ਨੂੰ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਸੌਂਪ ਦਿੱਤੀ ਗਈ। ਬਈ ਆਪੇ ਖਾੜਕੂਆਂ ਨਾਲ ਮੱਥਾ ਮਾਰੀ ਜਾਵੇਗਾ, ਨਾਲ ਹੀ ਰੋਡੇ ਪਰਿਵਾਰ ਦੀਆਂ ਢੇਰ ਕੁਰਬਾਨੀਆਂ ਨੂੰ ਮੁੱਖ ਰੱਖਿਆ ਗਿਆ। ਭਾਈ ਜਸਬੀਰ ਸਿੰਘ, ਪ੍ਰੋ. ਦਰਸ਼ਨ ਸਿੰਘ ਜਿੰਨੇ ਸੁੱਘੜ ਦਲੀਲਬਾਜ਼ ਨਹੀਂ ਸਨ, ਭਾਵੇਂ ਬਾਹਰਲੇ ਦੇਸ਼ ਵਿਚ ਫਿਰ ਆਏ ਸਨ। ਪ੍ਰੋਫ਼ੈਸਰ ਸਾਹਿਬ ਬਾਹਰੋਂ ਆਏ ਹਰ ਵਿਅਕਤੀ ਨੂੰ ਸਿੱਖ ਮੰਗਾਂ ਬਾਰੇ ਕਾਇਲ ਕਰਕੇ ਤੋਰਦੇ ਸਨ। ਭਾਈ ਜਸਬੀਰ ਸਿੰਘ ਸਮੇਂ ਹਥਿਆਰਬੰਦ ਲਾਣਾ ਹੋਰ ਭਾਰੂ ਹੋ ਗਿਆ। ਉਨ੍ਹਾਂ ਜੋਸ਼ ਵਿਚ ਆ ਕੇ ਸ੍ਰੀ ਅਕਾਲ ਤਖ਼ਤ ਤੋਂ ਖਾਲਿਸਤਾਨ ਦਾ ਨਾਅਰਾ ਚੁੱਕ ਦਿੱਤਾ ਅਤੇ ਹਿੰਦ ਸਰਕਾਰ ਵਿਰੁੱਧ ਜੰਗ ਦਾ ਐਲਾਨ ਕਰ ਮਾਰਿਆ। ਸਰਕਾਰ ਬਗ਼ਾਵਤ ਦੇ ਮੁੱਢ ਨੂੰ ਪੁੱਟਣ ਲਈ ਹਰਕਤ ਵਿਚ ਆ ਗਈ। ਦਿੱਲੀ ਤੋਂ ਭੇਜੇ ਡੇਢ ਸੌ ਸਿਪਾਹੀਆਂ, ਇੱਕ ਸੌ ਚਾਲ੍ਹੀ ਬੇਗੁਨਾਹ ਯਾਤਰੀ ਵੀ ਫੜ ਲਏ। ਖਾਲਿਸਤਾਨ ਮੰਗਣ ਵਾਲੇ ਪਹਿਲੀ ਸ਼ਾਮ ਹੀ ਨਾਅਰਾ ਦੇ ਕੇ ਸ੍ਰੀ ਦਰਬਾਰ ਸਾਹਿਬ ਵਿਚੋਂ ਖਿਸਕ ਗਏ ਸਨ। ਇਹ ਉਹੀ ਖਾੜਕੂ ਸਨ, ਜਿਹੜੇ ਰਣ ਤੱਤੇ ਵਿਚੋਂ ਸੰਤ ਭਿੰਡਰਾਂ ਵਾਲੇ ਨੂੰ ਪਿੱਠ ਦੇ ਕੇ ਭੱਜ ਗਏ ਸਨ ਅਤੇ ਹੁਣ ਕਾਗਜ਼ੀ ਸ਼ੇਰਾਂ ਵਾਲੀਆਂ ਭੱਬਾਂ ਮਾਰ ਰਹੇ ਸਨ।

ਭਾਈ ਜਸਬੀਰ ਸਿੰਘ ਖਾਲਸਾ ਨੇ ਸਿੱਖ ਜਥੇਬੰਦੀਆਂ ਤੇ ਸ਼੍ਰੋਮਣੀ ਕਮੇਟੀ ਦੀ ਰਾਏ ਲਏ ਬਿਨਾਂ ਸ੍ਰੀ ਦਰਬਾਰ ਸਾਹਿਬ ਦੀ ਪੁਰਾਣੀ ਰਹਿਤ ਮਰਯਾਦਾ ਬਦਲ ਕੇ ਦਮਦਮੀ ਟਕਸਾਲ ਵਾਲੀ ਚਾਲੂ ਕਰ ਦਿੱਤੀ। ਉਸ ਦਾ ਪ੍ਰਤੀਕਰਮ ਸਿੱਖ ਜਗਤ ਵਿਚ ਚੰਗਾ ਨਾ ਪਿਆ। ਚਾਹੀਦਾ ਤਾਂ ਇਹ ਸੀ ਵੱਖ-ਵੱਖ ਸੰਸਥਾਵਾਂ, ਸੰਤਾਂ, ਮਹੰਤਾਂ ਤੇ ਡੇਰਿਆਂ ਆਦਿ ਦੀ ਮਰਯਾਦਾ ਇੱਕ ਕੀਤੀ ਜਾਂਦੀ। ਇਹ ਤਬਦੀਲੀ ਸਾਂਝਾ ਸਰਬੱਤ ਖ਼ਾਲਸਾ ਹੀ ਕਰ ਸਕਦਾ ਸੀ। ਟੱਕਰ ਲੱਗੀ ਸੀ ਸੱਚ ਤੇ ਝੂਠ ਦੀ। ਸੱਚ ਕੇਂਦਰੀ ਤਾਕਤ ਅੱਗੇ ਵਕਤ ਤੌਰ 'ਤੇ ਹਾਰ ਗਿਆ ਸੀ। ਹਾਰ ਦਾ ਪ੍ਰਤੀਕਰਮ ਸਿੱਖ ਜਗਤ ਨੂੰ ਇਕਮੁੱਠ ਕਰਨ ਦੇ ਬਾਵਜੂਦ ਹੋਰ ਉੱਖੜੇ ਕੁਹਾੜਿਆਂ ਦੇ ਵਾਰਾਂ ਵਿਚ ਬਦਲ ਗਿਆ। ਖਾੜਕੂ ਜਥੇਬੰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਖਾੜਕੂ ਜਥੇਬੰਦੀ ਇੱਕ ਹੁੰਦੀ, ਫਿਰ ਵੀ ਸੀ। ਉਸ ਵਿਚ ਸਰਕਾਰੀ ਤੇ ਗ਼ੈਰ-ਸਰਕਾਰੀ ਲੁਟੇਰਾ ਤਬਕਾ ਮੱਲੋ-ਜ਼ੋਰੀ ਆ ਵੜਿਆ ਸੀ। ਪੰਥਕ ਕਮੇਟੀ ਥਾਪ ਕੇ ਉਨ੍ਹਾਂ ਆਪਣੇ ਹੁਕਮ ਚਲਾਉਣੇ ਸ਼ੁਰੂ ਕਰ ਦਿੱਤੇ। ਉਦੋਂ ਤੱਕ ਭਾਈ ਸੋਹਣ ਸਿੰਘ ਡਾਇਰੈਕਟਰ ਸਿਹਤ ਸੇਵਾਵਾਂ ਮੁਕਤ ਹੋ ਕੇ ਪੰਥਕ ਕਮੇਟੀ ਨਾਲ ਆ ਜੁੜਿਆ ਸੀ। ਯੂਰਪ ਦੇ ਨਾਰਵੇ ਦੇਸ਼ ਵਿਚੋਂ ਸਿੱਖ ਸਫ਼ੀਰ ਨੇ ਆਪਣਾ ਅਹੁਦਾ ਨੀਲਾ ਤਾਰਾ ਹਮਲੇ ਦੇ ਰੋਸ ਵਿਚ ਤਿਆਗ ਦਿੱਤਾ ਸੀ। ਡੀ. ਆਈ. ਜੀ. ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਇਸੇ ਰੋਸ ਵਿਚ ਅਸਤੀਫ਼ਾ ਦੇ ਦਿੱਤਾ ਅਤੇ ਰੂਪੋਸ਼ ਹੋ ਗਿਆ। ਫਿਰ ਨੇਪਾਲ ਜਾਂਦਾ ਕੁਝ ਸਾਥੀਆਂ ਸਮੇਤ ਟਰੱਕ ਵਿਚੋਂ ਫੜਿਆ ਗਿਆ। ਉਸ ਨੂੰ ਬਿਹਾਰ ਦੀ ਅੱਤ ਭੈੜੀ ਭਾਗਲਪੁਰ ਜੇਲ੍ਹ ਵਿਚ ਬੇਅੰਤ

ਤਸੀਹੇ ਦਿੱਤੇ ਗਏ। ਇੱਕ ਪਾਸੇ ਸਿਦਕੀ ਸੂਰਮੇ ਜੇਲ੍ਹਾਂ ਵਿਚ ਅਨੇਕਾਂ ਕਸ਼ਟ ਬਰਦਾਸ਼ਤ ਕਰ ਰਹੇ ਸਨ, ਦੂਜੇ ਬੰਨ੍ਹੇ ਲੋਟੂ ਯਾਰ ਚੋਲੇ ਪਾ ਕੇ ਗੁਰੂ ਅਤੇ ਸਿੱਖ ਜਗਤ ਨੂੰ ਧੋਖਾ ਦੇ ਕੇ ਲੁੱਟ ਰਹੇ ਸਨ-ਸੱਚ ਦੀ ਪਿੱਠ ਵਿਚ ਗ਼ਦਾਰੀ ਦੇ ਛੁਰੇ ਮਾਰੇ ਜਾ ਰਹੇ ਸਨ।

ਰਾਜੀਵ-ਲੌਂਗੋਵਾਲ ਸਮਝੌਤੇ ਵਿਚੋਂ ਅਕਾਲੀ ਪਾਰਟੀ ਨੂੰ ਕੇਵਲ ਪੰਜਾਬ ਦੀ ਗੱਦੀ ਮਿਲੀ ਸੀ, ਜਿਹੜੀ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਅਤੇ ਹਜ਼ਾਰਾਂ ਸ਼ਹਾਦਤਾਂ ਦੇ ਰੋਹ ਰੋਸ ਵਜੋਂ ਉਂਝ ਵੀ ਮਿਲ ਜਾਣੀ ਸੀ। ਹੱਕੀ ਮੰਗਾਂ ਗੁੱਠੇ ਲਾ ਦਿੱਤੀਆਂ ਗਈਆਂ। ਗੱਦੀਆਂ ਦੇ ਕੇ ਕੇਂਦਰ ਨੇ ਪਹਿਲਾਂ ਵੀ ਬੜਾ ਕੁਝ ਹਥਿਆ ਲਿਆ। ਸ੍ਰ. ਪ੍ਰਤਾਪ ਸਿੰਘ ਕੈਰੋਂ, ਗਿਆਨੀ ਜ਼ੈਲ ਸਿੰਘ ਤੇ ਸ੍ਰ. ਦਰਬਾਰਾ ਸਿੰਘ ਪੰਜਾਬ ਦੇ ਬਿਜਲੀ, ਪਾਣੀ, ਗੱਦੀਆਂ ਪਿੱਛੇ ਲੁਟਾ ਚੁੱਕੇ ਸਨ। ਐੱਸ. ਵਾਈ. ਐੱਲ. ਨਹਿਰ ਬਾਰੇ ਇੰਦਰਾ ਗਾਂਧੀ ਦੇ ਛੋਟੇ ਪੁੱਤਰ ਸੰਜੇ ਗਾਂਧੀ ਨੇ ਗਿਆਨੀ ਜ਼ੈਲ ਸਿੰਘ ਤੋਂ ਜ਼ਬਰਦਸਤੀ ਦਸਤਖ਼ਤ ਕਰਵਾਏ ਸਨ।

"ਗਿਆਨੀ ਜੀ ਦਸਤਖ਼ਤ ਕਰੋ ਜਾਂ ਘਰ ਨੂੰ ਚੱਲੋ?" ਸੰਜੇ ਗਾਂਧੀ ਪ੍ਰਧਾਨ ਮੰਤਰੀ ਪਦ ਵੱਲੋਂ ਬੋਲ ਰਿਹਾ ਸੀ।

"ਮੈਨੂੰ ਸੋਚਣ ਲਈ ਕੁਝ ਦਿਨਾਂ ਦੀ ਮੋਹਲਤ ਦਿੱਤੀ ਜਾਵੇ।" ਦੁਬਿਧਾ ਵਿਚ ਹੀ ਨਹੀਂ, ਮੁੱਖ ਮੰਤਰੀ ਬੜੀ ਹੀਣੀ ਹਾਲਤ ਵਿਚ ਆ ਗਿਆ ਸੀ।

"ਮੈਂ ਕਿਹਾ, ਮੁੱਖ ਮੰਤਰੀ ਰਹਿਣਾ ਹੈ ਜਾਂ ਘਰ ਨੂੰ ਜਾਣਾ ਹੈ?"

ਸੰਜੇ ਦੀ ਧਮਕੀ ਅੱਗੇ ਗਿਆਨੀ ਜ਼ਰਕ ਗਿਆ। ਕਾਂਗਰਸੀ ਸਿੱਖ ਸਰਦਾਰ ਮੁੱਖ ਮੰਤਰੀ ਹੁੰਦੇ ਵੀ ਕੇਂਦਰ ਦੀਆਂ ਕਠਪੁਤਲੀਆਂ ਹੁੰਦੇ ਸਨ। ਪਰ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਬਣ ਕੇ ਸੋਚਿਆ, ਭਾਰਤ ਦੇ ਵਿਧਾਨ ਅਨੁਸਾਰ ਪੰਜਾਬ ਦੇ ਦਰਿਆ ਪੰਜਾਬ ਦੀ ਮਾਲਕੀ ਹਨ। ਉਸ ਪਾਣੀ ਦਾ ਕੇਸ ਸੁਪਰੀਮ ਕੋਰਟ ਨੂੰ ਦੇ ਦਿੱਤਾ। ਕਾਨੂੰਨ ਅਨੁਸਾਰ ਫ਼ੈਸਲਾ ਪੰਜਾਬ ਦੇ ਹੱਕ ਵਿਚ ਹੋਣਾ ਸੀ। ਕੇਸ ਲਮਕਾਇਆ ਗਿਆ। ਜਦੋਂ ਦਰਬਾਰਾ ਸਿੰਘ ਮੁੱਖ ਮੰਤਰੀ ਬਣਿਆ, ਕੇਂਦਰ ਨੇ ਪਾਣੀ ਵਾਲਾ ਕੇਸ ਉਸ ਤੋਂ ਵਾਪਸ ਕਰਵਾ ਲਿਆ। ਸੋ, ਸ੍ਰ. ਦਰਬਾਰਾ ਸਿੰਘ ਨੇ ਮੁਕੱਦਮਾ ਵਾਪਸ ਲੈ ਕੇ ਪਾਣੀ ਦੇ ਆਰਥਕ ਮਸਲੇ ਵਿਚ ਪੰਜਾਬ ਦਾ ਗਲ ਵੱਢ ਕੇ ਰੱਖ ਦਿੱਤਾ। ਇਸ ਤਰ੍ਹਾਂ ਸਿੱਖ ਕਾਂਗਰਸੀ ਸਰਦਾਰਾਂ ਦੀਆਂ ਵਫ਼ਾਦਾਰੀਆਂ ਕੇਂਦਰ ਨਾਲ ਅਤੇ ਗ਼ਦਾਰੀਆਂ ਮਾਂ ਪਿਓ ਜਾਏ ਪੰਜਾਬ ਦੇ ਭਰਾਵਾਂ ਨਾਲ ਵਾਪਰਦੀਆਂ ਰਹੀਆਂ ਸਨ।

ਜਿਸ ਨਹਿਰ ਨੂੰ ਰੋਕਣ ਲਈ ਕਪੂਰੀ ਵਿਚ ਮੋਰਚਾ ਲਾਇਆ, ਜਿਹੜਾ ਮੁੜ ਅੰਮ੍ਰਿਤਸਰ ਆ ਕੇ ਧਰਮ ਯੁੱਧ ਮੋਰਚਾ ਬਣ ਗਿਆ, ਸ੍ਰੀ ਦਰਬਾਰ ਸਾਹਿਬ 'ਤੇ ਹਮਲਾ, ਹਜ਼ਾਰਾਂ ਬੇਗੁਨਾਹ ਯਾਤਰੀ ਸ਼ਹੀਦ ਕੀਤੇ ਗਏ। ਇੰਦਰਾ ਦੇ ਕਤਲ ਨਾਲ ਦਿੱਲੀ ਤੋਂ ਬਿਨਾਂ ਕਾਂਗਰਸੀ ਰਾਜਾਂ ਦੇ ਅਨੇਕ ਸ਼ਹਿਰਾਂ ਵਿਚ ਲਹੂ ਦੇ ਦਰਿਆ ਵਹਾਏ ਗਏ, ਉਸ ਨਹਿਰ ਨੂੰ ਕੱਢਣ ਲਈ ਉਸ ਸਮਝੌਤੇ ਵਿਚ ਮਦ ਰੱਖੀ ਗਈ ਸੀ। ਇੱਥੋਂ ਹੀ ਅਕਾਲੀਆਂ ਦੀ ਅਕਲ ਦਾ ਨਿਕਲਿਆ ਦੀਵਾਲਾ ਵੇਖਿਆ ਜਾ ਸਕਦਾ ਏ। ਅੰਗਰੇਜ਼ ਰਾਜ ਸਮੇਂ ਜਿਹੜੀ ਗੰਗਾ ਨਹਿਰ ਸਤਲੁਜ ਦਰਿਆ ਵਿਚੋਂ ਕੱਢ ਕੇ ਗੰਗਾ ਨਗਰ, ਰਾਜਸਥਾਨ ਨੂੰ ਜਾਂਦੀ ਸੀ, ਉਸ ਦੀ ਬਕਾਇਦਾ ਰਾਇਲਟੀ ਪੰਜਾਬ ਨੂੰ ਮਿਲਦੀ ਰਹੀ ਸੀ। ਆਜ਼ਾਦੀ ਪਿੱਛੋਂ ਉਹ ਵੀ ਬੰਦ ਹੋ ਗਈ। ਰਾਜਸਥਾਨ ਤੇ ਹਰਿਆਣੇ ਨੂੰ ਜਾਣ ਵਾਲੀ ਪਾਣੀ ਦੀ ਰਾਇਲਟੀ ਦਾ ਜ਼ਿਕਰ ਤੱਕ ਨਹੀਂ। ਪੰਜ-ਦਸ ਸਾਲ ਪਿੱਛੋਂ ਸਮਝੌਤੇ 'ਤੇ ਨਜ਼ਰਸਾਨੀ ਕਰਨ ਦੀ ਕੋਈ ਮਦ ਨਹੀਂ। ਇਸ ਤਰ੍ਹਾਂ ਹੀ ਕਰਜ਼ਾ ਦੇ

ਕੇ ਭਾਖੜੇ ਦੀ ਬਿਜਲੀ ਲੁੱਟੀ ਗਈ। ਪੰਜਾਬ ਨੂੰ ਬਰਬਾਦ ਕਰਨ ਵਾਲੇ ਇਹ ਸਾਰੇ ਸਮਝੌਤੇ ਗੱਦੀਆਂ ਵੱਟੇ ਕਾਂਗਰਸੀ ਸਿੱਖ ਸਰਦਾਰਾਂ ਕੀਤੇ ਸਨ। ਪੰਜਾਬ ਦਾ ਕਿਸਾਨ ਪੈਦਾਵਾਰ ਕਰਦਾ ਰਿਹਾ, ਜਿਸ ਦੇ ਭਾਅ ਕੇਂਦਰ ਦੀ ਕਾਂਗਰਸ ਬੰਨ੍ਹਦੀ ਰਹੀ, ਜਿਸ ਦਾ ਲਾਭ ਵਪਾਰੀ ਤੇ ਖ਼ੁਦ ਸਰਕਾਰ ਲੈਂਦੀ ਰਹੀ। ਸਿੱਟੇ ਵਜੋਂ ਪੰਜਾਬ ਦਾ ਕਿਸਾਨ ਅਸਲੋਂ ਹੀ ਕੰਗਾਲ ਹੋ ਗਿਆ। ਕਾਂਗਰਸ ਨੇ ਇਹ ਸਿਲਾ ਦਿੱਤਾ, ਪੰਜਾਬ ਦੀ ਖੇਤੀ ਕਿਰਤ, ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਅਤੇ ਜੰਗੀ ਬਹਾਦਰੀਆਂ ਦਾ ਹੱਥਲ ਹੋਇਆ ਕਿਸਾਨ ਬਾਕੀ ਬਚਦੀ ਜ਼ਮੀਨ ਵੇਚ ਵੇਚ ਪ੍ਰਦੇਸਾਂ, ਯੂ.ਪੀ. ਤੇ ਰਾਜਸਥਾਨ ਨੂੰ ਜਾਣ ਲੱਗ ਪਿਆ। ਦੂਜੇ ਬੰਨ੍ਹੇ ਯੂ.ਪੀ. ਬਿਹਾਰ ਦੀ ਲੇਬਰ ਧਾੜਾਂ ਦੀਆਂ ਧਾੜਾਂ ਪੰਜਾਬ ਵਿਚ ਆਉਣੀ ਸ਼ੁਰੂ ਹੋ ਗਈ। ਮੀਲਾਂ ਲੰਮੀ ਜ਼ਮੀਨ ਫ਼ੌਜੀ ਛਾਉਣੀਆਂ ਲਈ ਕੇਂਦਰ ਸਰਕਾਰ ਨੇ ਡਿਫ਼ੈਂਸ ਦੇ ਬਹਾਨੇ ਦੱਬ ਲਈ। ਪੰਜਾਬ ਦੇ ਸਿੱਖਾਂ ਨੂੰ ਆਪਣੇ ਸੂਬੇ ਵਿਚ ਹੀ ਘੱਟ ਗਿਣਤੀ ਕਰਨ ਦੀ ਸਕੀਮ ਸਹਿਜੇ ਸਹਿਜੇ ਸਿਰੇ ਚੜ੍ਹਦੀ ਗਈ। ਪੰਜਾਬ ਦੇ ਕਾਂਗਰਸੀਆਂ ਗੱਦੀਆਂ ਮਜ਼ਬੂਤ ਕਰਨ ਲਈ ਯੂ.ਪੀ. ਬਿਹਾਰ ਵਾਲਿਆਂ ਦੀਆਂ ਵੋਟਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇਉਂ ਪੰਜਾਬ ਦੇ ਸੱਭਿਆਚਾਰ ਨੂੰ ਮਾਰਨ ਦਾ ਸੁਖਾਲਾ ਤਰੀਕਾ ਬ੍ਰਾਹਮਣਵਾਦ ਦੇ ਹੱਥ ਆ ਗਿਆ। ਇੱਕ ਚੱਟਾਨ ਵਰਗੀ ਪੱਕੀ ਗੱਲ ਸਾਰੇ ਈ ਜਾਣਦੇ ਐ, ਜਿਸ ਦਾ ਸੱਭਿਆਚਾਰ ਮਰ ਜਾਵੇ, ਉਹ ਕੌਮੀਅਤ ਖ਼ਤਮ ਹੋ ਜਾਂਦੀ ਐ। ਬੱਸ, ਸਾਰਾ ਰੌਲਾ-ਰੱਪਾ ਸਾਧ ਦੀ ਭੂਰੀ ਦਾ ਸੀ ਕਿ ਸਿੱਖ ਕੌਮੀਅਤ ਨੂੰ ਹਿੰਦੂਤਵ ਵਿਚ ਹੌਲੀ ਹੌਲੀ ਖ਼ੋਰ ਲੈਣਾ ਹੈ।

ਕਿਉਂਕਿ ਪੰਜਾਬ ਦਾ ਵਾਲੀ ਵਾਰਿਸ ਕੋਈ ਨਹੀਂ ਸੀ। ਜਿਹੜੇ ਆਪੇ ਨੂੰ ਵਾਰਿਸ ਸਮਝਦੇ ਸਨ, ਉਹ ਹੋਸ਼ ਗਵਾ ਕੇ ਜੋਸ਼ ਦੀ ਘੋੜੀ ਚੜ੍ਹੇ ਬੇਮੰਜ਼ਲ ਦੇ ਰਾਹੀ ਬਣ ਚੁੱਕੇ ਸਨ। ਇਮਾਨਦਾਰੀ ਖੰਭ ਤੁੜਵਾ ਚੁੱਕੀ ਸੀ; ਚਲਣ ਅਸਲੋਂ ਦਾਗ਼ਦਾਰ ਹੋ ਚੁੱਕਾ ਸੀ। ਗੁਰੂ ਦੀਆਂ ਸੌਹਾਂ ਚੁੱਕ ਚੁੱਕ ਈਮਾਨ ਬਦਲ ਰਹੇ ਸਨ। ਬੰਦੂਕਧਾਰੀਆਂ ਸਿਆਣਪ ਦੀ ਸੰਘੀ ਘੁੱਟੀ ਹੋਈ ਸੀ। ਖਾੜਕੂਆਂ ਤੋਂ ਡਰਦੀ ਪੁਲੀਸ ਨਿੱਸਲ ਪੈ ਚੁੱਕੀ ਸੀ। ਜਦੋਂ ਕੇਂਦਰ ਵੱਲੋਂ ਖੁੱਲ੍ਹੇ ਅਧਿਕਾਰ ਮਿਲੇ, ਫਿਰ ਉਨ੍ਹਾਂ ਵੀ ਹੱਥਾਂ ਦੀਆਂ ਵਾਹੁਣੀਆਂ ਸ਼ੁਰੂ ਕਰ ਦਿੱਤੀਆਂ। ਜਿਹੜੀ ਕਸਰ ਖਾੜਕੂਆਂ ਤੋਂ ਆਪ ਆਈਆਂ ਕਰਨੋਂ ਰਹਿ ਗਈ ਸੀ, ਉਹ ਪੁਲੀਸ ਨੇ ਪੂਰੀ ਕਰ ਦਿੱਤੀ। ਬੇਗੁਨਾਹਾਂ ਸਿਰ ਇਲਜ਼ਾਮ ਥੱਪ ਥੱਪ ਵਟੋਰ ਵਟੋਰ ਖੰਡ ਵਾਲੇ ਖਾਲੀ ਬੋਰੇ ਨੋਟਾਂ ਨਾਲ ਭਰਨੇ ਸ਼ੁਰੂ ਕਰ ਦਿੱਤੇ। ਪੰਜਾਬ ਨੂੰ ਮਾਰਨ ਲਈ ਖਾੜਕੂਆਂ ਤੇ ਪੁਲੀਸ ਵਿਚ ਕੋਈ ਅੰਤਰ ਨਹੀਂ ਰਿਹਾ ਸੀ। ਦੋਹੀਂ ਧਿਰਾਂ ਪੰਜਾਬ ਦੀ ਜਵਾਨੀ ਕਤਲ ਹੋ ਰਹੀ ਸੀ। ਕੇਂਦਰ ਚਾਹੁੰਦਾ ਸੀ, ਮੁੜ ਸਿਰ ਚੁੱਕਦੇ ਪੰਜਾਬ ਨਾਲ ਜਿੰਨੀ ਹੋਵੇ, ਥੋੜ੍ਹੀ ਹੈ। ਖਾੜਕੂਆਂ ਹੱਥੋਂ ਪਿੰਡਾਂ ਵਾਲਾ ਪੰਜਾਬ ਅੱਬਾ ਅੱਬਾ ਕਰ ਉੱਠਿਆ। ਬਦਲੇਖ਼ੋਰਾਂ ਪੈਸੇ ਚਾੜ੍ਹ ਚਾੜ੍ਹ ਦੁਸ਼ਮਣ ਮਰਵਾਏ। ਵਰ੍ਹਿਆਂ ਤੋਂ ਜ਼ਮੀਨਾਂ ਵਾਹੁੰਦੇ ਕਿਸਾਨਾਂ ਤੋਂ ਕਬਜ਼ੇ ਤੁੜਵਾਏ ਗਏ। ਜਿੱਥੇ ਕੋਈ ਅੱਗੋਂ ਅੜਦਾ, ਗੱਡੀ ਚਾੜ੍ਹ ਦਿੱਤਾ ਜਾਂਦਾ। ਕੋਈ ਨਹੀਂ ਸੋਚਦਾ ਸੀ, ਘਰ ਦਾ ਕਮਾਊ ਜੀਅ ਮਾਰੇ ਜਾਣ ਪਿੱਛੋਂ ਟੱਬਰੀ ਕੀ ਕਰੇਗੀ। ਪੈਸਿਆਂ ਦੀ ਖ਼ਾਤਰ ਖਾੜਕੂ ਕੁਝ ਵੀ ਕਰਨ ਨੂੰ ਤਿਆਰ ਸਨ। ਸੰਤ ਜਰਨੈਲ ਸਿੰਘ ਨੂੰ ਪਿੱਠ ਦੇ ਕੇ ਭੱਜ ਆਉਣ ਵਾਲੇ ਹੀ ਅਜਿਹੇ ਕੁਕਰਮ ਕਰਦੇ ਸਨ। ਜਿੱਥੇ ਖੋਟਾ ਪੈਸਾ ਆ ਜਾਵੇ, ਉੱਥੇ ਹਰ ਤਰ੍ਹਾਂ ਦੇ ਐਬ ਆ ਡੇਰਾ ਲਾਉਂਦੇ ਹਨ।

ਖਾੜਕੂ ਬਣੇ ਬਦਮਾਸ਼ ਜਿੱਥੇ ਪਨਾਹ ਲੈਂਦੇ, ਪਰੌਂਠੇ ਪਾੜਦੇ, ਉਸੇ ਘਰ ਦੀਆਂ ਜਵਾਨ ਕੁੜੀਆਂ ਵੇਖ ਕੇ ਬਦਨੀਅਤ ਹੋ ਜਾਂਦੇ। ਇਸ ਤਰ੍ਹਾਂ ਹੀ ਇੱਕ ਜ਼ਮੀਨ ਦਾ ਕਬਜ਼ਾ

ਤੋੜਨਾ ਸੀ। ਸ਼ਰਤ ਰੱਖੀ ਮਾਲਕ ਦੀ ਕੁੜੀ ਨਾਲ ਵਿਆਹ ਦੀ। ਕੁੜੀ ਆਖੇ ਮਰ ਜਾਣਾ ਏ, ਗੁੰਡੇ ਨਾਲ ਵਿਆਹ ਨਹੀਂ ਕਰਵਾਉਣਾ। ਪਰ ਜ਼ਬਰਦਸਤੀ ਵਿਆਹ ਕੀਤਾ ਗਿਆ। ਅਨੰਦ ਕਾਰਜ ਤੋਂ ਉੱਠਦਿਆਂ ਹੀ ਕੁੜੀ ਨੇ ਕੋਠੇ ਉੱਤੋਂ ਛਾਲ ਮਾਰ ਦਿੱਤੀ, ਉਸ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ। ਮੁੜ ਬੇਫਿਕਰ ਗੁੰਡੇ ਨੇ ਏ.. ਕੇ. ਸੰਤਾਲੀ ਦੀਆਂ ਕਿੰਨੀਆਂ ਹੀ ਗੋਲੀਆਂ ਉਸ ਦੀ ਛਾਤੀ ਵਿਚ ਵਰ੍ਹਾ ਦਿੱਤੀਆਂ। ਇਸ ਤੋਂ ਵੀ ਭੈੜੀਆਂ ਘਟਨਾਵਾਂ ਵਾਪਰਦੀਆਂ ਰਹੀਆਂ, ਜਿਨ੍ਹਾਂ ਉੱਚੀ ਸੁੱਚੀ ਸਿੱਖ ਤਾਰੀਖ਼ ਦਾ ਸ਼ਰਮ ਨਾਲ ਸਿਰ ਝੁਕਾ ਦਿੱਤਾ। ਜਿੱਥੇ ਰਾਤ ਕੱਟੀ, ਉੱਥੇ ਹੀ ਵਿਭਚਾਰ ਕੀਤਾ। ਤੇਰਾਂ ਚੌਦਾਂ ਸਾਲ ਦੀ ਅੱਲ੍ਹੜ ਕੁੜੀ, ਮਾਂ ਤੇ ਛੋਟੀ ਭੈਣ ਦੇ ਸਾਹਮਣੇ ਵਿਭਚਾਰ, ਮਾਸੂਮ ਕੁੜੀ ਦੀਆਂ ਚੀਕਾਂ ਨਾ ਝੱਲੀਆਂ ਜਾਣ, ਪਰ ਖਾੜਕੂ ਗੁੰਡੇ ਨੂੰ ਆਪਣੀ ਹਵਸ ਲਈ ਕੋਈ ਪ੍ਰਵਾਹ ਨਹੀਂ ਸੀ। ਇਸ ਤਰ੍ਹਾਂ ਦੀਆਂ ਦਰਦਨਾਕ ਵਾਰਦਾਤਾਂ ਨੇ ਉਨ੍ਹਾਂ ਦੇ ਚੋਲੇ ਪਾੜ ਕੇ ਗੁੰਡਿਆਂ, ਬਦਮਾਸ਼ਾਂ ਤੇ ਲੁਟੇਰਿਆਂ ਦੇ ਚਿਹਰੇ ਅਲਫ਼ ਨੰਗੇ ਕਰ ਦਿੱਤੇ। ਲੋਕ ਦਿਲੋਂ ਜਾਨ ਨਾਲ ਉਨ੍ਹਾਂ ਦੇ ਵਿਰੋਧੀ ਹੋ ਖਲੋਤੇ। ਇਨ੍ਹਾਂ ਦੇ ਮੁਕਾਬਲੇ ਉਹ ਵੀ ਸਿੱਖ ਸਨ, ਜਿਹੜੇ ਕੁਰਬਾਨੀਆਂ ਕਰਕੇ ਬੇਗਾਨੀਆਂ ਧੀਆਂ ਭੈਣਾਂ ਨੂੰ ਛੁਡਾ ਕੇ ਲਿਆਉਂਦੇ ਸਨ। ਇੱਕ ਖਾਲਿਸਤਾਨ ਬਣਾਉਣ ਦੇ ਨਾਂ 'ਤੇ ਗੁੰਡੇ ਸਿੱਖ ਆਪਣੀਆਂ ਹੀ ਧੀਆਂ ਭੈਣਾਂ ਨਾਲ ਜਬਰ ਜਨਾਹ ਕਰ ਰਹੇ ਸਨ। ਥੋੜ੍ਹੇ ਰਹਿ ਗਏ ਸਿਦਕਵਾਨ ਖਾੜਕੂ ਬਹੁਤ ਦੁਖੀ ਸਨ। ਉਹ ਆਪਣੇ ਵਿਚੋਂ ਗੰਦਾ ਅਸਰ ਕੱਢ ਨਹੀਂ ਸਕੇ ਸਨ। ਕਈ ਥਾਵੀਂ ਅਜਿਹੇ ਗੁੰਡਿਆਂ ਨੂੰ ਮਾਰਿਆ ਵੀ, ਪਰ ਬਹੁਤੇ ਲਾਣੇ ਦੇ ਉਲਟੇ ਤੁਰ ਪੈਣ ਕਾਰਨ ਕੋਈ ਵਾਹ ਨਾ ਗਈ। ਮਾੜਾ ਅਸਰ ਭਾਰੂ ਹੋ ਚੁੱਕਾ ਸੀ। ਬਹੁਤ ਖਾੜਕੂ ਪਾਕਿਸਤਾਨ ਰਾਹੀਂ ਝੂਠੇ ਸੱਚੇ ਪਾਸਪੋਰਟ ਲੈ ਕੇ ਪ੍ਰਦੇਸ਼ਾਂ ਨੂੰ ਭੱਜ ਗਏ।

ਡਾਇਰੈਕਟਰ ਸੋਹਣ ਸਿੰਘ ਨੇ ਥਾਂ ਥਾਂ ਦੀਆਂ ਟੁਕੜੀਆਂ ਨੂੰ ਇੱਕ ਕਰਨ ਅਤੇ ਪਾਲਿਸੀ ਨਿਰਧਾਰਤ ਕਰਨ ਲਈ ਬੜੀ ਵਾਹ ਲਾਈ, ਪਰ ਉਸ ਦੀ ਵੀ ਪੇਸ਼ ਨਾ ਗਈ। ਪਾਕਿਸਤਾਨ ਵਾਲੇ ਖਾੜਕੂ ਉੱਥੋਂ ਦੀ ਸਰਕਾਰ ਦੇ ਰਹਿਮੋ-ਕਰਮ 'ਤੇ ਸਨ। ਪਾਕਿਸਤਾਨ, ਬੰਗਲਾ ਦੇਸ਼ ਤੇ ਕਸ਼ਮੀਰ ਮਸਲੇ ਕਾਰਨ ਹਿੰਦ ਸਰਕਾਰ ਨੂੰ ਨੰਬਰ ਇੱਕ ਦੁਸ਼ਮਣ ਸਮਝਦਾ ਸੀ। ਦੋ ਦੁਸ਼ਮਣਾਂ ਸੰਨ੍ਹ ਆਏ ਖਾੜਕੂ ਅਸਲੋਂ ਬੇਵੱਸ ਸਨ। ਪ੍ਰਦੇਸੀ ਸਿੱਖ ਉਨ੍ਹਾਂ ਨੂੰ ਗੁਜ਼ਾਰੇ ਲਈ ਮਾਇਆ ਭੇਜ ਦਿੰਦੇ ਸਨ। ਪਾਕਿਸਤਾਨ ਦੀ ਆਈ. ਐੱਸ. ਆਈ. ਸਿੱਖ ਖਾੜਕੂਆਂ ਨੂੰ ਹਥਿਆਰਾਂ ਦੀ ਟ੍ਰੇਨਿੰਗ ਦੇਂਦੀ ਆਖਦੀ: ਪੰਜਾਬ ਵਿਚੋਂ ਹਿੰਦੂਆਂ ਨੂੰ ਕੁੱਟ ਕੇ ਕੱਢ ਦੇਵੋ, ਤੁਹਾਡਾ ਖਾਲਿਸਤਾਨ ਤਾਂ ਬਣਿਆ ਹੀ ਪਿਆ ਹੈ। ਦੋਹੀਂ ਪਾਸੀਂ ਸਿੱਖਾਂ ਦਾ ਘਾਣ ਹੋ ਰਿਹਾ ਸੀ। ਸੋਹਣ ਸਿੰਘ ਪੰਥਕ ਕਮੇਟੀ ਵੱਲੋਂ ਹਿੰਦੂਆਂ ਨੂੰ ਨਾਲ ਜੋੜਨ ਦੇ ਹੱਕ ਵਿਚ ਸੀ। ਉਹ ਹਿੰਦੂ-ਸਿੱਖ ਵਿਚ ਪਾੜ ਨਹੀਂ ਚਾਹੁੰਦਾ ਸੀ। ਓਦੋਂ ਖਾੜਕੂ ਫੜਿਆ ਨਹੀਂ ਅਤੇ ਮਾਰਿਆ ਨਹੀਂ ਦੀ ਪਾਲਿਸੀ ਚੱਲਦੀ ਸੀ। ਪੁਲੀਸ ਦੇ ਬਹੁਤ ਬੰਦੇ ਮਾਰੇ ਜਾਣ ਕਾਰਨ ਉਨ੍ਹਾਂ ਤੇ ਖਾੜਕੂਆਂ ਵਿਚ ਇੱਕ ਤਰ੍ਹਾਂ ਜੱਦੀ ਵੈਰ ਅੜ ਖਲੋਤਾ ਸੀ। ਸੋਹਣ ਸਿੰਘ ਨੂੰ ਸ਼ਾਇਦ ਪੁੱਛ-ਦੱਸ ਕਾਰਨ ਨਹੀਂ ਮਾਰਿਆ ਸੀ। ਉਂਝ ਪੰਜਾਬ ਦੇ ਦਰਿਆ ਅਤੇ ਨਹਿਰਾਂ ਗੱਭਰੂਆਂ ਦੇ ਲਹੂ ਨਾਲ ਬਰਾਬਰ ਵਗ ਰਹੇ ਸਨ। ਮਾੜੇ ਅਸਰ ਦੀਆਂ ਕਰਤੂਤਾਂ ਕਾਰਨ ਖਾੜਕੂਆਂ ਨਾਲੋਂ ਲੋਕਾਂ ਦੀ ਹਮਦਰਦੀ ਟੁੱਟ ਚੁੱਕੀ ਸੀ।

* * *

ਸ੍ਰੀ ਦਰਬਾਰ ਸਾਹਿਬ ਵਿਚ ਹਥਿਆਰਾਂ ਦੇ ਜ਼ੋਰ-ਜਬਰੀ ਮੱਲੇ ਕਮਰਿਆਂ ਵਿਚ ਜ਼ੁਲਮ-ਤਸ਼ੱਦਦ ਤੇ ਬਲਾਤਕਾਰ ਇੱਕ ਤਰ੍ਹਾਂ ਆਪਣੀ ਸੀਮਾ ਟੱਪ ਚੁੱਕਾ ਸੀ। ਜੇਲ੍ਹੋਂ ਛੁਟ ਕੇ ਆਏ ਧਰਮੀ ਫ਼ੌਜੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੇਵਾਦਾਰ ਨਿਯੁਕਤ ਕਰ ਦਿੱਤਾ। ਉਨ੍ਹਾਂ ਗੰਦੇ ਬੰਦੇ ਬਾਹਰ ਕੱਢਣੇ ਚਾਹੇ, ਪਰ ਵੱਸੋਂ ਬਾਹਰੀ ਗੱਲ ਹੋ ਗਈ। ਬਰਛੇ ਤੇ ਏ. ਕੇ. ਸੰਤਾਲੀ ਦਾ ਕੋਈ ਮੁਕਾਬਲਾ ਨਹੀਂ ਸੀ। ਇੱਕ ਧਰਮੀ ਫ਼ੌਜੀ ਗ਼ਲਤ ਕੰਮ ਕਰਨੋਂ ਰੋਕਦਾ ਗੁੰਡਿਆਂ ਹੱਥੋਂ ਮਾਰਿਆ ਗਿਆ। ਪੰਜਾਬ ਪੁਲੀਸ ਦੀਆਂ ਖੁਫ਼ੀਆ ਰਿਪੋਰਟਾਂ ਕਾਰਨ ਕੇਂਦਰ ਸਰਕਾਰ ਨੂੰ ਮੁੜ ਦਖ਼ਲ ਦੇਣਾ ਪਿਆ। ਉਨ੍ਹਾਂ ਚੁੱਪ ਚਾਪ ਸ੍ਰੀ ਦਰਬਾਰ ਸਾਹਿਬ ਨੂੰ ਘੇਰਾ ਪਾ ਲਿਆ। ਬਹੁਤੇ ਗੁੰਡਿਆਂ ਕੋਲ ਆਪਣੀਆਂ ਜੀਪਾਂ ਸਨ। ਉਹ ਦਰਬਾਰ ਸਾਹਿਬ ਆਉਂਦੇ ਖ਼ਬਰਸਾਰ ਲੈ ਕੇ ਨਿਕਲ ਜਾਂਦੇ।

ਫ਼ੌਜ ਨੇ ਘੇਰਾ ਪਾ ਕੇ ਅੰਦਰਲੇ ਬੰਦਿਆਂ ਨੂੰ ਲਾਊਡ ਸਪੀਕਰ ਤੋਂ ਚਿਤਾਵਨੀ ਦੇ ਮਾਰੀ:-

"ਸੁਣੋ ਬਈ ਅੰਦਰਲੇ ਸਿੰਘੋ! ਜਿੰਨੇ ਵੀ ਤੁਸੀਂ ਅੰਦਰ ਹੋ, ਬਾਹਾਂ ਖੜ੍ਹੀਆਂ ਕਰਕੇ ਬਾਹਰ ਆ ਜਾਓ। ਤੁਹਾਡਾ ਇਸ ਵਿਚ ਹੀ ਭਲਾ ਹੈ, ਨਹੀਂ ਤਾਂ ਬਿਜਲੀ-ਪਾਣੀ ਨਾਲ ਰਾਸ਼ਨ ਵੀ ਬੰਦ ਕਰ ਦਿੱਤਾ ਜਾਵੇਗਾ। ਹਾਲੇ ਬੱਚਤ ਦਾ ਵੇਲਾ ਹੈ, ਜੇ ਸੰਭਾਲ ਸਕੋ। ਸਾਰੇ ਹਥਿਆਰ ਇੱਕ ਥਾਂ ਬਾਹਰ ਪਰਕਰਮਾ ਵਿਚ ਰੱਖ ਦਿਓ ਅਤੇ ਬਾਹਰ ਆ ਜਾਓ, ਵਰਨਾ ਸਾਰੇ ਮਾਰੇ ਜਾਓਗੇ।"

ਇਹ ਐਲਾਨ ਕਈ ਵਾਰ ਦੁਹਰਾਇਆ ਗਿਆ। ਪਰ ਸ੍ਰੀ ਦਰਬਾਰ ਸਾਹਿਬ ਅੰਦਰੋਂ ਜੈਕਾਰੇ ਗੁੰਜਾਏ ਗਏ ਅਤੇ ਗੋਲੀਆਂ ਚਲਾਈਆਂ ਗਈਆਂ। ਜਿਸ ਦਾ ਮਤਲਬ ਸੀ, ਅਸੀਂ ਲੜਾਂਗੇ, ਹਥਿਆਰ ਨਹੀਂ ਰੱਖਾਂਗੇ।

ਅੰਮ੍ਰਿਤਸਰ ਸ਼ਹਿਰ ਹਰ ਤਰ੍ਹਾਂ ਸੁੱਖ-ਸਾਂਦ ਨਾਲ ਵਸ ਰਿਹਾ ਸੀ। ਕੇਵਲ ਸ੍ਰੀ ਦਰਬਾਰ ਸਾਹਿਬ ਲਾਗੇ ਦੀਆਂ ਦੁਕਾਨਾਂ ਬੰਦ ਸਨ। ਬਾਕੀ ਕਾਰੋਬਾਰ ਆਮ ਵਾਂਗ ਚੱਲ ਰਿਹਾ ਸੀ। ਉਂ ਲੋਕ ਸੋਚ ਰਹੇ ਸਨ, ਜੇ ਕਾਲੀ ਗਰਜ ਨਾਲ ਸ੍ਰੀ ਦਰਬਾਰ ਸਾਹਿਬ ਘੇਰਿਆ ਜਾ ਸਕਦਾ ਹੈ, ਤਦ ਨੀਲਾ ਤਾਰਾ ਦਾ ਭਾਣਾ ਖ਼ੂਨੋ-ਖ਼ੂਨ ਕਿਉਂ ਵਰਤਾਇਆ ਗਿਆ? ਸਾਰੇ ਪੰਜਾਬ ਵਿਚ ਮਾਰਸ਼ਲ ਲਾਅ ਕਿਉਂ ਲਾਇਆ? ਓਦੋਂ ਲੋਕਾਂ ਦੀ ਹਮਦਰਦੀ ਸੰਤ ਭਿੰਡਰਾਂਵਾਲੇ ਨਾਲ ਸੀ। ਉਹ ਸੰਤਾਂ ਨੂੰ ਧਰਮੀ ਮਹਾਂਪੁਰਸ਼ ਸਮਝਦੇ ਸਨ। ਇਸੇ ਕਾਰਨ ਚਾਰ-ਚੌਫੇਰਿਓਂ ਲੋਕਾਂ ਦੇ ਵਹੀਰ ਚੜ੍ਹ ਆਏ ਸਨ, ਜਿਨ੍ਹਾਂ ਨੂੰ ਫ਼ੌਜੀਆਂ ਗੋਲੀਆਂ ਚਲਾ ਕੇ ਠੱਲ੍ਹਿਆ ਸੀ। ਪਰ ਹੁਣ ਵਾਲੇ ਖਾੜਕੂ ਜਿਹੜੇ ਗੁੰਡੇ ਬਣ ਕੇ ਭ੍ਰਿਸ਼ਟ ਹੋ ਚੁੱਕੇ ਸਨ, ਸਰਕਾਰ ਨੂੰ ਪਤਾ ਸੀ ਇਨ੍ਹਾਂ ਦੀ ਹਮਾਇਤ ਵਿਚ ਕੋਈ ਨਹੀਂ ਆਵੇਗਾ। ਪਾਣੀ, ਬਿਜਲੀ ਤੇ ਰਾਸ਼ਨ ਸਰਕਾਰ ਨੇ ਬੰਦ ਕਰ ਦਿੱਤੇ। ਅਫ਼ਸਰ ਸਮਝਦੇ ਸਨ, ਮਜਬੂਰ ਹੋ ਕੇ ਆਪਣੇ-ਆਪ ਹਥਿਆਰ ਸੁੱਟ ਦੇਣਗੇ। ਝੱਟ ਝੱਟ ਦੀ ਖ਼ਬਰ ਦਿੱਲੀ ਨੂੰ ਪੁੱਜ ਰਹੀ ਸੀ।

ਕੁਝ ਪੱਤਰਕਾਰ ਸਰਕਾਰੀ ਆਗਿਆ ਨਾਲ ਪਰਕਰਮਾ ਵਿਚ ਆ ਕੇ ਖਾੜਕੂਆਂ ਨੂੰ ਮਿਲੇ। ਘੇਰਾ ਪਏ ਨੂੰ ਹਾਲੇ ਤਿੰਨ ਦਿਨ ਹੀ ਹੋਏ ਸਨ; ਉਹ ਖਾੜਕੂਆਂ ਨੂੰ ਮਨਾ ਲੈਣਾ ਚਾਹੁੰਦੇ ਸਨ।

"ਹੁਣ ਤੁਸੀਂ ਕਿਹੜਾ ਪੈਂਤੜਾ ਵਰਤੋਗੇ?" ਇੱਕ ਪੱਤਰਕਾਰ ਨੇ ਸਵਾਲ ਕੀਤਾ।

"ਪਾਣੀ ਬਿਜਲੀ ਤੇ ਰਾਸ਼ਨ ਆਦਿ ਬੰਦ ਹੋ ਚੁੱਕਾ ਹੈ, ਨਿਕਲਣ ਲਈ ਰਾਹ ਕੋਈ ਨਹੀਂ?"

"ਅਸੀਂ ਗੁਰੂ ਕੇ ਸਿੰਘ ਆਂ; ਭੁੱਖੇ-ਤਿਹਾਏ ਵੀ ਲੜਾਂਗੇ। ਤੁਸੀਂ ਗੁਰਦਾਸ-ਨੰਗਲ ਦੇ ਸ਼ਹੀਦਾਂ ਨੂੰ ਯਾਦ ਕਰੋ।" ਉਹ ਪੂਰੀ ਚੜ੍ਹਤ ਵਿਚ ਸਨ।

"ਉਹ ਤਾਂ ਆਖ਼ਰ ਨੂੰ ਬੰਦਾ ਬਹਾਦਰ ਸਮੇਤ ਫੜੇ ਗਏ ਸਨ ਤੇ ਸਾਰੇ ਸ਼ਹੀਦ ਕਰ ਦਿੱਤੇ ਗਏ ਸਨ?"

"ਅਸੀਂ ਉਨ੍ਹਾਂ ਦੇ ਹੀ ਲਾਡਲੇ ਆਂ, ਲੜਾਂਗੇ ਤੇ ਸ਼ਹੀਦ ਹੋਵਾਂਗੇ।"

"ਭੁੱਖ-ਪਿਆਸ ਤੁਹਾਨੂੰ ਲੜਨ ਜੋਗੇ ਨਹੀਂ ਰਹਿਣ ਦੇਵੇਗੀ। ਜਿਵੇਂ ਗੁਰਦਾਸ-ਨੰਗਲ ਦੇ ਸ਼ਹੀਦ ਭੁੱਖੇ-ਤਿਹਾਏ ਫੜੇ ਗਏ ਸਨ।"

"ਫੇਰ ਜੋ ਗੁਰੂ ਨੂੰ ਭਾਵੇ। ਸਿੰਘ ਨੂੰ ਮਰਦੇ ਦਮ ਤੱਕ ਚੜ੍ਹਦੀ ਕਲਾ ਵਿਚ ਰਹਿਣਾ ਚਾਹੀਦਾ ਹੈ।" ਇੱਕ ਖਾੜਕੂ ਨੇ ਬਾਂਹ ਉਛਾਲੀ।

"ਲੋਕਾਂ ਦੀ ਹਮਦਰਦੀ ਤੁਹਾਡੇ ਨਾਲੋਂ ਕਿਉਂ ਟੁੱਟ ਗਈ?"

"ਨਹੀਂ, ਅਜਿਹਾ ਨਹੀਂ। ਇਹ ਸਰਕਾਰੀ ਪ੍ਰਾਪੇਗੰਡਾ ਏ ਅਖ਼ਬਾਰਾਂ ਦਾ।"

"ਤੁਸੀਂ ਲੜ ਕਾਹਦੇ ਲਈ ਰਹੇ ਹੋ?"

"ਖਾਲਿਸਤਾਨ ਵਾਸਤੇ, ਸਿੱਖਾਂ ਦੀ ਆਜ਼ਾਦੀ ਲਈ।"

"ਇਹ ਤਾਂ ਬੜਾ ਲੰਮਾ ਪੰਧ ਐ। ਲੋਕ ਤੁਹਾਡੇ ਨਾਲ ਨਹੀਂ। ਲੋਕਾਂ ਦੀ ਸਹਾਇਤਾ ਬਿਨਾਂ ਕਦੇ ਕੋਈ ਪ੍ਰਾਪਤੀ ਹੋਈ ਐ? ਹੁਣ ਤੁਸੀਂ ਪੱਕੇ ਘੇਰੇ ਵਿਚ ਹੋ। ਹਥਿਆਰ ਰੱਖ ਕੇ ਜਾਨਾਂ ਬਚਾ ਸਕਦੇ ਹੋ।"

"ਅਸੀਂ ਸ਼ਹੀਦ ਨਿਸ਼ੰਗ ਹੋ ਜਾਈਏ, ਹਥਿਆਰ ਨਹੀਂ ਰੱਖਾਂਗੇ। ਗੁਰੂ ਅਰਜਨ ਦੇਵ ਤੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਸਿਦਕ ਨਿਭਾਇਆ। ਜ਼ੁਲਮ ਦੇ ਖ਼ਿਲਾਫ਼ ਤਸੀਹੇ ਸਹੇ ਅਤੇ ਸ਼ਹਾਦਤਾਂ ਦਿੱਤੀਆਂ। ਗੁਰੂ ਗੋਬਿੰਦ ਸਿੰਘ ਜੀ ਨੇ ਬੱਚਿਆਂ ਤੱਕ ਦੀ ਕੁਰਬਾਨੀ ਦੇ ਮਾਰੀ। ਉਨ੍ਹਾਂ ਦੇ ਲਹੂ ਦੇ ਛਿੱਟਿਆਂ ਦੀ ਥਾਂ ਆਜ਼ਾਦੀ ਦੇ ਹਜ਼ਾਰਾਂ ਸੂਰਮੇ, ਪਰਵਾਨਿਆਂ ਵਾਂਗ ਉੱਗੇ। ਅਸੀਂ ਵੀ ਕਾਲੇ ਅੰਗਰੇਜ਼ ਵਿਰੁੱਧ ਸ਼ਹੀਦ ਸੂਰਮੇ ਬੀਜਾਂਗੇ।" ਖਾੜਕੂ ਨੇ ਤਿੰਨ ਵਾਰ ਹਿੱਕ ਥਾਪੜ ਕੇ ਚੜ੍ਹਦੀ ਕਲਾ ਦਾ ਵਿਖਾਲਾ ਪਾਇਆ।

"ਸਾਡੀ ਰਾਏ ਹੈ, ਤੁਸੀਂ ਹਥਿਆਰ ਸੌਂਪ ਕੇ ਬਾਹਰ ਆ ਜਾਓ। ਲੋਕਾਂ ਵਿਚ ਆਪਣੇ ਨਿਸ਼ਾਨੇ ਦਾ ਪ੍ਰਚਾਰ ਕਰੋ। ਲੋਕਾਂ ਦੀ ਮਦਦ ਬਿਨਾਂ ਹਥਿਆਰ ਵੀ ਨਿਕੰਮੇ ਹੋ ਜਾਂਦੇ ਹਨ। ਲੋਕਾਂ ਦੀ ਹਮਦਰਦੀ ਵਾਲੀ ਜਥੇਬੰਦੀ ਬਿਨਾਂ ਕੁਝ ਵੀ ਹਾਸਲ ਨਹੀਂ ਹੁੰਦਾ।"

"ਤੁਸੀਂ ਠੀਕ ਆਖਦੇ ਹੋ, ਪਰ ਅਸੀਂ ਹਥਿਆਰ ਰੱਖ ਕੇ ਸਿੱਖ ਇਤਿਹਾਸ ਨੂੰ ਲਾਜ ਨਹੀਂ ਲਾਵਾਂਗੇ।"

"ਇਹ ਹਾਲੇ ਤੁਹਾਡਾ ਲਹੂ ਬੋਲਦਾ ਏ। ਜਦੋਂ ਭੁੱਖ ਨੇ ਬੋਲਣ ਜੋਗੇ ਵੀ ਨਾ ਛੱਡੇ, ਤੁਸੀਂ ਮਜਬੂਰ ਹੋ ਜਾਓਗੇ।"

"ਬਿਪਤਾ ਭਰੀਆਂ ਹਨੇਰੀਆਂ ਸਿੱਖਾਂ 'ਤੇ ਬਹੁਤ ਆਈਆਂ ਹਨ, ਅਸੀਂ ਝੱਲਾਂਗੇ। ਸਾਡਾ ਗਿਲਾ ਹੈ, ਤੁਸੀਂ ਵੀ ਸਰਕਾਰ ਦੇ ਹੱਕ ਵਿਚ ਹੀ ਭੁਗਤਦੇ ਹੋ।"

"ਅਸੀਂ ਪੱਤਰਕਾਰ ਆਂ, ਮਜ਼ਦੂਰ, ਸਮੇਂ ਦਾ ਸੱਚ ਲਿਖਦੇ ਆਂ। ਪਰ ਅਖ਼ਬਾਰਾਂ ਦੇ ਮਾਲਕ ਜ਼ਰੂਰ ਸਰਕਾਰ ਦਾ ਪੱਖ ਪੂਰਦੇ ਹਨ। ਉਸ ਵਿਚ ਸਾਡਾ ਕੋਈ ਦੋਸ਼ ਨਹੀਂ। ਸਾਡੇ ਲਿਖੇ

ਨੂੰ ਜੇ ਉਹ ਤੋੜ ਮਰੋੜ ਦੇਣ, ਤੁਸੀਂ ਹੀ ਦੱਸੋ, ਅਸੀਂ ਕੀ ਕਰੀਏ। ਉਨ੍ਹਾਂ ਨੂੰ ਸਰਕਾਰੀ ਇਸ਼ਤਿਹਾਰ ਦਾ ਲਾਲਚ ਹੁੰਦਾ ਏ।"

"ਕੁਝ ਅਖ਼ਬਾਰਾਂ ਦੇ ਮਾਲਕ ਸੋਧਣ ਵਾਲੇ ਸੀ, ਵੱਸ ਨਹੀਂ ਚੱਲਿਆ।"

"ਅਸੀਂ ਮਨੁੱਖੀ ਹਮਦਰਦੀ ਨਾਲ ਆਖਦੇ ਆਂ, ਤੁਸੀਂ ਬਾਹਰ ਆ ਜਾਵੋ। ਲੋਕਾਂ ਨੂੰ ਜੋੜੋ, ਲੋਕ ਹਿੱਤਾਂ ਦੀ ਜਥੇਬੰਦੀ ਬਣਾਓ। ਲੜਾਈ ਮੁੜ ਅਲਫ਼ ਬੇ ਤੋਂ ਸ਼ੁਰੂ ਕਰੋ। ਤੁਹਾਡੇ ਵਿਚ ਜਾਨਾਂ ਵਾਰਨ ਵਾਲੇ ਤਾਂ ਬਹੁਤ ਹਨ, ਪਰ ਸੋਧ ਲੈ ਕੇ ਲੜਨ ਵਾਲਿਆਂ ਦੀ ਘਾਟ ਐ।" ਪੱਤਰਕਾਰਾਂ ਵਿਚ ਲੋਕਾਂ ਨਾਲ ਹਮਦਰਦੀ ਰੱਖਣ ਵਾਲੇ ਬਹੁਤ ਸਨ। ਪਰ ਸਥਿਤੀ ਅਜਿਹੀ ਸੀ, ਜਜ਼ਬੇ ਦੀ ਹੈਂਕੜ ਅੱਗੇ ਅਕਲ ਦੇ ਪੈਰ ਨਹੀਂ ਲੱਗਦੇ ਸਨ।

"ਤੁਹਾਡੀ ਬੜੀ ਮਿਹਰਬਾਨੀ ਪੱਤਰਕਾਰ ਵੀਰੋ! ਜੀ ਆਇਆਂ ਨੂੰ। ਅਸੀਂ ਪੈਂਤੜਾ ਨਹੀਂ ਬਦਲ ਸਕਦੇ। ਅਸੀਂ ਮਹਾਂਪੁਰਸ਼ਾਂ ਦੇ ਰਾਹ ਹੀ ਜਾਵਾਂਗੇ।"

"ਸੁਣੋ, ਸੰਤਾਂ ਨਾਲ ਪੰਜਾਬ ਦਾ ਦਿਲ ਧੜਕਦਾ ਸੀ। ਸਰਕਾਰ ਭੈਅ ਖਾਂਦੀ ਸੀ, ਜਿਸ ਕਾਰਨ ਉਸ ਨੂੰ ਸਾਰੇ ਪੰਜਾਬ ਵਿਚ ਮਾਰਸ਼ਲ ਲਾਅ ਲਾਉਣਾ ਪਿਆ। ਪਰ ਅੱਜ ਸ੍ਰੀ ਦਰਬਾਰ ਸਾਹਿਬ ਦੇ ਘੇਰੇ ਬਿਨਾਂ ਗੁਰੂ ਰਾਮਦਾਸ ਦੀ ਨਗਰੀ ਰੰਗੀਂ ਵਸਦੀ ਐ। ਪੁਲੀਸ ਨੂੰ ਪਤਾ ਹੈ, ਤੁਸੀਂ ਜੋ ਅੱਜ ਹੋ, ਭਲਕ ਨਹੀਂ ਹੋਵੋਗੇ, ਸਗੋਂ ਦੋ ਚਾਰ ਦਿਨਾਂ ਨੂੰ ਅਸਲੋਂ ਲਾਚਾਰ ਹੋ ਜਾਓਗੇ।" ਇੱਕ ਪੱਤਰਕਾਰ ਨੇ ਤਸੱਲੀ ਨਾਲ ਆਖਿਆ।

"ਖਾਲਸਾ ਸ਼ਹੀਦ ਹੋ ਸਕਦਾ ਹੈ, ਹਥਿਆਰ ਨਹੀਂ ਸੁੱਟ ਸਕਦਾ।" ਇੱਕ ਖਾੜਕੂ ਉੱਠ ਕੇ ਖਲੋ ਗਿਆ। "ਉਨ੍ਹਾਂ ਨੂੰ ਕਹਿ ਦਿਓ, ਆ ਕੇ ਫੜ ਲੈਣ।" ਸਾਰੇ ਪੱਤਰਕਾਰਾਂ ਨਿਰਾਸ਼ਤਾ ਵਿਚ ਸਿਰ ਫੇਰਿਆ, ਫ਼ਤਹਿ ਬੁਲਾਈ ਅਤੇ ਪਰਕਰਮਾ ਵਿਚੋਂ ਬਾਹਰ ਆ ਗਏ।

"ਇਹ ਸਭ ਬਾਵਲੇ ਐ, ਮਰਨਗੇ।" ਇੱਕ ਨੇ ਦਿਲ ਦੀ ਕਹਿ ਦਿੱਤੀ।

"ਨਹੀਂ, ਪੁਲੀਸ ਮਾਰਨ ਨਾਲੋਂ ਪੁੱਛ ਦੱਸ ਹੋਰਨਾਂ ਬਾਰੇ ਵਧੇਰੇ ਕਰੇਗੀ।" ਦੂਜੇ ਦਾ ਉੱਤਰ ਸੀ।

"ਖੋਟੀ ਕਿਸਮਤ ਪੰਜਾਬ ਦੀ। ਕੁਰਾਹੇ ਪੈ ਕੇ ਇਨ੍ਹਾਂ ਪੰਜਾਬ ਦਾ ਸਿਰ ਵੱਢ ਘੱਤਿਆ।" ਇਹ ਤੀਜੇ ਦੀ ਆਵਾਜ਼ ਸੀ।

"ਇਨ੍ਹਾਂ ਦਾ ਸਿਦਕ ਵੱਢਿਆਂ ਵੀ ਉੱਗ ਆਉਂਦਾ ਏ।" ਦੂਜਾ ਤਾਰੀਖੀ ਹਵਾਲੇ ਵਜੋਂ ਬੋਲਿਆ।

"ਮਰ ਜਾਣ ਵਾਲਿਆਂ ਦੀ ਆਪਣੇ ਪਰਿਵਾਰ ਨਾਲ ਕੋਈ ਹਮਦਰਦੀ ਨਹੀਂ। ਇਹ ਅਸਲੀ ਸਿੱਖ ਨਹੀਂ। ਭ੍ਰਿਸ਼ਟੇ ਲੋਕ ਹਨ। ਇਨ੍ਹਾਂ ਨਾਲ ਲੋਕਾਂ ਦਾ ਕੋਈ ਵਾਹ–ਵਾਸਤਾ ਨਹੀਂ।" ਪਹਿਲਾ ਪੌੜੀਆਂ ਚੜ੍ਹਦਾ ਹਉਕਾ ਭਰ ਗਿਆ। "ਭਲਾ ਪਿੱਛੇ ਰਹੇ ਬੱਚਿਆਂ, ਜ਼ਨਾਨੀਆਂ ਤੇ ਬੁੱਢੇ ਮਾਂ ਬਾਪ ਦਾ ਕੀ ਕਸੂਰ?"

"ਘੱਲੂਘਾਰਿਆਂ ਵਿਚ ਸਭ ਕੁਝ ਹੀ ਰੁਲ ਜਾਂਦਾ ਹੈ ਤੇ ਸਾਰੀਆਂ ਹਮਦਰਦੀਆਂ ਖੂਹ ਖਾਤੇ ਪੈ ਜਾਂਦੀਆਂ ਹਨ।" ਇਹ ਤੀਜੇ ਪੱਤਰਕਾਰ ਦੀ ਦੂਰਅੰਦੇਸ਼ੀ ਸੀ।

* * *

ਸਰਕਾਰੀ ਅਫ਼ਸਰ ਚਾਹੁੰਦੇ ਸਨ, ਖਾੜਕੂਆਂ ਦੇ ਭੇਸ ਵਾਲੇ ਗੁੰਡੇ ਹਥਿਆਰ ਰੱਖ ਕੇ ਛੇਤੀ ਬਾਹਰ ਆ ਜਾਣ। ਉਹ ਬਲੈਕ ਥੰਡਰ ਤੋਂ ਆਪਣੀ ਖਲਾਸੀ ਚਾਹੁੰਦੇ ਸਨ, ਪਰ ਅਜਿਹਾ

ਹੋ ਨਹੀਂ ਰਿਹਾ ਸੀ। ਉਂਝ ਉਨ੍ਹਾਂ ਨੂੰ ਪੂਰਾ ਯਕੀਨ ਸੀ, ਉਹ ਬਹੁਤ ਦਿਨ ਅੜੇ ਨਹੀਂ ਰਹਿ ਸਕਦੇ। ਭੁੱਖ ਨੇ ਖਾੜਕੂਆਂ ਨੂੰ ਬੰਦ ਚਾਕੂ ਬਣਾ ਕੇ ਰੱਖ ਦਿੱਤਾ ਸੀ। ਪਾਣੀ ਦੀ ਬਾਲਟੀ ਉਹ ਚੱਲਦੀ ਗੋਲੀ ਵਿਚ ਤਲਾਬ ਵਿਚੋਂ ਭਰ ਕੇ ਥਮਲੇ ਓਹਲੇ ਹੋ ਜਾਂਦੇ ਜਾਂ ਰਾਤਾਂ ਨੂੰ ਦਾਅ ਲਾਉਂਦੇ ਸਨ। ਸਰਚ ਲਾਈਟਾਂ ਰਾਤਾਂ ਨੂੰ ਵੀ ਪੇਸ਼ ਨਹੀਂ ਜਾਣ ਦਿੰਦੀਆਂ ਸਨ। ਕਈ ਖਾੜਕੂ ਜ਼ਖ਼ਮੀ ਹੋ ਚੁੱਕੇ ਸਨ। ਹੁਣ ਉਹ ਇੱਕ ਦੂਜੇ ਨੂੰ ਵੱਢ ਖਾਣ ਲੱਗ ਪਏ। ਮਾਰੂ ਮੁਸੀਬਤ, ਭਰਪਣਤਾ ਤੇ ਦੋਸਤੀਆਂ ਤੋੜ ਦੇਂਦੀ ਹੈ।

"ਅਸੀਂ ਕਸੂਤੇ ਫਸ ਚੁੱਕੇ ਆਂ। ਨਿਕਲਣ ਦਾ ਰਾਹ ਕੋਈ ਨਹੀਂ। ਕੋਈ ਸਬੀਲ ਸੋਚੋ?" ਉਨ੍ਹਾਂ ਦੇ ਦ੍ਰਿੜ੍ਹ ਇਰਾਦਿਆਂ ਵਿਚ ਤਰੇੜਾਂ ਆਉਣ ਲੱਗ ਪਈਆਂ।

"ਜਥੇਦਾਰ ਫੇਰੂਮਾਨ ਕਿੰਨੇ ਮਹੀਨੇ ਪਾਣੀ 'ਤੇ ਹੀ ਜਿਉਂਦਾ ਰਿਹਾ ਸੀ।" ਹੌਸਲਾ ਦੇਣ ਵਾਲੀ ਦਲੀਲ ਅੱਗੋਂ ਆ ਗਈ।

"ਬਾਹੁੜੀ, ਅਸੀਂ ਉਸ ਸਿਦਕ ਵਾਲੇ ਸਿੱਖ ਨਹੀਂ, ਦੁੱਧ ਪੀਣੇ ਮਜਨੂੰ ਆਂ।" ਹਰੇਕ ਦੀ ਆਪਣੀ-ਆਪਣੀ ਭਾਵਨਾ ਆ ਰਹੀ ਸੀ।

"ਸਾਲਿਓ ਤੜਕਵੇਂ ਦਾਲ ਪਰੌਂਠੇ ਵੀ ਤੁਸੀਂ ਹੀ ਖਾਂਦੇ ਰਹੇ ਹੋ, ਹੁਣ ਸਿੱਧੇ ਹੋ ਕੇ ਜਾਨ ਦਿਓ।"

"ਚਲੋ ਚੁੱਕੋ ਹਥਿਆਰ ਤੇ ਬਰਾਂਡੇ ਵਿਚ ਦੀ ਹੁੰਦੇ, ਪੌੜੀਆਂ ਚੜ੍ਹ ਕੇ ਸਿੱਧੇ ਈ ਜਾ ਪੈਂਦੇ ਆਂ।"

"ਪੁੱਤ ਮੀਂਹ ਵਾਂਗ ਵਰ੍ਹਦੀ ਗੋਲੀ ਤੈਨੂੰ ਪੌੜੀਆਂ ਤੱਕ ਜਾਣ ਦਿਊਗੀ?"

"ਲੜ ਕੇ ਮਰਨਾ ਸੂਰਮਗਤੀ ਐ।"

"ਅਸਾਂ ਸੂਰਮਿਆਂ ਵਾਲੀ ਕਿਹੜੀ ਕਮਾਈ ਕੀਤੀ ਐ। ਬੇਗੁਨਾਹ ਬੰਦੇ ਮਾਰੇ, ਫਿਰੌਤੀਆਂ ਲਈਆਂ, ਜਬਰੀ ਉਗਰਾਹੀਆਂ ਕੀਤੀਆਂ, ਯਾਤਰੀ ਕੁੜੀਆਂ ਨਾਲ ਖੇਹ ਖਾਧੀ, ਇਹ ਸੂਰਮਿਆਂ ਵਾਲੇ ਕੰਮ ਸਨ? ਲਾਹਨਤ ਸਾਡੇ, ਗੁਰੂ ਸਾਨੂੰ ਬਖ਼ਸ਼ੀਂ ਨਾ।"

"ਗੁਰੂ ਤਾਂ ਸ਼ਾਇਦ ਬਖ਼ਸ਼ ਦੇਵੇ, ਪਰ ਸੀਨੇ ਨੂੰ ਸਿੱਧੀ ਆਉਂਦੀ ਗੋਲੀ ਨੇ ਨਹੀਂ ਬਖ਼ਸ਼ਣਾ। ਜੇ ਤੁਸੀਂ ਬਖ਼ਸ਼ੇ ਗਏ, ਫਿਰ ਸਜ਼ਾ ਕੀਹਨੂੰ ਮਿਲੂ।" ਉਨ੍ਹਾਂ ਦਾ ਹਰ ਤਰ੍ਹਾਂ ਜੇਰਾ ਵੀ ਖੁਰ ਕੇ ਮਿੱਟੀ ਹੋ ਚੁੱਕਾ ਸੀ ਤੇ ਸਾਰੇ ਆਪੋ-ਆਪਣੇ ਵਿਚਾਰਾਂ ਵਿਚ ਮੋਏ ਪਏ ਸਨ।

ਬਾਹਰ ਨਿਕਲਣ ਬਾਰੇ ਨਿੱਤ ਹੀ ਆਪੋ ਵਿਚੀਂ ਬੋਲ ਬੁਲਾਰਾ ਹੁੰਦਾ ਸੀ। ਜਿਹੜੇ ਕਹਿੰਦੇ ਸੀ, ਮਰਨਾ ਮਨਜ਼ੂਰ ਹੱਥ ਖੜ੍ਹੇ ਕਰਕੇ ਬਾਹਰ ਨਹੀਂ ਨਿਕਲਣਾ, ਉਹ ਵੀ ਢੇਰੀ ਢਾਹੀ ਬੈਠੇ ਸਨ। ਜਿਹੜੀ ਸਭ ਤੋਂ ਮਾੜੀ ਗੱਲ ਉਨ੍ਹਾਂ ਕੀਤੀ, ਉਹ ਸੀ ਆਪਣੇ ਮਲ-ਮੂਤਰ ਨਾਲ ਸ੍ਰੀ ਦਰਬਾਰ ਸਾਹਿਬ ਨੂੰ ਭ੍ਰਿਸ਼ਟ ਕਰਨਾ। ਮਲ-ਮੂਤਰ ਉਨ੍ਹਾਂ ਦੀ ਵੀ ਮਜਬੂਰੀ ਸੀ। ਹਾਲਾਤ ਸਿਆਣੇ ਦੀ ਅਕਲ ਵੀ ਚਕਰਾਅ ਦੇਂਦੇ ਹਨ। ਹਾਲਾਤ ਉਹ ਸ਼ਕਤੀ ਹਨ, ਜਿਹੜੇ ਸਾਧਾਰਨ ਮਨੁੱਖ ਨੂੰ ਸੂਰਮਾ ਬਣਾਉਂਦੇ ਹਨ ਤੇ ਵਖਤ ਪਏ ਤੋਂ ਉਸ ਨੂੰ ਗੀਦੀ ਗ਼ਦਾਰੀ ਬਣਾ ਧਰਦੇ ਹਨ।

ਇਨ੍ਹਾਂ ਉਲਟਿਆਂ-ਪੁਲਟਿਆਂ ਤੋਂ ਪਾਰ ਜਾਣ ਵਾਲਾ ਕੋਈ ਦੂਰਅੰਦੇਸ਼ ਕੌਮ ਨੇ ਪੈਦਾ ਹੀ ਨਹੀਂ ਕੀਤਾ ਸੀ ਜਾਂ ਸ਼ਰਧਾ ਦੇ ਖ਼ੁਦਗਰਜ਼ ਧੱਕਿਆਂ ਨੇ ਅੱਗੇ ਆਉਣ ਨਹੀਂ ਦਿੱਤਾ ਸੀ। ਇਸੇ ਕਾਰਨ ਦੁਸ਼ਮਣ ਕੌਮ ਨੂੰ ਟੁਕੜਿਆਂ ਵਿਚ ਵੰਡ ਵੰਡ ਤੋੜ ਰਿਹਾ ਸੀ। ਸੱਤਵੇਂ ਦਿਨ ਭ੍ਰਿਸ਼ਟੇ ਖਾੜਕੂਆਂ ਅਸਲੋਂ ਦਿਲ ਹਾਰ ਦਿੱਤਾ। ਫ਼ੈਸਲਾ ਹੋਇਆ, ਬਾਹਰ ਜਾਇਆ ਜਾਵੇ, ਜੋ

ਹੋਵੇਗਾ ਵੇਖਿਆ ਜਾਵੇਗਾ। ਗੋਲੀ ਰੋਕਣ ਲਈ ਉਨ੍ਹਾਂ ਚਿੱਟੀ ਚਾਦਰ ਬਰਛੇ ਉੱਤੇ ਪਾ ਕੇ ਲਹਿਰਾਈ।

ਘੇਰੀ ਬੈਠੇ ਹਾਕਮਾਂ ਦਾ ਅੰਦਾਜ਼ਾ ਠੀਕ ਨਿਕਲਿਆ ਕਿ ਹਫ਼ਤੇ ਪਿੱਛੋਂ ਖਾੜਕੂ ਦਮ ਤੋੜ ਦੇਣਗੇ। ਉਨ੍ਹਾਂ ਲਾਊਡ ਸਪੀਕਰ ਚਾਲੂ ਕੀਤਾ।

"ਸ਼ਾਬਾਸ਼ ਤੁਹਾਡੇ! ਤੁਸਾਂ ਨੇਕ ਫ਼ੈਸਲਾ ਲਿਆ ਹੈ ਬਾਹਰ ਆਉਣ ਦਾ। ਸਾਰੇ ਹਥਿਆਰ ਬਾਹਰ ਪਰਕਰਮਾ ਵਿਚ ਇਕੱਠੇ ਕਰਕੇ ਰੱਖ ਦਿਓ। ਬੇਫ਼ਿਕਰ ਰਹੋ, ਗੋਲੀ ਬਿਲਕੁਲ ਨਹੀਂ ਚਲਾਈ ਜਾਵੇਗੀ। ਤੁਹਾਡੀ ਜਾਨ ਨੂੰ ਕੋਈ ਖ਼ਤਰਾ ਨਹੀਂ। ਹਾਂ, ਬਾਹਾਂ ਖੜ੍ਹੀਆਂ ਕਰਕੇ ਕਤਾਰ ਵਿਚ ਤੁਰੇ ਆਓ। ਖ਼ਬਰਦਾਰ! ਕਿਸੇ ਕੋਲ ਲੁਕਾਇਆ ਹਥਿਆਰ ਨਾ ਹੋਵੇ। ਤੁਰੇ ਆਓ ਸ਼ਾਬਾਸ਼! ਤੁਹਾਡੇ ਲਈ ਚਾਹ-ਪਾਣੀ ਤਿਆਰ ਕਰ ਰੱਖਿਆ ਹੈ। ਸਾਨੂੰ ਤੁਹਾਡੀ ਕਈ ਦਿਨਾਂ ਦੀ ਭੁੱਖ ਦਾ ਅਹਿਸਾਸ ਹੈ। ਦੇਰ ਨਿਸ਼ੰਗ ਹੋਈ, ਪਰ ਫੇਰ ਵੀ ਤੁਸਾਂ ਚੰਗੀ ਸੋਚੀ। ਜ਼ਿੰਦਗੀ ਲੱਖੀਂ ਨਾ ਹਜ਼ਾਰੀਂ। ਸ਼ਾਬਾਸ਼ ਵਧੇ ਆਓ, ਬੀਬੇ ਰਾਣੇ ਬਣ ਕੇ .....।"

ਅੰਦਰੋਂ ਆਉਣ ਵਾਲਿਆਂ ਦੇ ਹੱਥ ਖੜ੍ਹੇ ਅਤੇ ਧੌਣਾਂ ਡਿੱਗੀਆਂ ਹੋਈਆਂ ਸਨ। ਜ਼ਨਾਨੀਆਂ ਅਤੇ ਮਰਦਾਂ ਨੂੰ ਵੱਖ ਵੱਖ ਬਿਠਾਇਆ ਗਿਆ। ਕਿਸੇ ਘਾਗ ਪੁਲੀਸ ਅਫ਼ਸਰ ਨੇ ਇੱਕ ਖਾੜਕੂ ਨੂੰ ਪਛਾਣ ਲਿਆ।

"ਓਏ ਤੂੰ ਪੈਂਟਾ ਏਂ?"

ਪੈਂਟੇ ਨੂੰ ਜਦੋਂ ਪਤਾ ਲੱਗਾ, ਮੈਂ ਪਛਾਣਿਆ ਗਿਆ ਆਂ ਤੇ ਮੇਰੀ ਬੱਚਤ ਕੋਈ ਨਹੀਂ। ਉਹਦੇ ਕਤਲ ਤੇ ਗੁਨਾਹ ਉਸ ਤੋਂ ਹਿਸਾਬ ਮੰਗਣ ਲੱਗੇ। ਪੁਲੀਸ ਦੇ ਤਸ਼ੱਦਦ ਤੇ ਖੱਜਲ-ਖੁਆਰੀ ਤੋਂ ਬਚਣ ਲਈ ਝੱਟ ਸਾਈਨਾਈਡ ਦਾ ਕੈਪਸੂਲ ਮੂੰਹ ਵਿਚ ਪਾ ਕੇ ਨਿਗਲ ਗਿਆ ਅਤੇ ਥੋੜ੍ਹੇ ਸਮੇਂ ਪਿੱਛੋਂ ਟੇਢਾ ਹੋ ਗਿਆ। ਉਹ ਆਪਣੇ ਅਗਲੇ ਪਿਛਲੇ ਸਾਰੇ ਹਿਸਾਬ ਬਰਾਬਰ ਕਰ ਗਿਆ।

ਆਖ਼ਰੀ ਗੱਲ ਸਾਬਤ ਹੋਈ:—


ਕੁਦਰਤ ਦੀ ਦੇਣ-ਜ਼ਿੰਦਗੀ, ਹਰ ਧਰਮ, ਹਰ ਅਸੂਲ ਤੇ ਹਰ ਚੰਗੇਰੇ ਫ਼ਰਜ਼ ਤੋਂ ਵੀ ਸ਼੍ਰੋਮਣੀ ਦਰਜਾ ਰੱਖਦੀ ਹੈ। ਇਹ ਸਦਾਚਾਰੀ ਕੀਮਤਾਂ ਮਨੁੱਖ ਨੇ ਜ਼ਿੰਦਗੀ ਸੁਖਾਲੀ ਜਿਊਣ ਲਈ ਖੜ੍ਹੀਆਂ ਕੀਤੀਆਂ ਹਨ। ਹਰ ਬਿਪਤਾ ਤੇ ਦੁਖਾਂਤ ਵਿਚ ਮਨੁੱਖ ਭੈੜੇ ਹਰਬੇ ਵਰਤ ਕੇ ਜਿਊਣ ਦੀ ਅਭਿਲਾਸ਼ਾ ਰੱਖਦਾ ਹੈ। ਜੇਕਰ ਮਨੁੱਖ ਨੇ ਸੁੱਖ-ਸ਼ਾਂਤੀ ਨਾਲ ਜਿਊਣਾ ਹੈ, ਤਦ ਜ਼ਿੰਦਗੀ ਦਾ ਖ਼ੂਨ ਕਰਨ ਵਾਲਾ ਜਮਦੂਤ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ।

ਨੇਕੀ ਬਦੀ ਦੀ ਜੰਗ ਜਾਰੀ ਸੀ, ਜਾਰੀ ਹੈ ਤੇ ਜਾਰੀ ਰਹੇਗੀ। ਪਰ ਸੱਚ ਦਾ ਸਦਾਚਾਰਕ ਝੰਡਾ ਖ਼ੂਨ ਦੀਆਂ ਹੋਲੀਆਂ ਵਿਚੋਂ ਨਿਕਲ ਕੇ ਵੀ ਸਦਾ ਬੁਲੰਦ ਰਿਹਾ ਹੈ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥

(ਗੁਰੂ ਨਾਨਕ)

—ਸਮਾਪਤ



ਇਹ ਦਸਤਾਵੇਜ਼ੀ ਨਾਵਲ ਬਹੁਤ ਪਹਿਲਾਂ ਲਿਖਿਆ ਜਾਣਾ ਸੀ, ਪਰ ਹਾਲਾਤ ਨੇ ਰਾਹ ਨਾ ਦਿੱਤਾ। ਪਾਠਕਾਂ, ਦੋਸਤਾਂ ਅਤੇ ਪੰਜਾਬ ਦਾ ਦਰਦ ਰੱਖਣ ਵਾਲੇ ਸਿਦਕਵਾਨਾਂ ਚਿੱਠੀਆਂ ਰਾਹੀਂ ਅਤੇ ਜ਼ਬਾਨੀ ਘਰ ਆ ਕੇ ਆਖਿਆ, ਤੁਹਾਨੂੰ ਪੰਜਾਬ ਦੇ ਸੰਕਟ ਬਾਰੇ ਵੀ ਲਿਖਣਾ ਚਾਹੀਦਾ ਹੈ, ਕਿਉਂਕਿ ਜੇ ਤੁਸੀਂ ਨੈਕਸਲਾਈਟਾਂ ਬਾਰੇ 'ਲਹੂ ਦੀ ਲੋਅ' ਲਿਖ ਸਕਦੇ ਹੋ, ਤਦ ਇਸ ਕਤਲੇਆਮ ਅਤੇ ਘੱਲੂਘਾਰੇ ਬਾਰੇ ਕਿਉਂ ਨਹੀਂ?

ਸਾਰੇ ਪਾਠਕਾਂ ਅਤੇ ਦੋਸਤਾਂ ਦਾ ਕਹਿਣਾ ਜਾਇਜ਼ ਸੀ। ਮੇਰੀ ਜ਼ਮੀਰ ਨੇ ਇਸ ਫ਼ਰਜ਼ ਨੂੰ ਇੱਕ ਕਰਜ਼ ਸਮਝਿਆ ਹੋਇਆ ਸੀ। ਮੈਂ ਖ਼ੁਦ ਵੀ ਚਾਹੁੰਦਾ ਸੀ, ਮਰਨ ਤੋਂ ਪਹਿਲਾਂ ਪੰਜਾਬ ਦੇ ਦਰਦਮੰਦਾਂ ਅਤੇ ਆਪਣੇ ਆਪ ਵੱਲੋਂ ਸੁਰਖ਼ਰੂ ਹੋ ਜਾਵਾਂ।

ਨਾਵਲ ਦੀ ਤਕਨੀਕ ਨੂੰ ਮੁੱਖ ਰੱਖ ਕੇ ਲਿਖਦਾ, ਤਾਂ ਸ਼ਾਇਦ ਤਿਆਰੀ ਲਈ ਹੋਰ ਵੱਧ ਸਮਾਂ ਲੱਗਦਾ। ਬਾਬਾ ਫ਼ਰੀਦ ਦੇ ਸ਼ਬਦਾਂ ਵਿਚ ਮੈਨੂੰ ਆਪਣੇ ਅੱਗੇ ਦਾ ਵੀ ਖਿਆਲ ਸੀ। ਸੋ, ਸਚਿਆਰੀ ਤਕਨੀਕ ਨਾਲੋਂ ਮੈਂ ਸੱਚ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਵਧੇਰੇ ਮੁੱਖ ਰੱਖ ਲਿਆ। ਮੇਰੇ ਸਾਹਮਣੇ ਲੋਕਾਂ ਨੂੰ ਉਤਸ਼ਾਹੀ ਬਲ ਦੇਣਾ ਵਧੇਰੇ ਜ਼ਰੂਰੀ ਹੋ ਗਿਆ। ਪੰਜਾਬ ਨੂੰ ਮੈਂ ਨਿਰਾਸਤਾ ਦੀਆਂ ਖਾਈਆਂ ਵਿਚ ਡਿੱਗਦਾ ਨਹੀਂ, ਚੜ੍ਹਦੀ ਕਲਾ ਵਿਚ ਉੱਠਦਾ ਵੇਖਣਾ ਚਾਹੁੰਦਾ ਆਂ। ਦੁਸ਼ਮਣਾਂ ਸਾਨੂੰ ਮਾਰਿਆ, ਬੇਪੱਤ ਵੀ ਕੀਤਾ, ਸਾਡੇ ਧਰਮ ਨੂੰ ਰੋਲਣ ਦੀ ਕਸਰ ਨਹੀਂ ਛੱਡੀ। ਪਰ ਪੰਜਾਬ ਦੀ ਰੂਹ ਦਾ ਤਾਰੀਖ਼ ਨੂੰ ਫਤਵਾ ਹੈ, ਜ਼ਖ਼ਮ ਗਹਿਰੇ ਕਰਨ ਵਿਚ ਸਾਡੇ ਆਗੂਆਂ ਬਰਾਬਰ ਹਿੱਸਾ ਪਾਇਆ ਹੈ। ਪੰਜਾਬ ਦੀ ਕੁਰਲਾਂਦੀ ਰੂਹ ਦੀ ਆਵਾਜ਼, ਮੈਂ ਸੁਣੀ ਤੇ ਤੜਪਿਆ ਹਾਂ। ਕਿਸੇ ਹੋਰ ਲੇਖਕ ਜਾਂ ਬੁੱਧੀਜੀਵੀ ਨੇ ਸਮੇਂ ਦਾ ਸੱਚ ਵੇਖਣ ਤੋਂ ਅੱਖਾਂ ਮੀਟ ਲਈਆਂ ਹੋਣ, ਵੱਖਰੀ ਗੱਲ ਹੈ। ਪਰ ਸੱਚ ਨੇ ਹਰ ਹਾਲ ਨੰਗੇ ਰੂਪ ਵਿਚ ਸੱਚ ਹੀ ਰਹਿਣਾ ਹੈ। ਇਸ ਨੂੰ ਕੋਈ ਜਬਰ-ਜ਼ੁਲਮ ਮਾਰ ਨਹੀਂ ਸਕਦਾ। ਸੱਚ ਚੇਤੰਨ ਲੇਖਕਾਂ ਦੇ ਘਰੋਂ ਦੁਰਕਾਰਿਆ ਜਾਵੇ, ਇਸ ਤੋਂ ਵੱਡੀ ਕੌਮੀ ਲਾਹਨਤ ਹੋਰ ਕੀ ਹੋ ਸਕਦੀ ਹੈ। ਉਹ ਸਾਹਿਤ ਸਭਾਵਾਂ ਜਿਹੜੀਆਂ ਰਾਜਸੀ ਪਾਰਟੀਆਂ ਦੀਆਂ ਰਖੇਲਾਂ ਹਨ ਅਤੇ ਸਰਕਾਰੀ ਗਰਾਂਟਾਂ ਦੇ ਆਧਾਰ 'ਤੇ ਜਿਊਂਦੀਆਂ ਹਨ, ਆਖ਼ਰ ਨੂੰ ਲੋਕਾਂ ਦੀ ਦਰਗਾਹ ਵਿਚ ਦੁਰਕਾਰੀਆਂ ਜਾਂਦੀਆਂ ਹਨ।

ISBN 93-80918-40-2

9 789380 918402

Rs. 350/-

SANGAM PUBLICATIONS
Sekhon Colony, Near Bus stand
Samana-147101 Distt. Patiala (Pb.)
Ph. 01764-223047,222347
Mob. 98152-43917
sangambooks@rediffmail.com